


ਜਿਸ ਸਮੇਂ ਅਤਰਜੀਤ, ਬੂਰਾ ਸਿੰਘ ਕਲੇਰ, ਪ੍ਰੇਮ ਗੋਰਖੀ ਨੇ ਪੇਂਡੂ ਗਰੀਬ, ਪੱਛੜੇ ਤੇ ਲਤਾੜੇ ਲੋਕਾਂ ਦੀ ਜ਼ਿੰਦਗੀ ਨੂੰ ਆਪਣੀਆਂ ਕਹਾਣੀਆਂ ਦਾ ਵਿਸ਼ਾ ਬਣਾਇਆ, ਉਸ ਸਮੇਂ ਪੰਜਾਬੀ ਸਾਹਿਤ 'ਚ 'ਦਲਿਤ' ਸ਼ਬਦ ਦਾ ਪ੍ਰਵੇਸ਼ ਨਹੀਂ ਹੋਇਟਾ ਸੀ। ਵੀਹਵੀਂ ਸਦੀ ਦੇ ਆਖ਼ਿਰੀ ਦਹਾਕੇ 'ਚ ਮਰਾਠੀ ਤੇ ਹਿੰਦੀ ਤੋਂ ਸਾਡੇ ਲੇਖਕਾਂ ਨੇ 'ਦਲਿਤ' ਸ਼ਬਦ ਗ੍ਰਹਿਣ ਕੀਤਾ। ਇਨ੍ਹਾਂ ਨਵੇਂ ਸਮਿਆਂ 'ਚ ਹੀ ਪ੍ਰੇਮ ਪ੍ਰਕਾਸ਼ ਦੀ ਕਹਾਣੀ 'ਲੱਛਮੀ' ਵੀ ਛਪੀ। ਦਲਿਤ ਕਹਾਣੀ ਕੌਣ ਲਿਖ ਸਕਦਾ ਹੈ? ਜਾਤੀ ਵਜੋਂ ਇਕ ਦਲਿਤ ਕਹਾਣੀਕਾਰ ਜਾਂ ਦੂਜੀਆਂ ਜਾਤਾਂ ਵਾਲੇ। ਇਸ ਸੰਬੰਧੀ ਸਮੇਂ-ਸਮੇਂ ਵਾਦ-ਵਿਵਾਦ ਚਲਦਾ ਰਿਹਾ ਹੈ ਤੇ ਅੱਜ ਵੀ ਚੱਲ ਰਿਹਾ ਹੈ। ਆਲੋਚਕਾਂ ਨੇ ਜਿਵੇਂ ਪ੍ਰਵਾਸੀ ਸਾਹਿਤ ਦਾ ਵੱਖਰਾ ਖਾਕਾ ਬਣਾਇਆ ਹੈ, ਉਵੇਂ ਹੀ ਆਪਣੀ ਸੌਖ ਲਈ ਹੁਣ 'ਦਲਿਤ ਸਾਹਿਤ' ਲਈ ਵੀ ਵੱਖਰਾ ਖਾਕਾ ਬਣਾ ਲਿਆ ਹੈ। ਦਲਿਤ ਕਹਾਣੀਕਾਰ ਇਸ ਖ਼ਾਨੇ ਤੋਂ ਖੁਸ਼ ਹਨ ਪਰ ਇਸ ਨਾਲ ਉਨ੍ਹਾਂ ਦਾ ਕਿੰਨਾ ਨੁਕਸਾਨ ਹੋਣ ਜਾ ਰਿਹਾ ਹੈ, ਇਸ ਬਾਰੇ ਉਹ ਸੁਚੇਤ ਨਹੀਂ। ਇਸ ਸੰਗ੍ਰਹਿ 'ਚ 31 ਕਹਾਣੀਆਂ ਸ਼ਾਮਿਲ ਕੀਤੀਆਂ ਹਨ, ਜਿਨ੍ਹਾਂ ਨੂੰ ਪ੍ਰਤੀਨਿਧ ਕਹਾਣੀਆਂ ਤਾਂ ਕਿਹਾ ਨਹੀਂ ਜਾ ਸਕਦਾ ਪਰ ਸਮੇਂ-ਸਮੇਂ ਇਨ੍ਹਾਂ ਕਹਾਣੀਆਂ ਨੇ ਪਾਠਕਾਂ ਦਾ ਧਿਆਨ ਖਿੱਚਿਆ ਹੈ।


-ਅਨੇਮਨ ਸਿੰਘ

ਆਰਸੀ ਪਬਲਿਸ਼ਰਜ਼
51 ਪਰਵਾ ਬਾਗ, ਦਰਿਆ ਗੰਜ,
ਨੇੜੇ ਓਰੀਐਂਟਲ ਬੈਂਕ, ਨਵੀਂ ਦਿੱਲੀ-110002
ਫੋਨ 23280657, 8076749930
E-mail : arseepublishers@rediffmail.com

ISBN 818299473-X


31 ਦਲਿਤ ਕਹਾਣੀਆਂ ਸੰਪਾਦਕ: ਅਨੇਮਨ ਸਿੰਘ

# 31 ਦਲਿਤ ਕਹਾਣੀਆਂ



ਸੰਪਾਦਕ
ਅਨੇਮਨ ਸਿੰਘ

31 ਦਲਿਤ ਕਹਾਣੀਆਂ

(ਸੰਪਾਦਿਤ ਕਹਾਣੀ ਸੰਗ੍ਰਹਿ)

## ਸੰਪਾਦਕ ਦੀਆਂ ਹੋਰ ਪੁਸਤਕਾਂ:

- ਗਲੀ ਨੰਬਰ ਕੋਈ ਨਹੀਂ-ਕਹਾਣੀ ਸੰਗ੍ਰਹਿ (2007, 2014, 2018)
- ਨੂਰੀ-ਕਹਾਣੀ ਸੰਗ੍ਰਹਿ (2019)

ਬਾਲ ਪੁਸਤਕਾਂ:

- ਘੁੱਗੀ, ਚੂਹਾ ਤੇ ਦਾਣੇ (ਬਾਲ ਕਹਾਣੀਆਂ)
- ਤੋਤੇ ਵਾਲਾ ਬਾਬਾ (ਬਾਲ ਕਹਾਣੀਆਂ)

ਸੰਪਾਦਨਾ:

- ਸੰਗਲੀ-ਅਖਿਲੇਸ਼ ਦੀਆਂ ਕਹਾਣੀਆਂ
- ਸਪੀਡ-ਪੋਸਟ-ਨੌਚਣ ਵਾਲੀਆਂ ਕੁੜੀਆਂ ਦੀ ਜ਼ਿੰਦਗੀ ਨਾਲ ਸਬੰਧਿਤ ਕਹਾਣੀਆਂ
- ਬੀ ਪੋਜ਼ੇਟਿਵ ਯਾਰ-2019 ਦੀਆਂ ਚੋਣਵੀਆਂ ਕਹਾਣੀਆਂ

ਅਨੁਵਾਦ:

'ਚੂੰਢੀ ਕੁ ਲੂਣ ਮੀਲਾਂ ਲੰਬੀ ਵਾਰ-ਵਾਰਤਕ (ਹਿੰਦੀ 'ਚੋਂ ਪੰਜਾਬੀ)
'ਨਾਸਿਰਾ ਸ਼ਰਮਾ ਦੀਆਂ ਚੋਣਵੀਆਂ ਕਹਾਣੀਆਂ (ਹਿੰਦੀ 'ਚੋਂ ਪੰਜਾਬੀ)
'ਆਤਮ ਵਿਕਾਸ ਦਾ ਮਾਰਗ-ਲਾਲਾ ਹਰਦਿਆਲ (ਹਿੰਦੀ 'ਚੋਂ ਪੰਜਾਬੀ)
'ਅੱਨਾ ਕਾਰੇਨਿਨਾ-ਲਿਓ ਤਾਲਸਤਾਏ-ਨਾਵਲ (ਹਿੰਦੀ 'ਚੋਂ ਪੰਜਾਬੀ)

# 31 ਦਲਿਤ ਕਹਾਣੀਆਂ

(ਕਹਾਣੀ ਸੰਗ੍ਰਹਿ)

ਸੰਪਾਦਕ
ਅਨੇਮਨ ਸਿੰਘ

ਆਰਸੀ ਪਬਲਿਸ਼ਰਜ਼, ਦਿੱਲੀ

**31 Dalit Kahanian (31 Short Stories)**

(Edit)
**Aneman Signh**
W.No.4, Near Bus Stand
Mansa-151505
Mob:98720-92101
Email-aneman101@gmail.com

ARSEE PUBLISHERS
Office : 51 Parda Bagh, Darya Ganj, New Delhi-110002
email : arseepublishers@rediffmail.com
website : WWW.arseepublishers.com

All rights reserved. No part of this book may be reproduced, stored in a retrieval system, or transmitted in any form or by any means, electronic, mechanical, photocopying recording or otherwise without prior written permission from both Author and Publisher.

ISBN : 978-81-8299-473-7

© Author, 2020

ਪ੍ਰਕਾਸ਼ਕ : ਆਰਸੀ ਪਬਲਿਸ਼ਰਜ਼
51, ਪਰਦਾ ਬਾਗ, ਦਰਿਆਗੰਜ, ਨਵੀਂ ਦਿੱਲੀ-110002
ਫੋਨ ਨੰਬਰ : 23280657, 8076749930
ਪ੍ਰਿੰਟਰ : ਆਰਸੀ ਪ੍ਰਿੰਟਿੰਗ ਏਜੰਸੀ,
ਦਰਿਆਗੰਜ, ਨਵੀਂ ਦਿੱਲੀ-110002
ਮੁੱਲ : 600/-

## ਸਮਰਪਿਤ

ਇਕੱਲਤਾ ਦੇ ਵਾਸੀ ਮੇਰੇ ਪਿਤਾ ਗਿਆਨੀ ਗੁਰਬਚਨ ਸਿਘ ਨੂੰ

## ਤਤਕਰਾ

ਭੂਮਿਕਾ/ ਜਿੰਦਰ
1 ਗਧੀਵਾਲਾ/ਗੁਰਦਿਆਲ ਸਿੰਘ
2 ਲੱਛਮੀ/ਪ੍ਰੇਮ ਪ੍ਰਕਾਸ਼
3 ਉਦਾਂਬਰਾ/ਮਨਮੋਹਨ ਬਾਵਾ
4 ਅੱਧੇ-ਅਧੂਰੇ/ਲਾਲ ਸਿੰਘ —— 20-4-1940 94655-74886
5 ਬਠਲੂ ਚਮਿਆਰ/ਅਤਰਜੀਤ
6 ਅੰਤਹੀਣ-ਕਿਰਪਾਲ ਕਜ਼ਾਕ
7 ਬੂ/ਮੁਖਤਿਆਰ ਸਿੰਘ
8 ਜਿਸ ਤਨ ਲਾਗੇ/ਬਲਦੇਵ ਸਿੰਘ
9 ਇਕਬਾਲੀਆ ਬਿਆਨ/ਦਲਬੀਰ ਚੇਤਨ
10 ਨੌਂ ਬਾਰਾਂ ਦਸ/ਵਰਿਆਮ ਸਿੰਘ ਸੰਧੂ
11 ਕਾਲ ਕਲੰਤਰ/ਸਰੂਪ ਸਿਆਲਵੀ
12 ਵੇਦਨਾ/ਬਲਦੇਵ ਢੀਂਡਸਾ
13 ਸਿਆਸਤ ਖੇਡ ਬਾਬਾ,ਸਿਆਸਤ/ਜਿੰਦਰ
14 ਜ਼ੈਲਦਾਰ ਦਾ ਪੋਤਾ/ਜਸਵਿੰਦਰ ਸਿੰਘ
15 ਪੈੜਾ/ਤਲਵਿੰਦਰ ਸਿੰਘ
16 ਕੁਝ ਵੀ ਤੇ ਨਹੀਂ ਬਦਲਿਆ/ਹਰਜਿੰਦਰ ਸੂਰੇਵਾਲੀਆ
17 ਲੋਹ ਹੰਡਾ/ਮੱਖਣ ਮਾਨ
18 ਸ਼ੀ ਪ੍ਰੋਜੈਕਟਿਵ ਯਾਰ/ਬਲੀਜੀਤ
19 ਅੱਕ/ਹਰਜੀਤ ਅਟਵਾਲ
20 ਠੱਠੀ/ਜਗਜੀਤ ਸਿੰਘ
21 ਕਪਾਹ ਦੀਆ ਢੇਰੀਆਂ/ਪਰਵੇਜ਼ ਸੰਧੂ
22 ਲਾਸ਼/ਕੇਸਰਾ ਰਾਮ
23 ਗਰੀਨ ਹੈਟ/ਗੁਰਸੇਵਕ ਪ੍ਰੀਤ
24 ਪੁਤ/ਭਗਵੰਤ ਰਸੂਲਪੁਰੀ
25 ਸ਼ੌਕ/ਗੁਰਮੀਤ ਕੜਿਆਲਵੀ
26 ਉਹ ਇੰਜ ਵੀ ਜਿਓਂਦਾ ਸੀ/ਜਤਿੰਦਰ ਸਿੰਘ ਹਾਂਸ



27 ਜ਼ਖ਼ਮਾਂ ਦੇ ਰਸਤਿਉਂ/ਦੇਸ ਰਾਜ ਕਾਲੀ
28 ਆਪਣੇ ਹਿੱਸੇ ਦਾ ਖ਼ਾਨਦ/ਅੰਜਨਾ ਸ਼ਿਵਦੀਪ
29 ਲਕੀਰਾਂ ਵਿਚ ਘਿਰੇ ਹੋਏ/ਗੁਰਮੀਤ ਆਰਿਫ਼
30 ਆ ਆਪਾਂ ਘਰ ਬਣਾਈਏ/ਸਿਮਰਨ ਧਾਲੀਵਾਲ
31 ਅਜੇ ਆਪਾਂ ਐਨੇ ਨਹੀਂ ਮਾੜੇ/ਅਨੇਮਨ ਸਿੰਘ

# ਕੁਝ ਦਲਿਤ ਕਹਾਣੀ ਬਾਰੇ

ਕਿਸੇ ਵੀ ਦੇਸ਼ ਦੇ ਸਮਾਜ ਦੇ ਵਿਕਾਸ 'ਚ ਵਿਦਿਆ ਦਾ ਅਹਿਮ ਰੋਲ ਹੁੰਦਾ ਹੈ। ਜੇਕਰ ਕਿਸੇ ਜਾਤ ਨੂੰ ਗਿਆਨ ਤੋਂ ਦੂਰ ਰੱਖਣਾ ਹੋਵੇ ਤਾਂ ਉਸ ਨੂੰ ਵਿਦਿਆ ਤੋਂ ਦੂਰ ਕਰ ਦਿਉ। ਉਹ ਜਾਤ ਬਹੁਤ ਹੀ ਜ਼ਿਆਦਾ ਪਛੜ ਜਾਵੇਗੀ। ਇੱਥੋਂ ਤੱਕ ਕਿ ਉਹ ਆਪਣਾ ਆਤਮ ਵਿਸ਼ਵਾਸ ਵੀ ਗੁਆ ਬੈਠੇਗੀ। ਅਜਿਹਾ ਭਾਰਤੀ ਸਮਾਜ 'ਚ ਦਲਿਤਾਂ ਨਾਲ ਹੋਇਆ ਹੈ। ਉਨ੍ਹਾਂ ਨੂੰ ਵਿਦਿਆ ਤੋਂ ਕੋਹਾਂ ਦੂਰ ਰੱਖਿਆ ਗਿਆ ਸੀ। ਪਿੰਡ ਦੇ ਇੱਕ ਕੋਨੇ ਜਾਂ ਹਟਵੀਂ ਜਗ੍ਹਾ 'ਤੇ ਉਨ੍ਹਾਂ ਦੇ ਮੁਹੱਲੇ/ਬਸਤੀਆਂ ਹੁੰਦੀਆਂ ਸਨ। ਉਨ੍ਹਾਂ ਲਈ ਵੇਦਬਾਣੀ ਪੜ੍ਹਨੀ ਤਾਂ ਦੂਰ, ਵੇਦਾਂ ਨੂੰ ਸੁਣਨਾ ਵੀ ਵਰਜਿਤ ਸੀ। ਜੇਕਰ ਕਿਸੇ ਮੱਠ ਜਾਂ ਮੰਦਿਰ ਕੋਲੋਂ ਲੰਘਦਿਆਂ ਕਿਸੇ ਦਲਿਤ ਦੀ ਕੰਨੀਂ ਕੋਈ ਵੇਦਾਂ ਦੀ ਆਵਾਜ਼ ਪੈ ਜਾਂਦੀ ਸੀ ਤਾਂ ਉਸ ਦੇ ਕੰਨਾਂ ਤੇ ਗਲ 'ਚ ਗਰਮ ਸ਼ੀਸ਼ਾ ਪਾ ਦਿੱਤਾ ਜਾਂਦਾ ਸੀ ਤਾਂ ਕਿ ਉਹ ਵੇਦਬਾਣੀ ਨੂੰ ਦੁਬਾਰਾ ਨਾ ਸੁਣ ਸਕੇ ਜਾਂ ਕਿਸੇ ਹੋਰ ਨੂੰ ਦੱਸ ਨਾ ਸਕੇ। ਦਲਿਤਾਂ ਨਾਲ ਸਮਾਜਿਕ, ਆਰਥਿਕ ਤੇ ਰਾਜਨੀਤਿਕ ਪੱਖੋਂ ਹਰ ਤਰ੍ਹਾਂ ਦਾ ਸ਼ੋਸ਼ਣ ਹੁੰਦਾ ਆਇਆ ਹੈ। ਭਾਰਤ ਦੇ ਪਹਿਲੇ ਪ੍ਰਧਾਨਮੰਤਰੀ ਜਵਾਹਰ ਲਾਲ ਨਹਿਰੂ ਨੇ ਵਿਦਿਆ ਵੱਲ ਖ਼ਾਸ ਜ਼ੋਰ ਦਿੱਤਾ। ਪੰਜ ਸਾਲਾ ਪਲੈਨਿੰਗ ਬਣਾਉਣ ਵੇਲੇ ਵਿਦਿਆ ਨੂੰ ਸਾਰਿਆਂ ਨਾਲੋਂ ਪਹਿਲ ਦਿੱਤੀ। ਇਸ ਦਾ ਨਤੀਜਾ ਸਾਡੇ ਸਾਰਿਆਂ ਦੇ ਸਾਹਮਣੇ ਆ।

ਦੁਨੀਆ ਦੀਆਂ ਮਹਾਨ ਸ਼ਖ਼ਸੀਅਤਾਂ 'ਚ ਇਬਰਾਹਮ ਲਿੰਕਨ ਦਾ ਨਾਂ ਮੋਹਰਲੀ ਕਤਾਰ 'ਚ ਆਉਂਦਾ ਹੈ। ਉਹ ਮੋਚੀ ਦਾ ਪੁੱਤਰ ਸੀ। ਜਦੋਂ ਉਸ ਨੂੰ ਅਮਰੀਕਾ ਦਾ ਰਾਸ਼ਟਰਪਤੀ ਚੁਣਿਆ ਗਿਆ ਤਾਂ ਅਮੀਰ ਸ਼੍ਰੇਣੀ ਨੇ ਬੜੀ ਔਖ ਮੰਨੀ ਕਿ ਇਕ ਮੋਚੀ ਦਾ ਪੁੱਤ ਕਿੱਦਾਂ ਐਡੇ ਵੱਡੇ ਅਹੁਦੇ 'ਤੇ ਪਹੁੰਚ ਗਿਆ। ਉਨ੍ਹਾਂ ਨੇ ਉਸ ਨੂੰ ਪਹਿਲੇ ਦਿਨ ਹੀ ਜ਼ਲੀਲ ਕਰਨ ਦੀ ਯੋਜਨਾ ਬਣਾ ਲਈ। ਉਹ ਪਾਰਲੀਮੈਂਟ 'ਚ ਬੋਲਣ ਲਈ ਉੱਠਿਆ ਤਾਂ ਇਕ ਸੰਸਦ ਮੈਂਬਰ ਨੇ ਕਿਹਾ, "ਸਰ ਪ੍ਰੈਜ਼ੀਡੈਂਟ, ਇਸ ਤੋਂ ਪਹਿਲਾਂ ਕਿ ਤੁਸੀਂ ਆਪਣਾ ਭਾਸ਼ਣ ਸ਼ੁਰੂ ਕਰੋ, ਮੈਂ ਤੁਹਾਨੂੰ ਇਕ ਗੱਲ ਯਾਦ ਕਰਵਾਉਣਾ ਚਾਹੁੰਦਾ ਹਾਂ। ਤੁਹਾਡਾ ਪਿਉ ਸਾਡੇ ਟੱਬਰ ਦੀਆਂ ਜੁੱਤੀਆਂ ਬਣਾਉਂਦਾ ਹੁੰਦਾ ਸੀ। ਹੁਣ ਵੀ ਮੈਂ ਤੁਹਾਡੇ ਪਿਉ ਦੇ ਹੱਥਾਂ ਦੀ ਬਣਾਈ ਜੁੱਤੀ ਪਾਈ ਹੋਈ ਹੈ। ਸੋ ਤੁਸੀਂ ਇਹ ਗੱਲ ਨਾ ਭੁੱਲਣਾ ਕਿ ਤੁਸੀਂ ਇਕ ਮੋਚੀ ਦੀ ਔਲਾਦ ਹੋ ਭਾਵੇਂ ਪ੍ਰੈਜ਼ੀਡੈਂਟ ਹੀ ਕਿਉਂ ਨਾ ਬਣ ਗਏ ਹੋਵੋ।" ਪਾਰਲੀਮੈਂਟ 'ਚ ਇਕਦਮ ਚੁੱਪ ਛਾ ਗਈ। ਸਾਰਿਆਂ ਨੂੰ ਲੱਗਿਆ ਕਿ ਪਹਿਲੇ ਹੀ ਦਿਨ ਲਿੰਕਨ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਹੈ। ਲਿੰਕਨ 'ਚ ਆਖ਼ਿਰਾਂ ਦਾ ਧੀਰਜ ਸੀ। ਉਸ ਕਿਹਾ, "ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਜੋ ਤੁਸੀਂ ਇਸ ਵੇਲੇ ਮੈਨੂੰ ਆਪਣੇ ਪਿਉ ਦੀ ਯਾਦ ਕਰਵਾ ਦਿੱਤੀ।" ਦੂਜੇ ਪਲ ਹੀ ਉਸ ਦੀਆਂ ਅੱਖਾਂ 'ਚੋਂ ਪਰਲ-ਪਰਲ ਹੰਝੂ ਵਗ ਤੁਰੇ। ਉਹ ਭਾਵੁਕ ਹੋ ਗਿਆ। ਉਸ ਕਿਹਾ, "ਮੈਂ ਕਿੱਦਾਂ ਆਪਣੇ ਪਿਉ ਨੂੰ ਭੁੱਲ ਸਕਦਾ ਹਾਂ ? ਮੈਨੂੰ ਪਤਾ ਹੈ ਕਿ ਮੈਂ ਇਕ ਐਕਸਪਰਟ ਮੋਚੀ ਦਾ ਪੁੱਤ ਹਾਂ। ਮੈਂ ਆਪਣੇ ਪਿਉ ਜਿੰਨਾ ਐਕਸਪਰਟ ਪ੍ਰੈਜ਼ੀਡੈਂਟ ਨਹੀਂ ਹੋ ਸਕਦਾ। ਮੈਂ ਉਸ ਬਜ਼ੁਰਗ ਨੂੰ ਕਦੇ ਨਹੀਂ ਹਰਾ ਸਕਦਾ। ਤੁਹਾਡੇ ਵਾਂਗੂੰ ਇੱਥੇ ਹੋਰ ਵੀ ਕਈਆਂ ਨੇ ਉਸ ਦੀਆਂ ਬਣਾਈਆਂ ਜੁੱਤੀਆਂ ਪਾਈਆਂ ਹੋਣਗੀਆਂ। ਜੇ ਕਦੇ ਉਨ੍ਹਾਂ ਦੀਆਂ ਬਣਾਈਆਂ ਜੁੱਤੀਆਂ 'ਚ

ਕੋਈ ਤਰੁੱਟੀ ਹੋਵੇ ਤਾਂ ਫ਼ਿਕਰ ਨਾ ਕਰਿਓ। ਭਾਵੇਂ ਕਿ ਮੇਰਾ ਪਿਉ ਹੁਣ ਜਿਉਂਦਾ ਨਹੀਂ ਹੈ ਪਰ ਫੇਰ ਵੀ ਉਸ ਨੇ ਆਪਣੀ ਥੋੜ੍ਹੀ ਬਹੁਤੀ ਕਲਾ ਮੈਨੂੰ ਵੀ ਸਿਖਾ ਦਿੱਤੀ ਸੀ। ਛੋਟੀ-ਮੋਟੀ ਮੁਰੰਮਤ ਮੈਂ ਵੀ ਕਰ ਸਕਦਾ। ਹਾਲਾਂਕਿ ਮੈਂ ਉਨ੍ਹਾਂ ਜਿਹਾ ਮਾਹਰ ਕਦੇ ਨਹੀਂ ਹੋ ਸਕਦਾ। ਮੈਂ ਹਮੇਸ਼ਾ ਕੋਸ਼ਿਸ਼ ਕਰਾਂਗਾ ਕਿ ਮੈਂ ਵੀ ਉਨਾ ਹੀ ਸੰਪੂਰਨ ਪ੍ਰੋਜ਼ੀਡੈਂਟ ਬਣ ਸਕਾਂ ਜਿਨਾ ਸੰਪੂਰਨ ਮੇਰਾ ਪਿਉ ਸੀ।"

ਭਾਰਤ ਦੇ ਦੂਜੇ ਰਾਜਾਂ ਦੇ ਮੁਕਾਬਲੇ ਦਲਿਤਾਂ ਦੀ ਪੰਜਾਬ 'ਚ ਉਹੋ ਜਿਹੀ ਸਥਿਤੀ ਨਹੀਂ ਸੀ। ਕਿਸੇ ਹੱਦ ਤੱਕ ਸਿੱਖ ਧਰਮ ਦੀ ਸਾਂਝੀਵਾਲਤਾ, ਕਮਿਊਨਿਸਟ ਪਾਰਟੀਆਂ ਤੇ ਇਥੋਂ ਦਾ ਮੁਖ ਕਿੱਤਾ ਕਿਸਾਨੀ ਹੋਣ ਕਰਕੇ ਜੱਟ ਸੀਰੀ ਦੀ ਸਾਂਝ ਨੇ ਵੀ ਜਾਤ ਪਾਤ ਦੇ ਬੰਧਨਾਂ ਨੂੰ ਕੁਝ ਕੁ ਢਿੱਲਾ ਕੀਤਾ ਹੈ। ਵਿਦਿਆ ਦੇ ਪਸਾਰ ਨੇ ਵੀ ਕਾਫੀ ਅਸਰ ਪਾਇਆ ਹੈ। ਇਥੇ ਇਹ ਵੀ ਦੇਖਣ ਵਾਲੀ ਗੱਲ ਹੈ ਕਿ ਸਮਾਜ ਦੀਆਂ ਤਹਿਆਂ 'ਚ ਜਾਤੀ ਪ੍ਰਣਾਲੀ ਸਿਸਟਮ ਪਿਆ ਹੈ। ਕਿਸੇ ਨਾ ਕਿਸੇ ਤਰ੍ਹਾਂ ਦਾ ਵਖਰੇਵਾਂ ਪਿਆ ਸੀ ਤੇ ਪਿਆ ਹੈ। ਜਿਵੇਂ ਜੇ ਕੋਈ ਦਲਿਤ ਆਈ. ਏ. ਐਸ. ਅਫ਼ਸਰ ਬਣ ਗਿਆ ਜਾਂ ਮੰਤਰੀ ਜਾਂ ਕਿਸੇ ਹੋਰ ਉੱਚੇ ਪਦ 'ਤੇ ਜਾ ਬੈਠਾ-ਇਸ ਨਾਲ ਉਸ ਦਾ ਆਰਥਿਕ ਵਰਗ ਬਦਲ ਗਿਆ-ਪਰ ਸਮਾਜਿਕ ਹੈਸੀਅਤ 'ਚ ਉਹੋ ਜਿਹੀ ਤਬਦੀਲੀ ਨਹੀਂ ਆਈ। ਉਸ ਨੂੰ ਕਦੇ ਨਾ ਕਦੇ ਪਿਠ ਪਿਛੇ ਸੁਣਨਾ ਹੀ ਪੈਂਦਾ ਹੈ ਕਿ 'ਆਖਿਰ ਹੈ ਤਾਂ ਉਹੀ ਨਾ'। ਇਥੇ ਲੜਾਈ ਨੇ ਇਕ ਨਵਾਂ ਰੂਪ ਲੈ ਲਿਆ ਤੇ ਇਹ ਹੈ ਸਮਾਜਿਕ ਸਨਮਾਨ ਦੀ ਲੜਾਈ। ਸਮਾਜਿਕ ਬਰਾਬਰੀ ਦੀ ਲੜਾਈ। ਭਗਵੰਤ ਰਸੂਲਪੁਰੀ ਇਸ ਨੂੰ ਦਲਿਤਾਂ ਦੀ ਵੱਖਰੀ ਪਹਿਚਾਣ ਨਾਲ ਜੋੜਦਾ ਹੋਇਆ, ਆਪਣੇ ਮੈਗਜ਼ੀਨ 'ਕਹਾਣੀਧਾਰਾ' ਦੇ ਅਕਤੂਬਰ-ਦਸੰਬਰ, 2009 ਦੀ ਸੰਪਾਦਕੀ 'ਚ ਲਿਖਦਾ ਹੈ : "ਬਾਬੂ ਮੰਗੂ ਰਾਮ ਮੁੱਗੋਵਾਲੀਆ ਦੀ 'ਆਦਿ ਧਰਮ ਮੰਡਲ' ਲਹਿਰ ਦਾ ਮੁੱਖ ਮਨੋਰਥ ਇਹ ਸੀ ਕਿ ਸਾਨੂੰ ਵੱਖਰੀ ਪਹਿਚਾਣ ਦਿੱਤੀ ਜਾਵੇ। ਇਸ ਨੂੰ ਠੋਸ ਰੂਪ ਵਿਚ ਚਲਾਉਣ ਲਈ ਉਨ੍ਹਾਂ 'ਆਦਿ ਡੰਕਾ' ਅਖ਼ਬਾਰ ਆਰੰਭ ਕੀਤਾ। ਦਲਿਤ ਲੋਕਾਂ ਨੂੰ ਇਕ ਪਲੇਟਫਾਰਮ 'ਤੇ ਇਕੱਠੇ ਕਰਨ ਲਈ ਉਨ੍ਹਾਂ ਬਹੁਤ ਤੇਜ਼ਕੜੀ ਲਹਿਰ ਆਰੰਭੀ। ਕੁਝ ਸਾਰਥਿਕ ਸਿੱਟੇ ਵੀ ਨਿਕਲੇ ਪਰ ਦਲਿਤ ਲੋਕਾਂ ਨੂੰ ਵੱਖਰੀ ਪਹਿਚਾਣ ਨਾ ਮਿਲ ਸਕੀ। ਇਸ ਲਹਿਰ ਦੇ ਰਸਤੇ ਵਿਚ ਬਹੁਤ ਲੋਕਾਂ ਨੇ ਕੰਡੇ ਬਿਖੇਰੇ ਪਰ ਇਸ ਦੇ ਬਾਵਜੂਦ ਵੀ ਅੱਜ ਤੀਕ ਇਹ ਵੱਖਰੀ ਪਹਿਚਾਣ ਦੀ ਧੂਣੀ ਧੁਖਦੀ ਆ ਰਹੀ ਹੈ। ਭਾਵੇਂ ਦਲਿਤ ਲੋਕਾਂ ਦੇ ਸੁਪਨੇ ਟੁੱਟੇ ਪਰ ਦਲਿਤਾਂ ਦੇ ਦਿਮਾਗ ਦੀਆਂ ਗੁੱਥੀਆਂ ਵਿਚ ਸੁਪਨੇ/ਖਾਹਿਸ਼ਾਂ ਸਟੋਰ ਹੁੰਦੇ ਰਹੇ। ਇਨ੍ਹਾਂ ਸੁਪਨਿਆਂ ਨੂੰ ਬੰਦਾ ਭਾਵੇਂ ਸਮਾਂ ਪਾ ਕੇ ਭੁੱਲ ਜਾਂਦਾ ਹੈ ਪਰ ਇਹ ਦਿਮਾਗ ਦੀਆਂ ਗੁੱਥੀਆਂ ਵਿੱਚ ਜੀਊਂਦੇ ਰਹਿੰਦੇ ਹਨ। ਇਹ ਸੁਪਨੇ, ਆਦਤਾਂ, ਦੱਬੀਆਂ ਖਾਹਿਸ਼ਾਂ, ਆਕ੍ਰੋਸ਼, ਸੁਭਾਅ ਜੀਨਸ ਰਾਹੀਂ ਅਗਲੀਆਂ ਪੀੜ੍ਹੀਆਂ ਵਿਚ ਪਰਵੇਸ਼ ਕਰਦੇ ਰਹਿੰਦੇ ਹਨ। ਵੱਖਰੀ ਪਹਿਚਾਣ ਦੇ ਸੁਪਨੇ ਦਲਿਤਾਂ ਦੀਆਂ ਪੀੜ੍ਹੀਆਂ 'ਚ ਅੱਗੇ ਤੋਂ ਅੱਗੇ ਜਾਂਦੇ ਰਹੇ। ਇਹ ਸਿਧਾਂਤ ਫਰਾਇਡ ਲੈ ਕੇ ਆਇਆ। ਇਝ ਪੀੜ੍ਹੀ ਦਰ ਪੀੜ੍ਹੀ ਦਲਿਤਾਂ ਦੇ ਲਹੂ ਵਿਚ ਇਹ ਦੱਬੀ ਅੱਗ ਸੁਲਗਦੀ ਰਹੀ। ਹੁਣ ਤੀਕ ਪੈਰ ਪੈਰ 'ਤੇ ਦਲਿਤ ਲੋਕਾਂ ਨੂੰ ਜ਼ਲੀਲ ਕੀਤਾ ਜਾ ਰਿਹਾ ਹੈ। ਇਸ ਜ਼ਲੀਲਤਾ ਵਿਚੋਂ ਹੀ ਪਿੰਡ 'ਚ ਵੱਖਰੇ ਧਾਰਮਿਕ ਸਥਾਨ ਬਣੇ। ਦਲਿਤਾਂ ਵਿਚੋਂ ਕਨਵਰਜ਼ਨ ਹੋਈ। ਪੰਜਾਬ ਦੇ ਅਨੇਕਾਂ ਥਾਵਾਂ 'ਤੇ ਜਾਤੀ ਟਕਰਾ ਹੋਇਆ। ਇਹਦੇ ਪਿੱਛੇ ਦਲਿਤਾਂ ਦੇ ਮਨਾਂ ਵਿਚ ਇਹ ਗੱਲ ਪਈ ਸੀ ਕਿ ਸਾਨੂੰ ਉੱਚੀ ਜਾਤੀ ਵਾਲੇ ਲੋਕੀ 'ਬੰਦੇ' ਹੀ ਨਹੀਂ ਸਮਝਦੇ, ਪਰ ਸੱਤਾ, ਪੂੰਜੀ ਦੇ ਦਬਾਅ ਹੇਠ ਉਹ ਸਮੇਂ-ਸਮੇਂ ਬੇਵੱਸ ਹੁੰਦੇ ਗਏ। ਮਹਾਰਾਜਾ ਰਣਜੀਤ ਸਿੰਘ, ਅੰਗਰੇਜ਼ਾਂ ਦੇ ਸਮੇਂ ਤੋਂ ਲੈ ਕੇ ਹੁਣ ਤੀਕ ਦਲਿਤਾਂ ਦੀ ਪਹਿਚਾਣ ਨੂੰ ਦਬਾਇਆ ਜਾਂਦਾ ਰਿਹਾ ਹੈ। ਪਿਛਲੇ ਦਿਨਾਂ 'ਚ ਇਕ ਗੁਰੂ ਰਵੀਦਾਸ ਦੇ ਡੇਰੇ ਨਾਲ ਸੰਬੰਧਤ ਸੰਤ ਦੀ ਹੱਤਿਆ ਅਤੇ ਉਸ ਤੋਂ ਉਪਜੀ ਵਿਆਪਕ ਪੱਧਰ ਦੀ ਹਿੰਸਾ ਨੂੰ 'ਵੱਖਰੀ ਪਹਿਚਾਣ' ਦੇ ਸੰਦਰਭ 'ਚ ਵੇਖਣ ਦੀ ਲੋੜ ਹੈ। ਸਾਡੇ ਮਨਾਂ ਵਿੱਚ ਇਹ ਮਿਥ ਬਣ ਗਈ ਕਿ ਹਿੰਸਾ ਕਰਨ ਵਾਲੇ ਹਮੇਸ਼ਾ ਗਲਤ ਹੁੰਦੇ ਹਨ। ਸਮੇਂ ਤੇ ਪ੍ਰਸਥਿਤੀਆਂ ਨੂੰ ਧਿਆਨ ਵਿੱਚ ਰੱਖ ਕੇ ਇਸ ਮਿਥ ਨੂੰ ਤੋੜਨ ਦੀ ਲੋੜ ਹੈ। ਜਿਸ ਬੰਦੇ ਨੂੰ, ਜਿਸ ਵਰਗ ਨੂੰ, ਜਿਸ ਸੈਕਸ਼ਨ ਨੂੰ ਸਾਡਾ ਸਮਾਜਿਕ ਸਿਸਟਮ ਐਨੀ ਦੇਰ ਤੋਂ ਦਬਾਈ ਰੱਖੇ, ਉਹਨੂੰ ਕੋਈ ਪਹਿਚਾਣ ਨਾ ਦੇਵੇ, ਉਹਦਾ ਗੁੱਸਾ ਕਿਸੇ ਨਾ ਕਿਸੇ ਬਹਾਨੇ ਤਾਂ ਨਿਕਲੇਗਾ ਹੀ। ਵੱਖਰੀ ਪਹਿਚਾਣ ਦਾ ਮਸਲਾ ਫਿਰ ਤੇਜ਼ੀ ਨਾਲ ਉਭਰਨ ਲੱਗਾ ਹੈ। ਦਲਿਤ ਆਪਣੇ ਵੱਖਰੇ ਧਾਰਮਿਕ ਸਥਾਨਾਂ ਦੇ ਨਾਂ, ਧਾਰਮਿਕ ਸਥਾਨ, ਗ੍ਰੰਥ, ਜੰਮਣ-ਮਰਨ ਦੀਆਂ ਰਸਮਾਂ, ਰੀਤਾਂ ਸਭ ਕੁਝ ਵੱਖਰੀਆਂ ਕਰਨ ਦੀ ਸੋਚਣ ਲੱਗੇ ਹਨ। ਸਾਡੇ ਸਮਾਜਿਕ ਪ੍ਰਬੰਧ ਅਤੇ ਉੱਚ ਜਾਤੀ ਲੋਕਾਂ ਦੀ ਸੰਕੀਰਣ ਮਾਨਸਿਕਤਾ ਇਸ ਦੀਆਂ ਮੁੱਖ ਜ਼ਿੰਮੇਵਾਰ ਹਨ। ਭਾਵੇਂ ਪੰਜਾਬ ਵਿਚ ਛੂਆ-ਛੂਤ ਓਪਰੀ ਪੱਧਰ 'ਤੇ ਨਹੀਂ ਦਿੱਸਦੀ ਪਰ ਮਨਾਂ 'ਚ ਅਜੇ ਵੀ ਸਭ ਕੁਝ ਹੈ। ਦਲਿਤਾਂ ਦੀ ਆਪਣੀ ਵੱਖਰੀ ਹੋਂਦ ਦਾ ਮਸਲਾ ਅੱਜ ਸਮੇਂ ਦੀ ਮੰਗ ਬਣਦਾ ਜਾ ਰਿਹਾ ਹੈ।"

ਡਾ. ਅੰਬੇਡਕਟਰ ਤੋਂ ਬਾਅਦ ਕਾਂਸ਼ੀ ਰਾਮ-ਮਾਇਆਵਤੀ ਦੇ ਉਭਾਰ ਨਾਲ ਦਲਿਤਾਂ 'ਚ ਰਾਜਨੀਤਕ ਚੇਤਨਾ ਪੈਦਾ ਹੋਈ ਹੈ। ਉਹ ਆਪਣੇ ਰਾਜਨੀਤਿਕ ਹੱਕਾਂ ਪ੍ਰਤੀ ਜਾਗਰਿਤ ਹੋਏ ਹਨ। ਭਾਰਤੀ-ਅਮਰੀਕਨ ਲੇਖਕਾ ਸੁਜਾਤਾ ਗਿਡਲਾ ਨੇ ਜੈਪੁਰ ਲਿਟਰੇਰੀ ਫੈਸਟੀਵਲ 'ਚ ਕਿਹਾ ਕਿ ਬਹੁਜਨ ਸਮਾਜ ਪਾਰਟੀ ਵਰਗੀ ਸੰਸਦੀ ਪਾਰਟੀ ਕੇਵਲ ਦਲਿਤ ਭਾਈਚਾਰੇ ਲਈ ਸੀਮਤ ਢਾਂਚੇ, ਜੋ ਉਨ੍ਹਾਂ ਨੇ ਚੁਣਿਆ ਹੈ, ਅੰਦਰ ਰਹਿ ਕੇ ਕੰਮ ਕਰ ਸਕਦੀ ਹੈ। 'ਹਰ ਕੋਈ ਕਹਿੰਦਾ ਹੈ ਕਿ ਬਸਪਾ ਨੇ ਅਛੂਤਾਂ ਨੂੰ ਅਧਿਕਾਰ ਦਿੱਤੇ ਹਨ ਤੇ ਉਨ੍ਹਾਂ 'ਚ ਆਤਮ-ਵਿਸ਼ਵਾਸ ਭਰਿਆ ਹੈ ਪਰ ਅਸਲ 'ਚ ਅਜਿਹਾ ਕੁਝ ਨਹੀਂ ਹੋਇਆ। ਮਾਇਆਵਤੀ ਨੇ ਆਪਣੇ ਆਪ ਨੂੰ ਵੱਡੀ ਧਨਾਢ ਬਣਾਇਆ ਹੈ। ਉਸ ਦਾ ਭਰਾ ਅਮੀਰ ਬਣ ਗਿਆ ਤੇ ਦਲਿਤਾਂ ਨਾਲ ਬਸ ਇਹੀ ਹੋਇਆ ਹੈ।' (ਪੰਜਾਬੀ ਟ੍ਰਿਬਿਊਨ 29-01-2018)

1990 ਤੋਂ ਬਾਅਦ ਦਲਿਤਾਂ ਨਾਲ ਸੰਬੰਧਤ ਜਿਹੜਾ ਸਾਹਿਤ ਲਿਖਿਆ ਜਾਣ ਲੱਗਾ ਹੈ ਉਦੋਂ ਤੋਂ ਹੀ ਕਈ ਅਹਿਮ ਮਸਲੇ ਉਭਰਨ ਲੱਗੇ ਹਨ। ਸਭ ਤੋਂ ਅਹਿਮ ਮਸਲਾ ਇਹ ਪੈਦਾ ਹੋਇਆ ਹੈ ਕਿ ਕੀ ਇਕ ਦਲਿਤ ਲੇਖਕ ਵੱਲੋਂ ਰਚਿਆ ਗਿਆ ਸਾਹਿਤ ਹੀ ਉਤਕ੍ਰਿਸ਼ਟ ਜਾਂ ਪ੍ਰਮਾਣਕ ਦਲਿਤ ਸਾਹਿਤ ਹੈ। ਕੀ ਕੋਈ ਗੈਰ-ਦਲਿਤ ਲੇਖਕ ਦਲਿਤਾਂ ਦੀ ਜ਼ਿੰਦਗੀ ਬਾਰੇ ਇਮਾਨਦਾਰੀ ਨਾਲ ਨਹੀਂ ਲਿਖ ਸਕਦਾ? ਜਾਂ ਉਸ ਕੋਲ ਜ਼ਿੰਦਗੀ ਦੇ ਉਹ ਜਿਹੇ ਅਨੁਭਵ ਨਹੀਂ ਹੁੰਦੇ ਜਿਹੋ ਜਿਹੇ ਇਕ ਦਲਿਤ ਲੇਖਕ ਕੋਲ ਹੁੰਦੇ ਹਨ। ਇਹ ਮਸਲਾ ਰਾਸ਼ਟਰੀ ਪੱਧਰ 'ਤੇ ਵਿਚਾਰਿਆ ਜਾ ਰਿਹਾ ਹੈ। ਡਾ. ਨਾਮਵਰ ਸਿੰਘ ਇਸ ਵਖਰੇਵੇਂ ਸੰਬੰਧੀ ਆਪਣਾ ਖਦਸ਼ਾ ਜ਼ਾਹਿਰ

ਕਰਦੇ ਹੋਏ ਕਹਿੰਦੇ ਹਨ, "ਅਜਿਹਾ ਲਿਖੋ ਕਿ ਦਲਿਤ ਵਿਅਕਤੀ ਵੀ ਉਸ ਦੇ ਨਾਲ ਆਪਣੇ ਆਪ ਨੂੰ ਆਈਡੈਂਨਟਿਫਾਈ ਕਰ ਸਕੇ ਕਿਉਂਕਿ ਉਹ ਸਾਰਿਆਂ ਲਈ ਲਿਖ ਰਿਹਾ ਹੈ। ਕੇਵਲ ਦਲਿਤਾਂ ਲਈ ਨਹੀਂ ਲਿਖ ਰਿਹਾ। ਦਲਿਤ ਦੁਆਰਾ ਲਿਖਿਆ ਹੋਇਆ, ਦਲਿਤ ਦੇ ਬਾਰੇ ਵਿਚ ਲਿਖਿਆ ਹੋਇਆ ਤਕ ਤਾਂ ਠੀਕ ਹੈ ਪਰ ਜੋ ਲਿਖਿਆ ਜਾ ਰਿਹਾ ਹੈ, ਉਹ ਸਿਰਫ਼ ਦਲਿਤਾਂ ਬਾਰੇ ਹੀ ਜੇਕਰ ਲਿਖਿਆ ਜਾ ਰਿਹਾ ਹੈ ਤਾਂ ਉਹ ਸੀਮਤ ਪਾਠਕਾਂ ਸਰੋਤਿਆਂ ਲਈ ਲਿਖਿਆ ਜਾ ਰਿਹਾ ਹੈ। ਇਹ ਉਹ ਸਾਹਿਤ ਨਹੀਂ ਜੋ ਦੂਜਿਆਂ ਨੂੰ ਪ੍ਰਭਾਵਤ ਕਰ ਸਕੇ।" ਰਾਜੇਂਦਰ ਯਾਦਵ ਵੀ ਦਲਿਤਾਂ ਵੱਲੋਂ ਲਿਖੇ ਜਾ ਰਹੇ ਸਾਹਿਤ ਬਾਰੇ ਇਸ ਗੱਲ ਨੂੰ ਮੰਨਦੇ ਹਨ, "ਇਹ ਰੇਜਿਸਟੇਨਸ ਦੀਆਂ ਕਹਾਣੀਆਂ ਲਿਖ ਰਹੇ ਨੇ। ਮੈਂ ਮੰਨਦਾ ਹਾਂ ਕਿ ਇਹ ਕਲਾਤਮਕ ਨਹੀਂ ਹੈ। ਮੈਂ ਇਹ ਵੀ ਮੰਨਦਾ ਹਾਂ ਕਿ ਉਨ੍ਹਾਂ 'ਚ ਵਿਵਿਧਤਾ ਨਹੀਂ ਹੈ, ਭਾਸ਼ਾ ਨਹੀਂ ਹੈ।" ਕੁਝ ਸਾਲ ਪਹਿਲਾਂ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਸਰਹਾਲੀ, ਜ਼ਿਲ੍ਹਾ ਤਰਨਤਾਰਨ 'ਚ ਦਲਿਤ ਸਾਹਿਤ 'ਤੇ ਹੋਏ ਸੈਮੀਨਾਰ 'ਚ ਬੋਲਦਿਆਂ ਹੋਇਆਂ ਪਰਮਜੀਤ ਜੱਜ ਨੇ ਕਿਹਾ ਸੀ ਕਿ ਇੱਕ ਸਮਾਂ ਸੀ ਜਦੋਂ ਨਾਰੀਵਾਦ ਲਹਿਰ ਚੱਲੀ। ਕਾਲਜਾਂ, ਯੂਨੀਵਰਸਿਟੀਆਂ ਨੇ ਵੱਡੇ-ਵੱਡੇ ਸੈਮੀਨਾਰ ਕਰਵਾਏ। ਛੋਟੇ ਪੱਧਰ 'ਤੇ ਵੀ ਅਨੇਕਾਂ ਉਦਮ ਹੋਏ। ਫੇਰ ਨਾਰੀਆਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਨਾਰੀ ਹੀ ਨਾਰੀ ਬਾਰੇ ਲਿਖ ਸਕਦੀ ਹੈ। ਮਰਦ ਲੇਖਕਾਂ ਨੇ ਇਸ ਦਾ ਵਿਰੋਧ ਕੀਤਾ ਤੇ ਇਥੋਂ ਤੀਕ ਵੀ ਕਿਹਾ ਕਿ ਜੇ ਨਾਰੀ ਹੀ ਨਾਰੀ ਬਾਰੇ ਲਿਖ ਸਕਦੀ ਹੈ ਤਾਂ ਦੂਜਿਆਂ ਨੂੰ ਕੀ ਲੋੜ ਹੈ ਕਿ ਉਨ੍ਹਾਂ ਦਾ ਲਿਖਿਆ ਹੋਇਆ ਪੜ੍ਹਨ। ਜੇ ਇਹੀ ਭਾਵਨਾ ਦਲਿਤ ਲੇਖਕ ਵੀ ਰੱਖਣ ਲੱਗ ਪਏ ਕਿ ਦਲਿਤ ਜ਼ਿੰਦਗੀ ਬਾਰੇ ਸਿਰਫ਼ ਦਲਿਤ ਹੀ ਲਿਖ ਸਕਦੇ ਹਨ ਤਾਂ ਦੂਜੇ ਵਰਗ ਇਸ ਨੂੰ ਕਿਉਂ ਪੜ੍ਹਨਗੇ। ਇਹ ਤਾਂ ਉਹੀ ਗੱਲ ਹੋਈ ਕਿ ਦਲਿਤ ਲੇਖਕ ਹੀ ਦਲਿਤਾਂ ਬਾਰੇ ਲਿਖਣਗੇ ਤੇ ਉਨ੍ਹਾਂ ਦੀਆਂ ਲਿਖਤਾਂ ਦੇ ਪਾਠਕ ਵੀ ਦਲਿਤ ਵਰਗ ਵਿਚੋਂ ਹੀ ਹੋਣਗੇ। ਇਸ ਸੰਬੰਧੀ ਦਲਿਤ ਲੇਖਕਾਂ ਨੂੰ ਗੰਭੀਰਤਾ ਨਾਲ ਵਿਚਾਰ ਕਰਨੀ ਚਾਹੀਦੀ ਹੈ। ਨਹੀਂ ਤਾਂ ਇਸ ਦਾ ਹਸ਼ਰ ਵੀ ਨਾਰੀਵਾਦੀ ਲਹਿਰ ਵਰਗਾ ਹੀ ਹੋਵੇਗਾ।

**ਦਲਿਤ ਕਹਾਣੀਆਂ ਬਾਰੇ ਹਿੰਦੀ ਦੇ ਦਲਿਤ ਕਹਾਣੀਕਾਰਾਂ ਦੇ ਵਿਚਾਰ :**

•ਦਲਿਤ ਕਹਾਣੀ 'ਚ ਦਲਿਤ ਅਸੀਮਤਾ ਦੀ ਸੁਰ ਪ੍ਰਮੁਖ ਰੂਪ 'ਚ ਉਭਰਦੀ ਹੈ। ਨਾਲ ਹੀ ਜਾਤੀਵਾਦ ਦੇ ਵਿਰੁੱਧ ਉਹ ਇਕ ਘੋਸ਼ਣਾ-ਪੱਤਰ ਵੀ ਹੁੰਦਾ ਹੈ। ਦਲਿਤ ਰਚਨਾਕਾਰ ਸਾਹਿਤ ਦੀ ਸਮਾਜ ਸ਼ਾਸਤਰੀ ਆਲੋਚਨਾ 'ਤੇ ਜ਼ੋਰ ਦਿੰਦੇ ਹਨ। ਦਲਿਤ ਜੀਵਨ ਦਾ ਦਾਰੁਣ ਚਿੱਤਰ ਦਲਿਤ ਕਹਾਣੀਆਂ 'ਚ ਉਭਰਦਾ ਹੈ।

**— ਉਮ ਪ੍ਰਕਾਸ਼ ਵਾਲਮੀਕੀ**

• ਦਲਿਤ ਕਹਾਣੀ ਕਲਪਨਾਵਾਂ ਦੇ ਖੰਭਾਂ 'ਤੇ ਸਵਾਰ ਹੋ ਕੇ ਅਸਮਾਨ 'ਤੇ ਨਹੀਂ ਉਡਦੀ। ਉਹ ਬੁਲਡੋਜ਼ਰ 'ਤੇ ਸਵਾਰ ਹੋ ਕੇ ਸਮਾਜਿਕ ਭੈੜੀਆਂ ਪ੍ਰੰਪਰਾਵਾਂ, ਰੂੜ੍ਹੀਆਂ, ਕਾਣੀ-ਵੰਡ ਦੇ ਖੰਡਰਾਂ ਨੂੰ ਢਾਹੁੰਦੀ ਹੈ। **—ਰੂਪ ਨਰਾਇਣ ਸੋਨਕਰ**



• ਅੰਗਰੇਜ਼ੀ ਦਾ ਇਕ ਅਖਾਣ ਹੈ ਕਿ Wearer knows where the shoe pinches (ਪਾਉਣ ਵਾਲਾ ਹੀ ਜਾਣਦਾ ਹੈ ਕਿ ਜੁੱਤੀ ਕਿੱਥੇ ਲੱਗਦੀ ਹੈ)। ਦਲਿਤ ਕਹਾਣੀਆਂ 'ਚ ਦਲਿਤਾਂ ਦੀਆਂ ਭੋਗੀਆਂ ਹੋਈਆਂ ਪੀੜਾਂ ਦਾ ਪ੍ਰਗਟਾਵਾ ਹੈ। ਉਨ੍ਹਾਂ ਦਾ ਦਰਦ ਹੈ, ਜਾਤੀਗਤ ਭੇਦਭਾਵ ਹੈ, ਸ਼ੋਸ਼ਣ ਦੀ ਕਹਾਣੀ ਹੈ। ਸ਼ੋਸ਼ਣ ਦੇ ਖਿਲਾਫ਼ ਗੁੱਸਾ ਹੈ। ਪੀੜ ਤੋਂ ਮੁਕਤੀ ਦੀ ਛਟਪਟਾਹਟ ਹੈ। **—ਰਾਜ ਵਾਲਮੀਕੀ**

•ਦਲਿਤ ਕਹਾਣੀ ਸਮਾਜਿਕ-ਆਰਥਿਕ ਬਰਾਬਰੀ ਦੀ ਗੱਲ ਕਰਦੀ ਹੈ। ਭੈੜੀ ਸਮਾਜਿਕ ਵਿਵਸਥਾ 'ਚ ਪਰਿਵਰਤਨ ਲਈ ਕ੍ਰਾਂਤੀਕਾਰੀ ਵਿਚਾਰਾਂ ਦੀ ਗੱਲ ਕਰਦੀ ਹੈ। ਸ਼ੋਸ਼ਣ ਤੇ ਬੇਇੱਜ਼ਤੀ ਦੇ ਵਿਰੁੱਧ ਮਨੁੱਖੀ ਮੁੱਲਾਂ ਤੇ ਮਨੁੱਖੀ ਅਧਿਕਾਰਾਂ ਦੀ ਗੱਲ ਕਰਦੀ ਹੈ। ਦਲਿਤ ਕਹਾਣੀ ਦਾ ਉਦੇਸ਼ ਦਲਿਤਾਂ ਨੂੰ ਉਨ੍ਹਾਂ ਦੀ ਅਸੀਮਤਾ ਦੀ ਪਹਿਚਾਣ ਕਰਾਉਣਾ ਹੈ।

**— ਸੁਸ਼ੀਲਾ ਟਾਕਭੌਰੇ**

•ਮੇਰਾ ਮੰਨਣਾ ਹੈ ਕਿ ਦਲਿਤ ਹੋਣ ਦੇ ਪੱਖ ਨੂੰ ਉਸ ਬੇਇੱਜ਼ਤੀ ਤੇ ਪੀੜਾਂ ਨੂੰ ਸਿਰਫ਼ ਦਲਿਤ ਹੀ ਸਮਝ ਸਕਦਾ ਹੈ ਤੇ ਸਿਰਫ਼ ਉਹੀ ਲਿਖ ਵੀ ਸਕਦਾ ਹੈ। ਮੰਨ ਲਓ, ਉਦਾਹਰਣ ਲਈ ਮੈਂ ਤੁਹਾਨੂੰ ਆਖਾਂ, "ਬ੍ਰਾਹਮਣ ਕਿਸੇ ਥਾਂ ਦਾ ਨਾ ਹੋਵੇ ਤਾਂ ਚੱਲ ਦੂਰ ਹੱਟ ਕੇ ਬੈਠ।' ਇਹ ਪੱਕਾ ਜਾਣੋ ਕਿ ਤੁਸੀਂ ਹੈਰਾਨੀ ਭਰੀ ਮੁਸਕਰਾਹਟ ਨਾਲ ਮੇਰੇ ਵੱਲ ਦੇਖੋਗੇ ਕਿ ਮੇਰਾ ਦਿਮਾਗ਼ ਠੀਕ ਵੀ ਹੈ ਜਾਂ ਕਿ ਨਹੀਂ। ਤੁਹਾਡੀ ਇੰਨੀ ਕੁ ਪ੍ਰਤੀਕ੍ਰਿਆ ਹੋਵੇਗੀ। ਤੇ ਹੁਣ ਤੁਸੀਂ ਮੈਨੂੰ ਆਖੋ 'ਚਮਾਰ ਕਿਸੇ ਥਾਂ ਦਾ। ਦੂਰ ਹੱਟ ਕੇ ਬੈਠ।' ਇਹ ਇਕ ਵਾਰ ਮੈਨੂੰ ਜਿਸ ਬੇਇੱਜ਼ਤੀ ਦਾ ਅਹਿਸਾਸ ਕਰਾਊਗਾ। ਉਸ ਦੀ ਕਲਪਨਾ ਤੁਸੀਂ ਨਹੀਂ ਕਰ ਸਕਦੇ।

**—ਉਮਰਾਵ ਸਿੰਘ ਜਾਦਵ**

ਕਲਕੱਤੇ ਤੋਂ ਨਿਕਲਦੇ 'ਵਾਗਰਥ' ਦੇ ਫਰਵਰੀ, 2018 ਦੇ ਅੰਕ 'ਚ ਦਲਿਤ ਵਿਮਰਸ਼ ਬਾਰੇ ਰਾਕੇਸ਼ ਰੇਜਨ ਦੇ ਪੁੱਛੇ ਸੁਆਲਾਂ ਦਾ ਜੁਆਬ ਦਿੰਦਿਆਂ ਹੋਇਆਂ "ਹਿੰਦੀ ਸਾਹਿਤ ਦੇ ਸਮਰੱਥ ਆਲੋਚਕ ਨੰਦ ਕਿਸ਼ੋਰ ਨਾਵਲ ਨੇ ਦੱਸਿਆ ਕਿ "ਦਲਿਤ ਵਿਮਰਸ਼ ਅਮਰੀਕਾ ਤੋਂ ਆਇਆ ਹੈ। ਨਾਮਵਰ ਸਿੰਘ ਨੇ ਇਕ ਵਾਰ ਤਾਲਸਟਾਏ ਦੀ ਪ੍ਰਸਿੱਧ ਕਹਾਣੀ 'ਇਨਸਾਨ ਅਤੇ ਹੈਵਾਨ' ਦਾ ਹਵਾਲਾ ਦਿੰਦਿਆਂ ਹੋਇਆਂ ਕਿਹਾ ਸੀ ਕਿ ਘੋੜੇ ਤੇ ਲਿਖਣ ਲਈ ਘੋੜਾ ਹੋਣਾ ਜ਼ਰੂਰੀ ਨਹੀਂ ਹੈ। ਕਹਿਣ ਦਾ ਭਾਵ ਹੈ ਕਿ ਦਲਿਤ ਸਾਹਿਤ ਦੀ ਰਚਨਾ ਕਰਨ ਲਈ ਦਲਿਤ ਹੋਣਾ ਜ਼ਰੂਰੀ ਨਹੀਂ ਹੈ।"

ਪੰਜਾਬੀ ਸਾਹਿਤ 'ਚ ਇਹ ਵਿਚਾਰਧਾਰਕ ਲੜਾਈ ਅਜੇ ਤੱਕ ਸਿੱਧੇ ਰੂਪ 'ਚ ਸਾਹਮਣੇ ਨਹੀਂ ਆਈ, ਅਸਿੱਧੇ ਰੂਪ 'ਚ ਕਈ ਕੁਝ ਦੇਖਣ/ਸੁਣਨ ਨੂੰ ਮਿਲ ਰਿਹਾ ਹੈ।

ਗੁਰਮੀਤ ਕੜਿਆਲਵੀ ਇਕ ਇੰਟਰਵਿਊ ਵਿੱਚ ਦੱਸਦਾ ਹੈ : ਦਲਿਤ ਸਮਾਜ ਵੱਡਾ ਹੈ। ਉਨ੍ਹਾਂ ਦੀਆਂ ਦੁਸ਼ਵਾਰੀਆਂ ਵੀ ਵੱਡੀਆਂ ਹਨ। ਗ਼ੁਲਾਮੀ ਦਾ ਕਾਲ ਵੀ ਲਗਭਗ 30 ਹਜ਼ਾਰ ਸਾਲ ਲੰਮਾ ਰਿਹਾ ਹੈ। ਮਿਥਿਹਾਸ ਵੀ ਵਿਸ਼ਾਲ ਹੈ। ਇਸ ਵਿਸਤਰਿਤ ਦਲਿਤ ਪੀੜਾ ਨੂੰ ਫੜਨ ਦਾ ਯਤਨ ਮਨਮੋਹਣ ਬਾਵਾ ਜੀ ਨੇ ਕੀਤਾ ਹੈ, ਦੇਸਰਾਜ ਕਾਲੀ ਨੇ ਕੀਤਾ ਹੈ। ਬਹੁਤ

ਨੇ ਹੰਢਾਇਆ ਹੈ, ਬਹੁਤ ਹੰਢਾ ਰਹੇ ਨੇ। ਪਰ, ਇਸ ਨੂੰ ਪੰਜਾਬੀ ਸਾਹਿਤ ਵਿਚ ਪੇਸ਼ ਕਰਨ ਵਿਚ ਅਸੀਂ ਅਜੇ ਤੱਕ ਪੂਰੀ ਤਰ੍ਹਾਂ ਸਫਲ ਨਹੀਂ ਹੋਏ। ਅਸੀਂ ਤਾਂ ਅਜੇ ਮਜ਼ਦੂਰ ਵਰਗ ਜੋ ਕਿ ਸਿੱਧੇ ਰੂਪ ਵਿਚ ਇਹ ਪੀੜਾ ਹੰਢਾ ਰਿਹਾ ਹੈ, ਦੀ ਪੂਰੀ ਤੇ ਪੁਖ਼ਤਾ ਪੇਸ਼ਕਾਰੀ ਨਹੀਂ ਕਰ ਸਕੇ। ਇਸ ਦਲਿਤ ਪੀੜਾ ਦੇ ਕਈ ਪਸਾਰ ਹਨ, ਕਈ ਪੱਧਰ ਹਨ। ਸਕੂਲਾਂ-ਕਾਲਜਾਂ ਜਾਂ ਯੂਨੀਵਰਸਿਟੀਆਂ ਵਿਚ ਪੜ੍ਹਾਈ ਦੌਰਾਨ ਵਿਦਿਆਰਥੀ ਕਿਹੋ ਜਿਹੇ ਜਾਤੀਵਾਦ ਦੇ ਰੂਬਰੂ ਹੁੰਦੇ ਹਨ। ਰੋਜ਼ਗਾਰ ਕਰਦਿਆਂ ਉਨ੍ਹਾਂ ਨੂੰ ਕਿਸ ਤਰ੍ਹਾਂ ਦੀ ਪੀੜਾ ਵਿਚੋਂ ਗੁਜ਼ਰਨਾ ਪੈਂਦਾ ਹੈ। ਇਹ ਅਜੇ ਤੱਕ ਪੰਜਾਬੀ ਕਹਾਣੀ ਵਿਚ ਪੇਸ਼ ਹੋਣਾ ਹੈ। ਅਸੀਂ ਤਾਂ ਅਜੇ ਤੱਕ ਦਲਿਤ ਮੁਹਿੰਮਾਂ (ਮੂਵਮੈਂਟਾਂ) ਨੂੰ ਵੀ ਚੰਗੀ ਤਰ੍ਹਾਂ ਪੇਸ਼ ਨਹੀਂ ਕਰ ਸਕੇ। ਮਾਲਵੇ ਵਿਚ ਜ਼ਮੀਨੀ ਘੋਲ ਬੜਾ ਵੱਡਾ ਚੱਲਿਆ। ਪੰਚਾਇਤੀ ਜ਼ਮੀਨਾਂ ਦਾ ਸੰਕਟ ਵੀ ਅਜੇ ਸਜੀਵ ਰੂਪ ਵਿਚ ਪੰਜਾਬੀ ਕਹਾਣੀ ਤਾਂ ਕੀ, ਸਾਹਿਤ ਦੇ ਕਿਸੇ ਵੀ ਰੂਪ ਵਿਚ ਪੇਸ਼ ਨਹੀਂ ਹੋਇਆ। ਵੱਖ-ਵੱਖ ਅਦਾਰਿਆਂ ਵਿਚ ਕੰਮ ਕਰਦੇ ਕਾਮਿਆਂ, ਰਾਜਸੀ ਖੇਤਰ ਵਿਚ ਦਲਿਤਾਂ ਦੀ ਗੈਰ-ਪ੍ਰਸੰਗਿਕਤਾ ਦੇ ਕਾਰਣ ਵੀ ਅਜੇ ਤੱਕ ਪੰਜਾਬੀ ਕਹਾਣੀ ਨੇ ਨਹੀਂ ਫੜੇ। ਕਿਸੇ ਵੀ ਸੂਬੇ ਵਿਚ ਦਲਿਤ ਆਗੂ ਆਪਣੇ ਪੱਧਰ 'ਤੇ ਸੁਤੰਤਰ ਮੁਕਾਮ ਹਾਸਲ ਕਿਉਂ ਨਹੀਂ ਕਰ ਸਕਿਆ? ਇਸ ਕਾਰਣ ਨੂੰ ਪੰਜਾਬੀ ਕਹਾਣੀ ਨੇ ਅਜੇ ਪੇਸ਼ ਕਰਨਾ ਹੈ। ਪੰਜਾਬ ਵਿਚ ਤਾਂ ਭਾਰਤ ਵਿਚ ਸਭ ਤੋਂ ਵੱਧ ਫ਼ੀਸਦੀ ਦਲਿਤ ਹਨ। ਹਰ ਤੀਜਾ ਵਿਅਕਤੀ ਦਲਿਤ ਹੋਣ ਦੇ ਬਾਵਜੂਦ, ਦਲਿਤਾਂ ਦੀ ਰਾਜਸੀ ਹਿੱਸੇਦਾਰੀ ਖਾਨਾਪੂਰਤੀ ਤੋਂ ਵੱਧ ਕੇ ਨਹੀਂ ਹੈ। ਰਾਜਸੀ ਸੱਤਾ ਭਾਵੇਂ ਵਿਵਸਥਾ ਬਦਲਣ ਦੇ ਸਮਰੱਥ ਨਹੀਂ (ਜੇ ਸਮਰੱਥਾ ਹੁੰਦੀ ਤਾਂ ਮਾਇਆਵਤੀ ਕੁਝ ਕਰ ਨਾ ਦਿੰਦੀ?) ਹੈ, ਪਰ ਰਾਜਸੀ ਹਿੱਸੇਦਾਰ ਨਾਲ ਇਕ ਵੱਖਰੀ ਕਿਸਮ ਦਾ ਸਵੈ-ਮਾਣ ਤਾਂ ਜ਼ਰੂਰ ਆ ਸਕਦਾ ਹੈ, ਜੋ ਅੱਗੇ ਵਧਣ ਲਈ ਮਾਨਸਿਕ ਬਲ ਤਾਂ ਦੇ ਸਕਦਾ। ਸੋ ਦਲਿਤਾਂ ਦਾ ਰਾਜਸੀ ਸਵਾਲ ਅਜੇ ਤੱਕ ਪੰਜਾਬੀ ਕਹਾਣੀ ਵਿਚ ਪੇਸ਼ ਨਹੀਂ ਹੋਇਆ। ਭਾਰਤੀ ਰਾਜਨੀਤੀ ਨੂੰ ਮੋੜਾ ਅਤੇ ਨਵੀਂ ਦਿਸ਼ਾ ਦੇਣ ਵਾਲਾ ਕਾਂਸ਼ੀ ਰਾਮ ਕੌਮੀ ਪੱਧਰ 'ਤੇ ਤਾਂ ਉੱਭਰ ਸਕਿਆ, ਪਰ ਪੰਜਾਬ ਵਿਚ ਕਿਉਂ ਨਹੀਂ? ਪੰਜਾਬ ਵਿਚ ਕੋਈ ਵੀ ਕੱਦਾਵਰ ਦਲਿਤ ਆਗੂ ਦੇ ਨਾ ਉੱਭਰਨ ਦੇ ਕਾਰਣ ਅਜੇ ਪੰਜਾਬੀ ਕਹਾਣੀ ਨੇ ਪਕੜਨੇ ਹਨ, ਪੇਸ਼ ਕਰਨੇ ਹਨ।

(ਸ਼ਬਦ, ਜਨਵਰੀ-ਜੂਨ, 2018)

ਬਲਦੇਵ ਸਿੰਘ ਚੰਦਨ ਆਪਣੀ ਸੰਪਾਦਤ ਪੁਸਤਕ 'ਪੰਜਾਬੀ ਦਲਿਤ ਕਹਾਣੀਆਂ' ਦੀ ਭੂਮਿਕਾ 'ਚ ਇਸ ਗੱਲ ਨਾਲ ਸਹਿਮਤ ਹੈ ਕਿ ਇਕ ਸਵਾਲ ਹਮੇਸ਼ਾ ਖੜ੍ਹਾ ਹੋ ਜਾਂਦਾ ਹੈ ਕਿ ਦਲਿਤ ਵਰਗ ਨਾਲ ਜੁੜੇ ਲੇਖਕ ਹੀ ਵਧੀਆ ਦਲਿਤ ਚੇਤਨਾ ਵਾਲਾ ਸਾਹਿਤ ਰਚ ਸਕਦੇ ਹਨ? ਮੈਂ ਸਮਝਦਾ ਹਾਂ ਕਿ ਨਹੀਂ, ਦਲਿਤ ਵਰਗ ਤੋਂ ਬਾਹਰਲੇ ਲੇਖਕ ਵੀ ਇਸ ਵੇਦਨਾ ਨੂੰ ਆਪਣੇ ਸਾਹਿਤ ਵਿਚ ਬਾਖ਼ੂਬੀ ਲਿਆ ਸਕਦੇ ਹਨ। ਗੁਰਬਖ਼ਸ਼ ਸਿੰਘ ਪ੍ਰੀਤਲੜੀ, ਨਾਨਕ ਸਿੰਘ, ਗੁਰਮੁਖ ਸਿੰਘ ਮੁਸਾਫ਼ਰ ਅਤੇ ਜੋਸ਼ੂਆ ਫ਼ਜ਼ਲਦੀਨ ਨੇ ਆਪਣੀਆਂ ਕਹਾਣੀਆਂ ਵਿਚ ਵੀ 'ਅੰਜੂ ਗਾਜ਼ੂ' ਵਰਗੇ ਥੁੜ੍ਹਾਂ ਮਾਰੇ ਸਾਧਾਰਨ ਤੇ ਨਿਮਨ ਪਾਤਰਾਂ ਦੀ ਗਾਥਾ ਪੇਸ਼ ਕੀਤੀ ਹੈ। ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ਕਹਾਣੀ 'ਚੰਡੀਦਾਸ' ਵੀ ਇਕ ਨਿਵੇਕਲੇ ਦ੍ਰਿਸ਼ਟੀਕੋਣ ਤੋਂ ਮਹੱਤਵਪੂਰਨ



ਹੈ। ਸੰਤ ਸਿੰਘ ਸੇਖੋਂ ਅਤੇ ਸੰਤੋਖ ਸਿੰਘ ਧੀਰ ਨੇ ਆਰਥਿਕ ਦ੍ਰਿਸ਼ਟੀ ਤੋਂ ਨਿਮਨ ਵਰਗ/ਸ਼੍ਰੇਣੀ ਦੇ ਪਾਤਰਾਂ ਦੀ ਥੁੜ੍ਹਾਂ ਭਰੀ ਜ਼ਿੰਦਗੀ ਪੇਸ਼ ਕੀਤੀ ਹੈ। ਕਰਤਾਰ ਸਿੰਘ ਦੁੱਗਲ ਅਤੇ ਕੁਲਵੰਤ ਸਿੰਘ ਵਿਰਕ ਵੀ ਨਿਮਨ ਜਾਤਾਂ/ਸ਼੍ਰੇਣੀਆਂ ਦੇ ਪਾਤਰਾਂ ਦਾ ਚਿਤਰਣ ਕਰਦੇ ਹਨ। ਉਦਾਹਰਣ ਵਜੋਂ ਸੁਜਾਨ ਸਿੰਘ, ਗੁਰਦਿਆਲ ਸਿੰਘ, ਮੋਹਨ ਭੰਡਾਰੀ, ਦਲਬੀਰ ਚੇਤਨ, ਕਿਰਪਾਲ ਕਜ਼ਾਕ, ਜਿੰਦਰ, ਮਨਮੋਹਨ ਬਾਵਾ ਤੇ ਹੋਰ ਕਹਾਣੀਕਾਰਾਂ ਦੀਆਂ ਲਿਖਤਾਂ ਨੂੰ ਦੇਖਿਆ ਜਾ ਸਕਦਾ ਹੈ। ਇਹ ਸੱਚ ਹੈ ਕਿ ਦਲਿਤ ਵਰਗ ਵਿਚ ਜੰਮੇ ਵਿਅਕਤੀ ਦਾ ਅਨੁਭਵ ਦੂਜਿਆਂ ਨਾਲੋਂ ਤਿੱਖਾ ਹੁੰਦਾ ਹੈ ਪਰ ਲੇਖਕ ਦਾ ਕੰਮ ਹੁੰਦਾ ਹੈ ਕਿ ਦੂਜੇ ਦੇ ਅਨੁਭਵ ਨੂੰ ਆਪਣਾ ਬਣਾ ਲੈਣਾ। ਦੂਜੇ ਦੀ ਪੀੜਾ ਨੂੰ ਵੀ ਆਪਣੀ ਬਣਾ ਕੇ ਪੇਸ਼ ਕਰਨਾ।

ਹਿੰਦੀ ਦੇ ਮੈਗਜ਼ੀਨ 'ਮੰਤਵਯ' (ਅਕਤੂਬਰ-ਨਵੰਬਰ, 2017) 'ਚ ਛਪੀ ਇਕ ਇੰਟਰਵਿਊ 'ਚ ਦਲਿਤ ਸਾਹਿਤਕਾਰ ਪ੍ਰੋ. ਕਾਲੀਚਰਣ 'ਸਨੇਹੀ' ਤੋਂ ਡਾ. ਸੰਗੀਤਾ ਰਾਵਤ ਨੇ ਪੁੱਛਿਆ, "ਕੀ ਗੈਰ-ਦਲਿਤ ਦਲਿਤ ਸਾਹਿਤ ਲਿਖ ਸਕਦਾ ਹੈ?" ਤਾਂ ਸਨੇਹੀ ਦਾ ਜੁਆਬ ਸੀ, "ਮੈਂ ਪੁੱਛਣਾ ਚਾਹੁੰਦਾ ਹਾਂ ਕਿ ਗੈਰ-ਦਲਿਤ ਦਲਿਤਾਂ ਦੁਆਰਾ ਕੀਤੇ ਜਾ ਰਹੇ ਪੇਸ਼ੇਗਤ ਕੰਮ ਕਿਉਂ ਨਹੀਂ ਕਰ ਸਕਦਾ? ਮੇਰਾ ਕਹਿਣਾ ਹੈ ਕਿ ਜਿਵੇਂ ਦਲਿਤ ਵਰਗ ਦੇ ਲੋਕ, ਚਮੜੇ ਨਾਲ ਜੁੜੇ ਲੋਕ ਜੁੱਤੀਆਂ ਸਿਉਂ ਸਕਦੇ ਹਨ, ਬਣਾ ਸਕਦੇ ਹਨ, ਜੁੱਤੀਆਂ ਨੂੰ ਪਾਲਿਸ਼ ਕਰ ਸਕਦੇ ਹਨ, ਗੈਰ-ਦਲਿਤ ਇਹ ਕੰਮ ਕਿਉਂ ਨਹੀਂ ਕਰ ਸਕਦੇ? ਘੁਮਿਆਰ ਵਾਂਗੂੰ ਗੈਰ-ਦਲਿਤ ਸਵਰਨ ਲੋਕ ਮਿੱਟੀ ਦੇ ਭਾਂਡੇ ਆਦਿ ਕਿਉਂ ਨਹੀਂ ਬਣਾ ਸਕਦੇ? ਉਨ੍ਹਾਂ ਦੀਆਂ ਮਾਂਵਾਂ, ਭੈਣਾਂ, ਰਿਸ਼ਤੇਦਾਰ ਧੋਬੀ ਵਾਂਗੂੰ ਦੂਜਿਆਂ ਦੇ ਕੱਪੜੇ ਕਿਉਂ ਨਹੀਂ ਸਾਫ਼ ਕਰ ਸਕਦੇ? ਗੈਰ-ਦਲਿਤ ਸਵਰਨ ਸਮਾਜ ਦੇ ਲੋਕ ਬਾਂਸ ਦੇ ਟੋਕਰੇ ਕਿਉਂ ਨਹੀਂ ਬਣਾ ਸਕਦੇ? ਉਹ ਦਲਿਤਾਂ ਵਾਂਗੂ ਸੂਰ ਕਿਉਂ ਨਹੀਂ ਪਾਲ ਸਕਦੇ? ਗੰਦੀਆਂ ਸੜਕਾਂ ਝਾੜੂ ਮਾਰ ਕੇ ਸਾਫ਼ ਕਿਉਂ ਨਹੀਂ ਕਰ ਸਕਦੇ? ਗਟਰ 'ਚ ਜਾ ਕੇ ਚਿਕੜ ਕਿਉਂ ਨਹੀਂ ਕੱਢ ਸਕਦੇ? ਉਹ ਦਲਿਤਾਂ ਦੀਆਂ ਔਰਤਾਂ ਨਾਲ ਬਲਾਤਕਾਰ ਤਾਂ ਕਰ ਸਕਦੇ ਹਨ, ਪਰ ਉਨ੍ਹਾਂ ਨੂੰ ਆਪਣੀ ਬਹੂ ਬਣਾ ਕੇ ਘਰ ਕਿਉਂ ਨਹੀਂ ਲਿਆ ਸਕਦੇ? ਜੇ ਕਿਸੇ ਦਲਿਤ ਨੌਜੁਆਨ ਨੂੰ ਕਿਸੇ ਬ੍ਰਾਹਮਣ ਠਾਕੁਰ ਦੀ ਕੁੜੀ ਨਾਲ ਪਿਆਰ ਹੋ ਜਾਂਦਾ ਹੈ ਤੇ ਦੋਵੇਂ ਵਿਆਹ ਕਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਦੀ ਹੱਤਿਆ ਕਿਉਂ ਕਰ ਦਿੱਤੀ ਜਾਂਦੀ ਹੈ? ਲੋਕ ਦਲਿਤਾਂ ਨੂੰ ਮਿਲਣ ਵਾਲੇ ਰਾਖਵੇਂਪਣ ਦਾ ਸਮਰਥਨ ਕਿਉਂ ਨਹੀਂ ਕਰਦੇ? ਤੇ ਹਾਂ, ਦਲਿਤ ਸਮਾਜ ਦੇ ਲੋਕ ਕਿਸੇ ਮੰਦਰ 'ਚ ਪੁਜਾਰੀ ਕਿਉਂ ਨਹੀਂ ਬਣ ਸਕਦੇ? ਉਹ ਸਵਰਨਾਂ ਵਾਂਗੂੰ ਪੱਕੇ ਮਕਾਨ ਬਣਾਉਣ 'ਤੇ ਕਿਉਂ ਕੁੱਟੇ ਜਾਂਦੇ ਹਨ? ਦਲਿਤ ਸਮਾਜ ਦਾ ਹੁਣ ਤੱਕ ਕੋਈ ਵਿਅਕਤੀ ਦੇਸ਼ ਦਾ ਪ੍ਰਧਾਨਮੰਤਰੀ ਕਿਉਂ ਨਹੀਂ ਬਣਾਇਆ ਗਿਆ? ਇਸ ਵਰਗ ਦੇ ਲੋਕ ਪ੍ਰਧਾਨ ਮੰਤਰੀ ਕਿਉਂ ਨਹੀਂ ਬਣ ਸਕਦੇ? ਕਿਸੇ ਫੰਕਸ਼ਨ ਦੇ ਯੋਗ ਤੇ ਵਿਆਹ-ਸ਼ਾਦੀ ਆਦਿ ਦੀ ਰਸਮ ਪੰਡਤ ਬਣ ਕੇ ਕਿਉਂ ਨਹੀਂ ਕਰ ਸਕਦੇ? ਦਲਿਤਾਂ ਨੂੰ ਸਵਰਨਾਂ ਵਾਂਗੂੰ ਸਮਾਜ 'ਚ ਇੱਜ਼ਤ ਕਿਉਂ ਨਹੀਂ ਮਿਲਦੀ? ਗੈਰ-ਦਲਿਤ ਦਿਵਜਵਰਗ ਵੇਦ ਨੂੰ ਅਪੌਰੁਸ਼ੇਯ ਕਿਉਂ ਮੰਨਦਾ ਹੈ? ਉਹ ਦਲਿਤਾਂ ਵਾਂਗੂੰ ਆਤਮਾ ਪ੍ਰਮਾਤਮਾ ਤੇ ਕਿਸਮਤ, ਰੱਬ, ਪੁਨਰ ਜਨਮ ਤੇ ਪਾਪ ਪੁੰਨ ਆਦਿ ਨੂੰ ਕਿਉਂ ਨਹੀਂ ਨਕਾਰ ਸਕਦੇ? ਕੁਝ

ਵਾਮਪੰਥੀ ਸਵਰਨਾਂ ਨੂੰ ਛੱਡ ਸਕਦੇ ਹਾਂ। ਦਲਿਤਾਂ ਵਾਂਗੂੰ ਗੈਰ-ਦਲਿਤ ਲੇਖਕ ਬੁੱਧ ਦੀ ਸ਼ਰਨ 'ਚ ਕਿਉਂ ਨਹੀਂ ਜਾ ਸਕਦੇ ? ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਨਾਲ ਜਿੰਨਾਂ ਦਾ ਗਹਿਰਾ ਲਗਾਓ ਦਲਿਤ ਲੋਕ ਮਹਿਸੂਸ ਕਰਦੇ ਹਨ, ਉਹੋ ਜਿਹਾ ਸਵਰਨ ਸਮਾਜ ਦੇ ਲੋਕ ਕਿਉਂ ਨਹੀਂ ਕਰ ਸਕਦੇ ? ਕੀ ਸਾਡੇ ਸੁਆਲਾਂ ਦੇ ਉੱਤਰ ਸਵਰਨਾਂ ਦੇ ਕੋਲ ਹਨ ? ਜੇ ਹੈ, ਤਾਂ ਦੇਸ਼ 'ਚ ਅਜੇ ਵੀ ਕਿਤੇ ਦਲਿਤ ਪ੍ਰਧਾਨ ਦੁਆਰਾ ਪਿੰਡ 'ਚ ਰਾਸ਼ਟਰੀ ਝੰਡਾ ਲਹਿਰਾਉਣ 'ਤੇ ਇਤਰਾਜ਼ ਕਿਉਂ ਕੀਤਾ ਜਾਂਦਾ ਹੈ ? ਮੇਰਾ ਮੰਨਣਾ ਹੈ ਕਿ ਗੈਰ-ਦਲਿਤ ਜਦੋਂ ਦਲਿਤਾਂ ਦੇ ਅਨੁਭਵ ਜਗਤ 'ਚ ਗੁਜਰੇਗਾ, ਤਾਂ ਉਹ ਵੀ ਦਲਿਤਾਂ ਵਾਂਗੂੰ ਦਲਿਤ ਸਾਹਿਤ ਰਚ ਸਕੇਗਾ। ਬਿਨਾਂ ਦਲਿਤ ਜੀਵਨ ਦੇ ਅਨੁਭਵਾਂ ਤੋਂ ਗੁਜਰਿਆਂ ਕੋਈ ਦਲਿਤ ਸਾਹਿਤ ਕਿਵੇਂ ਲਿਖ ਸਕਦਾ ਹੈ ? 'ਬਾਂਝ ਕਯਾ ਜਾਨੇ ਪ੍ਰਸਵ ਕੀ ਪੀੜਾ ?' 'ਜਾਕੇ ਪਾਂਵ ਨਾ ਫਟੀ ਬਿਵਾਈ, ਸੋ ਕਾ ਜਾਨੇ ਪੀਰ ਪਰਾਈ।' ਹਾਕੀ ਦਾ ਖਿਡਾਰੀ ਚੰਗਾ ਕ੍ਰਿਕਟਰ ਨਹੀਂ ਹੋ ਸਕਦਾ ਹੈ। ਜੇਕਰ ਕੋਈ ਕਹੇ ਕਿ ਸਚਿਨ ਤੇਂਦੁਲਕਰ ਜੀ ਹਾਕੀ ਜਾਂ ਫੁੱਟਬਾਲ ਕਿਉਂ ਨਹੀਂ ਖੇਡ ਸਕਦੇ ਤਾਂ ਸੁਣਕੇ ਹਾਸਾ ਹੀ ਆਵੇਗਾ। ਦਲਿਤਾਂ ਵਾਂਗੂੰ ਸਵਰਨ ਲੋਕ ਆਪਣੀ ਸੱਚੀ ਆਤਮਕਥਾ ਕਿਉਂ ਨਹੀਂ ਲਿਖ ਸਕਦੇ ? ਤੁਸੀਂ ਦਲਿਤ ਸਾਹਿਤ ਲਿਖ ਸਕਦੇ ਹੋ, ਪਹਿਲਾਂ ਤੁਸੀਂ ਹਿੰਦੂ ਸ਼ਾਸਤਰਾਂ ਨੂੰ, ਰੱਬ ਨੂੰ ਛੱਡ ਕੇ ਆ ਸਕਦੇ ਹੋ ਕਿ ਨਹੀਂ ? ਤੁਸੀਂ ਬੁੱਧ ਦੀ ਸ਼ਰਨ 'ਚ ਕਿਉਂ ਨਹੀਂ ਆ ਸਕਦੇ ਹੋ ? ਤੁਸੀਂ ਬਾਬਾ ਸਾਹਿਬ ਡਾ. ਅੰਬੇਦਕਰ ਦੀ ਫੋਟੋ ਆਪਣੇ ਡਰਾਇੰਗ ਰੂਮ 'ਚ ਕਿਉਂ ਨਹੀਂ ਲਗਾ ਸਕਦੇ ਹੋ ? ਤੁਸੀਂ ਜੈ ਭੀਮ ਕਿਉਂ ਨਹੀਂ ਕਹਿ ਸਕਦੇ ਹੋ ? ਤੁਸੀਂ ਦਲਿਤਾਂ ਦੇ ਘਰ ਆਪਣੀ ਧੀ ਕਿਉਂ ਨਹੀਂ ਵਿਆਹ ਸਕਦੇ ਹੋ ? ਦੱਸੋ ਕਿਉਂ ? ਦਲਿਤਾਂ 'ਚ ਕੀ ਘਾਟ ਹੈ ? ਮੈਂ ਇਹੀ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਗੈਰ-ਦਲਿਤ (ਸਵਰਨਾਂ) ਲੇਖਕਾਂ ਨੂੰ ਦਲਿਤ ਸਮਾਜ ਨਾਲ ਖੂਨ ਦੇ ਰਿਸ਼ਤੇ ਵੀ ਜੋੜਨੇ ਹੋਣਗੇ, ਕਿਉਂਕਿ ਖੂਨ ਨਾਲ ਜੁੜੇ ਰਿਸ਼ਤਿਆਂ ਨੂੰ ਤੋੜਨਾ ਮੁਸ਼ਕਿਲ ਹੁੰਦਾ ਹੈ। ਅਸੀਂ ਉਨ੍ਹਾਂ ਦਾ ਸਾਥ ਸਾਹਿਤ 'ਚ ਹੀ ਨਹੀਂ, ਜ਼ਿੰਦਗੀ 'ਚ ਵੀ ਚਾਹੁੰਦੇ ਹਾਂ।"

ਪ੍ਰੋ. ਚੋਥੀਰਾਮ ਯਾਦਵ ਦਲਿਤ ਸਾਹਿਤ ਦੀ 'ਦਸ਼ਾ' ਅਤੇ 'ਦਿਸ਼ਾ' ਬਾਰੇ ਕਹਿੰਦਾ ਹੈ ਕਿ ਦਲਿਤ ਸਾਹਿਤ ਆਪਣੀ ਜ਼ਮੀਨ ਬਣਾ ਚੁੱਕਾ ਹੈ, ਮੁਕੰਮਲ ਹੋ ਗਿਆ ਹੈ, ਸਥਾਪਤ ਹੋ ਚੁੱਕਿਆ ਹੈ। ਨਾਲ ਹੀ ਇਹ ਭਾਰਤ ਦੀਆਂ ਸਾਰੀਆਂ ਜ਼ਬਾਨਾਂ 'ਚ ਲਿਖਿਆ ਜਾ ਰਿਹਾ ਹੈ। ਸਾਰੀਆਂ ਜ਼ਬਾਨਾਂ 'ਚ ਦਲਿਤ ਕਵਿਤਾਵਾਂ, ਕਹਾਣੀਆਂ, ਆਤਮ-ਕਥਾਵਾਂ, ਨਾਵਲ, ਨਾਟਕ ਲਿਖੇ ਜਾ ਰਹੇ ਹਨ। ਹੁਣ ਦਲਿਤ ਸਾਹਿਤ ਕਿਸੇ ਦਾ ਮੋਹਤਾਜ ਨਹੀਂ ਰਿਹਾ। ਉਸ ਨੂੰ ਕਿਸੇ ਪੁਰਾਣੇ ਕਾਵਿ-ਸ਼ਾਸਤਰ ਦੇ ਪ੍ਰਤੀਮਾਨ ਦੀ ਲੋੜ ਨਹੀਂ ਹੈ ਕਿ ਜਿਸ ਦੇ ਰਾਹੀਂ ਉਸ ਦਾ ਮੁੱਲਾਂਕਣ ਕੀਤਾ ਜਾਵੇ ਤੇ ਉਂਝ ਵੀ ਕਾਵਿ-ਸ਼ਾਸਤਰੀ ਪ੍ਰਤੀਮਾਨਾਂ ਨਾਲ ਦਲਿਤ ਸਾਹਿਤ ਦਾ ਮੁੱਲਾਂਕਣ ਕੀਤਾ ਵੀ ਨਹੀਂ ਜਾ ਸਕਦਾ। ਕਿਉਂਕਿ ਇਹ ਨਵੇਂ ਤੇਵਰ ਦਾ, ਨਵੀਂ ਉਮੰਗ ਦਾ, ਪ੍ਰਤੀਰੋਧ ਦਾ ਸਾਹਿਤ ਹੈ, ਇਸ ਲਈ ਉਸ ਦਾ ਮੁੱਲਾਂਕਣ ਕਰਨ ਲਈ ਖੁਦ ਦਲਿਤ ਚਿੰਤਕਾਂ ਨੇ, ਦਲਿਤ ਵਿਚਾਰਕਾਂ ਨੇ, ਦਲਿਤ ਸਾਹਿਤ ਦਾ ਸੌਂਦਰਯ ਸ਼ਾਸਤਰ ਘੜਿਆ ਹੈ। ਹਾਂ ਦਲਿਤ ਸਾਹਿਤ ਦਾ ਮੁੱਲਾਂਕਣ ਕਰਨ ਲਈ, ਇਸ ਨੂੰ ਪਰਖਣ ਲਈ ਖੁਦ ਦਲਿਤ ਲੇਖਕਾਂ ਦੁਆਰਾ ਉਸ ਦਾ ਸੌਂਦਰਯ ਸ਼ਾਸਤਰ ਲਿਖਿਆ ਗਿਆ ਹੈ ਤੇ ਕਿਹਾ ਗਿਆ ਹੈ ਕਿ ਦਲਿਤ ਸਾਹਿਤ ਦਾ ਮੁੱਲਾਂਕਣ ਕਰਨ ਲਈ ਇਨ੍ਹਾਂ ਸੌਂਦਰਯ



ਸ਼ਾਸਤਰੀ ਪ੍ਰਤੀਮਾਨਾਂ ਨੂੰ ਆਧਾਰ ਬਣਾਉਣਾ ਹੋਵੇਗਾ। ਜਿਵੇਂ ਸ਼ਰਣ ਕੁਮਾਰ ਲਿੰਬਾਲੇ ਨੇ ਸੌਂਦਰਯ ਸ਼ਾਸਤਰ ਲਿਖਿਆ। ਇਸੇ ਤਰ੍ਹਾਂ ਓਮ ਪ੍ਰਕਾਸ਼ ਵਾਲਮੀਕੀ ਨੇ 'ਦਲਿਤ ਸਾਹਿਤ ਦਾ ਸੌਂਦਰਯ ਸ਼ਾਸਤਰ' ਲਿਖਿਆ। ਸੂਰਜ ਬੜਤਯਾ ਦੀ 'ਦਲਿਤ ਸਾਹਿਤ ਦੇ ਸੌਂਦਰਯ ਸ਼ਾਸਤਰ' 'ਤੇ ਨਵੀਂ ਕਿਤਾਬ ਆਈ ਹੈ- 'ਸੱਤਾ, ਸੰਸਕ੍ਰਿਤੀ ਔਰ ਦਲਿਤ ਸੌਂਦਰਯ ਸ਼ਾਸਤਰ'। ਇਨ੍ਹਾਂ ਪ੍ਰਤੀਮਾਨਾਂ ਤੇ ਚੇਤਨਾ ਦੇ ਆਧਾਰ 'ਤੇ ਦਲਿਤ ਸਾਹਿਤ ਲਿਖਿਆ ਤੇ ਮੁੱਲਾਂਕਿਤ ਕੀਤਾ ਜਾਣਾ ਚਾਹੀਦਾ ਹੈ।

ਪੰਜਾਬੀ ਸਾਹਿਤ 'ਚ ਦਲਿਤ ਸਾਹਿਤ ਅਜੇ ਮੁੱਢਲੀ ਅਵਸਥਾ 'ਚ ਹੈ। ਕੁਝ ਚਿਰ ਬਾਅਦ ਹੀ ਇਸ ਦੇ ਬੱਝਵੇਂ ਸਿਧਾਂਤ ਜਾਂ ਰੂਪ ਰੇਖਾ ਉਭਰ ਕੇ ਸਾਹਮਣੇ ਆਵੇਗੀ। ਉਦੋਂ ਹੀ ਇਸ ਗੱਲ ਦਾ ਨਿਖੇੜਾ ਕੀਤਾ ਜਾਵੇਗਾ ਕਿ ਦਲਿਤ ਸਾਹਿਤ ਕੌਣ ਲਿਖ ਸਕਦਾ ਹੈ। ਅਜੇ ਤਾਂ ਇਹ ਦੇਖਣ 'ਚ ਆ ਰਿਹਾ ਹੈ ਕਿ ਦਲਿਤਾਂ ਵੱਲੋਂ ਸਹਿਜਤਾ ਨਾਲ ਬਹੁਤ ਘੱਟ ਲਿਖਿਆ ਗਿਆ ਹੈ। ਕਈ ਦਲਿਤ ਲੇਖਕ ਤਾਂ ਸਾਹਿਤ 'ਚ ਵੀ ਰਿਜ਼ਰਵੇਸ਼ਨ ਦੀ ਗੱਲ ਕਰ ਰਹੇ ਹਨ। ਅਜਿਹੀਆਂ ਬਹੁਤ ਸਾਰੀਆਂ ਗੱਲਾਂ ਹੋਣੀਆਂ ਹਨ। ਇਸ ਨਾਲ ਕਈ ਤਰ੍ਹਾਂ ਦੇ ਖਦਸ਼ੇ ਵੀ ਪੈਦਾ ਹੋਣਗੇ। ਦਲਿਤ ਕਹਾਣੀਕਾਰਾਂ ਵੱਲੋਂ ਲਿਖੀਆਂ ਗਈਆਂ ਕਹਾਣੀਆਂ ਰੰਜਿਸ਼ ਨਾਲ ਲਿਖੀਆਂ ਗਈਆਂ ਹਨ। ਅਤਰਜੀਤ ਦੀਆਂ ਦੋ ਕਹਾਣੀਆਂ 'ਖਨਰੂ ਚਮਿਆਰ' ਤੇ 'ਨੂੰਹਾਂ' ਤੋਂ ਬਿਨਾਂ ਕੋਈ ਵੀ ਅਜਿਹੀ ਕਹਾਣੀ ਪੜ੍ਹਣ ਨੂੰ ਨਹੀਂ ਮਿਲੀ ਜਿਸ ਨੂੰ ਪੰਜਾਬੀ ਦਲਿਤ ਕਹਾਣੀ ਦੀ ਪ੍ਰਤੀਨਿਧ ਕਹਾਣੀ ਮੰਨਿਆ ਜਾ ਸਕੇ। ਇੱਕ ਇੰਟਰਵਿਊ 'ਚ ਅਭਿਨੇਤਾ ਓਮ ਪੁਰੀ ਨੇ ਕਿਹਾ ਸੀ, "ਇਕ ਬੱਚਾ ਜਿਸ ਨੂੰ ਜਾਤੀਗਤ ਆਧਾਰ 'ਤੇ ਰਿਜ਼ਰਵੇਸ਼ਨ ਦਿੱਤੀ ਜਾਂਦੀ ਹੈ, ਕਾਬਿਲ ਹੋਣ 'ਤੇ ਵੀ ਹਰ ਮੁਕਾਮ 'ਤੇ ਉਸ ਨੂੰ ਇਹੀ ਸੋਚਣਾ ਪਵੇਗਾ ਕਿ ਇਹ ਸਭ ਕੁਝ ਉਸ ਨੂੰ ਦਲਿਤ ਹੋਣ ਦੀ ਵਜ੍ਹਾ ਨਾਲ ਮਿਲਿਆ ਹੈ।" ਓਮਪੁਰੀ ਦੀ ਗੱਲ ਸਾਨੂੰ ਸੋਚਣ ਲਾ ਦਿੰਦੀ ਹੈ।

-ਜਿੰਦਰ

984, ਰਾਜਪੂਤ ਨਗਰ,
ਮਾਡਲ ਹਾਊਸ,
ਜਲੰਧਰ-144003
ਮੋ : 98148-03254

# ਗਧੀ ਵਾਲ਼ਾ/ਗੁਰਦਿਆਲ ਸਿੰਘ

ਐਤਵਾਰ ਹੋਣ ਕਰਕੇ ਸਾਰੇ ਅਧਿਆਪਕ ਆਪਣੀਆਂ 'ਕਲੋਨੀਆਂ' ਸਾਹਮਣੇ ਖੜੋਤੇ ਹੱਸ-ਖੇਡ ਰਹੇ ਸਨ ਤੇ ਅੱਗੋਂ ਦੀ ਵਗਦੇ ਰਾਹ ਉੱਤੇ ਆਉਂਦੇ-ਜਾਂਦੇ ਲੋਕਾਂ ਵੱਲ ਤਕਦੇ 'ਆਨੰਦ' ਮਾਣ ਰਹੇ ਸਨ। ਪਿੰਡ ਤੋਂ ਬਾਹਰਵਾਰ, ਸਕੂਲ ਦੇ ਕੋਲ ਕਰਕੇ, ਪੰਚਾਇਤ ਨੇ ਅਧਿਆਪਕਾਂ ਦੇ ਰਹਿਣ ਲਈ ਕੁਝ ਪੱਕੇ ਕੋਠੇ ਬਣਾ ਕੇ ਦਿੱਤੇ ਹੋਏ ਹਨ। ਏਸ ਸਾਰੇ ਇਲਾਕੇ ਵਿੱਚ ਇੱਕ ਇਹੋ ਪਿੰਡ ਸੀ ਜਿੱਥੇ ਅਧਿਆਪਕਾਂ ਨੂੰ 'ਮੁਫਤ' ਘਰ ਦਿੱਤੇ ਜਾਂਦੇ ਸਨ; ਤੇ ਉਹਨਾਂ ਕੋਲੋਂ ਇਸ ਗੱਲ ਦੀ 'ਭਰੂੰਗ' ਦਾ ਭਾਰ ਵੀ ਨਹੀਂ ਸੀ ਚੁੱਕਿਆ ਜਾਂਦਾ। ਆਪਣੇ ਇਹਨਾਂ ਕੋਠਿਆਂ ਨੂੰ ਇਹ 'ਕਲੋਨੀਆਂ' ਸੱਦਦੇ ਸਨ।

ਦਿਨ ਕੁ ਹੋਇਆ ਇੱਕ ਗੱਭਰੂ ਮੁੰਡਾ ਰੰਗ ਬਰੰਗੇ ਫੁੱਲਾਂ ਵਾਲਾ ਟਰੰਕ ਸਿਰ ਉੱਤੇ ਚੁੱਕੀ, ਆਪਣੀ ਵਹੁਟੀ ਨੂੰ ਨਾਲ ਲੈ ਕੇ ਲੰਘਿਆ ਸੀ। ਆਪ ਤਾਂ ਉਹ ਬੜੇ ਲੰਮੇ ਕੱਦ ਦਾ ਤੇ ਨਰੋਆ ਸੀ, ਪਰ ਵਿਚਾਰੇ ਨੂੰ ਵਹੁਟੀ ਮਧਰੀ ਤੇ 'ਗਲ੍ਹੇਟ ਜਿਹਾ' ਹੀ ਲੱਭੀ ਸੀ। ਉਹ ਸਾਰੇ ਪਹਿਲਾਂ ਤਾਂ ਕੁਝ ਚਿਰ, ਵਹੁਟੀ-ਗੱਭਰੂ ਦੇ ਭੜਕੀਲੇ ਕਪੜਿਆਂ ਤੇ ਉਹਨਾਂ ਦੇ ਕੱਦ-ਕਾਠ ਤੇ ਰੰਗ ਰੂਪ ਦੇ ਕਜੋੜ ਦੀਆਂ ਗੱਲਾਂ ਕਰਕੇ ਹੱਸਦੇ ਰਹੇ ਤੇ ਫੇਰ ਹੌਲੀ-ਹੌਲੀ ਸਮਾਜ ਦੀਆਂ ਕੁਰੀਤੀਆਂ ਤੇ ਆਮ ਲੋਕਾਂ ਦੀ 'ਜਹਾਲਤ' ਬਾਰੇ 'ਗੰਭੀਰ-ਵਿਚਾਰਾਂ' ਕਰਨ ਲੱਗ ਪਏ। ਪਰ ਅਜੇ ਉਹਨਾਂ ਦੀਆਂ ਗੰਭੀਰ 'ਵਿਚਾਰਾਂ' 'ਗਿਟਿਆਂ-ਗੋਡਿਆਂ' ਵਿੱਚ ਹੀ ਸਨ ਕਿ ਪਿੰਡ ਵੱਲ ਝਾਕਦਿਆਂ, ਵੱਡੇ ਮਾਸਟਰ ਨੇ ਆਪਣੀ ਵੱਲੋਂਵਤੀ ਅੱਖ ਨੂੰ ਲਿਸ਼ਕਾਉਂਦਿਆਂ ਖੱਬੀ ਵਰਾਛ ਉਤਾਂਹ ਚੜ੍ਹਾ ਕੇ ਆਖਿਆ:

"ਅਹਿ ਗਧੀ ਵਾਲ਼ਾ ਹਜ਼ਰਤ ਵੀ ਬੰਦਾ ਉਆ! ਵੇਖ ਕਿੱਦਾਂ ਝੂਮਦਾ ਆਉਂਦਾ ਉਆ।" ਸਾਰੇ ਮਾਸਟਰਾਂ ਨੇ ਗਧੀ ਵਾਲ਼ੇ ਵੱਲ ਗਹੁ ਨਾਲ ਵੇਖਿਆ ਤੇ ਅਕਾਰਨ ਹੀ 'ਹਿੜ-ਹਿੜ' ਕਰਕੇ ਹੱਸਣ ਲੱਗ ਪਏ।

"ਇਹ ਤਾਂ ਜੀ ਐਂ ਹੀਰ ਦੀਆਂ ਲਾਉਂਦਾ ਆਉਂਦੈ ਜਿਵੇਂ ਜੰਨ ਜਾ ਕੇ ਆਇਆ ਹੁੰਦੈ।" ਇੱਕ ਨਾਭੀ ਪੱਗ ਵਾਲ਼ੇ ਨੇ, ਵੱਡੇ ਮਾਸਟਰ ਦੀ ਅਧ-ਮੀਚੀ ਸੱਜੀ ਅੱਖ ਵੱਲ ਝਾਕ ਕੇ ਕਿਹਾ ਤੇ ਫੇਰ ਕੁਝ ਚਿਰ ਉਹਦੀ ਅੱਖ ਵੱਲ ਹੀ ਝਾਕਦਾ ਰਿਹਾ; ਪਰ ਉਹ 'ਅੱਖ' ਉਸ ਵੱਲ ਨਹੀਂ, ਗਧੀ ਵਾਲ਼ੇ ਉੱਤੇ ਆਪਣੀਆਂ 'ਬਖ਼ਸ਼ਿਸ਼ਾਂ' ਸੁੱਟ ਰਹੀ ਸੀ।

"ਪੈਸੇ ਢੇਰ ਕੱਟ-ਲੇ ਹੋਣੇ ਨੇ।" ਇੱਕ ਹੋਰ ਨੇ ਆਖਿਆ।

"ਪੈਸਿਆਂ ਨੂੰ ਕਿਆ ਇਹ ਮੁਸ਼ਕ-ਕਪੂਰ ਵੇਚਦਾ ਇਆ। ਇਹ ਲੋਕ ਓਦਾਂ ਹੀ ਹਾਲ-ਮਸਤ ਹੁੰਦੇ ਉਆ।" ਤੇ ਅਕਾਰਨ ਹੀ ਫੇਰ ਸਾਰੇ ਹੱਸ ਪਏ।

ਜਦੋਂ ਗਧੀ ਵਾਲ਼ਾ ਨੇੜੇ ਆਇਆ ਤਾਂ ਵੱਡੇ ਮਾਸਟਰ ਨੇ ਉੱਚੀ ਸਾਰੀ ਬੋਲ ਮਾਰ ਕੇ ਪੁੱਛਿਆ, "ਤੇਰੇ ਕੋਲ਼ ਕਿਆ ਆ ਬਈ ਜੁਆਨਾ?"

'ਜੁਆਨਾ' ਸ਼ਬਦ ਸੁਣ ਕੇ ਗਧੀ ਵਾਲ਼ੇ ਨੇ ਗਧੀ ਦਾ ਲਗਾਮ ਖਿਚ ਕੇ ਤੇ ਚੁੰਨ੍ਹੀਆਂ ਅੱਖਾਂ ਜ਼ੋਰ ਲਾ ਕੇ ਉਘੇੜਦਿਆਂ ਹੈਰਾਨੀ ਨਾਲ ਉਹਨਾਂ ਵੱਲ ਦੇਖਿਆ ਤੇ ਫੇਰ ਆਪਣੇ ਕਰੇੜੇ



ਦੰਦਾਂ ਸਮੇਤ ਉਤਲੇ ਮਸੂੜੇ ਨੰਗੇ ਕਰਕੇ ਮੁਸਕਰਾਉਂਦਿਆਂ, ਗੰਜਵੇਂ ਬੋਲ 'ਚ ਉਸ ਨੂੰ ਪੁੱਛਿਆ, "ਮੈਨੂੰ ਕੁਛ ਆਖਿਐ 'ਬਿਰਧੋ'?"

ਵੱਡਾ ਮਾਸਟਰ ਉਹਦਾ ਅਜਿਹਾ ਗੁੱਝਾ ਜੁਆਬ ਸੁਣ ਕੇ ਉੱਚੀ ਸਾਰੀ ਕੱਚਾ ਹਾਸਾ ਹੱਸਿਆ ਤੇ ਹੱਸਦਿਆਂ-ਹੱਸਦਿਆਂ, ਦੱਬਵੇਂ ਬੋਲ ਵਿਚ, ਨਾਲ਼ ਦਿਆਂ ਵੱਲ ਮੂੰਹ ਕਰਕੇ ਬੋਲਿਆ, "ਬੰਦਾ ਤਾਂ ਜ਼ਹੀਨ ਲੱਗਦਾ ਉਆ।" ਨਾਲ਼ ਦੀ ਨਾਲ਼ ਉੱਚੀ ਸਾਰੀ ਗਧੀ ਵਾਲ਼ੇ ਨੂੰ ਕਹਿ ਗਿਆ, "ਆਹੋ ਤੈਨੂੰ ਹੀ ਸੱਦਿਆ ਉਆ 'ਬਜ਼ੁਰਗਾ'! ਕੀ ਵੇਚਦਾ ਉਆਂ?"

ਪਰ ਗਧੀ ਵਾਲ਼ਾ ਅੱਗੋਂ ਨਹੀਂ ਬੋਲਿਆ। ਉਹ ਕਾਹਲਾ ਕਾਹਲਾ ਗਧੀ ਨੂੰ ਇਜ ਕੁਝ ਕਹਿਣ ਲੱਗ ਪਿਆ ਜਿਵੇਂ ਉਸੇ ਨਾਲ਼ ਗੱਲੀਂ ਲੱਗ ਗਿਆ ਹੋਵੇ; ਉਹ ਏਧਰ ਮੁੜਦੀ ਨਹੀਂ ਸੀ। ਦੋ ਕੁ ਟੁਟਵੇਂ ਸ਼ਬਦ ਉਹਨਾਂ ਨੂੰ ਵੀ ਸੁਣੇ, 'ਕੋਈ ਨ੍ਹੀਂ ਕੋਈ ਨ੍ਹੀਂ ਘਰ ਦੇ ਈ ਬੰਦੇ ਐ!' ਤੇ ਲਗਾਮ ਧੂੰਹਦਾ ਉਹ ਗਧੀ ਉਹਨਾਂ ਵੱਲ ਮੋੜਨ ਲੱਗ ਪਿਆ।

"ਬੰਦਾ ਤਾਂ ਖ਼ਾਸਾ ਦਿਲਚਸਪ ਉਆ ਬਈ ਹਿਦਾਂ" ਵੱਡੇ ਮਾਸਟਰ ਨੇ ਪਹਿਲਾਂ ਵਾਂਗ ਹੀ ਹੱਸਦਿਆਂ ਆਖਿਆ ਤੇ ਉਹਦੇ ਨਾਲ ਹੀ ਬਾਕੀ ਸਾਰੇ ਵੀ, ਪਹਿਲਾਂ ਵਾਂਗ, ਅਕਾਰਨ ਹੱਸ ਪਏ।

ਗਧੀ ਵਾਲ਼ੇ ਨੇ ਬੁਚਕਾਰ ਕੇ ਗਧੀ ਉਹਨਾਂ ਦੇ ਨੇੜੇ ਲੈ ਆਂਦੀ। ਉਹ ਆਉਂਦਿਆਂ ਆਪਣੇ ਕਰੇੜੇ ਦੰਦ ਨੰਗੇ ਕਰੀਂ ਆ ਰਿਹਾ ਸੀ। ਪਿੰਡ ਵਿੱਚ ਜਿਹੜੇ ਗਾਜਰਾਂ ਵੇਚਣ ਵਾਲੇ ਆਉਂਦੇ ਸਨ ਉਹਨਾਂ ਸਭ ਨਾਲੋਂ ਇਹਦੀ ਸ਼ਕਲ ਵੱਖਰੀ ਤੇ ਅਜੀਬ ਸੀ। ਲੰਮਾ ਕੱਦ। ਮੋਟੇ ਮੋਟੇ ਹੱਡ ਤੇ ਵੱਡੇ ਵੱਡੇ ਹੱਥ ਪੈਰ। ਚਪਟਾ ਚਿਹਰਾ ਤੇ ਚੀਨਿਆਂ ਵਰਗਾ ਨੱਕ ਕੌਡੇ ਕੁ ਜਿਨਾ; ਦਾੜ੍ਹੀ ਕਰੜ ਬਰੜੀ ਤੇ ਖਿਲਰੀ-ਪੁਲਰੀ ਸੀ। ਸਿਰ ਉੱਤੇ ਦੋ ਕੁ ਗਿੱਠਾਂ ਦਾ ਮੋਲ੍ਹਾ, ਲੀਰਾਂ ਹੋਇਆ ਸਾਫ਼ਾ ਉਂਜ ਹੀ ਵਲ੍ਹੇਟਿਆ ਹੋਇਆ ਤੇ ਲੜ ਦੀਆਂ ਕਈ ਲੀਰਾਂ ਝੁੰਬਲਾਂ ਵਾਂਗ, ਉਹਦੇ ਖੱਬੇ ਕੰਨ ਤੇ ਗਿੱਚੀ ਕੋਲ ਲਮਕਦੀਆਂ ਸਨ। ਉਹਦੀ 'ਪੱਗ' ਹੇਠੋਂ ਉਹਦਾ ਗਿੱਠ ਚੌੜਾ ਮੱਥਾ ਕਰਤ ਦੇ ਗੜਵੇ ਵਾਂਗ ਲਿਸ਼ਕਦਾ ਸੀ; ਨਾ ਕੋਈ ਤਿਉੜੀ, ਨਾ ਤਾਲੂਏ ਤਕ ਕੋਈ ਵਾਲ (ਤੇ ਸੂਰਜ ਸਾਹਮਣਾ ਹੋਣ ਕਰਕੇ ਇਹਦੀ ਚਲਕੋਰ ਜਿਹੀ ਵੀ ਪੈਂਦੀ ਸੀ)।

"ਕੀ ਚਾਹੀਦੈ ਥੋਨੂੰ?" ਉਸ ਜਟਕੀ ਬੋਲੀ ਵਿਚ ਮਾਸਟਰਾਂ ਦੇ ਨੇੜੇ ਆਉਂਦਿਆਂ ਤੇ ਮੁਸਕਰਾਉਂਦਿਆਂ ਪੁੱਛਿਆ।

"ਲਿਆ ਪਹਿਲਾਂ ਦੇਖੀਏ ਤੇਰੇ ਕੋਲ਼ ਕਿਆ ਉਆ।" ਗਧੀ ਦੇ ਨੇੜੇ ਹੋ ਕੇ ਵੱਲੋਂਵਤੀ ਅੱਖ ਲਿਸ਼ਕਾਉਂਦਿਆਂ ਤੇ ਆਪਣਾ ਕੰਬਲ ਸੂਤ ਕਰਦਿਆਂ ਵੱਡੇ ਮਾਸਟਰ ਨੇ ਬੋਰੇ ਦੇ ਦੋਹੀਂ ਪਾਸੀਂ ਹੱਥ ਮਾਰਿਆ ਤੇ ਇੱਕ ਪਾਸਿਓਂ ਲੱਪ ਕੁ ਆਉਲੇ ਕੱਢ ਕੇ, ਨਾਲ ਖੜੋਤੇ ਇੱਕ ਮਾਸਟਰ ਨੂੰ ਵਿਖਾਉਂਦਿਆਂ ਬੋਲਿਆ, 'ਔਲੇ ਤਾਂ ਐਸੇ ਵੈਸੇ ਹੀ ਉਆ ਪਰ ਅਚਾਰ ਲਈ ਕੀ ਕਹਿੰਦੇ ਇਆ-ਹੋ ਜੀ?"

"ਆਹੋ ਜੀ।" ਨਾਲ ਦੇ ਨੇ ਗਧੀ ਵਾਲ਼ੇ ਦੀ ਅਜੀਬ ਸ਼ਕਲ ਵੱਲ ਹੀ ਧਿਆਨ ਗੱਡੀ ਬੇਪਰਵਾਹੀ ਜਿਹੀ ਨਾਲ ਉੱਤਰ ਦਿੱਤਾ। ਉਸ ਵਾਂਗ ਬਾਕੀ ਸਾਰਿਆਂ ਦਾ ਧਿਆਨ ਵੀ ਔਲਿਆਂ ਨਾਲੋਂ ਗਧੀ ਵਾਲ਼ੇ ਦੀ ਸ਼ਕਲ ਸੂਰਤ ਵੱਲ ਵਧੇਰੇ ਸੀ ਤੇ ਸਾਰੇ ਇੱਕ ਦੂਜੇ ਨਾਲ ਅੱਖਾਂ ਅੱਖਾਂ ਵਿਚ ਗੱਲਾਂ ਕਰਦੇ ਮੁਸਕਰਾ ਰਹੇ ਸਨ।

"ਹਲਾ ਫੇਰ ਕਿਵੇਂ ਦੇਣੇ ਊਆ ?" ਵੱਡੇ ਮਾਸਟਰ ਨੇ ਨੀਵੀਂ ਪਾਈ, ਓਵੇਂ ਆਉਲੇ ਫਰੋਲਦਿਆਂ ਪੁੱਛਿਆ।

"ਅਠਿਆਨੀ ਸੇਰ, ਚੁਆਨੀ ਦੇ 'ਧਸੇਰ, ਦੁਆਨੀ ਪਾਈਆ।" ਗਧੀ ਵਾਲੇ ਨੇ ਮੁਸਕਰਾਉਂਦਿਆਂ, ਖ਼ਾਸ ਲੈਅ ਨਾਲ ਕਿਹਾ।

"ਵਾਹ ਬਈ ਵਾਹ!" ਇਕ ਤੋਤੇ-ਨੱਕਾ, ਲੰਮ-ਸਲੰਮਾ, ਸ਼ੌਖ ਜਿਹਾ ਮਾਸਟਰ, ਆਪਣੀਆਂ ਡੱਡੂ ਵਰਗੀਆਂ ਅੱਖਾਂ ਨੂੰ ਜ਼ੋਰ ਲਾ ਕੇ ਉਘੇੜਦਿਆਂ, ਨਿੱਕਾ ਜਿਹਾ ਠਹਾਕਾ ਮਾਰ ਕੇ ਹੱਸਦਿਆਂ ਬੋਲਿਆ, "ਇਹ ਤਾਂ ਕਵੀ ਵੀ ਲੱਗਦੈ!"

"ਕਬੀ ਕਬੀਛਰ ਦਾ ਤਾਂ ਪਤਾ ਨ੍ਹੀਂ, ਪੜ੍ਹਿਆ ਬੋਡੇ ਸਾਰਿਆਂ ਨਾਲੋਂ ਬਹੁਤੈਂ!"

"ਕਿਨਾ ਕੁ - ਕੇ ਜਮਾਤਾਂ ?"

"ਸਾਡੀਆਂ ਤੇਰਾਂ!"

ਸਾਰੇ ਫੇਰ ਹੱਸ ਪਏ। ਜਦੋਂ ਗਧੀ ਵਾਲਾ ਬੋਲਦਾ ਸੀ ਤਾਂ ਉਹਦੀਆਂ ਅੱਖਾਂ ਉੱਕਾ ਨਹੀਂ ਸਨ ਦਿਸਦੀਆਂ ਤੇ ਜਣੇ ਉਤਲੇ ਮਸੂੜੇ ਦੰਦ, ਸੰਘਣੀਆਂ ਮੁੱਛਾਂ ਵਿਚੋਂ ਦੀ ਨੰਗੇ ਹੋ ਜਾਂਦੇ ਸਨ। ਉਹਨਾਂ ਨੂੰ ਉਹਦੀ ਇਹ ਸ਼ਕਲ ਬੜੀ ਹਸਾਉਣੀ ਲੱਗਦੀ ਸੀ। ਬਾਕੀ ਸਾਰੇ ਤਾਂ ਉਸ ਵੱਲ ਝਾਕ ਝਾਕ ਮੁਸਕਰਾਈ ਜਾਂਦੇ ਸਨ ਪਰ ਵੱਡਾ ਮਾਸਟਰ ਆਉਲਿਆਂ ਦੀ ਫੋਲਾ ਫਾਲੀ ਵਿਚ ਏਨਾ ਰੁੱਝ ਗਿਆ ਸੀ ਕਿ ਉਹਨੂੰ ਹੋਰ ਕਿਸੇ ਗੱਲ ਦਾ ਧਿਆਨ ਈ ਨਹੀਂ ਸੀ ਰਿਹਾ।

"ਫੇਰ ਠੀਕ ਠੀਕ ਕੀ ਭਾਅ ਦੇਣੇ ਊਆ ?" ਓਵੇਂ ਆਉਲੇ ਫਰੋਲਦਿਆਂ ਤੇ ਵਿਚੋਂ ਇਕ ਦਾਗੀ ਆਉਲਾ ਬੋਰੇ ਦੇ ਖੂੰਜੇ ਤੁੰਨਦਿਆਂ ਵੱਜੋਂਵੱਜੀ ਅੱਖ ਰਤਾ ਉਤਾਂਹ ਵੱਲ ਲਿਸ਼ਕਾ ਕੇ ਉਸ ਪੁੱਛਿਆ, ਤੇ ਚੋਰ-ਅੱਖ ਗਧੀ ਵਾਲੇ ਵੱਲ ਝਾਕ ਗਿਆ।

"ਠੀਕ ਠੀਕ ਨੂੰ ਆਪਾਂ ਕੀ ਟਾਹਲੀ ਦਾ ਸੌਦਾ ਕਰਨੈ," ਗਧੀ ਵਾਲੇ ਨੇ ਆਖਿਆ, "ਜੇ ਮਹਿੰਗੇ ਲੱਗਦੇ ਐ ਤਾਂ ਭਾਮੇਂ ਐਮੇਂ-ਸੇਰ ਈ ਲੈ-ਲੋ!"

"ਵਾਹ ਬਈ ਵਾਹ!" ਤੋਤੇ-ਨੱਕੇ ਨੇ ਵਰਾਛਾਂ ਕੰਨਾਂ ਤਾਈਂ ਖਿਲਾਰਦਿਆਂ ਕਿਹਾ, "ਇਹ ਤਾਂ ਊਂ ਵੀ ਰਾਠ ਬੰਦੈ!"

"ਹੋਰ ਚੁਆਨੇ ਨੇ ਕਿਹੜਾ ਸ਼ਾਹ ਹੋ ਜਾਣੈ!" ਤੇ ਗਧੀ ਵਾਲੇ ਨੇ ਆਪਣੇ ਨਵੇਂ ਸੁਆਏ ਖਾਖੀ ਜੀਨ ਦੇ ਕੁੜਤੇ ਦੇ ਬਿਨਾਂ ਬਟਣਾਂ ਵਾਲੇ ਗਲਮੇ ਵਿਚ ਹੱਥ ਪਾ ਕੇ ਆਖਿਆ, "ਤੂੰ ਲੈਣੇ ਕਿਨੇ ਐਂ ?"

ਵੱਡੇ ਮਾਸਟਰ ਨੇ ਰਤਾ ਹੈਰਾਨੀ ਨਾਲ ਉਤਾਂਹ ਸਿਰ ਚੁੱਕ ਕੇ ਗਧੀ ਵਾਲੇ ਵੱਲ ਗਹੁ ਨਾਲ ਵੇਖਿਆ ਤੇ ਫੇਰ ਆਪਣੀ ਅਧ-ਮੀਚੀ ਅੱਖ ਨੂੰ ਜ਼ੋਰ ਲਾ ਕੇ ਖੋਹਲਦਿਆਂ ਨੱਕ ਦਾ ਸੜ੍ਹਾਕਾ ਮਾਰ ਕੇ ਮੁਸਕਰਾ ਪਿਆ।

"ਲੈ ਲਮਾਂਗੇ ਦੋ ਕੁ ਕਿਲੋ!"

"ਬੱਸ!" ਦੂਜੇ ਪਾਸੇ ਦੇ ਬੋਰੇ ਵਿਚੋਂ ਤੱਕੜੀ ਚੁੱਕਦਿਆਂ ਤੇ ਕੁੜਤੇ ਦੀ ਅੰਦਰਲੀ ਜੇਬ ਵਿਚੋਂ ਸੇਰ ਦਾ ਵੱਟਾ ਕੱਢ ਕੇ, ਧਾਲਤੇ 'ਚ ਪਾਉਂਦਿਆਂ ਗਧੀ ਵਾਲੇ ਨੇ ਆਖਿਆ, "ਐਡੇ ਐਡੇ ਤੁਸੀਂ ਮਾਛਟਰ!..... ਸੇਰ ਸੇਰ ਆਉਲੇ ਤਾਂ ਤੁਸੀਂ ਕੱਚੇ ਖਾ-ਜੋਂ!"



"ਵਾਹ ਬਈ ਵਾਹ! ਸ਼ੇਖੀ ਨਾ ਬਈ ਇਹਦੇ ਵੱਟੇ ਰੋਖਣ ਵਾਲਾ ਬਾਂ ਵਧੀਐ!" ਤੋਤੇ-ਨੱਕੇ ਨੇ ਉਹਦੀ ਗੱਲ ਅਣਗੌਲੀ ਕਰਦਿਆਂ ਕਿਹਾ।

ਪਰ ਵੱਡਾ ਮਾਸਟਰ ਉਹਨਾਂ ਦੀਆਂ ਗੱਲਾਂ ਵੱਲ ਧਿਆਨ ਕੀਤੇ ਬਿਨਾਂ ਛੇਤੀ ਛੇਤੀ, ਧਾਲਤੇ ਵਿਚ ਆਉਲੇ ਪਾਉਣ ਲੱਗ ਪਿਆ। ਪਰ ਧਾਲਤੇ ਵਿਚ ਸੁੱਟਣ ਤੋਂ ਪਹਿਲਾਂ ਉਹ ਮੁੱਠ ਕੁ ਆਉਲੇ ਤਲੀ ਉੱਤੇ ਖਿਲਾਰ ਲੈਂਦਾ ਤੇ ਦਾਗੀ ਕੱਢ ਕੇ ਮੁੜ ਬੋਰੇ ਵਿਚ ਸੁੱਟੀ ਜਾਂਦਾ। ਗਧੀ ਵਾਲਾ, ਕਿਦ ਕੁ ਮੁਸਕਰਾਉਂਦਿਆਂ ਉਸ ਵੱਲ ਵੇਖੀ ਗਿਆ ਪਰ ਬੋਲਿਆ ਕੁਝ ਨਾ। ਵੱਡਾ ਮਾਸਟਰ ਕਾਹਲੀ ਕਾਹਲੀ ਦਾਗੀ ਕੱਢ ਕੇ ਮੁੜ ਬੋਰੇ ਵਿਚ ਸੁੱਟੀ ਜਾਂਦਾ ਸੀ ਜਿਵੇਂ ਕਾਣੀ ਚਿੜੀ ਕੂੜਤੇ 'ਚੋਂ ਬਾਜਰਾ ਚੁਗਦੀ ਹੋਵੇ।.... ਇਹ ਗੱਲ ਸੋਚ ਕੇ ਗਧੀ ਵਾਲੇ ਦੀ ਰਤਾ ਕੁ ਹਾਸੀ ਨਿਕਲ ਗਈ।

"ਹੁਣ ਤਾਂ ਮੈਂ ਨ੍ਹੀਂ ਜਾਣਦਾ ਇਹ ਸਸਤੇ ਹੋ ਜਾਣਗੇ, ਤੇਰੇ ਚੁਗੇ ਤੋਂ!" ਗਧੀ ਵਾਲੇ ਨੇ ਜਣਕੇ ਵਿਅੰਗ ਨਾਲ ਹੱਸਦਿਆਂ ਹੱਸਦਿਆਂ ਆਖਿਆ।

"ਓਇ ਤੇਨੂੰ ਬੋਲਣ ਦੀ ਤਮੀਜ਼ ਵੀ ਹੈ ਕੁਛ ?" ਨਾਸਾਂ ਫੁਲਾ ਕੇ ਇਕ ਮਾਸਟਰ ਨੇ ਗਧੀ ਵਾਲੇ ਨੂੰ ਘੂਰਕਿਆ।

ਇਹ ਮਾਸਟਰ ਪਹਿਲੀ ਵਾਰੀ ਈ ਬੋਲਿਆ ਸੀ। ਹੁਣ ਤਕ ਇਹ ਬਾਕੀਆਂ ਕੋਲੋਂ ਦੂਰ ਹੋ ਕੇ ਖੜੋਤਾ, ਗਧੀ ਵਾਲੇ ਤੇ ਬਾਕੀ ਮਾਸਟਰਾਂ ਵੱਲ ਇਉਂ ਵੇਖਦਾ ਰਿਹਾ ਸੀ ਜਿਵੇਂ ਉਹਨਾਂ ਦਾ ਇਸ ਜਾਹਲ ਆਦਮੀ ਨਾਲ ਬੋਲਣਾ ਉਹਨੂੰ ਜਹਾਲਤ ਭਰੀ ਹਰਕਤ ਜਾਪੀ ਹੋਵੇ। ਇਸ ਮਾਸਟਰ ਨੇ ਉੱਤੇ ਬੜੀ ਕੀਮਤੀ, ਗਰਮ ਲੋਈ ਲਈ ਹੋਈ ਸੀ ਪਰ ਪੈਰੀਂ ਪਾਟੇ ਹੋਏ, ਕੈਨਵਸ ਦੇ ਮੈਲੇ ਬੂਟ ਪਾਏ ਹੋਏ ਸਨ ਤੇ ਪਜਾਮੇ ਦੇ ਸੱਜੇ ਪੌਂਚੇ ਦੀ ਲੰਗਾਰ ਹੋਈ ਕੰਨੀ ਨੂੰ ਗੰਢ ਦੇ ਕੇ ਬੰਨ੍ਹਿਆ ਹੋਇਆ ਸੀ। ਜਦੋਂ ਨਿੱਕੀਆਂ ਤੇ ਲਾਲ ਲਾਲ ਅੱਖਾਂ ਕੱਢ ਕੇ ਉਸ ਗਧੀ ਵਾਲੇ ਨੂੰ ਘੂਰਿਆ ਤਾਂ ਉਹਦੇ ਚਾਪੜ ਵਰਗੇ ਚੌੜੇ ਚਿਹਰੇ ਉੱਤੇ, ਕੁਢੱਬੇ, ਚੌੜੇ ਨੱਕ ਦੇ ਨਥਨੇ, ਅਜੀਬ ਤਰ੍ਹਾਂ ਫੁੱਲੇ। ਗਧੀ ਵਾਲੇ ਨੂੰ ਉਹਦੀ ਸ਼ਕਲ ਵੇਖ ਕੇ ਈ ਮੱਲੋਮੱਲੀ ਫੇਰ ਹਾਸੀ ਆ ਗਈ।

"ਬੋਲਣ ਦੀ ਤਮੀਜ਼ ਨੂੰ ਮੈਥੋਂ ਕੀ ਗਧੀ ਮਰ ਗੀ, ਜਾਰ!" ਗਧੀ ਵਾਲੇ ਨੇ ਓਵੇਂ ਮੁਸਕਰਾਉਂਦਿਆਂ ਉੱਤਰ ਦਿੱਤਾ, "ਤੂੰ ਤਾਂ ਐਂ ਕਰਦੈਂ ਜਿਮੇਂ ਅਸੀਂ ਕਦੇ ਬੰਦੇ ਨ੍ਹੀਂ ਦੇਖੇ ਹੁੰਦੇ। ਐਮੇਂ ਨਾ ਸਮਝੀਂ ਬਈ ਰੁਖੜ ਜਿਆ ਬੰਦਾ ਤੇ ਗਾਜਰਾਂ ਬੇਚਦਾ ਫਿਰਦੈ। ਜਿਹੜੇ ਗੁਣ ਮੇਰੇ 'ਚ ਐ ਬੋਡੇ 'ਚੋਂ ਕਿਸੇ 'ਚ ਉਹਨਾਂ ਦਾ ਨਮੂਜ ਥੀ ਨ੍ਹੀਂ ਹੋਣਾ!.... ਬਣੇ ਤਾਂ ਫਿਰਦੇ ਓਂ ਬੜੇ ਮਾਛਟਰ!"

ਬੋਲਦਿਆਂ ਗਧੀ ਵਾਲੇ ਦੇ ਚਿਹਰੇ ਉੱਤੇ ਕੋਈ ਉਤਰਾ-ਚੜ੍ਹਾ ਨਹੀਂ ਸੀ ਆਇਆ। ਉਹ ਇਜ ਬੋਲੀ ਗਿਆ ਜਿਵੇਂ ਗਲੀ ਦੇ ਨਿਆਣਿਆਂ ਨਾਲ ਗੱਲਾਂ ਕਰਦਾ ਹੋਵੇ। ਕਿਸੇ ਮਾਸਟਰ ਦੀ ਹਿੰਮਤ ਈ ਫੇਰ ਜਿਵੇਂ ਨਾ ਪਈ। ਬੋਲਦਿਆਂ ਬੋਲਦਿਆਂ ਵਿਚੋਂ ਉਹ ਚਾਣਚਕ ਕਵੀਸ਼ਰੀ ਕਰਨ ਲੱਗ ਪਿਆ ਤੇ ਕਿਨਾ ਚਿਰ ਪਿਛਲੇ ਦਿਨੀਂ ਹੋ ਰਹੀ ਲੜਾਈ ਬਾਰੇ ਬੜੀ ਰੋਚਕ ਕਵਿਤਾ ਸੁਣਾਈ ਗਿਆ। ਤੇ ਕੰਨ ਉੱਤੋਂ ਹੱਥ ਚੁੱਕ ਕੇ ਜਦੋਂ ਉਸ ਤੋੜਾ ਝਾੜਿਆ ਤਾਂ ਬਿਨਾਂ ਵੱਡੇ ਮਾਸਟਰ ਤੋਂ ਸਾਰੇ ਉਹਦੇ ਮੂੰਹ ਵੱਲ ਵਹਿੰਦੇ ਰਹਿ ਗਏ।

*"ਛਾਮ ਸਿੰਘ ਹੈ ਤੇਰਾ ਬਰਦਾ*
*ਔਲੇ ਬੇਚ ਗੁਜਾਰਾ ਕਰਦਾ*

*ਰਖਣਾ ਦਾਸ ਦੀ ਲਾਜ ਜੋ,*
*ਲਖ ਲਖ ਨਿਮਸਕਾਰ ਹੈ ਦਾਤਾ*
*ਤੇਰੇ ਨੌਲੱਖੇ ਤਾਜ ਵੇ !"*

"ਵਾਹ ਬਈ ਵਾਹ !" ਤੋਤੇ-ਨੱਕੇ ਨੇ ਕਿਹਾ, "ਇਹ ਤਾਂ ਕਮਾਲਾਂ ਈ ਕਰਦੇ !"

"ਲੈ ਤੋਲ ਬਈ, ਦੇਖ ਪੂਰੇ ਹੋ ਗਏ ਉਆ।" ਤੱਕੜੀ ਦੀ ਡੰਡੀ ਵੱਲ ਅੱਖ ਲਿਸ਼ਕਾਉਂਦਿਆਂ ਵੱਡੇ ਮਾਸਟਰ ਨੇ ਇਉਂ ਆਖਿਆ ਜਿਵੇਂ ਉਹਨੂੰ ਨਾ ਗਧੀ ਵਾਲੇ ਦੀ ਕਵੀਸ਼ਰੀ ਸੁਣੀ ਸੀ ਤੇ ਨਾ ਦੂਜੇ ਮਾਸਟਰਾਂ ਦੀ ਕੋਈ ਹੋਰ ਗੱਲ (ਭਾਵੇਂ ਦਾਗੀ ਆਉਲੇ ਚੁਗਦਿਆਂ ਉਸ ਵਿਚੋਂ ਦੀ ਕਈਆਂ ਨੇ ਤੋਤੇ-ਨੱਕ ਵਾਂਗ 'ਵਾਹ ਬਈ ਵਾਹ' ਰੀਸੋ ਰੀਸੀ ਜ਼ਰੂਰ ਆਖਿਆ ਸੀ)।

ਪਰ ਸ਼ਾਮ ਸਿਘ ਨੇ ਇੱਕ ਹੋਰ ਕਵਿਤਾ ਛੋਹ ਲਈ ਸੀ ਜਿਸਦੀ ਟੇਕ ਸੀ 'ਭੂਕ ਪਾ ਜਲੇਬੀਆਂ ਘੇਪੇ ਦਾ ਗੁੰਟ ਜੀ !'

"ਸਾਡੇ ਪਿੰਡ ਵੀ ਇਹੋ ਜਿਆ ਇੱਕ ਹੁੰਦਾ ਤੀ ਜੀ ! ਉਹਦੀ ਸ਼ਕਲ ਬੀ ਜਮਾਂ ਇਸ ਮੰਗਣ ਈ ਤੀ !" ਕਵਿਤਾ ਦੇ ਰੌਲੇ ਵਿਚ, ਹੁਣ ਤਕ ਚੁੱਪ ਖਲੋਤਾ, ਬੇਂਗੀਆਂ ਬੇਂਗੀਆਂ ਅੱਖਾਂ ਵਾਲਾ ਇੱਕ ਸੁਕੜੂ ਮਾਸਟਰ, ਤੋਤੇ-ਨੱਕੇ ਨੂੰ ਇਉਂ ਹੌਲੀ ਹੌਲੀ ਦੱਸਣ ਲੱਗ ਪਿਆ ਜਿਵੇਂ ਕਿਸੇ ਦੀ ਚੁਗਲੀ ਕਰਦਾ ਹੋਵੇ। ਬੋਲਦਿਆਂ ਉਹ ਅਲੂਣ ਕੁੜੀਆ ਵਾਂਗ ਸੰਗਦਾ ਜਾਪਦਾ ਸੀ। "ਤੂੰ ਹੋਰ ਬੇਖ, ਇਸ ਮੰਗੂ ਉਹ ਕਿਬਤਾ ਬੀ ਕਰਦਾ ਹੁੰਦਾ ਤੀ। ਜਮਾਂ ਈ ਇਹਦਾ ਭੇਰਾ ਤੀ ਭੇਰਾ ਫ਼ਰਕ ਨੀ ਤੀ !"

"ਪਰ ਉਹਨੂੰ ਮੇਰੇ ਤੇ ਬੜੇ ਦੋਹਾ ਬਰਗੀ ਕਿਬਤਾ ਨੀ ਔਂਦੀ ਹੋਣੀ ਮਾਛਟਰਾ !" ਗਧੀ ਵਾਲੇ ਨੇ ਕਵਿਤਾ ਵਿਚੇ ਛੱਡ ਕੇ, ਮੁਖ਼ਾਤਬ ਹੋ ਕਿਹਾ, "ਤੁਸੀਂ ਤਾਂ ਨਾਲੇ ਕਿਬਤਾ ਸੁਣੀ ਜਾਨੇ ਓ ਨਾਲੇ ਗਾਜਰਾਂ ਚਕ ਚਕ ਖਾਈ ਜਾਨੇ ਓ, ਮੁਖਤੋਂ ਮੁਖਤੀ ਦੀਆਂ। ਚਾਰ ਪੈਸਿਆਂ ਦੀਆਂ ਗਾਜਰਾਂ ਪਿਛੇ ਤੁਸੀਂ ਐਡੇ ਬੰਦੇ ਐਂ ਕਰਦੇ ਚੰਗੇ ਲੱਗਦੇ ਓਂ ਜਾਰ !"

ਗਧੀ ਵਾਲੇ ਦੀ ਗੱਲ ਨਾਲ ਕੀਮਤੀ, ਗਰਮ ਲੋਈ ਵਾਲੇ ਮਾਸਟਰ ਤੋਂ ਬਿਨਾਂ ਬਾਕੀ ਸਾਰਿਆਂ ਦੇ ਚਿਹਰਿਆਂ ਉੱਤੇ ਪਲਾਕੀ ਜਿਹੀ ਸੰਗ ਆ ਗਈ। ਤੋਤੇ-ਨੱਕੇ ਨੇ ਗਾਜਰ ਦਾ ਬਚਿਆ ਭੂੰਡਾ ਪਰ੍ਹਾਂ ਵਗਾਹ ਮਾਰਿਆ ਤੇ ਦੰਦੀਆਂ ਕੱਢ ਕੇ ਹੱਸਣ ਲੱਗ ਪਿਆ। (ਪਰ ਵੱਡਾ ਮਾਸਟਰ ਅਜੇ ਵੀ ਨੀਝ ਲਾ ਕੇ ਤੱਕੜੀ ਦੇ ਪਾਲੜੇ ਵਿਚੋਂ, ਮਾੜੇ-ਮੋਟੇ ਗਲੇ, ਦਾਗੀ ਆਉਲੇ ਚੁਗੀ ਗਿਆ।)

"ਆਹ ਵੇਖ-ਲੋ ਥੋਡਾ ਹਿਤ ਮਾਛਟਰ !" ਗਧੀ ਵਾਲੇ ਨੇ ਐਤਕੀਂ ਗੁੱਝੇ ਵਿਅੰਗ ਨਾਲ ਮੁਸਕਰਾਉਂਦਿਆਂ, ਬੜੇ ਹਸਾਉਣੇ ਲਹਿਜੇ ਵਿਚ ਕਿਹਾ, "ਇਹ ਪਿਓ ਦਾ ਪੁੱਤ ਐਂ ਸਮਝਦੇ, ਬਈ ਮੇਰਾ ਦਾਅ ਲੱਗ ਗਿਆ, ਹੁਣ 'ਲੁਟ-ਲੋ' 'ਗੁਰੂ ਕੀ ਮਾੜੀ' ਸਰੂੰਦ ਨੂੰ, ਜਿਨੀ ਲੁੱਟੀ ਦੀ ਐ ! ਇਹਦੇ ਚਿੱਤ 'ਚ ਐ ਬਈ ਗਧੀ ਆਲੇ ਦੀਆਂ ਅੱਖਾਂ ਤਾਂ ਹੈ ਈ ਨ੍ਹੀਂ, ਲਾ-ਲੋ ਦਾਅ ! ਪਰ 'ਬੜੇ ਸਿਆਣੇ' ਕਮਲੇ ਐਨ੍ਹੀਂ ਨ੍ਹੀਂ ਆਉਂਦੀ ਬਈ ਦਾਅ ਨੂੰ ਤੂੰ ਕਿਹੜਾ ਚਾਂਦੀ ਦਾ ਕੁਸਤਾ ਖਰੀਦਣ ਲੱਗਿਐਂ। ਏਥੇ ਤਾਂ ਜੁਆਲੇ ਨੇ ਸਾਹ ਹੋਣਾ ਈ ਨ੍ਹੀਂ, ਤੂੰ ਆਵਦਾ ਗੱਭਾ ਰਾਜੀ ਕਰ ਲੈ। ਹੋਰ ਕੱਢ ਲੈ, ਹੋਰ ਕੱਢ ਲੈ !"



ਤੇ ਜਦੋਂ ਗਧੀ ਵਾਲਾ ਉਹਨਾਂ ਸਾਰਿਆਂ ਵੱਲ ਝਾਕ ਕੇ ਹੱਸਿਆ ਤਾਂ ਸਾਰੇ ਫੇਰ, ਬਿਨਾਂ ਕੀਮਤੀ ਲੋਈ ਵਾਲੇ ਤੋਂ, ਕੱਚੇ ਹੋ ਗਏ। ਉਸ ਓਵੇਂ ਈ ਸਹਿਜ ਸੁਭਾਅ ਫੇਰ ਕਿਹਾ, "ਪਾ ਲੈ, ਪਾ ਲੈ, ਜੇਹੜੇ ਜੇ ਤੇਰਾ ਚਿੱਤ ਮਨਦੈ ਪਾ-ਲੈ !" ਤੁਸੀਂ ਬੀ ਫੱਕ ਲੋ ਸੰਗਤੇ ਗਾਜਰਾਂ, ਜੇ ਹੋਰ ਛਕਣੀਐਂ ਤਾਂ। ਨਾਲੇ ਜੁਆਕਾਂ ਨੂੰ ਬੀ ਸੱਦ-ਲੋ ਜੀਹਤੋਂ ਸੱਦੀਦੇ, ਓਹ ਬੀ ਚਾਰ ਚਾਰ ਖਾ ਲੈਣਗੇ। ਛਾਮ ਸਿਓਂ ਐਜੇ ਸੂਤ ਆਇਐ ਥੋਡੇ, ਫੇਰ ਖਬਰੇ ਕਦੋਂ ਆਏ !"

ਸਾਹਮਣੇ ਵਾਲੇ ਘਰ ਦੇ ਵਿਹੜੇ ਵਿਚ ਕੱਠੀਆਂ ਹੋਈਆਂ ਮਾਸਟਰਨੀਆਂ ਵੀ ਉਹਦੀਆਂ ਗੱਲਾਂ ਸੁਣ ਸੁਣ, ਮੁਸਕੜੀਏਂ ਹੱਸ ਰਹੀਆਂ ਸਨ।

"ਧੰਮੂ ! ਰੱਖੇ !" ਓਵੇਂ ਆਉਲੇ ਚੁਗਦਿਆਂ ਈ ਵੱਡਾ ਮਾਸਟਰ ਉੱਚੀ ਉੱਚੀ ਅਵਾਜ਼ਾਂ ਦੇਣ ਲੱਗ ਪਿਆ ਸੀ। "ਲਿਆਇਓ ਬਈ, ਵੱਡਾ ਥੈਲਾ ਲਿਆਇਓ ਏਥੇ !"

"ਤੁਸੀਂ ਛੱਡੋ ਹੌਂਡ ਮਾ-ਸਾਬ੍ਹ !" ਘੂਰ ਕੇ, ਗਰਮ ਲੋਈ ਵਾਲੇ ਮਾਸਟਰ ਨੇ ਆਖਿਆ, "ਇਹਨੂੰ ਤਾਂ ਬੋਲਣ ਦੀ ਤਮੀਜ਼ ਈ ਨ੍ਹੀਂ – ਆਉਲੇ ਹੋਰ ਬਥੇਰੇ ਆ ਜਾਣਗੇ – ਇਹ ਕੋਈ ਥੋੜੇ !"

"ਕੋਈ ਨਹੀਂ, ਕੋਈ ਨਹੀਂ ਜੀ," ਅੱਗੋਂ ਵੱਡੇ ਮਾਸਟਰ ਨੇ ਓਵੇਂ ਆਉਲੇ ਫਰੋਲਦਿਆਂ ਬਿਰਕਮ ਜਿਹੀ ਲਾਪਰਵਾਹੀ ਨਾਲ ਆਖਿਆ, "ਏਦਾਂ ਈ ਹੁੰਦਾ ਉਆ, ਇਹਨਾਂ ਲੋਕਾਂ ਦਾ ਗੁੱਸਾ ਨਹੀਂ ਕਰੀਦਾ – ਇਹ ਕੀ ਖ਼ਾਸ ਗੱਲ ਉਆ !"

"ਗੁੱਸਾ ਕਰਕੇ ਮੇਰਾ ਕੀ ਮੱਘਾ ਪਟਾਅ ਦੇਉਂਗੇ"। ਗਧੀ ਵਾਲੇ ਨੇ ਉਸੇ ਰੌਂ ਵਿੱਚ, ਹੱਸਦਿਆਂ ਉੱਤਰ ਦਿੱਤਾ, "ਹੋਰ ਕਿਸੇ ਨੇ ਐ ਥੋਨੂੰ ਨਾ ਆਉਲੇ ਚੁਗਣ ਦੇਣੇ ਸੀ ਨਾ ਚੋਰਿਉਂ ਚਕ ਚਕ ਗਾਜਰਾਂ ਜੁਆਕਾਂ ਦੀਆਂ ਜੇਬਾਂ 'ਚ ਪਾਉਣ ਦੇਣੀਆਂ ਸੀ। ਇਹ ਤਾਂ ਛਾਮ ਸਿਉਂ ਦਾ ਈ ਜੇਰੇ ਜਿਹੜਾ..." ਤੇ ਵਿਚੋਂ ਈ, ਸੇਰ ਦੇ ਸਵਾ ਸੇਰ ਆਉਲੇ ਤੋਲਦਿਆਂ ਉਸ ਕਿਹਾ, "ਲੈ ਖੁਛ ਐਂ ਹੁਣ ਤਾਂ, ਕਿ ਹੋਰ ਪਾਵਾਂ ?"

"ਤੇਰੇ ਨਿੱਕੇ ਨਿਆਣੇ ਕੈ ਉਆ ਬਈ ਸ਼ਾਮ ਸਿਆਂ ?" ਉਹਦੀ ਗੱਲ ਜਿਵੇਂ ਅਣਸੁਣੀ ਕਰਕੇ ਤੇ ਮੁੰਡੇ ਤੋਂ ਝੋਲਾ ਫੜ ਕੇ, ਉਸ ਵਿੱਚ ਆਉਲੇ ਪਾਉਂਦਿਆਂ ਵੱਡੇ ਮਾਸਟਰ ਨੇ ਆਖਿਆ, "ਲੈ ਬੱਸ ਸਾਨੂੰ ਤਾਂ ਇੱਕ ਕਿਲੋ ਈ ਬਹੁਤ ਉਆ। ਪੌਂਸਿਆ ਜਿਵੇਂ ਅਠਿਆਨੀ ਲਿਆ ਦਈਂ, ਡੱਬੀ ਵਿੱਚ ਪਈ ਹੋਣੀ ਉਆ।"

"ਨਿਆਣੇ ਨਿੱਕੇ ਤਾਂ ਸੁੱਖ ਨਾਲ ਸੱਤ ਐ, ਪਰ ਥੋਡੇ ਆਗੂੰ ਮਰ੍ਹੂੰ-ਮਰ੍ਹੂੰ ਫੇਰ ਵੀ ਨ੍ਹੀਂ ਕਦੇ ਕਰੀਦੀ– ਦੋ ਸੇਰ ਆਖ ਕੇ ਇੱਕ ਸੇਰ ਚੀਜ਼ ਕਦੇ ਨ੍ਹੀਂ ਲਈ !"

ਤੇ ਗਧੀ ਵਾਲਾ ਕੁੜਤੇ ਦੀ ਅੰਦਰਲੀ ਜੇਬ 'ਚ ਵੱਟਾ ਪਾਉਂਦਿਆਂ ਖੁੱਲ੍ਹ ਕੇ ਹੱਸ ਪਿਆ।

"ਏਦਾਂ ਈ ਉਆ ਫੇਰ ਸ਼ਾਮ ਸਿਆਂ !..."

"ਆਹੋ ਜੀ ਏਦਾਂ ਈ ਉਆ !" ਉਹਨੇ ਵੱਡੇ ਮਾਸਟਰ ਦੀ ਸਾਂਗ ਲਾਈ, "ਦੂਜੇ ਸੇਰ 'ਚ ਆਉਲੇ ਜੋ ਦਾਗੀ ਆਉਣੇ ਸੀ !"

"ਲੈ ਤੂੰ ਅਠਿਆਨੀ ਫੜ ਕੇ ਤੁਰਦਾ ਬਣ ਹੁਣ!" ਵੱਡੇ ਮਾਸਟਰ ਨੇ ਮੁੰਡੇ ਹੱਥੋਂ ਅਠਿਆਨੀ ਫੜ ਕੇ ਉਹਨੂੰ ਦਿੰਦਿਆਂ ਕਿਹਾ। ਉਹਦੇ ਬੋਲ ਵਿੱਚ ਹੁਣ ਕੁਝ ਤਲਖ਼ੀ ਆ ਗਈ ਜਾਪਦੀ ਸੀ।

"ਤੁਰੂੰਗਾ ਜੀ, ਹੋਰ ਏਥੇ ਤਾਂ ਨੀਂ ਕੋਠਾ ਪਾਉਂਦਾ, ਬੋਡੀਆਂ 'ਕਲੂਨੀਆਂ' 'ਚ!" ਗਧੀ ਵਾਲੇ ਨੇ ਅਠਿਆਨੀ ਫੜ ਕੇ ਤੇ ਅੱਖਾਂ ਨਾਲ ਲਾ ਕੇ ਵਿਹਦਿਆਂ, ਪਹਿਲਾਂ ਨਾਲੋਂ ਵੀ ਖੁੱਲ੍ਹ-ਦਿਲੀ ਨਾਲ ਮੁਸਕਰਾਉਂਦਿਆਂ ਕਿਹਾ, "ਹੈ ਇਹ ਖੋਟੀ ਈ ਕਿ ਭੁਲੇਖੇ 'ਚ ਖਰੀ ਦੇ 'ਤੀ!"

"ਪੰਜਾਹ ਪੈਸਿਆਂ 'ਚ ਤਾਂ ਚੱਲ ਈ ਜਾਣੀ ਉਆ, ਅਕਵੰਜਾ ਕਿਸੇ ਨੇ ਤੈਨੂੰ ਦੇਣੇ ਨਈਂ।"

"ਖੋਟੀ ਤਾਂ ਇਹ ਸੌਆਂ 'ਚ ਵੀ ਚੱਲਗੀ - ਮੇਰੀ ਚਾਹੇ ਪੰਜਾਹਾਂ 'ਚ ਚੱਲੇ ਚਾਹੇ ਪੰਜਾਂ 'ਚ, ਮੇਰੇ ਭਾਗ!" ਗਧੀ ਵਾਲੇ ਨੇ ਗਧੀ ਨੂੰ ਥੁਥਕਰ ਮਾਰੀ ਤੇ ਲਗਾਮ ਫੜ ਕੇ ਤੁਰਦਿਆਂ ਇੱਕ ਕਵਿਤਾ, ਪਹਿਲਾਂ ਗੁਣਗੁਣਾਉਣ ਲੱਗ ਪਿਆ ਤੇ ਫੇਰ ਰਾਹ ਪੈਂਦਿਆਂ ਉੱਚੀ ਹੇਕ ਨਾਲ ਗਾਉਣੀ ਸ਼ੁਰੂ ਕਰ ਦਿੱਤੀ।

"ਬੰਦਾ ਬੜਾ ਹਜ਼ਰਤ ਉਆ!"

"ਕਮਾਲ ਦਾ ਬੰਦੈ ਜੀ!" ਤੇਤੇ-ਨੇਕੇ ਨੇ ਕਿਹਾ, "ਵਾਹ ਬਈ ਵਾਹ!...ਬੇਖੌਂ ਨਾ ਬਈ, ਕਮਾਲ ਹੋਗੀ!"

ਪਤਾ ਨਹੀਂ ਗਧੀ ਵਾਲੇ ਦੀ ਜਾਂ ਤੇਤੇ-ਨੇਕੇ ਦੀ ਗੱਲ ਸੁਣ ਕੇ ਬੱਗੀਆਂ ਅੱਖਾਂ ਵਾਲਾ ਘੜੀਸਵੀਂ ਹਾਸੀ ਹੱਸਿਆ ਤੇ ਫੇਰ ਸਾਰੇ ਗਧੀ ਵਾਲੇ ਵੱਲ ਵੇਖ ਵੇਖ ਅਕਾਰਨ ਹੀ ਹੱਸੀ ਗਏ; ਪਰ ਉਹਨਾਂ ਦੀ ਹਾਸੀ ਬੜੀ ਡੋਰਕ ਜਿਹੀ ਸੀ। ਬੱਸ ਇੱਕ ਕੀਮਤੀ ਗਰਮ ਲੋਈ ਵਾਲਾ ਈ ਖਿਝਿਆ ਤੇ ਔਖਿਆ ਲੱਗਦਾ ਸੀ ਤੇ ਉਹਦੀਆਂ ਨਿੱਕੀਆਂ ਅੱਖਾਂ ਵਿੱਚੋਂ ਅਜੇ ਤਕ ਵੀ ਗੁੱਸੇ ਦੀ ਲਾਲੀ ਨਹੀਂ ਸੀ ਗਈ।

—0—



# ਲੱਛਮੀ/ਪ੍ਰੇਮ ਪ੍ਰਕਾਸ਼

ਮੈਂ ਆਪਣੀ ਨਵੀਂ ਬਣੀ ਕੋਠੀ ਦੇ ਲਾੱਨ 'ਚ ਆਰਾਮ ਕੁਰਸੀ ਤੇ ਬੈਠਾ ਧੁੱਪ ਰਿਹਾ ਸੀ। ਉਹ ਸਾਡੇ ਗੇਟ ਦੇ ਸਾਹਮਣੇ ਪਏ ਉਸ ਪਲਾਟ 'ਚ ਖੜ੍ਹੇ ਸੀ ਜਿੱਥੇ ਅਸੀਂ ਪਾਥੀਆਂ ਪਥਵਾਂਦੇ ਸੀ। ਉਸ ਕੁੜੀ ਨਾਲ ਆਇਆ ਮੁੰਡਾ ਤੇੜੋਂ ਨੰਗਾ ਸੀ। ਉਹਨਾਂ ਦੀਆਂ ਨਜ਼ਰਾਂ ਪਾਥੀਆਂ ਦੀ ਟੁੱਟ ਭੱਜ ਤੇ ਸਨ ਜਾਂ ਮੇਰੇ ਤੇ। ਸ਼ਾਇਦ ਉਹ ਉਡੀਕ 'ਚ ਸਨ ਪਈ ਕੋਠੀ ਵਾਲਾ ਬੁੱਢਾ ਅੰਦਰ ਵੜੇ ਤੇ ਉਹ ਪਾਥੀਆਂ ਚੁੱਕ ਕੇ ਝੋਲੀਆਂ 'ਚ ਪਾ ਕੇ ਖਿਸਕ ਜਾਣ।

ਕੁਰਸੀ ਤੋਂ ਥਹਿ ਥਹਿ ਕੇ ਔਖਿਆ ਹੋਇਆ ਮੈਂ ਗੇਟ ਅੱਗੇ ਜਾ ਖਲੋਤਾ। ਮੁੰਡੇ ਨੇ ਇੱਕ ਵਾਰੀ ਆਪਣੀ ਭੈਣ ਦੀ ਖਿੱਚ ਕੇ ਤੁਰਨ ਦੀ ਸੈਨਤ ਕੀਤੀ ਪਰ ਕੁੜੀ ਅੜੀ ਖੜ੍ਹੀ ਰਹੀ।

"ਇਹ ਥੋਪੜੀ ਲੈ ਲਈਏ ਬਾਬਾ?" ਉਸ ਨੇ ਆਪਣੀ ਰਾਜਸਥਾਨੀ ਬੋਲੀ 'ਚ ਦੂਜੀ ਵਾਰੀ ਕਿਹਾ ਤਾਂ ਮੈਨੂੰ ਪਤਾ ਲੱਗਾ, ਉਹ ਮੈਨੂੰ ਪੁੱਛ ਰਹੀ ਸੀ।

"ਹਾਂ, ਲੈ ਲਓ!" ਮੇਰੇ ਆਖਣ ਦੀ ਦੇਰ ਸੀ ਕਿ ਉਨ੍ਹਾਂ ਦੇ ਨਿੱਕੇ ਨਿੱਕੇ ਹੱਥ ਤੇਜ਼ੀ ਨਾਲ ਭੁਰ ਭੁਰ ਚੁਗ ਕੇ ਝੋਲੀਆਂ 'ਚ ਪਾਉਣ ਲੱਗ ਪਏ।

ਮੋਟੇ ਨਕਸ਼ਾਂ ਵਾਲੀ ਉਸ ਦਸਾਂ ਕੁ ਵਰ੍ਹਿਆਂ ਦੀ ਕੁੜੀ ਨੇ ਲਹਿੰਗਾ ਪਾਇਆ ਹੋਇਆ ਸੀ। ਉਹਦੀਆਂ ਮੀਢੀਆਂ ਗੁੰਦ ਕੇ ਪੀਡ ਪਾਇਆ ਹੋਇਆ ਸੀ। ਵਾਲ ਉਲਝੇ ਹੋਏ ਤੇ ਮੈਲੇ ਸਨ। ਉਹਦੇ ਨੱਕ ਅਤੇ ਕੰਨਾਂ 'ਚ ਚਾਂਦੀ ਦੀਆਂ ਤਾਰਾਂ ਸਨ।

"ਇਹ ਵੀ ਲੈ ਲਾਂ?" ਉਹਨੇ ਜ਼ਰਾ ਵੱਡੇ ਟੁਕੜੇ ਨੂੰ ਹੱਥ 'ਚ ਚੁੱਕ ਕੇ ਮੈਨੂੰ ਵਖਾਂਦਿਆਂ ਪੁੱਛਿਆ।

"ਨਹੀਂ!" ਮੈਂ ਮਜ਼ਬੂਤ ਪਰ ਨਰਮ ਲਹਿਜੇ 'ਚ ਕਿਹਾ। ਉਹ ਨਿੱਕੇ ਨਿੱਕੇ ਟੁਕੜਿਆਂ ਤੋਂ ਵਧਦੀ ਪੋਣੀ ਪਾਥੀ ਤਕ ਆ ਗਈ ਸੀ। ਮਨ 'ਚ ਆਈ ਲੈ ਲਵੇ, ਅਸੀਂ ਕੀ ਕਰਨੀਆਂ ਨੇ ਏਨੀਆਂ ਪਾਥੀਆਂ।

"ਗੱਲ ਸੁਣ ਉਰੇ ਆ!" ਮੈਂ ਉਸਨੂੰ ਆਪਣੇ ਕੋਲ ਬੁਲਾਇਆ ਤਾਂ ਉਹਨਾਂ ਦੇ ਹੱਥ ਰੁਕ ਗਏ। ਮੇਰੇ ਇੱਕ ਵਾਜ ਮਾਰਨ 'ਤੇ ਉਸਨੇ ਹੱਥ 'ਚ ਚੁੱਕਿਆ ਟੁਕੜਾ ਸੁੱਟ ਦਿੱਤਾ ਤੇ ਮੇਰੇ ਵੱਲ ਦੇਖਦੀ ਰਹੀ। ਫੇਰ ਕੁਝ ਸੋਚਦੀ ਝੋਲੀ ਨੂੰ ਹੱਥ ਪਾ ਕੇ ਮੇਰੇ ਵੱਲ ਆਉਣ ਲੱਗੀ। ਨਿੱਕਾ ਉਸਦੀ ਝੋਲੀ ਫੜ ਮਗਰ ਆ ਰਿਹਾ ਸੀ। ਉਹਨਾਂ ਨੂੰ ਡਰ ਸੀ ਪਈ ਬੁੱਢਾ ਕਿਤੇ ਸਾਰੀਆਂ ਪਾਥੀਆਂ ਢੇਰੀ ਕਰ ਕੇ ਝੋਲੀਆਂ ਨਾ ਵਗਾਹ ਮਾਰੇ।

"ਤੇਰਾ ਨਾਉਂ ਕੀ ਐ?" ਮੈਂ ਨਜ਼ਰ 'ਚ ਨਰਮੀ ਲਿਆ ਕੇ ਪੁੱਛਿਆ ਤਾਂ ਉਹਨੇ ਸਾਰਾ ਅੱਗਾ ਪਿੱਛਾ ਦੱਸ ਦਿੱਤਾ। ਜਿਵੇਂ ਉਹ ਸਵਾਲ ਹਜ਼ਾਰਾਂ ਲੋਕਾਂ ਨੇ ਕੀਤੇ ਸਨ ਤੇ ਉਹਨਾਂ ਇਹੋ ਜਵਾਬ ਦਿੱਤੇ ਸੀ। ਉਹਨੇ ਦੱਸਿਆ ਉਹਦਾ ਨਾਂ ਲੱਛਮੀ ਹੈ। ਬਾਪ ਕੋਠੀ (ਡਰੋਲੀ) ਕਹਿੰਦਾ ਹੈ। ਨਿੱਕੇ ਦਾ ਨਾਂ ਇੰਦਰ ਹੈ। ਉਹਨੂੰ ਅੰਮਾਂ ਜਾਜ਼ਬੜਾ (ਟੋਕਾ) ਕਹਿੰਦੀ ਹੈ। ਉਹ ਰਾਜਸਥਾਨ ਤੋਂ ਆਏ ਨੇ ਮਿਹਨਤ ਮਜ਼ੂਰੀ ਕਰਨ। ਲੰਮੀ ਔੜ ਲੱਗਣ 'ਤੇ ਉਹਨਾਂ ਦਾ ਬਾਜਰਾ ਸੁੱਕ ਗਿਆ। ਉਹ ਜੱਟ ਹੁੰਦੇ ਨੇ। ਮੰਗਣ ਤੋਂ ਸੰਗਦੇ ਨੇ। ਕੰਮ ਹਾਲੇ ਮਿਲਿਆ ਨਹੀਂ।

ਉਹਦੇ ਜੱਟ ਹੋਣ ਤੇ ਮੇਰਾ ਮਨ ਭਰ ਆਇਆ। ਧਰਤੀ 'ਚੋਂ ਅੰਨ ਕੱਢ ਕੇ ਸੱਭ ਨੂੰ ਦੇਣ ਵਾਲੇ ਕਿਵੇਂ ਦਾਣੇ ਦਾਣੇ ਤੋਂ ਮੁਥਾਜ ਤੇ ਟੱਪਰੀਵਾਸ ਹੋਈ ਫਿਰਦੇ ਨੇ। ਇਹ ਸਾਡੀ ਜੱਦ ਦੇ ਲੋਕ ਵਾਲੇ ਕਿਵੇਂ ਦਾਣੇ ਦਾਣੇ ਤੋਂ ਮੁਥਾਜ ... ਆਪਣੀ ਧਰਤੀ, ਆਪਣੇ ਖੂਹ ਖੇਤੇ, ਆਪਣਾ ਡੰਗਰ ਵੱਛਾ ਛੱਡ ਕੇ ਕਿਵੇਂ ਤੁਰ ਪਏ? ......ਜਦੋਂ ਮੈਂ ਫ਼ੌਜ 'ਚ ਭਰਤੀ ਹੋਇਆ ਸੀ, ਸਾਡੇ ਕੋਲ ਭਾਵੇਂ ਤਿੰਨ ਸਾਢੇ ਤਿੰਨ ਕੀਲੇ ਭੋਇੰ ਸੀ, ਅਸੀਂ ਇੱਜ਼ਤਦਾਰ ਜ਼ਿਮੀਂਦਾਰ ਸੀ। ਪਿਓ ਪੱਤ ਵਾਲਾ ਸੀ। ਪਰ ਹੁਣ ਜਦ ਮੇਰੇ ਪੁੱਤਰ ਨੇ ਉਹ ਵੇਚ ਕੇ ਇਹ ਕੋਠੀ ਪਾ ਲਈ ਤਾਂ ਮੇਰੇ ਬਾਪ ਦਾ ਤਾਂ ਘਰ ਹੀ ਉੱਜੜ ਗਿਆ। ......ਇਹ ਵਿਚਾਰੇ ਤਾਂ ਆਪਣੀ ਧਰਤੀ ਤੇ ਵੀ ਨਾ ਰਹੇ, ਜੀਹਦੇ ਪਿੱਛੇ ਖ਼ੂਨ ਹੋ ਜਾਂਦੇ ਨੇ।

ਲੱਛਮੀ ਆਪਣੀਆਂ ਗੱਲਾਂ ਦੱਸੀ ਜਾ ਰਹੀ ਸੀ ਪਈ ਉਹਨਾਂ ਦੇ ਕਿੰਨੇ ਬਲਦ ਤੇ ਕਿੰਨੇ ਖੇਤ ਨੇ। ਜਦੋਂ ਮੀਂਹ ਵੱਸਦਾ ਹੈ ਤਾਂ ਕੋਠੀਆਂ ਦਾਣਿਆਂ ਨਾਲ ਭਰ ਜਾਂਦੀਆਂ ਨੇ।

"ਲੱਛਮੀ ਦੇਵੀ।" ਮੇਰੇ ਲਹਿਜੇ 'ਚ ਸਤਿਕਾਰ ਤੇ ਪਿਆਰ ਆ ਗਿਆ।

"ਨਹੀਂ ਲੱਛਮੀ।" ਉਹਨੇ ਆਪਣਾ ਨਾਂ ਠੀਕ ਕਰ ਕੇ ਦੱਸਿਆ।

"ਚੰਗਾ ਲੱਛਮੀ, ਐਂ ਕਰ; ਜੇ ਤੂੰ ਆਪਣੇ ਪਿੰਡ ਵੀ ਗੋਹਾ ਪੱਥਦੀ ਹੁੰਦੀ ਸੀ ਤਾਂ ਅੱਜ ਸਾਡਾ ਪੱਥ ਦੇ। ਫੇਰ ਥੇਪੜੀਆਂ ਲੈ ਲਵੀਂ, ਜਿੰਨੀਆਂ ਮਰਜ਼ੀ।"

"ਏਨੀਆਂ?" ਨਿੱਕੇ ਇੰਦਰ ਨੇ ਬਾਹਵਾਂ ਖੋਹਲ ਕੇ ਪੁੱਛਿਆ।

"ਹਾਂ, ਏਨੀਆਂ।" ਮੈਂ ਹੱਸ ਕੇ ਆਖਿਆ।

ਉਹਨਾਂ ਆਪਣੀਆਂ ਝੋਲੀਆਂ ਇੱਕ ਪਾਸੇ ਰੱਖ ਦਿੱਤੀਆਂ ਤੇ ਕੁੜਤਿਆਂ ਦੇ ਪੱਲੇ ਚੁੱਕ ਕੇ ਗੋਹੇ ਨੂੰ ਚੰਬੜ ਗਏ।

ਮੈਨੂੰ ਚੇਤਾ ਆਇਆ, ਅਸੀਂ ਨਿੱਕੇ ਹੁੰਦੇ ਇਹਨਾਂ ਵਰਗੇ ਹੀ ਹੁੰਦੇ ਸੀ। ਇਹਨਾਂ ਵਰਗਿਆਂ 'ਚ ਹੀ ਖੇਡਦੇ ਹੁੰਦੇ ਸੀ। ਕੁੜੀਆਂ ਇਸੇ ਤਰ੍ਹਾਂ ਕੁੜਤੇ ਕੱਛ ਪਾਉਂਦੀਆਂ ਤੇ ਮੁੰਡੇ ਤੇੜੋਂ ਨੰਗੇ ਹੁੰਦੇ। ਲੱਤਾਂ ਬਾਹਵਾਂ ਮਿੱਟੀ ਨਾਲ ਭਰ ਜਾਂਦੀਆਂ ਹੁੰਦੀਆਂ।

ਅੰਦਰ ਖੜਕਾ ਹੋਣ ਤੇ ਮੈਨੂੰ ਆਪਣੀ ਨੂੰਹ ਦਾ ਡਰ ਚੇਤੇ ਆਇਆ ਪਈ ਉਹ ਬਾਹਰ ਆਕੇ ਆਖ ਹੀ ਨਾ ਦਵੇ—ਕਿਉਂ ਨਾਸ ਮਾਰਨ ਲੱਗੇ ਹੋ—ਅੰਦਰ ਝਾਕਿਆ, ਉਹ ਕੁਰਸੀਆਂ ਦੀਆਂ ਢੋਆਂ 'ਤੇ ਮਸ਼ੀਨ ਨਾਲ ਕਢਾਈ ਕਰ ਰਹੀ ਸੀ। ਪੋਤਾ ਸੁੱਤਾ ਪਿਆ ਸੀ।

ਮੈਂ ਗਲੀ ਵੱਲ ਨੂੰ ਜਾ ਕੇ ਰਸੋਈ 'ਚੋਂ ਜੱਗ ਲੱਸੀ ਦਾ ਭਰ ਲਿਆ ਤੇ ਲੂਣ ਪਾ ਕੇ ਲੈ ਆਇਆ।

ਉਹਨਾਂ ਜੱਟਾਂ ਦੇ ਬੱਚਿਆਂ ਨੇ ਖੱਟੀ ਲੱਸੀ ਦਾ ਸੁਆਦ ਪਤਾ ਨਹੀਂ ਕਦੋਂ ਦਾ ਦੇਖਿਆ ਹੋਵੇਗਾ। ਬਾਹਰ ਆਇਆ ਤਾਂ ਉਹ ਕੰਮ ਮੁਕਾ ਕੇ ਲਿੱਬੜੇ ਹੱਥਾਂ ਨਾਲ ਖੜੇ ਸਨ। "ਹੱਥ ਧੋਣੇ ਨੇ—ਆਓ-ਆਜੋ।" ਬੁਲਾ ਕੇ ਮੈਂ ਉਹਨਾਂ ਨੂੰ ਅੰਦਰ ਲੈ ਗਿਆ। ਵਿਹੜੇ ਵਾਲੀ ਟੂਟੀ ਖੋਹਲ ਕੇ ਉਹਨਾਂ ਨੂੰ ਹੱਥ ਧੋਣ ਲਈ ਕਿਹਾ ਤਾਂ ਲੱਛਮੀ ਕਦੇ ਮੇਰੇ ਵੱਲ ਦੇਖੇ ਤੇ ਕਦੇ ਉਥੇ ਪਏ ਭਾਂਡਿਆਂ ਵੱਲ। ਇੰਦਰ ਉਹਦੀ ਨਕਲ ਕਰਨ ਨੂੰ ਉਹਦੇ ਪਿੱਛੇ ਖੜ੍ਹਾ ਸੀ। ਪਾਣੀ ਦੀ ਧਾਰ ਤੋਂ ਉਰੇ ਪਿੱਤਲ ਦੀ



ਬਾਲਟੀ ਤੇ ਦੋ ਪਤੀਲੇ ਪਏ ਸਨ। ਉਹ ਮਾਈ ਨੇ ਆ ਕੇ ਮਾਂਜਣੇ ਸਨ। "ਇਹ ਭਾਂਡੇ ਚੁੱਕ ਲਓ।" ਲੱਛਮੀ ਨੇ ਸੰਕੇਤ ਨਾਲ ਕਿਹਾ।

"ਤੂੰ ਆਪੇ ਪਰੇ ਕਰ ਦੇ।" ਮੈਂ ਆਖਿਆ। ਮੇਰੇ ਇਕ ਹੱਥ 'ਜੱਗ ਤੇ ਦੂਜੇ 'ਚ ਕੱਚ ਦਾ ਗਲਾਸ ਸੀ।

"ਨਾ, ਤੁਸੀਂ ਆਪ ਕਰ ਦਿਓ।" ਉਹਨੇ ਬਹੁਤ ਨਿਮਰਤਾ ਨਾਲ ਅੱਖਾਂ ਤੇ ਸਿਰ ਨੀਵਾਂ ਕਰ ਕੇ ਕਿਹਾ ਤਾਂ ਮੈਨੂੰ ਮਹਿਸੂਸ ਹੋਇਆ ਪਈ ਉਹ ਭਾਂਡਿਆਂ ਦੇ ਭਿੱਟ ਹੋਣ ਤੋਂ ਡਰਦੀ ਹੈ। ਫੌਜ 'ਚ ਮੈਨੂੰ ਪਤਾ ਲੱਗ ਗਿਆ ਸੀ ਪਈ ਰਾਜਸਥਾਨ 'ਚ ਰਾਜਪੂਤ ਜੱਟਾਂ ਨੂੰ ਆਪਣੇ ਬਰਾਬਰ ਨਹੀਂ ਬਹਿਣ ਦੇਂਦੇ, ਭਾਂਡੇ ਤਾਂ ਕੀ ਦੇਣੇ ਨੇ। ਮੈਂ ਜੁੱਤੀ ਲਾਹ ਕੇ ਨੰਗੇ ਪੈਰ ਨਾਲ ਭਾਂਡੇ ਪਰੇ ਕਰ ਦਿੱਤੇ।

ਹੱਥ ਧੋ ਕੇ ਆਪਣੇ ਪੱਲਿਆਂ ਨਾਲ ਪੂੰਝਦੇ ਉਹ ਦੋਵੇਂ ਗੇਟ ਤੋਂ ਬਾਹਰ ਉਥੇ ਜਾ ਖਲੋਤੇ ਜਿੱਥੇ ਉਹਨਾਂ ਦੇ ਛਿੱਤਰ ਪਏ ਸਨ।

ਮੈਂ ਗਲਾਸ ਵਿਚ ਲੱਸੀ ਪਾਉਣ ਲੱਗਾ ਤਾਂ ਲੱਛਮੀ ਨੇ ਬੜੀ ਅਧੀਨਗੀ ਨਾਲ ਕਿਹਾ,—"ਬਾਬਾ ਜੀ, ਬਾਬਾ ਜੀ; ਇਹਨੂੰ ਇਕ ਰੋਟੀ ਦੇ ਦਿਓ। ਇਹ ਭੁੱਖਾ ਹੈ। ਮੈਨੂੰ ਲੋੜ ਨਹੀਂ। ਬੱਚਾ ਹੈ ਨਾ।"

"ਮਿਲੂਗੀ, ਦੇਂਦਾ।" ਆਖ ਕੇ ਮੈਂ ਜੱਗ ਤੇ ਗਿਲਾਸ ਗੇਟ ਦੇ ਕੌਲੇ ਤੇ ਰੱਖ ਕੇ ਰਸੋਈ 'ਚ ਗਿਆ ਤੇ ਦੋ ਰੋਟੀਆਂ 'ਤੇ ਅੰਬ ਦਾ ਅਚਾਰ ਰੱਖ ਕੇ ਲੈ ਆਇਆ। ਲੱਛਮੀ ਨੂੰ ਹੱਸਦਿਆਂ ਪੁਛਿਆ, "ਤੈਨੂੰ ਪਤੈ, ਅਸੀਂ ਕੌਣ ਹੁੰਦੇ ਆ।"

"ਨਾ।" ਉਹਨੇ ਸਿਰ ਹਿਲਾ ਦਿੱਤਾ।

"ਮੈਂ ਦੱਸਾਂ। ਦੋਵੇਂ ਰੋਟੀਆਂ ਮੈਂ ਇੰਦਰ ਨੂੰ ਫੜਾਂਦਿਆਂ ਕਿਹਾ।—ਅਸੀਂ ਚਮਾਰ ਹੁੰਦੇ ਆਂ, ਜੁੱਤੀਆਂ ਬਣਾਉਣ ਵਾਲੇ। ਪਰ ਹੁਣ ਚੰਮ ਦਾ ਕੰਮ ਨਹੀਂ ਕਰਦੇ।"

ਜਦ ਮੈਂ ਗਲਾਸ 'ਚ ਲੱਸੀ ਪਾਣ ਲੱਗਾ ਤਾਂ ਲੱਛਮੀ ਨੇ ਸੈਨਤ ਨਾਲ ਇੰਦਰ ਨੂੰ ਰੋਟੀ ਖਾਣ ਤੋਂ ਰੋਕ ਦਿੱਤਾ। ਜਦੋਂ ਗਲਾਸ ਲੱਛਮੀ ਵਲ ਕੀਤਾ ਤਾਂ ਉਹਨੇ ਫੜਨ ਤੋਂ ਇਨਕਾਰ ਕਰ ਦਿੱਤਾ। ਕਹਿੰਦੀ—"ਨਹੀਂ ਬਾਬਾ ਜੀ, ਮੈਨੂੰ ਭੁੱਖ ਨਹੀਂ, ਤਿਆ ਨਹੀਂ।"

ਮੈਂ ਉਹਨੂੰ ਦੱਸਿਆ ਪਈ ਕਮਲੀਏ ਅਸੀਂ ਵੀ ਜੱਟ ਹੀ ਹੁੰਦੇ ਹਾਂ ਮੈਂ ਤਾਂ ਉਂਜੇ ਝੂਠ ਮੂਠ ਆਖਿਆ ਸੀ, ਉਹਨੂੰ ਤਾਂ ਵੀ ਤਿਆ ਨਹੀਂ ਲੱਗੀ।—ਆਪਣੀ ਝੋਲੀ ਵਿਛਾ ਕੇ ਪੁੱਛਣ ਲੱਗੀ, "ਕਿੰਨੀਆਂ ਪਾਥੀਆਂ ਪਾ ਲਵਾਂ?" ਉਹਦੀ ਆਵਾਜ਼ 'ਚ ਅਧੀਨਗੀ ਘਟ ਗਈ ਸੀ।

"ਜਿੰਨੀਆਂ ਚੁੱਕ ਹੁੰਦੀਆਂ ਨੇ।" ਆਖ ਕੇ ਮੈਂ ਪਿਛਾਂਹ ਮੁੜ ਪਿਆ ਤੇ ਲੱਸੀ ਕੂੰਡੇ ਦੇ ਭਾਂਡੇ 'ਚ ਪਾ ਦਿੱਤੀ।

—o—

# ਉਦਾਂਬਰਾ/ਮਨਮੋਹਨ ਬਾਵਾ

'ਉਦਾਂਬਰਾ' ਨਾਮ ਦੀ ਜਾਤਕ ਕਥਾ 'ਤੇ ਅਧਾਰਤ ਇਹ ਕਹਾਣੀ ਅੱਜ ਤੋਂ ਦੋ ਕੁ ਹਜ਼ਾਰ ਸਾਲ ਪਹਿਲਾਂ ਦੀ ਹੈ। ਪਿਛਲ-ਭੂਮੀ ਅੱਜ ਦਾ ਰੋਪੜ ਜੋ ਉਸ ਵੇਲੇ ਰੂਪ ਨਗਰ ਕਰਕੇ ਜਾਣਿਆ ਜਾਂਦਾ ਸੀ ਅਤੇ ਪੁਰੂਸ਼ਿਨੀ ਨਦੀ ਜੋ ਅੱਜ ਦਾ ਰਾਵੀ ਦਰਿਆ ਹੈ।

ਜੈਅਦੇਵ ਦੀ ਸਿੱਖਿਆ ਦੇ ਜਦ ਤੱਕ ਪੰਜ ਸਾਲ ਪੂਰੇ ਹੋਏ ਤਦ ਤੱਕ ਆਚਾਰੀਆ ਕਲਿਆਣ ਮਿੱਤਰ ਦੀ ਪੁੱਤਰੀ ਕਲਿਆਨੀ ਵੀ ਜਵਾਨ ਹੋ ਗਈ। ਜੈਅਦੇਵ, ਆਸ਼ਰਮ ਦੇ ਸਾਰੇ ਵਿਦਿਆਰਥੀਆਂ 'ਚੋਂ ਬੁਧਵਾਨ ਅਤੇ ਮਿਹਨਤੀ ਸੀ। ਯਾਦ ਸ਼ਕਤੀ ਏਨੀ ਤੇਜ਼ ਕਿ ਇਕ ਵਾਰੀ ਸੁਣਿਆ, ਹਰਫ਼-ਬ-ਹਰਫ਼ ਯਾਦ ਹੋ ਜਾਂਦਾ। ਕਲਿਆਨੀ ਜਦ ਵੀ ਆਸ਼ਰਮ ਦੇ ਵਿਦਿਆਰਥੀਆਂ ਦੇ ਕੋਲੋਂ ਦੀ ਲੰਘਦੀ ਤਾਂ ਸਾਰੇ ਚੋਰ ਅੱਖਾਂ ਨਾਲ ਉਸ ਵੱਲ ਵੇਖੇ ਬਿਨਾਂ ਨਹੀਂ ਸਨ ਰਹਿ ਸਕਦੇ। ਉਸਦੇ ਸਰੀਰ ਦੇ ਅੰਗ ਜਿਵੇਂ ਕੱਪੜਿਆਂ ਨੂੰ ਪਾੜ ਕੇ ਆਜ਼ਾਦ ਹੋਣ ਲਈ ਕਾਹਲੇ ਪੈ ਰਹੇ ਹੋਣ। ਅੱਖਾਂ 'ਚ ਮਸਤੀ ਅਤੇ ਬੁੱਲ੍ਹਾਂ 'ਤੇ ਵਿਸਮਾਦ ਭਰੀ ਮੁਸਕਾਨ। ਪਰ ਕੀ ਮਜਾਲ ਕਿ ਕਲਿਆਨੀ ਦੀ ਇਹ ਸੁੰਦਰਤਾ ਜਾਂ ਝਾਂਜਰਾਂ ਦੀ ਛਣਕਾਰ ਜੈਅਦੇਵ ਦੀ ਇਕਾਗਰਤਾ ਨੂੰ ਭੰਗ ਕਰ ਸਕਦੀ।

ਸਿੱਖਿਆ ਪੂਰੀ ਹੋ ਜਾਣ ਤੋਂ ਬਾਅਦ ਜੈਅਦੇਵ ਆਪਣੇ ਘਰ ਰੂਪ ਨਗਰ (ਰੋਪੜ) ਵਾਪਸ ਪਰਤਣ ਦੀ ਤਿਆਰੀ ਕਰ ਰਿਹਾ ਸੀ ਤਾਂ ਉਸ ਸਮੇਂ ਦੀ ਪਰੰਪਰਾ ਅਨੁਸਾਰ ਆਚਾਰੀਆ ਕਲਿਆਣ ਮਿੱਤਰ ਨੇ ਆਪਣੀ ਪੁੱਤਰੀ ਕਲਿਆਨੀ ਦਾ ਵਿਆਹ ਆਪਣੇ 'ਪ੍ਰਮੁੱਖ ਸ਼ਿਸ਼' ਜੈਅਦੇਵ ਨਾਲ ਕਰ ਕੇ ਉਸ ਨਾਲ ਤੋਰ ਦਿੱਤਾ।

ਜੈਅਦੇਵ ਕਲਿਆਨੀ ਨੂੰ ਲੈ ਕੇ ਘਰ ਵੱਲ ਤੁਰ ਪਿਆ। ਤੁਰਨ ਤੋਂ ਪਹਿਲਾਂ ਉਨ੍ਹਾਂ ਦੋਹਾਂ ਇਕ ਰਾਤ ਇਕ ਕਮਰੇ 'ਚ ਬਿਤਾਈ। ਕਲਿਆਨੀ ਬਹੁਤ ਦੇਰ ਤੱਕ ਆਪਣੇ ਪਲੰਗ 'ਤੇ ਬੈਠੀ ਜੈਅਦੇਵ ਦੀ ਉਡੀਕ ਕਰਦੀ ਰਹੀ, ਪਰ ਜੈਅਦੇਵ ਕੁੰਜੇ ਚਟਾਈ ਵਿਛਾ ਕੇ ਅਤੇ ਉਸ ਵੱਲ ਪਿੱਠ ਕਰਕੇ ਲੰਮਾ ਪੈ ਗਿਆ। ਜਦ ਉਹ ਸੰਗਦੀ ਸੰਗਦੀ ਉਸ ਕੋਲ ਆ ਕੇ ਬੈਠੀ ਤਾਂ ਜੈਅਦੇਵ ਪਲੰਘ ਉਤੇ ਜਾ ਬੈਠਾ। ਸਾਰੀ ਰਾਤ ਇਸੇ ਤਰ੍ਹਾਂ ਬੀਤ ਗਈ।

ਕਲਿਆਨੀ ਨੇ ਸੋਚਿਆ : ਹਾਲੇ ਸ਼ਰਮਾਉਂਦਾ ਹੈ ਜਾਂ ਸ਼ਾਇਦ ਪਤਾ ਹੀ ਨਹੀਂ ਇਸ ਨੂੰ ਵਿਆਹੁਤਾ ਜੀਵਨ ਦੇ ਸੰਬੰਧਾਂ ਬਾਰੇ ...! ਖ਼ੈਰ! ਕੋਈ ਗੱਲ ਨਹੀਂ। ਇਕ ਦੋ ਦਿਨਾਂ 'ਚ ਸਭ ਕੁਝ ਸਮਝ ਆ ਜਾਵੇਗਾ ਇਸ ਬ੍ਰਹਮਚਾਰੀ ਨੂੰ ਅਤੇ ਆਉਣ ਵਾਲੇ ਸਮੇਂ ਦੀ ਕਲਪਨਾ ਕਰਦਿਆਂ ਉਹ ਮਨ ਹੀ ਮਨ ਹੱਸ ਪਈ।

ਹੁਣ ਜੈਅਦੇਵ ਦੇ ਨਾਲ ਨਾਲ ਤੁਰਦਿਆਂ ਕਲਿਆਨੀ ਸੋਚ ਰਹੀ ਸੀ: ਅਜੀਬ ਆਦਮੀ ਹੈ ? ਕੀ ਇਸ ਨੂੰ ਮੇਰੇ ਅੰਗਾਂ ਤੋਂ ਫੁੱਟਦੀ ਅੱਗ ਦਾ ਸੇਕ ਅਨੁਭਵ ਨਹੀਂ ਹੋ ਰਿਹਾ ? ਕੀ ਮੇਰੀਆਂ ਲਿਸ਼ਕਦੀਆਂ ਅੱਖਾਂ, ਸ਼ਹਿਦ ਵਰਗੇ ਬੁੱਲ੍ਹਾਂ 'ਚ ਕੋਈ ਖਿੱਚ ਨਜ਼ਰ ਨਹੀਂ ਆ ਰਹੀ ? ਇਸ ਜੰਗਲੀ ਪਗਡੰਡੀ 'ਤੇ ਤੁਰਦਿਆਂ ਕੀ ਇਹ ਚਹਿਕਦੇ ਪੰਛੀ, ਇਹ ਮਸਤ ਹਿਰਨਾਂ ਦੇ ਜੋੜੇ ਇਸ ਨੂੰ ਕੋਈ



ਸੰਦੇਸ਼ਾ ਨਹੀਂ ਦੇ ਰਹੇ ? ਤੇ ਇਹ ਬੁੱਧੂ ਤੁਰਦਾ ਜਾ ਰਿਹਾ ਹੈ, ਚੁੱਪਚਾਪ, ਮੇਰੀ ਹੋਂਦ ਤੋਂ ਬੇਖ਼ਬਰ.....! ਚੰਗਾ, ਅੱਜ ਰਾਤ ਪੈ ਜਾਣ ਦੇ। ਮੈਂ ਵੀ ਵੇਖਾਂਗੀ ਕਿੰਨਾ ਕੁ ਸੰਜਮ ਹੈ ਇਸ ਵਿੱਚ ?

ਸੂਰਜ ਛਿਪਣ ਤੱਕ ਉਹ ਪੁਰੂਸ਼ਿਨੀ (ਰਾਵੀ) ਨਦੀ ਕੰਢੇ ਆ ਕੇ ਰੁਕ ਗਏ। ਬੇੜੀ ਕੰਢੇ 'ਤੇ ਕਿੱਲੇ ਨਾਲ ਬੰਨ੍ਹੀ ਪਈ ਸੀ। ਪਰ ਮਲਾਹ ਗ਼ਾਇਬ ਸੀ। ਸ਼ਾਇਦ ਘਰ ਚਲਿਆ ਗਿਆ ਸੀ।

ਲੱਕੜਾਂ ਬਾਲ ਕੇ ਉਹ ਅੱਗ ਸਾਹਮਣੇ ਬੈਠ ਗਏ। ਘਰੋਂ ਲਿਆਂਦੀਆਂ ਰੋਟੀਆਂ ਖਾਣ ਤੋਂ ਬਾਅਦ ਕਲਿਆਨੀ ਨੇ ਆਪਣੀਆਂ ਬਾਹਾਂ ਉਚੀਆਂ ਕਰਕੇ ਆਕੜੀ ਲਈ ਤਾਂ ਉਸ ਦੀ ਪਿੱਠ ਪਿੱਛੇ ਬੰਨ੍ਹੀ ਗੰਢ ਖੁੱਲ੍ਹ ਗਈ ਜਾਂ ਉਸ ਨੇ ਜਾਣ ਕੇ ਪਹਿਲਾਂ ਹੀ ਗੰਢ ਢਿੱਲੀ ਕਰ ਛੱਡੀ ਸੀ। ਕਲਿਆਨੀ ਨੇ ਅੰਗ ਢੱਕਣ ਦਾ ਯਤਨ ਨਹੀਂ ਕੀਤਾ ਅਤੇ ਨਸ਼ਿਆਈਆਂ ਅੱਖਾਂ ਨਾਲ ਜੈਅਦੇਵ ਵੱਲ ਤੱਕਦੀ ਉਸ ਨਾਲ ਜੁੜ ਕੇ ਬੈਠ ਗਈ। ਜੈਅਦੇਵ ਤ੍ਰਭਕ ਕੇ ਉਠਿਆ ਅਤੇ ਉਸ ਤੋਂ ਦੂਰ ਜਾ ਕੇ ਖੜ੍ਹਾ ਹੋ ਗਿਆ।

ਕਲਿਆਨੀ ਦੀਆਂ ਅੱਖਾਂ 'ਚ ਕਰੋਧ ਝਲਕ ਉਠਿਆ ਅਤੇ ਉਹ ਜ਼ਖ਼ਮੀ ਸ਼ੇਰਨੀ ਵਾਂਗ ਉਸ ਵੱਲ ਤੱਕਦਿਆਂ ਬੋਲੀ, "ਕੀ ਤੁਹਾਨੂੰ ਮੇਰੇ ਅੰਗਾਂ ਦੇ ਉਭਾਰਾਂ, ਗੋਲ-ਸਡੌਲ ਪੱਟਾਂ, ਬਾਹਾਂ 'ਚੋਂ ਕੋਈ ਆਕਰਸ਼ਨ ਅਨੁਭਵ ਨਹੀਂ ਹੋ ਰਿਹਾ ? ਕੀ ਮੇਰਾ ਇਸਤਰੀਤਵ ਤੁਹਾਡੀ ਮਰਦਾਨਗੀ ਨੂੰ ਵੰਗਾਰਦਾ ਨਹੀਂ ਦਿਸਦਾ........?"

ਜੈਅਦੇਵ ਨੂੰ ਆਪਣੇ ਅੰਦਰ ਕੁਝ ਜਾਗਦਾ, ਉਭਰਦਾ ਮਹਿਸੂਸ ਹੋਇਆ, ਹੜ੍ਹ 'ਚ ਆਏ ਦਰਿਆ ਦੀਆਂ ਲਹਿਰਾਂ ਦੀ ਤਰ੍ਹਾਂ।.....ਪਰ ਛੇਤੀ ਹੀ ਉਸ ਨੇ ਆਪਣੇ ਆਪ ਨੂੰ ਸੰਭਾਲਿਆ ਅਤੇ ਸ਼ਾਂਤ ਆਵਾਜ਼ 'ਚ ਬੋਲਿਆ :

"ਮੈਨੂੰ ਖ਼ਿਮਾਂ ਕਰਨਾ ਦੇਵੀ ਕਲਿਆਨੀ। ਤੁਸੀਂ ਮੇਰੇ ਸਤਿਕਾਰਯੋਗ ਗੁਰੂ ਦੀ ਪੁੱਤਰੀ ਹੋ। ਤੇ.......!"

"ਗੁਰੂ ਪੁੱਤਰੀ!" ਉਹ ਉਸ ਦੀ ਗੱਲ ਕਟਦਿਆਂ ਵਿਅੰਗ ਨਾਲ ਬੋਲੀ, "ਕੀ ਮੈਂ ਤੁਹਾਡੀ ਪਤਨੀ ਨਹੀਂ ? ਜਾਂ...ਜਾਂ...!" ਕਹਿੰਦਿਆਂ ਉਹ ਚੁੱਪ ਹੋ ਗਈ।

"ਬੈਠ ਜਾਓ ਕਲਿਆਨੀ ਤੇ ਮੈਨੂੰ ਵੀ ਬੈਠ ਜਾਣ ਦੇਵੋ। ਮੈਂ ਬਹੁਤ ਥੱਕ ਗਿਆ ਹਾਂ!" ਫੇਰ ਕੁਝ ਦੇਰ ਬਾਅਦ ਬੋਲਿਆ :

"ਮੇਰੇ ਕੋਲ ਤੇਰੇ ਪ੍ਰਸ਼ਨਾਂ ਦਾ ਕੋਈ ਉਤਰ ਨਹੀਂ ਕਲਿਆਨੀ, ਸਿਵਾਏ ਇਸ ਦੇ ਕਿ ਮੈਂ ਤੁਹਾਡਾ ਪਤੀ ਹੋਣ ਦੇ ਯੋਗ ਨਹੀਂ। ਇਹ ਗੱਲ ਮੈਂ ਗੁਰੂ ਜੀ ਨੂੰ ਵੀ ਕਹੀ ਸੀ, ਪਰ ਉਨ੍ਹਾਂ ਮੇਰੀ ਇਕ ਨਾ ਸੁਣੀ। ਜੋ ਤੁਸੀਂ ਵੇਖ ਰਹੇ ਹੋ, ਵਾਸਤਵ 'ਚ ਮੈਂ ਉਹ ਨਹੀਂ। ਮੇਰਾ ਕੋਈ ਨਾ ਅਤੀਤ ਹੈ ਨਾ ਭਵਿੱਖ। ਮੈਂ ਤੇ ਇਹੀ ਕਹਾਂਗਾ, ਹਾਲੇ ਵੀ ਵੇਲਾ ਹੈ। ਕੁਝ ਨਹੀਂ ਵਿਗੜਿਆ। ਤੁਸੀਂ ਘਰ ਪਰਤ ਜਾਓ...!"

ਉਹ ਬਹੁਤ ਦੇਰ ਤੱਕ ਇਸੇ ਤਰ੍ਹਾਂ ਬੋਲਦਾ ਰਿਹਾ, ਬੇ-ਸਿਰ ਪੈਰ। ਕਲਿਆਨੀ ਨੂੰ ਕੁਝ ਸਮਝ ਨਹੀਂ ਆਇਆ ਕਿ ਉਹ ਕੀ ਕਹਿ ਰਿਹਾ ਹੈ। ਉਹ ਵੀ ਬਹੁਤ ਥਕਾਨ ਅਨੁਭਵ ਕਰ ਰਹੀ ਸੀ, ਸਾਰਾ ਦਿਨ ਤੁਰਦੇ ਰਹਿਣ ਅਤੇ ਮਾਨਸਿਕ ਘਾਲਣਾ ਕਰਕੇ। ਉਹ ਆਪਣੇ ਗੋਡਿਆਂ 'ਤੇ ਸਿਰ ਰੱਖ ਕੇ ਬੈਠ ਗਈ ਤੇ ਉਸ ਨੂੰ ਪਤਾ ਹੀ ਨਾ ਲੱਗਾ, ਕਦੋਂ ਉਸ ਨੂੰ ਨੀਂਦ ਨੇ ਆ ਘੇਰਿਆ।

ਸਵੇਰੇ ਅੱਖ ਖੁੱਲ੍ਹੀ ਤਾਂ ਵੇਖਿਆ ਇਕ ਭੂਰੇ ਰੰਗ ਦਾ ਕੰਬਲ ਉਸ ਉਤੇ ਪਿਆ ਹੋਇਆ ਹੈ। ਜੈਅਦੇਵ ਉਥੇ ਨਹੀਂ ਸੀ ਅਤੇ ਪੱਤਣ ਉਤੇ ਕਿਲੇ ਨਾਲ ਬੱਝੀ ਬੇੜੀ ਵੀ ਗਾਇਬ ਸੀ।

****

ਰਾਜਾ ਵਿਸ਼ਨੂੰ ਵਰਮਨ ਆਪਣੇ ਕੁਝ ਸੈਨਕਾਂ ਨਾਲ ਸ਼ਿਕਾਰ ਵਾਸਤੇ ਜੰਗਲ 'ਚ ਘੁੰਮ ਰਹੇ ਸਨ ਕਿ ਨਦੀ ਕੰਢੇ ਇਕ ਉਦਾਂਬਰ (ਅੰਜੀਰ) ਦੇ ਰੁੱਖ ਉਤੇ ਇਕ ਸੁੰਦਰ ਕੁੜੀ ਨੂੰ ਚੜ੍ਹਿਆ ਵੇਖ ਕੇ ਬਹੁਤ ਹੈਰਾਨ ਹੋਏ। ਕੁੜੀ ਰੁੱਖ 'ਤੇ ਚੜ੍ਹੀ ਅੰਜੀਰ ਖਾਣ 'ਚ ਵਿਅਸਥ ਸੀ। ਰਾਜਾ ਨੂੰ ਵੇਖ ਕੇ ਉਹ ਥੱਲੇ ਉਤਰ ਆਈ।

"ਤੂੰ ਕੌਣ ਏਂ ? ਤੇ ਇਕੱਲੀ ਇਸ ਜੰਗਲ 'ਚ ਕੀ ਕਰ ਰਹੀ ਏਂ ?" ਰਾਜਾ ਨੇ ਪੁੱਛਿਆ।

ਕਲਿਆਣੀ ਨੇ ਪਹਿਲਾਂ ਰਾਜੇ ਅਤੇ ਫੇਰ ਉਸ ਦੇ ਸੈਨਕਾਂ ਵੱਲ ਤੱਕਿਆ। ਕੁਝ ਦੇਰ ਸੋਚਦੀ ਰਹੀ, ਫੇਰ ਬੋਲੀ।

"ਮੈਂ ਜੋ ਵੀ ਬੋਲਾਂਗੀ, ਉਸ 'ਤੇ ਤੁਹਾਨੂੰ ਯਕੀਨ ਨਹੀਂ ਆਏਗਾ। ਬੱਸ ਏਹੀ ਸਮਝ ਲਓ ਕਿ ਮੈਂ ਇਕੱਲੀ ਹਾਂ ਇਸ ਦੁਨੀਆਂ ਵਿੱਚ। ਨਾ ਕੋਈ ਅੱਗੇ, ਨਾ ਪਿੱਛੇ।"

'ਮੈਂ ਕੀ ਲੈਣਾ ਤੇਰਾ ਅੱਗਾ ਪਿੱਛਾ ਜਾਣ ਕੇ।' ਰਾਜਾ ਨੇ ਉਸ ਦੀ ਸੁੰਦਰਤਾ ਨੂੰ ਵੇਖਦਿਆਂ ਮਨ ਹੀ ਮਨ ਕਿਹਾ। ਫੇਰ ਬੋਲਿਆ, "ਕੀ ਤੂੰ ਮੇਰੇ ਨਾਲ ਜਾਣਾ ਚਾਹੇਂਗੀ ?"

"ਇਸ ਵਿੱਚ ਪੁੱਛਣ ਦੀ ਕੀ ਗੱਲ।" ਕੋਲ ਖੜ੍ਹੇ ਇਕ ਸੇਵਕ ਨੇ ਰਾਜਾ ਦੀ ਨੀਅਤ ਨੂੰ ਤਾੜਦਿਆਂ ਆਖਿਆ, "ਸ਼ਾਸਤਰਾਂ 'ਚ ਲਿਖਿਆ ਹੈ ਜੋ ਵਸਤੂ ਐਵੇਂ ਹੀ ਪਈ ਮਿਲੇ ਅਤੇ ਜਿਸ ਦਾ ਕੋਈ ਮਾਲਕ ਨਾ ਹੋਵੇ, ਉਹ ਰਾਜਾ ਦੀ।"

"ਤੇਰਾ ਨਾਂਓ ਕੀ ਏ ?" ਰਾਜਾ ਨੇ ਪੁੱਛਿਆ।

"ਮੈਂ ਆਪਣਾ ਅਤੀਤ, ਆਪਣਾ ਸਭ ਕੁਝ ਭੁੱਲ ਜਾਣਾ ਚਾਹੁੰਦੀ ਹਾਂ, ਆਪਣਾ ਨਾਮ ਵੀ।"

"ਇਹ ਵੀ ਠੀਕ ਏ। ਤੂੰ ਮੈਨੂੰ ਉਦਾਂਬਰ ਦੇ ਰੁੱਖ 'ਤੇ ਬੈਠੀ ਮਿਲੀ। ਮੈਂ ਤੈਨੂੰ ਉਦਾਂਬਰਾ ਦੇ ਨਾਮ ਨਾਲ ਬੁਲਾਇਆ ਕਰਾਂਗਾ।"

****

ਉਦਾਂਬਰਾ ਕੁਝ ਦਿਨ ਰਖੇਲ ਦੇ ਤੌਰ 'ਤੇ ਰਾਜਾ ਦੇ ਰਣਵਾਸ 'ਚ ਰਹੀ। ਪਰ ਛੇਤੀ ਹੀ ਉਹ ਆਪਣੀ ਸੁੰਦਰਤਾ, ਸੂਝ-ਬੂਝ ਅਤੇ ਚਤੁਰਾਈ ਨਾਲ ਚਹੇਤੀ ਰਾਣੀ ਬਣ ਗਈ। ਵਿਦਵਾਨ ਪਿਤਾ ਕੋਲ ਰਹਿਣ ਕਾਰਨ ਵੇਦ-ਸ਼ਾਸਤਰਾਂ 'ਚੋਂ ਬਹੁਤ ਕੁਝ ਜ਼ਬਾਨੀ ਯਾਦ ਹੋ ਗਿਆ ਸੀ। ਗੱਲਾਂ ਗੱਲਾਂ ਵਿੱਚ ਸ਼ਾਸਤਰਾਂ ਦੀਆਂ ਟੂਕਾਂ ਸੁਣਾ ਕੇ ਸੁਣਨ ਵਾਲੇ ਨੂੰ ਪ੍ਰਭਾਵਿਤ ਕਰ ਦਿੰਦੀ। ਬਹੁਤ ਵਾਰੀ ਰਾਜਾ ਉਸ ਕੋਲੋਂ ਰਾਜ ਦੇ ਕੰਮਾਂ ਅਤੇ ਸਮੱਸਿਆਵਾਂ ਬਾਰੇ ਸਲਾਹ-ਮਸ਼ਵਰਾ ਵੀ ਕਰ ਲੈਂਦਾ।

ਇਕ ਦਿਨ ਜਦ ਰਾਜਾ ਵਿਸ਼ਨੂੰ ਵਰਮਨ ਉਦਾਂਬਰਾ ਨਾਲ ਨਦੀ ਤੋਂ ਸੈਰ ਕਰਕੇ ਵਾਪਸ ਪਰਤ ਰਹੇ ਸਨ ਤਾਂ ਇਕ ਬ੍ਰਾਹਮਣ ਹੱਥ ਜੋੜ ਕੇ ਸਾਹਮਣੇ ਆ ਖੜ੍ਹਾ ਹੋਇਆ। ਪੁੱਛਣ 'ਤੇ ਬੋਲਿਆ।



"ਮੈਂ ਇਕ ਵਿਦਵਾਨ ਬ੍ਰਾਹਮਣ ਹਾਂ। ਮੈਨੂੰ ਪਤਾ ਲੱਗਿਆ ਹੈ ਕਿ ਤੁਹਾਡੇ ਸੰਦੇਸ਼-ਲੇਖਕ ਸੁਰਗਵਾਸ ਹੋ ਗਏ ਹਨ। ਮੈਨੂੰ ਉਸ ਦੀ ਥਾਂ ਤੁਹਾਡੀ ਸੇਵਾ ਕਰਨ ਦਾ ਅਵਸਰ ਪ੍ਰਾਪਤ ਹੋ ਜਾਏ ਤਾਂ ਆਪਣੇ ਧੰਨਭਾਗ ਸਮਝਾਂਗਾ।"

"ਤੂੰ ਠੀਕ ਸੁਣਿਆ ਏ। ਪਰ ਮੈਨੂੰ ਇਕ ਅਨੁਭਵੀ ਅਤੇ ਕੁਸ਼ਲ ਲੇਖਕ ਚਾਹੀਦਾ ਹੈ।" ਰਾਜਾ ਉਸ ਦੀ ਆਯੂ ਦਾ ਅਨੁਮਾਨ ਲਾਉਂਦਿਆਂ ਬੋਲੇ।

"ਮੇਰੀ ਆਯੂ ਵੇਖ ਕੇ ਅਨੁਮਾਨ ਨਾ ਲਾਓ ਰਾਜਨ। ਤੁਸੀਂ ਵੇਖੋਗੇ ਕਿ ਮੈਂ ਆਪਣੀ ਕੁਸ਼ਲਤਾ ਤੋਂ ਬਹੁਤ ਘੱਟ ਦੀ ਮੰਗ ਕਰ ਰਿਹਾ ਹਾਂ।"

ਉਦਾਂਬਰਾ ਨੂੰ ਬ੍ਰਾਹਮਣ ਦੀ ਆਵਾਜ਼ ਜਾਣੀ-ਪਛਾਣੀ ਜਾਪੀ। ਉਸ ਨੇ ਗਰਦਨ ਘੁਮਾ ਕੇ ਵੇਖਿਆ ਤਾਂ ਉਹ ਹੋਰ ਕੋਈ ਨਹੀਂ, ਜੈਅਦੇਵ ਹੀ ਸੀ, ਉਸ ਦਾ ਪਤੀ ਜੈਅਦੇਵ।

ਉਸੇ ਵੇਲੇ ਜੈਅਦੇਵ ਦੀਆਂ ਨਜ਼ਰਾਂ ਵੀ ਉਸ ਨਾਲ ਮਿਲੀਆਂ ਅਤੇ ਉਸ ਨੇ ਰਾਣੀ ਉਦਾਂਬਰਾ ਅੱਗੇ ਸਤਿਕਾਰ ਪੂਰਵਕ ਸਿਰ ਨਿਵਾ ਕੇ ਨਜ਼ਰਾਂ ਝੁਕਾ ਲਈਆਂ। ਉਦਾਂਬਰਾ ਨੂੰ ਲੱਗਿਆ ਜਿਵੇਂ ਜੈਅਦੇਵ ਨੇ ਉਸ ਨੂੰ ਪਛਾਣਿਆ ਨਹੀਂ। ਉਸ ਦੀਆਂ ਨਜ਼ਰਾਂ 'ਚ ਕੋਈ ਐਸਾ ਸੰਕੇਤ ਨਹੀਂ ਸੀ।

ਉਦਾਂਬਰਾ ਦੇ ਮਸਤਕ 'ਚ ਇਕਦਮ ਪੁਰਖਿਨੀ ਨਦੀ ਕੰਢੇ ਬਿਤਾਈ ਰਾਤ ਦਾ ਦ੍ਰਿਸ਼ ਘੁੰਮ ਗਿਆ। ਉਸ ਨੇ ਜੈਅਦੇਵ ਵੱਲ ਤੱਕਿਆ ਅਤੇ ਆਪਣੇ ਮਨ 'ਚ ਉਠ ਰਹੇ ਕ੍ਰੋਧ ਨੂੰ ਦਬਾਉਂਦਿਆਂ ਵਿਅੰਗ ਨਾਲ ਬੋਲੀ :

"ਕਦੇ ਕਿਤੇ ਕੋਈ ਕੰਮ ਵੀ ਕੀਤਾ ਹੈ ਜਾਂ ਵੇਦ-ਸ਼ਾਸਤਰ ਹੀ ਰਟਦੇ ਰਹੇ ਸਾਰੀ ਉਮਰ ?" ਉਸ ਦਾ ਦਿਲ ਧਕ ਧਕ ਕਰ ਰਿਹਾ ਸੀ। ਉਤਸੁਕਤਾ ਸੀ ਕਿ ਜੈਅਦੇਵ ਨੇ ਉਸ ਨੂੰ ਪਛਾਣਿਆ ਕਿ ਨਹੀਂ।

ਇਹ ਵੇਖ ਕੇ ਕਿ ਉਸ ਨੇ ਨਹੀਂ ਪਛਾਣਿਆ, ਉਦਾਂਬਰਾ ਦੇ ਮਨ ਵਿਚ ਉਸ ਪ੍ਰਤੀ ਕ੍ਰੋਧ ਉਭਰ ਆਇਆ। "ਏਨਾ ਬੇਪ੍ਰਵਾਹ, ਬੇਲਾਗ, ਮੇਰੇ ਵਜੂਦ ਤੋਂ ? ਇਸ ਨੇ ਸ਼ਾਇਦ ਮੇਰੇ ਵੱਲ ਕਦੇ ਧਿਆਨ ਨਾਲ ਤੱਕਿਆ ਹੀ ਨਹੀਂ ਹੋਵੇਗਾ ? ਖ਼ੈਰ। ਹੁਣ ਲਵਾਂਗੀ ਸਾਰੇ ਬਦਲੇ ਇਸ ਆਦਮੀ ਤੋਂ।

"ਮੈਂ ਪਾਟਲੀ ਪੁੱਤਰ ਦੇ ਪੁਸਤਕਾਲੇ 'ਚ ਸ਼ਸਤਰਾਂ ਦੀਆਂ ਪ੍ਰਤਿਲਿਪੀਆਂ ਬਣਾਈਆਂ ਅਤੇ ਕੁਝ ਦੇਰ ਤ੍ਰੈਗਾਰਤਾ (ਕਾਂਗੜਾ) ਦੇ ਰਾਜੇ ਦੀ ਸੇਵਾ ਕੀਤੀ ਹੈ।"

ਉਦਾਂਬਰਾ ਨੇ ਅੱਖਾਂ ਹੀ ਅੱਖਾਂ 'ਚ ਰਾਜਾ ਨੂੰ ਇਸ਼ਾਰਾ ਕੀਤਾ। ਉਸ ਦਾ ਸੰਕੇਤ ਸਮਝ ਕੇ ਰਾਜਾ ਜੈਅਦੇਵ ਨੂੰ ਸੰਬੋਧਨ ਕਰਦਿਆਂ ਬੋਲਿਆ :

"ਠੀਕ ਏ। ਕੱਲ੍ਹ ਉਪਸਥਿਤ ਹੋ ਜਾਣਾ। ਵੇਖਾਂਗੇ ਕਿੰਨੀ ਕੁ ਕੁਸ਼ਲਤਾ ਹੈ ਤੇਰੇ ਵਿੱਚ।"

ਪਰ ਇਹ ਵੀ ਉਦਾਂਬਰਾ ਦਾ ਭੁਲੇਖਾ ਸੀ ਕਿ ਜੈਅਦੇਵ ਨੇ ਉਸਨੂੰ ਪਛਾਣਿਆ ਨਹੀਂ। ਉਹ ਇਸ ਰਾਜ 'ਚ ਆਇਆ ਹੀ ਉਸ ਦੇ ਇੱਥੇ ਹੋਣ ਬਾਰੇ ਸੁਣ ਕੇ ਸੀ। ਉਦਾਂਬਰਾ ਨੂੰ ਭੁਲੇਖੇ 'ਚ ਰੱਖਣ ਦੀ ਸਫਲਤਾ ਲਈ ਉਸਨੂੰ ਪ੍ਰਸੰਨਤਾ ਸੀ ਅਤੇ ਉਹ ਇਹ ਵੀ ਜਾਣ ਗਿਆ ਸੀ ਕਿ ਉਦਾਂਬਰਾ ਨੇ ਉਸਨੂੰ ਪਛਾਣ ਲਿਆ ਹੈ।

ਪਿਛਲੇ ਤਿੰਨ ਚਾਰ ਵਰ੍ਹਿਆਂ ਦੇ ਦੌਰਾਨ ਥਾਂ ਥਾਂ ਭਟਕਦਿਆਂ ਉਸ ਦੇ ਮਨ ਵਿਚ ਕਲਿਆਨੀ ਨੂੰ ਵੇਖਣ ਅਤੇ ਉਸ ਬਾਰੇ ਜਾਣਨ ਦੀ ਇੱਛਾ ਉਭਰ ਆਈ ਸੀ। ਹੁਣ ਉਹ ਕਾਫ਼ੀ ਚਤੁਰ ਅਤੇ ਅਨੁਭਵੀ ਹੋ ਗਿਆ ਸੀ। ਦੋ ਤਿੰਨ ਵਾਰੀਂ ਉਸ ਨੂੰ ਬ੍ਰਾਹਮਣਾਂ ਹੱਥੋਂ ਖੁਆਰ ਵੀ ਹੋਣਾ ਪਿਆ। ਇੱਥੇ ਆ ਕੇ ਉਹ ਕੀ ਕਰੇਗਾ ? ਇਸ ਬਾਰੇ ਉਸ ਨੇ ਕੋਈ ਸਾਫ਼ ਧਾਰਨਾ ਨਹੀਂ ਸੀ ਬਣਾਈ। ਪਰ ਇਹ ਵਿਸ਼ਵਾਸ ਜ਼ਰੂਰ ਸੀ ਕਿ 'ਰਾਣੀ' ਉਦਾਂਬਰਾ ਉਸ ਦੀ ਵਿਆਹੁਤਾ ਹੈ। ਸੱਚੇ ਮਨ ਨਾਲ ਕਦੇ ਉਸ ਨੇ ਪਿਆਰ ਵੀ ਕੀਤਾ ਹੋਵੇਗਾ ਉਸ ਨਾਲ। ਤੇ ਇੱਥੇ ਆਉਣ ਦਾ ਪਰਿਣਾਮ ਜੇ ਸੁਖਦਾਈ ਨਾ ਵੀ ਹੋਵੇ, ਹਾਨੀਕਾਰਕ ਵੀ ਨਹੀਂ ਹੋਵੇਗਾ।

****

ਛੇ ਮਹੀਨੇ ਬੀਤ ਗਏ।

ਉਹ ਪੱਤਰ ਲੇਖਕ ਦਾ ਪੱਤਰ ਲੇਖਕ ਹੀ ਰਿਹਾ। ਕੋਈ ਤਰੱਕੀ ਨਹੀਂ। ਨਾ ਰਾਜਾ ਵੱਲੋਂ ਕੋਈ ਵਿਸ਼ੇਸ਼ ਪੁੱਛ-ਗਿੱਛ। ਰਹਿਣ ਲਈ ਵੀ ਦੋ ਕਮਰੇ ਦਾ ਇਕ ਛੋਟਾ ਜਿਹਾ ਮਕਾਨ।

ਪਿਛਲੇ ਛੇ ਮਹੀਨਿਆਂ 'ਚ ਕੁਝ ਐਸੇ ਅਵਸਰ ਵੀ ਆਏ ਜਦ ਉਦਾਂਬਰਾ ਅਤੇ ਜੈਅਦੇਵ ਇਕ ਦੂਜੇ ਦੇ ਸਨਮੁੱਖ ਇਕੱਲੇ ਸਨ, ਪਰ ਜੈਅਦੇਵ ਨੇ ਉਸ ਨਾਲ ਕੋਈ ਅਪਣਾਪਣ ਜਤਾਉਣ ਦਾ ਯਤਨ ਨਹੀਂ ਕੀਤਾ। ਉਦਾਂਬਰਾ ਮਨ ਹੀ ਮਨ ਚਾਹੁਣ ਲੱਗੀ ਸੀ ਕਿ ਜੈਅਦੇਵ ਉਸ ਉੱਤੇ ਆਪਣਾ ਕੋਈ ਹੱਕ ਜਤਾਵੇ। ਰਾਤ ਨੂੰ ਲੰਮੇ ਪਿਆ ਕਦੇ ਕਦੇ ਉਹ ਉਸ ਬਾਰੇ ਸੋਚਣ ਲੱਗਦੀ ਅਤੇ ਉਸ ਦਾ ਸਰੀਰ ਉਸ ਦੀ ਛੋਹ ਪ੍ਰਾਪਤ ਕਰਨ ਲਈ ਵਿਆਕੁਲ ਹੋ ਉਠਦਾ।

ਨਹੀਂ, ਨਹੀਂ, ਮੈਨੂੰ ਇੰਜ ਨਹੀਂ ਸੋਚਣਾ ਚਾਹੀਦਾ। ਮੈਂ ਹੁਣ ਰਾਣੀ ਹਾਂ ਅਤੇ ਆਪਣੀ ਮਾਣ-ਮਰਿਯਾਦਾ ਕਾਇਮ ਰੱਖਣ ਲਈ ਜ਼ਰੂਰੀ ਹੈ ਕਿ ਇਹ ਦੂਰੀ, ਇਹ ਨਾ-ਪਛਾਣਨਾ ਇਸੇ ਤਰ੍ਹਾਂ ਬਣਿਆ ਰਹੇ।

ਪਰ ਨਾਲ ਹੀ ਨਾਲ ਉਸ ਪ੍ਰਤੀ ਰੋਸ ਅਤੇ ਕ੍ਰੋਧ ਵੀ ਉਤਪੰਨ ਹੋ ਉਠਦਾ। ਇਕ ਉਤਸੁਕਤਾ ਵੀ, ਉਸ ਕਾਰਨ ਨੂੰ ਜਾਣਨ ਦੀ, ਜਿਸ ਕਾਰਨ ਜੈਅਦੇਵ ਉਸ ਨੂੰ ਜੰਗਲ ਦੇ ਵਿਚ ਇਕੱਲਿਆਂ ਛੱਡ ਕੇ ਨੱਸ ਗਿਆ ਸੀ।

ਤੇ ਫੇਰ ਉਦਾਂਬਰਾ ਨੇ ਆਪਣੀ ਇਕ ਵਿਸ਼ਵਾਸਪਾਤਰ, ਸੁੰਦਰ ਦਾਸੀ, ਕੰਚਨ ਮਾਲਾ ਨੂੰ 'ਸਭ ਕੁਝ' ਚੰਗੀ ਤਰ੍ਹਾਂ ਸਿੱਖਾ ਕੇ ਜੈਅਦੇਵ ਵੱਲ ਭੇਜ ਦਿੱਤਾ।

ਅਗਲੀ ਸਵੇਰ ਜਦ ਜੈਅਦੇਵ ਨਦੀ ਤੋਂ ਇਸ਼ਨਾਨ ਕਰ ਕੇ ਪਰਤ ਰਿਹਾ ਸੀ ਤਾਂ ਲੋਕਾਂ ਨੇ ਸੰਘਣੇ ਰੁੱਖਾਂ ਵਿਚਕਾਰੋਂ ਕਿਸੇ ਇਸਤਰੀ ਦੀ ਚੀਕ ਪੁਕਾਰ ਸੁਣੀ। ਕੋਲ ਜਾ ਕੇ ਵੇਖਿਆ ਤਾਂ ਦਾਸੀ ਕੰਚਨ ਮਾਲਾ ਦੇ ਕੱਪੜੇ ਪਾਟੇ ਹੋਏ ਸਨ ਅਤੇ ਉਹ ਰੌਲਾ ਪਾ ਰਹੀ ਸੀ ਕਿ ਜੈਅਦੇਵ ਨੇ ਉਸ ਨਾਲ ਬਲਾਤਕਾਰ ਕਰਨ ਦੀ ਨੀਅਤ ਨਾਲ ਉਸ ਦੀ ਇਹ ਦਸ਼ਾ ਕੀਤੀ ਹੈ....।

ਮਾਮਲਾ ਰਾਜਾ ਵਿਸ਼ਨੂੰ ਵਰਮਨ ਤੱਕ ਪਹੁੰਚਿਆ।

ਉਦਾਂਬਰਾ ਨੇ ਕ੍ਰੋਧਿਤ ਹੁੰਦਿਆਂ ਆਖਿਆ : "ਇਸ ਨੇ ਮੇਰੀ ਦਾਸੀ ਨਾਲ ਬਲਾਤਕਾਰ ਕਰਨ ਦਾ ਯਤਨ ਕੀਤਾ ਹੈ। ਇਸ ਨੂੰ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ, ਕੋੜਿਆਂ ਦੀ ....।"



ਰਾਜਾ ਦਾ ਵਿਚਾਰ ਸੀ ਕਿ ਜੈਅਦੇਵ ਅਤੇ ਕੰਚਨ ਮਾਲਾ, ਦੋਹਾਂ ਨੂੰ ਵੱਖਰਾ ਵੱਖਰਾ ਬੁਲਾ ਕੇ ਚੰਗੀ ਤਰ੍ਹਾਂ ਪੁੱਛ-ਗਿੱਛ ਕੀਤੀ ਜਾਏ। ਕੀ ਪਤਾ ਵਿਚੋਂ ਗੱਲ ਕੋਈ ਹੋਰ ਹੀ ਹੋਵੇ ? ਤੇ ਜੇ ਇਹ ਸੱਚ ਵੀ ਹੋਇਆ ਤਾਂ ਉਸ ਨੂੰ ਉਸ ਦੇ ਪਦ ਤੋਂ ਹਟਾ ਕੇ ਰਾਜ ਤੋਂ ਬਾਹਰ ਕੱਢ ਦੇਣਾ ਕਾਫ਼ੀ ਹੋਵੇਗਾ। ਬ੍ਰਾਹਮਣ ਵਿਦਵਾਨ ਹੈ। ਕੋੜਿਆਂ ਦੀ ਸਜ਼ਾ ਦੇਣਾ ਉਚਿਤ ਨਹੀਂ।

ਉਦਾਂਬਰਾ ਮਨ ਹੀ ਮਨ ਘਬਰਾ ਗਈ। ਜੇ ਵਾਸਤਵਿਕਤਾ ਪ੍ਰਗਟ ਹੋ ਗਈ ਤਾਂ ਕਿਤੇ ਬਾਜ਼ੀ ਉਲਟੀ ਹੀ ਨਾ ਪੈ ਜਾਏ ?

ਰਾਜੇ ਨੇ ਜੈਅਦੇਵ ਨੂੰ ਬੁਲਾ ਕੇ ਪੁੱਛਿਆ, "ਜੋ ਅਸਾਂ ਸੁਣਿਆ ਹੈ, ਕੀ ਉਹ ਸੱਚ ਹੈ ?"

ਜੈਅਦੇਵ ਨੇ ਤਿੱਖੀ ਨਜ਼ਰ ਨਾਲ ਕੋਲ ਖੜ੍ਹੀ ਉਦਾਂਬਰਾ ਵੱਲ ਤੱਕਿਆ। ਉਸ ਦੀਆਂ ਅੱਖਾਂ 'ਚ ਇਸ ਵਾਰ ਉਦਾਂਬਰਾ ਪ੍ਰਤੀ ਪਛਾਣ ਸੀ ਅਤੇ ਇਕ ਵੰਗਾਰ ਵੀ। ਫੇਰ ਰਾਜਾ ਨੂੰ ਸੰਬੋਧਿਤ ਹੁੰਦਿਆਂ ਬੋਲਿਆ :

"ਮੈਂ ਇਕ ਗਰੀਬ ਬ੍ਰਾਹਮਣ ਹਾਂ ਅਤੇ ਉਹ ਮਹਾਰਾਣੀ ਦੀ ਦਾਸੀ। ਜੇ ਉਹ ਕਹਿੰਦੀ ਹੈ ਤਾਂ ਠੀਕ ਹੀ ਹੋਵੇਗਾ।

"ਠੀਕ ਹੈ ਜਾਂ ਠੀਕ ਹੀ ਹੋਵੇਗਾ ? ਸਾਫ਼ ਸਾਫ਼ ਬੋਲੋ ?"

"ਇਹ ਕੀ ਬੋਲੇਗਾ ਸਾਫ਼ ਸਾਫ਼ !" ਉਦਾਂਬਰਾ ਜੈਅਦੇਵ ਵੱਲ ਤਿੱਖੀਆਂ ਨਜ਼ਰਾਂ ਨਾਲ ਤਕਦਿਆਂ ਬੋਲੀ, "ਮੈਂ ਚੰਗੀ ਤਰ੍ਹਾਂ ਜਾਣਦੀ ਹਾਂ ਇਸ ਤਰ੍ਹਾਂ ਦਿਆਂ ਆਦਮੀਆਂ ਨੂੰ । ਹੁਣ ਭੋਲਾ ਭਾਲਾ ਬਣਨ ਦਾ ਨਾਟਕ ਕਰ ਰਿਹਾ ਹੈ। ਪਤਾ ਨਹੀਂ ਕਿਸ ਕਿਸ ਦੇ ਜੀਵਨ ਨਾਲ ਖੇਡਦਾ ਰਿਹਾ ਹੈ ਇਹ ਬ੍ਰਾਹਮਣ !" ਉਸ ਦੇ ਬੋਲਾਂ ਵਿਚ ਤਲਖ਼ੀ ਸੀ ਅਤੇ ਬਦਲੇ ਦੀ ਭਾਵਨਾ।

ਜੈਅਦੇਵ ਚੁੱਪ ਚਾਪ ਖੜ੍ਹਾ ਰਿਹਾ ਸੀ।

"ਹੁਣ ਤੇਰੇ ਅੱਗੇ ਦੋ ਸੁਝਾਅ ਹਨ !" ਰਾਜਾ ਕੁਝ ਸੋਚਦਿਆਂ ਬੋਲਿਆ, "ਮੇਰੇ ਰਾਜ 'ਚੋਂ ਨਿਕਲਣਾ ਜਾਂ ਕੋੜਿਆਂ ਦਾ ਦੰਡ ?"

"ਆਦਮੀ ਅਣਜਾਣੇ 'ਚ ਬਥੇਰੀਆਂ ਭੁੱਲਾਂ ਕਰ ਬੈਠਦਾ ਹੈ !" ਉਹ ਰਾਜਾ ਨੂੰ ਘੱਟ ਅਤੇ ਉਦਾਂਬਰਾ ਨੂੰ ਜ਼ਿਆਦਾ ਸੁਣਾਉਂਦਿਆਂ ਬੋਲਿਆ, "ਭਾਵੁਕਤਾ-ਵੱਸ ਜਾਂ ਕਿਸੇ ਹੋਰ ਕਾਰਨਾਂ ਵੱਸ, ਉਹ ਐਸਾ ਕੁਝ ਵੀ ਕਰ ਬੈਠਦਾ ਹੈ ਜਿਸ ਦੇ ਉਚਿਤ ਅਣਉਚਿਤ ਹੋਣ ਬਾਰੇ ਵੀ ਮਨ ਵਿਚ ਸ਼ੰਕਾਵਾਂ ਉਤਪੰਨ ਹੋ ਉਠਦੀਆਂ ਹਨ। ਜੇ... ਜੇ ਕੋੜਿਆਂ ਦੇ ਦੰਡ ਤੋਂ ਬਾਅਦ ਮੇਰਾ ਅਪਰਾਧ ਖ਼ਿਮਾ ਕਰ ਦਿੱਤਾ ਜਾਏ ਤਾਂ ਆਪਣੇ ਆਪ ਨੂੰ ਭਾਗਸ਼ਾਲੀ ਸਮਝਾਂਗਾ !"

ਰਾਜਾ ਨੇ ਇਕ ਵਾਰੀ ਰਾਣੀ ਵੱਲ ਅਤੇ ਫੇਰ ਬੂਹੇ ਪਿੱਛੇ ਖੜ੍ਹੀ ਕੰਚਨ ਮਾਲਾ ਵੱਲ ਤੱਕਦਿਆਂ ਆਖਿਆ, "ਠੀਕ ਏ। ਜਿਵੇਂ ਤੇਰੀ ਇੱਛਾ !"

ਕੰਚਨ ਮਾਲਾ ਹੈਰਾਨ ਖੜ੍ਹੀ ਸੋਚ ਰਹੀ ਸੀ : "ਰਾਣੀ ਨੇ ਇਹ ਸਾਰਾ ਖੜਯੰਤਰ ਕਿਉਂ ਰਚਿਆ ? ਕੀ ਵੈਰ ਹੈ ਇਸ ਨੂੰ ਇਸ ਵਿਚਾਰੇ ਬ੍ਰਾਹਮਣ ਨਾਲ... ? ਤੇ ਇਹ ਵੀ ਕਿਉਂ ਸਹਿ ਰਿਹਾ ਹੈ, ਚੁੱਪ ਚਾਪ, ਇਹ ਸਭ ਕੁਝ... ?"

ਤੇ ਜਦ ਸੈਨਕ ਉਸ ਨੂੰ ਫੜ ਕੇ ਲੈ ਜਾ ਰਹੇ ਸਨ ਤਾਂ ਕੰਚਨ ਮਾਲਾ ਨੇ ਹੌਸਲਾ ਕਰਦਿਆਂ ਸੈਨਕਾਂ ਨੂੰ ਜਾ ਕੇ ਆਖਿਆ, "ਮਹਾਰਾਜ ਦਾ ਆਦੇਸ਼ ਹੈ ਕਿ ਇਨ੍ਹਾਂ ਨੂੰ ਕੋੜੇ ਹਲਕੇ ਹਲਕੇ ਮਾਰੇ

ਜਾਣ। ਬਹੁਤੀ ਸੱਟ ਨਾ ਲੱਗੇ...।" ਉਂਜ ਮਨ ਹੀ ਮਨ ਮਹਾਰਾਜ ਵਿਸ਼ਨੂੰ ਵਰਮਨ ਦੀ ਵੀ ਇਹੀ ਇੱਛਾ ਸੀ ਸ਼ਾਇਦ।

****

ਉਸ ਦਿਨ ਰਾਜਾ ਸ਼ਿਕਾਰ ਖੇਡਣ ਗਿਆ ਹੋਇਆ ਸੀ ਤਾਂ ਉਦਾਂਬਰਾ ਨੇ ਕੰਚਨ ਮਾਲਾ ਦੇ ਹੱਥ ਸੁਨੇਹਾ ਭੇਜ ਕੇ ਜੈਅਦੇਵ ਨੂੰ ਬੁਲਾ ਲਿਆ।

ਜੈਅਦੇਵ ਆਇਆ ਤਾਂ ਉਦਾਂਬਰਾ ਉਸ ਨੂੰ ਸੰਬੋਧਿਤ ਹੁੰਦਿਆਂ ਬੋਲੀ, "ਮੈਂ ਇਕ ਸੰਦੇਸ਼ਾ ਭੇਜਣਾ ਚਾਹੁੰਦੀ ਹਾਂ, ਉਸ ਆਦਮੀ ਨੂੰ, ਜੋ ਮੈਨੂੰ ਪਰੂਸ਼ਿਨੀ ਕੰਢੇ ਰਾਤ ਦੇ ਹਨੇਰੇ 'ਚ ਇਕੱਲਿਆਂ ਛੱਡ ਕੇ ਚਲਾ ਗਿਆ ਸੀ।"

ਜੈਅਦੇਵ ਨੇ ਪਹਿਲੀ ਵਾਰੀ ਉਦਾਂਬਰਾ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਵੇਖਿਆ ਤੇ ਬੋਲਿਆ :

"ਜੇ ਤੁਸੀਂ ਪਛਾਣ ਹੀ ਲਿਆ ਸੀ, ਤਾਂ ਇਹ ਸਭ ਨਾਟਕ ਕਰਨ ਦੀ ਕੀ ਲੋੜ ?"

"ਉਂਜ ਨਾਟਕ ਤੇ ਤੁਸੀਂ ਕਰਦੇ ਰਹੇ ਹੋ ਮੇਰੇ ਨਾਲ। ਪਛਾਣ ਤੇ ਤੁਸਾਂ ਵੀ ਲਿਆ ਸੀ। ਮੇਰਾ ਤੇ ਕੇਵਲ ਇਹੀ ਦੋਸ਼ ਕਿ ਮੈਂ ਤੁਹਾਡੀ ਅਸਲੀਅਤ ਪ੍ਰਗਟ ਕਰ ਕੇ ਤੁਹਾਨੂੰ ਕਿਸੇ ਦੁਵਿਧਾ 'ਚ ਨਹੀਂ ਸੀ ਪਾਉਣਾ ਚਾਹੁੰਦੀ।"

"ਤੇ ਅੱਜ ਕਿਵੇਂ ਯਾਦ ਕੀਤਾ ?"

"ਮੈਂ ਸਿਰਫ਼ ਇਹ ਜਾਣਨਾ ਚਾਹੁੰਦੀ ਹਾਂ ਕਿ ਉਹ ਕੀ ਕਾਰਨ ਸੀ ਜੋ ਤੁਸੀਂ ਮੈਨੂੰ ਜੰਗਲ 'ਚ ਛੱਡ ਕੇ ਚਲੇ ਗਏ ? ਕੀ ਮੈਂ ਲੰਗੜੀ ਲੂਲੀ ਸਾਂ ? ਕਰੂਪ ਸਾਂ ? ਜਾਂ ਕਿਸੇ ਉੱਚ-ਕੁੱਲ ਪਰਿਵਾਰ ਦੀ ਪੁੱਤਰੀ ਨਹੀਂ ਸਾਂ ?

"ਕ੍ਰੋਧਿਤ ਨਾ ਹੋਵੋ ਕਲਿਆਨੀ...।"

"ਕਲਿਆਨੀ।" ਉਦਾਂਬਰਾ ਦੇ ਮੂੰਹੋਂ ਨਿਕਲਿਆ, "ਤਾਂ ਯਾਦ ਹੈ ਤੁਹਾਨੂੰ ਮੇਰਾ ਨਾਮ !"

"ਸਭ ਕੁਝ ਯਾਦ ਹੈ ਤੇ ਇਹ ਵੀ ਕਿ ਤੁਸੀਂ ਇਕ ਵਿਦਵਾਨ ਬ੍ਰਾਹਮਣ ਦੀ ਪੁੱਤਰੀ ਹੋ। ਇਸੇ ਕਾਰਨ ਮੈਂ ਤੁਹਾਨੂੰ ਛੱਡ ਕੇ ਚਲਾ ਗਿਆ ਸਾਂ।"

"ਇਸੇ ਕਾਰਨ ? ਮੈਂ ਸਮਝੀ ਨਹੀਂ।"

"ਜੇ ਸੱਚ ਪੁੱਛੋ ਤਾਂ ਮੈਂ ਉਦੋਂ ਵੀ ਨਾਟਕ ਕਰ ਰਿਹਾ ਸਾਂ। ਮੈਂ ਨਹੀਂ ਜਾਣਦਾ ਕਿ ਸੱਚ ਜਾਣਨ ਤੋਂ ਬਾਅਦ ਤੁਸੀਂ ਮੈਨੂੰ ਖਿਮਾਂ ਕਰ ਸਕੋਗੇ ਕਿ ਨਹੀਂ।"

"ਮੈਨੂੰ ਸਾਫ਼ ਸਾਫ਼ ਦੱਸੋ ਤੇ ਹੋਰ ਗੁੰਝਲਾਂ ਨਾ ਪਾਓ ?"

"ਸੱਚ ਇਹ ਹੈ ਕਲਿਆਨੀ, ਕਿ ਮੈਂ ਬ੍ਰਾਹਮਣ ਨਹੀਂ, ਇਕ ਗਰੀਬ ਸੂਦਰ-ਪੁੱਤਰ ਹਾਂ।"

ਉਦਾਂਬਰਾ ਦਾ ਮੂੰਹ ਖੁੱਲ੍ਹੇ ਦਾ ਖੁੱਲ੍ਹਾ ਰਹਿ ਗਿਆ ਅਤੇ ਹੈਰਾਨੀ ਭਰੀਆਂ ਨਜ਼ਰਾਂ ਨਾਲ ਉਸ ਵੱਲ ਤੱਕਣ ਲੱਗੀ।

ਜੈਅਦੇਵ ਆਪਣੀ ਗੱਲ ਜਾਰੀ ਰੱਖਦਿਆਂ ਬੋਲਿਆ :



"ਮੇਰੇ ਪਿਤਾ ਇਕ ਮਲਾਹ ਸਨ, ਜਦੋਂ ਮੇਰਾ ਜਨਮ ਹੋਇਆ ਅਤੇ ਮੈਂ ਕੁਝ ਵੱਡਾ ਹੋਇਆ ਤਾਂ ਮੇਰਾ ਰੰਗ-ਰੂਪ, ਸੂਝ-ਬੂਝ ਵੇਖ ਕੇ ਲੋਕ ਕਹਿੰਦੇ : ਜੇ ਛੱਤਰੀ-ਬ੍ਰਾਹਮਣ ਦੇ ਘਰ ਪੈਦਾ ਹੋਇਆ ਹੁੰਦਾ ਤਾਂ... । ਜ਼ਰੂਰ ਇਸ ਦੇ ਪੁਰਖਿਆਂ 'ਚੋਂ ਕੋਈ ਛੱਤਰੀ ਜਾਂ ਬ੍ਰਾਹਮਣ ਰਿਹਾ ਹੋਵੇਗਾ...।"

"ਜਦੋਂ ਮੈਂ ਚੌਦਾਂ ਪੰਦਰਾਂ ਵਰ੍ਹਿਆਂ ਦਾ ਹੋਇਆ ਤਾਂ ਇਕ ਛੋਟੀ ਜਿਹੀ ਘਟਨਾ ਵਾਪਰ ਗਈ। ਉਂਜ ਇਸ ਤਰ੍ਹਾਂ ਦੀਆਂ ਘਟਨਾਵਾਂ ਨੀਵੀਂ ਜਾਤੀ ਦੇ ਲੋਕਾਂ ਨਾਲ ਵਾਪਰਦੀਆਂ ਹੀ ਰਹਿੰਦੀਆਂ ਨੇ। ਉਸ ਦਿਨ ਮੇਰੇ ਪਿਤਾ ਸ਼ਤਾਦ੍ਰੂ (ਸਤਲੁਜ) ਨਦੀ ਦੇ ਆਰ ਪਾਰ ਕਈ ਫੇਰੇ ਲਾ ਚੁੱਕੇ ਸਨ। ਖੂਬ ਥੱਕ ਗਏ ਸਨ। ਮਾਂ ਰੋਟੀ ਲੈ ਕੇ ਉਡੀਕ ਕਰ ਰਹੀ ਸੀ। ਉਹ ਉਸ ਤੋਂ ਰੋਟੀ ਲੈ ਕੇ ਖਾਣ ਲੱਗ ਪਏ। ਹਾਲੇ ਅੱਧੀ ਰੋਟੀ ਹੀ ਖਾਧੀ ਸੀ ਕਿ ਪੰਜ ਛੇ ਉੱਚ ਕੁੱਲ ਦੇ ਆਦਮੀ ਨਦੀ ਕੰਢੇ ਆ ਪਹੁੰਚੇ। ਉਹਨਾਂ 'ਚ ਇਕ ਬ੍ਰਾਹਮਣ ਸੀ ਅਤੇ ਬਾਕੀ ਛੱਤਰੀ। ਸ਼ਾਇਦ ਬਹੁਤ ਕਾਹਲੀ 'ਚ ਸਨ। ਆਉਂਦਿਆਂ ਹੀ ਉਹਨਾ ਬਾਪੂ ਨੂੰ ਰੋਹਬ ਨਾਲ ਆਖਿਆ,

"ਉਠ ਕੇ ਛੇਤੀ ਨਾਲ ਸਾਨੂੰ ਉਸ ਪਾਰ ਪਹੁੰਚਾ ਦੇ।"

ਬਾਪੂ ਬੋਲਿਆ, "ਜ਼ਰਾ ਮੈਂ ਰੋਟੀ ਖਾ ਲਵਾਂ, ਫੇਰ ਚਲਦਾ ਹਾਂ।"

"ਰੋਟੀ ਫੇਰ ਆ ਕੇ ਖਾ ਲਵੀਂ। ਸਾਨੂੰ ਬਹੁਤ ਛੇਤੀ ਹੈ।" ਦੂਜੇ ਨੇ ਰੋਅਬ ਨਾਲ ਬਾਪੂ ਨੂੰ ਝਿੜਕਦਿਆਂ ਆਖਿਆ।

ਬਾਪੂ ਡਰ ਗਿਆ। ਅੱਧੀ ਰੋਟੀ ਉਵੇਂ ਹੀ ਛੱਡ ਦਿੱਤੀ। ਛੇਤੀ ਛੇਤੀ ਨਦੀ ਤੋਂ ਹੱਥ ਧੋ ਕੇ ਹੱਥ ਝਾੜੇ ਜਾਂ ਸ਼ਾਇਦ ਦੋ ਚਾਰ ਛਿੱਟੇ ਬ੍ਰਾਹਮਣ ਉੱਤੇ ਪੈ ਗਏ। ਬ੍ਰਾਹਮਣ ਕ੍ਰੋਧ 'ਚ ਆ ਗਿਆ ਤੇ ਬੋਲਣ ਲੱਗਾ : ਮੇਰਾ ਜਨਮ ਭ੍ਰਿਸ਼ਟ ਕਰ ਦਿੱਤਾ ਇਸ ਨੀਚ ਨੇ। ਹੁਣ ਮੈਨੂੰ ਇਸ਼ਨਾਨ ਕਰਨਾ ਪਊ। ਹੋਰ ਦੇਰ ਹੋ ਜਾਊ...। ਅਤੇ ਉਨ੍ਹਾਂ ਛੱਤਰੀਆਂ ਨੇ ਮੇਰੇ ਬਾਪੂ ਨੂੰ ਬਹੁਤ ਕੁੱਟਿਆ। ਕੁੱਟ-ਕੁੱਟ ਕੇ ਸ਼ਾਇਦ ਮਾਰ ਹੀ ਸੁੱਟਦੇ ਜੇ ਉਨ੍ਹਾਂ ਨੇ ਬੇੜੀ ਰਾਹੀਂ ਪਾਰ ਨਾ ਜਾਣਾ ਹੁੰਦਾ।

"ਫੇਰ," ਉਦਾਂਬਰਾ ਬੋਲੀ।

"ਪਤਾ ਨਹੀਂ ਮੇਰੇ ਬਾਪੂ ਦੇ ਮਨ ਵਿਚ ਕੀ ਕੀ ਬੀਤੀ ? ਜਾਂ ਇਸ ਤਰ੍ਹਾਂ ਦੀਆਂ ਹੋਰ ਕਿੰਨੀਆਂ ਘਟਨਾਵਾਂ ਕੀੜੀਆਂ ਹੋਣਗੀਆਂ ਉਸ ਉੱਤੇ। ਆਪਣੇ ਕ੍ਰੋਧ ਨੂੰ ਕਾਬੂ 'ਚ ਕਰਦਿਆਂ ਬਾਪੂ ਨੇ ਚੱਪੂ ਚੁੱਕੇ। ਉਨ੍ਹਾਂ ਛੇਆਂ ਵੱਲ ਖੂਨੀ ਨਜ਼ਰਾਂ ਨਾਲ ਤੱਕਿਆ ਤੇ ਸਾਰਿਆਂ ਨੂੰ ਬੇੜੀ 'ਚ ਬਿਠਾ ਕੇ ਚੱਪੂ ਚਲਾਣੇ ਸ਼ੁਰੂ ਕਰ ਦਿੱਤੇ। ਮੈਂ ਅਤੇ ਮੇਰੀ ਮਾਂ ਬੇਵੱਸ ਜਿਹੇ ਬੇੜੀ ਨੂੰ ਨਦੀ ਵਿਚਕਾਰ ਜਾਂਦਿਆਂ ਵੇਖਣ ਲੱਗੇ। ਬਾਪੂ ਨੇ ਇਕ ਦੋ ਵਾਰੀ ਸਾਡੇ ਵੱਲ ਭਾਵ-ਪੂਰਨ ਨਜ਼ਰਾਂ ਨਾਲ ਤੱਕਿਆ ਜਿਵੇਂ ਕੁਝ ਕਹਿਣਾ ਚਾਹੁੰਦਾ ਹੋਵੇ। ਬੇੜੀ ਜਦ ਨਦੀ ਦੇ ਐਨ ਵਿਚਕਾਰ ਪਹੁੰਚੀ ਤਾਂ ਅਸਾਂ ਵੇਖਿਆ ਬੇੜੀ ਡਾਵਾਂ ਡੋਲੇ ਖਾਣ ਲੱਗੀ ਤੇ ਫੇਰ ਇਕ ਦਮ ਉਲਟ ਗਈ। ਉਹ ਛੇਓਂ ਤੇ ਮੇਰਾ ਬਾਪੂ, ਸੱਤੇ ਪਾਣੀ ਵਿਚ ਡੁੱਬ ਮੋਏ।"

"ਤੇ ਤੁਹਾਡਾ ਬਾਪੂ ਵੀ ?" ਉਦਾਂਬਰਾ ਕੁਝ ਸੋਚਦਿਆਂ ਬੋਲੀ।

"ਮੇਰੇ ਬਾਪੂ ਚੰਗੇ ਤੈਰਾਕ ਸਨ। ਪਰ ਉਨ੍ਹਾਂ ਛੇਆਂ ਵਿਚੋਂ ਸ਼ਾਇਦ ਇਕ ਜਣਾ ਤੈਰਨਾ ਵੀ ਜਾਣਦਾ ਸੀ। ਜਦੋਂ ਉਹ ਤੈਰਨ ਲੱਗਾ ਤਾਂ ਬਾਪੂ ਨੇ ਉਸ ਨੂੰ ਜਾ ਫੜਿਆ ਤੇ ਇਸ ਤਰ੍ਹਾਂ ਉਹ ਦੋਵੇਂ ਵੀ ਡੁੱਬ ਮੋਏ।"

ਉਦਾਂਬਰਾ ਕੁਝ ਦੇਰ ਚੁੱਪ ਚਾਪ ਬੈਠੀ ਰਹੀ। ਲੱਗਦਾ ਸੀ ਇਸ ਘਟਨਾ ਦਾ ਉਸ 'ਤੇ ਕਾਫ਼ੀ ਪ੍ਰਭਾਵ ਪਿਆ ਸੀ। ਜੈਅਦੇਵ ਨੇ ਆਪਣੀ ਗੱਲ ਜਾਰੀ ਰੱਖਦਿਆਂ ਆਖਿਆ, "ਸ਼ੁਕਰ ਇਹ ਕਿ ਇਸ ਘਟਨਾ ਨੂੰ ਕਿਸੇ ਹੋਰ ਨੇ ਨਹੀਂ ਵੇਖਿਆ। ਨਹੀਂ ਤੇ ਇਸ ਦਾ ਦੰਡ ਸਾਨੂੰ ਦੋਹਾਂ ਨੂੰ ਭੁਗਤਣਾ ਪੈਂਦਾ।"

"ਮੱਲਾਹ ਦੀ ਮੌਤ ਪਾਣੀ ਵਿੱਚ ਅਤੇ ਸੈਨਕ ਦੀ ਮੌਤ ਲੜਾਈ ਦੇ ਮੈਦਾਨ 'ਚ ਹੋਵੇ ਤਾਂ ਕੋਈ ਹੈਰਾਨੀ ਦੀ ਗੱਲ ਨਹੀਂ। ਕੁਝ ਦਿਨ ਰੋਣ ਧੋਣ ਤੋਂ ਬਾਅਦ ਜਦ ਮੈਂ ਚੱਪੂ ਸੰਭਾਲੇ ਤਾਂ ਮੇਰੀ ਮਾਂ ਨੇ ਮੈਨੂੰ ਬੁਲਾ ਕੇ ਆਖਿਆ :

"ਵੇਖ ਪੁੱਤਰ, ਮੈਂ ਨਹੀਂ ਚਾਹੁੰਦੀ ਕਿ ਤੂੰ ਵੀ ਪਸ਼ੂਆਂ ਵਰਗਾ ਜੀਵਨ ਬਿਤਾਏਂ। ਤੂੰ ਸਾਡੇ ਵਾਂਗ ਮੂਰਖ ਵੀ ਨਹੀਂ। ਸੂਝ ਬੂਝ ਹੈ ਤੇਰੇ ਵਿਚ। ਤੂੰ ਕਿਸੇ ਚੰਗੇ ਗੁਰੂ ਕੋਲ ਜਾ ਕੇ ਵਿਦਿਆ ਪ੍ਰਾਪਤ ਕਰ। ਪ੍ਰਤਿਸ਼ਠਿਨੀ ਪਾਰ, ਸੁਣਿਆ ਹੈ, ਕੋਈ ਜਾਤ-ਪਾਤ ਬਾਰੇ ਬਹੁਤੀ ਪੁੱਛ ਪੜਤਾਲ ਨਹੀਂ ਕਰਦਾ।" ਤੇ ਮੇਰੀ ਮਾਂ ਨੇ ਆਪਣੇ ਆਪ ਨੂੰ ਕਿਸੇ ਸ਼੍ਰੇਸ਼ਟ ਕੋਲ ਵੇਚ ਕੇ ਮੈਨੂੰ ਸੋਨੇ ਦੀਆਂ ਮੁੰਦਰਾਂ ਫੜਾ ਕੇ ਤੁਹਾਡੇ ਪਿਤਾ ਕੋਲ ਭੇਜ ਦਿੱਤਾ। ਉਸ ਨੇ ਮੇਰੀ ਖ਼ਾਤਰ ਆਪਣੇ ਆਪ ਨੂੰ ਵੇਚਿਆ, ਇਸ ਦਾ ਮੈਨੂੰ ਬਾਅਦ 'ਚ ਪਤਾ ਲੱਗਾ।"

"ਇਸ ਦਾ ਭਾਵ ਇਹ ਕਿ ਤੁਸਾਂ ਮੇਰੇ ਪਿਤਾ ਕੋਲ ਆ ਕੇ ਝੂਠ ਬੋਲਿਆ। ਇਸ ਤਰ੍ਹਾਂ ਦਾ ਝੂਠ ਬੋਲਣਾ ਕੇਵਲ ਅਪਰਾਧ ਹੀ ਨਹੀਂ ਪਾਪ ਹੈ।"

"ਇਸ ਬਾਰੇ ਵੀ ਮੈਂ ਬਹੁਤ ਸੋਚਦਾ ਰਿਹਾ ਹਾਂ ਅਤੇ ਹੁਣ ਵੀ ਸੋਚ ਰਿਹਾ ਹਾਂ। ਇਕ ਆਦਮੀ ਨੂੰ ਆਦਮੀ ਨਾ ਸਮਝਣਾ, ਉਸ ਨਾਲ ਬਿਨਾਂ ਕਿਸੇ ਕਾਰਨ ਪਸ਼ੂਆਂ ਤੋਂ ਵੀ ਭੈੜਾ ਵਰਤਾਓ ਕਰਦੇ ਰਹਿਣਾ, ਇਸ ਤੋਂ ਵੱਡਾ ਅਪਰਾਧ ਤੇ ਪਾਪ ਹੋਰ ਕੋਈ ਹੋ ਨਹੀਂ ਸਕਦਾ। ਮੈਨੂੰ ਲੱਗਦਾ ਹੈ ਕਿ ਮੈਂ ਤੁਹਾਡੇ ਪਿਤਾ ਕੋਲ ਪੰਜ ਸਾਲ ਤੱਕ ਜੇ ਸਾਰਾ ਨਹੀਂ ਤਾਂ ਅੱਧੇ ਤੋਂ ਵੱਧ ਝੂਠ ਹੀ ਪੜ੍ਹਿਆ ਹੈ। ਪਤਾ ਨਹੀਂ ਕਿਸ ਵੇਲੇ, ਕਿਸ ਤਰ੍ਹਾਂ ਦੇ ਲੋਕਾਂ ਨੇ ਬੈਠ ਕੇ ਇਹ ਛੜਯੰਤਰ ਰਚਿਆ ਕਿ ਅੱਧੇ ਤੋਂ ਵੱਧ ਲੋਕਾਂ ਨੂੰ ਆਪਣਾ ਦਾਸ ਬਣਾ ਲਿਆ, ਜਨਮਾਂ ਜਨਮਾਂ ਲਈ।"

ਜੈਅਦੇਵ ਨੂੰ ਲੱਗਿਆ ਜਿਵੇਂ ਉਹ ਕੁਝ ਜ਼ਿਆਦਾ ਹੀ ਬੋਲ ਗਿਆ ਹੈ। ਉਹ ਚੁੱਪ ਕਰ ਗਿਆ ਅਤੇ ਉਦਾਂਬਰਾ ਉਸ ਦੇ ਚਿਹਰੇ 'ਤੇ ਪਸਰੀ ਹੋਈ ਵੇਦਨਾ ਤੇ ਬੇਵੱਸੀ ਵੇਖਦੀ ਰਹੀ।

"ਸ਼ਾਇਦ ਤੁਸੀਂ ਹੁਣ ਸਮਝ ਹੀ ਗਏ ਹੋਵੋਗੇ," ਉਹ ਆਪਣੀ ਗੱਲ ਅੱਗੇ ਤੋਰਦਿਆਂ ਬੋਲਿਆ, "ਇਹੀ ਕਾਰਨ ਸੀ ਕਿ ਮੈਂ ਤੁਹਾਨੂੰ ਪ੍ਰਤਿਸ਼ਠਿਨੀ ਕੰਢੇ ਰਾਤ ਨੂੰ ਛੱਡ ਕੇ ਭੱਜ ਗਿਆ। ਮੈਂ ਨਹੀਂ ਸੀ ਚਾਹੁੰਦਾ ਕਿ ਤੁਹਾਡੇ ਸਾਹਮਣੇ ਸਾਰੀ ਉਮਰ ਬ੍ਰਾਹਮਣ ਹੋਣ ਦਾ ਨਾਟਕ ਖੇਡਦਾ ਰਹਿੰਦਾ ਜਾਂ ਤੁਹਾਨੂੰ ਵੀ ਸ਼ੂਦਰਤਾ ਦੀ ਦਲਿਦਰਤਾ 'ਚ ਘਸੀਟਦਾ। ਦਲਿਦਰਤਾ, ਗਰੀਬੀ ਬੜੀ ਘਾਤਕ ਵਸਤੂ ਹੈ। ਨਪੁੰਸਕ ਬਣਾ ਦਿੰਦੀ ਹੈ ਆਦਮੀ ਨੂੰ।"

"ਜੋ ਤੁਸੀਂ ਆਖਿਆ," ਉਦਾਂਬਰਾ ਕੁਝ ਦੇਰ ਚੁੱਪ ਰਹਿਣ ਤੋਂ ਬਾਅਦ ਬੋਲੀ, "ਮੈਂ ਬੇਸ਼ੱਕ ਸਭ ਕੁਝ ਤੇ ਨਹੀਂ, ਥੋੜ੍ਹਾ ਬਹੁਤ ਸਮਝ ਸਕਦੀ ਹਾਂ। ਪਰ ਮੇਰੇ ਬਾਰੇ ਵੀ ਸੋਚਿਆ ਹੈ ਕਦੀ ? ਤੁਸੀਂ ਹੀ ਦੱਸੋ ਮੈਂ ਕੀ ਕਰਾਂ ?।"



"ਸਮਝ ਲੈ ਕਲਿਆਨੀ ਕਿ ਅਗਨੀ ਦੁਆਲੇ ਜੋ ਫੇਰੇ ਅਸਾਂ ਲਏ ਸਨ, ਉਹ ਨਾਟਕ ਸੀ ਅਤੇ ਜੋ ਅੱਜ ਹੈ ਅਸਲੀਅਤ।"

"ਕਹਿਣ ਨਾਲ ਤੇ ਸੱਚ ਝੂਠ ਅਤੇ ਝੂਠ ਸੱਚ ਨਹੀਂ ਹੋ ਜਾਂਦਾ।"

"ਸੱਚ ਨੂੰ ਜਾਣਨਾ ਬਹੁਤ ਗਹਿਰੀ ਸਮੱਸਿਆ ਹੈ ਕਲਿਆਨੀ। ਸੱਚ ਨੂੰ ਜਾਣੇ ਬਿਨਾਂ ਸੋਚ ਨੂੰ ਜਾਣਿਆ ਨਹੀਂ ਜਾ ਸਕਦਾ।"

****

ਕਈ ਦਿਨ, ਕਈ ਮਹੀਨੇ ਹੋਰ ਲੰਘ ਗਏ।

ਜੈਅਦੇਵ ਸੰਦੇਸ਼ ਲੇਖਕ ਤੋਂ 'ਸੰਧੀ ਮੰਤਰੀ' ਬਣ ਗਿਆ। ਉਸ ਨੇ ਰਾਜਾ ਵਿਸ਼ਨੂੰ ਵਰਮਨ ਨਾਲ ਸਾਕਲ (ਸਿਆਲਕੋਟ), ਸੁਨੇਤਰਾ (ਲੁਧਿਆਣਾ) ਅਤੇ ਸਭ ਤੋਂ ਮਹੱਤਵਪੂਰਨ ਮਗਧ ਸਮਰਾਟ ਚੰਦਰਗੁਪਤ ਨਾਲ ਸੰਧੀ ਕਰਵਾਉਣ 'ਚ ਵਿਸ਼ੇਸ਼ ਯੋਗਦਾਨ ਦਿੱਤਾ ਸੀ। ਪਾਟਲੀਪੁੱਤਰ ਦੇ ਸੰਧੀ ਮੰਤਰੀ ਨੇ ਸੰਧੀ ਪੱਤਰਾਂ ਦਾ ਵਟਾਂਦਰਾ ਕਰਦਿਆਂ ਤਿੱਖੀਆਂ ਨਜ਼ਰਾਂ ਨਾਲ ਜੈਅਦੇਵ ਵੱਲ ਤੱਕਿਆ ਅਤੇ ਖਚਰੀ ਜਿਹੀ ਹਾਸੀ ਹੱਸਦਿਆਂ ਆਖਿਆ ਸੀ : "ਆਸ ਹੈ ਕਿ 'ਆਚਾਰੀਆ' ਜੈਅਦੇਵ ਪਾਟਲੀਪੁੱਤਰ ਨਾਲ ਆਪਣੇ ਪੁਰਾਣੇ ਸੰਬੰਧਾਂ ਨੂੰ ਧਿਆਨ 'ਚ ਰੱਖਦਿਆਂ ਸਮਰਾਟ ਚੰਦਰਗੁਪਤ ਦੇ ਹਿਤ ਦਾ ਵੀ ਧਿਆਨ ਰੱਖਣਗੇ।" (ਉਹ ਉਸ ਦੇ 'ਸ਼ੂਦਰ' ਹੋਣ ਬਾਰੇ ਜਾਣਦੇ ਸਨ)।

ਰਾਜਾ ਵਿਸ਼ਨੂੰ ਵਰਮਨ ਦੇ ਬਹੁਤ ਸਾਰੇ ਦਿਨ ਰਾਜ ਭਵਨ ਤੋਂ ਬਾਹਰ ਹੀ ਬੀਤਦੇ। ਕਦੇ ਰਾਜ ਦੇ ਕੰਮਾਂ ਲਈ ਅਤੇ ਕਦੇ ਸ਼ਿਕਾਰ ਕਰਦਿਆਂ। ਜਦੋਂ ਉਹ ਇਸ ਤਰ੍ਹਾਂ ਬਾਹਰ ਹੁੰਦੇ ਤਾਂ ਉਦਾਂਬਰਾ ਕੰਚਨ ਮਾਲਾ ਨੂੰ ਭੇਜ ਕੇ ਕਿਸੇ ਨਾ ਕਿਸੇ ਬਹਾਨੇ ਜੈਅਦੇਵ ਨੂੰ ਆਪਣੇ ਕੋਲ ਬੁਲਾ ਲੈਂਦੀ।

****

ਉਸ ਦਿਨ ਵੀ ਰਾਜਾ ਸ਼ਿਕਾਰ ਖੇਡਣ ਗਿਆ ਹੋਇਆ ਸੀ। ਉਦਾਂਬਰਾ ਨੇ ਕੰਚਨ ਮਾਲਾ ਨੂੰ ਕਿਹਾ ਕਿ ਜੈਅਦੇਵ ਨੂੰ ਜਾ ਕੇ ਕਹੋ ਕਿ ਰਾਣੀ ਨੇ ਬੁਲਾਇਆ ਹੈ। ਜ਼ਰੂਰੀ ਕੰਮ ਹੈ।

ਕੰਚਨ ਮਾਲਾ ਨੇ ਭਾਵ ਪੂਰਕ ਨਜ਼ਰਾਂ ਨਾਲ ਰਾਣੀ ਵੱਲ ਤੱਕਿਆ ਅਤੇ ਜੈਅਦੇਵ ਨੂੰ ਜਾ ਸੰਦੇਸ਼ ਦਿੱਤਾ।

"ਕੀ ਕੰਮ ਹੋ ਸਕਦਾ ਹੈ ਰਾਣੀ ਨੂੰ ਮੇਰੇ ਨਾਲ ?" ਜੈਅਦੇਵ ਨੇ ਸਮਝਦਿਆਂ ਹੋਇਆਂ ਵੀ ਕੰਚਨ ਮਾਲਾ ਨੂੰ ਸੰਬੋਧਨ ਕਰਦਿਆਂ ਆਖਿਆ :

"ਮੈਂ ਕੀ ਜਾਣਾਂ ? ਤੁਸੀਂ ਜਾਣੋ ਜਾਂ ਰਾਣੀ ਜਾਣੇ।" ਉਸ ਨੇ ਬੋਲਾਂ 'ਚ ਲੁਕਿਆ ਹੋਇਆ ਵਿਅੰਗ ਸੀ।

"ਠੀਕ ਹੈ," ਕਹਿ ਕੇ ਜੈਅਦੇਵ ਜਾਣ ਲਈ ਤਿਆਰ ਹੋਣ ਲੱਗਾ। ਕੰਚਨ ਮਾਲਾ ਗਈ ਨਹੀਂ। ਉਹ ਜੈਅਦੇਵ ਦੇ ਕਮਰੇ 'ਚ ਖਿਲਰੇ ਸਾਮਾਨ ਨੂੰ ਸਲੀਕੇ ਨਾਲ ਰੱਖਣ-ਟਿਕਾਉਣ ਲੱਗੀ। ਉਹ ਜਦ ਵੀ ਕਦੀ ਰਾਣੀ ਦਾ ਸੰਦੇਸ਼ ਲੈ ਕੇ ਜਾਂ ਹੋਰ ਕਿਸੇ ਕੰਮ ਆਉਂਦੀ ਤਾਂ ਇੰਜ ਹੀ ਕਰਿਆ ਕਰਦੀ ਸੀ। ਸ਼ੁਰੂ ਸ਼ੁਰੂ 'ਚ, ਜਦ ਜੈਅਦੇਵ ਦਾ ਕੋਈ ਦਾਸ ਨੌਕਰ ਨਹੀਂ ਸੀ ਤਾਂ ਕੰਚਨ ਮਾਲਾ ਉਸ ਲਈ ਚੌਂਕੇ 'ਚ ਜਾ ਕੇ ਰੋਟੀ ਵੀ ਬਣਾ ਦਿੰਦੀ।

ਹੁਣ, ਉਸ ਦੇ ਕਮਰੇ ਦੀਆਂ ਚੀਜ਼ਾਂ ਸਲੀਕੇ ਨਾਲ ਰੱਖਦਿਆਂ ਕੰਚਨ ਮਾਲਾ ਖੜ੍ਹੀ ਹੋ ਗਈ ਅਤੇ ਚੁੱਪ ਚਾਪ ਜੈਅਦੇਵ ਵੱਲ ਵੇਖਣ ਲੱਗੀ।

"ਕੀ ਗੱਲ ਏ ? ਕੁਝ ਕਹਿਣਾ ਚਾਹ ਰਹੀ ਏਂ ਕੰਚਨ ਮਾਲਾ ?" ਜੈਅਦੇਵ ਉਸ ਨੂੰ ਇੰਝ ਤੱਕਦਿਆਂ ਵੇਖ ਕੇ ਬੋਲਿਆ।

"ਨਹੀਂ, ਕੁਝ ਨਹੀਂ।" ਉਸ ਨੇ ਸੰਗਦਿਆਂ ਆਖਿਆ।

"ਫੇਰ ਵੀ ?"

"ਫੇਰ ਵੀ ?"

"ਸੋਚ ਰਹੀ ਹਾਂ.. ਮੈਂ ਤੁਹਾਡੇ 'ਤੇ ਦੋਸ਼ ਲਾਇਆ, ਕੋੜਿਆਂ ਦੀ ਮਾਰ ਪਵਾਈ, ਤੁਸੀਂ ਫੇਰ ਵੀ ਮੇਰੇ ਪ੍ਰਤੀ ਕੋਈ ਰੋਸ ਪ੍ਰਗਟ ਨਹੀਂ ਕੀਤਾ।"

"ਇਸ ਵਿੱਚ ਭਲਾ ਤੇਰਾ ਕੀ ਦੋਸ਼। ਜੋ ਰਾਣੀ ਨੇ ਆਖਿਆ, ਤੂੰ ਉਸੇ ਅਨੁਸਾਰ ਕੀਤਾ।"

"ਤਾਂ ਫੇਰ ਦੋਸ਼ ਕਿਸ ਦਾ ? ਉਂਜ ਮੈਂ ਪੁੱਛ ਨਹੀਂ ਰਹੀ, ਬੱਸ ਸੋਚ ਰਹੀ ਹਾਂ ਤੇ ਇਹ ਵੀ ਕਿ ਤੁਸੀਂ ਇਹ ਨਹੀਂ ਜੋ ਦਿੱਸ ਰਹੇ ਹੋ...।"

"ਤੂੰ ਠੀਕ ਹੀ ਕਹਿ ਰਹੀ ਏਂ ਕੰਚਨ। ਸੱਚ ਉਹ ਨਹੀਂ ਜੋ ਦਿੱਸਦਾ ਹੈ। ਸੱਚ ਉਹ ਹੈ ਜੋ ਆਦਮੀ ਸੋਚਦਾ ਹੈ। ਉਂਜ ਸੱਚ ਉਹ ਵੀ ਨਹੀਂ। ਸੱਚ ਦੀ ਵੀ ਇਕ ਸੀਮਾ ਹੁੰਦੀ ਏ, ਹਰ ਆਦਮੀ ਦੀ ਆਪਣੀ ਸੋਚ-ਸ਼ਕਤੀ ਅਨੁਸਾਰ।"

"ਤੁਸੀਂ ਮੇਰੀ ਸੀਮਾ ਦੀ ਗੱਲ ਕਰ ਰਹੇ ਹੋ ?"

"ਨਹੀਂ ਕੰਚਨ, ਤੂੰ ਵੀ ਉਹ ਨਹੀਂ ਜੋ ਤੈਨੂੰ ਕਰਨਾ ਪੈ ਰਿਹਾ ਹੈ। ਜੇ ਤੂੰ ਕਿਸੇ ਉੱਚ ਕੁੱਲ 'ਚ ਜਨਮ ਲਿਆ ਹੁੰਦਾ ਤਾਂ ਸ਼ਾਇਦ...।" ਕਹਿੰਦਿਆਂ ਅਤੇ ਕੰਚਨ ਮਾਲਾ ਵੱਲ ਤੱਕਦਿਆਂ ਉਹ ਚੁੱਪ ਹੋ ਗਿਆ।

****

ਰਾਣੀ ਉਦਾਂਬਰਾ ਨੇ ਜੈਅਦੇਵ ਦਾ ਹਾਲ ਚਾਲ ਪੁੱਛਿਆ। ਫੇਰ ਬਹੁਤ ਦੇਰ ਤੱਕ ਇਧਰ ਉਧਰ ਅਤੇ ਰਾਜ ਦੀਆਂ ਗਤੀਵਿਧੀਆਂ ਬਾਰੇ ਗੱਲਾਂ ਕਰਦੀ ਰਹੀ। ਜਦ ਹਨੇਰਾ ਪਸਰਨ ਲੱਗਾ ਅਤੇ ਕੰਚਨ ਮਾਲਾ ਕਮਰੇ ਵਿਚ ਦੀਵਾ ਜਗਾ ਕੇ ਚਲੀ ਗਈ ਤਾਂ ਜੈਅਦੇਵ ਨੇ ਉਠਣ ਦਾ ਯਤਨ ਕਰਦਿਆਂ ਆਖਿਆ।

"ਹੁਣ ਆਗਿਆ ਦੇਵੋ। ਮੈਨੂੰ ਜਾਣਾ ਚਾਹੀਦਾ ਹੈ।"

"ਜੇ ਜਾਣਾ ਹੀ ਸੀ ਤਾਂ ਆਏ ਹੀ ਕਿਉਂ ?" ਉਦਾਂਬਰਾ ਭਾਵਪੂਰਨ ਨਜ਼ਰਾਂ ਨਾਲ ਉਸ ਵੱਲ ਤੱਕਦਿਆਂ ਬੋਲੀ।

"ਇਹ ਵੀ ਮੇਰੀ ਭੁੱਲ ਸੀ। ਹੁਣ ਸੋਚਦਾ ਹਾਂ ਕਿ ਮੇਰਾ ਇੱਥੋਂ ਚਲੇ ਜਾਣਾ ਹੀ ਉਚਿਤ ਹੋਵੇਗਾ, ਤੁਹਾਡੇ ਅਤੇ ਮੇਰੇ ਦੋਵਾਂ ਲਈ।"

"ਉਚਿਤ ?" ਉਦਾਂਬਰਾ ਦੇ ਚਿਹਰੇ ਤੇ ਦੁੱਖ ਅਤੇ ਕ੍ਰੋਧ ਝਲਕਣ ਲੱਗਾ, "ਕੀ ਉਹ ਉਚਿਤ ਸੀ ਜਦੋਂ ਮੈਨੂੰ ਪੁਰੁਸ਼ਿਨੀ ਕੰਢੇ ਇਕੱਲਿਆਂ ਛੱਡ ਕੇ ਚਲੇ ਗਏ ਸੀ ?"



"ਵਾਰ ਵਾਰ ਮੇਰੀਆਂ ਗ਼ਲਤੀਆਂ ਵੱਲ ਸੰਕੇਤ ਕਰਕੇ ਮੈਨੂੰ ਸ਼ਰਮਿੰਦਾ ਨਾ ਕਰੋ ਕਲਿਆਨੀ। ਮੈਂ ਤੁਹਾਡੀਆਂ ਭਾਵਨਾਵਾਂ ਨੂੰ ਸਮਝਦਾ ਹਾਂ।"

"ਕੀ ਸਮਝਦੇ ਹੋ ? ਮੈਂ ਉਸ ਆਦਮੀ ਨਾਲ ਇਕ ਪਤਨੀ ਦੇ ਤੌਰ 'ਤੇ ਰਹਿ ਰਹੀ ਹਾਂ ਜਿਸ ਨੇ ਮੇਰੇ ਨਾਲ ਪੂਰੀ ਤਰ੍ਹਾਂ ਵਿਆਹ ਵੀ ਨਹੀਂ ਕਰਾਇਆ ਅਤੇ ਜਿਸ ਨਾਲ ਅਗਨੀ ਦੁਆਲੇ ਫੇਰੇ ਲਏ, ਉਸ ਸਾਹਮਣੇ ਅਜਨਬੀ ਹੋਣ ਦਾ ਨਾਟਕ ਕਰਨਾ ਪੈ ਰਿਹਾ ਹੈ ਮੈਨੂੰ।"

"ਇਹ ਗੱਲ ਨਹੀਂ ਕਲਿਆਨੀ ਕਿ ਇਸ ਬਾਰੇ ਮੈਂ ਕਦੀ ਸੋਚਿਆ ਹੀ ਨਾ ਹੋਵੇ। ਜੇ ਸੱਚ ਪੁੱਛੋ ਤਾਂ ਇਸ ਦੇ ਇਲਾਵਾ ਮੇਰੇ ਪਾਸ ਕੁਝ ਹੋਰ ਹੈ ਹੀ ਨਹੀਂ ਸੋਚਣ ਲਈ। ਤੂੰ ਮੇਰਾ ਦੁਖਾਂਤ ਵੀ ਵੇਖ ਕਲਿਆਨੀ। ਮੈਂ ਆਪਣੇ 'ਦੁਸ਼ਮਣ' ਆਪਣੇ ਜਨਮ ਜਾਤ ਦੇ ਵਿਰੋਧੀ ਦੇ ਰੂਪ 'ਚ ਜੀ ਰਿਹਾ ਹਾਂ। ਦਰਅਸਲ ਸਾਡਾ ਦੁਖਾਂਤ ਇਹ ਹੈ ਕਿ ਅਸੀਂ ਦੋਵੇਂ ਹੀ ਬਹੁਰੂਪੀਏ ਹਾਂ ਅਤੇ ਆਪਣੇ ਅਸਲੀ ਰੂਪ 'ਚ ਆਉਣ ਦੀ ਹਿੰਮਤ ਨਹੀਂ ਸਾਡੇ ਵਿੱਚ।"

ਤੇ ਫੇਰ ਕੁਝ ਦੇਰ ਚੁੱਪ ਰਹਿੰਦਿਆਂ ਬੋਲਿਆ, "ਮੇਰੇ ਪਿਤਾ ਜੰਮਦਿਆਂ ਹੀ 'ਹਾਰੇ' ਹੋਏ ਸਨ ਪਰ ਉਨ੍ਹਾਂ ਆਪਣੇ ਅੰਤ ਵੇਲੇ 'ਜਿੱਤ' ਦਾ ਅਨੁਭਵ ਕੀਤਾ। ਮੈਂ ਐਨਾ ਕੁਝ ਪ੍ਰਾਪਤ ਕਰਨ ਤੋਂ ਬਾਅਦ ਵੀ ਆਪਣੇ ਆਪ 'ਚ ਹਾਰਿਆ-ਟੁੱਟਿਆ ਅਨੁਭਵ ਕਰ ਰਿਹਾ ਹਾਂ।"

ਉਦਾਂਬਰਾ ਕੁਝ ਦੇਰ ਉਸ ਦੇ ਉਦਾਸ, ਵੇਦਨਾ ਭਰੇ ਚਿਹਰੇ ਵੱਲ ਤੱਕਦੀ ਰਹੀ। ਫੇਰ ਬੋਲੀ,

"ਮੈਂ ਤੇ ਇਹੀ ਸੁਝਾ ਦਿਆਂਗੀ ਕਿ ਭੁੱਲ ਜਾਓ ਆਪਣੇ ਅਤੀਤ ਨੂੰ, ਕਿ ਤੁਸੀਂ ਕਿਸੇ ਮਲਾਹ ਦੇ ਘਰ ਜਨਮ ਲਿਆ ਸੀ। ਵਾਸਤਵਿਕਤਾ ਇਹ ਹੈ ਕਿ ਤੁਸੀਂ ਇਕ ਸੂਝਵਾਨ, ਪੰਡਿਤ ਪੁਰਸ਼ ਹੋ, ਇਸ ਰਾਜ ਦੇ ਸੰਧੀ ਮੰਤਰੀ ਹੋ। ਅਗੇ ਹੋਰ ਵੀ ਬਹੁਤ ਕੁਝ ਹੋ ਸਕਦੇ ਹੋ। ਜੇ 'ਹੋ' ਉਸ ਨੂੰ ਮਾਣੋ, ਜੇ 'ਨਹੀਂ ਹੋ, ਉਸ ਪਿੱਛੇ ਕਿਉਂ ਦੁਖੀ ਹੁੰਦੇ ਹੋ ?"

"ਜੇ ਮੈਂ ਵਾਸਤਵਿਕ ਵਿੱਚ ਹਾਂ, ਉਹੀ ਹੋਣਾ ਲੋੜਦਾ ਹਾਂ। ਪਰ ਮੇਰੀ ਵਾਸਤਵਿਕਤਾ ਕੀ ਹੈ ? ਮੈਨੂੰ ਹਾਲੇ ਤੱਕ ਇਹ ਹੀ ਨਹੀਂ ਪਤਾ ਕਿ ਮੈਂ ਸ਼ੂਦਰ ਹਾਂ ਜਾਂ ਪੰਡਿਤ ? ਤੁਹਾਡਾ ਪਤੀ ਹਾਂ ਜਾਂ ਰਾਜੇ ਦਾ ਵਿਸ਼ਵਾਸ-ਘਾਤਕ ?"

"ਬਹੁਤਾ ਸੋਚ ਸੋਚ ਕੇ ਐਵੇਂ ਦੁਖੀ ਨਾ ਕਰੋ ਆਪਣੇ ਆਪ ਨੂੰ। ਮਨੁੱਖ ਆਪਣੇ ਆਪ ਵਿੱਚ ਕੁਝ ਵੀ ਨਹੀਂ। ਮਨੁੱਖ ਸਮੇਂ ਅਤੇ ਹਾਲਾਤ ਦੀਆਂ ਲਹਿਰਾਂ 'ਚ ਵਹਿੰਦਾ ਜਾਂਦਾ ਹੈ ਸਾਰੀ ਉਮਰ...ਪਲ ਪਲ ਬਦਲਦਾ ਤੁਰਿਆ ਜਾਂਦਾ ਹੈ। ਨਾ ਤੁਸੀਂ ਉਹ ਹੋ ਜੋ ਉਸ ਦਿਨ ਪੁਰੁਸ਼ਿਨੀ ਕੰਢੇ ਸੀ ਅਤੇ ਨਾ ਮੈਂ ਉਹ 'ਕਲਿਆਨੀ' ਜੋ ਉਦਾਂਬਰ ਦੇ ਰੁੱਖ 'ਤੇ ਚੜ੍ਹੀ ਅੰਜੀਰ ਖਾ ਰਹੀ ਸੀ।"

ਉਦਾਂਬਰਾ ਨੇ ਇਕ ਲੰਮਾ ਸਾਹ ਭਰਿਆ ਅਤੇ ਜੈਅਦੇਵ ਦੇ ਕੋਲ ਬਹਿ ਕੇ ਉਸ ਦੇ ਮੱਥੇ 'ਤੇ ਸਿਰ ਰੱਖਦਿਆਂ ਬੋਲੀ, "ਸਮਾਂ ਬਹੁਤ ਸ਼ਕਤੀਸ਼ਾਲੀ ਹੈ ਜੈਅਦੇਵ। ਸਾਨੂੰ ਹੀ ਢਾਲਣਾ ਪਵੇਗਾ ਆਪਣੇ ਆਪ ਨੂੰ ਸਮੇਂ ਅਤੇ ਪਰਸਥਿਤੀਆਂ ਅਨੁਸਾਰ...।"

****

ਰਾਜਾ ਬਿਸ਼ਨੂੰ ਵਰਮਨ ਇਸ ਵਾਰ ਸ਼ਿਕਾਰ ਖੇਡਣ ਲਈ ਨਹੀਂ ਬਲਕਿ 'ਸ਼ਿਕਾਰ ਦੀ ਤਿਆਰੀ' ਕਰਨ ਗਏ ਸਨ। ਜੈਅਦੇਵ ਦੇ ਰਾਜਾ ਦੀਆਂ ਨਜ਼ਰਾਂ 'ਚ ਉਚਾ ਉਠਣ ਅਤੇ 'ਮੰਧੀ ਮੰਤਰੀ' ਦੀ ਪਦਵੀ ਪ੍ਰਾਪਤ ਕਰਨ ਤੋਂ ਬਾਅਦ ਉਹ ਕਈ ਮੰਤਰੀਆਂ, ਸਾਮੰਤਾਂ ਦੀਆਂ ਅੱਖਾਂ 'ਚ ਰੜਕਣ ਲੱਗਾ ਸੀ। ਜਦੋਂ ਉਨ੍ਹਾਂ ਨੂੰ ਜੈਅਦੇਵ ਅਤੇ ਰਾਣੀ ਉਦਾਂਬਰਾ ਦੇ ਵਧਦੇ ਮੇਲ-ਜੋਲ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਰਾਜੇ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ ਅਤੇ ਇਹ ਵੀ ਆਖਿਆ ਕਿ ਜਦੋਂ ਵੀ ਮਹਾਰਾਜ ਕੁਝ ਦਿਨਾਂ ਲਈ ਬਾਹਰ ਜਾਂਦੇ ਹਨ ਤਾਂ ਇਸ ਅਵਸਰ ਦਾ ਲਾਭ ਉਠਾਇਆ ਜਾਂਦਾ ਹੈ।

ਇਸੇ ਕਾਰਨ ਅੱਜ ਰਾਜਾ ਸ਼ਿਕਾਰ ਦਾ ਬਹਾਨਾ ਕਰ ਕੇ ਗਏ ਸਨ, ਪਰ ਛੇਤੀ ਹੀ ਮੁੜ ਆਏ। ਉਨ੍ਹਾਂ ਆਪਣੇ ਸੈਨਕਾਂ ਨੂੰ ਰਾਣੀ ਦੇ ਭਵਨ ਦੁਆਲੇ ਘੇਰਾ ਪਾਉਣ ਲਈ ਕਿਹਾ ਅਤੇ ਆਪ ਚੁੱਪ ਚਾਪ, ਦੱਬੇ ਪੈਰੀਂ ਰਾਣੀ ਦੇ ਕਮਰੇ ਵੱਲ ਵਧੇ। ਉਸ ਵੇਲੇ ਰਾਤ ਦੇ ਦੋ ਪਹਿਰ ਬੀਤ ਚੁੱਕੇ ਸਨ। ਰਾਜਾ ਨੂੰ ਆਪਣੇ ਗੁਪਤਚਰਾਂ ਤੋਂ ਪਤਾ ਲੱਗਿਆ ਕਿ ਹਾਲੇ ਜੈਅਦੇਵ ਬਾਹਰ ਨਹੀਂ ਨਿਕਲੇ, ਅੰਦਰ ਹੀ ਹਨ।

ਉਸ ਵੇਲੇ ਦਾਸੀ ਕੰਚਨ ਮਾਲਾ ਨੇ ਉਦਾਂਬਰਾ ਦੇ ਕਮਰੇ ਦਾ ਦਰਵਾਜ਼ਾ ਹੌਲੀ ਜਿਹੀ ਖੋਲ੍ਹਿਆ ਅਤੇ ਬੋਲੀ........

"ਖਿਮਾ ਕਰਨਾ ਰਾਣੀ, ਮਹਾਰਾਜ ਬਿਸ਼ਨੂੰ ਵਰਮਨ ਆ ਰਹੇ ਹਨ।"

ਉਦਾਂਬਰਾ ਘਬਰਾ ਕੇ ਪਲੰਘ ਤੋਂ ਉਠੀ, ਆਪਣੇ ਕੱਪੜੇ ਠੀਕ ਕੀਤੇ ਅਤੇ ਭਰੀਆਂ ਅੱਖਾਂ ਨਾਲ ਜੈਅਦੇਵ ਵੱਲ ਤੱਕਣ ਲੱਗੀ।

ਜੈਅਦੇਵ ਨੇ ਵੀ ਪ੍ਰਸ਼ਨ ਭਰੀਆਂ ਅੱਖਾਂ ਨਾਲ ਉਦਾਂਬਰਾ ਵੱਲ ਤੱਕਿਆ ਜਿਵੇਂ ਕਹਿ ਰਿਹਾ ਹੋਵੇ : "ਲੁਕਾਉਣ ਦਾ ਹੋਰ ਕੋਈ ਲਾਭ ਨਹੀਂ। ਇਕੋ ਉਪਾਅ ਹੈ, ਕਿ ਸਾਫ਼ ਸਾਫ਼ ਦੱਸ ਦਿੱਤਾ ਜਾਏ। ਇਕੋ ਝਟਕੇ ਨਾਲ ਛੁਟਕਾਰਾ ਪਾ ਲਈਏ।"

ਹੁਣ ਰਾਜਾ ਦੇ ਪੈਰਾਂ ਦੀ ਆਵਾਜ਼ ਸੁਣਾਈ ਦੇਣ ਲੱਗੀ। ਰਾਜਾ ਦੇ ਕਮਰੇ ਦਾ ਦਰਵਾਜ਼ਾ ਖੋਲ੍ਹਣ ਤੋਂ ਕੁਝ ਪਲ ਪਹਿਲਾਂ ਦਾਸੀ ਕੰਚਨ ਮਾਲਾ ਇਕ ਦਮ ਦੂਜੇ ਬੂਹਿਓਂ ਅੰਦਰ ਆ ਵੜੀ ਤੇ ਉਦਾਂਬਰਾ ਨੂੰ ਬਾਹੋਂ ਫੜ ਕੇ ਬੂਹੇ ਥਾਣੀਂ ਕਮਰਿਓਂ ਬਾਹਰ ਕੱਢਦਿਆਂ ਜੈਅਦੇਵ ਕੋਲ ਆ ਖੜ੍ਹੀ ਹੋਈ।

ਗੁੱਸੇ ਨਾਲ ਲਾਲ ਅਤੇ ਆਪਣੀ ਤਲਵਾਰ ਦੀ ਮੁੱਠ 'ਤੇ ਹੱਥ ਧਰਿਆ ਜਦ ਰਾਜਾ ਨੇ ਦਰਵਾਜ਼ਾ ਖੋਲ੍ਹ ਕੇ ਕਮਰੇ 'ਚ ਪੈਰ ਧਰਿਆ ਤਾਂ ਕੰਚਨ ਮਾਲਾ ਆਪਣੇ ਅਰਧ-ਨਗਨ ਅੰਗਾਂ ਨੂੰ ਆਪਣੇ ਅੰਗ ਵਸਤਰ ਨਾਲ ਢੱਕਣ ਦਾ ਯਤਨ ਕਰ ਰਹੀ ਸੀ।

—0—



# ਅੱਧੇ-ਅਧੂਰੇ/ਲਾਲ ਸਿੰਘ

ਕਿਸੇ ਮੋਟਰ-ਗੱਡੀ ਦੀ ਲੰਬੀ ਹੌਥ 'ਚ ਲੱਕੜ ਦੀ ਹੱਥੀ ਵਾਲੀ ਲੋਹੇ ਦੀ ਹਥੌੜੀ ਲਗਾਤਾਰ ਵੱਜੀ। ਸਕੂਲ ਲੱਗਣ ਦੀ ਇਹ ਤੀਜੀ ਘੰਟੀ ਸੀ। ਸਕੂਲ ਹੈੱਡ ਰਾਮਪਾਲ ਸਟਾਫ਼ ਸਮੇਤ ਪ੍ਰਾਰਥਨਾ ਥੜ੍ਹੇ ਲਾਗੇ ਜਾ ਖੜੋਇਆ। ਘੜੀਆਂ ਪਲਾਂ ਅੰਦਰ ਹੀ ਸਾਰੇ ਬੱਚੇ ਸਵੇਰ ਦੀ ਸਭਾ ਲਈ ਆ ਜੁੜੇ। ਗਿੱਲ ਪੀ. ਟੀ. ਆਈ. ਨੇ ਥੜ੍ਹੇ ਦੀ ਮੂਹਰਲੀ ਬਾਹੀ 'ਤੇ ਖੜੋ ਕੇ ਕਸਵਾਂ ਕਾਸ਼ਨ ਦਿੱਤਾ-ਸਾਵੇ.....! ਸਾਰੇ ਵਿਦਿਆਰਥੀ ਸਾਵਧਾਨ ਹੋ ਗਏ। ਵਿੱਸ...! ਉਸੇ ਹੀ ਸੁਰ 'ਚ ਉਸ ਦਾ ਇਹ ਅਗਲਾ ਕਾਸ਼ਨ ਸੀ। ਇਹਨਾਂ ਦੀ ਮਸ਼ਕ ਉਸਨੇ ਕਈ ਵਾਰ ਕੀਤੀ। ਫਿਰ ਸਭ ਨੂੰ ਉਸਨੇ ਪ੍ਰਾਰਥਨਾ ਮੁਦਰਾ 'ਚ ਖੜ੍ਹੇ ਕਰ ਲਿਆ। ਨੌਵੀਂ ਦਾ ਗੁਰਮੇਲ, ਅੱਠਵੀਂ ਦਾ ਹਰਜੀਤ, ਛੇਵੀਂ ਦਾ ਮਿੱਕੀ ਆਪਣੇ ਆਪ ਥੜ੍ਹੇ 'ਤੇ ਚੜ੍ਹੇ। ਵਾਰੀ ਸਿਰ। ਉਹਨਾਂ ਦਾ ਚੌਥਾ ਸਾਥੀ ਦੀਪੂ ਅਜੇ ਸਕੂਲ ਨਹੀਂ ਸੀ ਪੁੱਜਾ।

ਸਕੂਲ ਮੁਖੀ ਰਾਮਪਾਲ ਸਮੇਤ ਉਹਨਾਂ ਇਕ-ਦੋ ਵਾਰ ਉਸਦੀ ਜਮਾਤ ਵੱਲ, ਪਿੱਛੋਂ ਆਉਂਦੇ ਰਾਹ ਵੱਲ ਨਿਗਾਹ ਘੁੰਮਾਈ, ਉਹ ਕਿਧਰੇ ਵੀ ਦਿਖਾਈ ਨਾ ਦਿੱਤਾ।

ਦੀਪੂ ਉਸ ਦਿਨ ਥੋੜ੍ਹਾ ਕੁ ਪਛੜ ਕੇ ਪੁੱਜਾ ਸੀ ਸਕੂਲ।..ਸਾਹੋ ਸਾਹ ਹੋਏ ਨੇ ਉਸਨੇ ਛੇਤੀ ਦੇ ਕੇ ਆਪਣਾ ਬਸਤਾ ਪਹਿਲੇ ਟਾਟ ਦੇ ਅਖੀਰਲੇ ਸਿਰੇ ਲਿਆ ਰੱਖਿਆ। ਆਪਣੀ ਜਮਾਤ ਵਾਲੀ ਕਤਾਰ 'ਚ ਸਭ ਤੋਂ ਪਿੱਛੇ ਜਾ ਖੜੋਣ ਦੇ ਇਰਾਦੇ ਨਾਲ ਉਹ ਦੌੜਨ ਹੀ ਲੱਗਾ ਸੀ ਕਿ ਉਹ ਮੁੜ ਝੇਂਪ ਗਿਆ।

ਸੁੱਕੇ ਟਾਂਡਿਆਂ ਵਰਗੀਆਂ ਭੈੜੀਆਂ ਨੰਗੀਆਂ ਲੱਤਾਂ ਉਸ ਪਾਸੇ ਵੱਲ ਜਾਣੋਂ ਜਿਵੇਂ ਅੜ ਹੀ ਖਲੋਈਆਂ।

ਉਹਨੀਂ ਪੈਰੀਂ ਮੁੜਦੇ ਨੇ ਉਸਨੇ ਵੱਡੀ ਗਰਾਊਂਡ 'ਚ ਖੜ੍ਹੇ ਅਧਿਆਪਕਾਂ, ਵਿਦਿਆਰਥੀਆਂ ਤੋਂ ਅੱਖ ਬਚਾ ਕੇ ਬੁੱਢੀ ਟਾਹਲੀ ਦੇ ਮੋਟੇ ਤਣੇ ਓਹਲੇ ਸ਼ਰਨ ਲੈ ਲਈ।

ਕੱਚੀ ਥਾਂ 'ਤੇ ਵਿਛੇ ਪੰਜਾਂ ਟਾਟਾਂ ਉੱਤੇ ਛੱਤਰੀ ਬਣੀ ਮੋਟੀ ਭਾਰੀ ਟਾਹਲੀ ਨੇ ਜਿਵੇਂ ਉਸਨੂੰ ਆਪਣੀ ਬੁੱਕਲ 'ਚ ਲੁਕਦਾ ਕਰ ਲਿਆ ਸੀ।

'ਜੋ ਮਾਂਗੇ ਠਾਕੁਰ ਅਪਨੇ ਸੇਏ, ਸੋਈ ਸੋਈ ਦੇਵੈ'...ਦਾ ਪੂਰਾ ਸ਼ਬਦ, ਸਾਰੇ ਵਿਦਿਆਰਥੀ, ਗੁਰਮੇਲ-ਹਰਜੀਤ-ਮਿੱਕੀ ਦੇ ਪਿੱਛੇ ਪਿੱਛੇ ਉੱਚੀ ਹੇਕ ਲਾ ਕੇ ਪੜ੍ਹ ਹਟੇ। ਪਿੱਛੋਂ ਅਰਦਾਸ ਕਰਨੀ ਸੀ। ਉਹ ਤਿੰਨਾ 'ਚੋਂ ਆਉਂਦੀ ਨਹੀਂ ਸੀ ਕਿਸੇ ਨੂੰ।..ਬਾਰੀ ਕਿਸੇ ਹੋਰ ਦੀ ਵੀ ਹੁੰਦੀ, ਅਰਦਾਸ ਦੀਪੂ ਨੂੰ ਹੀ ਕਰਨੀ ਪੈਂਦੀ। ਹੋਰ ਕਿਸੇ ਨੇ ਸਿੱਖੀ ਨਾ। ਜਿਸ ਦਿਨ ਦੀਪੂ, ਢਿੱਲਾ-ਮੱਠਾ, ਬੀਮਾਰ-ਠਮਾਰ ਹੁੰਦਾ. ਸਕੂਲ ਨਾ ਆਉਂਦਾ, ਪ੍ਰਾਰਥਨਾ ਸਭਾ ਬਿਨਾਂ ਅਰਦਾਸ ਕੀਤਿਆਂ ਮੁਕਾ ਲਈ ਜਾਂਦੀ।

ਉਸ ਦਿਨ ਤਾਂ ਉਸਨੂੰ ਜਮਾਤ ਤੱਕ ਪੁਜਦਿਆਂ ਕਈਆਂ ਨੇ ਵੇਖ ਲਿਆ ਸੀ।

ਸਾਹਮਣੇ ਖੜ੍ਹੇ ਬੱਚਿਆਂ ਦੀ ਘੁਸਰ-ਮੁਸਰ ਤੋਂ ਸਕੂਲ ਪੀ. ਟੀ. ਆਈ. ਤਕ ਸੂਚਨਾ ਪੁੱਜੀ ਕਿ ਦੀਪੂ ਟਾਹਲੀ ਉਹਲੇ ਐ। ਸਕੂਲ ਪੀ. ਟੀ. ਆਈ. ਦੇ ਤੇਵਰ ਪੂਰੇ ਦੇ ਪੂਰੇ ਉਪਰ ਨੂੰ ਚੜ੍ਹ ਗਏ-'ਉਸਦੇ ਸਕੂਲ 'ਚ ਐਹੋ ਜਿਹੀ ਹਿਮਾਕਤ..।'

"ਓਏ ਦੀਪੂ ਦੇ ਬੱਚੇ, ਐਧਰ ਆ ਜਾ ਛੇਤੀ, ਜਾਨ ਚਾਹੀਦੀ ਐ ਤਾਂ...। ਆ ਜਾ ਫੱਟਾ-ਫੱਟ...। ਲੈਨਾਂ ਮੈਂ ਤੇਰੀ ਖਬਰ ਵੱਡੇ ਗਿਆਨੀ ਦੀ, ਕੁੱਤੀਏ ਜਾਤੇ..।"

ਸਕੂਲ ਪੀ. ਟੀ. ਆਈ. ਅੰਦਰਲਾ ਗਿੱਲ ਪੀ. ਟੀ. ਆਈ. ਜਿਵੇਂ ਇਕੋ ਵਾਰੀ ਜਾਗ ਉਠਿਆ। ਉਸਨੂੰ ਜਿਵੇਂ ਚੇਤਾ ਹੀ ਨਾ ਰਿਹਾ ਕਿ ਉਹ ਆਪਣੇ ਖੇਤੀਂ, ਕੰਮੀਂ ਲੱਗੇ ਕਿਸੇ ਕੰਮੀ ਕਾਮੇ ਦੀ ਝਾੜ-ਝੰਬ ਕਰ ਰਿਹੈ, ਜਾਂ ਸਕੂਲ ਸ਼ਿਸ਼ਟਾਚਾਰ ਦੀ ਹੱਦ-ਹਦੂਦ ਅੰਦਰ ਖੜ੍ਹਾ 'ਗੈਰਹਾਜ਼ਰ' ਵਿਦਿਆਰਥੀ ਨੂੰ ਹਾਜ਼ਰ ਕਰ ਰਿਹੈ।

ਸਹਿਮਿਆਂ ਡਰਿਆ ਦੀਪੂ ਟਾਹਲੀ ਉਹਲਿਉਂ ਨਿਕਲ ਕੇ ਸਕੂਲ ਗਰਾਊਂਡ ਵੱਲ ਨੂੰ ਹੋ ਤੁਰਿਆ। ਥੜ੍ਹੇ ਤੱਕ ਪਹੁੰਚਦਿਆਂ ਉਸਦੇ ਸਾਰੇ ਅੰਗ-ਪੈਰ-ਪੰਜ-ਭੌਂਖ ਚੜ੍ਹੇ ਬੁਖਾਰ ਨਾਲ ਕੰਬਦੀ ਦੇਹ ਵਾਂਗ ਕੰਬਣ ਲੱਗ ਪਏ।

ਸਕੂਲ ਪੀ. ਟੀ. ਆਈ. ਨੂੰ ਉਸਦੀ ਢਿੱਲੀ-ਢਿਲਕੀ ਤੋਰ, ਹੋਰ ਵੀ ਤਲਖੀ ਚਾੜ੍ਹ ਗਈ।

ਪ੍ਰਾਰਥਨਾ-ਥੜ੍ਹੇ ਦੀਆਂ ਤਿੰਨ ਪਉੜੀਆਂ ਚੜ੍ਹਨ ਲਈ ਦੀਪੂ ਨੇ ਪਹਿਲੀ ਪਉੜੀ 'ਤੇ ਇਕ ਪੈਰ ਧਰਿਆ ਹੀ ਸੀ ਕਿ ਨਾਅ ਕਰਦੀ ਬੈਂਤ ਉਸਦੀਆਂ ਨੰਗੀਆਂ ਪਿੰਨੀਆਂ 'ਚ ਆ ਵੱਜੀ। ਨਾਲ ਹੀ ਜ਼ੋਰਦਾਰ ਦਬਕਾ-"ਸਾਲਿਆ ਕੱਲਰ ਉਤਰਿਆ ਆ ਤੇਰੀਆਂ ਲੱਤਾਂ 'ਚ। ਹਿੱਲ ਮਰ ਨਹੀਂ ਹੁੰਦਾ..ਕੁੱਤਿਆ ਤਖਾਣਾਂ..ਵਰਦੀ ਨਹੀਂ ਪਾਈ...।"

"ਹਾਏ ਓਏ ਮਰ ਗਿਆ ਓਏਏ...ਦੀਪੂ ਦੀ ਰੋਣ ਵਰਗੀ ਲੇਅਰ ਸਕੂਲ ਪੀ. ਟੀ. ਆਈ. ਦੀ ਗਰਜਵੀਂ ਆਵਾਜ਼ ਹੇਠ ਦੱਬ ਕੇ ਵੀ ਸਾਹਮਣੇ ਖੜ੍ਹੇ ਬੱਚਿਆਂ ਤੱਕ ਚੀਸ ਬਣ ਕੇ ਫੈਲ ਗਈ।

ਡਰਿਆ ਸਹਿਮਿਆ..ਹਟਕੋਰੇ ਭਰਦਾ ਦੀਪੂ ਉਸ ਦਿਨ ਰਟੀ-ਰਟਾਈ ਅਰਦਾਸ ਅੰਦਰ, ਦਸਾਂ ਗੁਰੂਆਂ ਦੇ ਨਾਵਾਂ ਪਿੱਛੋਂ ਚਾਰ ਸਾਹਿਬਜ਼ਾਦਿਆਂ, ਪੰਜਾਂ ਪਿਆਰਿਆਂ, ਚਾਲੀ-ਮੁਕਤਿਆਂ ਸਮੇਤ ਅਨੇਕਾਂ ਸ਼ਹੀਦ ਸਿੰਘਾਂ-ਸਿੰਘਣੀਆਂ ਨੂੰ ਯਾਦ ਕਰਨਾ ਹੀ ਭੁੱਲ ਗਿਆ। ਸਿਹਤਦਾਨ, ਵਿਦਿਆਦਾਨ, ਗਿਆਨਦਾਨ, ਦਾਨਾਂ ਸਿਰ ਦਾਨ ਸ੍ਰੀ ਅੰਮ੍ਰਿਤਸਰ ਸਾਬ੍ਹ ਜੀ ਦੇ ਦਰਸ਼ਨ ਅਸ਼ਨਾਨ ਵਰਗੀਆਂ ਅਨੁਪੂਰਕ ਮੰਗਾਂ ਵੀ ਉਸਤੋਂ ਔਗੜ੍ਹ-ਦੁੱਗੜ੍ਹ ਕਰਕੇ ਖਿਲਰ ਜਿਹੀਆਂ ਗਈਆਂ।

ਬੈਂਤ ਦੀ ਪੀੜ ਤੇ ਵਰਦੀ-ਰਹਿਤ ਲੱਤਾਂ ਨੇ ਉਸਦੀ ਸੁਰਤੀ ਰਤੀ ਭਰ ਵੀ ਕਿਧਰੇ ਇਕਾਗਰ ਨਹੀਂ ਸੀ ਹੋਣ ਦਿੱਤੀ।

ਘਰੋਂ, ਕਾਹਲ-ਕਾਹਲ 'ਚ ਘੁੱਗੂ ਬਣਾ ਕੇ ਖਾਧੀ ਰੋਟੀ ਵੀ ਅੱਧ-ਪਚੱਧੀ ਅਜੇ ਤੱਕ ਉਸਦੀ ਛਾਤੀ-ਵੱਖੀ 'ਚ ਫਸੀ ਪਈ ਸੀ।



ਡੋਰ-ਭੌਰ ਹੋਇਆ, ਉਹ ਥੜ੍ਹੇ ਤੋਂ ਉਤਰ ਕੇ ਆਪਣੀ ਜਮਾਤ ਵਾਲੀ ਪਾਲ੍ਹ ਤੱਕ ਦੀ ਪਛਾਣ ਵੀ ਨਾ ਕਰ ਸਕਿਆ।

ਮੁੱਖ ਅਧਿਆਪਕ ਰਾਮਪਾਲ ਨੂੰ ਉਸ ਦਿਨ ਦਾ ਵਰਤਾਰਾ ਬੇ-ਹੱਦ ਅਜੀਬੋ-ਗਰੀਬ ਲੱਗਾ। ਉਸ ਅੰਦਰ ਦੀਪੂ ਲਈ ਹਮਦਰਦੀ ਨਾਲੋਂ ਵੱਧ ਸਕੂਲ ਪੀ. ਟੀ. ਆਈ. ਲਈ ਰੰਜਸ਼ ਜਾਗ ਉਠੀ।

ਪ੍ਰਾਰਥਨਾ ਮੁੱਕਣ 'ਤੇ ਉਸਨੇ ਸਕੂਲ ਪੀ. ਟੀ. ਆਈ. ਨੂੰ ਦਫ਼ਤਰ ਸੱਦ ਕੇ ਆਪਣੇ ਅਹੁਦੇ ਦੇ ਪ੍ਰਭਾਵ ਅਧੀਨ ਉਸਨੂੰ ਚਿਤਾਰਨ ਵਰਗੀ ਸਲਾਹ ਦਿੱਤੀ-"ਗਿੱਲ ਸਾਬ੍ਹ ਏਹ ਜਾਤਾਂ-ਗੋਤਾਂ ਦੀ ਗਾਲ੍ਹ ਸਕੂਲ ਦੀ ਹੱਦ-ਹਦੂਦ ਅੰਦਰ ਸੋਭਾ ਨਹੀਂ ਦਿੰਦੀ। ਇਕ ਤਾਂ ਅਧਿਆਪਕ ਦਾ ਆਪਣਾ ਮੂੰਹ ਗੰਦਾ ਹੁੰਦਾ, ਸਤਿਕਾਰ ਘਟਦਾ ਉਸਦਾ, ਦੂਜੇ..ਦੂਜੇ ਹੀਣ-ਭਾਵਨਾ ਪੈਦਾ ਹੁੰਦੀ ਆ ਬੱਚੇ 'ਚ।"

"ਹੀਣ ਭਾਵਨਾ, ਕਾਹਦੀ ਹੀਣ-ਭਾਵਨਾ। ਜੇੜ੍ਹਾ ਹੈ ਈ ਤਖਾਣ ਉਨ੍ਹੇ ਤਖਾਣ ਈ ਰ੍ਹੈਣਾ...। ਉਹ ਭਾਮਾ ਮੁੱਖ-ਮੰਤਰੀ ਛੱਡ ਕੇ ਰਾਸ਼ਟਰਪਤੀ ਬਣ ਜੇਏ...।"

ਹੈੱਡਮਾਸਟਰ ਰਾਮਪਾਲ ਨੂੰ ਲੱਗਾ ਸਕੂਲ ਪੀ. ਟੀ. ਆਈ. ਨੇ ਉਸਦੀ ਗੱਲ ਦਾ ਉੱਤਰ ਬਿਲਕੁਲ ਵਕੀਲ ਦਾ ਦਿੱਤਾ ਤੇ ਦਿੱਤਾ ਵੀ ਉਚ ਜਾਤੀ ਥੰਮਲੇ 'ਤੇ ਖੜ੍ਹੋ ਕੇ। ਦੀਪੂ ਦੀ ਪਛੜੀ ਜਾਤ ਦੇ ਨਾਲ ਨਾਲ ਉਸਨੇ ਮੁੱਖ ਅਧਿਆਪਕ ਦੀ ਅਨੁਸੂਚਿਤ ਜਾਤ ਵੀ ਚਿਤਾਰੀ ਹੈ।

ਉਸਦੀ ਸਿੱਧੀ-ਸਪਾਟ ਚੋਟ ਰਾਮਪਾਲ ਤੋਂ ਬਰਦਾਸ਼ਤ ਨਾ ਹੋਈ। ਨਾ ਉਹ ਚੁੱਪ ਰਹਿਣ ਜੋਗਾ ਰਿਹਾ, ਨਾ ਉਸ ਨਾਲ ਸਿੱਧਾ ਉਲਝਣ ਦੇ ਕਾਬਿਲ ਸਮਝਦਾ ਸੀ ਆਪਣੇ ਆਪ ਨੂੰ। ਓਪਰੀ ਥਾਂ ਹੋਣ ਕਰਕੇ।

ਤਾਂ ਵੀ ਉਸਦੀ ਮੁੱਖ ਅਧਿਆਪਕੀ ਥੋੜ੍ਹਾ ਕੁ ਤਲਖ ਜ਼ਰੂਰ ਹੋਈ..."ਸਕੂਲ ਪ੍ਰੈਜ ਕੇ ਪੀ. ਟੀ. ਆਈ, ਨਾ ਕੋਈ ਤਖਾਣ ਹੁੰਦਾ, ਨਾ ਚਮਾਰ, ਨਾ ਜੱਟ। ਸਾਰੇ ਵਿਦਿਆਰਥੀ, ਵਿਦਿਆਰਥੀ ਹੁੰਦੇ ਆ, ਸਾਰੇ ਇਕ ਬਰਾਬਰ।"

"ਏਹ ਬਰੋ-ਬਰੋਬਰੀ ਸੌਂਡ ਕੈਹਣ-ਕਹਾਉਣ ਦੀਆਂ ਗੱਲਾਂ ਈ ਆਂ, ਮੂੰਹ ਜ਼ਬਾਨੀ ਦੀਆਂ...ਤੁਸੀਂ ਬਹੁਤੀ ਨਾ ਰੋਅ ਕਰੋ ਏਨ੍ਹਾਂ ਦੀ..ਏਹ ਕੁਤੀੜ ਸਾਲੀ ਹੈਈ ਏਸ ਲੈਕ..." ਕਰੀਬ ਉਸ ਹੀ ਰੋਅ 'ਚ ਬੋਲਿਆ ਸਕੂਲ ਪੀ. ਟੀ. ਆਈ. ਸਕੂਲ ਹੈੱਡ ਦੇ ਕਮਰੇ 'ਚੋਂ ਉਹਨੀ ਪੈਰੀਂ ਬਾਹਰ ਚਲਾ ਗਿਆ।

ਰਾਮਪਾਲ ਨੂੰ ਉਸਦੀ ਇਹ ਹਰਕਤ ਹੋਰ ਵੀ ਭੈੜੀ ਲੱਗੀ। ਉਸਦੇ ਕਮਰੇ ਦੀ ਗੱਦੇਦਾਰ ਕੁਰਸੀ, ਉਸਨੂੰ ਤਿੱਖੀਆਂ ਸੂਲਾਂ ਚੋਭਣ ਲੱਗ ਪਈ।...ਉਸਨੂੰ ਲੱਗਾ ਕਿ ਜਾਤਾਂ-ਗੋਤਾਂ ਦੀ ਊਚ-ਨੀਚ ਨਾਲ ਅੱਟੇ ਪਏ ਉਸਦੇ ਆਲੇ-ਦੁਆਲੇ, ਰਾਹ-ਖਹਿੜੇ, ਘਰ-ਵਿਹੜੇ ਨੇ ਹੁਣ ਉਸਨੂੰ ਪੂਰੀ ਤਰ੍ਹਾਂ ਘੇਰ ਵਗਲ ਲਿਆ ਹੈ, ਉਸਦੀ ਪਿੱਠ 'ਤੇ ਸਵਾਰੀ ਕਰ ਲਈ ਹੈ, ਪੱਕੀ-ਪੀਡੀ।..ਉਸਦਾ ਜੋਟੀਦਾਰ ਕੈਲਾ ਵੀ ਉਸ ਲਈ ਉਹ ਨਹੀਂ ਸੀ ਰਿਹਾ। ਚੜ੍ਹਦੀ ਪੱਤੀ ਵਾਲਾ ਕਰਨੈਲ। ਲੰਬੜਦਾਰ ਇੰਦਰ ਸਿੰਘ ਦਾ ਲੜਕਾ।...ਦੋਨੋਂ, ਇਕੱਠੇ ਪੜ੍ਹੇ ਸਨ, ਪਿੰਡ ਦੇ ਹਾਈ

ਸਕੂਲੇ। ਲਾਗਲੇ ਸ਼ਹਿਰ 'ਚ ਵੱਡੀ ਪੜ੍ਹਾਈ ਵੀ ਉਨ੍ਹਾਂ ਇਕੱਠਿਆਂ ਕੀਤੀ ਤੇ ਅਧਿਆਪਕੀ ਕੋਰਸ ਵੀ ਇਕੋ ਥਾਂ। ਕੈਲਾ ਖੇਡਾਂ 'ਚ ਮੋਹਰੀ ਸੀ, ਰਾਮੂ ਪੜ੍ਹਾਈ 'ਚ ਅੱਵਲ। ਦੋਨੋਂ ਆਪਣੀ ਆਪਣੀ ਥਾਂ ਕਪਤਾਨ। ਆਪਣੇ ਆਪਣੇ ਖੇਤਰ ਦੇ ਨਾਇਕ। ਸਕੂਲੀ-ਕਾਲਜੀ ਉਹਨਾ ਦਾ ਬਹਿਣ-ਉਠਣ ਆਉਣ-ਜਾਣ ਵੀ ਇਕੱਠਾ ਰਿਹਾ ਸੀ। ਨਾ ਕੋਈ ਵੱਡਾ ਸੀ, ਨਾ ਛੋਟਾ। ਨਾ ਕੋਈ ਉੱਚਾ ਸੀ, ਨਾ ਨੀਵਾਂ। ਪਰ ਹੁਣ-ਹੁਣ ਥੋੜ੍ਹੇ ਕੁ ਚਿਰਾਂ ਤੋਂ ਬਰਾਦਰੀ ਹੋਂਦ ਨੂੰ ਉਭਾਰਦੀ ਦਲਿਤ ਲਹਿਰ ਨਾਲ ਜੁੜ ਕੇ ਰਾਮਪਾਲ ਮੁੜ ਤੋਂ ਉਹੀ ਸੀ, ਕੰਮੀ-ਕਮੀਣ, ਸਿਬੂ ਚਮਾਰ ਦਾ ਮੁੰਡਾ ਰਾਮੂ ਚਮਾਰ ਤੇ ਕੈਲਾ, ਕਰਨੈਲ ਸਿੰਘ ਵਲਦ ਇੰਦਰ ਸਿੰਘ, ਲੰਬੜਦਾਰ। ਰੰਧਾਵਾ ਖਾਲਸ ਜੱਟ। ਕਹਿੰਦਾ ਕਹਾਉਂਦਾ ਜ਼ਿਮੀਂਦਾਰ। ਸਿਬੂਕਿਆਂ ਦੇ ਟੱਬਰ ਨੂੰ ਦਿਹਾੜੀ-ਟੱਪਾ ਦੇਣ ਵਾਲਾ ਵੱਡਾ ਅਲਾਟੀਆ।

ਪੜ੍ਹਾਈ ਮੁਕਦੀ ਕਰਕੇ ਉਹ ਦੋਨੋਂ ਇਕ-ਦੂਜੇ ਤੋਂ ਨਿੱਖੜਦੇ ਕਰੀਬ-ਕਰੀਬ ਕੱਟੇ ਜਿਹੇ ਗਏ।

ਰਾਖਵੇਂ ਕੋਟੇ 'ਚੋਂ ਰਾਮਪਾਲ ਨੂੰ ਕੈਲੇ ਨਾਲੋਂ ਪਹਿਲਾਂ ਮਿਲੀ ਸਕੂਲ ਅਧਿਆਪਕੀ ਦੋਨਾਂ ਵਿਚਕਾਰਲੀ ਵਿੱਥ ਨੂੰ ਕਿੰਨਾ ਸਾਰਾ ਹੋਰ ਵੱਡਾ ਕਰ ਗਈ।

ਕੈਲੇ ਦੀ ਸਾਰੀ ਦੀ ਸਾਰੀ ਲੰਬੜਦਾਰੀ ਜਿਵੇਂ ਸੂਲੀ ਟੰਗੀ ਗਈ। ਭੰਜ-ਦੌੜ ਕਰਕੇ ਉਹ ਕਈ ਚਿਰੀਂ ਰਾਮਪਾਲ ਨਾਲ ਰਲਿਆ ਵੀ ਰਲਿਆ ਤਾਂ ਉਸਤੋਂ ਕਿੰਨਾ ਸਾਰਾ ਜੂਨੀਅਰ, ਕਿੰਨਾ ਸਾਰਾ ਹੇਠਾਂ। ਇਕੋ ਸਕੂਲ ਦੇ ਇਕੋ ਸਟਾਫ-ਰੂਮ 'ਚੋਂ ਬੈਠੇ ਵੀ ਉਹ ਇਕ ਦੂਜੇ ਤੋਂ ਕੋਹਾਂ ਦੂਰ। ਬੋਲ-ਚਾਲ, ਗੱਲ-ਬਾਤ, ਲਗਭਗ ਬੰਦ। ਸਰਕਾਰੀ ਕੰਮ-ਕਾਜ ਹਿਤ ਜੇ ਕਿਧਰੇ ਮਾੜੀ-ਪਤਲੀ ਹੂੰ-ਹਾਂ ਕਰਨੀ ਵੀ ਪੈਂਦੀ ਤਾਂ ਐਵੇਂ ਰੁੱਖੀ-ਰੁੱਸੀ ਜਿਹੀ, ਸੜੀ-ਭੁੱਜੀ ਜਿਹੀ।

...ਪਦ-ਉਨਤੀ ਕਰਕੇ ਕੈਲੇ ਤੋਂ ਕਾਫੀ ਦੂਰ ਆਏ ਰਾਮਪਾਲ ਨੂੰ ਲੱਗਾ ਕਿ ਉਸਦਾ 'ਜੱਟੀਦਾਰ' ਕਰਨੈਲ ਉਸ ਤੋਂ ਪਹਿਲਾਂ ਹੀ ਉਸਦੇ ਨਵੇਂ ਸਕੂਲ ਪਹੁੰਚ ਗਿਆ ਹੈ। ਹੋਰ ਤਾਂ ਹੋਰ ਉਸਦੇ ਪਿਛਲੇ ਸਕੂਲ ਦਾ ਸਟਾਫ ਰੂਮ ਵਰਤਾਰਾ, ਇਸ ਸਕੂਲ ਦੇ ਸਾਰੇ ਕਮਰਿਆ ਸਾਰੀਆਂ ਥਾਵਾਂ ਤੱਕ ਖਿਲਰ-ਫੈਲ ਗਿਆ ਹੈ।

ਪ੍ਰਾਰਥਨਾ ਸਭਾ ਪਿੱਛੋਂ, ਉਸਦੇ ਆਪਣੇ ਕਮਰੇ 'ਚ ਹੁਣੇ ਵਾਪਰੀ ਘਟਨਾ, ਉਸਦੇ ਸਾਰੇ ਵਜੂਦ ਨੂੰ ਸੜਦੀ ਬਲਦੀ ਜੂਹ ਅੰਦਰ ਸੁੱਟਦਾ ਕਰ ਗਈ।

ਪਲ ਦੀ ਪਲ ਉਸਦੀ ਰੀਜ਼ਰਵ ਕਲਾਸ ਪਦ-ਉਨਤੀ ਉਸ ਨੂੰ ਸਰਾਪ ਜਿਹੀ ਜਾਪੀ। ਉਸਨੂੰ ਸਮਝ ਨਾ ਲੱਗੀ ਕਿ ਸਕੂਲ ਪੀ. ਟੀ. ਆਈ. ਅੰਦਰੋਂ ਨਿਕਲੇ ਰੁੱਖੇ-ਭੱਦੇ ਬੋਲ, ਉਸਦੀ ਛੋਟੀ ਉਮਰ ਨੂੰ ਮਿਲੀ ਵੱਡੀ ਕੁਰਸੀ ਕਾਰਨ ਨਿਕਲੇ ਹਨ ਜਾਂ ਗਿੱਲ ਪੀ. ਟੀ. ਆਈ. ਦੀ ਵੱਡੀ ਉਮਰ ਹੇਠਲੀ ਨੀਵੀਂ ਕੁਰਸੀ ਨੂੰ ਹੋਈ ਰੰਜਸ਼ ਕਾਰਨ।

ਤਰਲੋਮੱਛੀ ਹੋਇਆ ਉਹ ਝਟਕਾ ਜਿਹਾ ਮਾਰਕੇ ਉਠਦਾ ਕਮਰਿਉਂ ਬਾਹਰ ਆ ਖੜ੍ਹਾ ਹੋਇਆ।



ਇਕ-ਦੋ ਨੂੰ ਛੱਡ ਕੇ ਸਾਰੇ ਅਧਿਆਪਕ ਆਪਣੀਆਂ ਜਮਾਤਾਂ ਵਿਚ ਜਾ ਢੁੱਕੇ ਸਨ। ਗਿੱਲ ਪੀ. ਟੀ. ਆਈ. ਉਸ ਨੂੰ ਕਿਧਰੇ ਦਿਖਾਈ ਨਾ ਦਿੱਤਾ। ਸਕੂਲ ਚੌਂਕੀਦਾਰ ਸਾਧੂ ਦਫਤਰੋਂ ਬਾਹਰ ਬੈਂਚ 'ਤੇ ਬੈਠਾ ਕਿਸੇ ਡੂੰਘੀ ਥਾਂ ਡੁੱਬਾ ਪ੍ਰਤੀਤ ਹੋ ਰਿਹਾ ਸੀ।

ਉਲਝੇ-ਬਿਖਰੇ ਰਾਮਪਾਲ ਨੇ ਸਾਧੂ ਚੌਂਕੀਦਾਰ ਨੂੰ ਥੋੜ੍ਹਾ ਕੁ ਕੱਸਵੀਂ ਆਵਾਜ਼ ਮਾਰੀ ਅਕਾਰਨ। ਉਹ ਜਿਵੇਂ ਕਰੰਟ ਲੱਗਣ ਵਾਂਗ ਖੜ੍ਹਾ ਹੋਇਆ "ਜੀਹੀ ... ਸਾਬ੍ਹ।"

ਰਾਮਪਾਲ ਕੋਲ ਉਸਨੂੰ ਦੱਸਣ ਕਹਿਣ ਲਈ ਵੀ ਕੁਝ ਨਹੀਂ ਸੀ।

"ਗਿੱਲ ਸਾਬ੍ਹ ਨੂੰ ਬੁਲਾਈਂ।...ਨਾਲ਼ੇ ਸੱਚ ਦੀਪੂ ਨੂੰ ਬੁਲਾਈਂ, ਕੇੜ੍ਹੀ ਜਮਾਤ ਆ ਭਲਾ ਦੀਪੂ ਦੀਈ...?"

"ਜੀ ਸੱਤਮੀਂ ਜੀਈ...ਭਾਈਆਂ ਕੇ ਦੀਪੂ ਦੀ ਸੱਤਮੀਂ ਜਮਾਤ ਆ ਜੀਈ...।" ਸਾਧੂ ਤਿੱਖੀ ਚਾਲੇ ਖੁੱਲ੍ਹੇ ਵਿਹਾੜੇ ਦੇ ਪਾਰਲੇ ਸਿਰੇ ਵਾਲੀ ਵੱਡੀ ਟਾਹਲੀ ਵੱਲ ਨੂੰ ਤੁਰਿਆ ਹੀ ਸੀ ਕਿ ਹੈੱਡਮਾਸਟਰ ਰਾਮਪਾਲ ਨੇ ਪਿਛਿਉਂ 'ਵਾਜ ਮਾਰੀ ਲਈ-"ਔਂਡਾ ਰੈਹਣ ਦੇ ਹਜੇ. ਮੈਂ...।"

ਸਾਧੂ ਉਹਨੀਂ ਪੈਰੀਂ ਮੁੜਦਾ ਮੁੜ ਆਪਣੇ ਸਟੂਲ ਲਾਗੇ ਆ ਖੜ੍ਹਾ ਹੋਇਆ-ਸਕੂਲ ਮੁਖੀ ਦਾ ਅਗਲਾ ਆਦੇਸ਼ ਜਾਨਣ ਲਈ।

ਰਾਮਪਾਲ ਘੜੀ ਪਲ ਚੁੱਪ-ਚਾਪ ਖੜ੍ਹਾ ਰਿਹਾ। ਫਿਰ. ਫਿਰ, ਉਸ ਅੰਦਰ ਰਿੱਝਦੀ-ਕੜ੍ਹਦੀ ਹਾਂਡੀ ਨੂੰ ਜਿਵੇਂ ਉਬਾਲ ਜਿਹਾ ਆਇਆ ਹੋਵੇ। ਥੋੜ੍ਹੇ ਕੁ ਜਿੰਨੇ ਬੇ-ਤਰਤੀਬੇ ਬੋਲ ਆਪ-ਮੁਹਾਰੇ ਉਸ ਦੇ ਮੂੰਹੋਂ ਨਿਕਲ ਕੇ ਸਾਧੂ ਚੌਂਕੀਦਾਰ ਵੱਲ ਨੂੰ ਵਧੇ "...ਆਹ ਜੇੜ੍ਹਾ ਪੀ. ਟੀ. ਆਈ. ਆ ਸਾਧਾ ਸਿਆਂ, ਕਦੋਂ ਕੁ ਦਾ ਆ, ਮੇਰਾ ਮਤਲਬ ਐਸ ਸਕੂਲੇ ਐਥੇ?"

"ਸਾਬ੍ਹ ਜੀ, ਵੋਹ ਸਰਦੇਰ ਹੋਣੀ, ਐਥੇ ਈ ਆ ਜੀਈ ਮੁੱਢ ਤੋਂ। ਵੋਹ ਤਾਂ ਸਕੂਲ ਈ ਵੋਨ੍ਹਾਂ ਦਾ ਸੀਗਾ ਜੀਈ, ਵੋਨ੍ਹਾਂ ਦੇ ਭਾਪਾ ਜੀ ਦਾ, ਸਰਦੇਰ ਬਾਦ੍ਹਰ 'ਜਾਗਰ ਸੂਹ ਦਾ। ਵੋਹ ਤਾਂ ਜੀਈ ਥੋੜ੍ਹੇ ਕੁ ਚਿਰਾਂ ਤੋਂ ਸਰਕਾਰੂ ਹੋਇਆ, ਪਹਿਲੋਂ ਵੋਹੋ ਸਰਦਾਰ ਹੋਣੀ ਮਾਲਕ ਹੁੰਦੇ ਸੇਏ, ਐਥੇ...।"

"ਹੂੰਅ..ਅ...ਅ..", ਰਾਮਪਾਲ ਅੰਦਰੋਂ ਨਿਕਲੀ ਲੰਮੀ ਹੂੰਅ...ਅ ਵਿਚ ਦਰਦ ਸੀ ਜਾਂ ਹਿਰਖ, ਰੋਹ ਸੀ ਜਾਂ ਖਿਝ, ਘੜੀ ਪਲ ਤਾਂ ਉਸਨੂੰ ਆਪ ਨੂੰ ਵੀ ਸਮਝ ਨਾ ਲਗੀ ਤਾਂ ਵੀ ਸਰਕਾਰੀ ਸੇਵਾ 'ਚ ਆਉਣ ਤੋਂ ਪਹਿਲਾਂ, ਰਵੀਦਾਸ ਹਾਈ ਸਕੂਲੇ ਬਿਤਾਏ ਢਾਈ ਕੁ ਵਰ੍ਹੇ ਉਸਦੇ ਦਿਲ ਦਿਮਾਗ 'ਤੇ ਸੂਲ ਵਾਂਗ ਚੁਭ ਗਏ।...ਕਿੰਨੀ ਖੁਸ਼ਾਮਦ ਕਰਨੀ ਪਈ ਸੀ ਉਸਨੂੰ ਪ੍ਰਧਾਨ, ਸਕੱਤਰ, ਮੈਨੇਜਰ ਸਮੇਤ ਸਾਰੇ ਪ੍ਰਬੰਧਕੀ ਅਮਲੇ ਦੀ। ਕੱਲੇ-ਕੱਲੇ ਦੇ ਗੋਡੀਂ ਹੱਥ ਲ 'ਵਾਉਣਾ ਪਿਆ ਸੀ। ਪਹਿਲਾਂ ਨੌਕਰੀ ਲੈਣ ਲਈ, ਪਿੱਛੋਂ ਦਿਨ-ਕਟੀ ਕਰਨ ਲਈ, ਖਾਸ ਕਰ ਕਮੇਟੀ ਪ੍ਰਧਾਨ ਦੇ, ਜਿਸ ਦੇ ਹੁਕਮ ਤੋਂ ਬਿਨਾਂ ਪੱਤਾ ਨਹੀਂ ਸੀ ਹਿਲਦਾ ਸਾਰੇ ਸਕੂਲ 'ਚ।

ਪ੍ਰਧਾਨ ਜੀ ਦੀ ਮੁੱਠੀ-ਚਾਪੀ ਉਸਨੂੰ ਕਈ ਚਿਰ ਕਰਨੀ ਪਈ ਸੀ। ਕਦੀ ਉਸ ਵੱਲੋਂ 'ਹਾਂ' ਹੋ ਜਾਂਦੀ, ਕਦੀ 'ਨਾਂਹ'।

ਆਖਰ ਉਸਦੇ ਪਿਓ ਸਿਬੂ ਨੇ ਉਸਦੀ ਕੁਟੀਆ ਪਹੁੰਚ ਕੇ ਜਾਣੋ ਉਸਦੇ ਪੈਰ ਹੀ ਫੜ ਲਏ ਸਨ। ਪ੍ਰਸੰਨ-ਚਿੱਤ ਹੋਏ 'ਬਾਬਾ ਜੀ' ਨੇ ਸਿਬੂ ਨੂੰ ਹਾਂ ਕਰ ਦਿੱਤੀ-"ਅੱਛਇਆ, ਭੇਜ ਦੇਨਾ ਲੜਕੇ ਕੋ ਆਸ਼ਰਮ, ਕਲ ਕੋਅ...।"

ਪਰ, ਥਾਂ ਥਾਂ ਟੱਕਰਾਂ ਮਾਰਦੇ ਰਾਮਪਾਲ ਤੋਂ ਕਲ੍ਹ ਦੀ ਉਡੀਕ ਨਹੀਂ ਸੀ ਹੋਈ। ਉਹ ਉਸੇ ਸ਼ਾਮ ਉਸਦੇ ਆਸ਼ਰਮ ਜਾ ਪੁੱਜਾ ਸੀ। ਸਕੂਲ ਪ੍ਰਧਾਨ, 'ਸੰਤ-ਮ੍ਹਾਰਾਜ' ਉੱਚੇ ਗੱਦੇ-ਦਾਰ ਆਸਣ 'ਤੇ ਬਿਰਾਜਮਾਨ ਸਨ, ਗੋਲ ਚੌਕੜੀ ਮਾਰੀ। ਪੂਰੀ ਸਾਧ ਬਿਰਤੀ। ਇਕ ਹੱਥ ਮਾਲਾ, ਲਿਸ਼-ਲਿਸ਼ ਕਰਦੀ ਦਿੱਖ ਆਲੇ-ਦੁਆਲੇ ਕਿੰਨੀ ਸਾਰੀ ਸੰਗਤ।

ਰਾਮਪਾਲ ਸਾਰੇ ਦਾ ਸਾਰਾ ਨਿਵ ਕੇ, ਡੰਡੌਤ ਬੰਦਨਾ ਕਰਕੇ, ਉਸਦੇ ਨੇੜੇ ਜਿਹੇ ਹੋ ਕੇ ਜਾ ਬੈਠਾ ਸੀ।

"ਅੱਛਇਆ ਕਿਤਨੀ ਜਮਾਤੇ ਪੜ੍ਹਾ ਹੈਅ ਤੂੰ...?" ਗੱਦੀਦਾਰ ਪ੍ਰਧਾਨ ਨੇ ਪੈਂਦੀ ਸੱਟੇ ਉਸ ਨੂੰ ਸਵਾਲ ਕੀਤਾ ਸੀ।

"ਜੀਈ ਮੈਂ ਬੀ. ਐੱਸ. ਸੀ..ਬੀ. ਐੱਡ. ਆਂ...।"

"ਬੀ. ਸੀ. ਤੋਂ ਹੂਈ, ਤੂੰ ਨੇ ਮਾਸਟਰੀ ਵੀ ਪੜ੍ਹੀ ਐ ਨਾ..?"

ਰਾਮਪਾਲ ਨੂੰ ਉਸਦੀ ਆਗਿਆਨਤਾ 'ਤੇ ਹਾਸਾ ਵੀ ਆਇਆ ਤੇ ਗੁੱਸਾ ਵੀ। ਉਹ ਅੰਦਰੋਂ ਅੰਦਰ ਜਿਵੇਂ ਕਲਪ ਉਠਿਆ ਸੀ, ਵਿਦਿਆ-ਖੇਤਰ ਨਾਲ ਹੋ ਰਹੇ ਖਿਲਵਾੜ ਤੋਂ ਖਿਝ ਉੱਠਿਆ, ਪਰ ਗੌਂਅ ਸੀ ਉਸਨੂੰ, ਲੋੜ ਉਸਨੂੰ ਸੀ, ਉਸਨੇ ਦੜ ਹੀ ਵੱਟੀ ਰੱਖੀ ਸੀ।

ਝੱਟ ਹੀ ਲਾਗੇ ਬੈਠੇ ਸੇਵਕਾਂ 'ਚੋਂ ਕਿਸੇ ਨੇ 'ਸੰਤ-ਮ੍ਹਾਰਾਜ' ਨੂੰ ਵਿਆਖਿਆ ਕਰ ਸਮਝਾਈ ਸੀ-'ਏਸ ਲੜਕੇ ਦੀ ਪੜ੍ਹਾਈ ਬਹੁਤ ਵਧੀਆ ਐ, ਸਾਇੰਸ ਦੀ ਪੜ੍ਹਾਈ ਨਾਲ ਮਾਸਟਰੀ ਕੋਰਸ।'

"ਫਿਰ ਤੋ ਬਹੁਤ ਅੱਛੀ ਬਾਤ ਹੈਅ..। ਹਾਂ ਤੋ ਮਾਸਟਰ ਨੌਕਰੀ ਕੇ ਸਾਥ ਸਾਥ ਡੇਰੇ ਕੀ ਸੇਵਾ-ਸੰਭਾਲ ਕਾ ਵੀ ਧਿਆਨ ਰਖਨਾ...ਪਹਿਲੇ ਕੀ ਤਰਾ ਬੇ-ਮੁਖ ਨਾ ਹੋਨਾ..।"

ਰਾਮਪਾਲ ਕੋਲ ਉਸ ਸਮੇਂ ਸਕੂਲ ਪ੍ਰਧਾਨ ਨੂੰ ਸਤਿ-ਬਚਨ ਕਹਿਣ ਤੋਂ ਸਿਵਾ ਕੋਈ ਚਾਰਾ ਨਹੀਂ ਸੀ ਬਚਿਆ, ਨਾ ਈ ਉਸ ਤੋਂ ਪਿੱਛੋਂ।

ਉਹ ਪੂਰੀ ਤਰ੍ਹਾਂ ਵਿਆਕੁਲ ਹੋ ਉਠਦਾ ਸੀ, ਅੱਧੀ ਤਨਖਾਹ ਲੈ ਕੇ ਪੂਰੀ 'ਤੇ ਦਸਖ਼ਤ ਕਰਨ ਲੱਗਾ। ਤਾਂ ਵੀ ਸਤਿ ਬਚਨ।

ਪੂਰੇ ਢਾਈ ਸਾਲ ਉਹ ਕੰਨ 'ਚ ਪਾਇਆ ਨਹੀਂ ਸੀ ਰੜਕਿਆ, ਨਾ ਸਕੂਲ ਅੰਦਰ, ਨਾ ਸਕੂਲੋਂ ਬਾਹਰ।

ਸਾਧੂ ਚੌਕੀਦਾਰ ਦੇ ਅਧੀਨਗੀ ਭਰੇ ਵਤੀਰੇ ਦੀ ਉਸਨੂੰ ਇਕ-ਦਮ ਸਮਝ ਆ ਗਈ। ਪਰ, ਨਾਲ ਦੀ ਨਾਲ ਥੋੜ੍ਹਾ ਜਿੰਨਾ ਗੁੱਸਾ ਵੀ ਆਇਆ ਉਸ 'ਤੇ-ਹੁਣ ਕਾਹਦੀ ਲਾਚਾਰਗੀ ਸੀ ਉਸਨੂੰ। ਹੁਣ ਤਾਂ ਉਹ ਗੁਲਾਮ ਨਹੀਂ ਸੀ ਗਿੱਲ ਮਾਲਕਾਂ ਦਾ। ਹੁਣ ਤਾਂ ਉਸਨੂੰ ਆਪਣੀ ਥਾਂ...



ਰਾਮਪਾਲ ਅੰਦਰ ਜਾਗੀ ਪਦਵੀ-ਹਉਂ ਝੱਟ ਹੀ ਉਸਦੀ ਜ਼ੁਬਾਨ ਤਕ ਆ ਪੁੱਜੀ-"ਹੁਣ ਕਿਥੇ ਆ ਉਹ...?"

ਰਾਮਪਾਲ ਦਾ ਸੰਬੋਧਨ ਇਸ ਵਾਰ ਪਹਿਲਾਂ ਨਾਲੋਂ ਵੀ ਰੁੱਖਾ ਸੀ।

"ਕੌਣ ਜੀਈ...? ਗਿੱਲ ਸੈਬ੍ਹ...! ਉਹ ਤਾਂ ਚਲੇ ਗਏ ਹੋਣੇ ਆ ਜੀ ਕੋਠੀ। ਐਸਲੇ ਕੁ ਮੁੜ ਜਾਂਦੇ ਹੁੰਦੇ ਆ ਘਰ ਨੂੰ, ਲੱਸੀ ਪਾਣੀ ਪੀਣ...।"

"ਮੁੜ ਜਾਂਦੇ ਹੁੰਦੇ ਆ..ਲੱਸੀ ਪਾਣੀ ਪੀਣ......! ਏਹ ਸਕੂਲ ਆ ਕਿ ਭੰਗੜਖਾਨਾ..? ਜਾਹ, ਜਾ ਕੇ ਲਿਆ ਬੁਲਾ ਕੇ। ਆਖੀਂ ਹੈੱਡਮਾਸਟਰ ਸਾਬ੍ਹ ਬੁਲਾਉਂਦੇ ਆ ਸਕੂਲੇ।"

"ਜੀ ਸਾਬ੍ਹ, ਪਰ ਜੀਈ ਕੋਈ ਹੋਰ ਤਰ੍ਹਾਂ ਦੇ ਜੇ ਬੰਦੇ ਆਏ ਘਰੇ ਤਾਂ ਵੀ..।"

"ਹੋਰ ਤਰ੍ਹਾਂ ਦੇ ਕਿੱਦਾਂ ਦੇ...?"

"ਕੋਈ ਏਨ੍ਹਾਂ ਦੀ ਪਾਲਟੀ ਆਲਾ, ਕੋਈ ਲੀਡਰ-ਲੀਡਰ, ਕੋਈ ਸਰਕੌਰੀ ਅਫ਼ਸਰ..। ਆਹ ਹੁਣ ਜਿਹੇ ਉਨ੍ਹਾਂ ਦੇ ਘਰੋਂ ਜੀਈ ਸਰਪੰਚਣੀ ਬਣੀ ਆ ਨਾ ਜੀਈ...ਸੋ ਆਇਆ-ਗਿਆ ਰੌਂਦਾ। ਆਪ ਤਾਂ ਬੀਬੀ ਜੀ ਜਾਂਦੇ-ਜੁੰਦੇ ਨਈਂ ਕਿਧਰੇ...ਗਿੱਲ ਸੈਬ੍ਹ ਈ ਕਰਦੇ ਆ ਉਨ੍ਹਾਂ ਨੇ ਵੰਡੇ ਦਾ ਸਾਰਾ ਕੰਮ-ਕਾਜ, ਪੀ.ਟੀ. ਸੈਬ...।"

"ਅੱਛਾ ਕੋਈ ਨਾ ਰੈਹਣ ਦੇ..ਜਿਸ ਵੇਲੇ ਆਉਣ, ਸਿੱਧੇ ਦਫ਼ਤਰ ਭੇਜ ਦੇਈਂ..।" ਸਕੂਲ ਮੁਖੀ ਦਾ ਸੰਬੋਧਨ ਫਿਰ ਬਹੁ-ਬਚਨੀ ਹੋ ਗਿਆ।

"ਠੀਅਕ ਆ ਜਨਾਬ..ਜੋ ਹੁਕਮ।"

ਸਕੂਲ ਚੌਕੀਦਾਰ ਸਾਧੂ ਰਾਮ ਦਾ ਉੱਤਰ ਇਸ ਵਾਰ ਸਹਿਜ ਨਹੀਂ ਸੀ ਰਿਹਾ। ਰਵਾਇਤੀ ਹਲੀਮੀ ਕਾਇਮ ਰੱਖਦਿਆਂ ਵੀ ਇਹ ਕਈ ਸਾਰਾ ਹਿਰਖਿਆ ਗਿਆ ਸੀ।

ਉਸ ਨੂੰ ਲੱਗਾ ਸਕੂਲ ਪੀ. ਟੀ. ਆਈ. ਈ, ਦੀ ਆੜ 'ਚ ਰਾਮਪਾਲ ਉਸਦੀ ਖਾਹਮੁਖਾਹ ਦੀ ਹੇਠੀ ਕਰ ਰਿਹੇ, ਮਾੜੀ ਧਿਰ ਸਮਝ ਕੇ।

ਬੋਲ-ਬਾਣੀ ਤਾਂ ਪਹਿਲੇ ਦਿਨ ਤੋਂ ਅੱਖੜਦੀ ਰਹੀ ਸੀ ਸਾਧੂ ਨੂੰ ਉਸਦੀ, ਤਾਂ ਵੀ ਚੌਥਾ ਦਰਜਾ ਕਰਮਚਾਰੀ ਹੋਣ ਨਾਤੇ ਉਹ ਸਹਿੰਦਾ-ਸਹਾਰਦਾ ਹੀ ਰਿਹਾ।

ਹੁਣ ਉਸਦਾ ਅੰਦਰਲਾ ਵੱਟ ਜਿਹਾ ਖਾ ਕੇ ਜਿਵੇਂ ਮੂਕ ਬੋਲੀ ਬੋਲਿਆ ਹੋਵੇ-'ਕੋਈ ਨਾ ਪੁੱਤ ਜੀਈ, ਦੇਖਦਾਂ ਕਿੰਨੇ ਕੁ ਪਾਣੀਆਂ 'ਚ ਆਂ ਤੂੰ...।' ਉਸਦਾ ਅਗਲਾ ਵਾਰ ਰੋਕਣ ਦੇ ਇਰਾਦੇ ਨਾਲ ਸਾਧੂ ਚੌਕੀਦਾਰ ਨੇ ਚੌਕੀਦਾਰ-ਢਾਲ ਮੂਹਰੇ ਕਰ ਦਿੱਤੀ। ਥੋੜ੍ਹਾ ਕੁ ਜਿੰਨਾ ਲਗਣ-ਜੋੜ ਲਾ ਕੇ ਉਸਨੇ ਗਰੇਵਾਲ ਹੈੱਡ ਨਾਲ ਹੋਈ ਬੀਤੀ, ਇਕ ਸਾਰ ਆਖ ਸੁਣਾਈ-"ਸਾਬ੍ਹ ਜੀ ਇਕਗੱਲ ਦੱਸਾਂ ਜੀਈ...ਉਂ ਤਾਂ ਤੁਸੀਂ ਸਿਆਣੇ ਓ ਜੀਈ. ਦੱਸਣ ਨੂੰ ਚਿੱਤ ਤਾਂ ਨਈਂ ਕਰਦਾ ਜੀਈ..ਫੇਅਰ ਵੀ ਜਾਤ-ਬਰਾਦਰੀ ਕਰਕੇ ਜੀਈ-ਤਾਈਓਂ ਜੀਈ..ਹੈਅ ਜੀਈ...ਫੇਅਰ ਵੀ ਜੱਦੀ-ਪੁਸ਼ਤੀ ਸਰਦੇਰੀ, ਸਰਦੇਰੀ ਰੈਂਦੀ ਆ..।...ਐਂ ਗਰੇਵਾਲ ਹੈੱਡ ਵੀ ਬੜੇ ਧੜੱਲੇਦਾਰ ਬੰਦੇ ਸੇਏ ਜੀਈ...ਲੀਡਰ ਲੁਫ਼ਰ ਵੀ ਸੀਗੇ ਸਾਰੇ ਹੈੱਡਾਂ ਦੇ।...ਉਹ ਵੀ ਐਕਣੇ ਸਰਦੇਰ ਹੋਣਾਂ ਨਾਲ ਉਲਝ ਗਏ..ਗਿੱਲ ਸੈਬ੍ਹ ਹੋਣਾਂ ਨਾ..ਆਖਣ ਲੱਗੇ-'ਪੀ. ਟੀ. ਆਈ. ਜਿਆ, ਜਿੰਨਾ ਚਿਰ ਮੈਂ

ਏਥੇ ਆ, ਤੂੰ ਤਿੰਨ ਗੱਲਾਂ ਨੀ ਕਰਨੀਆਂ। ਇਕ ਤੰਬਾ ਲਾ ਕੇ ਸਕੂਲ ਨਹੀਂ ਆਉਣਾ...ਓਦੋਂ ਸਰਦੇਰ ਹੋਰੀਂ ਤੰਬਾ ਲਾ ਕੇ ਸਕੂਲ ਆਉਂਦੇ ਸੇਏ। ਦੂਜੇ, ਜਿੰਨਾ ਚਿਰ ਸਕੂਲ ਟੈਮ ਹੁੰਦਾ ਕਿਧਰੇ ਨਹੀਂ ਜਾਣਾ, ਨਾ ਘਰ ਨਾ ਕਿਧਰੇ ਹੋਰਥੇ..ਓਦੋਂ ਵੀ ਐਕਣੇ ਚਲੇ ਜਾਂਦੇ ਸੇਏ ਘਰ ਨੂੰ ਜੀਕਣ ਹੁਣ ਗਏ ਆ। ਤੇ...ਤੀਜੀ ਗੱਲ ਸ਼ਰਾਬ ਪੀਤੀ ਤੇ ਸਕੂਲ ਨਹੀਂ ਆਉਣਾ...।"

"ਲਓ ਸਾਬ੍ਹ ਜੀਈ, ਮੈਨੂੰ ਤਾਂ ਐਉਂ ਲੱਗੇ ਜਿਉਂ ਦੋ ਸਾਨ੍ਹ ਭਿੜ ਪਏ ਸਿੰਧੇ। ਇਕ ਆਖੇ ਮੈਂ ਵੱਡਾ, ਦੂਜਾ ਆਖੇ ਮੈਂ ਤਕੜਾ। ਕੋਈ ਇਕ ਦੂਜੇ ਦੀ ਗੱਲ ਨਾ ਮੰਨੇ। ਫੇਅਰ ਪਤਾਅ ਕੀ ਹੋਇਆ? ਫੇਅਰ ਸਾਬ੍ਹ ਜੀਈ ਸਾਡੇ ਸਰਦੇਰ ਹੋਣੀ ਆਪਣੇ ਆਈ ਤੇ ਆ ਗਏ ਕੇਏ। ਉਨ੍ਹ ਸਿੱਧਾ ਸਪਾਟ ਆਖ ਮਾਰਿਆ-'ਓਏ ਗਰੇਵਾਲਾ ਮੈਨੂੰ ਤੇਰੀਆਂ ਤਿੰਨੇ ਗੱਲਾਂ ਮੰਜ਼ੂਰ ਨਹੀਂ। ਮੈਨੂੰ ਇਕ ਹੋਰ ਗੱਲ ਮੰਜ਼ੂਰ ਆ, ਚੌਥੀ ਗੱਲ! ਉਨ੍ਹਾਂ ਪੁੱਛਿਆ-ਓਹ ਕੇੜ੍ਹੀ?...ਦੱਸ! ਸਰਦੇਰ ਹੋਣੀ ਕੇਹਾ-'ਊਹ ਦੱਸਣ ਆਲੀ ਨ੍ਹਈਂ, ਪਤਾ ਲਾਉਣ ਆਲੀ ਆ'।"

ਆਪਣੀ ਰੌਅ 'ਚ ਰੁਕੇ ਤੋਂ ਉਸਤੋਂ, ਨਵੇਂ ਆਏ ਸਕੂਲ ਮੁਖੀ ਨੂੰ ਅਣਮੰਗੀ ਸਲਾਹ ਵੀ ਦਿੱਤੀ ਗਈ।...ਝੱਟ ਉਸਨੂੰ ਪਹਿਲੀ ਘੰਟੀ ਬਜਾਉਣ ਦਾ ਵਕਤ ਚੇਤੇ ਆ ਗਿਆ। ਤਿੰਨ-ਮਿੰਟ ਉਪਰ ਹੋ ਢੁੱਕੇ ਸਨ। ਐਨਾ ਲੇਅਟ...! ਉਸਨੂੰ ਆਪਣੇ ਆਪ 'ਤੇ ਢੇਰ ਸਾਰੀ ਗਿਲਾਨੀ ਹੋਈ।...ਐਉਂ ਤਾਂ ਕਦੀ ਵੀ ਨਹੀਂ ਸੀ ਹੋਇਆ ਉਸਤੋਂ!

ਡਰਨੇ ਵਾਂਗ ਡੋਲਦਾ ਉਹ, ਥੋੜ੍ਹਾ ਕੁ ਹਟਵੀਂ ਪਈ, ਹੱਥ ਘੰਟੀ ਵਿਚ ਲੱਕੜ ਦੀ ਹੱਥੀ ਵਾਲਾ ਲੋਹੇ ਦਾ ਹਥੌੜਾ ਮਾਰਕੇ ਮੁੜ ਆਪਣੀ ਥਾਂ ਪਰਤ ਆਇਆ।

ਢੌਂਕਾਂ 'ਤੇ ਹੱਥ ਰੱਖੀ ਖੜ੍ਹੇ ਰਾਮਪਾਲ ਦੀ ਗਜ਼ਟਿਡ ਪਦ-ਉਨਤੀ ਚੌਕੀਦਾਰ ਦੀ ਬਾਤ-ਵਾਰਤਾ ਸੁਣ ਕੇ ਕਿੰਨੀ ਸਾਰੀ ਝੇਪ ਜਿਹੀ ਗਈ ਸੀ। ਤਾਂ ਵੀ ਅਧੀਨ ਅਮਲੇ ਅੱਗੇ ਇਕ ਦਮ ਹੀਣਾ ਹੋਣ ਲਈ ਉਹ ਤਿਆਰ ਨਾ ਹੋਇਆ। ਦਫ਼ਤਰ ਮੂਹਰੇ ਖੜ੍ਹੇ ਨੇ ਪਹਿਲਾਂ ਉਸਨੇ ਦੋ ਕਦਮ ਸਕੂਲ ਗਰਾਊਂਡ ਵੱਲ ਨੂੰ ਪੁੱਟੇ, ਫਿਰ ਝੱਟ ਹੀ ਆਪਣੀ ਕੁਰਸੀ ਵੱਲ ਨੂੰ ਮੁੜਦੇ ਕਰ ਲਏ।

ਕੁਰਸੀ ਜਿਵੇਂ ਉਸਦੀ ਇਕੋ ਇਕ ਸ਼ਰਨਗਾਹ ਹੋਵੇ। ਜਿਸ ਤੋਂ ਬਿਨਾ ਉਹ ਜਿਵੇਂ ਅੱਧਾ-ਅਧੂਰਾ ਹੋਵੇ। ਰਾਜਪਾਲ ਦੀ ਬਜਾਏ ਨਿਰਾ ਹੀ ਰਾਮੂ। ਦੀਪੂ ਦੀ ਹੋਂਦ ਨਾਲੋਂ ਵੀ ਇਕ ਪੈਰ ਪਿਛਾਂਹ।

ਦੀਪੂ ਦੇ ਡੁਸਕਦੇ ਬੋਲਾਂ 'ਚੋਂ ਨਿਕਲੀ ਅੱਧੀ-ਅਧੂਰੀ ਅਰਦਾਸ ਮੁੜ ਉਸਦੇ ਕੰਨਾਂ 'ਚ ਘੁਸਰ-ਮੁਸਰ ਕਰਨ ਲੱਗ ਪਈ। ਉਸਦੇ ਅੰਗਾਂ-ਪੈਰਾਂ ਨੂੰ ਛਿੜਿਆ ਕਾਂਬਾ ਜਿਵੇਂ ਰਾਮਪਾਲ ਦੇ ਆਪਣੇ ਅੰਗਾਂ-ਪੈਰਾਂ ਵੱਲ ਨੂੰ ਸਰਕ ਆਇਆ।...ਉਸ ਨੂੰ ਲੱਗਾ ਕਿ ਮੁਖ ਅਧਿਆਪਕੀ ਕਮਰੇ ਵੱਲ ਨੂੰ ਤੁਰਦੀਆਂ ਉਸਦੀਆਂ ਲੱਤਾਂ ਵੀ ਦੀਪੂ ਦੀਆਂ ਲੱਤਾਂ ਵਾਂਗ ਨੰਗੀਆਂ ਹਨ। ਪੈਰੀਂ ਪਾਈ ਜੁੱਤੀ, ਥਾਂ ਪੁਰ ਥਾਂ ਟੁੱਟੀ ਪਈ ਹੈ। ਗਲ ਪਈ ਕਮੀਜ਼ ਦਾ ਅਗਲਾ ਪਾਸਾ ਗੋਹੇ-ਪਿਸ਼ਾਬ ਦੇ ਛਿੱਟਿਆਂ ਨਾਲ ਲਿਬੜਿਆ ਪਿਐ।...ਉਸਦੇ ਐਨ ਸਾਹਮਣੇ ਖੜ੍ਹਾ ਗਿੱਲ ਪੀ. ਟੀ. ਆਈ. ਉਸ ਵੱਲ ਦੇਖਦਾ ਠਹਾਕਾ ਮਾਰ ਕੇ ਹੱਸਿਆ ਹੈ।



ਖਿਝਿਆ ਖਪਿਆ ਉਹ ਗਿੱਲ ਪੀ. ਟੀ. ਆਈ....ਨੂੰ ਘੂਰਨ-ਝਿੜਕਣ ਵਰਗੇ ਬੋਲ-ਬੋਲਣ ਹੀ ਲੱਗਾ ਸੀ ਕਿ ਝੱਟ ਹੀ ਗਿੱਲ ਦੀ ਥਾਂ ਕੇਲਾ ਆ ਖੜ੍ਹਿਆ...ਮਾਸਟਰ ਕਰਨੈਲ। ਉਸਦੇ ਬਚਪਨ ਦਾ ਜੋਟੀਦਾਰ। ਉਸਦੀ ਹਮਜਮਾਤੀ।

"ਹੈਅ...ਅ, ਤੂੰ...ਅ..ਅ..", ਉਸਦੇ ਉਲਝੇ-ਬਿਖਰੇ ਬੋਲ, ਅਜੇ ਉਸਦੇ ਬੁਲ੍ਹਾਂ ਤਕ ਨਹੀਂ ਸਨ ਪੁੱਜੇ ਕਿ ਕੇਲੇ ਦੀ ਥਾਂ ਉਸਦੀ ਬੇਬੇ ਖੜ੍ਹੀ ਦਿਸੀ ਕਿਰਪੀ, ਕਿਰਪਾਲ ਕੌਰ। ਕਿਰਪਾਲ ਕੌਰ ਦੇ ਹੱਥਾਂ 'ਚ ਕਿੰਨੇ ਸਾਰੇ ਕਪੜੇ, ਧੋਤੇ-ਸੁਆਰੇ। ਤਿੰਨ ਚਾਰ ਨਿੱਕਰਾਂ, ਚਾਰ-ਪੰਜ ਕਮੀਜ਼ਾਂ।-"ਲੈ ਰਾਮੀ ਪੁੱਤ, ਲੈ ਆਹ ਤੂੰ ਪਾ ਲੈ-ਕੇਲੇ ਮੇਰੇ ਦੇ ਆਉਂਦੀਆਂ ਨਹੀਂ ਸੁੱਖਨਾਂ।...ਤੂੰ...ਤੂੰ ਖਬਨੀ ਐਹੋ ਜਿਹਾ ਈ ਰੈਣਾ। ਕੁਝ ਖਾਇਆ ਪੀਆ ਕਰ....।"

"ਪਾਣੀ ਸਾਬ੍ਹ ਜੀਈ...।" ਇਕ ਦਮ ਉਸਦੀ ਸੁਰਤ ਮੁੜ ਥਾਂ ਸਿਰ ਪਰਤ ਆਈ। ਸਾਧੂ ਚੌਕੀਦਾਰ ਜੱਗ-ਗਲਾਸ ਲਈ ਉਸ ਦੇ ਲਾਗੇ ਖੜ੍ਹਾ ਪਾਣੀ ਪੀਣ ਲਈ ਪੁੱਛ ਰਿਹਾ ਸੀ।

"ਹੈਂ...ਹੈਅ..ਹਾਂ...ਪਾਣੀ! ਹਾਂ..ਲਿਆ...." ਉਸਤੋਂ ਭਰਿਆ ਗਲਾਸ ਫੜੀ ਖੜ੍ਹਾ-ਖੜੋਤਾ ਰਾਮਪਾਲ ਕੁਰਸੀ 'ਤੇ ਬੈਠ ਗਿਆ। ਘੁੱਟ-ਘੁੱਟ ਕਰਕੇ ਪੀਂਦੇ ਦੀ ਉਸਦੀ ਸੁਰਤੀ ਮੁੜ ਹੁਣੇ ਹੁਣੇ ਦੇਖੇ 'ਸੁਪਨੇ' ਦੀ ਜੱਦ-ਅੰਦਰ ਪਹੁੰਚ ਗਈ।...ਉਹ ਅਜੇ ਦੀਪੂ ਕੁ ਦੀ ਉਮਰ ਦਾ ਸੀ, ਅੱਵਲ ਉਸ ਤੋਂ ਵੀ ਛੋਟਾ! ਉਹ ਆਪਣੇ ਪਿੰਡ ਲਾਗਲੇ ਵੱਡੇ ਸਕੂਲ ਅਜੇ ਪੜ੍ਹਨੇ ਨਹੀਂ ਸੀ ਪਿਆ। ਕੇਲੇ ਨਾਲ ਵੀ ਅਜੇ ਉਸਦੀ ਬਹੁਤੀ ਸਾਂਝ ਨਹੀਂ ਸੀ ਬਣੀ। ਆਪਣੇ ਵਿਹੜੇ ਦੇ ਰਵੀਦਾਸ ਦੁਆਰੇ ਸਮੇਤ ਉਸਦੀ ਬੀਬੀ ਪੁਰਬਾਂ-ਤਿਓਹਾਰਾਂ 'ਤੇ ਪਿੰਡ ਦੇ ਵੱਡੇ ਗੁਰਦਵਾਰੇ ਦਾ ਖੁੱਲ੍ਹਾ ਵਿਹੜਾ ਜ਼ਰੂਰ ਸੁੰਬਰਦੀ ਸ਼ਰਧਾ ਵੱਸ। ਰਾਮੇ ਨੂੰ ਨਾਲ ਲੈ ਕੇ। ਨਾਲ ਨਾਲ ਝਾੜੂ-ਬਹਾਰੀ ਨਾਲ ਨਾਲ 'ਵਾਖੁਰ-ਵਾਖੁਰ'। ਵਿਚਕਾਰ ਅਰਜ਼ੋਈ, ਅੱਖਾਂ ਮੁੰਦ ਕੇ, ਸਿਰ ਝੁਕਾ ਕੇ-'ਹੇਅ ਛੇਖਿਆ ਪਾਅਸ਼ਾਅ, ਜਾਣੀ-ਜਾਣ ਛੱਤਗੁਰਾ, ਮੇਰੇ ਰਾਮੇ ਪੁੱਤ ਨੂੰ ਤੰਦਰੁਸਤੀ ਬਖ਼ਸ਼ੀ, ਏਹਦੀ ਝੋਲੀ 'ਚ ਬਹੁਤੀ ਸਾਰੀ ਵਿਦਿਆ ਪਾਈਂ, ਏਹਨੂੰ ਵੱਡਾ ਅੱਫਸਰ ਬਣਾਈਂ, ਕਿਤੇ ਮੇਰੀ ਗਰੀਬਣੀ ਦੀ 'ਸੁਨ! ਬੱਸ ਏਹੋ ਜੋਦੜੀ ਆ ਤੇਰੇ...ਦਰ ਤੇਰੇ।' ਉਸ ਦਿਨ ਦੇ ਕੰਮ-ਕਾਜ ਬਦਲੇ ਉਸਨੇ ਕਦੀ ਵੀ ਕਿਸੇ ਤੋਂ 'ਮੇਹਨਤ-ਮਜ਼ੂਰੀ' ਨਹੀਂ ਸੀ ਮੰਗੀ। ਤਾਂ ਵੀ ਰਾਧਾ ਮੂੰਹ ਭਾਈ ਉਸਨੂੰ ਖਾਲੀ ਹੱਥ ਨਾ ਮੋੜਦਾ-ਢੇਰ ਸਾਰੇ ਚੜ੍ਹਾਵੇ 'ਚੋਂ ਡੰਗ ਦੋ ਡੰਗ ਦਾ ਆਟਾ, ਥੋੜ੍ਹੀ ਕੁ ਦਾਲ ਜਾਂ ਹੋਰ ਕੋਈ ਚਤੁਰ-ਚੀਜ਼ਾਂ ਵਿਚ ਵਾਰ ਪੰਡ ਭਰ ਰੁਮਾਲਿਆਂ 'ਚੋਂ ਬੀੜ-ਸਾਬ੍ਹ ਤੋਂ ਅੰਗ-ਮੁਕਤ ਹੋਏ, ਬਿਰਧ ਹੋਏ ਰੁਮਾਲੇ-ਰੇਸ਼ਮੀ, ਸਿਲਕੀ, ਜ਼ਰੀਦਾਰ। ਪ੍ਰਸਿੰਨੀ, ਜੋ ਕੁਝ ਮਿਲਦਾ ਦੋਨੋਂ ਹੱਥ ਜੋੜਕੇ, ਸਿਰ ਨਿਵਾ ਕੇ ਪ੍ਰਸ਼ਾਦ ਲੈਣ ਵਾਂਗ ਕਬੂਲ ਕਰਦੀ, ਪੂਰੀ ਵਿਉਂਤ ਲਾ ਕੇ ਇਨ੍ਹਾਂ ਦਾ ਕੁਝ ਨਾ ਕੁਝ ਸੀਅ ਬਣਾ ਲੈਂਦੀ - ਆਪਣੇ ਸਿਰ ਦਾ ਲੀੜਾ, ਕੁੜੀਆਂ ਲਈ ਝੱਗੇ ਜਾਂ....।

ਸਕੂਲ ਦਫਤਰ 'ਚ ਬੈਠੇ ਘੁੱਟ-ਘੁੱਟ ਕਰਕੇ ਪਾਣੀ ਪੀਂਦੇ ਰਾਮਪਾਲ ਦਾ ਇਕ ਹੱਥ ਸਹਿਜੇ ਉਸਦੀਆਂ ਲੱਤਾਂ-ਪਿੰਨੀਆਂ ਤੱਕ ਅੱਪੜ ਗਿਆ। ਉਸਦੇ ਤੇੜ ਵਧੀਆ ਪੈਂਟ ਸੀ, ਗਾਵਰਡੀਨ ਦੀ। ਖੁੱਲ੍ਹੇ ਪਹੁੰਚਿਆਂ ਵਾਲੀ। ਅੱਧੀ ਸਿਲਕੀ, ਅੱਧੀ ਸੂਤੀ।...ਉਸਨੂੰ ਲੱਗਾ, ਕਿਸੇ

ਭਰ ਸਿਆਲ 'ਚ ਉਸਦੀ ਬੀਬੀ ਨੇ ਦੋ ਰੁਮਾਲ ਜੋੜ ਕੇ ਉਸਦੀਆਂ ਨੰਗੀਆਂ ਲੱਤਾਂ ਢਕਣ ਲਈ ਗੰਢ-ਤੁੱਪ ਕੀਤਾ ਪਜਾਮਾ, ਫਿਰ ਜਿਵੇਂ ਉਸਦੇ ਤੇੜ ਆ ਪਿਆ ਹੋਵੇ।

ਇਕ ਪਹੁੰਚਾ ਹੋਰ ਇਕ ਹੋਰ।

ਕਈ ਦਿਨ ਉਸਦੇ ਜੋਟੀਦਾਰ-ਹਮਜੋਲੀ ਉਸਦੀ ਛੇੜ-ਛਾੜ ਕਰਦੇ ਰਹੇ। ਕਈ ਦਿਨ ਉਹ ਘਰੋਂ ਬਾਹਰ ਨਹੀਂ ਸੀ ਗਿਆ। ਕਿਸੇ ਨਾਲ ਕੌਡ-ਕਬੱਡੀ ਨਹੀਂ ਸੀ ਖੇਲਿਆ। ਤਾਂ ਵੀ, ਉਸਨੇ ਨੰਗੀਆਂ ਲੱਤਾਂ ਦੇ ਕੱਜ ਨੂੰ ਸਾਰਾ ਸਿਆਲ ਆਪਣੇ ਤੋਂ ਵੱਖ ਨਹੀਂ ਸੀ ਹੋਣ ਦਿੱਤਾ।

...ਸੁਬਹ-ਸਵੇਰੇ ਪ੍ਰਾਰਥਨਾ-ਥੜ੍ਹੇ 'ਤੇ ਦੀਪੂ ਨਾਲ ਹੋਈ ਵਾਪਰੀ, ਉਸਦੇ ਹੋਰ ਵੀ ਨੇੜੇ ਢੁਕ ਕੇ ਖੜ੍ਹ ਗਈ।

ਉਸਦੇ ਮਨ 'ਚ ਆਈ ਕਿ ਸਾਧੂ ਚੌਕੀਦਾਰ ਨੂੰ ਬੁਲਾ ਕੇ ਦੀਪੂ ਦੇ ਘਰ-ਬਾਰ, ਮਾਂ-ਬਾਪ ਬਾਰੇ ਪੂਰੀ ਜਾਣਕਾਰੀ ਲਵੇ। ਹੋਰ ਨਹੀਂ ਤਾਂ ਸਕੂਲ-ਫੰਡਾਂ 'ਚੋਂ ਉਸ ਲਈ ਸਕੂਲ-ਵਰਦੀ ਸੰਵਾ ਦੇਣ ਦਾ ਪ੍ਰਬੰਧ ਕਰੇ। ਨੰਗੀਆਂ ਲੱਤਾਂ ਕਾਰਨ ਉਸ ਅੰਦਰ ਆਈ ਹੀਣ-ਭਾਵਨਾ ਦੂਰ ਕਰਨ ਦਾ ਉਪਰਾਲਾ ਕਰੇ।

ਖਾਲੀ ਕੀਤਾ ਗਲਾਸ ਮੇਜ਼ 'ਤੇ ਰੱਖਦਿਆਂ ਉਸਨੇ ਸਾਧੂ ਚੌਕੀਦਾਰ ਨੂੰ ਕੌਸਵੀ ਆਵਾਜ਼ ਮਾਰੀ-"ਓ..ਓ..ਸਾਧੂ...!"

"ਜੀਈ...ਈ. ਸਾਬ੍ਹ...," ਸਾਧੂ ਆਪਣੇ ਰਵਾਇਤੀ ਢੰਗ ਨਾਲ ਝੁਕਿਆ, ਫਿਰ ਉਸਦੇ ਸਾਹਮਣੇ ਆ ਖੜ੍ਹਾ ਹੋਇਆ।

"ਦੀਪੂ ਨੂੰ ਬੁਲਾ ਕੇ ਲਿਆ।..ਪਤਾ ਦੀਪੂ ਦਾ ?" ਰਾਮਪਾਲ ਨੂੰ ਬਿਲਕੁਲ ਚੇਤੇ ਨਹੀਂ ਸੀ ਕਿ ਉਸਨੇ ਸਾਧੂ ਨੂੰ ਪਹਿਲੋਂ ਵੀ ਲਗਪਗ ਇਹੋ ਸ਼ਬਦ ਆਖੇ ਸਨ।

"ਹਾਂ ਜੀ ਹਾਂਅ, ਪਤਾਅ ਆ ਜੀਈ...ਭਾਈਆਂ ਕਾ ਦੀਪੂ। ਬੜਾ ਲੈਕ ਮੁੰਡਾ ਆ ਜੀਈ...। ਓਹ ਤਾਂ ਜੀਈ ਘਰਦਿਆਂ ਵੰਨੀਓਂ ਧਾਹਲਾ ਈ ਹਿੱਲਿਆ ਵਾ ਆ ਜੀਈ, ਨਈਂ ਤਾਂ ਅੱਵਲ ਆਏ ਜੀਬੀ ਸਭ ਕਾਸੇ 'ਚੋਂ।"

ਇਸ ਵਾਰ ਸਕੂਲ ਚੌਕੀਦਾਰ ਦੇ ਆਖੇ-ਦੱਸੇ 'ਚ ਰਾਮਪਾਲ ਨੂੰ ਕੋਈ ਗੱਲ ਓਪਰੀ ਨਾ ਲੱਗੀ।

"ਕੀ ਗੱਲ ਕੰਮ-ਕਾਰ ਨਈਂ ਕਰਦਾ ਉਹਦਾ ਪਿਓ...?"

"ਪੇਏ ਓਹਦਾ ਐਹੋ-ਜੇਆ ਈ ਆ।..ਪੈਲ੍ਹਾਂ ਸ਼ਾਮ ਵੇਲੇ ਤੀਕ ਗੁਰਦੁਆਰੇ ਵੜਿਆ ਰਊ, ਸਰਦੇਰ ਹੋਣਾ ਦੇ, ਗਿੱਲ ਸੇਖੂ ਹੋਣਾ ਦੇ ਗੁਰਦੁਆਰੇ। ਊਂ ਸਾਬ੍ਹ ਜੀਈ ਹਾਡੇ ਪਿੰਡ ਕਿੰਨੇ ਸਾਰਿਓ ਈ ਗੁਰਦੁਆਰੇ ਆ। ਤਖਾਣਾ ਦਾ, ਲਬਾਣਿਆਂ ਦਾ, ਚਮਾਰਾ ਦਾ, ਜੱਟਾਂ ਦਾ। ਜੱਟਾਂ 'ਚ ਵੀ ਗਿੱਲ ਸੇਖੂ ਹੋਣਾ ਦਾ ਅੱਡ ਆ। ਤੁਆਡਾ ਰੱਬ ਭਲਾ ਕਰੇ ਸਾਰੇਈ ਇਕ ਦੂਜੇ ਤੋਂ ਅੱਗੇ ਲੰਘਣ ਲਈ ਜ਼ਾਦਾ ਤੋਂ ਜ਼ਾਦਾ ਪਾਠ-ਪੂਠ ਪੜ੍ਹਦੇ ਆ। ਸੇਵਾ ਸੁੱਖ ਭਾਈ ਦਾ ਪਾਠ ਪੜ੍ਹਨ 'ਚ ਲੰਬਰ ਆ, ਦੀਪੂ ਦੇ ਪੇਏ ਦਾ ਜੀਈ।..ਊਂ ਪੰਜਾਂ-ਸੱਤਾ ਘਰਾਂ ਦੀ ਸੇਪ ਵੀ ਹੈਗੀ ਆ ਉਹਦੇ ਕੋਲ। ਸਰਦੇਰ ਸੇਖੂ ਹੋਣਾਂ ਦੀ ਵੀ ਆ, ਗਿੱਲ ਸੇਖੂ ਹੋਣਾਂ ਦੀਈ....!"



ਸਾਧੂ ਚੌਕੀਦਾਰ ਮੂੰਹੋਂ ਮੁੜ-ਘੜੀ ਗਿੱਲ ਪੀ. ਟੀ. ਆਈ. ਦਾ ਨਾਂ ਸੁਣ ਕੇ ਸਕੂਲ ਮੁਖੀ ਰਾਮਪਾਲ ਨੂੰ ਇਕ ਜ਼ੋਰਦਾਰ ਝੁਣਝੁਣੀ ਜਿਹੀ ਆਈ। ਨਾਲ ਈ ਰੋਅ-ਦਾਅਬ ਦਬਾਕਾ-"ਪੀ. ਟੀ. ਆਈ. ਆਇਆ ਨਈਂ ਹਜੇ...। ਜਾਂਹ, ਬੁਲਾ ਕੇ ਲਿਆ ਉਹਨੂੰ ਘਰੋਂ। ਆਖੀ ਹੈੱਡਮਾਸ ਸਾਬ੍ਹ ਬੁਲਾਉਂਦੇ ਛੇਤੀਂ...!"

"ਦੀਪੂ ਨੂੰ ਰੈਣ੍ਹ ਦਿਆਂ ਜੀਈ..?" ਦੋਨਾਂ ਹੁਕਮਾਂ 'ਚੋਂ ਪਹਿਲੀ ਵਾਰੀ ਲਾਉਣ ਦਾ ਨਿਰਣਾ ਕਰਾਉਣ ਲਈ ਸਾਧੂ ਨੇ ਇਕ ਵਾਰ ਫਿਰ ਰਾਮਪਾਲ ਵੱਲ ਨੂੰ ਸਵਾਲੀਆ ਨਜ਼ਰਾਂ ਸੁੱਟੀਆਂ।

"ਹਾਂ, ਹਾਂ ਦੀਪੂ ਨੂੰ ਰੈਣ੍ਹ ਦੇ, ਪਹਿਲਾਂ ਗਿੱਲ ਨੂੰ...!"

"ਗਿੱਲ ਦੀ ਕੀ ਲੋੜ ਪੈ ਗਈ...!" ਕਮਰੇ ਦੀ ਓਟ ਵੱਲੋਂ ਅਛੋਪਲੇ ਜਿਹੇ ਆਏ ਸਰੂਪ ਸਿੰਘ ਗਿੱਲ ਨੇ ਰਾਮਪਾਲ ਦੇ ਬੋਲ ਜਿਵੇਂ ਮੂੰਹੋਂ ਬੋਚ ਲਏ।

ਸਕੂਲ ਮੁਖੀ ਇਕ ਤਰ੍ਹਾਂ ਨਾਲ ਜਿਵੇਂ ਚੋਰੀ ਕਰਦਾ ਮੌਕੇ 'ਤੇ ਫੜਿਆ ਗਿਆ ਹੋਵੇ।

ਇਹ ਸਾਧੂ ਚੌਕੀਦਾਰ ਦੀ ਸੁਣਾਈ ਬਾਤ-ਵਾਰਤਾ ਦਾ ਅਸਰ ਸੀ ਜਾਂ ਤਲਖ਼ ਬੋਲੇ ਬੋਲਾਂ ਦਾ ਪਛਤਾਵਾ, ਛਿੱਥਾ ਜਿਹਾ ਪਿਆ, ਉਹ ਕੁਰਸੀ ਤੋਂ ਉਠ, ਮੁੜ ਕਮਰਿਉਂ ਬਾਹਰ ਆ ਖੜ੍ਹਾ ਹੋਇਆ।

"...ਬੜੀ ਉਮਰ ਆ ਤੁਹਾਡੀ। ਤੁਆਡੀਆਂ ਈ ਗੱਲਾਂ ਕਰਦੇ ਸੀਏ', ਉਸ ਅੰਦਰੋਂ ਪਹਿਲੋਂ ਵਾਲੀ ਤੁਲਖ਼ੀ ਕਿਧਰੇ ਉੱਡ-ਪੁੱਡ ਗਈ ਸੀ।

"ਸਾਡੀਆਂ ਗੱਲਾਂ ਤਾਂ ਕਈ ਕਰਦੇ ਆ, ਕੀਹਦੀ ਕੀਹਦੀ ਸੁਣੀਏ..." ਸਕੂਲ ਪੀ. ਟੀ. ਆਈ. ਅੰਦਰਲਾ ਗਿੱਲ ਸਰਦਾਰ ਹੋਰ ਵੀ ਉਭਾਸਰਦਾ ਖਿੜ-ਖਿੜ ਕਰਕੇ ਹੱਸਿਆ।

ਰਾਮਪਾਲ ਨੂੰ ਉਸਦਾ ਵਤੀਰਾ ਹੋਰ ਵੀ ਭੈੜਾ ਲੱਗਾ। ਉਸਦੇ ਮਨ 'ਚ ਆਈ ਕਿ ਵਿੰਗੇ ਜਿਹੇ ਢੰਗ ਨਾਲ ਹੱਸੇ ਸਕੂਲ ਪੀ. ਟੀ. ਆਈ. ਨੂੰ ਤਹਿ ਸਿਰ ਕਰਨ ਲਈ ਕਸਵੀਂ ਜਿਹੀ ਝਿੜਕ ਮਾਰਕੇ ਪੁੱਛੇ-"ਏਹ ਕੀ ਢੰਗ ਤਰੀਕਾ ? ਏਹ ਸਕੂਲ ਆ ਕਿ ਲੰਗਰਖ਼ਾਨਾ....? ਜਦ ਮਰਜ਼ੀ ਆਓ, ਜਿਧਰ ਮਰਜ਼ੀ ਘੁੰਮੀ ਜਾਓ...!"

ਪਰ, ਝੱਟ ਹੀ ਉਸਨੇ ਸਵੇਰੇ-ਸਵੇਰੇ ਹੋਣ ਵਾਲੀ ਬਦਕਲਾਮੀ ਤੋਂ ਬਚਦਿਆਂ ਆਪਣਾ ਆਪ ਸੰਭਾਲ ਲਿਆ। ਸਾਧੂ ਚੌਕੀਦਾਰ ਵੱਲੋਂ ਉਸ ਬਾਰੇ ਦਿੱਤੀ ਸੂਚਨਾ ਵੀ ਮਨ-ਘੜਤ ਹੀ ਲੱਗੀ ਸੀ।

ਕਲਾਸ ਕਮਰਿਆਂ ਪਿਛਵਾੜੀਉਂ ਨਿਕਲੀਆਂ ਘੱਲ੍ਹੀ-ਕਬੱਡੀ ਟੀਮਾਂ, ਥੋੜ੍ਹਾ ਕੁ ਹਟਵੀਂ ਬੇਬੀ ਵੱਲ ਨੂੰ ਜਾਂਦੀਆਂ, ਉਸ ਅੰਦਰ ਉਠੇ ਤੂਫ਼ਾਨ ਨੂੰ ਕਿੰਨਾ ਸਾਰਾ ਸ਼ਾਂਤ ਕਰ ਗਈਆਂ।

ਰਹਿੰਦਾ ਬਚਦਾ ਰੋਹ ਉਸਨੇ ਸਾਧੂ ਚੌਕੀਦਾਰ ਵੱਲ ਨੂੰ ਰੋੜ੍ਹਦਿਆਂ ਇਕ ਤਬਕ ਹੋਰ ਮਾਰੀ-"ਕੀ ਆਖਿਆ ਸੀ ਤੈਨੂੰ...? ਸੁਣਿਆ ਨਈਂ..ਬੋਲਾ ਆ ਤੂੰ..? ਤੈਨੂੰ ਕਿਹਾ ਸੀ ਦੀਪੂ ਨੂੰ ਬੁਲਾ ਕੇ ਲਿਆ....!"

ਡਰਿਆ-ਘਾਬਰਿਆ ਸਾਧੂ, ਹਥਕੋਲੇ ਜਿਹੇ ਖਾਂਦਾ, ਵੱਡੀ ਟਾਹਲੀ ਹੇਠ ਬੈਠਦੀ, ਸੱਤਵੀਂ ਜਮਾਤ ਵੱਲ ਨੂੰ ਹੋ ਤੁਰਿਆ। ਦੀਪੂ ਨੂੰ ਬੁਲਾਉਣ।...ਦੀਪੂ ਆਪਣੀ ਜਮਾਤ ਵਿਚੋਂ ਗਾਇਬ ਸੀ। ਪ੍ਰਾਰਥਨਾ-ਬੜ੍ਹੇ ਤੋਂ ਮੁੜਦਿਆਂ ਉਸਦੀਆਂ ਨਿੱਕਰ-ਰਹਿਤ ਲੱਤਾਂ, ਥਾਂ-ਵਰਦੀ ਹਮਜਮਾਤੀਆਂ ਲਾਗੇ ਬੈਠਣੋਂ ਅੜ ਹੀ ਖਲੋਈਆਂ ਸਨ। ਉਹ ਅੱਖ ਬਚਾ ਕੇ ਸਕੂਲ ਦੇ ਵੱਡੇ ਗੇਟ ਰਾਹੀਂ ਬਾਹਰ ਨਿਕਲ ਗਿਆ ਸੀ।....ਉਸ ਦਿਨ, ਉਸਦੀ ਖਾਕੀ ਨਿੱਕਰ ਵਿਰ ਨਹੀਂ ਸੀ ਲੱਭੀ, ਘਰੋਂ।

ਉਸਨੇ ਵਾਹ ਲਗਦੀ ਨੂੰ ਆਪਣੀ ਇਕੋ-ਇਕ ਨਿੱਕਰ ਦਾ ਕਦੀ ਵਿਸਾਹ ਨਹੀਂ ਸੀ ਕੀਤਾ। ਸਕੂਲੋਂ ਮੁੜਦਾ ਹੀ ਇਸਨੂੰ ਤਹਿ ਕਰਕੇ ਦਰੀ ਹੇਠ ਰੱਖ ਲੈਂਦਾ। ਘਰ ਦੇ ਕੱਲੇ-ਕਹਿਰੇ ਕਮਰੇ 'ਚ ਡਿੱਠੇ ਰਹਿੰਦੇ ਮੰਜੇ 'ਤੇ ਵਿਛੀ ਰਹਿੰਦੀ ਦਰੀ ਹੇਠ। ਸਵੇਰੇ ਉਠਦਾ, ਉਸਦੇ ਥਾਂ ਸਿਰ ਪਈ ਹੋਣ ਦਾ ਨਿਸ਼ਚਾ ਵੀ ਕਰ ਲੈਂਦਾ।

ਉਸ ਦਿਨ ਇਸ ਪੱਖੋਂ ਪਤਾ ਨਹੀਂ ਕਿਉਂ ਅਵੇਸਲਾ ਹੋਇਆ ਰਿਹਾ। ਸਿਰ 'ਤੇ ਆਏ ਕੱਚੇ ਇਮਤਿਹਾਨਾਂ ਦੀ ਤਿਆਰੀ ਕਾਰਨ ਜਾਂ....।

ਉਸਨੇ ਦੋ-ਤਿੰਨ 'ਵਾਜਾਂ ਛਿੰਦੋ ਨੂੰ ਮਾਰੀਆਂ, ਵੱਡੀ ਭੈਣ ਛਿੰਦੋ ਨੂੰ। ਝਾੜੂ-ਬੁਹਾਰੀ ਕਰਦੀ ਨੇ ਉਸਨੇ ਕੋਈ ਉੱਤਰ ਨਹੀਂ ਸੀ ਦਿੱਤਾ।

ਖਿੱਝੇ-ਖਪੇ ਨੇ ਇਕ ਵਾਰ ਫਿਰ ਉਸਤੋਂ ਤਲਖ਼ ਹੋ ਕੇ ਪੁੱਛਿਆ ਸੀ-"ਮੇਰੀ ਨਿੱਕਰ ਕਿੱਥੇ ਆ....?"

ਇਸ ਵਾਰ ਚੁੱਲ੍ਹੇ ਲਾਗੇ ਬੈਠੀ ਉਸਦੀ ਮਾਤਾ ਦੀ ਰੁੱਖੀ-ਰੁਲੇਸੀ ਨਿਗਾਹ, ਉਸ ਵੱਲ ਨੂੰ ਘੁੰਮੀ ਸੀ, ਨਾਲ ਹੀ ਹਲਕੀ ਜਿਹੀ ਝਿੜਕ-"ਤੇਰਾ ਤਾਂ ਰੋਜ਼" ਦਾ ਕੀ ਕੰਮ ਆ, ਛਿੰਦੋ ਵਾਹਾ ਲਏ....।"

ਔਧਰ-ਉਧਰ ਹੱਥ ਪੈਰ ਮਾਰਦੇ, ਰੋਣ-ਹਾਕੇ ਹੋਏ ਦੀ ਫਿਰ ਜਿਵੇਂ ਉਸਦੀ ਚੀਕ ਹੀ ਨਿਕਲ ਗਈ ਸੀ-"ਐਥੇ ਤਾਂ ਰੱਖੀ ਸੋਈ...।"

ਉਸਦੀ ਮਾਤਾ ਨੇ ਉਸਤੋਂ ਵੀ ਤਿੱਖੀ ਸੁਰ 'ਚ ਮੋੜਵਾਂ ਉੱਤਰ ਦਿੱਤਾ ਸੀ-ਕੋੜ੍ਹੇ ਖੂਹ 'ਚ ਜਾ ਡਿੱਗੀ ਵੇਏ...। ਕਿੱਡੀ ਕੁ ਗਿੱਲਾਂ ਦੀ 'ਵੱਲ੍ਹੀ ਆ ਪੇਏ ਤੇਰੇ ਦੀ, ਜਿਥੋਂ ਲੱਭਦੀ ਨਹੀਂ।!...ਜਾਹ ਕੁੜੇ ਉਠ ਕੇ ਲੱਭ ਦੇਏ ਉਹਨੂੰ।...ਉਨ ਵੀ ਪਿਆ ਕਰ ਤੂੰ, ਇਕ-ਅੱਧ 'ਵਾਜ 'ਤੇ।"

ਸਭ ਨੂੰ ਥੋੜ੍ਹਾ-ਥੋੜ੍ਹਾ ਪਲੰਬਣ ਲਾਉਂਦੀ ਉਸਦੀ ਮਾਤਾ...ਮੁੜ ਚੁੱਲ੍ਹੇ ਦੀ ਬੁਝੀ ਅੱਗ ਨੂੰ ਤਾਬਨ ਲੱਗ ਪਈ ਸੀ।

ਬੱਧੀ-ਰੁੱਧੀ ਛਿੰਦੋ ਨੇ ਵੀ ਮੰਜੇ ਹੇਠ ਪਈ ਸੰਦਾਂ ਵਾਲੀ ਟੋਕਰੀ ਪਿੱਛੇ ਦੇਖਿਆ। ਨਿੱਕਰ ਉਥੇ ਵੀ ਨਹੀਂ ਸੀ। ਲੱਕੜ ਦੀ ਵੱਡੀ ਪੇਟੀ ਹੇਠ ਨਿਗਾਹ ਮਾਰੀ, ਓਥੇ ਵੀ ਉਸਨੂੰ ਨਾ ਦਿਸੀ-"ਹੈਅ ਨਹੀਂ ਲੱਭਦੀ ਕਿਤੇ ਵੀ।" ਖਿਜੀ-ਖਪੀ ਉਹ ਮੁੜ ਆਪਣੇ ਕੰਮ ਜਾ ਲੱਗੀ ਸੀ।



ਬਿੰਦੇ-ਮੇਲੇ ਕਪੜਿਆਂ ਦੀ ਧੂਹ-ਖਿਚ ਕਰਦੇ ਪਲੋ-ਪੱਸਰੇ ਚੂਹੇ ਦੀਪੂ ਦੀ ਨਿੱਕਰ ਪਤਾ ਨਹੀਂ ਕਿਹੜੀ ਨੁੱਕਰੇ ਲੁਕਦਾ ਕਰ ਗਏ ਸਨ।

ਸਕੂਲ ਲੱਗਣ ਦੀ ਪਹਿਲੀ ਘੰਟੀ ਵੱਜਣੀ ਬੰਦ ਹੋ ਗਈ ਸੀ। ਥੋੜ੍ਹੇ ਕੁ ਚਿਰ 'ਚ ਦੂਜੀ ਵੱਜਣੀ ਸੀ, ਨਾਲ ਹੀ ਦੁੜਵੀਂ ਤੀਜੀ।

ਉਸਨੇ ਇਕ ਹੱਥ ਘੁੱਟੀ ਰੋਟੀ ਦਾ ਘੁੱਗੂ ਬਣਾ ਕੇ ਚੱਬਣਾ ਸ਼ੁਰੂ ਕਰ ਦਿੱਤਾ। ਬਸਤਾ ਚੁੱਕ ਉਸੇ ਤਰ੍ਹਾਂ ਸਕੂਲੇ ਦੌੜ ਪਿਆ ਸੀ। ਛੀਟ ਦੀ ਕੱਛੀ ਪਾਈ।

ਨੰਗੀਆਂ ਲੱਤਾਂ, ਨੰਗੇ ਪੈਰ।

ਪਿੰਡ ਦੀ ਹੱਦ-ਹਦੂਦ ਅੰਦਰਲੇ ਸਕੂਲ ਤੱਕ ਪੁੱਜਣ ਲਈ, ਵਿਚਕਾਰਲੀ ਸਿੱਧੀ ਗਲੀਉਂ ਲੰਘਣ ਦਾ ਉਸਦਾ ਹੀਆ ਨਹੀਂ ਸੀ ਪਿਆ। ਉਹ ਬਾਹਰਲੀ ਵੱਡੀ ਫਿਰਨੀ ਹੋ ਚੜ੍ਹਿਆ।

ਪਹਿਲਾ ਮੋੜ ਮੁੜਦਿਆਂ ਉਸਦੇ ਦੌੜਦੇ ਕਦਮਾਂ 'ਚ ਜਿਵੇਂ ਢੇਰ ਸਾਰੀ ਕਾਹਲੀ ਭਰ ਗਈ ਸੀ।

ਦੂਜੀ ਘੰਟੀ ਸੁਣਦਿਆਂ ਸਾਰ।

ਸਕੂਲ ਚੌਕੀਦਾਰ ਇਸ ਪੱਖੋਂ ਕਦੀ ਲੇਟ ਨਹੀਂ ਸੀ ਹੋਇਆ। ਤੀਜੀ ਘੰਟੀ ਵੀ ਉਸਨੇ ਐਨ ਸਮੇਂ ਸਿਰ ਵਜਦੀ ਕਰ ਦਿੱਤੀ। ਹਿਆ-ਖਿਆ ਦੀਪੂ ਅਗਲਾ ਮੋੜ ਲੰਘ ਕੇ ਸਕੂਲ ਨੂੰ ਜਾਂਦੇ ਪੱਕੇ ਰਾਹ 'ਤੇ ਚੜ੍ਹਿਆ। ਕਰੀਬ ਦੋ ਫਰਲਾਂਗ ਪੈਂਡਾ ਅਜੇ ਬਾਕੀ ਸੀ। ਉਸਨੇ ਆਪਣੀ ਦੌੜ ਹੋਰ ਤੇਜ਼ ਕਰ ਦਿੱਤੀ।

ਉਸਨੂੰ ਡਰ ਜਿਹਾ ਲੱਗਣ ਲੱਗਾ-'ਸਕੂਲ ਪੀ. ਟੀ. ਆਈ. ਫਿਰ ਉਸਨੂੰ ਗੇਟ ਸਾਮ੍ਹਣੇ ਖੜ੍ਹਾ ਦਿੱਸੇਗਾ। ਉਸਦੀ ਜ਼ੋਰਦਾਰ ਝਿੜਕ ਫਿਰ ਉਸਨੂੰ ਉਭਾਸਰ ਕੇ ਪਵੇਗੀ। ਝਿੜਕ ਨਾਲੋਂ ਵੱਧ ਡਰਾਉਣੀ ਉਸਦੀ ਗੰਦੀ-ਮੰਦੀ ਗਾਲੀ-ਗਲੋਚ।...ਲੇਟ ਆਉਣ ਦੀ ਸਜ਼ਾ ਵੱਖ, ਬਿਨਾਂ ਵਰਦੀਉਂ ਸਕੂਲ ਆਉਣ ਦੀ ਸਜ਼ਾ ਵੱਖ। ਘੱਟੋ-ਘੱਟ ਦੋ ਬੈਂਤਾਂ ਉਸਨੂੰ ਜ਼ਰੂਰ ਬਰਦਾਸ਼ਤ ਕਰਨੀਆਂ ਪੈਣਗੀਆਂ। ਹੱਥਾਂ 'ਤੇ ਜਾਂ ਫਿਰ ਚੁੱਲ੍ਹਿਆਂ 'ਤੇ, ਕੰਨ ਫੜ ਕੇ। ਉਹ ਹੱਥ-ਚੁਲ੍ਹੇ ਮਲਦਾ ਸੀ-ਸੀ ਪਰ ਕਰਦਾ, ਮੁੜ ਆਪਣੀ ਜਮਾਤ ਵਿਚ ਜਾ ਰਲੇਗਾ। ਪਰ, ਉਸ ਦਿਨ...ਉਸ ਦਿਨ ਹੱਥਾਂ-ਚੁੱਲ੍ਹਿਆਂ 'ਤੇ ਦੋ ਬੈਂਤਾਂ ਦੀ ਥਾਂ ਉਸਦੀਆਂ ਲੱਤਾਂ 'ਚ ਵੱਜੀ, ਇਕੋ ਇਕ ਬੈਂਤ ਉਸਤੋਂ ਬਰਦਾਸ਼ਤ ਨਹੀਂ ਸੀ ਹੋਈ। ਪ੍ਰਾਰਥਨਾ ਸਭਾ 'ਚੋਂ ਮੁੜਦਾ ਉਹ ਪਹਿਲੀ ਘੰਟੀ ਸ਼ੁਰੂ ਹੋਣ ਤੋਂ ਪਹਿਲਾਂ ਹੀ ਸਕੂਲੋਂ ਖਿਸਕ ਗਿਆ ਸੀ।

...ਪਹਿਲੀ ਘੰਟੀ ਮੁੱਕਣ 'ਤੇ ਕਲਾਸ ਕਮਰਿਆਂ 'ਚ ਉਠੀ ਹਲਕੀ ਜਿਹੀ ਬੋਲ-ਚਾਲ, ਦੋ-ਚਾਰ ਮਿੰਟਾਂ ਅੰਦਰ ਹੀ ਬੰਦ ਹੋ ਗਈ। ਪਰ, ਦਫ਼ਤਰੋਂ ਬਾਹਰ ਚੁੱਪ-ਚਾਪ ਖੜੋਤੇ ਰਾਮਪਾਲ ਅੰਦਰਲੀ ਹਲਚਲ ਅਜੇ ਵੀ ਉਵੇਂ ਦੀ ਉਵੇਂ ਤਰਲੋ-ਮੱਛੀ ਹੋ ਰਹੀ ਸੀ।

ਉਸ ਲਾਗਿਉਂ ਬਿਨਾਂ ਰੁਕੇ ਸਾਹਮਣਲੇ ਕਲਾਸ ਕਮਰਿਆਂ ਵੱਲ ਲੰਘੇ, ਗਿੱਲ ਪੀ.ਟੀ. ਆਈ. ਦਾ ਬੇ-ਤਰਤੀਬਾ ਹਾਸਾ ਅਜੇ ਤੱਕ ਉਸਦੇ ਦਿਲ-ਦਿਮਾਗ਼ 'ਤੇ ਠੱਕ-ਠੱਕ ਵੱਜ ਰਿਹਾ ਸੀ।

ਤਰਲੋ-ਮੱਛੀ ਹੋਏ ਦੀ ਢਿੱਲੀ-ਢਿਮਕੀ ਤੋਰ, ਉਸਨੂੰ ਮੁੜ ਦਫਤਰ ਅੰਦਰਲੀ ਗੱਦੇਦਾਰ ਕੁਰਸੀ ਵੱਲ ਨੂੰ ਲੈ ਤੁਰੀ।

ਪਿੱਛੇ-ਪਿੱਛੇ ਉਸਦੀ ਪੈੜ ਨੱਪਦਾ ਸਾਧੂ "ਸਾਬ੍ਹ ਜੀ, ਦੀਪੂ ਤਾਂ ਹੈਅ ਨਹੀਂ ਜੀਈ, ਜਮਾਤ 'ਚ, ਉਹ ਤਾਂ ਜੀ ਚਲਿਆ ਗਿਆ ਕਿਤੇ ....!"

"ਹੈ ਨਹੀਂ ...! ਚਲਾ ਗਿਆ- !! ਕਿੱਥੇ ਚਲਾ ਗਿਆ .... ?" ਹੈਰਾਨ ਹੋਇਆ ਰਾਮਪਾਲ ਕੁਰਸੀ ਤੱਕ ਪਹੁੰਚ ਕੇ ਵੀ ਇਸ ਲਾਗੇ ਖੜ੍ਹਾ-ਖਲੋਤਾ ਹੀ ਰਿਹਾ, ਬੈਠ ਨਾ ਸਕਿਆ।

"ਪਤਾਅ ਨਹੀਂ ਜੀਈ ਕਿੱਥੇ ਗਿਆ...ਸ਼ੈਤ ਸਰਦੇਰ ਹੋਰੀਂ ਨਾ ਭੇਜਿਆ ਹੋਵੇ ਕਿਤੇ, ਗਿੱਲ ਸੈਬ੍ਹ ਹੋਣੀ..." ਆਦਤ ਅਨੁਸਾਰ ਸਾਧੂ ਚੌਕੀਦਾਰ ਨੇ ਦੀਪੂ ਦੀ ਗੈਰਹਾਜ਼ਰੀ ਵਿਚ ਗਿੱਲ ਪੀ.ਟੀ. ਆਈ. ਦੀ ਸਕੂਲ ਸਰਦਾਰੀ ਨਾਲ ਜੋੜ ਦਿੱਤੀ।

"ਪਤਾ ਕਿਉਂ ਨਹੀਂ...! ਕੀਤਾ ਕਿਉਂ ਨਹੀਂ ਪਤਾ...!! ਭੇਜਿਆ ਕੀ ਕਰਨ ਸੀ ਤੇਨੂੰ...? ਐਥੇ ਮੂੰਹ ਦੇਖਣ ਆਇਆਂ ਮੇਰਾ। ਜਾਹ ਜਾ ਕੇ ਪਤਾ ਕਰ ਪੂਰਾ। ਸਿਰ ਤੋਂ ਕੰਮ ਵੀ ਲੈ ਲਿਆ ਕਰ ਕਦੀ। ਹਰ ਵੇਲੇ ਗੱਲਾਂ ਦਾ ਕੁਤਰਾ ਕਰੀ ਜਾਨਾ ਰੈਨ੍ਹਾਂ। ਹਰ ਵੇਲੇ ਓਹੀ ਮਹਾਰਨੀ। ਹਰ ਵੇਲੇ ਗਿੱਲ ਸੈਬ੍ਹ, ਸਰਦੇਰ ਸੈਬ੍ਹ। ਗਿੱਲ...ਐ ਕਿ ਹਊਆ...!" ਤਲਖ਼ ਹੋਏ ਰਾਮਪਾਲ ਨੇ, ਉਸ ਦੀ ਮਾਂਗ ਜਿਹੀ ਲਾਊ ਦਿਆਂ ਸਾਧੂ ਚੌਕੀਦਾਰ ਦੀ ਕਿੰਨੀ ਸਾਰੀ ਝਾੜ-ਝੰਬ ਕਰ ਦਿੱਤੀ।

ਇਸ ਵਾਰ ਸਕੂਲ ਚੌਕੀਦਾਰ ਡਰਿਆ-ਘਾਬਰਿਆ ਨਹੀਂ। ਨਿੰਮੋਝਾਣ ਨਹੀਂ ਹੋਇਆ। ਸਗੋਂ ਉਸਦੀ ਹੇਠਾਂ ਡਿੱਗੀ ਨਿਗਾਹ ਉਪਰ ਵੱਲ ਨੂੰ ਉੱਠ ਕੇ ਸਕੂਲ ਮੁਖੀ 'ਤੇ ਗੱਡੀ ਗਈ। ਜਿਵੇਂ ਕਹਿਣਾ ਚਾਹ ਰਿਹਾ ਹੋਵੇ- 'ਐਨੀ ਗੱਲ ਉਦ੍ਹੇ ਸਾਹਮਣੇ ਕਹਿਦਾ ਤਾਂ। ਪਿੱਠ ਪਿੱਛੇ ਸਾਨ੍ਹ ਬਣਿਆ ਫਿਰਦਾਂ। ਚੰਗਾ ਆਪਣਾ ਬੰਦਾ ਆਂ ਤੂੰ ! ਤੇਨੂੰ ਬੋਲਣ -ਕੂਣ ਦੀ ਵੀ ਜਾਚ ਨਹੀਂ। ਜਾਤ-ਬਰਾਦਰੀ ਕਰਕੇ ਮੈਂ ਤੇਨੂੰ ਗਰੇਵਾਲ ਹੌਂਡ ਦੀ ਕਥਾ-ਕਹਾਣੀ ਦੱਸੀ, ਨਹੀਂ ਮੇਰੇ ਅਲੱ ਪੈ ਚੱਠੇ ਖੂਹ 'ਚ....!"

ਪਰ, ਉਸਦੀ ਚੌਥਾ ਦਰਜਾ ਹੈਸੀਅਤ ਨੇ ਉਸਨੂੰ 'ਵੇਨੀ ਖੋਲ੍ਹ ਦਿੱਤੀ ਨਾ। ਉਸਦੇ ਲੜਖੜਾਉਂਦੇ ਪੈਰ ਮੁੜ ਬਾਹਰ ਵੱਲ ਨੂੰ ਹੋ ਤੁਰੇ। ਕਮਰਿਉਂ ਬਾਹਰ ਆਕੇ, ਉਸਦੇ ਮੂੰਹੋਂ ਨਿਕਲੀ ਕਿੰਨੀ ਸਾਰੀ ਬੁੜ-ਬੁੜ ਪੂਰਾ ਯਤਨ ਕਰਨ 'ਤੇ ਵੀ ਰਾਮਪਾਲ ਤੋਂ ਸਮਝੀ ਨਾ ਗਈ।

ਇਸ ਵਾਰ ਰਾਮਪਾਲ ਨੇ ਹੋਰ ਵੀ ਜ਼ੋਰਦਾਰ ਦਬਕੇ ਮਾਰਕੇ ਉਸਨੂੰ ਰੋਕਿਆ-ਟੋਕਿਆ ਨਾ। ਉਸਦੀ ਗਜ਼ਟਿਡ ਹੈੱਡ-ਕੁਰਸੀ ਨੇ ਚੌਥਾ ਦਰਜਾ ਮੁਲਾਜ਼ਮ ਦੀ ਗੈਰ-ਅਨੁਸ਼ਾਸਨੀ ਹਰਕਤ ਵਿਰੁੱਧ ਕੋਈ ਐਕਸ਼ਨ ਲਈ ਉਬਾਲ ਜਿਹਾ ਨਾ ਖਾਧਾ। ਤਾਂ ਵੀ ਉਸਦੀ ਹਮਦਰਦੀ ਨੂੰ ਰਾਮਪਾਲ ਨੇ ਨੀਵੀਂ ਥਾਂ ਖੜ੍ਹੀ ਰੱਖਿਆ।

ਆਪਣੀ ਕੁਰਸੀ 'ਤੇ ਡਿਗਣ ਵਾਂਗ ਬੈਠਦੇ ਨੂੰ ਉਸਨੂੰ ਆਪਣਾ ਅੱਧਾ-ਅਧੂਰਾ ਲੱਗਾ, ਐਵਲ ਖਾਲੀ-ਖਾਲੀ। ਰਵੀਦਾਸ ਹਾਈ ਸਕੂਲ ਬਿਤਾਏ ਸਮੇਂ ਨਾਲੋਂ ਵੀ ਖੋਖਲਾ। ਐਡੇ ਵੱਡੇ ਸਰਕਾਰੀਕ੍ਰਿਤ ਸਕੂਲ ਅੰਦਰ ਪਹੁੰਚ ਕੇ ਕਿਸੇ ਇਕ ਸਾਥ ਤੋਂ ਵਾਂਝਾ। ਉਸਨੂੰ ਆਪਣੇ ਆਪ 'ਤੇ ਢੇਰ ਸਾਰੀ ਗਿਲਾਨੀ ਹੋਈ। ਉਸਦੀ ਰੌਜ਼ਰਵ ਕਲਾਸ ਦੇ ਅਧਿਆਪਕ ਵੀ ਉਸ ਨਾਲ ਇਕ-



ਜੁੱਟ ਨਹੀਂ ਸੀ ਹੋਏ। ਉਸਨੇ ਕਈ ਵਾਰ ਯਤਨ ਕੀਤੇ ਵੀ। ਵੇਲਾ-ਕੁਵੇਲਾ ਜਾਚ ਕੇ। ਪਰ, ਖਾਸ ਗੱਲ ਬਣੀ ਨਾ। ਉਸ ਨਾਲ ਉਹ ਬੱਸ ਸਾਬ੍ਹ-ਸਲਾਮ ਤੱਕ ਹੀ ਸੀਮਤ ਰਹੇ।

ਆਪਣੇ ਕਮਰੇ ਦੀ ਵਲਗਣ 'ਚ ਘਿਰਿਆ ਉਹੀ ਕਦੀ ਦੀਪੂ ਦੇ ਨੇੜੇ ਹੋ ਖਲੋਂਦਾ, ਕਦੀ ਆਪਣੇ ਆਪ ਦੇ। ਕਦੀ ਗਿੱਲ ਪੀ. ਟੀ. ਆਈ. 'ਤੇ ਖਿਝਣ-ਖਪਣ ਲੱਗਦਾ, ਕਦੀ ਸਕੂਲ ਚੌਕੀਦਾਰ 'ਤੇ।

ਗਰੇਵਾਲ ਹੌਂਡ ਦੀ ਕਥਾ-ਵਾਰਤਾ ਵੀ ਉਸਦਾ ਕਿੰਨਾ ਸਾਰਾ ਅੰਦਰ ਮੱਲ ਬੈਠੀ ਸੀ। ਤਾਂ ਵੀ ਉਸਦੀ ਨਵੀਂ-ਨਵੀਂ ਪਦ-ਉਨਤੀ ਕਿਸੇ ਵੀ ਕਿਸਮ ਦੀ ਹੇਠੀ ਸਹਿਣ ਨੂੰ ਰਾਜ਼ੀ ਨਾ ਹੋਈ।

ਤਰਲੋਮੱਛੀ ਹੋਇਆ ਉਹ ਮੁੜ ਦਫਤਰੋਂ ਬਾਹਰ ਆ ਖੜ੍ਹਾ ਹੋਇਆ। ਸਭ ਜਮਾਤਾਂ ਆਪਣੇ ਕੰਮੀਂ ਲੱਗੀਆਂ, ਉਸਨੂੰ ਚੰਗੀਆਂ-ਚੰਗੀਆਂ ਲੱਗੀਆਂ।

ਉਸਨੂੰ ਥੋੜ੍ਹਾ ਕੁ ਟਿਕਾਅ ਜਿਹਾ ਮਹਿਸੂਸ ਹੋਇਆ।

ਖਾਲੀ ਕਲਾਸਾਂ ਮਨੀਟਰਾਂ ਹਵਾਲੇ ਸੌਂਪ ਕੇ, ਉਸ ਲਾਗਿਉਂ ਲੰਘਣ ਲੱਗੇ ਸਕੂਲ ਪੀ. ਟੀ. ਆਈ. ਨੂੰ ਉਸਤੋਂ ਪਤਾ ਨਹੀਂ ਕਿਵੇਂ ਆਵਾਜ਼ ਮਾਰੀ ਗਈ-"ਪੀ. ਟੀ. ਜੀਈ....!"

"ਜੀ ਜਨਾਬ..." ਸਕੂਲ ਪੀ. ਟੀ. ਆਈ. ਦੇ ਬੋਲ ਇਸ ਵਾਰ ਆਦਰ-ਭਾਵ ਨਾਲ ਭਰੇ ਪਏ ਸਨ। ਉਸਦਾ ਲਾਗੇ ਆ ਖੜੋਣ ਦਾ ਸਲੀਕਾ ਹੋਰ ਵੀ ਨਿਮਰ।

ਰਾਮਪਾਲ ਕਿੰਨਾ ਸਾਰਾ ਜਿਵੇਂ ਅੰਦਰੋਂ-ਅੰਦਰ ਧੋਤਾ ਗਿਆ ਹੋਵੇ।

ਪ੍ਰਾਰਥਨਾ ਸਭਾ ਤੋਂ ਲੈ ਕੇ ਹੁਣ ਬਣੀ-ਵਿਗੜੀ ਤਲਖ਼ੀ ਕਿੰਨੀ ਸਾਰੀ ਉੱਡ-ਪੁੱਡ ਗਈ।

"ਹੁਣ ਤਾਂ ਸਾਰੇ ਬੱਚੇ ਕਰੀਬ-ਕਰੀਬ ਵਰਦੀ ਪਾ ਕੇ ਈ ਆਉਂਦੇ ਆ...." ਉਸ ਨੂੰ ਬਾਤ-ਵਾਰਤਾ ਤੋਰਨ ਲਈ ਛੇਤੀ ਦੇਣੀ ਇਹੋ ਨੁਕਤਾ ਅਹੁੜਿਆ।

"ਨਹੀਂ ਜੀ ਨਹੀਂ, ਹਜੇ ਵੀ ਕਈ ਹੋਗੇ ਹਰਾਮਜ਼ਾਦੇ, ਚੋਰ ਦੇ ਖੁਰ, ਹੁੰਦਿਆਂ ਸੁੰਦਿਆਂ ਵਰਦੀ ਪਾ ਕੇ ਨਹੀਂ ਆਉਂਦੇ, ਦੀਪੂ ਅਰਗੇ....!"

"ਏਹ ਤਾਂ ਹੈਅ..." ਸੰਖੇਪ ਜਿਹੀ ਏਹ ਤਾਂ ਹੈਅ' ਕਹਿੰਦਿਆਂ ਰਾਮਪਾਲ ਨੂੰ ਸਮਝ ਨਾ ਲੱਗੀ ਕਿ ਉਸਨੇ ਗਿੱਲ ਪੀ. ਟੀ. ਆਈ. ਦੀ ਹਾਂ 'ਚ ਹਾਂ ਗਰੇਵਾਲ ਹੌਂਡ ਦੀ ਹੇਠੀ ਤੋਂ ਡਰਦਿਆਂ ਮਿਲਾਈ ਹੈ ਜਾਂ ਸੱਚ-ਮੁੱਚ ਹੀ ਦੀਪੂ ਨੂੰ ਕਸੂਰਵਾਰ ਮੰਨਦਿਆਂ।

ਪਲ ਛਿਨ ਲਈ ਉਹ ਫਿਰ ਅਵਾਕ ਜਿਹਾ ਹੋਇਆ ਖੜ੍ਹਾ ਰਿਹਾ।

ਵੱਡੀ ਟਾਹਲੀ ਹੇਠ ਬੈਠੀ ਸੱਤਵੀਂ ਜਮਾਤ ਵਿਚੋਂ ਦੀਪੂ ਦਾ ਪਤਾ ਕਰਨ ਭੇਜਿਆ ਸਾਧੂ, ਉਸਨੂੰ ਸਾਇੰਸ ਰੂਮ ਪਾਸਿਉਂ ਆਉਂਦਾ ਦਿੱਸਿਆ।

ਰਾਮਪਾਲ ਨੇ ਉਸ 'ਤੇ ਸੂਈ ਰੱਖ ਦਿੱਤੀ-"ਆ ਸਾਧੂ ਜਿਹਾ ਤੁਆਡਾ ਕੀ ਚੀਜ਼ ਐ, ਸਮਝ ਨਹੀਂ ਲੱਗੀ ਏਦ੍ਹੀ। ਏਨੂੰ ਕਹੋ ਕੁਸ਼ ਹੋਰ, ਕਰਦਾ ਕੁਸ਼ ਹੋਰ ਐ। ਭੇਜੋ ਕਿਸੇ ਬੰਨੇ ਚਲਿਆ ਕਿਸੇ ਬੰਨੇ ਜਾਂਦਾ....!"

"ਏਹ...ਏਹ ਤਾਂ ਸਿਰੇ ਦਾ ਹਰਾਮੀ ਆ, ਕੁੱਤੇ ਦੀ ਪੂਛ ਆ ਪੂਰੀ...ਬਾਰਾਂ ਸਾਲ ਨਲਕੇ 'ਚ ਰਹਿ ਕੇ ਵੀ ਵਿੰਗੀ ਦੀ ਵਿੰਗੀ। ਨਿਮਕ-ਹਰਾਮ, ਵੱਡਾ ਭੈਣ...." ਤੇਜ਼ ਤਰਾਰ ਰੌਅ 'ਚ ਬੋਲਦੇ ਨੂੰ ਗਿੱਲ ਪੀ. ਟੀ. ਆਈ. ਨੂੰ ਸਕੂਲ ਉਪਸਥਿਤੀ ਫਿਰ ਨਾ ਯਾਦ ਰਹੀ। ਆਪਣੇ ਘਰ-ਖੇਤੀ ਬੋਲਣ ਵਾਲੇ ਸ਼ਬਦ ਅਜੇ ਗੰਦੀਆਂ-ਮੰਦੀਆਂ ਗਾਲਾਂ ਵੱਲ ਨੂੰ ਵੱਧਣ ਹੀ ਲੱਗੇ ਸਨ ਕਿ ਸਕੂਲ-ਮੁਖੀ ਰਾਮਪਾਲ ਨੇ ਉਸਨੂੰ ਵਿਚਕਾਰੋਂ ਟੋਕ ਦਿੱਤਾ..."ਚਲੋ ਛੱਡੋ ਪੀ.ਟੀ. ਜੀ. ਏਹ ਤੁਹਾਡੇ ਪਿੰਡ ਦਾ ਮਸਲਾ, ਸਕੂਲ ਪ੍ਰਬੰਧ ਨਾਲ ਨਾ ਜੋੜੋ ਏਨੂੰ...।"

"ਕਿਉਂ ਨਾ ਜੋੜੀਏ, ਤੁਆਨੂੰ ਕੀ ਪਤਾਅ ਏ ਸਾਲਾ ਕਿੰਦਾ ਮਿੰਨਤਾਂ ਕਰਦਾ ਸੀਗੀ, ਟੋਕਨ, ਓਵਰ ਵੇਲੇ। ਏਦ੍ਹੇ ਕੁਨਬੇ ਸਾਰੇ ਨੇ ਪੈਰ ਨਹੀ ਸੀ ਛੱਡੇ ਬੂਹੇ ਸਾਡੇ ਦੇ। ਹਾਂ ਕੁਰਆ ਕੇ ਹੀ ਹਿੱਲੇ ਸੀ। ਨਾ ਏਦ੍ਹੀ ਸਕਲ ਨਾ ਅਕਲ। ਨਾ ਏਦੀਆਂ ਲੱਤਾਂ ਚਲਦੀਆਂ ਨਾ ਬਾਹਾਂ। ਹੁਣ ਏਸ ਟਿੱਡੇ ਜੇਏ ਦੇ ਪੈਰ ਈ ਨਹੀਂ ਭੁੰਜੇ ਲੱਗਦੇ। ਕਦੀ ਟਪੂਸੀ ਮਾਰ ਕੇ ਐਧਰ, ਕਦੀ ਉਧਰ।"

ਸਾਧੂ ਨੂੰ ਹੋਰ ਲਾਗੇ ਆਇਆ ਦੇਖਕੇ ਸਕੂਲ ਪੀ. ਟੀ. ਆਈ. ਦੀ ਗੁਸੈਲੀ ਸੁਰ ਹੋਰ ਵੀ ਤਿੱਖੀ ਹੋ ਗਈ-"ਪੁੱਛੋ ਖਾਂ ਏਨੂੰ ਭਲਵਾਨ ਦੇ ਪੁੱਤ ਨੂੰ ,ਜਰਾ ਕਿਉਂ ਨਾ ਲਈ ਫੇਏ ਬਾਹਮਣੀ। ਮੇਰੇ ਮੂੰਹੋਂ ਸੁਣਦਾ ਕੁਝ ਹੋਰ। ਚੱਕਿਆ ਵਿਹੜਾ-ਪਾਰਟੀ ਦਾਆ। ਕਲ੍ਹ ਦੀ ਕੁਤਨੀ ਸਿਵਿਆਂ ਦਾ ਔਧ। ਸਾਰਾ ਕੁਝ ਪਤਾ ਵੀ ਆ ਏਨੂੰ। ਏਹ ਤਾਂ ਜਿੰਨਾ ਚਿਰ ਅਹੀ ਆਪ ਨਹੀਂ ਛੱਡਦੇ, ਮਜਾਲ ਆ ਕਿਸੇ ਦੀ ਭਾਕ ਵੀ ਜੇਏ ਕੋਈ ਸਰਪੰਚੀ ਔਲ੍ਹ ਨੂੰ...।'

"ਬਿਲਕੁਲ ਠੀਅਕ ਫਰਮਾਉਂਦੇ ਆ ਪੀ. ਟੀ. ਸਿੱਧੂ ਜੀਓ।...ਏਹ ਤਾਂ ਜੀਈ ਵੱਡੇ ਸਰਦੇਰ ਹੋਣੀ ਐਨਾ ਭਗਾਰ ਨਾ ਹੁੰਦੇ, ਐ ਮੂੰਹਦਤੇ-ਮੂੰਹ ਭਿੜਦੇ ਨਾ ਮੰਜੇ ਤਾਂ, ਤਾਂ ਸਕੂਲ ਵੀ ਕਿੱਥੇ ਹੋਣ ਦੇਣਾ ਸੀ ਸਰਕਾਰੂ...।"

ਸਾਧੂ ਚੌਕੀਦਾਰ ਨੇ ਆਪਣੀ ਫਰਮਾ ਬਰਦਾਰੀ ਦੀ ਹਾਜ਼ਰੀ ਤਾਂ ਸਹਿ-ਸੁਭਾ ਲੁਆਈ, ਪਰ ਉਸਦੇ ਬੋਲਾਂ ਅੰਦਰਲੀ ਤਨਜ਼ ਨਾ ਰਾਮਪਾਲ ਨੇ ਸੁਣੀ, ਨਾ ਸਮਝੀ।

ਦਫ਼ਤਰ ਮੂਹਰੇ ਤੁੰਨ੍ਹੀ ਥਾਂ ਖੜ੍ਹਾ ਉਹ ਵਿਹੜਾ-ਪਾਰਟੀ ਸਮੇਤ ਹਰ ਕਿਸੇ ਨੂੰ ਹੁੰਦਾ ਗਾਲ੍ਹੀ-ਗਲੌਚ ਸੁਣ ਕੇ ਤਾਂ ਜਿਵੇਂ ਤਿਲਮਲਾ ਹੀ ਗਿਆ ਸੀ।

ਇਕ ਵਾਰ ਤਾਂ ਉਸਦੀ ਹੈਡਸ਼ਿਪ ਨੇ ਫਤਵਣ ਲਈ ਵੀ, ਸਕੂਲ ਪੀ. ਟੀ. ਆਈ. ਅੰਦਰਲੇ ਗਿੱਲ ਪੀ. ਟੀ. ਆਈ. ਨੂੰ ਉਸਨੇ ਰੋਕਣਾ-ਟੋਕਣਾ ਵੀ ਚਾਹਿਆ-'ਬੰਦ ਕਰ ਆਹ ਬਕਵਾਸ, ਕੀ ਬਕੜਬਾਹ ਜਕੀ ਜਾਨਾਂ। ਜੇ ਚਾਰ ਸਿਆੜ ਹੈਗੇਈ ਆ ਤੇਰੇ ਕੋਲ ਤਾਂ ਕੀ ਅਸਮਾਨ ਚੁੱਕਿਆ ਸਿਰ 'ਤੇ। ਹੋਰ ਵੀ ਬੰਦੇ ਆ ਤੇਰੇ ਵਰਗੇ, ਕੀੜੇ-ਮਕੌੜੇ ਨਹੀਂ...।'

ਪਰ, ਝੱਟ ਹੀ ਉਸਨੂੰ ਸਾਧੂ ਚੌਕੀਦਾਰ ਦੀ ਥੋੜ੍ਹਾ ਕੁ ਚਿਰ ਪਹਿਲਾਂ ਦਿੱਤੀ ਨੇਕ-ਸਲਾਹ ਚੇਤੇ ਆ ਗਈ, 'ਮੈਂ ਤਾਂ ਕੈਨ੍ਹਾ ਸਾਬ੍ਹ ਜੀਈ...ਤੁਸੀਂ, ਤੁਸੀਂ ਵੀ ਜੀਈ...।"

ਉਸ ਨੂੰ ਲੱਗਾ, ਇਕ ਪਾਸੇ ਨੀਵੀਂ ਪਾਈ ਚੁੱਪ-ਚਾਪ ਖੜ੍ਹੇ, ਹਜ਼ੂਰਾ ਸਿੰਘ-ਕੁੰਦਨ ਲਾਲ ਉਸਨੂੰ ਆਪਣੇ ਲਾਗੇ ਵੱਲ ਨੂੰ ਆਉਣ ਲਈ ਲੁਕਵੇਂ-ਲੁਕਵੇਂ ਇਸ਼ਾਰੇ ਕਰ ਰਹੇ ਹਨ-'ਐਧਰ ਆ ਜਾ ਐਧਰ....'ਰਾਮ ਨਾ ਦਿਨ ਕਟੀ ਕਰੀ ਜਾ 'ਰਾਮ ਨਾ...ਐਮੇਂ ਨਾ ਪੰਗਾ ਲੈ ਬੈਹੀ



ਬਣੀ-ਤਣੀ ਰਾਜ-ਵਿਵਸਥਾ ਨਾਲ'। ਤੇ...ਤੇ ਉਹਨਾ ਦੇ ਬਿਲਕੁਲ ਦੂਜੇ ਪਾਸੇ, ਪੂਰਾ ਗੱਜ-ਵਜਾ ਕੇ, ਪੂਰੀ ਗੜ੍ਹਕਵੀਂ ਸੁਰ 'ਚ, ਗਰੇਵਾਲ ਹੌਂਡ ਆਪਣੇ ਨਾਲ, ਆਪਣੇ ਵਾਂਗ ਹਿੱਕ ਤਾਣ ਕੇ ਤੁਰਨ ਲਈ ਹੱਲਾਸ਼ੇਰੀ ਦੇ ਰਿਹਾ ਹੈ-'ਤਕੜਾ ਹੋ ਤਕੜਾ, ਐਥੇ ਓਦ੍ਹੀ ਨਹੀਂ ਤੇਰੀ ਸਰਦਾਰੀ ਐ, ਤੇਰੀ। ਐ ਸਿਰ ਸੁੱਟਿਆਂ ਕੁਝ ਨਹੀਂ ਬਣਨਾ। ਤੇਰੇ 'ਚ ਕੀ ਕਮੀ ਐ। ਕਿੰਨਾ ਕੁ ਚਿਰ ਡਰਿਆ ਰਹੇਂਗਾ, ਏਸ ਟੁੱਟੀ-ਭੱਜੀ ਕੁਨਬੇਦਾਰੀ ਤੋਂ...।'

ਦੋਨਾਂ ਸਿਰਿਆਂ ਵਿਚਕਾਰ ਖਿੱਚ-ਧੂਹ ਹੁੰਦੇ ਰਾਮਪਾਲ ਨੂੰ ਪਤਾ ਤੱਕ ਨਾ ਲੱਗਾ ਕਿ ਕਦੋਂ ਸਕੂਲ ਪੀ. ਟੀ. ਆਈ. ਉਸ ਲਾਗਿਉਂ ਫਿਰ ਕਿਸੇ ਕਲਾਸ-ਰੂਮ ਵੱਲ ਨੂੰ ਚਲਾ ਗਿਆ ਹੈ ਤੇ ਸਕੂਲ ਚੌਕੀਦਾਰ ਸਾਧੂ ਆਪਣੀ ਰਵਾਇਤੀ ਸੁਰ ਨਾਲੋਂ ਕਾਫ਼ੀ ਧੀਮੀ ਰੌਅ ਵਿਚ ਦੀਪੂ ਬਾਰੇ ਕੁਝ ਦੱਸ ਰਿਹਾ ਹੈ।

"ਕੀ ਮਿਣ-ਮਿਣ ਲਾਈਓ ਆ ਤੂੰ...ਉੱਚੀ ਬੋਲ ਉੱਚੀ..." ਸਕੂਲ ਮੁਖੀ ਰਾਮਪਾਲ ਨੇ ਸਕੂਲ ਚੌਕੀਦਾਰ ਦੀ ਝਾੜ-ਝੰਬ ਕਰਕੇ ਜਿਵੇਂ ਆਪਣੀ ਬੇ-ਬਸੀ ਦੀ ਲਾਜ ਰੱਖੀ ਹੋਵੇ।

"ਜੀਈ...ਜੀਈ...ਦੀਪੂ ਤਾਂ ਜੀਈ ਘਰ ਨੂੰ ਚੱਲਿਆ ਗਿਆ ਮੁੜਕੇ...ਰੋਂਦਾ ਰੋਂਦਾ। ਓਦ੍ਹੇ ਨਾਲ ਦਾ ਨੌਮੀਂ ਦਾ ਮੁੰਡਾ ਕੈਂਦ੍ਹਾ ਜੀਈ, ਉਦ੍ਹੀ ਨਿੱਕਰ ਜੀਈ...ਨਿੱਕਰ...।"

ਸਕੂਲ ਚੌਕੀਦਾਰ ਦੇ ਆਪਣੀ ਵੱਲੋਂ ਕਾਫ਼ੀ ਸਾਰੇ ਉੱਚੇ ਕੀਤੇ ਬੋਲ ਫਿਰ ਵੀ ਜਿਵੇਂ ਰਾਮਪਾਲ ਨੂੰ ਸੁਣਾਈ ਨਹੀਂ ਸਨ ਦੇ ਰਹੇ।

—0—

# ਬਠਲੂ ਚਮਿਆਰ/ਅਤਰਜੀਤ

ਬਠਲੂ ਦਾ ਹੱਥ ਹਾਲੇ ਵੀ ਕਹੀ ਦੇ ਬਾਹੇ 'ਤੇ ਘੁੱਟਿਆ ਹੋਇਆ ਸੀ। ਲਗਦਾ ਸੀ ਉਹ ਹੁਣੇ ਉੱਠੇਗਾ ਤੇ ਕੋਲ ਪਏ ਬੱਠਲ ਨੂੰ ਭਰ ਕੇ ਸਿਰ 'ਤੇ ਧਰੇਗਾ। ਉਸਦੇ ਤੇਜ਼ ਚਲਦੇ ਸਾਹ ਤੇ ਵੱਖੀ 'ਤੇ ਘੁੱਟਿਆ ਦੂਜਾ ਹੱਥ, ਉਸਦੀ ਪਲ ਪਲ ਨਿਘਰਦੀ ਹਾਲਤ ਦੀ ਗਵਾਹੀ ਭਰਦਾ ਸੀ। ਉਸਨੇ ਫਿਰ ਉੱਠਣਾ ਚਾਹਿਆ, ਪਰ ਉਸਦੇ ਸਰੀਰ ਦੀ ਸਾਰੀ ਸਤਾ ਵੱਖੀ ਦੀ ਪੀੜ ਨੇ ਨਪੀੜ ਦਿੱਤੀ ਸੀ। ਉਹ ਉੱਠ ਨਾ ਸਕਿਆ। ਉਸਨੇ ਸਾਰੀ ਜ਼ਿੰਦਗੀ ਕਰੜੇ ਤੋਂ ਕਰੜਾ ਕੰਮ ਕੀਤਾ, ਪਰ ਜ਼ਿੰਦਗੀ 'ਚ ਉਹਨੇ ਕਦੇ ਹਾਰ ਨਾ ਮੰਨੀ-ਉਹ ਕਦੇ ਬੀਮਾਰ ਨਾ ਹੋਇਆ।

ਉਸਨੇ ਹੁਣ ਤੱਕ ਆਪਣੀ ਪੀੜ ਨੂੰ ਘੁੱਟੀ ਘੁੱਟੀ ਪੀ ਜਾਣਾ ਚਾਹਿਆ ਸੀ ਕਿ ਉਹਦੀ ਬੱਸ ਹੁੰਦੀ ਜਾਂਦੀ ਸੀ। ਉਸ ਦੀਆਂ ਹੂੰਗਰਾਂ ਪਲੋ ਪਲ ਚੀਕਾਂ ਵਿਚ ਵਟ ਗਈਆਂ। ਉਸ ਨੇ ਉੱਠ ਕੇ ਟੋਏ 'ਚੋਂ ਬਾਹਰ ਆਉਣ ਚਾਹਿਆ, ਪਰ ਹਿਲ ਸਕਣ ਦੀ ਸਮਰੱਥਾ, ਉਸ ਵਿਚ ਬਾਕੀ ਨਹੀਂ ਸੀ। ਉਸ ਦੇ ਬੁੱਲ੍ਹ ਖੁਸ਼ਕ ਹੋ ਗਏ, ਗਲਾ ਸੁੱਕ ਗਿਆ ਤੇ ਵੱਖੀ ਦੀ ਪੀੜ, ਉਸ ਦੇ ਸਾਰੇ ਸਰੀਰ ਨੂੰ ਛੁਰੀ ਵਾਂਗ ਚੀਰਦੀ ਜਾ ਰਹੀ ਸੀ। ਸੁੰਨ-ਮਸੁੰਨੀ ਰੋੜਾਂ ਵਾਲੀ ਛਪੜੀ, ਜਿਵੇਂ ਉਸ ਦੀ ਹਾਲਤ 'ਤੇ ਸਿਸਕੀਆਂ ਭਰ ਰਹੀ ਸੀ।

ਜਿਵੇਂ ਜਿਵੇਂ ਪਤਾ ਲੱਗਦਾ ਗਿਆ, ਰਾਹ ਗੁਜ਼ਰਦੇ ਬੰਦੇ ਤੇ ਕੰਮ ਦੇ ਜ਼ੋਰ ਦੇ ਦਿਨਾਂ ਵਿਚ ਘਰੀਂ ਰਹਿ ਗਏ ਬੰਦੇ ਰੋੜਾਂ ਵਾਲੀ ਛਪੜੀ 'ਤੇ ਕੱਠੇ ਹੁੰਦੇ ਗਏ।

"ਪਾਟ ਗਿਆ ਓਇ ਕਾਲਜਾ...।" ਬਠਲੂ ਦੀ ਚੀਕ ਨਿਕਲ ਗਈ। ਕਿਸੇ ਨੇ ਕੋਲ ਪਿਆ ਬੱਠਲ ਤੇ ਕਹੀ ਲਾਂਭੇ ਕਰ ਦਿੱਤੇ ਤੇ ਉਸਨੂੰ ਥੋੜ੍ਹਾ ਕੁ ਠੀਕ ਕਰਕੇ, ਪੋਲੀ ਮਿੱਟੀ ਤੇ ਲਿਟਾ ਦਿੱਤਾ।

"ਗੱਲ ਕੀ ਹੋ ਗਈ ?" ਕਿਸੇ ਨੇ ਪੁੱਛਿਆ।

"ਵੱਖੀ ਨੂੰ ਘੁਟਦੈ ਪਤਾ ਨੀ ਕੀ ਹੋ ਗਿਆ ?" ਕਿਸੇ ਨੇ ਜਵਾਬ ਦਿੱਤਾ।

"ਇਥੋਂ ਈ ਕੁਝ ਹੋ ਗਿਆ। ਇਥੋਂ ਅੱਗੇ ਵੀ ਕਈਆਂ ਨੂੰ ਧੱਕਾ ਵੱਜਿਆ।" ਕਿਸੇ ਨੇ ਉਸਦਾ ਕੁੜਤਾ ਉਤਾਂਹ ਕਰਕੇ ਵੇਖਿਆ। ਖੱਬੀ ਵੱਖੀ ਨੀਲੀ ਹੋ ਰਹੀ ਸੀ। ਕੰਡ ਵਿਚ ਮੌਰਾਂ ਤੋਂ ਹੇਠਾਂ ਵੀ ਵੱਡਾ ਸਾਰਾ ਨੀਲ ਸੀ।

"ਆਹ ਵੇਖ ਐਥੇ ਕਰਕੇ ਵੀ ਵੱਜਿਐ ਧੱਕਾ। ਇਥੇ ਛਾਪੜੀ ਤੇ ਸ਼ੈ ਹੈ ਗੀ, ਕਈਆਂ ਨੇ ਵੇਖੀਐ," ਖੇਮੀ ਅੰਬੋ ਨੇ ਮੌਰਾਂ 'ਤੇ ਵੇਖ ਕੇ ਆਖਿਆ।

"ਸੁੱਖ ਨਾਲ ਵਾਢੀ ਦੀ ਦਿਹਾੜੀ ਬਥੇਰੀ ਸੀ। ਕੀ ਥੁੜਿਆ ਪਿਆ ਸੀ ਮਿੱਟੀ ਦੇ ਘੋਲ ਬਿਨਾਂ ? ਪਰ ਜਿਹੜੀ ਗਰਾਗਤ ਹੋਣੀ ਹੋਵੇ।"

"ਇਹਨੇ ਤਾਂ ਵਿਚਾਰੇ ਨੇ ਭਲੇ ਦੀ ਖਾਤਰ ਕਾਗ ਉਡਾਏ ਸੀ-ਕੀ ਪਤਾ ਸੀ ਬਣੀ ਗਲ ਨੂੰ ਫਰਾਹੇ ਪੈ ਜਾਣਗੇ। ਇਹਨੇ ਤਾਂ ਸੋਚਿਆ ਸੀ ਬਈ ਟੋਆ ਭਰ ਕੇ ਪਿੰਡ ਦਾ ਭਲਾ ਹੋਜੇ।"

ਗੱਲ ਇਹ ਸੀ, ਜੋ ਬਠਲੂ ਭਲੇ ਦੀ ਖਾਤਰ ਕਰਨਾ ਚਾਹੁੰਦਾ ਸੀ, ਜਿਸ ਦੇ ਬਦਲੇ ਅੱਜ ਉਸ ਦੀ ਜਾਨ ਨੂੰ ਬਣੀਆਂ ਹੋਈਆਂ ਸਨ। ਰੋੜਾਂ ਵਾਲੀ ਛੱਪੜੀ 'ਤੇ ਦਿਉਣ ਦੇ ਰਾਹ ਵਿਚਲਾ



ਟੋਆ, ਜੋ ਮੀਂਹ ਦੀ ਖਾਰ ਨੇ ਪਾਇਆ ਸੀ, ਅੱਜ ਸਭ ਦੀ ਦੰਦ ਕਥਾ ਬਣ ਗਿਆ ਸੀ। ਅੱਜ ਤੋਂ ਸਿਰਫ ਦੋ ਦਿਨ ਪਹਿਲਾਂ, ਇਹ ਨਿਰਾ ਖਾਤਾ ਸੀ। ਦਸ ਬਾਰਾਂ ਫੁੱਟ ਡੂੰਘਾ, ਕਿਸੇ ਕਿਨਾਰੇ ਤੋਂ ਪੰਜ ਫੁੱਟ ਕਿਸੇ ਤੋਂ ਚਾਰ ਦੇ ਏਂਡ-ਗੇਂਡ ਵਿਚ। ਕਿਨਾਰੇ ਗਿਣਨ ਲੱਗੋ ਤਾਂ ਕੋਈ ਹਿਸਾਬ ਕਿਤਾਬ 'ਚ ਆਉਣ ਵਾਲੀ ਗੱਲ ਨਹੀਂ ਸੀ, ਨਾ ਮੁਰੱਬਾ ਨਾ ਘਣ। ਚਿੱਬ-ਖੜਿੱਬਾ ਤੇ ਡਰਾਉਣਾ-ਡਰਾਉਣਾ।

ਪਿੰਡ ਨੀਵਾਂ ਹੋਣ ਕਰਕੇ, ਮੀਂਹ ਦਾ ਸਾਰਾ ਪਾਣੀ ਪਿੰਡ ਵੱਲ ਆਉਂਦਾ ਤੇ ਦਿਉਣ ਦਾ ਰਾਹ ਸੂਏ ਵਾਂਗ ਭਰਿਆ, ਪਹਿਲਾਂ ਇਸ ਛਪੜੀ ਵਿਚ ਦੌ-ਦੌ ਡਿੱਗਦਾ ਇਸਨੂੰ ਤਾਰੀ ਲਾ ਦਿੰਦਾ। ਛਪੜੀ ਦਾ ਕਿਨਾਰਾ ਖੁਰ ਖੁਰ ਕੇ, ਇਹ ਇਕ ਵੱਡਾ ਖਾਤਾ ਬਣ ਗਿਆ ਸੀ। ਇਸ ਦੇ ਨਾਲ ਰਾਹ, ਮਸਾਂ ਗੱਡੇ ਦੇ ਲੀਹੇ ਜਿੰਨਾ ਸੀ। ਕੋਲ ਦੀ ਲੰਘਦੇ ਲੋਕ ਚਰਚਾ ਛੇੜਦੇ, ਮੱਥਾ ਸਕੋੜਦੇ ਇਸਦੇ ਭਰੇ ਜਾਣ ਦੀ ਲੋੜ ਮਹਿਸੂਸ ਕਰਦੇ, ਪੰਚਾਇਤ ਨੂੰ ਠੱਠੀਆਂ ਤੱਤੀਆਂ ਸੁਣਾਉਂਦੇ ਤੇ ਪਿੰਡ ਦੇ ਲੋਕਾਂ ਦੀ ਬੇਇਤਫ਼ਾਕੀ ਕਾਰਨ ਬਣੀ ਨਵੀਂ ਪੰਚਾਇਤ ਦੇ ਨਕਾਰੇਪਣ 'ਤੇ ਨੱਕ ਬੁੱਲ੍ਹ ਕੋਚਦੇ, ਖਿਝਦੇ ਅੱਗੇ ਲੰਘ ਜਾਂਦੇ। ਜਿਵਿਆ ਕੋਲੋਂ ਲੰਘਦੇ ਕਿਸੇ ਡਰੂ ਤੇ ਅੰਧ-ਵਿਸ਼ਵਾਸੀ ਆਦਮੀ ਵਾਂਗ ਉਨ੍ਹਾਂ ਦੀ ਖਿਝ ਖਿਝਾਈ ਪਰ੍ਹੇ ਜਾਣ ਨਾਲ ਹੀ ਵਾਹਿਗੁਰੂ-ਵਾਹਿਗੁਰੂ ਦੇ ਜਾਪ ਵਾਂਗ ਠਰ ਜਾਂਦੀ। ਗੱਲ ਵਿਸਰ ਜਾਂਦੀ ਤੇ ਮੁੜ ਲੋਕ ਆਪੋ ਆਪਣੇ ਧੰਦੀ ਜੁਟੇ ਰਹਿੰਦੇ।

ਇਕ ਰਾਤ ਨ੍ਹੇਰੇ ਵਿਚ, ਕੱਖਾਂ ਦਾ ਲੱਦਾ ਲਈ ਆਉਂਦਾ ਊਠ, ਇਸ ਵਿਚ ਡਿੱਗ ਪਿਆ ਤੇ ਮੂਹਰਲੀ ਲੱਤ ਥਾਪੂ ਕੋਲੋਂ ਟੁੱਟ ਗਈ। ਹਾਲੇ ਪਰਸੋਂ ਹੀ ਲਾਂਗੇ ਦਾ ਭਰਿਆ ਗੱਡਾ, ਇਸ ਵਿਚ ਧਾਸ ਮਾਰਨੋਂ ਮਸਾਂ ਬਚਿਆ ਸੀ।

"ਆਹ ਬੜੇ ਬਈ ਪਿੱਟਣਾ। ਇਹ ਜ਼ਰੂਰ ਲਊ ਕਿਸੇ ਨਾ ਕਿਸੇ ਦੀ ਜਾਨ-ਨਹੀਂ ਤਾਂ ਕਿਸੇ ਪਸ਼ੂ ਜਾਂ ਗੱਡਾ-ਭੇਡਾ ਤਾਂ ਹੈ ਨੀ..." ਇਸ ਤਰ੍ਹਾਂ ਦੀ ਘੁਸ ਘੁਸ ਦਾ ਪੰਚਾਇਤ 'ਤੇ ਕੀ ਅਸਰ ਹੋਇਆ-ਇਹ ਜਾਣੇ ਪੰਚਾਇਤ ਦੀ ਬਲਾ। ਉਸ ਦਾ ਕਾਰ ਵਿਹਾਰ ਤਾਂ ਉਸ ਪੰਚਾਇਤੀ ਨਲਕੇ ਵਰਗਾ ਸੀ, ਜਿਸ ਦੇ ਇਕ ਮਹੀਨੇ ਬਾਅਦ ਹੀ ਨਾ ਕਿੱਲ ਸੀ ਨਾ ਬੋਕੀ। ਡੰਡਾ ਖੇਰੇ ਕੋਈ ਲਾਹ ਕੇ ਲੈ ਗਿਆ ਸੀ। ਕਿਸੇ ਨੇ ਕਿਹਾ ਇਹ ਟੋਆ ਤਾਂ ਸਾਂਝਾ ਬਾਬਾ ਹੈ...ਸਾਂਝੇ ਬਾਬੇ ਨੂੰ ਕੌਣ ਰੋਂਦੇ।

"ਜੇ ਇਹ ਸਾਂਝਾ ਬਾਬਾ ਹੁੰਦਾ ਤਾਂ ਇਸਨੂੰ ਸਾਰੇ ਰੋਂਦੇ। ਆਪਣੇ ਆਪਣੇ ਖਿੰਡ ਦੀ ਬਣੀ ਦੇ ਜ਼ਮਾਨੇ 'ਚ ਇਸ ਬਾਬੇ ਨੂੰ ਕੌਣ ਰੋਵੇ ? ਜੀਹਦਾ ਅਸਲ ਵਿਚ ਕੋਈ ਖਸਮ-ਗੁਸਾਈ ਹੈ ਹੀ ਨਹੀਂ ?" ਇਹੋ ਜਿਹੀ ਗੱਲ ਕਹਿਣ ਵਾਲੇ 'ਤੇ ਕਈਆਂ ਨੇ ਨੱਕ-ਬੁੱਲ੍ਹ ਚੜ੍ਹਾਏ ਹੋਣਗੇ।

ਲੋਕਾਂ ਦੇ ਲਲਾ-ਲਲਾ ਕਰਨ 'ਤੇ ਸਰਪੰਚ ਨੇ ਸੌ-ਪੰਜਾਹ ਖਰਚਣ ਦਾ 'ਪੁੰਨ ਨਾਲੇ ਫਲੀਆਂ ਵੱਧ' ਦਾ ਖਿਆਲ ਸੋਚ ਹੀ ਲਿਆ। ਠੱਲ੍ਹ ਬੰਨ੍ਹਣ ਤੇ ਟੋਆ ਪੂਰਨ ਦਾ, ਪੰਚਾਇਤ ਨੇ ਕਿਸੇ ਨੂੰ ਠੇਕਾ ਦੇਣਾ ਪ੍ਰਵਾਨ ਕਰ ਲਿਆ। ਦਸ ਬਾਰਾਂ ਦਿਨ 'ਚ ਠੱਲ੍ਹ ਬੱਝ ਗੀ। ਟੋਏ ਦਾ ਠੇਕਾ ਬਠਲੂ ਨੇ ਲੈ ਲਿਆ।

ਮਿੱਟੀ ਦਾ ਕੰਮ ਕਰਨ ਲਈ ਪਿੰਡ ਵਿਚ ਬਠਲੂ ਚਮਿਆਰ, ਸਭ ਤੋਂ ਵਾਧੂ ਸੀ। ਚਿਰ ਦੀ ਗੱਲ ਹੈ ਜਦੋਂ ਗੁਰਦੁਆਰੇ ਵਾਲਾ ਟੋਭਾ ਪੁਟਦੇ ਸਨ, ਸੁੰਦਰ ਨੇ ਸਭ ਤੋਂ ਵੱਡਾ ਬੱਠਲ, ਗਿੱਲੀ

ਤੇ ਚਿਕਣੀ ਮਿੱਟੀ ਦਾ, ਟੀਸੀ ਲਾਵਾਂ ਚੁੱਕਿਆ ਸੀ। ਤਮਾਸ਼ਬੀਨਾਂ ਨੇ ਟੀਸੀ ਤੇ ਡੱਕਾ ਗੱਡ ਕੇ, ਮੈਲੀ-ਕੁਚੈਲੀ ਲੀਰ ਦੀ ਝੰਡੀ ਕਰ ਦਿੱਤੀ ਸੀ। ਉਸ ਨੇ ਟੋਏ ਤੋਂ ਪੂਰਾ ਗੇੜਾ ਲਾਇਆ ਸੀ।

"ਇਕ ਗੇੜਾ ਹੋਰ ਲਾਮਾਂ ?" ਰੂਕ 'ਚ ਆਇਆ ਸੁੰਦਰ, ਜਦੋਂ ਬੋਲਿਆ ਸੀ ਤਾਂ ਬੋਲ ਉਸਦੇ ਬੁੱਲ੍ਹਾਂ ਤੋਂ ਨਹੀਂ, ਸਗੋਂ ਧੁੰਨ ਤੋਂ ਵੀ ਹੇਠਾਂ, ਉਸਦੇ ਢਿੱਡ ਵਿਚ ਗੜਗੜਾਏ ਸਨ। ਨੰਗੇ ਪਿੰਡੇ ਮੁੜ੍ਹਕੋ ਮੁੜ੍ਹਕੀ, ਸੁੰਦਰ ਹੌਂਕ ਰਿਹਾ ਸੀ। ਲੁਹਾਰ ਦੀ ਧੌਂਕਣੀ ਵਾਂਗ ਉਸ ਦਾ ਢਿੱਡ ਫੁੱਲ ਜਾਂਦਾ ਸੀ-ਪੈਰਾਂ ਹੇਠੋਂ ਜ਼ਮੀਨ ਖਿਸਕ ਰਹੀ ਸੀ-ਫਿਰ ਵੀ ਉਹ ਗਰੜ ਗਰੜ ਕਰਕੇ ਬੋਲਿਆ, "ਇਕ ਗੇੜਾ ਹੋਰ ਲਾਮਾਂ ?"

"ਵਾਹ ਉਇ ਬਠਲੂ। ਕੰਜਰ ਦਿਆ ਚਮਿਆਰਾ, ਹੱਦ ਕਰ 'ਤੀ ਆਹ ਤਾਂ।"

"ਬੜਾ ਜੇਂਧਰ ਚਮਿਆਰ ਆ ਬਈ।" ਲੋਕ ਉਸ ਦੇ ਦੁਆਲੇ ਜੁੜੇ ਥਾਪੀਆਂ ਦੇ ਰਹੇ ਸਨ।

"ਲੈ ਉਇ ਸੁੰਦਰਾ। ਗੁੜ ਖਾਹ। ਸਹੁਰਿਆ ਮੰਦੀਆਂ ਹੱਦ ਕਰ 'ਤੀ ਆਹ ਤਾਂ।" ਬਚਨ ਸਿਉਂ ਅਕਾਲੀ, ਪੁਟਾਵਿਆਂ ਨੂੰ ਹੱਲਾਸ਼ੇਰੀ ਦਿੰਦਾ, ਉਸ ਵੱਲ ਅਹੁਲਿਆ ਸੀ। ਅੱਧ ਸੇਰ ਦਾ ਵਾਆ ਗੁੜ, ਸੁੰਦਰ ਬਾਏਂ ਮਰੜ ਮਰੜ ਚੱਬ ਗਿਆ ਸੀ। ਢੋਲ ਵਾਲੇ ਨੇ ਸੁੰਦਰ ਦਾ ਨਾਂ 'ਤੇ ਢੋਲ ਕੁੱਟਿਆ ਤੇ ਪਟਾਵਿਆਂ ਨੇ ਖੁਸ਼ੀ 'ਚ ਕਿਲਕਾਰਾ ਮਾਰਿਆ ਸੀ। ਉਸ ਦਿਨ ਤੋਂ ਉਹਦੇ ਨਾਂ ਨਾਲੋਂ 'ਮੰਦੀ' ਸ਼ਬਦ ਸਹਿ ਗਿਆ ਸੀ, ਬਠਲੂ ਸ਼ਬਦ ਜੁੜ ਗਿਆ ਸੀ।

ਉਸਨੂੰ ਪੰਚਾਇਤ ਨੇ ਪੰਚਾਇਤ ਘਰ ਵਿਚ ਬੁਲਾਇਆ ਸੀ। ਉਹ ਹੁਕਮ-ਬੱਧੇ ਗੁਲਾਮ ਵਾਂਗ ਭੱਜਿਆ ਭੱਜਿਆ ਗਿਆ ਸੀ ਤੇ ਏਸ ਟੋਏ ਦਾ ਠੇਕਾ ਬਠਲੂ ਨੇ ਲੈ ਲਿਆ। ਉਕੇ-ਪੁੱਕੇ ਪੰਜੀ ਰੁਪਏ ਉਸ ਨੇ ਹੱਸ ਕੇ ਪ੍ਰਵਾਨ ਕਰ ਲਏ।

"ਕਿਉਂ ਬਠਲੂ ਖੁਸ਼ ਐਂ, ਊਂ ਤਾਂ ...?" ਸਰਪੰਚਾਂ ਨੇ ਦਇਆ ਵਿਖਾਉਂਦਿਆਂ ਕਿਹਾ ਸੀ।

"ਸਰਦਾਰੋ ਤੁਸੀਂ ਖੁਸ਼ ਚਾਹੀਦੇਉ। ਮੇਰਾ ਕੀ ਐ ?" ਉਸ ਨੇ ਹੱਥ ਜੋੜੇ ਸਨ।

"ਤੂੰ ਵੀ ਗਰੀਬ ਆਦਮੀ ਐ, ਚਲ ਸੇਰ ਗੁੜ ਦੇ ਦਿਆਂਗੇ ਚਾਹ ਚਬਣੇ ਨੂੰ।" ਬਠਲੂ ਹੋਰ ਖਿੜ ਗਿਆ, "ਸ਼ਾਬਾਸ਼ੇ ਸਰਦਾਰੋ। ਸਾਡੇ ਵੀ ਥੋੜੇ ਸਿਰ 'ਤੇ ਦਿਹਾੜੇ ਟੁੱਟ ਜਾਣਗੇ।"

"ਗਧੀਆਂ ਵਾਲਾ ਤਾਂ ਪੰਦਰ੍ਹਾਂ ਵੀਹਾਂ 'ਚ ਕਰ ਦਿੰਦਾ ਇਹ ਕੰਮ।" ਇਕ ਮੈਂਬਰ ਨੇ ਮੁੱਛਾਂ 'ਤੇ ਹੱਥ ਫੇਰਿਆ ਜਿਵੇਂ ਉਹ ਬਠਲੂ 'ਤੇ ਹੋਰ ਅਹਿਸਾਨ ਕਰ ਰਿਹਾ ਸੀ। ਬਠਲੂ ਨੇ ਮੈਂਬਰ ਦੀਆਂ ਅੱਖਾਂ ਵਿਚਲੀ ਸ਼ੈਤਾਨੀ ਨੂੰ ਦਾਨਾਈ ਜਾਣਿਆ।

"ਬੰਬਰਾ ਮੈਂ ਕੋਈ ਭੱਜਿਆਂ ਪਚੇਤ ਤੋਂ, ਤੁਸੀਂ ਪੰਦਰ੍ਹਾਂ ਈ ਦੇ ਦਿਉ।" ਸੁੰਦਰ ਨੇ ਨਿਮਰਤਾ ਤੋਂ ਵੱਧ ਹੀਣਤਾ ਦੇ ਭਾਰ ਹੇਠ ਕਿਹਾ।

"ਕੋ ਨੀ। ਕੋ ਨੀ। ਤੂੰ ਜਾਹ ਕਰ ਕੰਮ। ਠੀਕ ਐ ਪੰਜੀ ਰੁਪਏ। ਉਕੇ ਪੁੱਕੇ।" ਬਠਲੂ ਹੱਥ ਜੋੜੀ, ਪੁੱਠੇ ਪੈਰੀਂ, ਪਿੱਛੇ ਮੁੜਿਆ। ਠਿੱਬ-ਖੜਿੱਬੇ ਜੋੜੇ ਪਾਉਂਦਿਆਂ, ਉਸ ਨੇ ਖੁੱਚਾਂ ਤੋਂ ਥੋੜ੍ਹੀ ਹੇਠਾਂ ਲਮਕਦੀ ਧੋਤੀ, ਸੰਭਾਲੀ ਤੇ 'ਸਾਸਰੀ ਕਾਲ' ਆਖਦੇ ਹੀ ਪੰਚਾਇਤੀਆਂ ਵੱਲੋਂ ਮੂੰਹ



ਭੁਆਇਆ। ਉਸ ਨੇ ਮਗਰੋਂ ਆਪਣਾ ਨਾਂ ਸੁਣਿਆ ਤੇ ਪੰਚਾਇਤੀਆਂ ਦਾ ਠਹਾਕਾ-"ਬਠਲੂ ਈ ਰਿਹਾ ਕੰਜਰ ਦਾ ਸਾਰੀ ਉਮਰ।" ਤੇ ਉਸ ਨੂੰ ਲੱਗਿਆ ਜਿਵੇਂ ਉਸ ਦੇ ਸਿਰੜੀ ਤੇ ਮਿਹਨਤੀ ਹੋਣ ਦੀ ਉਨ੍ਹਾਂ ਨੇ ਵਡਿਆਈ ਕੀਤੀ ਹੋਵੇ। ਉਹ ਆਪ ਵੀ ਹੱਸ ਪਿਆ। ਸਰਦਾਰ ਦੇ ਧੰਨਵਾਦ ਵਿਚ ਉਸ ਦਾ ਲੂੰ-ਲੂੰ ਭਿਜਿਆ ਹੋਇਆ ਸੀ।

ਸੁੰਦਰ ਕਹੀ ਤੇ ਬੱਠਲ ਲੈ ਕੇ, ਛਪੜੀ 'ਤੇ ਅੱਪੜ ਗਿਆ। ਚੀਨੂੰ ਉਸ ਨੇ ਰੱਸੀ ਨਾਲ, ਸਿਰ 'ਤੇ ਕੱਸ ਕੇ ਬੰਨ੍ਹ ਲਿਆ। ਉਸ ਦੀਆਂ ਬੁਦਰੀਆਂ, ਪੱਗ ਦੇ ਉਧੜ-ਗੁਧੜੇ ਲੜਾਂ 'ਚੋਂ ਬਾਹਰ ਨਿਕਲੀਆਂ ਹੋਈਆਂ ਸਨ, ਜਿਵੇਂ ਉਸ ਨੂੰ ਟਿੱਚਰਾਂ ਕਰ ਰਹੀਆਂ ਹੋਣ। ਰਾਹ ਵਾਲੇ ਪਾਸਿਉਂ ਉਸ ਨੇ ਟੋਏ ਨੂੰ ਗਹੁ ਨਾਲ ਵੇਖਿਆ। ਉਹ ਵੇਖਦਾ ਰਿਹਾ, ਜਿਵੇਂ ਮਿਟੇ ਹੋਏ ਅੱਖਰਾਂ ਨੂੰ ਉੱਠਾਉਂਦਾ ਹੋਵੇ। ਉਹ ਕਿੰਨਾ ਚਿਰ ਵੇਖੀ ਗਿਆ। ਸਾਰੀ ਇਬਾਰਤ ਜਿਵੇਂ ਉਸਨੇ ਪੜ੍ਹ ਅਤੇ ਸਮਝ ਲਈ।

"ਸੁੰਦਰ ਸਿਆਂ। ਤੇਰਾ ਇਹ ਦੋ ਦਿਨਾਂ ਦਾ ਕੰਮ ਐ ਬੱਸ। ਪੱਚੀ ਰੁਪਈਏ ਖਰੇ ਹੋ ਜਾਣਗੇ। ਹਾੜ੍ਹੀ ਦੀ ਵਾਢੀ 'ਚ ਤਾਂ ਏਨੇ ਨਾ ਪੈਂਦੇ .... । ਰੋਟੀ ਚਾਹ ਜ਼ਰੂਰ ਜੱਟ ਦੇ ਪੱਲਿਉਂ ਮਿਲਦੀ। ਫੇਰ ਵੀ ਵੇਂਦੇ ਏਥੇ। ਹਰੋ ਨੇ ਭਲਾ ਕੀ ਕਰਨਾ ਸੀ-ਬੱਠਲ ਤਾਂ ਮੈਂ ਆਪੇ ਬਥੇਰਾ ਚੱਕ ਲਿਆ ਕਰੂੰ ... । ਮਣ ਸਵਾ ਮਣ ਮਿੱਟੀ ਦੀ ਕਿਹੜੀ ਗੱਲ ਐ ? ਉਹ ਸੇਰ ਬੋਲੀਆਂ ਚੁੱਗ ਲਿਆਊ।" ਉਹ ਆਪਣੇ ਆਪ ਨੂੰ ਦਿਲਬਰੀਆਂ ਦਿੰਦਾ, ਛਪੜੀ 'ਚ ਝੁਕਿਆ ਤੇ ਸਿਰ ਤੋਂ ਉੱਚੀ ਕਹੀ ਉਲਾਰ ਕੇ ਧਰਤੀ ਦੀ ਪਾਂਡੂ-ਹਿੱਕ ਤੇ ਮਾਰੀ। ਕਹੀ ਮਸਾਂ ਮੁੜ ਭਰ ਖੁੱਭੀ ਤੇ ਬੁੜ੍ਹਕ ਗਈ। ਇਵੇਂ ਖੇਚ-ਖਰਾਬੀ ਕਰਕੇ ਉਸਨੇ ਬੱਠਣ ਭਰਿਆ ਤੇ ਚੁੱਕ ਕੇ ਬਾਹਰ ਆਇਆ। ਟੋਏ ਵਿਚ ਗਰਦਾ-ਗੋਰ ਸੀ।

ਹੁਣ ਫਿਰ ਉਹ ਛਪੜੀ ਵਿਚ ਉਤਰ ਗਿਆ ਸੀ। ਇਸ ਵਾਰ ਉਸ ਨੇ ਬੱਠਲ ਪਰ੍ਹੇ ਰੱਖ ਦਿੱਤਾ ਤੇ ਪਾਂਡੋ-ਮਿੱਟੀ ਪੁੱਟਣ ਲੱਗ ਪਿਆ। ਹਰ ਵਾਰ, ਕਹੀ ਸਿਰ ਤੋਂ ਉਲਾਰਦਾ ਤੇ 'ਹੁੱਪ' ਆਖਦਾ ਧਰਤੀ 'ਤੇ ਮਾਰਦਾ। ਹੌਲੀ ਹੌਲੀ, ਮਿੱਟੀ ਦਾ ਢੇਰ ਬਣਨ ਲੱਗ ਪਿਆ। ਉਸਦੀ ਕਹੀ, ਪਾਂਡੇ ਦੀ ਤਹਿ ਨੂੰ ਪਾੜ ਚੁੱਕੀ ਸੀ। ਹੇਠਾਂ ਤੋਂ ਬਰੇਤਾ ਨਿਕਲ ਆਇਆ ਸੀ। ਉਸਦਾ ਕੰਮ ਸੌਖਾ ਹੋ ਗਿਆ। ਜਦ ਹਰੋ ਉਸ ਦੀ ਰੋਟੀ ਲੈ ਕੇ ਆਈ, ਉਸ ਨੇ ਗੱਡਾ ਮਿੱਟੀ ਦਾ ਪੁੱਟ ਦਿੱਤਾ ਸੀ। ਹਰੋ, ਉਸਦੇ ਕੋਲ ਪਾਣੀ ਦੀ ਮੱਘੀ ਅਤੇ ਰੋਟੀਆਂ ਰੱਖ ਕੇ, ਸਿਲੇਹਾਰਨਾਂ ਨਾਲ ਜਾ ਰਲੀ।

ਬਠਲੂ ਬਾਹਰ ਆਇਆ ਤਾਂ ਉਸ ਦੇ ਪਿੰਡੇ ਤੇ ਮੁੜ੍ਹਕੇ ਦੀਆਂ ਤਤ੍ਹੀਰੀਆਂ ਵਹਿ ਰਹੀਆਂ ਸਨ। ਲੱਤਾਂ ਉੱਤੇ ਮਿੱਟੀ ਜੰਮ ਕੇ ਵਿਚ ਵਿਚ ਮੁੜ੍ਹਕੇ ਨੇ ਡੂੰਘੀਆਂ ਲਕੀਰਾਂ ਵਾਹ ਦਿੱਤੀਆਂ ਸਨ। ਦੁਵਾਰ ਕੀਤੀਆਂ ਹੋਈਆਂ ਮਿਰਚਾਂ ਨਾਲ ਤਿੰਨ ਮੋਟੀਆਂ ਮੋਟੀਆਂ ਝੰਬ ਲਈਆਂ ਤੇ ਓਕ ਨਾਲ ਪਾਣੀ ਪੀ ਕੇ ਮੁੜ ਛਪੜੀ ਵਿਚ ਉਤਰ ਗਿਆ। ਉਸ ਨੇ ਥਾਪੜ ਥਾਪੜ ਕੇ ਬੱਠਲ ਭਰਿਆ ਤੇ ਝੋਸੇ ਜਿਹੇ ਨਾਲ ਪਹਿਲਵਾਨ ਦੀ ਤਰ੍ਹਾਂ ਬਾਲਾ ਕੱਢ ਕੇ ਸਿਰ 'ਤੇ ਰੱਖ ਲਿਆ। ਮਿੱਟੀ ਕਿਰਦੀ ਕਿਰਦੀ ਪਹਿਲਾਂ ਉਸਦੀ ਛਾਤੀ 'ਤੇ ਪਈ-ਫਿਰ ਦਾੜ੍ਹੀ, ਅੱਖਾਂ ਅਤੇ ਮੱਥੇ ਨੂੰ ਭਰ ਗਈ। ਛਪੜੀ 'ਚੋਂ ਬਾਹਰ ਨਿਕਲਦਾ ਉਹ 'ਬਠਲੂ ਸੁੰਦਰ' ਨਹੀਂ ਸੀ ਲੱਗਦਾ ਸਗੋਂ ਪ੍ਰੇਤ ਲੱਗਦਾ ਸੀ।

ਕਲ੍ਹ ਤੋਂ ਦੋ ਦਿਨ ਉਹ ਇਵੇਂ ਖਪਦਾ ਰਿਹਾ। ਕਦੀ ਮਿੱਟੀ ਪੁੱਟਣ ਲੱਗ ਪੈਂਦਾ, ਕਦੀ ਪੁੱਟੀ ਹੋਈ ਨੂੰ ਚੁੱਕ ਚੁੱਕ ਕੇ ਟੋਏ ਵਿਚ ਸੁੱਟਣ ਲੱਗ ਪੈਂਦਾ। ਲੱਗਦਾ ਸੀ ਛਪੜੀ ਵਿਚਲਾ ਟੋਆ,

ਰਾਤ ਵਾਲੇ ਟੋਏ ਨਾਲੋਂ ਵੱਡਾ ਹੋ ਗਿਆ, ਪਰ ਰਾਹ ਵਾਲਾ ਟੋਆ, ਜਿਵੇਂ ਹਾਲੇ ਵੀ ਬੋਲੇ ਹੀ ਬੋਲੇ ਜਾ ਰਿਹਾ ਸੀ। ਮਿੱਟੀ ਪੋਲੀ ਨਿਕਲ ਆਉਣ ਕਰਕੇ ਉਸ ਦਾ ਕੰਮ ਸੌਖਾ ਹੋ ਗਿਆ ਸੀ। ਕਹੀ ਧਰਤੀ ਵਿਚ ਖੁਸ਼ਕ ਦੰਦੇ ਧਸ ਜਾਂਦੀ। ਉਹ ਨਾਲ ਦੀ ਨਾਲ ਬੱਠਲ ਭਰ ਕੇ ਸੁੱਟਣ ਲੱਗ ਪਿਆ। ਪਰ ਟੋਆ ਤਾਂ ਉਸ ਨਾਲ ਮਸ਼ਕਰੀ ਕਰੀ ਜਾ ਰਿਹਾ ਸੀ।

"ਕੀ ਦਿਹਾੜੀ ਕੀਤੀ ਐ ਬਠਲੂ ?" ਪਿਛਲੇ ਪਹਿਰ ਦੀ ਰੋਟੀ ਲਿਜਾ ਰਹੇ ਸਰਬੂ ਨੇ ਪੁੱਛਿਆ ਸੀ।

"ਓਕੇ ਪੁੱਕੇ ਪੰਜੀ ਰੁਪਏ ਕੀਤੇ ਐ-ਭਮੇ ਕੇ ਦਿਨਾਂ 'ਚ ਭਰੇ। ਭਮੇ ਕਲ੍ਹ ਨੂੰ ਭਰਜੇ।"

"ਕਲ੍ਹ ਨੂੰ ਭਰ ਦੇਂਗਾ ? ਦੋ ਦਿਨਾਂ 'ਚ ਤਾਂ ਨੀ ਭਰਨਾ ਇਹ।" ਸਰਬੂ ਬਿੰਦ ਕੁ ਪੈਰ ਮਲਦਾ ਰੁਕ ਗਿਆ ਸੀ।

"ਦੇਖਦਾ ਜਾਹ ਕਲ੍ਹ ਨੂੰ, ਦੁਪਹਿਰ ਨੂੰ ਭਰਦੂੰ। ਕੁਝ ਦਿਹਾੜੀ ਦਾ ਕੰਮ ਐ, ਮੇਰਾ ਇਹ ਤਾਂ।"

"ਕੰਜਰ ਦਿਆ ਚਮਿਆਰਾ ਮਿੱਟੀ ਦਾ ਕੰਮ ਐ। ਇਹ ਕਿਹੜਾ ਤੌਲੀ ਮਿਣੀ ਹੁੰਦੀ ਐ।"

"ਮੈਨੂੰ ਤਾਂ ਲੱਗਦੈ ਢੋਡਾ, ਫਸਾ ਲਿਆ ਸਰਪੰਚ ਨੇ, ਤੈਨੂੰ। ਦੋ ਤਿੰਨ ਸੌ ਕਮਾ ਲੂ, ਸਰਪੰਚ ਇਹਦੇ 'ਚੋਂ।"

"ਉਹ ਕਿਵੇਂ ?" ਬੱਠਲੂ ਬੱਠਲ ਖਾਲੀ ਕਰਕੇ ਉਸ ਵੱਲ ਵੇਖਣ ਲੱਗ ਪਿਆ. ਉਸ ਨੇ ਚਿੱਤੜ ਖੁਰਕਦਿਆਂ, ਈਨੂੰ ਤੋਂ ਮਿੱਟੀ ਝਾੜੀ...। ਬੱਠਲ ਲੱਕ ਉੱਤੇ ਰੱਖ ਕੇ, ਉਪਰੋਂ ਦੀ ਬਾਂਹਾਂ ਵਲੀ, ਉਸ ਵੱਲ ਵੇਖਦਾ, ਉਹ ਖੜੋਤਾ ਰਿਹਾ।

"ਸੌ ਤਾਂ ਘੱਟ ਰਸੀਦ ਨ੍ਹੀਂ ਪਾਊਣੀ ਖਰਚ 'ਚ।"

ਬਠਲੂ ਦਾ ਦਿਲ ਧੜਕਿਆ ਪਰ ਉਹ ਸੰਭਲ ਗਿਆ।

"ਚਲ ਉਹਦਾ ਦੀਨ ਅਮਾਨ। ਆਪਾਂ ਤਾਂ ਨਗਰ ਦੀ ਸੇਵਾ ਕਰਨੀ ਐ।"

"ਬੱਸ ਤੈਨੂੰ ਦੱਸ 'ਤਾ, ਪੰਗਾ ਲੈ ਲਿਆ ਤੂੰ।"

"ਪੰਗਾ ਕਾਹਦੈ ? ਪੱਚੀ ਰੁਪਏ ਕਿਤੋਂ ਬਣਦੇ ਐ ? ਆਪਣਾ ਕੰਮ ਤਾਂ ਸੇਵਾ ਕਰਨੈ।"

"ਸੇਵਾ! ਸੇਵਾ ਤਾਂ ਮੁਖਤ ਹੁੰਦੀ ਹੈ।"

"ਉਇ ਲੈ, ਨਾ ਦੇਵੇ ਪਚੈਤ, ਤਾਂ ਕੀ ਫਰਕ ਪੈਂਦੈ ?"

...ਤੇ ਉਸ ਤੋਂ ਮਗਰੋਂ ਉਹ ਆਪਣੇ ਆਪ ਨਾਲ ਗੱਲਾਂ ਕਰਦਾ ਰਿਹਾ।

"ਸੁੰਦਰ ਸਿਆਂ, ਨਗਰ ਨਾਲ ਕਾਹਦੀ ਅੜੀ ਭੜੀ ? ਪਚੈਤ, ਜਿਹੜਾ ਦੇ ਦੂ, ਉਹੀ ਬਥੇਰਾ। ਨਗਰ ਖੇੜਾ ਵਸਦਾ ਰਹੇ, ਏਦੂੰ ਵੱਡਾ ਤਾਂ ਰੱਬ ਦਾ ਨਾਂ ਐ...।"

"ਬਠਲੂ ਐਂ ਲੱਗਦੈ ਜਿਵੇਂ ਮਰਾਸੀਆਂ ਨਾਲ ਰਿਹਾ ਹੁੰਨੈ... ਸਗੀਆਂ ਅਸੀਸਾਂ ਦੇਣੀਆਂ ਆਉਂਦੀਆਂ," ਮਹੀਆਂ ਲਿਜਾ ਰਹੇ ਬੌਣੇ ਪਾਲੇ ਨੇ ਕਿਹਾ।



"ਹੋਰ ਸਰਦਾਰਾ। ਦਰਜੀਆਂ ਦੇਣੀਐ ਅਸੀਂ ਗਰੀਬ੍ਹਾਂ ਨੇ...ਨਗਰ ਦਾ ਦਿੱਤਾ ਖਾਨੇ ਆਂ।"

"ਪੱਚੀ ਰੁਪਏ ਤਾਂ ਥੋੜ੍ਹੇ ਐ ਬਾਈ। ਕਮ ਸੇ ਕਮ, ਚਾਰ ਦਿਨਾਂ ਤਾਂ ਲੱਗਣਗੇ ਤੇਰੇ। ਇਸ ਹਿਸਾਬ ਤਾਂ ਸਵਾ ਛੀ ਪਈ, ਦਿਹਾੜੀ।"

"ਮੇਰਾ ਤਾਂ ਇਹ ਖੱਬੇ ਹੱਥ ਦਾ ਕੰਮ ਐ, ਪਾਲਾ ਸਿਆਂ। ਕਲ੍ਹ ਨੂੰ ਵੇਖੀਂ ਰੰਗ।" ਬਠਲੂ ਨੇ ਹੁੱਬ ਕੇ ਕਿਹਾ। ਬੋਲਣ ਵਾਲੇ ਦੇ ਸ਼ਬਦਾਂ 'ਤੇ ਉਸਨੂੰ ਭਰੋਸਾ ਹੀ ਨਹੀਂ ਸੀ ਹੋ ਰਿਹਾ।

"ਸਾਰੀ ਉਮਰ ਬਠਲੂ ਈ ਰਿਹਾ। ਤੈਨੂੰ ਕੀਹਨੇ ਆਖਤਾ, ਬੀ ਦੋ ਦਿਨਾਂ 'ਚ ਭਰ ਦੇਂਗਾ। ਗਧੀਆਂ ਆਲੇ ਸੌ ਮੰਗਦੇ ਸੀ।" ਬਠਲੂ ਨੂੰ ਇਕ ਦਮ ਝੱਟਕਾ ਜਿਹਾ ਵੱਜਾ। ਉਸਨੂੰ ਕਲ੍ਹ ਹੀ ਪੰਚਾਇਤੀਆਂ ਨਾਲ ਹੋਈ ਗੱਲ ਬਾਤ ਦਾ ਚੇਤਾ ਆਇਆ। ਇਕ ਮੈਂਬਰ ਨੇ ਵੀ ਉਸਨੂੰ ਕਿਹਾ ਸੀ-"ਸਾਰੀ ਉਮਰ ਬਠਲੂ ਰਿਹਾ" ਤੇ ਮਗਰੋਂ ਉਹ ਉੱਚੀ ਉੱਚੀ ਹੱਸਦੇ ਸਨ। ਉਹ ਤਾਂ ਕਹਿੰਦਾ ਸੀ "ਗਧੀਆਂ ਵਾਲੇ ਪੰਦਰਾਂ ਰੁਪੀਆਂ 'ਚ ਭਰ ਦੇਣਗੇ।"

"ਬਾਖੂਬ! ਬਾਖੂਬ!! ਸੌ ਰੁਪੀਆ ਇਹ ਤਾਂ ਜਮਾਂ ਈ ਹਲਕਣ 'ਤੇ ਲੱਕ ਬੰਨ੍ਹਿਐ।"

"ਕੰਮ ਈ ਏਨੇ ਦੇ-ਹੋਰ ਕਿਸੇ ਨੇ ਇਧਰ ਮੂੰਹ ਨੀ ਕੀਤਾ, ਤੂੰ ਫਸ ਗਿਆ।"

"ਉਹ ਜਾਣੇ। ਬੰਦੇ ਦੀ ਜੁਬਾਨ ਵੀ ਹੁੰਦੀ ਐ ਕੁਛ।"

ਉਹ 'ਚੰਗਾ ਬਾਈ' ਆਖ ਕੇ ਤੁਰ ਗਿਆ। ਬਠਲੂ ਪਾਣੀ ਪੀ ਕੇ ਮੁੜ ਕੰਮ ਲੱਗ ਗਿਆ। ਉਹ ਕੰਮ ਵਿਚ ਏਨਾ ਮਸਤ ਸੀ ਕਿ ਉਸਨੂੰ ਪਤਾ ਵੀ ਨਾ ਲੱਗਾ ਕਿ ਸਰਪੰਚ ਕਦੋਂ ਉਸ ਦੇ ਕੋਲ ਆ ਗਿਆ।

"ਵਾਹ ਉਇ ਬਹਾਦਰਾ ਕਰ 'ਤੀਆਂ ਕਮਾਲਾਂ।"

ਸਰਪੰਚ ਨੇ ਆਉਂਦਿਆਂ ਹੀ ਹੱਲਾ ਸ਼ੇਰੀ ਦਿੱਤੀ।

"ਸਰਪੰਚਾ ਸਾਲਾ ਐਂ ਲੱਗਦੈ ਬਈ ਟੋਆ ਤਾਂ ਬੋਲੇ ਈ ਬੋਲੇ ਜਾਈ ਜਾਂਦੈ। ਉਪਰ ਨੂੰ ਤਾਂ ਕੀ ਆਉਣਾ ਸੀ-ਇਹ ਤਾਂ...।" ਬਠਲੂ ਦਾ ਅੰਦਰ ਜਿਵੇਂ ਰੋ ਰਿਹਾ ਹੋਵੇ।

"ਨਹੀਂ! ਨਹੀਂ!! ਦੇਖ ਤਾਂ ਸਹੀ ਕਿੰਨਾ ਭਰ ਗਿਆ। ਕਿਥੋਂ ਤਾਈਂ ਆ ਗਿਆ। ਮਿੱਟੀ ਦੇ ਕੰਮ ਦਾ ਪਤਾ ਨੀਂ ਲੱਗਦਾ ਹੁੰਦਾ," ਤੇ ਸਰਪੰਚ ਕਾਗਜ਼ ਵਿਚ ਵਲ੍ਹੇਟਿਆ ਪਾਈਆ ਸਾਰਾ ਗੁੜ ਉਸਦੇ ਹੱਥਾਂ 'ਤੇ ਸੁੱਟ ਤੁਰ ਗਿਆ। ਬਠਲੂ ਕਿੰਨਾ ਚਿਰ ਅਸੀਸਾਂ ਦੇਂਦੀ ਗਿਆ। ਗੁੜ ਖਾ ਕੇ, ਉਸ ਨੇ ਉਂਗਲਾਂ ਨਾਲ ਚਿੰਬੜੇ ਗੁੜ ਦੇ ਭੋਰੇ ਵੀ, ਜੀਭ ਨਾਲ ਚੱਟ ਲਏ ਤੇ ਉਪਰ ਅਸਮਾਨ ਵੱਲ ਦੇਖਣ ਲੱਗਾ। ਪਤਾ ਨਹੀਂ ਅੰਤਰ ਆਤਮਾ ਨਾਲ, ਸਰਪੰਚ ਦੀ ਖੈਰ ਮੰਗਦਾ ਸੀ। ਉਸ ਨੇ ਦੋਵੇਂ ਹੱਥ ਜੋੜੇ, ਅੱਖਾਂ ਬੰਦ ਕੀਤੀਆਂ ਤੇ ਉਸਦੇ ਕੰਨਾਂ ਵਿਚ ਸਰਪੰਚ ਦੇ ਸ਼ਬਦ ਗੂੰਜੇ, "ਬੰਦਾ ਕੌਣ ਐ ਕੁਝ ਕਰਨਾ ਆਲਾ ? ਉਸ ਲੀਲੀ ਛੱਤਰੀ ਆਲੇ ਦੀ ਮਿਹਰ ਚਾਹੀਦੀ ਹੈ।" ਬਠਲੂ ਦਾ ਅੰਦਰਲਾ ਰੱਬ ਦੀ ਰਜ਼ਾ ਵਿਚ ਰੰਗਿਆ ਗਿਆ।

"ਸੱਤ ਐ ਮਹਾਰਾਜ।" ਬਠਲੂ ਨੇ ਉੱਚੀ ਸਾਰੀ ਕਿਹਾ, ਜਿਵੇਂ ਹੁਣ ਵੀ ਸਰਪੰਚ ਉਸ ਦੇ ਕੋਲ ਖੜਾ ਹੋਵੇ। "ਬਾਖੂਬ" ਕਹਿ ਕੇ ਉਹ ਫੇਰ ਟੋਏ ਵਿਚ ਉਤਰ ਗਿਆ।

ਦੂਜੇ ਦਿਨ ਵੀ ਉਹ ਖਪਦਾ ਰਿਹਾ, ਮੁੜ੍ਹਕੋ-ਮੁੜ੍ਹਕੀ ਹੋਇਆ ਹੋਇਆ, ਹਾਲੋਂ-ਬੇਹਾਲ। ਛਪੜੀ ਵਾਲੇ ਪੈਰ-ਪੈਰ ਡੂੰਘੇ ਹੋ ਰਹੇ ਟੋਏ ਵਿਚੋਂ ਨਿਕਲਣ ਲਈ, ਉਸ ਨੇ ਪੌਡੇ (ਪੈਰ ਧਰਨ ਦੀ ਥਾਂ) ਬਣਾ ਲਏ ਸਨ। ਉਹ ਬੜੀ ਫੁਰਤੀ ਨਾਲ ਟੋਏ ਵਿੱਚ ਉਤਰਦਾ, ਥਾਪੜ ਥਾਪੜ ਕੇ ਬੱਠਲ ਭਰਦਾ ਤੇ ਕਾਹਲੇ ਪੈਰੀਂ ਪੌਡੇ ਚੜ੍ਹਦਾ ਤੇ ਰਾਹ ਵਾਲੇ ਟੋਏ ਵਿਚ ਮਿੱਟੀ ਸੁੱਟ ਕੇ, ਭੰਬੀਰੀ ਵਾਂਗ ਮੁੜ ਪੈਂਦਾ। ਜਾਂਘੀਏ ਤੋਂ ਥੱਲੇ, ਉਸ ਦੇ ਲੋਹ-ਪੱਟਾਂ ਵਿਚ ਕੁੱਕੜੀਆਂ ਪੈਂਦੀਆਂ ਲੱਗਦੀਆਂ-ਬੇਸ਼ੱਕ ਇਹ ਉਸਦੀ ਮਜਬੂਰੀ ਕਰਕੇ ਇੰਨੀਆਂ ਨਹੀਂ ਸਨ, ਜਿੰਨੀਆਂ ਸਿਰ ਉਤਲੇ ਭਾਰ ਕਰਕੇ ਸਨ।

ਗੱਲ ਹੁਣ ਸਾਰੇ ਪਿੰਡ ਵਿਚ ਫੈਲ ਗਈ ਸੀ। ਕੋਈ ਇਸਨੂੰ ਬਠਲੂ ਦੀ ਬਦਅਕਲੀ ਆਖਦਾ ਤੇ ਕੋਈ ਪੰਚਾਇਤ ਦਾ ਧੱਕਾ ਜਾਂ ਹੇਰਾ ਫੇਰੀ। ਕੁਝ ਵੀ ਹੋਵੇ, ਬਠਲੂ ਪੂਰੀ ਸਿਦਕ ਦਿਲੀ ਅਤੇ ਸਬਰ ਸੰਜਮ ਨਾਲ ਕੰਮ ਨੂੰ ਜੁਟਿਆ ਹੋਇਆ ਸੀ।

"ਅੱਜ ਮੈਂ ਚੱਲਾਂ ? ਬੋਲੀਆਂ ਨੂੰ ਨਹੀਂ ਜਾਂਦੀ-ਜਾਂ ਭੋਲੇ ਨੂੰ ਰੱਖ ਲੈ-ਮਦਾਦ ਕਰਾ ਦੂ।" ਹਰੋ ਨੇ ਅੰਤਾਂ ਦਾ ਉਤਰ ਕੀਤਾ ਸੀ ਪਰ ਉਸ ਨੇ ਇਸ ਗੱਲ ਨੂੰ ਗੌਲਿਆ ਨਹੀਂ ਸੀ। "ਮੈਂ ਕੱਲਾ ਈ ਬਥੇਰਾਂ-ਸਾਰੇ ਟੱਬਰ ਨੇ ਕੀ ਕਰਨੈ ਓਥੇ।" ਬਠਲੂ ਨੇ ਪੂਰੇ ਹੌਸਲੇ ਨਾਲ ਕਿਹਾ-"ਮੈਂ ਬਾਹਲੇ ਤੋਂ ਬਾਹਲਾ ਕਲ੍ਹ ਦੁਪਹਿਰ ਤੱਕ ਭਰਦੂੰ ਇਹ-ਪ੍ਰਵਾਹ ਨਾ ਕਰ।" ਕਹਿ ਨੂੰ ਤਾਂ ਉਸਨੇ ਕਹਿ ਦਿੱਤਾ ਪਰ ਹੁਣ ਦੁਪਹਿਰ ਹੋਣ ਤੱਕ ਉਸਨੂੰ ਹਰੋ ਦੀ ਗੱਲ ਠੀਕ ਲੱਗਣ ਲੱਗ ਪਈ ਸੀ।

"ਮੈਨੂੰ ਤਾਂ ਲੱਗਦੈ, ਐਮੇ ਗਿੱਲਾ ਪੀਹਣ ਪਾ ਲਿਆ ਪਚੈਤ ਮਗਰ ਲੱਗ ਕੇ। ਕੱਲ੍ਹ ਸਰਬੂ ਕਹਿੰਦਾ ਸੀ, ਸਰਪੰਚ ਨੇ ਸੌ ਤੋਂ ਘੱਟ ਰਸੀਦ ਨੀ ਪਾਉਣੀ, ਖਰਚੇ 'ਚ। ਹੈਂਡ ਤੂੰ ਕੁੜਾਈ ਜਾਨੈਂ। ਫੇਰ ਐਂ ਐਂ ਬੀ ਨਿਬੜ ਵੀ ਜਾਵੇ ਅੱਜ।" ਜਿਉਂ ਜਿਉਂ ਉਸ ਨੂੰ ਗੱਲਾਂ ਯਾਦ ਆਈ ਜਾਂਦੀਆਂ, ਉਸ ਦਾ ਦਿਲ ਬੈਠਦਾ ਜਾਂਦਾ ਸੀ। ਹਰੋ, ਮੈਲੀ ਜਿਹੀ ਚਾਦਰ ਵਿਚ ਕਣਕ ਝਾਰਨ ਵਾਲਾ ਝਾਰਨਾ ਚੁੱਕ ਕੇ, ਟਾਟਾਂ ਬੋਲੀਆਂ ਚੁਗਣ ਤੁਰ ਗਈ ਸੀ। ਸਭ ਕੁਝ ਬਠਲੂ ਦੀਆਂ ਅੱਖਾਂ ਅੱਗੇ ਘੁੰਮ ਗਿਆ...।

ਦੁਪਹਿਰ ਢਲਣ ਲੱਗੀ ਸੀ। ਉਸਨੂੰ ਲੱਗਦਾ ਸੀ, ਦਿਨ ਪਹਾੜ ਜੇਡਾ ਹੋ ਗਿਆ ਤੇ ਟੋਆ ਕਿਸੇ ਮਹਾਤਮਾ ਦਾ 'ਲੋਟਾ'। ਉਹ ਵਾਰ ਵਾਰ ਅੱਖਾਂ ਉੱਤੇ ਹੱਥ ਦੀ ਛਤਰੀ ਬਣਾ ਕੇ ਸੂਰਜ ਵੱਲ ਵੇਖਦਾ। ਢੱਲੀ ਹੋਈ ਦੁਪਹਿਰ ਉਸ ਦੀ ਆਪਣੀ ਉਮਰ ਵਰਗੀ ਸੀ। ਅਸਮਾਨ ਉੱਤੇ ਟਾਵਾਂ ਟੱਲਾ ਬੱਦਲ ਘੁੰਮ ਰਿਹਾ ਸੀ-ਉਸ ਦੇ ਫਿਕਰਾਂ ਭਰੇ ਸਾਹਾਂ ਦੀ ਹਵਾੜ੍ਹ ਵਰਗਾ। ਕਦੀ ਕਦਾਈਂ ਹੀ, ਹਵਾ ਦਾ ਠੰਢਾ ਬੁਲ੍ਹਾ ਆਉਂਦਾ ਜੋ ਮੁੜ੍ਹਕੇ ਨਾਲ ਤਰ, ਉਸਦੇ ਪਿੰਡੇ ਨੂੰ ਪਲੋਸ ਜਾਂਦਾ-ਨਹੀਂ ਤਾਂ ਮੌਸਮ ਉਸ ਦੇ ਅੰਦਰੋਂ ਚਲਦੇ ਸਾਹਾਂ ਦੀ ਤਪਸ਼ ਜਿਹਾ ਸੀ।

ਕਲ੍ਹ ਉਸ ਦੇ ਦਿਮਾਗ ਵਿਚ ਪੰਜੀ ਰੁਪਿਆਂ ਦੀ ਤਸਵੀਰ ਸੀ। ਕਿੰਨੇ ਹੀ ਟੋਏ ਮੁੰਦਣ ਦੀ ਸਕੀਮ। ਪੰਜੀ ਰੁਪਏ ਦੇ ਨੋਟਾਂ ਦੇ ਆਕਾਰ ਸੁੰਘੜ ਕੇ, ਅੱਜ ਅੱਖਾਂ ਦੀਆਂ ਕੁਕੜੀਆਂ 'ਚੋਂ ਉਡਦੇ ਫੰਡੇ ਬਣ ਗਏ ਸਨ। ਹੁਣ ਤਾਂ ਉਸ ਦੇ ਦਿਮਾਗ ਵਿੱਚ, ਕੰਮ ਦੇ ਖਤਮ ਹੋਣ ਦਾ ਵਕਤ ਸੀ। ਅੱਖਾਂ ਅੱਗੇ, ਨਾ ਅੱਟਿਆ ਜਾਣਾ ਵਾਲਾ ਟੋਆ ਸੀ।



ਉਹ ਪਾਣੀ ਪੀਣ ਲਈ ਮੱਘੀ ਕੋਲ ਬੈਠ ਗਿਆ। ਪਾਣੀ ਪੀ ਕੇ ਉਸ ਦਾ, ਉੱਠਣ ਨੂੰ ਜੀਅ ਨਹੀਂ ਸੀ ਕਰਦਾ। ਮਨ ਮਾਰ ਕੇ ਉਹ ਉੱਠਿਆ ਤੇ ਮੁੜ ਟੋਏ ਵਿਚ ਉਤਰ ਗਿਆ। ਹਾਲੇ ਵੀ ਉਸ ਦਾ ਦਮ ਲੈਣ ਨੂੰ ਜੀਅ ਕਰਦਾ ਸੀ। ਹੋਰ ਬੱਠਲ ਭਰਨ ਦੀ ਉਸਨੂੰ ਹਿੰਮਤ ਨਾ ਪਈ। ਬਰੇਤੇ ਦੀ ਢੇਰੀ 'ਤੇ ਉਹ ਥੁੱਕ ਕੇ ਬੈਠ ਗਿਆ-ਬਰੇਤਾ ਜਿਵੇਂ ਉਸਦੀ ਪੀੜ ਚੂਸ ਰਿਹਾ ਹੋਵੇ। ਉਹ ਆਰਾਮ ਨਾਲ ਕਹੀ ਤੇ ਬਾਂਹੇ ਉੱਤੇ ਸਿਰ ਰੱਖ ਕੇ, ਚਮਕਦੇ ਰੇਤ ਨੂੰ ਵੇਖੀ ਗਿਆ। ਉਸਦੇ ਹੱਡ ਦੁਖ ਰਹੇ ਸਨ-ਸਿਰ ਉੱਤੇ ਹੁਣ ਵੀ ਬੱਠਲ ਟਿਕਿਆ ਲਗਦਾ ਸੀ। ਗਰਦਨ ਆਕੜੀ ਹੋਈ। ਖਸਰੇ ਥਕੇਵੇਂ ਨੂੰ ਭੁਲਾਣ ਲਈ ਹੀ ਉਸ ਨੇ ਪੈਰਾਂ 'ਤੇ ਰੇਤਾ ਪਾਉਣਾ ਸ਼ੁਰੂ ਕੀਤਾ। ਉਸ ਨੂੰ ਬਚਪਨ ਦੀ 'ਰਾਜੇ ਦੀ ਘੋੜੀ ਸੁਣ' ਦੀ ਖੇਡ ਯਾਦ ਆਈ। ਨਾ ਰਾਜੇ ਦੀ ਘੋੜੀ ਅੱਖਾਂ ਮੀਟ ਕੇ ਸੂਈ ਤੇ ਨਾ ਅੱਖਾਂ ਖੁੱਲ੍ਹੀਆਂ ਰੱਖ ਕੇ। ਉਹ ਤਾਂ ਇਕ ਖੇਡ ਸੀ ਤੇ ਬਠਲੂ ਜੀਵਨ ਨੂੰ ਹੀ ਇਕ ਖੇਡ ਸਮਝਦਾ ਰਿਹਾ ਸੀ। 'ਬੱਠਲੂ ਹੀ ਰਿਹਾ'-ਪੰਚ ਦੇ ਬੋਲ ਉਸਨੂੰ ਫਿਰ ਚੇਤੇ ਆਏ।

ਉਸਨੂੰ ਲੱਗਿਆ ਕਿ ਮਿੱਟੀ ਨੇ ਉਸਦੇ ਪੈਰ ਫੜ ਲਏ ਹਨ। ਅਚੇਤ ਹਾਲਤ ਵਿਚ ਹੀ ਉਸ ਨੇ ਮਿੱਟੀ ਤੋਂ ਪੈਰ ਛੁਡਾਉਣ ਦਾ ਯਤਨ ਕੀਤਾ, ਪਰ ਮਿੱਟੀ, ਉਸ ਦੇ ਪੈਰਾਂ ਨੂੰ ਛੱਡ ਨਹੀਂ ਸੀ ਰਹੀ। ਇਸੇ ਅਵਸਥਾ ਵਿਚ ਉਹ ਜ਼ੋਰ ਲਾਈ ਗਿਆ।

"ਖੇਸ ਸੁੰਦਰਾ ਨੂੰ ਸੱਚੀ ਬਠਲੂ ਰਿਹਾ। ਹੁਣ ਦੱਸ ਕੀ ਕਰੇਂਗਾ ? ਇਹ ਮਿੱਟੀ ਨੀ ਹੁਣ ਤੈਨੂੰ ਛੱਡਣ ਲੱਗੀ," ਉਸ ਨੇ ਵਿਸ਼ਵਾਸ ਨਾਲ ਆਪਣੇ ਆਪ ਨੂੰ ਕਿਹਾ। ਰਾਹ ਜਾਂਦੇ ਪਸ਼ੂਆਂ 'ਚੋਂ ਗਾਂ ਦੇ ਰੰਭਣ ਦੀ ਆਵਾਜ਼ ਸੁਣ ਕੇ, ਉਸਦੀ ਸੁਰਤ ਪਰਤੀ ਤੇ ਉਹ ਕਹੀ ਨੂੰ ਪੀਨ ਵਾਲੇ ਪਾਸਿਉਂ ਚੁੱਕ ਕੇ ਖੜ੍ਹਾ ਹੋ ਗਿਆ। ਉਸਦੇ ਪੈਰਾਂ ਉਤਲਾ ਰੇਤਾ, ਕਿਰਨ ਕਿਰਨ ਕਿਰ ਗਿਆ। ਨਾਲ ਹੀ ਉਸਨੂੰ ਜਾਪਿਆ ਜਿਵੇਂ ਉਸਦਾ ਆਪਾ ਹੀ ਵਿਖਰ ਗਿਆ ਹੋਵੇ। ਜਿਵੇਂ ਕਹੀ ਦੇ ਨਾਲ ਉਹ ਆਪ ਵੀ ਪੁੱਠਾ ਹੋ ਗਿਆ ਹੋਵੇ।

"ਬਾਖਰੂ! ਸੌਖਿਆ ਪਾਅਥਾ ਕਰਦੇ ਵਡੇ ਮੋਰਚਾ।" ਉਸਨੇ ਕਹੀ ਨੂੰ ਉਪਰ ਉਲਾਰਿਆ ਤੇ ਸਾਰੇ ਜ਼ੋਰ ਦੀ ਬਰੇਤੇ ਵਿਚ ਕਹੀ ਧਸਾ ਦਿੱਤੀ। ਇਸਦਾ, ਉਸਨੂੰ ਮਗਰੋਂ ਪਤਾ ਲੱਗਾ ਕਿ ਬਰੇਤੇ ਉੱਤੇ ਇਨਾ ਜ਼ੋਰ ਲਾਉਣ ਦੀ ਲੋੜ ਨਹੀਂ ਸੀ। ਬੱਠਲ ਭਰ ਕੇ ਚੁੱਕਿਆ ਤੇ ਪੌੜਿਆਂ 'ਚ ਪੈਰ ਅੜਾਉਂਦਾ, ਉਹ ਬਾਹਰ ਆਇਆ। ਗੋਡਿਆਂ 'ਤੇ ਭਾਰ ਦੇ ਕੇ ਉਹ ਲੱਤਾਂ ਨੂੰ ਲੱਦਾ ਲਈ ਆਉਂਦੇ ਊਠ ਵਾਂਗ ਅਕੜਾ ਕੇ ਚੁੱਕਦਾ ਸੀ। ਬੱਠਲ ਟੋਏ ਵਿਚ ਢੇਰੀ ਕਰਕੇ ਉਹ ਟੋਏ ਵਿਚ ਝੁਕਿਆ। ਨਵੀਂ ਡਿੱਗੀ ਮਿੱਟੀ ਦਾ ਚਿੰਨ੍ਹ ਟੋਏ ਵਿਚੋਂ ਲੱਭਣਾ ਮੁਸ਼ਕਲ ਦਿਸ ਰਿਹਾ ਸੀ। ਉਸ ਨੂੰ ਕੋਈ ਅੰਦਾਜ਼ਾ ਨਾ ਲੱਗਿਆ ਕਿ ਟੋਆ ਕਿੰਨਾ ਕੁ ਭਰ ਚੁੱਕਿਆ ਸੀ। ਉਹ ਖੜ੍ਹਾ ਵੇਖਦਾ ਰਿਹਾ। ਗਰਦ ਟੋਏ 'ਚੋਂ ਬਾਹਰ ਆ ਕੇ ਉਸ ਦੀ ਘਸਮੈਲੀ, ਖਿਲਰੀ-ਪੁਲਰੀ ਦਾਹੜੀ ਵਿੱਚ ਉਲਝ ਕੇ, ਦਮ ਤੋੜ ਰਹੀ ਸੀ। ਇਸੇ ਤਰ੍ਹਾਂ ਦੀ ਇਕ ਗਰਦ, ਉਸਦੇ ਅੰਦਰੋਂ ਉੱਠਦੀ ਲਗਦੀ ਸੀ, ਪਰ ਇਸਦਾ ਦਮ ਨਹੀਂ ਸੀ ਟੁੱਟਦਾ, ਸਗੋਂ ਇਹ ਬਠਲੂ ਦਾ ਦਮ ਘੁੱਟ ਰਹੀ ਸੀ।

ਅੱਧ-ਪੂਰਿਆ ਟੋਆ, ਹਰ ਬੱਠਲ ਸੁੱਟਣ ਤੋਂ ਬਾਅਦ, ਉਸਨੂੰ ਡੂੰਘਾ ਹੋਈ ਜਾਂਦਾ ਲੱਗਿਆ। "ਇਹ ਨੀ ਭਰਿਆ ਜਾਂਦਾ ਸੁੰਦਰਾ ਅੱਜ-" ਉਸਨੇ ਘੰਟਾ ਕੁ ਦਿਨ ਖੜੇ ਨਾਲ, ਆਪ ਹੀ ਢੇਰੀ ਢਾਹ ਦਿੱਤੀ। ਕੰਮ ਛੱਡ ਕੇ, ਉਹ ਬੈਠ ਗਿਆ। ਉਸਦਾ ਜੀਅ ਕਾਹਲਾ ਪੈਣ ਲੱਗ

ਪਿਆ ਕਿ ਉਹ ਟਿੰਡ ਫੌੜ੍ਹੀ ਚੁੱਕ ਕੇ, ਘਰ ਨੂੰ ਤੁਰ ਜਾਵੇ ਤੇ ਪੰਚਾਇਤ ਨੂੰ ਆਖ ਦੇਵੇ, ਉਸ ਤੋਂ ਨਹੀਂ ਭਰਿਆ ਜਾਂਦਾ। ਆਪੇ ਭਰਵਾ ਲੈਣ ਜੀਹਤੋਂ ਮਰਜ਼ੀ।

ਪਲ ਹੀ ਪਲ ਉਸ ਨੇ ਆਪਣੇ ਆਪ ਨੂੰ ਪੰਚਾਇਤ ਘਰ ਵਿਚ ਖੜੋਤਾ ਮਹਿਸੂਸ ਕੀਤਾ।

"ਸੁੰਦਰਾ ਅੱਜ ਤਾਈਂ ਤੈਂ ਕਦੇ ਖੇਰੀ ਨੀ ਖਾਹੀ, ਐਥੇ ਤੈਂ ਐਥੇ ਕੰਮ ਮੂਹਰੇ। ਅੱਜ ਤੈਨੂੰ ਕੀ ਹੋ ਗਿਆ? ਭੇਣ ਦੀ ਮਰਾਵੇ, ਕਲ੍ਹ ਨੂੰ ਭਰਦੂ, ਅੱਜ ਨਾ ਸਹੀ, ਨਾਂ ਨੂੰ ਲੀਕ ਕਿਉਂ ਲਵਾਉਣ ਲੱਗਿਐਂ?" ਉਸ ਨੇ ਆਪਣੇ ਆਪ ਨੂੰ ਦਿਲਬਰੀ ਦਿੱਤੀ-"ਬੰਦੇ ਦੀ ਜ਼ਬਾਨ ਵੀ ਹੁੰਦੀ ਐ ਕੁਛ। ਫੇਰ ਅਤਬਾਰ ਨੀ ਰਹਿੰਦਾ ਬੰਦੇ ਦਾ।" ਆਪਣੇ ਹੀ ਅਬੋਲ ਸ਼ਬਦਾਂ ਨੇ ਉਸ ਨੂੰ ਟੁੰਬਿਆ। ਉਹ ਝਵੀ ਲੈ ਕੇ ਉਠਿਆ।

"ਖਾਜਾ ਬਲੀ-ਕਰ ਦੇ ਭਲੀ।" ਟੋਏ ਵਿਚ ਉਤਸ਼ਾਹ ਨਾਲ ਉਤਰਦਿਆਂ ਉਸਨੇ ਟੋਏ ਨੂੰ ਹੀ ਨਮਸਕਾਰ ਕੀਤੀ। ਪੂਰੇ ਜਿਗਰੇ ਨਾਲ, ਉਸਨੇ ਥਾਪੜ ਕੇ ਬੱਠਲ ਭਰਿਆ ਤੇ ਹੁੰਪ ਕਹਿ ਕੇ ਪਹਿਲਵਾਨ ਦੀ ਤਰ੍ਹਾਂ ਬਾਲਾ ਕੱਢਿਆ ਤੇ ਸਿਰ 'ਤੇ ਰੱਖ ਕੇ, ਪੌੜੇ ਚੜ੍ਹਦਾ ਬਾਹਰ ਆ ਗਿਆ। ਪੌੜੇ ਚੜ੍ਹਦਿਆਂ, ਉਸਨੂੰ ਖੱਬੀ ਵੱਖੀ ਵਿਚ ਮੱਠਾ ਜਿਹਾ ਦਰਦ ਅਨੁਭਵ ਹੋਇਆ। ਬੁੱਲ੍ਹਾਂ ਨੂੰ ਦੰਦਾਂ 'ਚ ਘੁੱਟ ਕੇ ਉਹ ਬਾਹਰ ਆ ਗਿਆ। ਉਸਦੇ ਪੁੜੇ ਪਿਛੇ ਵੱਲ ਨਿਕਲੇ ਹੋਏ ਤੇ ਛਾਤੀ ਹੋਰ ਅਗਾਂਹ ਵੱਲ ਉਭਰੀ ਹੋਈ ਸੀ। ਉਸਦੇ ਸਿਰੜੀ ਸੁਭਾਅ ਤੇ ਸਿਰੜ ਵਾਲੇ ਜੋਸ਼ ਦਾ ਪ੍ਰਭਾਵ ਕਿਸੇ ਤਰ੍ਹਾਂ ਵੀ ਘੱਟ ਨਹੀਂ ਸੀ ਲੱਗਦਾ। ਰਾਹ ਵਾਲੇ ਟੋਏ ਤੀਕ ਅੱਪੜਦਿਆਂ ਖੱਬੀ ਵੱਖੀ ਵਿਚ ਹੀ ਇਕ ਹੋਰ ਚੀਸ ਉੱਠੀ। ਉਸਨੇ ਜੀਭ ਦੰਦਾਂ ਵਿਚ ਨਪੀੜ ਲਈ ਤੇ ਬੱਠਲ ਟੋਏ 'ਚ ਢੇਰੀ ਕਰ ਦਿੱਤਾ-ਪਰ ਬੱਠਲ ਹੱਥੋਂ ਨਿਕਲ ਗਿਆ ਤੇ ਟੋਏ ਵਿਚ ਜਾ ਪਿਆ।

ਉਹ ਟੋਏ ਵਿਚ ਉਤਰਿਆ। ਦਰਦ ਵਧਦਾ ਜਾਂਦਾ ਸੀ। ਮਰਜ਼ ਨੂੰ ਚੜ੍ਹਦੀ ਗਰਦ ਨੂੰ ਉਹਨੇ ਨਾ ਗੌਲਿਆ। ਬੱਠਲ ਚੁੱਕ ਕੇ ਸਿੱਧਾ ਹੋ ਗਿਆ। ਟੋਆ ਮੋਟੇ ਪੱਟ ਤਾਈਂ ਡੂੰਘਾ ਰਹਿ ਗਿਆ ਸੀ। ਸਾਫ਼ ਸੀ ਕਿ ਅੱਜ ਕੰਮ ਨਹੀਂ ਸੀ ਮੁੱਕਣਾ।

"ਚਲੋ ਕੱਲ੍ਹ ਨੂੰ ਤਾਂ ਨਬੇੜ ਹੀ ਦੇਊਂ," ਉਹਨੇ ਸੋਚਿਆ। ਬਾਹਰ ਨਿਕਲਦਿਆਂ, ਇਕ ਹੋਰ ਜ਼ੋਰ ਦੀ ਧਮਕ ਉੱਠੀ ਤੇ ਉਹ ਕੱਠਾ ਜਿਹਾ ਹੋ ਗਿਆ। ਉਸ ਨੇ ਮੱਘੀ ਕੋਲ ਖੜੇ ਖੜੋਤਿਆਂ, ਬੱਠਲ ਸੁੱਟ ਦਿੱਤਾ। ਕਿੰਨਾ ਚਿਰ ਬੱਠਲ, ਟੈਨ ਟੈਨ ਕਰਦਾ ਰਿਹਾ, ਆਪਣੇ ਹਮਨਾਮ ਤੇ ਹਮੇਸ਼ਾ ਦੇ ਸਾਥੀ ਦੀ ਹਾਲਤ ਦੀ ਖਿੱਲੀ ਉਡਾਉਂਦਿਆਂ ਵਾਂਗ।

ਪਾਣੀ ਪੀ ਕੇ ਉਹ ਫਿਰ ਉੱਠਿਆ ਤੇ ਬੱਠਲ ਚੁੱਕ ਕੇ ਟੋਏ 'ਚ ਚਲਾ ਗਿਆ। ਕਹੀ ਚੁੱਕੀ ਤਾਂ ਪਹਿਲੇ ਟੱਕ ਹੀ, ਫੇਰ ਜ਼ੋਰ ਦੀ ਚੀਕਾਂ ਕਢਾਉਂਦੀ ਚੀਸ ਉਠੀ। "ਹਾਏ" ਉਸਦੇ ਮੂੰਹੋਂ ਜ਼ੋਰ ਦੀ ਨਿਕਲਿਆ ਤੇ ਮੁੜ ਦਰਦ ਵਧਦਾ ਗਿਆ। ਹੱਥ ਵਿਚ ਕਹੀ ਦਾ ਬਾਂਹਾਂ ਫੜੀ ਉਹ ਟੋਏ ਵਿਚ ਡਿਗ ਪਿਆ।

ਪੀੜ ਨੂੰ ਪੀਣ ਵਰਗਾ ਪ੍ਰਭਾਵ, ਹਾਲੇ ਵੀ ਉਸਦੇ ਮੱਥੇ 'ਤੇ ਉਭਰਿਆ ਹੋਇਆ ਸੀ। ਕਹੀ ਦਾ ਬਾਂਹਾਂ, ਹਾਲੇ ਵੀ ਉਸ ਦੇ ਹੱਥ ਵਿੱਚ ਸੀ। ਲੱਗਦਾ ਸੀ, ਉਹ ਹੁਣੇ ਉਠ ਕੇ, ਮਿੱਟੀ ਨਾਲ ਦੋ ਹੱਥ ਕਰਨ ਨੂੰ ਤਿਆਰ ਸੀ।



ਉਸ ਦੀਆਂ ਚੀਕਾਂ ਸੁਣ ਕੇ ਲੋਕ 'ਕੱਠੇ ਹੋਈ ਜਾਂਦੇ ਸਨ। ਉਸਨੂੰ ਟੋਏ ਤੋਂ ਬਾਹਰ ਕੱਢ ਲਿਆ ਗਿਆ। ਖੇਸ ਉੱਤੇ ਪਾ ਕੇ ਹਰ ਕੋਈ ਮੂੰਹ ਆਈ ਆਖ ਰਿਹਾ ਸੀ।

"ਛੱਪੜੀ 'ਤੇ ਬੈ ਹੋ ਗੀ-ਅੱਗੇ ਕੇ ਹੋਲੇ ਹੋਏ ਐ।"

"ਜੁਆਕਾਂ ਦੇ ਕਰਮਾਂ ਨੂੰ ਇਹਨੂੰ ਤਾਂ ਕੁਛ ਨਾ ਹੋਵੇ ਵਿਚਾਰੇ ਨੂੰ। ਇਹ ਤਾਂ ਪਿੰਡ ਦੀ ਗਊ ਸੀ।"

"ਤਾਂ ਹੀ ਤਾਂ ਪੰਚੀਆਂ 'ਚ ਫਸਾ ਲਿਆ ਵਿਚਾਰੇ ਨੂੰ।"

"ਰੱਬ ਦੇ ਘਰ ਵੀ ਨਿਆਂ ਨੀ। ਹੇ ਬਾਬਾ ਸੁੱਖ ਵਰਤਾ।"

"ਗਰੀਬ ਮੁੱਢੋਂ ਇਹੀ ਸੋਚਦਾ ਆਇਐ।" ਕਿਸੇ ਨੇ ਕਿਹਾ, ਜਿਸ ਦਾ ਖਾਸ ਅਸਰ ਨਹੀਂ ਹੋਇਆ।

ਪਿੰਡ ਦਾ ਡਾਕਟਰ ਆਇਆ, ਪਸਲੀਆਂ ਅਤੇ ਮੌਰਾਂ ਹੇਠਲਾ ਨੀਲ ਵੇਖ ਕੇ ਆਖ ਗਿਆ, "ਦਿਲ ਦੀ ਨਾਲੀ ਫਟਗੀ ਲੱਗਦੀ ਐ।"

ਟੀਕਾ ਲਾ ਕੇ ਉਹ ਤੁਰਦਾ ਹੋਇਆ। ਲੋਕਾਂ ਦੀ ਭੀੜ ਵਿਚ ਗੁੱਛਾ ਮੁੱਛਾ ਹੋਇਆ ਬਠਲੂ ਹਿੱਕ ਵਿੱਚ ਗੋਡੇ ਦੇਈ ਪਿਆ ਸੀ। ਉਸਦੀਆਂ ਚੀਕਾਂ ਅਸਮਾਨ ਨੂੰ ਪਾੜ ਰਹੀਆਂ ਸਨ।

ਕਿਸੇ ਭੈ ਵੱਲੋਂ ਧੱਕਾ ਮਾਰੇ ਜਾਣ ਦੀ ਚਰਚਾ ਜ਼ੋਰਾਂ 'ਤੇ ਸੀ।

—0—

# ਅੰਤਹੀਣ/ ਕ੍ਰਿਪਾਲ ਕਜ਼ਾਕ

**ਦ੍ਰਿਸ਼-1**

ਦਿੜ੍ਹ ਪੁਰ ਪਹਿਲਾਂ ਵਰਗਾ ਨਹੀਂ ਸੀ ਰਿਹਾ; ਪਰ ਨਿੱਕੀ ਜਿਹੀ ਗੱਲ 'ਤੇ ਸਾਰੇ ਪਿੰਡ ਦੀ ਫਿਰ ਹੇਠਲੀ ਉੱਤੇ ਆ ਗਈ।

ਸਭ ਤੋਂ ਵੱਧ ਠੱਠੀ ਅਤੇ ਡੇਰੇ 'ਚ ਲੱਥ ਉੱਠੇ, ਜਿਨ੍ਹਾਂ ਦਾ ਸੇਕ ਦੂਲੇ ਕੀ ਕੋਠੀ ਵੀ ਲੱਗਾ।

"ਦੇਖੀ ਨੀਲੀ ਛਤਰੀ ਆਲੇ ਦੀ ਲੀਲ੍ਹਾ... ਐਂ ਚੜ੍ਹਦੇ ਕੰਨੀ ਦੇ ਕਿਆਰੇ 'ਤੇ ਪਾਣੀ...।" ਡੇਰੇ 'ਚ ਗੱਲਾਂ ਹੁੰਦੀਆਂ।

"ਸਭ ਲੀਲ੍ਹੈਂ ਉਹਦੀ...।" ਮਹੰਤ ਅੰਬਰ ਵੱਲ ਉਂਗਲ ਕਰਦਾ। ਜਿਉਂ ਹੀ ਠੱਠੀ 'ਚ ਖ਼ਬਰ ਉੱਡੀ, ਕਈਆਂ ਦਾਰੂ ਪੀ ਕੇ ਤੀਵੀਆਂ ਨੂੰ ਇਸ ਲਈ ਕੁੱਟਿਆ ਕਿ ਉਹਨਾਂ ਐਲਨ ਵਰਗਾ ਪੁੱਤ ਕਿਉਂ ਨਹੀਂ ਸੀ ਜੰਮਿਆ। ਜੇ ਜੰਮਿਆ ਸੀ, ਤਾਂ ਪੜ੍ਹਾ ਲਿਖਾ ਕੇ ਅਫ਼ਸਰ ਕਿਉਂ ਨਹੀਂ ਸੀ ਬਣਾਇਆ।

ਖ਼ਬਰ ਫੈਲਦੇ ਦੂਲੇ ਕੇ ਚੁਬਾਰੇ 'ਚੋਂ ਰਫ਼ਲ ਦੇ ਫਾਇਰ ਉੱਚੇ ਹੋਏ। ਅੱਗਾ ਪਿੱਛਾ ਦੇ।

ਗੱਲ ਸਿਰਫ਼ ਇਤਨੀ ਸੀ ਕਿ ਐਲਨ ਕੇ ਜੇਲ੍ਹ ਉਰਫ਼ ਜੇਜ਼ਮ ਅਤੇ ਸੋਤ੍ਰੀ ਨੇ, ਤਾਏ ਬਾਰੂ ਨੂੰ ਡੇਰੇ 'ਚੋਂ ਚੁੱਕਿਆ। ਹਸਪਤਾਲ ਲਿਆਂਦਾ ਅਤੇ ਤਾਏ ਬਾਰੂ ਦੀ ਬੈਠ ਗਈ ਅੱਖ ਵਿਚ ਚਾਨਣ ਦੀ ਇਕ ਕਿਰਨ ਲਿਆ ਧਰੀ। ਹਾਲਾਂ ਕਿ ਮੁੱਲ ਦੀ ਖੀਰ ਸੀ। ਕਿਸੇ ਨੂੰ ਕੀਹ ? ਪਰ ਜਿਉਂ ਹੀ ਪਿੰਡ 'ਚ ਖ਼ਬਰ ਉੱਡੀ। ਟਿੱਬੀ 'ਤੇ ਰੋਟ ਪ੍ਰਸ਼ਾਦ ਚੜ੍ਹਿਆ। ਐਲਨ ਛਾਤੀ 'ਤੇ ਕਰਾਸ ਬਣਾਇਆ। ਫੀਰੂ ਔਂਡੇ ਤੇ ਖਲੋਤੇ ਹੀ ਰਿਕਸ਼ੇ ਦੀ ਭੰਡਾਰੀ 'ਚੋਂ ਤੰਬਾਕੂ ਦੀ ਪੋਤ ਅਤੇ ਸੁਲਫ਼ੇ ਦੀ ਗੋਲੀ ਕੱਢ ਚਿਲਮ ਖਿੱਚੀ ਤੇ ਬਿਨਾਂ ਕੋਈ ਸਵਾਰੀ ਲਏ ਪਿੰਡ ਨੂੰ ਤੁਰਿਆ ਆਇਆ।

ਕੋਠੀ 'ਚ ਖ਼ਬਰ ਕਿਰਪੀ ਬੁੜ੍ਹੀ ਦੀ ਫੱਕਦੀ ਤੋਰ ਲੈ ਕੇ ਗਈ। ਵੱਡੀ ਸਦਾਰਨੀ ਦੇ ਮਨ 'ਚ ਧੁੜਕੂ ਤਾਂ ਸੀ। ਕਿਰਪੀ ਬੁੜ੍ਹੀ ਦੀ ਤੋਰ ਹੋਰ ਪੱਕਾ ਕਰ ਦਿੱਤਾ।

"ਹਨੀ ਸੁਣਿਐ ਮੋਚਿਆਂ ਤਾਂ ਥੁੱਕਦੀ ਫਿਰਦੀ ਐ ਟੂੰਡੀ..."

"ਜੀ ਲੱਖ ਥੁੱਕੇ, ਚੰਨ 'ਤੇ ਥੁੱਕੂ ਤਾਂ ਮੂੰਹ 'ਤੇ ਈ ਪਊ।"

"ਪਰ ਕਾਹਤੋਂ ?" ਸਰਦਾਰਨੀ ਜਾਣਦੀ ਤਾਂ ਸੀ। ਫਿਰ ਵੀ ਉਸ ਕੁਰੇਦਿਆ।"

ਜੀ ਜੇਲ੍ਹ ਦੇ ਸਿਰ 'ਤੇ... ਹੋਰ ਕੀ ?" ਕਿਰਪੀ ਮਨ ਹੀ ਮਨ ਖੁਸ਼ ਹੋਈ।

"ਪਰ ਆਹ ਬਿਹੜਾ ਕਿਉਂ ਮੂਧਾ ਹੋਈ ਫਿਰਦੈ ?"

"ਜੀ ਰੱਬ ਜਾਣੇ... ਪਰ ਮੂੰਹ ਛੋਟਾ, ਵੱਡੀ ਗੱਲ।" ਕਿਰਪੀ ਏਧਰ ਓਧਰ ਦੇਖਦੇ ਕੰਨਰਸੋਏ 'ਚ ਬੋਲੀ, "ਜੀ ਆਹ ਜਿਹੜੇ ਨਾਂ ਕਟਵਾਏ ਨਾ ਤੇਰੇ ਸਦਾਰ ਨੇ ਪੀਲੇ ਕਾਟਾਂ ਦੇ। ਜੇਲ੍ਹ ਨੇ ਕਾਗਤ ਭਰਵਾਏ ਤੇ ਤੀਜੇ ਦਿਨ ਕਾਟ ਲਿਆ ਰੱਖੇ ਸਭ ਦੇ ਹੱਥਾਂ 'ਚ। ਤਾਂ ਗਾਉਂਦੇ ਐ ਢੀਂਗਾ।"



"ਦਿਨ ਐ ਕਿਰਪੀਏ ਬੋਡੇ... ਨਹੀਂ ਏਹਾ ਜਿਆਂ ਨੂੰ ਕੌਣੀ ਦੇਹਲੀ ਨੀ ਸੀ ਚੜ੍ਹਨ ਦਿੰਦਾ।" ਸਰਦਾਰਨੀ ਦੇ ਧੁਰ ਅੰਦਰ ਕਿਤੇ ਪੀੜ ਹੋਈ।

"ਜੀ ਕਹਿੰਦੇ ਡੀ.ਸੀ. ਲੱਗ ਜੂ ਜੇਲ੍ਹ ?" ਕਿਰਪੀ ਮੱਚਦੀ ਤੇ ਤੇਲ ਪਾਇਆ।

"ਲੈ ਡੀ.ਸੀ. ਨਾ ਕਿਤੇ...। ਕੁੜੀਆਂ 'ਤੇ ਪਈ ਐ ਡੀ.ਸੀ... ਵੇਖ੍ਹੀ ਚੜ੍ਹਦੀ ਐ ਮਣਾ ਮੂੰਹੀਂ।"

ਤਦੇ ਪੋਰਚ 'ਚ ਸਰਦੂਲ ਸਿਹੁੰ ਦਾ ਖੰਗੂਰਾ ਉੱਚਾ ਹੋਇਆ।

ਸਭ ਚੁੱਪ। ਪਰ ਸਰਦਾਰਨੀ ਦੇ ਸਾਹਾਂ ਵਿਚ ਕੁਝ ਧੁਖਣ ਲੱਗਾ।

**ਦ੍ਰਿਸ਼-2**

ਬਾਰੂ ਦੀ ਅੱਖ ਤੋਂ ਜਿਉਂ ਹੀ ਪੱਟੀ ਖੁੱਲ੍ਹੀ; ਉਹਨੇ ਰੋਣ ਜਿਹੀ ਕਿਲਕਾਰੀ ਮਾਰੀ। 'ਆਹ ਤਾਂ ਦਿਨ ਚੜ੍ਹ ਗਿਆ ਉਏ ਭੇਣ ਦੇਣੇ ਦਾ...।"

ਨਵੇਂ ਜਨਮ ਜਿਹਾ ਅਹਿਸਾਸ ਹੋਇਆ। ਜੀ ਕੀਤਾ ਜੇਜ਼ੂ ਨੂੰ ਉੱਠ ਕੇ ਜੱਫੀ ਪਾ ਲਵੇ। ਪਰ ਉਹ ਜੁਆਕ ਮੂਹਰੇ ਸੰਗ ਗਿਆ।

ਆਟੋ ਤੱਕ ਆਉਂਦੇ ਉਹਦੀ ਕਈ ਵੇਰ ਅੱਖ ਛਲਕੀ। ਆਟੋ 'ਚ ਬੈਠਣ ਤੋਂ ਪਹਿਲਾਂ ਉਸ ਕਿਹਾ। "ਸਿੱਧਾ ਡੇਰੇ ਜਾਊਂ।"

ਉਹ ਸੋਚਾਂ ਵਿਚ ਇਤਨਾ ਉੱਤਰ ਗਿਆ ਕਿ ਪਤਾ ਹੀ ਨਾ ਲੱਗਾ ਆਟੋ ਕਦੋਂ ਪਿੰਡ ਵੱਲ ਪਰਤ ਗਿਆ। ਜਿਵੇਂ ਹੀ ਉਹ ਕਾਲੀ ਐਨਕ ਪਿੱਛੋਂ ਅੱਖ ਉਘੇੜਦਾ, ਸਭ ਕੁਝ ਓਪਰਾ ਓਪਰਾ ਦਿੱਸਦਾ। ਕਿਸੇ ਅਣਦੇਖੇ ਦੇਸ ਵਰਗਾ। ਹਾਰ ਕੇ ਉਹਨੇ ਭਰੇ ਹੋਏ ਮਨ ਨਾਲ ਕਾਲੀ ਐਨਕ ਦਾ ਸ਼ੀਸ਼ਾ ਢਿਲਕੀ ਪੱਗ ਦੇ ਲੜ ਹੇਠ ਹੀ ਕੱਜ ਲਿਆ।

ਅਚਾਨਕ ਆਟੋ ਰੁਕਿਆ। ਐਨਕ ਤੋਂ ਪੱਗ ਦਾ ਲੜ ਚੁੱਕਿਆ। ਉਹਦਾ ਜੇਜ਼ੂ ਨੂੰ ਗਾਲ ਦੇਣ 'ਤੇ ਜੀ ਕੀਤਾ। ਕੰਜਰ ਧੋਖੇ ਨਾਲ ਪਿੰਡ ਲੈ ਆਇਆ। ਕੁਝ ਤੀਵੀਆਂ ਆਟੋ ਮੂਹਰੇ ਤੇਲ ਚੋਅ ਰਹੀਆਂ ਸਨ।...

ਤਪਦੇ ਹੋਏ ਨੇ ਬਗਲ ਵੱਲ ਝਾਕਿਆ। ਕਿਸੇ ਕੁੜੀ ਦੇ ਬੈਠੀ ਹੋਣ ਦਾ ਭਾਉਲਾ ਪਿਆ। ਬਾਰੂ ਸੁੰਗੜਿਆ। ਥੋੜ੍ਹੀ ਦੂਰ ਐਲਨ ਖੜ੍ਹੀ ਸੀ। ਢਿਲਕੀ ਦੇਹ ਅਤੇ ਚੁੰਨੀ ਹੇਠ ਲਕੋਏ ਟੁੰਡ ਨਾਲ...। ਇਕਾ ਇਕ ਬਾਰੂ ਦੀ ਦੇਹ 'ਚ ਧੁੜਧੜੀ ਆਈ। ਐਲਨ ਲਈ ਉਹਦਾ ਮਨ ਭਰ ਆਇਆ।

ਜੇਜ਼ਮ ਅਤੇ ਸੋਤ੍ਰੀ ਸਹਾਰਾ ਦੇ ਉਹਨੂੰ ਆਟੋ 'ਚੋਂ ਲਾਹੁਣਾ ਚਾਹਿਆ। ਗੁੱਸੇ 'ਚ ਬਾਰੂ ਦੋਹਾਂ ਦੇ ਹੱਥ ਝਟਕੇ। ਉਹਨੂੰ ਜੇਜ਼ੂ 'ਤੇ ਖਿਝ ਆਈ। ਕੰਜਰ ਨੇ ਖ਼ਾਹ ਮਖ਼ਾਹ ਤੀਵੀਂ ਮੂਹਰੇ ਨੀਵਾਂ ਕਰ ਤਾ। ਐਲਨ ਉਹਦੇ ਪੈਰਾਂ ਵੱਲ ਨੂੰ ਲਪਕੀ। ਉਹ ਦੋ ਕਦਮ ਪਿੱਛੇ ਹਟਦਾ, ਡਿਗਣੋਂ ਬੱਚਿਆ। ਹੱਥ 'ਚ ਸੋਟੀ ਹੁੰਦੀ ਤਾਂ ਉਹ ਦੂਰੋਂ ਹਟਕ ਦਿੰਦਾ। ਫੀਰੂ ਦੇ ਹੱਥ ਜੁੜੇ ਦੇਖ, ਉਸ ਮਨ ਹੀ ਮਨ ਗਾਲ ਕੱਢੀ, 'ਸਾਲਾ ਗੰਦੀ।'

ਜੈਜ਼ਮ ਜਾਣਦਾ ਸੀ, ਤਾਏ ਨੂੰ ਬਿਨਾਂ ਦੱਸੇ ਪਿੰਡ ਲੈ ਕੇ ਆਉਣਾ ਜਾਨ ਜੋਖ਼ਮ ਪਾਉਣ ਬਰਾਬਰ ਸੀ।

"ਬਸ ਤਾਇਆ ਪੰਜ ਮਿਨਟ...।" ਉਸ ਤਰਲਾ ਲਿਆ।

ਬਾਰੂ ਨੂੰ ਪੈਰ ਮਣ ਮਣ ਭਾਰੀ ਹੋ ਗਏ ਲੱਗੇ। ਵਿਹੜੇ 'ਚ ਪੈਰ ਪਾਉਂਦੇ ਹੀ ਉਹਨੂੰ ਸੱਜਰੇ ਲਿਪੇ ਗੋਹੇ ਦੀ ਤਿੱਖੀ ਗੰਧ ਆਈ। ਦੇਹ 'ਚੋਂ ਕਾਂਬਾ ਉੱਠਿਆ। ਮਨ 'ਚ ਆਈ। ਕਿਤੇ ਉਹ ਫੇਰ ਤਾਂ ਨਹੀਂ ਸੀ ਰੇਸ਼ਮ ਦੇ ਕੀੜੇ ਵਾਂਗ ਮੋਹ ਦੀਆਂ ਤੰਦਾਂ 'ਚ ਉਲਝ ਰਿਹਾ? ਨਹੀਂ। ਉਹਨੇ ਮਨ ਕਰੜਾ ਕੀਤਾ। ਹਵਾ ਨੂੰ ਕਿਹੜਾ ਗੰਢ ਮਾਰ ਲੂੰ ਸਾਲਾ।

"ਜੁਆਤੀ ਕਿੱਥੇ ਫੂਕ ਤੀ ਮੇਰੀ?" ਉਹ ਤਲਖ਼ ਹੋਇਆ।

ਡੰਗੋਰੀ ਅਤੇ ਉਹਦਾ ਝੋਲੂ ਹਾਲੇ ਆਟੋ ਵਿਚ ਹੀ ਸਨ। ਐਲਨ ਭੱਜ ਕੇ ਲੈ ਆਈ। ਮੰਜੇ 'ਤੇ ਬੈਠਦੇ ਨੇ ਜਿਉਂ ਹੀ ਡੰਗੋਰੀ ਫੜ੍ਹੀ। ਪਪੋਲੀ, ਚਿੱਤ ਸਾਂਤ ਹੋਣ ਲੱਗਾ।

ਬਾਰੂ ਹਲਕੀ ਜਿਹੀ ਪਲਕ ਉੱਕੀ। ਬਹੁਤ ਨਿੱਕਾ ਜਿਹਾ ਵਿਹੜਾ ਸੀ। ਕੀ ਇਹ ਉਹੋ ਘਰ ਸੀ? ਜਿੱਥੇ ਉਹ ਜੰਮਿਆ, ਪਲਿਆ ਅਤੇ ਐਲਨ ਨੂੰ ਵਿਆਹ ਕੇ ਲਿਆਇਆ? ਨਹੀਂ। ਇਹ ਉਹ ਘਰ ਨਹੀਂ ਸੀ। ਬਹੁਤ ਕੁਝ ਉਹਦੀ ਸਿਮਰਤੀ ਤੋਂ ਵੱਖਰਾ ਸੀ। ਕੰਧੋਲੀ, ਖਿੜਕਾ, ਖੂੰਜੇ 'ਚ ਖੜ੍ਹਾ ਰਿਕਸ਼ਾ ਤੇ ਛਿਟੀਆਂ ਦਾ ਢੇਰ। ਉਹ ਕਿੰਨੇ ਸਾਲਾਂ ਬਾਦ ਪਰਤਿਆ ਸੀ? ਯਾਦ ਨਹੀਂ।

ਵਿਹੜੇ ਨੂੰ ਪਤਾ ਨਹੀਂ ਕਿੱਥੋਂ ਸੂਹ ਮਿਲੀ, ਤੀਮੀਆਂ ਤੇ ਜੁਆਕ ਮੱਖੀਆਂ ਵਾਂਗ ਆ ਭਿੜੇ।

ਚੁਫੇਰੇ ਤੀਵੀਆਂ ਅਤੇ ਜੁਆਕਾਂ ਦਾ ਝੁਰਮਟ ਦੇਖ, ਬਾਰੂ ਜ਼ਹਿਰ ਉਗਲੀ। "ਆਹ ਕੱਠ ਮੇਰੇ ਮਰੇ ਦਾ ਕੀਤੇ...। ਸਾਲਿਉ ਮਰ ਤਾਂ ਨੀ ਗਿਆ ਮੈਂ...।"

ਤੀਵੀਆਂ ਕੁਹਿ ਕੇ ਕੰਧਾਂ ਨਾਲ ਜਾ ਲੱਗੀਆਂ।

ਜੁਆਕ ਮੁਸਕੜੀਏ ਹੱਸੇ।

ਦੇਖ ਕੇਹਾ ਜੀ ਭਾਖਿਆ ਕਢਦੇ। ਐਲਨ ਮਨ ਹੀ ਮਨ ਰੋਈ।

ਬਾਰੂ ਨੂੰ ਅਚਵੀ ਹੋਈ। ਉਸ ਜੈਜ਼ਮ ਦੇ ਲਿਸ਼ਕਦੇ ਪਟਿਆਂ ਵੱਲ, ਪਹਿਲੀ ਵੇਰ ਝਾਕਿਆ।

"ਤੂੰ ਕਦ ਤੋਂ ਬਾਬੂ ਬਣ ਗਿਆ ਉਏ?" ਅਗਲੇ ਹੀ ਪਲ ਭੁੱਲ ਦਾ ਅਹਿਸਾਸ ਹੋਇਆ। ਇਸ ਤੋਂ ਪਹਿਲਾਂ ਉਹ ਕਿਵੇਂ ਦੇਖਦਾ?

"ਠੀਕ ਐ... ਠੀਕ ਐ, ਬੰਦਾ ਬਣ ਕੇ ਰਹੀਂ ਜੇ ਕਿਸੇ ਅਸਲ ਦਾ ਬਿਦ ਐਂ ਤਾਂ...।"

ਬਾਊ ਤਾਂ ਇਹਦਾ ਪਾਣੀ ਭਰਨਗੇ, ਜਿੰਦੇ ਡੀ ਸੀ. ਲੱਗ ਗਿਆ। ਤੂੰ ਕਿੱਥੇ ਫਿਰਦੈਂ ਅੰਨ੍ਹਿਆ। ਵੀਰੂ ਕਹਿਣਾ ਚਾਹਿਆ। ਪਰ ਚੁੱਪ ਰਿਹਾ।

ਬਾਰੂ ਦੀ ਰਿਲਕਦੀ ਅੱਖ ਸੱਤੀ 'ਤੇ ਗਈ।

ਇਹ ਕੌਣ ਐ? ਚਾਨਣ ਵਿਚ ਨਹਾਤੀ ਹੋਈ। ਗੋਰੀ ਚਿੱਟੀ। ਕਾਸ਼! ਉਹਦੀ ਦੂਜੀ ਅੱਖ ਵੀ ਦੇਖ ਸਕਦੀ। ਵਿਹੜੇ ਦੀ ਤਾਂ ਹੋ ਨੀ ਸਕਦੀ। ਫਿਰ ਕੌਣ ਸੀ?



ਜੁਆਕ ਫਿਰ ਆ ਖਲੋਤੇ ਸਨ।

ਬਾਰੂ ਤਲਖ਼ੀ ਨਾਲ ਭਰ ਗਿਆ।

"ਸਾਲੀ ਕਤੀੜ... ਜਾਊ ਕਿ ਘੱਲਾਂ ਮੈਂ...? ਸਾਲੇ ਐਂ ਆ ਖੜ੍ਹੇ ਜਿਵੇਂ ਵੰਗ ਲੱਗ ਗੇ ਮੈਨੂੰ।"

ਐਲਨ ਸਭ ਨੂੰ ਜਾਣ ਦਾ ਇਸ਼ਾਰਾ ਕੀਤਾ। ਨੱਕ ਬੁੱਲ੍ਹ ਵੱਟਦੀਆਂ ਤੀਵੀਆਂ, ਮੰਜੀ ਦੀ ਬਾਹੀ ਨੂੰ ਚੁੰਨੀ ਛੂਹਾ, ਮੱਥਾ ਟੇਕ ਜਿਉਂ ਹੀ ਪਰਤੀਆਂ, ਬਾਰੂ ਸੁਖ ਦਾ ਸਾਹ ਲਿਆ।

ਉਸ ਦੇਖਿਆ, ਉਹਨੇ ਨਵਾਂ ਝੱਗਾ ਅਤੇ ਤਹਿਮਦ ਦੀ ਥਾਂ ਪਜਾਮਾ ਪਾਇਆ ਹੋਇਆ ਸੀ। ਉਹਦਾ ਦਿਲ ਬੈਠਣ ਲੱਗਾ। ਕੰਜਰਾਂ ਇਹ ਕਦ ਬਦਲਿਆ? ਕੁੱਤਿਆਂ ਨੂੰ ਸ਼ਰਮ ਨਾ ਆਈ। ਪਹਿਲਾਂ ਸਾਲਿਆਂ ਨੰਗਾ ਦੇਖਿਆ ਹੋਊ... ਫੇ, ਹੀ ਹੀ ਕੀਤੀ ਹੋਊ।

ਸ਼ਰਮ ਨਾਲ ਝੁਣਝੁਣੀ ਆਈ।

ਨਿਗ੍ਹਾ ਫਿਰ ਸੱਤੀ 'ਤੇ ਪਈ। ਯਾਦ ਆਇਆ। ਉਹਦੇ ਨਾਲ ਤਾਂ ਕੂੜ ਵਿਚ ਵੀ ਇਹੋ ਆਈ। ਹੋਰ ਯਾਦ ਆਇਆ। ਇਹ ਤਾਂ ਸੰਡਾਖਾਨੇ ਵਿਚ ਵੀ ਸੀ।

ਉਹ ਜੈਜ਼ਮ ਲਈ ਬੇਹਦ ਗੁੱਸੇ ਨਾਲ ਭਰ ਗਿਆ ਅਤੇ ਕਿਸੇ ਪੀੜ ਵਿਚ ਘਿਰ ਗਿਆ। ਕੰਜਰ ਨੂੰ ਕੀ ਲੋੜ ਸੀ ਕਿਸੇ ਓਪਰੇ ਨੂੰ ਖੇਚਲਾ ਦੇਣ ਦੀ...। ਮਛੰਦ੍ਰ ਨੇ ਬੇ ਮਤਲਬ ਸਿਰ ਨੀਵਾਂ ਕਰ 'ਤਾ।

"ਗੱਲ ਸੁਣ!" ਉਹ ਜੈਜ਼ਮ ਵੱਲ ਗੁੱਸੇ ਨਾਲ ਝਾਕਿਆ।

"ਆਹ ਕੁੜੀ ਕੀਹਨਾਂ 'ਚੋਂ ਐਂ...? ਉਸ ਸੱਤੀ ਵੱਲ ਸੋਟੀ ਸਿਧੀ ਕੀਤੀ।

"ਜੀ ਮੈਂ..." ਸੱਤੀ ਉਲਝ ਗਈ।

"ਇਹ ਮੇਰੇ ਨਾਲ ਐ...।" ਜੈਜ਼ਮ ਸੱਤੀ ਦੇ ਮੋਢੇ ਤੋਂ ਬਾਂਹ ਵਲੀ।

ਬਾਰੂ ਦਾ ਮੱਥਾ ਠਣਕਿਆ। ਏਨ ਬਿਗਾਨੀ ਧੀ ਦੇ ਮੋਢੇ ਬਾਂਹ ਕਿਉਂ ਰੱਖੀ।

"ਵਿਹੜੇ 'ਚੋਂ ਐ?"

"ਨਹੀਂ!" ਜੈਜ਼ਮ ਹਰ ਖ਼ਤਰੇ ਲਈ ਆਪਣੇ ਆਪ ਨੂੰ ਸੂਤ ਲਿਆ।

"ਹੋਰ ਕੀਹਨਾਂ 'ਚੋਂ ਐ...?"

"ਓ ਹੋ! ਤਾਇਆ ਬੋਲਦਾ ਕਿਉਂ ਐਂ? ਐਮੇਂ ਅੱਖ ਤੇ ਭਾਰ ਪਊ।"

"ਕੁੱਤਿਆ! ਅੰਨ੍ਹਾ ਈ ਹੋ ਜੂ ਮੁੜਕੇ... ਮਰਦਾ ਤਾਂ ਨੀਂ।

ਮੈਂ ਪੁੱਛਦਾਂ ਇਹ ਹੈ ਕੀਹਨਾਂ 'ਚੋਂ?" ਬਾਰੂ ਚੀਕਿਆ।

"ਜਮਾਤਣ ਐ ਮੇਰੀ... ਪੜ੍ਹਦੀ ਐ ਮੇਰੇ ਨਾਲ।"

"ਭੈਣ ਮਰਾ ਗੀ ਪੜ੍ਹਾਈ, ਤੂੰ ਜਿਹੜੀ ਗੱਲ ਪੁੱਛੀਐ ਉਹ ਦੱਸ।"

ਜੈਜ਼ਮ ਦੀ ਖਾਨਿਉਂ ਗਈ। ਉੱਤਰ ਵਿਚ ਕੇਵਲ ਹਉਕਾ ਲਿਆ।

"ਕਿਉਂ? ਦੂਜੀ ਤਰ੍ਹਾਂ ਪੁੱਛਾਂ ਫੇ...?" ਬਾਰੂ ਐਨਕ ਲਾਹ ਹੱਥ 'ਚ ਫੜ੍ਹ ਲਈ।

ਜੈਜ਼ਮ ਨੂੰ ਰਾਹ ਲੱਭ ਗਿਆ।

"ਓ ਹੋ! ਤਾਇਆ ਕੀ ਕਰਦੈਂ ? ਤੈਨੂੰ ਕਿਹੋ ਐਨਕ ਨੀ ਲਾਹੁਣੀ।"

"ਕੁੱਤਿਆ! ਮੈਂ ਤਾਂ ਸਿਰ ਲਾਹੁਣ ਤੋਂ ਨਾ ਜਕਾਂ, ਤੂੰ ਓਹਲਾ ਕੀ ਰੱਖਦੈ ਮੌਤੋਂ...। ਚੱਲ ਕੁੜੀਏ ਤੂੰ ਦੱਸ।"

ਸੱਤੀ ਹਿੰਮਤ ਬਟੋਰੀ।

"ਜੀ ਮੈਂ ਸਤਵੰਤ ਕਰਨਪੁਰੀਏ ਸਿੱਧੂਆਂ 'ਚੋਂ...।"

ਕਰਨਪੁਰੀਆਂ ਦਾ ਨਾਂ ਸੁਣਦੇ, ਬਾਰੂ ਮੱਥਿਉਂ ਅੱਗ ਦੀ ਇਕ ਲਾਟ ਉੱਠੀ। ਪੀੜ ਵਿਚ ਦੋਵੇਂ ਅੱਖਾਂ ਮੀਟ, ਬਹੁਤ ਪਿੱਛੇ ਚਲਿਆ ਗਿਆ। ਜਿਹਨ ਵਿਚ ਦੇਬੂ ਮਹੰਤ ਦੀਆਂ ਭੈਣਾਂ, ਸ਼ਹਿਨਾਜ਼, ਬਾਨੋ ਤੇ ਰਜ਼ੀਆ ਮੱਥੇ ਵਿਚਲੀ ਲਾਟ ਵਿਚ ਮੱਚਣ ਲੱਗੀਆਂ।

ਪਰਤਿਆ ਤਾਂ ਆਪਣੇ ਆਪ ਵਿਚ ਨਹੀਂ ਸੀ।...

ਜੋ ਕੁਝ ਬਾਰੂ ਨੇ ਬਕਿਆ, ਸੁਣਨ ਵਾਲੇ ਦੇ ਦੰਦ ਜੋੜਨ ਲਈ ਕਾਫ਼ੀ ਸੀ।"ਦੁਨੀਆਂ ਬਦਲ ਗਈ, ਪਰ ਤਾਇਆ ਤੂੰ ? ਸ਼ਰਮ ਆਉਣੀ ਚਾਹੀਦੀ ਐ। ਕਿਸੇ ਦੀ ਧੀ ਭੈਣ ਬਾਰੇ ਐਹਾ ਜਾ ਗੰਦ ਬਕਦਿਆਂ।"

ਬਾਰੂ ਕੰਬਣ ਲੱਗਿਆ।

ਖੂੰਜੇ 'ਚ ਪਈ ਕੁਹਾੜੀ ਦਾ ਝਾਉਲਾ ਪਿਆ। ਤੇਜ਼ੀ ਨਾਲ ਉਠਿਆ।

"ਕੁੱਤਿਆ! ਇਹ ਸ਼ਰਮ ਸਿਰਫ਼ ਸਾਡੇ ਲਈ ਰਹਿ ਗਈ। ਤੇ ਇਹ ਤਗੜੇ... ਰੱਬ ਦੇ ਭੂਤਰੂ ਐ ਸਾਲੇ...।"

ਤੇ ਬਾਰੂ ਬਿਨਾਂ ਕੁਝ ਸੋਚੇ, ਕੁਹਾੜੀ ਵਗ੍ਹਾਤੀ ਜੇਜ਼ਮ ਵੱਲ ਮਾਰੀ। ਇਹ ਤਾਂ ਸ਼ੁਕਰ ਟੋਕਰੇ 'ਚ ਉਲਝ ਗਿਆ, ਤੇ ਐਨ ਮੌਕੇ ਤੇ ਫੀਰੂ ਨੇ ਜੱਫੇ 'ਚ ਲੈ ਲਿਆ। ਨਹੀਂ ਜਾਹ ਜਾਂਦੀਏ ਹੋ ਗਈ ਸੀ।

ਕੁਹਾੜੀ ਹਵਾ 'ਚ ਉੱਠੀ ਦੇਖ ਐਲਨ ਦਾ ਅੜਾਟ ਉੱਚਾ ਹੋਇਆ। ਅੱਖ ਝਪਕਦੇ ਗੁਆਂਢਣਾਂ ਫਿਰ ਆ ਖੜ੍ਹੀਆਂ। ਅਸਲ ਉਹ ਪਹਿਲਾਂ ਹੀ ਕੰਧਾਂ ਨਾਲ ਲੱਗੀਆਂ ਖੜ੍ਹੀਆਂ ਸਨ।

ਜੇਜ਼ਮ ਕੰਬ ਰਿਹਾ ਸੀ। ਉਹਨੇ ਕੁਹਾੜੀ ਹਵਾ ਵਿਚ ਉੱਡਦੀ ਅਤੇ ਕੰਨ ਕੋਲੋਂ ਲੰਘਦੀ ਦੇਖੀ ਤਾਂ ਦਹਿਲ ਗਿਆ। ਸੱਤੀ ਤਾਂ ਜਿਵੇਂ ਸੁੰਨ ਹੀ ਹੋ ਗਈ। ਉਹਨੇ ਜੋਰੀਂ ਅੱਥਰੂ ਡੱਕੇ ਅਤੇ ਭੁੱਬ ਮਾਰਨੀ ਚਾਹੀ।

ਇਕਾ ਇਕ ਦੇਬੂ ਮਹੰਤ ਪ੍ਰਗਟਿਆ। ਸਭ ਨੇ ਸੁਖ ਦਾ ਸਾਹ ਲਿਆ। ਫੀਰੂ ਹਾਲੇ ਵੀ ਬਾਰੂ ਨੂੰ ਜੱਫਾ ਪਾਈ ਖੜ੍ਹਾ ਸੀ।

"ਫਕੀਰੀਆ ਜੀ, ਛੋੜ ਦੇ...।" ਉਸ ਫਕੀਰੀਏ ਨੂੰ ਕਿਹਾ ਅਤੇ ਬਾਰੂ ਦਾ ਹੱਥ ਫੜਿਆ। "ਚਲੋ ਪ੍ਰਭੂ...।"

ਦੇਬੂ ਨੂੰ ਦੇਖ ਬਾਰੂ ਦੇ ਜਿਵੇਂ ਅਉਸਾਣ ਹੀ ਮਾਰੇ ਗਏ।

"ਤੂੰ ? ਤੂੰ ਇਹਨਾਂ ਕੁੱਤਿਆਂ ਦੇ ਕਿਮੇਂ ਆ ਗਿਆ ? ਸਾਲੇ ਥੁੱਕ ਕੇ ਚੱਟਣ ਆਲੇ...।"

"ਚਲੋ ਪ੍ਰਭੂ! ਬੋਲੋ ਨਹੀਂ...।" ਮਹੰਤ ਨੇ ਬਾਰੂ ਨੂੰ ਜਿਵੇਂ ਸੁਣਿਆ ਹੀ ਨਾ।



ਬਾਰੂ ਸੁੰਨ। ਕਿਸੇ ਸ਼ਕਤੀ ਦਾ ਕੀਲਿਆ, ਐਂਗੇ ਲੱਗ ਤੁਰਿਆ। ਗਲੀ 'ਚ ਥੇਦਿਆਂ ਦਾ ਝਾਉਲਾ ਦੇਖ ਚੀਕਿਆ।

"ਲੈ ਬਈ ਪਿੰਡਾ..." ਹਿੱਕ ਠੋਕ ਕੇ, "ਆਹ ਬਾਰੂ ਨੀ ਸੀ ਮਰਿਆ ਕਿਸੇ ਤੋਂ...। ਆਹ ਅੱਜ ਮਾਰ ਤਾ ਕੰਜਰ ਨੇ ਕੱਛੇ ਤੇ ਈ ਓਏ...।"

ਜਿਉਂ ਹੀ ਮਹੰਤ ਬਾਰੂ ਨੂੰ ਲੇ ਡੇਰੇ ਵੱਲ ਮੁੜਿਆ, ਮੁਰਾਦੀ ਪੱਦ ਅਤੇ ਪੀਤੂ ਕਬਾੜੀਆ, ਜੇਜੂ ਦੇ ਲਾਗ ਆ ਖੜ੍ਹੇ। ਉਹ ਬਾਰੂ ਦੇ ਅੜਬ ਸੁਭਾਅ ਨੂੰ, ਕੁੱਤੇ ਦੀ ਪੂਛ ਨਾਲ ਤੁਲਨਾ ਕੇ, ਬਾਰਾਂ ਸਾਲ ਵੰਝਲੀ 'ਚ ਪਾਈ ਰੱਖਣ 'ਤੇ ਵਿੰਗੀ ਰਹਿਣ ਵਾਲੀ ਹਿੜ ਬਾਰੇ ਦੱਸਣ ਲੱਗ ਪਏ।

ਕਿਰਪੀ ਬੁੜ੍ਹੀ ਸੱਤੀ ਦਾ ਕੋਮਲ ਹੱਥ ਆਪਣੀ ਢਿਲਕੀ ਛਾਤੀ ਤੇ ਰੱਖੀ ਕੰਬ ਰਹੀ ਸੀ।

"ਨੀ ਤੱਤੀਏ! ਕਾਲਜਾ ਦੇਖ ਮੇਰਾ, ਕਿਮੇ ਧੜਕਦੈ। ਆਹ ਦੇਖ।" ਉਸ ਦੋਵੇਂ ਹੱਥ ਪਹਿਲਾਂ ਛੂਹਿ ਅਤੇ ਫਿਰ ਕੰਨਾਂ ਨੂੰ ਲਾਏ। "ਮੈਂ ਤਾਂ ਇਹਨਾਂ ਦੀ ਕੌਮੋਂ ਦਾ ਸਿਰ ਫਿੜ ਵਾਂਗ ਰਿੜ੍ਹਦਾ ਦੇਖਿਐ...। ਇਸੇ ਥਿਹਕੇ 'ਚ, ...ਆਹ ਜਿੱਥੇ ਤੂੰ ਖੜ੍ਹੀ ਐਂ। ਤੇ ਇਹ ਥੋਲੀ, ਭੈਣ ਨੂੰ ਵੱਢ ਕੇ ਲਲਕਰੇ ਮਾਰਨੋਂ ਨਾ ਹਟੇ। ਨੀ ਕੁੜੇ ਮੈਂ ਤਾਂ ਜਦ ਦੇਖੀ ਕੁਹਾੜੀ, ਮੇਰੀ ਤਾਂ ਜਾਨ ਨਿਕਲ ਕੇ ਐਸ ਮੁੱਠੀ 'ਚ ਆ ਗਈ।" ਉਸ ਮੁੱਠੀ ਦਿਖਾਈ। "ਮੈਂ ਕਿਹਾ ਨੀ ਲੈ ਕਿਰਪੀਏ। ਕੁੜੀ ਤਾਂ ਗਈ।"

ਫਿਰ ਉਹ ਜੇਜ਼ਮ ਵੱਲ ਪਰਤੀ।

"ਵੇ ਮੂਰਖਾ! ਤੈਨੂੰ ਕੀ ਸੁੱਝੀ ਵਾੜ 'ਤੇ ਆਟਾ ਡੋਲ੍ਹਣ ਦੀ ? ਚੰਗਾ ਭਲਾ ਦਫ਼ਾ ਸੀ ਡੇਰੇ 'ਤੇ...। ਨਾਲੇ ਹੁਣ ਕੀ ਸੁਧਰ ਜੂ ਜਦ ਮੜ੍ਹੀਆਂ 'ਚ ਲੌਤੇਂ। ਉੱਤੋਂ ਅੱਖ ਬਣਵਾ ਧਰੀ।"

"ਕੋਈ ਨਾ ਤਾਈ, ਜਾਉ ਤੁਸੀਂ।" ਜੇਜੂ ਹਉਕਾ ਲਿਆ।

ਸੱਤੀ ਡੌ ਭੀਤ ਹੋਈ ਖੜ੍ਹੀ ਸੀ।

ਵੈਸੇ ਤਾਂ ਜੇਜ਼ਮ ਨੇ ਸੱਤੀ ਤੋਂ ਕੁਝ ਨਹੀਂ ਸੀ ਲਕੋਇਆ ਅਤੇ ਸੱਤੀ ਵੀ ਅੱਕ ਚੱਬਣ ਤੋਂ ਪਹਿਲਾਂ ਹਰੀ ਨਥੀ ਸੋਚ ਚੁੱਕੀ ਸੀ; ਪਰ ਅਜਿਹੇ ਨਿਰਾਦਰ ਲਈ ਤਾਂ ਉਹਨੇ ਸੁਪਨਾ ਵੀ ਨਹੀਂ ਸੀ ਲਿਆ। ਇਕ ਪਲ ਉਹ ਦੁਚਿੱਤੀ 'ਚ ਪੈ ਗਈ। ਉਹਨੇ ਮਾਪਿਆਂ ਦਾ ਫ਼ਿਕਾ ਵਿਰੋਧ ਸਹੇੜਿਆ ਸੀ। ਹਾਲਾਂ ਕੇ ਸੱਤੀ ਦੇ ਮਾਪੇ ਇਸ ਭਾਵੁਕ ਕਿਸਮ ਦੀ ਦੋਸਤੀ ਨੂੰ ਟਾਈਮ ਪਾਸ ਤੱਕ ਸੀਮਤ ਸਮਝ ਰਹੇ ਸਨ। ਕਿਤੇ ਉਹ ਅੰਗਿਆਰ ਤਾਂ ਨਹੀਂ ਸੀ ਫੱਕ ਰਹੀ। ਪਰ ਅੰਗਿਆਰ ਤਾਂ ਉਹ ਬਹੁਤ ਚਿਰ ਪਹਿਲਾਂ ਫੱਕ ਚੁੱਕੀ ਸੀ, ਜਦੋਂ ਉਹਨੇ ਜੇਜ਼ਮ ਨੂੰ ਮਨ, ਤਨ ਅਤੇ ਧਨ ਸਭ ਕੁਝ ਸੌਂਪ ਦਿੱਤਾ ਸੀ। ਇਸ ਹਾਲਤ ਵਿਚ ਪਿੱਛੇ ਮੁੜਨਾ ਸੰਭਵ ਹੀ ਨਹੀਂ ਸੀ।

ਉਹਨੇ ਜੇਜ਼ਮ ਦਾ ਹੱਥ ਕਫ਼ ਘੁੱਟਿਆ। ਇਕ ਪਲ ਉਹ ਸਮਝ ਨਾ ਸਕੀ, ਉਹ ਹੌਸਲਾ ਦੇ ਰਹੀ ਸੀ ਜਾਂ ਖ਼ੁਦ ਬਟੋਰ ਰਹੀ ਸੀ।

ਐਲਨ ਅਤੇ ਫੀਰੂ ਢੱਠੇ ਮਨ ਮੰਜੀ 'ਤੇ ਬੈਠੇ ਸਨ। ਜਿਥੋ ਬਾਰੂ ਉੱਠ ਕੇ ਗਿਆ ਸੀ। ਤਰਕਾਲਾਂ ਉੱਤਰ ਰਹੀਆਂ ਸਨ।

ਅਚਾਨਕ ਸੰਤੀ ਨੂੰ ਕਿਤੋਂ ਕੱਚਾ ਮਾਸ ਸੜਨ ਦੀ ਗੰਧ ਆਈ।

"ਐਨੀ ਜ਼ਹਿਰ... ਔਰ ਤੁਸੀਂ ਤੀਹ ਸਾਲ 'ਚ ਰੱਤੀ ਭਰ ਨੀਂ ਧੋ ਸੱਕੇ...।"

ਜੈਜ਼ਮ ਮਾਂ ਪਿਉ 'ਤੇ ਵਰ੍ਹ ਰਿਹਾ ਸੀ।

ਐਲਨ ਅਤੇ ਫੀਰੂ ਚੁੱਪ।

ਜੈਜ਼ਮ ਮੁਰਾਦੀ ਅਤੇ ਪੀਰੂ ਵੱਲ ਕੌੜਾ ਜਿਹਾ ਝਾਕਿਆ।

ਦੋਵੇਂ ਪੈਰ ਮਲਦੇ ਬਾਹਰ ਵੱਲ ਖਿਸਕੇ।

ਖੜ੍ਹੀ ਸੰਤੀ ਦੇ ਹੱਥਾਂ ਪੈਰਾਂ ਤੇ ਗੁੱਤੀ ਲੜੀ। ਉਹਨੇ ਪੈਰ ਅਤੇ ਕੱਛਾਂ ਤੱਕ ਨੰਗੀਆਂ ਬਾਹਾਂ ਪਲੋਸੀਆਂ। ਮਨ 'ਚ ਅਚਵੀ ਹੋਈ। ਉਹ ਮਾਸਿਕ ਧਰਮ ਦੀ ਗਰਿਫ਼ਤ ਵਿਚ ਸੀ। ਤਣਾਓ ਕਾਰਨ ਲੱਤਾਂ ਵਿਚ ਹੋਰ ਸਿੱਲ੍ਹ ਦਾ ਅਹਿਸਾਸ ਹੋਇਆ ਤਾਂ ਉਹਨੇ ਡੂੰਘਾ ਹਉਕਾ ਲਿਆ।

ਦੜ ਵੱਟ ਸੰਤੀਏ! ਕਿਹੜੇ ਸੋਨਾ ਥਾਬ ਭਾਲਦੀ ਏਂ ਏਥੇ।

ਉਹਨੇ ਆਪਣੇ ਆਪ ਨੂੰ ਕਿਹਾ।

ਜੈਜ਼ਮ ਕਲਪ ਰਿਹਾ ਸੀ।

"ਰੱਬ ਦਾ ਵਾਸਤਾ ਉਹਨੂੰ ਘਰ ਲੈ ਕੇ ਆਉ ਕਿਸੇ ਵੀ ਕੀਮਤ 'ਤੇ...।"

ਫ਼ੀਰੂ ਮੁੱਠੀ ਦੀ ਭੁੱਘੀ ਬਣਾਈ ਬੀੜੀ ਦਾ ਸੂਟਾ ਖਿੱਚੀ ਗਿਆ।

ਬਾਪੂ ਦੇ ਧੂੰਏਂ 'ਚ ਲਿਪਟੇ ਚਿਹਰੇ ਤੋਂ ਜੈਜ਼ੂ ਨੂੰ ਡਰ ਲੱਗਿਆ। ਉਹ ਜਾਣਦਾ ਸੀ। ਬੀੜੀ ਦਾ ਸੂਟਾ ਮੁੱਕਣ ਤੇ ਉਹਨੂੰ ਧੱਘ ਛਿੜ ਜਾਣੀ ਸੀ, ਤੇ ਬਲਗਮ ਦਾ ਗੋਲਾ ਛਾਤੀ ਵਿਚ ਇਉਂ ਖੜਕਣ ਲੱਗਣਾ ਸੀ, ਜਿਵੇਂ ਪੀਪੇ 'ਚ ਰੋੜ ਖੜਕਦੇ ਹੋਣ।

"ਸੰਤ ਤੂੰ ਵੀ ਤਾਂ ਕਹਿ ਯਾਰ! ਕਾਹਦੀ ਹੈਂਕੜ ਐ ਦੋਹਾਂ ਪਾਸੇ? ...ਮਾਂ ਤੂੰ ਤਾਂ ਸੋਚ ਕੁਸ਼...?"

ਐਲਨ ਮੂੰਹ 'ਚ ਚੁੰਨੀ ਲੈ ਡੁਸਕਣ ਲੱਗੀ।

ਜੈਜ਼ੂ ਹਉਕਾ ਲੈ ਗਲੀ 'ਚ ਆਇਆ। ਬਾਈਕ ਸਟਾਰਟ ਕੀਤਾ। ਗਲੀਆਂ ਦਾ ਚਿੱਕੜ ਮਿਧਦਾ ਇਤਨਾ ਗਵਾਚ ਗਿਆ ਕਿ ਯਾਦ ਹੀ ਨਾ ਰਿਹਾ; ਪਿੱਛੇ ਸੰਤ ਵੀ ਬੈਠੀ ਸੀ।

**ਦ੍ਰਿਸ਼-3**

ਦਿੱਤੂ ਪੁਰ ਸਚਮੁਚ ਪਹਿਲਾਂ ਵਰਗਾ ਨਹੀਂ ਸੀ ਰਿਹਾ। ਪਿਛਲੇ ਕੁਝ ਸਾਲਾਂ ਵਿਚ ਕਈ ਘਟਨਾਵਾਂ ਇਤਨੀ ਤੇਜ਼ੀ ਨਾਲ ਵਾਪਰੀਆਂ ਕਿ ਲੋਕਾਂ ਦੇ ਮੱਥੇ ਸਿਵੇ ਵਾਂਗ ਮੱਚਣ ਲੱਗੀਆਂ ਸਨ।

ਪਿਛਲੀ ਜੇਠੀ ਸ਼ਿਵ ਦੁਆਲੇ ਦੀ ਧੂਫ ਬੱਤੀ ਕਰਦੇ, ਸਾਧੂ ਗੱਪੀ ਨੇ ਜਿਵੇਂ ਹੀ ਬੈਂਕ ਵੱਲੋਂ ਆਪਣੀ ਨੌਂ ਕਨਾਲਾਂ ਭੋਇੰ ਦੀ ਕੁਰਕੀ ਬਾਰੇ ਸੁਣਿਆ। ਉਹਨੇ ਧੂਫ ਵਾਲਾ ਕੜਛਾ ਤਲਾਅ 'ਚ ਵਗਾਹ ਮਾਰਿਆ। ਹਵਾ ਵਿਚ ਇਕ ਗਾਲ੍ਹ ਕੱਢੀ ਅਤੇ ਪੰਡਿਤ ਘੁੱਗੀ ਤੋਂ ਅੱਖ ਬਚਾਅ ਕੇ ਚੁਖੰਡੀ ਦੇ ਵੱਡੇ ਟੱਲ ਨਾਲ ਹੀ ਫਾਹਾ ਜਾ ਲਿਆ।



ਰੇਸ਼ਮ ਸਿੰਹੁ, ਸਾਧੂ ਗੱਪੀ ਤੋਂ ਵੀ ਵੱਡਾ ਡਿਫਾਲਟਰ ਸੀ।

ਸਾਧੂ ਗੱਪੀ ਨੂੰ ਦਾਗ਼ ਦੇ ਕੇ ਉਹ ਆਪਣੇ ਖੇਤਾਂ ਵੱਲ ਤੁਰਿਆ ਆਇਆ। ਚੋਆ ਪੰਜ ਸੌ ਫੁੱਟ ਥੱਲੇ ਚਲੇ ਜਾਣ ਕਾਰਨ, ਕਈ ਦਿਨਾਂ ਤੋਂ ਬੰਬੀ ਬੰਦ ਪਈ ਸੀ। ਟੁੱਟ ਗਿਆ ਕਰਜ਼ਾ ਅਤੇ ਸੁੱਕ ਗਈ ਜੀਰੀ ਦੀ ਫ਼ਸਲ ਦੇਖ, ਉਹਦੇ ਸਿਰ ਨੂੰ ਘੁਮੇਰ ਚੜ੍ਹੀ। ਪਤਾ ਹੀ ਨਾ ਲੱਗਾ, ਕਦੋਂ ਬੋਰ ਵਾਲੀ ਕੋਠੜੀ 'ਚ ਵੜਿਆ। ਕਦੋਂ ਮਚੋਟ੍ਹੀ ਪੀਤੀ। ਤੇ ਕਦੋਂ ਸਿਵਿਆਂ ਵਿਚ ਮੱਚਣ ਲੱਗਾ।

ਇਕ ਠੰਡੀ ਹਵਾ ਦਾ ਬੁੱਲਾ ਆਇਆ। ਮੰਗੂ ਰਵਦਾਸੀਏ ਦੀ ਤੀਵੀਂ, ਰੀਜ਼ਰਵ ਸੀਟ 'ਤੇ ਸਰਪੰਚ ਚੁਣ ਲਈ ਗਈ। ਠੱਠੀ 'ਚ ਦਾਰੂ ਉੱਡੀ। ਪਰ ਪਿੰਡ ਦੇ ਵੱਡੇ ਘਰਾਂ ਦੇ ਸਾਹਾਂ 'ਚ ਕੁਝ ਅਣਦਿਸਦੇ ਸਿਵੇ ਧੁਖਣ ਲੱਗੇ।

ਇਕ ਖ਼ਬਰ ਛਪੀ, ਦਿੱਤੂਪੁਰ ਦੇ ਪਟਵਾਰੀ ਦੀ ਮੂੰਹ ਬੋਲੀ ਧੀ ਸ਼ਹਿਰ ਦੇ ਇਕ ਲੱਗੇ ਚੁਬਾਰੇ 'ਚੋਂ ਨਿਰਵਸਤਰ ਮਿਲੀ।

ਜਿੰਦਰ ਠਿੱਬੇ ਕੀ ਉਧਲ ਕੇ ਗਈ ਤੀਵੀਂ, ਲੁਧਿਆਣੇ ਇਕ ਡੀ.ਜੇ. ਪਾਰਟੀ ਦੀਆਂ ਨਾਚੀਆਂ ਵਿਚ ਦੇਖੀ ਗਈ।

ਬਾਰੂ ਬਾਲਮੀਕੀਏ ਤੇ ਐਲਨ ਮਸੀਹ ਕਾ ਜੈਜ਼ੂ, ਜੀਹਨੂੰ ਬਚਪਨ 'ਚ ਬਾਰੂ ਚੁੱਕ ਕੇ ਡੇਰੇ ਲੈ ਗਿਆ ਸੀ। ਢਿੱਡ 'ਚ ਪਾਏ ਚਾਰ ਅੱਖਰ, ਸੁੱਖੇ ਮਿਸਤਰੀ ਦੀ ਹੱਲਾਸ਼ੇਰੀ, ਮਹੰਤ ਦੇਬੂ ਦੇ ਥਾਪੜੇ ਅਤੇ ਬਾਰੂ ਦੇ ਸੁਪਨੇ ਸਦਕਾ, ਮਿਹਨਤ ਮੁਸ਼ੱਕਤ ਅਤੇ ਦ੍ਰਿੜ ਇਰਾਦੇ ਦੀ ਕੁਠਾਲੀ 'ਚੋਂ ਅਜਿਹਾ ਸੋਨਾ ਬਣ ਕੇ ਨਿਕਲਿਆ ਕਿ ਪੀ.ਸੀ. ਐੱਸ ਦੀ ਡਿਗਰੀ ਵੀ ਕੁੱਟ ਗਿਆ ਅਤੇ ਟਰੇਨਿੰਗ ਵੀ ਪਾਰ ਕਰ ਗਿਆ। ਜਿਸ ਦਿਨ ਉਹ ਜੈਜ਼ੂ ਤੋਂ ਜੈਜ਼ਮ ਅਤੇ ਕਰਨਪੁਰੀਆ ਦੀ ਸਤਵੰਤ ਦਾ ਸਾਥ ਲੈ ਪਿੰਡ ਪਰਤਿਆ, ਸਾਰਾ ਦਿੱਤੂਪੁਰ ਹੀ ਜਿਵੇਂ ਸਿਵੇ ਵਾਂਗ ਮੱਚਣ ਲੱਗਾ।

ਪਰ ਦਿੱਤੂਪੁਰ ਲਈ ਇਤਨਾਂ ਹੀ ਕਾਫ਼ੀ ਨਹੀਂ ਸੀ। ਜੈਜ਼ਮ ਦੇ ਕਿਸੇ ਅਹੁਦੇ 'ਤੇ ਬੈਠਣ ਦੇ ਕਿਆਸ ਨੇ ਹੀ ਕਈਆਂ ਦੀ ਨੀਂਦ ਹਰਾਮ ਕਰ ਦਿੱਤੀ ਸੀ।

ਬਾਰੂ ਦੀ ਅੱਖ ਬਣਵਾ ਕੇ ਤਾਂ ਉਹਨੇ ਬਲਦੀ ਤੇ ਤੇਲ ਹੀ ਸਿੱਟਿਆ ਸੀ। ਬਾਰੂ, ਜੋ ਦਿੱਤੂਪੁਰ ਲਈ ਸਧਾਰਨ ਬਾਰੂ ਨਹੀਂ ਸੀ।

**ਦ੍ਰਿਸ਼-4**

ਬਾਰੂ ਜਦੋਂ ਹੋਸ਼ ਸੰਭਾਲੀ, ਸੰਤਾਲੀ ਦੇ ਜ਼ਖ਼ਮ ਅੱਲੇ ਸਨ। ਬਾਰੂ ਦੇ ਪੁਰਖੇ ਸਦੀਆਂ ਤੋਂ ਸਰਦੂਲੇ ਹਵੇਲੀ ਵਾਲਿਆਂ ਦਾ ਗੋਹਾ ਕੂੜਾ ਕਰਦੇ ਆਏ ਸਨ। ਉਜਰਤ, ਹੱਥਾਂ 'ਤੇ ਟੁੱਕ। ਬੁੱਕ 'ਚ ਦਾਲ। ਘੂਰ ਥੱਲੇ ਕੰਮ। ਜੰਮਣਾ ਪਿੱਛੋਂ, ਮਰ ਪਹਿਲਾਂ ਜਾਣਾ।

ਬਾਰੂ ਵੀ ਆਪਣੇ ਪੁਰਖਿਆਂ ਦੀ ਰਿਵਾਇਤ ਲੈ ਕੇ ਜੰਮਿਆ। ਇਸੇ ਲਈ ਹਵੇਲੀ ਦੇ ਵੱਗ ਪਿੱਛੇ ਮੋਤੇ ਲਾਉਂਦਿਆਂ, ਉਹਦੇ ਬਚਪਨ ਦੇ ਤੋਤਲੇ ਵਰ੍ਹੇ, ਡੰਗਰਾਂ ਦੇ ਖੁਰਾਂ ਨਾਲ ਉੱਠੀ ਧੂੜ ਵਿਚ ਹੀ ਕਿਧਰੇ ਗੁਆਚ ਗਏ ਸਨ। ਹੱਥਾਂ 'ਚ ਗੋਹਾ ਮੁਸ਼ਕਦਾ। ਗਿੱਟਿਆਂ ਦੀਆਂ ਬਿਆਈਆਂ

'ਚੋਂ ਢਾਬ ਦਾ ਤ੍ਰੌਕਿਆ ਚਿੱਕੜ ਝਾਕਦਾ। ਮੁੜ੍ਹਕੇ 'ਚੋਂ ਮਰੇ ਬੋਕ ਜਿਹੀ ਭਾੜ ਮਾਰਦੀ। ਸਾਹਾਂ 'ਚੋਂ ਗੁਰਬਤ ਦੀ ਗੰਧ ਆਉਂਦੀ।

ਕੇਰਾਂ ਸਰਦੂਲ ਸਿੰਘ ਬਾਹਰਲੀ ਹਵੇਲੀ ਦੇ ਵਾੜੇ 'ਚ ਬੋਤਲ ਖੋਲ੍ਹੀ ਬੈਠਾ ਸੀ। ਨਾਲ ਕਰਨਪੁਰੀਆ ਸਿੰਘ। ਮਹਾਰਾਜਾ ਪਟਿਆਲਾ ਦੇ ਡਿਉਢੀਏ ਦਾ ਪੁੱਤਰ। ਦੂਲਾ ਤਰਾਰੇ 'ਚ ਆਇਆ ਤਾਂ ਉਸ ਸਰਦਾਰੀ ਦਾ ਪ੍ਰਮਾਣ ਦੇਣ ਲਈ ਬੱਕਰਾ ਬੁਲਾਇਆ। ਬੁਲਬਲੀ ਮਾਰੀ। ਕੁੱਕੜ ਰਿੰਨ੍ਹਦੇ ਸੀਤੂ ਮਹਿਰੇ ਨੂੰ ਗਾਲ੍ਹ ਕੱਢੀ। ਫਿਰ ਪ੍ਰਹਾਤੇ 'ਚ ਪੱਠੇ ਕੁਤਰਦੇ ਬਾਰੂ ਕੋਲ ਆਇਆ।

"ਕਿਮੇਂ ਕੁਤਰਦੈਂ ਉਏ ਡੰਗਲੂ ਜੇ... ਸਾਲਾ ਢੇਡ!"

ਬਾਰੂ ਉੱਠਿਆ। ਦੂਲੇ ਦੇ ਨੇੜੇ ਆਇਆ। ਟੋਕੇ ਦੇ ਦੰਦ ਅੱਗੋਂ ਉਂਗਲ ਅਤੇ ਅੰਗੂਠੇ ਦੀ ਚੂੰਢੀ ਨਾਲ ਹਰਾ ਸਾਫ ਕੀਤਾ। ਅੱਖਾਂ 'ਚ ਸਿੱਧਾ ਝਾਕਿਆ।

"ਪੱਠੇ ਤਾਂ ਐਂ ਈ ਕੁਤਰੂੰ... ਬੰਦਾ ਕਹੇਂ ਬੋਟੀ ਬੋਟੀ ਕੱਢ ਦਿਨਾਂ!"

ਦੂਲਾ ਠਿਠਕਿਆ। ਉਹਨੇ ਪਹਿਲੀ ਵੇਰ ਬਾਰੂ ਵੱਲ ਧਿਆਨ ਨਾਲ ਦੇਖਿਆ। ਮੁੰਡੇ ਦੀ ਮੱਸ ਬਰੀਕ ਲੂੰਈ 'ਚ ਫੁੱਟ ਰਹੀ ਸੀ, ਅਤੇ ਮਟਿਆਲੀਆਂ ਅੱਖਾਂ ਵਿਚ ਕਿਸੇ ਹੋਣੀ ਦੀ ਚਿਣਗ ਸੀ।

ਬਾਰੂ ਨੇ ਬੋਲ ਭਾਵੇਂ ਬਹੁਤ ਹੌਲੀ ਕਹੇ ਸਨ। ਪਰ ਕਰਨਪੁਰੀਏ ਸਿੰਘ ਨੂੰ ਵੀ ਸੁਣੇ। ਉਹਦੀ ਸਾਰੀ ਪੀਤੀ ਸੁਰਕ ਹੋ ਗਈ।

ਪਰ ਦੂਲੇ ਗੱਲ ਹਾਸੇ 'ਚ ਪਾ ਲਈ।

"ਸਾਲਾ ਬੇਰੜ ਜਾ... ਕਿਸੇ ਰੰਘੜ ਦਾ ਤੁਖਮ... ਤੂੰ ਪੈਗ ਪਾ ਜਾਰ!"

ਸਿੰਘ ਦੇ ਜਾਂਦੇ ਹੀ ਬਾਰੂ ਵਾੜੇ ਵਿਚ ਢਾਹ ਲਿਆ ਗਿਆ।

ਕੁੱਟ ਦਾ ਭੰਨਿਆ ਬਾਰੂ, ਤਕਾਲੀਂ ਸੁੱਖੇ ਮਿਸਤਰੀ ਕੋਲ ਜਾ ਖੜ੍ਹਾ।

ਸੁੱਖਾ ਹੈਰਾਨੀ ਨਾਲ ਬਾਰੂ ਵੱਲ ਝਾਕਿਆ। ਉਹ ਜਾਣਦਾ ਸੀ ਬਾਰੂ ਉਹਨੂੰ ਕਿਸੇ ਰੰਘੜ ਦਾ ਤੁਖਮ ਹੋਣ ਬਾਰੇ ਕਿਉਂ ਪੁੱਛ ਰਿਹਾ ਸੀ। ਤੁਖਮ ਦਾ ਮਤਲਬ ਬਿੰਦ। ਬਿੰਦ ਦਾ ਮਤਲਬ ਬੀਜ। ਕੁੱਖ 'ਚ ਬੀਜੇ ਜਾਣ ਵਾਲਾ।

"ਬੇਰੜ ਦਾ ਮਤਲਬ ਅਸ਼ੁੱਧ। ਦੋਗਲਾ। ਨਾ ਕਣਕ ਅਸਲੀ, ਨਾ ਛੋਲੇ।" ਪਰ ਇਹਨਾਂ ਗੱਲਾਂ ਦਾ ਮੇਰੇ ਨਾਲ ਕੀ ਮਤਲਬ? ਬਾਰੂ ਵਾਰ ਵਾਰ ਪੁੱਛਿਆ। ਫਿਰ ਸੁੱਖੇ ਮਿਸਤਰੀ, ਦੂਲੇ ਦੀ ਪਸ਼ੇਨਗੋਈ ਅਤੇ ਉਹਦੇ ਪਿੱਛੇ ਲੁਕੇ ਅਰਥਾਂ ਬਾਰੇ ਜੋ ਵੀ ਖੋਲ੍ਹ ਕੇ ਦੱਸਿਆ ਉਹ ਮਛੇਰੂ ਉਮਰ ਬਾਰੂ ਦੇ ਦੰਦ ਜੋੜਨ ਲਈ ਕਾਫ਼ੀ ਸੀ।

ਮੌਕਾ ਦੇਖ, ਸੁੱਖੇ ਨੇ ਹੋਰ ਕਿਹਾ।

"ਇਹ ਤਗੜੇ ਸਦੀਆਂ ਤੋਂ ਸਾਡੀ ਇੱਜ਼ਤ, ਆਬਰੂ ਅਤੇ ਮਾਸੂਮੀਅਤ ਨੂੰ ਆਪਣੀ ਹੀ ਮਲਕੀਅਤ ਸਮਝਦੇ ਰਹੇ ਅਤੇ ਸਾਨੂੰ ਆਪਣੀ ਹੀ ਅਯਾਸ਼ੀ ਦਾ ਕਚਰਾ। ਚਿੱਤ ਵੀ ਇਹਨਾਂ ਦੀ। ਪੱਟ ਵੀ ਇਹਨਾਂ ਦੀ। ਬੋਲਦੇ ਨਹੀਂ ਤਾਂ ਦਲਿਤ ਹਾਂ। ਵਿਚਾਰੇ ਹਾਂ। ਬੋਲਦੇ ਹਾਂ ਤਾਂ ਉਹਨਾਂ ਦਾ ਹੀ ਰੰਘੜਊ ਬੋਲਦੇ ਸਾਡੇ ਵਿਚ। ਬੱਸ ਹੁਣ ਹੋਰ ਨਹੀਂ। ਇਸ ਸਦੀ ਤੋਂ ਅੱਗੇ ਨਹੀਂ। ਇਹ ਜ਼ੁਲਮ ਅਤੇ ਧੋਖੇ ਦੀ ਆਖ਼ਰੀ ਸਦੀ ਏ ਜੁਆਨਾ। ਇਸ ਹੋਣੀ ਨੂੰ ਠੱਲ੍ਹ ਪਾ ਸਕਦੇ ਓ ਤੁਸੀਂ।"

'ਕਿਵੇਂ?' ਬਾਰੂ ਦਾ ਲਹੂ ਖੌਲਣ ਲੱਗਾ।

ਸੁੱਖੇ ਸੀਤਾ ਦੀ ਕਥਾ ਕਹੀ। ਕਿ ਕਿਵੇਂ ਸੀਤਾ ਨੇ ਕੁਸ਼ ਅਤੇ ਲਹੂ ਨੂੰ ਬਾਲਮੀਕੀ ਆਸ਼ਰਮ ਦੀ ਪੁੱਠ, ਸੋਚ ਅਤੇ ਸਿੱਖਿਆ ਦਿੱਤੀ ਅਤੇ ਧੋਖਾ ਕਰਨ ਵਾਲੀ ਧਿਰ ਦੇ ਵਿਰੁੱਧ ਪੁੱਤਾਂ ਨੂੰ ਹੀ ਖੜ੍ਹਾ ਕਰ ਦਿੱਤਾ।

ਬਾਰੂ ਨੇ ਸੁਣਿਆ। ਮਹਿਸੂਸ ਕੀਤਾ। ਉਸ ਦਿਨ ਤੋਂ ਬਾਅਦ ਜੀਵਨ ਵਿਚ ਤਾਂ ਕੋਈ ਬਦਲਾਓ ਨਾ ਆਇਆ। ਪਰ ਬਾਰੂ ਨੂੰ ਦੂਲਾ ਤੇ ਆਪਣਾ ਆਪ ਹੋਰੂੰ ਹੋਰੂੰ ਦਿੱਸਣ ਲੱਗੇ।

**ਦ੍ਰਿਸ਼-5**

ਇਕ ਦਿਨ ਬਾਰੂ ਲਈ ਫਿਰ ਸ਼ਾਮਤ ਦੀ ਘੜੀ ਆ ਗਈ। ਦੋਸ਼ ਸਜ਼ਾਇ ਮੌਤ ਜਿਹਾ ਸੀ।

ਇਸ ਵੇਰ ਬਾਰੂ ਅੰਦਰਲੀ ਹਵੇਲੀ ਦੇ ਦਲ੍ਹਾਨ 'ਚ ਕੋਹਿਆ ਗਿਆ। ਠੁੱਡੇ, ਥੱਪੜ, ਬੈਂਤ ਵਰ੍ਹ ਤਾਂ ਰਹੇ ਸਨ; ਪਰ ਅੱਗੋਂ ਕੋਈ ਚੀਕ ਨਹੀਂ ਸੀ ਰਿਹਾ। ਦੂਲਾ ਤੜਪ ਉੱਠਿਆ। ਉਹ ਕੀਹਨੂੰ ਕੁੱਟ ਰਿਹਾ ਸੀ?

ਪੀੜ ਵਿਚ ਵਿੰਨ੍ਹੇ ਬਾਰੂ ਨੇ ਦੇਖਿਆ, ਬਹੁਤ ਵੱਡਾ ਕਮਰਾ ਸੀ। ਧਰਮਸਾਲਾ ਤੋਂ ਵੀ ਵੱਡਾ। ਉੱਚੀ ਛੱਤ। ਵੱਢੂ ਖਾਣਿਆਂ ਦੇ ਚੁਬਾਰੇ ਤੋਂ ਵੀ ਉੱਚੀ। ਉੱਠਾਂ ਜੇਡ ਬੂਹੇ। ਦਿਉ ਕੱਦ ਤਸਵੀਰਾਂ। ਬਾਰੂ ਸਾਮ੍ਹਣੀ ਕੰਧ ਦੇਖੀ। ਕਿਸੇ ਰਾਜੇ ਦੇ ਪੈਰੀਂ ਤੜਪਦੀ ਹਿਰਨੀ ਪਈ ਸੀ। ਬੇ ਬਸ। ਲਾਚਾਰ। ਰਾਜਾ ਉਹਦੇ ਧੜ 'ਤੇ ਤਿੱਲੇ ਵਾਲੀ ਜੁੱਤੀ ਪਾਈ ਖੜ੍ਹਾ ਸੀ। ਹੱਥ 'ਚ ਰਫ਼ਲ। ਮੁੱਛ ਤੇ ਹੱਥ।

ਬਾਰੂ ਇਕ ਟੱਕ ਦੇਖੀ ਗਿਆ ਤਾਂ ਦੂਲਾ। ਡਰ ਕੇ ਪਰ੍ਹੇ ਜਾ ਖੜ੍ਹਾ। ਲੱਗਾ, ਜਿਵੇਂ ਕਿਸੇ ਕੰਧ ਨੂੰ ਕੁੱਟ ਕੇ ਹਟਿਆ ਸੀ।

ਪਰ ਬਾਰੂ ਕਿਤੇ ਹੋਰ ਵੀ ਸੀ...

ਬਾਰੂ ਸੋਚਿਆ, ਆਖ਼ਰ ਤਬੇਲੇ ਦੀ ਉਸ ਹਨੇਰੀ ਗੁੱਠ ਵਿਚ ਉਹਨੇ ਕੀ ਵੇਖਿਆ ਸੀ; ਯਾਦ ਆਇਆ। ਉਹਨੇ ਤਾਂ ਸਿਰਫ਼ ਤਬੇਲੇ ਦੀ ਹਨੇਰੀ ਗੁੱਠ ਵਿਚ ਆਪਣੀ ਕੰਮੋਂ ਭੈਣ ਦਾ ਨੰਗਾ ਹਾਸਾ, ਡੰਗਰਾਂ ਦਾ ਮਲ ਮੂਤਰ ਤੇ ਦੂਲੇ ਦੀ ਲਿਸ਼ਕਦੀ ਐਚਕਨ ਦੇਖੀ ਸੀ। ਚੰਗਿਆੜੇ ਛੱਡਦੀ। ਅਗਲੇ ਹੀ ਪਲ ਉਹਨਾਂ ਚੰਗਿਆੜਿਆਂ ਵਿਚ ਉਹਦੀ ਭੈਣ ਦਾ ਜੋਬਨ ਅਤੇ ਉਹਦੇ ਸਾਹ ਮੱਚਣ ਲੱਗੇ ਸਨ। ਤੇ ਇਕ ਘੜੀ ਉਹ ਸਿਲ ਪੱਥਰ ਹੋ ਗਿਆ ਸੀ। ਭੈਣ ਦੇ ਹਾਸੇ ਸਮੇਤ।

ਅਚਾਨਕ ਹਵੇਲੀ ਦਾ ਖ਼ਾਨਸਾਮਾ ਉਧਰ ਆ ਨਿਕਲਿਆ। ਉਹਨੂੰ ਲੱਗਾ ਬਾਰੂ ਨੇ ਜੋ ਕੁਝ ਵੇਖਿਆ ਸੀ। ਉਹਨੂੰ ਵੇਖਣਾ ਨਹੀਂ ਸੀ ਚਾਹੀਦਾ।

ਉਸ ਬਾਰੂ ਨੂੰ ਧੱਕਾ ਦੇ ਤਬੇਲੇ ਤੋਂ ਬਾਹਰ ਸਿੱਟਿਆ।

ਬਾਰੂ ਦੇ ਸਿਰ ਨੂੰ ਘੁਮੇਰ ਚੜ੍ਹੀ।

ਉਹ ਹਨੇਰੀ ਵਾਂਗ ਤਬੇਲੇ 'ਚ ਵੜਿਆ।

ਉਥੇ ਕੋਈ ਨਹੀਂ ਸੀ।

ਦੌੜ ਕੇ ਬਾਹਰ ਆਇਆ। ਦੂਲਾ ਪਾਣੀ ਦੀ ਟੈਂਕੀ ਕੋਲ ਖੜ੍ਹਾ ਸੀ।

ਕੰਮੋ ਕਿਤੇ ਨਹੀਂ ਸੀ...

ਬਾਰੂ ਮੱਚ ਰਿਹਾ ਸੀ।...

ਉਹ ਫਿਰ ਤਬੇਲੇ 'ਚ ਗਿਆ, ਤੇ ਘੋੜੀ ਦੇ ਇਕ ਭਲੂਣ ਵਛੇਰੇ ਨੂੰ ਬੇ ਤਹਾਸ਼ਾ ਕੁੱਟਣ ਲੱਗਾ। ਜਦ ਤੱਕ ਉਹ ਮਰ ਨਾ ਗਿਆ।

ਵਛੇਰਾ ਦੂਲੇ ਦੇ ਪਿਉ ਨੇ ਨਾਭੇ ਵਾਲੇ ਰਾਜੇ ਤੋਂ ਸਿਉਨੇਂ ਨਾਲ ਤੋਲ ਕੇ ਲਿਆ ਸੀ।

ਬਾਰੂ ਦੀ ਇਹ ਵਹਿਸ਼ਤ ਤਬੇਲੇ ਦੇ ਹਨੇਰੇ ਅਤੇ ਮਲ ਮੂਤਰ ਨੇ ਦੇਖੀ ਸੀ। ਪਰ ਦੂਲੇ ਦੀ ਵਹਿਸ਼ਤ ਸਾਰੇ ਪਿੰਡ ਨੇ ਦੇਖੀ।

ਲੋਕ ਬਾਰੂ ਨੂੰ ਮਰਿਆ ਕਿਆਸ ਰਹੇ ਸਨ। ਕਿਸੇ ਮਨੁੱਖੀ ਦੇਹ ਲਈ ਇਤਨੀ ਮਾਰ, ਕਾਂਬਾ ਛੇੜਦੀ ਸੀ। ਪਰ ਉਹਦਾ ਬੇ ਜ਼ਬਾਨੇ ਪਸ਼ੂ ਨਾਲ ਕੀ ਵੈਰ ਸੀ? ਸਭ ਦੀ ਸਮਝ ਤੋਂ ਬਾਹਰ ਸੀ।

"ਹੱਦ ਹੋ ਗਈ ਯਾਰ। ਕਹਿੰਦੇ ਮਰੇ ਹੋਏ ਨੂੰ ਹੀ ਮਾਰੀ ਗਿਆ।"

"ਕੀ ਖੱਟ ਲਿਆ? ਹੱਡਾਂ 'ਚ ਪਾਣੀ ਪੁਆ ਲਿਆ। ਅਗਲਿਆਂ ਦਾ ਹਵਾਈ ਵਛੇਰਾ ਸੀ। ਗੁੱਸੇ 'ਚ ਆਏ ਭਮਾਂ ਸਾਰਾ ਪਿੰਡ ਫੂਕ ਦਿੰਦੇ।"

"ਕਹਿੰਦੇ ਵਲੈਤੋਂ ਲੁਆ ਕੇ ਲਿਆਂਦੀ ਘੋੜੀ। ਅਗਲੀ ਜਹਾਜ਼ 'ਚ ਗਈ। ਜਹਾਜ਼ 'ਚ ਆਈ।"

ਦੂਲਾ ਜਦੋਂ ਬਾਰੂ ਨੂੰ ਕੁੱਟਦਾ ਪਿੰਡ ਦੀ ਸੱਥ 'ਚ ਲੈ ਆਇਆ ਤਾਂ ਲੋਕ ਨਹੀਂ ਸੀ ਜਾਣਦੇ, ਉਹ ਲਹੂਉ ਲੁਹਾਣ ਕਿਸੇ ਹੋਣੀ ਨੂੰ ਦੇਖ ਰਹੇ ਸਨ।

ਦੂਲਾ ਚੀਕ ਰਿਹਾ ਸੀ।

"ਮੈਂ ਸਾਲੇ ਦੇ ਟੱਬਰ ਨੂੰ ਨੰਗਾ ਕਰੂ ਪਿੰਡ ਦੇ ਸਾਹਮਣੇ। ਸਮਝਿਆ ਕੀ ਐ ਇਹਨੇ...। ਕੰਜਰ ਨੇ ਲੱਖਾਂ ਦਾ ਵਛੇਰਾ ਮਾਰ ਤਾ... ਬਿਨਾਂ ਮਤਲਬ...।"

ਬਾਰੂ ਕੁਝ ਨਹੀਂ ਸੀ ਸੁਣ ਰਿਹਾ।

ਅਚਾਨਕ ਬਾਰੂ ਦੀ ਮਾਂ ਅਤੇ ਪਿਉ ਲਿਲ੍ਹਕੜੀਆਂ ਲੈਣ ਲੱਗੇ।

"ਰੱਬ ਦਾ ਵਾਸਤਾ ਦਾਤਿਆ... ਆਹ ਨੰਗਾ ਕਰਨ ਦਾ ਜ਼ੁਲਮ ਨਾ ਕਰੀਂ।"

ਉਹ ਦੂਲੇ ਦੇ ਪੈਰੀਂ ਵਿਛ ਗਏ।

ਬਾਰੂ ਅੱਖ ਪੱਟ ਕੇ ਦੇਖਿਆ। ਹਜੂਮ ਦੇਖ ਰਿਹਾ ਸੀ।

ਬਾਰੂ ਦੇ ਮੱਥੇ ਉਬਾਲ ਆਇਆ। ਉਹਨੇ ਬਿਨਾਂ ਸੋਚੇ, ਲਾਗਲੀ ਨਿੰਮ 'ਤੇ ਲੱਗੇ ਡੂੰਮਣੇ 'ਤੇ ਕੱਸ ਕੇ ਵੱਟਾ ਮਾਰਿਆ।

ਅੱਖ ਝਮਕਦੇ ਤਬਾਹੀ ਮੱਚ ਗਈ।



ਡੂੰਮਣੇ ਨੇ ਲੋਕ ਸੱਥ ਵਿਚ ਹੀ ਢਾਹ ਲਏ।

"ਫੜੋ ਸਾਲੇ ਨੂੰ..." ਲੋਕ ਗਾਲ੍ਹਾਂ ਕੱਢਣ ਲੱਗੇ।

ਪਰ ਬਾਰੂ... ਆਪਣੇ ਆਪ ਤੋਂ ਵੀ ਕਿਧਰੇ ਦੂਰ ਨੱਸ ਗਿਆ। ਕੁੱਟ ਨਾਲ ਉਹਦਾ ਪੋਰ ਪੋਰ ਭੰਨਿਆ ਪਿਆ ਸੀ। ਰਹਿ ਰਹਿ ਕੇ ਉਹਦੇ ਕੰਨਾਂ ਵਿਚ ਉਹਦੀ ਭੈਣ ਦਾ ਨੰਗਾ ਹਾਸਾ ਅਤੇ ਮਾਂ ਪਿਉ ਦੀਆਂ ਲਿਲ੍ਹਕੜੀਆਂ ਗੂੰਜਦੀਆਂ। ਉਹ ਕਿੱਧਰ ਜਾ ਰਿਹਾ ਸੀ, ਪਤਾ ਨਹੀਂ ਸੀ...

**ਦ੍ਰਿਸ਼–6**

ਬਾਰੂ ਨੂੰ ਜਦੋਂ ਹੋਸ਼ ਆਈ ਉਹ ਕਿਸੇ ਅਜਨਬੀ ਦੀ ਕੁੱਲੀ ਵਿਚ ਸੀ। ਦੇਬੂ ਖੁਦ ਪੀੜ ਨਾਲ ਭਰਿਆ ਪਿਆ ਸੀ। ਬਾਰੂ ਦੀ ਹਾਲਤ ਵੇਖ ਤਰਸ ਆਇਆ। ਗਜੇ 'ਚ ਮੰਗ ਕੇ ਲਿਆਂਦਾ ਅੱਗੇ ਧਰਿਆ। ਰੋੜਾ ਤਾਪ ਸੇਕ ਕੀਤਾ। ਅੱਗਾ ਪਿੱਛਾ ਪੁੱਛਿਆ। ਬਾਰੂ ਚੁੱਪ। ਦੇਬੂ ਸਿਰ ਫੜ ਕੇ ਬੈਠ ਗਿਆ। ਉਹ ਤਾਂ ਖੁਦ ਮੁਸੀਬਤਾਂ ਨਾਲ ਘਿਰਿਆ ਪਿਆ ਸੀ, ਇਸ ਗੂੰਗੇ ਦਾ ਕੀ ਕਰੇਗਾ?

ਦੇਬੂ ਪਿਛਲੇ ਕੁਝ ਸਾਲਾਂ ਤੋਂ ਇਸ ਟਿੱਬੀ ਤੇ ਇਕੱਲਾ ਹੀ ਸੀ। ਰੁੱਖਾਂ ਦੀ ਝੰਗੀ 'ਚ ਹਵਾ ਸੀਟੀਆਂ ਮਾਰਦੀ ਤਾਂ ਦਿਨੇ ਡਰ ਲਗਦਾ। ਬਾਰੂ ਦੀ ਚੁੱਪ ਨੇ ਹੋਰ ਭੈ ਭੀਤ ਕਰ ਦਿੱਤਾ। ਦੇਬੂ ਹੋਰ ਦੁਖੀ ਹੋਇਆ ਜਦੋਂ ਉਸ ਦੇਖਿਆ, ਇਹ ਗੂੰਗਾ ਤਾਂ ਕਦੀ ਵੇਰ ਸੌਂਦਾ ਹੀ ਨਹੀਂ ਸੀ।

ਇਕ ਦਿਨ ਦੇਬੂ ਦੀ ਖਾਨਿਉਂ ਗਈ।

ਸਵੇਰੇ ਉੱਠਿਆ। ਧੂਣਾ ਖਿੰਡਿਆ ਪਿਆ ਸੀ। ਚਿਮਟਾ ਅਤੇ ਬੈਰਾਗਣ ਅੰਗਿਆਰਾਂ 'ਚ ਪਏ ਸਨ। ਦੇਬੂ ਦਹਿਲ ਗਿਆ। ਗਜਾ ਕਰਨ ਨਾ ਗਿਆ। ਤਕਾਲੀ ਬਾਰੂ ਕੋਲ ਆ ਬੈਠਾ।

"ਦੇਖ ਮੈਂ ਨੀ ਜਾਣਦਾ ਤੂੰ ਬੋਲ ਸਕਦੈਂ ਕੇ ਨਹੀਂ। ਪਰ ਇਸ ਟਿੱਬੀ ਦੀਆਂ ਸਮਾਧਾਂ 'ਤੇ ਬੈਠਾ ਮੈਂ ਹਿੰਦੂ ਨਹੀਂ। ਜ਼ਿਆਊਦੀਨ ਹਾਂ। ਸੁੰਨੀ ਮੁਸਲਮਾਨ।..."

ਬਾਰੂ ਤ੍ਰਬਕ ਕੇ ਦੇਬੂ ਦੀਆਂ ਅੱਖਾਂ 'ਚ ਝਾਕਿਆ।

"ਮੇਰੀ ਅੰਮੀ... ਅੱਬਾ, ਮੇਰਾ ਪੂਰਾ ਕੁਨਬਾ ਮਾਰ ਦਿੱਤਾ ਗਿਆ। ਹੱਲਿਆਂ 'ਚ...। ਮੇਰੀਆਂ ਭੈਣਾਂ, ਸ਼ਹਿਨਾਜ਼, ਬਾਨੋ ਤੇ ਰਜ਼ੀਆ...।"

ਦੇਬੂ ਧਾਹੀਂ ਰੋਣ ਲੱਗਾ।

"ਕਰਨਪੁਰੀਏ ਲੈ ਗਏ ਕੁੱਤੇ...। ਇੰਤਕਾਮ ਦੀ ਅੱਗ ਲਈ ਮੈਂ ਕਾਫ਼ਰਾਂ ਦੀਆਂ ਕਬਰਾਂ 'ਤੇ ਬੈਠਾ...। ਇਕ ਦਿਨ ਮਾਰ ਦਿਆਂਗਾ ਸਭ ਨੂੰ..."

ਬਾਰੂ ਉੱਠ ਕੇ ਦੇਬੂ ਨੂੰ ਜੱਫੀ ਪਾ ਲਈ।

"ਮੈਂ ਬਾਰੂ, ਬਾਲਮੀਕੀਆ... ਦਿੱਤੂਪੁਰੀਆ।"

ਦੇਬੂ ਹੈਰਾਨ। ਇਹ ਤਾਂ ਬੋਲ ਸਕਦਾ ਸੀ। ਉਸ ਦਿਨ ਤੋਂ ਬਾਅਦ ਦੋਹਾਂ ਦੀ ਅੰਦਰਲੀ ਅੱਗ ਸਾਂਝੀ ਹੋ ਗਈ।

ਦੇਬੂ ਸੋਚ ਬੋਲ ਰਿਹਾ ਸੀ। ਉਹ ਬਸ਼ੀਰ ਅਤੇ ਨਾਦਰਾ ਦਾ ਲਾਡਲਾ ਸੀ। ਜਿਸ ਦਿਨ ਉਹਦੇ ਕੁਨਬੇ ਦੀ ਬੇ ਹੁਰਮਤੀ ਹੋਈ, ਉਹ ਕੋਟਲੇ ਆਪਣੇ ਨਾਨਕੇ ਸੀ। ਪਰਤਿਆ ਤਾਂ ਸਭ ਕੁਝ

ਤਬਾਹ ਹੋ ਚੁੱਕਾ ਸੀ। ਮਾਮਿਆਂ ਨਾਨਕੇ ਪਰਤਣ ਲਈ ਕਿਹਾ। ਪਰ ਉਹ ਤਾਂ ਆਪ ਉਜਾੜੇ ਦੀ ਮਾਰ ਹੇਠ ਸਨ।

ਗਲੀਆਂ ਵਿਚ ਰੋਂਦੇ 'ਤੇ ਤਾਈ ਗੀਰੀ ਨੂੰ ਤਰਸ ਆਇਆ।

ਬੁੱਕਲ 'ਚ ਲਿਆ। ਦਿਲਾਸਾ ਦਿੱਤਾ। ਧੋਤੀ ਕੁਰਤਾ ਦਿੱਤਾ। ਮੱਥੇ ਤਿਲਕ ਲਾਇਆ।

"ਤੇਰੀਆਂ ਭੈਣਾਂ ਦੇ ਧਾੜਵੀ ਕਰਨਪੁਰੀਏ ਸੀ ਭੂੰਡੇ...। ਸੂਹ ਲੱਗੀ ਤਾਂ ਭੇਜੀ ਕੈਂਪ ਨੂੰ ਖ਼ਬਰ ਕਰੀਂ। ਆਪਣੀ ਸੂਹ ਨਾ ਲੱਗਣ ਦੇਈਂ। ਨਾਂ ਰੱਖ ਲੈ ਨਕਲੀ... ਤੇ ਨਮਾਜ਼ ਭੁੱਲ ਜਾ ਹਾਲ ਦੀ ਘੜੀ।"

ਤੇ ਸੁੰਨੀ ਦਿਆਬੁਦੀਨ ਮੱਥੇ ਤਿਲਕ ਲਾਈ, ਇਸ ਟਿੱਬੀ ਵੱਲ ਆ ਨਿਕਲਿਆ। ਰੁੱਖਾਂ ਦੀ ਝੰਗੀ ਵਿਚ ਕੋਠੜੀ, ਖੂਹੀ ਅਤੇ ਸਮਾਧਾਂ ਦੀ ਛਤੱਤ ਸੁੰਨੀ ਪਈ ਸੀ। ਲੱਗਾ, ਅੱਲ੍ਹਾ ਪਾਕ ਨੇ ਇਹ ਥਾਂ ਉਸੇ ਲਈ ਬਣਾਈ ਸੀ। ਉਹਨੇ ਦਿਨਾਂ ਵਿਚ ਹੀ ਸਮਾਧਾਂ ਝਾੜ ਪੂੰਝ ਦਿੱਤੀਆਂ ਅਤੇ ਤਹੱਈਆ ਕੀਤਾ, ਕਿ ਗਜਾ ਕਰਨ ਦੇ ਪੱਜ ਉਹ ਭੈਣਾਂ ਦੀ ਸੂਹ ਕੱਢ ਲਵੇਗਾ।

ਇਕ ਦਿਨ ਉਸ ਸਮਾਧ ਦੀ ਪਿਛਲੀ ਕੰਧ ਵਿਚ ਲੱਗੀ ਸਿਲ ਦੇ ਅੱਖਰ ਉਠਾਲੇ। ਮਹੰਤ ਹਰੀ ਦਾਸ, ਸੰਮਤ 1783, ਸਕਨਾ ਹਮੀਰਪੁਰ ਤਹਿਸੀਲ ਪੱਟੀਵਾਲਾ।

ਇਸ ਤੋਂ ਬਾਅਦ ਦਾ ਇਤਿਹਾਸ ਦੇਬੂ ਤੇ ਬਾਰੂ ਦੇ ਅੰਦਰਲੀ ਅੱਗ ਦਾ ਇਤਿਹਾਸ ਸੀ; ਜੋ ਲਿਖਿਆ ਜਾਣਾ ਸੀ।

ਦੇਬੂ ਨੂੰ ਸੂਹ ਮਿਲੀ, ਕਰਨਪੁਰੀਆਂ ਉਹਦੀਆਂ ਭੈਣਾਂ, ਯੂ.ਪੀ. ਵੱਲ ਕਿਧਰੇ ਤੋਰ ਦਿੱਤੀਆਂ ਸਨ। ਪਰ ਗੱਡੀ ਵਿਚ ਰੌਲਾ ਪੈ ਜਾਣ ਕਾਰਨ ਕੁੜੀਆਂ ਪਾਕਿਸਤਾਨ ਭੇਜ ਦਿੱਤੀਆਂ ਗਈਆਂ। ਖ਼ਬਰ ਦੇਬੂ ਨੂੰ ਹੌਸਲਾ ਤਾਂ ਦਿੰਦੀ ਸੀ, ਯਕੀਨ ਨਹੀਂ ਸੀ ਦਿੰਦੀ। ਇਸ ਲਈ ਤਲਾਸ਼ ਉਹਦੀਆਂ ਅੱਖਾਂ 'ਚ ਆ ਕੇ ਕਿਧਰੇ ਅਟਕ ਗਈ।

ਇਕ ਦਿਨ ਬਾਰੂ ਕਿਤੇ ਛਪਣ ਹੋ ਗਿਆ।

ਦੂਜੇ ਦਿਨ ਬਾਰੂ ਦੀ ਭੈਣ ਕੰਮੋ, ਘਰ ਦੇ ਵਿਹੜੇ 'ਚ ਵੱਢੀ ਪਈ ਮਿਲੀ। ਕਾਰਾ ਬਾਰੂ ਦਾ ਸੀ। ਹਰ ਕੋਈ ਜਾਣਦਾ ਸੀ। ਪਰ ਕੋਈ ਚਸ਼ਮਦੀਦ ਨਹੀਂ ਸੀ। ਫਿਰ ਵੀ ਖ਼ਬਰ ਚੁਫੇਰੇ ਦੇ ਪਿੰਡਾਂ ਵਿਚ ਜੰਗਲ ਦੀ ਅੱਗ ਵਾਂਗ ਫੈਲੀ। ਦੂਲੇ ਦੀ ਦਹਿਸ਼ਤ ਕਾਰਨ, ਪਿੰਡ ਵਿਚ ਉਹਦੇ ਹੁਕਮਾਂ ਤੋਂ ਬਿਨਾਂ ਚਿੜੀ ਨਹੀਂ ਸੀ ਫਟਕਦੀ। ਦੂਲੇ ਨੂੰ ਲੱਗਾ, ਮੁੱਛ ਮੁੰਨੀ ਗਈ।

ਕਿਸੇ ਪੁਲਿਸ ਨੂੰ ਇਤਲਾਹ ਦੇਣ ਲਈ ਕਿਹਾ।

ਤਦ ਤੱਕ ਕੰਮੋ ਸਿਵਿਆਂ 'ਚ ਮੱਚ ਚੁੱਕੀ ਸੀ।

"ਨਹੀਂ... ਨਾ ਮੁੱਦਾ, ਨਾ ਗਵਾਹ। ਪੁਲਿਸ ਠੁੱਸ। ਮੈਂ ਦਊਂ ਸਜ਼ਾ ਸਾਲੇ ਨੂੰ...।"

ਉਧਰ ਬਿਹੜਾ ਸੱਥਰ 'ਤੇ ਬੈਠਿਆ। ਇਧਰ ਦੂਲਾ ਬਾਰੂ ਦੇ ਦੋਵੇਂ ਹੱਥ ਸ਼ਾਹੀ ਪਲੰਘ ਦੇ ਪਾਵਿਆਂ ਹੇਠ ਰਖਵਾ ਕੇ ਪਲੰਘ 'ਤੇ ਨੱਚਣ ਲੱਗਾ। ਪਾਗਲ ਹੋਇਆ।

ਏਧਰ ਤ੍ਰਕਾਲਾਂ ਉਤਰੀਆਂ, ਓਧਰ ਬਾਰੂ ਦੀਆਂ ਅੱਖਾਂ 'ਚ ਕੁਝ ਉੱਤਰਿਆ। ਪਹਿਲਾਂ ਤਾਂ ਲੱਗਾ ਸਿਰ ਤੋਂ ਵਗਦਾ ਲਹੂ ਹੀ ਅੱਖਾਂ 'ਚ ਪੈ ਰਿਹਾ ਸੀ। ਫਿਰ ਲੱਗਾ, ਨਹੀਂ। ਇਹ ਤਾਂ ਪਾਵਿਆਂ ਹੇਠ ਦਿੱਤੇ ਹੱਥਾਂ ਵਿਚਲੀ ਸੁੰਨ ਦਾ ਹਨੇਰ ਹੀ ਉਹਦੀਆਂ ਅੱਖਾਂ ਪਿੱਛੇ ਪੱਸਰ ਰਿਹਾ ਸੀ।

## ਦ੍ਰਿਸ਼-7

ਬਾਰੂ ਦੁਬਾਰਾ ਡੇਰੇ ਆਇਆ ਤਾਂ ਸਹੀ; ਪਰ ਬਹੁਤਾ ਚਿਰ ਟਿਕਿਆ ਨਾ। ਸੁੱਖੇ ਮਿਸਤਰੀ ਦੇ ਹੱਥੇ ਜਾ ਚੜ੍ਹਿਆ। ਸੁੱਖਾ ਅਸਲ 'ਚ ਬਾਰੂ ਦੇ ਰੋਹ ਨੂੰ ਪਾਰਟੀ ਰੈਲੀਆਂ 'ਚ ਝੋਕਣਾ ਚਾਹੁੰਦਾ ਸੀ। ਉਸ ਬਾਰੂ ਨੂੰ ਸ਼ਹਿਰ ਦਿਹਾੜੀ ਲਈ ਰਾਜ਼ੀ ਕਰ ਲਿਆ।

ਵੇਖਣ ਸੁਣਨ ਨੂੰ ਠੀਕ; ਪਰ ਨੱਕ 'ਤੇ ਗੁੱਸਾ, ਜੀਭ 'ਤੇ ਜ਼ਹਿਰ ਦਿਹਾੜੀ ਨੂੰ ਰਾਸ ਨਹੀਂ ਸੀ ਆ ਰਹੀ। ਬਾਰੂ ਸੁੱਖੇ ਨਾਲ ਹੀ ਉਲਝ ਜਾਂਦਾ। ਕਿਤੇ ਭੁੱਲ ਕੇ ਸੁੱਖਾ ਛੇਤੀ ਆਉਣ ਲਈ ਹਾਕ ਮਾਰ ਲੈਂਦਾ ਤਾਂ ਬਾਰੂ ਜ਼ਹਿਰ ਉਗਲਦਾ।

"ਦੇਖ ਸੁੱਖਾ ਸਿਆਂ। ਜ਼ਿਆਦਾ ਬੁਕੇਂ ਗਾ ਤਾਂ ਓਨੀ ਦੇਰ ਲਾ ਕੇ ਆਊਂ। ਬਹੁਤੀ ਚਿੜ ਪੀਤ ਐ ਤਾਂ ਸੁਣ, ਜਿੰਨੀ ਵੇਰ ਮੈਂ ਭਾਰ ਚੁੱਕ ਕੇ ਪੌੜੀ 'ਤੇ ਚੜ੍ਹਦਾਂ, ਤੂੰ ਖਾਲੀ ਚੜ੍ਹ ਕੇ ਦਖਾ...। ਜੇ ਫੇ ਵੀ ਹਾਕ ਮਾਰੀ ਤਾਂ ਆਹ ਕਹੀ ਦੇਖੀ ਐ... ਇਕ ਟੱਕ ਨੀ ਸਹਿਣਾ ਪੈਣ ਨੇ...।"

ਸੁੱਖਾ ਬਜ਼ਿਦ ਸੀ। ਉਸ ਲਈ ਬਾਰੂ ਨੂੰ ਸਹਿਣਾ ਸੌਖਾ ਨਹੀਂ ਸੀ। ਉਹ ਬਾਰੂ 'ਚੋਂ ਕਿਸੇ ਵਿਦਰੋਹ ਦੀ ਚਿਣਗ ਵੇਖ ਰਿਹਾ ਸੀ। ਪਰ ਬਾਰੂ ਸੀ ਕਿ ਬੇ ਮਤਲਬ ਬਖੇੜਾ ਖੜ੍ਹਾ ਕਰੀ ਰੱਖਦਾ।

ਕਿਸੇ ਦਾ ਢਹਿ ਕੇ ਘਰ ਬਣ ਰਿਹਾ ਸੀ। ਘਰ ਦੀ ਸੁਆਣੀ ਨੇ ਬੋਤਲਾਂ 'ਚ ਮਨੀ ਪਲਾਂਟ ਦੀਆਂ ਵੇਲਾਂ ਲਾ ਰੱਖੀਆਂ ਸਨ। ਮੁਰਝਾਉਣ ਲੱਗੀਆਂ ਤਾਂ ਡਾਨ ਧੋ ਕੇ ਪਾਣੀ ਪਾਉਣ ਲੱਗੀ। ਸੁੱਕਣ ਲੱਗੀਆਂ ਤਾਂ ਏਧਰ ਓਧਰ ਰੱਖਣ ਲੱਗੀ।

ਇਕ ਦਿਨ ਬਾਰੂ ਨੇੜੇ ਜਾ ਖੜ੍ਹਿਆ।

"ਕੀ ਕਰਦੀ ਐਂ ਬੀਬੀ...?"

ਸੁਆਣੀ ਦੱਸਿਆ ਕਿ ਵੇਲ ਜਿਤਨੇ ਵੱਡੇ ਪੱਤੇ ਕੱਢੂ, ਓਨੇ ਵੱਡੇ ਨੋਟ ਘਰ 'ਚ ਆਉਣਗੇ।

"ਕਮਲੀ ਐਂ ਤੂੰ... ਆਹ ਜੀਹਦੇ ਘਰੇ ਮਿਸਤਰੀ ਵੜਗੇ, ਇਹ ਤਾਂ ਬੰਦੇ ਨੂੰ ਪੱਤਾ ਕੱਢਣ ਜੋਗਾ ਨੀ ਛੱਡਦੇ... ਇਹ ਬੇਲ ਸਾਲੀ ਕਿੱਥੋਂ ਪੱਤਾ ਕੱਢ ਜੂ...।"

ਸੁਆਣੀ ਬੁਰਾ ਮੰਨ ਗਈ।

ਥੋੜ੍ਹੀ ਦੇਰ ਬਾਅਦ ਸੁੱਖਾ ਬਾਹਰਲਾ ਗੇਟ ਫਿੱਟ ਕਰਨ ਲੱਗਾ। ਗੇਟ ਵਜ਼ਨੀ ਸੀ। ਤਦ ਨੂੰ ਘਰ ਦਾ ਮਾਲਕ ਵੀ ਨੇੜੇ ਆ ਖੜ੍ਹਾ। ਬਾਰੂ ਨੂੰ ਜਦੋਂ ਕਈ ਵੇਰ ਗੇਟ ਚੁੱਕ ਕੇ ਏਧਰ ਓਧਰ ਕਰਨਾ ਪਿਆ ਤਾਂ ਉਹ ਮਾਲਕ ਵੱਲ ਝਾਕਿਆ।

"ਗੱਲ ਸੁਣ... ਦਿਹਾੜੀਦਾਰਾਂ ਲਈ ਤਾਂ ਤੇਰੇ ਘਰੇ ਚਾਹ 'ਚ ਪਾਉਣ ਨੂੰ ਮਿੱਠਾ ਨੀ... ਆਹ ਬੂਹੇ ਤੇ ਐਨਾ ਲੋਹਾ ਥੱਪਿਐ, ਇਹਨੂੰ ਕੀ ਟੱਕਰ ਮਰਵਾਏਂਗਾ ਹਾਥੀ ਦੀ...?"

ਮਾਲਕ ਚਾਹੁੰਦਾ ਤਾਂ ਧੱਕੇ ਮਾਰ ਕੇ ਕੱਢ ਦਿੰਦਾ। ਪਰ ਉਹ ਸੁੱਖੇ ਦੇ ਮੂੰਹ ਨੂੰ ਚੁੱਪ ਰਿਹਾ। ਪਰ ਗੱਲ ਇੱਥੇ ਹੀ ਨਾ ਮੁੱਕੀ। ਇਕ ਦਿਨ ਦੁਪਹਿਰ ਛੁੱਟੀ ਵੇਲੇ ਬਾਰੂ ਨੇ ਹਾਲੇ ਬੁਰਕੀ ਤੋੜੀ ਹੀ ਸੀ ਕਿ ਉਹਨੇ ਦੇਖਿਆ, ਨੇੜੇ ਹੀ ਲੱਗੇ ਸ਼ਮਿਆਨਿਆਂ ਪਿਛਵਾੜੇ, ਵਿਆਹ ਦੀ ਰੋਟੀ ਲਈ ਕੋਈ ਪੂਰਬੀਆ ਮੁਰਗੇ ਝਟਕਾਉਣ ਦੇ ਆਹਰ 'ਚ ਸੀ। ਬਾਰੂ ਉੱਠਿਆ, ਪੂਰਬੀਆ ਪਰ੍ਹਾਂ ਕੀਤਾ ਅਤੇ ਆਪ ਮੁਰਗੇ ਝਟਕਾਉਣ ਲੱਗਾ।

ਉਹ ਕਿਸੇ ਵਹਿਸ਼ੀ ਵਾਂਗ ਕੁੱਕੜ ਦੀ ਸਿਰੀ ਮਰੋੜ, ਇਕ ਨੂੰ ਗੋਡੇ ਹੇਠ ਰੱਖਦਾ, ਦੂਜੇ ਦੇ ਖੰਭ ਖੋਹਣ ਲੱਗਦਾ ਅਤੇ ਕਿਸੇ ਤੀਜੇ ਦੀ ਹੋਰ ਗਿੱਚੀ ਮਰੋੜ ਰਿਹਾ ਹੁੰਦਾ। ਹੱਥਾਂ ਅਤੇ ਮੂੰਹ 'ਤੇ ਲਹੂ ਦੇ ਛਿੱਟੇ ਅਤੇ ਖੰਭ ਚਿਪਕ ਜਾਣ ਕਾਰਨ ਉਹ ਡਰਾਉਣਾ ਦਿਸਣ ਲੱਗਾ, ਪਰ ਹਟਿਆ ਨਹੀਂ। ਲੀੜੇ ਲਹੂ ਲੁਹਾਣ ਅਤੇ ਹੱਥ ਥੱਕ ਜਾਣ ਤੇ ਉਹ ਦੁਬਾਰਾ ਕੰਮ 'ਤੇ ਲੱਗਣ ਦੀ ਥਾਂ... ਇਕ ਰੁੱਖ ਹੇਠ ਘੂਕ ਸੌਂ ਗਿਆ...।

ਸੁੱਖਾ ਜਾਣਦਾ ਸੀ, ਬਾਰੂ ਦੇ ਹੱਥ ਭਾਵੇਂ ਕੁੱਕੜ ਝਟਕਾ ਰਹੇ ਸਨ, ਪਰ ਜ਼ਿਹਨ ਵਿਚ ਵਧ੍ਹਿਆ ਕੋਈ ਹੋਰ ਜਾ ਰਿਹਾ ਸੀ। ਸੁੱਖਾ ਬਾਰੂ ਦੇ ਇਸ ਰੋਹ ਨੂੰ ਅਜਾਈਂ ਨਹੀਂ ਸੀ ਜਾਣ ਦੇਣਾ ਚਾਹੁੰਦਾ।

ਬੜੀ ਸੋਚ ਵਿਚਾਰ ਬਾਅਦ ਉਹਨੇਂ ਦੇਬੂ ਮਹੰਤ ਨੂੰ ਰਾਜ਼ਦਾਰ ਬਣਾਇਆ ਅਤੇ ਇਕ ਨਵਾਂ ਅਧਿਆਇ ਸ਼ੁਰੂ ਕਰਨ ਦਾ ਤਹੱਈਆ ਕੀਤਾ। ਉਹਦਾ ਤਰਕ ਸੀ ਕਿ ਬਾਰੂ ਦੀ ਮੁਕਤੀ ਦਾ ਸਿਰਫ਼ ਇਕੋ ਰਾਹ ਸੀ। ਬਦਲੇ ਦਾ ਤਿਆਗ। ਆਰਥਿਕ ਸੰਪਨਤਾ। ਆਉਣ ਵਾਲੀ ਨਸਲ ਦੇ ਪਿੰਡ 'ਚ ਪਾਏ ਚਾਰ ਅੱਖਰ, ਅਤੇ ਹੱਕਾਂ ਪ੍ਰਤੀ ਚੇਤਨਤਾ। ਇਸ ਲਈ ਬਾਰੂ ਦਾ ਘਰ ਵਸਾਉਣਾ ਜ਼ਰੂਰੀ ਸੀ। ਉਹਨੇ ਆਪਣੇ ਨਾਲ ਕੰਮ ਕਰਦੇ ਵਿਲੀਅਮ ਮਸੀਹ ਦੀ ਧੀ ਐਲਨ ਮਸੀਹ ਦੇ ਸਾਕ ਲਈ ਹਾਮੀ ਭਰੀ।

ਸੁੱਖਾ ਜਾਣਦਾ ਸੀ, ਇਸ ਰੂਮੇ ਨੂੰ ਮਿਸ਼ਰੀ 'ਚ ਬਦਲਣ ਦਾ ਕ੍ਰਿਸ਼ਮਾ ਦੇਬੂ ਕਰ ਸਕਦਾ ਸੀ...।

### ਦ੍ਰਿਸ਼-8

ਆਸ ਤੋਂ ਘੱਟ ਔਖ ਪੇਸ਼ ਆਈ। ਬਾਰੂ ਐਲਨ ਵਿਆਹ ਲਿਆਇਆ। ਬਿਨਾਂ ਕਿਸੇ ਉਚੇਚ। ਬਾਰੂ ਨੂੰ ਯਾਦ ਸੀ, ਇਹ ਸਦੀ ਬਦਲੀ ਜਾ ਸਕਦੀ ਸੀ। ਬਿਨ ਸੁੱਚਾ ਤੱਕ ਕੇ। ਸੁੱਖਾ ਅਤੇ ਮਹੰਤ ਉਹਦੀ ਪਿੱਠ 'ਤੇ ਸਨ। ਐਲਨ ਵੀ ਆ ਰਲੀ...। ਇਹ ਸੁੱਖੇ ਦੀ ਹੀ ਬਦੌਲਤ ਸੀ ਕਿ ਬਾਰੂ ਸੱਜ ਵਿਆਹੀ ਐਲਨ ਨਾਲ ਸ਼ਹਿਰ ਦੀ ਧੱਕਾ ਕਾਲੋਨੀ 'ਚ ਰਹਿਣ ਲੱਗਾ।

ਸਮਾਂ ਬੀਤ ਰਿਹਾ ਸੀ।...

ਇਹਨਾਂ ਹੀ ਦਿਨਾਂ ਵਿਚ ਬਾਰੂ ਦੇ ਮਾਪੇ ਚਲਦੇ ਬਣੇ ਅਤੇ ਐਲਨ ਦੀ ਕੁੱਖ 'ਚ ਜੈਲੂ ਆ ਟਿਕਿਆ। ਫ਼ਕੀਰੀਆ ਰਿਕਸ਼ਾ ਚਲਾਉਣ ਲੱਗਾ ਸੀ ਅਤੇ ਪਿੰਡ ਬਾਰੂ ਦੇ ਚੇਤੇ ਵਿਚੋਂ ਵਿੱਸਰ ਰਿਹਾ ਸੀ।



ਸਮੇਂ ਨੇ ਅਜਿਹੀ ਕਰਵਟ ਲਈ ਕਿ ਸੀਲਿੰਗ ਦੇ ਨਵੇਂ ਕਾਨੂੰਨ ਨੇ ਢੂਲੇ ਜਹੇ ਕਈ ਸਰਦਾਰਾਂ ਦੇ ਬਾਹੀ ਕਿਲਿਆਂ ਦੀ ਮਾਲਕੀ ਤੱਕ ਹੱਥ ਵੱਢ ਦਿੱਤੇ ਅਤੇ ਹੁਣ ਜੱਟ ਜ਼ਿਮੀਦਾਰ, ਆੜ੍ਹਤ ਵਿਚ ਢੋਈ ਭਾਲ ਰਹੇ ਸਨ ਜਾਂ ਸੈਲਰਾਂ ਲਈ ਲੋਨ ਪਿੱਛੇ ਦਫ਼ਤਰਾਂ 'ਚ ਧੱਕੇ ਖਾ ਰਹੇ ਸਨ।

ਖਿਹੜੇ ਦੇ ਕੰਮੀ ਕਮੀਣ, ਸ਼ਹਿਰ ਦਿਹਾੜੀ, ਡਰਾਈਵਰੀ ਜਾਂ ਰਿਕਸ਼ੇ ਚਲਾਉਣ ਜਾ ਲੱਗੇ ਸਨ। ਕਹਿਣ ਨੂੰ ਸਮਾਂ ਕਰਵਟ ਲੈ ਰਿਹਾ ਸੀ।...

### ਦ੍ਰਿਸ਼-9

ਸੁਥਰ ਜਿਹੀ ਐਲਨ ਬਾਰੂ ਨੂੰ ਪੂਰੀ ਤਰ੍ਹਾਂ ਨੱਥ ਲਿਆ ਸੀ। ਇਸ ਜਾਦੂ ਵਿਚ ਸੁੱਖੇ ਦਾ ਵੀ ਹੱਥ ਸੀ। ਉਹਨੇ ਬਾਰੂ ਵਿਚਲੇ ਰੋਹ ਦਾ ਬਿਦ, ਐਲਨ ਦੀ ਕੁੱਖ 'ਚ ਬੀਜਣ ਦਾ ਸੁਪਨਾ ਬੜਾ ਸੋਚ ਸਮਝ ਕੇ ਲਿਆ ਸੀ। ਐਲਨ ਵਿਲੀਅਮ ਦੀ ਤਦ ਦੀ ਸੰਤਾਨ ਸੀ ਜਦੋਂ ਇਸਾਈ ਬਣਿਆਂ ਉਹਨੂੰ 20 ਵਰ੍ਹੇ ਹੋ ਚੁੱਕੇ ਸਨ।

ਸੁੱਖੇ ਨੂੰ ਯਕੀਨ ਸੀ; ਬਾਰੂ ਦੀ ਆਉਣ ਵਾਲੀ ਨਸਲ ਯਕੀਨਨ ਬਾਰੂ ਤੋਂ ਵੱਖਰੀ ਹੋਵੇਗੀ। ਉਹ ਇਹ ਭਾਵਨਾਂ ਬਾਰੂ ਅਤੇ ਐਲਨ ਨਾਲ ਸਾਂਝੀ ਵੀ ਕਰਦਾ ਅਤੇ ਬਾਰੂ ਨੂੰ ਸ਼ਹਿਰ ਦੀ ਮਿੱਟੀ ਵਿਚ ਜੜ੍ਹਾਂ ਲਾਉਣ 'ਤੇ ਜ਼ੋਰ ਦਿੰਦਾ।

ਸਭ ਕੁਝ ਠੀਕ ਠਾਕ ਚੱਲ ਵੀ ਰਿਹਾ ਸੀ।

ਇਕ ਦਿਨ ਕਰਨਪੁਰੋਂ ਦੀਹਾੜੀ ਆਉਂਦੇ ਘੀਚਰ ਰਵਦਾਸੀਏ ਕਿਹਾ।

"ਤੇਰੇ ਦੇਬੂ ਨਾਲ ਤਾਂ ਬੁਰੀ ਹੋਈ ਬਈ। ਸਾਡੇ ਪਿੰਡ ਦਾ ਸੁੱਚਾ ਕਲਾਲ ਮਹੰਤ 'ਤੇ ਬਿਨਾਂ ਵਜ੍ਹਾ ਜਾ ਚੜ੍ਹਿਆ। ਕਹਿੰਦਾ, ਭੰਡਾਰੇ ਦਾ ਦੇਹ ਹਸਾਬ। ਮਹੰਤ ਵਿਚਾਰਾ ਤਰਲੇ ਲਵੇ... ਬਈ ਮੈਂ ਤਾਂ ਗਜਾ ਕਰਕੇ ਢਿੱਡ ਭਰਦਾਂ। ਲੋਕਾਂ ਰਾਸ਼ਨ ਲਿਆਂਦਾ, ਭੰਡਾਰਾ ਹੋ ਗਿਆ। ਹਸਾਬ ਕਿਹੜੇ ਪਿਉ ਦਾ?"

ਬਾਰੂ ਜਾਣਦਾ ਸੀ। ਲੋਕ ਸ਼ਰਧਾ ਵੱਸ ਸਮਾਧਾਂ 'ਤੇ ਰੁਪਈਆ ਧੇਲੀ ਮੱਥਾ ਟੇਕਦੇ; ਤੀਮੀਆਂ ਦਾਣਿਆਂ ਜਾਂ ਆਟੇ ਦੀ ਮੁੱਠੀ ਲਿਆ ਢੇਰੀ ਕਰਦੀਆਂ। ਚਾਹ ਪੱਤੀ ਦੀ ਦੇਣਦਾਰੀ ਭੁਗਤ ਜਾਂਦੀ ਜਾਂ ਕਦੇ ਕੋਈ ਲੀੜਾ ਕੱਪੜਾ ਜੁੜ ਜਾਂਦਾ।

ਪਰ ਸੁੱਚਾ ਬਜ਼ਿਦ। ਕਹਿੰਦਾ, ਇਹ ਸਮਾਧਾਂ ਉਹਦੇ ਬਡਾਰੂਆਂ ਦੀਐਂ। ਸਭ ਜਾਣਦੇ ਇਹ ਝੂਠ ਸੀ। ਪਰ ਕੌਣ ਆਖੇ ਰਾਣੀਏ ਅੱਗਾ ਢਕ।

ਕਚੀਰਾ ਕਈ ਦਿਨ ਚੱਲਿਆ ਤਾਂ ਇਕ ਦਿਨ ਦਿਹਾੜੀ ਮੁਕਾਅ ਬਾਰੂ ਡੇਰੇ ਆਇਆ। ਗਜੇ ਦਾ ਰੁੱਖਾ ਮਿਸਾ ਛਕਿਆ। ਦੇਬੂ ਦੇ ਮੋਢੇ 'ਤੇ ਹੱਥ ਧਰਿਆ। ਸੰਤੇ ਪਏ ਕਰਨਪੁਰੀਏ ਸੁੱਚੇ ਕਲਾਲ ਮੂਹਰੇ ਜਾ ਖੜ੍ਹਿਆ।

ਸੁੱਚਾ ਦਾਰੂ ਨਾਲ ਛੱਕਿਆ, ਖੇਤੋਂ ਪਰਤ ਰਿਹਾ ਸੀ।

"ਕਿਮੇਂ ਐ ਸਦਾਰਾ?"

"ਮੌਜੈਂ... ਪਰ ਤੂੰ ਕਿਹੜੈਂ ਐਸ ਵੇਲੇ?" ਸੁੱਚੇ ਹਨੇਰੇ 'ਚ ਨੀਝ ਲਾਈ।

"ਮੈਂ ਬਾਰੂ..."

"ਛੱਜੂ ਖੱਬਤੀ ਕੇ ਲਾਣੇ 'ਚੋਂ ?"

"ਨਹੀਂ... ਬਾਲਮੀਕੀਆਂ 'ਚੋਂ..."

"ਕਿਮੇਂ ਭਝੁਕਦੇ ਐਸ ਵੇਲੇ ?" ਸੁੱਚਾ ਨਿਸ਼ਚਿਤ ਹੋ ਗਿਆ ਕਿ ਕੋਈ ਪੋਸੇ ਧੋਲੇ ਦਾ ਲੋੜਵੰਦ ਸੀ।

"ਬਸ... ਮੈਂ ਕਿਹਾ ਦਰਸ਼ਨ ਕਰ ਲਈਏ ਸਦਾਰ ਦੇ..."

"ਐਸ ਵੇਲੇ ?" ਉਹ ਧੂਣ ਨਾਲ ਅਟੇ ਪਹੇ 'ਚ ਸਨ।

"ਮਖਿਆ ਜੇ ਬੈਠ ਜਾਂਦੇ ਕਿਤੇ..."

ਸੁੱਚੇ ਦਾ ਮੱਥਾ ਠਣਕਿਆ। ਹਨੇਰੇ 'ਚ ਨੀਝ ਲਾਈ।

"ਕਿਉਂ, ਤੂੰ ਮਹਾਰਾਜੇ ਪਟਿਆਲੇ ਦਾ ਸਾਂਢੂ ਐ ਬਈ ਤੇਰੇ ਨਾਲ ਬੈਠੂੰ ਮੈਂ...!"

"ਹਲਟੀ 'ਤੇ ਨਾ ਚੱਲੀਏ ?" ਬਾਰੂ ਅਣਸੁਣਦੇ ਕਿਹਾ।

"ਕਿਉਂ ਹਲਟੀ 'ਤੇ ਕਿਉਂ ?" ਸੁੱਚੇ ਹਨੇਰੇ ਵਿਚ ਕੋਈ ਖ਼ਤਰਾ ਭਾਂਪਦੇ ਗੁਪਤੀ ਵਿਚਲੀ ਕਿਰਚ ਮੁੱਠੀ 'ਚ ਘੁੱਟੀ।

"ਬਸ ਉਈਂ... ਮਖਿਆ ਸਾਹ ਲੈ ਲੈਂਗਾ ਦੋ ਘੜੀ!" ਬਾਰੂ ਵਿਰਲਾਂ ਸਹਿਜ ਕਿਹਾ ਕਿ ਸੁੱਚਾ ਫਿਰ ਬੇ ਪ੍ਰਵਾਹ ਹੋ ਗਿਆ। ਪਰ ਅਗਲੇ ਪਲ ਕਿਹਾ।

"ਕਿਉਂ ਬਈ! ਤੂੰ ਵਿੱਤੂਪੁਰੀਏ ਦੂਲੇ ਨੂੰ ਛੱਡ, ਮੈਂਤੋਂ ਕੀ ਲੈਣ ਆ ਗਿਆ ?"

"ਆਉਣੇ ਪੈਂਦੇ ਸਦਾਰ ਜੀ, ਜਦੋਂ ਪਾਣੀ ਸਿਰੋਂ ਲੰਘ ਜੇ!" ਸੁੱਚੇ ਨੂੰ ਪੱਕ ਹੋ ਗਿਆ ਕਿ ਇਹ ਕੋਈ ਗਰਜ਼ਮੰਦ ਹੀ ਸੀ। ਫਿਰ ਵੀ ਉਹ ਚੌਕਵੇਂ ਪੈਰੀਂ ਪਿੰਡ ਨੂੰ ਹੋ ਤੁਰਿਆ।

"ਭਲਾ ਕਿਹੜੇ ਬਾਲਮੀਕੀਏ ਦੈਂ ਤੂੰ ?"

"ਕਿਸੇ ਦਾ ਹੋਇਆ... ਆਪਾਂ ਕੀ ਸੀਰ ਪਾਉਣੈ ?"

"ਸਾਲਿਆ, ਤੂੰ ਬੋਲਦਾ ਕਿਮੇ ਐਂ ?"

"ਤਾਂ ਇਹਦਾ ਮਤਲਬ ਤੂੰ ਹਲਟੀ ਤੱਕ ਜਾਂਦਾ ਨੀ..."

ਸੁੱਚਾ ਤ੍ਰਭਕ ਕੇ ਪਰੇ ਜਾ ਖੜ੍ਹਾ। ਲੱਗਾ ਹਨੇਰੇ 'ਚ ਖੜ੍ਹਾ ਕੋਈ ਖ਼ੈਰ ਹੱਥਾ ਨਹੀਂ ਸੀ। ਫਿਰ ਵੀ ਉਸ ਖ਼ਤਰੇ ਨੂੰ ਛੋਟਾ ਕਰਨ ਪੱਜ ਕਿਹਾ।

"ਓਏ ਤੇਰੀ ਤੀਮੀ ਤ੍ਰਮੀ ਤਾਂ ਨੀ ਨਿਕਲ ਗੀ ਕਿਸੇ ਨਾਲ ਜਿਹੜਾ ਤਪਿਆ ਫਿਰਦੈਂ...!"

"ਤੀਮੀਆਂ ਤਕੜਿਆਂ ਦੀਆਂ ਨਿਕਲਦੀਐਂ... ਸਦਾਰਾ! ਮਾੜਿਆਂ ਦੀਆਂ ਕਿੱਥੇ ਜਾਣਗੀਆਂ ਨਿਕਲ ਕੇ...!"

"ਤਾਂ ਦੱਸ ਕਿਹੜੀ ਮਾਰ 'ਤੇ ਆਇਐਂ ਐਸ ਵੇਲੇ!"

"ਦੇਬੂ ਮਹੰਤ ਕੰਨੀਉਂ ਆਇਆਂ ਮੈਂ..."

"ਕਿਉਂ ਉਹਨੂੰ ਕੀ ਹੋ ਗਿਆ ਸਾਲੇ ਨੂੰ ?"



"ਉਹਨੂੰ ਤਾਂ ਨੀ ਹੋਇਆ ਕਹਿੰਦੇ ਕੋਈ ਹਸਾਬ ਕਤਾਬ ਚਾਹੀਦੈ ਥੋਨੂੰ ?"

"ਹਾਂ ਚਾਹੀਦੈ... ਤੂੰ ਢੇਕਾ ਲਗਦਾ..."

"ਢੇਕਾ ਈ ਸਮਝ... ਪਰ ਤੈਨੂੰ ਕਦੇ ਪੈਹਾ ਧੇਲਾ ਦਿੰਦੇ ਤਾਂ ਦੇਖਿਆ ਨਹੀਂ ਡੇਰੇ 'ਤੇ!"

"ਦਿਆਂ, ਨਾ ਦਿਆਂ... ਤੂੰ ਕਿਧਰੋਂ ਆ ਗਿਆ ਉਹਦਾ ਹਮੈਤੀ... ਕਿਤੇ ਮਰਨ ਦਾ ਖਾਅ ਤਾਂ ਨੀ ਚੜ੍ਹਗਾ..."

"ਚਲ ਮਰਨਾ ਮਰਾਉਣਾ ਤਾਂ ਛੱਡ...। ਮੈਂ ਤਾਂ ਕਹਿਨਾ ਜਿਹੜਾ ਮੰਗ ਕੇ ਢਿੱਡ ਭਰਦੈਂ... ਹਸਾਬ ਕਿਹੜੇ ਪਿਉ ਦਾ ਦੇ ਦੂ ਤੈਨੂੰ!"

ਅਚਾਨਕ ਸੁੱਚੇ ਦੀ ਸਾਰੀ ਪੀਤੀ ਉੱਤਰ ਗਈ। ਲੱਗਾ ਅਗਲੇ ਪਲ ਕੁਝ ਵੀ ਹੋ ਸਕਦਾ ਸੀ। ਪਰ ਸਾਮ੍ਹਣੇ ਕੋਈ ਬਾਲਮੀਕੀਆ ਸੀ, ਤੇ ਕਿਸੇ ਕੰਮੀ ਕਮੀਣ ਤੋਂ ਡਰ ਜਾਣ ਦਾ ਮਤਲਬ ਸੀ, ਮਰਨ ਤੋਂ ਪਹਿਲਾਂ ਮਰ ਜਾਣਾ।

"ਓਏ ਤੈਨੂੰ ਪਤੈ ਮੈਂ ਕੌਣ ਆਂ ?"

"ਖਰਾ...। ਰੇਸ਼ਮ ਗਿਰੜੇ ਦਾ ਪੁੱਤ ਐਂ...। ਜੀਹਨੇ ਦੋ ਕਿੱਲੇ ਪੋਹਲੀ 'ਤੇ ਨੰਗੇ ਪਿੰਡੇ ਲਿਟ ਕੇ ਮਹਾਰਾਜੇ ਪਟਿਆਲੇ ਤੋਂ ਲਿਆ ਮਰੱਬਾ...!"

"ਓਏ ਓਹਨੂੰ ਛੱਡ... ਇਹ ਪਤੈ ਨ ਮੇਰੀ ਬੰਧੀ ਨੀ ਛੁੱਟਦੀ ?"

"ਖਰੀ!...ਪਰ ਸਦਾਰ ਜੀ ਦੇਖੂ ਪਿੰਡ ਦੀਆਂ ਮੜ੍ਹੀਆਂ 'ਤੇ ਬੈਠੇ... ਨੰਗੇ ਪੜ। ਢਿੱਡ ਲਈ ਹੰਦੇ ਮੰਗਦੇ...। ਤੂੰ ਹਸਾਬ ਮੰਗਣ ਬੈਠ ਗਿਆ!"

"ਹਸਾਬ ? ਮੈਂ ਤਾਂ ਸਾਲੇ ਦੇ ਛਿੱਤਰ ਮਾਰੂੰ ਚਾਰ... ਅਰ ਅੰਦਰ ਕਰਵਾਊਂ ਐਸਾ ਕਿ ਖੰਭਾ ਨੀ ਛੁੱਟੂ...!"

"ਕਾਹਦੇ 'ਚ ਕਰਵਾਏਂਗਾ ਅੰਦਰ ?"

"ਵਕੀਲ ਦਾ ਪਿਉ ਆਂ... ਮੈਂ ਤਾਂ ਖੜ੍ਹਾ ਕਰਦੂੰ ਧੂਏਂ ਦਾ ਧੌਲਰ... ਨਾਲੇ ਤੇਰਾ ਲੈ ਮੌਕੂ ਠੱਪਿਆ!"

"ਪਰ ਝੂਠਾ ਕਿਉਂ... ਤੂੰ ਸੱਚਾ ਕਰਵਾ ਅੰਦਰ...!"

"ਕਿਮੇ ?"

"ਤੂੰ ਉਂਗਲ ਲਾ ਆਪਣੀ ਲੱਤ 'ਤੇ, ਬਈ ਕਿਥੋਂ ਤੋੜਾਂ... ਲੈ ਕੌਲ੍ਹ ਨੂੰ ਭੰਨੀ ਹੋਈ... ਸਭ ਦੇ ਸਾਹਮਣੇ...!" ਬਾਰੂ ਰੋ 'ਚ ਸੀ।

"ਤੂੰ ਹੈ ਕੌਣ ਉਏ... ਜ਼ਰਾ ਚਲ ਤਾਂ ਚਾਨਣ 'ਚ... ਦੇਖਾਂ ਮੈਂ ਵੱਡੇ ਗਾਨ ਨੂੰ...!" ਸੁੱਚੇ ਦੀਆਂ ਲੱਤਾਂ ਕੰਬਣ ਲੱਗੀਆਂ।

ਦਸ ਕਦਮਾਂ 'ਤੇ ਇਕ ਘਰ ਦਾ ਚਾਨਣ ਕੰਧੋਂ ਪਹੇ ਵਿਚ ਵਿਛਿਆ ਪਿਆ ਸੀ। ਇਸ ਤੋਂ ਪਹਿਲਾਂ ਕਿ ਸੁੱਚਾ ਪਾਰ ਕਰਦਾ। ਇਕ ਲੱਲ੍ਹਕਰਾ ਉੱਚਾ ਹੋਇਆ।

"ਰੁਕ ਉਏ ਸਦਾਰਾ! ਇਕ ਤਾਂ ਮੂੰਹ ਦੇਖ ਲੈ ਮੇਰਾ... ਇਕ ਲੱਤ ਕਰ ਉਰ੍ਹਾਂ... ਕੌਲ੍ਹ ਕਿਹੜੇ ਪਿਉ ਦੀ ਐ ਉਏ...!"

ਸੁੱਚੇ ਨੂੰ ਪਤਾ ਹੀ ਨਾ ਲੱਗਾ, ਕਦੋਂ ਬਾਰੂ ਉਹਦੀ ਹਿੱਕ 'ਤੇ ਚੜ੍ਹਿਆ। ਕਦੋਂ ਲੱਤ 'ਤੇ ਪਰਨਾ ਲਪੇਟਿਆ। ਕਦੋਂ ਲੱਤ ਪੁਲੀ 'ਤੇ ਰੱਖੀ ਅਤੇ ਕਦੋਂ ਨੇੜੇ ਪਈ ਇੱਟ ਨਾਲ, ਲੱਤ ਚੂਰੇ ਵਾਂਗ ਕੁੱਟ ਕੇ ਅਹੁ ਗਿਆ... ਅਹੁ ਗਿਆ...।

**ਦ੍ਰਿਸ਼-10**

ਬਾਰੂ ਖ਼ੁਦ ਕੁੱਟਾਂ ਖਾਣ ਲਈ ਜੰਮਿਆ ਸੀ। ਫਿਰ ਇਹ ਕੀ ਭਾਣਾ ਵਾਪਰ ਗਿਆ। ਨਾ ਹੀ ਉਹ ਇਹ ਕਾਰਾ ਸੋਚ ਕੇ ਤੁਰਿਆ ਸੀ। ਜੇ ਹੁਣ ਵਾਪਰ ਹੀ ਗਿਆ ਸੀ ਤਾਂ ਬਾਰੂ ਸੋਚਿਆ, ਕਿਉਂ ਨਾ ਸੁੱਚੇ ਦੇ ਵਕੀਲ ਪੁੱਤ ਦੀ ਵਕੀਲੀ ਵੀ ਕੁੱਟੀ ਜਾਵੇ।

ਬਿਨਾਂ ਇਕ ਪਲ ਸੋਚੇ ਉਹ ਸੇਣੀਆਂ ਕੇ ਟਿੱਬੇ ਵੱਲ ਨੂੰ ਹੋ ਤੁਰਿਆ। ਟਿੱਲਾ ਛਿੱਤਰ ਪੋਹਲੀ ਨਾਲ ਅਟਿਆ ਪਿਆ ਸੀ। ਆਜੜੀ ਤਾਂ ਛੱਡ, ਕਿਸੇ ਜਨੌਰ ਵੀ ਟਿੱਬੇ ਵੱਲ ਪਰ ਨਾ ਫੜਕਦਾ। ਪਰ ਬਾਰੂ ਦੇ ਜ਼ਿਹਨ ਵਿਚ ਦੇਬੂ ਸੀ; ਜਿਸ ਉਹਨੂੰ ਪਨਾਹ ਦਿੱਤੀ...।

ਹਨੇਰਾ, ਟਿੱਬਾ ਅਤੇ ਘੱਗਰ ਉਹ ਹਨੇਰੀ ਵਾਂਗ ਪਾਰ ਕਰ ਗਿਆ। ਪੋਹਲੀ ਦੀ ਪੀੜ ਦਾ ਵਿਨ੍ਹਿਆ ਉਹ ਦਿੜ੍ਹਬੂਪੁਰ ਦੀ ਨਿਆਈਂ ਜਾ ਖੜ੍ਹਾ। ਕਿਸੇ ਦੇ ਚਰ੍ਹੀ ਦੇ ਟੱਕ ਅੱਗੋਂ ਦਾਤੀ ਚੁੱਕ ਖੱਬੀ ਗਿੱਚੀ 'ਤੇ ਫੇਰੀ ਅਤੇ ਸਫ਼ਾਖਾਨੇ ਦਾ ਕੁੰਡਾ ਜਾ ਖੜਕਾਇਆ।

ਸਫ਼ਾਖਾਨੇ 'ਚ ਪੇਂਡੂ ਗਰਭਵਤੀਆਂ ਲਈ ਡਾਕਟਰਨੀ ਤਾਇਨਾਤ ਸੀ। ਪਰ ਉਹ ਕਿਸੇ ਪ੍ਰਸੂਤਾ ਲਈ ਵੀ ਵੀਹ ਵੇਰੀਂ ਸੋਚ ਕੇ ਕੁੰਡਾ ਖੋਲ੍ਹਦੀ ਸੀ। ਖਿੜਕੀ ਤੋਂ ਬਾਹਰ ਪੀਲੀ ਰੌਸ਼ਨੀ 'ਚ ਹੱਥ ਤੋਂ ਲਹੂ ਵਗਦਾ ਦੇਖ ਪਸੀਜ ਗਈ।

ਅੰਦਰ ਉਹ ਰੇਡੀਓ 'ਤੇ ਖ਼ਬਰਾਂ ਸੁਣ ਰਹੀ ਸੀ। ਬਾਰੂ ਘੇਸਲ ਗਿਆ। ਸਮੇਂ ਦਾ ਪੱਕ ਕਰਨ ਲਈ ਉਸ ਕਿਹਾ।

"ਭੈਣੇ ਪਹਿਲਾਂ ਰੇਡੀਆ ਸੁਣ ਲਾ... ਫੇ ਲਾ ਦੀਂ ਫੰਬਾ।"

ਡਾਕਟਰ ਬਿਨਾਂ ਕੁਝ ਕਹੇ ਪੱਟੀ ਕਰਨ ਲੱਗੀ।

"ਸੁਣ ਲੈਂਦੀ ਭਾਈ। ਭਲਾ ਕੇ ਬਜ ਗੇ ਹੋਣਗੇ ?"

ਟਾਈਮ ਦੱਸਣ ਦੀ ਥਾਂ ਉਸ ਪੁੱਛਿਆ।

"ਕਿਵੇਂ ਵੱਢਿਆ ਗਿਆ ?"

"ਮਾੜੀ ਕਿਸਮਤ ਭਾਈ। ਚਰ੍ਹੀ ਵੱਢਦੇ ਰੋੜਾ ਆ ਗਿਆ ਦਾਤੀ ਮੂਹਰੇ।"

ਬਾਰੂ ਜਾਣਦਾ ਸੀ, ਵਾਰਦਾਤ ਮਗਰੋਂ ਰਾਹੇ ਰਾਹ ਆਉਂਦਾ ਤਾਂ ਦੋ ਪਹਿਰ ਲਗਦੇ। ਪੋਹਲੀ ਨੇ ਉਹਦੀਆਂ ਲੱਤਾਂ ਵਿਨ੍ਹ ਕੇ ਰੱਖ ਦਿੱਤੀਆਂ ਸਨ; ਪਰ ਦੇਬੂ ਲਈ ਇਹ ਪੀੜ ਕੁਝ ਵੀ ਨਹੀਂ ਸੀ।

ਬਾਰੂ ਇਹ ਵੀ ਜਾਣਦਾ ਸੀ। ਪੁਲਿਸ ਫੜ ਸਕਦੀ ਸੀ। ਸੁੱਚਾ ਵਾਹਰ ਲੈ ਕੇ ਆ ਸਕਦਾ ਸੀ। ਸੁੱਚੇ ਦਾ ਵਕੀਲ ਪੁੱਤ ਉਹਦੇ ਲਈ ਕਈ ਖੂਹ ਪੁੱਟ ਸਕਦਾ ਸੀ। ਪਰ ਜਿਸ ਹਨੇਰੇ, ਟਿੱਬੇ ਅਤੇ ਸੁਕਦੇ ਘੱਗਰ ਨੂੰ ਉਹਨੇ ਹਨੇਰੀ ਵਾਂਗ ਪਾਰ ਕੀਤਾ ਸੀ; ਉਹ ਉਸ ਦੁਆਲੇ ਕੰਜਰ ਕੋਟ ਉਸਾਰਨ ਲਈ ਕਾਫ਼ੀ ਸੀ।



ਉਹ ਗੱਲ ਹੋਈ। ਰਪਟ ਹੋਈ। ਪੁਲਿਸ ਆਈ। ਫੜ ਫੜਾਈ ਵੀ ਹੋਈ, ਪਰ ਡਾਕਟਰ ਕੁੜੀ ਦਾ ਬਿਆਨ, ਕਿ ਜਿਸ ਵੇਲੇ ਬਾਰੂ ਦੇ ਕਰਨਪੁਰ ਵਿਚ ਵਾਰਦਾਤ ਕਰਨ ਬਾਰੇ ਕਿਹਾ ਜਾ ਰਿਹਾ ਸੀ, ਉਸ ਵੇਲੇ ਤਾਂ ਬਾਰੂ ਪੱਟੀ ਲੁਆ ਰਿਹਾ ਸੀ।

ਇਸ ਤੋਂ ਵੀ ਵੱਡੀ ਗੱਲ; ਮੁਆਇਨੇ ਵਿਚ ਇਹ ਸਾਬਤ ਹੀ ਨਹੀਂ ਸੀ ਹੋ ਸਕਿਆ ਕਿ ਸੱਟ ਕਿਸ ਚੀਜ਼ ਨਾਲ ਮਾਰੀ ਗਈ ਸੀ, ਲੱਤ ਤੇ ਕਿਸੇ ਸੱਟ ਦਾ ਜ਼ਖ਼ਮ ਤੱਕ ਨਹੀਂ ਸੀ।

ਸਭ ਜਾਣਦੇ ਸਨ, ਕਾਰਾ ਬਾਰੂ ਦਾ ਸੀ।

ਮਹੀਨੇ ਬਾਅਦ ਸੁੱਚੇ ਦੀ ਲੱਤ ਸੁੱਕਣੀ ਸ਼ੁਰੂ ਹੋ ਗਈ। ਛੇਵੇਂ ਮਹੀਨੇ ਤੋਰੀ ਵਾਂਗ ਲਟਕ ਗਈ...।

ਏਸ ਘਟਨਾ ਨੇ ਚੁਫ਼ੇਰੇ ਦੇ ਪਿੰਡਾਂ ਵਿਚ ਕਈ ਤਰ੍ਹਾਂ ਦੀ ਹਵਾ ਨੂੰ ਜਨਮ ਦਿੱਤਾ।

ਮਾੜੇ ਸਿਰ ਚੁੱਕਣ ਲੱਗੇ।

ਤਕੜਿਆਂ ਪੈਂਤੜੇ ਮੱਲ ਲਏ।

ਇਕ ਦਿਨ ਬਾਰੂ ਸੁਣਿਆ, ਸੁਚਾ ਫਿਰ ਡੇਰੇ 'ਤੇ ਕਬਜ਼ੇ ਲਈ ਕਿਸੇ ਨੂੰ ਉਕਸਾਅ ਰਿਹਾ ਸੀ।

ਅਗਲੇ ਦਿਨ ਬਾਰੂ ਸੁੱਚੇ ਦੇ ਘਰ ਹੀ ਚਲਿਆ ਗਿਆ।

ਜਾਂਦਾ ਭੁੰਜੇ ਬੈਠ ਗਿਆ।

ਸੁੱਚਾ ਮੱਚ ਉਠਿਆ।

"ਨਿਕਲ ਏਥੋਂ...!"

"ਖਰਾ! ਪਰ ਸਦਾਰਾ ਜੇ ਦੇਬੂ ਕੰਨੀ ਝਾਕਿਆ... ਦੂਜੀ ਫਹੁੜੀ ਹੁਣੇ ਬਣਵਾ ਲੈ...!"

**ਦ੍ਰਿਸ਼-11**

ਇਸ ਘਟਨਾ ਨੇ ਬਾਰੂ ਦੇ ਜ਼ਿਹਨ ਵਿਚ ਦੋ ਗਲਾਂ ਡੂੰਘੀਆਂ ਖੁਣ ਦਿੱਤੀਆਂ। ਬਾਲ ਉਮਰੇ ਬਾਰੂ ਨੂੰ ਕੁੱਟਦਾ ਦੂਲਾ ਜਦੋਂ ਹਫ਼ ਗਿਆ ਸੀ ਅਤੇ ਦੂਲੇ ਅੱਗੋਂ ਸੀ ਵੀ ਨਹੀਂ ਸੀ ਕੀਤੀ ਤਾਂ ਦੂਲਾ ਡਰ ਕੇ ਪਰ੍ਹੇ ਜਾ ਖਲੋਤਾ ਸੀ। ਡੈ ਭੀਤ। ਕੰਬਦਾ ਹੋਇਆ।

ਸੁੱਚੇ ਕਲਾਲ ਨੂੰ ਜਦੋਂ ਉਸ ਦੂਹਰੀ ਵੇਰ ਲਲਕਾਰਿਆ ਸੀ ਤਾਂ ਪੀਲਾ ਵਸਾਰ ਹੋਇਆ ਸੁੱਚਾ ਲਮਕਦੀ ਲੱਤ ਅਤੇ ਕੰਬਦੀ ਵਸਾਖੀ ਨਾਲ ਉੱਠ ਕੇ ਅੰਦਰ ਚਲਿਆ ਗਿਆ ਸੀ। ਦੁਬਾਰਾ ਬਾਰੂ ਦੇ ਕਦੇ ਮੱਥੇ ਨਹੀਂ ਸੀ ਲੱਗਿਆ।

ਇਹਦਾ ਮਤਲਬ, ਤਕੜਿਆਂ ਨਾਲ ਮੱਥਾ ਲਾਇਆ ਜਾ ਸਕਦਾ ਸੀ।

ਇਸਦੇ ਉਲਟ ਘਰ 'ਚ ਬਾਰੂ ਐਲਨ ਤੋਂ ਹੀ ਡਰਨ ਲੱਗਾ ਸੀ। ਅਸਲ 'ਚ ਐਲਨ ਸ਼ਹਿਰ 'ਚੋਂ ਇਕੱਲੀ ਨਹੀਂ ਸੀ ਆਈ। ਕਈ ਅਕਾਂਖਿਆਵਾਂ ਵੀ ਨਾਲ ਲੈ ਕੇ ਆਈ ਸੀ। ਉਹਦੇ ਮਾਪੇ ਉਹਦੇ ਜਨਮ ਤੋਂ ਕਾਫ਼ੀ ਪਹਿਲਾਂ ਈਸਾਈ ਬਣੇ ਸਨ। ਇਸ ਕਾਰਨ ਸੰਕੀਰਨਤਾ ਅਤੇ ਆਤਮ ਗਿਲਾਨੀ ਉਹ ਤਿਆਗ ਚੁੱਕੇ ਸਨ। ਜਿਸਦਾ ਅਸਰ ਐਲਨ 'ਤੇ ਹੋਣਾ ਲਾਜ਼ਮੀ ਸੀ।

ਸ਼ਾਇਦ ਇਹੋ ਕਾਰਨ ਸੀ ਕਿ ਐਲਨ ਦੀ ਅੱਥਰੀ ਜਵਾਨੀ ਲਈ ਬਾਰੂ ਦਾ ਨਿੱਕਾ ਜਿਹਾ ਵਿਹੜਾ ਅਤੇ ਗੁਰਬਤ ਦੀ ਠੰਡੀ ਬੁੱਕਲ ਕਾਫ਼ੀ ਨਹੀਂ ਸੀ।

ਫਿਰ ਵੀ ਉਹ ਨਿੱਕੀ ਜਿਹੀ ਕੋਠੜੀ ਅਤੇ ਆਪਣੀ ਸਾਂਵਲੀ ਦੇਹ ਨੂੰ ਸੰਵਾਰ ਸੰਵਾਰ ਰੱਖਦੀ। ਬਾਰੂ ਨੂੰ ਵੀ ਮੌਜ ਜਿਉਣ ਲਈ ਕਲਪਦੀ। ਪਰ ਬਾਰੂ ਦੇ ਜੀਵਨ ਵਿਚ ਗੁਰਬਤ, ਅਤੇ ਨਿਰਾਦਰ ਦੀ ਸੀਤ ਤੋਂ ਬਿਨਾਂ ਕੁਝ ਨਹੀਂ ਸੀ। ਉਹ ਤਾਂ ਸਨੇਰੀ ਐਂਡੇ ਦੀ ਧੌਕਾ ਕਾਲੋਨੀ ਵਿਚ ਵੀ ਸੁੱਖੇ ਦੀ ਬਦੌਲਤ ਰਹਿ ਰਿਹਾ ਸੀ। ਐਲਨ ਨੂੰ ਲੱਗਦਾ ਉਹ ਧੌਕਾ ਕਾਲੋਨੀ ਦੀ ਸਰ੍ਹਿਹਾਂਦ ਵਿਚ ਤ੍ਰੱਕ ਰਹੀ ਸੀ। ਇਸ ਧੌਕਾ ਕਲੋਨੀ ਵਿਚ ਉਹਦੇ ਪੁੱਤ ਦਾ ਕੀ ਭਵਿੱਖ ਸੀ।

ਰੋਜ਼ ਦੀ ਕਲ੍ਹੇ ਤੋਂ ਅੱਕ, ਬਾਰੂ ਫਿਰ ਪਿੰਡ ਆ ਟਿਕਿਆ। ਇਥੇ ਫੀਰੂ ਵੀ ਸੀ; ਪਰ ਉਹਦਾ ਰਿਕਸ਼ਾ ਮਸਾਂ ਉਹਦਾ ਹੀ ਢਿੱਡ ਭਰਦਾ। ਨਿੱਕਾ ਜੈਲੂ ਰਿੜਨ ਲੱਗਾ ਸੀ। ਮੂੰਹ ਜ਼ੋਰ ਐਲਨ ਮਨ ਚਾਹੇ ਅਸਮਾਨ ਦੀ ਤਲਾਸ਼ ਲਈ ਬਿਹੜੇ ਦੀਆਂ ਦੂਜੀਆਂ ਤੀਵੀਆਂ ਨਾਲ ਦਿਹਾੜੀ ਕਰਨ ਜਾ ਲੱਗੀ ਸੀ।

ਆਖਣ ਨੂੰ ਉਹ ਪਿੰਡ ਵਿਚ ਦਿਹਾੜੀ ਕਰਦੀ। ਪਰ ਬਾਰੂ ਨੂੰ ਲਗਦਾ ਜਿਵੇਂ ਉਹ ਕਿਸੇ ਹੋਰ ਦੇਸ ਵੱਲ ਜਾ ਰਹੀ ਸੀ...।

ਬਾਰੂ ਸੁੱਖੇ ਕੋਲ ਢਿੱਡ ਫੋਲਦਾ। ਸੁੱਖਾ ਇਕੋ ਮੱਤ ਦਿੰਦਾ। "ਪੁੱਤ 'ਤੇ ਰੱਖ ਡੋਰੀ ਬਾਰਾ ਸਿਹਾਂ। ਜਿਵੇਂ ਸ਼ੇਰਨੀ ਦੇ ਦੁੱਧ ਲਈ ਸੋਨੇ ਦਾ ਭਾਂਡਾ ਚਾਹੀਦੈ ਨਾ... ਇਵੇਂ ਆਪਣੀ ਨਸਲ ਨੂੰ ਹਰ ਮੈਲ ਤੋਂ ਦੂਰ ਰੱਖ...। ਆਪਾਂ ਸਦੀ ਬਦਲਨੀ ਐ ਐਤਕੀਂ। ਬਹੁਤ ਹੋ ਗਿਆ ਧੌਕਾ। ਹੁਣ ਨੀ ਸੰਨ੍ਹ ਲੱਗਣ ਦੇਣੀ ਕਿਤੋਂ ਵੀ... ਫ਼ਿਕਰ ਨਾ ਕਰ। ਖੜ੍ਹਾਂਗੇ ਆਪਾਂ ਤਕੜਿਆਂ ਦੇ ਬਰਾਬਰ...। ਕੌਮ ਰਹਿ ਤੂੰ...। ਨਿਆਣਾ ਪਾਲ ਰੂਹ ਨਾਲ।"

ਪਰ ਬਾਰੂ ਦਾ ਇਹ ਸੁਪਨਾ ਪੂਰਾ ਨਹੀਂ ਸੀ ਹੁੰਦਾ ਦਿੱਸ ਰਿਹਾ। ਬਾਰੂ ਸ਼ਹਿਰ 'ਚੋਂ ਦਿਹਾੜੀ ਕਰ ਕੇ ਮੁੜ ਆਉਂਦਾ। ਐਲਨ ਪਿੰਡ ਦੇ ਖੇਤਾਂ 'ਚੋਂ ਨਾ ਮੁੜਦੀ। ਬਾਰੂ ਦੇਖਦਾ ਅਤੇ ਹਉਕਾ ਭਰ ਕੇ ਚੁੱਪ ਕਰ ਜਾਂਦਾ। ਉਹ ਤੀਵੀਂ ਤੇ ਧੌਂਪਾ ਧਰੇਲ ਵਾਲਿਆਂ ਵਿਚੋਂ ਨਹੀਂ ਸੀ।

ਇਕ ਦਿਨ ਅਚਾਨਕ ਸਮੇਂ ਤੋਂ ਪਹਿਲਾਂ ਮੁੜੇ ਬਾਰੂ ਨੇ ਦੇਖਿਆ, ਓਟੇ ਨਾਲ ਖੜ੍ਹੇ ਢੂਲੋਂ ਕੇ ਸ਼ਰੀਕੇ 'ਚੋਂ ਚੈਂਚਲ ਨਾਲ ਐਲਨ ਮੁਸਕੜੀਏ ਹੱਸ ਰਹੀ ਸੀ। ਐਲਨ ਦੇ ਪੈਰਾਂ 'ਚ ਤਾਜ਼ੇ ਪੁੱਟੇ ਆਲੂਆਂ ਦੀ ਨਿੱਕੀ ਗਠੜੀ ਪਈ ਸੀ। ਬਾਰੂ ਦਾ ਮੱਥਾ ਠਣਕਿਆ। ਫਤਿਹ ਬੁਲਾਅ ਚੈਂਚਲ ਪੈਰੋਂ ਹੀ ਖਿਸਕ ਗਿਆ। ਬਾਰੂ ਲਈ ਵੀ ਗੱਲ ਹਉਂ ਪਰੇ ਹੋ ਗਈ।

ਇਕ ਦਿਨ ਫਿਰ ਬਾਰੂ ਦਿਨ ਢਲੇ ਮੁੜਿਆ। ਇਸ ਵੇਰ ਚੈਂਚਲ ਕੋਠੜੀ 'ਚ ਬੈਠਾ ਸੀ। ਮੰਜੇ 'ਤੇ। ਐਲਨ ਉਹਦੇ ਪੈਰਾਂ 'ਚ ਬੈਠੀ ਸਰਬਤ ਘੋਲ ਰਹੀ ਸੀ।

ਬਾਰੂ ਦੇ ਪੈਰਾਂ 'ਚੋਂ ਇਕ ਲੰਬ ਉੱਠ ਕੇ ਮੱਥੇ ਨੂੰ ਚੜ੍ਹਿਆ। ਬਾਰੂ ਬਾਰ 'ਚ ਬਾਹਾਂ ਫੈਲਾ ਖੜ੍ਹ ਗਿਆ।

"ਕਿਮੇਂ ਆਉਣੇ ਹੋਏ ਚੈਂਚਲ ਸਿਹਾਂ।"

"ਮੈਂ... ਮੈਂ ਚੋਣੀਆਂ ਲਈ ਕਹਿਣ ਆ ਗਿਆ।"



ਚੈਂਚਲ ਮੈਂ ਮੈਂ 'ਚ ਉਲਝ ਗਿਆ।

"ਦੇਖ, ਅੱਜ ਤਾਂ ਤੂੰ ਆ ਗਿਆ... ਮੁੜ ਕੇ ਨਾ ਆਈਂ ਭੁੱਲ ਕੇ ਵੀ...। ਜੇ ਫੇ ਵੀ ਨੀ ਹਟਣਾ ਤਾਂ ਉਂਗਲ ਰੱਖ ਆਪਣੀ ਘੰਡੀ 'ਤੇ... ਬਈ ਕਿਥੋਂ ਵੱਢਾਂ...।"

ਚੈਂਚਲ ਤਾਂ ਪਿੱਛੇ ਮੁੜਕੇ ਵੀ ਨਾ ਝਾਕਿਆ। ਪਰ ਐਲਨ ਫੌਂਤਣੀ ਜਾ ਚੜ੍ਹੀ। ਉਹ ਬਾਰੂ ਦੀ ਹਿੜ ਬਾਰੇ ਜਾਣਦੀ ਸੀ। ਫਿਰ ਵੀ ਪਰਤਣ ਦੀ ਥਾਂ, ਚੈਂਚਲ ਕੇ ਆਲੂ ਸਟੋਰ 'ਚ ਦਿਹਾੜੀ ਕਰਨ ਜਾ ਲੱਗੀ।

ਬਾਰੂ ਵਰਜਿਆ।

ਐਲਨ ਕੋਲ ਇਸ ਦੇ ਕਈ ਤਰਕ ਸਨ। "ਲੋੜਾਂ ਥਕ... ਮੈਂ ਦਿਹਾੜੀ 'ਤੇ ਥੁੱਕਦੀ ਵੀ ਨਹੀਂ।"

ਬਾਰੂ ਪਾਸ ਇਕੋ ਤਰਕ ਸੀ। ਚੁੱਪ, ਜਾਂ ਉਰਾਰ ਪਾਰ। ਐਲਨ ਜਦੋਂ ਗਈ ਰਾਤ ਤੱਕ ਨਾ ਮੁੜਦੀ ਤੇ ਨਿੱਕਾ ਜੈਲੂ ਗੁਆਂਢੀ ਘਰਾਂ ਵਿਚ ਰੁਲਦਾ ਫਿਰਦਾ ਤਾਂ ਬਾਰੂ ਲਈ ਚੁੱਪ ਦਾ ਰਾਹ ਵੀ ਬੰਦ ਹੋ ਗਿਆ। ਉਹਨੂੰ ਪੱਕ ਹੋ ਗਈ ਕਿ ਸੰਨ੍ਹ ਲੱਗ ਚੁੱਕੀ ਸੀ।

ਭਰਿਆ ਪੀਤਾ, ਤੜਕਾਲੀਂ ਸੈਲਰ 'ਤੇ ਚਲਿਆ ਗਿਆ। ਪਤਾ ਲੱਗਾ, ਲੇਬਰ ਜਾ ਚੁੱਕੀ ਸੀ। ਐਲਨ ਸੈਲਰ 'ਤੇ ਹੀ ਸੀ। ਪੂਰਬੀਏ ਰੋਕਿਆ। ਬਾਰੂ ਧਾਹ ਕੇ ਅੰਦਰ ਗਿਆ। ਕਮਰਾ ਖਾਲੀ ਸੀ। ਪਿਛਲੇ ਹਿੱਸੇ 'ਚ ਗਿਆ। ਬੋਰੀਆਂ ਦੀ ਧਾਂਕ ਪਿੱਛੇ ਚੈਂਚਲ ਤੇ ਐਲਨ ਖੜ੍ਹੇ ਸਨ। ਹੱਥਾਂ 'ਚ ਹੱਥ। ਚੈਂਚਲ ਕੁਝ ਦੇ, ਅਤੇ ਐਲਨ ਕੁਝ ਲੈ ਰਹੀ ਸੀ।

"ਕਿਮੇਂ ਐਂ ਚੈਂਚਲ ਸਿਹਾਂ।" ਬਾਰੂ ਸਹਿਜ ਸੀ।

"ਬਾਰੂ ਸਿਹਾਂ ਤੂੰ ? ਤੂੰ ਕਿਵੇਂ ? ਚੈਂਚਲ ਦੀ ਘਾਨਿਉਂ ਗਈ।

"ਮਖਿਆ ਮੈਂ ਵੀ ਕਰ ਲਾਂ ਹਸਾਬ ਕਤਾਬ...।"

ਇਸ ਤੋਂ ਪਹਿਲਾਂ ਕਿ ਚੈਂਚਲ ਕੁਝ ਕਹਿੰਦਾ, ਜਾਂ ਖਿਸਕਦਾ। ਬਾਰੂ ਕਿਸੇ ਵਰੋਲੇ ਵਾਂਗ ਹਿੱਕ 'ਤੇ ਚੜ੍ਹਿਆ। ਕੱਛ 'ਚ ਲਿਆ ਦਾਤਰ ਕੱਢਿਆ ਅਤੇ ਸਿਰੋਂ ਵਲਾਅ ਕੇ ਚੈਂਚਲ ਦੀ ਵੀਣੀ 'ਤੇ ਟੱਕ ਮਾਰਿਆ। ਚੀਕਦੀ ਐਲਨ ਬਾਰੂ 'ਤੇ ਝਪਟੀ। ਪਤਾ ਹੀ ਨਾ ਲੱਗਾ ਕਦੋਂ ਬਾਰੂ ਦੇ ਜੱਫ 'ਚ ਆਈ ਅਤੇ ਕਦੋਂ ਉਹਦੇ ਖੱਬੇ ਗੁੱਟ ਦੀਆਂ ਚੂੜੀਆਂ ਵੀਣੀ ਤੋਂ ਲੱਥ, ਪੱਕੇ ਫ਼ਰਸ਼ 'ਤੇ ਚੂਰ ਹੋ ਗਈਆਂ।

ਸੈਲਰ 'ਚ ਕੰਨ ਪਾੜਵਾਂ ਅੜਾਟ ਅਤੇ ਗੁੱਟਾਂ ਤੋਂ ਵਗਦੇ ਲਹੂ ਦੀ ਦਹਿਸ਼ਤ ਸੀ। ਪਰ ਬਾਰੂ ਦੀ ਖੱਲ ਵਿਚ ਡਰ ਦਾ ਭੋਰਾ ਨਹੀਂ ਸੀ। ਵਢੇ ਗਏ ਗੁੱਟ ਪਰਨੇ 'ਚ ਲਪੇਟ, ਉਹ ਦਾਤਰ ਸਣੇ ਜੋਗੀਪੁਰ ਦੇ ਥਾਣੇ 'ਚ ਜਾ ਖੜ੍ਹਿਆ।

ਠਾਣੇਦਾਰ ਬੀਲ੍ਹਾ, ਬਾਰੂ ਬਾਰੇ ਪਹਿਲਾਂ ਹੀ ਬਹੁਤ ਕੁਝ ਸੁਣ ਚੁੱਕਾ ਸੀ। ਉਹ ਖ਼ੁਦ ਚੌਥੇ ਪੌੜੇ 'ਚੋਂ ਸੀ। ਕੋਜ ਵਿਚੋਂ ਭਗੌੜਾ ਪੁਲਿਸ ਵਿਚ ਆ ਭਰਤੀ ਹੋਇਆ ਸੀ। ਮੰਡੀ ਬੀੜ 'ਚ ਜੋਗੇ ਬਦਮਾਸ਼ ਨਾਲ ਮੁਕਾਬਲੇ 'ਚ ਇਕ ਸਟਾਰ ਵਾਲਾ ਬਣਿਆ। ਬਾਰੂ ਦਾ ਜੇਰਾ ਵੇਖ ਦੰਗ ਰਹਿ ਗਿਆ।

ਬਾਰੂ ਮਿਰਫ਼ ਇਤਨਾ ਕਿਹਾ।

"ਬੜਾ ਹਟਕਿਆ। ਬਈ ਕੁੱਤੇ ਬਿੱਲਿਆਂ ਵਾਂਗ ਜੁਆਕ ਜੰਮਣ ਲਈ ਅੱਕ ਨੀ ਚੱਬਿਆ ਮੈਂ। ਕਿਸਮਤ ਬਦਲਣੀ ਐ ਐਤਕੀਂ। ਸੁੱਖੇ ਕਾਮਰੇਡ ਕਿਹਾ, ਕੁੱਖ ਸੁੱਚੀ ਰੱਖੂੰ... ਤਾਂ ਬਦਲੂ ਗੀ ਕਿਸਮਤ... ਪਰ ਹਟੀ ਨਹੀਂ...।"

ਬੀਲੂੰ ਦਾ ਮਨ ਭਰ ਆਇਆ। ਕਿਹੋ ਜਿਹੀ ਨਿਰਛਲ ਰੂਹ ਸੀ। ਕਿਹੋ ਜਿਹਾ ਸੁਪਨਾ ਲਿਆ ਇਸ ਸਿਧੜ ਨੇ...? ਬਾਰੂ ਦੀ ਮਾਸੂਮੀਅਤ ਅਤੇ ਭਾਵਨਾ ਦੇਖ, ਬੀਲੂੰ ਪਸੀਜ ਗਿਆ।

ਉਸ ਬਾਰੂ ਦੀ ਪਿੱਠ ਥਾਪੜੀ।

"ਨਰ ਐਂ ਤੂੰ... ਕਾਸ਼ ਇਹ ਕਾਰਾ ਤੂੰ ਘਰੇ ਕੀਤਾ ਹੁੰਦਾ। ਭੁੱਲ ਦੀ ਨਾ ਲੱਗਣ ਦਿੰਦਾ। ਪਰ ਕੋਈ ਨਾ, ਹੌਂਸਲਾ ਰੱਖ। ਕਰਦਾਂ ਕੋਈ ਹੀਲਾ ਮੈਂ...।"

ਬੀਲੂੰ ਨੂੰ ਚੇਂਚਲ ਦਾ ਕੇਸ ਖ਼ਰਾਬ ਕਰਦਿਆਂ ਬਹੁਤੀ ਔਖ ਨਾ ਹੋਈ। ਦੂਲਾ, ਸ਼ਰੀਕ ਚੇਂਚਲ ਦੇ ਵਿਰੁੱਧ ਨਿੱਤਰ ਗਿਆ। ਉਹ ਬਾਰੂ ਦੀ ਮਦਦ ਕਰਕੇ ਅਤੇ ਚੇਂਚਲ ਨੂੰ ਠਿੱਬੀ ਲਾ ਕੇ ਦੂਹਰੀ ਬਾਜ਼ੀ ਜਿੱਤਣਾ ਚਾਹੁੰਦਾ ਸੀ। ਚੇਂਚਲ ਦੇ ਵੱਢੇ ਗੁੱਟ ਦੀ ਮੁੱਠੀ 'ਚ ਘੁਟਿਆ ਸੌ ਦਾ ਨੋਟ, ਬਰਾਬਰ ਵੱਢਿਆ ਐਲਨ ਦਾ ਗੁੱਟ ਅਤੇ ਦੂਲੇ ਦੇ ਥਾਪੜੇ ਨੇ ਬੀਲੂੰ ਲਈ ਸਾਰੇ ਰਾਹ ਸੌਖੇ ਕਰ ਦਿੱਤੇ। ਪੁਲਿਸ ਨੇ ਅਜਿਹੇ ਗੁਆਹ ਖੜ੍ਹੇ ਕੀਤੇ, ਨਾ ਰਿਮਾਂਡ ਦੀ ਲੋੜ ਪਈ, ਨਾ ਕਿਸੇ ਉਤਲੀ ਅਦਾਲਤ ਵਿਚ ਜਾਣ ਲਈ ਕੋਈ ਰਾਹ ਹੀ ਰਹਿਣ ਦਿੱਤਾ ਗਿਆ।

ਜਦ ਨੂੰ ਚੇਂਚਲ ਅਤੇ ਐਲਨ ਦੇ ਟੁੰਡ ਗੈਂਗਰੀਨ ਤੋਂ ਬਚੇ ਅਤੇ ਕ਼ਿਲਰ ਦੀ ਲੇਬਰ ਸਮੇਂ ਸਿਰ ਘਰ ਜਾਣ ਲੱਗੀ, ਤੀਜੀ ਚੌਥੀ ਤਾਰੀਖ਼ ਬਾਰੂ ਦੀ ਜ਼ਮਾਨਤ ਹੋ ਗਈ।

ਤਦ ਤੀਕ ਐਲਨ ਮਾਪਿਆਂ ਕੋਲ ਪਰਤ ਚੁੱਕੀ ਸੀ, ਅਤੇ ਦੋਹਾਂ ਵਿਚਾਲੇ ਦੂਰੀ ਇਤਨੀ ਵਧ ਚੁਕੀ ਸੀ ਕਿ ਸੁੱਖਾ ਮਿਸਤਰੀ ਵੀ ਹੱਥ ਖੜ੍ਹੇ ਕਰ ਗਿਆ।

ਬਾਰੂ ਸਮਝ ਚੁੱਕਿਆ ਸੀ ਕਿ ਸੁੱਖੇ ਦੀ ਭਾਖਿਆ ਝੂਠ ਸੀ, ਕਿ ਕਿਸਮਤ ਬਦਲੀ ਜਾ ਸਕਦੀ ਸੀ। ਬਾਰੂ ਨੂੰ ਇਹ ਕਦੇ ਸਮਝ ਨਹੀਂ ਸੀ ਆਈ ਕਿ ਕੈਮੇ ਤਬੇਲੇ ਅਤੇ ਐਲਨ ਆਲੂ ਸਟੋਰ ਵਿਚ ਆਪਣੀ ਮਰਜ਼ੀ ਨਾਲ ਕਿਉਂ ਗਈਆਂ? ਦੂਲੇ ਨੇ ਉਹਨੂੰ ਰੰਘੜ ਦਾ ਤੁਖ਼ਮ ਕਿਉਂ ਕਿਹਾ...?

ਬਾਰੂ ਕੋਲ ਦੋ ਹੀ ਧਿਰਾਂ ਸਨ। ਦੇਬੂ ਮਹੰਤ ਜਾਂ ਸੁੱਖਾ ਕਾਮਰੇਡ, ਜਿਨ੍ਹਾਂ ਦੇ ਮੋਢੇ ਸਿਰ ਰੱਖ ਉਹ ਰੋ ਸਕਦਾ ਸੀ। ਪਰ ਰੋਣਾ ਉਹਨੇ ਸਿੱਖਿਆ ਨਹੀਂ ਸੀ। ਉਹਦੇ ਜ਼ਿਹਨ 'ਚ ਸੁੱਖੇ ਦੇ ਬੋਲ ਵਾਰ ਵਾਰ ਗੂੰਜਦੇ। "ਪੁੱਤ ਤੇ ਭੇਡੀ ਰੱਖ ਬਾਰਾਂ ਸਿਹਾਂ। ਬੰਦਿਆਂ ਵਾਂਗ ਪਾਲ ਉਹਨੂੰ, ਤੇ ਚਾਰ ਅੱਖਰ ਪਾ ਉਹਦੇ ਢਿੱਡ 'ਚ। ਹੋਰ ਕੋਈ ਚਾਰਾ ਨਹੀਂ ਭਾਅ, ਕਿਸਮਤ ਬਦਲਣ ਦਾ...।"

ਇਕ ਦਿਨ ਬਾਰੂ ਵਿਲੀਅਮ ਮਸੀਹ ਸਾਹਵੇਂ ਜਾ ਖੜ੍ਹਿਆ। ਦੂਜੇ ਭੈਣ ਭਰਾਵਾਂ ਨਾਲ ਐਲਨ ਵੱਢੇ ਟੁੰਡ ਨਾਲ ਬੈਂਤ ਦੀਆਂ ਕੁਰਸੀਆਂ ਬੁਣ ਰਹੀ ਸੀ।

ਵਿਲੀਅਮ ਹੱਥ ਜੋੜਦਾ ਉੱਠ ਖੜ੍ਹਾ ਅਤੇ ਰੋਣ ਲੱਗਾ।

ਐਲਨ ਦੀ ਮਾਂ ਮੂਹੜਾ ਲੈ ਆਈ।



ਬਾਰੂ ਪਾਣੀ ਪੀਤਾ। ਐਲਨ ਵੱਲ ਝਾਕਿਆ। ਹਉਕਾ ਲਿਆ, ਅਤੇ ਨਿੱਕੇ ਜੇਲੂ ਨੂੰ ਮੋਢੇ ਲਾ ਡੇਰੇ 'ਚ ਆ ਰਿਹਾ...। ਉਹਨੂੰ ਰੋਕਣ ਦੀ ਕਿਸੇ ਵਿਚ ਹਿੰਮਤ ਨਹੀਂ ਸੀ।

ਬੀਲੂੰ ਨੇ ਬਾਰੂ ਦਾ ਡਟ ਕੇ ਸਾਥ ਦਿੱਤਾ ਸੀ। ਦੂਲੇ ਵੀ ਸ਼ਰੀਕ ਚੇਂਚਲ ਦੇ ਤੱਪੜ ਰੋਲਣ ਵਿਚ ਵਾਹ ਲਗਦਾ ਟਿੱਲ ਲਾਇਆ। ਪਰ ਚੇਂਚਲ ਦੇ ਭਣਵਈਏ ਅਤੇ ਸੁੱਚੇ ਕਲਾਲ ਦੇ ਵਕੀਲ ਪੁੱਤ ਦਾ ਜ਼ੋਰ ਚੜ੍ਹ ਗਿਆ ਅਤੇ ਉਹਨਾਂ ਵਾਰਦਾਤ ਵਿਚ ਦੇਬੂ ਮਹੰਤ ਅਤੇ ਫਕੀਰੀਏ ਦੀ ਸ਼ਮੂਲੀਅਤ ਸ਼ੱਕੀ ਸਾਬਤ ਕਰ, ਬਾਰੂ ਦਾ ਤਿੰਨ ਦਿਨਾਂ ਪੁਲਿਸ ਰੀਮਾਂਡ ਲੈ ਲਿਆ।

ਪਰ ਪੁਲਿਸ ਪਾਸ ਇਕਬਾਲੇ ਜੁਰਮ ਦਾ ਮੁੱਦਾ, ਅਤੇ ਬਾਰੂ ਦੇ ਕੁੱਟ ਜਰ ਜਾਣ ਕਾਰਨ ਦੇਬੂ ਅਤੇ ਫੀਰੂ ਕੁੱਟ ਤੋਂ ਤਾਂ ਬਚ ਰਹੇ, ਪਰ ਸੀ.ਏ. ਸਟਾਫ਼ ਦਾ ਬਾਰੂ ਨੂੰ ਦੋ ਪਹਿਰ ਪੁੱਠਾ ਲਟਕਾਈ ਰੱਖਣਾ ਬਾਰੂ ਨੂੰ ਬਹੁਤ ਮਹਿੰਗਾ ਪਿਆ।

ਜਦ ਨੂੰ ਬਾਰੂ ਦੇ ਬਰੀ ਹੋਣ ਦੇ ਆਰਡਰ ਹੋਏ। ਸਮਾਂ ਗੁਜ਼ਰ ਚੁੱਕਾ ਸੀ। ਦੂਲੇ ਦੀ ਕੁੱਟ ਅਤੇ ਪੁਲਿਸ ਦੀ ਕੁੱਟ ਬਾਰੂ ਦੀਆਂ ਅੱਖਾਂ ਵਿਚ ਇਸ ਕਦਰ ਹਨੇਰ ਬਣ ਕੇ ਉੱਤਰੀ ਕਿ ਉਹਨੂੰ ਆਪਣਾ ਹੱਥ ਵੀ ਦਿਸਣੋਂ, ਹਟਦਾ ਗਿਆ।

ਇਸ ਤੋਂ ਪਿੱਛੋਂ ਪੂਰੇ ਅਠਾਰਾਂ ਵਰਿਆ ਦਾ ਇਤਿਹਾਸ ਸੀ। ਜਿਸ ਵਿਚ ਐਲਨ ਦਾ ਪਛਤਾਵਾ ਅਤੇ ਬਿਨਾਂ ਇਕ ਪਲ ਦੇਰੀ ਕੀਤੇ ਘਰ ਆ ਬੈਠਣਾ। ਬਾਰੂ ਦਾ ਸਦਾ ਲਈ ਡੇਰੇ ਦਾ ਹੋ ਜਾਣਾ। ਫੀਰੂ ਦੀ ਐਲਨ 'ਤੇ ਚਾਦਰ ਪਾਉਣੀ। ਦੇਬੂ ਅਤੇ ਬਾਰੂ ਦੀ ਇਹ ਸਦੀ ਬਦਲਣ ਦੀ ਜ਼ਿਦ। ਜੇਲੂ ਦੀ ਸਿਰ ਤੋੜ ਮਿਹਨਤ। ਸੁੱਖੇ ਦੀ ਅਗਵਾਈ ਅਤੇ ਜੇਲੂ ਦਾ ਫੀਰੂ ਨੂੰ ਪਿਤਾ ਅਤੇ ਬਾਰੂ ਨੂੰ ਤਾਏ ਦੀ ਪਦਵੀ ਦੇਣ ਪਿੱਛੋਂ ਇਸ ਕਥਾ ਦੀਆਂ ਸਾਰੀਆਂ ਧਿਰਾਂ ਦੇ ਲਹੂ ਅਤੇ ਮਿਹਨਤ ਮੁਸ਼ੱਕਤ ਦੇ ਮੁੜ੍ਹਕੇ ਨਾਲ ਲਿਖੇ ਇਤਿਹਾਸ ਦੀ ਵਰਕਾ ਵਰਕਾ ਵਿਥਿਆ ਸੀ। ਜਿਸ ਦੇ ਕਿਣਕਾ ਕਿਣਕਾ ਜੋੜ ਕੇ ਬਣਾਏ ਸੁਪਨਿਆਂ ਦੇ ਮਹਿਲ ਨੂੰ ਸੰਤੀ ਦੀ ਆਮਦ ਨੇ ਇਕ ਝਟਕੇ ਨਾਲ ਹੀ ਤਹਿਸ ਨਹਿਸ ਕਰ ਕੇ ਰੱਖ ਦਿੱਤਾ ਸੀ। ਬਾਰੂ ਦੀ ਅੱਖ ਵਿਚ ਬਦਲੀ ਜਾਣ ਵਾਲੀ ਸਦੀ, ਸਹਿਕ ਰਹੀ ਸੀ...।

## ਦ੍ਰਿਸ਼-12

ਸੰਤੀ ਨਿਡਰ ਸੀ। ਉਹਨੂੰ ਦਲੇਰੀ ਮਾਂ ਸ਼ਾਮ ਕੁਰ ਤੋਂ ਮਿਲੀ ਸੀ। ਪਰ ਸ਼ਾਮ ਕੁਰ ਪਤਾ ਨਹੀਂ ਕੀ ਭੁੰਨ ਕੇ ਬੀਜਿਆ ਸੀ। ਉਮਰ ਦੇ ਪਹਿਲ ਪਹਿਰ ਹੀ ਸਿਰੋਂ ਨੰਗੀ ਹੋ ਗਈ। ਮਾਪੇ ਗ਼ਰੀਬੜੇ ਸਨ। ਉਹਨਾਂ ਵਿਧਵਾ ਧੀ ਕਰਨਪੁਰੀਏ ਨਾਜਰ ਸਿੰਘ ਦੇ ਲਿਆ ਬਿਠਾਈ।

ਕਰਨਪੁਰੀਆ ਸਿੰਘ ਜੋਹਦੀ ਵਿਆਹਦੜ ਦੇ ਸਾਲ ਪਹਿਲਾਂ ਉਹਦੀ ਅਯਾਸ਼ੀ ਤੋਂ ਤੰਗ, ਦੋ ਨੰਨ੍ਹੇ ਪੁੱਤਾਂ ਵੱਲ ਪਿੱਠ ਕਰ, ਤੇਲ ਪਾ ਕੇ ਮਰ ਮੋਈ ਸੀ। ਦੋ ਧੀਆਂ ਨਾਲ ਸ਼ਾਮ ਕੁਰ ਵੀ ਆ ਬੈਠੀ ਤਾਂ ਤੀਹ ਕਿੱਲਿਆਂ 'ਚੋਂ ਭਰਾ ਨੇ ਅੱਧ ਵੰਡਾ ਲਿਆ।

ਸੁਖਿਆਰਾ ਨਾਜਰ ਵਾਹੀ 'ਚ ਭਿੱਜ ਨਾ ਸਕਿਆ ਅਤੇ ਸਿਆੜਾਂ ਦੇ ਪਲਾਟ ਕੱਟਣ ਲੱਗਾ। ਪਲਾਟ ਅਯਾਸ਼ੀ 'ਚ ਖੁਰਨ ਲੱਗੇ।

ਸ਼ਾਮ ਕੁਰ ਸਿਰ ਫੜ੍ਹ ਕੇ ਬੈਠ ਗਈ। ਧੀਆਂ ਕੱਛ 'ਚ ਆਉਣ ਲੱਗੀਆਂ, ਤਾਂ ਉਹ ਪਤੀ ਅਤੇ ਪੁੱਤਾਂ ਤੋਂ ਹੀ ਡਰਨ ਲੱਗੀ। ਕਹਿਣ ਨੂੰ ਪਤੀ ਪ੍ਰਾਪਰਟੀ ਡੀਲਰ, ਧੰਦਾ ਸ਼ਰਾਬ, ਤੀਵੀਂਬਾਜ਼ੀ, ਜੂਆ, ਗੁੰਡਾ ਗਰਦੀ...।

ਧੀਆਂ ਉਭਾਰ ਹੋਈਆਂ ਤਾਂ ਸ਼ਾਮ ਕੁਰ ਧੀਆਂ ਬੁੱਕਲ 'ਚ ਲੈ ਕਿਹਾ।

"ਮੇਰੀ ਕਿਸਮਤ ਤਾਂ ਗਈ... ਘਰ ਦੀ ਸੰਨ੍ਹ ਤੋਂ ਬਚਿਓ... ਚੰਗ ਮੰਦ ਸੋਚੋ... ਤੇ ਪਾਰ ਜਾਓ ਇਥੋਂ... ਪਿੱਛੇ ਨੀ ਦੇਖਣਾ ਮੁੜਕੇ...।"

ਇਵੇਂ ਹੀ ਹੋਇਆ। ਸ਼ਾਮ ਕੁਰ ਦੇ ਗਹਿਣੇ ਗੱਟੇ ਨਾਲ ਤੁੱਲ ਕੇ ਵਿਦੇਸ਼ ਗਈ ਵੱਡੀ ਜੀਨੂੰ, ਕਿਸੇ ਨੌਗਰੋ ਨਾਲ ਸੈਟ ਹੋ ਕੇ ਉਥੇ ਹੀ ਟਿਕ ਗਈ। ਸੱਤੀ ਲਾਅ ਕਰ ਗਈ ਅਤੇ ਜੈਜਮ ਦੀ ਝੋਲੀ ਜਾ ਪਈ।

ਸੱਤੀ ਦੇ ਕਿਸੇ ਦਲਿਤ ਸਹਿਪਾਠੀ ਨਾਲ ਚਰਚੇ ਪਿਉ ਅਤੇ ਭਰਾਵਾਂ ਨੇ ਸੁਣੇ ਤਾਂ ਸਨ; ਪਰ ਨਿਆਣ ਉਮਰ ਦੀ ਭਾਵੁਕਤਾ ਜਾਣ ਚੁੱਪ ਰਹੇ।

ਸ਼ਾਮ ਕੁਰ ਨੂੰ ਸੂਹ ਮਿਲੀ ਤਾਂ ਉਹਦੀ ਖਾਨਿਉਂ ਗਈ। ਪਤੀ ਅਤੇ ਪੁੱਤ ਤਾਂ ਮਾਂ ਧੀ ਲਈ ਪਹਿਲਾਂ ਹੀ ਜ਼ਹਿਰ ਥੁੱਕਦੇ ਸਨ।

"ਮੂਰਖ ਸੀ ਪਿਉ ਸਾਡਾ... ਤੀਵੀਂ ਰਖਦਾ ਹਰ ਰਾਤ ਲਈ ਨਵੀਂ, ਹੁਣ ਪਾਲ ਰਿਹੇ ਟੱਬਰ... ਕੁੜੀਆਂ, ਤੀਵੀ, ਪੜ੍ਹਾਈ, ਕੱਪੜੇ... ਪਤਾ ਨੀਂ ਕਿੱਥੋਂ ਲਾ ਲੀ ਦੇਂਦ ਚੋਰ ਨੇ...।"

ਇਕ ਦਿਨ ਸ਼ਾਮ ਕੁਰ ਸੱਤੀ ਬੁੱਕਲ 'ਚ ਲਈ।

"ਧੀਏ! ਕਿੱਥੇ ਜਾ ਡਿੱਗੀ ਤੂੰ ? ਹਰੀਜਨ ਕੀਹਨੂੰ ਹਜ਼ਮ ਹੋਣਗੇ ?।"

"ਰਗੜ ਕੇ ਮੱਥੇ 'ਤੇ ਲਾਵਾਂ ਉੱਚੀ ਜਾਤ ਨੂੰ ? ਕਿਤੇ ਬਾਹਰ ਨਿਕਲ ਕੇ ਦੇਖ ਉੱਚੀ ਜਾਤ ਵਾਲਿਆਂ ਦੇ ਤਮਾਸ਼ੇ... ਕੱਠੇ ਜਿੰਡੀਆਂ ਕਾਰਾਂ... ਬੀਅਰ, ਸਿਗਰਟਾਂ, ਭੁੱਕੀ, ਸਮੈਕ... ਵਿਸਕੀ, ਸੋਢਾ...। ਮਹਿੰਗੀਆਂ ਪੁਸ਼ਾਕਾਂ... ਮਹਿੰਗੇ ਫੋਨ...। ਨਾਲ ਕੁੜੀਆਂ, ਅੱਜ ਹੋਰ, ਕੱਲ੍ਹ ਹੋਰ। ਇਹਨਾਂ ਨੂੰ ਕਹਿ, ਮਾਪਿਆਂ ਦੀ ਸ਼ਹਿ ਤੋਂ ਬਿਨਾਂ ਦਸ ਵੀਹ ਹਜ਼ਾਰ ਕਮਾ ਕੇ ਦਖਾਉਣ...। ਤੇ ਨੰਬਰ ? ਬੱਸ ਪਾਸ ਹੋਣ ਜਿਤਨੇਂ। ਇਹ ਜਾਤਾਂ ਜੁਤਾਂ ਬਹੁਤ ਪਿੱਛੇ ਰਹਿ ਗਈਆਂ ਮੰਮੀ... ਤੂੰ ਕੈਰੀਅਰ ਦੇਖ ਅਗਲੇ ਦਾ...।"

"ਮੈਂ ਤਾਂ ਕਹਿੰਦੀ ਆਂ ਲਿਆ ਕੋਈ ਉੱਚੀ ਜਾਤ ਵਾਲਾ, ਪੀ.ਸੀ.ਐਸ. ਆਈ.ਏ.ਐਸ.। ਮੇਰੀ ਡਿਗਰੀ, ਸੁਹੱਪਣ, ਤੇਰੀ ਜਾਤ ਤਾਂ ਰੱਖੂ ਇਕ ਪਾਸੇ, ਪੰਜਾਹ ਲੱਖ ਹੋਰ ਨਾ ਮੰਗੇ ਤਾਂ ਕਹੀਂ। ਇਕ ਉਹ ਐ... ਸੈਲਫ਼ ਮੇਡ...। ਟਵੀਸ਼ਨਾਂ ਕਰ ਕਰ ਪੜ੍ਹਿਆ... ਸਾਰੇ ਸੂਬੇ 'ਚੋਂ ਅੱਵਲ...। ਮੈਂ ਨੀ ਪਰਵਾਹ ਕਰਦੀ ਕਿਸੇ ਦੀ...।"

"ਵੱਡੇ ਘਰਾਂ ਦੀ ਤਾਂ ਘਰੇੜੀ ਨੀ ਮਾਣ ਧੀਏ...।"

"ਕਿਹੜੇ ਵੱਡੇ ਘਰ ? ਜੀਹਨਾਂ ਦੀ ਅਮੀਰੀ, ਸਿਆੜ ਵੇਚ੍ਹ ਵੇਚ੍ਹ ਤੁਰਦੀ ਐ ? ਪੰਜਾਹ ਸਾਲ ਬਾਅਦ ਦੇਖੀਂ ਤੂੰ... ਜਦ ਪੀੜ੍ਹੀ ਦਰ ਪੀੜ੍ਹੀ ਵੰਡੇ ਗਏ ਸਿਆੜ ਭਾਜੀ ਤਰਕਾਰੀ ਲਈ ਵੀ ਨਾ ਰਹੇ। ਸਦੀ ਬਦਲ ਗਈ ਮੰਮੀਏ... ਹੋਸ਼ 'ਚ ਆ।"



ਪਰ ਉਹ ਆਪ ਹੋਸ਼ 'ਚ ਨਹੀਂ ਸੀ। ਪਿੰਡੋਂ ਪਰਤ ਉਹ ਪੋਰੋਂ ਹਿਲ ਗਈ ਸੀ। ਇਸ ਜਾਤੀ ਅਜੋੜ ਬਦਲੇ ਤਾਂ ਉਹਦੇ ਮਾਪੇ ਅੱਗ ਉਗਲਦੇ... ਪਰ, ਜੈਜਮ ਦਾ ਤਾਇਆ ਕਿਉਂ ਤੜਪਿਆ ?

ਜੈਜਮ ਲਈ ਤਾਂ ਖੁਦ ਵੰਜੋੜੇ ਜਾਣ ਵਾਲੀ ਗੱਲ ਸੀ। ਮਾਂ, ਤਾਇਆ, ਕਤਲ ਕਰ ਦਿੱਤੀ ਗਈ ਭੂਆ, ਦੂਲੇ ਸਰਦਾਰ ਦੀਆਂ ਜ਼ਿਆਦਤੀਆਂ ਅਤੇ ਜਾਤੀ ਵਿਵਸਥਾ ਦੇ ਨਿਰਾਦਰ ਤੋਂ ਉਹ ਭਲੀ ਭਾਂਤ ਵਾਕਫ਼ ਸੀ। ਸੱਤੀ ਨਾਲ ਦੋਸਤੀ ਨੂੰ ਵੀ ਉਹ ਬਦਲੇ ਦੀ ਭਾਵਨਾ ਵਜੋਂ ਨਹੀਂ ਸੀ ਲੈਂਦਾ। ਪਰ ਤਾਏ ਦਾ ਵਿਰੋਧ ਉਸਦੀ ਸਮਝ ਵਿਚ ਨਹੀਂ ਸੀ ਆਇਆ।

ਸੱਤੀ ਲਈ ਫੈਸਲੇ ਦੀ ਘੜੀ ਸੀ। ਪਰ ਉਹ ਦ੍ਰਿੜ ਸੀ।

ਘਰ ਗਈ ਤਾਂ ਘਰ ਲਾਵੇ 'ਚ ਮੱਚ ਰਿਹਾ ਸੀ। ਮੁੰਡੇ ਕਿਰਪਾਨਾਂ ਅਤੇ ਦੂਲਾ ਪਿਸਤੌਲ ਲਈ ਬੈਠਾ ਸੀ। ਪਤਾ ਲੱਗਾ, ਦਿੱਤੂ ਪੁਰ ਤੋਂ ਦੂਲਾ ਅਣਖ ਨੂੰ ਅੱਗ ਲਾ ਕੇ ਗਿਆ ਸੀ; ਜਿਸਦੇ ਬਦਲੇ ਸੱਤੀ ਦੀ ਮਾਂ ਨੂੰ ਬੇਦਰਦੀ ਨਾਲ ਕੁੱਟਿਆ ਜਾ ਚੁੱਕਾ ਸੀ।

ਸ਼ਾਮ ਕੁਰ ਸੱਤੀ ਬੁੱਕਲ 'ਚ ਲਈ। ਦਿਲਾਸਾ ਦਿੱਤਾ। ਉਹਦਾ ਰੋਣ ਨਹੀਂ ਸੀ ਥੰਮ੍ਹਦਾ। ਗੁੱਸੇ ਨਾਲ ਭਰੀ ਸੱਤੀ ਪਿਤਾ ਮੂਹਰੇ ਜਾ ਖੜ੍ਹੀ।

"ਪਾਪਾ! ਮੈਂ ਇੱਜ਼ਤ ਕਰਦੀ ਆਂ ਥੋਡੀ... ਮਾਂ 'ਤੇ ਹੱਥ ਚੁੱਕਣ ਦਾ ਮਤਲਬ ?"

"ਹੁਣੇ ਇਸੇ ਵਕਤ, ਦੋਵੇਂ ਨਿਕਲੋ ਇਥੋਂ..."

"ਪਾਪਾ...!"

"ਖ਼ਬਰਦਾਰ, ਜੇ ਮੈਨੂੰ ਪਾਪਾ ਕਿਹਾ ਤਾਂ... ਪਤਾ ਨੀ ਕਿਹੜੇ ਕੰਜਰ ਦੀ ਜੂਠ ਐਂ ਤੂੰ ? ...ਤੈਨੂੰ ਪੜ੍ਹਾਇਆ ਲਿਖਾਇਆ ਬਈ ਮੇਰੇ ਦੀ ਮੂੰਹ 'ਤੇ ਕਾਲਖ ਮਲੇਂ ਤੂੰ... ਇਕ ਮਿੰਟ ਤੋਂ ਪਹਿਲੋਂ ਦਫ਼ਾ ਹੋ ਜੇ ਏਥੋਂ...।"

ਗੁੱਤੋਂ ਫੜ ਨਾਜ਼ਰ, ਸ਼ਾਮ ਕੁਰ ਬਾਹਰ ਵੱਲ ਧੱਕੀ ਤਾਂ ਸੱਤੀ ਬਾਬਰ ਵਾਂਗ ਮੱਚ ਉੱਠੀ।

"ਖ਼ਬਰਦਾਰ! ਜੇ ਹੱਥ ਲਾਇਆ...। ਹਿੰਮਤ ਹੈ ਤਾਂ ਕੱਢ ਕੇ ਦਖਾ...। ਜੇ ਏਸ ਵਕੀਲ ਨੇਂ ਅਦਾਲਤਾਂ 'ਚ ਤੇਰੀ ਘੀਸੀ ਨਾ ਕਰਵਾਈ ਤਾਂ...।"

ਵੱਡਾ ਭਰਾ ਧਾਹ ਕੇ ਅੱਗੇ ਵਧਿਆ।

"ਲਾ ਹੱਥ ਜੇ ਪਿਉ ਦੈ ਤਾਂ... ਤੇਰੀਆਂ ਅਯਾਸ਼ੀਆਂ ਤੇ ਦੋ ਨੰਬਰ ਦੇ ਧੰਦੇ ਸਭ ਮੇਰੇ ਦੋਸਤਾਂ ਦੀ ਟਿਪਸ 'ਤੇ ਨੇ। ਹੱਥ ਲਾ, ਦੇਖਦੀ ਆਂ ਮੈਂ ਕਿਵੇਂ ਮੋੜ੍ਹੀਆ ਛੱਟਦੇ ਤੇਨੂੰ... ਵੱਡੇ ਬਦਮਾਸ਼ ਨੂੰ।।"

ਨਾਜ਼ਰ ਮਿੱਟੀ ਹੋ ਗਿਆ। ਉਹ ਭੁੱਲ ਚੁੱਕਾ ਸੀ ਕਿ ਕੁੜੀ ਵਕੀਲ ਸੀ ਤੇ ਹੱਦੋਂ ਲੰਘ ਚੁੱਕੀ ਸੀ। ਉਸ ਹੈਂਕੜ ਕਾਇਮ ਰੱਖਦੇ ਕਿਹਾ।

"ਕੁੱਤੀਏ! ਸ਼ਰਮ ਤਾਂ ਨੀ ਆਈ, ਰੰਦ 'ਤੇ ਡਿਗਦਿਆਂ।"

"ਨਹੀਂ ਡਿਗਦੀ... ਲਿਆ ਕਿਸੇ ਉੱਚੀ ਕੁੱਲ ਦਾ... ਮੇਰੇ ਬਰਾਬਰ ਪੜ੍ਹਿਆ ਲਿਖਿਆ। ਭਰ ਉਹਦਾ ਮੂੰਹ। ਮੈਂ ਪੁੱਛਦੀ ਆਂ ਜੇ ਆਪਣੇ ਕੌਖੀਂ ਆਪ ਸੜਨ ਦਾ ਮੈਂ ਰਾਹ ਲੱਭ ਲਿਆ ਤਾਂ ਉੱਚੀ ਜਾਤ ਨੂੰ ਵੱਟਾ ਲੱਗ ਗਿਆ ? ਪਾਪਾ! ਤੂੰ ਮੇਰੇ ਵੀਰਾਂ ਨੂੰ ਈ ਵਿਆਹ ਲੈ ਇਹੀ ਬਹੁਤ ਐ...।"

"ਤੈਨੂੰ ਪੁੱਛ ਕੇ ਬਿਆਹੂੰ ਮੈਂ... ਤੇਰੇ ਵਾਂਗ ਔਗ ਨੀ ਲੱਗੀ ਇਹਨਾਂ ਨੂੰ...।"

"ਰਹਿ ਗਏ ਦਸ ਪਲਾਟਾਂ ਤੋਂ ਬਾਅਦ ਅਸਮਾਨ ਵੇਚ ਕੇ ਬਿਆਹੋਂ ਗਾ ?"

"ਤਾਂ ਆਪਣੀ ਆਈ ਤੋਂ ਹਟਦੀ ਨਹੀਂ ਤੂੰ।"

"ਸਮਝੋ ਮਰ ਗਈ ਮੈਂ ਥੋਡੇ ਲਈ...।"

ਮੁੰਡਿਆਂ ਦੇ ਮੱਥੇ ਠਣਕੇ।

"ਤਾਂ ਇਹਦਾ ਮਤਲਬ ਤੂੰ ਸਾਥੋਂ ਮੰਗਦੀ ਨੀ ਕੁਝ ?"

"ਤੁਹਾਡੇ ਕੋਲ ਦੇਣ ਲਈ ਹੈ ਕੀ... ?

ਇਕ ਦਮ ਚੁੱਪ ਵਰਤ ਗਈ।

ਨਾਜਰ ਅਤੇ ਮੁੰਡੇ ਸੋਚ ਰਹੇ ਸਨ; ਨਹੀਂ ਹਟਦੀ ਤਾਂ ਘਰੋਂ ਬੇਦਖਲ ਕਰੋ...। ਸੇਟ ਹੋ ਗਈ ਤਾਂ ਸਾਰੀ ਉਮਰ ਪੀ.ਸੀ.ਐਸ. ਅਫ਼ਸਰ ਲੱਤ ਥੱਲੇ ਰਹੂ...।

ਸੌਤੀ ਸੋਚ ਰਹੀ ਸੀ। ਇਧਰੋਂ ਤਾਂ ਮੈਂ ਗਈ। ਜੇ ਜੈਸਮ ਵੀ ਜਰਕ ਗਿਆ... ?

ਦ੍ਰਿਸ਼-13

ਬਾਰੂ ਡੇਰੇ ਪਰਤਿਆ ਤਾਂ ਸਹੀ; ਪਰ ਸਾਹਾਂ 'ਚ ਬਾਰੂਦ ਲਈ। ਬਾਰੂ ਨੂੰ ਸਭ ਕੁਝ ਹੱਥੋਂ ਕਿਰ ਗਿਆ ਲੱਗਾ। ਦੇਬੂ ਨੇ ਬਾਰੂ ਨੂੰ ਪਹਿਲੀ ਵਾਰ ਰੋਂਦੇ ਦੇਖਿਆ। ਦੇਬੂ ਹਉਕਾ ਲਿਆ। ਪਰ ਜਿਉਂ ਹੀ ਬਾਰੂ ਨੇ ਗੁੱਸੇ ਨਾਲ ਛੰਨ 'ਚੋਂ ਦਾਤਰ ਚੁਹਿਆ ਅਤੇ ਪੁੱਤ ਨੂੰ ਗੰਦੀ ਗਾਲ੍ਹ ਕੱਢੀ। ਦੇਬੂ ਡਾਡ ਮਾਰੀ। ਡਾਡ ਬ੍ਰਹਿਮੰਡ ਵਿਚ ਗੂੰਜੀ।

ਪੁੱਤ ਕਿਸੇ ਉੱਚੀ ਜਾਤ ਨਾਲ ਸਿਰ ਜੋੜਨ ਲਈ ਦ੍ਰਿੜ ਸੀ

ਬਾਰੂ ਪੁੱਤ ਨੂੰ ਹੀ ਕਤਲ ਕਰਨ ਤੇ ਤੁੱਲ ਗਿਆ।

ਅਗਲੀ ਸਵੇਰ ਦਿੱਤੂਪੁਰ ਦੀ ਸਾਰੀ ਠੱਠੀ, ਡੇਰੇ 'ਚ ਆ ਖੜ੍ਹੀ।

ਸਮਾਧ ਦੀ ਚੁਖੰਡੀ 'ਚ ਬੈਠਾ ਬਾਰੂ ਚੁੱਪ।

ਕਿਸੇ ਦੀ ਹਿਮਤ ਨਹੀਂ ਸੀ ਪੈ ਰਹੀ ਗੱਲ ਕਰਨ ਦੀ।

ਸਭ ਨੇ ਮਾਸਟਰ ਜੋਗੀ ਵੱਲ ਦੇਖਿਆ।

ਮਾਸਟਰ ਹਿਮਤ ਬਟੋਰੀ।

"ਦੇਖ ਬਾਰਾ ਸਿਹਾਂ! ਬਹੁਤ ਹੋ ਗਈ ਮੂਰਖਤਾ। ਹੁਣ ਕੋਈ ਬਖੇੜਾ ਨਾ ਕਰੀਂ। ਤੈਨੂੰ ਤਾਂ ਖੁਸ਼ ਹੋਣਾ ਚਾਹੀਦੈ, ਬਈ ਪਿੱਠ ਤਖਤਿਆਂ ਨਾਲ ਜਾ ਲੱਗੀ ਪੁੱਤ ਦੀ। ਫਿਰ ਇਤਰਾਜ਼ ਤਾਂ ਉਹ ਕਰਨ ਜਿਨ੍ਹਾਂ ਦੀ ਧੀ ਨੀਵੇਂ ਥਾਂ ਆਊ, ਤੇਰੇ ਘਰੇ...। ਇਹ ਤਾਂ ਜਿੱਤ ਐ ਕਮਲਿਆ ਇਸ ਸਦੀ ਦੀ...।"



ਮਾਸਟਰ ਸਮਝ ਕੇ ਬੋਲਿਆ। ਹਜੂਮ ਖੁਸ਼। ਬਾਰੂ ਦਹਾੜਿਆ...।

"ਕਿਹੜੀ ਜਿੱਤ ਉਏ ਕੁੱਤਿਆ।" ਉਹਨੇ ਹੱਥੀਂ ਫੜਿਆ ਦਾਤਰ ਹਵਾ 'ਚ ਲਹਿਰਾਇਆ। ਇਹਨੂੰ ਜਿੱਤ ਕਹਿਨੈ ਤੂੰ ਕੰਜਰਾ! ...ਇਹ ਹਾਰ ਐ ਸਾਡੀ। ਮੈਂ ਪੁੱਤ ਪੜ੍ਹਾਇਆ, ਬਈ ਕਿਸਮਤ ਬਦਲੂ ਮੇਰੀ ਜੱਦ ਦੀ... ਮੇਰੀ ਕੌਮ ਦੀ...। ਪਰ ਉਹ ਕੁੱਤਾ, ਉਸ ਖੇਮੇ 'ਚ ਜਾ ਡਿੱਗਾ, ਜਿਨ੍ਹਾਂ ਨੂੰ ਪਹਿਲਾਂ ਸਾਡੀ ਇੱਜ਼ਤ ਚਾਹੀਦੀ ਸੀ... ਔਰ ਹੁਣ ਸਾਡੇ ਮੁੰਡੇ ਚਾਹੀਦੇ ਐ... ਪੜ੍ਹੇ ਲਿਖੇ...। ਚਿੱਤ ਵੀ ਉਹਨਾਂ ਦੀ, ਔਰ ਪੱਟ ਵੀ ਉਹਨਾਂ ਦੀ... ? ਔਰ ਇਹਨੂੰ ਜਿੱਤ ਕਹਿਨੈ ਤੂੰ...। ਮੈਂ ਪੁੱਛਦਾਂ ਕਦ ਬਦਲੂ ਸਾਡੀਆਂ ਧੀਆਂ ਭੈਣਾਂ ਦੀ ਕਿਸਮਤ...। ਕਦ ਜੀਆਂ ਗੇ ਅਸੀਂ ਆਪਣੇ ਆਪ ਲਈ...।" ਬਾਰੂ ਫਿਰ ਦਹਾੜਿਆ, "ਹੈ ਕਿਸੇ 'ਚ ਅਣਖ ਤਾਂ ਆਓ ਅੱਗੇ... ਔਰ ਸਮਝਾਓ ਮੈਨੂੰ... ਕਦੋਂ ਮੁੱਕੂ ਗਾ ਇਹ ਸਿਲਸਿਲਾ... ?"

ਬਾਰੂ ਨੇ ਬੋਲ ਨਹੀਂ, ਕੁਝ ਅੰਗਿਆਰ ਦਾਗੇ ਸਨ। ਜੋ ਹਜੂਮ ਨੂੰ ਲੂਹਦੇ, ਪਹਿਲਾਂ ਡੇਰਾ, ਫਿਰ ਰੁੱਖਾਂ ਦੀ ਝਿੜੀ, ਫਿਰ ਪੂਰੇ ਬ੍ਰਹਿਮੰਡ ਅਤੇ ਫਿਰ ਹਜੂਮ ਦੇ ਸਾਹਾਂ ਵਿਚ ਮੱਚਣ ਲੱਗੇ ਸਨ।

ਸਿੱਧੜ ਜਿਹੇ ਬਾਰੂ ਨੇ ਇਹ ਕੀ ਦਾਗ ਦਿੱਤਾ ਸੀ... ?

ਇਸ ਬਦਲ ਰਹੀ ਸਦੀ ਦੇ ਸਿਲਸਿਲੇ ਨੂੰ ਨਵੇਂ ਕੋਨ ਤੋਂ ਵੇਖਣ ਵਾਲਾ...

ਪਰ ਇਹ ਨਵਾਂ ਕੋਨ, ਮਜਿਸਟ੍ਰੇਟ ਦੇ ਉਸ ਮੇਜ ਦੇ ਨੇੜੇ ਤੇੜੇ ਵੀ ਨਹੀਂ ਸੀ, ਜਿਸਦੇ ਸਾਮ੍ਹਣੇ ਖਲੋਤੇ ਸੌਤੀ ਅਤੇ ਜੈਸਮ ਆਪਣਾ ਵਿਆਹ ਰਜਿਸਟਰ ਕਰਵਾ ਰਹੇ ਸਨ...।

———o———

# ਬੂ/ਮੁਖਤਿਆਰ ਸਿੰਘ

ਗੱਡੀ ਪੂਰੀ ਰਫ਼ਤਾਰ 'ਚ। ਗੋਲੀ ਤੋਂ ਬਣਿਆ ਗੁਰਮੇਲ ਸਾਹਿਬ ਸੁੰਗੜਿਆ, ਬਾਹਰ ਝਾਕਣ ਲਈ ਮਜਬੂਰ। ਮੁਸਾਫ਼ਿਰਾਂ ਦੀ ਨਿਗਾਹ ਉਸ ਵੱਲ। ਉਨ੍ਹਾਂ ਦੇ ਢਿੱਲੇ ਛੱਡੇ ਹੋਏ ਸਰੀਰ ਹੁਝਕਿਆਂ ਨਾਲ ਹਿਲਦੇ। ਗੱਡੀ ਦੇ ਪਹੀਆਂ ਦੀ ਖੱਟਕ-ਖੱਟਕ। ਗੋਲੀ ਦੇ ਦਿਮਾਗ਼ ਦੀ ਟਸ ਟਸ।

ਉਹ ਚਾਹੁੰਦਾ ਹੋਇਆ ਵੀ ਖੱਬੇ ਪਾਸੇ ਨਹੀਂ ਦੇਖਦਾ। 'ਉਸ' ਦੇ ਜ਼ਰਾ ਕੁ ਸਰਕਣ ਨਾਲ, ਉਹ ਖਿੜਕੀ ਵੱਲ ਧੱਕਿਆ ਗਿਆ। ਉਸ ਦੇ ਕੱਪੜਿਆਂ ਨਾਲ, ਆਪਣੇ ਕੱਪੜੇ ਛੂਹਣ ਤੋਂ ਬਚਾਉਣ ਦੀ ਕੋਸ਼ਿਸ਼। ਸਫ਼ਰ ਛੇਤੀ ਮੁਕਾਉਣ ਲਈ ਅੱਖਾਂ ਬੰਦ। ਕੁਝ ਸੁੱਖ ਦਾ ਸਾਹ। ਬਾਹਰਲੀ ਤਾਜ਼ੀ ਹਵਾ।

ਗੋਲੀ ਦੀ ਮਾਂ, ਗੋਹਾ-ਕੂੜਾਕਰਦੀ। ਉਸ ਦੇ ਮਗਰ-ਮਗਰ, ਘਰਾਂ ਤੋਂ ਢੇਰਾਂ ਤੱਕ ਉਹ ਗੁੰਮ-ਸੁੰਮ ਹੋਇਆ ਮਿੱਟੀ ਦੀਆਂ ਮੁੱਠਾਂ ਭਰ-ਭਰ ਖੇਡਦਾ। ਗੋਹਾ ਸੁਟ ਕੇ ਮੁੜਦੀ, ਉਹ ਚੁੰਨੀ ਨਾਲ ਨੱਕ ਪੋਂਝਦੀ, "ਘੋਟਣੇ ਤੋਂ ਘਰ ਨ੍ਹੀਂ ਮਰ ਹੋਇਆ, ਫਿਰਦੈ ਗੋਹਾ ਸਿੰਧਦਾ।"

ਗੋਲੀ ਦੇਖਦਾ ਹੀ ਰਹਿ ਜਾਂਦਾ। ਉਸ ਦੀ ਮਾਂ ਦੇ ਸਿਰ ਉੱਤੇ ਚੁੱਕੇ ਟੋਕਰੇ ਵਿਚੋਂ ਮੁਤਰਾਲ ਦੀਆਂ ਘਰਾਲਾਂ ਚੋਅ-ਚੋਅ ਕੇ ਦਿਨ੍ਹੂੰਆਂ, ਚੁੰਨੀ ਅਤੇ ਕੁੜਤੀ-ਸਲਵਾਰ ਭਰ ਜਾਂਦੀਆਂ। ਨੰਗੇ ਪੈਰ ਲਿਬੜੇ ਹੋਏ। ਚੁੰਨੀ ਦੇ ਲੜ ਮੰਗੀਆਂ ਹੋਈਆਂ ਰੋਟੀਆਂ ਬੰਨ੍ਹ ਕੇ ਘਰ ਨੂੰ ਤੁਰ ਪੈਂਦੀ। ਗੋਲੀ ਉਠ ਕੇ ਮਗਰ-ਮਗਰ ਰੋਟੀ ਖਾਣ ਦੀ ਜ਼ਿਦ ਕਰਦਾ। ਉਹ ਇਕ ਰੋਟੀ ਫੜਾ ਦਿੰਦੀ, "ਲੈ ਫੜ। ਘਰ ਜਾ ਕੇ ਨ੍ਹੀਂ ਚੱਬ ਹੁੰਦੀਆਂ ?" ਗੋਲੀ ਨੀਵੀਂ ਪਾ, ਰਾਤ ਦੀਆਂ ਬਚੀਆਂ ਹੋਈਆਂ ਸੁੱਕੀਆਂ ਰੋਟੀਆਂ ਚੱਬ ਜਾਂਦਾ।

ਗੋਲੀ ਨੂੰ ਆਪਣੇ ਨਾਲ ਕੁਝ ਲੱਗਦਾ ਮਹਿਸੂਸ ਹੋਇਆ। ਉਸ ਨੇ ਅੱਖਾਂ ਖੋਲ੍ਹੀਆਂ। ਖਿੜਕੀ ਵੱਲ ਸੁੰਗੜ ਗਿਆ। ਦਰਖ਼ਤ, ਫ਼ਸਲਾਂ ਤੇਜ਼ੀ ਨਾਲ ਪਿੱਛੇ ਵੱਲ ਭੱਜਦੇ। ਉਸ ਤੋਂ ਦੂਰ ਵਾਲੇ ਦਰਖ਼ਤ ਅਤੇ ਫ਼ਸਲਾਂ, ਅੱਗੇ ਵੱਲ ਨੱਸ ਜਾਂਦੇ। ਗੱਡੀ ਪੂਰੀ ਤੇਜ਼। ਮੁਸਾਫ਼ਿਰ ਬੈਠੇ ਹੋਏ ਹੁਝਕੇ ਖਾਂਦੇ। ਘੁੰਮ ਰਹੇ ਦਰਖ਼ਤ ਅਤੇ ਫ਼ਸਲਾਂ ਦੇ ਨਾਲ ਧਰਤੀ ਦਾ ਬਣ ਰਿਹਾ ਗੋਲ ਚੱਕਰ। ਉਸ ਨੇ ਅੱਖਾਂ ਮੀਚ ਲਈਆਂ।

ਜਿੰਨਾ ਚਿਰ ਗੋਲੀ ਦੀ ਮਾਂ, ਰੋਟੀ ਟੁਕ ਕਰਦੀ, ਉਹ ਦੀਵੇ ਦੀ ਲੋਅ ਨਾਲ ਫੱਟੀ ਲਿਖਦਾ। ਕੈਦਾ ਪੜ੍ਹਦਾ। ਰੁੱਖੀਆਂ ਮਿਸੀਆਂ ਖਾ ਕੇ, ਭੈਣ ਭਰਾ ਇਕ ਦੂਜੇ ਨਾਲ ਜੁੜ ਕੇ ਪੈ ਜਾਂਦੇ। ਇਕ ਪਾਸੇ ਮੱਝ ਅਤੇ ਕੱਟੀ ਬੰਨ੍ਹੀਆਂ ਹੋਈਆਂ। ਛੋਟਾ ਕੱਚਾ ਕੋਠਾ, ਨਾ ਰੋਸ਼ਨਦਾਨ, ਨਾ ਕੋਈ ਮੋਘਾ। ਉਸ ਦੀਆਂ ਨਾਸਾਂ ਨੂੰ ਕੁਝ ਸਲੂਣਾ-ਸਲੂਣਾ ਜਿਹਾ ਚੜ੍ਹਦਾ। ਰਾਤ ਦਾ ਪਤਾ ਹੀ ਨਾ ਲੱਗਦਾ ਕਿਸ ਵੇਲੇ ਨਿਕਲ ਜਾਂਦੀ। ਉਸ ਦਾ ਬਾਪੂ ਸੀਰ-ਪੁਣਾ ਕਰਕੇ ਵੇਲੇ-ਕੁਵੇਲੇ ਆਉਂਦਾ। ਤੜਕੇ ਉਨ੍ਹਾਂ ਦੇ ਉਠਣ ਤੋਂ ਪਹਿਲਾਂ ਹੀ ਤੁਰ ਜਾਂਦਾ।

ਗੱਡੀ ਦੇ ਹੁਝਕਿਆਂ ਨਾਲ ਗੋਲੀ ਦੀ ਖੱਬੀ ਕੂਹਣੀ ਉਸ ਦੀ ਪਿੱਠ ਨਾਲ ਛੂਹ ਗਈ। ਉਸ ਨੇ ਵਿਰੱਕਾ ਜਿਹਾ ਹੋ ਕੇ ਅੱਖਾਂ ਖੋਲ੍ਹ ਲਈਆਂ। ਸਾਰੇ ਮੁਸਾਫ਼ਿਰਾਂ ਨੇ ਉਨ੍ਹਾਂ ਵੱਲ ਨਹੀਂ



ਵੇਖਿਆ। ਕਈਆਂ ਨੇ ਤਾਂ ਇਕ ਪਲ ਦੇਖ ਕੇ ਨੀਵੀਂ ਪਾ ਲਈ। ਉਨ੍ਹਾਂ ਦੇ ਬੁੱਲਾਂ 'ਚ ਮੁਸਕਾਰਹਟ। ਕਈਆਂ ਦੀ ਨਿਗਾਹ 'ਚ ਹਮਦਰਦੀ।

ਅੱਖਾਂ ਮੀਚੀਆਂ ਹੋਈਆਂ ਵਿਚ ਹੀ ਉਹ ਆਪਣੇ ਸਾਫ਼-ਸੁਥਰੇ ਸਰੀਰ ਨੂੰ ਦੇਖਣ ਲੱਗ ਪਿਆ। ਨਾਕ੍ਹਾ-ਧੋਤਾ, ਸੋਹਣੇ ਕੱਪੜੇ, ਸ਼ਰੀਫ਼ਾਂ ਵਰਗਾ ਪਹਿਰਾਵਾ ਜਿਵੇਂ ਇਵੇਂ ਹੀ ਜੰਮਿਆ ਹੋਵੇ। ਸਰੀਰ ਨੂੰ ਮਿੱਟੀ ਛੂਹੀ ਨਾ ਹੋਵੇ। ਮੈਲੇ ਕੱਪੜੇ ਤਾਂ ਕੀ, ਕਮੀਜ਼ ਵੀ ਨਾ ਟੁੱਟੀ ਹੋਵੇ। ਮੇਜ਼-ਕੁਰਸੀਆਂ ਤੋਂ ਘੱਟ ਕਦੇ ਬੈਠਿਆ ਹੀ ਨਾ ਹੋਵੇ। ਦਾਲ, ਸਬਜ਼ੀਆਂ, ਫਲ-ਫਰੂਟ ਮਨ-ਮਰਜ਼ੀ ਦੇ ਖਾਣੇ ਤੋਂ ਬੈਲੋਂ ਕੁਝ ਖਾਧਾ ਹੀ ਨਾ ਹੋਵੇ। ਮੱਝ ਨੂੰ ਨਹਾਉਂਦਾ ਨਹਾਉਂਦਾ ਜਿਥੇ ਪਿੰਡ ਦਾ ਗੰਦਾ ਪਾਣੀ ਆ ਕੇ ਘੁਲ-ਮਿਲ ਜਾਂਦਾ। ਟੋਭੇ ਵਿਚ ਕਦੇ ਵੜਿਆ ਨਾ ਹੋਵੇ, ਆਪ ਵੀ ਗੋਤਾ ਲਾ ਲੈਂਦਾ। ਬਹਾਨੇ ਨਾਲ ਨਾਹੁਣ ਹੋ ਜਾਂਦਾ। ਮੱਝ ਅਰਾਮ ਨਾਲ ਜੁਗਾਲੀ ਕਰਦੀ, ਹੌਲੀ ਹੌਲੀ ਟੋਭੇ ਵਿਚੋਂ ਨਿਕਲ ਕੇ ਮੱਝ ਦੇ ਪਿੱਛੇ ਕੱਟੀ ਨਾਲ ਕਲੋਲਾਂ ਕਰਦਾ ਨਿਕਲ ਆਉਂਦਾ।

ਉਹ, ਬੱਚਿਆਂ ਨੂੰ ਆਪਣੀ ਪੜ੍ਹਾਈ ਬਾਰੇ ਦੱਸਦਾ ਤਾਂ ਉਹ ਦੰਗ ਰਹਿ ਜਾਂਦੇ। ਉਸ ਨੂੰ ਕਰੜੀ ਮਿਹਨਤ ਸਦਕਾ, ਤੇ ਰਾਖਵੇਂਕਰਨ 'ਚ ਨੌਕਰੀ ਮਿਲ ਗਈ ਸੀ। ਕਦੇ ਕਦਾਈਂ ਪਿੰਡ ਗੇੜਾ ਲੱਗਦਾ। ਜਦੋਂ ਕਦੇ ਮਾਂ ਪਿਓ ਨੂੰ ਮਿਲਣ ਜਾਂਦਾ ਤਾਂ ਹਰ ਵਾਰ ਘਰ ਵਿਚ ਥੋੜ੍ਹੀ ਬਹੁਤੀ ਤਬਦੀਲੀ ਲਿਆਉਣ ਦੀ ਕੋਸ਼ਿਸ਼। ਬੀਹੀ ਵਿਹੜੇ ਦੇ ਨਿਆਣੇ ਮੂੰਹ 'ਚ ਉਂਗਲਾਂ ਪਾ ਕੇ ਉਸ ਵੱਲ ਹੱਸਦੇ। ਗੱਲ ਕਰਨ ਤੋਂ ਝਿਜਕਦੇ ਜਿਵੇਂ ਉਹ ਅਜਨਬੀ ਹੋਵੇ। ਕੱਚੇ ਵਿਹੜੇ ਵਿਚ ਉਸ ਨੇ ਇੱਟਾਂ ਲੁਆ ਦਿੱਤੀਆਂ। ਆਉਂਦੀ ਵਾਰੀ ਨਲਕਾ ਲੁਆ ਦਿੱਤਾ। ਹੌਲੀ-ਹੌਲੀ ਮਾਂ ਪਿਓ ਵੀ ਜਿਲ੍ਹਣ ਵਿਚੋਂ ਉਠਣ ਲਈ ਹੰਭਲਾ ਮਾਰਨ ਲੱਗੇ। ਕੱਚੇ ਕੋਠੇ ਦੀਆਂ ਕੰਧਾਂ ਪੱਕੀਆਂ ਹੋ ਗਈਆਂ। ਫਿਰ ਛੱਤ ਵੀ ਬਦਲ ਦਿੱਤੀ। ਬੀਹੀਆਂ, ਪੰਚਾਇਤ ਨੇ ਪੱਕੀਆਂ ਕਰਵਾ ਦਿੱਤੀਆਂ। ਕੁਝ ਰਿਵਾਜ ਜਿਹਾ ਵੀ ਪੈ ਗਿਆ ਕੱਚੇ ਕੋਠਿਆਂ ਨੂੰ ਪੱਕਿਆਂ ਕਰਨ ਦਾ ਪਰ ਕੁਝ ਸਮਾਂ ਬੀਤਣ ਤੇ ਪੱਕੀਆਂ ਬੀਹੀਆਂ, ਕੂੜੇ-ਕਰਕਟ ਨਾਲ ਲਿਬੜ ਕੇ ਖ਼ਰਾਬ ਹੋ ਗਈਆਂ, ਚਲ੍ਹੇ ਬਣ ਗਏ। ਪਾਣੀ 'ਚ ਘਾਹ-ਫੂਸ ਅੜ ਕੇ ਪੱਕੀਆਂ ਇੱਟਾਂ ਉਖੜਨ ਲੱਗ ਪਈਆਂ। ਠੀਕ ਕਰਨ ਕਰਾਉਣ ਲਈ ਕਿਸੇ ਕੋਲ ਵਿਹਲ ਕਿੱਥੇ ? ਦਿਹਾੜੀ ਕਰਨ ਵਾਲੇ ਦਿਹਾੜੀ ਨਾ ਤੋੜਦੇ, ਸੀਰ-ਪੁਣਾ ਕਰਨ ਵਾਲਿਆਂ ਨੂੰ ਮਾਲਕ ਨਾ ਛੱਡਦੇ। ਜਨਾਨੀਆਂ ਅਤੇ ਨਿਆਣੇ-ਨਿੱਕੇ ਡੰਗਰਾਂ ਲਈ ਕੱਖ-ਕੰਡੇ ਦਾ ਹੀਲਾ ਕਰਨ ਤੁਰ ਜਾਂਦੇ ਅਤੇ ਵਾੜਾਂ ਨਾਲੋਂ ਡੱਕੇ ਤੋੜ ਕੇ ਇਨਣ ਇਕੱਠਾ ਕਰਦਿਆਂ, ਹਨ੍ਹੇਰੇ ਹੋਏ ਮੁੜਦੇ। ਬੀਹੀ ਦੀ ਸਿਲ੍ਹ ਨੱਕ ਨੂੰ ਚੜ੍ਹਦੀ।

ਗੱਡੀ ਹੌਲੀ-ਹੌਲੀ ਰੁਕਣੀ ਸ਼ੁਰੂ ਹੋ ਗਈ। ਕੋਈ ਸਟੇਸ਼ਨ ਨਹੀਂ। ਸ਼ਹਿਰੋਂ ਬਾਹਰ ਨੀਵੀਂ ਅਬਾਦੀ। ਗੱਡੀ ਰੁਕ ਗਈ। ਕਈ ਜਣੇ ਗੱਡੀ ਤੋਂ ਹੇਠਾਂ ਉਤਰਨ ਲੱਗ ਪਏ। ਕਈ ਲੋਹੇ ਦਾ ਡੰਡਾ ਫੜ ਕੇ ਗੱਡੀ ਦੇ ਅਗਲੇ ਅਤੇ ਪਿਛਲੇ ਸਿਰਿਆਂ ਵੱਲ ਦੇਖਣ ਲੱਗੇ। ਪਟੜੀ ਦੇ ਨਾਲ-ਨਾਲ ਕਈ ਪੈਂਟ ਦੀਆਂ ਜੇਬਾਂ 'ਚ ਹੱਥ ਪਾ ਕੇ ਟਹਿਲਣ ਲੱਗ ਪਏ। ਸੁਸਤਪੁਣਾ ਲਾਹੁਣ ਲਈ, ਕਈਆਂ ਨੇ ਹੇਠਾਂ ਉਤਰ ਕੇ ਸਿਗਰਟਾਂ ਸੁਲਘਾ ਲਈਆਂ। ਲੰਮੇ-ਲੰਮੇ ਕਸ਼ ਖਿੱਚ ਕੇ ਧੂੰਆਂ ਛੱਡਣ ਲੱਗੇ। ਕਿਸੇ ਨੇ ਕਿਹਾ, "ਸਿਗਨਲ ਡਾਊਨ ਨਹੀਂ ਹੋਇਆ।" "ਭਲਾ ਇਥੇ ਖੜ੍ਹੀ ਕਰਨ ਦਾ ਕੀ ਮਤਲਬ ?" ਕੋਈ ਹੋਰ ਜਣਾ ਬੋਲਿਆ, "ਸ਼ੀਸ਼ੇ ਬੰਦ ਕਰਲੋ !"

ਗੱਡੀ ਰੁਕਣ ਸਾਰ ਹੀ ਗੋਲੀ, ਆਪਣੇ ਕੱਪੜੇ ਝਾੜਦਾ ਉਠ ਕੇ ਬੂਹੇ ਕੋਲ ਆ ਗਿਆ। ਇਕ ਪਲ ਖਿੜਕੀ ਲਾਗੇ ਇਕਹਿਰੀ ਸੀਟ ਵੱਲ ਦੇਖਿਆ। 'ਉਸ' ਦੀ ਪਿਠ ਔਧੀ ਸੀਟ ਉੱਤੇ ਪਸਰੀ ਹੋਈ। ਉਸ ਨੂੰ ਆਪਣੇ ਉੱਤੇ ਹੈਰਾਨੀ ਹੋਈ ਕਿ ਉਹ ਔਧੀ ਨਾਲੋਂ ਵੀ ਘੱਟ ਸੀਟ ਉੱਤੇ ਕਿਵੇਂ ਸੁੰਗੜਿਆ ਬੈਠਾ ਰਿਹਾ। ਖੱਬੇ ਪਾਸੇ ਤੋਂ ਆਪਣੇ ਕੱਪੜੇ ਫੇਰ ਝਾੜੇ। ਕੱਪੜਿਆਂ ਨਾਲੋਂ ਕੁਝ ਵੀ ਨਹੀਂ ਝੜਿਆ। ਹੋਰ ਤਸੱਲੀ ਲਈ, ਇਕ ਨਜ਼ਰ ਪੈਂਟ ਕਮੀਜ਼ ਉਪਰ ਸੁੱਟੀ। ਪਹਿਲਾਂ ਨਾਲੋਂ ਮੈਲੇ, ਦਾਗ਼ਾਂ ਵਾਲੇ ਦਿੱਸੇ। ਉਸ ਨੇ ਗੱਡੀ ਤੋਂ ਬਾਹਰ ਨੀਵੀਂ ਥਾਂ ਵੱਲ ਦੇਖਿਆ। ਲਾਈਨ ਐਨੀ ਉੱਚੀ ਕਿ ਦੋ ਛੱਤੇ ਮਕਾਨ ਵੀ ਗੱਡੀ ਦੇ ਬਰਾਬਰ ਨਹੀਂ ਹੋ ਰਹੇ। ਲਾਈਨ ਦੇ ਨਾਲ-ਨਾਲ ਸ਼ਹਿਰ ਦਾ ਗੰਦਾ ਪਾਣੀ, ਬਰਸਾਤੀ ਨਾਲੇ ਵਾਂਗ ਰੁੜ੍ਹਿਆ ਆ ਰਿਹਾ। ਲੀਰਾਂ, ਕਾਗਜ਼, ਤਿੰਕ-ਸੁੱਕ, ਪਾਣੀ ਦੇ ਨਾਲ ਕਿਤੇ ਰੁਕ ਜਾਂਦੇ, ਕਿਤੇ ਇਕੱਠੇ ਹੋ ਕੇ ਜ਼ੋਰ ਪੈਣ ਨਾਲ ਬੰਨ੍ਹ ਟੁੱਟ ਜਾਂਦਾ। ਧੁੰਦ ਵਾਂਗ ਧੂੰਆਂ। ਲਾਈਨ ਦੇ ਆਲੇ-ਦੁਆਲੇ ਟਾਵੇਂ-ਟਾਵੇਂ, ਇਕੋ ਕਮਰੇ ਵਾਲੇ ਮਕਾਨ, ਕਿਤੇ ਕਿਤੇ ਦੋ ਛੱਤੇ। ਛੋਟੇ-ਛੋਟੇ ਖਿੱਤਿਆਂ ਵਿਚ ਸਬਜ਼ੀਆਂ ਅਤੇ ਸਬਜ਼ੀਆਂ ਬੀਜਣ ਵਾਸਤੇ ਪਨੀਰੀ। ਮੈਲੇ, ਪਾਟੇ ਕੱਪੜਿਆਂ ਵਾਲੇ, ਮਨੁੱਖ ਕੁੱਬੇ ਹੋਏ, ਗੋਡੀ ਕਰਦੇ, ਵੱਟਾਂ ਚਾੜ੍ਹਦੇ। ਰੇਲਵੇ ਲਾਈਨ ਨਾਲ ਵਗਦੇ ਨਾਲੇ 'ਚੋਂ ਪਾਣੀ ਲਾਉਂਦੇ। ਗੋਭੀ ਦੇ ਹਰੇ-ਕਚੂਰ ਪੱਤੇ। ਗੰਦਲੀ ਦੇ ਲਾਲ ਵਾਂਗ ਸਬਜ਼ੀਆਂ ਦੀ ਪੂਰੀ ਟਹਿਕ।

ਕਈ ਹੋਰ ਮੁਸਾਫ਼ਿਰ, ਗੱਡੀ 'ਚੋਂ ਉਤਰ ਕੇ ਲਾਈਨ ਤੋਂ ਹੇਠਾਂ, ਨੀਵੀਂ ਥਾਂ ਵੱਲ ਰੁੜ੍ਹਦੇ ਹੋਏ ਦੌੜ ਪਏ। ਉਹ ਗੰਦੇ-ਨਾਲੇ ਉਪਰੋਂ ਛਾਲਾਂ ਮਾਰ ਕੇ, ਸਬਜ਼ੀਆਂ ਦੇ ਖਿੱਤਿਆਂ ਦੀਆਂ ਟੇਢੀਆਂ-ਮੇਢੀਆਂ ਵੱਟਾਂ ਉਪਰੋਂ ਦੀ ਹੁੰਦੇ ਹੋਏ ਚਲੇ ਗਏ। ਸ਼ਾਇਦ ਉਨ੍ਹਾਂ ਨੂੰ ਗੱਡੀ ਦੇ ਰੁਕਣ ਦਾ ਫ਼ਾਇਦਾ ਹੋ ਗਿਆ ਹੋਵੇ। ਨਿੱਕੇ-ਨਿੱਕੇ ਝੋਲੇ, ਉਨ੍ਹਾਂ ਦੇ ਹੱਥਾਂ ਵਿਚ ਝੂਲ ਰਹੇ। ਕਿਸੇ ਦੇ ਹੱਥ ਰੋਟੀ ਵਾਲਾ ਟਿਫ਼ਨ, ਹਵਾ ਵਿਚ ਹੁਲਾਰੇ ਖਾ ਰਿਹਾ। ਵੱਟਾਂ ਦੇ ਨਾਲ ਉਹ ਵਲ ਖਾਂਦੇ ਦੂਰ, ਸ਼ਹਿਰ ਦੇ ਧੂੰਏਂ ਵਿਚ ਛੋਟੇ-ਛੋਟੇ ਕਮਰਿਆਂ ਵਾਲੇ ਮਕਾਨਾਂ ਨੂੰ ਓਹਲੇ ਹੋ ਗਏ।

ਸਿਗਨਲ ਡਾਊਨ ਨਹੀਂ ਹੋ ਰਿਹਾ। ਮੁਸਾਫ਼ਿਰ ਆਲੇ-ਦੁਆਲੇ ਤੋਂ ਅੱਕ ਗਏ। ਲਾਈਨਾਂ ਤੋਂ ਨੀਵੇਂ ਪਾਸੇ ਟੱਟੀਆਂ ਦੀ ਭਰਮਾਰ। ਨੇੜੇ ਦੀਆਂ ਬਸਤੀਆਂ ਵਾਲੇ, ਹੌਲੇ ਫੁੱਲਾਂ ਹੋ ਕੇ ਤੁਰੀ ਜਾਂਦੇ। ਉਨ੍ਹਾਂ ਨੂੰ ਮਹਾਂ ਨਗਰ ਦੀ ਕੀ ਪ੍ਰਵਾਹ। ਅਹੀ-ਤਹੀ ਮਰਵਾਏ ...। ਉਹ ਟੌਹਰ ਨਾਲ ਬਾਹਰੋਂ ਬਾਹਰ ਸਰਕਾਰੀ ਰੇਲਵੇ ਲਾਈਨ ਉੱਤੇ, ਹੱਥਾਂ ਵਿਚ ਪਾਣੀ ਦੀਆਂ ਬੋਤਲਾਂ ਫੜੀ ਜਾਂਦੇ। ਜਿਵੇਂ-ਜਿਵੇਂ ਬਸਤੀਆਂ, ਸ਼ਹਿਰੋਂ ਬਾਹਰ ਵੱਲ ਵਧ ਰਹੀਆਂ ਤਿਵੇਂ ਤਿਵੇਂ, ਰੇਲਵੇ ਲਾਈਨਾਂ 'ਤੇ ਦੂਰ ਤਕ ਨਰਕ ਹੀ ਨਰਕ। ਬਾਰਸ਼ ਆਉਂਦੀ ਸਭ ਰੋੜ੍ਹ ਕੇ ਲੈ ਜਾਂਦੀ, ਪਵਿੱਤਰ ਨਦੀਆਂ ਵਿਚ।

ਗੋਲੀ ਨੇ ਗੱਡੀ ਅੰਦਰ ਦੇਖਿਆ। ਉਸ ਦੀ ਸੀਟ 'ਉਸ' ਨੇ ਆਰਾਮ ਨਾਲ ਮੱਲ ਲਈ। ਉਹ ਹੈਰਾਨ ਹੋਇਆ, "ਹੈਂ? ਇਸ ਦਾ ਸਿਰ ਮੁੰਨਿਆ ਹੋਇਆ? ਇਹ ਬੰਦਾ ਕਿ ਜ਼ਨਾਨੀ? ਪਤਾ ਨਹੀਂ ਕਿਹੜੇ ਸਟੇਸ਼ਨ ਤੋਂ 'ਉਸ' ਸ਼ਕਲ ਡੱਬੇ ਵਿਚ ਦਿਸੀ?" ਉਸ ਨੇ ਨੀਵੀਂ ਪਾਈ ਆਸੇ ਪਾਸੇ ਵੱਲ ਨਹੀਂ ਦੇਖਿਆ। ਮੋਢਿਆਂ ਤੋਂ ਮੈਲਾ ਖੇਸ, ਬਾਹਾਂ ਨਾਲ ਅੱਗੇ ਪਿੱਛੇ ਲੱਤਾਂ-ਪੈਰਾਂ ਨਾਲ ਢਕਿਆ, ਗੱਡੀ ਵਿਚਲਾ ਕੂੜਾ-ਕਰਕਟ ਸੁੰਭਰਦਾ ਹੋਇਆ। ਸੀਟਾਂ ਉੱਤੇ ਬੈਠੇ ਮੁਸਾਫ਼ਿਰ, ਉਸ ਤੋਂ ਇਉਂ ਪਾਸਾ ਵੱਟਦੇ ਜਿਵੇਂ ਪੁੱਠੇ ਕੰਡਿਆਂ ਵਾਲੇ ਝਿਗ ਤੋਂ ਆਪਣੇ ਆਪ ਨੂੰ ਬਚਾ ਰਹੇ ਹੋਣ।



ਸਾਰਿਆਂ ਦੇ ਮੂੰਹ ਦੂਜੇ ਪਾਸੇ ਨੂੰ ਘੁੰਮ ਗਏ। ਉਸ ਦਾ ਮੂੰਹ ਝੜਿਆ, ਸੁੰਗੜਿਆ ਅਤੇ ਮੱਥਾ ਚਿੰਤਾ-ਮੁਕਤ ਨਹੀਂ ਜਾਪਦਾ। ਅੱਖਾਂ ਉਦਾਸ, ਅੱਧ-ਖੁੱਲ੍ਹੀਆਂ। ਚਿਹਰੇ ਤੋਂ ਨਾ ਕੁੜੀ ਜਾਪਦੀ ਤੇ ਨਾ ਮੁੰਡਾ ਸਗੋਂ ਅੱਧਖੜ ਮਨੁੱਖ। ਖੇਸ ਮੋਢੇ ਤੋਂ ਥੋੜ੍ਹਾ ਨੀਵਾਂ ਹੋਇਆ ਤਾਂ ਜ਼ਨਾਨਾ ਕਮੀਜ਼ ਉੱਤੇ ਸੁਵੈਟਰ।

ਗੋਲੀ ਦੀ ਇਕਹਿਰੀ ਸੀਟ ਦੀ ਪਿੱਠ ਅਤੇ ਉਸ ਦੇ ਪਿਛਲੇ ਪਾਸੇ ਵਾਲੀ ਸੀਟ ਦੀ ਜੁੜੀ ਪਿੱਠ ਤੋਂ ਖੱਬੇ ਪਾਸੇ ਦੋਹਾਂ ਸੀਟਾਂ ਨਾਲ ਖਹਿ ਕੇ ਉਹ ਹੌਲੀ-ਹੌਲੀ ਹੇਠਾਂ ਬੈਠ ਗਈ। ਖੇਸ ਦਾ ਖਿਲਾਰਾ ਉਸ ਦੇ ਆਲੇ-ਦੁਆਲੇ ਅਤੇ ਗੱਡੀ ਦੇ ਫ਼ਰਸ਼ ਨੂੰ ਸਾਫ਼ ਕਰਦਾ ਹੋਇਆ। ਮੁਸਾਫ਼ਿਰਾਂ ਦੇ ਮੂੰਹ ਮੁੜੇ ਹੋਏ।

ਉਸ ਦੇ ਕੋਲ ਮੰਗਣ ਲਈ ਕੋਈ ਕਵਾੜੀ-ਕੌਲਾ ਨਹੀਂ। ਹੱਥ ਸੋਟੀ ਨਹੀਂ। ਅੰਨ੍ਹੇ ਹੋਣ ਦਾ ਢੌਂਗ ਨਹੀਂ। ਫ਼ਿਲਮੀ ਤਰਜ਼ ਦਾ ਗੀਤ, ਮਾਤਾ ਦੀਆਂ ਭੇਟਾਂ, ਗੁਰੂਆਂ ਦੀ ਬਾਣੀ ਦੇ ਸ਼ਬਦ ਅਤੇ ਲੋਕ-ਬੋਲੀਆਂ ਦੇ ਟੱਪੇ ਉਸ ਦੇ ਮੂੰਹ 'ਚੋਂ ਨਹੀਂ ਨਿਕਲ ਰਹੇ। ਉਸਦਾ ਜ਼ਿਹਨ ਖ਼ਾਲੀ ਦਾ ਖ਼ਾਲੀ। ਉਸ ਦੇ ਹੋਠ ਗੂੰਗੇਪਨ ਦਾ ਭੁਲੇਖਾ ਪਾਉਂਦੇ। ਉਸ ਨੇ ਝੂਠੇ-ਝੂਠੇ ਛਪੇ ਕਾਗਜ਼ ਦੇ ਟੁਕੜੇ ਮੋਮੀ ਕਾਗਜ਼ ਵਿਚ ਪਾ ਕੇ ਕਿਸੇ ਮੁਸਾਫ਼ਿਰ ਦੇ ਅੱਗੇ ਸੁੱਟ ਕੇ ਹਥੇਲੀ ਨਹੀਂ ਫੈਲਾਈ।

ਉਹ ਹੌਲੀ-ਹੌਲੀ ਖੇਸ ਨੂੰ ਸਾਂਭਦੀ ਉਠੀ। ਕੁੱਬੀ ਕੁੱਬੀ ਹੀ ਬੂਹੇ ਵੱਲ ਨੂੰ ਹੌਲੀ-ਹੌਲੀ ਤੁਰ ਪਈ। ਲਾਗੇ-ਲਾਗੇ ਦੇ ਮੁਸਾਫ਼ਿਰ ਸੁੰਗੜਨ ਲੱਗੇ। ਉਸੇ ਤਰ੍ਹਾਂ ਹੌਲੀ-ਹੌਲੀ ਮੁੜ ਕੇ ਫੇਰ ਆ ਗਈ। ਮੁਸਾਫ਼ਿਰਾਂ ਨੇ ਨੱਕ-ਬੁੱਲ੍ਹ ਵੀ ਵੱਟੇ।

ਗੋਲੀ ਦੇ ਖੱਬੇ ਪਾਸੇ ਜਿੱਥੋਂ ਉਹ ਉਠ ਕੇ ਗਈ, ਉੱਥੇ ਹੀ ਖੇਸ ਖਿਲਾਰ ਕੇ ਬੈਠ ਗਈ।

ਗੱਡੀ ਦੇ ਹੁਝਕਿਆਂ ਵਿਚ ਪਤਾ ਹੀ ਨਾ ਲੱਗਾ ਕਿਸ ਵੇਲੇ ਉਹ ਹੌਲੀ-ਹੌਲੀ ਖਿਸਕ ਕੇ ਗੋਲੀ ਦੇ ਖੱਬੇ ਪਾਸੇ, ਫੱਟੇ ਦੇ ਕੰਢੇ ਉੱਤੇ ਹੋ ਗਈ। ਗੋਡਿਆਂ ਉੱਤੇ ਕੂਹਣੀਆਂ ਰੱਖ ਕੇ ਅੱਗੇ ਨੂੰ ਸਿਰ ਝੁਕਾਈ ਉਹ ਬਹੁਤ ਔਖੀ ਬੈਠੀ ਹੋਈ। ਜਿਉਂ ਹੀ ਉਸ ਨੇ ਆਪਣੀ ਪਿੱਠ ਫੱਟੇ ਦੇ ਕੰਢੇ ਤੋਂ ਗੋਲੀ ਵੱਲ ਕੀਤੀ, ਉਹ ਕੰਬ ਕੇ ਖਿੜਕੀ ਵੱਲ ਹੋ ਗਿਆ।

ਮੁਸਾਫ਼ਿਰ ਚੋਰ ਅੱਖ ਨਾਲ ਗੋਲੀ ਵੱਲ ਦੇਖ ਕੇ ਮੁਸਕਰਾਏ। ਉਸ ਦੀ ਥਾਂ ਬੂਹੇ ਲਾਗੇ ਫ਼ਰਸ਼ ਉੱਤੇ। ਲੈਟਰੀਨ ਦੇ ਬੂਹਿਆਂ ਵਿਚਕਾਰ। ਜਿਥੇ ਦੂਜੇ ਡੱਬੇ ਨੂੰ ਜੋੜਦਾ ਹੋਇਆ ਫੱਟਾ। ਮੁਸਾਫ਼ਿਰ ਲੈਟਰੀਨ 'ਚ ਜਾਂਦੇ। ਬੂਹਾ ਖੁੱਲ੍ਹਾ ਛੱਡ ਕੇ ਛੇਤੀ ਨਾਲ ਨਿਕਲ ਆਉਂਦੇ। 'ਉਸ' ਵਰਗੇ ਕਈ, ਬਿਨਾਂ ਹਿਲੇ-ਜੁਲੇ, ਬੂਹੇ ਦੇ ਨਾਲ ਢੋਅ ਲਾ ਕੇ ਬੈਠੇ ਰਹਿੰਦੇ। ਡੱਬੇ ਦੇ ਵਿਚਕਾਰ ਤਾਂ ਮੰਗਣ ਵਾਲੇ, ਗਾਉਣ ਵਾਲੇ, ਛੋਲੇ-ਕਰਾਰੇ, ਰਿਉੜੀਆਂ, ਮੂੰਗਫਲੀਆਂ, ਦੰਦ-ਦਾੜ੍ਹਾਂ ਕੱਢਣ ਵਾਲੇ ਵੀ ਨਹੀਂ ਰੁਕਦੇ। ਉਹ ਵੀ ਬੂਹੇ ਲਾਗੇ ਜਾਂ ਲੈਟਰੀਨ ਦੇ ਵਿਚਕਾਰਲੀ ਖ਼ਾਲੀ ਥਾਂ ਵਿਚ ਖੜ੍ਹ ਕੇ ਅਗਲੇ ਸਟੇਸ਼ਨ ਦਾ ਇੰਤਜ਼ਾਰ ਕਰਦੇ। ਉਸ ਨੇ ਕਿਹੜੇ ਸਟੇਸ਼ਨ ਉਤਰਨੈ? ਨਾ ਹੱਸੀ? ਨਾ ਰੋਈ? ਕਿਸੇ ਨਾਲ ਕੋਈ ਗੱਲ ਨਾ ਕੀਤੀ। ਕੋਲ ਕੁਝ ਵੀ ਨਹੀਂ।

ਗੋਲੀ ਸੋਚਦਾ ਕਿ ਪਤਾ ਨਹੀਂ ਉਸ ਦੇ ਅੰਦਰਲਾ ਸਮੁੰਦਰ ਕਿੰਨੀਆਂ ਕੁ ਛੱਲਾਂ ਮਾਰਦਾ ਹੋਵੇਗਾ? ਲਹਿਰਾਂ ਉੱਚੀਆਂ ਨੀਵੀਆਂ ਹੁੰਦੀਆਂ ਹੋਣਗੀਆਂ। ਲਹਿਰਾਂ ਅਤੇ ਛੱਲਾਂ ਵਿਚ ਕਦੇ

ਖਰੋਂਤ ਨਹੀਂ ਆਈ। ਤੂਫ਼ਾਨ ਆਉਂਦੇ ਹੀ ਰਹਿੰਦੇ। ਕਿੰਨੀਆਂ ਹੀ ਜਲ-ਮੱਛੀਆਂ, ਘੋਗੇ, ਕੰਢੇ ਉੱਤੇ ਆ ਜਾਂਦੇ। ਸਮੁੰਦਰ ਵਿਚ ਲੁਕਿਆ ਸਭ ਕੁਝ ਬਾਹਰ ਨਿਕਲ ਆਉਂਦਾ।

ਉਸ ਦੀ ਜ਼ਰਾ ਕੁ ਛੂਹ ਨਾਲ ਗੋਲੀ ਨੇ ਚਾਹਿਆ ਕਿ ਸਟੇਸ਼ਨ ਛੇਤੀ ਆ ਜਾਵੇ। ਉਹ ਭੱਜ ਕੇ ਗੱਡੀ 'ਚੋਂ ਉਤਰ ਜਾਵੇ। ਡੱਬੇ ਵਾਲੇ ਮੁਸਾਫ਼ਿਰਾਂ ਤੋਂ ਇਕਦਮ ਓਹਲੇ ਹੋ ਕੇ ਭੀੜ 'ਚ ਜਾ ਲੁਕੇ।

ਗੱਡੀ ਰੁਕਦੀ-ਰੁਕਦੀ ਸਟੇਸ਼ਨ ਤੋਂ ਬਿਨਾਂ ਹੀ ਬਾਹਰਲੀ ਬਸਤੀ ਕੋਲ ਰੁਕੀ ਖੜ੍ਹੀ ਸੀ। ਬਾਹਰ ਖੜ੍ਹੇ ਮੁਸਾਫ਼ਿਰਾਂ ਨੇ ਦੋ-ਦੋ ਤਿੰਨ-ਤਿੰਨ ਸਿਗਰਟਾਂ ਫੂਕ ਦਿੱਤੀਆਂ। ਸ਼ਾਇਦ ਆਲੇ ਦੁਆਲੇ ਨੂੰ ਸਿਗਰਟਾਂ ਦੇ ਧੂੰਏਂ ਨਾਲ ਸਾਫ਼ ਕਰਨ ਲਈ ਜਾਂ ਆਪਣਾ ਹੀ ਕੌਲ-ਫੁੱਲ ਸਾੜਨ ਲਈ।

ਉਸ ਨੂੰ ਪਿੰਡ ਗਏ, ਜਦੋਂ ਕੋਈ ਮਿਲਦਾ ਤਾਂ ਦੂਰੋਂ ਹੀ, "ਆ ਓਏ ਨਲੀ-ਚੋਚ ਅਫ਼ਸਰਾ? ਕਿੰਨੀ ਕਮਾਈ ਕੀਤੀ? ਕੋਠੀਆਂ ਕਿੰਨੀਆਂ ਨੇ?" ਉਹ ਮਜੌਰਾਂ ਵਾਂਗ ਝਾਕਦਾ ਹੀ ਰਹਿ ਜਾਂਦਾ। ਜੇ ਕਿਤੇ ਬਿਹਾਰੀ ਲਾਲ ਜਾਂ ਉਸ ਦੇ ਟੱਬਰ 'ਚੋਂ ਕੋਈ ਜਣਾ ਮਿਲ ਜਾਂਦਾ ਤਾਂ ਸ਼ਹਿਰ ਦਾ ਹਾਲ ਚਾਲ ਪੁੱਛ ਕੇ ਚਾਹ-ਪਾਣੀ ਦੀ ਸੁਕੀ ਸੁਲ੍ਹਾ ਹੀ ਮਾਰਦੇ। ਉਸ ਨੇ ਬਿਹਾਰੀ ਦੇ ਕਹਿਣ ਤੋਂ ਹਾਸੇ-ਹਾਸੇ ਵਿਚ ਕਹਿ ਦਿੱਤਾ, "ਚੱਲ ਅੱਜ ਤੇਰੇ ਘਰੋਂ ਚਾਹ ਪੀਂਦੇ ਆਂ।" ਉਹ ਇਕਦਮ ਕਹਿ ਕੇ ਤੁਰਦਾ ਬਣਿਆ, "ਫੇਰ ਸਹੀ, ਅੱਜ ਪਿਤਾ ਜੀ ਘਰ ਨੇ?" ਉਸ ਨਾਲ ਕੰਮ ਕਰਨ ਵਾਲੇ ਸ਼ਰਮੇ, ਗੋਇਲ, ਖਰੀਰਾ ਵੀ ਕਦੇ ਆਪਣੇ ਆਪਣੇ ਘਰ ਲਿਜਾ ਕੇ ਰਾਜ਼ੀ ਨਹੀਂ ਹੋਏ, ਪਰ ਦਫ਼ਤਰਾਂ ਵਿਚ ਚਾਹ ਪਾਣੀ ਇਕੱਠੇ ਜ਼ਰੂਰ ਪੀ ਲੈਂਦੇ ਨੇ। ਸਾਰਿਆਂ ਦੇ ਸਾਫ਼-ਸੁਥਰੇ ਕੱਪੜੇ, ਮੇਜ਼ ਕੁਰਸੀਆਂ ਉੱਤੇ ਕਾਗ਼ਜ਼-ਪੱਤਰਾਂ ਦੇ ਕੰਮ। ਕਲਮ-ਘਸਾਈ ਨਾ ਘਸਾਈ, ਇਕ ਬਰਾਬਰ। ਰੁਮਾਲਾਂ ਨਾਲ ਪਸੀਨਾ ਪੂੰਝਣਾ। ਸਰਕਾਰੀ ਪੱਖੇ, ਕੂਲਰ ਅਤੇ ਸਰਦੀਆਂ ਲਈ ਹੀਟਰ। ਗਰਮੀ ਸਰਦੀ ਦਾ ਪਤਾ ਹੀ ਨਹੀਂ। ਮਿੱਟੀ-ਘੱਟੇ ਦਾ ਨਾਂ ਨਿਸ਼ਾਨ ਨਹੀਂ। ਰਸੋਈ ਲਈ ਨੌਕਰ। ਕੱਪੜੇ ਧੋਣ ਵਾਲੇ ਅਤੇ ਝਾੜੂ ਲਈ ਔਡ। ਫਰਿਜ, ਸਕੂਟਰ, ਜਾਣੀ ਹਰ ਸਹੂਲਤ।

ਗੱਡੀ ਦਾ ਸਿਗਨਲ ਨਹੀਂ ਹੋ ਰਿਹਾ। ਆਊਟਰ ਸਿਗਨਲ ਉੱਤੇ ਰੁਕਿਆਂ ਅੱਧੇ ਘੰਟੇ ਤੋਂ ਵੱਧ ਹੋ ਗਿਐ। ਮੁਸਾਫ਼ਿਰਾਂ 'ਚ ਹਾਲ-ਦੁਹਾਈ ਮੱਚੀ ਹੋਈ। ਜ਼ਨਾਨੀਆਂ ਨੱਕ ਉੱਤੇ ਚੁੰਨੀਆਂ ਰੱਖੀ ਬੈਠੀਆਂ। ਉਹ ਬਾਹਰ ਨੂੰ ਨਹੀਂ ਝਾਕਦੀਆਂ। ਬੱਚੇ ਵਿਲਕਦੇ। ਕਈ ਕਹਿੰਦੇ, "ਸਾਲੇ, ਰੋਜ਼ ਇਥੇ ਹੀ ਰੋਕਦੇ ਨੇ ਤਾਂ ਕਿ ਰੰਗੀਨ ਦੁਨੀਆਂ 'ਚ ਜਾਣ ਤੋਂ ਪਹਿਲਾਂ ਖੁਸ਼ਬੂ ਨਾਲ ਸਵਾਗਤ ਹੋ ਸਕੇ।"

ਗੋਲੀ ਨੇ ਆਪਣੀ ਸੀਟ ਵੱਲ ਦੇਖਿਆ ਤਾਂ ਉਸ ਦੀ ਸੀਟ ਪੂਰੀ ਤਰ੍ਹਾਂ ਬੇਫ਼ਿਕਰੀ ਨਾਲ ਮੱਲੀ ਹੋਈ। ਦੁਬਾਰਾ ਸੀਟ ਉੱਤੇ ਬੈਠਣ ਲਈ ਉਸ ਦੀ ਹਿੰਮਤ ਨਹੀਂ ਪੈ ਰਹੀ।

ਉਸ ਦੀ ਦਾਦੀ ਮਾਂ ਦਾ ਸਿਰ ਮੁੰਨ ਦਿੱਤਾ ਗਿਆ ਸੀ, ਜੂੰਆਂ ਅਤੇ ਸਿੱਕਰੀ ਕਰ ਕੇ। ਉਹ ਮੈਲੇ ਜਿਹੇ ਖੇਸ ਦੀ ਬੁੱਕਲ ਮਾਰੀ, ਝੋਲੀ ਹੋਈ ਮੰਜੀ ਵਿਚਕਾਰ ਬੈਠੀ ਰਹਿੰਦੀ। ਕਦੇ ਸਿਰ ਉੱਤੇ ਖੇਸ ਦਾ ਲੜ ਖਿਚ ਲੈਂਦੀ। ਉਹ ਮੰਜੀ ਦੀ ਬਾਹੀ ਉੱਤੇ ਬੈਠ ਕੇ ਉਸ ਨਾਲ ਗੱਲਾਂ ਕਰਦੇ। ਮੁੰਨੇ ਹੋਏ ਸਿਰ 'ਚ ਠੋਲੇ ਮਾਰ ਕੇ, ਮੰਜੀ ਦੇ ਆਲੇ-ਦੁਆਲੇ ਤਾੜੀਆਂ ਮਾਰਦੇ, ਨੱਚਦੇ ਹੋਏ



ਕਹਿੰਦੇ, "ਓ ਹੋ, ਬੁੜ੍ਹੀ ਨੇ ਸਿਰ ਮੁਨਾਇਆ, ਓ ਹੋ ਬੁੜ੍ਹੀ ਨੇ ਸਿਰ ਮੁਨਾਇਆ।" ਉਹ ਬੋਝੂ ਹੋਏ ਮੂੰਹ ਨਾਲ ਹੱਸਦੀ। ਅੱਖਾਂ ਦਿਸਦੀਆਂ ਹੀ ਨਾ। ਕੁਝ ਚਿਰ ਨੱਚ ਟੱਪ ਕੇ ਉਸ ਦੇ ਖੇਸ ਦੀ ਬੁੱਕਲ ਵਿਚ ਲੁਕ ਜਾਂਦੇ। ਉਹ ਖੰਭਾਂ ਹੇਠਾਂ ਦੇ ਕੇ ਨਿੱਘ ਦਿੰਦੀ।

ਗੋਲੀ ਦਾ ਜੀਅ ਕੀਤਾ ਉਹ ਸੀਟ ਉੱਤੇ ਜਾ ਕੇ ਬੈਠੇ ਅਤੇ ਉਸ ਦਾ ਖੇਸ ਇਕ ਪਾਸਿਓਂ ਚੁੱਕ ਕੇ, ਮਾਂ ਵਾਲਾ ਨਿੱਘ ਲਵੇ। ਪਰ ਪੈਰ ਪੁੱਟਦਾ ਪੁੱਟਦਾ, ਮੁਸਾਫ਼ਿਰਾਂ ਵੱਲ ਦੇਖ ਕੇ ਝੁਣਝੁਣੀ ਖਾ ਗਿਆ।

ਗੱਡੀ ਹਿੱਲ ਪਈ। ਬੂਹੇ ਵਿਚੀਂ ਤਾਜ਼ੀ ਹਵਾ ਦਾ ਬੁੱਲਾ ਆਇਆ। ਦੂਜੇ ਬੂਹੇ ਵਿਚੀਂ ਨਿਕਲ ਗਿਆ। ਗੱਡੀ ਪੂਰੀ ਤੇਜ਼। ਖੱਟਕ-ਖੱਟਕ ਉਸ ਦੇ ਦਿਮਾਗ਼ 'ਚ ਟਸ-ਟਸ। ਮੁਸਾਫ਼ਿਰਾਂ ਦੇ ਹੁਝਕੇ। ਉਹ ਸੀਟ ਉੱਤੇ ਬੈਠਣ ਦੀ ਬਜਾਏ, ਟਾਇਲਟ ਵਿਚ ਜਾ ਵੜਿਆ। ਚੰਗੀ ਤਰ੍ਹਾਂ ਕੱਪੜੇ ਝਾੜੇ। ਹੱਥ ਧੋਤੇ। ਮੂੰਹ ਉੱਤੇ ਛਿੱਟੇ ਮਾਰੇ। ਕੁਰਲੀ ਕੀਤੀ। ਉਸ ਨੂੰ ਮਹਿਸੂਸ ਹੋਇਆ ਕਿ ਬੂ ਤਾਂ ਅਜੇ ਵੀ ਆ ਰਹੀ ਹੈ।

—0—

# ਜਿਸ ਤਨ ਲਾਗੇ/ਬਲਦੇਵ ਸਿੰਘ

ਜਿਸ ਵੇਲੇ ਵੱਡੇ ਬੋਹੜ ਦੀ ਛਾਂ ਸੁੰਗੜ ਕੇ ਉਸਦੇ ਗਿਰਦ ਬਣੇ ਥੜੇ ਜੋਗੀ ਹੀ ਰਹਿ ਗਈ, ਧਰਤੀ ਲੋਹ ਵਾਂਗੂੰ ਤਪਣ ਲੱਗ ਪਈ। ਬੋਹੜ ਦੀ ਛਾਵੇਂ ਬੈਠਾ ਵੀ, ਕਰਮੂ ਲੂਹਿਆ ਗਿਆ। ਗਰਮ ਹਵਾ ਦੀ ਲੂਹ, ਪਿੰਡੇ 'ਤੇ ਅੱਗ ਦੇ ਚਿਮਟੇ ਵਾਂਗ ਵੱਜਦੀ ਤਾਂ ਉਹ ਸਾਹਮਣੇ ਘਰ ਦੇ ਦਰਵਾਜ਼ੇ ਨੂੰ ਲੱਗੇ ਜਿੰਦਰੇ ਵੱਲ ਤੱਕ ਕੇ ਖਿਝ ਪੈਂਦਾ ਤੇ ਅੰਦਰੇ ਹੀ ਅੰਦਰ ਗੁਰਦਾਸ ਨੂੰ ਗਾਲ੍ਹਾਂ ਕੱਢਣ ਲੱਗ ਜਾਂਦਾ। ਇਕ ਵਾਰ ਫਿਰ ਉਸਨੇ ਸਾਫ਼ੇ ਦੇ ਲੜ ਬੰਨ੍ਹੀ ਤਿੱਲੇ ਦੀ ਜੁੱਤੀ ਖੋਲ੍ਹ ਕੇ ਵੇਖੀ, ਸਾਫ਼ ਕੀਤੀ ਤੇ ਫਿਰ ਉਸੇ ਤਰ੍ਹਾਂ ਬੰਨ੍ਹ ਲਈ। ਇਹ ਕੰਮ ਉਹ ਵਿਹਲਾ ਤੇ ਅੱਕਿਆ ਬੈਠਾ ਕਈ ਵਾਰ ਕਰ ਚੁੱਕਾ ਸੀ। ਪਿੰਡ ਦੇ ਲੋਕ ਅੰਦਰੀਂ ਵੜੇ ਬੈਠੇ ਸਨ। ਕਾਂ-ਅੱਖ ਬਾਹਰ ਨੂੰ ਆਉਂਦੀ ਸੀ। ਭੁੱਖ ਨਾਲ ਢਿੱਡ 'ਚ ਕਰੋਲ ਪੈਣ ਲਗੇ ਤਾਂ ਉਸ ਨੇ ਦੋਹਾਂ ਹੱਥਾਂ ਦੀ ਮੁੱਠੀ ਵਟ ਕੇ ਆਂਦਰਾਂ ਨੱਪ ਲਈਆਂ ਤੇ ਸੋਚਣ ਲੱਗਾ-"ਮੈਨੂੰ ਮੁੜ ਈ ਜਾਣਾ ਚਾਹੀਦੈ, ਗੋਲੀ ਮਾਰੋ ਗੁਰਦਾਸ ਨੂੰ-ਨਾਲੇ ਜੁੱਤੀ ਨੂੰ।"

ਬੰਤਾ ਚਮਿਆਰ ਲਾਗੇ ਚਾਗੇ ਦੇ ਪਿੰਡਾਂ ਵਿਚ ਤਿੱਲੇ ਦੀਆਂ ਜੁੱਤੀਆਂ ਕੱਢਣ ਵਿਚ ਨਾਮੀ ਬੰਦਾ ਸੀ। ਕਈ ਸ਼ੁਕੀਨ, ਵੈਲੀ ਜਾਂ ਬਦਮਾਸ਼ ਚਾਰ ਚਾਰ ਕੋਹ ਤੋਂ ਉਸ ਕੋਲ ਜੁੱਤੀਆਂ ਸੁਆਉਣ ਆਉਂਦੇ। ਕਈ ਵਾਰ ਸਾਈਆਂ ਦਾ ਢੇਰ ਲੱਗ ਜਾਂਦਾ। ਨਾਪ ਇੱਧਰ ਉੱਧਰ ਹੋ ਜਾਂਦੇ ਤੇ ਉਸਨੇ ਇਹੋ ਜਿਹੀਆਂ ਉਲਝਣਾਂ ਤੋਂ ਬਚਣ ਲਈ ਕੁਝ ਕੰਮ ਆਪਣੇ ਆਂਢ-ਗੁਆਂਢ 'ਚ ਵੰਡਣਾ ਸ਼ੁਰੂ ਕਰ ਦਿੱਤਾ। ਸਮਾਨ ਬੰਤੇ ਦਾ ਹੁੰਦਾ-ਮਿਹਨਤ ਅਗਲੇ ਦੀ ਤੇ ਉਹ ਇਕ ਜੁੱਤੀਆਂ ਦੇ ਵਧੀਆ ਜੋੜੇ ਪਿੱਛੇ ਪੰਜ ਰੁਪਈਏ ਦਿੰਦਾ। ਕਰਮੂ ਵੀ ਚਮਿਆਰਾਂ ਦੇ ਘਰਾਂ 'ਚੋਂ ਬੇਕਾਰ ਜਿਹਾ ਸੀ। ਬੰਤੇ ਦੀ ਔਖਿਆਈ ਵੇਲੇ ਜ਼ਿਆਦਾ ਉਹੀ ਕੰਮ ਆਉਂਦਾ।

ਬੰਤਾ ਆਪਣੇ ਆਪ ਨੂੰ ਪਿੰਡ ਦੇ ਕਿਸੇ ਚੜ੍ਹੇ-ਨੰਕਰੀ ਤੋਂ ਘੱਟ ਨਹੀਂ ਸਮਝਦਾ। ਬਗਲੇ ਦੇ ਖੰਭਾਂ ਵਰਗੇ ਲੀੜੇ ਪਾਉਂਦਾ। ਖੋਦੀ ਦਾੜ੍ਹੀ ਦੀ ਗੁੱਟੀ ਕਰਕੇ ਰੱਖਦਾ। ਸਾਰਾ ਸਾਰਾ ਦਿਨ ਉਹਦੇ ਅੱਡੇ ਤੇ ਛੇ-ਸਿਲਾ ਰੇਡੀਉ ਵਜਦਾ ਰਹਿੰਦਾ। ਭਾਵੇਂ ਉਸਦਾ ਪਿੰਡ ਦੇ ਜੱਟਾਂ ਨਾਲ ਖਾਣ ਪੀਣ ਨਹੀਂ ਸੀ। ਪਰ ਜਿਸ ਦਿਨ ਉਸਨੇ ਨੰਬਰਦਾਰ ਦੇ ਜਾਮਨਾਂ ਵਾਲੇ ਖੂਹ 'ਤੇ ਟਿਊਬ-ਵੈਲ ਦੀ ਕੋਠੜੀ 'ਚ ਉਸ ਨੂੰ ਘਰ ਦੀ ਕੱਢੀ ਦਾਰੂ ਪਿਆਈ ਸੀ ਤੇ ਨੰਬਰਦਾਰ ਤੇ ਉਹ ਦੋਵੇਂ ਨਸ਼ੇ 'ਚ ਆਏ ਇਕੋ ਕੌਲੀ 'ਚ ਵਾਰੀ ਵਾਰੀ ਪੀਂਦੇ ਰਹੇ ਸਨ, ਉਸ ਦਿਨ ਤੋਂ ਹੀ ਉਸਨੂੰ ਸਾਰੇ ਚਮਿਆਰ ਗੰਦੇ ਗੰਦੇ ਲੱਗਣ ਲੱਗ ਪਏ ਸਨ, ਉਹਨਾਂ ਵਿਚੋਂ ਬੰਤੇ ਨੂੰ ਕੱਚੇ ਚੰਮ ਦੀ ਬਦਬੂ ਆਉਣ ਲੱਗ ਪਈ ਸੀ। ਆਪਣਾ-ਆਪ ਉਸਨੂੰ ਵੱਡਾ-ਵੱਡਾ ਲਗਦਾ ਤੇ ਉਹ ਕਿਸੇ ਨੂੰ ਨੱਕ ਥੱਲੇ ਨਾ ਲਿਆਉਂਦਾ। ਕਈ ਵਾਰ ਉਹ ਤਾਅ 'ਚ ਆਇਆ ਵਡਿਆਈ ਨਾਲ ਆਪਣੇ ਲੋਕਾਂ 'ਚ ਤੇ ਜੱਟਾਂ 'ਚ ਵੀ ਫੜ੍ਹ ਮਾਰਦਾ-

-ਲੈ ਕਮਲੇ ਨਾ ਸਿਆਣੇ, ਨੰਬਰਦਾਰ ਨਾਲ ਖਾਣ ਪੀਣ ਐ ਆਪਣਾ-ਤੇ ਕਰਮੂ ਅਰਗਿਆਂ ਨੂੰ ਉਸਨੇ ਕਦੀ ਵੀ ਕਿਸੇ ਵਗਾਰੀ ਤੋਂ ਵੱਧ ਨਹੀਂ ਸੀ ਸਮਝਿਆ।



ਕਰਮੂ ਬੜੀ ਰੀਝ ਨਾਲ ਤਿੱਲਾ ਕੱਢਦਾ। ਮੋਰਨੀਆਂ ਪਾਉਣ ਵਿਚ ਆਪਣੀ ਰੂਹ ਫੂਕ ਦਿੰਦਾ। ਬੰਤੇ ਨਾਲੋਂ ਵੀ ਸੋਹਣੇ ਉਸਦੇ ਫੁੱਲ ਕੱਢੇ ਹੁੰਦੇ। ਕਰਮੂ ਹੱਥਾਂ 'ਚ ਪੰਜ ਰੁਪਈਏ ਮਰੋੜ ਕੇ ਸੋਚਦਾ ਜਿਵੇਂ ਉਸਨੂੰ ਕਿਸੇ ਨੇ ਲੁੱਟ ਲਿਆ ਹੋਵੇ। ਸੁਹਣੀ ਜੁੱਤੀ ਦੀ ਸਾਰੀ ਸ਼ੁਹਰਤ ਬੰਤਾ ਲੈ ਜਾਂਦਾ। ਕਰਮੂ ਦਾ ਕੋਈ ਨਾਂ ਨਾ ਲੈਂਦਾ। ਉਹ ਚਾਹੁੰਦਾ ਕੋਈ ਕਹੇ-'ਬਈ ਜੁੱਤੀ ਤਾਂ ਕਰਮੂ ਕੱਢਦਾ ਐ...ਸ਼ਹਿਜਾ ਸ਼ਹਿਜਾ ਕਰਾ ਦਿੰਦਾ ਐ।' ਕਈ ਵਾਰੀ ਸੋਚਦਾ-ਐਦੂੰ ਤਾਂ ਦਿਹਾੜੀ ਕਰ ਲੈਣੀ ਚੰਗੀ ਐ...ਪਰ ਬਚਪਨ ਵਿੱਚ ਆਪਣੀ ਇਕ ਮਾਰੀ ਹੋਈ ਲੱਤ ਵੱਲ ਵੇਖਕੇ ਮਨ ਮਸੋਸ ਲੈਂਦਾ ਤੇ ਬੰਤੇ ਦੇ ਘਰ ਹੀ ਉਸਨੂੰ ਝਾਕਣਾ ਪੈਂਦਾ।

ਬੰਤਾ ਕੋਈ ਵਾਧੂ ਕੰਮ ਹੀ ਉਸਨੂੰ ਦਿੰਦਾ-ਜਾਂ ਕੋਈ ਖਾਸ ਉਚੇਚ ਨਾਲ ਬਣਾਉਣ ਵਾਲੀ ਜੁੱਤੀ ਹੀ ਉਸ ਤੋਂ ਬਣਵਾਉਂਦਾ। ਕਿੰਨੀਆਂ ਹੀ ਜੁੱਤੀਆਂ ਕਰਮੂ ਹੱਥੋਂ ਬਣ ਚੁੱਕੀਆਂ ਸਨ, ਵਿਕ ਚੁੱਕੀਆਂ ਸਨ। ਤਿੱਲੇ ਦੇ ਵੇਲ ਬੂਟੇ ਕੱਢਦਿਆਂ ਉਸਦਾ ਅੰਦਰ ਵੀ ਤਿੱਲੇ ਵਿਚ ਹੀ ਪਰੋਇਆ ਜਾਂਦਾ। ਕਦੇ ਕਦੇ ਉਹ ਆਪਣੇ ਬਿਆਈਆਂ ਪਾਟੇ ਪੈਰਾਂ ਵੱਲ ਝਾਕਦਾ। ਸੂਈ ਉਸਦੇ ਹੱਥੋਂ ਛੁੱਟ ਜਾਂਦੀ-ਉਂਗਲਾਂ ਦੇ ਪੋਟਿਆਂ ਨਾਲ ਖੰਘਰ ਹੋਏ ਪੈਰਾਂ ਨੂੰ ਪਲੋਸਦਾ। ਹਰਾਸਿਆ ਜਿਹਾ ਆਪਣੀਆਂ ਬਣਾਈਆਂ ਜੁੱਤੀਆਂ ਵੱਲ ਵੇਖਦਾ। ਉਸਨੂੰ ਲਗਦਾ ਜਿਵੇਂ ਰੱਬ ਨੇ ਉਸਨੂੰ ਪੈਰ ਤਾਂ ਦੇ ਦਿੱਤੇ ਹੋਣ ਪਰ ਕੋਈ ਮੇਚਾ ਬਣਾਉਣਾ ਭੁੱਲ ਗਿਆ ਹੋਵੇ-ਤੇ ਉਸਦੇ ਪੈਰਾਂ ਲਈ ਸ਼ੈਤ ਕੋਈ ਵੀ ਜੁੱਤੀ ਨਾ ਜੁੜੇ।

ਇਸ ਵਾਰ ਉਸਨੂੰ ਪੰਦਰਾਂ ਵੀਹ ਦਿਨ ਕੋਈ ਕੰਮ ਨਹੀਂ ਮਿਲਿਆ। ਦਿਨ ਤਾਂ ਪਹਿਲਾਂ ਹੀ ਫਾਕਿਆਂ ਵਰਗੇ ਲੰਘਦੇ ਸਨ। ਹੋਰ ਵੀ ਔਖ ਹੋ ਗਈ। ਇਕ ਦਿਨ ਬੰਤੇ ਨੇ ਉਸਨੂੰ ਸੱਦ ਕੇ ਨਾਪ ਦਿੱਤਾ। ਨਾਗਲੇ ਪਿੰਡ ਦੇ ਦੱਸ ਨੰਬਰੀਏ ਗੁਰਦਾਸ ਦੀ ਜੁੱਤੀ ਸੀ, ਨੋਕਾਂ ਵਾਲੀ। ਬੰਤੇ ਨੇ ਉਸਨੂੰ ਖ਼ਬਰਦਾਰ ਵੀ ਕਰ ਦਿੱਤਾ ਸੀ-'ਕਰਮਿਆ ਕੋਈ 'ਲਾਂਭਾ ਨਾ ਆਵੇ ਬੰਦਾ ਅਵੈੜਾ ਐ'

ਕਰਮੂ ਨੇ ਇਕ-ਇਕ ਦਿਨ ਫੁੱਲ-ਤਾਰਾ ਡਰ ਨਾਲ ਤੇ ਰੀਝ ਨਾਲ ਕੱਢਿਆ। ਆਪਣੇ ਜਾਣੇ ਉਸ ਨੇ ਆਪਣੀਆਂ ਬਣਾਈਆਂ ਸਾਰੀਆਂ ਪਹਿਲੀਆਂ ਜੁੱਤੀਆਂ ਨਾਲੋਂ ਸੁਹਣੀ ਜੁੱਤੀ ਬਣਾਈ। ਉਹ ਬੰਤੇ ਕੋਲ ਲੈ ਆਇਆ। ਅਜੇ ਕਲਬੂਤ ਦੇਣਾ ਬਾਕੀ ਸੀ। ਬੰਤੇ ਨੇ ਉਲੱਦ-ਪਲੱਦ ਕੇ ਜੁੱਤੀ ਵੇਖੀ। ਖ਼ੁਸ਼ੀ 'ਚ ਉਸਦੀਆਂ ਵਾਛਾਂ ਖਿੜ ਗਈਆਂ। ਫਿਰ ਉਹ ਕਲਬੂਤ ਦੇਣ 'ਚ ਰੁੱਝ ਗਿਆ।

-ਚਾਚਾ-!' ਕਰਮੂ ਝਿਜਕਦਿਆਂ ਜਿਹਾ ਬੋਲਿਆ।

ਬੰਤੇ ਨੇ ਨੀਵੀਂ ਪਾਈ ਰੱਖੀ।

-ਜੇ ਪੈਸੇ ਦੇ ਦੇਂ ਤਾਂ ਆਟਾ ਈ ਲੈ ਆਮਾਂ-ਘਰ ਜਮਾਂ ਈ ਨੀ-' ਕਰਮੂ ਦੀ ਲਾਚਾਰੀ ਮਿਹਨਤ ਕਰਕੇ ਵੀ ਬੰਤੇ ਮੂਹਰੇ ਅੱਡੀਆਂ ਰਗੜ ਗਈ।

-ਐਡਾ ਕੀ ਸਮਾਨ ਡਿਗਦੈ ਤੇਰੇ ਤੇ?' ਬੰਤੇ ਨੇ ਕਲਬੂਤ ਠੋਕਦਿਆਂ ਲਾ-ਪਰਵਾਹੀ ਦਿਖਾਈ।

-ਰਾਤ ਦਾ ਕੁਝ ਨੀ ਖਾਧਾ, ਚਾਚਾ....'

–ਨਹੀਂ ਖਾਧਾ ?' ਬੰਤੇ ਨੇ ਉਤਾਂਹ ਝਾਕਦਿਆਂ ਐਨਕਾਂ ਠੀਕ ਕੀਤੀਆਂ।

ਤਾਂ ਕੀ ਐ...ਅਸੀਂ ਤੇਰੇ ਅਰਗੇ ਚਾਰ ਚਾਰ ਦਿਨ ਭੁੱਖੇ ਰਹਿ ਲੈਂਦੇ ਸੀ–ਤੂੰ ਐਉਂ ਕਰ ਇਹ ਜੁੱਤੀ ਦੇ ਆ ਗੁਰਦਾਸ ਨੂੰ ਉਹਤੋਂ ਹਾਲੇ ਲੈਣੇ ਐ ਆਪਾਂ ਪੈਂਚੇ...ਉਧਰੋਂ ਆਉਂਦਾ ਆਟਾ ਲਈ ਆਈਂ...' ਬੰਤੇ ਨੇ ਫੇਰ ਨੀਵੀਂ ਪਾ ਲਈ ਸੀ–ਤੇ ਉਹ ਜੁੱਤੀ ਨੂੰ ਆਵਦੇ ਜਾਣੇ ਆਖਰੀ ਛੋਹਾਂ ਦੇ ਰਿਹਾ ਸੀ।

–ਚਾਚਾ ਬੜਾ ਚਿਰ ਲੱਗ ਜੂ....ਤੁਰਿਆ ਵੀ ਤਾਂ ਨ੍ਹੀਂ ਜਾਂਦਾ....' ਭੁੱਖਾ ਭਾਣਾ ਕਰਮੂ ਬੇ–ਬਸ ਹੋਇਆ ਖੜਾ ਸੀ।

–ਤੂੰ ਹੌਲੀ ਹੌਲੀ ਚਲਿਆ ਜਾ ਤੇਰੇ ਅਰਗੇ ਹੁਣ ਨੂੰ ਅਸੀਂ ਦਸ ਕੋਹ ਕਰ ਆਉਂਦੇ ਸੀ–' ਬੰਤੇ ਨੇ ਫਿਰ ਉਹੀ ਹਥਿਆਰ ਵਰਤਿਆ–'ਜੁੱਤੀ ਨੂੰ ਅੱਗੇ ਈ ਚਿਰ ਲੱਗ ਗਿਐ–ਉਹ ਸਾਲੇ ਦਾ ਗੁੱਸਾ ਵੀ ਭੈੜਾ ਐ–' ਬੰਤੇ ਨੇ ਪਹਿਲਾਂ ਝਿੜਕ ਦੇਣ ਵਾਂਗ ਤੇ ਫਿਰ ਕਰਮੂ ਨੂੰ ਵੈਲੀ ਦਾ ਡਰਾਵਾ ਦੇਣ ਵਾਂਗ ਗੱਲ ਆਖੀ।

ਕਰਮੂ ਦਾ ਕਹਿਣ ਨੂੰ ਬੜਾ ਕੁਝ ਜੀਅ ਕੀਤਾ– 'ਰਾਤ ਦਾ ਭੁੱਖਾ ਐਂ–ਪੈਰੋਂ ਨੰਗਾ–ਤੇ ਗਰਮੀ ਸਵੇਰੇ ਦੀ ਐਨੀ ਐ–ਜਾਨ ਬਾਹਰ ਨੂੰ ਐਂਦੀ ਐ। ਉਸਦਾ ਜੀਅ ਕੀਤਾ–ਰੱਬੀ ਸ਼ੁੱਕ ਕੇ ਸਾਲੇ ਵੱਡੇ ਚੌਧਰੀ ਦਾ ਢਿੱਡ ਪਾੜ ਦਿਆਂ–ਫੇਰੇ ਦੇਣਾ ਬੰਦੇ ਨੂੰ ਬੰਦਾ ਨੀ ਸਮਝਦਾ। ਪਰ ਕਿਸੇ ਵੀ ਬੋਲ ਲਈ ਉਸਦੀ ਜੀਭ ਨੇ ਸਾਹਸ ਨਾ ਕੀਤਾ ਤੇ ਕੁਝ ਕਰਨ ਲਈ ਉਸਦੇ ਹੱਥ ਨਾ ਹਿੱਲੇ।

ਸਾਫੇ ਦੇ ਲੜ੍ਹ ਜੁੱਤੀ ਬੰਨ੍ਹ ਕੇ ਉਹ ਲਾਗਲੇ ਪਿੰਡ ਨੂੰ ਤੁਰ ਪਿਆ। ਕਈ ਥਾਈਂ ਉਸ ਨੇ ਰੁਕ ਕੇ ਸਾਹ ਲਿਆ। ਇਕ ਆੜ 'ਚੋਂ ਗੰਧਲਿਆ ਜਿਹਾ ਪਾਣੀ ਪੀਤਾ। ਕਿਵੇਂ ਨਾ ਕਿਵੇਂ ਉਹ ਗੁਰਦਾਸ ਦੇ ਪਿੰਡ ਪਹੁੰਚ ਗਿਆ। ਥਕੇਵਾਂ ਤੇ ਭੁੱਖ ਹੋਰ ਵੀ ਸੰਘਣੀ ਹੋ ਗਈ ਜਦੋਂ ਉਸ ਨੇ ਗੁਰਦਾਸ ਦੇ ਘਰ ਲਗਿਆ ਜਿੰਦਰਾ ਵੇਖਿਆ। ਉਡੀਕ ਵਿਚ ਉਹ ਬੋਹੜ ਦੀ ਛਾਵੇਂ ਬਹਿ ਗਿਆ। ਉਡੀਕ–ਉਡੀਕ ਕੇ ਤਿੱਖੜ–ਦੁਪਹਿਰ ਚੜ੍ਹ ਆਈ। ਉਸ ਨੂੰ ਰੇਤਲਾ ਰਾਹ ਚੇਤੇ ਆ–ਆ ਕੇ ਬੁਖਾਰ ਚੜ੍ਹਨ ਵਾਂਗ ਹੋ ਗਿਆ। ਪਰਲੀ ਗਲੀ ਵਿਚੋਂ ਆਉਂਦੇ ਬਜ਼ੁਰਗ ਨੂੰ ਉਸ ਨੇ ਗੁਰਦਾਸ ਬਾਰੇ ਪੁੱਛਿਆ ਤੇ ਉਸ ਨੇ...'ਵੈਲੀਆਂ ਦਾ ਕੀ ਟਿਕਾਣਾ...' ਆਖ ਕੇ ਕੋਈ ਥਹੁ–ਪਤਾ ਨਾ ਦਿੱਤਾ ਤਾਂ ਕਰਮੂ ਉਵੇਂ ਭੁੱਖਣ–ਭਾਣਾ ਵਾਪਸ ਮੁੜਨ ਦੀ ਸੋਚਣ ਲੱਗਾ।

ਮੁੜਨਾ ਕਰਮੂ ਨੂੰ ਇਉਂ ਲਗਿਆ ਜਿਵੇਂ ਉਹ ਆਪਣੇ ਪਿੰਡ ਨੂੰ ਨਹੀਂ ਨਰਕਾਂ ਦੇ ਰਾਹ ਪੈ ਗਿਆ ਹੋਵੇ। ਸੂਰਜ ਜਿਵੇਂ ਉਸਦੇ ਉਪਰ ਆਣ ਡਿੱਗਾ। ਬਲਦੀ ਰੇਤ ਨਾਲ ਭਰਿਆ ਰਾਹ ਉਸਦੇ ਪੈਰਾਂ ਨੂੰ ਇਉਂ ਲੂਹ ਗਿਆ ਜਿਵੇਂ ਉਹ ਕਿਸੇ ਭੱਠੀ 'ਚ ਵੜ ਗਿਆ ਹੋਵੇ। ਮੁਰਝਾਇਆ ਜਿਹਾ ਉਹ ਇਕ ਖੜ–ਸੁੱਕ ਕਿੱਕਰ ਦੀ ਛਾਵੇਂ ਖਲੋ ਗਿਆ। ਤੇ ਲੂ ਦਾ ਝੁਲਸਿਆ ਡਿੱਗ ਪੈਣ ਵਾਂਗ ਬਹਿ ਗਿਆ। ਪੈਰਾਂ ਹੇਠ ਕੁਝ ਛਾਲਿਆਂ ਜਿਹਾ ਉਭਰ ਆਇਆ। ਉਸਨੇ ਦੋਹਾਂ ਪੈਰਾਂ ਦੀਆਂ ਤਲੀਆਂ ਨੂੰ ਹੱਥਾਂ ਵਿਚ ਘੁੱਟ ਲਿਆ ਤੇ ਬਿਆਈਆਂ ਵਿਚੋਂ ਉਠੀ ਪੀੜ ਨਾ ਝਲਦੇ ਨੇ ਅੱਖਾਂ ਮੀਚ ਲਈਆਂ।

ਕੁਝ ਪਲ ਲੰਘੇ। ਕਰਮੂ ਥੋੜ੍ਹਾ ਸੁਸਤਾ ਗਿਆ ਤਾਂ ਢਿੱਡ ਦੀ ਭੁੱਖ ਨੇ ਮੂੰਹ ਟੱਡ ਲਿਆ। ਅਜੇ ਕੋਹ–ਭਰ ਪੈਂਡਾ ਬਾਕੀ ਸੀ। ਉਸਦੀ ਹਿੰਮਤ ਇਸ ਵਰਦੀ ਅੱਗ ਮੂਹਰੇ ਕੰਬ ਗਈ।



ਪਰ ਪਿੰਡ ਤਾਂ ਪਹੁੰਚਣਾ ਹੀ ਪੈਣਾ ਹੈ। ਉਹ ਦੋ ਤਿੰਨ ਗਾਲ੍ਹਾਂ ਬੰਤੇ ਨੂੰ, ਗੁਰਦਾਸ ਨੂੰ ਤੇ ਫਿਰ ਆਪਣੇ ਇਸ ਕੁੱਤੇ ਕੰਮ ਨੂੰ ਕੱਢ ਗਿਆ।

ਸਾਫੇ ਦੇ ਲੜੋਂ ਉਸ ਨੇ ਜੁੱਤੀ ਖੋਲ੍ਹੀ। ਚਮਕਦੀ ਧੁੱਪ ਵਿਚ ਤਿੱਲੇ ਦੀਆਂ ਕੱਢੀਆਂ ਮੋਰਨੀਆਂ ਵੱਲ ਉਸ ਤੋਂ ਝਾਕਿਆ ਨਾ ਗਿਆ। ਉਸਦਾ ਜੀਅ ਕਰ ਆਇਆ, ਜੁੱਤੀ ਪਾ ਕੇ ਵੇਖੇ। ਇਹ ਖਿਆਲ ਕਰਕੇ ਉਸ ਨੇ ਸਾਫੇ ਦੇ ਲੜ ਨਾਲ ਆਪਣੇ ਪੈਰ ਰਗੜ ਕੇ ਸਾਫ਼ ਕੀਤੇ। ਫਿਰ ਸਾਫਾ ਭੁੰਜੇ ਵਿਛਾ ਕੇ ਉਸ ਉਪਰ ਜੁੱਤੀ ਰੱਖ ਕੇ ਪੈਰੀਂ ਫਸਾ ਲਈ। ਮੇਚਾ ਠੀਕ ਸੀ। ਕਰਮੂ ਨੂੰ ਜਾਪਿਆ ਜਿਵੇਂ ਕਿਸੇ ਹੋਰ ਦੇ ਪੈਰ ਉਸ ਨੂੰ ਆ ਲੱਗੇ ਹੋਣ। ਉਸ ਦੇ ਤੁਰ ਕੇ ਵੇਖਣ ਨੂੰ ਜੀਅ ਕੀਤਾ ਤੇ ਜੇ ਕਿਤੇ ਉਹ ਜੁੱਤੀ ਪਾਕੇ ਹੀ ਪਿੰਡ ਤੱਕ ਜਾਵੇ ਤਾਂ ਧਰਤੀ ਦੀ ਅੱਗ ਉਸਦੇ ਪੈਰਾਂ ਤੀਕਰ ਨਹੀਂ ਸੀ ਪਹੁੰਚਣੀ। ਪਰ ਉਸਦਾ ਮੂੰਹ ਉਦਾਸ ਜਿਹਾ ਹੋ ਗਿਆ, ਮਿਲਣ ਵਾਲੇ ਪੰਜ ਰੁਪਈਏ ਸੋਚ ਕੇ ਉਸਦਾ ਹਉਕਾ ਨਿਕਲ ਗਿਆ। ਜੇ ਜੁੱਤੀ ਜ਼ਰਾ ਵੀ ਮੈਲੀ ਹੋ ਗਈ, ਤਾਂ ਬੰਤੇ ਨੇ ਪੈਸੇ ਹੀ ਨਹੀਂ ਸਨ ਦੇਣੇ ਸਗੋਂ ਝਿੜਕਣਾ ਘੂਰਨਾ ਵੀ ਸੀ ਤੇ ਅੱਗੋਂ ਲਈ ਫਿਰ ਹੋਰ ਕੰਮ ਵੀ ਨਹੀਂ ਸੀ ਮਿਲਣਾ। ਕਰਮੂ ਦੀ ਰੀਝ, ਉਸਦੀ ਸਾਹਮਣੇ ਖੜੀ ਬੇਵੱਸ ਤੇ ਲਾਚਾਰ ਜ਼ਿੰਦਗੀ ਮੂਹਰੇ ਦਮ ਤੋੜ ਗਈ। ਜੁੱਤੀ ਸਾਫ਼ ਕਰਕੇ ਉਸ ਨੇ ਫਿਰ ਸਾਫ਼ੇ ਦੇ ਲੜ ਬੰਨ੍ਹ ਲਈ। ਦੂਰ ਤੀਕਰ ਦੇਖਿਆ, ਸੁੰਨ–ਮਸੁੰਨਾ ਰਾਹ ਸੀ ਤੇ ਧਰਤੀ ਵੱਲੋਂ ਗਰਮੀ ਦੀ ਹਵਾੜ ਜਿਹੀ ਅਸਮਾਨ ਵੱਲ ਚੜ੍ਹ ਰਹੀ ਸੀ।

ਸਾਹ ਸੱਤ–ਹੀਣ ਜਿਹਾ, ਹੌਲੀ–ਹੌਲੀ ਲੰਗ ਮਾਰਦਾ ਉਹ ਫਿਰ ਤੁਰ ਪਿਆ। ਕੋਈ ਤਿੰਨ ਕੁ ਵੱਜੇ ਹੋਣਗੇ ਉਹ ਥੱਕਿਆ ਟੁੱਟਿਆ ਬੰਤੇ ਕੋਲ ਜਾ ਡਿੱਗਿਆ। ਉਹ ਘਰੋਂ ਬਾਹਰ ਟਾਹਲੀ ਦੀ ਛਾਵੇਂ ਬੈਠਾ ਹੁੱਕਾ ਪੀ ਰਿਹਾ ਸੀ।

–ਚਾਚਾ ਉਹ ਘਰੇ ਹੈਨੀਂ ਮਾਂ ਦਾ...ਖਸਮ, ਭੁੰਨ ਤਾ ਗਰਮੀ ਨੇ ਅੱਜ ਤਾਂ...' ਸਾਫ਼ੇ ਦੇ ਲੜ ਬੰਨ੍ਹੀ ਮੋਢੇ ਤੇ ਲਟਕਦੀ ਜੁੱਤੀ ਲਾਹ ਕੇ, ਬੰਤੇ ਨੂੰ ਫੜਾ ਦੇਣ ਦੀ ਹਿੰਮਤ ਵੀ ਉਸ 'ਚ ਨਾ ਰਹੀ।

–ਘਰੇ ਹੈ ਨੀ– ?' ਬੰਤੇ ਨੇ ਹੁੱਕੇ ਦੀ ਨੜੀ ਮੂੰਹ 'ਚੋਂ ਬਾਹਰ ਕੱਢਦਿਆਂ ਆਖਿਆ।

–ਓਂਕਲਾ ਓਏ ਰੱਬਾ–' ਕਰਮੂ ਦਾ ਸਾਹ ਫੁਲਦਾ ਜਾਂਦਾ ਸੀ–ਤੇ ਉਸ ਤੋਂ ਬੰਤੇ ਦੀ ਗੱਲ ਵੱਲ ਧਿਆਨ ਨਾ ਦਿੱਤਾ ਗਿਆ। ਉਹ ਟਾਹਲੀ ਦੇ ਮੁੱਢ ਨਾਲ ਆਸਰਾ ਲੈ ਕੇ ਟੇਢਾ ਹੋ ਗਿਆ।

ਕਰਮੂ ਦੀਆਂ ਅੱਖਾਂ ਮੀਚੀਆਂ ਸਨ। ਪਤਾ ਨਹੀਂ ਸ਼ਾਇਦ ਭੁੱਖ, ਥਕਾਵਟ ਤੇ ਲੂ ਲੱਗ ਜਾਣ ਕਾਰਨ ਖੁੱਲ੍ਹਦੀਆਂ ਹੀ ਨਹੀਂ ਸਨ। ਪਿੰਡਾ ਤਪ ਰਿਹਾ ਸੀ। ਅੱਖਾਂ ਮੀਚੀ ਪਏ ਨੇ ਹੀ ਸੋਚਿਆ। ਜੇ ਉਹ ਬੰਤੇ ਨੂੰ ਕਹੇ–ਘਰੋਂ ਦੋ ਰੋਟੀਆਂ ਈ ਲਿਆ ਦੇ। ਪਰ ਉਸਦੇ ਮੂੰਹੋਂ ਬੋਲ ਹੋਰ ਨਿਕਲ ਗਏ–।

–ਚਾਚਾ ਆਟਾ ਲਿਆਉਣਾ ਐਂ– ?'

ਬੰਤੇ ਨੂੰ ਸ਼ਾਇਦ ਉਸਦੀ ਬੁੜ–ਬੁੜ ਸੁਣੀ ਨਹੀਂ ਸੀ–ਜਾਂ ਉਸ ਨੇ ਗੌਲਿਆ ਹੀ ਨਹੀਂ। ਪਰ ਕਰਮੂ ਦਾ ਸਾਰਾ ਜਿਸਮ ਬੰਤੇ ਦੇ ਉੱਤਰ ਦੀ ਉਡੀਕ ਵਿਚ ਚੇਤੰਨ ਹੋ ਗਿਆ। ਸਿਰ ਜਿਵੇਂ ਘੁੰਮ ਰਿਹਾ ਸੀ–ਤੇ ਅੱਖਾਂ ਮੂਹਰੇ ਭੰਬਰ–ਤਾਰੇ ਨੱਚ ਰਹੇ ਸਨ।

–ਕਰਮਿਆ ਜਾ ਸਰਪੰਚ ਦੀ ਜੁੱਤੀ ਦੇ ਆ ਫੜ ਕੇ–ਫਿਰ ਕਰਦੇ ਐਂ ਸਾਬ੍ਹ...।'

ਬੰਤਾ ਬੇਧਿਆਨੀ ਵਿਚ ਸੀ। ਕਰਮੂ ਵੀ ਨਹੀਂ ਬੋਲਿਆ।

–ਓਏ ਕਰਮਿਆ...ਉਏ ਕੰਜਰਾ...।'

ਕਰਮੂ ਫਿਰ ਵੀ ਨਹੀਂ ਬੋਲਿਆ।

–ਸੱਪ ਲੜ ਗਿਆ...? ਕਰਮੂ ਫਿਰ ਵੀ ਨਹੀਂ ਬੋਲਿਆ।

ਖਿਝ ਕੇ ਬੰਤੇ ਨੇ ਉੱਠ ਕੇ ਉਸ ਨੂੰ ਝੰਜੋੜਿਆ। ਅੱਗ ਵਾਂਗ ਤਪਦੇ ਸਰੀਰ ਨੂੰ ਹੱਥ ਨਹੀਂ ਸੀ ਲੱਗਦਾ ਤੇ ਕਰਮੂ ਸ਼ਾਇਦ ਬੇ–ਸੁੱਧ ਹੋਇਆ ਪਿਆ ਸੀ।

–ਸਾਲੇ ਅੱਜ ਕਲ੍ਹ ਦੇ ਮੁੰਡੇ ਬੈਠੇ ਬੈਠੇ ਵੀ ਸੌਂ ਜਾਂਦੇ ਐ–ਪਤਾ ਨਹੀਂ ਇਹਨਾਂ ਨੂੰ ਕੰਮਾਂ ਦਾ ਫਿਕਰ ਕਦੋਂ ਆਊਣ ਲੱਗੂ, ਹੁਣ ਮੈਨੂੰ ਜਾਣਾ ਪੈਣੈ ਧੁੱਪ 'ਚ... ਬੰਤਾ ਮੂੰਹ 'ਚ ਕਿਰਣ–ਕਿਰਣ ਕਰਦਾ ਕਰਮੂ ਨੂੰ ਉਥੇ ਹੀ ਪਿਆ ਛੱਡ ਕੇ ਅੰਦਰ ਜੁੱਤੀ ਪਾਉਣ ਚਲਾ ਗਿਆ।

——0——



# ਇਕਬਾਲੀਆ ਬਿਆਨ/ਦਲਬੀਰ ਚੇਤਨ

"ਤੇਰੀ ਜੁਰਅੱਤ ਕਿੱਦਾਂ ਪਈ, ਮੇਰੇ ਬੰਗਲਰ ਦੀ ਚਾਰਦੀਵਾਰੀ 'ਚ ਪੈਰ ਧਰਨ ਦੀ ?"

ਉਹਨੇ ਪੂਰੇ ਜ਼ਬ੍ਹੇ ਨਾਲ ਮੇਰੇ ਸਿਪਾਹੀ ਨੂੰ ਦਬਕਾ ਮਾਰਿਆ।

"ਲੈ ਜਾਓ ਇਥੋਂ ਭਜਾ ਕੇ ਆਪਣੀਆਂ ਗੱਡੀਆਂ, ਨਹੀਂ ਤਾਂ ਸਮੇਤ ਤੁਹਾਡੇ ਅੱਗ ਲਾ ਦਊਂਗਾ।" ਉਹ ਮੇਰੇ ਪੂਰੇ ਅਮਲੇ ਫੈਲੇ ਉੱਤੇ ਵੀ ਵੇਗ ਨਾਲ ਵਰ੍ਹਿਆ।

ਉਹਦਾ ਗੜ੍ਹਕਾ ਸੁਣ ਕੇ ਮੈਨੂੰ ਲੱਗਾ ਕਿ ਜੋ ਕੁਝ ਉਹਦੇ ਬਾਰੇ ਸੁਣੀਂਦਾ ਸੀ, ਉਹ ਉਸ ਤੋਂ ਰੱਤੀ ਭਰ ਵੱਧ ਹੀ ਸੀ।

ਹੋਰ ਹੀ ਤਰ੍ਹਾਂ ਦੀ 'ਹੂੰਅ' ਕਰਦਿਆਂ ਮੈਨੂੰ ਹੋਰ ਹੀ ਤਰ੍ਹਾਂ ਦਾ ਹਾਸਾ ਜਿਹਾ ਆਇਆ ਤੇ ਨਾਲ ਹੀ ਮੇਰਾ ਮੋਢਾ ਤੇ ਸਿਰ ਹਿੱਲਿਆ।

ਹਾਸੇ ਦੀ ਇਸ ਹਲਕੀ ਲਕੀਰ ਤੋਂ ਬਾਅਦ ਮੇਰਾ ਗੁੱਸਾ ਜਿਵੇਂ ਸਭ ਤੋਂ ਵੱਡੀ ਰਕਮ ਨਾਲ ਜ਼ਰਬ ਖਾ ਗਿਆ ਹੋਵੇ। ਗੁੱਸੇ ਨਾਲ ਹਿਲਦਿਆਂ, ਮੇਰੇ ਮੋਢੇ ਉਤਲੇ ਇੰਸਪੈਕਟਰੀ ਦੇ ਸਟਾਰ ਹੋਰ ਵੀ ਰੋਹ ਨਾਲ ਹਿੱਲਣ ਲੱਗੇ।

ਉਹਨੇ ਸ਼ਾਇਦ ਮੈਨੂੰ ਵੇਖਿਆ ਹੀ ਨਹੀਂ ਸੀ। ਵੇਖਦਾ ਵੀ ਕਿੱਦਾਂ ? ਇਕ ਤਾਂ ਰੱਜਿਆ ਪੁੱਜਿਆ ਜ਼ਿਮੀਂਦਾਰ, ਉਤੋਂ ਸਰਪੰਚ, ਸਕਾ ਮਾਮਾ ਉਹਦਾ ਮੰਤਰੀ।

ਪੂਰੇ ਇਲਾਕੇ 'ਚ ਉਹਦਾ ਜਬ੍ਹਾ ਸੀ। ਪੁਲਸ ਤਾਂ ਸੱਚਮੁੱਚ ਉਹਦਾ ਪਾਣੀ ਭਰਦੀ ਸੀ। ਪਾਣੀ ਭਰਨ ਵਾਲੇ ਹੱਥ ਤਾਂ ਗੋਡਿਓਂ ਵੀ ਥੱਲੇ ਰਹਿ ਜਾਂਦੇ ਨੇ, ਫੇਰ ਉਹਦੀ ਆਕੜੀ ਧੌਣ ਕੌਣ ਫੜ੍ਹਦਾ ?

ਉਹਦੀ ਪੁਲਸ ਮਹਿਕਮੇ 'ਚ ਪੂਰੀ ਧਾਂਕ ਸੀ। ਮੈਂ ਇਸ ਥਾਣੇ 'ਚ ਆਉਂਦਿਆਂ ਹੀ ਸੁਣ ਲਿਆ ਸੀ ਕਿ ਆਪਣੀ ਮਰਜ਼ੀ ਦੇ ਡਿਪਟੀਆਂ ਤੱਕ ਦੀਆਂ ਤਬਦੀਲੀਆਂ, ਉਹ ਆਪ ਕਰਵਾਉਂਦਾ ਹੈ। ਐੱਸ.ਪੀ. ਅਕਸਰ ਉਹਦੇ ਘਰ ਆਪ ਮਿਲਣ ਜਾਂਦੇ ਹਨ। ਇਹੋ ਜਿਹੀਆਂ ਗੱਲਾਂ ਸੁਣ ਕੇ ਮੈਨੂੰ ਲੱਗਦਾ ਕਿ ਜਿਹੜੀ ਪੁਲਸ ਆਮ ਲੋਕਾਂ ਲਈ ਬੜੀ ਖੂੰਖਾਰ ਸਮਝੀ ਜਾਂਦੀ ਹੈ, ਇਹੋ ਜਿਹੇ ਬੰਦਿਆਂ ਸਾਹਮਣੇ ਏਨੀ ਲੋਲ੍ਹੜੀ ਜਹੀ ਕਿਉਂ ਬਣ ਜਾਂਦੀ ਹੈ ? ਆਪ ਪੁਲਸੀਆ ਹੁੰਦਾ ਹੋਇਆ ਵੀ ਮੈਂ ਇਹ ਸੋਚ ਕੇ ਅਕਸਰ ਹੈਰਾਨ ਜਿਹਾ ਹੁੰਦਾ ਰਹਿੰਦਾ ਹਾਂ।

ਪਰ ਮੈਂ ਵੀ ਕੀ ਕਰਾਂ ? ਮੇਰੇ ਬਾਰੇ ਵੀ ਮਸ਼ਹੂਰ ਹੈ ਕਿ ਮੈਂ ਕਿਸੇ ਬੜੀ ਹੀ ਗ਼ਲਤ ਗੋਈ ਹੋਈ ਮਿੱਟੀ ਦਾ ਬਣਿਆ ਹਾਂ, ਜਿਸ ਤੋਂ ਕੋਈ ਗ਼ਰੀਬ ਗੁਰਬਾ ਤਾਂ ਬਚ ਸਕਦਾ ਹੈ, ਪਰ ਇਹੋ ਜਿਹਾ ਉੱਚੀ ਪਹੁੰਚ ਵਾਲਾ ਜਰਾਇਮ ਬੰਦਾ, ਮੇਰੀ ਮਾਰ ਤੋਂ ਬਾਹਰਾ ਨਹੀਂ ਹੋ ਸਕਦਾ।

ਉਂਜ ਤਾਂ ਸਾਰੇ ਗ਼ਰੀਬ ਵੀ ਕਿਹੜੇ ਸਾਊ ਹੁੰਦੇ ਨੇ ? 'ਬਾਮਪੁਰੀਆਂ' ਨੂੰ ਹੀ ਲੈ ਲਵੀਏ ਤਾਂ ਉਹ ਹੀ ਮਾਣ ਨਹੀਂ। ਸ਼ਰਾਬ ਦੇ ਮਾਮਲੇ 'ਚ ਹੈ ਕੋਈ ਅਜਿਹੀ ਥਾਂ, ਜਿਹੜੀ ਉਨ੍ਹਾਂ ਬਖਸ਼ੀ ਹੋਵੇ ?

ਨਾ ਮੜ੍ਹੀਆਂ ਮਸਾਣਾਂ, ਨਾ ਸਾਈਂ ਦਾ ਤਕੀਆ, ਨਾ ਜੰਝ ਘਰ, ਨਾ ਪਿੰਡ ਦੀ ਸ਼ਾਮਲਾਟ, ਨਾ ਛੱਪੜ ਤੇ ਨਾ ਹੀ ਨਹਿਰ ਦਾ ਕੰਢਾ।

ਮੈਂ ਕਦੇ ਬਖਸ਼ਿਆ ਤਾਂ ਉਹਨਾਂ ਨੂੰ ਵੀ ਨਹੀਂ, ਪਰ ਫੇਰ ਵੀ ਕਈ ਵਾਰ ਸੋਚ ਲਈਦਾ ਹੈ ਕਿ ਇਹ ਤਾਂ ਪਹਿਲਾਂ ਹੀ ਰੱਬ ਦੇ ਮਾਰੇ ਹੋਏ ਨੇ, ਇਹਨਾਂ ਨੂੰ ਹੋਰ ਕੀ ਮਾਰਨਾ ?

ਸ਼ਾਇਦ ਇਸਦਾ ਇਕ ਕਾਰਨ ਇਹ ਵੀ ਹੋਵੇ ਕਿ ਮੈਂ ਵੀ ਰੱਬ ਦੇ ਮਾਰਿਆਂ ਦੇ ਘਰ ਜੰਮਿਆ ਹਾਂ। ਇਸ ਨਾਤੇ ਮਾੜੀ-ਮੋਟੀ ਹਮਦਰਦੀ ਤਾਂ ਉਹਨਾਂ ਨਾਲ ਬਣ ਹੀ ਜਾਂਦੀ ਹੈ।

ਪਰ ਹੁਣ ਤਾਂ ਇਕ ਖੱਬੀ ਖਾਂ ਜੱਟ, ਮੇਰੇ ਸਾਹਮਣੇ ਖਲੋਤਾ ਮੇਰੀ ਠਾਣੇਦਾਰੀ ਨਾਲੋਂ ਮੇਰੇ ਬੀਤੇ ਨੂੰ ਬਹੁਤਾ ਵੰਗਾਰ ਰਿਹਾ ਹੈ।

ਸਰਪੰਚ ਦਾ ਲਲਕਾਰਾ ਸੁਣ ਕੇ ਮੇਰਾ ਦਿਲ ਕੀਤਾ ਸੀ ਕਿ ਪਾਣੀ ਨਾਲ ਭਰੇ ਵਾਹਣ ਵਿਚ ਉਹਦਾ ਸਿਰ ਧੱਸ ਦੇਵਾਂ।

ਮੇਰੀ ਖਾਕੀ ਵਰਦੀ ਦੇ ਖੱਬੇ ਕਾਲਰ ਲਾਗੋਂ ਮੇਰੀ ਧੌਣ 'ਚ ਧੁਰਕ ਜਿਹੀ ਹੋਈ। ਧੁਰਕ ਵਾਲੀ ਥਾਂ ਉੱਤੇ ਖੁਰਕੀ ਜਿਹੀ ਵੱਢਦਿਆਂ ਮੈਂ ਭੱਬਕ ਪੈਂਦਾ ਹਾਂ, "ਸਰਪੰਚਾ, ਏਧਰ ਸਿੱਧਾ ਮੇਰੇ ਵੱਲ ਤੁਰਿਆ ਆ।" ਮੈਂ ਆਪਣੇ ਸੱਜੇ ਹੱਥ ਦੀ ਪਹਿਲੀ ਉਂਗਲ ਨਾਲ ਉਹਨੂੰ ਇਸ਼ਾਰਾ ਕੀਤਾ। ਮੈਨੂੰ ਲੱਗਾ ਜਿਵੇਂ ਮੈਨੂੰ ਵੇਖ ਕੇ ਤੇ ਬਰਾਬਰ ਦਾ ਲਲਕਾਰਾ ਸੁਣ ਕੇ ਉਹ ਕੁਝ ਝੇਂਪ ਜਿਹਾ ਗਿਆ ਹੋਵੇ।

ਅਸਲ 'ਚ ਇਹੋ ਜਿਹੇ ਬੰਦਿਆਂ ਦਾ ਜਿਵੇਂ ਪੁਲਸ ਵਾਲਿਆਂ ਨੂੰ ਸਾਰਾ ਪਤਾ ਹੁੰਦਾ ਹੈ। ਇਹਨਾਂ ਨੂੰ ਵੀ ਪੁਲਸ ਵਾਲਿਆਂ ਦਾ ਪੂਰਾ ਇਲਮ ਹੁੰਦਾ ਹੈ ਕਿ ਕੌਣ ਗਿਆ, ਕੌਣ ਆਇਆ। ਆਉਣ ਵਾਲੇ ਦਾ ਪੂਰਾ ਤਫ਼ਤੀਸ਼ੀ ਵੇਰਵਾ। ਸੁਭਾਅ ਠੰਢਾ ਤੱਤਾ, ਕੌੜਾ-ਮਿੱਠਾ, ਲੈਣ-ਦੇਣ, ਰੰਗ-ਰੰਗੀਨੀ। ਬਸ ਸਮਝ ਲਓ ਕਿ ਪੂਰਾ ਅੱਗਾ ਪਿੱਛਾ ਛੱਪੜ-ਛਾਣ ਕੀਤਾ ਹੁੰਦਾ ਹੈ ਇਹਨਾਂ ਨੇ ਵੀ।

ਇਸ ਠਾਣੇ 'ਚ ਆਇਆ ਤਾਂ ਮੈਂ ਨਵਾਂ ਹੀ ਹਾਂ, ਪਰ ਮੇਰੇ ਬਾਰੇ ਆਮ ਦੀ ਤਰ੍ਹਾਂ ਚਰਚਾ ਚੱਲ ਪਈ ਸੀ ਕਿ ਮੈਂ ਰੱਬ ਤੋਂ ਸਿਵਾਏ ਨਾ ਕਿਸੇ ਤੋਂ ਡਰਦਾ ਹਾਂ ਤੇ ਨਾ ਹੀ ਆਪਣੀ ਆਈ ਤੇ ਆਇਆ ਕਿਸੇ ਨੂੰ ਬਖ਼ਸ਼ਦਾ ਹਾਂ।

ਸਰਪੰਚ ਬਗੈਰ ਕਿਸੇ ਝਿਜਕ ਦੇ ਹੌਲੀ ਹੌਲੀ ਮੇਰੇ ਵੱਲ ਵੱਧ ਰਿਹਾ ਸੀ। ਮੈਨੂੰ ਪੂਰੀ ਤਰ੍ਹਾਂ ਦਿਸ ਰਿਹਾ ਸੀ ਕਿ ਹੁੰਦਾ ਵੀ ਹੋਵੇਗਾ ? ਕਿਉਂਕਿ ਇਹ ਬੜੀ ਵਾਰ ਪਹਿਲਾਂ ਵੀ ਹੁੰਦਾ ਰਿਹਾ ਹੈ ਤੇ ਮੈਨੂੰ ਪਤਾ ਹੈ ਕਿ ਹੁੰਦਾ ਵੀ ਰਹੇਗਾ। ਪਰ ਮੈਂ ਪੱਕੀ ਧਾਰ ਰੱਖੀ ਹੈ ਕਿ ਪਹਿਲਾਂ ਤੋਂ ਚਲੇ ਆਉਂਦੇ ਇਹੋ ਜਿਹੇ ਨਾਟਕ 'ਚ ਕਿਸੇ ਵੀ ਸੱਚੇ ਪਾਤਰ ਨੂੰ ਹੁਣ ਸੂਲੀ ਨਹੀਂ ਚੜ੍ਹਨ ਦੇਣਾ।

ਅਸਲ 'ਚ ਮੈਂ ਆਪਣੇ ਪਿੰਡੇ ਉੱਤੇ ਇਹੋ ਜਿਹੇ ਦੁਖਾਂਤ ਨੂੰ ਪੂਰੀ ਤਰ੍ਹਾਂ ਝੱਲ ਚੁੱਕਾ ਹਾਂ। ਇਸੇ ਲਈ ਸ਼ਾਇਦ ਇਹੋ ਜਿਹੀ ਘਟਨਾ ਨੂੰ ਵੇਖ ਕੇ ਹੁਣ ਤੱਕ ਵੀ ਮੇਰਾ ਸਾਰਾ ਸਰੀਰ ਝੁਣਝੁਣੀ ਖਾ ਜਾਂਦਾ ਹੈ।

ਸੋਲ੍ਹਾਂ ਸਤਾਰਾਂ ਸਾਲਾਂ ਦੀ ਉਮਰ ਵਿਚ, ਜੋ ਮੈਂ ਆਪਣੇ ਦਿਲ ਦਿਮਾਗ਼ ਉੱਤੇ ਝੱਲੀਆਂ ਸਨ, ਉਹ ਅਜੇ ਤੱਕ ਉਂਜ ਦੀਆਂ ਉਂਜ ਹੀ ਉਕਰੀਆਂ ਪਈਆਂ ਹਨ। ਅਜੇ ਤੱਕ ਅੰਦਰੋਂ ਕੋਈ ਗੁਬਾਰ ਜਿਹਾ ਉਠਦਾ ਹੈ ਤੇ ਇਹ ਗੁਬਾਰ ਦਿਲ ਦਿਮਾਗ 'ਚ ਵਾਵਰੋਲਾ ਜਿਹਾ ਬਣ ਕੇ ਫੈਲ ਜਾਂਦਾ ਹੈ।



ਇਕ ਦ੍ਰਿਸ਼ ਮੇਰੇ ਮੱਥੇ ਦੀ ਵਿਰਕੀ ਵਿਚ ਉਂਜ ਦਾ ਉਂਜ ਉਕਰਿਆ ਹੋਇਆ ਹੈ। ਜਦ ਵੀ ਕੁਝ ਇੰਜ ਦਾ ਵਾਪਰਿਆ ਵੇਖ, ਮੈਂ ਆਪਣਾ ਸਿਰ ਛੰਡਦਾ ਹਾਂ ਤਾਂ ਮੈਨੂੰ ਲੱਗਦਾ ਹੈ ਜਿਵੇਂ ਮੈਂ ਅੱਜ ਵੀ ਆਪਣੇ ਅੱਧ-ਕੱਚੇ ਢੱਠੇ ਘਰ 'ਚ ਖਲੋਤਾ ਹੋਵਾਂ।

ਉਸ ਦਿਨ ਮੇਰੀ ਭੈਣ ਤੇ ਜੀਜਾ ਸਾਨੂੰ ਮਿਲਣ ਆਏ ਸਨ। ਅਸਲ 'ਚ ਗ਼ਰੀਬਾਂ ਦਾ ਮਿਲਣਾ-ਮਿਲਾਉਣਾ ਵੀ ਕਾਹਦਾ ਹੁੰਦਾ ਹੈ। ਉਹ ਮੇਰੀ ਬੀਮਾਰ ਮਾਂ ਦਾ ਹਾਲ-ਚਾਲ ਪੁੱਛਣ ਆਏ ਸਨ।

ਮੈਂ ਉਹਨਾਂ ਨੂੰ ਦੁਪਹਿਰ ਦੀ ਰੋਟੀ ਖਵਾ ਰਿਹਾ ਸਾਂ ਕਿ ਪੁਲਸ ਦਾ ਇਕ ਹਵਾਲਦਾਰ, ਕੁਝ ਸਿਪਾਹੀ ਤੇ ਨਮੋਸ਼ੀ ਨਾਲ ਝੰਬਿਆ ਮੇਰਾ ਪਿਓ ਵਿਹੜੇ ਵਿਚ ਦਾਖ਼ਲ ਹੋਏ।

ਹਵਾਲਦਾਰ ਨੇ ਢੁੱਢੀ ਲੱਗੇ ਗੱਤੇ ਉੱਤੇ ਰੱਖੇ ਕਾਗ਼ਜ਼ ਉਪਰ ਘਰ ਦਾ ਅਤੇ ਆਲੇ ਦੁਆਲੇ ਦਾ, ਪੂਰਬ ਪੱਛਮ ਦੇ ਹਿਸਾਬ ਨਾਲ ਨਕਸ਼ਾ ਜਿਹਾ ਬਣਾਉਣਾ ਸ਼ੁਰੂ ਕਰ ਦਿੱਤਾ।

ਪੁਲਸੀਏ ਨੂੰ ਵੇਖ ਕੇ ਰੋਟੀ ਖਾਂਦੀ ਮੇਰੀ ਭੈਣ ਨੇ ਬੁਰਕੀ ਉਥੇ ਹੀ ਛੱਡ ਦਿੱਤੀ। ਮੇਰਾ ਭਾਈਆ ਸਾਡੇ ਵੱਲ ਇੰਜ ਵੇਖ ਰਿਹਾ ਸੀ, ਜਿਵੇਂ ਅਸੀਂ ਕੋਈ ਬਹੁਤ ਵੱਡੇ ਗੁਨਾਹਗਾਰ ਹੋਈਏ।

"ਗੱਲ ਕੀ ਹੋਈ ਬਾਪੂ ?" ਮੈਂ ਸਹਿਮੀ ਜਿਹੀ ਆਵਾਜ਼ 'ਚ ਪੁੱਛਿਆ। ਬਾਪੂ ਕੋਲ ਕਿਸੇ ਵੀ ਜਵਾਬ ਦੀ ਥਾਂ ਬੱਸ ਅੱਖਾਂ ਵਿਚ ਨਮੀ ਹੀ ਸੀ।

"ਤੂੰ ਬੋਲਦਾ ਕਿਉਂ ਨਹੀਂ ਬਾਪੂ ? ਦੱਸ ਤਾਂ ਸਹੀ ਕਿ ਆਖ਼ਰ ਹੋਇਆ ਕੀ ?"

"ਮੈਨੂੰ ਠਾਣੇ ਲੈ ਕੇ ਚੱਲੇ ਨੇ" ਦੱਸਦਿਆਂ ਬਾਪੂ ਦਾ ਗੱਚ ਭਰ ਆਇਆ, "ਪਰ ਮੇਰਾ ਕਸੂਰ ਕੋਈ ਨਹੀਂ ਪੁੱਤਰਾ।"

ਮੇਰੀ ਜਵਾਨੀ ਦੀ ਉਮਰ ਤਿਲਮਿਲਾ ਉੱਠੀ, "ਕਿਸੇ ਕਸੂਰ ਤੋਂ ਬਿਨਾਂ ਠਾਣੇ ਕਾਹਦੇ ਲਈ ?"

ਮੇਰਾ ਪਿਓ ਨਿੱਕੇ ਜਿਹੇ ਵਿਹੜੇ ਦੀ ਇਕ ਕੂਟ ਜਿਹੀ ਵੱਲ ਮੈਨੂੰ ਖਿੱਚਦਾ ਬੋਲਿਆ, "ਸਭ ਤੋਂ ਵੱਡਾ ਕਸੂਰ ਤਾਂ ਗ਼ਰੀਬੀ ਹੀ ਹੁੰਦੀ ਏ ਪੁੱਤਰਾ, ਬਸ ਡਰਾਈਂ ਨਾ ਹੋ ਕੇ ਇਹਨੂੰ ਘਰੋਂ ਹੂੰਝ ਕੇ ਰੱਖ ਦੇ।"

ਫੇਰ ਉਹ ਮੈਨੂੰ ਹੌਲੀ ਜਿਹੀ ਕਹਿਣ ਲੱਗਾ, "ਤੂੰ ਪ੍ਰਾਹੁਣੇ ਨੂੰ ਸੁੱਕੀ ਰੋਟੀ ਹੀ ਖਵਾਈ ਜਾਂਦੈ ? ਇਹ ਖਾਣ ਪੀਣ ਵਾਲਾ ਬੰਦਾ। ਪੁਲਸ ਨੇ ਹੁਣ ਇਥੋਂ ਚਲੇ ਜਾਣਾ। ਤੂੰ ਸਰਪੰਚ ਵਲੋਂ ਓਹਲੇ ਨਾਲ ਬੋਤਲ ਫੜ ਲਿਆਈਂ। ਇਹਨੂੰ ਆਹਰੇ ਲਾ ਛੱਡੀਂ, ਨਹੀਂ ਤਾਂ ਪਤਾ ਨਹੀਂ ਕੀ-ਕੀ ਸੋਚੂਗਾ ਸਾਡੇ ਬਾਰੇ। ਮੇਰੀ ਤਾਂ ਹੁਣ ਸ਼ੈਦ ਕਲ੍ਹ ਹੀ ਜ਼ਮਾਨਤ ਹੋਵੇ। ਬੜੀ ਨਮੋਸ਼ੀ ਜਿਹੀ ਵਾਲੀ ਗੱਲ ਆ, ਇੰਜ ਜਵਾਈ ਭਾਈ ਦੇ ਘਰ ਬੈਠਿਆਂ ਠਾਣੇ ਜਾਣਾ।" ਮੇਰਾ ਨਿੱਕੀ ਜਿਹੀ ਸਮਰੱਥਾ ਵਾਲਾ ਪਿਉ ਕਿਵੇਂ ਸਾਰੇ ਪਾਸੇ ਭੁਗਤਾਉਣ ਦੀ ਜੁਗਤ ਮੈਨੂੰ ਦੱਸ ਰਿਹਾ ਸੀ।

ਫੇਰ ਉਹ ਹਵਾਲਦਾਰ ਨੂੰ ਥੋੜ੍ਹਾ ਦੂਰ ਖਲੋਤਾ ਵੇਖ ਕੇ ਘਰ ਆਏ ਧੀ ਜਵਾਈ ਵੱਲ ਵੇਖਦਾ, ਹੌਲੀ ਜਿਹੀ ਧੀ ਨੂੰ ਮੁਖ਼ਾਤਬ ਹੋਇਆ, "ਕੁੜੀਏ ਤੈਨੂੰ ਤਾਂ ਪਤੈ ਕਿ ਤੇਰਾ ਭਰਾ ਅਜੇ ਛੋਟਾ। ਉਹਨੂੰ ਦੁਨੀਆਂ ਦੇ ਤਿੰਨ-ਤੇਰਾਂ ਨਹੀਂ ਆਉਂਦੇ। ਤੂੰ ਹੀ ਸਰਪੰਚ ਘਰ ਸੁਨੇਹਾ ਭੇਜ

ਦਿੰਦੀ। ਤੈਨੂੰ ਤਾਂ ਪਤੈ ਕਿ ਤੇਰਾ ਪ੍ਰਾਹੁਣਾ ਖਾਣ-ਪੀਣ ਵਾਲਾ ਬੰਦਾ, ਮੈਂ ਉਥੇ ਨਾ ਵੀ ਹੁੰਦਾ ਤਾਂ ਸਰਪੰਚ ਭਲਾ ਨਾਂਹ ਕਰ ਦਿੰਦਾ। ਇਹੋ ਜਿਹੇ ਕੰਮਾਂ-ਕਾਜਾਂ ਕਰਕੇ ਹੀ ਤਾਂ ਉਹਦੀਆਂ ਵੀਹ ਬੁੱਤੀਆਂ ਕਰੀਦੀਆਂ।"

ਮੈਨੂੰ ਲੱਗਾ ਜਿਵੇਂ ਬਾਪੂ ਆਪਣੇ ਆਪ ਨੂੰ ਧੀ-ਜਵਾਈ ਸਾਹਮਣੇ ਸਹੀ ਸਾਬਤ ਕਰਨ ਲਈ ਕਈ ਹੀਲੇ-ਵਸੀਲੇ ਵਰਤ ਰਿਹਾ ਹੋਵੇ। ਮੇਰੀ ਛੋਟੀ ਉਮਰ ਵੀ ਸਿਰ ਤੋਂ ਪੈਰਾਂ ਤੱਕ ਹਲੂਣੀ ਗਈ ਸੀ। ਮੈਂ ਹਵਾਲਦਾਰ ਦੀ ਮਿੰਨਤ ਜਿਹੀ ਕਰਦਿਆਂ ਪੁੱਛਿਆ ਸੀ, "ਆਖਰ ਮੇਰੇ ਪਿਓ ਦਾ ਕਸੂਰ ਕੀ ਐ ?"

"ਕਸੂਰ ?" ਉਹ ਥੋੜ੍ਹਾ ਜਿਹਾ ਢੇਡਾ ਹੁੰਦਾ ਬੋਲਿਆ, "ਉਹ ਆਪ ਮੰਨਦਾ ਕਿ ਸਰਪੰਚ ਵਲੋਂ ਕੱਢੀ ਲਾਹਣ ਤੇ ਸ਼ਰਾਬ ਸਰਪੰਚ ਦੀ ਨਹੀਂ, ਸਗੋਂ ਉਹਦੀ ਆ।"

ਮੈਂ ਗੁੱਸੇ ਨਾਲ ਭਰਿਆ ਪੀਤਾ ਆਪਣੇ ਪਿਉ ਨੂੰ ਇਕ ਪਾਸੇ ਕਰਕੇ ਪੁੱਛਦਾ ਹਾਂ, "ਲਾਹਣ ਤੇ ਸ਼ਰਾਬ ਫੜ੍ਹੀ ਗਈ ਸਰਪੰਚ ਦੇ ਘਰੋਂ, ਆਪਾਂ ਦੋਸ਼ੀ ਕਿੱਦਾਂ ਹੋਏ ? ਮੈਨੂੰ ਪਤਾ ਤੂੰ ਕਦੇ ਕਦਾਈਂ ਉਥੋਂ ਪੀ ਆਉਂਦਾ ਸਾਂ, ਪਰ ਸਾਰਾ ਕੇਸ ਤੇਰੇ ਉੱਤੇ ਕਿੱਦਾਂ ਪੈ ਗਿਆ ਬਾਪੂ ?"

ਬਾਪੂ ਢਿੱਗਾ ਜਿਹਾ ਬੁੱਲ੍ਹ ਕਰਕੇ ਆਪਣੀ ਦਾਹੜੀ ਖੁਰਕਦਾ ਰਿਹਾ ਤੇ ਫੇਰ ਸਿੱਲੀਆਂ ਅੱਖਾਂ ਤੋਂ ਅੱਥਰੂ ਛਣਿਆ ਕਹਿਣ ਲੱਗਾ, "ਪੁੱਤਰਾ ਸੱਚ ਜਾਣੀ, ਮੇਰਾ ਬਿਲਕੁਲ ਹੀ ਕੋਈ ਕਸੂਰ ਨਹੀਂ। ਬਸ ਤੇਰੇ ਕਹਿਣ ਵਾਂਗ ਕਦੇ ਕਦਾਈਂ ਉਧਰੋਂ ਪੀ ਆਈਦੀ ਸੀ ਜਾਂ ਇਕ ਕਿਸੇ ਦੇ ਆਉਣ ਉੱਤੇ ਅਧੀਆ-ਪਊਆ ਘਰ ਵੀ ਲੈ ਆਈਦਾ ਸੀ। ਅੱਜ ਸਰਪੰਚ ਫੜਿਆ ਗਿਆ ਤੇ ਸਾਰੇ ਦਾ ਸਾਰਾ ਕੇਸ ਮੇਰੇ ਉੱਤੇ ਪੁਆ ਦਿੱਤਾ ਈ।"

ਮੇਰੀ ਛੋਟੀ ਉਮਰ ਵੀ ਸਿਆਣੀ ਬਣ ਬੈਠੀ, "ਬਾਪੂ ਸਰਪੰਚ ਘਰੋਂ ਫੜ੍ਹੀ ਕਿਸੇ ਚੀਜ਼ ਦੇ ਆਪਾਂ ਕਿਵੇਂ ਜ਼ਿੰਮੇਵਾਰ ਹੋ ਸਕਦੇ ਆਂ ?" ਬਾਪੂ ਦੀਆਂ ਨਮ ਅੱਖਾਂ ਝਲਾਰਾਂ ਬਣ ਗਈਆਂ। ਉਹ ਬੜੀ ਹੀ ਮੱਧਮ ਜਹੀ ਆਵਾਜ਼ ਵਿਚ ਬੋਲਿਆ, "ਅਜੇ ਤਾਂ ਤੇਰੀ ਭੈਣ ਦੇ ਵਿਆਹ ਦਾ ਕਰਜ਼ਾ ਵੀ ਮੇਰੇ ਸਿਰੋਂ ਨਹੀਂ ਲੱਥਾ" ਫੇਰ ਉਹ ਮੇਰੇ ਸਿਰ ਨੂੰ ਪਲੋਸਦਾ ਕਹਿਣ ਲੱਗਾ, "ਸੈਦ ਗਰੀਬ ਲੋਕਾਂ ਦੇ ਲਹੂ ਦੀ ਤਾਸੀਰ ਹੀ ਐਸੀ ਹੈ ਕਿ ਅਸੀਂ ਨਸ਼ੁਕਰੇ ਨਹੀਂ ਹੋ ਸਕਦੇ।"

ਮੈਂ ਆਪਣੇ ਬਾਪੂ ਨੂੰ ਬਹੁਤ ਪਿਆਰ ਕਰਦਾ ਹਾਂ। ਮੈਨੂੰ ਪਤਾ ਹੈ ਕਿ ਉਹ ਬਹੁਤ ਹੀ ਔਖ ਨਾਲ ਮੈਨੂੰ ਪੜ੍ਹਾ ਰਿਹਾ ਹੈ। ਕੋਈ ਹੋਰ ਪਿਓ ਹੁੰਦਾ ਤਾਂ ਸ਼ਾਇਦ ਮੈਨੂੰ ਹੁਣ ਤੱਕ ਕਿਸੇ ਨਾਲ ਆਜੜੀ ਲਾ ਦਿੰਦਾ।

ਪਰ ਮੈਨੂੰ ਲੱਗਦਾ ਹੈ ਕਿ ਉਹਨੇ ਮੇਰੇ ਮਾਸਟਰ ਦੀ ਕਿਸੇ ਵੇਲੇ ਦੀ ਆਖੀ ਗੱਲ ਨੂੰ ਘੁੱਟ ਕੇ ਪੱਲੇ ਬੰਨ੍ਹ ਲਿਆ ਹੈ ਕਿ ਤੇਰਾ ਪੁੱਤ ਪੜ੍ਹਾਈ 'ਚ ਬੜਾ ਲਾਇਕ ਹੈ। ਇਹਨੂੰ ਔਖਾ ਸੌਖਾ ਹੋ ਕੇ ਪੜ੍ਹਾ ਲੈ, ਤੇਰੀਆਂ ਕੁਲਾਂ ਤਾਰ ਦਊ।

ਉਂਜ ਇਹੋ ਗੱਲ ਸਰਪੰਚ ਨੇ ਵੀ ਬਾਪੂ ਨੂੰ ਨਸੀਹਤ ਵਾਂਗ ਕਈ ਵਾਰ ਆਖੀ ਹੈ। ਫੇਰ ਵੀ ਸਰਪੰਚ ਵਰਗੇ ਬੰਦਿਆਂ ਨਾਲ ਮੈਨੂੰ ਕਦੇ ਵੀ ਹਮਦਰਦੀ ਨਹੀਂ ਹੋਈ। ਮੈਨੂੰ ਪਤਾ ਹੈ ਕਿ ਉਹ ਸਾਡੇ ਵਰਗੇ ਉਤੇ-ਥੁੜ੍ਹੇ ਲੋਕਾਂ ਦੀਆਂ ਨਿੱਕੀਆਂ-ਮੋਟੀਆਂ ਗਰਜ਼ਾਂ ਪੂਰੀਆਂ ਕਰਕੇ ਆਪਣੇ ਬਹੁਤ ਵੱਡੇ ਹਿੱਤਾਂ ਲਈ ਸਾਡੇ ਵਰਗਿਆਂ ਨੂੰ ਵਰਤ ਰਹੇ ਹੁੰਦੇ ਹਨ।



ਬਸ ਕੁਝ ਕਾਰਨਾ ਕਰਕੇ ਹੀ ਮੇਰੀਆਂ ਅੱਖਾਂ ਸਾਹਮਣੇ ਹੀ ਮੇਰੇ ਬੇਦੋਸ਼ੇ ਪਿਉ ਨੂੰ ਠਾਣੇ ਵੱਲ ਹਿੱਕ ਕੇ ਲੈ ਗਏ।

ਸ਼ਰਾਬ ਦਾ ਨਾਂ ਸੁਣਦਿਆਂ ਹੀ ਮੇਰੇ ਭਾਈਏ ਦੀ ਭੁੱਖ ਜਿਵੇਂ ਉੱਡ-ਪੁੱਡ ਹੀ ਗਈ ਸੀ। ਮੈਂ ਉਹਦੀ ਨੀਤ ਨੂੰ ਭਾਂਪਦਿਆਂ ਜਾਣਾ ਤਾਂ ਸਰਪੰਚ ਦੇ ਘਰ ਆਪ ਚਾਹਿਆ ਸੀ, ਪਰ ਮੈਨੂੰ ਲੱਗਾ ਜਿਵੇਂ ਮੈਂ ਉਥੇ ਜਾ ਕੇ ਕਿਤੇ ਸਰਪੰਚ ਨਾਲ ਉਲਝ ਹੀ ਨਾ ਪਵਾਂ। ਇਸ ਲਈ ਮੈਂ ਆਪਣੀ ਭੈਣ ਨੂੰ ਸਰਪੰਚ ਵੱਲ ਭੇਜ ਕੇ ਬੋਤਲ ਮੰਗਵਾ ਕੇ ਭਾਈਏ ਅੱਗੇ ਰੱਖ ਦਿੱਤੀ।

ਉਹ ਹੌਲੀ-ਹੌਲੀ ਕਰੀਬ ਪੌਣੀ ਬੋਤਲ ਹੀ ਪੀ ਗਿਆ। ਬਸ ਐਵੇਂ ਥੋੜ੍ਹੀ ਜਹੀ ਉਹਨੇ ਮੈਨੂੰ ਇਹ ਕਹਿੰਦਿਆਂ ਪਿਆ ਦਿੱਤੀ, "ਪੀ ਲਾ, ਕੁਝ ਨਹੀਂ ਹੁੰਦਾ, ਘੜੀ ਪਲ ਲਈ ਤੇਰਾ ਮਨ ਹੋਰ ਥੇ ਪਊਗਾ।"

ਪੀਂਦਿਆਂ ਤੇ ਗੱਲਾਂ ਕਰਦਿਆਂ ਲੌਢੇ ਵੇਲੇ ਤੋਂ ਤਰਕਾਲਾਂ ਢਲ ਗਈਆਂ।

ਫੇਰ ਸ਼ਾਇਦ ਅਸੀਂ ਦਾਰੂ ਦੇ ਲੋਰ 'ਚ ਹੀ ਸਰਪੰਚ ਦੇ ਘਰ ਜਾ ਵੜੇ ਸਾਂ। ਕਦੇ ਅੱਗੇ ਨਾ ਪਿੱਛੇ, ਪਰ ਮੈਂ ਵੇਖਿਆ ਕਿ ਉਹ ਗੁਟਕੇ ਤੋਂ ਰਹਿਰਾਸ ਦਾ ਪਾਠ ਕਰ ਰਿਹਾ ਸੀ। ਸ਼ਾਇਦ ਰੱਬ ਦਾ ਸ਼ੁਕਰ ਕਰ ਰਿਹਾ ਹੋਵੇ ਕਿ ਉਹਨੇ ਉਹਦੀ ਲਾਜ ਰੱਖ ਲਈ ਸੀ। ਉਂਜ ਸ਼ੁਕਰ ਤਾਂ ਉਹਨੂੰ ਮੇਰੇ ਬਾਪੂ ਦਾ ਕਰਨਾ ਚਾਹੀਦਾ ਸੀ, ਜਿਹੜਾ ਉਹਦੇ ਲਈ ਸੱਚਮੁੱਚ ਹੀ ਰੱਬ ਬਣ ਕੇ ਬਹੁੜਿਆ ਸੀ।

ਔਖਾ ਤਾਂ ਮੈਂ ਵੀ ਬੜਾ ਸੀ, ਪਰ ਭਾਈਏ ਨੂੰ ਸ਼ਾਇਦ ਜ਼ਿਆਦਾ ਚੜ੍ਹ ਗਈ ਸੀ। ਸਰਪੰਚ ਰਹਿਰਾਸ ਦਾ ਪਾਠ ਮੁਕਾ ਕੇ ਬਾਹਰ ਆਇਆ ਤਾਂ ਭਾਈਆ ਨਸ਼ੇ ਦੇ ਲੋਰ 'ਚ ਹੀ ਸ਼ਾਇਦ ਉੱਚੀ ਬੋਲ ਪਿਆ, "ਸਰਪੰਚਾ, ਤੂੰ ਚੰਗਾ ਨਹੀਂ ਕੀਤਾ ?"

"ਤੂੰ ਦੱਸ ਵੱਡਿਆ ਚੌਧਰੀਆ, ਮੈਂ ਮਾੜਾ ਕੀ ਕੀ ਕੀਤਾ ?"

ਸਰਪੰਚ ਦੇ ਖਾੜਕੂ ਬੋਲ ਸੁਣ ਕੇ ਭਾਈਏ ਨੇ ਆਪਣੇ ਸਿਰ ਨੂੰ ਹਲੂਣਿਆ। ਸਿਰ ਨੂੰ ਛੰਡਣ ਨਾਲ ਹੀ ਲੱਗਾ ਜਿਵੇਂ ਇਕੋ ਝਟਕੇ ਨਾਲ ਹੀ ਸਭ ਕੁਝ ਬਦਲ ਗਿਆ ਹੋਵੇ।

"ਸਰਪੰਚ ਸਾਬ੍ਹ, ਤੁਸਾਂ ਤਾਂ ਕਦੇ ਵੀ ਮਾੜਾ ਨਹੀਂ ਕੀਤਾ" ਭਾਈਆ ਸ਼ਰਾਬੀਆਂ ਵਾਲਾ ਮੋੜ ਇਕਦਮ ਹੀ ਕੱਟ ਗਿਆ, "ਤੁਸੀਂ ਸਾਡੇ ਵਰਗੇ, ਕਮੀ-ਕਮੀਣਾਂ ਨੂੰ ਵੀ ਆਪਣੇ ਬਰਾਬਰ ਸਮਝਦੇ ਹੋ, ਇਹੋ ਹੀ ਤੁਹਾਡੀ ਸਰਦਾਰੀ ਆ। ਮੈਨੂੰ ਪਤੈ ਇਨ੍ਹਾਂ ਨਾਗਿਆਂ ਦਾ। ਆਹ ਜੇ ਤੁਸੀਂ ਬੋਤਲ ਨਾ ਭੇਜਦੇ ਤਾਂ ਇਨ੍ਹਾਂ ਤਾਂ 'ਚਾਰ ਗੰਢੇ ਨਾਲ ਰੋਟੀ ਖਵਾ ਕੇ ਤੋਰ ਦੇਣਾ ਸੀ।" ਮੈਨੂੰ ਜਾਪਿਆ ਜਿਵੇਂ ਭਾਈਏ ਨੇ ਬੋਤਲ ਦਾ ਜ਼ਿਕਰ ਕਰਕੇ, ਰਾਤ ਲਈ ਅਧੀਆ ਫੇਰ ਆਪਣੇ ਨਾਂ ਅਲਾਟ ਕਰਵਾਉਣ ਦਾ ਪ੍ਰਬੰਧ ਕਰ ਲਿਆ ਹੋਵੇ।

ਭਾਈਏ ਦੀਆਂ ਗੱਲਾਂ ਸੁਣ ਸੁਣ ਮੈਨੂੰ ਗੁੱਸਾ ਆ ਰਿਹਾ ਸੀ। ਦਾਰੂ ਦੇ ਲੋਰ 'ਚ ਉਹਦੀ ਜੁਰਅਤ ਭਰੀ ਪਹਿਲ ਕਦਮੀਂ, ਦਾਰੂ ਦੇ ਲਾਲਚ 'ਚ ਹੀ ਸ਼ਾਇਦ ਸਰਪੰਚ ਦੇ ਚਰਨੀਂ ਜਾ ਲੱਗੀ ਸੀ।

ਮੈਂ ਦਾਰੂ ਨੂੰ ਅਤਿ ਨਫ਼ਰਤ ਕਰਨ ਵਾਲਾ ਦਸਵੀਂ 'ਚ ਪੜ੍ਹਦਾ ਮੁੰਡਾ, ਸਿਰਫ਼ ਇਹ ਸੋਚ ਕੇ ਭਾਈਏ ਨਾਲ ਪੀ ਗਿਆ ਸਾਂ ਕਿ ਸਰਪੰਚ ਨਾਲ ਪੂਰੇ ਰਬਕੇ ਨਾਲ ਗੱਲ ਕਰਨੀ ਹੈ, ਪਰ ਭਾਈਆ ਤਾਂ ਉਹਦੀ ਭੇਜੀ ਦਾਰੂ ਦਾ ਪੂਰੀ ਵਫ਼ਾਦਾਰੀ ਨਾਲ ਮੁੱਲ ਤਾਰ ਰਿਹਾ ਸੀ।

ਪਰ ਮੇਰੀ ਕੌੜੀ ਘੀਰੀ ਵੀ ਸਰਪੰਚ ਉੱਤੇ ਪੂਰੀ ਤਰ੍ਹਾਂ ਢੁਕ ਪਈ, ਸਰਪੰਚਾ, ਉਨ੍ਹੇ ਸਾਰੀ ਉਮਰ ਤੇਰੀਆਂ ਬੁੱਤੀਆਂ ਕੀਤੀਆਂ, ਕੀ ਮੁੱਲ ਪਾਇਆ ਤੂੰ ਉਹਦੀ ਵਫ਼ਾਦਾਰੀ ਦਾ ?"

ਸਰਪੰਚ ਮੇਰੇ ਤੱਤੇ ਲਹੂ ਦੀ ਤਾਸੀਰ ਨੂੰ ਸ਼ਾਇਦ ਭਾਂਪ ਗਿਆ ਸੀ। ਉਹਨੇ ਬੜੇ ਹੀ ਠਰ੍ਹਮੇ ਨਾਲ ਕਿਹਾ, "ਪੁੱਤਰਾ, ਏਨਾ ਗਰਮ ਨਹੀਂ ਹੋਈਦਾ। ਵੇਖ, ਸਿਰ 'ਤੇ ਪਈਆਂ ਝੱਲਣੀਆਂ ਪੈਂਦੀਆਂ। ਚੋਣਾਂ ਸਿਰ 'ਤੇ ਨੇ ਤੇ ਮੈਂ ਨਵੇਂ ਸਿਰਿਉਂ ਵੀ ਸਰਪੰਚੀ ਦਾ ਦਾਵੇਦਾਰ ਆਂ। ਇਹ ਕਿਸੇ ਵਿਰੋਧੀ ਦੀ ਬੜੀ ਤਗੜੀ ਚਾਲ ਸੀ ਕਿ ਸਰਪੰਚ ਨੂੰ ਏਸ ਕੇਸ 'ਚ ਫਾਹ ਦਊ ਤੇ ਮੈਦਾਨ ਉਂਜ ਹੀ ਫ਼ਤਹਿ ਕਰ ਲਊ, ਪਰ ਮੈਂ ਵੀ ਸਾਰੀਆਂ ਗੋਟਾਂ ਖੇਡਣੀਆਂ ਜਾਣਦਾਂ। ਅਸਾਂ ਐਸ ਪੈਂਤੜੇ ਨਾਲ ਵੈਰੀ ਨੂੰ ਸ਼ਰੇਆਮ ਚਿੱਤ ਕਰਕੇ ਰੱਖਤਾ।"

ਫੇਰ ਉਹਨੇ ਆਪਣੇ ਹੀ ਅੰਦਾਜ਼ 'ਚ ਇਕ ਕਾਮੇ ਨੂੰ ਸੱਦਿਆ, "ਆਹ ਵੇਖ ਭਾਈ, ਆਪਣਾ ਜਵਾਈ ਭਾਈ ਆਇਆ, ਇਹਦੇ ਲਈ ਕੋਈ ਪ੍ਰਬੰਧ ਕਰੋ।"

ਇਹ ਹੁਕਮ ਦੇ ਕੇ ਉਹ ਫੇਰ ਮੈਨੂੰ ਮੁਖ਼ਾਤਬ ਹੋਇਆ, "ਵੇਖ ਬੇਟੇ, ਇਹ ਜੰਗ ਜਿੱਤਣ ਤੋਂ ਬਾਅਦ ਰਹੀ ਤੇਰੇ ਪਿਉ ਦੀ ਗੱਲ ? ਇਹ ਤਾਂ ਤੈਨੂੰ ਵੀ ਪਤਾ ਕਿ ਮੇਰੀ ਸਰਕਾਰੇ ਦਰਬਾਰੇ ਚਲਦੀ ਆ। ਕਲ੍ਹ ਉਹਦੀ ਜ਼ਮਾਨਤ ਹੋ ਜਾਊ। ਉਸ ਤੋਂ ਬਾਅਦ ਮੈਂ ਸਭ ਕੁਝ ਆਪੇ ਝੱਲ ਲਊਂ।"

ਮੈਂ ਜਾਣਦਾ ਸਾਂ, ਸਰਪੰਚ ਨੇ ਦੁਨੀਆਂ ਹੰਢਾਈ ਹੈ। ਪਰ੍ਹੇ ਪੰਚਾਇਤਾਂ 'ਚ ਬੰਦੇ ਦਾ ਰੌਅ ਵੇਖ ਕੇ ਗੱਲ ਕਰਨੀ ਆਉਂਦੀ ਹੈ। ਪੁੱਠਾ ਪੈਂਦਾ ਪਾਸਾ ਦਲੀਲਬਾਜ਼ੀ ਨਾਲ ਬਦਲ ਕੇ ਰੱਖ ਦੇਣ ਦੀ ਜੁਗਤ ਉਸ ਵਿਚ ਹੈ। ਮੈਂ ਉਹਦੇ ਨਾਲ ਹੋਰ-ਭੇੜੇ ਭਿੜਨੇ ਠੀਕ ਨਾ ਸਮਝੇ।

ਉਥੇ ਖਲੋਤਿਆਂ ਖਲੋਤਿਆਂ ਮੈਨੂੰ ਯਾਦ ਆਇਆ ਬਾਪੂ ਤਾਂ ਤਿੰਨੀ ਕੱਪੜੀ ਹੀ ਪੁਲਸ ਨਾਲ ਤੁਰ ਪਿਆ ਸੀ। ਰਾਤ ਉਹ ਠੰਢ ਕਿਵੇਂ ਝੱਲੇਗਾ ?

ਮੈਂ ਭਾਈਏ ਨੂੰ ਵੀ ਆਪਣੇ ਨਾਲ ਠਾਣੇ ਖੜਨਾ ਚਾਹੁੰਦਾ ਸਾਂ, ਪਰ ਭਾਈਆ 'ਪ੍ਰਬੰਧ' ਦਾ ਨਾਂ ਸੁਣਦਿਆਂ ਹੀ ਉਥੇ ਪਥੱਲਾ ਮਾਰ ਕੇ ਬਹਿ ਗਿਆ ਸੀ।

ਮੈਂ ਛੇਤੀ ਛੇਤੀ ਘਰ ਆਇਆ ਤੇ ਇਕ ਅੱਧਿਰਾਣਾ ਜਿਹਾ ਕੰਬਲ ਲੈ ਕੇ ਸਾਈਕਲ ਉੱਤੇ ਠਾਣੇ ਨੂੰ ਚੱਲ ਪਿਆ।

ਸਾਈਕਲ ਨੂੰ ਇਕ ਰੁੱਖ ਦੇ ਮੁੱਢ ਨਾਲ ਲਾ ਕੇ ਮੈਂ ਅਜੇ ਠਾਣੇ ਦੇ ਬੂਹੇ ਅੱਗੇ ਪਹੁੰਚਿਆ ਸਾਂ ਕਿ ਬਾਪੂ ਦੀਆਂ ਡਾਡਾਂ ਸੁਣੀਆਂ। ਜਾਪਿਆ ਜਿਵੇਂ ਉਹਨੂੰ ਬੁਰੀ ਤਰ੍ਹਾਂ ਕੋਹਿਆ ਜਾ ਰਿਹਾ ਹੋਵੇ।

ਮੇਰੇ ਅੰਦਰੋਂ ਉਠੀ ਚੀਕ, ਮੇਰੇ ਸੰਘ ਵਿਚ ਹੀ ਜਿਵੇਂ ਅੜ ਗਈ ਤੇ ਠਾਣੇ ਦਾ ਬੂਹਾ ਲੰਘਣ ਦਾ ਮੇਰਾ ਹੀਆ ਹੀ ਨਾ ਪਿਆ। ਮੈਂ ਬੜੀ ਹੀ ਔਖ ਨਾਲ ਸੰਤਰੀ ਤੋਂ ਪੁੱਛਿਆ, "ਇਹ ਹਾਲ ਦੁਹਾਈ ਕੌਣ ਪਾ ਰਿਹਾ ?"

"ਤੂੰ ਕੀ ਲੈਣਾ" ਉਹ ਬੜਾ ਕੌੜਾ ਜਿਹਾ ਬੋਲਿਆ, "ਵੇਖ, ਇਹ ਠਾਣਾ, ਇਥੇ ਕੋਈ ਸਾਊ ਬੰਦਾ ਤਾਂ ਆਉਂਦਾ ਨਹੀਂ ਤੇ ਵਿਗੜਿਆਂ ਤਿਗੜਿਆਂ ਦਾ ਡੰਡਾ ਹੀ ਪੀਰ ਹੁੰਦਾ, ਹਾਲ ਦੁਹਾਈ ਤਾਂ ਫਿਰ ਪੈਣੀ ਹੀ ਹੋਈ।"



"ਮੇਰੇ ਬਾਪੂ ਨੂੰ ਪੁਲੀਸ ਨਜਾਇਜ਼ ਹੀ ਫੜ ਕੇ ਲੈ ਆਈ ਹੈ। ਮੈਨੂੰ ਇਹ ਡਾਡਾਂ ਉਹਦੀਆਂ ਲੱਗਦੀਆਂ।"

"ਤੂੰ 'ਉਮਰਪੁਰੇ' ਤੋਂ ਆਂ ?"

ਆਪਣੇ ਪਿੰਡ ਦਾ ਨਾਂ ਸੁਣਦਿਆਂ ਹੀ ਮੈਂ 'ਹਾਂ ਜੀ' ਕਹਿੰਦਿਆਂ ਹੱਥ ਜੋੜ ਦਿੱਤੇ।

"ਵੇਖ, ਡਾਡਾਂ ਤਾਂ ਉਹਦੀਆਂ ਈ ਨੇ, ਪਰ ਪੁਲਸ ਕਦੇ ਵੀ ਕਿਸੇ ਨੂੰ ਨਜੈਜ਼ ਨਹੀਂ ਫੜਦੀ। ਉਹਨੇ ਮੇਰੇ ਸਾਹਮਣੇ 'ਫ਼ਰਦ ਇਕਬਾਲ' ਉੱਤੇ ਅੰਗੂਠਾ ਲਾਇਆ ਹੈ ਕਿ ਲਾਹਣ ਤੇ ਜਿਨ੍ਹਾਂ ਲੱਖਾਂ ਖਰਚੇ ਨੇ, ਉਹ ਕੱਢਣ ਦਿੰਦੇ ਨੇ ਇੰਜ ਨਜੈਜ਼ ?"

ਮੇਰੇ ਪਿਉ ਨੂੰ ਛੇਆਂ ਮਹੀਨਿਆਂ ਦੀ ਕੈਦ ਹੋ ਗਈ ਤੇ ਪਿਉ ਦੀ ਜੇਲ੍ਹ ਦੌਰਾਨ ਟੱਬਰ ਕਿਹੜੇ ਕਿਹੜੇ ਰੰਗੋ ਪੇੜੇ ਵੇਲਿਆ ਜਾਂਦਾ ਰਿਹਾ, ਇਹ ਸਿਰਫ਼ ਸਾਨੂੰ ਹੀ ਪਤਾ, ਪਰ ਸ਼ੁਕਰ ਰੱਬ ਦਾ ਕਿ ਮੈਂ ਚੰਗੇ ਨੰਬਰ ਲੈ ਕੇ ਦਸਵੀਂ ਪਾਸ ਕਰ ਗਿਆ।

ਮੇਰਾ ਕੱਦ ਕਾਠ ਵੀ ਠੀਕ ਸੀ, ਪੜ੍ਹਾਈ 'ਚ ਵੀ ਚੰਗਾ ਸਾਂ। ਪੁਲਸ ਦੀ ਭਰਤੀ ਖੁੱਲ੍ਹੀ ਤਾਂ ਮੈਂ ਵੀ ਭਰਤੀ ਹੋਣ ਲਈ ਅਰਜ਼ੀ ਪਾ ਦਿੱਤੀ।

ਮੈਂ ਸਰਪੰਚ ਕੋਲੋਂ ਕੋਈ ਮਦਦ ਨਹੀਂ ਸੀ ਲੈਣਾ ਚਾਹੁੰਦਾ। ਫੇਰ ਵੀ ਮੈਨੂੰ ਉਹਦਾ ਬੜਾ ਆਸਰਾ ਜਿਹਾ ਸੀ। ਹੋਰ ਕੋਈ ਨਾਹਰ ਵੀ ਨਜ਼ਰ ਨਹੀਂ ਸੀ ਆਉਂਦੀ। ਇਹ ਵੀ ਸੁਣ ਰੱਖਿਆ ਸੀ ਕਿ ਸਿਫ਼ਾਰਸ਼ ਬਗ਼ੈਰ ਕੋਈ ਬਾਂਹ ਨਹੀਂ ਫੜਦਾ। ਨਾ ਚਾਹੁੰਦਿਆਂ ਹੋਇਆਂ ਵੀ ਆਖ਼ਰ ਮੈਨੂੰ ਸਰਪੰਚ ਦਾ ਹੀ ਬੂਹਾ ਖੜਕਾਉਣਾ ਪਿਆ।

ਹੋ ਸਕਦਾ ਹੈ ਮੈਂ ਆਪਣੇ ਬਲਬੂਤੇ ਹੀ ਸਿਪਾਹੀ ਬਣ ਗਿਆ ਹੋਵਾਂ, ਪਰ ਉਹਨੇ ਸਾਰਾ ਸਿਹਰਾ ਆਪਣੇ ਸਿਰ ਬੰਨ੍ਹ ਲਿਆ। ਮੈਂ ਸੋਚਦਾ ਚਲੋ ਕਿਸੇ ਸਰਦੇ-ਪੁੱਜਦੇ ਬੰਦੇ ਦੀ ਏਨੀ ਕੁ ਹਉਮੈਂ ਤਾਂ ਹੁੰਦੀ ਹੀ ਹੈ। ਮੇਰਾ ਪਿਓ ਵੀ ਕਹਿ ਦਿੰਦਾ, "ਫੇਰ ਕੀ ਆ ਪੁੱਤਰਾ, ਤੈਨੂੰ ਸਰਦਾਰੀ ਬਖ਼ਸ਼ੀ ਆ ਰੱਬ ਨੇ, ਉਹ ਜਾਣੇ, ਕਿਸੇ ਦਾ ਕਰਕੇ ਹੀ ਸਹੀ ?"

ਵਰ੍ਹੇ ਬੀਤਦੇ ਪਤਾ ਨਹੀਂ ਕਿੰਨੇ ਕੁ ਬੀਤ ਗਏ ਹਨ। ਮੈਂ ਇੰਸਪੈਕਟਰ ਬਣ ਚੁੱਕਾ ਹਾਂ। ਬਾਪੂ ਦੀਆਂ ਝੁਰੜੀਆਂ ਹੋਰ ਵੀ ਡੂੰਘੀਆਂ ਹੋ ਗਈਆਂ ਹਨ। ਮੈਂ ਹੁਣ ਤੱਕ ਪਤਾ ਨਹੀਂ ਕਿੰਨੇ ਕਤਲਾਂ, ਚੋਰੀਆਂ, ਯਾਰੀਆਂ, ਫੜ੍ਹੀਆਂ ਭੱਠੀਆਂ ਤੇ ਸ਼ਰਾਬ ਦੇ ਕੇਸਾਂ ਦੀ ਤਫ਼ਤੀਸ਼ ਕਰ ਚੁੱਕਾ ਹਾਂ, ਪਰ ਬਾਪੂ ਵਾਲਾ ਹਾਦਸਾ ਭੁਲਾਉਣਾ ਚਾਹੁੰਦਾ ਹੋਇਆ ਵੀ ਮੈਂ ਭੁਲਾ ਨਹੀਂ ਸਕਿਆ।

ਅੱਜ ਮੈਂ ਬਹੁਤ ਹੀ ਉਦਾਸ ਹੋ ਕੇ ਘਰ ਮੁੜਦਾ ਹਾਂ। ਅੱਜ ਮੈਨੂੰ ਲੱਗਦਾ ਹੈ ਜਿਵੇਂ ਨਵੇਂ ਸਿਰਿਉਂ ਮੈਂ ਆਪਣੇ ਹੀ ਹੱਥੀਂ ਆਪਣੇ ਜ਼ਖ਼ਮਾਂ ਉੱਤੇ ਨਹੁੰਦਰਾਂ ਫੇਰ ਦਿੱਤੀਆਂ ਹੋਣ। ਮੇਰੀ ਉਦਾਸੀ ਵੇਖ ਕੇ, ਬਾਪੂ ਦੀਆਂ ਝੁਰੜੀਆਂ ਹੋਰ ਡੂੰਘੀਆਂ ਹੋ ਜਾਂਦੀਆਂ ਹਨ।

ਮੈਂ ਪੀਣ ਦਾ ਆਦੀ ਨਹੀਂ, ਪਰ ਇਹੋ ਜਿਹੇ ਵੇਲੇ ਕਦੇ ਕਦਾਈਂ ਪੀ ਲੈਂਦਾ ਹਾਂ। ਮੈਂ ਦੋ ਗਲਾਸਾਂ 'ਚ ਵਿਸਕੀ ਪਾ ਕੇ ਇਕ ਗਲਾਸ ਬਾਪੂ ਨੂੰ ਫੜਾ ਦਿੰਦਾ ਹਾਂ।

ਬਾਪੂ ਪੀਣ ਦਾ ਅਜੇ ਵੀ ਪੂਰਾ ਵੱਜਰੀ ਹੈ। ਉਹ ਪੂਰਾ ਹਾੜਾ ਇਕੋ ਸਾਹੇ ਪੀ ਕੇ ਠੱਕ ਕਰਦਾ ਗਲਾਸ ਮੇਜ਼ ਉੱਤੇ ਮਾਰਦਾ ਹੈ। ਮੈਂ ਪਤਾ ਨਹੀਂ ਕੀ ਸੋਚ ਕੇ ਪੁੱਛ ਲੈਂਦਾ ਹਾਂ, "ਬਾਪੂ, ਤੈਨੂੰ ਕਿਹੜੀ ਦਾਰੂ ਚੰਗੀ ਲੱਗਦੀ ਏ ? ਆਹ ਅੰਗਰੇਜ਼ੀ ਕਿ ਜਾਂ ਫੇਰ ਉਹੋ 'ਰੂੜੀ ਮਾਰਕਾ' ਈ ?"

"ਪੁੱਤਰਾ, ਗ਼ਰੀਬ ਬੰਦੇ ਨੂੰ ਬਹੁਤੇ ਸਵਾਦ ਨਹੀਂ ਪਾਲਣੇ ਚਾਹੀਦੇ। ਉਂਜ ਵੀ ਸੁਭਾਅ, ਆਦਤਾਂ ਤੇ ਸਵਾਦ ਲਹੂ 'ਚ ਰਲ ਜਾਂਦੇ ਨੇ, ਜਿਹੜੇ ਥੋੜ੍ਹੇ ਕੀਤੇ ਬਦਲਦੇ ਨਹੀਂ। ਉਂਜ ਸੱਚ ਗੱਲ ਇਹ ਈ ਪੁੱਤਰਾ ਕਿ ਜਿਹੜਾ ਢੰਗ ਰੂੜੀ ਮਾਰਕਾ 'ਚ ਆ, ਉਹ ਇਹਦੇ 'ਚ ਕਿੱਥੇ ?" ਬਾਪੂ ਹੱਸਦਾ ਹੈ। ਬਾਪੂ ਨੂੰ ਹੱਸਦਾ ਵੇਖ ਕੇ ਮੇਰੀਆਂ ਕੱਸੀਆਂ ਨਾੜਾਂ ਨੂੰ ਜਿਵੇਂ ਕੁਝ ਢਿੱਲ ਜਿਹੀ ਮਿਲਦੀ ਹੈ।

ਮੈਂ ਫੇਰ ਦੋਹਾਂ ਗਲਾਸਾਂ 'ਚ ਇਕ ਹੋਰ ਹਾੜਾ ਪਾ ਦਿੰਦਾ ਹਾਂ। ਅਸਲ 'ਚ ਅੱਜ ਮੈਂ ਬਹੁਤ ਕਮਜ਼ੋਰ ਸਾਬਤ ਹੋਇਆ ਹਾਂ ਤੇ ਆਪਣੇ ਆਪ ਨੂੰ ਤਗੜਾ ਕਰਨ ਲਈ ਦਾਰੂ ਪੀ ਰਿਹਾ ਹਾਂ।

ਬਾਪੂ ਦੇ ਗਏ ਸਮੇਂ ਦੇ ਕਿੱਸੇ ਉਹਦੇ ਕੋਲੋਂ ਸੁਣਨੇ ਮੈਨੂੰ ਬਹੁਤ ਚੰਗੇ ਲੱਗਦੇ ਹਨ ਤੇ ਮੈਂ ਅਕਸਰ ਸੁਣਦਾ ਵੀ ਰਹਿੰਦਾ ਹਾਂ।

ਪਰ ਅੱਜ ਮੈਂ ਬਾਪੂ ਕੋਲੋਂ ਫੜ੍ਹੀ ਸ਼ਰਾਬ ਦਾ ਕਿੱਸਾ ਨਵੇਂ ਸਿਰਿਉਂ ਸੁਣ ਕੇ ਸ਼ਾਇਦ ਆਪਣੀ ਕਿਸੇ ਕਮਜ਼ੋਰੀ ਲਈ ਕੋਈ ਨੁੰਮਣਾ ਲੱਭਣਾ ਚਾਹੁੰਦਾ ਹਾਂ। ਮੈਂ ਫੇਰ ਪੁਰਾਣੇ ਜਵਾਬ ਨੂੰ ਨਵੇਂ ਸਿਰਿਉਂ ਸਵਾਲ ਕਰਦਾ ਹਾਂ, "ਬਾਪੂ, ਉਹ ਭਰੇਮ-ਸ਼ਰੇਮ ਜਿਹਾ ਮੈਨੂੰ ਪਤਾ ਤੇਰਾ ਨਹੀਂ ਸੀ। ਫੇਰ ਤੂੰ ਖਾਹ-ਮਖਾਹ ਆਪਣੇ ਨਾਂ ਕਿਉਂ ਪੁਆਇਆ ਤੇ ਕੈਦ ਵਾਧੂ ਦੀ ਕੱਟੀ ?"

ਬਾਪੂ ਨੇ ਜਿਵੇਂ ਕੋਈ ਕੌੜਾ ਘੁੱਟ ਅੰਦਰ ਲੰਘਾਇਆ ਹੋਵੇ ਤੇ ਫੇਰ ਬੜੀ ਮਿੰਨਤ ਜਿਹੀ ਨਾਲ ਕਹਿਣ ਲੱਗਾ, "ਮੈਂ ਤੈਨੂੰ ਕਿੰਨੀ ਵਾਰ ਕਿਹਾ ਕਿ ਬੰਦੇ ਦਾ ਸੁਭਾਅ ਨਹੀਂ ਬਦਲਦਾ। ਗ਼ਰੀਬ ਬੰਦੇ ਦੇ ਲਹੂ ਦੀ ਤਸੀਰ ਹੀ ਐਸੀ ਹੈ ਕਿ ਹੋਰ ਭਾਵੇਂ ਕੁਝ ਵੀ ਹੋ ਜਾਵੇ, ਉਹ ਨਸ਼ੁਕਰਾ ਨਹੀਂ ਹੋ ਸਕਦਾ। ਦੱਸ, ਮੈਂ ਕਿਵੇਂ ਭੁੱਲ ਜਾਂਦਾ ਉਸ ਜੱਟ ਦੀਆਂ ਨਿੱਕੀਆਂ ਨਿੱਕੀਆਂ ਰਹਿਮਤਾਂ। ਜਦੋਂ ਵੀ ਕਦੇ ਲੋੜ ਪਈ ਤਾਂ ਉਹਦੇ ਅੱਗੇ ਹੀ ਤਲੀ ਜਾ ਕੇ ਫੈਲਾਈ। ਜਦੋਂ ਵੀ ਕਦੇ ਕਿਸੇ ਹੋਰ ਨੇ ਬਾਂਹ ਨਾ ਫੜ੍ਹੀ, ਮਾੜੀ ਮੋਟੀ ਉਸ ਨੇ ਹੀ ਫੜ੍ਹੀ ਤੇ ਤੂੰ ਦੱਸ ਪੁੱਤਰਾ ਜੇ ਉਹਦੇ 'ਤੇ ਬਿਪਤਾ ਬਣੀ ਤਾਂ ਕੀ ਮੈਂ ਉਹਦੇ ਤੋਂ ਮੂੰਹ ਮੋੜ ਲੈਂਦਾ ?"

ਮੈਨੂੰ ਲੱਗਾ ਬਾਪੂ ਜਿਵੇਂ ਦਾ ਪਹਿਲਾ ਵਫ਼ਾਦਾਰ ਸੀ, ਕੈਦ-ਕੈਦ ਕੱਟਣ ਤੋਂ ਬਾਅਦ ਵੀ ਉਂਦਾਂ ਦੀ ਹੀ ਵਫ਼ਾਦਾਰੀ ਉਹਦੇ ਵਿਚ ਕਾਇਮ ਰਹੀ ਸੀ।

ਬਾਪੂ ਦਾ ਜਵਾਬ ਸੁਣ ਕੇ ਮੈਂ ਪ੍ਰੇਸ਼ਾਨ ਜਿਹਾ ਹੋ ਜਾਂਦਾ ਹਾਂ।

ਮੇਰਾ ਪਿਉ ਤਾਂ ਏਨੀ ਕੁ ਦਾਰੂ ਪੀ ਕੇ ਵਧੀਆ ਗੱਲਾਂ ਕਰ ਰਿਹਾ ਸੀ, ਪਰ ਮੇਰੀ ਦਾਰੂ ਮੇਰੇ ਲਹੂ ਨੂੰ ਹੋਰ ਤੱਤਾ ਕਰ ਰਹੀ ਸੀ। ਮੇਰਾ ਜੀਅ ਕਰਦਾ ਸੀ ਕਿ ਮੈਂ ਬਾਪੂ ਨੂੰ ਪੁੱਛਾਂ ਕਿ ਜੇ ਸਰਪੰਚ ਨੇ ਤੇਰੀਆਂ ਨਿੱਕੀਆਂ ਮੋਟੀਆਂ ਗਰਜ਼ਾਂ ਪੂਰੀਆਂ ਕੀਤੀਆਂ ਤਾਂ ਬਦਲੇ 'ਚ ਤੂੰ ਵੀ ਪੂਰੀ ਉਮਰ ਉਹਦੇ ਲੇਖੇ ਲਾ ਦਿੱਤੀ, ਵਫ਼ਾਦਾਰੀ ਨਾਲ ਹੱਡ ਭੰਨਵੀਂ ਮਿਹਨਤ ਦਾ ਉਹਦੇ ਸਿਰ ਕੋਈ ਅਹਿਸਾਨ ਨਹੀਂ ? ਕਿਹੜੇ ਤਖ਼ਤ ਬਿਠਾ ਦਿੱਤਾ ਸੀ ਸਰਪੰਚ ਨੇ ਤੈਨੂੰ ਕਿ ਤੂੰ ਅਜੇ ਵੀ ਉਹਦੇ ਲਈ ਬਦਲਿਆ ਕੁਝ ਵੀ ਨਾ ਹੋਵੇਂ।

ਅੱਜ ਲੌਂਗੋਵਾਲੀਏ ਸਰਪੰਚ ਦੇ ਸ਼ੈਲਰ ਉਤੋਂ ਮੈਂ ਲਾਹਣ ਤੇ ਸ਼ਰਾਬ ਬਰਾਮਦ ਕੀਤੀ ਸੀ।

ਜਦੋਂ ਸਰਪੰਚ ਨੇ ਇਹ ਸਭ ਕੁਝ ਮੰਨਣ ਤੋਂ ਨਾਂਹ ਕਰ ਦਿੱਤੀ ਤਾਂ ਮੇਰਾ ਉਮਰ ਭਰ ਦਾ ਗੁੱਸਾ ਵਿਸਫੋਟਕ ਹੋ ਗਿਆ। "ਸਰਪੰਚਾ, ਸ਼ੈਲਰ ਤੇਰਾ, ਕਮਰੇ ਤੇਰੇ, ਗਾਵਾਂ ਮੱਝਾਂ ਤੇਰੀਆਂ,



ਕੀਹਦੀ ਜੁਰਅਤ ਪੈ ਸਕਦੀ ਏ ਤੇਰੇ ਬਿਨਾਂ ਜਾਂ ਤੇਰੀ ਸ਼ਮੂਲੀਅਤ ਤੋਂ ਬਿਨਾਂ ਇਥੇ ਕੋਈ ਇਹ ਦਾ ਕਾਰਾ ਕਰ ਜੇ ?"

ਹੌਲੀ ਹੌਲੀ ਪਿੰਡ ਦੇ ਵਾਹਵਾ ਲੋਕ, ਸਰਪੰਚ ਦੇ ਲਾਗੇ ਆ ਖਲੋਤੇ ਸਨ। ਸਰਪੰਚ ਨੇ ਮੇਰੀ ਕਿਸੇ ਗੱਲ ਦਾ ਕੋਈ ਵੀ ਜਵਾਬ ਨਾ ਦਿੱਤਾ, ਪਰ ਮੈਨੂੰ ਹੈਰਾਨੀ ਹੋਈ ਭੀੜ 'ਚੋਂ ਕੋਈ ਮੇਰੇ ਪਿਉ ਵਰਗਾ ਬੰਦਾ ਆਪਣਾ ਸਿਰ ਤਲੀ ਉੱਤੇ ਧਰ ਕੇ ਮੇਰੇ ਸਾਹਮਣੇ ਆ ਖਲੋਤਾ। ਉਹ ਕਹਿ ਰਿਹਾ ਸੀ, "ਜਨਾਬ, ਸ਼ੈਲਰ ਤਾਂ ਅਜੇ ਚਾਲੂ ਵੀ ਨਹੀਂ ਹੋਇਆ। ਸਰਪੰਚ ਸਾਬ੍ਹ ਤਾਂ ਇਥੇ ਆਉਂਦੇ ਹੀ ਨਹੀਂ, ਇਨ੍ਹਾਂ ਦੀਆਂ ਮੱਝਾਂ ਗਾਵਾਂ ਦੀਆਂ ਧਾਰਾਂ ਵੀ ਮੈਂ ਹੀ ਕੱਢ ਕੇ ਦੁੱਧ ਘਰ ਛੱਡ ਔਂਦਾ। ਯਕੀਨ ਕਰਿਉ ਜਨਾਬ, ਸ਼ਰਾਬ ਵੀ ਮੇਰੀ ਆ ਤੇ ਲਾਹਣ ਵੀ।"

ਮੇਰੇ ਗੁੱਸੇ ਨੂੰ ਕੋਈ ਰਾਹ ਨਹੀਂ ਸੀ ਲੱਭ ਰਿਹਾ। ਮੈਂ ਜਿਵੇਂ ਬੁਖਲਾ ਜਿਹਾ ਗਿਆ ਸਾਂ, "ਜੇ ਕੋਈ ਇਥੇ ਕਤਲ ਕਰਕੇ ਭੁੱਟ ਜਾਏ, ਉਹ ਵੀ ਆਪਣੇ ਸਿਰ ਪਵਾ ਲਵੇਂਗਾ ?"

ਉਹਨੇ ਹੱਥ ਜੋੜਦਿਆਂ ਆਖਿਆ, "ਜੇ ਇਥੇ ਰਹਿੰਦਾ ਮੈਂ ਹਾਂ ਤਾਂ ਕਤਲ ਵੀ ਮੇਰੇ ਸਿਰ ਪਊਗਾ ਜਨਾਬ।"

ਉਹਦੇ ਉੱਤੇ ਤਰਸ ਆਉਣ ਦੀ ਥਾਂ ਗੁੱਸਾ ਆ ਰਿਹਾ ਸੀ। ਮੇਰਾ ਦਿਲ ਕਰ ਰਿਹਾ ਸੀ ਕਿ ਹੁਣ ਸਰਪੰਚ ਨੂੰ ਨਹੀਂ, ਸਗੋਂ ਉਹਨੂੰ ਭਰੀ ਪੈਲੀ 'ਚ ਸਿਰ ਪਰਨੇ ਧੱਸ ਦੇਵਾਂ।

ਮੈਂ ਉਂਜ ਹੀ ਗੁੱਸੇ ਨਾਲ ਭਰਿਆ ਪੀਤਾ ਆਪਣੇ ਹਵਾਲਦਾਰ ਨੂੰ ਕਹਿੰਦਾ ਹਾਂ, "ਧੱਕ ਏਸ ਭੈਣ ਦੇ ਨੂੰ ਜੀਪ 'ਚ। ਛਿੱਤਰ ਠਾਣੇ ਜਾ ਕੇ ਖੜਕਾਵਾਂਗੇ।"

ਬਾਪੂ ਦੀ ਆਵਾਜ਼ ਸੁਣ ਕੇ ਮੈਂ ਆਪਣਾ ਸਿਰ ਛੰਡਦਾ ਹਾਂ। ਬਾਪੂ ਕਹਿ ਰਿਹਾ ਹੈ, "ਪੁੱਤਰਾ, ਜੇ ਕਿਤੇ ਰੂੜੀ ਮਾਰਕਾ ਹੈਗੀ ਓ ਤਾਂ ਉਦ੍ਹਾ ਮੋਟਾ ਜਿਹਾ ਇਕ ਹਾੜਾ ਦੇ। ਆਹ ਤੇਰੀ ਅੰਗਰੇਜ਼ੀ ਤਾਂ ਸਾਨੂੰ ਆਂਹਦੀ ਹੀ ਕੁਝ ਨਹੀਂ।"

ਮੈਂ ਕਹਿੰਦਾ ਹਾਂ, "ਬਾਪੂ ਉਹ ਤੇ ਹੈਨੀ, ਇਦ੍ਹਾ ਹੋਰ ਹਾੜਾ ਲੈਣਾ ਈ ਤਾਂ ਲੈ ਲਾ।" ਮੈਂ ਬਾਪੂ ਨੂੰ ਤਗੜਾ ਇਕ ਹੋਰ ਪੈੱਗ ਠੋਕ ਦਿੰਦਾ ਹਾਂ।

"ਅੱਜ ਤੂੰ ਖਾਂਦੇ ਪੀਂਦੇ ਪੁੱਤ ਦਾ ਪਿਉ ਏਂ ਬਾਪੂ। ਜੇ ਹੁਣ ਵੀ ਕਦੇ ਸਰਪੰਚ ਉੱਤੇ ਉਹੋ ਜਿਹੀ ਬਿਪਤਾ ਆ ਬਣੇ, ਤੂੰ ਫੇਰ ਵੀ ਉਹਦੀ ਕੀਤੀ ਆਪਣੇ ਸਿਰ ਪਵਾ ਲਵੇਂਗਾ ?" ਮੈਂ ਅੱਜ ਜਿਵੇਂ ਬਾਪੂ ਦੀ ਹੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਸੀ।

ਬਾਪੂ ਦਾਰੂ ਦੇ ਨਸ਼ੇ ਵਰਗਾ ਹੱਸਿਆ, "ਅੱਜ ਤਾਂ ਪੁੱਤ ਤੇਰੇ ਸਦਕਾ, ਅਸੀਂ ਆਪਣੀਆਂ ਕੀਤੀਆਂ ਕਿਸੇ ਦੇ ਸਿਰ ਪੁਆ ਸਕਦੇ ਆਂ, ਹੁਣ ਇਹੋ ਜਿਹੀਆਂ ਗੱਲਾਂ ਨਾ ਕਰਿਆ ਕਰ।"

ਉਹਨੇ ਪੂਰਾ ਹਾੜਾ ਇਕੋ ਸਾਹੇ ਡੀਕ ਕੇ ਪੁੱਠੇ ਹੱਥ ਨਾਲ ਮੁੱਛਾਂ ਪੂੰਝੀਆਂ ਤੇ ਫੇਰ ਕਹਿਣ ਲੱਗਾ, "ਤੂੰ ਪਤਾ ਨਹੀਂ ਕਿੰਨੀ ਵਾਰੀ ਪੁੱਛ ਚੁੱਕਾ ਤੇ ਮੈਂ ਤੈਨੂੰ ਕਈ ਵਾਰ ਦੱਸ ਵੀ ਬੈਠਾਂ ਕਿ ਬੰਦੇ ਦਾ ਸੁਭਾਅ ਨਹੀਂ ਬਦਲਦਾ। ਅਸਲ 'ਚ ਉਤ੍ਹਾਂ-ਥੁੜ੍ਹਾਂ ਮਾਰੇ ਬੰਦੇ ਦੀ ਜਦੋਂ ਕੋਈ ਗਰਜ਼ ਪੂਰੀ ਕਰਦਾ ਤਾਂ ਉਹ ਧੁਰ ਅੰਦਰੋਂ ਉਹਦਾ ਹੋ ਜਾਂਦਾ। ਕਿਸੇ ਨੂੰ ਕੁਝ ਦੇਣ ਦਵਾਉਣ ਜੋਗਾ ਤਾਂ ਉਹ ਹੁੰਦਾ ਨਹੀਂ। ਇਸ ਲਈ ਆਪਣੇ ਉੱਤੇ ਕੀਤੇ ਹਸਾਨਾਂ ਦਾ ਕਰਜ਼ਾ ਉਹ ਇਹੋ ਜਿਹੇ ਔਖੇ ਵੇਲੇ ਕੰਮ ਆ ਕੇ ਹੀ ਲਾਹੁੰਦਾ। ਤੂੰ ਵੇਖ, ਉਹਦਾ ਕਰਕੇ ਤੈਨੂੰ ਆਹ ਅਫ਼ਸਰੀ ਨਸੀਬ ਹੋਈ ਆ।

ਸੱਚ ਜਾਣੀ ਮੈਂ ਉਹਦੀਆਂ ਇਹ ਨਿੱਕੀਆਂ ਨਿੱਕੀਆਂ ਖ਼ਾਤਰਦਾਰੀਆਂ ਨਹੀਂ ਭੁੱਲ ਸਕਦਾ। ਮੈਂ ਅਜੇ ਵੀ ਉਹਦੀ ਖ਼ਾਤਰ ਸੂਲੀ ਚੜ੍ਹਨ ਨੂੰ ਤਿਆਰ ਆਂ।"

ਮੈਨੂੰ ਬਾਪੂ ਉੱਤੇ ਗੁੱਸਾ ਵੀ ਆ ਰਿਹਾ, ਪਰ ਜਾਪਦਾ ਜਿਵੇਂ ਬਾਪੂ ਦਾ ਇਹ ਵੀ ਇਕ ਬਹੁਤ ਵੱਡਾ ਇਕਬਾਲ ਸੀ, ਜਿਹੜਾ ਕਿਸੇ ਵੀ ਫ਼ਰਦ ਉੱਤੇ ਨਹੀਂ ਸੀ ਲਿਖਿਆ ਗਿਆ ਤੇ ਨਾ ਹੀ ਇਸ ਹੇਠਾਂ ਬਾਪੂ ਨੇ ਅੰਗੂਠਾ ਲਾਇਆ ਸੀ, ਪਰ ਸ਼ਾਇਦ ਉਹਦੀ ਜ਼ਿੰਦਗੀ ਦਾ ਇਹ ਸਭ ਤੋਂ ਵੱਡਾ ਇਕਬਾਲੀਆ ਬਿਆਨ ਸੀ।

ਮੈਂ ਕਈ ਕੁਝ ਸੋਚਿਆ ਤੇ ਆਪਣੇ ਨਾਲ ਹੀ ਖਿਝਦਿਆਂ, ਆਪਣੇ ਹੀ ਠਾਣੇ ਦਾ ਫੋਨ ਨੰਬਰ ਘੁਮਾਉਂਦਾ ਹਾਂ। ਅੱਗੋਂ ਮੇਰਾ ਹਵਾਲਦਾਰ ਬੋਲਦਾ ਹੈ।

ਮੈਂ ਉਸੇ ਤਰ੍ਹਾਂ ਹੀ ਗੁੱਸੇ ਨਾਲ ਲਾਲ-ਪੀਲਾ ਹੋਇਆ ਹਵਾਲਦਾਰ ਨੂੰ ਹੁਕਮ ਦਿੰਦਾ ਹਾਂ, "ਉਸ ਲੌਂਗੋਵਾਲੀਏ ਹਰਾਮਜ਼ਾਦੇ ਨੂੰ ਛੱਡ ਦੇ ਤੇ ਧਿਆਨ ਨਾਲ ਸੁਣ, ਇਸ ਵੇਲੇ ਪਿੰਡ ਜਾਣ ਲਈ ਮਿਲਣਾ ਕੁਝ ਨਹੀਂ। ਇਸ ਲਈ ਤੂੰ ਆਪ ਭੈਣ ਦੇ ਯਾਰ ਨੂੰ ਪਿੰਡ ਤੱਕ ਛੱਡ ਆਵੀਂ। ਬਾਕੀ ਮੈਂ ਬਾਅਦ ਵਿਚ ਵੇਖਾਂਗਾ ਇਸ ਸਾਲੇ ਕੁੱਤੇ ਦੇ ਤੁਖ਼ਮ ਨੂੰ।"

"ਕਿਨ੍ਹੂੰ ਗਾਲ੍ਹਾਂ ਕੱਢੀ ਜਾਨਾਂ ਹੈਂਸ ਘੁੱਗੂ ਜਿਹੇ 'ਤੇ ਹੀ। ਮੈਂ ਤੈਨੂੰ ਕਿੰਨੀ ਵਾਰ ਕਿਹਾ ਕਿ ਕਿਸੇ ਨੂੰ ਗਾਲ੍ਹ ਮੰਦਾ ਨਾ ਕਰਿਆ ਕਰ, ਪਤਾ ਨਹੀਂ ਕੀਹਦੇ ਪੈਰਾਂ ਪਿੱਛੇ ਆਪਾਂ ਰਜਵਾਂ ਟੁੱਕ ਖਾਣ ਲੱਗੇ ਆਂ ?"

ਮੈਨੂੰ ਬਾਪੂ ਦੀ ਗੱਲ ਸੁਣ ਕੇ ਵਾਕਿਆ ਹੀ ਸ਼ਰਮ ਜਿਹੀ ਮਹਿਸੂਸ ਹੋਈ।

ਮੈਂ ਫੇਰ ਅੱਜ ਵਾਲੇ ਉਸ ਬਾਪੂ ਵਰਗੇ ਬੰਦੇ ਬਾਰੇ ਸੋਚਣ ਲੱਗ ਪੈਂਦਾ ਹਾਂ, ਪਰ ਬਾਪੂ ਦੀ ਵਾਰ-ਵਾਰ ਉਹ ਉੱਚੀ ਰਟ ਕੁਝ ਸੋਚਣ ਨਹੀਂ ਦਿੰਦੀ। ਉਹ ਲਗਾਤਾਰ ਉੱਚੀ-ਉੱਚੀ ਬੋਲ ਰਿਹਾ ਹੈ, "ਤੂੰ ਕਾਹਦਾ ਠਾਣੇਦਾਰ ਆਂ ਪੁੱਤਰਾ, ਹੁੰਦਾ ਪਿੰਡ ਤੇ ਮੈਂ ਆਪ ਜਾ ਕੇ ਸਰਪੰਚ ਵਲੋਂ ਹਾੜਾ ਮਾਰ ਆਉਣਾ ਸੀ। ਸਾਡੇ ਵਰਗੇ ਬੰਦਿਆਂ ਦੇ ਲਹੂ ਦੀ ਤਾਸੀਰ ਤਾਂ ਰੱਬ ਵੀ ਨਹੀਂ ਬਦਲ ਸਕਦਾ। ਲਿਆ ਬੀਬਾ ਪੁੱਤ, ਕਿਤੋਂ ਪਾਈਆ ਅੱਧ-ਪਾਈਆ ਲੱਭ ਕੇ।"

ਬਾਪੂ ਦੀਆਂ ਗੱਲਾਂ ਸੁਣ ਕੇ ਮੈਂ ਲਗਾਤਾਰ ਅੱਜ ਵਾਲੇ ਬਾਪੂ ਵਰਗੇ ਬੰਦੇ ਬਾਰੇ ਸੋਚੀ ਜਾ ਰਿਹਾ ਹਾਂ। ਮੈਨੂੰ ਅਜੇ ਵੀ ਉਸ ਬੰਦੇ ਉੱਤੇ ਰਹਿ-ਰਹਿ ਕੇ ਗੁੱਸਾ ਆ ਰਿਹਾ ਹੈ ਤੇ ਜਿਉਂ-ਜਿਉਂ ਮੈਂ ਉਸ ਬੰਦੇ ਉੱਤੇ ਗੁੱਸਾ ਕਰਦਾ ਹਾਂ, ਤਿਉਂ-ਤਿਉਂ ਹੀ ਮੈਨੂੰ ਆਪਣਾ ਬਾਪੂ ਹੋਰ ਵੀ ਪਿਆਰਾ ਲੱਗ ਰਿਹਾ ਹੈ।

ਉਹ ਲਗਾਤਾਰ ਦੇਸੀ ਦੇ ਅਧੀਏ ਪਊਏ ਦੀ ਮੰਗ ਕਰਦਾ ਬੁੜ-ਬੁੜਾ ਜਿਹਾ ਰਿਹਾ ਹੈ, ਪਰ ਹੁਣ ਮੈਨੂੰ ਉਹਦੀ ਇਹ ਬੁੜਬੁੜਾਹਟ ਮਾੜੀ ਨਹੀਂ ਲੱਗ ਰਹੀ ਤੇ ਮੈਂ ਲਗਾਤਾਰ ਸੋਚੀ ਜਾ ਰਿਹਾ ਹਾਂ ਕਿ ਹੁਣ ਤੱਕ ਮੇਰਾ ਹਵਾਲਦਾਰ ਜ਼ਰੂਰ ਹੀ ਅੱਜ ਦੇ ਮੁਜਰਮ ਨੂੰ ਲੌਂਗੋਵਾਲ ਪਿੰਡ ਤੱਕ ਛੱਡ ਆਇਆ ਹੋਵੇਗਾ।

ਪਤਾ ਨਹੀਂ ਕਿਉਂ ਇਸ ਸੋਚ ਕੇ ਮੇਰੇ ਮਨ ਨੂੰ ਬੜੀ ਤਸੱਲੀ ਜਿਹੀ ਮਿਲਦੀ ਹੈ ਤੇ ਮੇਰਾ ਖੁੱਲ੍ਹ ਕੇ ਹੱਸਣ ਨੂੰ ਜੀਅ ਕਰਦਾ ਹੈ। ਮੈਂ ਆਪਣੇ ਬਾਪੂ ਨੂੰ ਕਹਿੰਦਾ ਹਾਂ, "ਚਲ ਬਾਪੂ 'ਕੱਠੇ ਹੱਸੀਏ, ਭਲਾ ਕੌਣ ਉੱਚੀ ਹੱਸਦਾ ਏ ?"



"ਅੱਜ ਤੂੰ ਬੜੀਆਂ ਹੀ ਅਲੋਕਾਰ ਜਿਹੀਆਂ ਗੱਲਾਂ ਕਰ ਰਿਹਾ ਏਂ, ਉੱਚੀ ਹੱਸਣ ਵਾਲੀ ਕੋਈ ਗੱਲ ਤਾਂ ਹੋਵੇ ? ਉਂਜ ਵੀ ਪੁੱਤਰਾ, ਮੇਰੀ ਜਾਚੇ ਮਿੱਥ ਕੇ ਹੱਸਿਆ ਤੇ ਰੋਇਆ ਨਹੀਂ ਜਾ ਸਕਦਾ।"

ਬਾਪੂ ਦੀ ਗੱਲ ਮੈਨੂੰ ਬਹੁਤ ਹੀ ਪਿਆਰੀ ਤੇ ਸਿਆਣੀ ਲੱਗੀ। ਸ਼ਾਇਦ ਇਹ ਹੀ ਉਹਦੇ ਸਾਰੀ ਉਮਰ ਦੇ ਕਮਾਏ ਸੱਚ ਦਾ ਸਾਰ ਸੀ।

ਮੈਂ ਗੰਭੀਰ ਜਿਹਾ ਹੁੰਦਾ ਕਹਿੰਦਾ ਹਾਂ, "ਤੈਨੂੰ ਕੀ ਦੱਸਾਂ ਬਾਪੂ, ਉਂਜ ਹੈ ਤਾਂ ਇਹ ਰੋਣ ਵਰਗੀ ਹੀ ਗੱਲ। ਮੈਂ ਅੱਜ ਤੇਰੇ ਵਰਗੇ ਕਿਸੇ ਬੇਕਸੂਰੇ ਨੂੰ ਵਾਹੋ ਟੰਗ ਆਇਆ ਹਾਂ।" ਮੈਂ ਜਾਣ ਬੁੱਝ ਕੇ ਹੀ ਮੁਜਰਮ ਨੂੰ ਛੱਡ ਦੇਣ ਵਾਲੀ ਗੱਲ ਬਾਪੂ ਨੂੰ ਨਹੀਂ ਸੀ ਦੱਸਣੀ ਚਾਹੁੰਦਾ। ਪਤਾ ਨਹੀਂ ਕਿਉਂ ਮੈਂ ਬਾਪੂ ਨੂੰ ਮੁੜ ਉਹੋ ਸਥਿਤੀ ਵਿਚ ਪਾ ਕੇ ਉਸ ਦਾ ਪ੍ਰਤੀਕਰਮ ਜਾਨਣ ਦੀ ਕੋਸ਼ਿਸ਼ ਵਿਚ ਸਾਂ।

ਬਾਪੂ ਦੀ ਜਿਵੇਂ ਸਾਰੀ ਪੀਤੀ ਹੀ ਲੱਥ ਗਈ ਹੋਵੇ। ਉਹ ਸੱਚਮੁੱਚ ਹੀ ਬੜਾ ਰੋਣਹਾਕਾ ਜਿਹਾ ਹੁੰਦਾ ਬੋਲਿਆ, "ਇਹ ਤੂੰ ਬੜਾ ਮਾੜਾ ਕੀਤਾ ਏ ਪੁੱਤਰਾ।" ਏਨੇ ਕੁ ਸ਼ਬਦ ਕਹਿ ਕੇ ਉਹ ਤਾਂ ਗੁੰਮਸੁੰਮ ਜਿਹਾ ਹੀ ਹੋ ਗਿਆ। ਕਿੰਨਾ ਚਿਰ ਚੁੱਪ ਰਿਹਾ ਤੇ ਫੇਰ ਬੜੀ ਹੀ ਉਦਾਸ ਜਿਹੀ ਸੁਰ 'ਚ ਬੋਲਿਆ, "ਹੈ ਤਾਂ ਇਹ ਰੋਣ ਵਾਲੀ ਹੀ ਗੱਲ, ਪਰ ਪੁੱਤਰਾ ਜ਼ਿੰਦਗੀ ਰੋਇਆਂ ਨਹੀਂਓਂ ਲੰਘਦੀ। ਬੰਦੇ ਨੂੰ ਹਮੇਸ਼ਾ ਹੱਸਣਾ ਈ ਸੋਭਦਾ। ਜਦੋਂ ਮੈਂ ਹਵਾਲਾਤ 'ਚ ਬੰਦ ਸਾਂ ਨਾ ਪੁੱਤਰਾ, ਮੇਰਾ ਉੱਚੀ-ਉੱਚੀ ਰੋਣ ਨੂੰ ਜੀਅ ਕਰਦਾ ਸੀ, ਪਰ ਪਤਾ ਨਹੀਂ ਮੈਨੂੰ ਕੀ ਹੋਇਆ ਕਿ ਮੈਂ ਉੱਚੀ-ਉੱਚੀ ਹੱਸਣ ਲੱਗ ਪਿਆ।"

"ਚੱਲ ਬਾਪੂ ਅੱਜ ਫੇਰ ਹੱਸ, ਮੇਰੀ ਖ਼ਾਤਰ ਹੱਸ। ਸ਼ਾਇਦ ਮੇਰੇ ਮਨ ਨੂੰ ਕੁਝ ਸ਼ਾਂਤੀ ਜਿਹੀ ਮਿਲੇ।"

ਮੇਰਾ ਪਿਉ ਉੱਚੀ-ਉੱਚੀ ਹੱਸਣ ਲੱਗ ਪਿਆ। ਮੈਂ ਉਸ ਤੋਂ ਵੀ ਉੱਚੀ ਹੱਸਣ ਦੀ ਕੋਸ਼ਿਸ਼ ਕੀਤੀ। ਅਸੀਂ ਦੋਵੇਂ ਬਹੁਤ ਉੱਚੀ ਹੱਸੇ। ਮੈਨੂੰ ਲੱਗਾ ਮੇਰੇ ਬਾਪੂ ਦਾ ਹਾਸਾ ਮੇਰੇ ਹਾਸੇ ਨਾਲੋਂ ਕਿਤੇ ਉੱਚਾ ਤੇ ਖੁੱਲ੍ਹਾ-ਡੁੱਲ੍ਹਾ ਸੀ।

ਪਤਾ ਨਹੀਂ ਕਿਉਂ ਉਹਨੂੰ ਇੰਜ ਝੱਲਿਆਂ ਵਾਂਗ ਹੱਸਦਿਆਂ ਵੇਖ ਕੇ ਮੇਰੀਆਂ ਅੱਖਾਂ ਨਮ ਜਿਹੀਆਂ ਹੋ ਗਈਆਂ। ਪਰ ਅਗਲੇ ਹੀ ਪਲ ਮੈਂ ਵੇਖਿਆ ਮੇਰਾ ਬਾਪੂ ਬਹੁਤ ਉੱਚੀ-ਉੱਚੀ ਭੁੱਬਾਂ ਮਾਰ-ਮਾਰ ਕੇ ਰੋ ਰਿਹਾ ਸੀ।

ਮੈਂ ਪਹਿਲੀ ਵਾਰ ਬਾਪੂ ਨੂੰ ਇੰਜ ਉੱਚੀ-ਉੱਚੀ ਪਾਗਲਾਂ ਵਾਂਗ ਰੋਂਦਾ ਵੇਖ ਰਿਹਾ ਸਾਂ।

—0—

# ਨੌਂ ਬਾਰਾਂ ਦਸ/ਵਰਿਆਮ ਸਿੰਘ ਸੰਧੂ

"ਛਿੰਨੋ! ਸੁਣਿਐਂ ਸੱਜਣ ਵਾਲਾ ਸਾਕ 'ਭਕਨੀਏਂ' ਭਿੱਲੀ ਨੂੰ ਕਰਨ ਨੂੰ ਮੰਨਦੇ ਨੇ ?"

ਜਸਵੰਤ ਆਪਣੇ ਦੋਸਤ ਸਤਿਨਾਮ ਵੱਲ ਵੇਖ ਕੇ ਮੁਸਕਰਾਇਆ। ਉਹਦੇ ਬੋਲਾਂ ਵਿਚਲੀ ਟੋਂਚ ਛਿੰਨੋ ਨੇ ਸਮਝੀ ਨਾ। ਡੰਗਰਾਂ ਹੇਠੋਂ ਗੋਹਾ ਖਿੱਚਦੀ ਦੇ ਹੱਥ ਰੁਕ ਗਏ।

"ਵੇ ਕਾਹਨੂੰ ਵੀਰਾ! ਅਸੀਂ ਤਾਂ ਬਥੇਰੇ ਤਰਲੇ ਮਿੰਨਤਾਂ ਕੀਤੇ। ਉਹ ਅੱਗੋਂ ਆਖਦੇ ਨੇ, ਤੁਹਾਡਾ ਮੁੰਡਾ ਕਮਲਾ ਐ।"

ਛਿੰਨੋ ਨੇ ਹਉਕਾ ਲਿਆ। ਉਹਨੂੰ ਸੱਜਣ ਦੇ ਭਰ ਜਵਾਨੀ ਵਿਚ ਗੁਜ਼ਰ ਜਾਣ ਦਾ ਅਫ਼ਸੋਸ ਸੀ ਤੇ ਭਿੱਲੀ ਨੂੰ ਸਾਕ ਨੇਪਰੇ ਨਾ ਚਾੜ੍ਹਨ ਦਾ ਵੀ।

"ਅਣਿਆਂ! ਸਾਡਾ ਵੀ ਤਾਂ ਜੀ ਕਰਦੈ ਸਾਡੀ ਅੰਸ-ਬੰਸ ਹੋਵੇ। ਸਾਡੇ ਮਰਨ ਪਿਛੋਂ ਸਾਡਾ ਵੀ ਕੋਈ ਨਾਂ ਲੈਣ ਵਾਲਾ ਹੋਵੇ। ਓਧਰ ਕਰਮਾਂ ਮਾਰੀ ਧੀ ਦੇ ਘਰ ਵੀ ਕੋਈ ਔਲਾਦ ਨਹੀਂ ਹੁੰਦੀ। ਮੈਂ ਆਹਨੀ ਆਂ, ਉਹਦੇ ਘਰ ਈ ਬਾਬਾ ਸ਼ਾਹ ਮਦਾਰ, ਲੱਖਾਂ ਦਾ ਦਾਤਾ, ਕੋਈ ਨਿੱਕਾ ਨਿਆਣਾ ਦੇ ਦੇਵੇ..."

ਉਸਨੇ ਆਪਣੀ ਇਸ ਮੰਗ ਵਿਚ ਆਪ ਹੀ ਥੋੜ੍ਹੀ ਜਿਹੀ ਛੋਟ ਦੇ ਦਿੱਤੀ, "ਇਕ ਵਾਰ ਦੇ ਕੇ ਬਕੱਕ ਲੈ ਜਾਵੇ... ਪਰ ਦੇਵੇ ਤਾਂ ਸਹੀ..."

ਉਹਦੀ ਗੱਲ ਸੁਣਕੇ ਜਸਵੰਤ ਅਤੇ ਸਤਿਨਾਮ ਦੋਵੇਂ ਹੱਸ ਪਏ।

"ਚੰਗੀ ਸੁੱਖਣਾਂ ਸੁੱਖਦੀ ਪਈ ਏਂ, ਜਸਵੰਤ ਨੇ ਆਖਿਆ ਤਾਂ ਛਿੰਨੋ ਫਿੱਕਾ ਜਿਹਾ ਹਾਸਾ ਹੱਸਦੀ, "ਵੇ ਹੋਰ ਕਿਹ" ਆਖਕੇ ਆਪਣੇ ਕੰਮ ਲੱਗ ਪਈ।

ਕੁਝ ਯਾਦ ਆ ਜਾਣ 'ਤੇ ਕੰਮ ਕਰਦੀ ਕਰਦੀ ਉਹ ਇਕ ਵਾਰ ਫੇਰ ਰੁਕੀ ਤੇ ਜਸਵੰਤ ਨੂੰ ਆਖਣ ਲੱਗੀ, "ਅਣਿਆਂ! ਅਸੀਂ ਤਾਂ ਅਗਲਿਆਂ ਨੂੰ ਇਹ ਵੀ ਆਖਿਆ ਸੀ ਕਿ ਜੇ ਭਿੱਲੀ ਨੂੰ ਨਹੀਂ ਤਾਂ ਛੋਟੇ ਨਿੰਦਰ ਨੂੰ ਹੀ ਸਾਕ ਕਰ ਦਿਓ। ਮੂੰਹ ਮੱਥੇ ਲੱਗਦੈ... ਸੋਹਣਾ ਜਵਾਨ ਐਂ।... ਪਰ ਇਹ ਔਂਤਰਾ ਪੈਰ ਈ ਨਹੀਂ ਲਾਉਂਦਾ। ਕਿਹੜੀ ਕੋਈ ਇਹਦੀ ਮਾਂ ਈ... ਫ਼ਿਲਮਾਂ ਵਾਲੀ...! ਆਂਹਦੈ-ਜੇ ਵਿਆਹ ਕਰਾਉਣੈ ਤਾਂ ਉਹਦੇ ਨਾਲ ਈ ਕਰਾਉਣੈ। ਇਹਨੂੰ ਆਖ ਸੂ ਮੰਨ ਜਾਵੇ। ਅਣਿਆਂ ਸਾਡੀ ਵੀ ਰੀਝ ਆ..."

ਨਿੰਦਰ ਇਸ ਵੇਲੇ ਡੰਗਰਾਂ ਨੂੰ ਵਾਰੀ ਵਾਰੀ ਖੋਲ੍ਹ ਕੇ ਨਲਕੇ ਉੱਤੇ ਲੱਗੀ ਮੋਟਰ ਤੋਂ ਪਾਣੀ ਪਿਆ ਰਿਹਾ ਸੀ। ਛਿੰਨੋ ਦੀ ਗੱਲ ਸੁਣਕੇ ਇਕ ਦਮ ਗੁੱਸੇ ਵਿਚ ਉਬਲ ਪਿਆ, "ਤੈਨੂੰ ਦੋਵਾਂ ਪੰਘੂੜੇ 'ਚ ਪਾ ਕੇ ਟੀਟੂ ਹੂਟੀਂ ਖੇਡਣ ਨੂੰ। ਕਰਦੀ ਕੀ ਆਂ!... ਮੈਂ ਜੱਟ ਸਰਦਾਰ... ਏਡਾ ਖਾਨਦਾਨੀ। ਮੈਂ ਕਰਾਊਂ ਮਜ਼ਬੀਆਂ ਦੀ ਕੁੜੀ ਨਾਲ ਵਿਆਹ ?... ਮੈਨੂੰ ਤੂੰ ਮੇਰੇ ਉੱਤੇ ਹੀ ਛੱਡ ਤੇ ਆਪਣੇ ਸੋਹਣੇ ਪੁੱਤ ਭਿੱਲੀ ਦਾ ਹੀ ਕਰਾ ਵਿਆਹ ਉਥੇ। ... ਪਰ ਭਿੱਲੀ ਨੂੰ ਕਿਹੜਾ ਸਾਕ ਦਊ ਸ਼ੁਦਾਈ ਨੂੰ...।"

ਮੱਝ ਨੂੰ ਕਿੱਲੇ ਨਾਲ ਬੰਨ੍ਹ ਕੇ, ਉਹ ਖ਼ੁਦ ਸਿਆਣਾ ਬਣ ਕੇ ਭਿੱਲੀ ਦੀ ਸਿਆਣਪ ਬਾਰੇ ਦੱਸਣ ਲੱਗਾ, "ਚਾਚਾ! ਜਿਸ ਦਿਨ 'ਗੁਰ ਸਰ' ਦਾ ਮੇਲਾ ਸੀ, ਮੈਂ ਪੁੱਛਿਆ, "ਭਿੱਲੀ ਅੱਜ ਕੀ ਵਾਰ ਹੈ ?" ਤਾਂ ਅੱਗੋਂ ਮੈਨੂੰ ਆਖਦਾ, "ਹੇ ਸ਼ੁਦਾਈ! ਉਏ ਅੱਜ ਵਾਰ ਨਹੀਂ। ਅੱਜ ਤਾਂ ਮੇਲਾ ਹੈ, "ਹੋਰ ਸੁਣ, ਮੇਲੇ 'ਚ ਤਖਾਣਾਂ ਦੇ ਦੀਪ ਨਾਲ ਝਗੜ ਪਿਆ। ਰਾਤ ਨੂੰ ਘਰ ਆ ਕੇ ਆਖੇ, "ਮੈਂ ਦੀਪ ਦੀਆਂ ਚਾਰੇ ਲੱਤਾਂ ਵੱਢ ਦੇਣੀਆਂ।" ਓਧਰ ਭੈਣ ਸਾਡੀ ਵੇਖ ਲੈ... ਜੀਹਦੇ ਲਈ ਇਹ ਔਲਾਦ ਮੰਗਦੀ ਏ.. ਪਰਾਹੁਣੇ ਨਾਲ ਮੇਲੇ 'ਤੇ ਆਈ ਸੀ। ਮੈਂ ਆਖਿਆ, "ਭੈਣ! ਮੱਥਾ ਟੇਕਦਾਂ" ਤਾਂ ਅੱਗੋਂ ਅਸੀਸ ਦੇਣ ਦੀ ਥਾਂ ਆਖਣ ਲੱਗੀ, "ਵੀਰਾ! ਮੱਥਾ ਟੇਕਦੀ ਆਂ।" ... ਇਹ ਤਾਂ ਸਾਰਾ ਟੱਬਰ ਹੀ ਸ਼ੁਦਾਈਆਂ ਦਾ।"

ਨਿੰਦਰ ਬੜਾ ਦਾਨਾ ਬਣਕੇ ਪੇਸ਼ ਹੋ ਰਿਹਾ ਸੀ। ਛਿੰਨੋ ਹਿਰਖ ਕੇ ਬੋਲੀ, "ਵੇ ਵੀਰਾ! ਇਹਨਾਂ ਸਾਰਿਆਂ ਰਲ ਮਿਲ ਕੇ ਮੈਨੂੰ ਤਾਂ ਸ਼ੁਦੈਣ ਕੀਤਾ ਹੋਇਆ। ਓਧਰ ਮੇਰਾ ਜਵਾਨ ਤੇ ਕਮਾਊ ਪੁੱਤ ਧੋਖਾ ਦੇ ਗਿਆ। ਭਿੱਲੀ ਓ ਸਿੱਧਰਾ ਏ। ਇਹ ਵੀ ਘਰਾਂ ਤੋਂ ਹਿਲਦਾ ਜਾਂਦੈ..."

ਭਰਾ ਦੀ ਮੌਤ ਦਾ ਭਿੱਲੀ ਅਤੇ ਨਿੰਦਰ ਨੂੰ ਕੋਈ ਘੱਟ ਦੁੱਖ ਨਹੀਂ ਸੀ ਪਰ ਸੱਜਣ ਦੀ ਮੌਤ ਪਿੱਛੋਂ ਜਦੋਂ ਘਰ ਵਿਚ ਗੱਲ ਚਲੀ ਕਿ ਸੱਜਣ ਵਾਲਾ ਸਾਕ ਭਿੱਲੀ ਲਈ ਮੰਗ ਲਿਆ ਜਾਵੇ ਤਾਂ ਭਿੱਲੀ ਅੰਦਰ ਵੀ ਚਰਾਗ ਜਗ ਪਏ। ਉਹਦੀ ਰੌਸ਼ਨੀ ਨਿੰਦਰ ਦੇ ਮਨ ਤਕ ਵੀ ਪਹੁੰਚ ਗਈ। ਉਹ ਭਾਵੇਂ ਇਸ ਸਾਕ ਦਾ ਉਮੀਦਵਾਰ ਨਹੀਂ ਸੀ ਤਦ ਵੀ ਉਹਨੂੰ ਆਪਣੇ ਘਰ ਵਿਚ ਆਪਣੀ ਭਾਬੀ ਦੀ ਉਡੀਕ ਸੀ। ਘਰ ਵਿਚ ਠੁਮਕ ਠੁਮਕ ਤੁਰੀ ਫਿਰਦੀ ਭਾਬੀ ਦੀ ਕਲਪਨਾ ਕਰਕੇ ਹੀ ਉਸਨੇ ਜਸਵੰਤ ਕੋਲ ਵਾਧੂ ਪਿਆ ਗਾਡਰ ਮੰਗ ਲਿਆ ਸੀ ਤਾਂ ਪੱਕੀ ਕੋਠੜੀ ਦੇ ਪਿੱਛੇ ਮੀਂਹਾਂ ਵਿਚ ਢਹਿ ਗਏ ਕੱਚੇ ਕੋਠੇ ਨੂੰ ਛੱਤ ਲਿਆ ਜਾਵੇ। ਵਿਆਹ ਤੋਂ ਪਿੱਛੋਂ ਇਕ ਵੱਖਰੇ ਕਮਰੇ ਦੀ ਲੋੜ ਤਾਂ ਪੈਣੀ ਹੀ ਸੀ। ਪਰ ਜਦੋਂ ਅਗਲਿਆਂ ਨੇ 'ਮੁੰਡਾ ਕਮਲਾ ਹੈ' ਆਖ ਕੇ ਸਾਕ ਤੋਂ ਨਾਂਹ ਕੀਤੀ ਤਾਂ ਭਿੱਲੀ ਦਾ ਦਿਲ ਤਾਂ ਬੁਝਣਾ ਹੀ ਸੀ ਨਿੰਦਰ ਦੇ ਮੂੰਹੋਂ ਵੀ ਸੁਭਾਵਕ ਹੀ ਨਿਕਲ ਗਿਆ, "ਸਾਨੂੰ ਭਰਾ ਮਰਨ ਦਾ ਫਿਰ ਕੀ ਫਾਇਦਾ ਹੋਇਆ।"

ਕੰਮ-ਧੰਦੇ ਤੋਂ ਵਿਹਲੀ ਹੋਈ ਤਾਂ ਨਲਕੇ ਤੋਂ ਮੂੰਹ-ਹੱਥ ਧੋ ਕੇ ਛਿੰਨੋ ਫੇਰ ਇਧਰ ਪਰਤੀ ਤੇ ਮੈਲੀ ਚੁੰਨੀ ਨਾਲ ਆਪਣਾ ਝੁਰੜੀਆਂ ਵਾਲਾ ਸਉਲਾ ਮੂੰਹ ਪੂੰਝਦੀ ਹੋਈ ਆਖਣ ਲੱਗੀ, "ਵੇ ਵੀਰਾ! ਇਹਨੂੰ ਆਖ ਸੂ ਮੰਨ ਜਾਵੇ ...ਸ਼ੁਦਾਈ ਨੂੰ। ਭਾ ਜੀ! ਤੂੰ ਹੀ ਆਖ ਸੂ... ਭਲਾ ਇਹਦੇ ਢਿੱਡ 'ਚ ਕੋਈ ਮੱਤ ਪਵੇ।"

ਉਹ ਜਸਵੰਤ ਅਤੇ ਸਤਿਨਾਮ ਦੋਹਾਂ ਨੂੰ ਹੀ ਇਕ ਤਰ੍ਹਾਂ ਬੇਨਤੀ ਕਰ ਰਹੀ ਸੀ।

"ਚੱਲ! ਚੱਲ!! ਬੁੱਢੜੀਏ ਘਰ ਨੂੰ। ਨਾਲੇ ਖ਼ਬਰਦਾਰ! ਮੈਨੂੰ ਸ਼ੁਦਾਈ ਆਖਿਆ ਤਾਂ। ... ਮੈਂ ਤਾਂ 'ਸੌ ਦਾਈ ਆਂ।"

ਨਿੰਦਰ ਆਪਣੀ 'ਸਿਆਣਪ' ਉੱਤੇ ਮਾਣ ਨਾਲ ਮੁਸਕਰਾਇਆ।

"ਭਕਨੇ ਵਾਲਿਆਂ ਕੋਲ ਅਜੇ ਇਹਦੀ 'ਸਿਆਣਪ' ਦੀ ਖ਼ਬਰ ਪਹੁੰਚੀ ਨਹੀਂ ਲਗਦੀ।"

ਸਤਿਨਾਮ ਨੇ ਜਸਵੰਤ ਦੀਆਂ ਹੱਸਦੀਆਂ ਅੱਖਾਂ ਨਾਲ ਅੱਖਾਂ ਮਿਲਾਈਆਂ।

"ਚਾਚਾ ਜੀ। ਭਕਨੇ ਵਾਲਿਆਂ ਨੂੰ ਮਾਰੋ ਗੋਲੀ। ਤੁਸੀਂ ਹੁਣ ਜਿਹੜਾ ਵਾਅਦਾ ਕੀਤੇ ਸਿਰੇ ਚੜ੍ਹਾ ਦਿਓ। ਸ੍ਰੀ ਦੇਵੀ ਵਾਲਾ ਸਾਕ ਹੋ ਜਾਏ... ਤੁਹਾਨੂੰ ਲੈ ਕੇ ਦਊਂ ਲਾਲ ਮਰੂਤੀ ਤੇ ਚਾਚੇ ਜਸਵੰਤ ਨੂੰ ਫੋਰਡ ਟਰੈਕਟਰ... ਵਿਚੋਲਗਿਰੀ ਦਾ। ... ਚਾਚੀਆਂ ਦੋਹਵਾਂ ਨੂੰ ਸ਼ਨੀਲ ਦੇ ਲਾਲ ਰੰਗ ਦੇ ਸੂਟ..."

ਨਿੰਦਰ ਸਤਿਨਾਮ ਨੂੰ ਲਾਲਚ ਦੇ ਰਿਹਾ ਸੀ। ਰਾਤੀਂ ਜਸਵੰਤ ਨੇ ਉਸਨੂੰ ਆਸ ਬੰਨ੍ਹਵਾ ਦਿੱਤੀ ਸੀ।

"ਤੇਰਾ ਇਹ ਚਾਚਾ ਸਤਿਨਾਮ ਮੁੰਹ ਸ਼ਹਿਰ ਰਹਿੰਦੈ। ਇਹ 'ਉਹਦੇ' ਮਾਪਿਆਂ ਨੂੰ ਵੀ ਜਾਣਦੈ ਤੇ ਉਹ ਅਕਸਰ ਇਹਨਾਂ ਦੇ ਸ਼ਹਿਰ ਆਉਂਦੀ ਵੀ ਰਹਿੰਦੀ ਹੈ। ਇਹ ਉਹਦੇ ਘਰਦਿਆਂ ਨਾਲ ਤੇਰੇ ਸਾਕ ਦੀ ਗੱਲ ਤੋਰ ਸਕਦੈ..."

ਜਿਸਦੇ ਸਾਕ ਦੀ ਗੱਲ ਤੋਰਨੀ ਸੀ, ਉਹ ਸੀ ਫਿਲਮ ਐਕਟਰਸ ਸ੍ਰੀ ਦੇਵੀ। ਕੁਝ ਮਹੀਨੇ ਹੋਏ ਜਦੋਂ ਨਿੰਦਰ ਨੇ ਪਹਿਲੀ ਵਾਰ ਕਿਸੇ ਨਾਲ ਸ਼ਹਿਰ ਜਾ ਕੇ ਇਸ ਐਕਟਰਸ ਦੀ ਕੋਈ ਫਿਲਮ ਵੇਖੀ ਸੀ, ਉਹ ਉਦੋਂ ਤੋਂ ਹੀ ਚਮਕਦਾਰ ਅੱਖਾਂ ਤੇ ਗੋਲ ਗਦਰਾਏ ਸਰੀਰ ਵਾਲੀ ਇਸ ਮੁਟਿਆਰ ਉੱਤੇ ਕੁਰਬਾਨ ਹੋ ਗਿਆ ਸੀ। ਫਿਲਮ ਤਾਂ ਅੱਗੇ ਵੀ ਕਦੀ ਕਦੀ ਉਹ ਜਸਵੰਤ ਕੇ ਟੀ. ਵੀ. ਉੱਤੇ ਵੇਖ ਲਿਆ ਸਕਦਾ ਸੀ ਪਰ ਪੂਰੇ ਸਕਰੀਨ ਉਤੇ ਵੇਖੀ ਫਿਲਮ ਨੂੰ ਉਸਨੂੰ ਪੂਰਾ ਹੀ ਮੱਲ ਲਿਆ ਸੀ। ਪਿੰਡ ਵਿਚ ਅੱਗੇ ਵੀ ਮੁੰਡੇ ਖੁੰਡੇ ਰਲ ਕੇ ਕਿਰਾਏ ਉੱਤੇ ਵੀ. ਸੀ. ਆਰ. ਲੈ ਆਉਂਦੇ ਸਨ ਪਰ ਹੁਣ ਉਹ ਉਚੇਚੇ ਤੌਰ ਉੱਤੇ ਧਿਆਨ ਰੱਖਦਾ ਤੇ ਸੂਹ ਕੱਢਕੇ ਅਗਲੇ ਦੇ ਘਰ ਜਾ ਵੜਦਾ। ਅੱਖਾਂ ਟੀ. ਵੀ. ਦੀ ਸਕਰੀਨ ਉਤੇ ਗੱਡ ਕੇ ਉਹ ਸਾਹ ਘੁੱਟੀ ਫਿਲਮ ਦੇ ਨਾਲ ਨਾਲ ਉੱਡਦਾ ਰਹਿੰਦਾ। ਕਦੀ ਉੱਚੀ ਉੱਚੀ ਹੱਸ ਪੈਂਦਾ ਤੇ ਕਦੀ ਲੰਮੇ ਲੰਮੇ ਹਉਕੇ ਲੈਂਦਾ, ਔਂਸੂ ਪੂੰਝਦਾ ਰਹਿੰਦਾ। ਫਿਰ ਕਈ ਕਈ ਦਿਨ ਖੇਤਾਂ ਦੇ ਵੱਟਾਂ ਬੰਨ੍ਹਿਆਂ ਉੱਤੇ ਘੁੰਮਦਾ ਰਹਿੰਦਾ। ਖ਼ਿਆਲਾਂ ਖ਼ਿਆਲਾਂ ਵਿਚ ਕਿਸੇ ਫਿਲਮ ਦਾ ਹੀਰੋ ਬਣ ਜਾਂਦਾ। ਸ੍ਰੀ ਦੇਵੀ ਦੀ ਬਾਂਹ ਖਿੱਚ ਕੇ ਵੱਟਾਂ ਬੰਨਿਆਂ ਉੱਤੇ ਘੁੰਮਦਾ ਰਹਿੰਦਾ। ਉਹਦੇ ਲੱਕ ਨੂੰ ਹੱਥ ਪਾ ਕੇ ਆਪਣੇ ਕਲੇਜੇ ਨਾਲ ਘੁੱਟਣ ਲੱਗਦਾ ਤਾਂ ਉਹ ਖਿੜ ਖਿੜ ਕੇ ਹੱਸਦੀ ਹੋਈ, ਛੰਨਨ ਛੰਨਨ... ਛੰਨ ਛੰਨ... ਕਰਕੇ ਪਾਜੇਬਾਂ ਛਣਕਾਉਂਦੀ ਉਹਦੀ ਬੁੱਕਲ ਵਿਚੋਂ ਅਛੋਪਲੇ ਜਿਹੇ ਨਿਕਲ ਕੇ ਦੌੜ ਜਾਂਦੀ ਤੇ ਕਿਸੇ ਰੁੱਖ ਦੇ ਓਹਲੇ ਜਾਂ ਤੂੜੀ ਦੇ ਮੂਸਲ ਪਿੱਛੇ ਲੁਕ ਜਾਂਦੀ।

ਉਹ ਅੱਖਾਂ ਝਮਕਦਾ, ਡੌਰ ਭੌਰ ਹੋਇਆ ਆਸੇ ਪਾਸੇ ਵੇਖਦਾ। ਏਥੇ ਤਾਂ ਕੁਝ ਵੀ ਨਹੀਂ ਸੀ। ਕਿੱਥੇ ਗਈ ਉਹ!

ਆਸੇ ਪਾਸੇ ਫੈਲੇ ਦੇ ਖੇਤਾਂ ਦੀ ਹਰਿਆਵਲ। ਬੰਬੀ ਦਾ ਚਾਂਦੀ ਰੰਗਾ ਪਾਣੀ ਧਾਰ ਬੰਨ੍ਹ ਕੇ ਚੁਬੱਚੇ ਵਿਚ ਪੈ ਰਿਹਾ। ਉਹ ਤਾਂ ਔਹ ਸੀ... ਪਾਣੀ ਦੀ ਧਾਰ ਹੇਠਾਂ ਨਹਾਉਂਦੀ ... ਮਸ਼ਹੂਰੀ ਵਾਲੇ ਸਾਬਣ ਨਾਲ ਮੂੰਹ ਨੂੰ ਝੱਗੋ ਝੱਗ ਕਰਦੀ। ਕੱਪੜੇ ਭਿੱਜ ਕੇ ਜਿਸਮ ਦੀਆਂ ਗੁਲਾਈਆਂ ਨਾਲ ਚਿਪਕੇ ਹੋਏ। ਨਿੰਦਰ ਨੂੰ ਆਪਣੇ ਵੱਲ ਆਉਂਦੇ ਵੇਖ ਉਹ ਚੁਬੱਚੇ ਦੇ ਬੰਨੇ ਉੱਤੇ ਲੱਤਾਂ ਲਮਕਾ ਕੇ ਬੈਠ ਗਏ। ਬਾਹਵਾਂ ਛਾਤੀਆਂ ਉੱਤੇ ਘੁੱਟ ਲਈਆਂ, ਕਾਲੇ ਕੇਸ ਮੋਢਿਆਂ 'ਤੇ ਖਿਲਰੇ



ਹੋਏ ਸਨ ਤੇ ਚਿਹਰੇ ਉੱਤੇ ਪਾਣੀ ਦੀਆਂ ਬੂੰਦਾਂ ਦੇ ਨਾਲ ਨਾਲ ਉਹਦੇ ਨੱਕ ਵਿਚ ਪਿਆ ਚਾਂਦੀ ਰੰਗਾ ਕੋਕੋ ਵਾਂਗ ਲਿਸ਼ਕਦਾ ਪਿਆ ਸੀ।

ਲਿਸ਼ਕ ਉਸਦੀਆਂ ਅੱਖਾਂ ਵਿਚ ਪਈ ਤਾਂ ਉਹ ਅੱਖਾਂ ਬੰਦ ਕਰਕੇ ਉਂਗਲਾਂ ਦੇ ਪੋਟਿਆਂ ਨਾਲ ਹੌਲੀ ਹੌਲੀ ਅੱਖਾਂ ਨੂੰ ਸਹਿਲਾਉਣ ਲੱਗਾ।

ਜਸਵੰਤ ਤੋਂ ਛੋਟੇ ਜਸਪਾਲ ਨੇ ਵੇਖਿਆ, ਨਿੰਦਰ ਅੱਖਾਂ-ਮੀਟੀ ਚੁਬੱਚੇ ਦੇ ਉੱਤੇ ਲੱਤਾਂ ਲਮਕਾ ਕੇ ਬੈਠਾ ਸੀ ਤੇ ਪਾਣੀ ਦੀ ਧਾਰ ਡਿੱਗਣ ਨਾਲ ਉਡਦੀਆਂ ਛਿੱਟਾਂ ਕਾਰਨ ਉਹਦੇ ਕੱਪੜੇ ਭਿੱਜੇ ਪਏ ਸਨ।

"ਉਏ ਪੱਠੇ ਨਹੀਂ ਵੱਢੇ ਅਜੇ ਤਕ।"

ਜਸਪਾਲ ਨੇ ਪੁੱਛਿਆ ਤਾਂ ਵੇਰਵਾ ਦੇਣ ਲੱਗਾ, "ਉਹ ਆਈ ਸੀ ਨਾ... ਹੁਣੇ ਈ ਐਥੇ ... ਮੈਨੂੰ ਆਖਦੀ ਸੀ... ਖਲੋ ਜਾਹ। ਮੈਂ ਗਿੱਲੇ ਲੀੜੇ ਬਦਲ ਆਵਾਂ..."

"ਹੁਣ ਕਿਥੇ ਆ ?" ਜਸਪਾਲ ਮੁਸਕਰਾਇਆ, "ਔਹ ਵੇਖ ਜਾਂਦੀ ਲਾਲ ਮਰੂਤੀ 'ਚ ਬੈਠੀ..." ਨਿੰਦਰ ਨੇ ਦੂਰ ਜੀ. ਟੀ. ਉੱਤੇ ਜਾਂਦੀ ਕਿਸੇ ਕਾਰ ਵਲ ਇਸ਼ਾਰਾ ਕੀਤਾ।

"ਉਠ ਤਾਂਹ। ਪੱਠੇ ਵੱਢ... ਮਾਮਾ ਲਾਲ ਮਰੂਤੀ ਦਾ..." ਜਸਪਾਲ ਨੇ ਲਾਡ ਨਾਲ ਝਿੜਕਿਆ।

ਅਗਲੇ ਕੁਝ ਦਿਨਾਂ ਵਿਚ ਇਹ ਗੱਲ ਛੋਟੇ ਜਿਹੇ ਸਾਰੇ ਪਿੰਡ ਵਿਚ ਫੈਲ ਗਈ। ਹੱਟੀ-ਭੱਠੀ 'ਤੇ, ਗਲੀ ਦੇ ਮੋੜ ਉੱਤੇ ਜਾਂ ਵੱਟ-ਬੰਨੇ ਉੱਤੇ, ਜਿਹੜਾ ਵੀ ਉਹਨੂੰ ਮਿਲਦਾ, ਉਹ ਸ੍ਰੀਦੇਵੀ ਬਾਰੇ ਜ਼ਰੂਰ ਪੁੱਛਦਾ। ਉਹ ਅੱਗੋਂ ਬੜੇ ਉਤਸ਼ਾਹ ਨਾਲ ਦੱਸਦਾ।

"ਮੈਨੂੰ ਆਖਦੀ ਸੀ ; ਤੈਨੂੰ ਆਪਣੀ ਅਗਲੀ ਫਿਲਮ 'ਚ ਹੀਰੋ ਲੈਣਾ ਆਪਣੇ ਨਾਲ... ਮੈਂ ਆਖਿਆ, ਆਹ ਜ਼ਰਾ ਝੋਨੇ ਬੰਬ ਲਈਏ... ਕੱਪੜਾ ਲੱਤਾ ਲਵਾ ਲਈਏ ਚੱਜ-ਚਾਰ ਦਾ। ਐਹਨਾਂ ਕੱਪੜਿਆਂ 'ਚ ਸਾਰੇ ਪਿੰਡ ਦਾ ਮੁਸ਼ਕ ਚੁੱਕੀ ਮੈਂ ਆਪਣੀ ਬਿੱਲੋ ਰਾਣੀ ਕੋਲ ਕਿਵੇਂ ਜਾਵਾਂ..."

ਉਹ ਖਿੜ ਖਿੜ ਹੱਸਦਾ।

ਇਕ ਦਿਨ ਆਟੇ ਦੀ ਚੱਕੀ ਉੱਤੇ ਘਰ ਲਈ ਦੋ ਕਿੱਲੋ ਆਟਾ ਲੈਣ ਗਿਆ ਤਾਂ ਮਿਸਤਰੀ ਬਚਨ ਸਿੰਘ ਨੇ ਛੇੜਿਆ:

"ਉਏ ਐਕਟਰਾ! ਕੱਲ੍ਹ ਤੂੰ ਕਿਥੇ ਸੈਂ। ਉਹ ਸਾਰੇ ਪਿੰਡ 'ਚ ਤੈਨੂੰ ਲੱਭ ਲੱਭ ਕਮਲੀ ਹੋਗੀ। ਸਾਡੀ ਚੱਕੀ 'ਤੇ ਆਕੇ ਮੈਨੂੰ ਪੁੱਛਣ ਲੱਗੀ ਆਖੇ: ਉਹ ਪਤਾ ਨਹੀਂ ਕਿਧਰ ਛੁਪਨ ਹੋ ਗਿਆ ਮੇਰਾ ਨੌਂਗਰ ਸਾਡੀ ਚੱਕੀ 'ਤੇ ਆਕੇ ਮੈਨੂੰ ਪੁੱਛਣ ਲੱਗੀ ਆਖੇ: ਉਹ ਪਤਾ ਨਹੀਂ ਕਿਧਰ ਛੁਪਨ ਹੋ ਗਿਆ ਮੇਰਾ ਨੌਂਗਰ ਚੰਦ ਮੈਂ ਉਹਦੇ ਪਿੱਛੇ ਪਿੱਛੇ ਤੇ ਵੂਹ ਅੱਗੇ ਅੱਗੇ। ਲੱਭਦਾ ਈ ਨਹੀਂ। ਮੈਂ ਤਾਂ ਵਿਆਹ ਕਰਨਾ ਉਹਦੇ ਨਾਲ"

ਨਿੰਦਰ ਨੇ ਇਕ ਪਲ ਲਈ ਤਾਂ ਅਣਮੰਨੇ ਮਨ ਨਾਲ ਮਿਸਤਰੀ ਦੇ ਮੂੰਹ ਵੱਲ ਵੇਖਿਆ ਪਰ ਛੇਤੀ ਹੀ ਉਹਦੀਆਂ ਅੱਖਾਂ ਵਿਚ ਲਿਸ਼ਕ ਆ ਗਈ।

"ਹਾਹੋ ਤਾਇਆ! ਵਿਆਹ ਦੀ ਤਾਂ ਪੱਕ ਐ ਆਪਣੀ। ਮੈਂ ਵੀ ਉਹਨੂੰ ਆਖਿਐ... ਜ਼ਰਾ ਵਿਹਲੇ ਜਿਹੇ ਦਿਨ ਆ ਜਾਣ..."

ਆਟੇ ਵਾਲਾ ਲਿਫ਼ਾਫ਼ਾ ਲੈ ਕੇ ਤੁਰਿਆ ਤਾਂ ਅੱਗੇ ਮੂੰਢਾਂ ਉੱਤੇ ਅਤਰਾ ਨਿਹੰਗ ਤੇ ਬੁੱਢਾ ਫ਼ੌਜੀ ਬੈਠੇ ਸਨ। ਨਿੰਦਰ ਤੋਂ ਖ਼ੁਸ਼ੀ ਪਚਾਈ ਨਾ ਗਈ, "ਬਾਬਾ ਫ਼ੌਜੀਆ! ਭਾਈ ਬਚਨ ਮੂੰਹ ਦੀ ਚੱਕੀ ਉੱਤੇ ਕੱਲ੍ਹ ਆਪ ਆਈ ਸੀ ਉ। ਉਹਨੂੰ ਆਖ ਗਈ ਐ... ਜਿੰਨਾਂ ਆਟਾ ਇਹਨਾਂ ਨੂੰ ਚਾਹੀਦਾ ਹੋਵੇ... ਚੁਕਾ ਦਿਆ ਕਰ ਬੋਰੀਆਂ ਭਰ ਭਰ ਕੇ। ਪੈਸਿਆਂ ਦਾ ਮੈਂ ਜਾਣਾ ਜਾਂ ਤੂੰ..."

"ਚੁੱਕੀ ਤਾਂ ਕੰਜਰਾ ਹਾਅ ਮੋਮੀ ਜਿਹਾ ਲਿਫ਼ਾਫ਼ਾ ਆਉਂਦੈਂ ਸੇਰ ਡੂਢ ਸੇਰ ਦਾ..."

ਫ਼ੌਜੀ ਦੇ ਜੁਆਬ ਵਿਚ ਉਸਨੇ ਨਿਰਣਾ ਦਿੱਤਾ, "ਲੈ ਇਹਨਾਂ ਵਾਸਤੇ ਆਪਣਾ ਘਰ ਥੋੜ੍ਹਾ ਲੁਟਾ ਲੈਣੈ"

"ਇਹਨਾਂ 'ਤੋਂ ਉਹਦੀ ਮੁਰਾਦ ਆਪਣੇ ਘਰਦਿਆਂ ਤੋਂ ਸੀ ਤੇ 'ਆਪਣੇ ਘਰ' ਬਾਰੇ ਉਸ ਦੱਸਿਆ,"ਮੇਰਾ ਤੇ ਮੇਰੀ ਬਿੱਲੋ ਦਾ ਇਕੋ ਹੀ ਘਰ ਐ... ਮੈਂ ਉਹਦੇ ਪੈਸੇ ਖਰਚਾਊਂ ਤਾਂ ਮੇਰੇ ਹੀ ਪੈਸੇ ਉਜੜਣਗੇ ..."

ਅਤਰਾ ਨਿਹੰਗ ਪਹਿਲਾਂ ਤਾਂ ਹੱਸਿਆ, ਫਿਰ ਉਸਨੂੰ ਖਾਹ-ਮ-ਖਾਹ ਗੁੱਸਾ ਆ ਗਿਆ, "ਭੈਂ ਦੇ ਸ਼ੁਦਾਈ ਨਾ ਹੋਵੇ ਤਾਂ... ਚੜ੍ਹੰਤ! ... ਤੇਰੇ ਨਾਲ ਵਿਆਹ ਕਿਵੇਂ ਕਰਵਾ ਲਊ ਉਹ? ਉਹ ਉੱਚੀ ਜਾਤ ਦੀ, ਤੂੰ ਮਜ਼੍ਹਬੀ"

ਅਤਰੇ ਦੇ ਭਾਣੇ ਵਿਆਹ ਹੋਣ ਵਿਚ ਕੇਵਲ ਜਾਤ-ਪਾਤ ਦਾ ਅੜਿੱਕਾ ਹੀ ਸਭ ਤੋਂ ਵੱਡੀ ਗੱਲ ਸੀ ਬਾਕੀ ਸਭ ਗੁਣਾਂ ਲੱਛਣਾਂ ਵੱਲੋਂ ਤਾਂ ਜਿਵੇਂ ਜੋੜੀ ਜੋੜੀ ਢੁਕਵੀਂ ਸੀ!!

ਅਗਲੇ ਦਿਨੀਂ ਜਸਵੰਤ ਨਾਲ ਪੱਠੇ ਕੁਤਰਾਉਂਦਿਆਂ ਉਹਨੇ ਅਤਰੇ ਨਿਹੰਗ ਦਾ ਨਾਂ ਲੈ ਕੇ ਗਾਲ੍ਹ ਕੱਢੀ,

"ਇਹਦੇ ਕੱਛੇ 'ਚ ਸੌ ਸੌ ਜੂੰਆਂ। ਸੰਗਰਾਂਦ ਵਾਲੇ ਦਿਨ ਕੜਾਹ ਵਰਤਾਉਂਦਾ ਸੀ। ਮੈਂ ਆਖਿਆ, ਪਹਿਲਾਂ ਹੱਥ ਧੋ ਕੇ ਆ। ਚਾਚਾ ਇਹਦਾ ਮੇਰੇ ਜਿਹੇ ਸਰਦਾਰ ਨਾਲ ਭਲਾ ਕੀ ਮੁਕਾਬਲਾ। ਮੈਂ ਮਿੱਠੂ ਦਿਓਲ... ਜੱਟ ਪਾਤਸ਼ਾਹ..."

ਟੋਕਰੀ ਵਿਚ ਪੱਠੇ ਪਾਉਂਦਿਆਂ ਉਸਨੇ ਹੌਲੀ ਜਿਹੀ ਰਹੱਸ ਉਦਘਾਟਨ ਕੀਤਾ, "ਚਾਚਾ! ਤੈਨੂੰ ਨਹੀਂ ਪਤਾ। ਇਹ ਬੜੀਆਂ ਡੂੰਘੀਆਂ ਗੱਲਾਂ ਨੇ। ਜਿਹੜਾ ਫ਼ਿਲਮ ਐਕਟਰ ਧਰਮਿੰਦਰ ਐ ਨਾ..." ਉਸਨੇ ਜਸਵੰਤ ਦੀਆਂ ਅੱਖਾਂ ਵਿਚ ਅੱਖਾਂ ਗੱਡੇ ਲਈਆਂ, "ਅਸਲ ਵਿਚ ਉਹ ਮੇਰਾ ਪਿਉ ਆ... ਮਾਂ ਹੈ ਮੇਰੀ ਹੇਮਾ ਮਾਲਿਨੀ ਨਹੀਂ..."

ਹੇਮਾ ਮਾਲਿਨੀ..." ਜਸਵੰਤ ਨੇ ਦਰੁਸਤੀ ਕੀਤੀ। ਅਸਲ ਵਿਚ ਉਹਦੇ ਖ਼ਜ਼ਾਨੇ ਵਿਚ ਬਹੁਤ ਸਾਰੀਆਂ ਗੱਲਾਂ ਉਸਦੀ ਕਲਪਨਾ ਦੀ ਉਪਜ ਹੁੰਦੀਆਂ ਤੇ ਬਹੁਤ ਸਾਰੀਆਂ ਲੋਕਾਂ ਤੋਂ ਸੁਣ-ਸੁਣਾ ਕੇ ਉਸਨੇ ਆਪਣੀਆਂ ਬਣਾ ਲਈਆਂ ਸਨ।

"ਹਾਹੋ ਹੇਮਾ ਮਾਲਿਨੀ! ਉਹ ਮੇਰੀ ਮਾਂ ਈ..." ਉਹਨੇ ਬੜੇ ਡੂੰਘੇ ਰਾਜ਼ ਦੀ ਗੱਲ ਦੱਸੀ ਤੇ ਜਸਵੰਤ ਦੀਆਂ ਅੱਖਾਂ ਵੱਲ ਵੇਖਦਾ ਹੋਇਆ ਉਹਦਾ ਪ੍ਰਤੀਕਰਮ ਉਡੀਕਣ ਲੱਗਾ।



ਜਸਵੰਤ ਮੁੱਛਾਂ ਵਿਚ ਹੱਸਿਆ, "ਮੈਨੂੰ ਪਤੈ... ਜਾਹ ਤੂੰ ਪਹਿਲਾਂ ਡੰਗਰਾਂ ਨੂੰ ਪੱਠੇ ਪਾ... ਮੂੰਹ-ਹੱਥ ਧੋ ਕੇ ਵਿਹਲਾ ਹੋ... ਫੇਰ ਤੇਰੀ ਸਾਰੀ ਕਹਾਣੀ ਸੁਣਦੇ ਆਂ..."

ਸ਼ਾਮ ਨੂੰ ਜਦੋਂ ਜਸਵੰਤ ਦੀ ਪਤਨੀ ਨੇ ਬਾਟੀ 'ਚ ਦਾਲ ਪਾ ਕੇ ਰੋਟੀਆਂ ਨਿੰਦਰ ਦੇ ਹੱਥ ਉੱਤੇ ਰੱਖੀਆਂ ਤਾਂ ਜਸੰਵਤ ਨੇ ਹਾਸੇ ਨਾਲ ਆਖਿਆ, "ਹੌਲੀ ਜਿਹੀ ਪਿਆਰ ਨਾਲ ਰੋਟੀ ਫੜਾ ਦਿਓਲ ਜੱਟ ਨੂੰ... ਹੇਮਾ ਮਾਲਿਨੀ ਦੇ ਲਾਡਲੇ ਨੂੰ.."

ਅਗਲੇ ਕੁਝ ਦਿਨਾਂ ਵਿਚ ਉਸਨੇ ਆਪਣੇ ਬਿਆਨ ਵਿਚ ਸੋਧ ਕਰ ਲਈ। ਉਸਨੂੰ ਕਿਸੇ ਨੇ ਦੱਸ ਦਿੱਤਾ ਸੀ ਕਿ ਜਦੋਂ ਦਾ ਉਹ ਪੈਦਾ ਹੋਇਆ ਹੈ ਉਦੋਂ ਤਾਂ ਅਜੇ ਧਰਮਿੰਦਰ ਦਾ ਹੇਮਾ ਮਾਲਿਨੀ ਨਾਲ ਵਿਆਹ ਵੀ ਨਹੀਂ ਸੀ ਹੋਇਆ।

ਹੁਣ ਉਹ ਧਰਮਿੰਦਰ ਦੇ ਦੋ ਪੁੱਤਰਾਂ ਸੰਨੀ ਦਿਓਲ ਤੇ ਬੌਬੀ ਦਿਓਲ ਹੁਰਾਂ ਦਾ ਤੀਜਾ ਤੇ ਵਿਚਕਾਰਲਾ ਭਰਾ ਸੀ ਤੇ ਉਹਨਾਂ ਦੀ ਮਾਂ ਉਹਦੀ ਮਾਂ ਸੀ।

ਇਕ ਦਿਨ ਆਖਣ ਲੱਗਾ, "ਸੰਨੀ ਭਰਾ ਆਇਆ ਸੀ ਅੱਜ। ਰੇਲਵੇ ਲਾਈਨ ਉੱਤੇ ਮਿਲਿਆ ਸੀ। ਆਖਦਾ ਸੀ, ਤੂੰ ਫ਼ਿਕਰ ਕਿਉਂ ਕਰਦਾ ਏਂ। ਸੱਜਣ ਨੂੰ ਯਾਦ ਕਰ ਕੇ ਰੋਂਦਾ ਰਹਿਦੈ। ਅਸੀਂ ਵੇਖ ਖਾਂ ਤੇਰੇ ਸੱਕੇ ਭਰਾ... ਤੇਰੀਆਂ ਬਾਹਵਾਂ"

ਉਹਦਾ ਚੇਤਨ-ਅਵਚੇਤਨ ਇਕ ਦੂਜੇ ਵਿਚ ਘੁਲਦਾ-ਮਿਲਦਾ ਰਹਿੰਦਾ। ਤੇਰ ਲੋਕਾਂ ਨਾਲ ਗੱਲਾਂ-ਬਾਤਾਂ ਕਰਦਾ ਤੇ ਉਹਨਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਆਪਣੀ ਕਹਾਣੀ ਵਿਚ ਵੱਖ-ਵੱਖ ਰੰਗ ਭਰਦਾ ਰਹਿੰਦਾ। ਸ਼ਾਮ ਨੂੰ ਕੰਮ ਤੋਂ ਵਿਹਲਾ ਹੁੰਦਾ ਤਾਂ ਜਸਵੰਤ ਹੁਰਾਂ ਦੇ ਟੀ.ਵੀ. ਅੱਗੇ ਜਾ ਬੈਠਦਾ। ਖੇਤਾਂ ਵਿਚ ਕੰਮ ਕਰ ਰਿਹਾ ਹੁੰਦਾ ਤਾਂ ਖੇਤਾਂ ਨੇੜਿਓਂ ਲੰਘਦੀ ਰੇਲਵੇ ਲਾਈਨ ਉੱਤੇ ਜਾਂਦੀ ਗੱਡੀ ਅਤੇ ਜਾਂਦੇ ਰਾਹੀਆਂ ਵੱਲ ਨੀਝ ਲਾਕੇ ਵੇਖਦਾ ਰਹਿੰਦਾ। ਕਦੀ ਖ਼ੁਸ਼ ਹੋ ਜਾਂਦਾ ਤੇ ਕਦੀ ਉਦਾਸ।

ਹੁਣੇ ਸੱਜਣ ਦੀਆਂ ਗੱਲਾਂ ਹੋ ਕੇ ਹਟੀਆਂ ਸਨ। ਉਸਨੂੰ ਯਾਦ ਕਰਦਿਆਂ ਨਿੰਦਰ ਨੇ ਉਦਾਸੀ ਵਿਚ ਭਿੱਜ ਕੇ ਆਖਿਆ, "ਸ੍ਰੀਦੇਵੀ ਕੱਲ੍ਹ ਮੇਰੇ ਪਿੱਛੋਂ ਸਾਡੇ ਘਰ ਭਾਪੇ ਕੋਲ ਆਈ ਸੀ।"

"ਕੀ ਕਰਨ ਆਈ ਸੀ?"

ਐਤਕੀਂ ਸਤਿਨਾਮ ਨੇ ਪੁੱਛਿਆ। ਅਕਸਰ ਉਸਨੇ ਵਿਚੋਲਗਿਰੀ ਕਰਨੀ ਸੀ।

"ਸੱਜਣ ਦਾ ਹਿਰਖ ਕਰਨ..."

"ਕੀ ਆਂਹਦੀ ਸੀ?"

"ਆਖਦੀ ਸੀ, ਭਾਪਾ ਜੀ ਵੱਡੇ ਭਾ ਜੀ ਵੱਲੋਂ ਤਾਂ ਬੜਾ ਮਾੜਾ ਹੋਇਆ। ਉਹ ਤਾਂ ਘਰ ਦਾ ਥੰਨ੍ਹ ਸੀ। ਕਮਾਊ ਪੁੱਤ... ।ਹੌਸਲਾ ਰੱਖੋ। ਹੁਣ ਭਾਣਾ ਮੰਨਣਾ ਹੀ ਪੈਣੈਂ।"

ਉਹ ਏਨੀ ਗੰਭੀਰਤਾ ਨਾਲ ਦੱਸ ਰਿਹਾ ਸੀ ਕਿ ਨਾ ਚਾਹੁੰਦਿਆਂ ਵੀ ਜਸਵੰਤ ਅਤੇ ਸਤਿਨਾਮ ਦਾ ਹਾਸਾ ਨਿਕਲ ਗਿਆ। ਉਹਨਾਂ ਨੂੰ ਹੱਸਦਾ ਵੇਖਕੇ ਨਿੰਦਰ ਆਪ ਵੀ ਹੱਸ ਪਿਆ।

"ਅੱਛਾ! ਜਸਵੰਤ ਸਿਆਂ! ਯਾਰ ਇਹ ਤਾਂ ਦੱਸੋ ਕਿ ਇਹ ਕਿੰਨਾ ਕੁ ਪੜ੍ਹਿਆ ਲਿਖਿਐ, ਕਿੱਥੇ ਪੜ੍ਹਿਐ ਤੇ ਜ਼ਮੀਨ-ਜਾਇਦਾਦ ਕਿੰਨੀ ਆ ਇਸਦੀ? ਅਕਸਰ ਅਗਲਿਆਂ

ਨਾਲ ਇਹਦੇ ਰਿਸ਼ਤੇ ਦੀ ਗੱਲ ਤੋਰਨੀ ਆਂ ਤਾਂ ਅਗਲੇ ਮੁੰਡੇ ਬਾਰੇ ਸਾਰੀ ਪੁੱਛ-ਗਿੱਛ ਤਾਂ ਕਰਨਗੇ ਹੀ..."

ਸਤਿਨਾਮ 'ਗੰਭੀਰ' ਹੋ ਕੇ ਜਸਵੰਤ ਤੋਂ ਹੋਰ ਵਿਸਥਾਰ ਜਾਨਣਾ ਚਾਹੁੰਦਾ ਸੀ।

"ਆਪਣਾ ਪੁੱਤਰ ਨਿੰਦਰ ਮੁੰਹ ਬਹੁਤ ਪੜ੍ਹਿਆ-ਲਿਖਿਆ ਤੇ ਸਿਆਣਾ ਮੁੰਡਾ ਏ..."

ਓਨੀ ਹੀ ਗੰਭੀਰਤਾ ਨਾਲ ਜਸਵੰਤ ਜੁਆਬ ਦੇ ਰਿਹਾ ਸੀ, "ਪਿਛਲੇ ਦਿਨੀਂ ਡੰਗਰਾਂ ਵਾਲੇ ਕੋਠੇ 'ਚ ਬਲਬ ਲਾਉਣ ਲੱਗਿਆਂ ਇਹਨੂੰ ਮਾੜਾ ਜਿਹਾ ਕਰੰਟ ਲੱਗਾ। ਇਹ ਝਟਕਾ ਲੱਗਣ ਨਾਲ ਜ਼ਮੀਨ ਉੱਤੇ ਡਿਗ ਪਿਆ। ਅਸੀਂ ਫੜ ਕੇ ਉਠਾਇਆ ਤਾਂ ਇਹਨੇ ਲੱਖ ਰੁਪਏ ਦੀ ਗੱਲ ਆਖੀ। ਆਖਣ ਲੱਗਾ, "ਚਾਚਾ। ਮੈਂ ਹੀ ਘਰ 'ਚੋਂ ਪੜ੍ਹਿਆ-ਲਿਖਿਆ ਤੇ ਸਿਆਣਾ ਬੰਦਾ ਸਾਂ। ਮੈਂ ਹੀ ਮਰ ਜਾਂਦਾ ਤਾਂ ਘਰ ਤਬਾਹ ਹੋ ਜਾਣਾ ਸੀ..."

ਮੁਸਕੜੀਆਂ ਵਿਚ ਹੱਸਦਿਆਂ ਹੋਇਆਂ ਉਸਨੇ ਹੋਰ ਜੋੜਿਆ, "ਇਹੋ ਜਿਹੇ ਪੜ੍ਹੇ ਲਿਖੇ ਤੇ ਸਿਆਣੇ ਮੁੰਡੇ ਕਿਤੇ ਘਰ ਘਰ ਲੱਭਦੇ ਨੇ...

ਜਿੰਨਾ ਚਿਰ ਜਸਵੰਤ ਉਸ ਬਾਰੇ ਜਾਣਕਾਰੀ ਦਿੰਦਾ ਰਿਹਾ ਤੇ ਉਸਨੂੰ ਪੜ੍ਹਿਆ-ਲਿਖਿਆ ਸਿੱਧ ਕਰਦਾ ਰਿਹਾ ਓਨਾ ਚਿਰ ਉਹ ਆਪਣੇ ਬਚਪਨ ਦੇ ਉਹਨਾਂ ਪਲਾਂ ਵਿਚ ਗਵਾਚਾ ਰਿਹਾ ਜਦੋਂ ਉਹ ਛੇ-ਸੱਤ ਸਾਲ ਦੀ ਉਮਰ ਵਿਚ ਨੰਬਰਦਾਰਾਂ ਦੇ ਡੰਗਰਾਂ ਨੂੰ ਚਾਰਨ ਬਾਹਰ ਵੱਟਾਂ ਬੰਨਿਆਂ ਉੱਤੇ ਲਿਜਾਇਆ ਕਰਦਾ ਸੀ। ਜਦੋਂ ਡੰਗਰ ਛੱਪੜ ਵਿਚ ਵੜ ਜਾਂਦੇ ਤਾਂ ਉਹ ਸਦਾ ਛੱਪੜ ਕੰਢੇ ਬਣੇ ਪਿੰਡ ਦੇ ਪ੍ਰਾਇਮਰੀ ਸਕੂਲ ਦੇ ਗੇਟ ਨਾਲ ਮੱਥਾ ਲਾਕੇ ਟੇਢਾ ਹੋ ਕੇ ਖੜੋ ਜਾਂਦਾ। ਨਲਕੇ ਉੱਤੇ ਪਾਣੀ ਪੀਂਦੇ ਤੇ ਫੱਟੀਆਂ ਪੋਚਦੇ ਮੁੰਡਿਆਂ ਨੂੰ ਨੀਝ ਨਾਲ ਵੇਖਦਾ। ਕਿੱਕਰਾਂ ਹੇਠਾਂ ਮਾਸਟਰ ਤੇ ਮਾਸਟਰਾਣੀ ਜਮਾਤਾਂ ਲੈ ਕੇ ਬੈਠੇ ਹੁੰਦੇ। ਉਹ ਹੌਲੀ ਹੌਲੀ ਖਿਸਕਦਾ ਹੋਇਆ ਨਲਕੇ ਕੋਲ ਚਲਾ ਜਾਂਦਾ ਤੇ ਫਿਰ ਲੰਮੀ ਗੁੱਤ ਤੇ ਬਿੱਲੀਆਂ ਅੱਖਾਂ ਵਾਲੀ 'ਭੈਣ ਜੀ' ਗੁਰਮੀਤ ਵੱਲ ਇਕ ਟੱਕ ਨਿਗਾਹ ਟਿਕਾ ਕੇ ਵੇਖਦਾ ਰਹਿੰਦਾ। ਇਕ ਦਿਨ ਗੁਰਮੀਤ 'ਭੈਣ ਜੀ', ਵੱਲ ਵੇਖਦਾ-ਵੇਖਦਾ ਉਹ ਖਿਚੀਂਦਾ ਗਿਆ ਤੇ ਉਸਨੂੰ ਪਤਾ ਵੀ ਨਾ ਲੱਗਾ ਕਿ ਉਹ ਕਦੋਂ ਕਿੱਕਰਾਂ ਦੀ ਛਾਵੇਂ ਚਲਾ ਗਿਆ।

"ਭੈਣ ਜੀ। ਮੁੰਡਾ ਤਾਂ ਤੁਹਾਡੇ ਤੋਂ ਅੱਖਾਂ ਹੀ ਨਹੀਂ ਚੁੱਕਦਾ".... ਮਾਸਟਰ ਨੇ ਸ਼ਰਾਰਤ ਨਾਲ ਆਖਿਆ।

ਗੁਰਮੀਤ 'ਭੈਣ ਜੀ' ਨੇ ਉਸ ਵੱਲ ਵੇਖਿਆ ਤੇ ਇਸ਼ਾਰੇ ਨਾਲ ਉਸਨੂੰ ਆਪਣੇ ਕੋਲ ਸੱਦਿਆ। ਉਹ ਝੁੱਕ ਕੇ ਉਸਦੀ ਕੁਰਸੀ ਦੀ ਬਾਹੀ ਨਾਲ ਲੱਗ ਗਿਆ।

"ਕਾਕਾ। ਤੇਰਾ ਪੜ੍ਹਨ ਨੂੰ ਜੀਅ ਕਰਦੈ ?" ਗੁਰਮੀਤ ਨੇ ਉਹਦੀਆਂ ਦੋਹਵਾਂ ਗੱਲ੍ਹਾਂ ਨੂੰ ਆਪਣੇ ਹੱਥਾਂ ਨਾਲ ਘੁੱਟਦਿਆਂ ਪੁੱਛਿਆ।

ਕਿੰਨੀ ਮੋਹ ਲੈਣ ਵਾਲੀ ਖ਼ੁਸ਼ਬੋ ਆ ਰਹੀ ਸੀ ਗੁਰਮੀਤ 'ਭੈਣ ਜੀ' ਕੋਲੋਂ, ਨਿੰਦਰ ਨੇ ਉਹਦੀਆਂ ਮੋਟੀਆਂ ਬਿੱਲੀਆਂ ਅੱਖਾਂ 'ਚ ਬੜੀ ਆਸ ਨਾਲ ਵੇਖਦਿਆਂ 'ਹਾਂ', ਵਿਚ ਸਿਰ ਹਿਲਾਇਆ। ਗੁਰਮੀਤ ਦੇ ਨੱਕ ਵਿਚ ਚਾਂਦੀ-ਰੰਗਾ ਕੋਕਾ ਲਿਸ਼ਕ ਰਿਹਾ ਸੀ। ਉਹ ਖ਼ੁਸ਼ਬੋ ਖ਼ੁਸ਼ਬੋ



ਹੋਇਆ ਸੁਪਨੇ ਵਿਚ ਗਵਾਚਾ ਹੋਇਆ ਸੀ ਜਦੋਂ ਉਹਨੂੰ ਤੂਰੇ ਘੋਟ ਦੀ ਆਵਾਜ਼ ਸੁਣਾਈ ਦਿੱਤੀ।

"ਓਏ ਖੋਤੇ ਦਿਆ ਖੁਰਾ! ਆਪਣੀ ਮਾਂ ਨੂੰ ਸਾਂਭ ਐਧਰ ਆਕੇ..." ਉਹ ਮੱਝ ਨੂੰ ਆਪਣੀ ਫ਼ਸਲ ਵਿਚੋਂ ਮੋੜ ਰਿਹਾ ਸੀ, "ਲਾਉਂਦਾ ਤੇਰੇ ਕੰਨਾਂ ਮੁੱਢ ਦੋ..."

ਤ੍ਰਭਕ ਕੇ ਸੁਪਨੇ ਵਿਚੋਂ ਜਾਗਦਿਆਂ ਉਹ ਮੱਝ ਮੋੜਨ ਦੌੜ ਉੱਠਿਆ ਸੀ। ਤਾਰੇ ਘੋਟ ਨੇ ਇਕ ਨਿੱਕੀ ਜਿਹੀ ਚਪੇੜ ਉਹਦੇ ਮਾਰੀ ਵੀ। ਚਪੇੜ ਜ਼ੋਰਦਾਰ ਨਹੀਂ ਸੀ ਤੇ ਉਹਦੇ ਵਿਚ ਥੋੜ੍ਹਾ ਲਾਡ ਵੀ ਸੀ ਪਰ ਫਿਰ ਵੀ ਤਾਰੇ ਘੋਟ ਦੇ ਹੱਥਾਂ ਦੀ ਛੂਹ ਹੇਠਾਂ ਗੁਰਮੀਤ ਦੇ ਕੂਲੇ ਹੱਥਾਂ ਦੀ ਛੋਹ ਦੱਬੀ ਗਈ।

...ਦੂਰੋਂ ਨੇੜੇ ਪਰਤਦਿਆਂ ਨਿੰਦਰ ਨੇ ਸਤਿਨਾਮ ਨੂੰ ਆਪਣੀ ਪੜ੍ਹਾਈ ਬਾਰੇ ਸੂਚਿਤ ਕੀਤਾ, "ਪੜ੍ਹਿਆ ਤਾਂ ਮੈਂ ਚਾਚਾ... ਬੀ. ਏ. ਪਾਸ ਆਂ। ਤੇਰਾਂ ਪੜ੍ਹੀਆਂ ਸਕੂਲਾ 'ਚੋਂ ਤੇ ਦਸ ਪੜ੍ਹੀਆਂ ਕਾਲਜ 'ਚ"

ਉਹ ਦੋਵੇਂ ਉਸਦੇ ਇਸ ਜੁਆਬ ਉੱਤੇ ਹੱਸਣ ਹੀ ਵਾਲੇ ਸਨ ਕਿ ਉਹਨੇ ਆਪਣੀ ਜ਼ਮੀਨ, ਜਾਇਦਾਦ ਦਾ ਵੀ ਵੇਰਵਾ ਦੇਣਾ ਸ਼ੁਰੂ ਕਰ ਦਿੱਤਾ, "ਜ਼ਮੀਨ ਤਾਂ ਜਿਹੜੀ ਤਿੰਨ ਚਾਰ ਸੌ ਕਿੱਲਾ ਪਿੰਡ ਵਾਲੀ ਆ... ਉਹ ਤਾਂ ਡੈਡੀ ਧਰਮਿੰਦਰ ਨੇ ਆਖ ਦਿੱਤੈ ਕਿ ਇਹ ਤੇਰੇ ਨਾਂ ਈ ਐਂ... ਤੂੰ ਹੀ ਵੇਚ-ਵੱਟ ਤੂੰ ਹੀ ਖਾਹ-ਖਰਚ। ਦੂਜੇ ਮੁੰਡਿਆਂ ਤਾਂ ਪਿੰਡ ਆਕੇ ਰਹਿਣਾ ਨਹੀਂ। ਉਹ ਤਾਂ ਹੁਣ ਬੰਬਈ ਹੀ ਟਿਕਣਗੇ। ਵੱਡੀ ਬੀਬੀ ਪਰਕਾਸ਼ ਕੌਰ ਨੇ ਆਖਿਐ... ਪੁੱਤ ਗਹਿਣਿਆਂ ਕੱਪੜਿਆਂ ਦਾ ਘਾਟਾ ਨਹੀਂ। ਟਰੰਕਾਂ ਦੇ ਟਰੰਕ ਤੇ ਸੰਦੂਖਾਂ ਦੇ ਸੰਦੂਖ ਭਰੇ ਪਏ ਨੇ। ਹੋਰ ਤਾਂ ਹੋਰ ਛੋਟੀ ਬੀਬੀ ਹੇਮਾ ਮਾਲਿਨੀ ਨੇ ਵੀ ਆਖਿਐ, ਤੇਰੀਆਂ ਦੋ ਭੈਣਾਂ ਨੇ... ਇਹਨਾਂ ਲਈ ਚੰਗੇ ਸਾਕ ਲੱਭ। ਇਹਨਾਂ ਨੂੰ ਮੰਗ-ਵਿਆਹ। ਘਰੇ-ਘਰੀ ਤੋਰ। ਪਿੱਛੋਂ ਸਾਰਾ ਕੁਝ ਤੇਰਾ ਈ ਆ। ਐਸ਼ ਕਰੀਂ, ਪੁੱਤ! ਮੈਂ ਕਿਤੇ ਸਾਰੀ ਉਮਰ ਬਹਿ ਰਹਿਣੈ ਏਥੇ ?"

ਅਗਲੇ ਦਿਨਾਂ ਵਿਚ ਉਸਨੇ ਆਪ ਹੀ ਸਾਰੇ ਪਿੰਡ ਵਿਚ ਸੂਚਨਾ ਦੇ ਦਿੱਤੀ ਕਿ ਸ੍ਰੀਦੇਵੀ ਦੇ ਘਰ ਵਾਲਿਆਂ ਨੇ ਉਚੇਚਾ ਬੰਦਾ ਏਥੇ ਮੈਨੂੰ ਵੇਖਣ ਅਤੇ ਪਸੰਦ ਕਰਨ ਲਈ ਭੇਜਿਆ ਸੀ। ਉਹਨੂੰ ਤਾਂ ਮੈਨੂੰ ਵੇਖਕੇ ਚਾਅ ਚੜ੍ਹ ਗਿਆ। ਉਹ ਆਖਦਾ ਸੀ, ਏਡਾ ਸੋਹਣਾ, ਬਣਦਾ-ਤਣਦਾ ਹੀਰੇ ਵਰਗਾ ਜਵਾਨ ਕਿਤੇ ਕਰਮਾਂ ਵਾਲਿਆਂ ਨੂੰ ਹੀ ਲੱਭਦਾ ਹੈ।

ਇਹਨਾਂ ਸੁਪਨਿਆਂ ਵਿਚ ਗਵਾਚਾ ਨਿੰਦਰ ਮੋਢੇ ਉੱਤੇ ਕਹੀ ਰੱਖੀ ਖਾਲੇ ਖਾਲ ਤੁਰਿਆ ਜਾ ਰਿਹਾ ਸੀ। ਅੱਗੋਂ ਪਿੰਡ ਵੱਲੋਂ ਆਉਂਦੀ ਉਨ੍ਹਾਂ ਦੀ ਨਾਲ ਦੀ ਗਲੀ ਵਿਚ ਰਹਿੰਦੀ ਉਹਦੀ ਬਰਾਦਰੀ ਦੀ ਤੇ ਉਹ ਦੀ ਹਮ-ਉਮਰ ਕੁੜੀ ਪੰਨੋ ਉਹਨੂੰ ਨੇੜੇ ਆਇਆ ਵੇਖਕੇ ਖਲੋ ਗਈ।

"ਵੇ ਨਿੰਦਰਾ। ਸੁਣਿਐਂ ਤੇਰਾ ਕਿਸੇ ਫ਼ਿਲਮਾਂ 'ਚ ਨੱਚਣ-ਗੌਣ ਵਾਲੀ ਨਾਲ ਵਿਆਹ ਹੋਣ ਵਾਲੈ ?"

"ਇਹ ਕਿਹੜੀ ਲੁਕੀ-ਛਿਪੀ ਗੱਲ ਐ। ਸਾਰੇ ਜੱਗ-ਜਹਾਨ ਨੂੰ ਪਤੈ..."

"ਵੇ ਕਿਤੇ ਮਿਲੀ-ਗਿਲੀ ਵੀ ਊ ? ਕਿਧਰੇ ਵੇਖੀ-ਚਾਖੀ ਊ ? ਕਿ ਉਂਜ ਈ 'ਵਾ 'ਚ ਤਲਵਾਰਾਂ ਚਲਾਉਂਦੈ ?"

"ਮਿਲੀ ਗਿਲੀ ਛੱਡ ਕੇ ਨਿੱਕੇ ਹੁੰਦਿਆਂ ਕੱਠੇ ਖੇਡਦੇ ਰਹੇ ਆਂ... ਪਿੱਲ-ਗੋਲੀ ਤੇ ਨੱਕਾ-ਪੂਰ"

ਉਹ ਸਹਿਵਨ ਹੀ ਕਹਿ ਗਿਆ। ਨਿੱਕੇ ਹੁੰਦਿਆਂ ਆਂਢ-ਗੁਆਂਢ ਦੇ ਮੁੰਡੇ-ਕੁੜੀਆਂ ਰਲ ਕੇ ਖੇਡਿਆ ਕਰਦੇ ਸਨ। ਪੰਤੋ ਤੇ ਨਿੰਦਰ ਵੀ ਉਹਨਾਂ ਵਿਚ ਹੁੰਦੇ ਸਨ। ਪੰਤੋ ਤਕੜੀ ਤੇ ਧੱਕੜ ਸੀ। ਹਾਰਦੀ ਦਿਸਦੀ ਤਾਂ ਸਾਰੀ ਖੇਡ ਵਿਗਾੜ ਦਿੰਦੀ। ਨਿੰਦਰ ਨੂੰ ਉਸਦਾ ਇਹ ਵਤੀਰਾ ਪਸੰਦ ਨਹੀਂ ਸੀ ਹੁੰਦਾ। ਉਹ ਉਸ ਨਾਲ ਖੇਡਣ ਤੋਂ ਝਿਜਕਦਾ।

"ਵੇ ਸਾਡੇ ਨਾਲ ਤਾਂ ਖੇਡਦਾ ਨਹੀਂ ਸੈਂ ਹੁੰਦਾ!"

"ਤੂੰ ਤੈਂਦਲ ਐਂ। ਰੌਂਦ ਮਾਰਦੀ ਹੁੰਦੀ ਸੈਂ..."

ਉਹਦੀ ਗੱਲ ਸੁਣ ਕੇ ਪੰਤੋ ਕਪਾਹ ਦੇ ਫੁੱਟਾਂ ਵਾਂਗ ਖਿੜ ਗਈ ਤੇ ਆਸੇ-ਪਾਸੇ ਵੇਖ ਕੇ ਨਿੰਦਰ ਦੀ ਹਿੱਕ ਉੱਤੇ ਪੋਲਾ ਜਿਹਾ ਧੱਫਾ ਮਾਰਿਆ।

"ਗੱਲਾਂ ਕਿਨੀਆਂ ਆਉਂਦੀਐਂ ਟੁੱਟ ਪੈਣੇ ਨੂੰ..." ਹਿੱਕ 'ਤੇ ਹੱਥ ਲੱਗਦਿਆਂ ਨਿੰਦਰ ਨੂੰ ਜਾਪਿਆ ਉਹਦਾ ਦਿਲ ਬੁੜ੍ਹਕ ਕੇ ਉਹਦੀ ਛਾਤੀ ਵਿਚੋਂ ਬਾਹਰ ਆ ਡਿੱਗੇਗਾ। ਪੰਤੋ ਦਾ ਹਾਸਾ ਵੀ ਇਕ ਪਲ ਲਈ ਉਹਨੂੰ ਸ੍ਰੀਦੇਵੀ ਵਰਗਾ ਲੱਗਾ।

"ਵੇ ਵੀਰ ਬਣ ਕੇ ਥੋੜ੍ਹਾ ਜਿਹਾ ਸਾਗ ਤੋੜ ਲੈਣ ਦੇ..." ਪੰਤੋ ਕਣਕ ਵਿਚ ਉੱਗੀ ਸਰ੍ਹੋਂ ਦੀਆਂ ਕੂਲੀਆਂ ਗੰਦਲਾਂ ਵੇਖਕੇ ਲਲਚਾ ਗਈ ਸੀ। ਇਕ ਛਿਣ ਤਾਂ ਨਿੰਦਰ ਨੇ ਸੋਚਿਆ ਕਿ ਉਸਨੂੰ ਆਖੇ, "ਤੂੰ ਵੱਟ 'ਤੇ ਬੈਠ। ਮੈਂ ਆਪ ਤੇਰੇ ਲਈ ਸਾਗ ਤੋੜ ਕੇ ਲਿਆਉਂਦਾ।" ਪਰ ਦੂਜੇ ਹੀ ਛਿਣ ਉਹਨੂੰ ਖ਼ਿਆਲ ਆਇਆ,

"ਜੇ ਚਾਚਾ ਆ ਗਿਆ ਤਾਂ।"

"ਚਾਚਾ ਮੈਂ ਸਕੂਟਰ ਉੱਤੇ ਬੱਸਾਂ ਦੇ ਅੱਡੇ ਵੱਲ ਜਾਂਦਾ ਵੇਖਿਐ..."

"ਤੋੜ ਲੈ ਫੇਰ"

ਉਸਨੇ ਸਾਰਾ ਖੇਤ ਉਸਦੇ ਹਵਾਲੇ ਕਰ ਦਿੱਤਾ ਅਤੇ ਆਪ ਪਾਣੀ ਦਾ ਕਿਆਰਾ ਛੇਤੀ ਛੇਤੀ ਮੋੜ ਕੇ ਵਾਪਸ ਪੰਤੋ ਕੋਲ ਪਰਤ ਆਉਣ ਲਈ ਅੱਗੇ ਵਧਿਆ। ਕਿਆਰਾ ਮੋੜ ਕੇ ਕਾਹਲੇ ਕਦਮੀਂ ਪਰਤ ਹੀ ਰਿਹਾ ਸੀ ਕਿ ਉਸਨੇ ਪਿੰਡ ਵੱਲੋਂ ਆਉਂਦੇ ਸਕੂਟਰ ਦੀ ਆਵਾਜ਼ ਸੁਣੀ। ਜਸਵੰਤ ਨੂੰ ਆਉਂਦਾ ਵੇਖਕੇ ਸਾਗ ਦੇ ਤੋੜੇ ਦੋ ਢੁਗ ਵੱਟ ਉੱਤੇ ਹੀ ਰੱਖਕੇ ਪੰਤੋ ਚੁਪਕੇ ਜਿਹੇ ਅਗਲੇ ਖੇਤਾਂ ਨੂੰ ਤੁਰ ਗਈ।

ਜਸਵੰਤ ਨੇ ਵੇਖ ਲਿਆ ਸੀ।

"ਔਹ ਕੁੜੀ ਕੀ ਕਰਦੀ ਸੀ ਪੈਲੀਆਂ 'ਚ?"

"ਕੁਝ ਨਹੀਂ... ਊਂ ਈਂ..."

ਜਸਵੰਤ ਨੇ ਵੱਟ ਉੱਤੇ ਪਿਆ ਸਾਗ ਵੇਖਿਆ।

"ਆਹ ਕੀ ਐ?"



"ਇਹ ਤਾਂ ਮੈਂ ਰਖਾਇਐ ਉਹਦੇ ਕੋਲੋਂ। ਮੈਂ ਉਸਨੂੰ ਆਖਿਆ, ਫਰ ਜਾਹ ਏਥੋਂ। ਤੈਨੂੰ ਕੀਹਨੇ ਸਾਗ ਤੋੜਨ ਲਈ ਆਖਿਐ? ਤੈਨੂੰ ਕੀ ਪਤੈ ਜੱਟ ਕਿਵੇਂ ਔਖਾ ਹੋ ਕੇ... ਦਿਨ ਰਾਤਾਂ ਭੇਨ ਕੇ ਫ਼ਸਲਾਂ ਨੂੰ ਪਾਲਦੈ..."

ਹੋਰ ਮੌਕਾ ਹੁੰਦਾ ਤਾਂ ਸ਼ਾਇਦ ਜਸਵੰਤ ਉਹਦੇ ਵੱਲੋਂ ਇੰਜ ਪੈਂਤੜਾ ਬਦਲਣ ਉੱਤੇ ਮੁਸਕਰਾ ਪੈਂਦਾ ਪਰ ਹੁਣ ਉਸਨੇ ਕੌੜਾ ਜਿਹਾ ਮੂੰਹ ਬਣਾ ਕੇ ਆਖਿਆ, "ਜੇ ਇਸ ਤਰ੍ਹਾਂ ਤੂੰ ਕੁੜੀਆਂ ਨਾਲ ਹੋਰ ਠਰਕ ਭੋਰਦਾ ਰਿਹੋਂ, ਐਦਾਂ ਈ ਫਸਲ ਨੂੰ ਉਜਾੜਾ ਪਾਉਂਦਾ ਰਿਹੋਂ ਤਾਂ ਮੈਂ ਸਤਿਨਾਮ ਨੂੰ ਆਖ ਦੇਣੈਂ ਕਿ ਤੈਨੂੰ ਸਾਕ ਨਾ ਕਰਵਾਏ। ਕੰਜਰਾ। ਵਫ਼ਾਦਾਰੀ ਵੀ ਕੋਈ ਚੀਜ਼ ਹੁੰਦੀ ਆ। ਤੂੰ ਉਹਦੇ ਨਾਲ ਵੀ ਧੋਖਾ ਕਰਦੈਂ ਤੇ ਸਾਡੇ ਨਾਲ ਵੀ ..."

ਪੰਤੋ ਦਾ ਹੱਥ ਲੱਗਣ 'ਤੇ ਜਿਹੜਾ ਦਿਲ ਤੇਜ਼ੀ ਨਾਲ ਬੁੜ੍ਹਕ ਕੇ ਬਾਹਰ ਡਿੱਗਣ ਨੂੰ ਫਿਰਦਾ ਸੀ ਉਹ ਝੱਗ ਵਾਂਗ ਅੰਦਰ ਹੀ ਅੰਦਰ ਬੈਠ ਗਿਆ। ਉਸਨੂੰ ਤਾਂ ਸ੍ਰੀਦੇਵੀ ਚਾਹੀਦੀ ਸੀ। ਉਸਨੇ ਪੰਤੋ ਤੋਂ ਕੀ ਲੈਣਾ ਸੀ।

ਅਗਲੇ ਦਿਨੀਂ ਜਦੋਂ ਪੰਤੋ ਉਹਦੇ ਵੱਲ ਆਉਂਦੀ ਦਿਸੀ ਤਾਂ ਉਹ ਨਜ਼ਰਾਂ ਚੁਰਾ ਕੇ ਦੂਜੀ ਵੱਟੇ ਪੈ ਗਿਆ। ਉਹਦੀ ਨਜ਼ਰ ਤਾਂ ਜਿੱਥੇ ਮਿਲੀ ਸੀ ਬੱਸ ਉੱਥੇ ਹੀ ਮਿਲੀ ਹੋਈ ਸੀ। ਹੁਣ ਤਾਂ ਉਹ ਰੋਜ਼ ਸਤਿਨਾਮ ਨੂੰ ਉਡੀਕਦਾ ਸੀ। ਕਦੋਂ ਉਹ ਰਿਸ਼ਤੇ ਦੇ ਪੱਕੇ ਹੋਣ ਦਾ ਸੁਨੇਹਾ ਲੈ ਕੇ ਆਵੇ।

ਸਤਿਨਾਮ ਆਇਆ ਤਾਂ ਉਸਨੂੰ ਚਾਅ ਚੜ੍ਹ ਗਿਆ। ਉਸ ਨਾਲ ਉਹਦੇ ਕੁਝ ਲੇਖਕ ਤੇ ਪ੍ਰੋਫ਼ੈਸਰ ਦੋਸਤ ਵੀ ਸਨ। ਸਤਿਨਾਮ ਆਪਣੇ ਦੋਸਤਾਂ ਨੂੰ ਨਿੰਦਰ ਨਾਲ ਮਿਲਾਉਣਾ ਚਾਹੁੰਦਾ ਸੀ। ਚਾਹ-ਪਾਣੀ ਤੋਂ ਵਿਹਲੇ ਹੋ ਕੇ ਉਹਨਾਂ ਨੇ ਉਸਨੂੰ ਆਪਣੇ ਕੋਲ ਹੀ ਬੁਲਾ ਲਿਆ। ਨੁਮਾਇਸ਼ ਦੀ ਵਸਤੂ ਵਾਂਗ। ਗੱਲ ਸ਼ੁਰੂ ਕਰਨ ਲਈ ਸਤਿਨਾਮ ਨੇ ਆਖਿਆ, "ਓ ਯਾਰ! ਸ੍ਰੀਦੇਵੀ ਦੇ ਘਰ ਵਾਲਿਆਂ ਨਾਲ ਤਾਂ ਮੇਰਾ ਅਜੇ ਮੇਲ ਨਹੀਂ ਹੋ ਸਕਿਆ। ਉਂਜ ਉਹ ਆਪ ਮੈਨੂੰ ਮਿਲੀ ਸੀ। ਤੇਰੇ ਬਾਰੇ ਦੱਸਿਆ ਤਾਂ ਬੜੀ ਖੁਸ਼ ਹੋਈ। ਉਹ ਕਹਿੰਦੀ, ਮੈਂ ਤਾਂ ਤਿਆਰ ਹਾਂ, ਪਰ ਮੇਰੇ ਮਾਪਿਆਂ ਨਾਲ ਤਾਂ ਗੱਲ ਕਰਨੀ ਜ਼ਰੂਰੀ ਹੈ।"

ਨਿੰਦਰ ਦੇ ਵਿਚਾਰ ਜਾਨਣ ਤੋਂ ਪਹਿਲਾਂ ਹੀ ਕਿਸੇ ਹੋਰ ਨੇ ਪੇਸ਼ਕਸ਼ ਕਰ ਦਿੱਤੀ, "ਜੇ ਸ੍ਰੀਦੇਵੀ ਨਾਲ ਗੱਲ ਸਿਰੇ ਨਹੀਂ ਲੱਗਦੀ ਤਾਂ ਛੱਡ ਉਹਨੂੰ। ਤੇਰੇ ਲਈ ਤਾਂ ਮਾਧੁਰੀ ਦੀਕਸ਼ਤ ਤਰਲੇ ਲੈਂਦੀ ਫਿਰਦੀ ਹੈ। ਉਹ ਆਖਦੀ ਹੈ, ਨਿੰਦਰ ਅੱਜ 'ਹਾਂ' ਕਰੇ ਮੈਂ ਕੱਲ੍ਹ ਵਿਆਹ ਕਰਾਉਣ ਨੂੰ ਤਿਆਰ ਹਾਂ। ਤਿਆਰ ਉਂਜ ਜੂਹੀ ਚਾਵਲਾ ਵੀ ਐ। ਇਹ ਕੋਈ ਘੱਟ ਸੋਹਣੀਆਂ ਤਾਂ ਨਹੀਂ... ਬੱਸ ਤੂੰ ਇਕ ਵਾਰ 'ਹਾਂ' ਕਰ..."

ਨਿੰਦਰ ਨੇ ਕੋਈ ਜੁਆਬ ਨਹੀਂ ਦਿੱਤਾ। ਚੁੱਪ-ਚਾਪ ਸੁਣਦਾ ਰਿਹਾ। ਆਖਣ ਵਾਲੇ ਨੇ ਆਪਣੀ ਪੇਸ਼ਕਸ਼ ਦੁਹਰਾਈ, "ਮਾਧੁਰੀ ਤੇ ਜੂਹੀ ਤੇਰੇ ਨਾਲ 'ਕੱਠੀਆਂ ਵਿਆਹ ਕਰਾਉਣ ਨੂੰ ਰਾਜ਼ੀ ਨੇ। ਉਹ ਆਖਦੀਆਂ ਨੇ ਇਹੋ ਜਿਹਾ ਮੁੰਡਾ ਮਿਲਦਾ ਹੋਵੇ ਤਾਂ ਸੌਕਣ ਦਾ ਸੱਲ੍ਹ ਵੀ ਝੱਲਿਆ ਜਾ ਸਕਦਾ ਹੈ..."

ਸੁਗਲ ਵਜੋਂ ਦੂਸਰੇ ਸਾਥੀਆਂ ਨੇ ਵੀ ਜਦੋਂ ਇਹ ਪੇਸ਼ਕਸ਼ ਮੰਨ ਜਾਣ ਲਈ ਉਸਨੂੰ ਆਖਿਆ ਤਾਂ ਉਹ ਕਹਿਣ ਲੱਗਾ, "ਜੇ ਦੋਹਾਂ ਨਾਲ ਹੀ ਵਿਆਹ ਕਰਾਉਣੈਂ ਤਾਂ ਤਿੰਨਾਂ ਨਾਲ ਕਰਾ ਦਿਓ ਖਾਂ। ਮਾਧੁਰੀ ਤੇ ਜੂਹੀ ਜੇ ਜ਼ਿਦ ਕਰਦੀਆਂ ਨੇ ਤਾਂ ਉਹਨਾਂ ਨਾਲ ਵੀ ਕਰਵਾ ਲੈਨੇ ਆਂ। ਇਹ ਘਰ ਦਾ ਰੋਟੀ-ਟੁੱਕ ਤੇ ਸਾਂਭ-ਸੰਭਾਈ ਕਰ ਦਿਆ ਕਰਨਗੀਆਂ ਤੇ ਸ੍ਰੀ ਦੇਵੀ ਰਹੂ ਮੇਰੀ ਕਾਰ ਵਿਚ ਮੇਰੇ ਨਾਲ..."

"ਪਟਰਾਣੀ ਬਣ ਕੇ..." ਕਿਸੇ ਨੇ ਆਖਿਆ ਅਤੇ ਮਹਿਫ਼ਿਲ ਵਿਚ ਠਹਾਕਾ ਗੂੰਜਿਆ।

ਨਿੰਦਰ ਨੇ ਅੱਖਾਂ ਸਿਕੋੜੀਆਂ। ਗਹਿਰ-ਗੰਭੀਰ ਮੁਦਰਾ ਵਿਚ ਸੱਜੇ ਹੱਥ ਦੀ ਪਹਿਲੀ ਉਂਗਲ ਨਾਲ ਮੱਥਾ ਠਕੋਰਿਆ ਤੇ ਫ਼ੈਸਲਾਕੁਨ ਅੰਦਾਜ਼ ਵਿਚ ਆਖਿਆ, "ਨਹੀਂ ਜੀ, ਇਹ ਨਹੀਂ ਹੋ ਸਕਣਾ ਕਦੀ ਵੀ..." ਉਸਨੇ ਫੇਰ ਮੱਥੇ ਨੂੰ ਉਂਗਲੀ ਨਾਲ ਠਕੋਰਿਆ ਤੇ ਗੱਲ ਜਾਰੀ ਰੱਖੀ, "ਉਹ ਐਥੇ, ਹਰ ਵੇਲੇ ਲਾਲ ਚੂੜਾ ਤੇ ਝਾਂਜਰਾਂ ਪਾ ਕੇ ਨੱਚਦੀ ਰਹਿੰਦੀ ਆ ਤੇ ਉਹਦੀਆਂ ਅੱਡੀਆਂ ਦੀ ਧੱਮਕ ਐਥੇ ਪੈਂਦੀ ਆ।"

ਉਹਨੇ ਦਿਲ ਉੱਤੇ ਹੱਥ ਰੱਖਿਆ।

"... ਤੇ ਇਹ ਇੰਜਨ ਵਾਂਗੂ ਧਕ-ਧਕ ਕਰਦਾ ਰਹਿੰਦੈ ਹਰ ਵੇਲੇ ਜਦੋਂ ਉਹਦੀਆਂ ਅੱਡੀਆਂ ਵੱਜਦੀਆਂ ਨੇ... ਓ ਕਦੀ ਤਾਂ ਜੀਅ ਕਰਦੈ ਤਿੱਖੀ ਚੁੰਝ ਵਾਲੇ ਚਾਕੂ ਨਾਲ ਮੱਥਾ ਚੀਰ ਸੁੱਟਾਂ... ਖਰਬੂਜ਼ੇ ਦੀ ਫਾੜੀ ਵਾਂਗ... ਤੇ ਉਹਨੂੰ ਬੀਅ ਵਾਂਗੂੰ ਕੱਢਕੇ ਬਾਹਰ ਸੁੱਟ ਦਿਆਂ, ਕਲੇਜੇ ਦਾ ਰੁੱਗ ਭਰ ਕੇ ਬਾਹਰ ਢੇਰੀ ਕਰ ਦਿਆਂ।"

ਉਹ ਪਲ ਦੀ ਪਲ ਚੁੱਪ ਕੀਤਾ ਤੇ ਡੂੰਘਾ ਹਉਕਾ ਲਿਆ, "ਫੇਰ ਪਹਿਲਾਂ ਰੱਜ ਕੇ ਰੋਵਾਂ .. ਫੇਰ ਰੱਜ ਕੇ ਸੌਂਵਾਂ। ਚਾਚਾ ਬਦਾਮ 'ਚੋਂ ਗਿਰੀ ਨਿਕਲ ਗਈ ਤਾਂ ਪਿੱਛੇ ਬਚੂਗਾ ਕੀ ?"

ਗੱਲ ਮੁਕਾ ਕੇ ਉਹ ਖਿੜ-ਖਿੜਾ ਕੇ ਹੱਸਿਆ। ਉਹਦੇ ਅੰਦਰ ਤਾਂ ਕੋਈ ਸ਼ਾਇਰ ਬੋਲਦਾ ਪਿਆ ਸੀ।

ਕਿਸੇ ਨੇ ਚੰਗੀ ਸਲਾਹ ਦਿੱਤੀ, "ਬਈ ਓਧਰ ਗੱਲ ਚਲਾਉਣ ਤੋਂ ਪਹਿਲਾਂ ਇਹਦੇ ਘਰਦਿਆਂ ਨਾਲ ਵੀ ਗੱਲ ਕਰ ਲੈਣੀ ਸੀ। ਹੋ ਸਕਦੈ ਇਹਦੇ ਘਰਦੇ ਹੀ ਨਾ ਮੰਨਣ। ਅੰਤਰ-ਜਾਤੀ ਵਿਆਹ ਦਾ ਮਸਲਾ ਜੁ ਹੋਇਆ!"

"ਕੌਣ ? ਛਿੰਨੋ ਤੇ ਬਾਬਾ ਨੇਤਾ ?" ਜਸਵੰਤ ਨੇ ਪੁੱਛਿਆ ਤਾਂ ਨਿੰਦਰ ਵਿਚੋਂ ਹੀ ਬੋਲ ਪਿਆ, "ਛਿੰਨੋ ਤੇ ਨੇਤਾ ਮੇਰੇ ਮਾਂ ਪਿਓ ਥੋੜ੍ਹੇ ਨੇ। ਨਿਰੇ ਬੋਅ ਦੀਆਂ ਪੰਡਾਂ! ... ਮੇਰੇ ਮਾਂ ਪਿਓ ਤਾਂ ਨੇ ਧਰਮਿੰਦਰ ਤੇ ਬੀਬੀ ਪਰਕਾਸ਼ ਕੌਰ..."

"ਐਥੇ ਕਿਵੇਂ ਆ ਗਿਓਂ ਤੂੰ ?"

ਉਹ ਸਵਾਲ ਦਾ ਜੁਆਬ ਦੇਣੋਂ ਰੁਕ ਗਿਆ ਕਿਉਂਕਿ ਜਸਵੰਤ ਤੋਂ ਛੋਟਾ ਜਸਪਾਲ ਗਲਾਸਾਂ ਵਿਚ ਸ਼ਰਾਬ ਪਾ ਰਿਹਾ ਸੀ ਤੇ ਸਭ ਦਾ ਧਿਆਨ ਆਪੋ-ਆਪਣੇ ਗਲਾਸਾਂ ਵੱਲ ਸੀ। ਬੋਤਲ ਮੇਜ਼ ਉੱਤੇ ਰੱਖਦਿਆਂ ਹੀ ਜਸਪਾਲ ਨੇ ਦੱਸਿਆ, "ਇਕ ਦਿਨ ਛਿੰਨੋ ਮੈਨੂੰ ਆਖਣ ਲੱਗੀ, ਵੇ ਜਸਪਾਲ ਇਹਨੂੰ ਆਖੋ ਵਿਆਹ ਕਰਵਾ ਲਵੇ... ਮੈਂ ਤੇ ਆਖਨੀ ਆਂ, ਉਹ ਜਾਣੇ-ਚੱਲ ਉੱਥੇ ਹੀ ਕਰ ਲਵੇ ਜਿੱਥੇ ਇਹ ਆਂਹਦੈ... ਪਰ ਵਿਆਹ ਹੁਣ ਕਰਵਾ ਹੀ ਲਵੇ..."



"ਵਿਆਹ ਤਾਂ ਆਪਣਾ ਧੁਰੋਂ ਹੋਇਆ ਪਿਐ ... ਛਿੰਨੋ ਸੁਦੈਣ ਨੇ ਕੀ ਕਰਾਉਣਾ...ਔਂਡਾ ਚਾਚਾ ਮੈਨੂੰ ਇਕ ਗੱਲ ਦੱਸ ... ਜਦੋਂ ਤੇਨੂੰ ਮਿਲੀ ਸੀ ਤਾਂ ਉਹਨੇ ਮੇਰੇ ਨਾਲ ਛੋਟੇ ਹੁੰਦਿਆਂ ਦੀ ਕੋਈ ਆਪਣੀ ਗੱਲ ਨਹੀਂ ਸੁਣਾਈ..." ਨਿੰਦਰ ਨੇ ਸਤਿਨਾਮ ਕੋਲੋਂ ਜਾਣਨਾ ਚਾਹਿਆ।

"ਛੋਟੇ ਹੁੰਦਿਆਂ ਕਿਵੇਂ ?

"ਲੈ ਛੋਟੇ ਹੁੰਦਿਆਂ 'ਕੱਠੇ ਹੀ ਰਹੇ ਆਂ..."

"ਕਿਵੇਂ, ਯਾਰ। ਤੂੰ ਸਾਰੀ ਗੱਲ ਸੁਣਾ।"

ਸਾਰੇ ਗਲਾਸਾਂ ਵਿਚੋਂ ਚੁਸਕੀਆਂ ਭਰਨ ਲੱਗੇ ਤੇ ਉਸਨੇ ਆਪਣਾ ਬਿਰਤਾਂਤ ਸ਼ੁਰੂ ਕਰ ਲਿਆ।

"ਮੇਰੇ ਕੋਲ ਕਾਲੀ ਕਾਰ ਹੁੰਦੀ ਸੀ-ਲੰਮੀ ਜਿਹੀ-ਹੁਣ ਵੀ ਹੈਗੀ ਕੋਲ। ਛੋਟੇ ਹੁੰਦਿਆਂ ਮੈਂ ਉਹਦੇ 'ਚ ਬਹਿ ਕੇ ਸਕੂਲ ਪੜ੍ਹਨ ਜਾਣਾ। ਛੇਆਂ-ਸੱਤਾਂ ਸਾਲਾਂ ਦਾ... ਨੀਲੀ ਨਿੱਕਰ, ਚਿੱਟੀ ਕਮੀਜ਼, ਲਾਲ ਟਾਈ ਤੇ ਜ਼ੰਜੀਰੀ ਵਾਲੇ ਬੂਟ-ਜੁਰਾਬਾਂ ਪਾਕੇ। ਕਾਰ ਰੋਜ਼ ਸ੍ਰੀ ਦੇਵੀ ਦੇ ਘਰ ਅੱਗੋਂ ਲੰਘਦੀ ਸੀ। ਇਹਨੇ ਰੋਜ਼ ਹੀ ਦਰਵਾਜ਼ੇ 'ਚ ਖੜ੍ਹੋਤੀ ਹੋਣਾ, ਦਰਵਾਜ਼ਾ ਐਂ ਵਾਹਵਾ ਆਪਣੇ ਦਰਵਾਜ਼ੇ ਵਾਂਗੂ ਵੱਡਾ ਸੀ। ਲੰਘਦੀ ਲੰਘਦੀ ਟਰਾਲੀ ਜੀਹਦੇ ਵਿਚੋਂ ਦੀ ਲੰਘ-ਜੇ। ਇਹਨੇ ਕਾਲੀ ਫਰਾਕ ਪਾਈ ਹੋਣੀ। ਬੜਾ ਗੋਲ ਜਿਹਾ ਮੂੰਹ ਸੀ; ਇਹਦਾ ਗੋਰਾ-ਗੋਰਾ ਤੇ ਗੁਲਾਬੀ। ਬਿੱਲੀਆਂ ਬਿੱਲੀਆਂ ਅੱਖਾਂ..."

"..... ਇਕ ਦਿਨ ਹਾਰ ਕੇ ਮੈਂ ਡਰੈਵਰ ਨੂੰ ਆਖਿਆ: ਕਾਰ ਰੋਕ ਲੈ। ਇਹ ਮੈਨੂੰ ਵੇਖ ਕੇ ਕਹਨ ਲੱਗੀ, "ਇਕ ਦੋ ਤਿੰਨ... ਚਾਰ ਪੰਜ ਛੇ ... ਨੌਂ ਬਾਰਾਂ ਦਸ "

"... ਮੈਂ ਕਾਰ 'ਚੋਂ ਬਾਹਰ ਨਿਕਲ ਆਇਆ ਤੇ ਮੈਂ ਵੀ ਆਖਿਆ, ਚਾਰ ਪੰਜ ਛੇ... ਨੌਂ ਬਾਰਾਂ ਦਸ..."

"... ਵਾਹਵਾ ਦਿਨ ਹੀ ਇਹ ਚੱਲਦਾ ਰਿਹਾ। ਇਹਦੀ ਬੀਬੀ ਆਖਣ ਲੱਗੀ ਇਹ ਘਾਣੀ ਕੀ ਆ! ਸਾਡੀ ਕੁੜੀ ਵੀ 'ਨੌਂ ਬਾਰਾਂ ਦਸ' ਆਖਣ ਲੱਗ ਪਈ ਆ ਤੇ ਇਹ ਮੁੰਡਾ ਵੀ 'ਨੌਂ ਬਾਰਾਂ ਦਸ' ਕਰਨ ਲੱਗ ਪਿਐ।..

"... ਜਦੋਂ ਇਹਦੀ ਬੀਬੀ ਨੇ ਹਾਰ ਕੇ ਭਾਪੇ ਧਰਮਿੰਦਰ ਨਾਲ ਗੱਲ ਕੀਤੀ ਤਾਂ ਭਾਪੇ ਦਾ ਮੱਥਾ ਠਣਕਿਆ। ਉਹ ਸੋਚਾਂ 'ਚ ਪੈ ਗਿਆ। ਸੋਚ-ਸਾਧ ਕੇ ਉਹ ਇਹਦੀ ਬੀਬੀ ਨੂੰ ਆਖਣ ਲੱਗਾ, "ਭੈਣ ਜੀ! ਗੱਲ ਤਾਂ ਇਹ ਖਤਰਨਾਕ ਹੋ ਗੀ। ਇਹ ਤਾਂ ਨਿਆਣਿਆਂ ਨੇ ਦੁੱਖ ਲਾ ਲਿਐ ਆਪਣੇ ਆਪ ਨੂੰ। ਇਹਨਾਂ ਨੂੰ 'ਨੌਂ ਬਾਰਾਂ ਦਸ' ਹੋ ਗਿਐ। ...ਪਰ ਤੁਸੀਂ ਫ਼ਿਕਰ ਨਾ ਕਰੋ। ਹੁਣ ਤੋਂ ਇਹ ਧੀ ਸਾਡੀ ਹੋ ਗਈ। ਤੁਸੀਂ ਇਹ ਸਾਨੂੰ ਹੀ ਦੇ ਦਿਓ, ਬੜੀ ਸੌਖੀ ਰੱਖਾਂਗੇ ਇਹਨੂੰ। ਇਹ ਮੁੰਡਾ ਵੀ ਮੇਰਾ ਰੋਜ਼ ਤੁਹਾਡੇ ਘਰ ਨੂੰ ਭੱਜਦੈ, ਅਖੇ: ਮੈਂ ਸ੍ਰੀਦੇਵੀ ਤੋਂ ਦੂਜੀ ਦੀ ਪੰਜਾਬੀ ਦੀ ਕਿਤਾਬ ਲੈਣ ਚੱਲਿਆਂ...। ਉੱਥੇ ਆਪੇ ਕਿਤਾਬਾਂ ਲੈਂਦੇ ਦੇਂਦੇ ਰਹਿਣਗੇ... ਨਾਲੇ 'ਕੱਠੇ ਪੜ੍ਹਨਗੇ..."

ਜਸਵੰਤ ਤੇ ਸਤਿਨਾਮ ਹੁਰੀਂ ਬੜੇ ਗਹੁ ਨਾਲ ਉਸਨੂੰ ਸੁਣ ਰਹੇ ਸਨ। ਉਹਨਾਂ ਚੱਲ ਰਿਹਾ ਟੀ. ਵੀ. ਬੰਦ ਕਰਵਾ ਦਿੱਤਾ। ਨਿੰਦਰ ਦੀਆਂ ਗੱਲਾਂ ਹੀ ਉਹਨਾਂ ਲਈ ਮਨੋਰੰਜਨ ਪ੍ਰੋਗਰਾਮ ਸੀ।

ਨਿੰਦਰ ਤਵਿਆਂ ਵਾਲੇ ਵਾਜੇ ਵਾਂਗ ਵੱਜੀ ਜਾ ਰਿਹਾ ਸੀ।

"... ਭਾਪਾ ਉਹਨੂੰ ਘਰ ਲੈ ਆਇਆ। ਅਸੀਂ 'ਕੱਠੇ ਸਕੂਲ ਜਾਂਦੇ। ਬਾਂਹ 'ਚ ਬਾਂਹ ਪਾਕੇ ਕਾਰ ਦੀ ਪਿਛਲੀ ਸੀਟ ਉੱਤੇ ਬਹਿੰਦੇ।... ਉਥੇ ਸਕੂਲ 'ਚ ਈ ਗੁਰਮੀਤ 'ਭੈਣ ਜੀ ' ਨੇ ਸਾਡਾ ਵਿਆਹ ਕਰ ਦਿੱਤਾ। ਰਾਤ ਨੂੰ ਬੀਬੀ ਦੇ ਇਕ ਪਾਸੇ ਉਹ ਸੌਂ ਜਾਂਦੀ, ਇਕ ਪਾਸੇ ਮੈਂ। ਬੀਬੀ ਸੌਂ ਜਾਂਦੀ ਤਾਂ ਮੈਂ ਬੀਬੀ ਦੇ ਉੱਤੋਂ ਦੀ ਪੋਲੀ ਜਿਹੀ ਲੱਤ ਲੰਘਾ ਕੇ ਉਹਦੇ ਪੈਰ ਦੇ ਅੰਗੂਠੇ ਨੂੰ ਆਪਣੇ ਪੈਰ ਦੇ ਅੰਗੂਠੇ ਨਾਲ ਨੱਪ ਲੈਂਦਾ..."

"... ਲਓ ਜੀ! ਉਥੋਂ ਹੀ ਮੈਂ ਹਵਾਈ ਜਹਾਜ਼ ਲੈਣੇ ਪੜ੍ਹਨੇ ਪੈ ਗਿਆ। ਐਡਾ ਵੀ ਹਵਾਈ ਜਹਾਜ਼ਾਂ ਵਾਲਾ ਲਾਗੇ ਸੀ। ਆਹ ਜਿਵੇਂ ਐਥੋ ਮਾਲ ਗੱਡੀ ਲੰਘਣ ਡਹੀ ਐ... ਐਂਜ ਈ ਰੋਜ਼ ਹਵਾਈ ਜਹਾਜ਼ ਉੱਡਣੇ। ਮੈਂ ਆਖਣਾ, "ਡੈਡੀ ਮੈਨੂੰ ਹਵਾਈ ਜਹਾਜ਼ ਲੈ ਕੇ ਦੇਹ..." ਡੈਡੀ ਆਂਹਦਾ "ਓ ਯਾਰ! ਤੈਨੂੰ ਕੁੜੀ ਤਾਂ ਮੈਂ ਲਿਆ ਦਿੱਤੀ ਆ, ਹੁਣ ਤੈਨੂੰ ਮੈਂ ਹਵਾਈ ਜਹਾਜ਼ ਕਿੱਥੋਂ ਲੈ ਦਿਆਂ?"

"... ਮੈਂ ਆਖਿਆ, "ਕੁੜੀ ਆਵੇ ਤਾਂ ਪਿੱਛੋਂ ਹਵਾਈ ਜਹਾਜ਼ ਆਉਣਾ ਹੀ ਆਉਣਾ ਹੁੰਦੈ... ਉਹਨੂੰ ਹੂਟੇ ਨਹੀਂ ਦਿਵਾਉਣੇ ਹੁੰਦੇ। ... ਮੈਂ ਤਾ ਜਹਾਜ਼ ਲੈਣਾ ਭਾਵੇਂ ਪੋਲੀ ਵੇਚ ਕੇ ਲੈ ਦਿਓ ਤੇ ਭਾਵੇਂ ਕਿਤਰਾਂ ਲੈ ਦਿਓ। ਲੈਣਾ ਜਹਾਜ਼ ਈ ਆ... ਹੋਰ ਕੁਝ ਨਹੀਂ..."

".... ਉਹ ਆਂਹਦਾ, "ਪੁੱਤ! ਚੱਲ ਐਂ ਕਰਦੇ ਆਂ ਤੈਨੂੰ ਮੇਲੇ 'ਚੋਂ ਲੈ ਦੇਨੇ ਆਂ ... ਹੱਟੀ 'ਤੇ ਵਿਕਦਾ..."

"... ਮੈਂ ਆਖਿਆ , "ਭਾਪਾ! ਆਪਾਂ ਦੁਨੀਆਂ ਦਾ ਮੇਲਾ ਵੇਖਣ ਆਏ ਆਂ, ਪਿੰਡ ਦਾ ਨਹੀਂ । ਜਹਾਜ਼ ਲੈਣਾ ਮੈਂ ਤਾਂ। ਤੇ ਲੈਣਾ ਵੀ ਉਹੋ ਜਿਹਦੇ ਵਿਚ ਮੈਨੂੰ ਬਾਹਰਲੇ ਮੁਲਕਾਂ 'ਚ ਫਿਰਾ ਤੁਰਾ ਕੇ ਲਿਆਇਆ ਸੈਂ ਲੰਡਨ ਤੇ ਕੈਨੇਡਾ। ਜਿਨ੍ਹਾਂ ਚਿਰ ਜਹਾਜ਼ ਨਹੀਂ ਲੈਕੇ ਦੇਂਦਾ .....ਸਕੂਲੇ ਮੈਂ ਵੀ ਨਹੀਂ ਜਾਂਦਾ.....!"

"... ਉਹ ਘਰ ਆਕੇ ਬੀਬੀ ਨੂੰ ਆਂਹਦਾ, "ਭਲੀਏ ਲੋਕੇ! ਪੈ ਗਿਆ ਰੱਟਾ ਹੁਣ ਤਾਂ ... ਮੁੰਡਾ ਜਿਦ ਈ ਬੜੀ ਕਰਦੈ। ਕੀ ਕਰੀਏ?"

"...ਉਹਨੇ ਆਖਿਆ,"ਜਿਹੜਾ ਚਾਰ ਸੌ ਕਰੋੜ ਰੁਪਈਆ ਬੈਂਕ 'ਚ ਜਮ੍ਹਾਂ ਕਰਵਾਇਆ ਜੇ ਉਹ ਕਢਾਓ ਹੁਣ। ਧੀਆਂ ਪੁੱਤਾਂ ਨਾਲੋਂ ਕੀ ਚੰਗੀ..."

"... ਲਓ ਜੀ ਜਹਾਜ਼ ਲੈ ਲਿਆ। ਪਿਓ ਨੇ ਚਲਾਉਣਾ ਤੇ ਮੈਂ ਤੇ ਸੁੰਦੇਵੀ ਦੇ ਨਾਲ ਬਹਿਣਾ। ਫਿਰ ਮੈਂ ਆਪ ਈ ਜਹਾਜ਼ ਉਡਾਉਣ ਲੱਗ ਪਿਆ। ਉਧਰੋਂ ਸਵਾਰੀਆਂ ਏਨੀਆਂ ਪੈਣ ਡਹਿ ਪਈਆਂ ਕਿ ਕੋਈ ਸੁਰ ਸੁਾਬ ਹੀ ਨਾ ਰਿਹਾ। ਪੰਜਾਹ ਪੰਜਾਹ... ਚਾਲੀ ਚਾਲੀ ਹਜ਼ਾਰ ਦੀ ਟਿਕਟ। ਮੈਂ ਰਾਜੇਸਾਂਸੀ ਤੋਂ ਚਲਾਉਣਾ ਲੰਡਨ ਤੇ ਲੰਡਨ ਤੋਂ ਸਿੱਧਾ ਬੰਬਈ ਆਪਣੇ ਘਰ। ਏਨੀ ਖੱਟੀ ਹੋਈ ਕਿ ਮੈਂ ਤਿੰਨਾਂ ਚੌਹ ਮਹੀਨਿਆਂ ਵਿਚ ਹੀ ਭਾਪੇ ਦੇ ਪੈਸੇ ਮੋੜ 'ਤੇ ਤੇ ਉਹਨੂੰ ਆਖਿਆ- ਲੈ ਪਈ ਹੁਣ ਜਹਾਜ਼ ਮੇਰਾ...ਉਹ ਜਹਾਜ਼ ਹੁਣ ਮੇਰੇ ਨਾ ਉੱਤੇ ਈ ਆ..."

ਗੱਲ ਕਿਉਂਕਿ ਹੋਰ ਦੀ ਹੋਰ ਪਾਸੇ ਹੋ ਤੁਰੀ ਸੀ ਇਸ ਲਈ ਕਿਸੇ ਨੇ ਉਹਨੂੰ ਟਿਕਾਣੇ ਸਿਰ ਆਉਣ ਲਈ ਕਿਹਾ, "ਯਾਰ ! ਤੂੰ ਸੁੰਦੇਵੀ ਦੀ ਗੱਲ ਸੁਣਾ..."



"ਉਥੇ ਹੀ ਆਉਣ ਲੱਗਾ ਮੈਂ । ਮੈਂ ਉਸਨੂੰ ਆਖਿਆ, ਹੁਣ ਤਾਂ ਤੇਰੇ ਲਈ ਜਹਾਜ਼ ਵੀ ਲੈ 'ਤਾ ਕੁਪੱਤ ਪਾ ਕੇ। ਹੁਣ ਆਪਾਂ 'ਕੱਠੇ ਰਿਹਾ ਕਰੀਏ।"

"ਕੱਠੇ ਤਾਂ ਅੱਗੇ ਹੀ ਰਹਿੰਦੇ ਸੀ ਤੁਸੀਂ ?" ਕਿਸੇ ਨੇ ਨਿਨਵਾਂ ਲਿਆ। "ਅੱਗੇ ਤਾਂ ਬੀਬੀ ਦੇ ਕਮਰੇ 'ਚ ਸੌਂਦੀਦਾ ਸੀ। ਹੁਣ ਮੈਂ ਆਖਿਆ, ਆਪਾਂ ਆਪਣੇ ਕਮਰੇ 'ਚ ਸੌਇਆਂ ਕਰੀਏ। ਪਲੰਘ 'ਤੇ ਚੜ੍ਹ ਕੇ... ਪਰ ਸਰਦਾਰ ਜੀ ਉਥੋਂ ਹੀ ਪੰਗਾ ਪੈ ਗਿਆ ... ਭਾਪੇ ਨੂੰ ਪਤਾ ਲੱਗਾ ਤਾਂ ਉਹਨੂੰ ਚੜ੍ਹ ਲਾਲੀਆਂ ਗਈਆਂ। ਮੈਂ ਤਾਂ ਜੀ ਡਰਦਾ ਡੰਗਰਾਂ ਵਾਲੇ ਅੰਦਰ ਲੁਕ ਗਿਆ। ਭਾਪਾ ਸ਼ੂਟਿੰਗ 'ਤੇ ਚਲਾ ਗਿਆ ਤਾਂ ਬੀਬੀ ਨੇ ਫੋਨ ਕਰਕੇ ਗੁਰਮੀਤ ਭੈਣ ਜੀ ਨੂੰ ਸੱਦ ਲਿਆ। ਮੈਨੂੰ ਗੁਰਮੀਤ ਭੈਣ ਜੀ ਆਪਣੇ ਘਰ ਲੈ ਗਈ। ਉਹਨੇ ਉਥੇ ਬੜਾ ਪਿਆਰ ਕਰਨਾਂ। ਪੁੱਤਾਂ ਵਾਂਗ ਨਹਾਉਣਾ। ਕੁਰਸੀ ਕੋਲ ਬਿਠਾ ਕੇ ਪੜ੍ਹਾਉਣਾ... ਦੁੱਧ ਪਿਆਉਣਾ। ਸਬਕ ਸੁਣਨਾ ਤਾਂ ਮੈਂ ਕਰੀ ਜਾਣਾ 'ਨੌ ਬਾਰਾਂ ਦਸ'। ਹਾਰ ਕੇ ਉਹ ਮੈਨੂੰ ਘਰ ਛੱਡ ਗਈ..."

"...ਭਾਪੇ ਅੱਗੇ ਪੇਸ਼ੀ ਹੋਈ ਤਾਂ ਉਹਨੇ ਲਾਹ ਲਿਆ ਛਿੱਤਰ। ਤਾੜ-ਤਾੜ ਮੇਰੇ ਸਿਰ 'ਚ ਮਾਰੀ ਜਾਵੇ ਤੇ ਆਖੇ,"ਜੰਮ ਮੁੱਕਿਆ ਨਹੀਂ ਤੇ ਆਂਹਦੇ ਵੱਖਰੇ ਕਮਰੇ 'ਚ ਸੌਣਾ। ਤੈਨੂੰ ਸਵਾਊਂ ਹੁਣ ਮੈਂ ਉਸੇ ਕੱਚੇ ਕੋਠੇ 'ਚ ... ਜਿਹੜਾ ਬਾਬੇ ਨੇੜੇ ਦਾ ਮੀਂਹ 'ਚ ਢਹਿ ਗਿਐ..."

"... ਫੇਰ ਕੇ ਬੀਬੀ ਨੇ ਛੁਡਾਇਆ। ਗੁੱਸੇ 'ਚ ਘਰਕਦਾ ਹੋਇਆ ਆਖਣ ਲੱਗਾ, "ਤੂੰ ਏਨੇ ਦਿਨ ਰਿਹਾ ਕਿਥੇ ਏਂ ਉਏ? ਉਹ ਤੇਰੀ ਮਾਂ ਲੱਗਦੀ ਸੀ ਜੀਹਦੇ ਕੋਲ ਬੈਠਾ ਰਿਹੋਂ ਜਾਕੇ..."

"... ਗੁੱਸਾ ਮੈਨੂੰ ਵੀ ਬੜਾ ਸੀ। ਮੈਂ ਆਖ ਦਿੱਤਾ, " ਹਾਹੋ! ਮਾਂ ਈ ਲੱਗਦੀ ਆ..."

"ਉਹਨੇ ਫੇਰ ਮੈਨੂੰ ਵਾਲਾਂ ਤੋਂ ਫੜ ਕੇ ਕੁੱਟਣਾ ਸ਼ੁਰੂ ਕਰ ਦਿੱਤਾ। ਆਖੇ, "ਜੇ ਤੂੰ ਮਾਵਾਂ ਨਵੀਆਂ ਬਣਾਈ ਫਿਰਦੈਂ ਤਾਂ ਪਿਓ ਵੀ ਹੁਣ ਨਵਾਂ ਹੀ ਬਣਾਵੀਂ..."

"ਬੀਬੀ ਨੇ ਘੁੱਟ ਕੇ ਮੈਨੂੰ ਹਿੱਕ ਨਾਲ ਲਾ ਲਿਆ ਤੇ ਗੁੱਸੇ ਵਿਚ ਉਹਨੂੰ ਆਖਣ ਲੱਗੀ, "ਹੋ ਹਾਇ! ਮੁੰਡੇ ਨੂੰ ਮਾਰ ਈ ਸੁੱਟਣਾ ਜੇ...ਜੇ ਕਿਤੇ ਥਾਂ-ਕੁਥਾਂ 'ਤੇ ਸੱਟ ਲੱਗ ਗਈ ..."

"ਭਾਪਾ ਗੁੱਸੇ ਵਿਚ ਬੋਲੀ ਗਿਆ, "ਇਹ ਨਿਆਣੀ ਤੇਰੇ ਪਿੱਛੇ ਤੈਨੂੰ ਲੱਭ ਲੱਭ ਕੇ ਰੋਂਦੀ ਰੋਂਦੀ ਕਮਲੀ ਹੋਈ ਫਿਰਦੀ ਰਹੀ ਤੇ ਤੂੰ ਜਾ ਕੇ ਉਸ ਮਾਂ ਕੋਲ ਬੈਠਾ ਰਿਹੋਂ। ਹੁਣ ਦੱਸ ਕਿੱਤਰਾਂ ਕਰਨੀ ਉਂ? ਕੋਠੇ ਵੱਲ ਤਾਹ ਉਂਡਦੇ ਗੁੱਡਿਆਂ ਵੱਲ ਨਾ ਵੇਖ ਪਈ ਮੈਂ ਵੀ ਕੋਠੇ 'ਤੇ ਚੜ੍ਹ ਕੇ ਗੁੱਡੇ ਉਡਾਉਣੇ ਨੇ। ਤੇਰੇ ਗੁੱਡੇ ਕੱਟੇ ਗਏ ਤੇ ਡੋਰ ਲੁੱਟੀ ਗਈ ਸਮਝ। ਜਿਹੜੀ ਰੋਟੀ ਖਾਣੀ ਊਂ ਖਾ ਲੈ ਅੱਜ ਦੀ ਦਿਹਾੜੀ। ਜਿੰਨਾ ਰੱਜਣਾ ਈ ਰੱਜ ਲੈ। ਸਵੇਰੇ ਤੋਂ ਪਿੱਛੋਂ ਤੂੰ ਮੇਰੇ ਮੱਥੇ ਨਹੀਂ ਲੱਗਣਾ। ਇਹਨਾਂ ਦੂਜੇ ਦੋਹਵਾਂ ਮੁੰਡਿਆਂ ਵੱਲ ਤਾਂ ਵੇਖ... ਸੰਨੀ ਤੇ ਬੌਬੀ ਵੱਲ... ਇਹਨਾਂ 'ਚੋਂ ਕਿਸੇ ਨੇ ਐਕਟਰ ਬਣ ਜਾਣਾ ਤੇ ਕਿਸੇ ਨੇ ਡਰੈਕਟਰ। ਤੂੰ ਹੁਣ ਕਿਤੇ ਹੋਰ ਈ ਡਰੈਕਟਰ ਬਣੇਂਗਾ। ਤੇਰੇ ਤੋਂ ਪੱਠੇ ਵਢਾਊਂ ਜੱਟਾਂ ਦੇ... ਤੈਨੂੰ ਬਰੈਡ ਨਹੀਂ ਪਚਦੀ, ਨਾ ਈ ਦੁੱਧ ਪਚਦਾ..."

"... ਅਗਲੇ ਦਿਨ ਜਦੋਂ ਬਾਬਾ ਬੋਲਿਆ ਉਸੇ ਵੇਲੇ ਮੈਨੂੰ ਸਕਿਓਰਿਟੀ ਵਾਲਿਆਂ ਜਗਾ ਲਿਆ ਤੇ ਲਿਆ ਕੇ ਮੈਨੂੰ ਰੇਲ ਦੇ ਡੱਬੇ 'ਚ ਸੁੱਟ ਦਿੱਤਾ। ਰੇਲ ਉਥੋਂ ਚੱਲੀ ਤੇ ਅੰਬਰਸਰ ਆ ਲੱਗੀ। ਮੈਂ ਅੰਬਰਸਰ ਉਤਰ ਗਿਆ। ਏਥੇ ਦੁੱਧ ਪੀਤਾ, ਰੋਟੀ ਖਾਧੀ, ਰਾਤ ਰਿਹਾ। ਅਗਲੇ ਦਿਨ ਮੈਂ ਅਟਾਰੀ ਵਾਲੀ ਗੱਡੀ 'ਚ ਬਹਿ ਗਿਆ। ਏਥੇ ਉਤਰਿਆ ਤਾਂ ਬਚਨ ਲੁਹਾਰ ਨੇ ਮੈਨੂੰ ਵੇਖ ਲਿਆ। ਬਾਬਾ ਨੈਣਾ ਉਦੋਂ ਰੇਲਵਾਈਆਂ 'ਚ ਕੰਮ ਕਰਦਾ ਸੀ। ਬਚਨ ਨੇ ਨੈਣੇ ਨੂੰ ਆਖਿਆ, "ਬਾਬਾ। ਮੁੰਡਾ ਵਾਹਵਾ ਈ ਕਿਸੇ ਚੰਗੇ ਘਰ ਦਾ। ਇਹਨੂੰ ਰੱਖ ਲੈ। ਹੁਣ ਡੰਗਰ ਚਰਵਾ ਜੱਟਾਂ ਦੇ। ਵੱਡਾ ਹੋਊ ਤਾਂ ਆਥੜੀ ਕਰਵਾਈਂ।" ਬਾਬਾ ਮੈਨੂੰ ਘਰ ਲੈ ਆਇਆ। ਜਿਹੜਾ ਮੇਰੇ ਕੋਲ ਤੀਹ ਪੈਂਤਠ ਹਜ਼ਾਰ ਰੁਪਈਆ ਸੀ ਉਹ ਵੀ ਕੱਢ ਲਿਆ। ਸੋਨੇ ਦੀ ਘੜੀ, ਕੜਾ ਤੇ ਛਾਪ ਵੀ ਲਾਹ ਲਏ। ਕਿਤਾਬਾਂ ਮੇਰੀਆਂ ਹੌਲੀ ਹੌਲੀ ਪਾਟ ਗਈਆਂ, ਬਸਤਾ ਮੇਰਾ ਕਿੱਲੀ ਉੱਤੇ ਹੀ ਟੰਗਿਆ ਰਹਿ ਗਿਆ ਤੇ ਮੈਂ ਨੰਬਰਦਾਰਾਂ ਦੇ ਡੰਗਰ ਚਾਰਨ 'ਤੇ ਲੱਗ ਗਿਆ..."

ਉਸਨੇ ਸਾਰੀ ਕਹਾਣੀ ਖ਼ਤਮ ਕਰਕੇ ਲੰਮਾ ਹਉਕਾ ਲਿਆ।

ਸਾਰੇ ਉਸ ਵੱਲ ਤਰਸ, ਹਮਦਰਦੀ ਤੇ ਪ੍ਰਸ਼ੰਸਾ ਦੇ ਰਲੇ-ਮਿਲੇ ਭਾਵਾਂ ਨਾਲ ਤੱਕ ਰਹੇ ਸਨ। ਇਕ ਜਣੇ ਨੇ ਉਸ ਵੱਲੋਂ ਕਮਾਲ ਦੇ ਸੁਪਨੇ ਸਿਰਜਣ ਤੇ ਉਹਨਾਂ ਨੂੰ ਦਿਲਚਸਪ ਤਰਤੀਬ ਵਿਚ ਪੇਸ਼ ਕਰਨ ਦੀ ਵਡਿਆਈ ਕੀਤੀ ਤਾਂ ਪਹਿਲਾਂ ਹੀ ਖਪਿਆ ਖਿਝਿਆ ਬੈਠਾ ਕਾਮਰੇਡ ਗੁਰਨਾਮ ਬੋਲ ਪਿਆ,

"ਕਾਹਦੇ ਸੁਪਨੇ ਤੇ ਕਾਹਦੀ ਤਰਤੀਬ। ਵਿਚਾਰਾ ਖੰਡਿਤ ਤੇ ਬੇਤਰਤੀਬਾ ਮਨੁੱਖ... ਤੁਸੀਂ ਤਮਾਸ਼ਬੀਨ ਬਣਕੇ ਉਹਨੂੰ ਮਜ਼ਾਕ ਬਣਾ ਧਰਿਐ। ਤੁਹਾਡੀ ਇਹੋ ਜਿਹੀ ਪ੍ਰਸ਼ੰਸਾ ਨੇ ਉਹਨੂੰ ਹੋਰ ਕਮਲਾ ਕਰ ਦੇਣੈਂ। ਇਹ ਹੱਸਣ ਦੀ ਥਾਂ ਨਹੀਂ... ਸਮਝਣ ਦੀ ਥਾਂ ਹੈ। ਪਰ ਇਹਨੂੰ ਤੁਸੀਂ ਤਾਂ ਹੀ ਸਮਝੋਗੇ ਜੇ ਆਪਣੇ ਆਪਨੂੰ ਸਮਝੋ। ਆਪਾਂ ਵੀ ਸਾਰੇ ਸੁਪਨੇ ਲੈਂਦੇ ਆਂ... ਆਪਾਂ ਵੀ ਸਾਰੇ ਅੰਦਰੋਂ ਬੇਤਰਤੀਬੇ ਹਾਂ... ਆਪਾਂ ਵੀ ਸਾਰੇ ਪਾਗਲ ਆਂ। ਫ਼ਰਕ ਸਿਰਫ਼ ਏਨਾ ਹੈ ਕਿ ਸਾਡੇ ਪਾਗਲਪਨ ਤੇ ਸਿਆਣਪ ਵਿਚ ਅਸੀਂ ਇਕ ਨਿੱਕਾ ਜਿਹਾ ਪਰਦਾ ਤਾਣ ਲੈਣ ਦੇ ਸਮਰੱਥ ਹਾਂ ਤੇ ਇਹਦਾ ਉਹ ਪਰਦਾ ਪਾਟ ਗਿਐ... ਇਹਦਾ ਉਹ ਪਾਟਾ ਪਰਦਾ ਸੀਣ ਦੀ ਕੋਸ਼ਿਸ਼ ਕਰੋ ਅਕਲਮੰਦੋ..."

ਉਹ ਗਲਾਸ ਵਿਚ ਬਚੀ ਬਾਕੀ ਸ਼ਰਾਬ ਸੰਘੋਂ ਵਿਚ ਇਕੋ ਸਾਹੇ ਪੀ ਗਿਆ।

ਗੁਰਨਾਮ ਦੀ ਝਿੜਕ ਸੁਣ ਕੇ ਸਾਰੇ ਜਣੇ ਚੁੱਪ ਕਰ ਗਏ ਪਰ ਨਿੰਦਰ ਨੂੰ ਉਸਦੀਆਂ ਗੱਲਾਂ ਸਮਝ ਨਹੀਂ ਆਈਆਂ।

"ਏਥੇ ਆ ਕੇ ਫਿਰ ਐਂ ਈ ਲੰਘੀ ਜ਼ਿੰਦਗੀ। ਪਹਿਲਾਂ ਡੰਗਰ ਚਾਰੇ। ਫਿਰ ਆਥੜੀ ਕੀਤੀ। ਪਹਿਲੇ ਪੰਜ ਚਾਰ ਸਾਲ ਨੰਬਰਦਾਰਾਂ ਨਾਲ ਲਾਏ, ਹੁਣ ਕਈ ਸਾਲਾਂ ਤੋਂ ਚਾਚੇ ਹੁਰਾਂ ਨਾਲ ਆਂ। ਨੰਬਰਦਾਰਾਂ ਨਾਲ ਸਾਂ ਜਦੋਂ ਮੈਂ ਪਹਿਲੀ ਫ਼ਿਲਮ ਵੇਖੀ..."

ਜਸਪਾਲ ਨੇ ਨਵਾਂ ਹਾੜਾ ਪਾਉਂਦਿਆਂ ਆਖਿਆ, "ਬੱਸ ਓਸੇ ਫ਼ਿਲਮ ਤੋਂ ਹੀ ਬੇੜਾ ਗਰਕ ਹੋਇਆ। ਪਹਿਲਾਂ ਚੰਗਾ-ਭਲਾ ਹੁੰਦਾ ਸੀ, ਉਸਤੋਂ ਬਾਅਦ ਹੀ ਪਰਾਂ ਤੋਂ ਚੱਲਿਐਂ। ... ਦੱਸ ਉਏ ਫ਼ਿਲਮ 'ਚੋਂ ਕੀ ਵੇਖਿਆ ਫਿਰ?"



"ਮੈਂ? ਮੈਂ ਫ਼ਿਲਮਾਂ ਵੇਖ ਕੇ ਸੋਚਿਆ ਕਿ ਗ਼ਰੀਬ ਕਿਵੇਂ ਅਮੀਰ ਹੋ ਜਾਂਦੇ ਆ ਤੇ ਅਮੀਰ ਗ਼ਰੀਬ ਕਿੰਜ ਹੁੰਦੇ ਨੇ। ਬਚਪਨ 'ਚ ਵਿਛੜੇ ਹੋਏ ਵੱਡੇ ਹੋ ਕੇ ਮਿਲ ਜਾਂਦੇ ਨੇ। ਜਨਾਨੀ ਤੇ ਬੰਦਾ ਆਪਸ ਵਿਚ ਪਿਆਰ ਕਿਵੇਂ ਕਰਦੇ ਨੇ। ਸੋਹਣੀਆਂ ਹੋ ਵੱਡੀਆਂ ਵੱਡੀਆਂ ਕੋਠੀਆਂ ਜਿਹੀਆਂ ਹੁੰਦੀਆਂ। ਕੁੜੀਆਂ ਨੱਚਦੀਆਂ ਕਿਵੇਂ ਨੇ। ਬੱਚੇ ਮਾਂ ਪਿਉ ਨੂੰ ਤੇ ਮਾਂ-ਪਿਉ ਬੱਚਿਆਂ ਨੂੰ ਕਿਵੇਂ ਪਿਆਰ ਕਰਦੇ ਨੇ। ਇੰਜ ਹੀ ਮੈਨੂੰ ਵੀ ਪਿਆਰ ਹੋ ਗਿਆ...ਬੱਸ ਹੁਣ ....."

ਉਹਦੀ ਗੱਲ ਸਤਿਨਾਮ ਨੇ ਮੂੰਹੋਂ ਖੋਹ ਲਈ, "ਬੱਸ ਹੁਣ ਤੂੰ ਫ਼ਿਕਰ ਨਾ ਕਰ। ਅਸੀਂ ਤੈਨੂੰ ਪਹਿਲਾ ਜਾਣ ਕੇ ਨਹੀਂ ਸੀ ਦੱਸਿਆ,' ਸਤਿਨਾਮ ਨੇ ਗੁਰਨਾਮ ਨੂੰ ਚਿੜਾਉਣ ਲਈ ਕਿਹਾ, "ਸ੍ਰੀਦੇਵੀ ਦੇ ਅੰਕਲ ਆਏ ਹੋਏ ਨੇ ਸਾਡੇ ਨਾਲ ...." ਉਸਨੇ ਸਭ ਤੋਂ ਵੱਡੀ ਉਮਰ ਦੇ ਮਹਿਮਾਨ ਵੱਲ ਇਸ਼ਾਰਾ ਕੀਤਾ।

ਮੱਠੇ-ਮੱਠੇ ਨਸ਼ੇ ਦੇ ਸਰੂਰ ਵਿਚ ਜਦੋਂ ਉਹ ਕਾਰ ਉੱਤੇ ਸਵਾਰ ਹੋਣ ਲੱਗੇ ਤਾਂ ਸ੍ਰੀਦੇਵੀ ਦੇ ਨਵੇਂ ਬਣੇ ਅੰਕਲ ਨੇ ਵੀਹ ਦਾ ਨੋਟ ਪਰਸ ਵਿਚੋਂ ਕੱਢਦਿਆਂ ਦੂਜੇ ਸਾਥੀਆਂ ਤੋਂ ਇਕ ਰੁਪੈ ਦਾ ਨੋਟ ਮੰਗ ਪੂਰੇ ਇੱਕੀ ਰੁਪੈ ਨਿੰਦਰ ਦੇ ਹੱਥ ਉੱਤੇ ਸ਼ਗਨ ਵਜੋਂ ਰੱਖੇ ਤੇ ਉਹਦੇ ਸਿਰ ਉੱਤੇ ਪਿਆਰ ਦਿੱਤਾ।

ਨਿੰਦਰ ਨੇ ਝੁਕ ਕੇ ਉਹਦੇ ਗੋਡਿਆਂ ਨੂੰ ਹੱਥ ਲਾਇਆ ਤਾਂ ਬੁੜਬੁੜਾਉਂਦਾ ਹੋਇਆ ਕਾਮਰੇਡ ਗੁਰਨਾਮ ਇਹਨਾਂ ਸਿਆਣਿਆਂ ਦੀ ਅਕਲ ਨੂੰ ਕੋਸਣ ਲੱਗਾ।

ਗੱਲ ਤਾਂ ਹੁਣ ਲਗਪਗ ਪੱਕੀ ਹੋ ਗਈ ਸੀ। ਜਦੋਂ ਕੁੜੀ ਦਾ ਚਾਚਾ ਆਕੇ ਰੁਪਈਆ ਤਲੀ ਉੱਤੇ ਧਰ ਗਿਆ ਤਾਂ ਪਿੱਛੇ ਕੀ ਰਹਿ ਗਿਆ। ਅਗਲੇ ਦਿਨ ਉਸ ਨੇ ਜਸਵੰਤ ਤੋਂ ਆਪਣੀ ਮਾਸਿਕ 'ਤਨਖਾਹ ਦੇ ਜਮਾਂ ਪੈਸੇ ਲੈ ਕੇ ਨਵੀਂ ਪੈਂਟ ਕਮੀਜ਼ ਬਣਵਾਈ। ਉਨਾਬੀ ਪੱਗ ਖ਼ਰੀਦ ਲਈ। ਪੈਰਾਂ ਲਈ ਬੂਟ ਅਤੇ ਜੁਰਾਬਾਂ। ਸਵੇਰੇ ਘਰੋਂ ਕੰਮ ਉੱਤੇ ਆਉਣ ਲੱਗਾ ਉਹ ਇਹ ਕੱਪੜੇ ਪਾ ਕੇ ਗਲੀਆਂ ਵਿਚੋਂ ਲੰਘਦਾ। ਪੂਰਾ ਸਰਦਾਰ ਸਾਅਬ ਬਣ ਕੇ। ਕੰਮ ਵੇਲੇ ਕੱਪੜੇ ਬਦਲ ਲੈਂਦਾ। ਸ਼ਾਮੀਂ ਪੱਠੇ ਦੱਥੇ ਤੋਂ ਵਿਹਲਾ ਹੋ ਕੇ ਫਿਰ ਕੱਪੜੇ ਪਹਿਨਦਾ ਤੇ ਪਿੰਡ ਦਾ ਚੱਕਰ ਲਾਉਂਦਾ। ਉਹਦੀ ਚਾਅ ਵਿਚ ਅੱਡੀ ਭੁੰਜੇ ਨਾ ਲਗਦੀ। ਛੇਤੀ ਹੀ ਸ੍ਰੀਦੇਵੀ ਉਹਦੀ ਬੁੱਕਲ ਵਿਚ ਆਉਣ ਵਾਲੀ ਸੀ।

ਪਰ ਇਸ ਧੰਦੇ ਦਾ ਉਹ ਕੀ ਕਰਦਾ। ਕੁਝ ਦਿਨਾਂ ਬਾਅਦ ਉਹਨੂੰ ਇਕੱਲਾ ਪੱਠੇ ਵੱਢਦਿਆਂ ਵੇਖ ਉਹ ਆਪਣੀ ਦਾਤਰੀ ਤੇ ਪੱਲੀ ਵੱਟ ਉੱਤੇ ਰੱਖ ਕੇ ਉਹਨੂੰ ਪੁੱਛਣ ਲੱਗੀ, "ਵੇ ਸੁਣਿਐਂ, ਰੋੜੀ ਰੁਪਇਆ ਦੇ ਗਏ ਨੇ ਤੈਨੂੰ .....?"

ਨਿੰਦਰ ਨੇ ਵੱਢਿਆ ਹੋਇਆ ਪੱਠਿਆਂ ਦਾ ਰੁੱਗ ਢੇਰੀ ਉੱਤੇ ਰੱਖਿਆ ਤੇ ਉਹਦੇ ਵੱਲ ਵੇਖ ਕੇ ਮੁਸਕਰਾਇਆ,

"ਤੈਨੂੰ ਕੀਹਨੇ ਦੱਸਿਐ?"

"ਲੈ। ਸਾਰੇ ਪਿੰਡ ਤੇ ਇਲਾਕੇ 'ਚ ਦੁਹਾਈ ਮੱਚੀ ਪਈ ਐ।" ਫਿਰ ਉਹ ਨਾਚੜ ਕੇ ਬੋਲੀ, "ਸਾਡਾ ਤਾਂ ਨੰਬਰ ਕੱਟਿਆ ਗਿਆ ਨਾ ਫੇਰ?"

ਉਹਦੇ ਸਊਲੇ ਚਿਹਰੇ ਸਦਕਾ ਉਹਦੇ ਹੱਸਦੇ ਦੰਦ ਹੋਰ ਵੀ ਚਿੱਟੇ ਹੋ ਗਏ।

ਨਿੰਦਰ ਨੂੰ ਅੱਗੋਂ ਕੋਈ ਗੱਲ ਨਾ ਸੁੱਝੀ। ਉਹਦੇ ਵੱਲ ਬਿਟ-ਬਿਟ ਵੇਖਦਾ ਰਿਹਾ।

"ਹੁਣ ਆਪਣੇ ਵਿਆਹ ਉੱਤੇ ਤਾਂ ਸੱਦੇਂਗਾ ਨਾ ?" ਪੰਤੋ ਦੇ ਬੋਲੇ ਦੋ ਵਾਕਾਂ ਨੇ ਉਸ ਅੰਦਰ ਖ਼ਾਬੀ ਭਰ ਦਿੱਤੀ ਤੇ ਉਹ ਖਿਡੌਣੇ ਵਾਂਗ ਉਛਲ ਕੇ ਖੜ੍ਹੋ ਗਿਆ। ਪੁੱਛਣਾ ਚਾਹਿਆ, "ਤੂੰ ਸੱਚੀਂ ਵਿਆਹ ਕਰਵਾਉਣਾ ਸੀ ਮੇਰੇ ਨਾਲ ?" ਪਰ ਉਹਦੇ ਮੂੰਹੋਂ ਨਿਕਲ ਗਿਆ, "ਲੈ ਸੱਦਣਾ ਕਿਉਂ ਨਹੀਂ। ਮੇਰੇ ਵਿਆਹ ਉੱਤੇ ਤੂੰ ਹੀ ਤਾਂ ਘੋੜੀਆਂ ਗਾਉਣੀਆਂ ਨੇ।"

ਉਹ ਖਿੜ-ਖਿੜਾ ਕੇ ਹੱਸੀ ਤੇ ਦਾਤਰੀ ਚੁੱਕ ਕੇ ਟੱਕ 'ਚ ਬੈਠ ਗਈ, "ਗਾਂ ਲਈ ਚੋਰੀ ਕੁ ਪੱਠੇ ਵੱਢ ਲਾਂ...."

"ਆਹ ਵੇਖ ਵੱਢੇ ਪਏ। ਤੇਰੇ ਈ ਆ।"

ਉਹ ਆਪ ਉਹਦੀ ਪੱਲੀ ਵਿਛਾਉਣ ਲੱਗ ਪਿਆ। ਜਸਵੰਤ ਹੁਰੀਂ ਦੋਵੇਂ ਭਰਾ ਅੱਜ ਸ਼ਹਿਰ ਗਏ ਹੋਏ ਸਨ ਤੇ ਚਾਰੇ-ਚੱਕ ਜਸਵੰਤ ਉਸੇ ਦੀ ਸੀ।

ਜਦੋਂ ਉਹ ਪੱਠੇ ਚੁੱਕ ਕੇ ਤੁਰ ਗਈ ਤਾਂ ਟੱਕ ਵਿਚ ਬੈਠਾ ਉਹ ਸੋਚਣ ਲੱਗਾ। ਉਹਨੂੰ ਪੰਤੋ ਤੇ ਸ੍ਰੀ ਦੇਵੀ ਇਕੱਠੀਆਂ ਫ਼ਿਲਮ ਵਿਚ ਨੱਚਦੀਆਂ ਦਿਸੀਆਂ। ਫ਼ਿਲਮਾਂ ਦੇ ਦ੍ਰਿਸ਼ ਵਾਂਗ ਹੀ ਕਦੀ ਪੰਤੋ ਸ੍ਰੀਦੇਵੀ ਬਣ ਜਾਂਦੀ ਤੇ ਕਦੀ ਸ੍ਰੀਦੇਵੀ ਪੰਤੋ। ਉਹਨੇ ਮਨ ਹੀ ਮਨ ਆਖਿਆ, "ਪੰਤੋ ਹੱਸਦੀ ਤਾਂ ਨਿਰੀ ਸ੍ਰੀਦੇਵੀ ਵਾਂਗ ਈ ਐ। ਉਸੇ ਤਰ੍ਹਾਂ ਚਿੱਟੇ ਲਿਸ਼-ਲਿਸ਼ ਕਰਦੇ ਦੰਦ। ਕੱਦ-ਕਾਠ ਵੀ ਉਹਦੇ ਵਾਂਗ .... ਪੂਰੀ ਜਵਾਨ। ਰੰਗ ਥੋੜ੍ਹਾ ਜਿਹਾ ਕਾਲਾ ਹੈ ਤਾਂ ਕੀ ਹੋਇਆ। ਫ਼ਿਲਮਾਂ 'ਚ ਆਪੇ ਪੋਡਰ-ਬੋਡਰ ਲਾਕੇ ਗੋਰਾ ਕਰ ਲੈਂਦੇ ਨੇ। ਅੱਖਾਂ ਭਾਵੇਂ ਬਿੱਲੀਆਂ ਨਹੀਂ ਪਰ ਹੈਨ ਗੁਰਮੀਤ ਭੈਣ ਜੀ ਵਰਗੀਆਂ..."

ਉਹਦਾ ਦਿਲ ਕੀਤਾ ਤੁਰੀ ਜਾਂਦੀ ਪੰਤ ਨੂੰ ਉੱਠ ਕੇ ਵੇਖੇ. ਉਸ ਨੇ ਉੱਠ ਕੇ ਪਿੰਡ ਵੱਲ ਨੂੰ ਜਾਂਦੇ ਰਾਹ 'ਤੇ ਨਜ਼ਰ ਮਾਰੀ ਤਾਂ ਵੇਖਿਆ, ਪੰਤੋ ਪੱਠੇ ਰੱਖਕੇ ਗੁਆਂਢੀ ਖੇਤਾਂ ਵਾਲੇ ਕਾਲਜ ਪੜ੍ਹਦੇ ਮੁੰਡੇ ਸੁਰਜੀਤ ਨਾਲ ਹੱਸ-ਹੱਸ ਕੇ ਗੱਲਾਂ ਕਰਨ ਲੱਗੀ ਹੋਈ ਸੀ। ਉਹਨੂੰ ਇਹ ਦ੍ਰਿਸ਼ ਚੰਗਾ ਨਹੀਂ ਲੱਗਾ। ਉਹ ਓਨਾ ਚਿਰ ਭੋਰ-ਭੋਰ ਹੋਇਆ ਉਹਨਾਂ ਦੋਹਵਾਂ ਵੱਲ ਵੇਖਦਾ ਰਿਹਾ ਜਿਨਾ ਚਿਰ ਪੱਠੇ ਸਿਰ ਉੱਤੇ ਰੱਖਕੇ ਪੰਤੋ ਪਿੰਡ ਨਾ ਤੁਰ ਗਈ।

ਅਗਲੇ ਦਿਨ ਉਹ ਫੇਰ ਪੰਤੋ ਨੂੰ ਉਡੀਕ ਰਿਹਾ ਸੀ। ਉਸਨੂੰ ਆਉਂਦੀ ਵੇਖਿਆ ਤਾਂ ਉਹਦਾ ਦਿਲ ਧੜਕਣ ਲੱਗਾ। ਉਹ ਥੋੜ੍ਹਾ ਜਿਹਾ ਵਲ ਪਾ ਕੇ ਉਸ ਦੇ ਰਾਹ ਵੱਲ ਅੱਗਲਵਾਂਢੀ ਮਿਲਣ ਲਈ ਅਹੁਲਿਆ ਪਰ ਉਹ ਪਾਸਾ ਵੱਟ ਕੇ ਦੂਜੇ ਵੱਟੇ ਪਰੇ ਸੁਰਜੀਤ ਹੁਰਾਂ ਦੇ ਤੂੜੀ ਦੇ ਮੁਸਲਾਂ ਵੱਲ ਨਿਕਲ ਗਈ। ਉਹਨੂੰ ਇਕ ਵਾਰ ਸੁਰਜੀਤ ਦਾ ਝਾਉਲਾ ਜਿਹਾ ਪਿਆ ਪਰ ਫੇਰ ਉਹ ਉਸਨੂੰ ਦਿਸਿਆ ਨਾ।

ਨਿੰਦਰ ਘਬਰਾਇਆ ਤੇ ਪਰੇਸ਼ਾਨ ਓਨਾ ਚਿਰ ਵੱਟ ਉੱਤੇ ਇਧਰ-ਉਧਰ ਘੁੰਮਦਾ ਰਿਹਾ ਜਿਨਾ ਚਿਰ ਉਹ ਪੰਦਰਾਂ-ਵੀਹਾਂ ਮਿੰਟਾਂ ਪਿੱਛੋਂ ਤੂੜੀ ਦਾ ਮਗਰਾ ਲੈ ਲੰਘਦੀ ਹੋਈ ਉਹਨੂੰ ਇਹ ਨਾ ਕਹਿ ਗਈ, "ਬੀਬਾ ਵੀਰ ਬਣਕੇ ਕਿਸ ਨੂੰ ਦੱਸੀਂ ਨਾ।"



ਉਹ ਤੁਰ ਗਈ ਤਾਂ ਉਹਨੇ ਦੁੱਖਾਂ, ਨਿਰਾਸ਼ਾ ਤੇ ਗੁੱਸੇ ਵਿਚ ਹੁੰਗਾਰ ਕੇ ਆਪਣੇ ਆਪ ਨੂੰ ਆਖਿਆ, "ਤੂੜੀ ਕਿਹੜਾ ਮੇਰੀ ਗਈ ਆ।"

ਸ਼ਾਮ ਨੂੰ ਰੋਟੀ ਖਾਣ ਤੋਂ ਬਾਅਦ ਵਿਹਲਾ ਹੋ ਕੇ ਉਹਨੇ ਜਸਵੰਤ ਨੂੰ ਆਖਿਆ, "ਚਾਚਾ ਜੀ। ਆਪਾਂ ਨੂੰ ਇਕ ਫ਼ਿਲਮ 'ਚ ਕੰਮ ਮਿਲ ਗਿਐ..."

"ਕਿਵੇਂ ?" ਜਸਵੰਤ ਮੁਸਕਰਾਇਆ।

"ਭਾਪੇ ਧਰਮਿੰਦਰ ਨੇ ਦਵਾਇਐ..."

"ਉਹਦੇ ਨਾਲ ਕਦੋਂ ਦੀ ਸੁਲਾਹ-ਸਫ਼ਾਈ ਹੋ ਗਈ ?"

"ਸੰਨੀ ਭਾ ਜੀ ਨੇ ਉਹਨੂੰ ਜਾ ਕੇ ਦੱਸਿਆ ਸੀ ਕਿ ਸਾਡਾ ਭਰਾ ਅਰਬਾਂ ਖਰਬਾਂ ਦਾ ਮਾਲਕ ਹੋ ਕੇ ਉਥੇ ਜੱਟਾਂ ਦੇ ਡੰਗਰਾਂ ਨੂੰ ਪੱਠੇ ਪਾਉਂਦੈ। ਅੱਜ ਬੌਬੀ ਵੀਰ ਵੀ ਆਇਆ ਸੀ। ਉਹ ਆਖਦਾ, ਭਾਪਾ ਰੋਜ਼ ਰਾਤ ਨੂੰ ਸ਼ਰਾਬ ਪੀਕੇ ਤੇਰੀ ਤਸਵੀਰ ਵੇਖਕੇ ਤੇ ਤੈਨੂੰ ਯਾਦ ਕਰਕੇ ਰੋਣ ਲੱਗ ਪੈਂਦਾ...। ਫ਼ਿਲਮ ਦੇ ਰੋਲ ਬਾਰੇ ਮੈਨੂੰ ਭਾਪੇ ਨੇ ਆਖਿਆ ਕਿ ਇਸ ਫ਼ਿਲਮ 'ਚ ਤੂੰ ਜਾਂ ਹੀਰੋ ਬਣ ਸਕਦਾ ਏਂ ਜਾਂ ਛਿੱਤਰ ਖਾ ਸਕਦੈਂ। ਦੱਸ ਕੀ ਬਣਨਾ ਈ ? ਮੈਂ ਆਖਿਆ ਹਾਲ ਦੀ ਘੜੀ ਛਿੱਤਰ ਖਾਣ ਵਾਲਾ ਰੋਲ ਈ ਕਰੂੰ। ਇਹਦੀ ਵਾਹਵਾ ਪਰੈਕਟਸ ਆ।"

ਪਰਿਵਾਰ ਦੇ ਸਭ ਵੱਡੇ-ਛੋਟੇ ਉਹਦੀ ਗੱਲ ਸੁਣਕੇ ਹੱਸ ਪਏ।

"ਰੋਲ ਇਹ ਆ ਪਈ ਮੇਰੀ ਭੈਣ ਨੂੰ ਇਕ ਬਦਮਾਸ਼ ਲੈ ਕੇ ਤੂੜੀ ਦੇ ਮੁਸਲ ਵਿਚ ਵੜ ਜਾਂਦਾ। ਮੈਂ ਉਹਦੇ ਪਿੱਛੇ ਜਾ ਕੇ ਉਹਨੂੰ ਲਲਕਾਰ ਕੇ ਆਖਦਾਂ :

"ਅਰੇ ਕੁੱਤੇ। ਸਾਲੇ ਬਾਹਰ ਨਿਕਲ...ਮੇਰੀ ਭੈਣ ਨੂੰ ਲੈ ਕੇ ਮੁਸਲ ਵਿਚ ਵੜ ਗਿਐਂ ਹਰਾਮਦਿਆ।..... ਤੂੰ ਪਿੰਡ ਦੀ ਧੀ-ਭੈਣ ਕੋ ਪਿੰਡ ਦੀ ਧੀ-ਭੈਣ ਨਹੀਂ ਸਮਝਦਾ। ਵੇਖ। ਮੇਰੇ ਚਾਚੇ ਜਸਵੰਤ ਸ਼ੁਹ ਹੁਰੀਂ ਮੇਰੀ ਭੈਣ ਬੀਰੋ ਕੇ ਸਿਰ 'ਤੇ ਪਿਆਰ ਦਿੰਦੇ ਆ...ਤੇ ਤੂੰ ਕੈਂ ਚੋ.. ਅਮਰੀਸ਼ ਪੁਰੀ... ਉਸ ਕੋ ਸਾਗ ਤੋੜਕੇ ਨਹੀਂ ਦੇ ਸਕਦਾ।"

ਫ਼ਿਲਮੀ ਮੁਦਰਾ ਵਿਚ ਆਪਣਾ ਪੂਰਾ ਡਾਇਲਾਗ ਸੁਣਾ ਕੇ ਉਹ ਸਹਿਜ ਹੋਇਆ, "ਫੇਰ ਨਾ ਚਾਚਾ ਮੁਸਲ 'ਚੋਂ ਸੁਰਜੀਤ ਨਿਕਲ ਆਇਆ ਤੇ ਤਾੜ-ਤਾੜ ਮੇਰੇ ਸਿਰ 'ਚ ਛਿੱਤਰ ਮਾਰਦਾ ਆਖਣ ਲੱਗਾ, "ਕੁਜਾਤੇ। ਸਾਡੇ ਮੁਸਲਾਂ 'ਚ ਝਾਤੀਆਂ ਮਾਰਦੈਂ।" ਮੈਂ ਆਖਿਆ, "ਖ਼ਬਰਦਾਰ। ਜੇ ਮੈਨੂੰ ਕੁਜਾਤ ਆਖਿਆ।"... ਮੈਂ ਨਾ ਫੇਰ ਚਾਚਾ ਗਰਨੇਡ ਸੁੱਟ ਕੇ ਸਾਰੀ ਤੂੜੀ ਨੂੰ ਹੀ ਅੱਗ ਲਾ ਦਿੱਤੀ। ਮੱਚਦੀਆਂ ਲਾਟਾਂ ਵੇਖ ਕੇ ਮੈਂ ਟੀ.ਵੀ. ਉੱਤੇ ਰੀਕਾਡ ਕਰਾਇਆ ਆਪਣਾ ਗੀਤ ਗਾਉਣ ਲੱਗ ਪਿਆ...."

ਨਿੰਦਰ ਨਿੰਨ ਕੇ ਜ਼ਮੀਨ ਉੱਤੇ ਬੈਠ ਗਿਆ ਤੇ ਟੀ. ਵੀ. ਉੱਤੇ ਦਰਦ-ਵਿਛੋੜੇ ਦੇ ਗੀਤ ਗਾਉਣ ਵਾਲੇ ਦੁੱਖਾਂ-ਮਾਰੇ ਗਾਇਕਾਂ ਵਾਂਗ ਦੁਖੀ ਜਿਹੀ ਹੇਕ ਲਾਕੇ ਆਪਣਾ ਗੀਤ ਛੋਹ ਲਿਆ।

"ਹੱਸਦੀ ਹੱਸਦੀ ਜਾਂਦੀ ਕੁੜੀ
ਚਮਕ ਚਮਕ ਕੇ ਬਿਜਲੀ ਬਣ ਗਈ

ਸਾਡੇ ਉੱਤੇ ਡਿੱਗ ਕੇ ਸਾਨੂੰ ਸਾੜਦੀ ਏਂ
ਦੋਹਾਂ ਹੱਥਾਂ ਨਾਲ ਖਿੱਚ ਕੇ ਸਾਡੇ ਦਿਲ ਨੂੰ,
ਕੱਪੜੇ ਵਾਂਗੂੰ ਪਾੜਦੀ ਏਂ।
ਏਦਾਂ ਕਰਦੀ ਰਹੀ ਤਾਂ ਇਕ ਦਿਨ ਪਛਤੇਂਵੇਂਗੀ
ਮਿੱਠੂ ਦਿਓਲ ਅਜੇ ਵੀ ਰੋਂਦਾ
ਕਦੀ ਨਾ ਕਦੀ ਤਾਂ ਆਵੇਂਗੀ..."

ਉਹਦੀ ਆਵਾਜ਼ ਵਿਚ ਰਸ ਵੀ ਸੀ ਤੇ ਦਰਦ ਵੀ। ਆਪੇ ਜੋੜੇ ਗੀਤ ਦਾ ਟੁੱਟਦਾ ਵਜ਼ਨ ਉਹਨੇ ਲੋੜ ਅਨੁਸਾਰ ਹੇਕ ਲੰਮੀ-ਛੋਟੀ ਕਰਕੇ ਆਪ ਹੀ ਠੀਕ ਕਰ ਲਿਆ। ਫਿਰ ਉਹਨੇ ਗੱਲ ਬਾਤ ਨੂੰ ਅਚਨਚੇਤ ਪਲਟਾ ਮਾਰਿਆ,

"ਚਾਚਾ ਜੀ! ਚਾਰੇ ਸਤਿਨਾਮ ਨੂੰ ਆਖਕੇ ਇਕ ਵਾਰ ਟੀ.ਵੀ. ਉੱਤੇ ਟੈਮ ਦਵਾ ਦਿਓ। ਫੇਰ ਵੇਖਿਓ ਮੇਰੇ ਹੱਥ। ਮੈਂ ਦੋ ਮਹੀਨਿਆਂ 'ਚ ਈ ਦਲੇਰ ਮਹਿੰਦੀ ਦਾ ਢੋਲਾ ਜਿਹਾ ਨਾ ਪਾੜ ਛੱਡਿਆ ਤਾਂ ਆਖਿਓ। ਘਰ ਘਰ ਕੈਸਿਟਾਂ ਵੱਜਣਗੀਆਂ ਮਿੱਠੂ ਦਿਓਲ ਦੀਆਂ। ਉਥੋਂ ਟੀ.ਵੀ. ਤੋਂ ਹੀ ਮੈਨੂੰ ਫਿਲਮਾਂ ਵਾਲਿਆਂ ਬੋਚ ਲੈਣੈ। ...ਫਿਰ ਵੇਖਿਓ। ਚੱਲ ਸੋ ਚੱਲ। ਮੈਂ ਜੇ ਫਿਲਮਾਂ 'ਚ ਹੀਰੋ ਆਉਂ ਕੱਠਾ ਈ। ਸਾਰੇ ਤੂੜੀ ਦੇ ਮੂਸਲ ਗਰਨੇਡ ਚਲਾ ਚਲਾ ਸਾੜ ਦਊਂ...."

ਜਸਵੰਤ ਦਾ ਸੁਭਾਓ ਸੀ ਕਿ ਜਦੋਂ ਉਹਦਾ ਪਿਓ ਤੇ ਦੋ ਭਰਾ ਏਡੇ ਵੱਡੇ ਐਕਟਰ ਸੀ, ਉਹਦੀ ਛੋਟੀ ਬੀਬੀ ਤੇ ਹੋਣ ਵਾਲੀ ਪਤਨੀ ਫਿਲਮ ਜਗਤ ਦੀਆਂ ਪ੍ਰਸਿੱਧ ਹੀਰੋਇਨਾਂ ਸਨ ਤਾਂ ਉਸਨੂੰ ਸਿਰਫ ਟੀ. ਵੀ. ਉੱਤੇ ਜਾਣ ਲਈ ਹੀ ਕਿਸੇ ਦੀ ਸਿਫਾਰਸ਼ ਦੀ ਕੀ ਲੋੜ ਸੀ।

"ਤੂੰ ਸਿੱਧਾ ਸ੍ਰੀਦੇਵੀ ਨੂੰ ਆਖ...ਕਦੀ ਕਦੀ ਆਕੇ ਤੈਨੂੰ ਮਿਲਦੀ ਤਾਂ ਰਹਿੰਦੀ ਆ...ਸਿੱਧਾ ਹੀਰੋ ਲੈਣ ਬਾਰੇ ਉਹਨੇ ਤੈਨੂੰ ਆਖਿਆ ਤਾਂ ਸੀ..."

"ਅੱਜ ਕੱਲ੍ਹ ਨਹੀਂ ਨਾ ਮਿਲਦੀ...ਉਂਜ ਗੱਲ ਉਹਦੀ ਸਿਆਣੀ ਐ..."

"ਕਿਵੇਂ ?"

"ਉਹ ਆਖਦੀ ਐ ਕੱਚੇ ਕੁਆਰੇ ਸਾਕਾਂ 'ਚ ਮਿਲਦਿਆਂ ਬੰਦਾ ਕਿਤੇ ਚੰਗਾ ਲੱਗਦੈ !!"

ਸ੍ਰੀਦੇਵੀ ਨੂੰ ਨਾ ਮਿਲ ਸਕਣ ਦਾ ਤਾਂ ਉਸ ਕੋਲ ਕੋਈ ਤਰਕ ਸੀ ਪਰ ਪੰਤੋ ਭਲਾ ਕਿਉਂ ਨਹੀਂ ਸੀ ਆਉਂਦੀ। ਉਸ ਨੂੰ ਉਹ ਬੁਲਾਵੇ ਜਾਂ ਨਾ ਬੁਲਾਵੇ ਪਰ ਉਹਨੂੰ ਵੇਖ ਕੇ ਉਹਦੇ ਮਨ ਵਿਚ ਇਕ ਠੰਢ ਜਿਹੀ ਪੈ ਜਾਂਦੀ ਸੀ। ਅੱਜ ਕਲ੍ਹ ਉਸਦੀ ਮਾਂ ਹੀ ਗਾਂ ਲਈ ਕੱਖ-ਪੱਠਾ ਲੈਣ ਲਈ ਖੇਤਾਂ ਵੱਲ ਆਉਂਦੀ ਜਾਂਦੀ ਦਿਸਦੀ। ਇਕ ਦਿਨ ਮੌਕਾ ਪਾਕੇ ਉਹਦੇ ਘਰ ਦੇ ਅੱਗੋਂ ਵੀ ਲੰਘਿਆ। ਵਿਹੜੇ ਵਿਚ ਪੰਤੋ ਦਾ ਅਧਰੰਗ ਦਾ ਮਾਰਿਆ ਪਿਓ ਲੇਟਿਆ ਹੋਇਆ ਸੀ।

ਆਖਰਕਾਰ ਨਿੰਦਰ ਨੇ ਸੂਹ ਕੱਢ ਹੀ ਲਈ। ਪੰਤੋ ਬੀਮਾਰ ਸੀ ਤੇ ਅੱਜ-ਕੱਲ੍ਹ ਆਪਣੀ ਮਾਸੀ ਕੋਲ ਇਲਾਜ ਕਰਾਉਣ ਗਈ ਹੋਈ ਸੀ। ਕਈ ਦਿਨਾਂ ਬਾਅਦ ਉਸ ਨੇ ਵੇਖਿਆ ਪੰਤੋ ਪੋਲੇ ਉਖੜਦੇ ਕਦਮੀਂ ਗਲੀ ਵਿਚੋਂ ਲੰਘ ਰਹੀ ਸੀ। ਪੀਲਾ-ਭੂਕ ਰੰਗ, ਮਾਯੂਸ ਤੇ ਉਦਾਸ ਚਿਹਰਾ। ਉਸਨੇ ਨਿੰਦਰ ਨਾਲ ਅੱਖ ਹੀ ਨਾ ਮਿਲਾਈ ਤੇ ਨਜ਼ਰਾਂ ਨੀਵੀਆਂ ਕਰਕੇ ਕੋਲ ਦੀ ਲੰਘ ਗਈ।



ਹੁਣ ਉਹ ਬਾਹਰ ਖੇਤਾਂ ਵਿਚ ਵੀ ਨਹੀਂ ਸੀ ਜਾਂਦੀ ਤੇ ਘਰੋਂ ਬਾਹਰ ਵੀ ਘੱਟ ਵੱਧ ਹੀ ਨਿਕਲਦੀ। ਨਿੰਦਰ ਦਾ ਮਨ ਉਸਨੂੰ ਵੇਖਣ ਤੇ ਮਿਲਣ ਲਈ ਲੋਚਦਾ ਰਹਿੰਦਾ।

ਵਾਢਿਆਂ ਲਈ ਚਾਹ ਧਰੀ ਹੋਈ ਸੀ ਪਰ ਖੰਡ ਮੁੱਕ ਗਈ। ਜਸਵੰਤ ਨੇ ਨਿੰਦਰ ਨੂੰ ਪੈਸੇ ਫੜਾਏ ਤੇ ਦੋ ਘਰ ਛੱਡ ਕੇ ਜੱਗੀ ਦੀ ਦੁਕਾਨ ਉੱਤੋਂ ਛੇਤੀ ਛੇਤੀ ਖੰਡ ਲਿਆਉਣ ਲਈ ਕਿਹਾ। ਨਿੰਦਰ ਜੱਗੀ ਦੀ ਦੁਕਾਨ ਉੱਤੇ ਨਾ ਰੁਕਿਆ। ਉਹ ਸਿੱਧਾ ਪੰਤੋ ਦੀ ਗਲੀ ਵਿਚੋਂ ਲੰਘਕੇ ਉਹਦੇ ਵਿਹੜੇ ਵਿਚ ਉਹਨੂੰ ਲੱਭਦੀਆਂ ਨਜ਼ਰਾਂ ਨਾਲ ਵੇਖਦਾ ਉਹਨਾਂ ਦੀ ਗਲੀ ਦੇ ਸਿਰੇ ਉੱਤੇ ਬੰਸੀ ਦੀ ਦੁਕਾਨ ਉੱਤੇ ਜਾ ਪੁੱਜਾ।

ਚਾਹ ਰਿੱਝ-ਰਿੱਝ ਕਮਲੀ ਹੋਈ ਗਈ। ਉਹ ਵਾਪਸ ਪਰਤਿਆ ਤਾਂ ਪਹਿਲਾਂ ਹੀ ਲਾਏ ਅਨੁਮਾਨ ਅਨੁਸਾਰ ਉਹਨੂੰ ਬਚਾਉਣ ਲਈ ਜਸਵੰਤ ਨੇ ਗੁੱਸੇ ਨਾਲ ਆਖਿਆ, "ਤੈਨੂੰ ਤਾਂ ਜੱਗੀ ਦੀ ਹੱਟੀ ਉੱਤੇ ਘੱਲਿਆ ਸੀ ਤੇ ਤੂੰ ਖੰਡ ਲੈਣ ਬੰਸੀ ਦੀ ਦੁਕਾਨ ਉੱਤੇ ਜਾ ਅੱਪੜਿਓਂ।"

ਉਹ ਮੁੱਕਰਿਆ ਨਹੀਂ, "ਓ ਨਾ, ਓ ਨਾ...ਉਥੋਂ ਜਾ ਕੇ ਖੰਡ ਤਾਂ ਲਿਆਂਦਿਆਂ ਪਈ ਜੱਗੀ ਹੁਰੀਂ ਖੰਡ 'ਚ ਮਿੱਠਾ ਘੱਟ ਪਾਉਂਦੇ ਨੇ..."

ਉਹਦੀ ਵਜ਼ਨਦਾਰ ਦਲੀਲ ਸੁਣਕੇ ਜਸਵੰਤ ਨੇ ਆਖਿਆ,"ਆਹੋ ਬੰਸੀ ਦੀ ਦੁਕਾਨ ਉੱਤੇ ਖੰਡ ਵਿਚ ਮਿੱਠਾ ਪੰਤੋ ਜੁ ਪਾ ਜਾਂਦੀ ਆ..."

'ਚੋਰੀ' ਫੜੀ ਜਾਣ 'ਤੇ ਉਹ ਆਪ ਹੀ ਸਪੱਸ਼ਟੀਕਰਨ ਦੇਣ ਲੱਗਾ, "ਕੀ ਕਰਾਂ ਚਾਚਾ, ਜਿਵੇਂ ਡੰਗਰ ਤਿਹਾਇਆ ਹੋਵੇ ਤਾਂ ਪਾਣੀ ਵੱਲ ਰੱਸੇ ਤੁੜਾ ਕੇ ਭੱਜ ਉੱਠਦੈ, ਐਂ ਈ, ਜਦੋਂ ਮੈਨੂੰ ਚੇਤਾ ਆਵੇ, ਮੈਂ ਓ ਨੂੰ ਭੱਜ ਉੱਠਦਾ..."

ਕਣਕਾਂ ਵੱਢੀਦੀਆਂ ਰਹੀਆਂ। ਭਰੀਆਂ ਖਲਵਾੜੇ ਉੱਤੇ ਲੱਗ ਪਈਆਂ। ਉਹ ਉਡੀਕਦਾ ਰਹਿੰਦਾ ਜੇ ਪੰਤੋ ਆ ਜਾਵੇ ਤਾਂ ਉਹ ਸਾਰਿਆਂ ਤੋਂ ਚੋਰੀ ਉਹਨੂੰ ਸਭ ਤੋਂ ਵੱਡੀ ਭਰੀ ਚੁਕਵਾ ਦੇਵੇ। ਛੋਲਿਆਂ ਦੀ ਢੋਆਈ ਵੇਲੇ ਉਸਨੇ ਇੰਜ ਹੀ ਕੀਤਾ ਸੀ। ਜਸਵੰਤ ਹੁਰੀਂ ਆਖਰੀ ਟਰਾਲੀ ਲੱਦ ਕੇ ਸ਼ਹਿਰ ਤੁਰ ਗਏ ਸਨ ਤਾਂ ਉਸ ਨੇ ਟੋਈ ਧੰਤੋ ਨੂੰ ਹੁੰਝਵਾ ਦਿੱਤੀ ਸੀ। ਛਿੰਨੋ ਨੇ ਪਿੱਛੋਂ ਆਕੇ ਬੜਾ ਕਲੇਸ਼ ਪਾਇਆ।

ਕਲੇਸ਼ ਪੈਂਦਾ ਤਾਂ ਪਵੇ ਪਰ ਉਹ ਆਵੇ ਤਾਂ ਸਹੀ। ਪਰ ਉਹ ਆਈ ਨਹੀਂ ਸਗੋਂ ਚਲੀ ਗਈ। ਦੂਰ...ਬਹੁਤ ਦੂਰ...ਸਦਾ ਲਈ ਨਾ ਆਉਣ ਵਾਸਤੇ। ਉਹਦੀ ਮੌਤ ਉੱਤੇ ਲੋਕਾਂ ਨੇ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਬਣਾਈਆਂ। ਉਹ ਸੁਣਦਾ ਤਾਂ ਉਹਦਾ ਜੀਅ ਕਰਦਾ ਗਰਨੇਡ ਚਲਾ ਕੇ ਸਾਰੀ ਦੁਨੀਆਂ ਨੂੰ ਭਸਮ ਕਰ ਸੁੱਟੇ।

ਦੋ ਦਿਨ ਉਹ ਕੰਮ ਉੱਤੇ ਨਾ ਗਿਆ। ਜਸਵੰਤ ਉਹਦਾ ਪਤਾ ਕਰਨ ਉਹਦੇ ਘਰ ਗਿਆ। ਉਹ ਉਦਾਸ ਤੇ ਨਿੰਮੋਝੂਣਾ ਬੈਠਾ ਹੋਇਆ ਸੀ, ਚੌਤਰੇ ਦੀ ਕੰਧ ਨਾਲ ਢੋਅ ਲਾ ਕੇ। ਛਿੰਨੋ ਰੋਟੀਆਂ ਪਕਾ ਰਹੀ ਸੀ ਤੇ ਉਹਦੇ ਲਾਗੇ ਚੌਤਰੇ ਵਿਚ ਬੈਠਾ ਡਿੱਲੀ ਅੰਬ ਦੇ ਅਚਾਰ ਨਾਲ ਬੁਰਕੀਆਂ ਕਲ੍ਹੇਟ ਕਲ੍ਹੇਟ ਕੇ ਅੰਦਰ ਸੁੱਟ ਰਿਹਾ ਸੀ। ਛਿੰਨੋ ਖਿਝ ਕੇ ਬੋਲੀ, "ਵੇ ਬੱਸ ਵੀ ਕਰ। ਤੇਰਾ ਢਿੱਡ ਆ ਕਿ ਖੂਹ ? ਤੂੰ ਰੱਜਦਾ ਈ ਨਹੀਂ। ਬਾਕੀਆਂ ਨੇ ਵੀ ਤਾਂ ਰੋਟੀ ਖਾਣੀ ਆਂ।....

ਇਕ ਆਹ ਬੈਠਾ ਈ ਘਰ। ਦੱਸ ਇਹਦੇ ਵਿਹਲੇ ਦੇ ਕਿੱਥੋਂ ਤੋਸਾ ਮੱਥੇ ਮਾਰੀਏ। ਪੈਸਾ ਧੇਲਾ ਦੇਣਾ ਕੋਈ ਨਹੀਂ। ਜੋ ਮਿਲਣਾ ਉਹਦਾ ਗੰਦ-ਮੰਦ ਖਾ ਛੱਡਣਾ ...ਸ਼ੌਕੀਨੀਆਂ ਲਾ ਛੱਡਣੀਆਂ ..."

ਉਹਦਾ ਭਾਸ਼ਨ ਪਤਾ ਨਹੀਂ ਕਿੰਨਾ ਕੁ ਚਿਰ ਚੱਲਦਾ ਜੇ ਨੈਤਾ ਜਸਵੰਤ ਨੂੰ ਨਾ ਵੇਖ ਲੈਂਦਾ। ਉਹਨੇ ਨਿੰਦਰ ਨੂੰ ਸੁਚੇਤ ਕੀਤਾ,"ਜਾਹ ਉਏ ਉੱਠ ਕੇ। ਔਹ ਆ ਗਏ ਈ ਸਾਈਂ ਤੇਰੇ। ਮੈਂ ਇਹਨੂੰ ਆਖਿਐ, ਕੰਜਰਦਿਆ। ਔਗੋਂ ਤੇਰ੍ਹਵਾਂ ਮਹੀਨਾ। ਅਸੀਂ ਸਿੱਟੇ ਕੁੱਟ ਕੇ ਰੋਟੀ ਦਾ ਡੰਗ ਤੋਰਦੇ ਆਂ, ਤੈਨੂੰ ਕਿਥੋਂ ਟੁੱਕ ਦੇਈਏ ? ਇਹ ਪਰਸੋਂ ਦਾ ਉੱਠਦਾ ਈ ਨਹੀਂ। ਘੁੱਗੂਆਂ ਜਿਹਾ ਬਣਿਆਂ ਬੈਠੇ।"

"ਬਾਬਾ ! ਇਹਦਾ ਵਿਆਹ ਕਰ ਦਿਓ। ਸਭ ਠੀਕ-ਠਾਕ ਹੋ ਜਾਊ ..." ਜਸਵੰਤ ਨੇ ਸੁਝਾਓ ਦਿੱਤਾ।

"ਓ ਮੈਂ ਤਾਂ ਜੀ ਵਿਆਹ ਕਰਦਾ ਸਾਂ ਇਹਦਾ ਜਦੋਂ ਜ਼ੀਰੇ ਦਾ ਕੀਤਾ। ਇਹ ਮਾਂ ਦੇ ਆਖੇ ਮੈਂ ਤਾਂ ਬੰਬਈ 'ਚ ਭੁਕਣੈਂ। ਮੈਂ ਫੇਰ ਤੁਹਾਡੇ ਸਾਹਮਣੇ ਕੁੜੀ ਦਾ ਵਿਆਹ ਕਰ ਦਿੱਤਾ। ਸਰਦਾਰ ਜੀ ਧੀਆਂ ਦਾ ਬੜਾ ਗਾਲ੍ਹ-ਉਲ੍ਹਾਮਾ ਹੁੰਦਾ...ਤੂੰ ਮੈਨੂੰ ਪੁੱਛ...ਮੈਂ ਜੀ ਵਿਆਹ ਕੇ ਕੁੜੀ ਆਪਣੇ ਘਰ ਘਲਾਈ, ਔਜ ਕੱਲ੍ਹ ਜੀ ਜ਼ਮਾਨਾ ਬੜਾ ਖਰਾਬ ਆ। ਕੁੜੀਆਂ-ਮੁੰਡੇ ਤਾਂ ਅੱਖਾਂ ਨਾਲ ਗੱਲਾਂ ਕਰਦੇ ਨੇ...ਸਾਰੀ ਗੱਲ ਤੂੰ ਮੈਨੂੰ ਪੁੱਛ...ਸਾਡੇ ਆਹ ਗਵਾਂਢ ਵੇਖ ਲਾ...ਔਹ ਗੱਜਣ ਦੀ ਕੁੜੀ..."

"ਚੱਲ ਛੱਡ !" ਛਿੰਨੋ ਨੇ ਨੈਤੇ ਨੂੰ ਟੋਕਿਆ, "ਭਾ ਜੀ ! ਧੀਆਂ ਭੈਣਾਂ ਵਾਲੇ ਆਂ ! ਸੱਚਾ ਪਾ ਸ਼ਾਹ ਸਭ ਦੀਆਂ ਇੱਜ਼ਤਾਂ ਰੱਖੇ..." ਫਿਰ ਉਹ ਨਿੰਦਰ ਵੱਲ ਹੋਈ,"ਚੱਲ ਵੇ ! ਉੱਠ ਕੇ ਤੁਰ ਪੈ ਭਾ ਜੀ ਨਾਲ...ਬੰਦੇ ਦਾ ਪੁੱਤ ਬਣ ਕੇ। ਦੇਂਦਾ ਤੂੰ ਸਾਨੂੰ ਦੁਆਨੀ ਨਹੀਂ। ਰੋਟੀਆਂ ਸਾਡੀਆਂ ਤੋੜਦੈਂ। ... ਅਸੀਂ ਇਹਨੂੰ ਆਖਿਆ ਜਿਹੜੇ ਐਸ ਮਹੀਨੇ ਭਾ ਜੀ ਤੋਂ ਪੈਸੇ ਲੈਣੇ ਆਂ... ਸਾਨੂੰ ਦੇਹ...ਇਕ ਮੰਜਾ ਈ ਬਣਾ ਲਈਏ। ਚਾਰ ਜੀਅ ਆਂ ਤੇ ਦੋ ਮੰਜੇ। ਭੁੰਜੇ ਸੌਂ ਜਾਂਦਾ ਜੇ ਤੇ ਜੇ ਆਖੀਏ ਮੰਜੇ ਲਈ ਤਾਂ ਅੱਗੋਂ ਆਖੂ, 'ਮੈਂ ਤਾਂ ਹੋਰ ਮਹੀਨੇ ਨੂੰ ਪਲੰਘਾਂ 'ਤੇ ਸੌਂਇਆ ਕਰਨਾ। ਤੁਹਾਡੇ ਮੰਜੇ ਲਈ ਪੈਸੇ ਕਿਉਂ ਖਰਚਾਂ। ਲੈ ਸੁਣ ਲਾ ਇਹਦੀਆਂ ! ਸਾਨੂੰ ਤਾਂ ਇਹਨੇ ਪਾਗਲ ਕੀਤਾ ਹੋਇਆ।...ਤੁਸੀਂ ਉਹ ਗਾਡਰ ਦਿੱਤਾ ਸੀ ਨਾ, ਪਿਛਲੀ ਕੋਠੜੀ ਛੱਤਣ ਨੂੰ...ਉਹ ਆਪੇ ਹੀ ਚੁੱਕ ਕੇ ਲੈ ਗਿਆ। ਅਖੇ ....ਚਾਚੇ ਨੇ ਗਾਡਰ ਦੇ ਦੇ ਪੈਸੇ ਕੱਟ ਲੈਣੇ ਨੇ...!"

ਛਿੰ ਪਤਾ ਨਹੀ ਕਿੰਨਾ ਕੁ ਚਿਰ ਬੋਲਦੀ ਰਹਿੰਦੀ। ਪਰ ਉਹ ਚੁੱਪ-ਚਾਪ ਉੱਠਿਆ ਤੇ ਜਸਵੰਤ ਨਾਲ ਤੁਰ ਆਇਆ।

ਜਸਵੰਤ ਦੀ ਪਤਨੀ ਰੋਟੀ ਲੈ ਕੇ ਆਈ ਤਾਂ ਆਖਣ ਲੱਗਾ, "ਚਾਚੀ ! ਅੱਜ ਰੋਟੀ ਰਹਿਣ ਈ ਦਈਏ। ਭੁੱਖ ਈ ਨਹੀਂ ਲੱਗਦੀ।"

"ਵੇ ਫੜ 'ਗਾਹ। ਰੋਟੀ ਬਿਨਾਂ ਗੁਜ਼ਾਰਾ ਹੁੰਦੈ ਕਿਤੇ ! ਸਿਆਣੇ ਆਂਹਦੇ: ਪੇਟ ਨਾ ਪਈਆਂ ਰੋਟੀਆਂ ਤੇ ਸਭੇ ਗੱਲਾਂ ਖੋਟੀਆ..."



ਜਸਵੰਤ ਦੀ ਪਤਨੀ ਦੀ ਮਿੱਠੀ ਜਿਹੀ ਝਿੜਕ ਸੁਣਕੇ ਉਹ ਗਹਿਰ-ਗੰਭੀਰ ਹੋ ਗਿਆ, "ਚਾਚੀ ! ਜੇ ਸੱਚ-ਮੁੱਚ ਕਿਤੇ ਰੋਟੀ ਬਿਨਾਂ ਗੁਜ਼ਾਰਾ ਹੋਣ ਲੱਗ ਪਵੇ ਤਾਂ ਕਿਆ ਕਹਿਣੇ ! ਸਾਡੇ ਸੱਜਣ ਨੂੰ ਰੋਟੀ ਹੀ ਮਾਰ ਗਈ...."

ਗੱਲ ਉਸਦੀ ਕੁਝ ਹੱਦ ਤਕ ਠੀਕ ਹੀ ਸੀ। ਮਹੀਨਾ ਭਰ ਮਿਆਦੀ ਬੁਖ਼ਾਰ ਦਾ ਭੰਨਿਆ ਸੱਜਣ ਰਾਜ਼ੀ ਹੋ ਕੇ ਜਦੋਂ ਸੁੱਖਣਾ ਲਾਹੁਣ 'ਗੁਰੂ ਸਰ' ਦੀ ਮੱਸਿਆ ਗਿਆ ਤਾਂ ਸਾਹਮਣੇ ਲੰਗਰ ਵਰਤਦਾ ਵੇਖਕੇ ਉਸ ਤੋਂ ਰਿਹਾ ਨਾ ਗਿਆ। ਚਮਕਦੀ ਭੁੱਖ ਨੂੰ ਸ਼ਾਂਤ ਕਰਨ ਲਈ ਆਖਣ ਲੱਗਾ, "ਆਏ ਆਂ ਤਾਂ ਗੁਰੂ ਕੇ ਲੰਗਰ ਵਿਚ ਵੀ ਹਾਜ਼ਰੀ ਲਵਾ ਹੀ ਚੱਲੀਏ।"

ਫਿਰ ਮਾਂਹ ਦੀ ਦਾਲ ਨਾਲ ਲੱਜ੍ਹ ਕੇ ਰੋਟੀਆਂ ਖਾਧੀਆਂ। ਮਹੀਨੇ ਦੀ ਭੁੱਖ ਜਿਵੇਂ ਅੱਜ ਹੀ ਮਿਟਾ ਲੈਣੀ ਹੋਵੇ। ਵਾਪਸੀ 'ਤੇ ਆਉਂਦਿਆਂ ਰਾਹ ਵਿਚ ਹੀ ਐਸਾ ਸੂਲ ਉੱਠਿਆ ਕਿ ਜਾਨ ਹੀ ਲੈ ਕੇ ਗਿਆ। ਉਸ ਮਾਸੂਮ ਚਿੜੀ ਦੀ ਮੌਤ ਉੱਤੇ ਕਿਸੇ ਨੇ ਹੱਸ ਕੇ ਆਖਿਆ ਸੀ,"ਗੁਰੂ ਕੇ ਲੰਗਰ 'ਚ ਹਾਜ਼ਰੀ ਲਵਾਉਂਦਾ ਲਵਾਉਂਦਾ ਸੱਜਣ ਗੁਰੂ-ਘਰ ਹੀ ਪਹੁੰਚ ਗਿਆ।"

ਰੋਟੀ ਹੱਥ ਉੱਤੇ ਰਖਵਾ ਕੇ ਨਿੰਦਰ ਕੁਝ ਸਹਿਜ ਹੋਇਆ, "ਹੁਣ ਸਾਡੇ ਭਿੱਲੀ ਵੱਲ ਵੇਖੋ। ਰੋਟੀਆਂ ਨਾਲ ਰੱਜਦਾ ਈ ਨਹੀਂ। ਚੌਦਾਂ ਰੋਟੀਆਂ ਤੋਂ ਘੱਟ ਮਰੋੜਦਾ ਈ ਨਹੀਂ।"

ਰੋਟੀ ਵੱਲੋਂ ਵਿਹਲਾ ਹੋਇਆ ਤਾਂ ਜਸਵੰਤ ਨਾਲ ਸਲਾਹੀਂ ਪੈ ਗਿਆ।

"ਆਪਣੇ ਹਸਪਤਾਲ ਨਵਾਂ ਡਾਕਟਰ ਆਇਐ। ਸੁਣਿਐ ਬੜਾ ਸਿਆਣਾ। ਆਂਹਦੇ ਪਰੇਸ਼ਨ ਕਰਕੇ ਮਿਹਦੇ ਵੀ ਬਦਲ ਦੇਂਦਾ ਏ। ਮੇਰੀ ਸਲਾਹ ਆ ਪਈ ਭਿੱਲੀ ਨਾਲ ਆਪਣਾ ਮਿਹਦਾ ਬਦਲ ਲਵਾਂ। ਆਪਣਾ ਚਹੁੰ ਰੋਟੀਆਂ ਵਾਲਾ ਉਹਨੂੰ ਪੁਆ ਦਿਆਂ ਤੇ ਉਹਦਾ ਚੌਦਾਂ ਰੋਟੀਆਂ ਵਾਲਾ ਆਪ ਪਵਾ ਲਵਾਂ। ਨਾਲੇ ਮੈਨੂੰ ਭੁੱਖ ਲੱਗਣ ਲੱਗ ਪਊ ਨਾਲੇ ਓਧਰ ਛਿੰਨੋ ਦਾ ਆਟਾ ਬਚੂ...ਐਵੇਂ ਚੀਕਦੀ ਰਹਿੰਦੀ ਆ ਮੈਂ ਦੇਂਦਾ ਕੁਝ ਨਹੀਂ। ਜਿਹੜਾ ਆਟਾ ਇਸ ਤਰ੍ਹਾਂ ਭਿੱਲੀ ਦਾ ਬਚਿਆ ਕਰੂ ਉਹ ਇਕ ਤਰ੍ਹਾਂ ਮੈਂ ਹੀ ਦਿੱਤਾ ਹੋਇਆ। ..ਮੇਰਾ ਕੀ ਐ..ਮੈਂ ਤਾਂ ਤੁਹਾਡੇ ਵੱਲੋਂ ਹੀ ਰੋਟੀ ਖਾ ਲੈਣੀ ਐਂ। ਚਾਚੀ ਕੋਲ ਆਟਾ ਬਥੇਰਾ..."

ਜਸਵੰਤ ਉਸਦੀ ਅਜਿਹੀ 'ਸਮਝਦਾਰੀ' ਉੱਤੇ ਮੁਸਕਰਾਇਆ, "ਕੰਜਰਾ,ਐਵੇਂ ਤੈਨੂੰ ਲੋਕ ਸ਼ੁਦਾਈ ਆਖਦੇ ਨੇ, ਤੂੰ ਸ਼ੁਦਾਈ ਕਿਥੇ ਐਂ। ਤੂੰ ਤੇ ਵਾਕਿਆ ਹੀ 'ਸੌ ਦਾਈਂ' ਏਂ"।

ਨਿੰਦਰ ਦੇ ਚਿਹਰੇ ਉੱਤੇ ਲਾਲੀ ਫਿਰ ਗਈ ਤੇ ਉਸਨੇ ਬੜੇ ਉਤਸ਼ਾਹ ਨਾਲ ਆਖਿਆ, "ਸ਼ੁਦਾਈ ਵਾਲਾ ਗੀਤ ਸੁਣਾਵਾਂ। ਅਜੇ ਰਾਤੀਂ ਹੀ ਟੀ.ਵੀ. ਉੱਤੇ ਸੁਣਾਕੇ ਆਇਆਂ।"

ਉਸਨੇ ਗੀਤ ਛੋਹ ਲਿਆ।

"ਸਾਨੂੰ ਲੋਕ ਸ਼ੁਦਾਈ ਆਂਹਦੇ
ਸਾਡੇ ਦੁੱਖ ਦੇ ਵੱਲ ਨਹੀਂ ਜਾਂਦੇ
ਕਾਹਦਾ ਦੁਨੀਆ ਉੱਤੇ ਜੀਣਾ
ਸਾਡਾ ਲੰਘਦਾ ਨਹੀਂ ਮਹੀਨਾ
ਤੂੰ ਸਾਡੇ ਕੋਲ ਨਹੀਂ ਰਹਿਣਾ

ਸਦਾ ਮਿੱਠੂ ਨੇ ਰੋਂਦੇ ਰਹਿਣਾ
ਤੇਰੇ ਵਿਛੋੜੇ ਵਿਚ ਦੱਸ ਸੋਹਣੀਏ ਨੀਂ
ਮੈਂ ਕੀ ਕਰਾਂ...ਹਾਇ! ਮੈਂ ਕੀ ਕਰਾਂ
ਪੱਠੇ ਵੱਢਾਂ ਜਾਂ ਦਾਤਰੀ ਢਿੱਡ ਵਿਚ ਖੋਭ ਕੇ ਮਰਾਂ..."

ਉਹਨੇ ਹਉਕਿਆਂ ਭਰੀ ਦਰਦਮੰਦ ਆਵਾਜ਼ ਵਿਚ ਗੀਤ ਗਾਇਆ ਤੇ ਉਹਦੀਆਂ ਅੱਖਾਂ ਸਿੱਲ੍ਹੀਆਂ ਹੋ ਗਈਆਂ।

ਜਸਵੰਤ ਨੇ ਉਸਨੂੰ ਹੌਸਲਾ ਦਿੱਤਾ, "ਪੁੱਤਰਾ! ਸਾਰੀ ਉਮਰ ਕਿਉਂ ਰੋਂਦੇ ਰਹਿਣਾ ਹੋਇਆ। ਸੁੱਖ ਨਾਲ ਤੇਰੇ ਰਿਸ਼ਤੇ ਦੀ ਸਾਰੀ ਗੱਲ ਤੈਅ ਹੋ ਚੁੱਕੀ ਏ। ਹੁਣ ਤਾਂ ਸਤਿਨਾਮ ਆਇਆ ਤਾਂ ਤੇਰੇ ਮਾਂ-ਪਿਉ ਨਾਲ ਮਿਲ ਕੇ ਵਿਆਹ ਦਾ ਸਾਹਾ ਪੱਕਾ ਕਰਨਾ ਹੀ ਬਾਕੀ ਰਹਿ ਗਿਐ।...ਉੱਠ ਕੰਮ-ਧੰਦਾ ਕਰੀਏ। ਰੋਣਾ ਕੋਈ ਮਰਦਾਂ ਦਾ ਕੰਮ ਐ..."

ਜਸਵੰਤ ਦੀ ਹੱਲਾਸ਼ੇਰੀ ਨਾਲ ਉਹਦਾ ਮਨ ਸਗੋਂ ਹੋਰ ਪਿਘਲ ਗਿਆ, "ਚਾਚਾ! ਮੈਂ ਤੈਨੂੰ ਸੱਚੀ ਦੱਸਾਂ। ਮੈਂ ਤੇਰੇ ਸਾਹਮਣੇ ਨਹੀਂ ਰੋਂਦਾ। ਮਾਂ ਪਿਉ ਅੱਗੇ ਵੀ ਨਹੀਂ ਰੋਂਦਾ। ਪਰ ਕੀ ਕਰਾਂ। ਜਦੋਂ ਇਕੱਲਾ ਹੋਵਾਂ ਤਾਂ ਪੱਠੇ ਵੱਢਦਿਆਂ ਮੇਰੇ ਗਲੇਡੂ ਟੱਕ 'ਚ ਡਿਗਦੇ ਰਹਿੰਦੇ ਨੇ...।"

ਉਹਨੇ ਡੂੰਘਾ ਹਉਕਾ ਲਿਆ ਤੇ ਫਿਰ ਅਚਨਚੇਤ ਉਹਦੇ ਮੂੰਹ ਨਿਕਲ ਗਿਆ, "ਚਾਚਾ! ਉਹ ਧੰਨੋ ਸੀ ਨਾ ਰੌਂਦਲ ਜਹੀ...।"

ਉਹ ਰੋਣ ਖੁਰਕਣ ਲੱਗ ਪਿਆ। ਜਸਵੰਤ ਨੇ ਅੱਗੇ ਗੱਲ ਸੁਣਨ ਲਈ ਹੁੰਗਾਰਾ ਭਰਿਆ, "ਆਹੋ,"

"ਰੱਬ ਮਾਰ ਗਈ ਉ..." ਗੱਲ ਕਰਕੇ ਉਸਨੇ ਜਸਵੰਤ ਤੋਂ ਨਜ਼ਰਾਂ ਚੁਰਾ ਲਈਆਂ ਤੇ ਹੋਰ ਪਾਸੇ ਵੇਖਣ ਲੱਗਾ।

ਖੇਤਾਂ ਨੂੰ ਤੁਰੇ ਜਾਂਦਿਆਂ ਜਸਵੰਤ ਉਸਨੂੰ ਸਮਝਾ ਰਿਹਾ ਸੀ ਕਿ ਹੁਣ ਕੰਮ ਦੇ ਦਿਨ ਹਨ ਤੇ ਉਹ ਕੋਈ ਨਾਗਾ ਨਾ ਪਾਵੇ। ਇਹਨਾਂ ਦਿਨਾਂ ਵਿਚ ਹੀ ਸ਼ਾਇਦ ਸਤਿਨਾਮ 'ਸਾਹੇ-ਚਿੱਠੀ' ਲੈ ਕੇ ਆ ਜਾਵੇ? ਕਣਕਾਂ ਕੱਢਣ ਤੋਂ ਪਿੱਛੋਂ ਉਹਦਾ ਵਿਆਹ ਹੋਣਾ ਨਿਸ਼ਚਿਤ ਹੈ। ਇਸ ਲਈ ਉਹ ਇਹਨਾਂ ਦਿਨਾਂ ਵਿਚ ਟਿਕ ਕੇ ਕੰਮ ਕਰਾਵੇ।

ਲੌਢੇ ਵੇਲੇ ਥਰੈਸ਼ਰ ਚਾਲੂ ਹੋ ਗਿਆ ਸੀ ਪਰ ਅਚਨਚੇਤ ਟਰਾਂਸਫਾਰਮਰ ਤੋਂ ਬੱਤੀ 'ਚ ਕੋਈ ਨੁਕਸ ਪੈ ਗਿਆ ਸੀ। ਹੁਣ ਬੱਤੀ ਰਾਤ ਨੂੰ ਕਿਸੇ ਵੀ ਵੇਲੇ ਆ ਸਕਦੀ ਸੀ। ਇਸ ਲਈ ਨਿੰਦਰ ਰਾਤ ਨੂੰ ਘਰ ਨਹੀਂ ਗਿਆ, ਉਥੇ ਖਲਵਾੜੇ ਕੋਲ ਹੀ ਪੈ ਗਿਆ। ਉਹਦੇ ਨਾਲ ਹੀ ਦੂਸਰੀ ਮੰਜੀ ਉੱਤੇ ਤੁਲਸਾ ਖੂੰਧ ਲੇਟਿਆ ਹੋਇਆ ਸੀ। ਕੰਮ ਦਾ ਜ਼ੋਰ ਹੋਣ ਕਰਕੇ ਜਸਵੰਤ ਨੇ ਉਸਨੂੰ ਪੰਦਰਾਂ ਵੀਹਾਂ ਦਿਨਾਂ ਲਈ ਪੱਕਾ ਹੀ ਦਿਹਾੜੀ ਉੱਤੇ ਲਾਇਆ ਹੋਇਆ ਸੀ।

ਅਸਮਾਨ ਦੇ ਤਾਰਿਆਂ ਵੱਲ ਚੁੱਪ-ਚਾਪ ਨਜ਼ਰਾਂ ਗੱਡੀ ਪਏ ਨਿੰਦਰ ਨਾਲ ਉਸਨੇ ਗੱਲ ਛੇੜਨੀ ਚਾਹੀ:

"ਨਿੰਦਰਾ! ਉਏ ਨਿੰਦਰਾ!!"



"ਹੋਅ" ਨਿੰਦਰ ਜਿਵੇਂ ਨੀਂਦ ਵਿਚੋਂ ਜਾਗਿਆ।

"ਸੁਣਿਐਂ ਤੈਨੂੰ ਵੇਖਣ ਵਾਲੇ ਆਏ ਸੀ?"

"ਆਏ ਹੋਣੇ ਨੇ...ਮੈਂ ਤਾਂ ਵੇਖੇ ਨਹੀਂ..." ਨਿੰਦਰ ਗੱਲ ਕਰਨ ਦੇ ਰਉਂ ਵਿਚ ਨਹੀਂ ਸੀ।

"ਉਏ ਤੇਰੀ ਵੀ ਧੰਨੋ ਨਾਲ ਕੋਈ ਗੱਲ-ਬਾਤ ਹੈਗੀ ਸੀ?"

"ਮੁੱਕ ਗਈ ਗੱਲ-ਬਾਤ" ਉਹ ਜਿਵੇਂ ਖੂਹ ਵਿਚੋਂ ਬੋਲਿਆ। ਫਿਰ ਉਸਨੂੰ ਜਸਵੰਤ ਦੀ 'ਸਾਹੇ-ਚਿੱਠੀ' ਵਾਲੀ ਗੱਲ ਚੇਤੇ ਆਈ। ਉਸਨੇ ਤੁਲਸੇ ਨੂੰ ਦਾਅਵਤ ਦਿੱਤੀ, "ਤੂੰ ਕੱਪੜੇ ਸੀਵਾ ਛੱਡ... ਤੈਨੂੰ ਅਗਲੇ ਮਹੀਨੇ ਜੰਞੇ ਲੈ ਕੇ ਜਾਵਾਂਗੇ। ਵਿਆਹ ਐ ਆਪਣਾ।..."

"ਆਹੋ, ਮੈਨੂੰ ਪਤੈ...ਤੇਰਾ ਵਿਆਹ ਚਾਲ੍ਹੀਵੇਂ ਹਾੜ ਦਾ ਐ..." ਤੁਲਸੇ ਨੇ ਵਿਅੰਗ ਕੀਤਾ।

"ਤੈਨੂੰ ਕਿਵੇਂ ਪਤੈ?" ਨਿੰਦਰ ਉੱਠਕੇ ਮੰਜੀ ਉੱਤੇ ਬੈਠ ਗਿਆ।

"ਖੋਤਿਆਂ ਦੇ ਸਿਰਾਂ 'ਤੇ ਕਿਤੇ ਸਿੰਙ ਹੁੰਦੇ ਨੇ।...ਜੱਟਾਂ ਨੇ ਕਿਆ ਇਹਨੂੰ ਹੱਥਾਂ ਉੱਤੇ ਪਾਇਆ ਹੋਇਐ। ਤੈਨੂੰ ਹੇਮਾ ਮਾਲਿਨੀ ਦਾ ਸਾਕ ਕਰ ਦਾਂਗੇ... ਫਲਾਣੀ ਦਾ ਕਰਾ ਦਿਆਂਗੇ। ਇਹ ਖੋਤੇ ਦਾ ਖੁਰ ਖ਼ਿਆਲਾਂ ਦੇ ਘੋੜੇ ਭਜਾਈ ਫਿਰਦਾ ਰਹਿੰਦੈ। ਕਦੀ ਫ਼ਿਲਮ ਦਾ ਹੀਰੋ ਬਣ ਗਿਆ... ਕਦੀ ਟੀ. ਵੀ. ਦਾ ਕਲਾਕਾਰ ਬਣ ਗਿਆ। ਆਪਣੇ ਹੀ ਸੁਫ਼ਨਿਆਂ 'ਚ ਗਵਾਚਾ ਰਹਿੰਦਾ ਏ ਉੱਲੂ ਕਿਸੇ ਥਾਂ ਦਾ," ਤੁਲਸੀ ਖਿਝ ਕੇ ਆਪਣੇ ਆਪ ਨਾਲ ਹੀ ਗੱਲੀਂ ਲੱਗ ਗਿਆ। ਫਿਰ ਹਿਰਾਕਤ ਨਾਲ ਆਖਿਆ।

"ਆਖੂ, ਮੈਨੂੰ ਤਨਖ਼ਾਹ ਮਿਲਦੀ ਐ, ਜਿੱਡਾ ਨੈਬ ਸੂਬੇਦਾਰ ਲੱਗਾ ਹੁੰਦਾ। ਤਨਖ਼ਾਹ ਤੈਨੂੰ ਦੇਂਦੇ ਆ ਮਹੀਨੇ ਦੀ ਚਾਰ-ਪੰਜ ਸੌ। ਤੇ ਮੈਂ ਸੌ ਰੁਪੱਈਆ ਦਿਹਾੜੀ ਲੈਂਦਾ ਵੀ ਟੁਣਕਾ ਕੇ। ਵੀਹਾਂ ਦਿਨਾਂ ਦੇ ਪੂਰੇ ਦੋ ਹਜ਼ਾਰ... ਉਹਨਾਂ ਨੂੰ ਮੁਫ਼ਤ ਦਾ ਬੰਦਾ ਲੱਭਾ ਹੋਇਐ। ਤੇਰੀਆਂ ਧਾਈਆਂ ਸੁਣ ਛੱਡਦੇ ਆ। ਤੈਨੂੰ ਫੁਲਾ ਛੱਡਦੇ ਆ... ਤੂੰ ਝੂਠੀ-ਮੂਠੀ ਸੁਪਨਿਆਂ ਦੇ ਮਹੱਲ ਬਣਾਈ ਜਾਇਆ ਕਰ..."

ਉਹਦੀ ਝਿੜਕ ਸੁਣਕੇ ਨਿੰਦਰ ਝਾਕਲ ਗਿਆ ਤੇ ਕਿੰਨਾ ਚਿਰ ਉਸਨੂੰ ਕੋਈ ਗੱਲ ਨਾ ਅਹੁੜੀ। ਤੁਲਸੇ ਦੀ ਸੁਪਨਿਆਂ ਵਾਲੀ ਗੱਲ ਉਸਨੂੰ ਚੰਗੀ ਨਾ ਲੱਗੀ। ਉਸਨੇ ਤੁਲਸੇ ਦੇ 'ਅਲਪ-ਗਿਆਨ' ਨੂੰ ਨਿਸ਼ਾਨਾ ਬਣਾਇਆ, "ਤੈਨੂੰ ਇਹਨਾਂ ਗੱਲਾਂ ਦਾ ਕੀ ਪਤੈ। ਹੁਣ ਤੂੰ ਹੇਠੇ ਬੈਠੋਂ ਨਾ?" ਉਸਨੇ ਸੁਆਲ ਕੀਤਾ।

ਜੁਆਬ ਉਡੀਕਣ ਤੋਂ ਬਿਨਾਂ ਹੀ ਉਸਨੇ ਗੱਲ ਜਾਰੀ ਰੱਖੀ, "ਐਵੇਂ ਸੁਫ਼ਨੇ... ਸੁਫ਼ਨੇ ਆਖੀ ਜਾਂਦੈਂ। ਤੂੰ ਹੇਠੇ ਬੈਠਾ ਏਂ ਨਾ ਤੇ ਤੈਨੂੰ ਕੁਝ ਵੀ ਪਤਾ ਨਹੀਂ। ਐਸ ਵੇਲੇ ਮੇਰੀ ਬੀਬੀ ਮੇਰੀ ਮੰਜੀ ਉੱਤੇ ਮੇਰੇ ਕੋਲ ਬੈਠੀ ਹੋਈ ਆ..."

ਤੁਲਸੇ ਨੇ ਹੱਸ ਕੇ ਉਸਨੂੰ ਸੂਚਨਾ ਦਿੱਤੀ, "ਪਤਾ ਕਿਉਂ ਨਹੀਂ... ਮੇਰੀ ਮੰਜੀ ਉੱਤੋਂ ਉਠ ਕੇ ਹੀ ਤਾਂ ਤੇਰੇ ਕੋਲ ਗਈ ਆ..."

ਨਿੰਦਰ ਨੂੰ ਉਸਦਾ ਇਹ ਮਜ਼ਾਕ ਪਸੰਦ ਨਹੀਂ ਆਇਆ। ਉਹ ਪਾਸਾ ਮੋੜਕੇ ਲੰਮਾ ਪੈ ਗਿਆ।

ਦਿਨੇ ਜਸਵੰਤ ਚਾਹ ਲੈ ਕੇ ਪੁੱਜਾ। ਬੰਤੀ ਤਾਂ ਸਾਰੀ ਰਾਤ ਆਈ ਨਹੀਂ ਸੀ ਤੇ ਜਾਗ ਕੇ ਕਰਨ ਵਾਲਾ ਕੋਈ ਕੰਮ ਹੀ ਨਹੀਂ ਸੀ ਪਰ ਨਿੰਦਰ ਦੀਆਂ ਅੱਖਾਂ ਉਨੀਂਦਰੇ ਨਾਲ ਭਾਰੀ ਅਤੇ ਲਾਲ ਸਨ। ਮਲ-ਮਲ ਕੇ ਸੁੱਜੀਆਂ ਹੋਈਆਂ। ਜਸਵੰਤ ਨੇ ਕਾਰਨ ਪੁੱਛਿਆ ਤਾਂ ਦੱਸਣ ਲੱਗਾ, "ਇਕ ਵਾਰ ਨੀਂਦ ਉੱਖੜ ਗਈ... ਫਿਰ ਆਈ ਹੀ ਨਹੀਂ। ਉਹਨੇ ਕੰਮ ਹੀ ਖ਼ਰਾਬ ਕਰ 'ਤਾ।"

"ਕੀਹਨੇ ?"

"ਚੰਗਾ-ਭਲਾ ਬੀਬੀ ਦੀ ਹਿੱਕ 'ਤੇ ਸਿਰ ਰੱਖਕੇ ਸੁੱਤਾ ਸਾਂ।"

"ਕਿਹਨੇ ਦੇ ?"

"ਕਿਉਂ ਮਖ਼ੌਲ ਕਰਦੇ ਓ! ਆਪਣੀ ਬੀਬੀ ਪਰਕਾਸ਼ ਕੌਰ ਦੇ। ਉਹ ਮੇਰੇ ਵਾਲਾਂ 'ਚ ਹੱਥ ਫੇਰਨ ਡਹੀ ਸੀ। ਆਖੇ : ਸੌਂ ਜਾ ਮੇਰਾ ਲਾਲ! ਮੇਰਾ ਸੋਹਣਾ ਪੁੱਤ! ਕੰਮ ਕਰਕੇ ਥੱਕ ਗਿਆ ਹੋਵੇਂਗਾ'। ਮੈਨੂੰ ਹੌਲੀ ਹੌਲੀ ਗੂੜ੍ਹੀ ਨੀਂਦ ਆ ਗਈ। ਤਾਂਹੀਏਂ ਖੌਰੇ... ਇਕ ਲਾਲੇ ਨੇ 'ਵਾਜ ਮਾਰ ਕੇ ਜਗਾ ਦਿੱਤਾ। ਆਖੇ : ਤੇਰੀ ਜਿਹੜੀ ਸੌ ਕਿੱਲੇ ਦੀ ਰੂੜੀ ਪਈ ਆ, ਉਹ ਕੰਡਾ ਲਗਾਵਾ ਕੇ ਸਾਨੂੰ ਚੁਕਵਾ ਦੇ... ਕੱਲ੍ਹ ਟਰੱਕ ਲੱਗ ਜਾਣਗੇ ਤੇ ਆਹ ਫੜ ਪੰਜ ਲੱਖ ਰੁਪਈਆ। ਕਿਸੇ ਹੋਰ ਨੂੰ ਹਾਂ ਨਾ ਕਰੀਂ। ਮੈਂ ਆਖਿਆ, "ਮੈਂ ਸਾਰੀ ਰੂੜੀ ਨਹੀਂ ਵੇਚਣੀ।... ਪੰਜ ਸੱਤ ਸੌ ਪੰਡਾਂ ਆਪ ਵੀ ਰੱਖਣੀਆਂ। ਕਿਸੇ ਭੈਣ-ਭਰਾ ਨੂੰ ਲੋੜ ਪੈ ਜਾਂਦੀ ਆ। ਉਹ ਅੱਗੋਂ ਆਖੇ, "ਸਰਦਾਰ ਜੀ! ਤੈਨੂੰ ਕਿਸੇ ਨੇ ਹੱਥਾਂ 'ਤੇ ਪਾਇਆ ਲੱਗਦਾ... ਜਿਹੜਾ ਤੂੰ ਮੰਨਦਾ ਨਹੀਂ। ਜਿਹੜਾ ਭਾਅ ਅਸੀਂ ਲਾਉਣ ਡਹੇ ਆਂ ਉਹ ਫੇਰ ਨਹੀਂ ਲੱਗਣਾ..." ਮੇਰੇ ਨਾਂਹ ਨਾਂਹ ਕਰਦਿਆਂ ਪੈਸੇ ਸੁੱਟਕੇ ਔਹ ਗਿਆ... ਔਹ ਗਿਆ...। ਮੈਂ ਬਥੇਰਾ ਆਖਿਆ, "ਓ! ਮੇਰੀ ਗੱਲ ਤਾਂ ਸੁਣ..."

ਉਸਨੇ ਆਪਣੇ ਲਾਗੇ ਪਈ ਲੱਕੜ ਨੂੰ ਛੂਹਿਆ। "ਇਹੋ ਲੱਕੜ ਮੇਰੇ ਉੱਤੇ ਪਵੇ ਜੇ ਝੂਠ ਬੋਲਾਂ ਤਾਂ... ਫਿਰ ਨੀਂਦ ਪਈ ਹੀ ਨਹੀਂ। ਇਕ ਤਾਂ ਇਹੋ ਡਰ ਕਿ ਜੇ ਕਿਤੇ ਕਾਲੇ ਕੱਛਿਆਂ ਵਾਲੇ ਆ ਗਏ ਤਾਂ ਜਾਨ ਵੀ ਗਈ ਤੇ ਪੈਸੇ ਵੀ। ਉਂਜ ਬੀਬੀ ਨੇ ਬਥੇਰਾ ਹੌਸਲਾ ਦਿੱਤਾ, "ਕੋਈ ਨਹੀਂ ਪੁੱਤ! ਤੂੰ ਪੈਸੇ ਮੇਰੇ ਸਿਰ੍ਹਾਣੇ ਰੱਖ ਦੇਹ ਤੇ 'ਰਾਮ ਨਾਲ ਸੌਂ ਜਾਹ। ਫ਼ਿਕਰ ਨਾ ਕਰ... ਬਾਹਰ ਗੋਰਖਾ ਬੰਦੂਕ ਲੈ ਕੇ ਬੈਠਾ... ਭਾਪੇ ਤੇਰੇ ਕੋਲ ਵੀ 'ਮਰੀਕਣ ਪਸਤੌਲ ਆ..."

ਅਗਲੇ ਦਿਨਾਂ ਵਿਚ ਬਰੇਸ਼ਰ ਉੱਤੇ ਕਣਕ ਕੱਢੀਦੀ ਰਹੀ। ਬੰਦੇ ਕੰਮ ਉੱਤੇ ਲੱਗੇ ਰਹੇ। ਨਿੰਦਰ ਨਾਲ ਛੇੜ-ਛਾੜ ਹੁੰਦੀ ਰਹੀ। ਉਹਦਾ ਵਿਆਹ ਦਾ ਸਾਹਾ 'ਚਾਲੀ ਹਾੜ੍ਹ' ਦਾ ਹੋਣ ਕਰਕੇ ਹਾਸਾ ਮੱਚਦਾ ਰਿਹਾ। ਇਕ ਦਿਨ ਕਿਸੇ ਨੇ ਪੁੱਛਿਆ, "ਵਿਆਹ ਕਰਵਾ ਕੇ ਉਹਨੂੰ ਰੱਖੇਂਗਾ ਕਿੱਥੇ ਉਏ? ਕੋਠਾ ਤੁਹਾਡਾ ਇਕੋ। ਮੰਜੇ ਤੁਹਾਡੇ ਘਰ ਦੋ। ਉਹਨੂੰ ਸੰਵਾਏਂਗਾ ਕਿੱਥੇ!"

"ਉਹਨੂੰ?" ਉਸਨੇ ਛੇਤੀ ਹੀ ਸੋਚ ਲਿਆ, "ਆਪਣੀ ਕੋਠੀ ਆ ਸ਼ਹਿਰ! ਪੰਜਾਂ ਕਿੱਲਿਆਂ 'ਚ ਬਣੀ ਹੋਈ। ਪੰਜ ਟੈਲੀਫੋਨ ਲੱਗੇ। ਪੰਜ ਗੰਨ-ਮੈਨ... ਪੰਜ ਹੀ ਵੱਡੇ ਵੱਡੇ ਕੁੱਤੇ...। ਤਿੰਨ ਕੋਠੀਆਂ ਹੋਰ ਵੀ ਨੇ... ਕਰਾਏ ਉੱਤੇ ਦਿੱਤੀਆਂ। ਇਕ ਵੱਡੀ ਹਵੇਲੀ ਆ



ਹਾਲ ਬਜ਼ਾਰ 'ਚ। ਸੌ ਡੰਗਰ ਬੱਝੇ ਆ ਉਹਦੇ 'ਚ।... ਰਿਹਾ ਕਰੂੰ ਉੱਥੇ ਵੱਡੀ ਕੋਠੀ 'ਚ ਹੀ। ਉੱਥੇ ਹੀ ਰਹਿਣਾ ਪੈਣਾ ਹੁਣ ਤਾਂ। ਨਿੱਕੇ-ਨਿਆਣੇ ਵੀ ਤਾਂ ਕੱਲ੍ਹ-ਕਲੋਤਰ ਨੂੰ ਸ਼ਹਿਰ 'ਚ ਈ ਅੰਗਰੇਜ਼ੀ ਸਕੂਲ 'ਚ ਪਾਉਣੇ ਪੈਣੇ ਆਂ। ਅੱਜ ਕੱਲ੍ਹ ਪਿੰਡਾਂ 'ਚ ਉਹ ਪੜ੍ਹਾਈਆਂ ਤਾਂ ਰਹਿ ਨਹੀਂ ਗਈਆਂ, ਜਿਹੜੀਆਂ ਆਪਣੇ ਵੇਲਿਆਂ 'ਚ ਹੁੰਦੀਆਂ ਸਨ..."

ਸਾਰੇ ਉਸਦੀਆਂ ਗੱਲਾਂ ਸੁਣਕੇ ਹੱਸਦੇ ਰਹਿੰਦੇ, ਖ਼ੁਸ਼ ਹੁੰਦੇ ਰਹਿੰਦੇ। ਕਿਸੇ ਨੇ ਜਾਣਨਾ ਚਾਹਿਆ ਕਿ ਜੇ ਉਹ ਸ਼ਹਿਰ ਰਹਿਣ ਲੱਗ ਪਿਆ ਤਾਂ ਪਿੱਛੋਂ ਨੈਤੇ ਅਤੇ ਛਿੰਨੋ ਹੁਰਾਂ ਦਾ ਕੀ ਬਣੇਂਗਾ!

ਉਹ ਖਿਝਿਆ ਤੇ ਆਖਣ ਲੱਗਾ, "ਇਹ ਭੁਗਤਣ ਆਪਣੀ ਜੂਨ!"

ਉਸਨੂੰ ਇਤਰਾਜ਼ ਸੀ ਕਿ ਜਦੋਂ ਧਰਮਿੰਦਰ ਨੇ ਉਹਨੂੰ ਕੁੱਟ ਕੇ ਘਰੋਂ ਕੱਢਿਆ ਸੀ ਤਾਂ ਨੈਤੇ ਨੇ ਉਹਦੇ ਕੜੇ-ਛਾਪਾਂ ਲਾਹ ਲਏ ਤੇ ਪੈਸੇ ਲੁੱਟ ਲਏ ਸਨ। ਉਹਨੇ ਆਖਿਆ, "ਹੋਰ ਤੇ ਹੋਰ... ਚਲੋ ਮੈਂ ਤਾਂ ਅੰਞਾਣਾ ਸਾਂ। ਮੇਰੇ ਪਿਉ ਨੇ ਮੇਰੀ ਗ਼ਲਤੀ ਤੋਂ ਮੈਨੂੰ ਕੁੱਟਿਆ ਤੇ ਘਰੋਂ ਕੱਢ ਦਿੱਤਾ। ਇਹਦਾ ਸਿਆਣੇ ਬਿਆਣੇ ਦਾ ਫ਼ਰਜ਼ ਸੀ ਕਿ ਮੈਨੂੰ ਉਹਦੇ ਕੋਲ ਛੱਡ ਆਉਂਦਾ। ਪਰ ਇਹ ਨੇ ਅੱਗੋਂ ਜੱਟਾਂ ਦੇ ਡੰਗਰ ਚਾਰਨ 'ਤੇ ਰੱਖ ਲਿਆ..."

ਫਿਰ ਆਪ ਹੀ ਉਸਨੇ ਆਪਣੇ ਫ਼ੈਸਲੇ ਉੱਤੇ ਪੁਨਰ-ਵਿਚਾਰ ਕੀਤਾ ਤਾਂ ਉਸਨੂੰ ਉਹਨਾਂ ਉੱਤੇ ਰਹਿਮ ਆ ਗਿਆ।

"ਇਹਨਾਂ ਦਾ ਐਂ ਕਰਾਂਗੇ... ਇਹਨਾਂ ਨੂੰ ਦਸ-ਬਾਰਾਂ ਬੱਸਾਂ ਪੁਆ ਦਿਆਂਗੇ। ਦੋ ਵੀ. ਡੀ. ਓ. ਕੋਚਾਂ ਲੈ ਦਿਆਂਗੇ। ਆਪ ਮੈਂ ਸਵੇਰੇ ਆ ਜਾਇਆ ਕਰੂੰ। ਚਾਚੇ ਦਾ ਪੌਣਾ ਦੱਥਾ ਪੁਆ ਗਿਆ। ਉਹਨਾਂ ਨੂੰ ਮਿਲ ਗਿਲ ਗਿਆ। ਬੱਸਾਂ ਦੇ ਟੈਰਾਂ ਦੀ ਹਵਾ ਹੁਵਾ ਵੇਖ ਗਿਆ। ਡਰੈਵਰਾਂ ਕੰਡਕਟਰਾਂ ਨੂੰ ਤਨਖਾਹ ਦੇ ਗਿਆ... ਦਬਕਾ-ਸ਼ਬਕਾ ਚਲਾ ਗਿਆ। ਰਾਤ ਨੂੰ ਜਾਣ ਲੱਗਾ ਦੁੱਧ ਦਾ ਡੋਲ੍ਹ ਲੈ ਗਿਆ, ਚਾਹ ਬਣਾਉਣ ਲਈ..."

ਉਹਨੇ ਸਾਰੀ ਯੋਜਨਾਬੰਦੀ ਦਾ ਵਿਸਥਾਰ ਦੇ ਦਿੱਤਾ।

ਹਾੜ੍ਹ ਵੀ ਲੰਘ ਗਿਆ ਤੇ ਫਿਰ ਸਾਉਣ ਵੀ। ਇੰਝ ਹੋਰ ਮਹੀਨੇ ਲੰਘਦੇ ਗਏ। ਅੱਜ ਕੱਲ੍ਹ ਨਿੰਦਰ ਨੂੰ ਡੂੰਘੀ ਉਦਾਸੀ ਤੇ ਭੁੱਖ ਨਾ ਲੱਗਣ ਦਾ ਦੌਰਾ ਪਿਆ ਹੋਇਆ ਸੀ। ਜਦੋਂ ਵੀ ਇਹੋ ਜਿਹਾ ਦੌਰਾ ਪੈਂਦਾ ਤਾਂ ਉਹ ਕੰਮ ਉੱਤੋਂ ਹਟ ਜਾਂਦਾ। ਕੰਮ ਤੋਂ ਤਾਂ ਉਹ ਉਦੋਂ ਵੀ ਕਦੀ-ਕਦੀ ਹਟ ਜਾਂਦਾ ਸੀ ਜਦੋਂ ਭਾਰਾ ਕੰਮ ਕਰਨਾ ਪਵੇ। ਇਕ ਵਾਰ ਮਹੀਨਾ ਭਰ ਛੱਡਣ ਤੋਂ ਪਿੱਛੋਂ ਉਹ ਆਪ ਹੀ ਕੰਮ ਉੱਤੇ ਆ ਗਿਆ। ਕਾਰਨ ਪੁੱਛਣ 'ਤੇ ਉਸਨੇ ਦੱਸਿਆ, "ਤੁਹਾਡੀ ਚਰ੍ਹੀ ਬੜੀ ਕਰੜੀ ਸੀ। ਟੋਕੇ 'ਤੇ ਕੁਤਰਦਿਆਂ ਚਾਂਗਰਾਂ ਨਿਕਲਣ ਨੂੰ ਕਰਦੀਆਂ ਸਨ। ਕੱਲ੍ਹ ਮੈਂ ਵੇਖ ਆਇਆ ਪੈਲੀ 'ਚ ਜਾਕੇ। ਚਰ੍ਹੀ ਮੁੱਕ ਗਈ ਆ ਤੇ ਆਪਾਂ ਵੀ ਆ ਗਏ ਆਂ..."

ਆਪਣੀ ਇਹੋ ਜਿਹੀ 'ਚੁਸਤੀ' ਉੱਤੇ ਹੀ ਉਹ ਆਪਣੇ ਆਪ ਨੂੰ 'ਸੌ ਦਾਈ' ਆਖ ਕੇ ਵਡਿਆਉਂਦਾ ਹੁੰਦਾ ਸੀ।

ਪਿਛਲੇ ਦਿਨਾਂ ਤੋਂ ਕੰਮ ਉੱਤੇ ਆਉਣ ਦੀ ਥਾਂ ਉਹ ਪਹਿਨ-ਪੱਚਰ ਕੇ ਜੀ. ਟੀ. ਰੋਡ 'ਤੇ ਜਾ ਖਲੋਂਦਾ ਸੀ। ਆਉਂਦੀਆਂ-ਜਾਂਦੀਆਂ ਬੱਸਾਂ ਤੇ ਕਾਰਾਂ ਵੱਲ ਉਲਰ ਉਲਰ ਕੇ ਝਾਤੀਆਂ ਮਾਰਦਾ, ਜਿਵੇਂ ਕਿਸੇ ਨੂੰ ਲੱਭ ਰਿਹਾ ਹੋਵੇ। ਪਹਿਲਾਂ-ਪਹਿਲਾਂ ਤਾਂ ਉਹਦੇ ਬਣਦੇ ਫੱਬਦੇ ਕੱਪੜੇ ਅਤੇ ਡੀਲ-ਡੌਲ ਵੇਖ ਕੇ ਬੱਸ ਵਾਲੇ ਉਹਨੂੰ ਸਵਾਰੀ ਸਮਝ ਕੇ ਬੱਸ ਵੀ ਰੋਕ ਲੈਂਦੇ ਪਰ ਛੇਤੀ ਹੀ ਉਹਨਾਂ ਨੂੰ ਪਤਾ ਲੱਗਾ ਕਿ ਉਹ ਆਪਣੀ 'ਮੰਗੇਤਰ' ਤੇ ਵਿਛੜੇ ਹੋਏ 'ਮਾਂ-ਪਿਉ' ਨੂੰ ਲੱਭ ਰਿਹਾ ਹੈ।

ਇਕ ਦਿਨ ਉਹ ਸੜਕ ਦੇ ਕਿਨਾਰੇ ਆਪਣੇ ਪਿੰਡ ਦੇ ਅੱਡੇ ਉੱਤੇ ਖੜੋਤਾ ਬੱਸਾਂ ਗੱਡੀਆਂ ਨੂੰ ਵੇਖ ਰਿਹਾ ਸੀ ਕਿ ਉਹਦੇ ਕੋਲ ਇਕ ਰੇਹੜਾ ਆ ਕੇ ਰੁਕਿਆ। ਰੇਹੜੇ ਵਾਲੇ ਨੇ ਅੱਗੇ ਜਾਣਾ ਸੀ ਤੇ ਉਹਦੇ ਕੋਲ ਹੋਰ ਸਮਾਨ ਵੀ ਸੀ, ਪਰ ਰੇਹੜੇ ਉੱਤੇ ਪਈਆਂ ਸੁਰਗੀ ਮੇਂਬਰ ਦੀਆਂ ਦਸ ਬੋਰੀਆਂ ਸੀਮਿੰਟ ਲਾਹ ਕੇ ਉਸਨੇ ਲਛਮਣ ਚਾਹ ਵਾਲੇ ਦੀ ਦੁਕਾਨ ਉੱਤੇ ਰੱਖਣੀਆਂ ਸਨ। ਰੇਹੜੇ ਵਾਲੇ ਨੇ 'ਜੈਂਟਲਮੈਨ' ਬਣੇ ਨਿੰਦਰ ਨੂੰ ਆਖਿਆ, "ਸਰਦਾਰ ਜੀ! ਆਹ ਜ਼ਰਾ ਸੀਮਿੰਟ ਦੀ ਬੋਰੀ ਨੂੰ ਹੱਥ ਪਵਾਇਓ..."

ਉਹਨੂੰ ਝਿਜਕ ਵੀ ਸੀ ਕਿ ਸੋਹਣੇ ਕੱਪੜਿਆਂ ਵਾਲਾ ਬਣਦਾ-ਤਣਦਾ ਜਵਾਨ ਕਿਤੇ ਕੱਪੜੇ ਲਿਬੜਣ ਦੇ ਡਰੋਂ ਉਸਨੂੰ ਨਾਂਹ ਨਾ ਕਰ ਦੇਵੇ। ਨਿੰਦਰ ਨੇ ਉਸਨੂੰ ਬੜੇ ਉਤਸ਼ਾਹ ਨਾਲ ਸੀਮਿੰਟ ਦੀ ਬੋਰੀ ਚੁਕਵਾਈ ਤੇ ਉਹਦੇ ਸਿਰ ਉੱਤੇ ਰੱਖ ਦਿੱਤੀ।

ਲਛਮਣ ਦੀ ਦੁਕਾਨ ਉੱਤੇ ਰੇਹੜੇ ਵਾਲਾ ਬੋਰੀ ਰੱਖ ਕੇ ਪਰਤਿਆ ਤਾਂ ਉਸਨੇ ਫੇਰ ਹੱਥ ਜੋੜੇ, "ਸਰਦਾਰ ਜੀ ਕਰਵਾਇਓ ਖੇਚਲ!..."

ਨਿੰਦਰ ਨੇ ਬੋਰੀ ਉਹਦੇ ਸਿਰ ਉੱਤੇ ਰੱਖਦਿਆਂ ਗੱਲ ਛੇੜ ਲਈ, "ਮੈਨੂੰ ਭਾਪੇ ਧਰਮਿੰਦਰ ਨੇ ਆਖਿਐ ਕਿ ਮੈਂ ਤੇਰੇ ਲਈ ਦਸ ਟਰੱਕ ਸੀਮਿੰਟ ਦੇ ਲਦਾ ਦਿੱਤੇ ਨੇ। ਉਹਦੇ ਨਾਲ ਇਕ ਤਾਂ ਛਿੰਨੋ ਹੁਰਾਂ ਦਾ ਢੱਠਾ ਹੋਇਆ ਕੱਚਾ ਕੋਠਾ ਦੋਬਾਰਾ ਛੱਤ ਦੇ ਤੇ ਇਕ ਵਿਚਾਰੇ ਮਜ਼ਬੀਆਂ ਦਾ ਗੁਰਦਵਾਰਾ ਬਣਵਾ ਦੇਹ। ਆਪਾਂ ਜਿਹੜੇ ਜੱਟ ਆਂ ਨਾ, ਮਜ਼ਬੀਆਂ ਦੇ ਕੀਤੇ ਦਾ ਮੁੱਲ ਨਹੀਂ ਪਾਉਂਦੇ। ਉਹਨਾਂ ਦੇ ਸਿਰ ਉੱਤੇ ਭਾਰੀ ਪੰਡ ਵੀ ਚੁਕਾਉਂਦੇ ਆਂ..."

ਰੇਹੜੇ ਵਾਲੇ ਨੇ ਹੈਰਾਨੀ ਨਾਲ ਉਸ ਵੱਲ ਵੇਖਿਆ। ਉਹਨੂੰ ਗੱਲਾਂ ਦੀ ਕੋਈ ਸਮਝ ਨਾ ਪਈ। ਉਹ ਬੋਰੀ ਰੱਖਕੇ ਮੁੜਿਆ ਤਾਂ ਉਹਨੂੰ ਆਪਣੇ ਵੱਲ ਆਉਂਦਾ ਵੇਖ ਕੇ ਨਿੰਦਰ ਨੇ ਦੂਰੋਂ ਹੀ ਗੱਲ ਸ਼ੁਰੂ ਕਰ ਲਈ, "ਭਾਪੇ ਧਰਮਿੰਦਰ ਨੇ ਫ਼ੋਨ 'ਤੇ ਆਖਿਐ ਹੇਠੇ ਪੰਨੇ ਵੀ ਨਾ ਵੰਡਦਾ ਰਹਿ... ਔਕਰਸਰ ਵਾਲੀ ਆਪਣੀ ਕੋਠੀ ਨੂੰ ਵੀ ਪਲੱਸਤਰ ਕਰਾ ਲੈ। ਮੈਂ ਆਖਿਐ ਪਹਿਲਾਂ ਔਸ ਵਾਲੇ ਦਸ ਟਰੱਕ ਤਾਂ ਲੁਹਾਂ ਜਾਵਾਂ। ਮੈਂ ਵੀ ਸੀਮਿੰਟ ਹੀ ਉਡੀਕਣ ਡਿਹਾਂ..."

ਉਹਦੀਆਂ ਗੱਲਾਂ ਸੁਣ ਕੇ ਰੇਹੜੇ ਵਾਲਾ ਉਹਦੇ ਬਾਰੇ 'ਸਭ ਕੁਝ' ਸਮਝ ਗਿਆ। ਅਗਲੀ ਬੋਰੀ ਚੁੱਕਣ ਲੱਗੇ ਤਾਂ ਰੇਹੜੇ ਵਾਲੇ ਨੇ ਆਪਣੇ ਸਿਰ ਉੱਤੇ ਰੱਖਣ ਦੀ ਥਾਂ ਨਿੰਦਰ ਦੇ ਸਿਰ ਉੱਤੇ ਟਿਕਾ ਦਿੱਤੀ ਤੇ ਹੱਸ ਕੇ ਆਖਿਆ, "ਜਾਹ ਦੁਕਾਨ 'ਤੇ ਰੱਖ ਆ। ਇਹ ਤੁਹਾਡਾ ਈ ਸੀਮਿੰਟ ਆ। ਦਸਾਂ ਟਰੱਕਾਂ 'ਚੋਂ ਜਿਹੜਾ ਬਚ ਗਿਆ ਸੀ, ਉਹਨੇ ਰੇਹੜੇ 'ਤੇ ਲਦਾ ਤਾ"



ਅਗਲੀਆਂ ਬੋਰੀਆਂ ਉਸਨੇ ਆਪ ਹੀ ਭੱਜ ਭੱਜ ਕੇ ਲਛਮਣ ਦੀ ਦੁਕਾਨ 'ਤੇ ਰੱਖੀਆਂ ਤੇ ਰੇਹੜੇ ਵਾਲਾ ਮੁੱਛਾਂ 'ਚ ਹੱਸਦਾ ਰੇਹੜੇ ਕੋਲ ਖਲੋਤਾ ਰਿਹਾ।

ਰੇਹੜੇ ਵਾਲਾ ਤੁਰ ਗਿਆ ਤਾਂ ਨਿੰਦਰ ਨੇ ਸਿਰ ਉੱਤੋਂ ਸੀਮਿੰਟ ਨਾਲ ਲਿਬੜੀ ਪੱਗ ਲਾਹ ਕੇ ਸੀਮਿੰਟ ਝਾੜਦਿਆਂ ਲਛਮਣ ਨੂੰ ਆਖਿਆ, "ਲਛਮਣ ਸਿਆਂ! ਆਹ ਬੋਰੀਆਂ ਪਈਆਂ ਆਪਣੀਆਂ ਸੀਮਿੰਟ ਦੀਆਂ। ਧਿਆਨ ਰੱਖੀਂ। ਟਰੱਕ ਆਉਂਦੇ ਆ ਤਾਂ ਉਹਨਾਂ 'ਤੇ ਰੱਖ ਲਾਂਗੇ।"

"ਪੱਗ ਦਾ ਸੀਮਿੰਟ ਆਪ ਕਿਉਂ ਝਾੜਨ ਡਿਹਾ ਏਂ। ਹੁਣੇ ਸੁਰਗੀ ਮਿੰਬਰ ਨੇ ਆ ਜਾਣਾ... ਉਹਨੇ ਹੀ ਚਾਰ ਛਿੱਤਰ ਮਾਰ ਕੇ ਝਾੜ ਦੇਣੈਂ।... ਆ ਗਿਐ ਵੱਡਾ ਸੀਮਿੰਟ ਦਾ ਮਾਲਕ..." ਲਛਮਣ ਨੇ ਚਾਹ ਪੁਣ ਕੇ ਪੋਣੀ ਵਿਚਲਾ ਪੱਤੀ ਦਾ ਫੋਗ ਇਕ ਪਾਸੇ ਰੱਖ ਸੁੱਟਿਆ ਤਾਂ ਨਿੰਦਰ ਨੇ ਰੋਸੇ ਨਾਲ ਆਖਿਆ, "ਸਾਨੂੰ ਤਾਂ ਤੁਸੀਂ ਯਾਰ ਫੋਗ ਹੀ ਸਮਝਦੇ ਜੇ। ਭਾਰ ਲੱਦੀ ਜੋ ਸਾਡੇ ਸਿਰ 'ਤੇ... ਦਿਓ ਕੁਝ ਨਾ ਸਾਨੂੰ..."

ਉਹ ਬੁੜ-ਬੁੜ ਕਰਦਾ ਪਰ੍ਹਾਂ ਨੂੰ ਤੁਰ ਗਿਆ। "ਇਕ ਤਾਂ ਉਹ ਪੰਡ ਸਿਰ ਉੱਤੇ ਰੱਖ ਗਈ ਤੁਰਦੀ ਦੀ। ਇਕ ਸੀਮਿੰਟ ਦਾ ਭਾਰ... ਓਧਰ ਚਾਚਾ ਸਤਿਨਾਮ ਵੀ ਭਾਰ ਪਾ ਗਿਐ... ਮੁੜਦਾ ਹੀ ਨਹੀਂ..."

ਸਿਰ ਅਤੇ ਮਨ ਉੱਤੇ ਕਿੰਨੇ ਹੀ ਭਾਰ ਚੁੱਕੀ ਉਹ ਦੁਖੀ ਤੇ ਪਰੇਸ਼ਾਨ ਹੋਇਆ ਘੁੰਮਦਾ ਰਹਿੰਦਾ। ਉਹਦੇ ਮਾਂ-ਪਿਉ ਨੂੰ ਵੱਖਰਾ ਦੁੱਖ ਸੀ। ਇਕ ਪੁੱਤ ਮਰ ਗਿਆ ਸੀ। ਦੂਜਾ ਸਿੱਧੜ ਸੀ ਤੇ ਤੀਜਾ ਇਹ ਕਮਲਾ ਹੋਇਆ ਫਿਰਦਾ ਸੀ। ਕੰਮ ਨਾ ਕਰਨ ਕਰਕੇ ਪਰਿਵਾਰ ਉੱਤੇ ਬੋਝ ਸੀ।

"ਸਾਡੀਆਂ ਕਿਹੜੀਆਂ ਮਿੱਲਾਂ ਚਲਦੀਆਂ ਨੇ। ਉਹੋ ਕਮਾਉਣਾ ਤੇ ਉਹੋ ਖਾਣਾਂ..." ਛਿੰਨੋ ਆਖਦੀ, "ਉਹ ਦੋਵੇਂ ਪਿਉ-ਪੁੱਤ ਦਿਹਾੜੀਆਂ ਕਰਦੇ ਨੇ ਤੇ ਇਹ ਕੱਪੜੇ ਪਾਕੇ ਗਲੀਆਂ ਤੇ ਸੜਕਾਂ ਦੇ ਗੇੜੇ ਕੱਢਦਾ ਰਹਿੰਦਾ। ਚੰਗਾ-ਭਲਾ ਹੁੰਦਾ ਸੀ... ਇਹਨੂੰ ਜ਼ਰੂਰ ਕਿਸੇ ਨੇ ਕੁਝ ਖੁਆ 'ਤਾ..."

ਉਹਦਾ ਹਉਕਾ ਨਿਕਲ ਜਾਂਦਾ, "ਅੱਟਿਆਂ! ਜੇ ਸੱਜਣ ਵੀ ਜਿਉਂਦਾ ਹੁੰਦਾ ਤੇ ਇਹ ਤਿੰਨੇ ਭਰਾ ਵਿਆਹੇ ਹੁੰਦੇ ਤੇ ਘੱਟ ਘੱਟ ਨੌਂ-ਦਸ ਨਿਆਣੇ ਹੁਣ ਤਕ ਸਾਡੇ ਘਰ ਖੇਡਦੇ ਹੁੰਦੇ। ਹੋਰ ਦੋਹ ਸਾਲਾਂ ਨੂੰ ਹੱਥ-ਪਰੌਂਠੀ ਪੁਆਉਂਦੇ। ਉਸ ਬੁੱਢੇ ਦੀ ਹੁਣ ਕਿਤੇ ਕੰਮ ਕਰਨ ਦੀ ਉਮਰ ਆ..."

ਅਗਲੇ ਦਿਨੀਂ ਪਤਾ ਚੱਲਿਆ ਕਿ ਛਿੰਨੋ ਬਿੱਲੀ ਅਤੇ ਨਿੰਦਰ ਨੂੰ ਲੈ ਕੇ ਨਾਲ ਦੇ ਪਿੰਡ ਪੁੱਛਾਂ ਦੇ ਉੱਤਰ ਦੇਣ ਤੇ ਜਾਦੂ-ਤਵੀਤ ਕੱਢਣ ਵਾਲੇ ਇਕ ਸਿਆਣੇ ਕੋਲ ਗਈ ਹੈ।

"ਭਾ ਜੀ! ਉਹ ਤਾਂ ਬਹੁਤ.... ਬਹੁਤ ਈ ਸਿਆਣੈਂ। ਉਥੇ ਕੋਈ ਮੁਲਖ ਢੁੱਕਦਾ। ਮਾਰ ਸੌ-ਸੌ ਕੋਹ ਤੋਂ ਲੋਕ ਆਉਂਦੇ ਨੇ। ਮਨ ਦੀਆਂ ਬੁੱਝ ਲੈਂਦਾ... ਲੈਂਦੀ ਵੀ ਨਹੀਂ ਬਹੁਤਾ..." ਜਸਵੰਤ ਹੁਰਾਂ ਦਾ ਗੋਹਾ-ਕੂੜਾ ਕਰਦੀ ਉਹ 'ਸਿਆਣੇ' ਦੀ ਸ਼ੋਭਾ ਕਰ ਰਹੀ ਸੀ। ਨਿੰਦਰ ਬਾਰੇ ਉਸ ਦੱਸਿਆ, "ਇਹਨੂੰ ਕਿਸੇ ਨੇ ਖਾਣੀ ਤਵੀਤ ਪਾਏ ਆ। ਛਾਇਆ ਵੀ ਆ ਇਹਨੂੰ। ਉਹਨੇ ਆਖਿਆ ਛੇ ਮਹੀਨੇ ਐਤਵਾਰ ਦੇ ਐਤਵਾਰ ਚੌਕੀ ਭਰਨ ਆਇਆ ਕਰੇ... ਔਂ ਨੌਂ-ਬਰ-ਨੌਂ ਹੋ

ਜੂ...। ਉਹਨੇ ਇਹ ਵੀ ਆਖਿਐ, ਛੇ ਮਹੀਨੇ ਕਿਸੇ ਦੇ ਘਰ ਦਾ ਕੁਝ ਨਹੀਂ ਖਾਣਾ... ਉਥੇ ਐਵੇਂ ਜੂਠਾ-ਮੀਠਾ ਖਾਧਾ ਜਾਂਦਾ...। ਏਨੇ ਮਹੀਨੇ ਜੂਠ ਨਹੀਂ ਖਾਣੀ ਕਿਸੇ ਦੀ...।"

ਕਹਿਣਾ ਤਾਂ ਉਹ ਇਹ ਵੀ ਚਾਹੁੰਦੀ ਸੀ ਕਿ ਖੁਆਇਆ ਉਹਨੂੰ ਕਿਸੇ ਨੇ ਇਸ ਕਰਕੇ ਹੈ ਕਿ 'ਆਪਣੇ ਹੱਥਾਂ 'ਤੇ ਪਾਈ ਰੱਖੇ,' ਪਰ ਉਹ ਇਹ ਗੱਲ ਜਾਣ-ਬੁੱਝ ਕੇ ਘੁੱਟ ਗਈ।

ਇਕ ਦਿਨ ਗਲੀ ਵਿਚ ਤੁਰੇ ਆਉਂਦਿਆਂ ਨਿੰਦਰ ਜਸਵੰਤ ਨੂੰ ਟੱਕਰ ਗਿਆ। ਜਸਵੰਤ ਨੂੰ ਅੰਦਰੋ-ਅੰਦਰ ਗੁੱਸਾ ਸੀ ਕਿ ਹੱਥਾਂ ਉੱਤੇ ਪਾਉਣ ਤੇ ਕੁਝ ਖੁਆਉਣ ਦਾ ਕੁਝ-ਕੁਝ ਇਸ਼ਾਰਾ ਉਹਨਾਂ ਵੱਲ ਸੀ। ਉਹਦਾ ਤਾਂ ਸਗੋਂ ਇਹ ਖ਼ਿਆਲ ਸੀ ਕਿ ਇਹੋ ਜਿਹੇ 'ਖ਼ੁਦਾਈ' ਨੂੰ ਉਸ ਤੋਂ ਬਿਨਾਂ ਕੰਮ ਉੱਤੇ ਹੋਰ ਰੱਖਦਾ ਕੌਣ ਹੈ! ਇਸ ਲਈ ਉਹ ਨਿੰਦਰ ਨੂੰ ਬਿਨਾਂ ਬੁਲਾਏ ਲੰਘ ਗਿਆ।

ਪਰ ਨਿੰਦਰ ਉਸ ਦੇ ਪਿੱਛੇ-ਪਿੱਛੇ ਤੁਰ ਪਿਆ। ਇਕ ਤਰ੍ਹਾਂ ਸਪੱਸ਼ਟੀਕਰਨ ਦੇਣ ਲੱਗਾ, " ਇਹ ਆਂਹਦੇ ਆ, ਤੇਰਾ ਵਿਆਹ ਕਰਨੈਂ ਪਰ ਤੇਰੇ 'ਚ ਕੋਈ ਨੁਕਸ ਆ... ਤੇਰੇ 'ਚ ਕੋਈ ਬਾਬਾ ਵੜਿਐ... ਏਸੇ ਪੰਜ ਮੈਂ ਵੀ ਜੁੱਤੀ ਪਾਲਿਸ਼ ਕਰਵਾ ਕੇ ਤੁਰਿਆ ਫਿਰਦਾਂ...।"

ਜਸਵੰਤ ਨੇ ਕੋਈ ਹੁੰਗਾਰਾ ਨਾ ਭਰਿਆ ਪਰ ਨਿੰਦਰ ਉਹਦੇ ਪਿੱਛੇ-ਪਿੱਛੇ ਤੁਰਦਾ ਉਹਨਾਂ ਦੇ ਘਰ ਆ ਗਿਆ, "ਉਂਜ ਹੈ ਮੇਰੇ ਵਿਚ ਕੁਝ ਨਹੀਂ....। ਵਿਆਹ ਜਿਹੜਾ ਆਂਹਦੇ ਆ, ਕੋਈ ਟੌਪ ਦੀ ਕੁੜੀ ਲੱਭੇ ਤਾਂ ਹੀ ਕਰਾਵਾਂ। ਕਿਸੇ ਮਾੜੀ-ਮੋਟੀ ਨਾਲ ਕਿਵੇਂ ਕਰਵਾ ਲਵਾਂ। ਐਵੇਂ ਕੋਈ ਉਹੋ ਜਿਹੀ ਵਾੜ ਦੇਣਗੇ ਮੇਰੇ ਘਰ... ਇਕ ਫਿੱਤਰ ਆਪ ਖਾਵਾਂ ਤੇ ਇਕ ਉਹਦੇ ਸਿਰ 'ਚ...।"

ਉਹਨੂੰ ਘਰ ਆਇਆ ਵੇਖ ਜਸਵੰਤ ਥੋੜ੍ਹਾ ਨਰਮ ਪੈ ਗਿਆ ਤੇ 'ਸਿਆਣੇ' ਵੱਲੋਂ ਕੀਤੇ ਜਾਂਦੇ ਉਹਦੇ 'ਇਲਾਜ' ਦੀ ਤਫ਼ਸੀਲ ਪੁੱਛੀ। ਉਸਨੇ ਸੰਗੇ ਸੰਗ ਦੱਸਦਿਆਂ ਕਿਹਾ, "ਇਲਾਜ ਕਾਹਦਾ ਜੀ। ਮੈਂ ਤਾਂ ਉਥੇ ਸੋਹਣੀਆਂ ਕੁੜੀਆਂ ਵੇਖਣ ਜਾਂਦਾਂ। ਸੰਗਤ ਬਥੇਰੀ ਆਉਂਦੀ ਆ। ਚਾਹ ਪਾਣੀ ਦੀ ਸੇਵਾ ਚੱਲਦੀ ਰਹਿੰਦੀ ਆ। ਆਪਾਂ ਵੀ ਬਾਲਟੀ ਫੜਕੇ ਸੰਗਤਾਂ ਨੂੰ ਜਲ ਛਕਾ ਛੱਡਦੇ ਆਂ। ਜਦੋਂ ਕੁੜੀਆਂ ਤੁਰ ਜਾਂਦੀਆਂ ਨੇ... ਆਪਾਂ ਵੀ ਘਰ ਨੂੰ ਮੁੜ ਪੈਂਦੇ ਆਂ...। ਆਪਣਾ ਤਾਂ ਚੰਗਾ ਦਾਅ ਫਬਿਐ....।"

ਫਿਰ ਉਸਨੇ ਭੇਦ-ਭਰੇ ਢੰਗ ਨਾਲ ਹੌਲੀ ਜਿਹੀ ਆਖਿਆ, "ਇਕ ਨਾ... ਕੁੜੀ ਆਉਂਦੀ ਆ ਉਥੇ...।"

ਕੁੜੀ ਦਾ ਜ਼ਿਕਰ ਕਰਦਿਆਂ ਹੀ ਦ੍ਰਿਸ਼ ਉਹਦੀਆਂ ਅੱਖਾਂ ਅੱਗੇ ਸਾਕਾਰ ਹੋ ਗਿਆ।

ਕੁੜੀ ਆਪਣੀ ਮਾਂ ਨਾਲ ਆਉਂਦੀ ਸੀ। ਉਹਨੂੰ ਕਿਸੇ ਪੀਰ-ਫ਼ਕੀਰ ਦੀ ਛਾਇਆ ਸੀ। ਇਕੱਲੀ ਚੰਗੀ ਭਲੀ ਬੈਠੀ-ਬੈਠੀ ਨੂੰ ਉਹਨੂੰ ਦੰਦਣ ਪੈਕੇ ਬੇਹੋਸ਼ ਹੋ ਜਾਣ ਦੀ ਬੀਮਾਰੀ ਸੀ।

ਇਕ ਦਿਨ ਚਾਹ ਦਾ ਜੱਗ ਫੜੀ ਖਲੋਤੇ ਇਕ ਸੇਵਾਦਾਰ ਨੇ ਬੀਬੀਆਂ ਦੀ ਭੀੜ ਵਿਚ ਵੜ ਕੇ ਚਾਹ ਵਰਤਾਉਣ ਦੀ ਥਾਂ ਕਿਸੇ ਬੀਬੀ ਨੂੰ ਹੀ ਇਹ ਸੇਵਾ ਕਰਨ ਲਈ ਆਖਿਆ ਤਾਂ ਕੁੜੀ ਦੀ ਮਾਂ ਨੇ ਆਖਿਆ, "ਸੀਤੋ! ਧੀਏ! ਉੱਠ ਕੇ ਸੰਗਤ ਵਿਚ ਚਾਹ ਵਰਤਾ ਦੇ...।"



ਉਸ ਦਿਨ ਤੋਂ ਪਿੱਛੋਂ ਕੁੜੀ ਰਸੋਈ ਵਿਚ ਵੀ ਚਲੀ ਜਾਂਦੀ। ਚਾਹ ਬਣਾਉਂਦੀ, ਵਰਤਾਉਂਦੀ। ਪਾਣੀ ਦੀ ਸੇਵਾ ਕਰਦਾ ਨਿੰਦਰ ਜਦੋਂ ਉਹਦੇ ਚਿਹਰੇ ਨੂੰ ਨਜ਼ਰ ਭਰਕੇ ਤੱਕਦਾ ਤਾਂ ਉਹਦੇ ਨੱਕ ਵਿਚ ਪਿਆ ਕੋਕਾ ਲਿਸ਼ਕਦਾ। ਉਹਨੂੰ 'ਗੁਰਮੀਤ ਭੈਣ ਜੀ' ਯਾਦ ਆ ਗਈ। ਫਿਰ ਉਹ ਬਾਰ-ਬਾਰ ਉਸ ਵੱਲ ਵੇਖਣ ਲੱਗਾ। ਕੀ ਸੀ ਉਹਦੇ ਚਿਹਰੇ ਵਿਚ ਜਿਹੜਾ ਉਸਨੂੰ ਖਿੱਚ ਰਿਹਾ ਸੀ। ਕੀ ਉਹਦਾ ਕੁਝ ਕੁਝ ਸ੍ਰੀਦੇਵੀ ਨਾਲ ਮਿਲਦਾ ਸੀ, ਧੰਤੋ ਨਾਲ ਮਿਲਦਾ ਸੀ ਜਾਂ 'ਗੁਰਮੀਤ ਭੈਣ ਜੀ' ਨਾਲ। ਉਸਨੂੰ ਸਮਝ ਨਹੀਂ ਸੀ ਪੈਂਦੀ। 'ਸਮਝ ਪੈ ਹੀ ਜਾਵੇ' ਇਸ ਲਈ ਉਹ ਉਸਨੂੰ ਆਉਂਦੀ ਜਾਂਦੀ ਨੂੰ ਨਜ਼ਰਾਂ ਟਿਕਾ ਕੇ ਤਾਂ ਵੇਖਦਾ ਹੀ ਰਹਿੰਦਾ ਸੀ ਪਰ ਜਦੋਂ ਇਕ ਵਾਰ ਉਹਦੀਆਂ ਨਜ਼ਰਾਂ ਸੀਤੋ ਨਾਲ ਮਿਲੀਆਂ ਤਾਂ ਉਹ ਉਹਨਾਂ ਵੱਲ ਵੇਖਦਾ ਹੀ ਰਿਹਾ। ਸੀਤੋ ਹੈਰਾਨ ਸੀ ਕਿ ਉਹ ਉਸਦੇ ਚਿਹਰੇ ਵਿਚੋਂ ਕੀ ਲੱਭਦਾ ਪਿਆ ਹੈ। ਹਾਰ ਕੇ ਸੀਤੋ ਨੇ ਹੀ ਨਜ਼ਰਾਂ ਚੁਰਾ ਲਈਆਂ ਪਰ ਇਕ ਮੁਸਕਣੀ ਬਦੋ-ਬਦੀ ਉਹਦਿਆਂ ਹੋਠਾਂ 'ਤੇ ਫੈਲ ਗਈ।

ਫਿਰ ਉਹ ਸੇਵਾ ਕਰਦੇ ਇਕ-ਦੂਜੇ ਦੇ ਨੇੜੇ-ਨੇੜੇ ਰਹਿਣ ਲੱਗੇ। ਗੱਲਾਂ ਵਿਚ ਇਕ ਦੂਜੇ ਦਾ ਹੁੰਗਾਰਾ ਭਰਨ ਲੱਗੇ। ਇਕ ਦਿਨ ਸੰਗਤ ਦੇ ਚਾਹ ਦੇ ਜੂਠੇ ਗਲਾਸ ਧੋ ਕੇ ਉਹ ਰਸੋਈ ਵਿਚ ਛੱਡਣ ਗਿਆ ਤਾਂ ਉਹ ਇਕੱਲੀ ਸੀ। ਗਲਾਸ ਰੱਖ ਕੇ ਵੀ ਜਦੋਂ ਉਹ ਉਥੇ ਹੀ ਖੜੋਤਾ ਰਿਹਾ ਤਾਂ ਸੀਤੋ ਨੇ ਜੱਗ ਵਿਚੋਂ ਦੋ ਗਲਾਸਾਂ ਵਿਚ ਚਾਹ ਪਾਈ ਤੇ ਇਕ ਗਲਾਸ ਨਿੰਦਰ ਵੱਲ ਵਧਾ ਦਿੱਤਾ। ਨਿੰਦਰ ਕਹਿਣਾ ਚਾਹੁੰਦਾ ਸੀ ਕਿ ਉਹ ਚਾਹ ਪੀ ਬੈਠਾ ਹੈ ਪਰ ਉਸ ਤੋਂ ਨਾਂਹ ਨਾ ਹੋਈ। ਕੋਸੀ ਚਾਹ ਦੇ ਵੱਡੇ-ਵੱਡੇ ਘੁੱਟ ਭਰਦਿਆਂ ਉਹ ਸੀਤੋ ਦੇ ਚਿਹਰੇ ਵੱਲ ਵੇਖੀ ਗਿਆ। ਸੀਤੋ ਦਾ ਚਾਹ ਦਾ ਗਲਾਸ ਥੈਲੀ 'ਤੇ ਰੱਖਿਆ ਪਿਆ ਸੀ ਪਰ ਉਸਦਾ ਧਿਆਨ ਉਧਰ ਨਹੀਂ ਸੀ। ਉਹ ਪਤਾ ਨਹੀਂ ਕਿਹੜੀਆਂ ਸੋਚਾਂ ਵਿਚ ਡੁੱਬੀ ਹੋਈ ਸੀ। ਬੇਧਿਆਨੀ ਵਿਚ ਹੀ ਉਸਦਾ ਹੱਥ ਗਲਾਸ ਨੂੰ ਵੱਜਾ ਤੇ ਸਾਰੀ ਚਾਹ ਸ਼ੈਲਫ਼ ਉੱਤੇ ਡੁੱਲ੍ਹ ਗਈ।

"ਹੁਣ ?" ਕੱਪੜਾ ਲੈ ਕੇ ਸ਼ੈਲਫ਼ ਸਾਫ਼ ਕਰਦੀ ਸੀਤੋ ਵੱਲ ਵੇਖ ਕੇ ਨਿੰਦਰ ਦੇ ਮੂੰਹੋਂ ਏਨਾ ਹੀ ਨਿਕਲਿਆ।

ਸੀਤੋ ਉਸਦਾ ਭਾਵ ਸਮਝ ਕੇ ਮੁਸਕਰਾਈ ਤੇ ਉਹਦੀਆਂ ਅੱਖਾਂ 'ਚ ਅੱਖਾਂ ਪਾ ਦਿੱਤੀਆਂ, "ਹੁਣ ਹੈਸੇ ਨੂੰ ਵੰਡ-ਵਰਤ ਕੇ ਪੀ ਲੈਂਦੇ ਆਂ।"

ਉਸਨੇ ਨਿੰਦਰ ਦੇ ਹੱਥ ਵਿਚ ਫੜੇ ਗਲਾਸ ਵੱਲ ਇਸ਼ਾਰਾ ਕੀਤਾ। ਉਹ ਘਬਰਾ ਗਿਆ ਤੇ ਉਸਨੂੰ ਸੁੱਝੀ ਨਾ ਕਿ ਅੱਗੋਂ ਉਸਨੂੰ ਕੀ ਆਖੇ। ਸੀਤੋ ਨੇ ਹੱਥ ਵਧਾ ਕੇ ਉਸਦੇ ਹੱਥੋਂ ਗਲਾਸ ਫੜ ਲਿਆ। ਗਲਾਸ ਵੀ ਉਸਨੇ ਇੰਜ ਫੜਿਆ ਜਿਵੇਂ ਛੋਟੀ-ਛੋਟੀ ਉਹਦੇ ਹੱਥੋਂ ਖੋਹ ਲੈਣਾ ਚਾਹੁੰਦੀ ਹੋਵੇ। ਗਲਾਸ ਵਿਚ ਮਸਾਂ ਦੋ ਕੁ ਘੁੱਟ ਹੀ ਚਾਹ ਬਾਕੀ ਸੀ। ਉਸਨੇ ਵੱਡੇ ਵੱਡੇ ਘੁੱਟ ਛੋਟੀ-ਛੋਟੀ ਭਰੇ ਤੇ ਗਲਾਸ ਖ਼ਾਲੀ ਕਰਕੇ ਬਿਨਾ ਨਿੰਦਰ ਨਾਲ ਨਜ਼ਰ ਮਿਲਾਏ ਰਸੋਈ ਵਿਚੋਂ ਬਾਹਰ ਨਿਕਲ ਗਈ। ਉਹਨੂੰ ਜਾਂਦੀ ਨੂੰ ਹੈਰਾਨ ਹੋਇਆ ਨਿੰਦਰ ਵੇਖਦਾ ਰਿਹਾ। ਉਹਦੀ ਪਿੱਠ ਉੱਤੇ ਹਿੱਲਦੀ ਗੁੱਤ ਵਾਂਗ ਉਸ ਨੂੰ ਆਪਣੇ ਪੈਰਾਂ ਹੇਠੋਂ ਧਰਤੀ ਹਿਲਦੀ ਜਾਪੀ।

"ਚਾਚਾ। ਉਹਨੇ ਮੇਰੀ ਜੂਠੀ ਚਾਹ ਪੀ ਲਈ।!" ਜਸਵੰਤ ਨੂੰ ਸਾਰੀ ਗੱਲ ਸੁਣਾ ਕੇ ਉਹ ਅਜੇ ਵੀ ਹੈਰਾਨੀ ਵਿਚੋਂ ਨਹੀਂ ਸੀ ਨਿਕਲ ਰਿਹਾ।

"ਫਿਰ ਕੀ ਐ ? ਤੇਰੀ ਹੀ ਜੂਠੀ ਸੀ... ਕਿਹੜੀ ਕਿਸੇ ਕੁੱਤੇ ਦੀ ਜੂਠੀ ਸੀ।..."

ਜਸਵੰਤ ਨੇ ਉਂਜ ਹੀ ਛੇੜਿਆ।

ਨਿੰਦਰ ਦੀ ਇਸ ਗੱਲ ਨਾਲ ਤਸੱਲੀ ਨਾ ਹੋਈ। ਉਹਦੇ ਮਨ ਦੀ ਪਰੇਸ਼ਾਨੀ ਅਜੇ ਵੀ ਬੋਲਦੀ ਪਈ ਸੀ, "ਨਹੀਂ ਚਾਚਾ!... ਅੱਜ ਐਵੇਂ ਹਾਸੇ 'ਚ ਗੱਲ ਨਾ ਗਾਵਾ। ਮੈਨੂੰ ਤਾਂ ਐਂ ਲੱਗਦੈ... ਜਿਵੇਂ ਉਹ ਜੱਟਾਂ ਦੀ ਕੁੜੀ ਹੋਵੇ...ਤੇ ਮੈਂ...ਫਿਰ ਵੀ ਉਹ ਚਾਹ ਪੀ ਗਈ!... ਨਾਲੇ ਬਾਬਾ ਹੀ ਆਂਹਦਾ... ਕਿਸੇ ਦਾ ਜੂਠਾ ਨਹੀਂ ਖਾਣਾ..."

ਉਸ ਦਿਨ ਤੋਂ ਪਿੱਛੋਂ ਉਹਦਾ ਦਿਲ ਕਰਦਾ ਸਾਰੇ 'ਵਾਰ' ਹੀ ਐਤਵਾਰ ਹੋ ਜਾਣ ਤੇ ਉਹ ਉੱਡਕੇ ਸੀਤੋ ਕੋਲ ਪਹੁੰਚ ਜਾਵੇ। ਐਤਵਾਰ ਵਾਲੇ ਦਿਨ ਉਹ ਆਪ ਸਵੇਰੇ ਸਵੱਖਤੇ ਉੱਠ ਪੈਂਦਾ। ਨਹਾ-ਧੋ ਕੇ, ਧੋਤੇ ਕੱਪੜੇ ਪਾਕੇ ਪੇਚ ਕੇ ਪੱਗ ਬੰਨ੍ਹਦਾ ਤੇ ਛਿੰਦੀ ਨੂੰ ਛੇਤੀ ਘਰੋਂ ਨਿਕਲਣ ਲਈ ਲਲਕਾਰੇ ਮਾਰਦਾ। ਛਿੰਨੋ ਅੱਜ ਕੱਲ੍ਹ ਉਹਨਾ ਦੇ ਨਾਲ ਨਹੀਂ ਸੀ ਜਾਂਦੀ। ਦੋਵੇਂ ਭਰਾ ਹੀ ਬੜੀ ਜ਼ਿੰਮੇਵਾਰੀ ਨਾਲ ਜਾਣ ਲੱਗ ਪਏ ਸਨ। ਘਰ ਦੇ ਖ਼ੁਸ਼ ਸਨ ਕਿ ਉਹ ਰਾਜ਼ੀ ਹੋ ਰਿਹਾ ਸੀ।

"ਜਿਸ ਦਿਨ ਦੀ ਮੈਂ ਗਲਾਸ ਤੇਰੇ 'ਚੋਂ ਚਾਹ ਪੀਤੀ ਏ... ਮੈਨੂੰ ਕੀ ਦੰਦਣ ਨਹੀਂ ਪਈ..."

ਇਕ ਦਿਨ ਮੌਕਾ ਪਾ ਕੇ ਸੀਤੋ ਨੇ ਨਿੰਦਰ ਨੂੰ ਦੱਸਿਆ ਤਾਂ ਨਿੰਦਰ ਦੇ ਅੰਗ-ਅੰਗ ਵਿਚ ਝਰਨਾਹਟਾਂ ਛਿੜ ਪਈਆਂ। ਭਿੱਜੀਆਂ ਹੋਈਆਂ ਮਸਤ ਅੱਖਾਂ ਨਾਲ ਉਹ ਸੀਤੋ ਵੱਲ ਵੇਖਦਾ ਹੋਇਆ ਆਖਣ ਲੱਗਾ, "ਮੈਂ ਤੈਨੂੰ ਇਕ ਸੁਫ਼ਨਾ ਸੁਣਾਵਾਂ।"

"ਸੁਣਾ" ਸੀਤੋ ਦੀ ਮੁਸਕਰਾਹਟ ਕਹਿ ਰਹੀ ਸੀ।

"ਸੁਫ਼ਨੇ 'ਚ ਨਾ ਆਪਾਂ ਦੋਵੇਂ ਹੱਥ 'ਚ ਹੱਥ ਪਾਕੇ ਰੇਲ ਦੀ ਲਾਈਨ ਦੇ ਨਾਲ ਤੁਰੇ ਜਾਂਦੇ ਆਂ। ਤੂੰ ਜ਼ਿਦ ਕਰਕੇ ਆਖਦੀ ਏਂ... ਮੈਂ ਲਾਈਨ ਦੇ ਗਾਡਰ 'ਤੇ ਤੁਰਨੈਂ। ਮੈਂ ਆਖਦਾ ਡਿੱਗ ਪਵੇਂਗੀ। ਤੂੰ ਆਖਦੀ ਏਂ... ਤੂੰ ਜੁ ਮੇਰੇ ਨਾਲ ਏਂ... ਫਿਰ ਵੀ ਡਿੱਗ ਪਊਂ!... ਤੂੰ ਹਟਦੀ ਨਹੀਂ... ਤੂੰ ਸੰਭਲ ਸੰਭਲ ਕੇ ਲਾਈਨ 'ਤੇ ਪੈਰ ਰੱਖਦੀ ਏਂ। ਮੈਂ ਤੇਰੇ ਨਾਲ ਨਾਲ ਆਂ। ਤੂੰ ਕਦੀ ਇਕ ਪਾਸੇ ਉਲਰਦੀ ਏਂ... ਕਦੀ ਦੂਜੇ ਪਾਸੇ... ਮੈਂ ਤੈਨੂੰ ਹਰ ਵਾਰ ਸੰਭਾਲ ਲੈਂਦਾਂ। ਤੂੰ ਫਿਰ ਤੁਰਨ ਲੱਗਦੀ ਐਂ। ਉਧਰੋਂ ਸਾਹਮਣਿਓਂ ਗੱਡੀ ਦੀ ਚੀਕ ਸੁਣਦੀ ਹੈ ਤਾਂ ਤੂੰ ਤਿਲਕ ਕੇ ਡਿੱਗਦੀ-ਡਿੱਗਦੀ ਚੀਕ ਮਾਰਦੀ ਏਂ। ਮੈਂ ਤੈਨੂੰ ਡਿੱਗਦੀ ਨੂੰ ਬੋਚ ਕੇ ਬਾਹਵਾਂ 'ਚ ਚੁੱਕ ਲੈਂਦਾਂ ਤੇ ਗਲ ਨਾਲ ਘੁੱਟ ਲੈਂਦਾਂ। ਤੂੰ ਆਖਿਆ, ਆਪਾਂ ਨੂੰ ਐਂ ਹੀ ਗੱਡੀ ਹੇਠਾਂ ਆ ਜਾਣ ਦੇਣਾ ਸੀ।... ਮੈਂ ਤੈਨੂੰ ਫੇਰ ਹਿੱਕ ਨਾਲ ਘੁੱਟ ਲੈਂਦਾਂ ਤੇ... ਤੇ ...." ਅੱਗੋਂ ਉਹ ਕਹਿੰਦਾ ਕਹਿੰਦਾ ਸ਼ਰਮਾ ਗਿਆ।

ਉਹ ਮੁਸਕਰਾ ਕੇ, ਅੱਧ-ਮੀਟੀਆਂ ਅੱਖਾਂ ਨਾਲ ਨਿੰਦਰ ਵੱਲ ਵੇਖੀ ਜਾ ਰਹੀ ਸੀ ਤੇ ਮੂੰਹ ਵਿਚ ਪੋਲੇ-ਪੋਲੇ ਕਿਸੇ ਚੀਜ਼ ਨੂੰ ਪਪੋਲ ਰਹੀ ਸੀ।

"ਤੈਨੂੰ ਤਾਂ ਬੜਾ ਵਧੀਆ ਸੁਪਨਾ ਆਇਐ..."



ਨਿੰਦਰ ਨੇ ਤੁਰੰਤ ਉਹਦੇ ਲਫ਼ਜ਼ਾਂ ਵਿਚ ਸੋਧ ਕੀਤੀ, "ਆਇਆ ਨਹੀਂ... ਮੈਂ ਆਪ ਲਿਐ..."

ਉਹ ਅੱਗੋਂ ਕੁਝ ਨਹੀਂ ਬੋਲੀ। ਉਂਜ ਹੀ ਮੁਸਕਰਾਉਂਦੀ ਰਹੀ ਤੇ ਸੁਪਨਿਆਂ ਅੱਖਾਂ ਨਾਲ ਉਸ ਵੱਲ ਵੇਖਦੀ ਮੂੰਹ ਵਿਚ ਪਾਇਆ ਕੁਝ ਹੌਲੀ ਹੌਲੀ ਚਿੱਥਦੀ ਰਹੀ।

"ਕੀ ਖਾਂਦੀ ਏਂ ?"

"ਇਲਾਚੀ... ਬਾਬਾ ਜੀ ਨੇ ਪਰਸ਼ਾਦ ਦਿੱਤਾ ਸੀ... ਖਾਣੀ ਊਂ ?" ਉਸਨੇ ਮੋਹ ਵਿਚ ਭਿੱਜ ਕੇ ਨਿੰਦਰ ਨੂੰ ਆਖਿਆ। ਨਿੰਦਰ ਦੇ ਹੋਠ ਹਿੱਲੇ ਨਹੀਂ। ਪਲਕਾਂ ਮੁੰਦ ਕੇ 'ਹਾਂ' ਵਿਚ ਸਿਰ ਹਿਲਾਇਆ।

ਸੀਤੋ ਨੇ ਆਪਣੇ ਮੂੰਹ ਵਿਚ ਚਿੱਥੀ ਹੋਈ ਇਲਾਚੀ ਦੇ ਫੋਗ ਨੂੰ ਜੀਭ ਦੀ ਨੋਕ ਉੱਤੇ ਇਕੱਠਾ ਕੀਤਾ ਤੇ ਸੱਜੇ ਹੱਥ ਦੀ ਪਹਿਲੀ ਉਂਗਲ ਨਾਲ ਉਹ ਫੋਗ ਚੁੱਕ ਕੇ ਨਿੰਦਰ ਦੀ ਤਲੀ ਉੱਤੇ ਰੱਖ ਦਿੱਤਾ। ਨਿੰਦਰ ਨੇ ਤਲੀ ਨੂੰ ਚਿਹਰੇ ਸਾਹਮਣੇ ਕੀਤਾ ਤੇ ਆਪਣੀ ਜੀਭ ਦੀ ਨੋਕ ਨਾਲ ਤਲੀ ਤੋਂ ਉਹ ਫੋਗ ਚੁੱਕ ਲਿਆ ਤੇ ਦੰਦਾਂ ਵਿਚ ਲੈ ਕੇ ਚਿੱਥਦਾ ਹੋਇਆ ਸੀਤੋ ਦੇ ਸਿਲ੍ਹੇ ਬੁੱਲ੍ਹਾਂ ਵੱਲ ਵੇਖਣ ਲੱਗਾ।

ਉਸੇ ਸ਼ਾਮ ਨੂੰ ਉਹ ਬੜਾ ਖ਼ੁਸ਼ੀ ਖ਼ੁਸ਼ੀ ਜਸਵੰਤ ਵੱਲ ਗਿਆ। ਜਸਵੰਤ ਨੂੰ ਉਹ ਆਪਣੀ ਗੱਲ 'ਦਿਲ ਦੇ ਭੇਤੀ' ਵਾਂਗ ਸੁਣਾ ਸਕਦਾ ਸੀ। ਅੱਗੇ ਜਾਂਦਿਆਂ ਨੂੰ ਸਤਿਨਾਮ ਆਇਆ ਬੈਠਾ ਸੀ। ਉਹ ਜਸਵੰਤ ਕੋਲੋਂ ਨਿੰਦਰ ਵਿਚ ਆ ਰਹੀ ਤਬਦੀਲੀ ਬਾਰੇ ਸੁਣ ਚੁੱਕਾ ਸੀ। ਉਸਨੇ ਸ਼ਰਾਰਤ ਨਾਲ ਪੁੱਛਿਆ, "ਲੈ ਬਈ ਨਿੰਦਰ ਸਿਆਂ! ਮੈਂ ਤਾਂ ਸਾਹੇ ਚਿੱਠੀ ਲੈ ਕੇ ਆ ਗਿਆਂ। ਵਿਆਹ ਦੀਆਂ ਤਿਆਰੀਆਂ ਕਰੋ। ਉਹਦੇ ਘਰ ਦੇ ਤਾਂ ਅਜੇ ਵੀ ਮਹੀਨਾ ਹੋਰ ਉਡੀਕਣ ਨੂੰ ਆਖਦੇ ਸਨ ਪਰ ਸ੍ਰੀਦੇਵੀ ਨੇ ਆਪ ਹੀ ਘਰਦਿਆਂ ਨੂੰ ਜ਼ੋਰ ਦੇ ਕੇ ਆਖਿਆ ਕਿ ਮੈਨੂੰ ਛੇਤੀ ਕਰ ਕੇ ਵਿਆਹੁਣਾ ਜੇ... ਉਧਰੋਂ ਜੇ ਮੁੰਡਾ ਹੱਥ 'ਚੋਂ ਨਿਕਲ ਗਿਆ...।"

ਨਿੰਦਰ ਨੇ ਉਸ ਦੀ ਗੱਲ ਦਾ ਕੋਈ ਜਵਾਬ ਨਹੀਂ ਦਿੱਤਾ। ਸਤਿਨਾਮ ਨੇ ਦੋਬਾਰਾ ਜ਼ੋਰ ਪਾ ਕੇ ਪੁੱਛਿਆ, "ਬੋਲਦਾ ਕਿਉਂ ਨਹੀਂ ਉਏ ?"

"ਚਾਚਾ। ਮੁੰਡਾ ਤੂੰ ਹੱਥਾਂ 'ਚ ਨਿਕਲ ਗਿਆ ਈ ਸਮਝ..." ਉਹਨੇ ਹੱਥ 'ਤੇ ਹੱਥ ਮਾਰ ਕੇ ਤਾੜੀ ਵਜਾਈ।

ਸਤਿਨਾਮ ਨੇ ਬਨਾਉਟੀ ਗੁੱਸਾ ਕੀਤਾ, "ਵੇਖ ਲੈ ਭਈ। ਤੇਰੇ ਲਈ ਮਾੜੀ ਗੱਲ ਐ। ਏਨੇ ਚਿਰ ਦਾ ਤੂੰ ਮੈਨੂੰ ਵਿਚੋਲਗਿਰੀ ਲਈ ਆਖਿਆ ਹੋਇਐ... ਹੁਣ ਮੈਨੂੰ ਝੂਠਾ ਨਾ ਪਵਾ। ਉਹਦੇ ਨਾਲ ਤਾਂ ਤੈਨੂੰ ਵਿਆਹ ਕਰਵਾਉਣਾ ਹੀ ਪੈਣਾ...।"

ਨਿੰਦਰ ਨੇ ਬੜੀ ਸਹਿਜਤਾ ਨਾਲ ਆਖਿਆ, "ਕੋਈ ਨਹੀਂ ਉਹਦੇ ਨਾਲ ਵੀ ਵਿਆਹ ਕਰਵਾ ਲਵਾਂਗੇ...। ਉਹ ਰੋਟੀ-ਟੁੱਕ ਤੇ ਘਰ ਦਾ ਕੰਮ ਕਰ ਛੱਡਿਆ ਕਰੂ...।"

ਐਤਕੀ ਨਿੰਦਰ ਦੇ ਬੋਲਾਂ ਵਿਚੋਂ ਸ਼ਰਾਰਤ ਸਾਫ਼ ਝਲਕਦੀ ਦਿਸ ਰਹੀ ਸੀ।

ਚੌਕੀ ਭਰਨ ਜਾਣ ਦੇ ਨਿਸਚਿਤ ਕੀਤੇ ਛੇ ਮਹੀਨਿਆਂ ਵਿਚੋਂ ਅਜੇ ਚਾਰ ਮਹੀਨੇ ਹੀ ਗੁਜ਼ਰੇ ਸਨ ਕਿ ਉਹ ਆਪਣੇ ਆਪ ਜਸਵੰਤ ਹੁਰਾਂ ਦੇ ਘਰ ਕੰਮ ਉੱਤੇ ਆ ਗਿਆ।

"ਮਾਂ ਪਿ ਤੋਂ ਪੁੱਛ ਲੈਣਾ ਸੀ... ਬਿਗਾਨੇ ਘਰੋਂ ਖਾਧਾ ਤੇਰੇ ਅੰਦਰ ਭੂਤ ਨਾ ਬਣ ਜਾਵੇ।"

ਜਸਵੰਤ ਦੇ ਗਿਲੇ ਦੇ ਜੁਆਬ ਵਿਚ ਉਸ ਨੇ ਆਖਿਆ, "ਚਾਚਾ! ਨਿੱਕੇ ਹੁੰਦਿਆਂ ਤੋਂ ਇਸ ਘਰ ਦੀ ਰੋਟੀ ਖਾਧੀ ਆ। ਚਾਚੀ ਠੀਕ ਆਖਦੀ ਏ, ਰੋਟੀ ਬਿਨਾਂ ਗੁਜ਼ਾਰਾ ਨਹੀਂ।.... ਛਿੰਨੋ ਫੇਰ ਚੀਕਣ ਲੱਗ ਪਈ ਉ। ਹੁਣ ਆਖਦੀ ਏ, ਕੇ ਤੂੰ ਵੀ ਭਿੱਲੀ ਜਿੰਨੀਆਂ ਰੋਟੀਆਂ ਖਾਣ ਲੱਗ ਪਿਐਂ। ਮੈਂ ਵੀ ਸੋਚਿਐ... ਵਿਆਹ ਉਸ ਕੁੜੀ ਨਾਲ ਹੋ ਜਾਣਾ ਮੇਰਾ...। ਵਿਆਹ ਉੱਤੇ ਖਰਚਾ ਵੀ ਆਉਣੈਂ। ਫਿਰ ਪਿੱਛੋਂ ਰੋਟੀ ਵੀ ਤਾਂ ਉਹਨੂੰ ਖੁਆਉਣੀ ਆ। ਕਮਾਈ ਕਰੂੰ ਤਦ ਹੀ ਕੁਝ ਬਣੂੰ... ਪਰ ਚਾਚਾ ਇਕ ਸ਼ਰਤ ਈ..."

ਜਸਵੰਤ ਨੇ ਅੱਖਾਂ ਨਾਲ ਸ਼ਰਤ ਜਾਨਣ ਲਈ ਹੁੰਗਾਰਾ ਭਰਿਆ।

"ਜਿੰਨਾ ਚਿਰ ਵਿਆਹ ਦੀ ਗੱਲ ਸਿਰੇ ਨਹੀਂ ਚੜ੍ਹਦੀ ਮੈਨੂੰ ਐਤਵਾਰ ਦੀ ਛੁੱਟੀ ਚਾਹੀਦੀ ਆ... ਬਾਬੇ ਕੋਲ ਜਾਣ ਵਾਸਤੇ... ਅੱਗੋਂ-ਪਿੱਛੋਂ ਬੇਸ਼ੱਕ ਕੰਮ ਕਰਵਾ ਲਈਂ।"

"ਬਾਬੇ ਕੋਲ ਜਾਣ ਵਾਸਤੇ ਕਿ ਬੀਬੀ ਕੋਲ ਜਾਣ ਵਾਸਤੇ ?" ਜਸਵੰਤ ਨੇ ਛੇੜਿਆ।

"ਚੱਲ ਇਂਜ ਹੀ ਸਹੀ" ਉਸਨੂੰ ਕੋਈ ਉਜਰ ਨਹੀਂ ਸੀ। ਸ਼ਾਮ ਨੂੰ ਘਰ ਜਾਣ ਲੱਗਾ ਕੰਧ ਨਾਲ ਇਕ ਪਾਸੇ ਲੱਗਾ ਛੋਟਾ ਗਾਡਰ ਵੇਖਕੇ ਆਖਣ ਲੱਗਾ, "ਆਹ ਗਾਡਰ ਮੈਂ ਫੇਰ ਲੈ ਜਾਣਾ... ਪਿਛਲਾ ਕੋਠਾ ਛੱਤਾਂਗੇ..."

ਸ਼ਨਿਚਰਵਾਰ ਨੂੰ ਉਹ ਆਪਣੀ ਧੋਤੀ ਹੋਈ ਪੈਂਟ-ਕਮੀਜ਼ ਹੱਥ ਵਿਚ ਫੜੀ ਆਇਆ ਤੇ ਜਸਵੰਤ ਦੀ ਘਰ ਵਾਲੀ ਨੂੰ ਕਹਿਣ ਲੱਗਾ, "ਚਾਚੀ! ਆਪਣੀ ਪ੍ਰੈਸ ਲਾ ਦੇ... ਮੈਂ ਲੀੜੇ ਪ੍ਰੈਸ ਕਰ ਲਵਾਂ।"

"ਸਵੇਰੇ ਐਤਵਾਰ ਹੈ ਨਾ!" ਜਸਵੰਤ ਦੀ ਪਤਨੀ ਮੁਸਕਰਾਈ।

"ਨਹੀਂ ਚਾਚੀ... ਸਵੇਰੇ 'ਵਾਰ' ਨਹੀਂ ਸਵੇਰੇ ਤਾਂ ਮੇਲਾ ਹੈ।" ਉਹ ਦੇ ਠਹਾਕੇ ਵਿਚ ਸ਼ਰਾਰਤ ਸੀ।

ਸੋਮਵਾਰ ਕੰਮ ਉੱਤੇ ਆਇਆ ਤਾਂ ਉਹ ਬੁਝਿਆ-ਬੁਝਿਆ ਸੀ। ਕੱਲ੍ਹ ਵਾਲੀ ਪ੍ਰੈਸ ਕੀਤੀ ਪੈਂਟ-ਕਮੀਜ਼ ਉਸ ਨੇ ਕੰਮ ਉੱਤੇ ਵੀ ਪਾਈ ਹੋਈ ਸੀ। ਕਪੜਿਆਂ ਨੂੰ ਵੱਟ ਪੈਣ ਜਾਂ ਮੈਲੇ ਹੋਣ ਦਾ ਉਸ ਨੂੰ ਕੋਈ ਫ਼ਿਕਰ ਨਹੀਂ ਸੀ। ਜਸਵੰਤ ਹੁਰਾਂ ਨੇ ਬਾਰ-ਬਾਰ ਉਹ ਦੀ ਉਦਾਸੀ ਦਾ ਕਾਰਨ ਪੁੱਛਿਆ ਪਰ ਉਹ ਆਪਣੇ ਧਿਆਨ ਕੰਮ ਕਰਨ ਵਿਚ ਲੱਗਾ ਰਿਹਾ।

ਕੱਲ੍ਹ ਸੀਤੋ ਦੀ ਮਾਂ ਨੇ ਉਸਨੂੰ ਰੋਕ ਕੇ ਇਕ ਪਾਸੇ ਲਿਜਾ ਕੇ ਇਕੱਲੇ ਨੂੰ ਬੜੇ ਮੋਹ ਨਾਲ ਪੁੱਛਿਆ ਸੀ, "ਪੁੱਤ ਨਿੰਦਰ ਸਿਆਂ! ਤੁਹਾਡੀ ਜਾਤ-ਬਰਾਦਰੀ ਭਲਾ ਕਿਹੜੀ ਐ ?"

ਨਿੰਦਰ ਉਹ ਦੇ ਚਿਹਰੇ ਵੱਲ ਪੁੱਛਦੀਆਂ ਨਜ਼ਰਾਂ ਤੇ ਧੜਕਦੇ ਦਿਲ ਨਾਲ ਵੇਖਦਾ ਰਿਹਾ।

'ਮੇਰਾ ਮਤਲਬ ਐ ਤੁਸੀਂ ਜੱਟ ਈ ਓ ਨਾ ?"



ਸੀਤੋ ਪਰ੍ਹੇ ਸੰਗਤ ਵਿਚ ਬੈਠੀ ਏਧਰ ਹੀ ਵੇਖ ਰਹੀ ਸੀ। ਨਿੰਦਰ ਦੇ ਮਨ ਉੱਤੇ ਸਾਰਾ ਕੁਝ ਲਿਖਿਆ ਹੋਇਆ ਇਕ ਹੀ ਪੋਚੇ ਨਾਲ ਮਿਟ ਗਿਆ ਸੀ। ਉਸਨੇ ਜੁਆਬ ਨਾ ਦਿੱਤਾ ਤਾਂ ਸੀਤੋ ਦੀ ਮਾਂ ਨੇ ਆਪਣਾ ਸੁਆਲ ਫੇਰ ਦੁਹਰਾਇਆ।

ਸੀਤੋ ਵੱਲ ਵੇਖ ਕੇ ਉਸਨੇ ਟੁੱਟਵੇਂ ਬੋਲਾਂ ਨਾਲ ਐਤਕੀਂ ਕਹਿ ਹੀ ਦਿੱਤਾ, "ਜੱਟ ਆਂ ਅਸੀਂ। ਤੇ ਗੋਤ ਹੈ ਸਾਡਾ ਦਿਓ... ਮੈਂ ਮਿ... ਮਿੰ..."

ਉਹਦੀ ਜ਼ਬਾਨ ਕੰਬਣ ਲੱਗ ਪਈ ਤੇ 'ਮੈਂ ਮਿੰਟੂ ਦਿਓਲ ਹਾਂ' ਕਹਿਣ ਤੋਂ ਆਕੀ ਹੋਈ ਜ਼ਬਾਨ ਖ਼ੁਸ਼ਕ ਹੋ ਕੇ ਉਸਦੇ ਤਾਲੂ ਨਾਲ ਜਾ ਲੱਗੀ।

"ਕੀ ਰੋਣਾ ਜਿਹਾ ਮੂੰਹ ਬਣਾਇਐ ਉਏ ਤੂੰ ?" ਐਤਕੀਂ ਜਸਵੰਤ ਨੇ ਉਸ ਨੂੰ ਲਾਡ ਨਾਲ ਝਿੜਕਿਆ ਤਾਂ ਉਹ ਜਿਵੇਂ ਡੂੰਘੇ ਖੂਹ ਵਿਚੋਂ ਬੋਲਿਆ,

"ਚਾਚਾ ਰੋਂਦ ਵੱਜ ਗਿਐ!"

"ਕਿਵੇਂ ? ਕੀਹਨੇ ਮਾਰਿਐ ਰੋਂਦ ?"

"ਰੱਬ ਨੇ ਮਾਰਿਐ ਜਿਹੜੇ ਨੈਤੇ ਤੇ ਛਿੰਨੋ ਦੇ ਘਰ ਜੰਮ ਪਏ।"

ਏਨੀ ਆਖ ਕੇ ਉਹ ਫੁੱਟ-ਫੁੱਟ ਕੇ ਰੋਣ ਲੱਗ ਪਿਆ।

ਅਗਲੇ ਐਤਵਾਰ ਉਸਨੇ ਛੁੱਟੀ ਨਹੀਂ ਕੀਤੀ। ਸਿੱਧਾ ਕੰਮ ਉੱਤੇ ਹੀ ਗਿਆ।

—0—

# ਕਾਲ ਕਾਲਾਂਤਰ/ਸਰੂਪ ਸਿਆਲਵੀ

## ਵੈਦਿਕ ਕਾਲ

ਦਫ਼ਤਰੀ ਡਿਊਟੀ ਕਰਨ ਦੇ ਨਾਲ-ਨਾਲ ਜਿੰਨਾ ਚਿਰ ਮੇਰੇ ਕੋਲ ਕੁਝ ਵਧੀਆ... ਸੋਚਣ, ਸਮਝਣ, ਲਿਖਣ, ਪੜ੍ਹਨ ਲਈ ਨਾ ਹੋਵੇ, ਮੈਨੂੰ ਆਪਣਾ ਆਪ ਘਟੀਆ-ਘਟੀਆ ਜਾਪੂ। ਸਵੇਰੇ ਉਠ ਕੇ ਐਨਕ ਲਾਉਣ ਲੱਗਿਆ ਭੈੜੀ ਲੱਗੂ... ਇਹ ਡਿਗ ਕੇ ਟੁੱਟ ਕਿਉਂ ਨੀ ਜਾਂਦੀ।

ਪਰ ਜਿਹੜੀਆਂ ਗੱਲਾਂ ਹੁਣ ਮੇਰੇ ਮਨ ਵਿਚ ਡੂੰਘੀਆਂ ਲਹਿਦੀਆਂ ਜਾ ਰਹੀਆਂ ਹਨ... ਦੁਖ ਹੁੰਦਾ... ਇਹਨਾਂ ਗੱਲਾਂ ਬਾਰੇ ਪਹਿਲਾਂ ਕਿਉਂ ਨੀ ਸੋਚਿਆ। ਉਠ ਕੇ ਪਹਿਲਾਂ ਐਨਕ ਸੰਭਾਲਦਾ ਹਾਂ... ਕਿਤੇ ਡਿੱਗ ਕੇ ਟੁੱਟ ਹੀ ਨਾ ਜਾਵੇ।... ਜਿਵੇਂ ਹਰ ਕੋਈ ਆਪਣੇ ਵਿਚਾਰਾਂ ਨੂੰ ਸਾਂਝੇ ਕਰਨਾ ਚਾਹੁੰਦਾ ਹੈ... ਮੇਰਾ ਵੀ ਜੀਅ ਕਰਦਾ... ਕੋਈ ਧਿਆਨ ਨਾਲ ਸੁਣੇ ਨਾ ਸੁਣੇ... ਸਮਝੇ ਨਾ ਸਮਝੇ... ਬੋਲੀ ਜਾਵਾਂ... ਦੱਸੀ ਜਾਵਾਂ।

ਮੈਂ ਨਿੱਤ ਜੁੜਦੀ ਮਿੱਤਰ ਮੰਡਲੀ ਕੋਲ ਪੰਜੀਂ-ਸੱਤੀਂ ਚਲਿਆ ਜਾਂਦਾ ਹਾਂ। ਹਾਸੇ-ਠੱਠੇ ਦੀਆਂ ਗੱਲਾਂ ਚਲਦੀਆਂ ਰਹਿੰਦੀਆਂ ਹਨ। ਇੰਦਰਜੀਤ ਸੌ ਦਾ ਨੋਟ ਕੱਢਕੇ ਮੁਸਕੜੀਆਂ ਹੱਸੂ, "ਲਿਆਓ ਫੇਰ ਕੱਢੋਓ... ਕਾਹਨੂੰ ਕੁਵੇਲਾ ਕਰਨਾ... ਪੀਣੀ ਤਾਂ ਹੈ ਈ...।" ਮੈਂ ਤੇ ਫ਼ੌਜੀ ਵੀ ਸੌ ਸੌ ਦੇ ਨੋਟ ਕੱਢਦੇ ਹਾਂ। ਵੇਟਰ ਨੂੰ ਠੇਕੇ ਭੇਜ ਦਿੰਦੇ ਆ।

ਫ਼ੌਜੀ ਦੇ ਟੈਂਟ ਸਟੋਰ 'ਤੇ ਭਤੀਜੀ ਦੇ ਵਿਆਹ ਲਈ ਟੈਂਟ ਤੇ ਕਰਾਕਰੀ ਦਾ ਸਮਾਨ ਬੁੱਕ ਕਰਵਾਉਣ ਆਇਆ ਬੰਦਾ, ਉਹਦਾ ਪੁਰਾਣਾ ਗਾਹਕ ਹੋਣ ਕਰਕੇ ਸਾਡੇ ਕੋਲ ਆਣ ਬੈਠਾ ਹੈ। ਇੰਦਰਜੀਤ ਨੇ ਉਹਨੂੰ ਪੈੱਗ ਪਾ ਦਿੱਤਾ ਹੈ। ਉਹਨੇ ਪੈੱਗ ਵਾਲਾ ਗਿਲਾਸ ਪਰ੍ਹਾਂ ਨੂੰ ਖਿਸਕਾ ਕੇ ਝੋਲੇ ਵਿਚੋਂ ਆਪਣਾ ਗਿਲਾਸ ਕੱਢਕੇ ਰੱਖ ਦਿੱਤਾ। "ਬਾਈ ਜੀ ਜੇ ਪਿਲਾਉਣੀ ਐ ਤਾਂ ਉਹਦੇ ਵਿਚ ਪਾ ਦਿਓ।" ਉਹ ਇਸਦਾ ਕਾਰਨ ਦੱਸਦਾ ਹੈ, "ਪਹਾੜੀ ਪਿੰਡਾਂ ਵਿਚ ਤਾਂ ਅਸੀਂ ਇਕ ਦੂਸਰੇ ਨੂੰ ਜਾਤੀ ਤੌਰ ਤੇ ਜਾਣਦੇ ਆ... ਨੀਵੀਂ ਜਾਤ ਦਾ ਬੰਦਾ ਸਾਡੇ ਨਾਲ ਬਹਿ ਕੇ ਪੀਣ ਦੀ ਊਂ ਈ ਜੁਰਅਤ ਨੀ ਕਰਦਾ। ਪਰ ਬਹਿਰੀਆਂ ਜਿਹਾ ਦਾ ਪਤਾ ਨ੍ਹੀਂ ਲਗਦਾ, ਚੂਹੜੇ- ਚਮਾਰਾਂ ਦੇ ਗਿਲਾਸਾਂ ਵਿਚ ਪੀਤੀ ਜਾਵੇ ... ਫੇਰ ਉਹਨਾਂ ਦੀ ਜਾਤ ਦਾ ਪਤਾ ਲੱਗਣ ਤੇ ਦੁਖ ਹੁੰਦਾ।... ਜਾਣੀ ਪੀਤੀ ਹੋਈ ਸਾਰੀ ਓ ਉਤਰ ਜਾਂਦੀ ਐ। ਬਾਈ ਗੁੱਸਾ ਨਾ ਕਰਿਓ ...ਮੈਂ ਇਹਨਾਂ ਨਾਲ ਨਾ ਬਹਿਕੇ ਖਾਣ-ਪੀਣ ਦਾ ਨੇਮ ਪਾਇਆ ਹੋਇਆ।"

ਜੇਕਰ ਉਹ ਮੈਨੂੰ ਦਸ ਕੁ ਸਾਲ ਪਹਿਲਾਂ ਮਿਲਿਆ ਹੁੰਦਾ... ਮੈਂ ਉਸ ਨਾਲ ਉਲਝ ਪੈਣਾ ਸੀ। ਉਦੋਂ ਮੈਂ ਬੀ. ਏ. ਕਰਨ ਤੋਂ ਬਾਅਦ, ਵਿਹਲਾ ਹੋਣ ਕਰਕੇ ਘਰੇ ਵਿਦਿਆਰਥੀਆਂ ਨੂੰ ਟਿਊਸ਼ਨ ਪੜ੍ਹਾਇਆ ਕਰਦਾ ਸਾਂ। ਨਾਲ ਦੇ ਪਿੰਡ ਦਾ ਮੈਲੇ ਜਹੇ ਕਪੜਿਆਂ ਵਾਲਾ ਬਜ਼ੁਰਗ, ਦਸਵੀਂ ਵਿਚ ਪੜ੍ਹਦੇ ਪੋਤੇ ਨੂੰ ਮੇਰੇ ਕੋਲ ਲੈ ਕੇ ਆਇਆ। ਮੈਂ ਇੱਜ਼ਤ ਕਰਦਿਆਂ ਸੁਲਾ ਮਾਰੀ-



ਬੈਠੋ ਬਜ਼ੁਰਗੋ ਚਾਹ ਪੀ ਕੇ ਜਾਇਓ। "ਮੈਂ ਬੱਡੇ ਘਰਾਂ ਤੋਂ ਨਾ ਖਾਣ ਦਾ ਨੇਮ ਪਾਇਆ ਹੋਇਆ।" ਉਹ ਖੜਾ ਖੜਾ ਈ ਬੋਲਿਆ। ਮੈਥੋਂ ਵੀ ਕਿਹਾ ਗਿਆ... ਜਿਹੜਾ ਸਾਡੇ ਘਰ ਦਾ ਖਾਂਦਾ ਨੀ... ਮੈਂ ਵੀ ਉਹਨੂੰ ਨਾ ਪੜ੍ਹਾਉਣ ਦਾ ਨੇਮ ਪਾਇਆ ਹੋਇਆ ਮੁੰਡੇ ਨੂੰ ਨਾਲ ਈ ਲੈ ਜਾ।"

ਮੈਂ ਦੇਖਦਾ ਰਹਿੰਦਾ, ਫ਼ੌਜੀ ਵੀ ਜਾਤੀ ਉੱਚਤਾ ਦਿਖਾਉਣ ਵਾਲੇ ਨੂੰ ਝਾੜ ਪਾ ਦਿੰਦਾ ਸੀ, "ਮੇਰੀ ਤੇ ਮੇਰੇ ਪਿਓ ਦੀ ਤੀਹ ਹਜ਼ਾਰ ਰੁਪਏ ਪੈਨਸ਼ਨ ਐ। ਪੰਦਰਾਂ ਵੀਹ ਹਜ਼ਾਰ ਰੁਪਏ ਟੈਂਟ ਦੀ ਆਮਦਨ ਐ। ਬੱਡੇ ਨਾਲੋਂ ਵਧੀਆ ਮਕਾਨ ਐ। ਚੰਗਾ ਖਾਈ-ਪੀਈ ਦਾ ਐ। ਤੂੰ ਦੇਸੀ ਪੀਂਦਾ, ਉਹ ਵੀ ਨਮਕ ਦੀ ਚੁਟਕੀ ਨਾਲ। ਅਸੀਂ ਵਿਸਕੀ ਪੀ ਰਹੇ ਆ। ਫ਼ਲ ਫ਼ਰੂਟ ਨਾਲ।" ਅਗਲਾ ਖੀਂ ਖੀਂ ਕਰਦਾ, ਬਚਦੇ ਦੇਸੀ ਦਾਰੂ ਦੇ ਅਧੀਏ ਦਾ ਇਕੋ ਪੈੱਗ ਬਣਾ ਕੇ ਪੀ ਕੇ ਅੱਗੇ ਲੰਘ ਜਾਂਦਾ।

ਪਰ ਫ਼ੌਜੀ ਨੂੰ ਟੈਂਟ ਦਾ ਸਮਾਨ ਬੁੱਕ ਕਰਾਉਣ ਆਏ ਬੰਦੇ ਨਾਲ ਮਤਲਬ ਐ। ਉਹ ਬੋਲਦਾ ਨੀ ਹੈਗਾ। ਮੇਰੇ ਵੀ ਹੁਣ ਵਿਚਾਰ ਬਦਲ ਗਏ ਹਨ। ਹੁਣ ਮੈਂ ਹਰ ਗੱਲ ਵਿਚੋਂ... ਸਾਡੇ ਲਈ ਅਜਿਹੇ ਹਾਲਾਤ ਬਣਨ, ਬਣਾਉਣ ਦੇ ਕਾਰਨ ਜਾਣਨ ਦਾ ਯਤਨ ਕਰਦਾ ਰਹਿੰਦਾ ਹਾਂ।

ਉਹ ਦਾਰੂ ਦਾ ਪੈੱਗ ਉਤਾਂਹ ਚੁੱਕ ਕੇ ਆਖਦਾ ਹੈ, "ਆਹ ਤਾਂ ਬਾਈ ਦੇਵਤਿਆਂ ਤੇ ਰਾਖਸ਼ਾਂ ਦੇ ਸਮੁੰਦਰ ਰਿੜਕਣ ਵਿਚੋਂ ਨਿਕਲਿਆ ਤੇਰ੍ਹਵਾਂ ਰਤਨ ਹੈ।" ਮੈਂ ਉਹਨੂੰ ਹਾਸੇ ਵਿਚ ਦੱਸਦਾ ਆ ਕਿ ਇੰਦਰ ਦੇਵਤਾ ਵੀ, ਇੰਦਰਾਣੀ ਨੂੰ ਮੈਰੇਅ ਨਾਂ ਦੀ ਸ਼ਰਾਬ ਪੇਸ਼ ਕਰਦਾ ਹੁੰਦਾ ਸੀ, ਜਿਵੇਂ ਇੰਦਰਜੀਤ ਨੇ ਤੈਨੂੰ ਪੇਸ਼ ਕੀਤੀ ਐ। "ਹਾਂ ਬਾਈ ਆਹ ਤਾਂ ਕਿਸਮਤ ਵਾਲਿਆਂ ਨੂੰ ਪ੍ਰਾਪਤ ਹੁੰਦੀ ਐ।" ਲਗਦਾ ਉਹਦੀ ਪਹਿਲਾਂ ਵੀ ਪੀਤੀ ਹੋਈ ਐ। ਉਹ ਸਕੂਟਰ ਦੀ ਡਿੱਗੀ ਵਿਚੋਂ ਬੋਤਲ ਕੱਢ ਲਿਆਇਆ ਹੈ। "ਲਓ ਹੁਣ ਘਰ ਦੀ ਕੱਢੀ ਦਾ ਵੀ ਸੁਆਦ ਦੇਖੋ, ਵਿਸਕੀ ਤਾਂ ਤੁਸੀਂ ਪੀ ਕੇ ਦੇਖੀ ਓ ਐ।"

ਮੈਂ ਦੇਸੀ ਦਾਰੂ ਵਾਲੇ ਬਾਈ ਨੂੰ ਦੱਸਦਾ ਹਾਂ ਕਿ ਜਿਵੇਂ ਤੁਸੀਂ ਦਾਰੂ ਕੱਢਣ ਲਈ ਘੜੇ ਜਾਂ ਮੱਟ ਵਿਚ ਪਾਣੀ ਵਿਚ ਗੁੜ ਘੋਲ ਕੇ ਧਰਤੀ ਥੱਲੇ ਦੱਬ ਦਿੰਦੇ ਓ। ...ਵੈਦਿਕ ਕਾਲ ਵਿਚ ਦਾਰੂ ਕੱਢਣ ਲਈ ਗੁੜ, ਸ਼ਹਿਦ ਜਾਂ ਅੰਗੂਰ ਆਦਿ ਬੈਲ ਦੀ ਖੱਲ ਨੂੰ ਸੋਹ ਦੇ ਕੰਡਿਆਂ ਨਾਲ ਸਿਓਂ ਕੇ ਬਣਾਏ ਮਟਕੇ ਵਿਚ ਪਾ ਕੇ ਧਰਤੀ ਥੱਲੇ ਦੱਬਦੇ ਸਨ।

"ਪਰ ਉਦੋਂ ਤਾਂ ਪਸ਼ੂਆਂ ਦੀਆਂ ਖੱਲਾਂ ਰੰਗਣ ਦਾ ਮਨੁੱਖ ਨੂੰ ਪਤਾ ਈ ਨੀ ਹੋਣਾ?" ਤੇਜ਼ ਦਿਮਾਗ਼ ਵਾਲੇ ਇੰਦਰਜੀਤ ਨੇ ਗੱਲਾਂ ਵਿਚੋਂ ਗੱਲ ਫੜਦਿਆਂ ਪੁਛਿਆ, "ਕੀ ਉਦੋਂ ਕੱਚੀਆਂ ਖੱਲਾਂ ਵਿਚੋ ਦਾਰੂ ਬਣਾਉਂਦੇ ਸਨ? ਕੱਚੀਆਂ ਖੱਲਾਂ ਵਿਚ ਕੱਢੀ ਦਾਰੂ ਤੋਂ ਮੁਸ਼ਕ ਨੀ ਆਉਂਦਾ ਹੋਊ??" ਇੰਦਰ ਸਿੰਘ ਨੇ ਚਿੱਟ ਕਰਦੇ ਦੇਸੀ ਦਾਰੂ ਵਾਲੇ ਵੱਲੀ ਵੇਖਦਿਆਂ ਪੁੱਛਿਆ।

ਮੈਂ ਦੱਸਿਆ- ਰਿਗ ਵੇਦ ਤੇ ਉਸ ਤੋਂ ਬਾਅਦ ਰਚੇ ਵੇਦਾਂ ਗ੍ਰੰਥਾਂ ਵਿਚ ਖੱਲ ਲਈ 'ਚਰਮ' ਸ਼ਬਦ ਦੀ ਵਰਤੋਂ ਕੀਤੀ ਮਿਲਦੀ ਹੈ। ਰਿਗ ਵੇਦ ਵਿਚ ਚਰਮ ਸੋਧਣ ਦੀ ਵਿਧੀ ਦਾ ਵਰਣਨ ਕੀਤਾ ਗਿਆ ਹੈ। ਚਰਮ ਸੋਧਣ ਦੀ ਵਿਧੀ ਨੂੰ 'ਮਲੰਦ' ਕਿਹਾ। ਮਿਰਤਕ ਪਸ਼ੂ ਦੀ ਕਟਣ-ਫਟਣ ਤੋਂ ਸੁਰੱਖਿਅਤ ਚਰਮ ਲਾਹੁਣ ਉਹਨੂੰ ਸੁਕਾਉਣ ਤੋਂ ਬਾਅਦ ਨਮੀ ਪਹੁੰਚਾਉਣ ਦੇ ਸਾਰੇ ਵਿਵਰਣ ਦਿੱਤੇ ਹਨ। ਇਹ ਉਸ ਵੇਲੇ ਦੀ ਉਤਪਾਦਨ ਕਿਰਿਆ ਨੂੰ ਦਰਸਾਉਂਦੇ ਹਨ।

ਦੇਸੀ ਦਾਰੂ ਵਾਲੇ ਨੇ ਮੇਰਾ ਨਾਂ ਭੁਮਿੰਦਰ ਸਿੰਘ ਤਾਂ ਇੰਦਰ ਸਿੰਘ ਤੋਂ ਸੁਣ ਲਿਆ ਸੀ। ਸ਼ਾਇਦ ਉਹ ਮੈਨੂੰ ਚਰਮ ਦੀਆਂ ਗੱਲਾਂ ਕਰਦਿਆਂ ਰਹਿਣ ਕਰਕੇ ਮੇਰੀ ਜਾਤ ਜਾਣਨਾ ਚਹੁੰਦਾ ਸੀ। "ਹਾਂ ਬਈ ਕਿਹੜੀ ਜਾਤ ਆ ? ... ਕਿਹੜਾ ਪਿੰਡ ਆ ... ?"

ਪਿੰਡ ਤਾਂ ਮੈਂ ਦੱਸ ਦਿੱਤਾ ਹੈ-ਆਹ ਸਾਮ੍ਹਣੇ ਚੜ੍ਹਾਈ ਚੜ੍ਹਦਿਆਂ ਚੜ੍ਹਤ ਪੁਰ। ਪਰ ਜ਼ਾਤੀ ਬਾਰੇ ਦੱਸਣ ਲਗਿਆਂ ਤ੍ਰਭਕਦਾ ਹਾਂ। ਫੇਰ ਸੰਭਲਦਿਆਂ ਦੱਸਦਾ ਹਾਂ-ਕੰਮ ਤਾਂ ਦਫ਼ਤਰ ਵਿਚ ਕਰਦਾ ਹਾਂ ... ਪਰ ਜ਼ਾਤੀ ਤਾਂ ਉਹੀ ... ਚੰਮ ਦਾ ਕੰਮ ਕਰਨ ਵਾਲੀ ਓ ਰਹਿਣੀ ਹੋਈ।

ਮੇਰੇ ਥਿੜ੍ਹਕਦਿਆਂ ਗੱਲ ਕਰਨ 'ਤੇ ਦੇਸੀ ਦਾਰੂ ਵਾਲਾ ਦਿਲਾਸਾ ਦਿੰਦਾ ਹੈ, "ਬਾਈ ਜੀ ... ਜਾਤਾਂ ਤਾਂ ਈਸ਼ਵਰ ਨੇ ਬਣਾਈਆਂ ... ਕਿਸ ਵਿਅਕਤੀ ਨੇ ਕਿਹੜੀ ਜਾਤ ਦੇ ਵਿਚ ਜਨਮ ਲਿਆ ... ਪੂਰਵਲੇ ਜਨਮਾਂ ਦਾ ਕਰਮ ਫਲ ਐ। ... ਕਿਸੇ ਦੇ ਕੁਝ ਹੱਥ ਵੱਸ ਨਹੀਂ । ... ਹਾਂ ਅੱਗੇ ਨੂੰ ਪੁੰਨ, ਦਾਨ ਚੰਗੇ ਕਰਮ ਕਰੋ ... ਅਗਲਾ ਜਨਮ ਤਾਂ ਸੁਧਾਰੋ।"

ਦੇਸੀ ਦਾਰੂ ਵਾਲੇ ਦਾ ਆਖਿਆ ... ਕਿ ਇਨਸਾਨ ਨੂੰ ਇਨਸਾਨ ਨਾਲੋਂ ਪਾੜਨ, ਉਚ-ਨੀਚ ਭੇਦ ਭਾਵ, ਵਿਤਕਰੇ, ਛੂਆ-ਛੂਤ ਪੈਦਾ ਕਰਨ ਵਾਲੀਆਂ ਜਾਤਾਂ-ਪਾਤਾਂ ਵਿਚ ਵੰਡਣ ਵਾਲਾ ਨਿਖਧ ਤੇ ਭੈੜਾ ਕੰਮ ... ਈਸ਼ਵਰ ਨੇ ਕੀਤਾ ... ਮੁੜਕੇ ਮੇਰਾ ਸਿਰ ਚਕਰਾਉਣ ਲੱਗ ਪੈਂਦਾ ਹੈ। ਮੈਂ ਚਾਹੁੰਦਾ ਹਾਂ ... ਇੰਦਰ ਸਿੰਘ ਮੇਰਾ ਗਿਲਾਸ ਭਰ ਦਵੇ ... ਤੇ ਮੈਂ ਸ਼ਰਾਬੀ ਹੋ ਕੇ ... ਦਿਮਾਗ਼ ਵਿਚ ਪੈਦਾ ਹੋਈ ਇਸ ਹਲ-ਚਲ ਤੋਂ ਖਹਿੜਾ ਛੁਡਾ ਕੇ ... ਘਰ ਜਾ ਕੇ ਸੌਂ ਜਾਵਾਂ। ਇਥੇ ਅਸੀਂ ਬਹਿੰਦੇ ਤਾਂ ਦਿਮਾਗ਼ ਦਾ ਭਾਰ ਲਾਹੁਣ ਲਈ ਹਾਂ। ... ਪਰ ਇਹ ਤਾਂ ਉਸ ਤੋਂ ਉਲਟ ਹੋ ਗਿਆ।

ਦੇਸੀ ਦਾਰੂ ਵਾਲੇ ਦੀ ਉਮਰ 50-55 ਸਾਲ ਹੋਵੇਗੀ। ... ਇਹਨੂੰ ਹਜ਼ਾਰਾਂ ਸਾਲ ਪਹਿਲਾਂ ਬਣਾਈਆਂ ਜਾਤਾਂ-ਪਾਤਾਂ ਬਾਰੇ ਕਿਵੇਂ ਪਤਾ ਲੱਗ ਗਿਆ ਕਿ ਇਹ ਈਸ਼ਵਰ ਨੇ ਬਣਾਈਆਂ। ... ਅਰਵਿੰਦਰ ਆਰੀਆ ਸਰ ਦੱਸਦੇ ਹੁੰਦੇ ਸਨ ... ਕਿ ਪ੍ਰਾਚੀਨ ਤੋਂ ਪ੍ਰਾਚੀਨ ਹੱਥ ਲਿਖਤ, ਰਿਗ ਵੇਦ ਵਿਚ ਤਾਂ ਈਸ਼ਵਰ ਦਾ ਜ਼ਿਕਰ ਹੀ ਨਹੀਂ। ਉਸ ਵਿਚ ਤਾਂ ਇੰਦਰ, ਵਰੁਣ, ਸੋਮ, ਅਗਨ, ਵਾਯੂ, ਸੂਰਜ, ਪ੍ਰਿਥਵੀ ਆਦਿ ਦੇਵੀ-ਦੇਵਤਿਆਂ ਦੀ ਉਸਤਤ ਵਿਚ ਰਿਸ਼ੀਆਂ ਦੇ ਲਿਖੇ ਸੂਕਤ (ਕਵਿਤਾਵਾਂ) ਦਰਜ ਹਨ।

ਮੈਂ ਗੱਲਾਂ ਦਾ ਰੁਖ ਮੋੜਨ ਲਈ ਮਜ਼ਾਕ ਵਿਚ ਇੰਦਰਜੀਤ ਨੂੰ ਪੁਛਦਾ ਹਾਂ। ਆਪਣੀ ਕਲਾਸ ਨੂੰ ਕਾਲਿਜ ਵਿਚ ਲੈਕਚਰਾਰ ਅਰਵਿੰਦਰ ਆਰੀਆ ਸਰ ਦਾ ਪ੍ਰਚੀਨ ਭਾਰਤ ਦਾ ਇਤਿਹਾਸ ਪੜ੍ਹਾਇਆ ਯਾਦ ਐ ? "... ਉਹ ਆਪਾਂ ਕਿਵੇਂ ਭੁੱਲ ਸਕਦੇ ਆ ?" ਇੰਦਰ ਸਿੰਘ ਵੀ ਖੁਲ੍ਹ ਕੇ ਹੱਸਦਿਆਂ, ਪੂਰੇ ਭਰੋਸੇ ਨਾਲ ਅੱਖਾਂ ਮਟਕਾਂਦਿਆਂ ਆਖਦਾ ਹੈ,

"ਅਰਵਿੰਦਰ ਇੰਦੂ ਸਰ ਆਰੀਆਂ ਬਾਰੇ ਸਿਲੇਬਸ ਤੋਂ ਕਿਤੇ ਵੱਧ ਪੜ੍ਹਾਉਂਦੇ ਹੁੰਦੇ ਸਨ। ਮੇਰੇ ਤਾਂ ਇਹ ਵੀ ਯਾਦ ਐ ... ਉਹ ਦੱਸਦੇ ਹੁੰਦੇ ਸਨ ਕਿ ਮੱਧ ਏਸ਼ੀਆ ਵਿਚ ਵੋਲਗਾ ਨਦੀ ਦੇ ਮੁਹਾਣਿਆਂ ਤੇ ਵਸਦੇ ਲੋਕ ਜਿਸ ਲੱਕੜ ਨਾਲ ਅਗਨ ਆਸਾਨੀ ਨਾਲ ਪੈਦਾ ਕਰਦੇ ਸਨ ... ਉਹਨੂੰ 'ਅਰਨ' ਕਹਿੰਦੇ ਸਨ ... ਉਸ ਲੱਕੜ ਦੇ ਨਾਂ 'ਤੇ ਹੀ ਉਹਨਾਂ ਲੋਕਾਂ ਦਾ ਨਾਂ 'ਆਰੀਆ' ਪਿਆ। ਦੇਖ ਲੈ ਸਕੂਲ ਦੇ ਵਿਦਿਆਰਥੀ ਤੇ ਅਧਿਆਪਕ ਉਨ੍ਹਾਂ ਨੂੰ ਅਰਵਿੰਦਰ ਇੰਦੂ ਦੀ ਥਾਂ



ਅਰਵਿੰਦਰ 'ਆਰੀਆ' ਕਹਿਣ ਲੱਗ ਪਏ ਸਨ। ... ਉਹ ਤਾਂ ਵੀ ਖ਼ੁਸ਼ ਸਨ ... ਅਖੇ 'ਆਰੀਆ' ਕੁਹਾ ਕੇ ਮੈਨੂੰ ਆਰੀਆ ਦੇ ਇਤਿਹਾਸ ਵਿਚਲੀ ਚੇਤਨ ਮਹਿਸੂਸ ਹੁੰਦੀ ਰਹੇਗੀ।"

ਉਹ ਕਲਾਸ ਵਿਚ ਪੜ੍ਹਾਉਂਦਿਆਂ ਵਿਦਿਆਰਥੀਆਂ ਨੂੰ ਖ਼ੁਸ਼ ਰੱਖਦੇ। ਉਹ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਪੈਰਾਂ ਵਿਚ ਵਸੇ ਪਿੰਡ ਤੋਂ ਆਉਂਦੇ ਇੰਦਰਜੀਤ ਵੱਲ ਉਂਗਲ ਕਰਕੇ ਪੁੱਛਦੇ, "ਹਾਂ ਬਈ ਆਰੀਆ ਕਿਥੋਂ ਆਏ ਸਨ ?" ਇੰਦਰਜੀਤ ਵੀ ਹੱਸਦਿਆਂ ਖੜ੍ਹਾ ਹੋ ਕੇ ਜਵਾਬ ਦਿੰਦਾ, "ਸਰ। ਮੇਰੇ ਪਿੰਡ ਸੀਸਵਾਂ ਦੀਆਂ ਪਹਾੜੀਆਂ ਵਿਚ ਨੂੰ ਲੰਘ ਕੇ ਆਏ ਸਨ। ਜਿਵੇਂ ਅੱਜ ਕੱਲ ਮੇਰੇ ਪਿੰਡ ਦੇ ਨੇੜੇ ਟਪਰੀਵਾਸ ਗੱਡੀਆਂ ਵਾਲੇ ਰਹਿੰਦੇ ਐ ... ਪਸ਼ੂ ਪਾਲਕ ਆਰੀਆਂ ਵੀ ਪੁਸ਼ਕਲਾਵਤੀ ਨੇੜੇ ਝੁੱਗੀਆਂ, ਝੌਂਪੜੀਆਂ ਬਣਾ ਕੇ ਰਹਿਣ ਲੱਗ ਪਏ ਸਨ।"

ਅਰਵਿੰਦਰ ਆਰੀਆ ਸਰ ਵਾਰ-ਵਾਰ ਦੱਸਦੇ ਰਹਿੰਦੇ ਸਨ ਕਿ ਮੱਧ ਏਸ਼ੀਆ ਵਿਚ ਵੋਲਗਾ ਨਦੀ ਦੇ ਆਸੇ-ਪਾਸੇ ਵਸਦੇ ਆਰੀਆ ਦੀ ਆਬਾਦੀ ਜਿਉਂ-ਜਿਉਂ ਵਧਦੀ ਚਲੀ ਗਈ ... ਤਿਉਂ- ਤਿਉਂ ਉਹ ਵੋਲਗਾ ਨਦੀ ਦੇ ਤਟ ਦੇ ਨਾਲ ਨਾਲ ਤਜ਼ਾਕਿਸਤਾਨ ਦੀ ਵਕਸ਼ੂ ਘਾਟੀ ਵੱਲ ਵਧਦੇ ਚਲੇ ਗਏ। ਪਰ ਕੁਝ ਹੀ ਪੁਸ਼ਤਾਂ ਬਾਦ, ਵਕਸ਼ੂ ਘਾਟੀ ਵਿਚ ਵੀ ਆਰੀਆ ਦੀ ਵਸੋਂ ਵਧਣ ਨਾਲ ... ਉਤਲੀਆ ਪਹਾੜੀਆਂ 'ਤੇ ਵਸੇ ਆਰੀਆ ਤੇ ਥੱਲੇ ਵਾਲੀਆਂ ਪਹਾੜੀਆਂ 'ਤੇ ਵਸੇ ਆਰੀਆ ਦੀਆਂ ਪਸ਼ੂ ਚਰਾਂਦਾਂ ਪਿਛੇ ਲੜਾਈਆਂ ਹੋਣ ਲੱਗ ਪਈਆਂ। ਨਿੱਤ ਦੀਆਂ ਲੜਾਈਆਂ ਦੀ ਕੱਟ-ਵੱਢ ਤੋਂ ਤੰਗ ਆ ਕੇ ਕੁਝ ਬਲਸ਼ਤੇ ਮਰਦ ਤੇ ਪਰਸ਼ੂ ਕਬੀਲਿਆਂ ਦੇ ਮਰਦ ਤੇ ਇਸਤਰੀਆਂ ਜਾਨ ਬਚਾ ਕੇ ਵਕਸ਼ੂ ਘਾਟੀ ਛੱਡ ਕੇ ਪੱਛਮ ਵੱਲ ਨਿਕਲ ਗਏ। ... ਇਹੋ ਕਬੀਲੇ ਇਰਾਨ ਵਿਚ ਪਰਸ਼ੂ (ਪਰਸ਼ੀਅਨ) ਤੇ ਮਦਰ (ਮੀਡੀਅਨ) ਕਹਾਉਣ ਲੱਗੇ।

ਵਕਸ਼ੂ ਘਾਟੀ ਵਿਚੋਂ ਹਾਰੇ ਹੋਏ ਪ੍ਰਤੂ ਕਬੀਲੇ ਦੇ ਸਾਹਸੀ ਪੁਰਸ਼ ਔਰਤਾਂ ਨੇ ਪੱਛਮੀ ਹਿਮਵੰਤ (ਹਿਮਾਲਾ) ਪਾਮੀਰ ਤੇ ਹਿੰਦੂਕੁਸ਼ ਪਰਬਤਾਂ ਦੀਆਂ ਡੂੰਘੀਆਂ ਘਾਟੀਆਂ ਤੇ ਉੱਚੀਆਂ ਚੋਟੀਆਂ ਉਪਰ ਨੂੰ ਔਖੜਾ ਨਾਲ ਲੰਘਦਿਆਂ ਹੋਇਆ ਕੁਨਾਰ, ਪੰਜਕੋਹਾ ਆਦਿ ਸ਼ੂਕਦੇ ਦਰਿਆਵਾਂ ਨੂੰ ਪਾਰ ਕੀਤਾ। ਉਨ੍ਹਾਂ ਦੀ ਹੈਰਾਨੀ ਭਰੀ ਉਤਸੁਕਤਾ ਦੀ ਹੱਦ ਨਾ ਰਹੀ ... ਜਦੋਂ ਉਨ੍ਹਾਂ ਨੇ ਚਾਰਾਗਾਹਾਂ ਵਿਚ ਚਰ ਕੇ ਗਏ ਪਸ਼ੂਆਂ ਦੇ ਗੋਹੇ ਤੇ ਚਰਵਾਹਿਆਂ ਦੀਆਂ ਪੈੜ੍ਹਾਂ ਦੇ ਨਿਸ਼ਾਨ ਦੇਖੇ। ... ਉਹ ਸੋਚਣ ਲੱਗੇ ... ਕਿ ਉਹਨਾਂ ਨੂੰ ਮਿਲਣ ਵਾਲੇ ਲੋਕ ਕਿਸ ਤਰ੍ਹਾਂ ਦੇ ਹੋਣਗੇ ... ਤੇ ਦੂਸਰੇ ਦਿਨ ਉਨ੍ਹਾਂ ਨੂੰ ਮਿਲੇ ਇਸਤਰੀ ਪੁਰਖ ਸਚਮੁਚ ਉਨ੍ਹਾਂ ਲਈ ਓਪਰੇ ਸਨ ... ਉਹ ਸਾਂਵਲੇ ਰੰਗ, ਨਾਟੇ ਕੱਦ ਤੇ ਚਪਟੀ ਨੱਕ ਵਾਲੇ ਸਨ। ... ਤੇ ਨਾ ਹੀ ਉਨ੍ਹਾਂ ਨੂੰ ਇਕ ਦੂਸਰੇ ਦੀ ਬੋਲੀ ਸਮਝ ਆਉਂਦੀ ਸੀ।

ਦੋਵੇਂ ਵੱਖਰੀਆਂ-ਵੱਖਰੀਆਂ ਨਸਲਾਂ ਦੇ ਲੋਕ ਇਕ ਦੂਸਰੇ ਬਾਰੇ ਕੁਝ ਵੀ ਨਹੀਂ ਜਾਣਦੇ ਸਨ। ਸਭ ਤੋਂ ਪਹਿਲਾਂ ਦੇ ਮਹਾਂ ਪਿਤਰ ਨੇ ਨਵੇਂ ਮਿਲੇ ਲੋਕਾਂ ਨੂੰ ਆਪਣੇ ਤੋਂ ਵੱਖਰਾ ਨਾਂ ਦੇਣਾ ਚਾਹਿਆ। ਉਹ 'ਸੁਰਾ' ਨਹੀ ਪੀਂਦੇ ਸਨ ... ਮਹਾਂਪਿਤਰ ਨੇ ਉਨ੍ਹਾਂ ਨੂੰ 'ਅਸੁਰ' ਕਿਹਾ ਤੇ ਆਰੀਆ ਨੂੰ 'ਸੁਰਾ' ਪੀਣ ਕਰਕੇ ਸੁਰ ਕਿਹਾ। ਹੁਣ ਉਨ੍ਹਾਂ ਨੂੰ ਅਸੁਰਾਂ ਦੀ ਭਾਸ਼ਾ ਵਿਚ ਨਦੀਆਂ, ਪਹਾੜਾਂ, ਨਗਰਾਂ ਦੇ ਨਾਵਾਂ ਦਾ ਪਤਾ ਨਹੀਂ ਸੀ ਲਗਦਾ। ਮਹਾਂ ਪਿਤਰ ਨੇ ਸੁੰਦਰ ਦ੍ਰਿਸਾਂ ਵਾਲੀ ਘਾਟੀ ਨੂੰ ਆਪਣੀ ਭਾਸ਼ਾ ਵਿਚ ਸਵਾਤ ਘਾਟੀ ਕਿਹਾ ਤੇ ਇਸ ਦੇ ਨਾਲ ਵਗਦੀ ਨਦੀ ਨੂੰ

ਸੁਵਾਸਤੂ ਨਦੀ ਤੇ ਸਵਾਤ ਘਾਟੀ ਦੇ ਪੱਛਮ ਵਿਚ ਵਗਦੇ ਕੁੰਭ ਨੂੰ ਕੁੰਭਾ ਨਦੀ ਕਿਹਾ। ਤੇ ਫੁੱਲਾਂ ਪੁਸ਼ਪਾਂ ਨਾਲ ਲੱਦੀ ਕਲਾਮਈ ਢੰਗ ਨਾਲ ਉਸਾਰੀ ਨਗਰੀ ਨੂੰ 'ਪੁਸ਼ਪਕਲਾਵਤੀ' ਕਹਿਣਾ ਸ਼ੁਰੂ ਕਰ ਦਿੱਤਾ।

ਉਧਰ ਆਰੀਆ ਨੇ ਜਿਨ੍ਹਾਂ ਨੂੰ ਅਸੁਰ ਕਿਹਾ, ਉਹ ਵੀ ਹੈਰਾਨ ਸਨ। ਜਿਵੇਂ ਉਨ੍ਹਾਂ ਨੂੰ ਸਮਝ ਨਹੀਂ ਲਗ ਰਹੀ ਸੀ ਕਿ ਇਹ ਗੋਰੇ ਰੰਗ, ਤਿੱਖੇ ਨੱਕ, ਸੁਨਹਿਰੀ ਵਾਲ਼ ਤੇ ਲੰਮੇ ਕੱਦ ਦੇ ਨਰ, ਨਾਰੀ ਕਿਥੋਂ ਆ ਗਏ। ਉਨ੍ਹਾਂ ਕੋਲ ਉਹ ਪਸ਼ੂ ਵੀ ਸਨ, ਜਿਹੜੇ ਉਨ੍ਹਾਂ ਨੇ ਪਹਿਲਾਂ ਕਦੇ ਦੇਖੇ ਨਹੀਂ ਸਨ, ਜਿਨ੍ਹਾਂ ਨੂੰ ਉਹ ਅਸ਼ਵ ਜਾਂ ਘੋੜੇ ਕਹਿੰਦੇ ਸਨ।

ਕਈ ਦਿਨਾਂ ਤੱਕ ਕੁਝ ਆਰੀਆ ਘੋੜ ਸਵਾਰ ਪੁਸ਼ਕਲਾਵਤੀ ਨਗਰ ਦੇ ਆਲੇ-ਦੁਆਲੇ ਘੁੰਮ ਕੇ ਮੁੜ ਜਾਂਦੇ ਰਹੇ। ਇਕ ਦਿਨ ਇਸ਼ਾਰਿਆਂ-ਇਸ਼ਾਰਿਆਂ ਨਾਲ ਉਨ੍ਹਾਂ ਨੂੰ ਨਗਰਪਤੀ ਨੇ ਨਗਰ ਦੇ ਬਜ਼ਾਰਾਂ, ਮੁਹੱਲਿਆਂ ਤੇ ਘਰਾਂ ਵਿਚ ਵੜਕੇ ਰਹਿਣ ਸਹਿਣ ਤੇ ਜੀਵਨ ਜੀਣ ਦਾ ਸਲੀਕਾ ਦੇਖਣ ਦੀ ਇਜਾਜ਼ਤ ਦੇ ਦਿੱਤੀ।

ਜਦ ਘੋੜ ਸਵਾਰ ਨਗਰ ਦੇਖਕੇ ਦੂਰ-ਦੁਰਾਡੀਆਂ ਚਾਰਾਗਾਹਾਂ ਵਿਚ ਸਰਕੜੇ ਤੇ ਘਾਹ-ਫੂਸ ਦੀਆਂ ਬਣਾਈਆਂ ਝੁੱਗੀਆਂ ਵਿਚ ਰਹਿੰਦੇ ਪਸ਼ੂ-ਪਾਲਕ, ਪੁਰੂ ਕਬੀਲੇ ਕੋਲ ਵਾਪਸ ਗਏ ਤਾਂ ਕਬੀਲੇ ਦੇ ਸਭ ਨਰ, ਨਾਰੀ ਉਨ੍ਹਾਂ ਦੁਆਲੇ ਨਵੇਂ ਲੋਕਾਂ ਦੇ ਜੀਵਨ ਬਾਰੇ ਜਾਣਨ ਲਈ ਇਕੱਤਰ ਹੋ ਗਏ।

ਪੁਸ਼ਕਲਾਵਤੀ ਘੁੰਮ ਕੇ ਆਏ ਸਾਰੇ ਘੋੜਸਵਾਰ ਬਾਹਾਂ ਉਲਾਰ ਉਲਾਰ ਕੇ ਦੱਸਣ ਲੱਗ ਪਏ। ਸਾਰੇ ਉਨ੍ਹਾਂ ਦੇ ਮੂੰਹਾਂ ਵੱਲ ਉਤਸੁਕਤਾ ਨਾਲ ਦੇਖ ਰਹੇ ਸਨ... ਪਰ ਰੌਲੇ-ਰੱਪੇ ਵਿਚ ਕਿਸੇ ਦੀ ਵੀ ਗੱਲ ਸਮਝ ਨਹੀਂ ਸੀ ਆ ਰਹੀ। ਮਹਾਂਪਿਤਰ ਨੇ ਪੁਸ਼ਕਲਵਤੀ ਦੇਖ ਕੇ ਆਏ ਸਾਰੇ ਘੋੜਸਵਾਰਾਂ ਨੂੰ ਬਿਠਾ ਦਿੱਤਾ। ਉਨ੍ਹਾਂ ਵਿਚੋਂ ਸਭ ਤੋਂ ਵੱਡੀ ਉਮਰ ਦੇ ਬੰਸੀ ਨੂੰ ਖੜੇ ਹੋ ਕੇ ਦੱਸਣ ਲਈ ਕਿਹਾ।

ਬੰਸੀ ਅੱਭੜਵਾਹੇ ਉਠਕੇ ਬੋਲਣ ਲੱਗਿਆ, "ਮੇਰੀਆਂ ਗੱਲਾਂ ਨੂੰ ਤੁਸੀਂ ਮੰਨਣਾ ਨੀ ਹੈਗਾ।... ਜੇ ਮੈਂ ਕਹਾਂ... ਇਸ ਝੁੱਗੀ ਉਪਰ ਦੂਜੀ ਝੁੱਗੀ ... ਦੂਜੀ ਉੱਪਰ ਤੀਜੀ... ਤੀਜੀ ਉੱਪਰ... ਕੀ ਤੁਸੀਂ ਮੰਨ ਲਓਗੇ? ..." ਸਭ ਪਾਸਿਓ, "ਨਾ... ਨਾ" ਦੀ ਆਵਾਜ਼ ਆਉਣ ਲੱਗੀ।

ਬੰਸੀ ਦੱਸਣ ਲੱਗਾ, "ਪਰ ਉਥੇ ਅਸੀਂ ਦੇਖ ਕੇ ਆਏ ਆ... ਲੋਹੇ ਦੀਆਂ ਨਹੀਂ... ਪਰ ਲੋਹ ਰੰਗੀਆਂ ਚੌਕੋਰ ਇੱਟਾਂ...ਇਕ ਦੂਜੀ ਉੱਪਰ ਚਿਣ ਕੇ ਮਕਾਨ ਬਣਾਏ ਹੋਏ। ਇਕ ਮੰਜ਼ਲਾ, ਦੋ ਮੰਜ਼ਲਾ, ਬਹੁ ਮੰਜ਼ਲਾ ਵੱਡੇ ਘਰਾਂ ਵਿਚਕਾਰ ਹਾਲ ਕਮਰੇ।" ਬੰਸੀ ਸਾਹ ਲੈ ਕੇ ਬੋਲਿਆ, "ਇਹੀ ਨਹੀਂ ਚਿਮਨੀਆਂ ਵਾਲੀਆਂ ਵੱਖਰੀਆਂ ਰਸੋਈਆਂ ਦਰਵਾਜ਼ੇ ਤੇ ਖਿੜਕੀਆਂ ਵਿਹੜੇ ਵੱਲ ਖੁੱਲ੍ਹਦੀਆਂ। ਇਸ਼ਨਾਨ ਘਰ ਮੁਖ ਦਰਵਾਜ਼ੇ ਦੇ ਨਾਲ ਬਣਿਆ ਹੋਇਆ ਹੈ। ਇਸ਼ਨਾਨ ਘਰ ਹਰ ਮੰਜ਼ਿਲ ਤੇ ਪਾਖਾਨਾ ਛੱਤ 'ਤੇ ਬਣਿਆ ਹੋਇਆ। ਵਿਹੜੇ ਵਿਚ ਇੱਟਾਂ ਵਿਛੀਆਂ ਹੋਈਆਂ ਹਨ।" ਪੁਰੂ ਕਬੀਲੇ ਦੇ ਨਰ-ਨਾਰੀ ਸਾਹ ਰੋਕ ਕੇ ਬੰਸੀ ਦੀਆਂ ਅਲੋਕਾਰ ਗੱਲਾਂ ਨੂੰ ਸੁਣ ਰਹੇ ਸਨ। ਮਕਾਨਾਂ ਤੋਂ ਬਾਅਦ ਉਹ ਸੜਕਾਂ ਤੇ ਗਲੀਆਂ ਬਾਰੇ ਦੱਸ ਰਿਹਾ ਸੀ, "ਮੁਖ ਸੜਕਾਂ 22 ਹੱਥ



ਚੌੜੀਆਂ ਹਨ, ਤੰਗ ਤੋਂ ਤੰਗ ਗਲੀਆਂ ਵੀ 6 ਹੱਥ ਤੋਂ ਘਟ ਚੌੜੀਆਂ ਨਹੀਂ, ਸੜਕਾਂ ਤੇ ਗਲੀਆਂ ਇਕ ਦੂਸਰੀ ਨੂੰ ਕੱਟਦੀਆਂ ਚਲੀਆਂ ਗਈਆਂ ਹਨ। ਹਰੇਕ ਸੜਕ ਤੇ ਗਲੀ ਦੇ ਚੌਕ ਵਿਚ ਸਰਵਜਨਕ ਖੂਹ ਹਨ। ਬਹੁਤੇ ਘਰਾਂ ਵਿਚ ਨਿੱਜੀ ਖੂਹ ਹਨ। ਪਾਣੀ ਦੇ ਨਿਕਾਸ ਲਈ ਗਲੀਆਂ ਦੁਆਲੇ ਨਾਲੀਆਂ ਬਣੀਆਂ ਹੋਈਆ ਹਨ। ਹਨੇਰਾ ਹੁੰਦਿਆਂ ਹੀ ਸੜਕਾਂ ਤੇ ਲੱਗੇ ਖੰਭਿਆਂ 'ਤੇ ਦੀਵੇ ਜਗਣ ਲੱਗ ਪੈਂਦੇ ਹਨ। ਨਗਰ ਦੇ ਦੁਆਲੇ ਇੱਟਾਂ ਦੀ ਬਣੀ ਹੋਈ ਉੱਚੀ ਦੀਵਾਰ ਹੈ। ਦੀਵਾਰ ਵਿਚ ਬਣੇ ਵੱਡੇ ਦਰਵਾਜ਼ਿਆਂ 'ਤੇ ਦਵਾਰਪਾਲ ਬੈਠੇ ਹਨ। ਉਹ ਨਗਰ ਵਿਚ ਵੜਨ ਵਾਲੇ ਹਰ ਬੰਦੇ 'ਤੇ ਨਜ਼ਰ ਰੱਖਦੇ ਹਨ।"

ਪੁਰੂ ਕਬੀਲੇ ਦੇ ਲੋਕਾਂ ਨੂੰ ਇਹ ਗੱਲਾਂ ਵਚਿੱਤਰ ਤੇ ਵਕਸ਼ੂ ਘਾਟੀ ਨਾਲੋਂ ਕਿਸੇ ਦੂਸਰੀ ਦੁਨੀਆਂ ਦੀਆਂ ਜਾਪ ਰਹੀਆਂ ਸਨ। ਉਨ੍ਹਾਂ ਲਈ ਹੋ ਵੀ ਇਹ ਕਿਸੇ ਵੱਖਰੇ ਸੰਸਾਰ ਦੀਆਂ ਸਨ। ਤੇ ਅਜਿਹੇ ਅਜੀਬ ਨਗਰ ਨੂੰ ਦੇਖਣ ਦੀ ਲਾਲਸਾ ਹਰ ਇਕ ਨਰ, ਨਾਰੀ ਦੇ ਚਿਹਰੇ 'ਤੇ ਸਾਫ਼ ਨਜ਼ਰ ਆ ਰਹੀ ਸੀ। ਲੋਕਾਂ ਦੀ ਉਤਸੁਕਤਾ ਨੂੰ ਦੇਖਦਿਆਂ , ਮਹਾਂ ਪਿੱਤਰ ਨੇ ਇਕੱਤਰਤਾ ਬਰਖਾਸਤ ਕਰ ਦਿੱਤੀ ਸੀ। ਤੇ ਨਗਰ ਦੇਖ ਕੇ ਆਏ ਕੱਲੇ-ਕੱਲੇ ਗੱਭਰੂ ਦੁਆਲੇ ਇਸਤਰੀਆਂ, ਪੁਰਸ਼ਾਂ ਦੇ ਝੁੰਡ ਇਕੱਠੇ ਹੋ ਕੇ ਗੱਲਾਂ ਸੁਣਨ ਲੱਗ ਪਏ ਸਨ। ਗੱਭਰੂ ਦੱਸ ਰਹੇ ਸਨ ਕਿ ਵੱਖਰੇ ਸਿਲਪੀਆਂ ਦੇ ਵੱਖ-ਵੱਖ ਮੁਹੱਲੇ ਵਸੇ ਹੋਏ ਸਨ। ਪਹੀਏ ਦੀ ਵਰਤੋਂ ਹੋਣ ਲੱਗ ਪਈ ਸੀ। ਘੁਮਾਰ ਚੱਕ ਨੂੰ ਘੁਮਾ ਕੇ ਮਿੱਟੀ ਦੇ ਘੜੇ, ਮਟਕੇ, ਕੌਲੀਆਂ ਆਦਿ ਬਣਾ ਰਹੇ ਸਨ। ਰੱਥਕਾਰ ਪਹੀਆਂ 'ਤੇ ਚੱਲਣ ਵਾਲੇ ਰੱਥ ਬਣਾ ਰਹੇ ਸਨ। ਜੁਲਾਹੇ ਤੱਕਲੀ ਨੂੰ ਗੋਲਾਈ ਵਿਚ ਘੁਮਾ ਕੇ ਸੂਤ ਕੱਤ ਰਹੇ ਸਨ। ਸੂਤੀ ਕੱਪੜਾ ਬੁਣਿਆ ਜਾ ਰਿਹਾ ਸੀ ਤੇ ਲਾਲ, ਪੀਲੇ, ਨੀਲੇ ਕੱਪੜੇ ਰੰਗ ਕੇ ਲਟਕਾਏ ਹੋਏ ਸਨ। ਧਾਤੂਕਾਰ-ਬਰਤਨ ਤੇ ਹਥਿਆਰ ਬਣਾ ਰਹੇ ਸਨ। ਕੋਲੇ ਤਪਾ ਕੇ ਅੰਗਾਰਿਆਂ 'ਤੇ ਜਿਸਨੂੰ ਆਰਨ ਕਹਿੰਦੇ ਸਨ ਧਾਤੂ ਨੂੰ ਲਾਲ ਸੁਰਖ ਕਰਕੇ ਵੱਖ ਵੱਖ ਸ਼ਕਲਾਂ ਵਿਚ ਮੋੜਿਆ ਜਾ ਰਿਹਾ ਸੀ। ਚਰਮਕਾਰਾਂ ਦੀਆਂ ਦੁਕਾਨਾਂ ਤੇ ਚਰਮ ਦੀਆਂ ਟੋਕਰੀਆਂ, ਮਸ਼ਕਾਂ, ਮੂਹੜੇ ਤੇ ਢੋਲ ਆਦਿ ਪਏ ਸਨ। ਸੁਨਿਆਰ ਸੋਨੇ ਚਾਂਦੀ ਦੇ ਹਾਰ, ਕੁੰਡਲ, ਕੈਂਠੇ ਆਦਿ ਗਹਿਣੇ ਬਣਾ ਰਹੇ ਸਨ ਤੇ ਗਹਿਣੇ ਵੇਚਣ ਲਈ ਰੱਖੇ ਪਏ ਸਨ।

ਸਾਰਾ ਦਿਨ ਝੁੰਡਾਂ ਵਿਚ ਪਸ਼ੂ ਚਰਾਂਦਿਆਂ, ਲੱਕੜਾਂ ਕੱਟਦਿਆਂ, ਭੱਠੀਆਂ 'ਤੇ ਦਾਰੂ ਕੱਢਦਿਆਂ ਪੁਰੂਆਂ ਦੇ ਨਾਂ ਮੰਨਣ ਯੋਗ ਨਾ ਭਰੋਸੇਯੋਗ ਤੇ ਅਲੋਕਾਰ ਜਾਪਦੀਆਂ ਗੱਲਾਂ ਹੁੰਦੀਆਂ ਰਹੀਆਂ ਉਹਨਾਂ ਲਈ ਇਹ ਕਿਸੇ ਵੱਖਰੀ ਦੁਨੀਆਂ ਦੀਆਂ ਗੱਲਾਂ ਸਨ। ਜਿਹਨਾਂ ਨੂੰ ਉਹ ਛੇਤੀ ਤੋਂ ਛੇਤੀ ਦੇਖਣ ਤੇ ਮਾਣਨ ਦੇ ਚਾਹਵਾਨ ਸਨ।

ਦਿਨ ਚੜ੍ਹਦਿਆਂ ਹੀ ਪੁਰੂ ਕਬੀਲੇ ਦੇ ਨਰ, ਨਾਰੀ ਮਹਾਂ ਮਿਤਰ ਕੋਲ, ਇਕ ਵਿਸ਼ਾਲ ਮੈਦਾਨ ਵਿਚ ਇਕੱਠੇ ਹੋਣ ਲੱਗੇ। ਜਿਥੇ ਅੱਜ ਘੋੜੇ ਦੀ ਬਲੀ ਦਿੱਤੀ ਜਾਣੀ ਸੀ। ਘੋੜੇ ਦੇ ਸ਼ਪਰਸ਼ ਤੋਂ ਲੈ ਕੇ ਮਾਰਨ ਤੱਕ ਸਾਰਾ ਕੰਮ ਵਿਧੀ ਅਨੁਸਾਰ ਸੰਪੰਨ ਹੋਇਆ। ਫਿਰ ਘੋੜੇ ਦੀ ਚਰਮ ਕਟਣ-ਫਟਣ ਤੋਂ ਬਚਾਅ ਕੇ ਉਤਾਰੀ ਗਈ। ਢੋਲ, ਨਗਾਰੇ ਵੱਜ ਰਹੇ ਸਨ। ਮਹਾਂ ਪਿਤਰ ਮੰਤਰ ਉਚਾਰ ਰਿਹਾ ਸੀ। ਤੇ ਮੰਤਰ ਉਚਾਰਦਿਆਂ ਹਵਨ ਕੁੰਡ ਵਿਚ ਘੀ, ਦੁੱਧ, ਅੰਨ ਤੇ ਘੋੜੇ ਦੇ

ਕਿੰਨੇ ਹੀ ਕੱਚੇ ਤੇ ਕਿੰਨੇ ਹੀ ਭੁੰਨੇ ਹੋਏ ਅੰਗਾਂ ਵਿਚੋਂ ਅਹੂਤੀ ਪਾ ਰਿਹਾ ਸੀ। ਯੱਗ ਦਾ ਪ੍ਰਸ਼ਾਦ ਹਰ ਇਕ ਪੁਰੂ ਨਰ, ਨਾਰੀ, ਬੱਚੇ ਬੁੱਢੇ ਵਿਚ ਸ਼ਰਧਾ ਪੂਰਵਕ ਵੰਡਿਆ ਗਿਆ।

ਫਿਰ ਅੱਗ ਦੇ ਦੁਆਲੇ ਆਰੀਆ ਨਰ, ਨਾਰੀਆਂ ਦਾ ਨ੍ਰਿਤ ਸ਼ੁਰੂ ਹੋਇਆ। ਉਹ ਢੋਲਕ, ਬਾਂਸੁਰੀ ਤੇ ਵੀਣਾ ਦੇ ਤਾਲ 'ਤੇ ਨੱਚ ਗਾ ਰਹੇ ਸਨ। ਆਰੀਆ ਦਾ ਮਨ ਭਾਉਂਦਾ ਖਾਣਾ ਬੈਲ ਦਾ ਭੁੰਨਿਆ ਹੋਇਆ ਮਾਸ ਚਰਮ ਦੇ ਟੁਕੜਿਆਂ, ਮਨੁੱਖੀ ਖੋਪਰੀਆਂ ਤੇ ਲੱਕੜਾਂ ਦੀਆਂ ਬਾਟੀਆਂ ਵਿਚ ਪਾ ਕੇ ਖਾਣ ਦੇ ਨਾਲ ਨਾਲ ਅਨਾਜ ਤੋਂ ਬਣਿਆ ਅਰਕ, ਮਧੂ ਤੋਂ ਬਣੀ ਮਧੂਕਾ, ਗੁੜ ਤੋਂ ਬਣੀ ਗੌੜੀ ਦਾਖਾਂ ਤੋਂ ਬਣੀ ਦ੍ਰਾਸ਼ ਆਦਿ ਤਰ੍ਹਾਂ ਤਰ੍ਹਾਂ ਦੀ ਸ਼ਰਾਬ ਬਾਂਸ ਦੀਆਂ ਨਲੀਆਂ ਤੇ ਲੱਕੜ ਦੇ ਪਿਆਲਿਆਂ ਵਿਚ ਪਾ ਕੇ ਪੀ ਰਹੇ ਸਨ। ਦੌਰ ਤੇ ਦੌਰ ਚੱਲ ਰਹੇ ਸਨ।

ਅੱਜ ਸ਼ੁਕੀਨ ਨਾਰੀਆਂ ਦਾ ਆਕਰਸ਼ਣ ਪੁਸ਼ਕਲਾਵਤੀ ਨਗਰ ਵਿਚ ਘੁੰਮ ਕੇ ਆਏ ਨੌਜਵਾਨ ਸਨ। ਬੰਸੀ ਤੇ ਉਹਦੇ ਸਾਥੀ ਬਲਦੀ ਅੱਗ ਦੀਆਂ ਲਾਟਾਂ ਦੀ ਤੇਜ਼ ਰੋਸ਼ਨੀ ਵਿਚ ਸਾਹਮਣੇ ਨਗਰ ਤੋਂ ਖਰੀਦ ਕੇ ਲਿਆਂਦੇ ਸੋਨੇ, ਚਾਂਦੀ ਦੇ ਗਹਿਣੇ ਲਹਿਰਾ ਰਹੇ ਸਨ। ਹੁਣ ਪੁਰੂ ਕਬੀਲੇ ਦੇ ਲੋਕਾਂ ਨੂੰ ਸਮਝ ਆਇਆ ਕਿ ਆਰੀਆ ਜਵਾਨ ਗਏ, ਆਪਣੇ ਆਪਣੇ ਘੋੜੇ 'ਤੇ ਬਹਿਕੇ ਸਨ... ਪਰ ਆਏ ਇਕ ਇਕ ਘੋੜੇ 'ਤੇ ਦੋ ਦੋ ਤਿੰਨ, ਤਿੰਨ ਬਹਿ ਕੇ ਸਨ। ਉਹ ਘੋੜਿਆਂ ਬਦਲੇ ਗਹਿਣੇ ਲੈ ਕੇ ਆਏ ਸਨ। ਆਰੀਆ ਨਾਰੀਆਂ ਉਨ੍ਹਾਂ ਕੋਲ ਆਉਂਦੀਆਂ ਤੇ ਸੁੰਦਰ ਗਹਿਣਿਆਂ ਨੂੰ ਦੇਖਦੀਆਂ ਹੀ ਰਹਿ ਜਾਂਦੀਆਂ। ਕੋਈ ਮੁਟਿਆਰ ਗਲ ਵਿਚ ਹਾਰ ਪਾ ਕੇ ਦੇਖਦੀ, ਦੂਸਰੀ ਹੱਥਾਂ ਵਿਚ ਗਜਰੇ ਪਾ ਕੇ ਖੜ ਜਾਂਦੀ। ਤੀਸਰੀ ਪੈਰਾਂ ਵਿਚ ਝਾਂਜਰਾਂ ਪਾ ਕੇ ਛਣਕਾਉਂਦੀਆਂ ਫੇਰ ਹੋਰ ਮੁਟਿਆਰਾਂ ਆ ਕੇ ਉਨ੍ਹਾਂ ਤੋਂ ਗਹਿਣੇ ਲੈ ਕੇ ਆਪ ਪਾ ਕੇ ਦੇਖਣ ਲਗ ਜਾਂਦੀਆਂ। ਉਹ ਉਤਾਵਲੀਆਂ ਹੋ ਰਹੀਆਂ ਸਨ... ਕਿ ਕਦ ਉਨ੍ਹਾਂ ਨੂੰ ਅਜਿਹੇ ਗਹਿਣੇ ਪਹਿਨਣ ਲਈ ਮਿਲਣਗੇ। ਮਨ ਭਾਉਂਦੇ ਮਰਦਾਂ ਨਾਲ ਨੱਚਦਿਆਂ ਗਾਉਂਦਿਆਂ ਖਾਂਦੀਆਂ, ਪੀਂਦੀਆਂ... ਮੁਟਿਆਰਾਂ ਏਧਰ ਉਧਰ ਸੌਣ ਲਈ ਜਾਣ ਲੱਗੀਆਂ। ... ਵਕਸ਼ੂ ਘਾਟੀ ਤੋਂ ਲੈ ਕੇ ਹੀ ਕਬੀਲੇ ਦੀ ਰੱਖਿਆ ਦਾ ਕੰਮ ਭਾਵੇਂ ਕਬੀਲੇ ਦੇ ਬਲਵਾਨ ਮਰਦਾਂ ਨੇ ਸੰਭਾਲ ਲਿਆ ਸੀ। ਇਸਤਰੀਆਂ ਵੀ ਉਨ੍ਹਾਂ ਦਾ ਸਾਥ ਦਿੰਦੀਆਂ ਆ ਰਹੀਆਂ ਸਨ। ਪਰ ਮਾਤਾ ਪ੍ਰਧਾਨ ਪਰਿਵਾਰ ਦੀਆਂ ਕੁਝ ਰਵਾਇਤਾਂ ਅਜੇ ਵੀ ਕਾਇਮ ਸਨ। ਉਨ੍ਹਾਂ ਵਿਚੋਂ ਇਕ ਮਨ-ਮਰਜੀ ਦੇ ਮਰਦ ਦੇ ਨਾਲ ਰਾਤ ਗੁਜਾਰਨ ਦੀ ਸੀ। ਅਰਵਿੰਦਰ ਆਰੀਆ ਸਰ ਨੇ ਉਚੇਚਾ ਦੱਸਿਆ ਸੀ ਕਿ ਉਸ ਵੇਲੇ ਮਾਨਵ ਪ੍ਰਾਕਿਰਤਕ ਅਵਸਥਾ ਵਿਚ ਰਹਿੰਦਾ ਸੀ। ਰਿਗਵੇਦ ਵਿਚ ਇਸਤਰੀਆਂ ਦੀਆਂ ਇਥੋਂ ਤੱਕ ਕਿ ਪਿਓ, ਭਰਾ, ਪੁੱਤਰ ਨਾਲ ਸੰਬੰਧਾਂ ਦੀਆਂ ਕਹਾਣੀਆਂ ਦਰਜ ਹਨ। ਰਿਗਵੇਦ ਦੇ ਨੌਵੇਂ ਮੰਡਲ ਸੂਕਤ ਦਸ ਵਿਚ ਯਮੀ ਵਲੋਂ ਭਰਾ ਯਮ ਨੂੰ ਸਹਿਵਾਸ ਲਈ ਮਨਾਉਣ ਦਾ ਕਾਮ ਉਕਸਾਊ ਵਰਣਨ ਦਰਜ ਹੈ।

ਮੈਂ ਇੰਦਰਜੀਤ ਦੀ ਹਾਂ ਵਿਚ ਹਾਂ ਮਿਲਾਉਂਦਿਆਂ ਕਿਹਾ, "ਅਰਵਿੰਦਰ ਸਰ ਵੀ ਕਹਿੰਦੇ ਹੁੰਦੇ ਸਨ ਕਿ ਆਰੀਆ ਇਸਤਰੀਆਂ ਦੀ ਵੱਧ ਉਤਸੁਕਤਾ ਪੁਸ਼ਕਲਾਵਤੀ ਦੇ ਗਹਿਣਿਆਂ, ਰੰਗ ਬਰੰਗੇ ਕਪੜਿਆਂ ਤੇ ਹਾਰ-ਸ਼ਿੰਗਾਰ ਦੀਆਂ ਵਸਤੂਆਂ ਵਾਲੇ ਬਜਾਰਾਂ ਵਿਚ ਘੁੰਮਣ ਦੀ ਹੁੰਦੀ ਸੀ।"



ਇੰਦਰਜੀਤ ਆਦਤ ਅਨੁਸਾਰ ਫਿਰ ਖੁੱਲ੍ਹ ਕੇ ਹੱਸਦਿਆਂ ਬੋਲਿਆ, "ਉਦੋਂ ਛੱਡ... ਆਹ ਤਾਂ ਹੁਣ ਵੀ ਐ... ਸ਼ਹਿਰਾਂ, ਕਸਬਿਆਂ ਦੇ ਬਜ਼ਾਰਾਂ ਵਿਚ ਜਾ ਕੇ ਦੇਖ ਲਓ... ਆਦਮੀ ਟਾਵਾਂ-ਟਾਵਾਂ ਮਿਲੂ... ਗਹਿਣਿਆਂ, ਕਪੜਿਆਂ ਕਾਸਮੈਟਿਕਸ ਦੀਆਂ ਦੁਕਾਨਾਂ 'ਤੇ ਇਸਤਰੀਆਂ ਦੇ ਝੁੰਡ ਖਰੀਦਦਾਰੀ ਕਰਦੇ ਮਿਲੂ... ਕਈ ਤਾਂ ਚੀਜ਼ਾਂ ਬਦਲੇ ਹੀ ਬਜ਼ਾਰ ਵਿਚ ਆਪਣਾ ਆਪ ਲੁਟਾ ਜਾਂਦੀਆਂ।"

ਪਰ ਇੰਦਰ ਸਿਆਂ '.. ਜੰਗਲ ਬੇਲਿਆਂ ਵਿਚ ਘੁੰਮਦੀਆਂ ਆਰੀਆ ਇਸਤਰੀਆਂ ਨੇ ਤਾਂ ਨਗਰੀ ਜੀਵਨ ਕਦੇ ਦੇਖਿਆ ਹੀ ਨਹੀਂ ਸੀ। ਵਕਸ਼ੂ ਘਾਟੀ ਵਿਚ ਤਾਂ ਮੌਸਮ ਸਾਰਾ ਸਾਲ ਠੰਡਾ ਰਹਿੰਦਾ ਸੀ... ਪਰ ਸਵਾਤ ਘਾਟੀ ਦੇ ਗਰਮੀਆਂ ਦੇ ਮੌਸਮ ਵਿਚ ਉਹਨਾਂ ਲਈ ਜਿਸਮਾਂ ਵਿਚੋਂ ਤਿਪ ਤਿਪ ਚੋਂਦੇ ਪਸੀਨੇ ਕਰਕੇ ਬੈਲ ਦੀ ਖੱਲ ਜਾਂ ਭੇਡੂ ਦੀ ਉਨ ਨਾਲ ਬੁਣੇ ਕੰਬਲ ਨਾਲ ਤਨ ਢਕਣਾ ਔਖਾ ਹੋ ਜਾਂਦਾ।... ਜੰਗਲ ਵਿਚ ਨੰਗੇ ਬਦਨ ਘੁੰਮਣ ਦਾ ਸਮਾਂ ਵੀ ਪਿਛੇ ਲੰਘ ਗਿਆ ਸੀ।... ਉਹਨਾਂ ਲਈ ਲੱਕ ਦੁਆਲੇ ਦਰਖਤਾਂ ਦੇ ਪੱਤੇ ਬੰਨ੍ਹਣ ਤੋਂ ਬਿਨਾ ਕੋਈ ਚਾਰਾ ਨਹੀਂ ਸੀ।... ਅਜਿਹੇ ਹਾਲਾਤਾਂ ਵਿਚ ਜਦ ਆਰੀਆ ਇਸਤਰੀਆਂ ਪੁਸ਼ਕਲਾਵਤੀ ਦੇ ਬਾਜ਼ਾਰਾਂ ਵਿਚ ਘੁੰਮਣ ਜਾਂਦੀਆਂ ਤਾਂ ਜੁਲਾਹਿਆਂ ਦੀਆਂ ਦੁਕਾਨਾਂ ਵਿਚ ਪਏ ਰੰਗ, ਬਰੰਗੇ ਸੂਤੀ ਕੱਪੜੇ ਛੱਡਕੇ ਅੱਗੇ ਜਾਣ ਨੂੰ ਉਨ੍ਹਾਂ ਦਾ ਦਿਲ ਨਾ ਕਰਦਾ। ਉਹਨਾਂ ਦੀਆਂ ਭਾਵਨਾਵਾਂ ਨੂੰ ਸਮਝ ਨੌਜਵਾਨ ਅਸੁਰ ਉਨ੍ਹਾਂ ਦੇ ਲੱਕ ਦੁਆਲਿਓਂ ਦਰਖਤਾਂ ਦੇ ਪੱਤੇ ਲਾਹ ਕੇ ਉਹਨਾਂ ਦੇ ਲੱਕ ਦੁਆਲੇ ਰੰਗ, ਬਰੰਗੇ ਕੱਪੜੇ ਲਪੇਟ ਦਿੰਦੇ। ਉਹ ਛਾਤੀਆਂ ਢਕੀਆਂ ਅਸੁਰ ਇਸਤਰੀਆਂ ਵੱਲ ਦੇਖਦੀਆਂ ਤਾਂ ਅਸੁਰ ਮੁੰਡੇ ਮਹੀਨ, ਰੰਗਦਾਰ ਪੱਟੀ ਉਹਨਾਂ ਦੀ ਛਾਤੀ ਦੁਆਲੇ ਲਪੇਟ ਕੇ ਪਿੱਠ ਪਿਛੇ ਗੰਢ ਮਾਰ ਦਿੰਦੇ।... ਕਪੜੇ ਨਾਲ ਤਨ ਢਕੇ ਜਦ ਇਹ ਇਸਤਰੀਆਂ ਵਾਪਸ ਆਪਣੀਆਂ ਚਾਰਾਗਾਹਾਂ ਵਿਚ ਜਾਂਦੀਆਂ... ਤਾਂ ਉਹਨਾਂ ਨੂੰ ਦੇਖਕੇ ਆਰੀਆ ਇਸਤਰੀਆਂ ਦੇ ਝੁੰਡ ਪੁਸ਼ਕਲਾਵਤੀ ਦੇ ਬਾਜ਼ਾਰਾਂ ਵੱਲ ਦੌੜਨ ਲਗਦੇ। ਤੇ ਪੁਸ਼ਕਲਾਵਤੀ ਦੇ ਬਜ਼ਾਰਾਂ ਵਿਚ ਉਨ੍ਹਾਂ ਨੂੰ ਤਨ ਢਕਣ ਲਈ ਕਪੜੇ ਜਾਂ ਮਾਸ ਭੁੰਨ ਕੇ ਖਾਣ ਦੀ ਥਾਂ ਤਲ ਕੇ ਖਾਣ ਲਈ ਵੱਡੇ ਪਤੀਲੇ ਬਦਲੇ ਇਕ ਇਕ ਜਾਂ ਦੋ ਦੋ ਘੋੜੇ ਵੀ ਦੇਣੇ ਪੈਂਦੇ, ਉਹ ਖੁਸ਼ੀ ਨਾਲ ਦੇਣ ਨੂੰ ਤਿਆਰ ਹੋ ਜਾਂਦੀਆਂ।... ਤੇ ਕਿੰਨੀਆਂ ਹੀ ਆਰੀਆ ਮੁਟਿਆਰਾਂ ਪੁਸ਼ਕਲਾਵਤੀ ਦੇ ਬਾਜ਼ਾਰਾਂ ਦੀਆਂ ਦੁਕਾਨਾਂ ਤੇ ਗਹਿਣਿਆਂ, ਕਪੜਿਆਂ ਵਿਚ ਸਜਦੀਆਂ, ਫਬਦੀਆਂ... ਅਸੁਰ ਨੌਜਵਾਨਾਂ ਨਾਲ ਹੀ ਰਹਿਣ ਨੂੰ ਤਿਆਰ ਹੋ ਜਾਂਦੀਆਂ... ਉਹਨਾਂ ਦਾ ਸੁਹਜ ਭਰਿਆ ਨਗਰੀ ਜੀਵਨ ਛੱਡ ਕੇ ਮੁੜ ਔਕੜਾਂ ਭਰੇ ਜੀਵਨ ਵਾਲੇ ਆਰੀਆ ਦੇ ਪਸ਼ੂ-ਪਾਲਕ ਕਬੀਲੇ ਵਿਚ ਜਾਣ ਨੂੰ ਦਿਲ ਨਾ ਕਰਦਾ।

ਜੇ ਪੁਰੂ ਕਬੀਲੇ ਦੇ ਮਹਾਂਪਿੱਤਰ ਦੇ ਭੇਜੇ ਬੰਦੇ ਪੁਸ਼ਕਲਾਵਤੀ ਵਿਚ ਇਸਤਰੀਆਂ ਨੂੰ ਵਾਪਸ ਲਿਜਾਣ ਲਈ ਆਉਂਦੇ ਵੀ... ਤਾਂ ਚੰਚਲ ਹਾਰੀਆਂ ਆਰੀਆ ਇਸਤਰੀਆਂ... ਅਸੁਰਾਂ ਦੇ ਵੱਡੇ-ਵੱਡੇ ਮਕਾਨਾਂ ਵਿਚ ਲੁਕ ਜਾਂਦੀਆਂ... ਉਹ ਮਹਿਲਾ ਵਰਗੇ ਘਰਾਂ ਵਿਚੋਂ ਵਾਪਸ ਜਾਣ ਤੋਂ ਇਨਕਾਰ ਕਰ ਦਿੰਦੀਆਂ। ਪੁਸ਼ਕਲਾਵਤੀ ਦਾ ਨਗਰ ਪਤੀ ਆਰੀਆ ਨੂੰ ਸਮਝਾਉਂਦਾ, "ਅਸੀਂ ਮਨ-ਮਰਜੀ ਨਾਲ ਅਸੁਰ ਨੌਜਵਾਨਾਂ ਨਾਲ ਰਹਿੰਦੀਆਂ ਆਰੀਆ ਇਸਤਰੀਆਂ ਨੂੰ ਵਾਪਸ ਨਹੀਂ ਭੇਜ ਸਕਦੇ। ਜਦ ਦੋ ਨਸਲਾਂ ਦੇ ਲੋਕਾਂ ਦਾ ਆਪਸ ਵਿਚ ਤਾਲਮੇਲ ਹੋਵੇਗਾ ਤਾਂ ਦੋਹਾਂ ਨਸਲਾਂ ਦੇ

ਇਸਤਰੀ ਪੁਰਖਾਂ ਦੇ ਆਪੋ ਵਿਚੀਂ ਸੰਬੰਧ ਬਣਨਗੇ ਹੀ ਬਣਨਗੇ। ... ਪੁਸ਼ਕਲਾਵਤੀ ਦੀਆਂ ਨਰਤਕੀਆਂ ਦਾ ਨ੍ਰਿਤ ਦੇਖਣ ਲਈ ਕਿੰਨੇ ਹੀ ਆਰੀਆ ਨੌਜਵਾਨ ਆਉਂਦੇ ਹਨ। ਤੇ ਉਹ ਹਾਰ-ਸ਼ਿੰਗਾਰ ਕਰੀਂ ਮਨ-ਮੋਹਕ ਅਦਾਵਾਂ ਨਾਲ ਨ੍ਰਿਤ ਕਰਦੀਆਂ... ਗੀਤ ਸੰਗੀਤ ਦੀਆਂ ਮਹਿਫਲਾਂ ਸਜਾਉਂਦੀਆਂ... ਨਰਤਕੀਆਂ ਨਾਲ ਰਾਤਾਂ ਗੁਜ਼ਾਰ ਜਾਂਦੇ ਹਨ। ਇਹ ਨਗਰੀ ਜੀਵਨ ਸ਼ੈਲੀ ਦਾ ਇਕ ਅੰਗ ਹੈ। ਤੇ ਕਿੰਨੀਆਂ ਹੀ ਸਾਹਸੀ ਅਸੁਰਾਂ ਮੁਟਿਆਰਾਂ ਆਰੀਆ ਘੋੜਸਵਾਰਾਂ ਨਾਲ ਘੋੜਸਵਾਰੀ ਸਿੱਖਣ ਜਾਂਦੀਆਂ ਹਨ ਤੇ ਉਨ੍ਹਾਂ ਵਿਚੋਂ ਕਈ ਵਾਪਸ ਨਹੀਂ ਪਰਤਦੀਆਂ ਉਹ ਆਰੀਆ ਨੌਜਵਾਨਾਂ ਨਾਲ ਜੀਵਨ ਗੁਜ਼ਾਰਨਾ ਬਿਹਤਰ ਸਮਝਦੀਆਂ ਹਨ।"

ਨਗਰਪਤੀ ਨੇ ਆਪਣੀ ਗੱਲ ਮੁਕਾਉਂਦਿਆਂ ਕਿਹਾ, "ਅਸੁਰਾਂ ਤੇ ਆਰੀਆ ਦੇ ਘਰਾਂ ਵਿਚ... ਆਰੀਆ ਅਸੁਰਾਂ ਦੀ ਮਿਲੀ-ਜੁਲੀ ਨਸਲ ਦੇ ਬੱਚੇ ਖੇਡਦੇ ਮਿਲ ਹੀ ਜਾਂਦੇ ਹਨ। ਜਦ ਦੋ ਨਸਲਾਂ ਦੇ ਇਸਤਰੀ ਪੁਰਸ਼ਾਂ ਨੇ ਨੇੜੇ-ਨੇੜੇ ਰਹਿਣਾ ਹੈ ਤਾਂ ਇਸਨੂੰ ਰੋਕਿਆ ਨਹੀਂ ਜਾ ਸਕਦਾ।"

ਪਰ ਥੋੜੀਆਂ-ਥੋੜੀਆਂ ਝੌਂਪੜੀਆਂ ਦੇ ਗ੍ਰਾਮ ਵਸਾ ਕੇ ਰਹਿੰਦੇ ਪਸ਼ੂਪਾਲਕ ਪੁਰੂ ਕਬੀਲੇ ਦਾ ਮਹਾਂ ਪਿੱਤਰ ਖੂਨ ਰਲਣ ਦੇ ਹੱਕ ਵਿਚ ਨਹੀਂ ਸੀ। ਇਸੇ ਤਰ੍ਹਾਂ ਕੁਝ ਨੇੜਤਾ ਕੁਝ ਕਸ਼-ਮ-ਕਸ਼ ਵਿਚ ਸਮਾਂ ਬੀਤਦਾ ਗਿਆ। ਅਸੁਰਾਂ ਦੇ ਨਗਰਪਤੀ ਤੇ ਪੁਰੂ ਕਬੀਲੇ ਦੇ ਮਹਾ ਪਿੱਤਰ ਪੀੜ੍ਹੀ ਦਰ ਪੀੜ੍ਹੀ ਬਦਲਦੇ ਚਲੇ ਗਏ।

ਸਮਾਂ ਗੁਜ਼ਰਦਾ ਚਲਾ ਗਿਆ। ਮਹਾਂਰਿਸ਼ੀ ਅੰਗਿਰਾ ਪੁਰੂ ਕਬੀਲੇ ਦਾ ਮਹਾਂਪਿਤਰ ਬਣਿਆ। ਉਹ ਆਰੀਆ ਦਾ ਅਸੁਰਾਂ ਨਾਲ ਲਹੂ ਦਾ ਰਿਸ਼ਤਾ ਕਾਇਮ ਹੋਣ ਦਾ ਸਖ਼ਤ ਵਿਰੋਧੀ ਸੀ। ਉਹ ਕਬੀਲੇ ਦੇ ਲੋਕਾਂ ਨੂੰ ਇਕੱਠੇ ਕਰਕੇ ਦੱਸਦਾ ਕਿ ਸੁਰਾਂ ਤੇ ਅਸੁਰਾਂ ਦੇ ਖੂਨ ਦੇ ਰਿਸ਼ਤੇ ਬਣਨ ਨਾਲ ਭਿਆਨਕ ਨਤੀਜੇ ਨਿਕਲਣਗੇ। ਆਰੀਆ ਕੁੜੀਆਂ ਤੇ ਅਸੁਰ ਮਰਦਾਂ ਤੋਂ ਪੈਦਾ ਹੋਏ ਬੱਚੇ ਪਛਾਣੇ ਨਹੀਂ ਜਾਣਗੇ ਕਿ ਉਹ ਅਸੁਰਾਂ ਦੇ ਹਨ। ਉਹ ਆਰੀਆ ਵਿਚ ਆ ਕੇ ਰਲ ਜਾਣਗੇ ਤੇ ਆਰੀਆ ਦੇ ਭੇਤ ਅਸੁਰਾਂ ਨੂੰ ਦੇ ਕੇ ਨੁਕਸਾਨ ਪਹੁੰਚਾਉਣਗੇ।

ਪਰ ਰਿਸ਼ੀ ਨੇ ਇਹ ਵੀ ਸਪਸ਼ਟ ਕੀਤਾ, "ਆਰੀਆ ਦਾ ਅਸੁਰਾਂ ਨਾਲ ਕਿਨਾਰਾ ਕਰ ਕੇ ਵੀ ਸਰ ਨਹੀਂ ਸਕਦਾ। ਆਰੀਆ ਦੇ ਘੋੜਿਆਂ, ਕੰਬਲਾਂ ਤੇ ਕੰਦ-ਮੂਲ ਆਦਿ ਬਦਲੇ ਅਸੁਰਾਂ ਤੋਂ ਲਏ ਗਹਿਣੇ, ਬਰਤਨ, ਵਸਤਰ ਤੇ ਹਥਿਆਰ ਆਦਿ ਹਿਮਾਲਾ ਪਰਬਤ ਦੀਆਂ ਚੋਟੀਆਂ ਤੇ ਰਹਿੰਦੇ ਆਰੀਆ ਤੱਕ ਪਹੁੰਚ ਚੁੱਕੇ ਹਨ।... ਇਹ ਹੈ ਵੀ ਆਰੀਆ ਨੂੰ ਸੁਖ ਪਹੁੰਚਾਉਣ ਵਾਲੇ। ਇਕ ਪਤੀਲੇ ਵਿਚ ਲੂਣ, ਮਸਾਲਾ ਲਾ ਕੇ ਪਕਾਇਆ ਮਾਸ ਅੱਗ ਤੇ ਭੁੰਨੇ ਮਾਸ ਨਾਲੋਂ ਕਿੰਨਾ ਵੱਧ ਸੁਆਦੀ ਹੁੰਦਾ ਹੈ। ਪੱਥਰ ਦੇ ਕੁਹਾੜੇ ਦੀ ਥਾਂ ਅਸੁਰਾਂ ਤੋਂ ਲਏ ਲੋਹੇ ਦੇ ਕੁਹਾੜੇ ਨਾਲ ਲੱਕੜਾਂ ਕੱਟਣੀਆਂ ਕਿੰਨੀਆ ਆਸਾਨ ਹਨ ਤੇ ਖੋਪਰੀਆਂ, ਲੱਕੜ ਦੇ ਪਿਆਲਿਆਂ ਤੇ ਚਮੜੇ ਦੇ ਟੁਕੜਿਆਂ ਤੇ ਰੱਖਕੇ ਮਾਸ ਖਾਣ ਨਾਲੋਂ ਅੱਗ ਤੇ ਭੁੰਨਣ ਦੀ ਥਾਂ ਪਤੀਲੇ ਵਿਚ ਰਿੰਨ੍ਹਕੇ ਤਾਂਬੇ ਦੇ ਬਰਤਨਾਂ ਵਿਚ ਪਾ ਕੇ ਖਾਣਾ ਕਿੰਨਾ ਸੁਵਿਧਾ ਜਨਕ ਹੈ ਅਤੇ ਬਾਂਸ ਦੀ ਨਾਲੀ ਦੀ ਥਾਂ ਤਾਂਬੇ ਦੇ ਪਿਆਲਿਆਂ ਵਿਚ ਦਾਰੂ ਪੀਣੀ ਕਿੰਨੀ ਆਨੰਦ-ਦਾਇਕ ਹੈ। ਤੇ ਪੱਥਰ ਦੇ... ਹਥਿਆਰਾਂ



ਨਾਲੋਂ, ਲੋਹ ਤਾਂਬੇ ਦੇ ਬਰਛੇ, ਭਾਲੇ ਤੇ ਤਲਵਾਰਾਂ ਨਾਲ ਸ਼ੇਰ ਚੀਤੇ, ਖੂੰਖਾਰ ਜੰਗਲੀ ਜਾਨਵਰਾਂ ਦਾ ਸ਼ਿਕਾਰ ਕਰਨਾ ਕਿੰਨਾ ਸੌਖਾ ਹੋ ਗਿਆ ਹੈ।"

ਟੈਂਟ ਸਟੋਰ 'ਤੇ ਕਰਾਕਰੀ ਦਾ ਸਮਾਨ ਵਾਪਸ ਕਰਨ ਆਇਆ ਫ਼ੌਜੀ ਦਾ ਇਕ ਗਾਹਕ, ਜਿਸ ਨੇ ਪੀਰ ਦੀ ਸੁੱਖ ਦੇਣ ਲਈ ਬੱਕਰੇ ਦੀ ਬਲੀ ਦਿੱਤੀ ਸੀ, ਮੀਟ ਦਾ ਇਕ ਲਿਫ਼ਾਫ਼ਾ ਵੀ ਦੇ ਗਿਆ ਸੀ। ਲਿਫ਼ਾਫ਼ੇ ਵਿਚੋਂ ਮੀਟ ਪਲੇਟ ਵਿਚ ਕੱਢਦਿਆਂ, ਫ਼ੌਜੀ ਹਾਸੇ-ਹਾਸੇ ਵਿਚ ਪੁੱਛਣ ਲੱਗਿਆ, "ਦੱਸੋ ਬਈ... ਮੀਟ ਨਵੇਂ-ਨਵੇਂ ਭਾਰਤ ਪ੍ਰਵੇਸ਼ ਕਰਨ ਵਾਲੇ ਆਰੀਆ ਵਾਲਾ ਬਣਾਵਾਂ ਜਾਂ ਅਸੁਰਾਂ ਵਾਲਾ।" ਹਾਜ਼ਰ ਜਵਾਬ ਇੰਦਰਜੀਤ ਨੇ ਗੱਲ ਸਾਂਝੀ, "ਦੋਹਾਂ ਵਾਲਾ ਹੀ... ਫ਼ੌਜੀ ਔਂ ਕਰ, ਆ ਗੈਸ ਬਾਲ ਕੇ ਆਹ ਕਲੇਜੀ ਦੇ ਟੁਕੜਿਆਂ ਨੂੰ ਜਿਵੇਂ ਨਵੇਂ ਆਏ ਕਬਾਇਲੀ ਆਰੀਏ ਮਾਸ ਅੱਗ 'ਤੇ ਭੁੰਨ ਕੇ ਖਾਂਦੇ ਸਨ... ਇਹਨਾ ਨੂੰ ਨਮਕ ਲਾ ਕੇ ਲੋਹੇ ਦੀ ਸੀਖ ਵਿਚ ਪਰੁੰਨ ਕੇ, ਭੁੰਨ ਲੈ, ਰਾੜ ਲੈ। ਤੇ ਪਲੇਟ ਵਿਚ ਰੱਖ ਲੈ, ਪੈੱਗ ਲਾਈਏ। ਬਾਕੀ ਦਾ ਮੀਟ ਅਸੁਰਾਂ ਵਾਂਗ ਰਿੰਨ੍ਹਣ ਲਈ, ਆਹ ਪਈ ਏ ਪਤੀਲੀ, ਕਿਉਂ ਬਈ ਠੀਕ ਏ?"

ਮੈਂ ਇੰਦਰਜੀਤ ਦੀ ਗੱਲ ਕੱਟਦਿਆਂ ਕਿਹਾ, "ਪਰ ਕੀ ਆਹ ਪਤੀਲੀ ਉਦੋਂ ਸਸਤੀ ਓ ਮਿਲਦੀ ਸੀ? ਅਸੁਰ ਇਕ ਪਤੀਲੀ ਬਦਲੇ ਆਰੀਆ ਤੋਂ ਇਕ ਘੋੜਾ ਲੈ ਲੈਂਦੇ ਸਨ।"

ਸਾਰੇ ਹੱਸਣ ਲੱਗ ਪਏ। ਤੇਜ਼ ਦਿਮਾਗ ਇੰਦਰਜੀਤ ਨੇ ਗੱਲ ਸਾਂਝੀ, "ਉਦੋਂ ਛੱਡੋ, ਤੁਸੀਂ ਹੁਣ ਦੀ ਗੱਲ ਕਰੋ, ਆਹ ਟੈਂਟ ਲਾਉਣ ਲਈ ਪਾਈਪ ਗੱਡਣ ਵਾਲਾ, ਲੋਹੇ ਦਾ ਕਿੱਲ ਤੇ ਭਾਰੀ ਘਣ ਲੈ ਜਾ, ਜਾਹ ਲੁਹਾਰ ਕੋਲੋਂ ਘੋੜਾ ਦੇ ਕੇ ਆਰਨ 'ਤੇ ਲੋਹੇ ਨੂੰ ਪਿਘਲਾ ਕੇ... ਪਤੀਲੀ ਬਣਵਾ ਕੇ ਲੈ ਆ? ਜੇ ਲੁਹਾਰ ਪਤੀਲੀ ਬਣਾ ਕੇ ਦੇਣੀ ਮੰਨ ਜਾਵੇ?" ਸਾਰੇ ਜਣ ਖਿੜ-ਖਿੜਾ ਕੇ ਹੱਸਦਿਆਂ ਕਹਿਣ ਲੱਗੇ, "ਨਾ ਬਈ ਨਾ... ਲੁਹਾਰ ਕੋਲ ਤਾਂ ਲੋਹੇ ਨੂੰ ਆਰਨ 'ਤੇ ਗਾਲਣ ਦੀ ਤਕਨੀਕ ਹੀ ਨਹੀਂ ਹੈਗੀ।" ਇੰਦਰਜੀਤ ਦੀ ਚੜ੍ਹ ਮੱਚੀ,

"ਫੇਰ ਅੱਜ ਤੋਂ ਲਗਭਗ ਚਾਰ ਹਜ਼ਾਰ ਸਾਲ ਪਹਿਲਾਂ ਆਰੀਆ ਦੁਆਰਾ ਇਕ ਘੋੜਾ ਦੇ ਕੇ ਅਸੁਰ ਧਾਤੂਕਾਰ ਕੋਲੋਂ ਜਿਹੜੀ ਇਕ ਪਤੀਲੀ ਮਿਲਦੀ ਸੀ ਉਹ ਮਹਿੰਗੀ ਨਹੀਂ ਸਸਤੀ ਓ ਸੀ।"

ਮੈਂ ਦੱਸਣਾ ਸ਼ੁਰੂ ਕੀਤਾ ਪਰ ਅੰਗਰਾ ਰਿਸ਼ੀ ਨੂੰ ਆਰੀਆ ਦੁਆਰਾ ਅਸੁਰ ਧਾਤੂਕਾਰਾਂ ਤੋਂ ਇਕ ਘੋੜੇ ਦੇ ਬਦਲੇ ਲਈ ਹੋਈ ਪਤੀਲੀ ਮਹਿੰਗੀ ਜਾਪਦੀ ਸੀ, ਉਹ ਆਰੀਆ ਨੂੰ ਕਹਿੰਦਾ, "ਪਰ ਦੁੱਖ ਦੀ ਗੱਲ ਹੈ ਕਿ ਅਸੁਰ... ਵਪਾਰ ਵਿਚ ਆਰੀਆ ਨੂੰ ਲੁੱਟ ਰਹੇ ਸਨ। ਜਿਸਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਅਸੁਰ ਇਕ ਪਤੀਲੀ ਬਦਲੇ ਇਕ ਘੋੜਾ ਲੈਂਦੇ ਸਨ। ਤੇ ਆਖਦੇ ਸਨ ਕਿ ਘੋੜੇ ਦਾ ਕੀ ਏ... ਇਕ ਵਛੇਰਾ ਉਹ ਵੀ ਅਸੁਰ ਆਖਦੇ ਹਨ ਕਿ ਸਾਡੀਆ ਚਰਾਂਦਾ ਵਿਚ ਘਾਹ ਚਰਦਿਆਂ ਪਲ ਕੇ ਘੋੜਾ ਬਣ ਜਾਂਦਾ ਹੈ।

ਪਰ ਇਕ ਪਤੀਲੀ ਬਣਾਉਣ ਲਈ, ਉਹ ਦੱਸਦੇ ਸਨ ਕਿ ਉਨ੍ਹਾਂ ਦੇ ਸ਼ਿਲਪੀਆਂ ਨੂੰ ਪਹਿਲਾਂ ਧਾਤਾਂ ਦੀ ਭਾਲ ਕਰਨੀ ਪੈਂਦੀ ਸੀ, ਫੇਰ ਧਾਤੂਆਂ ਨੂੰ ਗਾਲ ਕੇ ਉਹਨਾਂ ਨੂੰ ਮਿਲਾ ਕੇ ਤਾਂਬੇ ਦੀ ਪਤੀਲੀ ਦੀ ਸ਼ਕਲ ਦੇਣ ਵਿਚ ਕਿੰਨੇ-ਕਿੰਨੇ ਦਿਨ ਹਫ਼ਤੇ ਲੱਗ ਜਾਂਦੇ ਸਨ ਤੇ ਉਹ ਇਕ ਇਕ ਕੁਹਾੜੇ, ਪਤੀਲੇ, ਭਾਲੇ, ਬਰਛੇ ਬਦਲੇ ਕਿੰਨੇ ਘੋੜੇ ਲੈ ਲੈਂਦੇ ਸਨ।"

ਰਿਸ਼ੀ ਅੰਗਿਰਾ ਆਰੀਆ ਦੇ ਮਨ ਵਿਚ ਅਸੁਰਾਂ ਪ੍ਰਤੀ ਵਿਰੋਧ ਭੜਕਾਉਣਾ ਚਾਹੁੰਦਾ ਸੀ। ਉਹ ਦੱਸਦਾ ਰਹਿੰਦਾ, "ਸਾਡਾ ਪਸ਼ੂ ਪਾਲਕਾਂ ਦਾ ਪਸ਼ੂ ਚਰਾਂਦਾ ਬਿਨਾ ਗੁਜ਼ਾਰਾ ਨਹੀਂ ਹੁੰਦਾ। ਪਰ ਜਿਨ੍ਹਾਂ ਪਸ਼ੂ ਚਰਾਂਦਾ ਵਿਚ ਸਾਡੇ ਪਸ਼ੂ ਚਰਦੇ ਹਨ... ਉਨ੍ਹਾਂ 'ਤੇ ਅਸੁਰ ਆਪਣਾ ਅਧਿਕਾਰ ਸਮਝਦੇ ਹਨ। ਉਨ੍ਹਾਂ ਨੂੰ ਆਪਣੀ ਮਲਕੀਅਤ ਸਮਝਦੇ ਹਨ। ਇਹ ਹੈ ਵੀ ਠੀਕ, ਇਹ ਧਰਤੀ ਉਨ੍ਹਾਂ ਦੀ ਮਾਤਭੂਮੀ ਹੈ। ਕਿਸੇ ਵੀ ਚਰਾਂਦ ਵਿਚ ਸਾਡੇ ਪਸ਼ੂ ਚਰਦਿਆਂ... ਜੇ ਅਸੁਰਾਂ ਦੇ ਪਸ਼ੂ ਆ ਜਾਣ ਤਾਂ ਸਾਨੂੰ ਆਪਣੇ ਪਸ਼ੂ ਹੱਕ ਕੇ ਅਗਲੀਆਂ ਦੂਰ ਦੀਆਂ ਚਾਰਾਗਾਹਾਂ ਵਿਚ ਲਿਜਾਣੇ ਪੈਂਦੇ ਹਨ। ਜਾਂ ਫੇਰ ਆਪਸੀ ਝੜੱਪਾਂ ਹੁੰਦੀਆਂ ਰਹਿੰਦੀਆਂ ਹਨ।"

"ਪਰ ਮੁੱਖ ਪਾੜਾ ਇਹਨਾਂ ਦੀ ਤੇ ਸਾਡੀ ਸਭਿਅਤਾ, ਸੰਸਕ੍ਰਿਤੀ ਦਾ ਹੈ।" ਰਿਸ਼ੀ ਨੇ ਆਪੇ ਤੋਂ ਬਾਹਰ ਹੁੰਦਿਆਂ ਦੱਸਿਆ, "ਇਹ ਅਨਾਸ-ਚਪਟੀ ਨੱਕ ਵਾਲੇ ਸਾਡੇ ਕਿੰਨੇ ਵਿਰੋਧੀ ਹਨ ਕਿ ਇਹ

ਅਨਯਵਰਤ ਸਾਡੇ ਵਾਂਗ ਵਰਤ ਨਹੀਂ ਰੱਖਦੇ। ਅਕਰਮਨ-ਅਨੁਸ਼ਠਾਨਾਂ ਦੇ ਵਿਰੋਧੀ ਹਨ।

ਅਯਜਵਨ ਯੱਗ ਨਹੀਂ ਕਰਦੇ ਅਤੇ ਯੱਗ ਕਰਨ ਦੀ ਪ੍ਰਕਿਰਿਆ ਦਾ ਮਜ਼ਾਕ ਉਡਾਉਂਦੇ ਹਨ।

ਇਹ ਅਦੇਵਯੁ-ਵੈਦਿਕ ਦੇਵਤਿਆਂ ਪ੍ਰਤੀ ਉਦਾਸੀਨ ਹੀ ਨਹੀਂ, ਸਗੋਂ ਦੇਵਪੀਯੁ-ਸਾਡੇ ਦੇਵੀ ਦੇਵਤਿਆਂ ਦੇ ਵਿਰੋਧੀ ਵੀ ਹਨ।

ਇਹੀ ਨਹੀਂ ਇਹ ਮਰਿਧਵਾਕ-ਅਬੁਝ, ਸਾਨੂੰ ਸਮਝ ਨਾ ਆਉਣ ਵਾਲੀ ਬੋਲੀ ਬੋਲਦੇ ਹਨ। ਸਾਡੇ ਵਿਰੁੱਧ ਪਤਾ ਨਹੀਂ ਕੀ ਕੀ ਸਾਜ਼ਿਸ਼ਾਂ ਰਚਦੇ ਹੋਣਗੇ। ਇਹ ਤਾਂ ਅਜਿਹੀਆਂ ਸਾਡੇ ਵਿਰੋਧੀ ਗੱਲਾਂ ਨੂੰ ਲਿਖਕੇ ਵੀ ਰੱਖਦੇ ਹਨ। ਇਕ ਅਸੁਰ-ਮਿੱਟੀ, ਪੱਥਰ ਜਾਂ ਚਮੜੇ 'ਤੇ ਕੋਈ ਚਿੰਨ੍ਹ ਬਣਾ ਦੇਵੇਗਾ... ਦੂਸਰਾ ਝੱਟ ਸਮਝ ਜਾਵੇਗਾ। ਪਰ ਸਾਨੂੰ ਸੈਂਕੜੇ ਸਾਲਾਂ ਤੋਂ ਨਾ ਇਹਨਾਂ ਦੀ ਬੋਲੀ ਸਮਝ ਆਈ, ਨਾ ਹੀ ਇਹਨਾਂ ਦੀ ਲਿਖਤ ਦਾ ਪਤਾ ਲੱਗਿਆ ਕੀ ਇਹ ਕੀ ਕੀ ਲਿਖਕੇ ਰੱਖੀ ਜਾ ਰਹੇ ਹਨ।" ਅੰਤ ਰਿਸ਼ੀ ਨੇ ਇਕ ਦਿਨ ਦੋ ਟੁੱਕ ਫੈਸਲਾ ਸੁਣਾਇਆ ਕਿ ਇਹਨਾਂ ਦਾ ਕਿਸੇ ਵੀ ਪੱਧਰ 'ਤੇ ਕਿਸੇ ਵੀ ਸਮੇਂ ਸਾਡੇ ਨਾਲ ਮੇਲ ਨਹੀਂ ਹੋ ਸਕਦਾ।

ਇਕੱਠ ਵਿਚੋਂ ਬਹੁਤ ਸਾਰੀਆਂ ਅਵਾਜ਼ਾਂ ਆਈਆਂ, "ਰਿਸ਼ੀਵਰ ਫੇਰ ਸਾਨੂੰ ਕੀ ਕਰਨਾ ਚਾਹੀਦਾ ਹੈ?" ਰਿਸ਼ੀ ਜੋਸ਼ ਨਾਲ ਬੋਲਿਆ, "ਮੈਂ ਤੁਹਾਡੇ ਕੋਲੋਂ ਇਹੀ ਤਾਂ ਸੁਣਨਾ ਚਾਹੁੰਦਾ ਸਾਂ। ਇਹ ਇਸ ਧਰਤੀ ਦੇ ਮਾਲਕ ਹਨ... ਸਾਨੂੰ ਇਹਨਾਂ ਨੂੰ ਯੁੱਧ ਕਰਕੇ ਪਰਾਜਿਤ ਕਰਨਾ ਹੋਵੇਗਾ... ਤੇ ਇਸ ਧਰਤੀ ਦੇ ਆਪ ਮਾਲਕ ਬਣਨਾ ਹੋਵੇਗਾ।"

"ਪਰ ਇਹ ਕਠਿਨ ਹੀ ਨਹੀਂ ਅਸੰਭਵ ਹੈ।" ਇਕੱਠ ਵਿਚੋਂ ਫੇਰ ਮਰੀਅਲ ਜਹੀ ਆਵਾਜ਼ ਆਈ।

ਰਿਸ਼ੀ ਨੇ ਉਹਨਾਂ ਦੀ ਗੱਲ ਦਾ ਕੋਈ ਜਵਾਬ ਨਹੀਂ ਦਿੱਤਾ।... ਬੱਸ ਉਹਨਾਂ ਨੂੰ ਦੱਸੇ ਬਿਨਾ ਉਹਨਾਂ ਨੂੰ ਹੌਸਲਾ ਦੇਣ ਲਈ ਕੁਝ ਮੰਤਰ ਬੋਲਣ ਲੱਗਾ-



"ਹੇ ਇੰਦਰ! ਅਸੀਂ ਦਸੂਆਂ ਦੇ ਵਿਚਕਾਰ ਰਹਿੰਦੇ ਹਾਂ। ਇਹ ਯੱਗ ਨਹੀਂ ਕਰਦੇ, ਦੇਵਤਿਆਂ ਵਿਚ ਭਗਤੀ ਭਾਵ ਨਹੀਂ ਰੱਖਦੇ।

ਹੇ ਇੰਦਰ! ਇਹਨਾਂ ਸੋਮ (ਮਦਰਾ) ਦੀ ਵਰਤੋਂ ਨਾ ਕਰਨ ਵਾਲਿਆ ਦਾ ਅਤੇ ਕਠਿਨਾਈ ਨਾਲ ਵਸ ਵਿਚ ਆਉਣ ਵਾਲਿਆ ਦਾ ਨਾਸ਼ ਕਰੋ।

ਹੇ ਬਰਿਤਰ ਨੂੰ ਮਾਰਨ ਵਾਲੇ ਅਤੇ ਸ਼ੱਤਰੂਆਂ ਨੂੰ ਤੋੜਨ ਵਾਲੇ ਇੰਦਰ, ਤੁਸੀਂ ਸਾਰੀਆਂ ਕਾਲੀਆਂ ਦਾਸੀਆਂ ਨੂੰ ਮਾਰੋ।

ਹੇ ਅਗਨੀ! ਤੂੰ ਆਰੀਆਂ ਵਾਸਤੇ ਤੇਜ ਉਤਪਨ ਕਰਕੇ ਦਸੂਆਂ ਨੂੰ ਉਨ੍ਹਾਂ ਦੇ ਸਥਾਨਾਂ ਵਿਚੋਂ ਬਾਹਰ ਕੱਢੋ।

ਹੇ ਇੰਦਰ! ਤੁਸੀਂ ਸਾਰੇ ਯਕਸ਼ਾ ਨੂੰ ਸਮਾਪਤ ਕਰ ਦਿਓ।"

ਪੁਰੂ ਕਬੀਲੇ ਦਾ ਸੁਘੜ ਨੌਜਵਾਨ ਪ੍ਰਧਾਨ ਉਠਿਆ ਤੇ ਰਿਸ਼ੀ ਅੰਗਿਰਾ ਨੂੰ ਨਮਸਕਾਰ ਕਰਕੇ, ਹੱਥ ਜੋੜ ਕੇ ਨਿਮਰਤਾ ਸਹਿਤ ਕਹਿਣ ਲੱਗਾ, "ਰਿਸ਼ੀਵਰ! ਤੁਹਾਡੇ ਦੱਸੇ ਹੋਏ ਮੰਤਰ, ਮੇਰੇ ਯਾਦ ਹੋ ਗਏ ਹਨ। ਹੁਣ ਹੋਰਾਂ ਨੂੰ ਕੰਠ ਕਰਵਾਉਣ ਲਈ ਮੈਂ ਅੱਗੇ ਅੱਗੇ ਬੋਲਦਾ ਹਾਂ।... ਤੁਸੀਂ ਆਸਣ ਗ੍ਰਹਿਣ ਕਰੋ।" ਅੰਗਿਰਾ ਰਿਸ਼ੀ ਮੂੰਹ ਸਿਰ ਤੇ ਗਰਦਨ ਉੱਤੇ ਲੰਮੇ ਲੰਮੇ ਵਾਲਾ ਸਮੇਤ ਰੰਗ ਕੇ ਤਿਆਰ ਕੀਤੀ ਹੋਏ ਬੱਬਰ ਸ਼ੇਰ ਦੀ ਚਰਮ-ਸਿੰਘ -ਆਸਣ 'ਤੇ ਜਾ ਵਿਰਾਜੇ। ਆਰੀਆ ਪ੍ਰਧਾਨ ਦੇ ਮਗਰ ਉੱਚੀ ਉੱਚੀ ਬੋਲਣ ਲੱਗ ਸਨ।

ਅੰਗਿਰਾ ਰਿਸ਼ੀ ਨੇ ਪੁਰੂ ਕਬੀਲੇ ਦੇ ਤਾਕਤਵਾਰ ਨੌਜਵਾਨਾਂ ਨੂੰ ਨਾਲ ਲਿਜਾ ਕੇ ਪੁਸ਼ਕਲਾਵਤੀ ਤੋਂ ਦੂਰ ਪੱਛਮੀ ਹਿਮਾਲਾਂ ਦੀਆਂ ਢਲਾਨਾ ਵਿਚ ਆਪਦਾ ਆਸ਼ਰਮ ਬਣਾ ਲਿਆ ਸੀ। ਉਥੇ ਉਹ ਆਰੀਆ ਜਵਾਨਾਂ ਨੂੰ ਘੋੜ ਸਵਾਰੀ ਤੇ ਸ਼ਸਤਰ ਵਿਦਿਆ ਸਿਖਾਉਣ ਲੱਗਾ। ਨਿੱਤ ਹੁੰਦੀਆਂ ਵਕਸ਼ੂ ਘਾਟੀ ਵਿਚ ਲੜਾਈਆਂ ਤੋਂ ਤੰਗ ਆ ਕੇ ਪੁਰੂਆਂ ਤੋਂ ਬਿਨਾ ਯਦੂ, ਦਰੁਯੂ, ਅਨੂ ਤੇ ਤੁਰਵਸ਼ ਕਬੀਲਿਆਂ ਦੇ ਆਰੀਆਂ ਅਬਦਾ ਦੱਰਾ ਪਾਰ ਕੇ ਆਉਂਦੇ ਗਏ ਤੇ ਉਨ੍ਹਾਂ ਵਿਚੋਂ ਲੋੜਵੰਦ ਜਵਾਨ ਅੰਗਿਰਾ ਰਿਸ਼ੀ ਦੇ ਆਸ਼ਰਮ ਵਿਚ ਚਲਦੇ ਯੁੱਧ ਅਭਿਆਸ ਵਿਚ ਸ਼ਾਮਿਲ ਹੁੰਦੇ ਗਏ। ਰਿਸ਼ੀ ਦਾ ਬਣਾਇਆ ਇਕ ਦਲ ਘੋੜਿਆ 'ਤੇ ਸਵਾਰ ਹੋ ਕੇ ਪਹਾੜੀ ਪਿਛੇ ਲੁਕੇ ਦੂਸਰੇ ਦਲ 'ਤੇ ਤੀਰਾਂ, ਤਲਵਾਰਾਂ ਬਰਛਿਆ, ਭਾਲਿਆਂ ਨਾਲ ਆਕਰਮਣ ਕਰਦਾ।... ਦੂਸਰਾ ਦਲ ਢਾਲਾਂ ਨਾਲ ਹਥਿਆਰਾਂ ਦੇ ਵਾਰਾਂ ਨੂੰ ਰੋਕਦਾ ਤੇ ਆਪਣੇ ਹਥਿਆਰਾਂ ਨਾਲ ਬਚਾਅ ਕਰਦਾ। ਹਥਿਆਰ ਚਲਾਉਣ ਦੀ ਪ੍ਰੀਖਿਆ ਵਿਚ ਸਭ ਤੋਂ ਮਾਹਿਰ ਨਿਕਲੇ ਪ੍ਰਧਾਨ ਨੂੰ ਰਿਸ਼ੀ ਅੰਗਿਰਾ ਨੇ ਆਰੀਆਂ ਦਾ ਸੈਨਾਪਤੀ, ਥਾਪ ਦਿਤਾ ਸੀ। ਜਿਸਨੂੰ ਇੰਦਰ ਦੀ ਉਪਾਧੀ ਦਿੱਤੀ ਗਈ ਸੀ।

ਦੁਪਹਿਰ ਤੋਂ ਬਾਅਦ ਇਹ ਯੁੱਧ ਅਭਿਆਸੀ, ਆਸ਼ਰਮ ਦੇ ਨਾਲ ਲਗਦੀ ਜ਼ਮੀਨ ਵਿਚ ਖੇਤੀ ਕਰਦੇ ਚਾਰਾਗਾਹਾਂ ਵਿਚ ਪਸ਼ੂ ਚਰਾਉਂਦੇ, ਜੰਗਲ ਵਿਚੋਂ ਕੱਲੜਾਂ ਕੱਟਕੇ ਲਿਆਉਂਦੇ ਤੇ ਜੰਗਲੀ ਜੀਵਾ ਦਾ ਸ਼ਿਕਾਰ ਕਰਦੇ। ਦਿਨ ਛਿਪਦਿਆਂ ਨਾਲ ਹਵਨ ਕੁੰਡ ਵਿਚ ਅਗਨੀ ਪ੍ਰਚੰਡ ਕੀਤੀ ਜਾਂਦੀ। ਇੰਦਰ, ਵਰੁਣ ਆਦਿ ਦੇਵਤਿਆਂ ਦੇ ਨਾਂ ਦੀਆਂ ਅੰਨ, ਮਾਸ, ਚਰਬੀ, ਘਿਓ, ਮਧੂ, ਸੁਰਾ ਆਦਿ ਦੀਆਂ ਆਹੂਤੀਆਂ ਪਾਉਂਦਿਆਂ... ਅੰਗਿਰਾ ਰਿਸ਼ੀ ਆਰੀਆਂ ਦੀ

ਅਸੁਰਾਂ ਉੱਤੇ ਜਿੱਤ ਪ੍ਰਾਪਤ ਕਰਨ ਦੇ ਆਪਣੇ ਬਣਾਏ ਮੰਤਰ ਪ੍ਰਚਾਰਦੇ।... ਇਸ ਤੋਂ ਬਾਅਦ ਸ਼ਾਮ ਹੁੰਦਿਆਂ ਹੀ ਆਰੀਆ ਸਮੁਦਾਇ ਦੇ ਨਰ, ਨਾਰੀ ਬੈਲ ਦਾ ਵੱਡੇ ਵੱਡੇ ਪਤੀਲਿਆ ਵਿਚ ਪਕਾਇਆ ਹੋਇਆ ਮਾਸ ਅਤੇ ਅੰਗੂਰ, ਸ਼ਹਿਦ, ਖਜੂਰ, ਤਾਜ਼ੀ ਗੁੜ, ਜੌਂ ਆਦਿ ਤੋਂ ਕੱਢੀ ਗਈ ਸੋਮ, ਸ਼ਰਾਬ ਦਾ ਸੇਵਨ ਕਰਦਿਆਂ ਹਵਨ ਕੁੰਡ ਦੇ ਦੁਆਲੇ ਨੱਚਦੇ ਗਾਉਂਦੇ ਭਰਪੂਰ ਮਨੋਰੰਜਨ ਕਰਦਿਆਂ ਸੌਂ ਜਾਂਦੇ।

ਨਾਲ ਦੀ ਨਾਲ ਰਿਸ਼ੀ ਅੰਗਿਰਾ ਆਰੀਆਂ ਨੂੰ ਇਕੱਤਰ ਕਰਕੇ ਅਸੁਰਾਂ ਦੀਆਂ ਯੁੱਧ ਸੰਬੰਧੀ ਕਮਜ਼ੋਰੀਆਂ ਬਾਰੇ ਸਮਝਾਉਂਦਾ ਰਹਿੰਦਾ। ਉਹ ਦੱਸਦਾ, "ਆਰੀਆਂ ਵਾਂਗ ਸਾਰੇ ਅਸੁਰ ਯੋਧੇ ਨਹੀਂ। ਉਹਨਾਂ ਦਾ ਸਮਾਜ ਵੱਖ ਵੱਖ ਵਰਗਾਂ ਵਿਚ ਵੰਡਿਆ ਹੋਇਆ ਹੈ-ਸੈਨਾਨੀਆਂ, ਸ਼ਿਲਪੀਆਂ, ਵਪਾਰੀਆਂ, ਕਿਸਾਨਾਂ, ਪ੍ਰਸ਼ਾਸਕਾਂ ਦੀਆਂ ਵੱਖ ਵੱਖ ਸ਼੍ਰੇਣੀਆਂ ਹਨ। ਅਸੁਰ ਯੋਧਿਆਂ ਨੂੰ ਵੀ ਨਗਰ ਦੇ ਸੁਖੀ ਜੀਵਨ ਨੇ ਸੁਸਤ ਤੇ ਅਲਸੀ ਬਣਾ ਦਿੱਤਾ ਹੈ। ਉਨ੍ਹਾਂ ਦੀ ਦੂਸਰੀ ਕਮਜ਼ੋਰੀ, ਉਨ੍ਹਾਂ ਨੇ ਭਾਵੇਂ ਸੈਂਕੜੇ ਘੋੜੇ ਸਾਥੋਂ ਵਸਤੂ ਵਟਾਂਦਰੇ ਵਿਚ ਲੈ ਲਏ ਹਨ। ਉਹ ਘੋੜ ਸਵਾਰੀ ਵੀ ਕਰਦੇ ਹਨ। ਪਰ ਉਹ ਘੋੜ ਸਵਾਰੀ ਵਿਚ, ਘੋੜਿਆ ਤੇ ਸਵਾਰ ਹੋਕੇ ਕਰਤੱਬ ਦਿਖਾਉਣ ਵਿਚ ਸਾਡੇ ਯੋਧਿਆ ਜਿੰਨੇ ਪ੍ਰਵੀਨ ਨਹੀਂ। ਜਿਸਦਾ ਪ੍ਰਮਾਣ ਇਹ ਹੈ ਕਿ ਉਹ ਹੁਣ ਵੀ ਮੇਲਿਆਂ ਵਿਚ ਘੋੜਿਆ ਵਾਲੇ ਰੱਥਾਂ ਤੇ ਨਹੀਂ ਸਗੋਂ ਬਲਦਾ ਵਾਲੇ ਰਥਾਂ 'ਤੇ ਸਵਾਰ ਹੋ ਕੇ ਆਉਂਦੇ ਹਨ। ਭਲਾ ਸਵਾਰ ਨੂੰ ਬਿਠਾ ਕੇ ਪਿਛਲੇ ਪੈਰਾਂ ਭਾਰ ਖੜਾ ਹੋਣ, ਸਵਾਰ ਨੂੰ ਲੈ ਕੇ ਬਹਿਣ, ਐਧਰ ਉਧਰ ਮੁੜਨ ਤੇ ਨੱਸਣ-ਭੱਜਣ ਵਿਚ ਘੋੜੇ ਦਾ ਮੁਕਾਬਲਾ ਬੈਲ ਕੀ ਕਰ ਲਊ ?"

ਇਸ ਸ਼ਾਮ ਰਿਸ਼ੀ ਅੰਗਿਰਾ ਦੇ ਆਸ਼ਰਮ ਵਿਚ ਚੁਪ-ਚਾਂ ਛਾਈ ਰਹੀ। ਯੱਗ, ਅਨੁਸ਼ਠਾਨ ਦੀਆਂ ਸਾਰੀਆਂ ਰਸਮਾਂ ਚੁਪ-ਚਾਪ ਕੀਤੀਆਂ ਗਈਆਂ। ... ਉਸ ਰਾਤ ਸੈਨਾਪਤੀ ਪੁਰੂਧਾਨ ਨੇ ਟਿੱਡੀ ਦਲ ਆਰੀਆ ਘੋੜ ਸਵਾਰਾਂ ਯੋਧਿਆਂ ਨਾਲ ਪੁਸ਼ਕਲਾਵਤੀ 'ਤੇ ਆਕਰਮਣ ਕਰ ਦਿੱਤਾ। ਇਸ ਤੋਂ ਅਵੇਸਲੇ ਅਸੁਰ ਯੋਧਿਆ ਨੂੰ ਪੂਰੀ ਤਰ੍ਹਾਂ ਸੰਭਲਣ, ਯੁੱਧ ਦੀ ਤਿਆਰੀ ਕਰਨ ਦਾ ਮੌਕਾ ਹੀ ਨਾ ਮਿਲਿਆ। ਅਸੁਰ ਯੋਧੇ, ਪੁਰੂਧਾਨ ਦੀ ਉਨ੍ਹਾਂ ਤੋਂ ਕਈ ਗੁਣਾਂ ਵੱਧ ਤਾਕਤ ਨਾਲ ਕੀਤੇ ਗਏ ਹਮਲੇ ਅੱਗੇ ਇਕ ਪਹਿਰ ਵੀ ਨਾ ਟਿਕ ਸਕੇ। ਆਰੀਆਂ ਯੋਧਿਆ ਕੋਲੋਂ ਅਸੁਰ ਯੋਧਿਆਂ ਨੂੰ ਧੜਾਧੜ ਡਿਗਦਿਆਂ ਮਰਦਿਆ ਦੇਖ... ਅਸੁਰ ਸੈਨਾਪਤੀ ਨੇ ਹਾਰ ਸਵੀਕਾਰ ਕਰ ਲਈ। ... ਦੇਖਦਿਆਂ ਹੀ ਦੇਖਦਿਆਂ ਹੱਥ ਖੜੇ ਕਰਕੇ ਹਾਰ ਸਵੀਕਾਰ ਕਰਨ ਵਾਲੇ ਅਸੁਰ-ਸੈਨਾਪਤੀ ਦਾ ਸਿਰ ਧੜ ਨਾਲੋਂ ਅਲੱਗ ਕਰ ਦਿੱਤਾ ਗਿਆ। ਪੁਸ਼ਕਲਾਵਤੀ ਨੂੰ ਆਰੀਆਂ ਸੈਨਿਕਾਂ ਦੁਆਰਾ ਲੁਟਿਆ ਜਾਣ ਲੱਗਿਆ... ਤੇ ਨਾਲ ਦੀ ਨਾਲ ਅੱਗ ਲਾ ਕੇ ਸਾੜ ਦਿੱਤਾ ਜਾਣ ਲੱਗਿਆ।

ਪੁਸ਼ਕਲਾਵਤੀ ਦਾ ਨਗਰਪਤੀ ਆਪਣੀ ਛੁਪਣ ਗਾਹ ਵਿਚੋਂ ਸੁਰੱਖਿਅਤ ਬਚ ਕੇ ਨਿਕਲਣ ਦੀ ਥਾਂ ਆਪਣੇ ਇੱਕ-ਇੱਕ ਇਟ ਲਾ ਕੇ ਉਸਾਰੇ ਗਏ ਨਗਰ ਨੂੰ... ਆਪਣੀਆਂ ਅੱਖਾਂ ਸਾਹਮਣੇ ਅੱਗ ਦੀਆਂ ਲਾਟਾਂ ਵਿਚ ਜਲਦਿਆਂ ਦੇਖ... ਆਰੀਆਂ ਸੈਨਾਪਤੀ ਪੁਰੂਧਾਨ ਸਾਹਮਣੇ ਪੇਸ਼ ਹੋਇਆ ਤੇ ਹੱਥ ਜੋੜ ਕੇ ਖੜ੍ਹ ਗਿਆ। ਤੇ ਗਿੜ-ਗਿੜਾਂਦਿਆਂ ਇਸ਼ਾਰਿਆਂ ਨਾਲ ਸਮਝਾਉਣ ਲੱਗਿਆ ਉਹਨੇ ਹੱਥ ਖੜੇ ਕਰਦਿਆਂ ਹਾਰ ਸਵੀਕਾਰ ਕੀਤੀ। ਤੇ ਸੜ ਰਹੇ ਘਰਾਂ ਵੱਲ ਇਸ਼ਾਰਾ ਕਰਕੇ ਉਂਗਲੀ ਹਿਲਾਈ ਕਿ ਇਹਨਾਂ ਨੂੰ ਨਾ ਫੂਕੋ। ਤੇ ਅਸੁਰਾਂ ਰਾਹੀਂ ਇਨ੍ਹਾਂ ਘਰਾਂ ਨੂੰ ਖਾਲੀ ਕਰਨ



ਲਈ ਸਮਾਂ ਮੰਗਿਆ ਤੇ ਆਰੀਆਂ ਨੂੰ ਇਨ੍ਹਾਂ ਘਰਾਂ ਨੂੰ ਤਬਾਹ ਕਰਨ ਦੀ ਥਾਂ ਇਨ੍ਹਾਂ ਘਰਾਂ ਵਿਚ ਵਸਣ ਲਈ ਇਸ਼ਾਰਾ ਕੀਤਾ। ਤਾਂ ਜੋ ਏਨੀ ਮਿਹਨਤ ਤੇ ਚਾਵਾਂ ਨਾਲ ਉਸਾਰੀ ਨਗਰੀ ਤਬਾਹ ਨਾ ਹੋਵੇ।

ਅਰਵਿੰਦਰ ਆਰੀਆ ਸਰ ਨੇ ਦੱਸਿਆ ਸੀ ਕਿ ਅੰਗਿਰਾ ਰਿਸ਼ੀ ਨੇ ਪੁਰੂਧਾਨ ਨੂੰ ਇਸ਼ਾਰਾ ਕਰਦਿਆ ਨਗਰਪਤੀ ਦੀ ਗੱਲ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ... ਆਰੀਆਂ ਨੇ ਨਗਰੀ ਜੀਵਨ ਵਾਲੀ ਸੰਸਕ੍ਰਿਤੀ ਨੂੰ ਵਿਕਸਿਤ ਨਹੀਂ ਕੀਤਾ... ਸਗੋਂ ਕਬੀਲਿਆ ਦੇ ਗ੍ਰਾਮਾਂ ਦੇ ਖੁਲ੍ਹੇ ਪਸ਼ੂਪਾਲਕਾਂ ਵਾਲਾ ਜੀਵਨ ਜੀਣ ਨੂੰ ਪਹਿਲ ਦਿੰਦੇ ਰਹੇ। ਰਿਸ਼ੀ ਅੰਗਿਰਾ ਨੇ ਕਿਹਾ ਸੀ ਕਿ ਨਗਰੀ ਜੀਵਨ ਜੀਦਿਆਂ ਆਰੀਆ, ਅਸੁਰਾਂ ਵਾਂਗ ਸੁਸਤ ਤੇ ਆਲਸੀ ਹੋ ਜਾਣਗੇ।

ਅੰਗਿਰਾ ਰਿਸ਼ੀ ਦੇ ਇਸ਼ਾਰੇ 'ਤੇ ਪੁਰੂਧਾਨ ਨਗਰਪਤੀ ਵੱਲ ਵਧਿਆ। ਪਰ ਨਗਰਪਤੀ ਨਾਲ ਦੇ ਘਰ ਵਿਚ ਅਜਿਹਾ ਛੁਪਿਆ... ਆਰੀਆ ਸੈਨਿਕਾਂ ਨੇ ਬਥੇਰਾ ਭਾਲਿਆ... ਪਰ ਉਹਨਾਂ ਦੇ ਹੱਥ ਨਹੀਂ ਆਇਆ। ... ਅਸੁਰ ਸੈਨਿਕਾਂ ਨੂੰ ਆਰੀਆ ਯੋਧਿਆਂ ਨੇ ਕਤਲ ਕਰ ਦਿੱਤਾ ਸੀ। ਪੁਸ਼ਕਲਾਵਤੀ ਨਗਰ ਨੂੰ ਲੁੱਟਕੇ ਅੱਗ ਲਾ ਦਿੱਤੀ ਸੀ। ਬੱਚਿਆਂ ਤੇ ਬੁੱਢਿਆ ਨੂੰ ਕਤਲ ਕਰ ਦਿੱਤਾ ਗਿਆ ਸੀ। ... ਪੁਰੂਧਾਨ ਨੇ ਰਿਸ਼ੀ ਅੰਗਿਰਾ ਨੂੰ ਲੁੱਟੇ ਹੋਏ ਧਨ ਵਿਚੋਂ ਬਹੁਤ ਸਾਰਾ ਧਨ ਤੇ ਆਸ਼ਰਮ ਵਿਚ ਸੇਵਾ ਕਰਨ ਲਈ 50 ਦਾਸ ਤੇ ਭੋਗਣ ਲਈ 50 ਸੁੰਦਰ ਦਾਸੀਆਂ ਦਿੱਤੀਆਂ ਸਨ। ਸ਼ਿਲਪੀਆਂ ਨੂੰ ਅਲੱਗ ਕੱਢਕੇ ਬਾਕੀ ਨਰ, ਨਾਰੀਆਂ ਨੂੰ ਦਾਸ ਬਣਾ ਕੇ ਸੈਨਿਕ ਆਪਣੇ ਨਾਲ ਖੇਤਾਂ ਤੇ ਘਰਾਂ ਵਿਚ ਕੰਮ ਕਰਨ ਲਈ ਲੈ ਗਏ ਸਨ। ਅਸੁਰ ਨਰ, ਨਾਰੀ ਆਪਣੇ ਘਰਾਂ ਨੂੰ ਜਲਦਿਆਂ ਦੇਖ ਉੱਚੀ ਉੱਚੀ ਚੀਕਾਂ ਮਾਰ ਕੇ ਰੋ ਰਹੇ ਸਨ। ਪਰ ਆਰੀਆਂ ਸੈਨਿਕ ਉਨ੍ਹਾਂ ਨੂੰ ਘੋੜੇ ਹੱਕਣ ਵਾਲੇ ਚਾਬੁਕ, ਛਾਂਟੇ ਮਾਰ ਮਾਰ ਕੇ ਆਪਣੇ ਘੋੜਿਆਂ ਅੱਗੇ ਦੌੜਨ ਲਈ ਮਜਬੂਰ ਕਰ ਰਹੇ ਸਨ। ਇਹ ਪਹਿਲੇ ਅਸੁਰ ਕਿਲੇ ਦਾ ਅੰਤ ਸੀ। ਅਤੇ ਸੁਰ ਅਸੁਰ ਸੰਗਰਾਮ ਦੀ ਸ਼ੁਰੂਆਤ ਸੀ।

ਅੰਗਿਰਾ ਰਿਸ਼ੀ ਨੇ ਹਵਨ ਕੁੰਡ ਵਿਚ ਆਹੁਤੀ ਪਾਈ, "ਹੇ ਅਗਨੀ! ਤੂੰ ਆਰੀਆ ਵਾਸਤੇ ਤੇਜ ਉਤਪਨ ਕਰਕੇ... ਦਸੂਆਂ ਨੂੰ ਉਹਨਾ ਦੇ ਸਥਾਨਾਂ ਵਿਚੋਂ ਕੱਢ ਦਿੱਤਾ।

"ਤਾਂ ਫੇਰ ਪੀਲੇ ਕੇਸ ਵਾਲੇ ਆਰੀਆ ਅੱਗੇ... ਚਪਟੇ ਨੱਕ ਵਾਲੇ ਅਸੁਰ, ਏਦਾਂ ਭੱਜਦੇ ਚਲੇ ਗਏ... ਜਿਵੇਂ ਸ਼ੇਰਾਂ ਕੋਲੋਂ ਗਾਵਾਂ ਦਾ ਵੱਗ ਭੱਜਿਆ ਜਾ ਰਿਹਾ... ?" ਇੰਦਰਜੀਤ ਨੇ ਟਕੋਰ ਮਾਰੀ।

ਇਹ ਸ਼ਬਦ ਇੰਦਰਜੀਤ ਨੇ ਫੌਜੀ ਦੀ ਦੁਕਾਨ ਵਿਚ ਚੱਲ ਰਹੇ ਟੈਲੀਵਿਜ਼ਨ ਵੱਲ ਦੇਖਕੇ ਕਹੇ ਸਨ। ਮੇਰਾ ਧਿਆਨ ਉਧਰ ਗਿਆ। ਫੌਜੀ ਦੀ ਦੁਕਾਨ ਵਿਚ ਲੱਗੇ ਟੀ. ਵੀ. ਤੇ ਡਿਸਕਵਰੀ ਚੈਨਲ 'ਤੇ ਪੰਜ, ਸੱਤ, ਸ਼ੇਰਾਂ ਅੱਗੇ ਸੈਂਕੜੇ ਗਾਂਵਾਂ ਤੇ ਲੰਮੇ ਸਿੰਗਾਂ ਵਾਲੇ ਪਲੇ ਹੋਏ ਮੋਟੇ ਝੋਟੇ ਸਾਨਾਂ ਦਾ ਵੱਗ ਜਾਨ ਬਚਾਉਣ ਲਈ ਵਾਹੋ ਦਾਹੀ ਭੱਜਿਆ ਜਾ ਰਿਹਾ ਸੀ।

ਮੈਂ ਇੰਦਰਜੀਤ ਦੀ ਗੱਲ ਦਾ ਜਵਾਬ ਦੇਣ ਲਈ ਸੋਚ ਹੀ ਰਿਹਾ ਸਾਂ। ਏਨੇ ਨੂੰ ਟੀ. ਵੀ. ਸਕਰੀਨ 'ਤੇ ਮੱਝਾਂ ਦਾ ਵੱਗ ਚੁਗਦਾ ਦਿਖਾਈ ਦਿੱਤਾ। ਇਕ ਪਾਸਿਓਂ ਪੰਜ, ਸੱਤ ਸ਼ੇਰ ਮੱਝਾਂ ਉੱਤੇ ਝਪਟਣ ਲਈ ਅਹੁਲਦੇ ਹਨ। ... ਪਰ ਉਸ ਪਾਸੇ ਚੁਗਦੇ ਤਾਕਤਵਰ ਝੋਟੇ... ਸਿਰ ਨੀਵਾਂ

ਕਰਕੇ ਸ਼ੇਰਾਂ ਮਗਰ ਭੱਜਦੇ ਹਨ... ਜਿਵੇਂ ਸ਼ੇਰਾਂ ਨੂੰ ਸਿੰਗਾਂ 'ਤੇ ਚੁੱਕ ਕੇ ਪਰ੍ਹਾਂ ਵਗਾਹ ਮਾਰਨਗੇ। ਇਕ ਸ਼ੇਰ ਝੋਟੇ ਨੂੰ ਮਾਰਨ ਲਈ, ਉਹਦੇ ਸਿੰਗਾਂ ਨੂੰ ਫੜਦਾ ਹੈ... ਝੋਟਾ ਸ਼ੇਰ ਨੂੰ ਪੂਰੀ ਤਾਕਤ ਨਾਲ ਚੁੱਕਕੇ ਪੰਦਰਾਂ, ਵੀਹ ਫੁੱਟ ਉੱਚਾ ਉਛਾਲ ਦਿੰਦਾ ਹੈ। ਥੱਲੇ ਡਿੱਗਿਆ ਸ਼ੇਰ ਲਹੂ-ਲੁਹਾਣ ਹੋਇਆ ਤੜਫਦਾ ਹੈ। ਸ਼ੇਰਨੀਆਂ ਤਿੱਖੇ ਦੰਦਾਂ ਨਾਲ ਉਹਦਾ ਮਾਸ ਨੋਚਦਿਆ, ਭੁੱਖੇ ਬੱਚਿਆਂ ਨੂੰ ਖੁਆਉਣ ਲੱਗ ਪੈਂਦੀਆਂ ਹਨ।

ਮੈਨੂੰ ਗੱਲ ਸੁੱਝੀ, "ਦੇਖ ਲਿਆ... ਇੰਦਰਜੀਤ ਜਿਵੇਂ ਝੋਟੇ ਸ਼ੇਰਾਂ ਅੱਗੇ ਭੱਜੇ ਨਹੀਂ... ਇਸੇ ਤਰ੍ਹਾਂ ਅਸੁਰਾਂ ਨੇ ਵੀ ਆਰੀਆ ਦਾ ਡਟ ਕੇ ਮੁਕਾਬਲਾ ਕੀਤਾ... ਲੈ ਮੈਂ ਰਿਗ ਵੇਦ ਦੇ ਰਿਸ਼ੀਆਂ ਦਾ ਲਿਖਿਆ ਹੀ ਆਪਣੀ ਡਾਇਰੀ ਵਿਚੋਂ ਪੜ੍ਹ ਕੇ ਸੁਣਾਉਂਦਾ ਹਾਂ।

ਫੌਜੀ ਨੇ ਫੇਰ ਮੈਨੂੰ ਰੋਕ ਲਿਆ ਹੈ, "ਠਹਿਰ ਜਾ ਪਹਿਲਾਂ ਆਹ ਘੋੜੇ ਦੀ ਕੀਮਤ ਦੀ ਅਸੁਰ, ਧਾਰੂਕਾਰਾਂ ਤੋਂ ਖਰੀਦੀ ਪਤੀਲੀ ਵਿਚ... ਟੀ. ਵੀ. 'ਤੇ ਝੋਟੇ ਦੁਆਰਾ ਮਾਰੇ ਸ਼ੇਰ ਦਾ ਨਹੀਂ ਬਲੀ ਦਿੱਤੇ ਬੱਕਰੇ ਦਾ ਲੂਣ, ਮਸਾਲੇ ਪਾ ਕੇ ਅਸੁਰਾਂ ਵਾਂਗ ਰਿੰਨਿਆ ਮੀਟ ਪਲੇਟ ਵਿਚ ਪਾ ਲਵਾਂ। ਨਾਲੇ ਦੇਸ ਰਾਜ ਦੀ ਘਰ ਦੀ ਕੱਢੀ ਦਾ ਪੈੱਗ ਲਾਉਂਦੇ ਆ।"

"ਦੇਸ ਰਾਜ ਆ... ਅਹੁ ਫੌਜੀ ਤੋਂ ਲੈ ਕੇ ਇਕ ਛੋਟੀ ਪਲੇਟ ਧੋ ਲਿਆ... ਤੇਰੇ ਨੂੰ ਅਲੱਗ ਮੀਟ ਪਾ ਦਿੰਦੇ ਆ। ... ਅੱਗੇ ਨੂੰ ਗਿਲਾਸ ਦੇ ਨਾਲ ਆਪਣੀ ਅਲੱਗ ਪਲੇਟ ਵੀ ਝੋਲੇ ਵਿਚ ਪਾ ਕੇ ਲਿਆਇਆ ਕਰ।" ਇੰਦਰਜੀਤ ਨੇ ਹੱਸਦਿਆਂ ਕਿਹਾ। ਦੇਸ ਰਾਜ ਨਸ਼ੇ ਦੀ ਲੋਰ ਵਿਚ ਬੋਲਿਆ, "ਤੁਸੀਂ ਤਾਂ ਬਾਈ ਜੀ ਮੈਨੂੰ ਠਿੱਠ ਕਰਨ ਲੱਗ ਪਏ... ਤੁਹਾਡਾ ਈ ਹੋ... ਹੋਵਾਂ... ਜੇ ਅੱਗੇ ਨੂੰ ਜੁਦਾ ਗਿਲਾਸ ਲਿਆਵਾਂ। ਮੈਂ ਮੀਟ ਵੀ ਤੁਹਾਡੇ ਵਾਲੀ ਸਾਂਝੀ ਪਲੇਟ ਵਿਚੋਂ ਹੀ ਖਾਈ ਜਾਵਾਂਗਾ।"

"ਇੰਦਰਜੀਤ ਮੈਨੂੰ ਲਗਦਾ, ਤੁਸੀਂ ਮੇਰੀ ਗੱਲ ਰੌਲੇ ਵਿਚੇ ਰੋਲ ਦੇਣੀ ਐ?"

"ਓ ਤੇਰੀ ਗੱਲ ਸੁਣਨ ਜੋਗੇ ਹੋਣ ਲਈ ਤਾਂ ਪੈੱਗ ਪਾਇਆ.. ਚੱਲ ਦੱਸ ...?"

ਮੈਂ ਕਿਹਾ, "ਲੈ ਫੇਰ ਸੁਣੋ। ... ਅਸੁਰਾਂ, ਸ਼ਿਗਰੂ, ਯਕਸ਼ੂ, ਰਕਸ਼ੂ ਆਦਿ ਗਣਾਂ ਨੇ ਇਕੱਤਰ ਹੋ ਕੇ ਸੈਨਾਪਤੀ ਭੇਦ ਦੀ ਅਗਵਾਈ ਵਿਚ... ਆਰੀਆ ਤੋਂ ਆਪਣੀ ਖੋਹੀ ਹੋਈ ਜਨਮ ਭੂਮੀ ਪ੍ਰਾਪਤ ਕਰਨ ਲਈ ਆਕਰਮਣ ਕਰ ਦਿੱਤਾ ਸੀ। ਪਰੰਤੂ ਅਸੁਰ ਸੈਨਾ ਆਰੀਆ ਦੇ ਸੈਨਾਪਤੀ ਸੁਦਾਸ ਕੋਲੋਂ ਹਾਰ ਗਈ ਸੀ। ਇਸ ਯੁੱਧ ਨੂੰ ਰਿਸ਼ੀਆ ਨੇ ਰਿਗ ਵੇਦ ਵਿਚ 'ਦਾਸ-ਰਾਜ ਯੁੱਧ' ਦੇ ਸ਼ੀਰਸ਼ਕ ਅਧੀਨ ਵਿਸਥਾਰ ਸਹਿਤ ਦਰਜ ਕੀਤਾ ਹੈ।"

ਇੰਦਰਜੀਤ ਬੋਲਿਆ, "ਦੇਖੋ ਆਪਣੀ ਮਾਤ-ਭੂਮੀ ਲਈ ਲੜਨਾ ਅਸੁਰਾਂ ਦਾ ਫਰਜ਼ ਸੀ। ਲੜਾਈ ਵਿਚ ਹਾਰ ਜਿੱਤ ਬਣੀ ਹੋਈ ਏ। ਇਹ ਸਮੇਂ ਸਮੇਂ ਦੀਆਂ ਬਾਤਾਂ ਨੇ। ਜਿਵੇਂ ਟੀ. ਵੀ. ਤੇ ਦੇਖਿਆ... ਜਦ ਦਾਅ ਲਗ ਗਿਆ ਤਾਂ ਝੋਟੇ ਨੇ ਸ਼ੇਰ ਨੂੰ ਸਿੰਗਾਂ 'ਤੇ ਚੁੱਕ ਕੇ ਮਾਰ ਸੁੱਟਿਆ। ... ਪਰ ਹੁਣ ਟੀ. ਵੀ. 'ਤੇ ਦੇਖੋ... ਜਦ ਇਕ ਝੋਟਾ ਵੱਗ ਤੋਂ ਵਿਛੜ ਗਿਆ... ਤਾਂ ਨੌਜੇ ਜਾਂਦੇ ਕੌਲੇ-ਕਾਰੇ ਝੋਟੇ ਨੂੰ ਸ਼ੇਰਾਂ ਦੇ ਝੁੰਡ ਨੇ ਘੇਰ ਕੇ ਮਾਰ ਦਿੱਤਾ ਏ।"

"ਪਰ ਬੜੇ ਦੁਖ ਦੀ ਗੱਲ ਹੈ... ।" ਮੈਂ ਦੱਸਣ ਲੱਗਿਆ, "ਅਸੁਰਾਂ ਦਾ ਆਪਣਾ ਲਿਖਿਆ ਇਤਿਹਾਸ ਤਾਂ ਤਬਾਹ ਕਰ ਦਿੱਤਾ ਗਿਆ, ਜਿੰਨਾਂ ਕੁ ਮਿਲਦਾ ਹੈ... ਪੜ੍ਹਿਆ ਨਹੀਂ



ਜਾਂਦਾ। ਪਰ ਹਮਲਾਵਰ ਆਰੀਆ ਦੇ ਰਿਸ਼ੀਆਂ ਨੂੰ ਵੀ ਅਸੁਰਾਂ ਦੀ ਦਿਖਾਈ ਬਹਾਦਰੀ ਤੋਂ ਕਾਇਲ ਹੁੰਦਿਆ, ਉਨ੍ਹਾਂ ਦੀ ਵੀਰਤਾਂ ਦੇ ਸੋਹਲੇ, ਸੁਕਤ ਗਾਉਣੇ ਪਏ।"

ਸ਼ਤਦਰੂ (ਸਤਲੁਜ) ਪਾਰ ਕਰਦਿਆਂ ਆਰੀਆ ਦੇ ਪੁਰੂ ਕਬੀਲੇ ਦਾ ਵਾਹ ਆਸੁਰਾਂ ਦੇ ਕਿਰਾਤ ਕਬੀਲੇ ਨਾਲ ਪਿਆ, ਕਿਰਾਤ ਆਰੀਆ ਵਾਂਗ ਪਸ਼ੂ ਪਾਲਕ ਘੁਮੰਤਰੂ ਕਬੀਲਾ ਸੀ। ਕਿਰਾਤ ਗਰਮੀ ਦੇ ਮੌਸਮ ਵਿਚ ਹਿਮਾਲਾ ਦੀਆਂ ਉੱਚੀਆਂ ਚੋਟੀਆਂ ਵਿਚਲੀਆਂ ਚਰਾਂਦਾਂ ਵਿਚ ਪਸ਼ੂ ਚਰਾਉਂਦੇ ਰਹਿੰਦੇ ਸਨ ਤੇ ਸਰਦੀਆਂ ਸ਼ੁਰੂ ਹੁੰਦਿਆਂ ਹਿਮਾਲਾ ਦੀਆਂ ਚੋਟੀਆਂ 'ਤੇ ਬਰਫ਼ ਪੈ ਜਾਂਦੀ ਤੇ ਕਿਰਾਤ ਆਪਣੇ ਪਸ਼ੂ ਲੈ ਕੇ ਮੈਦਾਨਾਂ ਵਿਚਲੀਆਂ ਆਪਣੀਆਂ ਚਰਾਂਦਾ ਵਿਚ ਆ ਜਾਂਦੇ ਸਨ।

ਦ੍ਰਿਸ਼ਦ੍ਰਤੀ (ਘੱਗਰ) ਤੋਂ ਪੂਰਵ ਵੱਲ ਸਰਸਵਤੀ ਤੱਕ ਆਰੀਆ ਦੀਆਂ ਤਿੰਨ ਪੁਰੀਆਂ ਅਤੇ ਘੱਗਰ ਤੇ ਸ਼ਤਦਰੂ ਵਿਚਕਾਰ ਚਾਰ ਪੁਰੀਆਂ, ਮੋਰਚਾ ਬੰਦੀਆਂ ਸਨ। ਜਦ ਕਿਰਾਤ ਸਰਦੀਆਂ ਵਿਚ ਆਪਣੇ ਪਸ਼ੂ ਲੈ ਕੇ ਆਪਣੀਆਂ ਸਰਦ ਰੁੱਤ ਦੀਆਂ ਚਰਾਂਦਾਂ ਵਿਚ ਆਉਂਦੇ ਤਾਂ ਅੱਗੋਂ ਚਰਾਂਦਾਂ ਵਿਚ ਆਰੀਆ ਦੇ ਪਸ਼ੂ ਚੁਗ ਰਹੇ ਹੁੰਦੇ। ਤੇ ਚਰਾਂਦਾ ਪਿੱਛੇ ਅਸੁਰਾਂ ਤੇ ਆਰੀਆ ਵਿਚ ਯੁੱਧ ਚੱਲਦਾ ਰਹਿੰਦਾ ਸੀ।

ਹੌਲੀ ਹੌਲੀ ਆਰੀਆ ਨੇ ਕਿਰਾਤਾਂ ਦੀਆਂ ਸੱਤ ਪੁਰੀਆਂ 'ਤੇ ਕਬਜ਼ਾ ਕਰ ਲਿਆ ਸੀ।

ਮੈਂ ਇੰਦਰਜੀਤ ਹੁਰਾਂ ਨੂੰ ਸੱਤ ਪੁਰੀਆਂ ਸਬੰਧੀ ਹੋਏ ਯੁੱਧ ਬਾਰੇ ਰਿਗ ਵੇਦ ਵਿਚੋਂ ਦਰਜ ਕੀਤਾ ਡਾਇਰੀ ਵਿਚੋਂ ਪੜ੍ਹ ਕੇ ਸੁਣਾਇਆ, "ਹੇ ਇੰਦਰ! ਤੂੰ ਦਾਨਵਾਂ ਦੀਆਂ ਸਰਦ ਰੁੱਤ ਵਿਚ ਰਹਿਣ ਵਾਲੀਆਂ, ਸੱਤ ਪੁਰੀਆਂ ਨੂੰ ਨਸ਼ਟ ਕੀਤਾ।

ਹੇ ਇੰਦਰ! ਤੂੰ ਹੀ ਸੁਰਦਾਸਪੁਰ ਦੀਆਂ ਸੱਤ ਪੁਰੀਆਂ ਨੂੰ ਬੱਜਰਾਂ ਨਾਲ ਚੂਰ-ਚੂਰ ਕੀਤਾ।"

ਕਿਰਾਤ ਬਹੁਤ ਬਹਾਦਰ ਸਨ। ਆਰੀਆਂ ਨੇ ਅਸੁਰ ਪਣੀ ਵਪਾਰੀਆਂ ਨੂੰ ਸਹਿਜੇ ਹੀ ਆਪਣੇ ਗੁਲਾਮ ਬਣਾ ਲਿਆ ਸੀ। ਆਰੀਆ ਪਣੀਆ ਨੂੰ ਗਾਇ ਤੇ ਕਿਰਾਤਾ ਨੂੰ ਨੀਲ ਗਾਇ ਆਖਦੇ। ਤੇ ਦੱਸਦੇ ਕਿ ਜਿਵੇਂ ਗਾਇ ਨੂੰ ਪਾਲਤੂ ਬਣਾਇਆ ਜਾ ਸਕਦਾ... ਨੀਲ ਗਾਇ ਅਥਵਾ ਕਿਰਾਤ ਨੂੰ ਹਰਾ ਕੇ ਗੁਲਾਮ ਨਹੀਂ ਬਣਾਇਆ ਜਾ ਸਕਦਾ। ਆਰੀਆ ਦਾ ਹਿਮਾਲਾ ਦੀਆਂ ਚੋਟੀਆਂ ਤੇ ਪੁਰੀਆਂ (ਮੋਰਚਾ ਬੰਦੀਆਂ) ਬਣਾ ਕੇ ਰਹਿੰਦੇ ਕਿਰਾਤਾਂ ਨਾਲ ਕਈ ਸੋ ਵਰ੍ਹੇ ਯੁੱਧ ਚਲਦਾ ਰਿਹਾ।

ਆਰੀਆ ਸਰਸਵਤੀ ਤੋਂ ਪਾਰ ਪੂਰਵ ਵੱਲ ਨਹੀਂ ਵਧ ਸਕੇ। ਇਸ ਲਈ ਰਿਸ਼ੀਆ ਨੇ ਰਿਗਵੇਦ ਵਿਚ ਸਰਸਵਤੀ ਦੀ ਛੇ ਭੈਣਾਂ ਤੋਂ ਵੱਧ ਮਹਿਮਾ ਗਾਈ ਹੈ।

ਕਿਰਾਤਾਂ ਦੇ ਇਕੱਲੇ ਪੁਰੀਆ ਸਰਦਾਰ ਸੰਬਰ ਦਾ ਆਰੀਆਂ ਦੇ ਸੈਨਾਪਤੀ (ਇੰਦਰ) ਦਿਵੋਦਾਸ ਨਾਲ ਚਾਲੀ ਸਾਲ ਤੱਕ ਯੁੱਧ ਚਲਦਾ ਰਿਹਾ, ਜਿਸਦਾ ਵੇਰਵਾ ਰਿਗ ਵੇਦ ਦੇ ਸੁਕਤਾਂ ਵਿਚ ਦਰਜ ਹੈ-

'ਪ੍ਰਤਾਪੀ ਰਾਜੇ ਸੰਬਰ (ਕਿਰਾਤ) ਨੇ ਇਕ ਵਾਰ ਤਾਂ ਦਿਵੋਦਾਸ (ਆਰੀਆ ਸੈਨਾਪਤੀ) ਦੇ ਛੱਕੇ ਛੁੜਾ ਦਿੱਤੇ।

ਹੇ ਇੰਦਰ! ਤੂੰ ਸ਼ੁਸਣ (ਆਸੁਰਾ) ਨਾਲ ਯੁੱਧ ਕਰਕੇ ਕੁਤਸ (ਆਰੀਆ) ਨੂੰ ਬਚਾ ਲਿਆ।

ਹੇ ਇੰਦਰ! ਜਦ ਦਿਵੋਦਾਸ ਨੇ ਸ਼ੁਸਣ (ਕਿਰਾਤ) ਦੇ ਨਗਰਾਂ ਨੂੰ ਨਸ਼ਟ ਕੀਤਾ ਤਾਂ ਉਸਦੇ ਧਨ ਨੂੰ ਲੁਟਿਆ, ਹੇ ਇੰਦਰ! ਤੂੰ ਆਪਣੇ ਭਗਤ ਦਿਵੋਦਾਸ ਲਈ ਸੰਬਰ ਦੇ 99 ਨਗਰਾਂ ਨੂੰ ਤੋੜਿਆ। ਹੇ ਇੰਦਰ! ਤੈਂ ਚਾਲੀ ਹਜ਼ਾਰ ਕ੍ਰਿਸ਼ਨ, ਕਾਲੇ ਚਮੜੇ ਵਾਲਿਆਂ ਨੂੰ ਤਬਾਹ ਕੀਤਾ।

ਹੇ ਅਗਨੀ! ਤੈਂ ਪੁਰੂ (ਵੰਸ਼ੀ) ਰਾਜਾ ਵਾਸਤੇ ਤੇਜਮਾਨ ਹੋ ਕੇ ਲੋਕਰੂ ਦੇ ਨਗਰਾ ਨੂੰ ਜਲਾ ਦਿੱਤਾ।

ਪਹਾੜੀ ਰਾਜੇ ਸੰਬਰ ਨਾਲ ਅਨੇਕਾਂ ਜ਼ਬਰਦਸਤ ਯੁੱਧ ਕਰਕੇ ਚਾਲੀ ਸਾਲ ਬਾਅਦ ਦਿਵੋਦਾਸ ਜੇਤੂ ਹੋਣ ਵਿਚ ਸਫ਼ਲ ਹੋਇਆ।

ਹੇ ਇੰਦਰ! ਤੂੰ ਪੁਰੂ ਰਾਜੇ ਦਿਵੋਦਾਸ ਲਈ ਸੰਬਰ ਦੇ ਕਿਲ੍ਹਿਆ ਨੂੰ ਤੋੜਿਆ ਅਤੇ (ਅਸੁਰ ਰਾਜੇ) ਸ਼ੰਬਰ ਨੂੰ ਪਰਬਤ ਤੋਂ ਗਿਰਾ ਦਿੱਤਾ। ਤੇ ਬਾਕੀ ਬਚੇ ਕਿਰਾਤ ਬਚ ਕੇ ਹਿਮਾਲਾ ਦੀਆਂ ਚੋਟੀਆਂ 'ਤੇ ਚੜ੍ਹ ਗਏ। ਇਸ ਤਰ੍ਹਾਂ ਨਾਲ ਅਸੁਰਾਂ ਕੋਲੋਂ ਇਕ ਇਕ ਦੁਰਗ, ਇਕ ਇਕ ਪੁਰ ਖੁਸਦਾ ਗਿਆ... ਤੋੜ ਦਿੱਤਾ ਜਾਂਦਾ ਰਿਹਾ... ਜਲਾ ਦਿੱਤਾ ਜਾਂਦਾ ਰਿਹਾ। ਤੇ ਅਸੁਰਾਂ ਤੇ ਆਰੀਆ ਦੇ ਖ਼ੂਨ ਨਾਲ ਧਰਤੀ ਲਹੂ ਲੁਹਾਣ ਹੁੰਦੀ ਰਹੀ।

ਮੈਂ ਇੰਦਰਜੀਤ ਨੂੰ ਰਤਾ ਛੇੜਨ ਲਈ ਕਿਹਾ, "ਇੰਦਰਜੀਤ! ਭਲਾ ਆਰੀਆ ਤੇ ਅਸੁਰ ਤਾਂ ਆਪਸ ਵਿਚ ਯੁੱਧ ਕਰਕੇ ਲਹੂ ਲੁਹਾਣ ਹੋ ਰਹੇ ਸਨ ਪਰ ਰਿਸ਼ੀ? ਰਿਸ਼ੀ ਲੁੱਟਿਆ ਹੋਇਆ ਧਨ ਤੇ ਦਾਸੀਆਂ ਉਹਨਾਂ ਨੂੰ ਦਾਨ ਕਰਨ ਲਈ ਕਹਿੰਦੇ ਰਹੇ... ਹੇ ਇੰਦਰ! ਸੋਮ (ਸ਼ਰਾਬ) ਦੀ ਵਰਤੋਂ ਨਾ ਕਰਨ ਵਾਲਿਆਂ ਨੂੰ ਤੇ ਕਠਿਨਾਈ ਨਾਲ ਵਸ ਵਿਚ ਆਉਣ ਵਾਲਿਆਂ ਨੂੰ ਕਤਲ ਕਰੋ। ਕਿਉਂਕਿ ਉਹ ਤੈਨੂੰ ਖ਼ੁਸ਼ ਨਹੀਂ ਕਰ ਸਕਦੇ। ਤੇ ਉਹਨਾਂ ਦਾ ਲੁੱਟਿਆ ਧੰਨ ਤੇ ਦਾਸੀਆਂ ਸਾਨੂੰ ਦਿਓ।"

"ਭਈ ਸੋਮ ਰਸ (ਸ਼ਰਾਬ) ਨਾ ਪੀਣ ਵਾਲੇ ਅਸੁਰਾਂ ਨਾਲ ਇੰਦਾਂ ਹੀ ਹੋਣੀ ਚਾਹੀਦੀ ਸੀ।" ਇੰਦਰਜੀਤ ਨੇ ਗੱਲ ਹਾਸੇ ਵਿਚ ਪਾਉਂਦਿਆਂ ਕਿਹਾ, "ਰਿਸ਼ੀ ਜੰਗਾਂ ਯੁੱਧਾਂ ਵਿਚ ਲੁੱਟਿਆ ਧੰਨ ਤੇ ਦਾਸ, ਦਾਸੀਆਂ ਲੈਣ ਦੇ ਸ਼ੁਕੀਨ ਬਣ ਗਏ ਸਨ। ਇਹਦੇ ਇਵਜ਼ਾਨੇ ਵਿਚ ਉਹ ਆਰੀਆ ਦੇ ਸੈਨਾਪਤੀ ਇੰਦਰ ਦੀ ਉਸਤਤ ਕਰਨ ਵਿਚ ਲੱਗੇ ਰਹਿੰਦੇ ਸਨ।"

### ਉੱਤਰ ਵੈਦਿਕ ਕਾਲ

ਹੁਣੇ ਇੰਦਰਜੀਤ ਨੇ ਹਾਸੇ ਵਿਚ ਵੈਦਿਕ ਰਿਸ਼ੀਆਂ ਬਾਰੇ ਗੱਲ ਕੀਤੀ ਸੀ ਕਿ ਰਿਸ਼ੀ ਅਸੁਰਾਂ ਉੱਤੇ ਜਿੱਤ ਪ੍ਰਾਪਤ ਕਰਨ ਲਈ ਦੇਵਤਿਆਂ ਦੀ ਉਪਾਸਨਾਂ ਕਰਦੇ ਸਨ... ਤੇ ਆਰੀਆ ਰਾਜੇ ਅਸੁਰਾਂ ਤੋਂ ਲੁੱਟਿਆ ਧਨ ਰਿਸ਼ੀਆਂ ਨੂੰ ਦਾਨ ਕਰਦੇ ਸਨ। ਪਰ ਉੱਤਰ ਵੈਦਿਕ ਕਾਲ



ਪਹੁੰਚਾਉਂਦਿਆਂ, ਅਰਵਿੰਦਰ ਆਰੀਆ ਸਰ ਨੇ ਦੱਸਿਆ ਸੀ ਕਿ ਉੱਤਰ ਵੈਦਿਕ ਕਾਲ ਵਿਚ ਵੈਦਿਕ ਕਾਲ ਦੇ ਦੇਵਤੇ ਆਪ੍ਰਸੰਗਕ ਹੋ ਗਏ ਸਨ।

ਜਦਕਿ ਆਰੀਆ ਲਈ ਕਈ ਗੱਲਾਂ ਆਪ੍ਰਸੰਗਕ ਤੋਂ ਪ੍ਰਸੰਗਕ ਹੋ ਗਈਆਂ ਸਨ। ਜਿਵੇਂ ਵੈਦਿਕ ਕਾਲ ਵਿਚ ਪਸ਼ੂ ਪਾਲਕ ਆਰੀਆ ਕਿੱਪੀਆਂ-ਪੱਚੀਆ ਝੌਂਪੜੀਆਂ ਵਿਚ ਰਹਿੰਦੇ ਸਨ ਤੇ ਉਨ੍ਹਾਂ ਨੇ ਅਸੁਰਾਂ ਦੇ ਨਗਰ ਤਬਾਹ ਤਾਂ ਕਰ ਦਿੱਤੇ ਸਨ ਪਰ ਉਨ੍ਹਾਂ ਵਿਚ ਰਹਿਣ ਲਈ ਨਹੀਂ ਗਏ ਸਨ।... ਪਰ ਸੈਂਕੜੇ ਸਾਲ ਗੁਜ਼ਰਨ ਤੋਂ ਬਾਅਦ ਉੱਤਰ ਵੈਦਿਕ ਕਾਲ ਵਿਚ ਆਰੀਆ ਵਿਚ ਵੀ ਨਗਰੀ ਸਭਿਅਤਾ ਦਾ ਵਿਕਾਸ ਹੋਣ ਲੱਗ ਪਿਆ ਸੀ। ਗ੍ਰਾਮੀਣ ਖੇਤਰਾਂ ਦੇ ਨਾਲ ਨਾਲ ਪੁਸ਼ਕਲਾਵਤੀ, ਤਕਸ਼ਿਲਾ ਆਸੰਦੀਵੰਤ, ਹਸਤਨਾਪੁਰ, ਇੰਦਰਪ੍ਰਸਥ, ਵਿਰਾਟਨਗਰ, ਕਾਸ਼ੀ, ਅਯੁੱਧਿਆ, ਮਿਥਿਲਾ, ਕਪਿਲਵਸਤੂ, ਕੌਸ਼ੰਬੀ, ਵਿਦੇਹ ਆਦਿ ਨਗਰ ਉਠ ਖੜੇ ਹੋਏ ਸਨ। ਵੈਦਿਕ ਕਾਲ ਨਾਲੋਂ ਉੱਤਰ ਵੈਦਿਕ ਕਾਲ ਵਿਚ ਆਰੀਆ ਦੇ ਧਾਰਮਿਕ ਵਿਸ਼ਵਾਸ ਬਦਲ ਗਏ ਸਨ। ਵੈਦਿਕ ਕਾਲ ਦੇ ਰਿਸ਼ੀ ਅਸੁਰਾ ਵਿਚ ਪ੍ਰਚਲਤ ਲਿੰਗ ਪੂਜਾ ਦਾ ਬਹੁਤ ਵਿਰੋਧ ਕਰਦੇ ਸਨ ਪਰ ਉੱਤਰ ਵੈਦਿਕ ਕਾਲ ਵਿਚ ਆਰੀਆ ਸ਼ਿਵ-ਲਿੰਗ ਦੀ ਪੂਜਾ ਕਰਨ ਲਗ ਪਏ ਸਨ। ਇਸ ਦੇ ਨਾਲ ਹੀ ਜਨ ਸੰਗਠਨ ਤੇ ਰਾਜ ਘਰਾਣੇ ਵੀ ਬਦਲ ਚੁੱਕੇ ਸਨ। ਵੈਦਿਕ ਕਾਲ ਵਿਚ ਆਰੀਆ ਦੇ ਪੰਜ ਜਨਾਂ ਤੋਂ ਪੰਜੀ ਉਪਜਨ ਬਣ ਚੁੱਕੇ ਸਨ। ਪਰ ਸ਼ਤਪਥ ਬ੍ਰਾਹਮਣ ਅਨੁਸਾਰ ਉੱਤਰ ਵੈਦਿਕ ਕਾਲ ਵਿਚ ਪ੍ਰਾਚੀਨ ਭਾਰਤ ਤੇ ਪੁਰੂਆ ਦੇ ਜਨ ਕੁਰੂ ਬਣ ਚੁੱਕੇ ਸਨ, ਜਿਨ੍ਹਾਂ ਦੀ ਰਾਜਧਾਨੀ ਪਹਿਲਾਂ ਆਸੰਦੀਵੰਤ ਫਿਰ ਹਸਤਨਾਪੁਰ ਬਣੀ। ਮਹਾਂ ਭਾਰਤ ਵਿਚ ਲਿਖੇ ਇਤਿਹਾਸ ਅਨੁਸਾਰ ਹਸਤਨਾਪੁਰ 'ਤੇ ਪਹਿਲਾਂ-ਪਹਿਲ ਰਾਜਾ ਸ਼ਾਂਤਨੂੰ ਰਾਜ ਕਰਦਾ ਸੀ। ਵੈਦਿਕ ਕਾਲ ਦੇ ਅਨੂ, ਕਰਿਵੀ, ਦਰਹੂ ਤੇ ਵਰਵਸ਼ ਸੰਗਠਿਤ ਹੋ ਕੇ ਸੰਭਵਨ ਪਾਂਚਾਲ ਬਣ ਚੁੱਕੇ ਸਨ। ਮਹਾਂ ਭਾਰਤ ਕਾਲ ਵਿਚ ਪੰਚਾਲ ਦੇਸ਼ ਤੇ ਦਰੋਪਤੀ ਦਾ ਪਿਓ ਦਰੁਪਦ ਰਾਜ ਕਰਦਾ ਸੀ ਤੇ ਉਪਨਿਸ਼ਦ ਕਾਲ ਵਿਚ ਪੰਚਾਲ ਦੇਸ਼ 'ਤੇ ਰਾਜਾ ਪਰਵਹਨ ਦਾ ਰਾਜ ਸੀ।

ਇਸ ਤੋਂ ਬਿਨਾ ਅਰਵਿੰਦਰ ਸਰ ਨੇ ਦੱਸਿਆ ਸੀ ਕਿ ਰਿਗਵੇਦ ਵਿਚ ਰਿਸ਼ੀਆਂ ਨੇ ਸਤਲੁਜ ਬਿਆਸ, ਰਾਵੀ, ਚਨਾਬ, ਜਿਹਲਮ ਤੇ ਸਿੰਧ ਨਦੀਆਂ ਨਾਲੋਂ ਸਰਸਵਤੀ ਦੀ ਵੱਧ ਮਹਿਮਾ, ਗਾਈ ਹੈ। ਤੇ ਗੰਗਾ ਤੇ ਜਮਨਾ ਦਾ ਰਿਗਵੇਦ ਵਿਚ ਜ਼ਿਕਰ ਆਉਣ ਤੋਂ ਪ੍ਰਤੀਤ ਹੁੰਦਾ ਹੈ ਕਿ ਉੱਤਰ ਵੈਦਿਕ ਕਾਲ ਵਿਚ ਆਰੀਆ ਦਾ ਰਾਜ ਗੰਗਾ ਤੋਂ ਅੱਗੇ ਅੰਗ, ਬੰਗ ਤੇ ਕਲਿੰਗ ਤੱਕ ਫੈਲ ਚੁੱਕਿਆ ਸੀ।

ਅਰਵਿੰਦਰ ਆਰੀਆ ਸਰ ਨੇ ਕਲਾਸ ਵਿਚ ਸਰਲ ਤੋਂ ਸਰਲ ਸ਼ਬਦਾਂ ਵਿਚ ਦੱਸਣਾ ਸ਼ੁਰੂ ਕੀਤਾ ਤਾਂ ਜੋ ਸਾਧਾਰਨ ਬੁੱਧੀ ਵਾਲੇ ਵਿਦਿਆਰਥੀਆਂ ਨੂੰ ਵੀ ਸਮਝ ਆ ਜਾਵੇ ਕਿ ਵੈਦਿਕ ਕਾਲ ਦੇ ਰਿਸ਼ੀਆਂ ਦੀ ਸਮੱਸਿਆ... ਆਰੀਆ ਦੁਆਰਾ ਅਸੁਰਾ ਨੂੰ ਹਰਾ ਕੇ ਉਨ੍ਹਾਂ ਦੀ ਭੂਮੀ ਤੇ ਆਰੀਆ ਦਾ ਅਧਿਕਾਰ ਕਰਵਾਉਣਾ ਸੀ।

ਵਕਸ਼ੂ ਘਾਟੀ ਵਿਚੋਂ ਹਾਰ ਕੇ ਅਤਿਅੰਤ ਮੁਸ਼ਕਲਾਂ ਝਾਗਦਿਆਂ ਇਸ ਧਰਤੀ 'ਤੇ ਆ ਕੇ ਵਸੇ ਆਰੀਆ ਬਹੁਤ ਡਰੇ ਹੋਏ ਸਨ... ਕਿ ਜੇ ਇਸ ਧਰਤੀ ਦੇ ਆਦਿ ਵਾਸੀਆਂ ਵਲੋਂ ਉਹ

ਹੋਰ ਪਿੱਛੇ ਨੂੰ ਧੱਕ ਦਿੱਤੇ ਗਏ... ਉਹ ਜਿਥੋਂ ਚੱਲ ਕੇ ਆਏ ਹਨ... ਮੁੜ ਕੇ ਉਥੇ ਕਿਵੇਂ ਜਾਣਗੇ ?

ਇਸ ਲਈ ਆਰੀਆ ਦਾ ਮਨੋਬਲ ਉੱਚਾ ਕਰਨ ਲਈ, ਰਿਸ਼ੀ ਯੱਗ, ਹਵਨ ਕਰਕੇ ਇੰਦਰ, ਅਗਨ, ਵਾਯੂ, ਵਰੁਣ ਆਦਿ ਦੇਵਤਿਆਂ ਨੂੰ ਪ੍ਰਸੰਨ ਕਰਨ ਲਈ ਮੰਤਰ ਉਚਾਰਦੇ ਸਨ... ਕਿ ਉਹ ਦੇਵਤਾ ਆਰੀਆ ਦੀ ਅਸੁਰਾ ਉੱਤੇ ਜਿੱਤ ਪ੍ਰਾਪਤ ਕਰਨ ਵਿਚ ਸਹਾਈ ਹੋਣਗੇ। ... ਇਸ ਲਈ ਉਹ ਆਰੀਆ ਦੇ ਬਾਪੇ ਸੈਨਾਪਤੀ ਨੂੰ ਇੰਦਰ ਦੀ ਉਪਾਧੀ ਦਿੰਦੇ ਸਨ।

ਆਰੀਆ ਦਾ ਮਨੋਬਲ ਉਚਾ ਕਰਕੇ ਉਨ੍ਹਾਂ ਨੂੰ ਓਪਰੀ ਧਰਤੀ ਤੇ ਅਸੁਰਾਂ ਵਿਰੁੱਧ ਲੜਾਉਣ ਦੀ ਰਿਸ਼ੀਆ ਦੀ ਇਹ ਵਿਧੀ ਬਹੁਤ ਕਾਰਗਰ ਸਾਬਤ ਹੋਈ। ਪੀੜ੍ਹੀ ਦਰ ਪੀੜ੍ਹੀ ਆਰੀਆ ਨੂੰ ਰਿਸ਼ੀ ਅਸੁਰਾਂ ਨਾਲ ਲੜਾਉਂਦੇ ਰਹੇ। ਹਜ਼ਾਰਾਂ ਸਾਲ ਚੱਲੇ ਸੰਗਰਾਮ ਵਿਚ ਆਰੀਆ ਅਸੁਰਾਂ ਨੂੰ ਉਹਨਾ ਦੀ ਮਾਤ ਭੂਮੀ 'ਤੇ ਪਰਾਜਿਤ ਕਰਕੇ ਉਨ੍ਹਾਂ ਨੂੰ ਆਪਣੇ ਗੁਲਾਮ, ਦਾਸ ਬਣਾਉਣ ਵਿਚ ਕਾਮਯਾਬ ਹੋਏ। ਤੇ ਪੀੜ੍ਹੀ ਦਰ ਪੀੜ੍ਹੀ ਅਸੁਰ ਆਰੀਆ ਦੇ ਖੇਤਾਂ, ਘਰਾਂ ਤੇ ਕਾਰੋਬਾਰਾਂ ਵਿਚ ਗੁਲਾਮ ਬਣ ਕੇ ਕੰਮ ਕਰਨ ਲੱਗ ਪਏ ਸਨ।

ਪਰ ਉੱਤਰ ਵੈਦਿਕ ਕਾਲ ਤੱਕ ਪੁੱਜਦਿਆਂ ਜਦ ਅਸੁਰਾਂ ਦੀ ਭੂਮੀ ਤੇ ਆਰੀਆਂ ਦਾ ਅਧਿਕਾਰ ਹੋ ਗਿਆ ਤੇ ਅਸੁਰ ਪੀੜ੍ਹੀ ਦਰ ਪੀੜ੍ਹੀ ਆਰੀਆ ਦੇ ਗੁਲਾਮ ਬਣਨ ਲੱਗੇ ਤਾਂ ਦੇਵਤਿਆਂ ਦੀ ਕਿਰਪਾ ਨਾਲ ਆਰੀਆ ਦੁਆਰਾ ਅਸੁਰਾਂ 'ਤੇ ਜਿੱਤ ਪ੍ਰਾਪਤ ਕਰਨ ਦੀ ਵਿਚਾਰਧਾਰਾ ਬੇਲੋੜੀ ਹੋ ਗਈ। ਤੇ ਵੈਦਿਕ ਕਾਲ ਦੇ ਦੇਵਤਾ ਅਪ੍ਰਸੰਗਿਕ ਹੋ ਗਏ। ਦੇਵਤਿਆਂ ਦੇ ਨਾਂ ਤੇ ਯੱਗ ਨਾ ਹੋਣ ਕਰਕੇ... ਬ੍ਰਾਹਮਣਾਂ ਨੂੰ ਰਾਜਿਆਂ ਵਲੋਂ ਮਿਲਣ ਵਾਲਾ ਧਨ, ਰਥ, ਘੋੜੇ, ਦਾਸ, ਦਾਸੀਆਂ ਦਾਨ ਵਿਚ ਮਿਲਣੇ ਬੰਦ ਹੋ ਗਏ ਸਨ।

ਜਦ ਬ੍ਰਾਹਮਣਾਂ ਨੂੰ ਰਾਜ ਦਰਬਾਰਾਂ ਵਿਚੋਂ ਧਨ, ਮਾਲ, ਹਾਥੀ, ਘੋੜੇ, ਦਾਸ, ਦਾਸੀਆਂ ਮਿਲਣੇ ਬੰਦ ਹੋ ਗਏ... ਫਿਰ ਉਹ ਜਿਨ੍ਹਾਂ ਲੋਕਾਂ ਨੂੰ ਸਮਝਾਉਂਦੇ ਸਨ ਕਿ ਰਾਜੇ ਨੇ ਦੇਵੀ-ਦੇਵਤਿਆਂ ਦੀ ਕਿਰਪਾ ਨਾਲ ਰਾਜ ਪ੍ਰਾਪਤ ਕੀਤਾ ਹੈ... ਜੋ ਲੋਕ ਰਾਜੇ ਦਾ ਵਿਰੋਧ ਕਰਨਗੇ... ਤਾਂ ਉਹ ਦੇਵਤਿਆਂ ਦੀ ਕਰੋਪੀ ਦਾ ਸ਼ਿਕਾਰ ਹੋਣਗੇ। ਪਰ ਜਦ ਬ੍ਰਾਹਮਣ ਆਪ ਹੀ ਰਾਜਿਆਂ ਦੇ ਆਲੋਚਕ ਬਣ ਬੈਠੇ... ਤਾਂ ਲੋਕਾਂ ਸਾਹਮਣੇ ਵੀ ਰਾਜਿਆਂ ਦਾ ਅਤਿਆਚਾਰੀ ਚਿਹਰਾ ਨੰਗਾ ਹੋਣ ਲੱਗਿਆ।

ਅਜਿਹੇ ਵੇਲੇ ਜਦ ਲੋਕ-ਮਨਾਂ ਵਿਚ ਉਲਝਣ ਵਿਚ ਪਾਉਣ ਵਾਲੀ ਕੋਈ ਵਿਚਾਰਧਾਰਾ ਸਮਾਜ ਵਿਚ ਚਾਲੂ ਨਹੀਂ ਸੀ। ਲੋਕ-ਮਨਾਂ ਨੂੰ ਉਲਝਣਾਂ ਵਿਚੋਂ ਕੱਢਣ ਵਾਲੀ ਪ੍ਰਾਕ੍ਰਿਤਕਵਾਦੀਆਂ ਦੀ ਧਾਰਨਾ 'ਕਿ ਆਪਣੀਆਂ ਅੱਖਾਂ ਨਾਲ ਪ੍ਰਤੱਖ ਦੇਖਿਆ ਹੀ ਪ੍ਰਮਾਣ ਹੁੰਦਾ ਹੈ।' ਜ਼ੋਰ ਫੜਨ ਲੱਗੀ। ਉਹ ਸਮਝਾਉਂਦੇ... ਕਿ ਜਦ ਲੋਕਾਂ ਨੇ ਇੰਦਰ, ਵਰੁਣ, ਅਗਨੀ ਆਦਿ ਦੇਵਤਿਆਂ ਨੂੰ ਦੇਖਿਆ ਹੀ ਨਹੀਂ... ਫਿਰ ਉਹ ਕਿਉਂ ਡਰਦੇ ਹਨ ? ਕਿ ਜੇ ਉਹ ਰਾਜਿਆਂ ਦਾ ਵਿਰੋਧ ਕਰਨਗੇ... ਤਾਂ ਦੇਵਤੇ ਉਨ੍ਹਾਂ 'ਤੇ ਕਹਿਰ ਵਰਤਾਉਣਗੇ ? ਇਸ ਤਰ੍ਹਾਂ ਦੀ ਸਮਝ ਆਉਣ ਨਾਲ ਲੋਕਾਂ ਦੇ ਮਨਾਂ ਵਿਚੋਂ ਦੇਵਤਿਆਂ ਦੇ ਕਹਿਰ ਦਾ ਡਰ ਨਿਕਲਣ ਲੱਗ ਪਿਆ ਸੀ



ਤੇ ਉਹ ਰਾਜਿਆਂ ਦੀਆਂ ਗਲਤ ਨੀਤੀਆਂ ਦਾ ਵਿਰੋਧ ਕਰਨ ਲਈ ਤਿਆਰ ਹੋਣ ਲੱਗ ਪਏ ਸਨ।

"ਵਿਰੋਧ ਤਾਂ ਅਸੀਂ ਤੇਰਾ ਵੀ ਕਰਨ ਲੱਗ ਪੈਣਾ... ਤੂੰ ਸਾਡੀ ਗੱਲ ਸੁਣਦਾ ਈ ਨੀ... ਪਹਿਲਾਂ ਪੈੱਗ ਪਾਉਣ ਦੇ।" ਪੈੱਗ ਪਾਉਂਦਿਆਂ ਉਹ ਫੇਰ ਅਰਵਿੰਦਰ ਆਰੀਆਂ ਸਰ ਦੀ ਪ੍ਰਸ਼ੰਸਾ ਕਰਨ ਲੱਗ ਪਿਆ ਸੀ। ਪ੍ਰਸ਼ੰਸਾ ਤਾਂ ਉਹਨਾਂ ਦੀ ਲਗਭਗ ਸਾਰੇ ਅਧਿਆਪਕ ਤੇ ਵਿਦਿਆਰਥੀ ਕਰਦੇ ਸਨ। ਪਰ ਇੰਦਰ ਸਿੰਘ ਨੂੰ ਉਨ੍ਹਾਂ ਨੇ ਸਾਡੀ ਕਲਾਸ ਦਾ ਮਨੀਟਰ ਬਣਾਇਆ ਹੋਇਆ ਸੀ, ਇਸ ਲਈ ਉਹ ਉਨ੍ਹਾਂ ਦੀ ਵੱਧ ਪ੍ਰਸ਼ੰਸਾ ਕਰਦਾ ਰਹਿੰਦਾ ਸੀ।

ਉਹ ਦੱਸਣ ਲੱਗਾ, "ਆਰੀਆ ਸਰ 'ਵਿਚਾਰ-ਵਟਾਂਦਰਾ' ਵਿਧੀ ਦੇ ਨਾਲ ਨਾਲ 'ਕਹਾਣੀ ਵਿਧੀ' ਰਾਹੀਂ ਪੜਾਉਂਦੇ ਸਨ।" ਮੈਂ ਉਨ੍ਹਾਂ ਨੂੰ ਦੱਸਣ ਲੱਗਿਆ ਕਿ ਅਗਲੀਆਂ ਗੱਲਾਂ ਉਹਨਾਂ ਨੇ ਕਹਾਣੀ ਜਹੀ ਬਣਾ ਕੇ ਸਮਝਾਈਆਂ ਸਨ। ਉਨ੍ਹਾਂ ਨੇ ਦੱਸਿਆ ਸੀ ਕਿ ਪੰਚਾਲ ਰਾਜ ਦਾ ਰਾਜਾ ਪਰਵਾਹਨ ਰ੍ਰਗੀ-ਰਿਗ, ਸ਼ਾਮ, ਅਥਰਵ, ਤਿੰਨ ਵੇਦਾਂ ਦਾ ਗਿਆਤਾ ਤੇ ਵੱਡਾ ਚਿੰਤਕ ਹੋਣ ਕਰਕੇ ਵੱਧ ਚਿੰਤਾਤੁਰ ਸੀ। ਉਹਦੀ ਚਿੰਤਾ ਦਾ ਕਾਰਨ ਪੰਚਾਲ, ਵਿਦੇਹ ਆਦਿ ਨਿਰੰਕੁਸ਼ ਰਾਜਾਂ ਦੇ ਆਲੇ-ਦੁਆਲੇ ਕਾਸ਼ੀ, ਅੰਗ, ਵੱਜ ਮੱਲ, ਮੱਛ, ਸੁਰਸੈਨ, ਕੰਬੋਜ ਆਦਿ ਕਿੰਨੇ ਹੀ ਸਾਬਾਪਤ ਗਣਰਾਜ ਸਨ। ... ਇਨ੍ਹਾਂ ਗਣਾਂ ਦਾ ਰਾਜ-ਪ੍ਰਬੰਧ ਬਜੁਰਗਾਂ ਦੀ ਸਮਿਤੀ ਤੇ ਆਮ ਨਾਗਰਿਕਾਂ ਦੀ ਸਮਿਤੀ ਰਾਹੀਂ ਚਲਾਇਆ ਜਾਂਦਾ ਸੀ। ਗਣ ਦਾ ਗਣਪਤੀ-ਆਮ ਨਾਗਰਿਕਾਂ ਦੀ ਸਭਾ ਰਾਹੀਂ ਚੁਣਿਆ ਜਾਂਦਾ ਸੀ। ਭਾਵੇਂ ਉਹਨੂੰ ਰਾਜਾ ਦੀ ਪਦਵੀ ਦਿੱਤੀ ਗਈ ਸੀ ਪਰ ਉਹ ਸ਼ਕਤੀਹੀਨ ਸੀ। ਗਣ ਵਿਚ ਅਪਰਾਧ ਤੇ ਅਤਿਆਚਾਰ ਕਰਨ ਵਾਲਿਆਂ ਨੂੰ ਸਮਿਤੀਆਂ ਰਾਹੀਂ ਸਥਾਪਤ ਕੀਤੀਆਂ ਅਦਾਲਤਾਂ ਰਾਹੀਂ ਸਜ਼ਾਵਾਂ ਦਿੱਤੀਆਂ ਜਾਂਦੀਆਂ ਸਨ। ਗਣਪਤੀ ਕੇਵਲ ਗਣ ਉੱਤੇ ਬਾਹਰੀ ਆਕਰਮਣ ਹੋਣ ਦੀ ਸੂਰਤ ਵਿਚ ਹੀ ਗਣ ਦੀ ਸੈਨਾ ਦੀ ਕਮਾਨ ਸੰਭਾਲਦਾ ਸੀ। ਪ੍ਰਾਕਿਰਤਕ ਅਵਸਥਾ ਵਿਚ ਰਹਿੰਦੇ ਕਬੀਲਿਆਂ ਦੀ ਚਲੀ ਆ ਰਹੀ ਰਵਾਇਤ ਅਨੁਸਾਰ ... ਗਣ ਦੇ ਬਲਵਾਨ ਇਸਤਰੀ ਪੁਰਸ਼ਾਂ ਪਰ ਕੁਝ ਸਮੇਂ ਤੋਂ ਇਕੱਲੇ ਪੁਰਸ਼ਾਂ ਦੀ ਸੈਨਾ ਹੀ ਗਣ ਦੀ ਰਖਸ਼ਾ ਕਰਦੀ ਚਲੀ ਆ ਰਹੀ ਸੀ। ਭਾਵ ਨਿਰੰਕੁਸ਼ ਰਾਜਿਆਂ ਦੇ ਸੈਨਿਕਾਂ ਰਾਹੀਂ ਤਨਖਾਹ ਲੈਣ ਵਾਂਗ... ਗਣ ਦੇ ਆਪਾ ਵਾਰੂ ਸੈਨਿਕ ਕੋਈ ਤਨਖਾਹ ਨਹੀਂ ਲੈਂਦੇ ਸਨ। ਇਸ ਲਈ ਗਣ ਦੇ ਨਾਗਰਿਕਾਂ 'ਤੇ ਕੋਈ ਖਾਸ ਟੈਕਸ ਨਹੀਂ ਲਾਏ ਜਾਂਦੇ ਸਨ। ... ਗਣਾਂ ਦੀ ਪਰਜਾ ਅਮਨ-ਅਮਾਨ ਨਾਲ ਵਸਦੀ ਸੀ।

ਪਰ ਮਨ ਮਾਨੇ ਢੰਗ ਨਾਲ ਸ਼ਾਸ਼ਨ ਚਲਾਉਣ ਵਾਲੇ ਨਿਰੰਕੁਸ਼ ਰਾਜਿਆਂ ਦੇ ਰਾਜਾਂ ਦੇ ਨਾਗਰਿਕ ਵੀ ਆਪਣੇ ਪੁਰਵਜਾਂ ਤੋਂ ਅੱਗੋ ਤੋਂ ਅੱਗੇ ਸੁਣਦੇ ਆਏ ਸਨ ਕਿ ਕੁਝ ਹੀ ਪੁਸ਼ਤਾਂ ਪਹਿਲਾਂ... ਇਨ੍ਹਾਂ ਰਾਜਿਆਂ ਦੇ ਰਾਜਾਂ ਵਿਚ ਵੀ ਨਾਲ ਲਗਦੇ ਗਣਾਂ ਵਰਗਾ ਸ਼ਾਸਨ ਪ੍ਰਬੰਧ ਚਾਲੂ ਸੀ। ... ਪਰ ਇਹਨਾਂ ਰਾਜਿਆਂ ਦੇ ਕਿਸੇ ਨਾ ਕਿਸੇ ਪੁਰਵਜ ਨੇ ਸੈਨਿਕਾਂ ਨੂੰ ਲੁੱਟ ਹੋਏ ਧਨ ਵਿਚ ਹਿੱਸਾ ਤੇ ਤਨਖਾਹ ਦੇਣ ਦਾ ਲਾਲਚ ਦੇ ਕੇ... ਸਮਿਤੀਆਂ ਤੋਂ ਰਾਜ ਪ੍ਰਬੰਧ ਚਲਾਉਣ ਦੀਆਂ ਸ਼ਕਤੀਆਂ ਖੋਹ ਕੇ ਮਨ-ਮਾਨੇ ਢੰਗ ਨਾਲ ਰਾਜ ਚਲਾਉਣ ਵਾਲੇ ਨਿਰੰਕੁਸ਼ ਰਾਜ ਸਥਾਪਤ ਕਰ ਲਏ। ਇਹਨਾਂ ਰਾਜਾਂ ਵਿਚ ਬਜੁਰਗਾਂ ਤੇ ਆਮ ਨਾਗਰਿਕਾ ਦੀਆਂ ਸਮਿਤੀਆਂ ਸਨ, ਪਰ ਉਹ

ਸ਼ਕਤੀ ਹੀਨ ਸਨ। ਇਨ੍ਹਾਂ ਰਾਜਿਆ ਨੇ ਸਮਿਤੀਆਂ ਤੋਂ ਰਾਜ ਪ੍ਰਬੰਧ ਚਲਾਉਣ ਦੀਆ ਸ਼ਕਤੀਆਂ ਖੋਹ ਕੇ ਆਪਣੀ ਮਨ-ਮਰਜ਼ੀ ਅਨੁਸਾਰ ਭੂਮੀ ਦੀ ਉਪਜ, ਵਣ ਸੰਪਤੀ, ਰਾਜ ਦੀਆ ਸੀਮਾਵਾਂ ਤੇ ਚੁੰਗੀ, ਦਰਿਆਵਾਂ, ਨਦੀਆਂ ਨੂੰ ਪਾਰ ਕਰਨ ਵਾਲੇ ਘਾਟਾਂ ਤੇ ਕਰ, ਵਸਤਾਂ ਵੇਚਣ ਤੇ ਟੈਕਸ ਤੇ ਅਪਰਾਧੀਆਂ 'ਤੇ ਭਾਰੀ ਜੁਰਮਾਨਾ ਤੇ ਦੰਡ ਆਦਿ ਨਾਲ ਆਪਣੇ ਖਜ਼ਾਨਿਆਂ ਵਿਚ ਅਪਾਰ ਧਨ ਜਮਾ ਕਰਨਾ ਸ਼ੁਰੂ ਕਰ ਦਿੱਤਾ ਸੀ। ਵੱਡੇ ਸਾਮੰਤ ਤੇ ਸੈਨਾਪਤੀ ਜੇ ਕਿਸੇ ਵਪਾਰੀ ਜਾਂ ਨਾਗਰਿਕ ਦੀ ਜ਼ਮੀਨ ਖੋਹ ਲੈਂਦੇ ਸਨ ਜਾਂ ਧਨ ਲੁੱਟ ਲੈਂਦੇ ਸਨ ਤਾਂ ਉਹਨਾਂ ਨੂੰ ਕੋਈ ਪੁੱਛਣ ਵਾਲਾ ਨਹੀਂ ਸੀ। ਕਿਉਂਕਿ ਰਾਜਾ ਆਪ ਉਹਨਾਂ ਤੋਂ ਵੱਡਾ ਲੋਟੂ ਸੀ।

ਪਰ ਹੁਣ ਪ੍ਰਾਕਿਰਤੀਵਾਦੀਆਂ ਰਾਹੀਂ ਦੱਸਣ ਅਨੁਸਾਰ ਦੇਵਤਿਆਂ ਦੇ ਪ੍ਰਕੋਪ ਦਾ ਡਰ ਹਟ ਜਾਣ 'ਤੇ ਨਿਰੰਕੁਸ਼ ਰਾਜਿਆਂ ਦੇ ਰਾਜਾਂ ਦੇ ਨਾਗਰਿਕ ਰਾਜਿਆਂ ਕੋਲੋਂ ਰਾਜ ਖੋਹ ਕੇ ...ਕੁਝ ਪੀੜ੍ਹੀਆਂ ਪਿਛਾਂਹ ਵਾਲਾ... ਨਾਲ ਲੱਗਦੇ ਗਣਾਂ ਦੀਆਂ ਸਮਿਤੀਆਂ ਵਾਲਾ ਰਾਜ ਸਥਾਪਤ ਕਰਨ ਦੀਆਂ ਗੋਂਦਾ ਗੁੰਦਣ ਲੱਗ ਪਏ ਸਨ।

ਪੰਚਾਲ ਰਾਜ ਦਾ ਗਿਆਨਵਾਨ ਰਾਜਾ... ਪਰਵਹਨ ਭਲੀ ਭਾਂਤ ਜਾਣਦਾ ਸੀ ਕਿ ਉਹਦੇ ਕੋਲ ਬੁਲੰਦ ਹੋ ਰਹੀ ਜਨਤਾ ਦੀ ਵਿਰੋਧੀ ਆਵਾਜ਼ ਨੂੰ ਕੁਚਲਣ ਲਈ ਸੈਨਿਕ ਸ਼ਕਤੀ ਵੀ ਨਹੀਂ ਸੀ। ... ਕਿਉਂਕਿ ਹੋਰ ਨਾਗਰਿਕਾਂ ਦੇ ਨਾਲ ਨਾਲ ਸੈਨਿਕਾਂ ਦੇ ਪਰਵਾਰਾਂ ਤੋਂ ਵੀ ਸਾਮੰਤ ਖੇਤਾਂ ਦੇ ਵਿਚ ਜ਼ਬਰਦਸਤੀ ਵਗਾਰ ਕਰਵਾਉਂਦੇ ਸਨ। ...ਤੇ ਸਾਮੰਤ ਆਪਣੇ ਅਧੀਨ ਇਲਾਕੇ ਵਿਚ ਵਿਆਹੁਲੀ ਆਈ ਵਹੁਟੀ ਨੂੰ... ਪਹਿਲੀਆਂ ਕੁਝ ਰਾਤਾਂ ਆਪਣੇ ਕੋਲ ਰੱਖਣਾ... ਆਪਣਾ ਅਧਿਕਾਰ ਸਮਝਦੇ ਸਨ। ਅੰਦਰੋ-ਅੰਦਰ ਸੈਨਿਕ ਵੀ ਹੋਰ ਨਾਗਰਿਕਾਂ ਨਾਲ ਮਿਲਕੇ ਅਤਿਆਚਾਰੀਆਂ ਦਾ ਰਾਜ ਸਮਾਪਤ ਕਰਨ ਲਈ ਵਿਦਰੋਹ ਵਿਚ ਸ਼ਾਮਿਲ ਹੋਣ ਦੀਆਂ ਦਿਨ-ਰਾਤ ਤਿਆਰੀਆਂ ਕਰ ਰਹੇ ਸਨ। ਉਧਰ ਪਰਵਹਨ ਰਾਜਾ ਦਿਨ-ਰਾਤ ਲੋਕਾਂ ਦੇ ਵਿਦਰੋਹ ਨਾਲ ਨਿਪਟਣ ਦੀਆਂ ਵਿਉਂਤਾਂ ਬਣਾਉਂਦਾ ਰਹਿੰਦਾ ਸੀ। ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਕੇ... ਉਹਨਾਂ ਨੂੰ ਖੁਸ਼ਹਾਲ ਕਰਨ ਦਾ... ਪਰਵਾਹਨ ਰਾਜੇ ਨੂੰ ਕੋਈ ਉਪਾਅ ਨਹੀਂ ਸੀ ਲੱਭ ਰਿਹਾ।

ਪਰ ਲੋਕਾਂ ਦੀਆਂ ਸਮੱਸਿਆਵਾਂ ਹੱਲ ਕਰਨ ਦਾ ਪਰਵਹਨ ਰਾਜੇ ਨੂੰ ਕੋਈ ਉਪਾਅ ਨਹੀਂ ਸੀ ਲੱਭ ਰਿਹਾ। ਪਾਂਚਾਲ ਦਾ ਕਸ਼ੱਤਰੀ ਰਾਜਾ ਪਰਵਹਨ, ਵਿਦੇਹ ਦਾ ਰਾਜਾ ਜਨਕ, ਬ੍ਰਾਹਮਣ ਰਿਸ਼ੀਆਂ ਯਾਗਵਲਕਯ, ਬ੍ਰਿਹਦਾਰਣਯਕ, ਕੌਸ਼ੀਤਕੀ, ਕੱਠ, ਮੁੰਡਕ ਆਦਿ ਰਿਸ਼ੀਆਂ ਨਾਲ ਮਿਲਕੇ ਪ੍ਰਾਕਿਰਤਕਵਾਦੀਆਂ, ਸੰਦੇਹਵਾਦੀਆਂ ਦੇ ਸਿਧਾਂਤਾਂ ਦਾ ਮੁਕਾਬਲਾ ਕਰਨ ਲਈ ਨਵੇਂ ਸਿਧਾਂਤ ਬਣਾਉਣ ਦੀਆਂ ਵਿਉਂਤਾਂ ਬਣਾਉਂਦੇ ਰਹਿੰਦੇ ਸਨ। ਇਕ ਰਾਤ ਰਾਜਾ ਪਰਵਹਨ ਨੂੰ ਇਲਹਾਮ ਹੋਇਆ ਤੇ ਉਹਨੇ ਦੂਸਰੇ ਦਿਨ ਰਿਸ਼ੀਆਂ ਦੀ ਸਭਾ ਬੁਲਾ ਕੇ ਹਸਦਿਆਂ ਮੁਸਕਰਾਂਦਿਆਂ ਘੋਸ਼ਣਾ ਕੀਤੀ, "... ਮੈਂ ਬ੍ਰਹਮ ਦੀ ਨਵੀਂ ਕਾਢ ਕੱਢੀ ਏ ...।" ਰਿਸ਼ੀਆਂ ਨੇ ਰਾਜੇ ਨੂੰ ਪਹਿਲਾ ਇਹੀ ਸਵਾਲ ਕੀਤਾ, "ਰਾਜਨ! ਸੰਦੇਹਵਾਦੀ ਇਹਨੂੰ ਦਿਖਾਉਣ ਦੀ ਫੇਰ ਉਹੀ ਗੱਲ ਕਰਨਗੇ... ਤੇ ਇਹਨੂੰ ਲੋਕਾਂ ਵਿਚ ਜਾ ਕੇ ਰੱਦ ਕਰ ਦੇਣਗੇ।"



ਪਰ ਰਾਜਾ ਪਰਵਹਨ ਤਾਂ ਕਿਸੇ ਅਲੌਕਿਕ ਮਸਤੀ ਵਿਚ ਝੂਮਦਾ ਬੋਲੀ ਜਾ ਰਿਹਾ ਸੀ, "ਰਿਸ਼ੀਵਰ! ਬ੍ਰਹਮ ਹੀ ਪਰਮ ਸੱਤਾ ਹੈ... ਯਥਾਰਥ ਸੱਤਾ ਹੈ... ਵਿਸ਼ਵ ਤਾਂ ਮਿਥਿਆ ਹੈ... ਮਾਇਆ ਹੈ... ਫਿਰ ਸੰਦੇਹਵਾਦੀ ਉਹਨੂੰ ਦਿਖਾਉਣ ਦੀ ਕੀ ਮੰਗ ਕਰਨਗੇ?"

ਰਿਸ਼ੀ ਰਾਜੇ ਦੀਆਂ ਗੱਲਾਂ ਸੁਣਕੇ, ਅਚੰਭਿਤ ਹੁੰਦਿਆਂ ਪੁੱਛਣ ਲੱਗੇ, "ਰਾਜਨ!! ਤੁਹਾਡੀਆਂ ਗੱਲਾਂ ਦੀ ਸਾਨੂੰ ਤਾਂ ਸਮਝ ਨਹੀਂ ਆ ਰਹੀ।" ਰਾਜਾ ਪਰਵਹਨ ਫੇਰ ਮਸਤੀ ਵਿਚ ਝੂਮਦਿਆਂ ਬੋਲੇ, "ਰਿਸ਼ੀਵਰ! ਤੁਹਾਨੂੰ ਕੀ... ਕਿਸੇ ਨੂੰ ਵੀ ਸਮਝ ਨਹੀਂ ਆਵੇਗਾ। ਬ੍ਰਹਮ ਤੇ ਜੀਵ-ਆਤਮਾ ਇਕ ਹਨ... ਜੀਵ ਆਤਮਾ ਬ੍ਰਹਮ ਦੀ ਅੰਸ਼ ਮਾਤਰ ਹੈ। ਉਸ ਤੋਂ ਅਲੱਗ ਨਹੀਂ।"

ਰਾਜਾ ਪਰਵਹਨ ਨੇ ਜ਼ੋਰ ਦਿੰਦਿਆਂ ਕਿਹਾ, "ਰਿਸ਼ੀਵਰ! ਇਹ ਰਹੱਸ ਹੈ... ਜਿਹੜਾ ਪੰਜ ਗਿਆਨ ਇੰਦਰੀਆਂ ਦੁਆਰਾ ਦੇਖਿਆ ਤੇ ਜਾਣਿਆ ਨਹੀਂ ਜਾ ਸਕਦਾ।... ਇਹਨੂੰ ਦੇਖਣ ਲਈ ਛੇਵੀਂ ਗਿਆਨ ਇੰਦਰੀ ਵਿਕਸਿਤ ਕਰਨੀ ਪਵੇਗੀ। ਉਹ ਸੰਸਾਰਕ ਸੁਖਾਂ ਦਾ ਤਿਆਗ ਕਰਕੇ ... ਜਪ, ਤਪ ਕਰਕੇ ਬ੍ਰਹਮਚਾਰੀ ਜੀਵਨ ਬਿਤਾਂਦਿਆਂ ਜਾਂ ਸੰਨਿਆਸ ਧਾਰਨ ਕਰਕੇ... ਕੋਈ ਵਿਰਲਾ ਟਾਂਵਾਂ ਹੀ ਵਿਕਸਿਤ ਕਰ ਸਕੇਗਾ। ਪਰ ਜਿਹੜਾ ਇਸ ਭੇਦ ਨੂੰ ਪਾ ਗਿਆ... ਬ੍ਰਹਮ ਨੂੰ ਜਾਣ ਗਿਆ... ਉਹ ਪੂਜਣ ਯੋਗ ਹੋਵੇਗਾ।"

ਰਿਸ਼ੀਆਂ ਨੂੰ ਰਾਜੇ ਦੀ ਕੋਈ ਗੱਲ ਸਮਝ ਤਾਂ ਨਹੀਂ ਸੀ ਆਉਂਦੀ। ਪਰ ਯਾਗਵਲਕਯ, ਬ੍ਰਿਹਦਾਰਣਯਕ, ਐਤਰੇਅ, ਤੈਤਰੇਅ ਆਦਿ ਰਿਸ਼ੀ ਸੁੰਨ ਸਮਾਧੀ ਲਾ ਕੇ, ਇਕ ਟੰਗ ਭਾਰ ਖੜੇ ਹੋ ਕੇ ਇਕਾਗਰ ਚਿੱਤ ਹੋ ਕੇ, ਬ੍ਰਹਮ ਬਾਰੇ ਆਪਣੀ ਆਪਣੀ ਬੁੱਧੀ ਦੇ ਘੋੜੇ ਦੁੜਾਉਣ ਲੱਗੇ। ਉਹ ਬ੍ਰਾਹਮਣ ਰਿਸ਼ੀ ਹੁੰਦਿਆਂ, ਕਸ਼ੱਤਰੀ ਰਾਜੇ ਤੋਂ ਪਿਛੇ ਨਹੀਂ ਸੀ ਰਹਿਣਾ ਚਾਹੁੰਦੇ। ਲੰਮੇ ਸਮੇਂ ਲਈ ਜਪ, ਤਪ, ਤਿਆਗ ਕਰਕੇ ਬ੍ਰਹਮ ਗਿਆਨ ਪ੍ਰਾਪਤ ਕਰਨ ਦੀ ਘੋਸ਼ਣਾ ਕਰਦਿਆਂ ਕੋਈ ਰਿਸ਼ੀ

"ਅਹਿ ਬ੍ਰਹਮਅਸਿਮ ਆਤਮਨ... ਮੈਂ ਹੀ ਬ੍ਰਹਮ ਹਾਂ।" ਦੂਸਰੇ ਨੂੰ ਇਲਹਾਮ ਹੁੰਦਾ, "ਤੱਤ ਤਵਮਸਿ... ਉਹ ਬ੍ਰਹਮ ਤੂੰ ਹੈ।" ਕਿਸੇ ਤੀਸਰੇ ਦਾ ਅੰਤਰਮਨ ਜਾਗਦਾ,

"ਸਰਵ ਖਲ ਇਦਮ... ਬ੍ਰਹਮ, ਬ੍ਰਹਮ ਦੇ ਸਮਾਨ ਹੈ।"

ਦਰਸ਼ਨ ਵੇਤਾ ਕਸ਼ੱਤਰੀ ਰਾਜਾ ਪਰਵਹਨ, ਰਿਸ਼ੀਆਂ ਤੇ ਬ੍ਰਾਹਮਣਾਂ ਨੂੰ ਦੱਸਦਾ, "ਬ੍ਰਹਮ ਦੇ ਭੇਦਾਂ ਨੂੰ ਜਿੰਨਾ ਵੀ ਕੋਈ ਵਿਦਵਾਨ ਖੋਲ੍ਹਦਾ ਚਲਿਆ ਜਾਵੇਗਾ... ਉਨਾ ਹੀ ਇਨ੍ਹਾਂ ਨੂੰ ਉਲਝਾਉਂਦਾ ਚਲਿਆ ਜਾਵੇਗਾ... ਤੇ ਆਪ ਵੀ ਇਨ੍ਹਾਂ ਵਿਚ ਉਲਝਦਾ ਚਲਿਆ ਜਾਵੇਗਾ। ਅੱਗੇ ਤੋਂ ਅੱਗੇ ਪੀੜ੍ਹੀ ਦਰ ਪੀੜ੍ਹੀ ਇਹ ਗੁੰਝਲ ਸੁਲਝਣ ਦੀ ਥਾਂ ਉਲਝਦੀ ਚਲੀ ਜਾਵੇਗੀ। ਉਲਝਦੀ ਹੀ ਚਲੀ ਜਾਵੇਗੀ।"

ਵਾਦ-ਵਿਵਾਦ ਦੇ ਚੱਲਦਿਆਂ। ਗੱਲਾਂ ਗੱਲਾਂ ਵਿਚ ਇਕ ਦਿਨ ਯਾਗਵਲਕਯ ਰਿਸ਼ੀ ਦੇ ਚੇਲੇ ਨੇ 'ਪੁਨਰਜਨਮ' ਦੀ ਕਾਢ ਕੱਢ ਮਾਰੀ। ਸ਼ਾਸਤਰਾਰਥ ਵਿਚ ਭਾਗ ਲੈ ਰਹੇ ਰਿਸ਼ੀ ਬ੍ਰਾਹਮਣ ਅਸ਼-ਅਸ਼ ਕਰ ਉੱਠੇ। ਮਰਨ ਤੋਂ ਬਾਅਦ ਵੀ ਦੂਸਰਾਂ ਜਨਮ ਲੈ ਕੇ ਸੰਸਾਰ ਵਿਚ ਆਉਣ ਦੀ ਕਲਪਨਾ ਨਾਲ ਉਹ ਗਦ ਗਦ ਹੋ ਉੱਠੇ।

ਰਿਸ਼ੀਆਂ, ਬ੍ਰਾਹਮਣਾਂ ਦੇ ਕਈ, ਕਈ ਦਿਨਾਂ ਤੱਕ ਚਲਦੇ ਰਹਿੰਦੇ ਸ਼ਾਸਤਰਥ, ਵਾਦ-ਵਿਵਾਦ ਵਿਚੋਂ ਫੇਰ ਤਾਂ ਪੁਨਰ ਜਨਮ ਦੇ ਨਾਲ ਨਾਲ ਪਿਛਲਾ ਜਨਮ, ਪੁੰਨ ਕਰਮ, ਪਾਪ ਕਰਮ, ਨਰਕ, ਸਵਰਗ, ਆਵਾਗਮਨ, ਮੋਕਸ਼ ਆਦਿ ਅਨੇਕਾਂ ਧਾਰਨਾਵਾਂ ਨਿਕਲਦੀਆਂ ਚਲੀਆਂ ਗਈਆਂ। ਗਿਆਨ ਦੇ ਸਰੋਤਾਂ ਦੀ ਆਪਣੀ ਵੱਖਰੀ-ਵੱਖਰੀ ਵਿਆਖਿਆ ਕਰਦਿਆਂ ਬ੍ਰਿਹਦਰਾਣਯਕ, ਯਾਗਵਲਕਯ, ਛਾਂਦੋਗਯ, ਤੈਤਰੇਯ, ਕੌਸ਼ੀਤਕੀ, ਏਤਰਿਆ, ਕਠ, ਮੁੰਡਕ ਆਦਿ ਰਿਸ਼ੀ ਧੜਾ-ਧੜ ਉਪਨਿਸ਼ਦਾਂ ਦੀ ਰਚਨਾ ਕਰਨ ਲੱਗ ਪਏ।

ਯਾਗਵਲਕਯ, ਛਾਂਦੋਗਯ ਆਦਿ ਰਿਸ਼ੀ ਧਰਮ ਸੰਸਦਾਂ ਵਿਚ ਵੜਾਂ ਮਾਰਦੇ ਕਿ ਵੈਦਿਕ ਕਾਲ ਦੇ ਰਿਸ਼ੀ ਭਾਰਦਵਾਜ, ਵਿਸ਼ਿਸ਼ਠ, ਵਿਸ਼ਵਾਮਿੱਤਰ, ਅਗਸਤਯ ਆਦਿ ਦੁਆਰਾ ਵਰੁਣ ਇੰਦਰ, ਅਗਨ ਆਦਿ ਦੇਵਤਿਆਂ ਦੇ ਕੀਤੇ ਜਾਂਦੇ ਯੱਗਾਂ ਦਾ ਪ੍ਰਯੋਜਨ ਸਮਾਪਤ ਹੋਣ ਕਰਕੇ ਉਹਨਾਂ ਦਾ ਸਿਧਾਂਤ ਪੰਜ, ਸੌ ਸੋ ਸਾਲ ਵੀ ਨਹੀਂ ਚੱਲ ਸਕਿਆ। ਪਰ ਉਨ੍ਹਾਂ ਉੱਤਰ ਵੈਦਿਕ ਕਾਲ ਦੇ ਰਿਸ਼ੀਆਂ ਦੁਆਰਾ ਬ੍ਰਹਮ ਤੇ ਪੁਨਰਜਨਮ ਦੀ ਕੱਢੀ ਕਾਢ ਹਜ਼ਾਰਾਂ ਸਾਲਾਂ ਤੱਕ ਚਲਦੀ ਰਹੇਗੀ... ਸਗੋਂ ਲੋਕ ਮਨਾਂ ਵਿਚ ਪੀੜ੍ਹੀ ਦਰ ਪੀੜ੍ਹੀ ਗੂੜ੍ਹੀ ਹੁੰਦੀ ਚਲੀ ਜਾਵੇਗੀ।

ਪੰਚਾਲ ਦਾ ਰਾਜਾ ਪਰਵਹਨ ਵਿਦੇਹ ਦਾ ਰਾਜਾ ਜਨਕ ਤੇ ਹੋਰ ਕਸ਼ੱਤਰੀ ਰਾਜੇ ਆਪਣੇ ਦਰਬਾਰ ਵਿਚ ਦਰਸ਼ਨ ਸੰਬੰਧੀ ਬੌਧਿਕ ਗਿਆਨ ਦੀਆਂ ਪਰਿਸ਼ਦਾਂ ਬੁਲਾਉਂਦੇ ਹੁੰਦੇ ਸਨ। ਕਿੰਨੇ ਕਿੰਨੇ ਰਿਸ਼ੀ ਬ੍ਰਾਹਮਣ ਵਾਦ-ਵਿਵਾਦ ਵਿਚ ਭਾਗ ਲੈਂਦੇ ਸਨ। ਵਾਦ-ਵਿਵਾਦ ਵਿਚ ਜਿੱਤ ਪ੍ਰਾਪਤ ਕਰਨ ਵਾਲੇ ਬ੍ਰਾਹਮਣ ਨੂੰ ਰਹਿਣ ਲਈ ਮਹਿਲ ਵਰਗਾ ਘਰ, ਸਵਾਰੀ ਲਈ ਘੋੜਿਆਂ ਵਾਲਾ ਰਥ, ਧਨ, ਗਾਈਆਂ, ਘੋੜੇ ਸੇਵਾ ਕਰਨ ਲਈ ਦਾਸ ਤੇ ਭੋਗਣ ਲਈ ਰਾਜ ਮਹਿਲਾਂ ਵਿਚ ਪਲੀਆਂ ਸੁੰਦਰ ਦਾਸੀਆਂ ਪੁਰਸਕਾਰ ਵਿਚ ਦਿੱਤੀਆਂ ਜਾਂਦੀਆਂ ਸਨ।

ਰਾਜਾ ਪਰਵਹਨ ਨੂੰ ਇਹ ਸੁਣਦਿਆਂ ਚੱਕਰ ਆ ਗਿਆ ਸੀ ਕਿ ਯਾਗਵਲਕਯ ਗਾਰਗੀ ਤੋਂ ਵਾਦ-ਵਿਵਾਦ ਵਿਚ ਹਾਰਨ 'ਤੇ ਉਹਦਾ ਸਿਰ ਕੱਟਣ ਤੱਕ ਚਲਿਆ ਗਿਆ ਸੀ। ਰਾਜਾ ਪਰਵਹਨ ਬ੍ਰਹਮਵਾਦੀਆਂ ਦੇ ਨਾਲ ਨਾਲ ਬ੍ਰਹਮਵਾਦੀਆਂ ਦਾ ਬਹੁਤ ਉਪਾਸ਼ਕ ਸੀ।... ਰਿਗ ਵੇਦ ਵਿਚ ਅਪਾਲਾ, ਵਿਸ਼ਵਾਰਾ, ਘੋਸ਼ਾ ਆਦਿ ਇਸਤਰੀ ਰਿਸ਼ੀਆਂ ਦੇ ਰਚੇ ਹੋਏ ਸੂਕਤ ਦਰਜ ਹਨ। ਦਾਰਸ਼ਨਿਕ ਰਾਜਾ ਪਰਵਹਨ ਮਾਣ ਮਹਿਸੂਸ ਕਰਦਾ ਸੀ ਕਿ ਉੱਤਰ ਵੈਦਿਕ ਕਾਲ ਵਿਚ ਵੀ ਗਾਰਗੀ, ਵਾਚਕੰਨਵੀ, ਮੈਤ੍ਰੇਈ ਆਦਿ ਦੇ ਦ੍ਰਿਸ਼ਟਾਂਤਾਂ ਤੋਂ ਪ੍ਰਮਾਣਿਤ ਹੁੰਦਾ ਸੀ ਕਿ ਨਾਰੀਆਂ ਨੂੰ ਸਿੱਖਿਆ ਦਿੱਤੀ ਜਾਂਦੀ ਸੀ। ਉਨ੍ਹਾਂ ਨੇ ਅਤਿਅੰਤ ਗੌਰਵ ਪ੍ਰਾਪਤ ਕੀਤਾ ਸੀ।

ਵਿਦੇਹ ਦੇ ਰਾਜਾ ਜਨਕ ਦੇ ਦਰਬਾਰ ਵਿਚ ਬਹੁਤ ਸਾਰੇ ਬ੍ਰਾਹਮਣ ਸ਼ਾਸਤਰਾਰਥ ਵਿਚ ਹਾਰਦੇ ਚੁਪ ਕਰ ਗਏ ਸਨ ਪਰ ਬ੍ਰਹਮਵਾਦੀ ਯਾਗਵਲਕਯ ਤੇ ਬ੍ਰਹਮਵਾਦਣੀ ਗਾਰਗੀ ਵਿਚਕਾਰ ਵਾਦ-ਵਿਵਾਦ ਜਾਰੀ ਸੀ। ਵਾਦ-ਵਿਵਾਦ ਦਾ ਵਿਸ਼ਾ ਸੀ ਕਿ ਕੀ ਯੱਗਾਂ, ਅਨੁਸ਼ਠਾਨਾਂ ਦਾ ਕਰਨਾ ਜ਼ਰੂਰੀ ਹੈ?

ਗਾਰਗੀ ਨੇ ਉਪਨਿਸ਼ਦਾਂ ਦਾ ਪੱਖ ਲਿਆ ਸੀ। ਉਪਨਿਸ਼ਦ ਵੇਦ ਵਿਰੋਧੀ ਸਨ। ਗਾਰਗੀ ਦਾ ਕਹਿਣਾ ਸੀ ਕਿ ਯੱਗ, ਅਨੁਸ਼ਠਾਨ, ਪਸ਼ੂਆਂ ਦੀ ਬਲੀ ਦੇਣਾ ਆਦਿ ਕਰਮ-ਕਾਂਡ ਬੇਕਾਰ ਹਨ।



ਯਾਗਵਲਕਯ ਦਾ ਤਰਕ ਸੀ ਕਿ ਉਪਨਿਸ਼ਦ ਏਨਾ ਹੀ ਸਿਖਾਉਂਦੇ ਹਨ ਕਿ ਆਤਮਾ ਸਰੀਰ ਤੋਂ ਅਲੱਗ ਹੈ ਤੇ ਸਰੀਰ ਦੇ ਨਾ ਰਹਿਣ ਤੇ ਵੀ ਆਤਮਾ ਰਹਿੰਦੀ ਹੈ। ਆਤਮਾ ਅਮਰ ਹੈ। ਪਰ ਏਨਾ ਗਿਆਨ ਹੀ ਕਾਫੀ ਨਹੀਂ। ਆਤਮਾ ਵਿਚ ਸਵਰਗ ਗਮਨ ਦੀ ਇੱਛਾ ਹੋਣੀ ਚਾਹੀਦੀ ਹੈ। ਪਰ ਜਦ ਤੱਕ ਉਹ ਯੱਗ ਨਾ ਕਰੇ, ਉਸਦਾ ਸਵਰਗ ਗਮਨ ਸੰਭਵ ਹੀ ਨਹੀਂ। ਕਰਮ ਕਾਂਡ ਯੱਗ ਕਰਨਾ ਸਿਖਾਉਂਦਾ ਹੈ। ਇਸ ਲਈ ਕਰਮ ਕਾਂਡ ਹੀ ਇਕ ਮਾਤਰ ਮੁਕਤੀ ਦਾ ਮਾਰਗ ਹੈ। ਇਸ ਦ੍ਰਿਸ਼ਟੀ ਨਾਲ ਇਕੱਲਾ ਗਿਆਨ-ਕਾਂਡ ਬੇਕਾਰ ਹੈ।

ਗਾਰਗੀ ਦੇ ਮੂੰਹੋਂ ਨਿਕਲਣ ਹੀ ਲਗਿਆ ਸੀ ਕਿ ਕਰਮ ਕਾਂਡ... ਯਾਗਵਲਕਯ ਨੇ ਗੁੱਸੇ ਵਿਚ ਚੀਕਦਿਆਂ ਉਹਨੂੰ ਚੁੱਪ ਕਰਵਾ ਦਿੱਤਾ ਸੀ, "ਗਾਰਗੀ ! ਜੇ ਤੂੰ ਇਕ ਸ਼ਬਦ ਵੀ ਬੋਲੀ... ਤੇਰਾ ਸਿਰ ਕੱਟ ਦਿੱਤਾ ਜਾਵੇਗਾ।...." ਗਾਰਗੀ ਭੈਭੀਤ ਹੁੰਦਿਆਂ ਚੁੱਪ ਕਰ ਗਈ ਸੀ। ਰਿਸ਼ੀ ਨੇ ਕਹਿਣਾ ਜਾਰੀ ਰੱਖਿਆ,

"ਕੀ ਤੂੰ ਮੇਰੀ ਲਿਖੀ ਹੋਈ ਸਿਮਰਤੀ ਨਹੀਂ ਪੜ੍ਹੀ ? ਜੇ ਤੂੰ ਵਾਦ-ਵਿਵਾਦ ਵਿਚ ਜਿੱਤ ਵੀ ਗਈ... ਤਾਂ ਵੀ ਪੁਰਸਕ੍ਰਿਤ ਸੰਪਤੀ ਤੇਰੀ ਨਹੀਂ ਹੋਵੇਗੀ। ਕਿਉਂਕਿ ਸ਼ਾਸਤਰਾਂ ਅਨੁਸਾਰ, ਨਾਰੀ ਦੀ ਕੋਈ ਸੰਪਤੀ ਨਹੀਂ ਹੋ ਸਕਦੀ। ਜੇ ਕਿਤੇ ਨਾਰੀ ਦੀ ਅਰਜਿੱਤ ਸੰਪਤੀ ਸੰਭਵ ਹੋ ਜਾਵੇ ਤਾਂ ਉਹ ਉਹਦੇ ਪਿਤਾ ਜਾਂ ਪਤੀ ਦੀ ਬਣ ਜਾਵੇਗੀ। ਉਸ ਤੋਂ ਥੋੜੇ ਸਮੇਂ ਬਾਅਦ ਹੀ ਸਮਾਜ ਵਿਚ ਕੰਨਿਆ ਦਾ ਜਨਮ 'ਦੁੱਖ ਦਾ ਕਾਰਨ' ਸਮਝਿਆ ਜਾਣ ਲੱਗ ਪਿਆ ਸੀ।

ਦੂਸਰੇ ਪਾਸੇ, ਜੇ ਬ੍ਰਾਹਮਣਾਂ ਨੂੰ ਦਾਨ ਵਿਚ ਦਿੱਤੇ ਦਾਸ, ਦਾਸੀਆਂ ਦੀ ਗਿਣਤੀ ਉਹਨਾਂ ਦੀਆਂ ਜ਼ਰੂਰਤਾਂ ਤੋਂ ਵੱਧ ਜਾਂਦੀ ਤਾਂ ਉਹ ਵਾਧੂ ਦਾਸਾਂ ਨੂੰ ਵੇਚਣ-ਖਰੀਦਣ ਲਈ ਲਗਦੀਆਂ ਮੰਡੀਆਂ 'ਤੇ ਲਿਜਾ ਕੇ ਵੇਚ ਦਿੰਦੇ ਸਨ। ਜੋ ਵੇਚੇ ਗਏ ਦਾਸ, ਦਾਸੀ, ਪਤੀ, ਪਤਨੀ, ਬੱਚੇ ਵਿਛੜਕੇ ਰੋਂਦੇ ਕੁਰਲਾਉਂਦੇ ਸਨ... ਤੇ ਇਕ ਹੀ ਮਾਲਕ ਕੋਲ ਵੇਚਣ ਲਈ ਤਰਲੇ, ਮਿੰਨਤਾਂ ਕਰਦੇ ਸਨ ਤਾਂ ਉਹਨਾਂ ਨੂੰ ਖਰੀਦ ਕੇ, ਵਿਛੋੜ ਕੇ ਲਿਜਾ ਰਹੇ ਉਹਨਾਂ ਦੇ ਨਵੇਂ ਮਾਲਕ ਉਹਨਾਂ ਨੂੰ ਛਾਂਟੇ, ਡੰਡੇ ਮਾਰਦਿਆਂ ਲਹੂ ਲੁਹਾਣ ਕਰਦਿਆਂ... ਖਿੱਚਕੇ ਆਪਣੇ ਘਰ ਜਾਂ ਖੇਤ ਵਿਚ ਕੰਮ ਕਰਨ ਲਈ ਲੈ ਜਾਂਦੇ ਸਨ।

ਅਰਵਿੰਦਰ ਆਰੀਆ ਸਰ ਨੇ ਗੁਲਾਮਾਂ ਦੀ ਅੱਤ ਦੁਖਦਾਈ ਅਵਸਥਾ ਬਾਰੇ ਸੁਣ ਕੇ... ਡੈ-ਭੀਤ ਹੋਏ ਬੈਠੇ ਵਿਦਿਆਰਥੀਆਂ ਨੂੰ ਦੱਸਿਆ ਸੀ ਕਿ ਜਦ ਅਸੁਰਾਂ ਤੋਂ ਬਣੇ ਸ਼ਿਆਮ ਵਰਣ ਦੇ ਸੂਦਰਾਂ, ਸ਼ਿਲਪੀਆਂ ਦੀ ਸਮਾਜਿਕ ਤੇ ਆਰਥਿਕ ਅਵਸਥਾ ਏਨੀ ਦੁਖਦਾਈ ਸੀ... ਫਿਰ ਉਨ੍ਹਾਂ ਦਾ ਧਰਮ ਵਿਚ ਵੀ ਕੀ ਉੱਚਾ ਸਥਾਨ ਹੋ ਸਕਦਾ ਸੀ ?

ਗਿਆਨ ਦੇ ਸ੍ਰੋਤ ਉਪਨਿਸ਼ਦਾਂ ਅਨੁਸਾਰ ਜੀਵਨ ਦਾ ਅੰਤਮ ਲਕਸ਼ ਜੀਵਨ, ਮਰਨ ਦੇ ਆਵਾਗਮਨ ਦੇ ਚੱਕਰ ਤੋਂ ਮੁਕਤੀ ਪ੍ਰਾਪਤ ਕਰਨਾ ਸੀ। ਇਸਦੇ ਲਈ ਉਪਨਿਸ਼ਦ ਇਕੋ ਇਕ ਨਿਸ਼ਚਿਤ ਰਾਹ ਗਿਆਨ ਦਾ ਮਾਰਗ ਦੱਸਦੇ ਹਨ। ਜਿਸਦਾ ਅਰਥ ਇਹ ਹੈ ਕਿ ਵੇਦਾਂ ਤੇ ਭਗਤੀ ਦੀ ਸਰਵ-ਉਚਤਾ ਨੂੰ ਸਵੀਕਾਰ ਕੀਤਾ ਜਾਵੇ। ਗਿਆਨ ਪ੍ਰਾਪਤ ਕਰਨ ਦੇ ਨਾਲ ਇਕ ਸੰਨਿਆਸੀ ਵਾਲੇ ਜੀਵਨ ਨੂੰ ਪਹਿਲ ਦਿੱਤੀ ਜਾਵੇ।

ਪਰੰਤੂ ਸੰਨਿਆਸ ਧਾਰਨ ਕਰਨ ਦਾ ਅਧਿਕਾਰ ਕੇਵਲ ਬ੍ਰਾਹਮਣਾਂ ਤੇ ਕਸ਼ੱਤਰੀਆਂ ਨੂੰ ਹੀ ਸੀ। ਇਸ ਲਈ ਉਪਨਿਸ਼ਦਾਂ ਵਿਚ ਵੈਸ਼ ਤੇ ਸ਼ੂਦਰ ਲਈ ਮੁਕਤੀ ਦਾ ਕੋਈ ਉਪਬੰਧ ਨਹੀਂ ਸੀ। ਉਹਨਾਂ ਦਾ ਧਰਮ ਤਾਂ ਇਸ ਆਸ ਨਾਲ ਉਪਰਲੇ ਵਰਣਾਂ ਦੀ ਨਿਸ਼ਕਾਮ ਸੇਵਾ ਕਰਦੇ ਰਹਿਣਾ ਸੀ... ਕਿ ਅਗਲੇ ਜਨਮ ਵਿਚ ਉਹਨਾਂ ਨੂੰ ਹੁਣ ਦੇ ਸ਼ੂਦਰ ਵਰਣ ਤੋਂ ਮੁਕਤੀ ਮਿਲੇਗੀ... ਤੇ ਉਹ ਬ੍ਰਾਹਮਣ ਜਾਂ ਕਸ਼ੱਤਰੀ ਵਰਣ ਵਿਚ ਪੈਦਾ ਹੋਣਗੇ।

"ਪਰ ਇਨ੍ਹਾਂ ਅਧਿਆਤਮਕ ਖੋਜਾਂ ਦਾ ਆਮ ਆਦਮੀ ਦੇ ਜੀਵਨ 'ਤੇ ਕੀ ਅਸਰ ਹੋਇਆ ?" ਇੰਦਰ ਸਿੰਘ ਨੇ ਮੈਨੂੰ ਘੇਰਨ ਲਈ ਫੇਰ ਪੁੱਛਿਆ। ਇਹ ਪੜ੍ਹਾਉਂਦਿਆਂ ਅਰਵਿੰਦਰ ਆਰੀਆ ਸਰ ਨੇ ਦੱਸਿਆ ਸੀ ਕਿ ਰਾਜਾ ਪਰਵਹਨ ਭੇਸ ਬਦਲ ਕੇ ਨਾਲ ਮਹਾਂ ਮੰਤਰੀ ਨੂੰ ਲੈ ਕੇ ਪਰਜਾ ਵਿਚ ਘੁੰਮ ਕੇ ਦੇਖਦਾ ਰਹਿੰਦਾ ਸੀ ਕਿ ਲੋਕ ਕੀ ਗੱਲਾਂ ਕਰ ਰਹੇ ਸਨ। ਉਹ ਜਿਧਰ ਵੀ ਦੇਖਦੇ ਗਲੀਆ, ਬਾਜ਼ਾਰਾਂ ਦੇ ਚੌਕਾਂ ਵਿਚ, ਵੱਡੇ ਘਰਾਂ ਦੇ ਵਿਹੜਿਆ ਵਿਚ... ਬ੍ਰਾਹਮਣ ਕੱਠੇ ਹੋਏ ਲੋਕਾਂ ਨੂੰ ਧਰਮ ਉਪਦੇਸ਼ ਦੇ ਰਹੇ ਹੁੰਦੇ ਤੇ ਲੋਕੀਂ ਮੰਤਰ-ਮੁਗਧ ਹੋਏ ਉਨ੍ਹਾਂ ਦੀਆ ਗੱਲਾ ਨੂੰ ਸੁਣ ਰਹੇ ਹੁੰਦੇ।

ਬ੍ਰਾਹਮਣ ਦੱਸਦੇ ਕਿ ਪ੍ਰਾਣੀ ਜਿਸ ਵਿਚ ਪ੍ਰਾਣ ਹੈ, ਇਸ ਸੰਸਾਰ ਵਿਚ ਪੂਰਵਲੇ ਕਰਮਾਂ ਦਾ ਫ਼ਲ ਭੋਗਣ ਲਈ ਜਨਮ ਲੈਂਦਾ ਹੈ... ਜਿਨ੍ਹਾਂ ਪ੍ਰਾਣੀਆ ਨੇ ਸੱਤਾ ਸੰਪੰਨ, ਧਨਵਾਨ ਤੇ ਉੱਚੀਆ ਜਾਤੀਆਂ ਵਿਚ ਜਨਮ ਲਿਆ ਹੈ... ਉਨ੍ਹਾਂ ਨੇ ਪਿਛਲੇ ਜਨਮਾਂ ਵਿਚ ਜਪ, ਤਪ, ਤੇ ਪੁੰਨ ਦੇ ਕਰਮ ਕੀਤੇ ਹਨ, ਹੱਥੋਂ ਦਾਨ ਕੀਤਾ ਹੈ। ਤੇ ਜਿਨ੍ਹਾਂ ਪ੍ਰਾਣੀਆਂ ਨੇ ਧਨ ਹੀਨ, ਨਿਰਧਨ ਤੇ ਨੀਵੀਆਂ ਜਾਤੀਆਂ ਵਿਚ ਜਨਮ ਲਿਆ ਹੈ... ਉਨ੍ਹਾਂ ਨੇ ਪਿਛਲੇ ਜਨਮ ਵਿਚ ਪਾਪ ਕਰਮ ਕੀਤੇ ਹਨ। ਤੇ ਜੇ ਉਹ ਇਸ ਜਨਮ ਵਿਚ ਪੁੰਨ ਦੇ ਕਰਮ ਕਰਨਗੇ... ਤਾਂ ਉਨ੍ਹਾਂ ਦਾ ਅਗਲਾ ਜਨਮ ਉਚ ਵਰਣ ਵਿਚ ਹੋਵੇਗਾ। ਤੇ ਉਹ ਜਪ, ਤਪ, ਤਿਆਗ, ਭਗਤੀ, ਦਾਨ-ਪੁੰਨ ਕਰਕੇ ਆਵਾਗਮਨ ਦੇ ਚੱਕਰ ਤੋਂ ਛੁਟਕਾਰਾ ਪਾ ਸਕਦੇ ਹਨ। ਨਹੀਂ ਤਾਂ ਉਨ੍ਹਾਂ ਦੀ ਜੀਵ ਆਤਮਾ ਆਵਾ ਗਮਨ, ਜਨਮ ਮਰਨ ਦੇ ਚੱਕਰ ਵਿਚ ਫਸ ਕੇ ਦੁਖ ਭੋਗਦੀ ਰਹੇਗੀ। ਨਰਕ ਕੁੰਡ ਵਿਚ ਸੁੱਟੀ ਜਾਵੇਗੀ... ਜਿਥੇ ਜਮ ਉਸਨੂੰ ਤਰ੍ਹਾਂ-ਤਰ੍ਹਾਂ ਦੇ ਤਸੀਹੇ ਦੇਣਗੇ।

ਰਾਜਾ ਲੋਕਾਂ ਵਿਚ ਚਲਦੀਆਂ ਗੱਲਾਂ ਸੁਣ ਕੇ ਹੈਰਾਨ ਹੁੰਦਾ... ਕਿ ਉਹ ਨਰਕ ਦੇ ਡਰ, ਭੈ ਕਰਨ... ਇਸ ਜੀਵਨ ਦੀਆ ਖੁਸ਼ੀਆਂ, ਉਮੰਗਾਂ, ਰਾਜਾ ਸ਼ਾਹੀ ਦਾ ਵਿਰੋਧ ਸਭ-ਕੁਝ ਭੁੱਲ ਗਏ ਸਨ।... ਉਨ੍ਹਾਂ ਦੇ ਮਨਾਂ 'ਤੇ ਅਗਲੇ ਜਨਮ ਨੂੰ ਸੁਧਾਰਨ, ਜੀਵਨ-ਮਰਨ ਦੇ ਆਵਾਗਮਨ ਦੇ ਚੱਕਰ ਵਿਚੋਂ ਨਿਕਲਕੇ ਮੋਕਸ਼ ਪ੍ਰਾਪਤ ਕਰਨ ਦਾ ਭੂਤ ਸਵਾਰ ਹੋ ਗਿਆ ਸੀ।

ਚਲਦੇ, ਚਲਦੇ ਇਕ ਧਰਮਸ਼ਾਲਾ ਅੱਗੇ ਰਾਜਾ ਪਰਵਹਨ ਨੇ ਮੰਤਰੀ ਨੂੰ ਰੋਕ ਲਿਆ ਸੀ। ਮੰਡਕ ਰਿਸ਼ੀ ਦਾ ਚੇਲਾ ਇਕੱਤਰ ਹੋਏ ਲੋਕਾਂ ਨੂੰ 'ਬਾਈਸ ਅਵਤਾਰਾਂ' ਦੀ ਕਥਾ ਸੁਣਾ ਰਿਹਾ ਸੀ। ਗਰੀਬ ਬ੍ਰਾਹਮਣਾਂ ਦੇ ਭੇਸ ਵਿਚ, ਰਾਜਾ ਤੇ ਮੰਤਰੀ, ਕਥਾ ਸੁਣਨ ਲਈ, ਲੋਕਾਂ ਦੇ ਇਕੱਠ ਵਿਚ, ਪਿਛੇ ਜਹੇ, ਹਨੇਰੇ ਵਿਚ ਨੂੰ ਬਹਿ ਗਏ ਸਨ। ਰਿਸ਼ੀ ਦਾ ਚੇਲਾ, ਪੁਰਾਣਾਂ ਵਿਚੋਂ ਬ੍ਰਹਮਾ, ਵਿਸ਼ਨੂੰ ਤੇ ਮਹੇਸ਼ ਤਿੰਨ ਦੇਵਤਿਆ ਬਾਰੇ ਦੱਸ ਰਿਹਾ ਸੀ। ਬ੍ਰਹਮਾ ਉਤਪਤੀ ਦਾ ਦੇਵਤਾ, ਵਿਸ਼ਨੂੰ ਦੁਨੀਆਂ ਦਾ ਪਾਲਨਹਾਰ ਤੇ ਸ਼ਿਵ ਜੀ ਸੰਘਾਰ ਦਾ ਦੇਵਤਾ ਹੈ। ਰਾਜਾ ਪਰਵਹਨ ਸੁਣਦਿਆ



ਅਚੰਭਿਤ ਹੋ ਰਿਹਾ ਸੀ ਕਿ ਵੈਦਿਕ ਕਾਲ ਦੇ ਇੰਦਰ, ਵਰੁਣ, ਅਗਨੀ, ਪ੍ਰਿਥਵੀ, ਸੂਰਜ, ਪਵਨ ਆਦਿ ਪ੍ਰਾਕ੍ਰਿਤਕ ਦੇਵਤਿਆ ਤੋਂ ਅਲੱਗ ਉੱਤਰ ਵੈਦਿਕ ਕਾਲ ਵਿਚ ਇਹ ਨਵੇਂ ਦੇਵਤਿਆ ਦੀ ਸਿਰਜਣਾ ਕਦੋਂ ਹੋ ਗਈ ? ਰਿਸ਼ੀ ਦੱਸ ਰਿਹਾ ਸੀ ਕਿ ਜਦ ਪ੍ਰਿਥਵੀ 'ਤੇ ਕੋਈ ਰਾਖਸ, ਦਾਨਵ, ਅਕਸ਼ ... ਉਪੱਦਰ ਕਰਦਾ ਹੈ... ਤਾਂ ਵਿਸ਼ਨੂੰ ਭਗਵਾਨ ਅਵਤਾਰ ਧਾਰ ਕੇ ਆਉਂਦਾ ਹੈ ਤੇ ਪਾਪੀਆਂ ਨੂੰ ਮਾਰ ਕੇ ਧਰਤੀ ਦਾ ਭਾਰ ਉਤਾਰਦਾ ਹੈ। ਰਿਸ਼ੀ, ਪੁਰਾਣਾਂ ਦੇ ਹਵਾਲੇ ਦੇ ਕੇ ਦੱਸ ਰਿਹਾ ਸੀ ਕਿ ਵਿਸ਼ਨੂੰ ਭਗਵਾਨ ਨੇ ਹਰੀਵੰਸ਼ ਪੁਰਾਣ ਅਨੁਸਾਰ ਪੰਜ, ਨਾਰਾਇਣ ਆਖਿਆਨ ਤੇ ਵਾਰਾਹ ਪੁਰਾਣ ਅਨੁਸਾਰ ਦਸ, ਵਾਯੂ ਪੁਰਾਣ ਅਨੁਸਾਰ 12 ਤੇ ਭਗਵਤ ਪੁਰਾਣ ਅਨੁਸਾਰ ਬਾਈ ਅਵਤਾਰ ਧਾਰੇ। ਵਿਸ਼ਨੂੰ ਭਗਵਾਨ ਨੇ ਸਤਿਯੁੱਗ ਵਿਚ ਵਾਰਾਹ, ਨਰਸਿੰਘ ਤੇ ਵਾਮਨ, ਤਰੇਤਾ ਯੁੱਗ ਵਿਚ ਰਾਮ ਅਵਤਾਰ ਤੇ ਦਵਾਪਰ ਯੁੱਗ ਵਿਚ ਕ੍ਰਿਸ਼ਨ ਅਵਤਾਰ ਧਾਰਿਆ।

ਆਪਣੇ ਆਪ ਨੂੰ ਗਿਆਨ ਵਾਨ ਸਮਝਣ ਵਾਲਾ ਰਾਜਾ ਪਰਵਹਨ ਵੈਦਿਕ ਕਾਲ, ਉੱਤਰ ਵੈਦਿਕ ਕਾਲ, ਉਪਨਿਸ਼ਦ ਕਾਲ ਆਦਿ ਦੀ ਕਾਲਵੰਡ ਦੀ ਥਾਂ ਸਤਿਯੁੱਗ ਤਰੇਤਾ, ਦਵਾਪੁਰ ਤੇ ਕਲਿਯੁੱਗ ਦੀ ਕੀਤੀ ਗਈ ਕਾਲ-ਵੰਡ ਨੂੰ ਸੁਣਦਿਆ ਸੁੰਨ ਹੋ ਗਿਆ ਸੀ। ਇਹੀ ਨਹੀਂ ਰਿਸ਼ੀ ਤਾਂ ਹਰ ਯੁੱਗ ਦੀ ਉਮਰ, ਆਰਜਾ ਵੀ ਦੱਸ ਰਿਹਾ ਸੀ।

ਵਿਸ਼ਣੂ ਪੁਰਾਣ ਅਨੁਸਾਰ ਸਤਿਯੁੱਗ ਦੀ 4800 ਸਾਲ, ਕਲਿਯੁਗ 1200 ਸਾਲ ਉਮਰ ਹੈ। ਪਰ ਇਸ ਤਰ੍ਹਾਂ ਕਲਿਯੁੱਗ ਛੇਤੀ ਸਮਾਪਤ ਹੋ ਜਾਵੇਗਾ। ਪਰ ਵੈਦਿਕ ਬ੍ਰਾਹਮਣਾਂ ਅਨੁਸਾਰ ਇਕ ਦੈਵੀ ਦਿਨ ਮਾਤ ਲੋਕ ਦੇ ਇਕ ਵਰਸ਼ ਅਰਥਾਤ 360 ਦਿਨਾਂ ਦੇ ਬਰਾਬਰ ਹੈ। ਇਸ ਤਰ੍ਹਾਂ ਨਾਲ ਜਿਹੜਾ ਕਲਿਯੁੱਗ ਪਹਿਲਾਂ 1200 ਵਰਸ਼ ਦਾ ਮੰਨਿਆ ਜਾਂਦਾ ਸੀ... ਉਹ ਅਸਲ ਵਿਚ 1200 ਨੂੰ 360 ਨਾਲ ਗੁਣਾ ਕਰਕੇ ਚਾਰ ਲੱਖ, ਬੱਤੀ ਹਜ਼ਾਰ ਵਰਸ਼ ਦਾ ਹੋ ਗਿਆ। ਇਸ ਤਰ੍ਹਾਂ ਬਾਕੀ ਤਿੰਨ ਯੁੱਗ ਦੀ ਉਮਰ ਵੀ ਕਈ ਕਈ ਲੱਖ ਵਰਸ਼ ਹੋ ਗਈ ਸੀ।

ਕਥਾ ਕਰਦੇ ਰਿਸ਼ੀ ਦਾ ਧਿਆਨ ਉਧਰ ਗਿਆ ਕਥਾ ਸੁਣ ਰਿਹਾ, ਇਕ ਸੁੱਤਾ ਪਿਆ ਗੁੱਹਾ ਉਠਣ ਦਾ ਨਾਂ ਨਹੀਂ ਸੀ ਲੈ ਰਿਹਾ। ਵਿਦਵਾਨ ਬ੍ਰਾਹਮਣ ਨੇ ਵਿਅੰਗ ਕਸਿਆ ਕਿ ਕੀ ਉਹ ਕੁੰਭ ਕਰਨ ਦੀ ਨੀਂਦ ਹੀ ਸੌਂ ਗਿਆ... ਕੁੰਭ ਕਰਨ ਜਿਹੜਾ ਰਾਵਣ ਦਾ ਭਰਾ ਸੀ, ਛੇ ਮਹੀਨੇ ਸੌਂਦਾ ਤੇ ਛੇ ਮਹੀਨੇ ਜਾਗਦਾ ਸੀ।

ਛੇ ਮਹੀਨੇ ਸੌਣ ਦੀ ਗੱਲ ਕਰਦਿਆਂ ਰਿਸ਼ੀ ਦੇ ਯਾਦ ਆ ਗਿਆ ਕਿ ਇਕ ਅਸੁਰ ਦਸ ਗੱਡਿਆ ਤੇ ਲੱਦਿਆ ਹੋਇਆ ਖਾਣਾ ਖਾਂਦਾ ਸੀ। ਉਹ ਆਮ ਮਨੁੱਖ ਨਾਲੋਂ ਕਈ ਗੁਣਾਂ ਵੱਡੇ ਦਿਓ ਸਨ। ਉਨ੍ਹਾਂ ਦੇ ਦਸ ਮੂੰਹ ਹੁੰਦੇ ਸਨ ਤੇ ਉਹ ਆਦਮ ਖੋਰ ਹੁੰਦੇ ਸਨ। ਅਜਿਹੇ ਅਸੁਰਾਂ ਰਾਖਸ਼ਾਂ, ਦਾਨਵਾਂ ਨੂੰ ਮਾਰਨਾ ਆਮ ਆਦਮੀ ਦੇ ਵਸ ਦਾ ਕੰਮ ਨਹੀਂ ਸੀ। ਵਿਸ਼ਨੂੰ ਭਗਵਾਨ ਹੀ ਅਵਤਾਰ ਧਾਰਕੇ ਅਜਿਹੇ ਪਾਪੀਆ ਨੂੰ ਮਾਰਦੇ ਸਨ। ਸਤਿਯੁੱਗ ਵਿਚ ਅਜਿਹੇ ਰਾਖਸ਼ ਹਰਨਕਸ਼ਪ ਨੂੰ ਵਿਸ਼ਨੂੰ ਭਗਵਾਨ ਨੇ ਨਰਸਿੰਘ ਦਾ ਅਵਤਾਰ ਧਾਰ ਕੇ ਮਾਰਿਆ ਅਤੇ ਵਿਸ਼ਨੂੰ ਭਗਵਾਨ ਦਾ ਨਾਮ ਜਪਣ ਵਾਲੇ ਪ੍ਰਹਿਲਾਦ ਭਗਤ ਦੀ ਰਖਸ਼ਾ ਕੀਤੀ। ਤਰੇਤਾ ਯੁੱਗ ਵਿਚ ਰਾਵਣ ਤੇ ਕੁੰਭਕਰਨ ਵਰਗੇ ਰਾਖਸ਼ਾਂ ਨੂੰ ਰਾਮ ਅਵਤਾਰ ਧਾਰ ਕੇ ਮਾਰਿਆ, ਜਿਹੜੇ ਰਿਸ਼ੀਆਂ ਨੂੰ ਯੱਗ ਨਹੀਂ ਸਨ ਕਰ

ਦਿੰਦੇ... ਰਿਸ਼ੀ ਯੱਗਾਂ ਵਿਚ ਪਸ਼ੂਆਂ ਦੀ ਬਲੀ ਦਿੰਦੇ ਸਨ। ਕਿਉਂਕਿ ਰਾਵਣ ਉਪਨਿਸ਼ਦਾਂ ਦਾ ਉਪਾਸ਼ਕ ਸੀ। ਤੇ ਉਪਨਿਸ਼ਦ ਯੱਗ ਵਿਰੋਧੀ ਸਨ।

ਦਰਸ਼ਨਵੇਤਾ ਰਾਜਾ ਪਰਵਹਨ ਮੰਡਕ ਰਿਸ਼ੀ ਦੇ ਚੇਲੇ ਦੀਆਂ ਗੱਲਾਂ ਸੁਣਦਿਆਂ ਅਚੰਭਿਤ ਹੋ ਰਿਹਾ ਸੀ... ਕਿ ਰਿਗ ਵੇਦ ਵਿਚਲੇ ਅਸੁਰ, ਰਕਸ਼ੁ, ਯਕਸ਼ੂ ਤੇ ਦਾਨਵ ਆਰੀਆਂ ਨਾਲੋਂ ਨਾਟੇ ਕੱਦ ਦੇ, ਚਪਟੇ ਨੱਕ ਵਾਲੇ ਤੇ ਸ਼ਿਆਮ ਵਰਣ ਵਾਲੇ ਸਨ। ਫਿਰ ਇਹ ਦਿਓ ਕੱਦ ਵਾਲੇ, ਗੱਡੇ ਰੋਟੀਆਂ ਦੇ ਖਾਣ ਵਾਲੇ ਤੇ ਛੇ ਛੇ ਮਹੀਨੇ ਸੌਣ ਅਤੇ ਜਾਗਣ ਵਾਲੇ... ਵਿਸ਼ਨੂੰ ਦੁਆਰਾ ਵੱਖ ਵੱਖ ਅਵਤਾਰ ਧਾਰ ਕੇ ਮਾਰੇ ਗਏ ਅਸੁਰ ਰਾਖਸ਼ ਤੇ ਦਾਨਵ ਕੌਣ ਸਨ... ਤੇ ਇਤਿਹਾਸ ਦੇ ਕਿਹੜੇ ਕਾਲ ਵਿਚ ਪੈਦਾ ਹੋਏ।

ਪਰ ਬ੍ਰਾਹਮਣਾਂ ਦੀਆਂ ਗੱਲੀਂ ਲੱਗੇ ਲੋਕ... ਅਗਲਾ ਜਨਮ ਸੁਧਾਰਨ ਦੇ ਚੱਕਰ ਵਿਚ ਦਾਨ, ਪੁੰਨ, ਜਪ, ਤਪ, ਯੱਗ ਅਨੁਸ਼ਠਾਨ ਆਦਿ ਕਰਮ ਕਾਂਡ ਕਰਨ ਵਿਚ ਲੱਗੇ ਹੋਏ ਸਨ। ਪਰਵਹਨ ਰਾਜੇ ਨੇ ਮੰਤਰੀ ਨੂੰ ਪੁੱਛਿਆ, "ਮੰਤਰੀ ਜੀ! ਕਰਮ-ਕਾਂਡਾਂ ਤੇ ਭਗਤੀ ਕਰਨ ਵਿਚ ਲੱਗੇ ਹੋਏ ਜਨ-ਸਾਧਾਰਨ ਵਲੋਂ ਰਾਜੇ ਵਿਰੁੱਧ ਵਿਦਰੋਹ ਕਰਨ ਦੀ ਤਾਂ ਕੋਈ ਉਮੀਦ ਨਹੀਂ ? ਕੀ ਮੈਨੂੰ ਨਿਸ਼ਚਿੰਤ ਹੋ ਕੇ ਸੁਖ ਦੀ ਨੀਂਦ ਸੌਣਾ ਚਾਹੀਦਾ ਹੈ ?"

ਮੰਤਰੀ ਨੇ ਹੱਸ ਕੇ ਕਿਹਾ, "ਰਾਜਨ! ਤੈਨੂੰ ਲੋਕਾਂ ਦੇ ਵਿਦਰੋਹ ਦਾ ਤਾਂ ਕੋਈ ਡਰ ਨਹੀਂ... ਪਰ ਤੈਨੂੰ ਬ੍ਰਾਹਮਣਾਂ ਦੇ ਵਿਰੋਧ ਤੋਂ ਜ਼ਰੂਰ ਡਰ ਕੇ ਰਹਿਣਾ ਚਾਹੀਦਾ ਹੈ।"

ਮੰਤਰੀ ਨੇ ਰਾਜੇ ਨੂੰ ਇਕ ਭੇਤ ਦੀ ਗੱਲ ਦੱਸੀ। "ਰਾਜਨ! ਬ੍ਰਾਹਮਣ ਤਾਂ ਤੈਨੂੰ ਵੀ ਨਹੀਂ ਬਖ਼ਸ਼ ਰਹੇ। ਉਹ ਆਖਦੇ ਐ, 'ਤਪੋਂ ਰਾਜ ... ਤੇ ਰਾਜੋਂ ਨਰਕ' ਭਾਵ ਰਾਜਿਆਂ ਨੇ ਪਿਛਲੇ ਜਨਮਾਂ ਵਿਚ ਘੋਰ ਤੱਪ ਕੀਤਾ, ਇਸ ਲਈ ਉਨ੍ਹਾਂ ਨੂੰ ਇਸ ਜਨਮ ਵਿਚ ਰਾਜ ਪ੍ਰਾਪਤ ਹੋਇਆ... ਤੇ ਰਾਜਾ ਬਣ ਕੇ ਉਹ ਉਪੱਦਰ ਕਰਦੇ ਹਨ... ਜਿਸਦੀ ਸਜ਼ਾ ਉਨ੍ਹਾਂ ਨੂੰ ਮੌਤ ਉਪਰੰਤ ਨਰਕ ਵਿਚ ਜਾ ਕੇ ਭੋਗਣੀ ਪਵੇਗੀ।" ਮੰਤਰੀ ਨੇ ਰਾਜੇ ਨੂੰ ਦੱਸਿਆ ਸੀ ਕਿ ਕਿੰਨੇ ਹੀ ਸਾਮੰਤ, ਵਪਾਰੀ ਤੇ ਸ਼ਿਲਪੀ ਬ੍ਰਾਹਮਣਾਂ ਦੇ ਦੱਸਣ 'ਤੇ ਉਨ੍ਹਾਂ ਦੀ ਬੀਮਾਰੀ ਤੇ ਗ੍ਰਹਿ ਕਲੇਸ਼ ਨੂੰ ਪਿਛਲੇ ਮਾੜੇ ਕਰਮਾਂ ਦਾ ਫ਼ਲ ਭੋਗ ਰਹੇ ਦੱਸਦੇ ਐ... ਤੇ ਉਹ ਅਗਲਾ ਜਨਮ ਸੁਆਰਨ ਲਈ... ਬ੍ਰਾਹਮਣਾਂ ਨੂੰ ਜ਼ਮੀਨਾਂ ਬਾਗ਼ ਤੇ ਧੰਨ ਦੌਲਤ, ਸੰਪਤੀ ਦਾਨ ਕਰਕੇ, ਬ੍ਰਾਹਮਣਾਂ ਦੇ ਦੱਸੇ ਮੰਤਰਾਂ ਦਾ ਜਾਪ ਕਰਦਿਆਂ ਜੰਗਲਾਂ ਵਿਚ ਤਪੱਸਿਆ ਕਰਨ ਲਈ ਚਲੇ ਗਏ ਹਨ। ਮਹਾਂਮੰਤਰੀ ਨੇ ਰਾਜੇ ਨੂੰ ਹੋਰ ਭੇਤ ਦੀ ਗੱਲ ਦੱਸੀ ਸੀ ਕਿ ਬ੍ਰਾਹਮਣਾਂ ਦੀ ਮੰਡਲੀ ਰਾਜੇ ਨੂੰ ਵੀ ਨੇਕ ਸਲਾਹ ਦੇਣ ਲਈ ਆਉਣ ਵਾਲੀ ਹੈ... ਕਿ ਰਾਜਾ ਨੂੰ ਵੀ ਰਾਜ ਗੱਦੀ ਛੱਡਕੇ ਮਹਾਰਾਣੀ ਨੂੰ ਨਾਲ ਲੈ ਕੇ ਜੰਗਲ ਵਿਚ ਤਪੱਸਿਆ ਕਰਨ ਲਈ ਚਲੇ ਜਾਣਾ ਚਾਹੀਦਾ ਹੈ।

ਰਾਜਾ ਪਰਵਾਹਨ ਸੋਚੀਂ ਪੈ ਗਿਆ। ਜਿਵੇਂ ਉਹ ਆਪਣੇ ਬੁਣੇ ਜਾਲ ਵਿਚ ਹੀ ਫਸਦਾ ਜਾ ਰਿਹਾ ਸੀ। ਚਿੰਤਕ ਰਾਜੇ ਨੇ ਸੋਚਿਆ... ਉਹਨੇ ਸਖਤੀ ਕਰਕੇ ਐਵੇਂ ਪ੍ਰਾਕਿਰਤਕਵਾਦੀਆਂ ਨੂੰ ਜੰਗਲਾਂ ਵਿਚ ਜਾਣ ਲਈ ਮਜਬੂਰ ਕਰ ਦਿੱਤਾ। ਜੇ ਉਹ ਪਰਜਾ ਵਿਚ ਆਪਣੀ ਗੱਲ ਕਰਦੇ ਰਹਿੰਦੇ ਤਾਂ ਸਾਰੀ ਪਰਜਾ ਅੰਧਵਿਸ਼ਵਾਸ ਵਿਚ ਤਾਂ ਨਾ ਫਸਦੀ... ਪਰਜਾ ਵਿਚ ਦੋਵੇਂ ਵਿਚਾਰਧਾਰਾਵਾਂ ਕਾਇਮ ਰਹਿੰਦੀਆਂ। ... ਰਾਜੇ ਨੂੰ ਸੁਝਿਆ ਕਿਉਂ ਨਾ ਗੁਪਤਚਰ ਭੇਜਕੇ



ਪ੍ਰਾਕਿਰਤਕਵਾਦੀਆਂ ਨੂੰ ਜੰਗਲ ਵਿਚੋਂ ਵਾਪਸ ਬੁਲਾਇਆ ਜਾਵੇ। ਪਰ ਜੇ ਇਹ ਭੇਤ ਖੁਲ੍ਹ ਗਿਆ... ਇਸ ਤੋਂ ਵੀ ਮਾੜੀ ਗੱਲ ਹੋਵੇਗੀ।

ਰਾਜਾ ਆਪਣੇ ਆਪ ਨੂੰ ਜੰਗਲ ਵਿਚ ਤਪ ਕਰਨ ਲਈ ਜਾਣ ਤੋਂ ਬਚਾਉਣ ਲਈ ਕੋਈ ਹੋਰ ਉਪਾਅ ਸੋਚਣ ਲੱਗਿਆ। ਉਹਨੇ ਕੁਲ ਪੁਰੋਹਿਤ ਨੂੰ ਬੁਲਾ ਕੇ ਆਪਣੇ ਦਿਲ ਦੀ ਗੱਲ ਦੱਸੀ। ਕੁਲ ਪੁਰੋਹਿਤ ਨੇ ਹੱਸਦਿਆਂ ਕਿਹਾ, "ਰਾਜਨ! ਇਹ ਵੀ ਕੋਈ ਔਖੀ ਗੱਲ ਹੈ ? ਤੁਸੀਂ ਤਾਂ ਐਵੇਂ ਡਰਦੇ ਫਿਰਦੇ ਓ... ਇਸ ਵਿਚ ਕੀ ਏ... ਜ਼ੁਬਾਨ ਹੀ ਹਿਲਾਉਣੀ ਏ।" ਕੁਲ ਪਰੋਹਿਤ ਨੇ ਬ੍ਰਾਹਮਣਾਂ ਨੂੰ ਰਾਜ ਮਹਿਲ ਵਿਚ ਬ੍ਰਹਮ ਭੋਜ 'ਤੇ ਬੁਲਾਇਆ। ਕੁਲ ਪਰੋਹਿਤ ਬ੍ਰਾਹਮਣਾਂ ਨੂੰ ਭੋਜਨ ਛਕਾ ਕੇ ਦੱਸਣ ਲੱਗਿਆ, "ਪਰਤਾਪੀ ਮਹਾਰਾਜਾ ਪਰਵਾਹਨ ਨੇ ਪਿਛਲੇ ਸੌ ਜਨਮ ਵਿਚ ਘੋਰ ਤਪੱਸਿਆ ਕੀਤੀ ਸੀ। ਰਾਜ ਕਰਦਿਆਂ ਵੀ ਉਹ ਬ੍ਰਾਹਮਣਾਂ ਨੂੰ ਪੁੰਨ, ਦਾਨ ਕਰਦੇ ਰਹਿੰਦੇ ਹਨ। ਉਹਨੂੰ ਦੇਵਤਿਆਂ ਦਾ ਵਰਦਾਨ ਪ੍ਰਾਪਤ ਹੈ ਕਿ ਉਹ ਜਿੰਨੇ ਮਰਜ਼ੀ ਜਨਮ ਚਾਹੁਣ ਰਾਜ ਕਰ ਸਕਦੇ ਹਨ। ਇਹਨਾਂ ਦਾ ਜਨਮ ਮਰਨ ਇਹਨਾਂ ਦੇ ਆਪਣੇ ਹੱਥ ਵਿਚ ਹੈ। ਇਹ ਜਿਹੜੇ ਜਨਮ ਵਿਚ ਵੀ ਚਾਹੁਣ ਜਨਮ ਮਰਨ ਦੇ ਚੱਕਰ ਤੋਂ ਮੋਕਸ਼ ਪ੍ਰਾਪਤ ਕਰ ਸਕਦੇ ਹਨ।" ਰਾਜੇ ਨੇ ਬ੍ਰਾਹਮਣਾਂ ਨੂੰ ਮੂੰਹ ਮੰਗਿਆ ਦਾਨ ਦਿੱਤਾ ਤੇ ਉਹ ਰਾਜੇ ਦੀ ਜੈ ਜੈ ਕਾਰ ਕਰਦੇ ਹੋਏ ਰਾਜ ਮਹਿਲ ਵਿਚੋਂ ਚਲੇ ਗਏ।

ਰਾਜਾ ਪਰਵਹਨ ਸੋਚਦਾ, ਸ਼ਾਇਦ ਉਹ ਬੁੱਢਾ ਹੋਣ ਕਰਕੇ ਏਨਾ ਡਰਾਕਲ ਹੋ ਗਿਆ ਸੀ। ... ਉਹ ਅਜੇ ਵੀ ਬ੍ਰਾਹਮਣਾਂ ਦੇ ਪ੍ਰਕੋਪ ਤੋਂ ਡਰ ਰਿਹਾ ਸੀ ਕਿ ਉਹਨੂੰ ਜੰਗਲ ਵਿਚ ਤਪੱਸਿਆ ਕਰਨ ਲਈ ਭੇਜ ਹੀ ਨਾ ਦੇਣ। ਅਸਲ ਵਿਚ ਬ੍ਰਾਹਮਣਾਂ ਨੇ ਕਰਮ ਕਾਂਡ ਏਨੇ ਜਟਿਲ ਬਣਾ ਦਿੱਤੇ ਸਨ... ਕਿ ਜੇ ਧਰਮ ਅਨੁਸ਼ਠਾਨ ਕਿਰਿਆ ਵਿਚ ਰਤਾ ਜਿੰਨੀ ਵੀ ਭੁੱਲ ਹੋ ਗਈ ਪਰਵਾਰ 'ਤੇ ਪਤਾ ਨਹੀਂ ਕਿਹੜੀ ਆਪੱਤੀ ਟੁੱਟ ਪਵੇਗੀ... ਬ੍ਰਾਹਮਣ ਸਮਝਾਉਂਦੇ ਕਿ ਜਜਮਾਨ ਦਾ ਕਲਿਆਣ ਯੱਗ ਦੀ ਹਰੇਕ ਕਿਰਿਆ ਨੂੰ ਪੂਰਾ ਕਰਨ ਵਿਚ ਹੈ। ਬ੍ਰਾਹਮਣਾਂ ਦਾ ਪ੍ਰਭਾਵ ਏਨਾ ਵਧ ਗਿਆ ਸੀ ਕਿ ਉਹ ਧਰਤੀ ਦੇ ਦੇਵਤਾ ਮੰਨੇ ਜਾਣ ਲੱਗੇ। ਤੇ ਉਹ ਰਿਗਵੇਦ ਦੇ ਦੇਵਤਿਆਂ ਦਾ ਸਥਾਨ ਪ੍ਰਾਪਤ ਕਰ ਗਏ ਸਨ। ਰਾਜਾ ਪਰਵਾਹਨ ਬ੍ਰਾਹਮਣਾਂ ਨੂੰ ਹੋਰ ਖੁਸ਼ ਕਰਨਾ ਚਾਹੁੰਦਾ ਸੀ।

ਇਕ ਦਿਨ ਰਾਜੇ ਨੇ ਬ੍ਰਾਹਮਣਾਂ ਨੂੰ ਰਾਜ ਮਹਿਲ ਵਿਚ ਬੁਲਾਇਆ। ਰਾਜਾ ਬਹੁਤ ਥੱਕਿਆ- ਥੱਕਿਆ ਤੇ ਬੀਮਾਰ ਨਜ਼ਰ ਆ ਰਿਹਾ ਸੀ। ਉਹਨੇ ਬ੍ਰਾਹਮਣਾਂ ਨੂੰ ਦੱਸਿਆ ਕਿ ਉਹ ਸਾਰੀ ਰਾਤ ਸੌਂ ਨਹੀਂ ਸਕਿਆ। ਪਰਲੋਕ ਵਿਚ ਉਹਦੇ ਪਿੱਤਰ ਬਹੁਤ ਦੁੱਖੀ ਹਨ। ਉਹ ਪਰਲੋਕ ਵਿਚ ਭੁੱਖੇ, ਪਿਆਸੇ ਘੁੰਮ ਰਹੇ ਸਨ। ... ਰਾਜਾ ਬ੍ਰਾਹਮਣਾਂ ਨੂੰ ਤਰ੍ਹਾਂ ਤਰ੍ਹਾਂ ਦੇ ਬਣੇ ਹੋਏ ਪਕਵਾਨ ਖੁਆਈ ਗਿਆ। ਨਾਲੇ ਦੱਸੀ ਗਿਆ... "ਖੀਰ ਮੇਰੀ ਦਾਦੀ ਨੂੰ ਬਹੁਤ ਚੰਗੀ ਲਗਦੀ ਸੀ। ... ਪੂੜੇ ਖਾਣ ਦਾ ਮੇਰਾ ਪਿਓ ਬਹੁਤ ਸ਼ੁਕੀਨ ਸੀ। ਕੜਾਹ ਮੇਰੀ ਮਾਤਾ ਸ੍ਰੀ ਦਾ ਮਨ ਭਾਉਂਦਾ ਖਾਣਾ ਸੀ।" ਇਸ ਤਰ੍ਹਾਂ ਉਹ ਸਬਜ਼ੀਆਂ ਦਾਲਾਂ ਦਾ ਜ਼ਿਕਰ ਕਰੀ ਗਿਆ ਕਿ ਕਿਹੜੀ ਦਾਲ, ਸਬਜ਼ੀ ਖਾਣ ਦਾ ਉਹਦਾ ਕਿਹੜਾ ਪਿੱਤਰ ਸ਼ੁਕੀਨ ਸੀ। ... ਫਿਰ ਆਈ ਕਪੜਿਆਂ ਦੀ ਵਾਰੀ... ਇਸੇ ਤਰ੍ਹਾਂ ਪਿੱਤਰ ਦੇ ਨਾਂ 'ਤੇ ਰਾਜਾ ਬ੍ਰਾਹਮਣਾਂ ਨੂੰ ਵਸਤਰ ਦਾਨ ਕਰੀ ਗਿਆ... ਤੇ ਦੱਸੀ ਗਿਆ ਕਿ ਇਹ ਵਸਤਰ ਉਸਦਾ ਕਿਹੜਾ ਪਿੱਤਰ ਪਹਿਨਣ ਦਾ ਸ਼ੁਕੀਨ ਸੀ। ... ਅੰਤ ਵਿਚ ਰਾਜੇ ਨੇ

ਬ੍ਰਾਹਮਣਾਂ ਨੂੰ ਰਾਜ ਦੀ ਗੱਲ ਦੱਸੀ ਕਿ ਉਹਦੇ ਪਿੱਤਰ ਨੇ ਰਾਤੀ ਸੁਪਨੇ ਵਿਚ ਕਿਹਾ ਸੀ ਕਿ ਪਿੱਤਰਾਂ ਦੇ ਨਾਂ ਤੇ ਬ੍ਰਾਹਮਣਾਂ ਨੂੰ ਖੁਆ ਪਿਆ ਕੇ ਸੰਤੁਸ਼ਟ ਕਰੇ... ਇਸ ਨਾਲ ਪਰਲੋਕ ਵਿਚਲੇ ਪਿੱਤਰਾਂ ਦੀ ਤ੍ਰਿਪਤੀ, ਸੰਤੁਸ਼ਟੀ ਹੋਵੇਗੀ। ਤੇ ਰਾਜੇ ਨੇ 'ਪਿੱਤਰ' ਦੇ ਨਾਂ ਤੇ ਧਨ, ਗਾਈਆਂ, ਦਾਸ, ਦਾਸੀਆਂ ਬ੍ਰਾਹਮਣਾਂ ਨੂੰ ਦਾਨ ਦਿੱਤੀਆਂ ਤੇ ਹਾਸੇ ਵਿਚ ਕਿਹਾ ਕਿ ਉਹਦਾ ਪਿਓ ਰਾਣੀਆਂ ਦੇ ਨਾਲ ਨਾਲ ਸੁੰਦਰ ਦਾਸੀਆਂ ਦਾ ਵੀ ਬਹੁਤ ਚਾਹਵਾਨ ਹੁੰਦਾ ਸੀ ਤੇ ਰਾਜੇ ਨੇ 'ਦੇਵਯਾਨ' ਦੇ ਨਾਲ ਪਿਤਰ ਦੇ ਨਾਂ 'ਤੇ ਬ੍ਰਾਹਮਣਾਂ ਨੂੰ ਦਾਨ ਪੁੰਨ ਕਰਨ ਨੂੰ 'ਪਿਤਰਯਾਨ' ਦਾ ਨਾਂ ਦਿੱਤਾ।

"ਤੁਸੀਂ 'ਪਿੱਤਰ' ਨੂੰ ਖੁਸ਼ ਕਰਨ ਲਈ ਕੀ ਕਰਦੇ ਹੁੰਦੇ ਓ ? ਤੁਆਡੇ ਵੀ ਤਾਂ ਪਿਤਰ ਹੈਗੇ।" ਮੈਂ ਇੰਦਰਜੀਤ ਤੋਂ ਕੋਈ ਚੁਰਚੁਰੀ ਜਹੀ ਗੱਲ ਸੁਣਨ ਲਈ ਉਹਨੂੰ ਛੇੜਿਆ।

ਉਹ ਤੇਰੀ ਪਿੱਤਰਾਂ ਵਾਲੀ ਗੱਲ ਵਿਚੇ ਰਹਿ ਗਈ। "ਲਾ ਲਵਾਂ ਤਿਪਕਾ ਰਤਾ ਕਾਇਮ ਹੋ ਲਵਾਂ।" ਗਿਲਾਸ ਵਿਚ ਬਚੀ ਹੋਈ ਦਾਰੂ ਪੀ ਕੇ ਕਾਇਮ ਹੋ ਕੇ ਦੱਸਣ ਲੱਗਿਆ, "ਪਿੱਤਰ ਤਾਂ ਤੇਰੇ ਮੇਰੇ ਭੈਜੀ ਦੇ ਤੇ ਦੇਸ ਰਾਜ, ਜੀਹਨੂੰ ਤੂੰ 'ਦੇਸੀ ਦਾਰੂ ਵਾਲਾ ਕਹੀ ਜਾਂਦਾ, ਸਭ ਦੇ ਹੈਗੇ... ਪਰ ਤੋਂ ਮੈਨੂੰ ਪੁੱਛਿਆ ... ਤੂੰ ਮੈਤੋਂ ਕੋਈ ਕਹਾਣੀ ਸੁਣਨੀ ਚਾਹੁੰਦਾ ... ਲੈ ਮੈਂ ਸੁਣਾਉਂਦਾ...।

ਮੈਂ ਇੰਦਰਜੀਤ ਨੂੰ ਕਹਿ ਤਾਂ ਬੈਠਾ ਮੈਨੂੰ ਡਰ ਵੀ ਲਗਦਾ ਹੁਣ ਇਹਨੇ ਦੋ ਗੱਲਾਂ ਕਰਕੇ ਮੇਰੀਆਂ ਕੀਤੀਆਂ ਕਰਾਈਆਂ ਪਿਛੇ ਪਾ ਦੇਣੀਆਂ ਨੇ।

"ਜਜਮਾਨੀ ਪੁਰੋਹਿਤੀ ਤਾਂ ਬਜ਼ੁਰਗਾਂ ਵੇਲੇ ਹੁੰਦੀ ਤੀ। ਹੁਣ ਤਾਂ ਪਰੋਹਿਤਾਂ ਦੇ ਕੁਝ ਮੁੰਡੇ ਨੌਕਰੀਆਂ ਲੱਗ ਗਏ, ਕੁਝ ਬਾਹਰ ਚਲੇ ਗਏ। ਇਕ ਬਜ਼ੁਰਗ ਆਉਂਦਾ ਹੁੰਦਾ, ਜਿੰਨੇ ਕੁ ਸਰਦੇ ਐ... ਘਰ ਪਰਤੀ ਦਾਣੇ ਬੋਰੀਆਂ ਵਿਚ ਪਾ ਕੇ ਰੱਖ ਦਿੰਦੇ ਐ... ਉਹ ਆਉਂਦਾ ਚੁੱਕ ਲਿਜਾਂਦਾ ਐ।

"ਪੁਰੋਹਿਤ ਦੀਆਂ ਗੱਲਾਂ ਤਾਂ ਸਾਡਾ ਬਾਬਾ ਸੁਣਾਉਂਦਾ ਹੁੰਦਾ ਸੀ। ਉਨ੍ਹਾਂ ਦੇ ਪਰੋਹਿਤ ਨੇ ਕਹਿਣਾ, "ਪਿੱਤਰ ਬ੍ਰਾਹਮਣਾਂ ਦੇ ਮੂੰਹ ਰਾਹੀਂ ਭੋਜਨ ਕਰਦੇ ਐ, ਜਿਨ੍ਹਾਂ ਬ੍ਰਾਹਮਣਾਂ ਨੂੰ ਤ੍ਰਿਪਤ ਕਰੋਗੇ... ਪਿੱਤਰ ਤ੍ਰਿਪਤ ਹੋਣਗੇ। ਤੇ ਜਿਹੜੀ ਚੀਜ਼ ਦੀ ਜ਼ਰੂਰਤ ਹੁੰਦੀ ਐ... ਪਿੱਤਰ ਬ੍ਰਾਹਮਣਾਂ ਰਾਹੀਂ ਮੰਗਦੇ ਐ।... ਤੇ ਬ੍ਰਾਹਮਣ ਜਿਹੜੀ ਵੀ ਖਾਣ ਪੀਣ ਦੀ ਚੀਜ਼... ਆਟਾ ਦਾਲ, ਚੌਲ, ਗੁੜ ਆਦਿ ਪਿੱਤਰਾਂ ਦੇ ਨਾਂ ਤੇ ਮੰਗਦੇ ਜਜਮਾਨ ਦੇਈ ਜਾਂਦੇ। ਪੁਰੋਹਿਤ ਨੇ ਸੋਚਿਆ ਇਹ ਤਾਂ ਬੜਾ ਵਧੀਆ ਸਾਧਨ ਐ। ਇਕ ਦਿਨ ਪਰੋਹਿਤ ਨੂੰ ਕੀ ਸੁਝੀ, ਬਾਬੇ ਨੂੰ ਕਹਿਣ ਲੱਗਿਆ "ਜਜਮਾਨਾ ਕੀ ਦੱਸਾਂ ? ... ਰਾਤ ਸੁਪਨੇ ਵਿਚ ਤੇਰਾ ਪਿਓ ਮਿਲਿਆ... ਉਹ ਨਿਰਾਸ਼ਿਆ ਜਿਹਾ ਪੈਦਲ ਘੁੰਮੇ... ਹੋਰਾਂ ਕੋਲ ਘੋੜੀਆਂ।" ਬਾਬੇ ਦੇ ਮੂੰਹੋਂ ਨਿਕਲਿਆ ... "ਪਰੋਹਿਤ ਜੀ ਫੇਰ ਘੋੜੀ ਲੈ ਲਓ... ਦੇ ਦਿਓ ਪਿਤਰਾਂ ਨੂੰ।" ਤੇ ਪੁਰੋਹਿਤ ਘੋੜੀ 'ਤੇ ਚੜ੍ਹ ਕੇ ਅਹੁ ਗਿਆ।"

ਮੈਂ ਕਿਹਾ ਸਾਨੂੰ ਤਾਂ ਦਿਖਾਦੇ ਬ੍ਰਾਹਮਣ ਘੋੜੀ ਤੇ ਚੜਕੇ ਜਿਹੜਾ ਅਹੁ ਗਿਆ। ਸਾਰੇ ਹੱਸਣ ਲੱਗੇ। "ਦਿਖਾਉਂਦਾ ਤੁਆਨੂੰ ਵੀ। ਨਵੀਂ ਘੋੜੀ ਲੈਣ ਜੋਗੇ... ਬਾਬੇ ਕੋਲ ਦੇਣੇ ਪੈਸੇ ਨਹੀਂ ਸਨ। ਬਾਬਾ ਤੁਰਕੇ ਖੇਤ ਜਾਇਆ ਕਰੇ, ਪੁਰੋਹਿਤ ਘੋੜੀ ਤੇ ਚੜਿਕੇ ਸਾਕਾਂ, ਰਿਸ਼ਤੇਦਾਰੀਆਂ ਵਿਚ ਘੁੰਮ ਆਇਆ।"



ਇਕ ਦਿਨ ਖੇਤ ਵਿਚ ਪਰੋਹਿਤ ਮੱਝ ਲਈ ਪੱਠੇ ਲੈਣ ਚਲਿਆ ਗਿਆ। ਸੀਰੀ ਦਾਰੂ ਕੱਢ ਰਿਹਾ ਸੀ। ਫੇਰ ਸਾਰੇ ਹੱਸੇ, ਭੈਜੀ ਬੋਲਿਆ, "ਤੋਂ ਦਾਰੂ ਦੀ ਗੱਲ ਜ਼ਰੂਰ ਕਰਨੀ ਹੋਈ।"

"ਦਾਰੂ ਤੋਂ ਬਿਨਾ ਜੱਟਾਂ ਤੋਂ ਖੇਤੀ ਦਾ ਔਖਾ ਕੰਮ ਹੁੰਦਾ ਈ ਨੀ ਹੈਗਾ। ਸੁਣੋ ਬ੍ਰਾਹਮਣ ਤੇ ਬ੍ਰਾਹਮਣੀ ਤਾਂ ਜਜਮਾਨ ਦੇ ਘਰ ਖੀਰ ਬਣਾ ਕੇ ਪਹਿਲਾਂ ਆਪ ਖਾ ਲੈਂਦੇ ਸਨ। ਪਰ ਵੰਡ ਕੇ ਛਕਣ ਦੀ ਰਵਾਇਤ ਅਨੁਸਾਰ ਬਾਬੇ ਨੇ ਆਪਣੇ ਗਿਲਾਸ ਨਾਲ ਦਾਰੂ ਦਾ ਗਿਲਾਸ ਭਰਕੇ ਪਰੋਹਿਤ ਨੂੰ ਵੀ ਦੇ ਦਿੱਤਾ ਤੇ ਕਿਹਾ, "ਪਰੋਹਿਤ ਜੀ ਮਾਰ੍ਹਾਜ ਰਾਤ ਬਾਪੂ ਸੁਪਨੇ ਵਿਚ ਮੈਨੂੰ ਮਿਲਿਆ... ਉਹ ਦਾਰੂ ਪੀਣ ਨੂੰ ਮੰਗਦਾ ਰਿਹਾ... ਹੁਣ ਤੁਆਡਾ ਖਾਧਾ ਪੀਤਾ ਈ ਪਿੱਤਰਾਂ ਨੂੰ ਪ੍ਰਾਪਤ ਹੋਣਾ... ਸਾਡਾ ਖਾਧਾ ਪੀਤਾ ਤਾਂ ਪ੍ਰਾਪਤ ਹੋਣਾ ਨੀ। ਇਸ ਲਈ ਤੁਸੀਂ ਦਾਰੂ ਪੀਓ ਰੱਜ ਕੇ।... ਨਾਲੇ ਦਾਰੂ ਪੀ ਕੇ ਮੈਂ ਤੇ ਬਾਪੂ ਲੜ ਵੀ ਪੈਂਦੇ ਸਾਂ।... ਸਵੇਰੇ ਫੇਰ ਇਕੋ ਜਹੇ।"

ਪੁਰੋਹਿਤ ਸਮਝ ਗਿਆ। ਬਾਬਾ ਦਾਰੂ ਨਾਲ ਰੱਜਿਆ ਹੋਇਆ ਸੀ।... ਉਹਨੂੰ ਕੁੱਟੂਗਾ ਵੀ। ਉਹ ਜਦੋਂ ਘੋੜੀ ਛੱਡ ਕੇ ਭੱਜ ਗਿਆ। ਬਾਬਾ ਹਾਕਾਂ ਮਾਰੇ, "ਪੁਰੋਹਿਤ ਜੀ... ਆਹ ਆਪਣੀ ਘੋੜੀ ਤਾਂ ਲੈ ਜਾਓ... ਪੱਠੇ ਸੀਰੀ ਕੋਲ ਭੇਜ ਦਿਆਂਗਾ।" ਪੁਰੋਹਿਤ ਦੂਰੋਂ ਈ ਹੱਥ ਜੋੜੇ ਰਾਤ ਸੁਪਨੇ ਵਿਚ ਤੇਰਾ ਪਿਓ ਮਿਲਿਆ ਤੀ... ਕਹਿੰਦਾ ਹੁਣ ਨੀ ਘੋੜੀ ਚਾਹੀਦੀ... ਮੈਂ ਤਾਂ ਮੋੜਨ ਈ ਆਇਆ ਤੀ।"

ਅਸੀਂ ਹਸ-ਹਸ ਲੋਟ ਪੋਟ ਹੁੰਦੇ ਰਹੇ। ਭੈਜੀ ਕਹਿੰਦਾ, " ਗੱਲ ਸੁਣਾ ਕੇ ਪੂਰੀ ਬੋਤਲ ਜਿੰਨਾ ਨਸ਼ਾ ਲਿਆ 'ਤਾ।"

### ਲੋਕਾਇਤ, ਬੁੱਧ ਕਾਲ

ਅਸੀਂ ਹੱਸਣ ਲਈ ਤਾਂ ਬੈਠੇ ਸਾਂ... ਮੈਂ ਵੀ ਇੰਦਰਜੀਤ ਦੇ ਬਾਬੇ ਦੀ ਸੁਣਾਈ ਗੱਲ ਕਰਦਿਆਂ ਹਾਸੇ ਵਿਚ ਕਿਹਾ... ਕਿ ਚਲੋ ਇੰਦਰਜੀਤ ਦੇ ਬਾਬੇ ਕੋਲ ਤਾਂ ਪੁਰੋਹਿਤ ਜੀ ਨੂੰ ਦੇਣ ਲਈ ਘੋੜੀ ਸੀ ... ਘੋੜੀ ਦੇ ਦਿੱਤੀ ਸੀ। ਇਸੇ ਤਰ੍ਹਾਂ ਅਮੀਰ, ਉੱਚ ਵਰਣਾਂ ਦੇ ਲੋਕ ਤਾਂ ਪਿਤਰਾਂ ਦੇ ਨਾਂ 'ਤੇ ਯੱਗ, ਅਨੁਸ਼ਠਾਨ ਕਰਵਾ ਕੇ ਪੁਰੋਹਿਤ ਨੂੰ ਅਪਾਰ ਧੰਨ, ਕੀਮਤੀ ਵਸਤਰ, ਵਸਤੂਆਂ ਦੇਣ ਲੱਗ ਪਏ ਸਨ।

ਅਰਵਿੰਦਰ ਆਰੀਆ ਸਰ ਨੇ ਦੱਸਿਆ ਸੀ... ਜਦਕਿ ਜਨ ਸਾਧਾਰਨ ਬ੍ਰਾਹਮਣਾਂ ਦੀ ਇਸ ਹਿੰਸਾਤਮਕ ਪ੍ਰਵਿਰਤੀ ਤੋਂ ਤੰਗ ਆ ਚੁੱਕਿਆ ਸੀ। ਜਨਤਾ ਬਰਾਬਰੀ ਵਾਲਾ ਤੇ ਸ਼ਾਂਤਮਈ ਜੀਵਨ ਬਿਤਾਉਣਾ ਚਾਹੁੰਦੀ ਸੀ। ਅਜਿਹੀ ਅਵਸਥਾ ਵਿਚ ਬ੍ਰਾਹਮਣਾਂ ਦੇ ਵਿਰੋਧ ਵਿਚ ਇਕ ਦਾਰਸ਼ਨਿਕ ਨੇ ਆਵਾਜ਼ ਉਠਾਉਣੀ ਆਰੰਭ ਕੀਤੀ। ਉਸ ਦੀਆਂ ਗੱਲਾਂ ਆਮ ਲੋਕਾਂ ਦੇ ਪੱਖ ਵਿਚ ਹੋਣ ਕਰਕੇ... ਉਸ ਨੂੰ 'ਲੋਕਾਇਤ' ਕਿਹਾ ਜਾਣ ਲੱਗਿਆ ਸੀ।... ਪਰ ਬ੍ਰਾਹਮਣਾਂ ਨੇ ਉਹਨੂੰ ਨਫ਼ਰਤ ਨਾਲ ਕੇਵਲ 'ਚਰਵ' ਅਰਥਾਤ ਖਾਣ ਪੀਣ ਦੀਆਂ ਗੱਲਾਂ ਕਰਨ ਵਾਲਾ 'ਚਾਰਵਾਕ' ਕਹਿਣਾ ਆਰੰਭ ਕਰ ਦਿੱਤਾ ਸੀ। ਤੇ ਉਹਦਾ ਨਾਂ 'ਚਾਰਵਾਕ ਰਿਸ਼ੀ' ਵਿਦਵਾਨ ਪੱਕ ਗਿਆ ਸੀ।

ਚਾਰਵਾਕ ਤੇ ਉਹਦੇ ਚੇਲੇ, ਅਸੁਰਾਂ ਦੇ ਜਨ ਪਦਾਂ ਵਿਚ ਤਾਂ ਲੋਕਾਂ ਨੂੰ ਸਮਝਾਉਣ ਲਈ ਜਾਂਦੇ ਰਹਿੰਦੇ ਸਨ... ਪਰ ਕਸ਼ੱਤਰੀ ਰਾਜਿਆਂ ਤੇ ਉਨ੍ਹਾਂ ਦੇ ਪੁਰੋਹਿਤਾਂ ਤੋਂ ਡਰਦੇ ਮਾਰੇ, ਉਨ੍ਹਾਂ ਰਾਜਾਂ ਦੇ ਨੇੜੇ ਦੇ ਜੰਗਲਾਂ ਵਿਚ ਲੁਕੇ ਰਹਿੰਦੇ ਸਨ ਤੇ ਉਹ ਜੰਗਲਾਂ ਵਿਚ ਲੱਕੜਾਂ ਕੱਟਣ ਆਏ ਸ਼ਿਲਪੀਆਂ, ਸ਼ੂਦਰਾਂ ਨੂੰ ਜਾਂ ਕਿਸੇ ਭਰੋਸੇਯੋਗ ਸ਼ਿਲਪੀ ਦੇ ਘਰ 'ਕੱਠੇ ਕੀਤੇ ਲੋਕਾਂ ਨੂੰ ਸਮਝਾਉਂਦੇ, "ਲੋਕੋ! ਜਦ ਪੁਰੋਹਿਤ ਤੁਹਾਨੂੰ ਯੱਗ ਕਰਕੇ ਪਸ਼ੂ ਦੀ ਬਲੀ ਦੇਣ ਨੂੰ ਕਹਿੰਦੇ ਹਨ... ਤਾਂ ਉਨ੍ਹਾਂ ਨੂੰ ਪੁੱਛੋ... ਜਿਵੇਂ ਉਹ ਕਹਿੰਦੇ ਹਨ ਕਿ ਯੱਗ ਵਿਚ ਬਲੀ ਚੜ੍ਹਾਇਆ ਪਸ਼ੂ ਸਿੱਧਾ ਸਵਰਗ ਨੂੰ ਚਲਿਆ ਜਾਂਦਾ ਹੈ... ਫਿਰ ਪੁਰੋਹਿਤ ਯੱਗ ਵਿਚ ਆਪਣੇ ਪਿਤਾ ਦੀ ਬਲੀ ਦੇ ਕੇ ਉਹਨੂੰ ਸਵਰਗ ਨੂੰ ਕਿਉਂ ਨਹੀਂ ਭੇਜਦਾ?"

"ਜਿਹੜੇ ਪੁਰੋਹਿਰ ਤੁਹਾਡੇ ਪਿਤਰਾਂ ਦੇ ਨਾਂ ਤੇ ਸਰਾਧ ਕਰਨ ਉੱਤੇ ਏਨਾ ਖਰਚ ਕਰਵਾਉਂਦੇ ਹਨ, ਉਨ੍ਹਾਂ ਨੂੰ ਪੁੱਛੋ ਕਿ ਜੇ ਉਹ ਬ੍ਰਾਹਮਣਾਂ ਨੂੰ ਭੋਜਨ ਕਰਵਾਉਣ ਨਾਲ... ਮਰੇ ਹੋਏ ਪਿਤਰਾਂ ਨੂੰ ਤ੍ਰਿਪਤੀ ਮਿਲ ਸਕਦੀ ਹੈ... ਫਿਰ ਘਰ ਤੋਂ ਸਫ਼ਰ 'ਤੇ ਗਏ ਲੋਕਾਂ ਨੂੰ ਘਰੋਂ ਖਾਣਾ ਬੰਨ੍ਹ ਕੇ ਲਿਜਾਣ ਦੀ ਕੀ ਲੋੜ ਹੈ? ਉਹਨਾਂ ਦੇ ਨਾਂ 'ਤੇ ਬ੍ਰਾਹਮਣਾਂ ਨੂੰ ਖਾਣਾ ਖੁਆ ਦਿਓ... ਉਨ੍ਹਾਂ ਦੀ ਭੁੱਖ-ਪਿਆਸ ਸ਼ਾਂਤ ਹੁੰਦੀ ਚਲੀ ਜਾਵੇਗੀ।"

ਇੰਦਰਜੀਤ ਨੇ ਮਜ਼ਾਕ ਵਿਚ ਕਿਹਾ, "ਪਰ ਜੇ ਬ੍ਰਾਹਮਣਾਂ ਨੂੰ ਖੁਆਇਆ ਅੰਨ ਯਾਤਰਾ ਤੇ ਗਏ ਯਾਤਰੂਆਂ ਤੱਕ ਨਹੀਂ ਪਹੁੰਚ ਸਕਦਾ, ਫਿਰ ਮਰੇ ਹੋਏ ਪਿਤਰਾਂ ਤੱਕ ਪਰਲੋਕ ਵਿਚ ਕਿਵੇਂ ਪਹੁੰਚ ਸਕਦਾ ਹੈ?" ਦੇਸੀ ਦਾਰੂ ਵਾਲੇ, ਦੇਸ਼ ਰਾਜ ਤੋਂ ਬਿਨਾਂ ਸਾਰੇ ਖੁੱਲ੍ਹ ਕੇ ਹੱਸੇ। ਉਹਨੂੰ ਚਾਰਵਾਕਾਂ ਦੀ ਗੱਲ ਅਟਪਟੀ ਲੱਗੀ ਹੋਵੇਗੀ।

ਮੈਂ ਕਿਹਾ ਸੀ, ਇੰਦਰਜੀਤ ਤੇਰੇ ਯਾਦ ਹੈ... ਸਰ ਚਾਰਵਾਕ ਦਰਸ਼ਨ ਪੜ੍ਹ ਰਹੇ ਸਨ, "ਜੇ ਆਤਮਾ ਸ਼ਰੀਰ ਤੋਂ ਵੱਖ ਹੋ ਕੇ ਕਿਸੇ ਦੂਸਰੇ ਬੰਦੇ 'ਚ ਚਲੀ ਜਾਂਦੀ ਹੈ... ਤਾਂ ਨਜ਼ਦੀਕੀਆਂ ਦੇ ਰੋਣ ਕੁਰਲਾਣ ਤੇ ਉਨ੍ਹਾਂ ਨੂੰ ਮਿਲਣ ਵਾਪਸ ਕਿਉਂ ਨਹੀਂ ਆ ਜਾਂਦੀ? ਜਦਕਿ ਕਿਤੇ ਦੂਰ ਗਿਆ ਵਿਅਕਤੀ ਨਜ਼ਦੀਕੀਆਂ ਦੇ ਬੁਲਾਉਣ 'ਤੇ ਵਾਪਸ ਆ ਜਾਂਦਾ ਹੈ।" ਇੰਦਰਜੀਤ ਤੇ ਫ਼ੌਜੀ ਦੇਸੀ ਦਾਰੂ ਵਾਲੇ ਵੱਲ ਦੇਖਕੇ ਗੁੱਝਾ ਜਿਹਾ ਮੁਸਕਰਾਇ ਜਦਕਿ ਉਹ ਵਿਸ ਘੋਲ ਰਿਹਾ ਸੀ, ਜਿਵੇਂ ਮਨ ਹੀ ਮਨ ਕਹਿ ਰਿਹਾ ਹੋਵੇ... ਕਿ ਉਹਦੇ ਕੰਨ ਇਹ ਕੀ ਸੁਣ ਰਹੇ ਹਨ।

ਅਰਵਿੰਦਰ ਆਰੀਆ ਸਰ ਨੇ ਅੱਗੋਂ ਬੋਲਦਿਆਂ ਕਿਹਾ ਸੀ ਕਿ ਚਾਰਵਾਕ ਪ੍ਰਤੱਖ ਇੰਦਰੀ ਬੋਧ ਨੂੰ ਮਹੱਤਵ ਦਿੰਦੇ ਸਨ ਜਿਹੜਾ ਪੰਜ ਗਿਆਨ ਇੰਦਰੀਆਂ ਦੁਆਰਾ ਪ੍ਰਾਪਤ ਹੁੰਦਾ ਹੈ। ਉਹ ਅਨੁਮਾਨ ਦੁਆਰਾ ਪ੍ਰਾਪਤ ਕੀਤੇ ਗਿਆਨ ਨੂੰ ਵਿਸ਼ਵਾਸਯੋਗ ਨਹੀਂ ਮੰਨਦੇ ਸਨ। ਇਸ ਲਈ ਚਾਰਵਾਕ ਵਿਅਕਤੀ ਦੀ ਪੰਜਾਂ ਤੱਤਾਂ ਪ੍ਰਿਥਵੀ, ਜਲ, ਪਵਨ, ਅਗਨੀ ਤੇ ਆਕਾਸ਼ ਤੋਂ ਸਿਰਜਣਾ ਹੋਈ ਨਹੀਂ ਮੰਨਦੇ ਸਨ... ਅਰਥਾਤ ਆਤਮਾ ਨੂੰ ਸਰੀਰ ਵਿਚ ਕਿਤੋਂ ਬਾਹਰੋਂ ਆਕਾਸ਼ ਉੱਤੋਂ ਆ ਕੇ ਸ਼ਾਮਿਲ ਹੋਈ ਨਹੀਂ ਸਵੀਕਾਰ ਕਰਦੇ ਸਨ। ਕਿਉਂਕਿ ਆਕਾਸ਼ ਦੇ ਤੱਤ ਦਾ ਗਿਆਨ 'ਅਨੁਮਾਨ' 'ਤੇ ਅਧਾਰਿਤ ਹੈ... ਪ੍ਰਤੱਖ ਇੰਦਰੀ ਗਿਆਨ 'ਤੇ ਅਧਾਰਿਤ ਨਹੀਂ। ਉਹ ਦੱਸਦੇ ਸਨ ਕਿ ਪ੍ਰਿਥਵੀ ਅਗਨੀ, ਪਵਨ ਤੇ ਜਲ ਦੇ ਉਸ ਰੂਪਾਂਤਰਣ ਦੀ ਰਸਾਇਣਕ ਪ੍ਰਕਿਰਿਆ ਦੇ ਸਿੱਟੇ ਵਜੋਂ ਜੀਵਨ ਚੇਤਨਾ ਤੇ ਸਿਮਰਤੀ ਤੋਂ ਸੰਪੰਨ ਸਰੀਰ ਪੈਦਾ ਹੋਇਆ ਤੇ ਸਰੀਰ ਵਿਚ



ਚੇਤਨਾ ਹੀ ਆਤਮਾ ਹੈ। ਇਸ ਤੋਂ ਅਲੱਗ ਇਸ ਸਰੀਰ ਵਿਚ ਪ੍ਰਵੇਸ਼ ਹੋਣ ਵਾਲੀ ਤੇ ਮਰਨ ਤੋਂ ਬਾਅਦ ਇਸ ਵਿਚੋਂ ਨਿਕਲ ਕੇ ਦੂਸਰੇ ਲੋਕ ਜਾਣ ਵਾਲੀ ਕੋਈ ਵਸਤੂ ਨਹੀਂ ਹੁੰਦੀ।

ਪਰ ਚਾਰਵਾਕ ਦੀਆਂ ਗੱਲਾਂ ਤੋਂ ਬ੍ਰਾਹਮਣ ਸ਼ੰਕਾ ਪ੍ਰਗਟ ਕਰਦੇ ਹਨ।"ਓ ਚੱਲ 'ਸ਼ੰਕਾ ਦੀ ਨਵਿਰਤੀ' ਦੀ ਗੱਲ ਮੈਂ ਕਰਦਾ ਆਂ... ਐਂ ਨਾ ਸਮਝੀਂ... ਬਈ ਅਰਵਿੰਦਰ ਆਰੀਆ ਸਰ ਦਾ ਪੜ੍ਹਾਇਆ ਮੇਰੇ ਯਾਦ ਹੀ ਨਹੀਂ।" ਇੰਦਰਜੀਤ ਦੱਸਣ ਲੱਗਿਆ, "ਸ਼ੰਕਾ ਇਹ ਪ੍ਰਗਟ ਕੀਤਾ ਜਾਂਦਾ ਸੀ ਕਿ ਜਦ ਸੰਸਾਰ ਦੇ ਮੂਲ ਤੱਤ ਵਾਯੂ, ਅਗਨੀ, ਜਲ ਤੇ ਪ੍ਰਿਥਵੀ ਜਿਵੇਂ ਨਿਰਜੀਵ ਪਦਾਰਥ ਹਨ... ਫਿਰ ਉਨ੍ਹਾਂ ਦੇ ਮਿਸ਼ਰਣ ਨਾਲ ਚੇਤਨਾ ਕਿਵੇਂ ਪੈਦਾ ਹੋ ਜਾਂਦੀ ਹੈ? ਚਾਰਵਾਕ ਇਸਦਾ ਉੱਤਰ ਉਪਮਾ ਨਾਲ ਦਿੰਦੇ। ਜਿਵੇਂ ਪਾਨ, ਕੱਥਾ, ਕਸੈਲੀ ਤੇ ਚੂਨੇ ਵਿਚ ਲਾਲ ਰੰਗ ਨਹੀਂ ਹੁੰਦਾ ਪਰ ਉਸਨੂੰ ਮਿਲਾ ਕੇ ਚਬਾਉਣ ਨਾਲ 'ਲਾਲ' ਰੰਗ ਦਾ ਵਿਕਾਸ ਹੁੰਦਾ ਹੈ, ਉਸੇ ਤਰ੍ਹਾਂ ਪ੍ਰਿਥਵੀ, ਜਲ ਅਗਨੀ ਤੇ ਵਾਯੂ ਦੇ ਆਪਸ ਵਿਚ ਮਿਲਣ ਨਾਲ ਚੇਤਨਾ ਦਾ ਵਿਕਾਸ ਹੁੰਦਾ ਹੈ। ਹੋਰ ਮਿਸਾਲ ਦਵਾਂ, ਜਿਵੇਂ ਗੁੜ ਵਿਚ ਨਸ਼ਾ ਹੁੰਦਾ ਹੈ ਨਾ ਪਾਣੀ ਵਿਚ। ਪਰ ਦੋਹਾਂ ਨੂੰ ਮਿਲਾ ਕੇ ਸੜਨ ਨਾਲ ਨਸ਼ਾ ਉਤਪਨ ਹੋ ਜਾਂਦਾ ਹੈ। ਉਸੇ ਤਰ੍ਹਾਂ ਚਾਰ ਤੱਤਾਂ ਦੇ ਮਿਸ਼ਰਣ ਨਾਲ ਜੀਵ ਪੈਦਾ ਹੁੰਦਾ ਹੈ।" "ਓ ਤੇਰੀ ਗੱਲ ਮੰਨ ਗਏ, ਪਰ ਤੂੰ ਦਾਰੂ ਦੀ ਗੱਲ ਜ਼ਰੂਰ ਕਰਨੀ ਐ।" ਸਾਰੇ ਫੇਰ ਹੱਸਣ ਲਗ ਪਏ।

ਦੇਸੀ ਦਾਰੂ ਵਾਲੇ ਵਾਂਗ ਕਲਾਸ ਵਿਚ ਬੈਠੇ ਕੁਝ ਵਿਦਿਆਰਥੀ ਨੱਕ, ਬੁੱਲ੍ਹ ਵੱਟ ਰਹੇ ਸਨ। ਉਨ੍ਹਾਂ ਨੂੰ ਸਰ ਦੀਆਂ ਦੱਸੀਆਂ ਗੱਲਾਂ ਚੰਗੀਆਂ ਨਹੀਂ ਸਨ ਲੱਗ ਰਹੀਆਂ। ਸਰ ਨੇ ਸਪਸ਼ਟ ਕਰਦਿਆਂ ਕਿਹਾ ਸੀ ਕਿ ਇਹ ਉਨ੍ਹਾਂ ਦੇ ਆਪਣੇ ਵਿਚਾਰ ਨਹੀਂ, ਉਹ ਲੋਕਾਇਤਾਂ ਦਾ ਮੱਤ ਪ੍ਰਗਟ ਕਰ ਰਹੇ ਹਨ। ਉਨ੍ਹਾਂ ਨੇ ਅੱਗੋਂ ਬੋਲਦਿਆਂ ਦੱਸਿਆ ਸੀ ਕਿ ਲੋਕਾਇਤ ਪ੍ਰਤੱਖ ਇੰਦਰੀ ਬੋਧ ਨੂੰ ਮਹੱਤਵ ਦਿੰਦੇ ਸਨ... ਜਿਹੜਾ ਪੰਜੇ ਗਿਆਨ ਇੰਦਰੀਆਂ ਰਾਹੀਂ ਪ੍ਰਗਟ ਹੁੰਦਾ ਹੈ। ਆਤਮਾ ਹੋਰ ਕੁਝ ਨਹੀਂ। ਧਰਤ, ਅਗਨ ਤੇ ਵਾਯੂ ਦੇ ਉਸ ਰੂਪਾਂਤਰਣ ਦੀ ਰਸਾਇਣਕ ਪ੍ਰਕਿਰਿਆ ਦੇ ਸਿੱਟੇ ਵਜੋਂ ਜੀਵਨ, ਚੇਤਨਾ ਤੇ ਸਿਮਰਤੀ ਤੋਂ ਸੰਪੰਨ ਸਰੀਰ ਪੈਦਾ ਹੋਇਆ ਹੈ ਤੇ ਸਰੀਰ ਵਿਚ ਚੇਤਨਾ ਹੀ ਆਤਮਾ ਹੈ। ਇਸ ਤੋਂ ਅਲਗ ਇਸ ਸਰੀਰ ਵਿਚ ਪ੍ਰਵੇਸ਼ ਹੋਣ ਵਾਲੀ ਤੇ ਮਰਨ ਤੋਂ ਬਾਅਦ ਇਸ ਵਿਚੋਂ ਨਿਕਲ ਕੇ ਦੂਸਰੇ ਲੋਕ 'ਚ ਜਾਣ ਵਾਲੀ ਕੋਈ ਵਸਤੂ ਨਹੀਂ ਹੁੰਦੀ।

ਦੇਸੀ ਦਾਰੂ ਵਾਲੇ ਦਾ ਕੋਈ ਮਨਪਸੰਦ ਸੀਰੀਅਲ ਆ ਗਿਆ ਸੀ। ਉਹ ਰਤਾ ਕੁਰਸੀ ਪਰ੍ਹਾਂ ਕਰਕੇ ਉੱਚੀ ਅਵਾਜ਼ ਵਿਚ ਟੀ. ਵੀ. ਲਾ ਕੇ ਬੈਠ ਗਿਆ ਤਾਂ ਜੋ ਸਾਡੀਆਂ ਗੱਲਾਂ ਉਹਦੇ ਕੰਨਾਂ ਵਿਚ ਨਾ ਪੈਣ।

ਸਰ ਪੜ੍ਹਾ ਰਹੇ ਸਨ, "ਜੇ ਮਿਰਤੂ ਤੋਂ ਬਾਅਦ ਕਿਸੇ ਤਰ੍ਹਾਂ ਦਾ ਜੀਵਨ ਹੈ ਹੀ ਨਹੀਂ... ਫਿਰ ਸਰੀਰ ਵਿਚਲੀ ਚੇਤਨਾ ਤੋਂ ਬਿਨਾਂ ਕਿਸੇ ਹੋਰ ਆਤਮਾ ਦੀ ਧਾਰਨਾ... ਆਪਣੇ-ਆਪ ਰੱਦ ਹੋ ਜਾਂਦੀ ਹੈ... ਸਵਰਗ ਤੇ ਨਰਕ ਦੀ ਮਨੌਤ ਨਿਰੀ ਕਲਪਨਾ ਮਾਤਰ ਰਹਿ ਜਾਂਦੀ ਹੈ। ਤੇ ਫਿਰ ਨਾ ਕੋਈ ਮੋਕਸ਼... ਮੁਕਤੀ ਹੈ।"

"ਲੋਕਾਇਤ ਦਰਸ਼ਨ ਵੇਤਾ ਲੋਕਾਂ ਨੂੰ ਦੱਸਦੇ ਸਨ ਕਿ ਜਦ ਤਕ ਜੀਵਨ ਹੈ, ਤਦ ਤਕ ਆਦਮੀ ਨੂੰ ਸੁਖ ਪੂਰਵਕ ਰਹਿਣਾ ਚਾਹੀਦਾ ਹੈ... ਕਰਜ਼ਾ ਲੈ ਕੇ ਵੀ ਮਜ਼ੇ ਨਾਲ ਦੁੱਧ, ਘੀ ਖਾਣਾ ਚਾਹੀਦਾ ਹੈ।" ਸਰ ਨੇ ਦੱਸਿਆ ਸੀ ਕਿ ਇਹਨਾਂ ਗੱਲਾਂ ਵਿਚ ਲੋਕਾਂ ਦੀ ਭਲਾਈ ਸੀ। ਇਸ ਦਰਸ਼ਨ ਦਾ ਨਾਂ ਲੋਕਾਇਤ-ਆਮ ਲੋਕਾਂ ਦਾ ਦਰਸ਼ਨ ਪੈ ਗਿਆ ਸੀ।

ਸਰ ਨੇ ਹੱਸਦਿਆਂ ਕਿਹਾ ਸੀ ਕਿ ਲੋਕਾਇਤਾਂ ਦੀਆਂ ਗੱਲਾਂ ਨੂੰ ਲੋਕੀ ਸਮਝਣ ਲੱਗ ਪਏ ਸਨ। ਕਿ ਇਹ ਸਾਰਾ ਬ੍ਰਾਹਮਣਾਂ ਨੇ ਆਪਣੀ ਰੋਜ਼ੀ-ਰੋਟੀ ਲਈ ਬਣਾਇਆ ਪਾਖੰਡ ਹੈ, ਪ੍ਰਪੰਚ ਹੈ। ਬ੍ਰਾਹਮਣਾਂ ਦੀਆਂ ਗੱਲਾਂ ਲੋਕਾਂ ਨੂੰ ਚੰਗੀਆਂ ਲੱਗਣੋਂ ਹਟ ਗਈਆਂ ਸਨ। ... ਪਰ ਦੂਸਰੇ ਪਾਸੇ ਬ੍ਰਾਹਮਣ ਕਿਹੜਾ ਟਿਕ ਕੇ ਬੈਠਣ ਵਾਲੇ ਸਨ। ਉਹ ਲੋਕਾਇਤਾਂ ਦੀਆਂ ਗੱਲਾਂ ਨੂੰ ਚਰਮ, ਚਮੜੀ ਤੱਕ ਸੀਮਿਤ ਦੱਸਦੇ। ਕਿ ਇਹ ਚਰਮ-ਸੁਖ ਇੰਦਰੀ ਸੁਖ ਤੱਕ ਸੀਮਿਤ ਹਨ। ਬੱਸ ਖਾਣ-ਪਹਿਨਣ ਤੱਕ ਸੀਮਿਤ... ਇਹ ਕੇਵਲ ਘੱਟ ਸਮਝ ਵਾਲਿਆਂ ਲਈ ਹਨ। ਇਹਨਾਂ ਦੇ ਉੱਚੇ ਆਦਰਸ਼ ਤਾਂ ਕੀ ਕੋਈ ਆਦਰਸ਼ ਹੀ ਨਹੀਂ ਹਨ। ਉਹ ਕਹਿੰਦੇ ਕਿ ਭੌਤਿਕਵਾਦ ਨਿਰਾ ਪੇਟੂਪਣ... ਅੱਖਾਂ ਦੀ ਪਿਆਸ ਬੁਝਾਉਣਾ, ਮਨਮਾਨਾ ਇੰਦਰੀ ਭੋਗ ਕਰਨਾ... ਹੰਕਾਰ, ਤ੍ਰਿਸ਼ਨਾ, ਲੋਭ ਮੁਨਾਫਾ-ਖੋਰੀ ਦਾ ਨਾਮ ਹੈ।

ਬ੍ਰਾਹਮਣਾਂ ਨੇ ਇਸ ਦੇ ਨਾਲ ਮਹਾਂਭਾਰਤ ਦੀ ਇਕ ਕਥਾ ਜੋੜਦਿਆਂ... ਇਸ ਦਾ ਨਾਂ ਚਾਰਵਾਕਵਾਦ' ਰੱਖ ਦਿੱਤਾ। ਸਰ ਕਹਾਣੀ ਸੁਣਾਉਂਦੇ ਕਿ ਕੁਰੂਕਸ਼ੇਤਰ ਵਿਚ ਹੋਏ ਮਹਾਂਭਾਰਤ ਦੇ ਯੁੱਧ ਵਿਚ ਜਿੱਤ ਪ੍ਰਾਪਤ ਕਰਨ ਤੋਂ ਬਾਅਦ ਪਾਂਡਵ ਖੁਸ਼ੀ ਵਿਚ ਵਾਪਸ ਪਰਤ ਰਹੇ ਸਨ ਯੁਧਿਸ਼ਟਰ ਨੂੰ ਆਸ਼ੀਰਵਾਦ ਦੇਣ ਲਈ ਹਜ਼ਾਰਾਂ ਬ੍ਰਾਹਮਣ ਹਸਤਨਾਪੁਰ ਦੇ ਮੁੱਖ ਦਵਾਰ ਤੇ ਇਕੱਠੇ ਹੋਏ ਖੜ੍ਹੇ ਸਨ। ਉਹਨਾਂ ਵਿਚ ਚਾਰਵਾਕ ਵੀ ਸੀ। ਬ੍ਰਾਹਮਣ ਯੁਧਿਸ਼ਟਰ ਦੀ ਧੂੰਆਂਧਾਰ ਉਸਤਤ ਕਰੀ ਜਾ ਰਹੇ ਸਨ। ਇਨ੍ਹਾਂ ਬ੍ਰਾਹਮਣਾਂ ਦੀ ਪਰਵਾਹ ਨਾ ਕਰਦਿਆਂ ਚਾਰਵਾਕ ਅੱਗੇ ਵਧਿਆ ਅਤੇ ਯੁਧਿਸ਼ਟਰ ਨੂੰ ਸਿੱਧਾ ਸੰਬੋਧਨ ਕਰਦਿਆਂ ਬੋਲਿਆ, "ਆਪਣੇ ਹੀ ਰਿਸ਼ਤੇ-ਨਾਤੇਦਾਰਾਂ ਨੂੰ ਮੌਤ ਦੇ ਘਾਟ ਉਤਾਰਨ 'ਤੇ ਮੈਂ ਤੈਨੂੰ ਧਰਕਾਰਦਾ ਹਾਂ। ਅਸਲ ਵਿਚ ਤੂੰ ਜੋ ਕੁਝ ਪ੍ਰਾਪਤ ਕੀਤਾ ਉਹ ਆਪਣੇ ਗੁਰੂ, ਭਾਈ, ਭਤੀਜਿਆਂ ਤੇ ਨਜ਼ਦੀਕੀ ਰਿਸ਼ਤੇਦਾਰਾਂ ਦਾ ਨਾਸ਼ ਕਰਕੇ ਪ੍ਰਾਪਤ ਕੀਤਾ ਹੈ। ਤੈਨੂੰ ਤਾਂ ਸ਼ਰਮ ਨਾਲ ਮਰ ਜਾਣਾ ਚਾਹੀਦਾ ਹੈ।"

"ਚਾਰਵਾਕ ਦੀ ਇਸ ਤਰ੍ਹਾਂ ਦੀ ਘੋਸ਼ਣਾ ਸੁਣ ਕੇ ਬ੍ਰਾਹਮਣ ਹੈਰਾਨ ਰਹਿ ਗਏ। ਯੁਧਿਸ਼ਟਰ ਦਾ ਜਿੱਤ ਦਾ ਹੰਕਾਰ ਚਕਨਾਚੂਰ ਹੋ ਗਿਆ। ਉਹ ਆਤਮ ਹੱਤਿਆ ਕਰਨ ਦਾ ਮਨ ਬਣਾਉਣ ਲੱਗਿਆ। ਪਰ ਇਸ ਸਮੇਂ ਬ੍ਰਾਹਮਣਾਂ ਨੂੰ ਫੁਰਨਾ ਫੁਰਿਆ। ਉਨ੍ਹਾਂ ਨੇ ਯੁਧਿਸ਼ਟਰ ਨੂੰ ਭਰੋਸਾ ਦਿੱਤਾ ਕਿ ਉਹਨੂੰ ਚਾਰਵਾਕ ਦੇ ਆਖੇ ਹੋਏ ਨੂੰ ਗੰਭੀਰਤਾ ਨਾਲ ਨਹੀਂ ਲੈਣਾ ਚਾਹੀਦਾ। ਕਿਉਂਕਿ ਚਾਰਵਾਕ ਉਨ੍ਹਾਂ ਦਾ ਸੱਚਾ ਸ਼ਰਧਾਵਾਨ ਹੋਣ ਦੀ ਥਾਂ ਅਸਲ ਵਿਚ ਬ੍ਰਾਹਮਣ ਦਾ ਰੂਪ ਧਾਰਨ ਕੀਤੇ ਹੋਏ ਅਸੁਰ ਰਾਖਸ਼, ਦੈਂਤ ਹੈ, ਉਹ ਦੁਰਯੋਧਨ ਦਾ ਮਿੱਤਰ ਤੇ ਸਹਿਯੋਗੀ ਰਿਹਾ ਹੈ। ਉਨ੍ਹਾਂ ਨੇ ਸਮਰਾਟ ਯੁਧਿਸ਼ਟਰ ਨੂੰ ਵਿਸ਼ਵਾਸ ਦਵਾਇਆ ਕਿ ਸੱਚੇ ਬ੍ਰਾਹਮਣਾਂ ਦੇ ਹਿਰਦੇ ਉਨ੍ਹਾਂ ਦੀ ਗੌਰਵਸ਼ਾਲੀ ਜਿੱਤ ਦੀ ਖੁਸ਼ੀ ਨਾਲ ਭਰੇ ਪਏ ਹਨ। ... ਤੇ ਉਨ੍ਹਾਂ ਨੇ ਚਾਰਵਾਕ ਨੂੰ ਜਲਾ ਕੇ ਰਾਖ ਕਰ ਦਿੱਤਾ।



ਸਮਰਾਟ ਯੁਧਿਸ਼ਟਰ ਨੇ ਬ੍ਰਾਹਮਣਾਂ ਦਾ ਧੰਨਵਾਦ ਕੀਤਾ। ਤੇ ਉਨ੍ਹਾਂ ਨੂੰ ਮੂੰਹ ਮੰਗਿਆ ਦਾਨ ਦੇ ਕੇ ਵਿਦਾ ਕੀਤਾ।"

ਵਿਦਿਆਰਥੀਆਂ ਨੂੰ ਸਰ ਦੀ ਪੂਰੀ ਗੱਲ ਸਮਝ ਆਈ ਜਾਂ ਨਹੀਂ ਆਈ। ਪਰ ਉਨ੍ਹਾਂ ਨੇ ਮੱਥੇ ਤੇ ਆਈ ਤ੍ਰੇਲੀ ਪੂੰਝਦਿਆ ਕਿਹਾ ਕਿ ਬ੍ਰਾਹਮਣਾਂ ਨੇ ਲੋਕਾਇਤ ਨੂੰ 'ਚਾਰਵਾਕਵਾਦ' 'ਦੈਂਤਵਾਦ' ਕਹਿਣਾ ਸ਼ੁਰੂ ਕਰ ਦਿੱਤਾ ਸੀ। ਜਿਸਦੇ ਨਾਲ ਉਨ੍ਹਾਂ ਨੇ ਦੈਂਤਾਂ ਤੇ ਦੇਵਤਿਆਂ ਦੀ ਇਕ ਹੋਰ ਕਹਾਣੀ ਜੋੜ ਲਈ। ਕਿ ਦੈਂਤ ਜਿੱਤਦੇ ਹੀ ਜਾ ਰਹੇ ਸਨ, ਦੇਵਤਿਆਂ ਕੋਲੋਂ ਹਾਰਦੇ ਨਹੀਂ ਸਨ। ਦੇਵਤੇ ਇਕੱਠੇ ਹੋ ਕੇ ਦੈਂਤਾਂ ਤੇ ਦੇਵਤਿਆਂ ਦੇ ਗੁਰੂ ਬ੍ਰਹਿਸਪਤ ਕੋਲ ਗਏ। ਗੁਰੂ ਬ੍ਰਹਿਸਪਤ ਨੇ ਦੈਂਤਾਂ ਨੂੰ ਭੌਤਿਕਵਾਦ, ਚਾਰਵਾਕਵਾਦ ਸਿਖਾਇਆ। ਦੈਂਤਾਂ ਦਾ ਆਤਮਾ, ਪਰਮਾਤਮਾ ਵਿਚੋਂ ਵਿਸ਼ਵਾਸ ਜਾਂਦਾ ਰਿਹਾ। ਉਹ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਦੀਆਂ ਦਿੱਤੀਆਂ ਸ਼ਕਤੀਆਂ ਤੋਂ ਹੀਣ, ਹੋ ਗਏ ਤੇ ਸ਼ਕਤੀਹੀਨ ਦੈਂਤਾਂ ਨੂੰ ਦੇਵਤਿਆਂ ਨੇ ਯੁੱਧ ਵਿਚ ਹਰਾ ਦਿੱਤਾ ਸੀ।

ਅਰਵਿੰਦਰ ਆਰੀਆ ਸਰ ਨੇ ਅਫਸੋਸ ਜਿਹਾ ਜ਼ਾਹਰ ਕਰਦਿਆਂ ਦੱਸਿਆ ਸੀ ਕਿ ਇੰਦਰ ਪ੍ਰਸਥ ਨਗਰ ਵਿਚ ਬ੍ਰਾਹਮਣਾਂ ਦੁਆਰਾ ਚਾਰਵਾਕ ਨੂੰ ਜਲਾ ਕੇ ਮਾਰੇ ਜਾਣ ਤੇ... ਜੰਗਲ ਵਿਚ ਚਾਰਵਾਕ ਦੇ ਅਨੁਯਾਈਆਂ ਦੀ ਸਭਾ ਬੁਲਾਈ ਗਈ ਤੇ ਸੋਗ ਪ੍ਰਸਤਾਵ ਪੇਸ਼ ਕੀਤਾ ਗਿਆ' ਤੇ ਚਾਰਵਾਕ ਦੇ ਮਿਸ਼ਨ ਨੂੰ ਜਾਰੀ ਰੱਖਣ ਦਾ ਪ੍ਰਣ ਕੀਤਾ ਗਿਆ। ਸੱਤਵੀਂ, ਛੇਵੀਂ ਈਸਵੀ ਪੂਰਵ ਚਾਰਵਾਕ ਦੇ ਅਨੁਯਾਈਆਂ ਪੂਰਣ ਕਸਯੱਪ, ਅਜਿੱਤ, ਕੇਸ ਕੰਬਲਿਨ, ਵੇਲਟਿਨਪੁਲ ਆਦਿ ਦੇ ਚਾਰਵਾਕ ਦਰਸ਼ਨ ਤੇ ਸਿੱਖਿਆਵਾਂ ਨੂੰ ਲੋਕਾਂ ਵਿਚ ਪ੍ਰਚਾਰਨ ਤੇ ਪ੍ਰਸਾਰਨ ਦਾ ਕੰਮ ਜਾਰੀ ਰੱਖਿਆ ਪਰ ਉਹ ਲੋਕਾਂ ਨੂੰ ਆਪਣੇ ਵਿਚਾਰਾਂ ਨਾਲ ਕਾਇਲ ਕਰਨ ਦੇ ਬਾਵਜੂਦ ਉਹਨਾਂ ਅੱਗੇ ਕੋਈ ਵੱਖਰੀ ਜੀਵਨ ਜਾਚ ਪੇਸ਼ ਨਹੀਂ ਕਰ ਸਕੇ। ... ਜਦਕਿ ਤਥਾਗਤ ਬੁੱਧ ਅਤੇ ਉਹਦੇ ਭਿਕਸ਼ੂਆਂ ਨੇ ਆਪਣੇ ਵੱਖਰੇ-ਵੱਖਰੇ ਵਿਚਾਰਾਂ ਦੇ ਨਾਲ ਵੱਖਰੀ ਜੀਵਨ ਸ਼ੈਲੀ ਅਪਣਾਈ.... ਤੇ ਲੋਕਾਂ ਨੇ ਖੁਸ਼ੀ ਖੁਸ਼ੀ ਬੁੱਧ ਧਰਮ ਨੂੰ ਅਪਣਾਉਣਾ ਸ਼ੁਰੂ ਕਰ ਦਿੱਤਾ ਸੀ।

ਅਰਵਿੰਦਰ ਆਰੀਆ ਸਰ ਦੱਸ ਰਹੇ ਸਨ ਕਿ ਬੁੱਧ ਧਰਮ ਨੂੰ ਸਭ ਤੋਂ ਪਹਿਲਾਂ ਜਨ ਪਦਾਂ ਦੇ ਲੋਕਾਂ ਨੇ ਅਪਣਾਇਆ। ਕਪਿਲਵਸਤੂ ਦੇ ਸ਼ਾਕਯ, ਤਿਲੰਗ ਤੇ ਸੁੰਮਸਗਿਰੀ ਦੇ ਭੱਗ, ਐਲਕੱਪ ਦੇ ਬੁਲੀ, ਕੇਸਪੁਤ ਦੇ ਕਾਲਾਮ, ਰਾਮ ਗਾਮ ਦੇ ਕੋਲਮ, ਪਾਵਾ ਤੇ ਕੁਸ਼ੀਨਾਗ ਦੇ ਮੱਲ, ਤੇ ਵੈਸ਼ਾਲੀ ਦੇ ਲਿਛਵੀ ਕਬੀਲਿਆਂ ਦੇ ਨਾਗਰਿਕ ਬੁੱਧ ਧਰਮ ਦੇ ਅਨੁਯਾਈ ਬਣ ਗਏ ਸਨ। ਇਨ੍ਹਾਂ ਕਬੀਲਿਆਂ ਦਾ ਸ਼ਾਸਨ ਪ੍ਰਬੰਧ ਬਜ਼ੁਰਗਾਂ ਦੀ ਸਮਿਤੀ ਤੇ ਨਾਗਰਿਕਾਂ ਦੀ ਸਭਾ ਦੁਆਰਾ ਚਲਾਇਆ ਜਾਂਦਾ ਸੀ। ਤਥਾਗਤ ਬੁੱਧ ਦੁਆਰਾ ਜਨ-ਪਦਾਂ ਦੀਆਂ ਸਮਿਤੀਆਂ ਤੇ ਸਭਾਵਾਂ ਦੀ ਤਰਜ਼ 'ਤੇ ਹੀ ਬੋਧ ਮੱਠਾਂ ਦਾ ਸੰਚਾਲਨ ਵੱਖਰੇ-ਵੱਖਰੇ ਸੰਘਾਂ ਦੁਆਰਾ ਕੀਤਾ ਜਾਂਦਾ ਸੀ। ਜਿਨ੍ਹਾਂ ਵਿਚ ਬੋਧ ਭਿਕਸ਼ੂਆਂ ਦੀ ਹੀ ਨਹੀਂ ਬੁੱਧ ਧਰਮ ਨੂੰ ਅਪਣਾਉਣ ਵਾਲੇ ਨਾਗਰਿਕਾਂ ਦੀ ਵੀ ਬਰਾਬਰ ਦੀ ਸਮੂਲੀਅਤ ਹੁੰਦੀ ਸੀ।

ਅਰਵਿੰਦਰ ਆਰੀਆ ਸਰ ਨੇ ਉਸ ਵੇਲੇ ਦੀ ਸਮਾਜਿਕ ਅਵਸਥਾ ਬਾਰੇ ਦੱਸਿਆ ਸੀ ਕਿ ਭਾਵੇਂ ਵੱਖ ਵੱਖ ਪੰਥ ਕੁਲ ਗਣ ਹੋ ਗਏ ਸਨ ਪਰ ਬੁੱਧ ਧਰਮ ਦੇ ਸੱਧੀ ਤੇ ਜਨਤੰਤਰੀ ਢਾਂਚੇ

ਕਰਕੇ ਵਰਣ ਪ੍ਰਣਾਲੀ ਸਖ਼ਤ ਨਹੀਂ ਹੋਈ ਸੀ। ਜੁਲਾਹੇ ਤੇ ਧਨੁਖਧਾਰੀ ਨੂੰ ਖੇਤੀ ਕਰਦੇ ਤੇ ਬ੍ਰਾਹਮਣ ਨੂੰ ਵਪਾਰ ਜਾਂ ਪਸ਼ੂ ਪਾਲਣ ਦਾ ਪੇਸ਼ਾ ਕਰਦੇ ਦੇਖਿਆ ਜਾ ਸਕਦਾ ਸੀ। ਪ੍ਰਮੁੱਖ ਕਿੱਤਾ ਖੇਤੀ ਸੀ ਪਰੰਤੂ ਅਨੇਕ ਸ਼ਿਲਪੀ ਉੱਠ ਖੜੇ ਹੋਏ ਸਨ। ਗ੍ਰਹਿ ਨਿਰਮਾਣ, ਚਰਮ ਕਰਮ, ਧਾਤੂ ਕਰਮ ਦਾ ਵਿਸ਼ੇਸ਼ ਉਲੇਖ ਮਿਲਦਾ ਹੈ। ਇਨ੍ਹਾਂ ਤੋਂ ਇਲਾਵਾ ਕੁਮਹਾਰ ਜੁਲਾਹਾ, ਹਾਥੀ ਦੰਦ ਦਾ ਕੰਮ, ਗਹਿਣੇ ਬਣਾਉਣ ... ਵਾਲਿਆਂ ਦੀ ਵੀ ਕਮੀ ਨਹੀਂ ਸੀ।

ਵਰਣ ਵਿਵਸਥਾ ਅਨੁਸਾਰ ਹੀਣ ਸ਼ਿਲਪਾਂ ਦਾ ਵੀ ਜ਼ਿਕਰ ਮਿਲਦਾ ਹੈ। ਚਮੜੇ ਦਾ ਕੰਮ, ਮਛਲੀ ਪਕੜਨਾ, ਨਾਟਕਕਾਰ, ਨ੍ਰਿਤਯ ਅਭਿਨਯ, ਸਪੇਰੇ ਦਾ ਕੰਮ, ਚਿਕਿਤਸਕ ਇਨ੍ਹਾਂ ਕੰਮਾਂ ਵਾਲਿਆਂ ਨੂੰ ਨੀਚ ਬਿਰਤੀ ਸਮਝਦੇ ਸਨ।

ਬੁੱਧ ਕਾਲ ਵਿਚ ਕੋਸੰਬੀ, ਆਵੰਤੀ, ਕੋਸ਼ਲ ਤੇ ਮਗਧ, ਦੇ ਚਾਰ ਰਾਜਾਂ ਵਿਚ ਨਿਰੰਕੁਸ਼ ਰਾਜਿਆਂ ਰਾਹੀਂ ਸ਼ਾਸਿਤ ਰਾਜ ਤੰਤਰ ਸੀ। ਇਨ੍ਹਾਂ ਰਾਜਿਆਂ ਨੇ ਪ੍ਰਸਾਰ ਨੀਤੀ ਅਨੁਸਾਰ ਗੁਆਂਢੀ ਰਾਜਾਂ ਦੀ ਭੂਮੀ 'ਤੇ ਅਧਿਕਾਰ ਕਰਨਾ ਆਰੰਭ ਕਰ ਦਿੱਤਾ ਸੀ। ਜਿਸਦੇ ਅੰਤ ਵਿਚ ਬਿੰਬਸਾਰ ਦੇ ਕਾਰਜ-ਕਾਲ ਵਿਚ ਮਗਧ ਦੇ ਇਕੱਲੇ ਸ਼ਕਤੀਸ਼ਾਲੀ ਸਾਮਰਾਜ ਦਾ ਉਦੈ ਹੋਇਆ ਸੀ।

ਉੱਤਰ ਭਾਰਤ ਦੇ ਮੱਧ ਵਿਚ ਕੋਸਲ ਰਾਜ ਦਾ ਉਦੈ ਬੁੱਧ ਕਾਲ ਦੀ ਇਕ ਮਹੱਤਵਪੂਰਨ ਘਟਨਾ ਸੀ। ਕੰਸ ਦੇ ਸਮੇਂ ਹੀ ਕਾਸ਼ੀ ਤੇ ਕੋਸ਼ਲ ਵਿਚ ਲੰਬੇ ਸੰਘਰਸ਼ ਤੋਂ ਬਾਅਦ ਕਾਸ਼ੀ, ਕੋਸਲ ਰਾਜ ਵਿਚ ਸਮਾ ਗਿਆ ਸੀ। ਇਹ ਕੰਸ ਬੁੱਧ ਦੇ ਸਮਕਾਲੀ ਰਾਜੇ ਪ੍ਰਸੇਨਜਿਤ ਦਾ ਪੂਰਵਜ ਸੀ। ਪ੍ਰਸੇਨਜਿਤ ਪੰਜ ਰਾਜਿਆਂ ਦੇ ਦਲ ਦਾ ਪ੍ਰਧਾਨ ਸੀ। ਹੋਰ ਰਾਜਿਆਂ ਦੇ ਨਾਲ ਨਾਲ ਪ੍ਰਸੇਨਜਿਤ ਨੇ ਵੀ ਬੁੱਧ ਧਰਮ ਗ੍ਰਹਿਣ ਕਰ ਲਿਆ ਸੀ। ਅਰਵਿੰਦਰ ਆਰੀਆ ਸਰ ਪ੍ਰਸੇਨਜਿਤ ਦੇ ਬੁੱਧ ਧਰਮ ਗ੍ਰਹਿਣ ਕਰਨ ਦੀ ਕਹਾਣੀ ਸੁਣਾਇਆ ਕਰਦੇ ਸਨ।

ਪ੍ਰਸੇਨਜਿਤ ਇਹ ਪਤਾ ਲਗਦਿਆਂ ਹੀ ਕਿ ਤਥਾਗਤ ਬੁੱਧ ਆ ਰਹੇ ਹਨ, ਕੋਸਲ ਦੀ ਰਾਜਧਾਨੀ ਸਰਾਵਸਤੀ ਦੇ ਬੋਧ ਵਿਹਾਰ ਵਿਚ ਪਹੁੰਚ ਗਿਆ ਸੀ। ਰਾਜੇ ਨੇ ਦੇਖਿਆ ਕਿ ਆਮ ਨਾਗਰਿਕਾਂ ਨੂੰ ਵੀ ਬੋਧ ਭਿਕਸ਼ੂ ਮਿਲ ਰਹੇ ਸਨ... ਪਰ ਰਾਜੇ ਵੱਲ ਕਿਸੇ ਨੇ ਧਿਆਨ ਨਾ ਦਿੱਤਾ। ਤਦ ਰਾਜਾ ਆਪ ਚੱਲਕੇ ਲਕੜੀਆਂ ਪਾੜ ਰਹੇ ਭਿਕਸ਼ੂ ਕੋਲ ਗਿਆ। ਤੇ ਬੋਧ ਵਿਹਾਰ ਦੇ ਮੁਖੀ ਬਾਰੇ ਪੁੱਛਿਆ।

ਭਿਕਸ਼ੂ ਨੇ ਇਸ਼ਾਰਾ ਕਰਕੇ ਦੱਸਿਆ ਕਿ ਧਰਮ ਦੀਖਸ਼ਤ ਹੋਰ ਭਿਕਸ਼ੂਆਂ ਨਾਲ ਝਾੜੂ ਲਾ ਰਹੇ ਹਨ। ਰਾਜੇ ਨੇ ਅਚੰਭਿਤ ਹੁੰਦਿਆਂ ਸਵਾਲ ਕੀਤਾ।

"ਉਹ ਜਿਹੜੇ ਕਾਲੇ ਜਹੇ ਹਨ?"

"ਉਹ ਕਾਲੇ ਜਿਹੇ ਸਾਡੇ ਵਿਚੋਂ ਸਭ ਤੋਂ ਗਿਆਨਵਾਨ ਸਭ ਤੋਂ ਸ੍ਰੇਸ਼ਠ ਹਨ। ਉਹ ਚੰਡਾਲ ਕੁਲ ਵਿਚੋਂ ਹਨ। ਸੰਘ ਵਿਚ ਇਸਤਰੀ, ਪੁਰਸ਼, ਬ੍ਰਾਹਮਣ ਤੋਂ ਲੈ ਕੇ ਚੰਡਾਲ ਜਾਤੀ ਤੱਕ ਸਭ ਬਰਾਬਰ ਹਨ। ਧਰਮ ਦੀਕਸ਼ਤ ਆਪਣੀ ਵਿਦਿਆ ਤੇ ਗੁਣਾਂ ਕਰਕੇ ਸਾਰੇ ਕੋਸ਼ਲ ਰਾਜ ਦੇ ਭਿਕਸ਼ੂ ਸੰਘ ਦੇ ਨਾਇਕ ਨੇ। ...ਜੇ ਕਿਸੇ ਦਿਨ ਭਿਖਿਆ ਦਾ ਅੰਨ ਬਹੁਤ ਥੋੜਾ ਵੀ ਹੋਵੇ ... ਤਾਂ ਵੀ ਨਾਰੀਆਂ ਵਿਚ ਵੰਡ ਕੇ ਖਾਂਦੇ ਹਨ।"



ਭਿਕਸ਼ੂ ਨੇ ਅਚੰਭਿਤ ਹੁੰਦੇ ਜਾ ਰਹੇ ਰਾਜੇ ਨੂੰ ਹੋਰ ਦੱਸਿਆ ਕਿ ਭਿਕਸ਼ੂਆਂ ਦੇ ਤਿੰਨ ਕਪੜੇ ਤੇ ਭਿਕਸ਼ਾ ਮੰਗਣ ਵਾਲੇ ਮਿੱਟੀ ਦੇ ਬਰਤਨ ਆਪਣੀ ਮਲਕੀਅਤ ਹਨ। ਇਸ ਤੋਂ ਬਿਨਾਂ ਸਭ ਕੁਝ ਸੰਘ ਦਾ ਹੈ। ਬੋਧ ਵਿਹਾਰ ਦੇ ਨਾਂ ਜਿਹੜੀ ਜ਼ਮੀਨ ਹੈ, ਉਸ ਵਿਚ ਭਿਕਸ਼ੂ ਖੇਤੀ ਕਰਦੇ ਹਨ, ਉਹ ਜ਼ਮੀਨ ਵੀ ਸੰਘ ਦੀ ਜਾਇਦਾਦ ਹੈ। ਭਿਕਸ਼ੂ ਦੀਆਂ ਗੱਲਾਂ ਸੁਣਕੇ ਰਾਜਾ ਬਹੁਤ ਪ੍ਰਭਾਵਿਤ ਹੋਇਆ। ਉਹ ਸੰਘ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨਾ ਚਾਹੁੰਦਾ ਸੀ। ਭਿਕਸ਼ੂ ਲੱਕੜੀਆਂ ਪਾੜਨੀਆਂ ਛੱਡ ਕੇ ਇਕ ਪਾਸੇ ਬਹਿ ਕੇ ਰਾਜੇ ਨੂੰ ਦੱਸਣ ਲੱਗਿਆ ਕਿ ਸੰਘ ਦੀ ਬੁਨਿਆਦ ਕਪਿਲ ਵਸਤੂ, ਵਿਚ ਚੱਲਦੇ ਸ਼ਾਸ਼ਨ ਪ੍ਰਬੰਧ ਦੇ ਆਧਾਰ 'ਤੇ ਰੱਖੀ ਗਈ ਹੈ। ਤੇ ਭਿਕਸ਼ੂ ਰਾਜੇ ਨੂੰ ਕਪਿਲ ਵਸਤੂ ਵਿਚ ਚਲ ਰਹੀਆਂ ਸਮਿਤੀਆਂ ਦੀ ਕਾਰਗੁਜ਼ਾਰੀ ਬਾਰੇ ਦੱਸਣ ਲੱਗਿਆ–

ਕਿ ਸ਼ਾਕਿਆ ਗਣ ਦਾ ਪ੍ਰਧਾਨ ਸ਼ਕਤੀਹੀਣ ਹੁੰਦਾ ਹੈ, ਪਰ ਕਹਾਉਂਦਾ 'ਰਾਜਾ' ਹੀ ਹੈ। ਪਹਿਲਾਂ ਬੁੱਧ ਦਾ ਪਿਤਾ ਸੁਧੋਧਨ ਰਾਜਾ ਸੀ। ਉਸਦੀ ਮੌਤ ਤੋਂ ਬਾਅਦ ਬਜ਼ੁਰਗਾਂ ਦੀ ਸਮਿਤੀ ਨੇ ਨਵੇਂ ਰਾਜੇ ਦੀ ਚੋਣ ਕਰਨੀ ਸੀ। ਬਜ਼ੁਰਗਾਂ ਦੀ ਸਮਿਤੀ ਨੇ ਬੁੱਧ ਦੇ ਚਚੇਰੇ ਭਰਾ ਭਦੀਯ ਨੂੰ ਰਾਜ-ਪ੍ਰਬੰਧ ਚਲਾਉਣ ਲਈ ਚੁਣਿਆ।' ਰਾਜੇ ਦੇ ਚੁਣੇ ਜਾਣ ਤੇ ਸ਼ਕਤੀਹੀਣ ਹੋਣ ਦੀ ਗੱਲ ਕੋਸ਼ਲ ਨਰੇਸ਼ ਪ੍ਰਸੇਨਜਿਤ ਬੜੇ ਧਿਆਨ ਨਾਲ ਸੁਣ ਰਿਹਾ ਸੀ।

ਭਿਕਸ਼ੂ ਨੇ ਅੱਗੇ ਦੱਸਿਆ ਕਿ ਉਸ ਤੋਂ ਬਾਦ ਆਮ ਨਾਗਰਿਕਾਂ ਦੀ ਸਮਿਤੀ ਦਾ ਅਧਿਵੇਸ਼ਨ ਸੰਸਥਾਗਾਰ ਵਿਚ ਬੁਲਾਇਆ ਗਿਆ। ਜਿਸ ਵਿਚ ਯੁਵਾ ਤੇ ਬਿਰਧ, ਗਰੀਬ ਤੇ ਅਮੀਰ ਸਭ ਸ਼ਾਮਿਲ ਹੋਏ।

ਅਧਿਵੇਸ਼ਨ ਵਿਚ ਬੈਠਣ ਦਾ ਪ੍ਰਬੰਧ ਵਿਸ਼ਿਸ਼ਟ ਅਧਿਕਾਰੀ ਜਿਸਨੂੰ ਪਾਲੀ ਭਾਸ਼ਾ ਵਿਚ 'ਆਸ਼ ਪ੍ਰਗਿਆਪਕਾ' ਕਹਿੰਦੇ ਸਨ ਨੇ ਕੀਤਾ। ਅਧਿਵੇਸ਼ਨ ਦੀ ਪ੍ਰਧਾਨਗੀ ਰਾਜਾ ਆਪ ਨਹੀਂ ਸੀ ਕਰਦਾ ਸਗੋਂ ਵਿਨਯਧਰ (ਪ੍ਰਧਾਨ) ਕਰਦਾ ਸੀ।

ਮੰਤਰਣਾ ਆਰੰਭ ਕਰਨ ਤੋਂ ਪਹਿਲਾਂ ਗਣਪੂਰਕ ਨੇ ਸਦੱਸਿਆਂ ਦੀ ਗਿਣਤੀ ਕੀਤੀ। ਕੋਰਮ ਪੂਰਾ ਹੋਣ ਦੀ ਨਿਸ਼ਚਿਤ ਗਿਣਤੀ ਜ਼ਰੂਰੀ ਸੀ। ਪਰ ਸਦੱਸਿਆਂ ਵਿਚ ਵਿਨਯਧਰ (ਪ੍ਰਧਾਨ) ਦੀ ਗਿਣਤੀ ਨਹੀਂ ਕੀਤੀ ਜਾਂਦੀ ਸੀ।

ਵਿਨਯਧਰ ਨੇ ਉੱਚੀ ਆਵਾਜ਼ ਵਿਚ ਕਿਹਾ ਸੀ ਕਿ ਅੱਜ ਦੇ ਅਧਿਵੇਸ਼ਨ ਵਿਚ ਰਾਜੇ ਦੀ ਚੋਣ ਤੇ ਹੀ ਵਾਦ-ਵਿਵਾਦ ਹੋਵੇਗਾ। ਬਾਕੀ ਸਾਰੇ ਪ੍ਰਸਤਾਵਾਂ 'ਤੇ ਵਾਦ-ਵਿਵਾਦ ਰੋਕ ਦਿੱਤਾ ਗਿਆ ਹੈ।

ਅਧਿਵੇਸ਼ਨ ਵਿਚ ਬਜ਼ੁਰਗਾਂ ਦੀ ਸਮਿਤੀ ਨੇ ਰਾਜੇ ਦੀ ਪਦਵੀ ਲਈ ਭਦੀਯ ਦੇ ਨਾਂ ਦਾ ਪ੍ਰਸਤਾਵ ਪੇਸ਼ ਕੀਤਾ ਚਾਰੇ ਪਾਸੇ ਚੁਪ ਛਾ ਗਈ। ਪ੍ਰਸਤਾਵ 'ਤੇ ਮੌਨ ਰਹਿਣ ਨੂੰ ਸਵੀਕ੍ਰਿਤੀ ਸਮਝ ਲਿਆ ਜਾਂਦਾ ਸੀ। ਵਿਨਯਧਰ ਨੇ ਭਦੀਯ ਦੀ ਰਾਜੇ ਵਜੋਂ ਚੋਣ ਦਾ ਪ੍ਰਸਤਾਵ ਸਰਵ ਸੰਮਤੀ ਨਾਲ ਪਾਸ ਹੋਇਆ ਐਲਾਨ ਕਰ ਦਿੱਤਾ ਸੀ।

ਰਾਜੇ ਨੇ ਭਿਕਸ਼ੂ ਨੂੰ ਪੁਛਿਆ ਕਿ ਜੇ ਰਾਜੇ ਦੀ ਚੋਣ ਦਾ ਪ੍ਰਸਤਾਵ ਸਰਵ ਸੰਮਤੀ ਨਾਲ ਪਾਸ ਨਾ ਹੁੰਦਾ... ਫੇਰ ਕੀ ਹੋਣਾ ਸੀ?

"ਪ੍ਰਸਤਾਵ ਦੇ ਪੇਸ਼ ਹੋਣ 'ਤੇ ਜੇ ਸਰਵ ਸੰਮਤੀ ਨਾ ਬਣਦੀ।" ਭਿਕਸ਼ੂ ਨੇ ਦੱਸਿਆ "ਤਾਂ ਪ੍ਰਸਤਾਵ ਦੇ ਪਾਸ ਹੋਣ ਜਾਂ ਨਾ ਪਾਸ ਹੋਣ ਸੰਬੰਧੀ ਫੈਸਲਾ ਛੰਦ (ਵੋਟਾਂ) ਨਾਲ ਹੋਣਾ ਸੀ।"

ਭਿਕਸ਼ੂ ਨੇ ਰਾਜੇ ਨੂੰ ਦੱਸਿਆ ਸੀ, "ਵੋਟਾਂ ਗਿਣਨ ਵਾਲੇ ਅਧਿਕਾਰੀ ਨੂੰ ਗਾਹਾਪਕ ਕਹਿੰਦੇ ਹਨ। ਉਹ ਬਰਾਬਰ ਗਿਣਤੀ ਦੀਆਂ ਲਾਲ ਤੇ ਕਾਲੀਆ ਸਲਾਕਾਂ (ਸੀਖਾਂ) ਲੈ ਕੇ ਕੱਲੇ ਕੱਲੇ ਸਦੱਸਿਆਂ ਕੋਲ ਜਾਂਦਾ ਹੈ। ਜਿਹੜਾ ਸਦੱਸਿਆਂ ਪ੍ਰਸਤਾਵ ਦੇ ਹੱਕ ਵਿਚ ਹੋਵੇ, ਉਹ ਲਾਲ ਸਲਾਕ ਚੁੱਕਦਾ ਹੈ, ਤੇ ਜਿਸਨੇ ਵਿਰੋਧ ਵਿਚ ਵੋਟ ਪਾਉਣੀ ਹੋਵੇ ਉਹ ਕਾਲੀ ਸਲਾਕ ਚੁੱਕਦਾ ਹੈ। ਬਾਦ ਵਿਚ ਉਹ ਬਾਕੀ ਬਚਦੀਆਂ ਸਲਾਕਾ ਦੀ ਗਿਣਤੀ ਕਰਦਾ ਹੈ। ਜੇ ਲਾਲ ਸਲਾਕਾਂ ਘੱਟ ਬਚਣ ਇਸ ਦਾ ਮਤਲਬ ਹੋਇਆ-ਲਾਲ ਸਲਾਕਾਂ ਵੱਧ ਚੁੱਕੀਆਂ ਪਸਤਾਵ ਪਾਸ ਹੋ ਗਿਆ ਜੇ ਕਾਲੀਆਂ ਸਲਾਕਾਂ ਘੱਟ ਬਚਣ ਤਾਂ ਇਸ ਦਾ ਭਾਵ ਹੈ ਕਿ ਕਾਲੀਆਂ ਸਲਾਕਾਂ ਵੱਧ ਚੁੱਕੀਆਂ ਗਈਆਂ। ਸਦੱਸਿਆਂ ਨੇ ਵੋਟਾਂ ਰਾਹੀ ਪ੍ਰਸਤਾਵ ਰੱਦ ਕੀਤਾ ਸਮਝ ਲਿਆ ਜਾਂਦਾ ਹੈ।" ਭਿਕਸ਼ੂ ਨੇ ਇਸ ਦੇ ਬਾਰੇ ਕੁੱਝ ਹੋਰ ਗੱਲਾਂ ਦੱਸੀਆਂ-

"ਮਤਾਧਿਕਾਰ (ਮਤਾਧਿਕਾਰ) ਵੋਟਾਂ ਪਾਉਣ ਲਈ ਸਭ ਨਾਗਰਿਕ ਸੁਤੰਤਰ ਹਨ। ਇਕ ਵਾਰ ਇਕ ਪ੍ਰਸ਼ਨ ਤੇ ਵਿਚਾਰ ਹੋਣ ਤੋਂ ਬਾਅਦ ਫੇਰ ਉਸ 'ਤੇ ਵਿਚਾਰ ਨਹੀਂ ਕੀਤਾ ਜਾਂਦਾ। ਲੇਖਕ ਅਧਿਵੇਸ਼ਨ ਦਾ ਰਿਕਾਰਡ ਸੁਰੱਖਿਅਤ ਰੱਖਦਾ ਹੈ।

ਇਸ ਪ੍ਰਕਾਰ ਇਹ ਕਾਰਜ ਕਰਮ ਜਨ-ਤੰਤਰੀਆ ਹੈ।" ਰਾਜਾ ਸਮਿਤੀਆਂ ਦੀ ਕਾਰਵਾਈ ਬਾਰੇ ਹੋਰ ਪ੍ਰਸ਼ਨ ਪੁੱਛਣਾ ਚਾਹੁੰਦਾ ਸੀ। ਉਹਨੂੰ ਤਥਾਗਤ ਦੇ ਆਉਣ ਦਾ ਪਤਾ ਲੱਗਿਆ।

ਰਾਜਾ ਪ੍ਰਸੇਨਜਿਤ ਗੁੱਸੇ ਨਾਲ ਤੇਲੀਓ-ਤੇਲੀ ਹੋਣ ਲੱਗਿਆ। ਉਹਦੇ ਰਾਜ ਦਰਬਾਰ ਵਿਚ ਵੱਡੇ ਵੱਡੇ ਰਿਸ਼ੀ ਬ੍ਰਾਹਮਣ, ਪੁਜਾਰੀ ਆਉਂਦੇ ਸਨ। ਉਹ ਉਨ੍ਹਾਂ ਨੂੰ ਆਸਣ ਗ੍ਰਹਿਣ ਕਰਵਾਉਂਦਾ ਸੀ। ਰਾਜਾ ਉਨ੍ਹਾਂ ਦੀ ਪੂਜਾ-ਅਰਚਨਾ ਕਰਕੇ ਦਾਨ-ਦੱਖਣਾ ਦੇ ਕੇ ਵਿਦਾ ਕਰ ਦਿੰਦਾ ਸੀ।

ਇਥੇ ਤਾਂ ਉਹਨੂੰ ਬਿਲਕੁਲ ਨਜ਼ਰ ਅੰਦਾਜ਼ ਕਰ ਦਿੱਤਾ ਗਿਆ ਸੀ। ਤਥਾਗਤ ਬੁੱਧ, ਚੇਲਿਆ ਸਮੇਤ ਉਹਦੇ ਕੋਲ ਦੀ ਲੰਘਕੇ ਬੋਧ ਵਿਹਾਰ ਦੇ ਪਿਛਲੇ ਪਾਸੇ ਬੋਹੜ ਦੇ ਰੁੱਖ ਥੱਲੇ ਬਹਿਕੇ ਵਿਖਿਆਨ ਦੇਣ ਲਗ ਪਏ ਸਨ। ਰਾਜਾ ਆਪਣੇ ਆਪ ਨੂੰ ਅਪਮਾਨਿਤ ਮਹਿਸੂਸ ਕਰ ਰਿਹਾ ਸੀ। ਉਸ ਨੇ ਅੱਕ ਕੇ ਲਕੜੀਆਂ ਪਾੜ ਰਹੇ ਭਿਕਸ਼ੂ ਨੂੰ ਤਥਾਗਤ ਬੁੱਧ ਕੋਲ ਭੇਜਿਆ ਕਿ ਪੁੱਛ ਕੇ ਆਵੇ ਕੌਸ਼ਲ ਨਰੇਸ਼ ਪ੍ਰਸੇਨਜਿਤ ਉਨ੍ਹਾਂ ਨੂੰ ਮਿਲਣ ਆਇਆ ਹੈ।

ਤਥਾਗਤ ਦੇ ਪ੍ਰਮੁੱਖ ਚੇਲੇ ਆਨੰਦ ਨੇ ਆ ਕੇ ਰਾਜੇ ਨੂੰ ਕਿਹਾ ਕਿ ਉਹ ਜਨ-ਸਾਧਾਰਨ ਦੇ ਸਤਿਕਾਰ ਲਈ ਰਾਜ ਸੱਤਾ ਦੇ ਚਿਨ੍ਹ ਮੁਕਟ, ਕਟਾਰ, ਤੀਰ-ਕਮਾਣ ਤੇ ਹੀਰਿਆਂ ਜੜੇ ਵਸਤਰ ਉਤਾਰ ਕੇ ਆਮ ਆਦਮੀਆਂ ਵਾਂਗ ਤਥਾਗਤ ਨੂੰ ਮਿਲ ਸਕਦਾ ਹੈ। ਰਾਜੇ ਨੇ ਅਤਿਅੰਤ ਗੁੱਸੇ ਵਿਚ ਸ਼ਾਹੀ ਵਸਤਰ ਉਤਾਰੇ। ਪਰ ਜਦ ਉਸਨੇ ਸਾਧਾਰਨ ਚੋਲਾ ਤੇ ਧੋਤੀ ਪਹਿਨੀ ਤਾਂ ਉਹਦੇ ਦਿਮਾਗ਼ ਵਿਚ ਰਾਜਾ ਹੋਣ ਦਾ ਸਾਰਾ ਹੰਕਾਰ ਜਾਂਦਾ ਰਿਹਾ... ਉਸ ਨੂੰ ਸਾਧਾਰਣ ਵਿਅਕਤੀ



ਬਣਕੇ ਜਾਂਦਿਆਂ ਅਥਾਹ ਖ਼ੁਸ਼ੀ ਮਿਲ ਰਹੀ ਸੀ। ਉਹ ਤਥਾਗਤ ਨੂੰ ਨਮਸਕਾਰ ਕਰਕੇ ਉਨ੍ਹਾਂ ਦੇ ਸਾਹਮਣੇ ਬੈਠੇ ਭਿਕਸ਼ੂਆਂ ਤੇ ਇਸਤਰੀ ਪੁਰਖਾਂ ਵਿਚ ਬੈਠ ਗਿਆ।

ਤਥਾਗਤ ਦੀ ਵਿਖਿਆਨ ਜਾਰੀ ਸੀ। "ਸੰਸਾਰ ਵਿਚ ਵਾਪਰਦੀ ਹਰ ਘਟਨਾ ਦਾ ਕੋਈ ਨਾ ਕੋਈ ਕਾਰਨ ਹੈ। ਬਿਨਾ ਕਾਰਨ ਤੋਂ ਤਾਂ ਪੱਤਾ ਵੀ ਨਹੀਂ ਹਿੱਲਦਾ। ਤੇ ਇਹ ਸੰਸਾਰ ਛਿਣ ਛਿਣ ਬਦਲ ਰਿਹਾ ਹੈ... ਅਬਦਲ ਅਮਰ ਇਥੇ ਕੁਝ ਵੀ ਨਹੀਂ।" ਨਾਲ ਦੀ ਨਾਲ ਅਜਵਿੰਦਰ ਸਰ ਆਪਣੇ ਵਲੋਂ ਦੱਸੀ ਗਏ ਕਿ ਬੁੱਧ ਦੇ ਇਸ ਫਲਸਫ਼ੇ ਨੂੰ ਛਣਿਕਵਾਦ ਕਹਿੰਦੇ ਹਨ। ਦਾ ਬੁੱਧ ਦਾ ਸਮਕਾਲੀ ਯੂਨਾਨ ਦਾ ਫਿਲਾਸਫ਼ਰ ਹੀਰਾਕਲੇਤੂ ਵੀ ਛਣਿਕਵਾਦੀ ਸੀ। ਰਾਜਾ ਮਨ ਹੀ ਮਨ ਆਪਣੇ ਗਿਆਨ ਦਾ ਬੁੱਧ ਦੇ ਵਿਚਾਰਾਂ ਨਾਲ ਮੁਕਾਬਲਾ ਕਰ ਰਿਹਾ ਸੀ। ਰਾਜੇ ਨੇ ਤਾਂ ਹੁਣ ਤੱਕ ਧਰਮ ਉਪਦੇਸ਼ਕਾਂ ਤੋਂ ਇਹੋ ਸੁਣਿਆ ਸੀ ਕਿ ਕੋਈ ਸੰਸਾਰ ਤੋਂ ਬਾਹਰਲੀ ਉੱਚ ਸ਼ਕਤੀ ਹੈ। ਜਿਸਦੇ ਹੁਕਮ ਤੋਂ ਬਿਨਾ ਪੱਤਾ ਵੀ ਨਹੀਂ ਹਿਲਦਾ ਤੇ ਰਾਜੇ ਦੇ ਦਿਮਾਗ਼ ਵਿਚੋਂ ਬ੍ਰਾਹਮਣਾਂ ਦੇ ਦੱਸੇ ਇਸ ਵਿਚਾਰ ਦੇ ਪਰਖਚੇ ਉਡ ਗਏ ਸਨ।

ਬੁੱਧ ਵੀ ਲੋਕਾਇਤਾਂ ਵਾਂਗ ਅਨਾਤਮਵਾਦੀ ਸਨ। ਉਹ ਦੱਸ ਰਹੇ ਸਨ ਕਿ ਜੇ ਆਤਮਾ ਇਕ ਜਨਮ ਤੋਂ ਦੂਸਰੇ ਜਨਮ ਵਿਚ ਪ੍ਰਵੇਸ਼ ਕਰਦੀ ਹੈ... ਫਿਰ ਵਿਅਕਤੀ ਨੇ ਪਿਛਲੇ ਜਨਮ ਵਿਚ ਜੋ ਕੁਝ ਸਿੱਖਿਆ ਹੈ ... ਇਸ ਜਨਮ ਵਿਚ ਉਸ ਤੋਂ ਅੱਗੇ ਸਿਖਣਾ ਕਿਉਂ ਨਹੀਂ ਸ਼ੁਰੂ ਕਰਦਾ। ਜਿਵੇਂ ਵਿਦਿਆਰਥੀ ਇਕ ਜਮਾਤ ਵਿਚ ਪ੍ਰਾਪਤ ਕੀਤੇ ਗਿਆਨ ਤੋਂ ਅੱਗੇ ਅਗਲੀ ਜਮਾਤ ਵਿਚ ਉਸਨੂੰ ਆਧਾਰ ਬਣਾ ਕੇ ਸਿਖਦਾ ਹੈ। ਪਰ ਇਥੋਂ ਤਾਂ ਬੱਚਾ ਜੰਮਣ ਤੋਂ ਬਾਅਦ ਹੀ ਸਭ ਕੁਝ ਸਿਖਦਾ ਹੈ। ਪੰਜ ਸਾਲ, ਦਸ ਸਾਲ, ਚਾਲੀ ਸਾਲ, ਪੰਜਾਹ ਸਾਲ ਵਿਚ ਪੁਜਦਿਆਂ ਉਹਦੀ ਹਰ ਪੱਧਰ ਤੇ ਸੋਚ ਬਦਲਦੀ ਰਹਿੰਦੀ ਹੈ। ਫਿਰ ਮਨੁੱਖ ਵਿਚ ਅਬਦਲ ਅਮਰ, ਹੋਣ ਵਾਲਾ ਕੀ ਕੁਝ ਹੋਇਆ ? ਜਿਸਨੂੰ ਆਤਮਾ ਕਹਿੰਦੇ ਹਨ। ਅਸਲ ਵਿਚ ਚੇਤਨਾ ਹੈ ਜਿਹੜੀ ਕਿ ਵਿਅਕਤੀ ਦੇ ਆਲੇ-ਦੁਆਲੇ ਦੇ ਪ੍ਰਭਾਵ ਤੇ ਸੰਪਰਕ ਵਿਚ ਆਉਣ ਨਾਲ ਪ੍ਰਾਪਤ ਹੁੰਦੀ ਹੈ। ਬਦਲਦੀ ਰਹਿੰਦੀ ਹੈ। ਵਿਕਸਿਤ ਹੁੰਦੀ ਰਹਿੰਦੀ ਹੈ।

ਬੁੱਧ ਇਸਦੀ ਅੱਗੇ ਹੋਰ ਵਿਆਖਿਆ ਕਰਦਿਆਂ ਦਸ ਰਹੇ ਸਨ ਕਿ ਭਾਵੇਂ ਮਨੁੱਖ ਵਿਚ ਆਤਮਾ ਵਰਗੀ ਕੋਈ ਚੀਜ਼ ਨਹੀਂ... ਪਰ ਬ੍ਰਾਹਮਣਾਂ ਰਾਹੀਂ ਇਸਨੂੰ ਅਮਰ ਦੱਸਣ ਨਾਲ... ਵਿਅਕਤੀ ਦਾ ਆਪਣੇ ਆਪ ਨਾਲ ਲਾਲਚ ਭਰਿਆ ਲਗਾਅ ਬਣਿਆ ਰਹਿੰਦਾ ਹੈ। ਇਸ ਲਗਾਅ ਸਨੇਹ ਕਾਰਨ ਵਿਅਕਤੀ ਨੂੰ ਆਪਣੇ ਕੀਤੇ ਕੁਕਰਮ ਦੋਸ਼ ਨਜ਼ਰ ਨਹੀਂ ਆਉਂਦੇ। ਅਜਿਹਾ ਵਿਅਕਤੀ ਉਹ ਕੰਮ ਕਰਦਾ ਹੈ, ਜਿਸ ਵਿਚ ਉਹਨੂੰ ਵੱਧ ਲਾਭ ਨਜ਼ਰ ਆਉਂਦਾ ਹੋਵੇ। ਭਾਵੇਂ ਉਹ ਕੰਮ ਵਾਜਬ ਹੋਵੇ ਜਾਂ ਨਾ ਹੋਵੇ।

ਬੁੱਧ ਦੇ ਵਿਖਿਆਨ ਤੋਂ ਬਾਦ ਭਿਕਸ਼ੂ ਤੇ ਨਾਗਰਿਕ ਆਪਣੀਆਂ ਆਪਣੀਆਂ ਗੱਲਾਂ ਵਿਚ ਰੁਝ ਗਏ ਸਨ। ਰਾਜੇ ਨੂੰ ਪ੍ਰਮੁੱਖ ਚੇਲੇ ਨੇ ਦੱਸਿਆ ਕਿ ਰਿਸ਼ੀ ਮੁਨੀ ਕਹਿੰਦੇ ਹਨ-ਅਮੀਰੀ, ਗਰੀਬੀ, ਤੰਦਰੁਸਤੀ, ਬੀਮਾਰੀ ਵਿਅਕਤੀ ਦੇ ਪੂਰਵਲੇ ਜਨਮਾਂ ਦਾ ਫ਼ਲ ਹੈ ਤੇ ਰਾਜਿਆ, ਸਾਮੰਤਾਂ ਨੇ ਪਿਛਲੇ ਜਨਮਾਂ ਵਿਚ ਪੁੰਨ-ਦਾਨ ਕੀਤੇ ਹਨ ਇਸ ਲਈ ਉਹਨਾਂ ਨੂੰ ਰਾਜ ਭਾਗ ਧਨ,

ਸੰਪਤੀ ਪ੍ਰਾਪਤ ਹੋਈ ਜਦਕਿ ਤਥਾਗਤ ਬੁੱਧ ਧਨ ਸੰਪਤੀ, ਅੰਸ਼ ਇਸ਼ਰਤ ਨੂੰ ਹੀ ਮਨੁੱਖ ਦੇ ਦੁੱਖਾਂ ਦਾ ਕਾਰਨ ਮੰਨਦੇ ਹਨ... ਬੁੱਧ ਕਹਿੰਦੇ ਹਨ ਸੰਸਾਰ ਵਿਕੋਲਿਆਂ ਕੀਤੀਆਂ ਵਸਤੂਆਂ ਦਾ ਸਮੂਹ ਨਹੀਂ... ਸਗੋਂ ਘਟਨਾਵਾਂ ਦਾ ਪ੍ਰਵਾਹ ਹੈ... ਵਸਤਾਂ ਪੈਦਾ ਹੁੰਦੀਆਂ ਹਨ... ਟੁੱਟ-ਭੱਜ ਕੇ ਹੋਰ ਵਸਤੂਆਂ ਵਿਚ ਤਬਦੀਲ ਹੋ ਜਾਂਦੀਆਂ ਹਨ। ਇਹ ਪ੍ਰਵਾਹ ਅੱਗੇ ਤੋਂ ਅੱਗੇ ਚਲਦਾ ਰਹਿੰਦਾ ਹੈ। ਪਰੰਤੂ ਰਾਜਾ ਬ੍ਰਾਹਮਣਾਂ ਦਾ ਦੱਸਿਆ ਸੱਚ ਮੰਨਦਾ ਸੀ ਕਿ ਇਕ ਵਸਤੂ ਦੇ ਨਸ਼ਟ ਹੋਣ ਤੋਂ ਬਾਅਦ ਹੀ ਦੂਸਰੀ ਵਸਤੂ ਪੈਦਾ ਹੁੰਦੀ ਹੈ। ਭਦੰਤ ਨੇ ਰਾਜੇ ਨੂੰ ਦੱਸਿਆ ਸੀ ਕਿ ਬੋਧ ਵਿਹਾਰ ਨੂੰ ਦਿੱਤੀ ਸੰਪਤੀ ਕਿਸੇ ਦੀ ਨਿੱਜੀ ਨਹੀਂ ਬੋਧ ਸੰਘ ਦੀ ਸਾਂਝੀ ਸੰਪਤੀ ਹੈ ਤੇ ਬੋਧ ਸੰਘ ਦਾ ਸੰਚਾਲਨ ਵੱਖ-ਵੱਖ ਸਮਿਤੀਆਂ ਰਾਹੀਂ ਕੀਤਾ ਜਾਂਦਾ ਹੈ।

ਰਾਜਾ ਪ੍ਰਸੇਨਜਿਤ ਬੁੱਧ ਦੀਆਂ ਸਿੱਖਿਆਵਾਂ ਤੋਂ ਏਨਾ ਪ੍ਰਭਾਵਿਤ ਹੋਇਆ ਉਹ ਬੋਧ ਵਿਹਾਰ ਤੋਂ ਬੋਧ ਦੀਕਸ਼ਾ ਲੈ ਕੇ ਹੀ ਤੁਰਿਆ। ਮਗਧ ਦਾ ਰਾਜਾ ਬਿੰਬਸਾਰ ਬੁੱਧ ਦਾ ਅਨੁਯਾਈ ਬਣ ਗਿਆ ਸੀ। ਮਗਧ ਦੇ ਸਾਰਿਪੁੱਤਰ ਮੋਦਗਲਿਆਨ, ਮਹਾਂਕਸ਼ਯਪ ਹੀ ਨਹੀਂ ਸਗੋਂ ਉਜੈਨ ਦਾ ਰਾਜਪੁਰੋਹਿਤ ਮਹਾਂਕਾਤਿਆਨ ਵਰਗੇ ਵਿਦਵਾਨ ਬ੍ਰਾਹਮਣ ਵੀ ਬੁੱਧ ਦੇ ਸ਼ਿਸ਼ ਬਣੇ।

ਅਰਵਿੰਦਰ ਸਰ ਉਚੇਚਾ ਦੱਸਦੇ ਕਿ ਜਿਹੜੇ ਰਾਜਿਆਂ ਨੇ ਬੁੱਧ ਧਰਮ ਅਪਣਾਇਆ ਹੋਇਆ ਨਹੀਂ ਸੀ। ਉਹ ਵੀ ਬ੍ਰਾਹਮਣਾਂ ਦੇ ਮੰਦਰਾਂ ਦੇ ਨਾਲ ਨਾਲ ਬੋਧ ਵਿਹਾਰਾਂ ਨੂੰ ਬਰਾਬਰ ਦਾ ਧਨ ਦਾਨ ਕਰਦੇ ਸਨ।

ਕੋਸ਼ਲ ਦਾ ਰਾਜਾ ਪ੍ਰਸੇਨਜਿਤ ਤਾਂ ਬੁੱਧ ਦਾ ਏਨਾ ਉਪਾਸ਼ਕ ਬਣ ਗਿਆ ਸੀ ਕਿ ਉਹ ਬੁੱਧ ਦੇ ਸਾਕਿਆ ਕਬੀਲੇ ਵਿਚ ਵਿਆਹ ਕਰਵਾ ਕੇ ਬੁੱਧ ਨਾਲ ਨੇੜੇ ਦੇ ਸੰਬੰਧ ਜੋੜਨਾ ਚਾਹੁੰਦਾ ਸੀ। ਪਰੰਤੂ ਸ਼ਾਕਿਆ ਕਬੀਲਾ ਵਿਚ ਸਗੋਤਰ ਵਿਆਹ ਦੀ ਰਵਾਇਤ ਪ੍ਰਚਲਤ ਸੀ। ਉਹ ਨਾ ਤਾਂ ਦੂਸਰੇ ਕਬੀਲੇ ਨੂੰ ਲੜਕੀ ਦਿੰਦੇ ਸਨ, ਨਾ ਹੀ ਲੈਂਦੇ ਸਨ। ਪਰ ਉਹ ਕੋਸ਼ਲ ਦੇ ਸ਼ਕਤੀਸ਼ਾਲੀ ਰਾਜੇ ਪ੍ਰਸੇਨਜਿਤ ਨਾਲ ਸ਼ਾਕਿਆ ਰਾਜ ਕੁਮਾਰੀ ਵਿਆਹੁਣ ਤੋਂ ਇਨਕਾਰ ਕਰਕੇ ਉਸ ਨਾਲ ਦੁਸ਼ਮਣੀ ਵੀ ਨਹੀਂ ਪਾਉਣੀ ਚਾਹੁੰਦੇ ਸਨ। ਇਸ ਲਈ ਉਨ੍ਹਾਂ ਨੇ ਤਥਾਗਤ ਬੁੱਧ ਦੇ ਚਾਚੇ ਦੇ ਪੁੱਤਰ ਮਹਾਨਾਮ ਦੀ ਦਾਸੀ ਦੀ ਸੁੰਦਰ, ਸੁਸ਼ੀਲ ਪੁੱਤਰੀ ਵਾਸਭ ਦੱਤਾ ਨੂੰ ਸ਼ਾਕਿਆ ਕੁਲ ਦੀ ਰਾਜਕੁਮਾਰੀ ਦੱਸਦਿਆਂ ਉਹਦਾ ਵਿਆਹ ਪ੍ਰਸੇਨਜਿਤ ਨਾਲ ਕਰ ਦਿੱਤਾ ਸੀ।

ਦਾਸੀ ਦੀ ਪੁੱਤਰੀ ਵਾਸਤਭਦੱਤਾ ਦਾ ਬੁੱਧ ਧਰਮ ਵੱਲ ਪਹਿਲਾਂ ਤੋਂ ਹੀ ਬਹੁਤ ਝੁਕਾ ਸੀ। ਪਰ ਉਹ ਦਾਸੀ ਪੁੱਤਰੀ ਹੋਣ ਕਰਕੇ ਬੁੱਧ ਧਰਮ ਗ੍ਰਹਿਣ ਨਹੀਂ ਕਰ ਸਕਦੀ ਸੀ।

ਤਥਾਗਤ ਬੁੱਧ ਨੇ ਬਿਨਾਂ ਕਿਸੇ ਭੇਦ ਭਾਵ ਤੋਂ ਬੋਧ ਵਿਹਾਰਾਂ ਦੇ ਦਵਾਰ ਸਾਰੇ ਲੋਕਾਂ ਲਈ ਖੋਲ੍ਹੇ ਸਨ। ਤੇ ਉਚ ਵਰਣਾਂ ਦੇ ਨਾਲ ਸ਼ੂਦਰ ਸ਼ਿਲਪੀ ਦਾਸ ਤੇ ਸੈਨਿਕ ਵੀ ਬੋਧ ਵਿਹਾਰਾਂ ਵਿਚ ਜਾ ਕੇ ਭਿਕਸ਼ੂ ਬਣਨ ਲਗ ਪਏ ਸਨ। ਪਰ ਰਾਜਿਆਂ ਤੇ ਸਮੰਤਾਂ ਨੇ ਦਾਸਾਂ-ਸੈਨਿਕਾਂ ਤੇ ਕਰਜ਼ਦਾਰਾਂ ਨੂੰ ਭਿਕਸ਼ੂ ਬਣਾਉਣ ਦਾ ਸਖ਼ਤ ਵਿਰੋਧ ਕੀਤਾ ਸੀ। ਉਹ ਆਖਦੇ ਕਿ ਜੇ ਦਾਸ, ਦਾਸੀਆਂ ਭਿਕਸ਼ੂ ਬਣਨ ਲੱਗੇ ਤਾਂ ਖੇਤਾਂ ਤੇ ਘਰਾਂ ਵਿਚ ਕੰਮ ਕੌਣ ਕਰੇਗਾ ? ਸੈਨਿਕਾਂ ਦੇ ਭਿਕਸ਼ੂ ਬਣਨ ਨਾਲ ਰਾਜਿਆਂ ਦੀ ਸੁਰੱਖਿਆ ਕੌਣ ਕਰੇਗਾ ?? ਤੇ ਜੇ ਕਰਜ਼ਦਾਰ ਭਿਕਸ਼ੂ ਬਣਨ ਲਗ ਪਏ... ਫੇਰ ਉਹਨਾਂ ਦਾ ਲਿਆ ਹੋਇਆ ਕਰਜ਼ਾ ਕੌਣ ਉਤਾਰੇਗਾ ??? ਤਥਾਗਤ ਨੂੰ ਸੈਨਿਕਾਂ,



ਦਾਸਾਂ ਤੇ ਕਰਜ਼ਦਾਰਾਂ 'ਤੇ ਬੋਧ ਭਿਕਸ਼ੂ ਬਣਨ 'ਤੇ ਰੋਕ ਲਾਉਣੀ ਪਈ। ਉਹਨਾਂ ਨੇ ਕਿਹਾ, "ਨਾ-ਬਰਾਬਰੀ ਦੇ ਸਮੁੰਦਰ ਵਿਚ ਬੋਧ ਵਿਹਾਰ ਬਰਾਬਰੀ ਦੇ ਛੋਟੇ ਛੋਟੇ ਟਾਪੂ ਹਨ... ਜੇ ਸਾਰੇ ਸੰਸਾਰ ਵਿਚ ਬਰਾਬਰੀ ਨਹੀਂ ਲਿਆਂਦੀ ਜਾ ਸਕਦੀ ਤਾਂ ਜਿੰਨੇ ਕੁ ਵਿਚ ਲਿਆਂਦੀ ਜਾ ਸਕਦੀ ਹੈ, ਉਨੇ ਕੁ ਵਿਚ ਤਾਂ ਲਿਆਂਦੀ ਜਾਵੇ।"

ਪਰ ਹੁਣ ਵਾਸਭ ਦੱਤਾ ਦਾਸੀ ਨਹੀਂ ਸੀ ਰਹੀ ਕੋਸ਼ਲ ਨਰੇਸ਼ ਪ੍ਰਸੇਨਜਿਤ ਦੀ ਮਹਾਰਾਣੀ ਬਣ ਗਈ ਸੀ। ਉਸਨੇ ਪ੍ਰਸੇਨਜਿਤ ਨਾਲ ਬੋਧ ਵਿਹਾਰ ਵਿਚ ਜਾ ਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਸੀ। ਉਹ ਬੋਧ ਵਿਹਾਰ ਦੇ ਨਿਯਮਾਂ ਅਨੁਸਾਰ ਰਾਣੀਆਂ ਵਾਲਾ ਹਾਰ-ਸ਼ਿੰਗਾਰ ਉਤਾਰ ਕੇ ਸਾਦੇ ਕਪੜਿਆਂ ਵਿਚ ਕੁਝ ਦਾਸੀਆਂ ਨੂੰ ਲੈ ਕੇ ਸਰਾਵਸਤੀ ਦੇ ਬੋਧ ਵਿਹਾਰ ਵਿਚ ਜਾ ਕੇ ਧਰਮ ਉਪਦੇਸ਼ ਸੁਣਦੀ ਅਤੇ ਤਥਾਗਤ ਨੂੰ ਚੇਲਿਆਂ ਸਮੇਤ ਰਾਜ ਮਹਿਲਾਂ ਵਿਚ ਬੁਲਾ ਕੇ ਉਹਨਾਂ ਨੂੰ ਭੋਜਨ ਬਣਾ ਕੇ ਖੁਆਉਂਦੀ ਤੇ ਤਥਾਗਤ ਬੁੱਧ ਦੇ ਵਖਿਆਨ ਸੁਣਦੀ ਰਹਿੰਦੀ।

ਕੁਝ ਸਮੇਂ ਬਾਅਦ ਵਾਸਤਭਦੱਤਾ ਦੇ ਘਰ ਇਕ ਪੁੱਤਰ ਨੇ ਜਨਮ ਲਿਆ, ਜਿਸਦਾ ਨਾਂ ਵਿਦੂਦਾਭ ਰੱਖਿਆ ਗਿਆ। ਜਿਉਂ ਜਿਉਂ ਵਿਦੂਦਾਭ ਵੱਡਾ ਹੁੰਦਾ ਗਿਆ ਉਹਦੇ ਮਨ ਵਿਚ ਇਹ ਕਮੀ ਖਟਕਦੀ ਰਹੀ ਕਿ ਉਹਦੇ ਨਾਲ ਖੇਡਦੇ ਬੱਚੇ, ਉਹਨਾਂ ਦੇ ਨਾਨਕਿਆਂ, ਨਾਨਿਆਂ, ਮਾਮਿਆਂ ਦੇ ਲਾਡ-ਪਿਆਰ ਦੀਆਂ ਗੱਲਾਂ ਟੱਪ ਟੱਪ ਕੇ ਕਰਦੇ ਹਨ ਤੇ ਉਹਨਾਂ ਨੂੰ ਨਾਨਕੇ ਜਾਣ ਦਾ ਕਿੰਨਾ ਚਾਅ ਚੜ੍ਹਿਆ ਰਹਿੰਦਾ ਹੈ। ਉਹ ਆਪਣੀ ਮਾਂ ਨੂੰ ਪੁੱਛਦਾ "ਪਰ ਉਹਦੇ ਨਾਨਕਿਆਂ ਤੋਂ ਨਾ ਕੋਈ ਆਉਂਦਾ ਹੈ ਤੇ ਨਾ ਹੀ ਉਹ ਉਹਨੂੰ ਨਾਨਕੇ ਲੈ ਕੇ ਜਾਂਦੀ ਹੈ।"

ਉਹਦੀ ਮਾਂ ਵਾਸਭ ਦੱਤਾ ਉਹਨੂੰ ਸਮਝਾਉਂਦੀ ਕਿ ਉਹਦੇ ਨਾਨਕੇ ਬਹੁਤ ਦੂਰ ਹਨ... ਇਸ ਕਰਕੇ ਉਹ ਮਿਲਣ ਨਹੀਂ ਆ ਸਕਦੇ। ਬਹੁਤ ਦੂਰ ਹੋਣ ਕਰਕੇ ਉਹ ਵੀ ਉਹਨਾਂ ਨੂੰ ਮਿਲਣ ਨਹੀਂ ਜਾਂਦੀ... ਵਿਦੂਦਾਭ ਮਾਂ ਦੀ ਗੱਲ ਅਣਮੰਨੇ ਮਨ ਨਾਲ ਮੰਨ ਕੇ ਬਹਿ ਜਾਂਦਾ।

ਪਰ ਹੁਣ ਉਹ ਸੋਝੀ ਸੰਭਲਦਿਆਂ ਗਭਰੇਟੂ ਹੁੰਦਾ ਜਾ ਰਿਹਾ ਸੀ। ਇਕ ਦਿਨ ਉਹ ਨਾਨਕੇ ਜਾਣ ਦੀ ਤਿਆਰੀ ਕਰਨ ਲੱਗਿਆ ਪਰ ਉਹ ਹੋਰ ਬੱਚਿਆ ਵਾਂਗ ਨਾਨਕਿਆਂ ਤੋਂ ਆ ਕੇ ਖੁਸ਼ ਨਹੀਂ ਸੀ। ਉਹਨੇ ਮਾਂ ਨੂੰ ਆ ਕੇ ਦੱਸਿਆ ਸੀ ਕਿ ਉਹਦੀ ਮਾਮਿਆਂ, ਨਾਨਿਆਂ ਤੇ ਹਮਉਮਰ ਮੁੰਡਿਆਂ ਨੇ ਚੰਗੀ ਆਓ ਭਗਤ ਕੀਤੀ, ਤੋਹਫਿਆਂ ਨਾਲ ਵੀ ਉਹਦਾ ਰੱਥ ਭਰ ਦਿੱਤਾ... ਸੰਸਥਾਗਾਰ ਵਿਚ ਉਹਨੂੰ ਮਹਾਂ ਭੋਜ ਦਿੱਤਾ ਗਿਆ। ਪਰ ਸਾਰੇ ਉਸ ਨਾਲ ਘੁੱਟੇ-ਘੁੱਟੇ ਰਹੇ... ਖੁਲ੍ਹ ਕੇ ਗੱਲਾਂ ਨਹੀਂ ਸਨ ਕਰ ਰਹੇ ਤੇ ਆਉਣ ਲੱਗੇ ਉਹਨੇ ਦਾਸੀਆਂ ਨੂੰ ਗੱਲਾਂ ਕਰਦਿਆਂ ਸੁਣ ਲਿਆ ਕਿ ਵਿਦੂਦਾਭ ਹੈ ਤਾਂ ਦਾਸੀ ਪੁੱਤਰ ਹੀ ਤੇ ਇਸਦੇ ਜਾਣ ਬਾਦ ਉਹਨਾਂ ਨੂੰ ਸੰਸਥਾਗਾਰ ਮੁੜ ਧੋ ਕੇ ਪਵਿੱਤਰ ਕਰਨਾ ਪਵੇਗਾ। ਵਿਦੂਦਾਭ ਮਾਂ ਅੱਗੇ ਅੜ ਗਿਆ ਕਿ ਉਸ ਤੋਂ ਇਹ ਭੇਤ ਛੁਪਾ ਕੇ ਕਿਉਂ ਰੱਖਿਆ ਗਿਆ ? ਕੀ ਉਸਦੀ ਮਾਂ ਸਚਮੁੱਚ ਦਾਸੀ ਪੁੱਤਰੀ ਹੈ ??

ਵਾਸਭਦੱਤਾ ਨੂੰ ਵਿਦੂਦਾਭ ਅੱਗੇ ਸਾਰਾ ਭੇਤ ਖੋਲ੍ਹ ਕੇ ਦੱਸਣਾ ਪਿਆ, "ਮੇਰੀ ਮਾਂ ਜੰਗਲ ਵਿਚ ਰਹਿੰਦੇ ਖੱਤੀ ਕਬੀਲੇ ਦੇ ਸਰਦਾਰ ਦੀ ਧੀ ਹੈ। ਸ਼ਾਕਿਆਂ ਤੇ ਖੱਤੀਆਂ ਦਾ ਜੰਗਲ ਵਿਚਲੀਆਂ ਪਸ਼ੂ ਚਰਾਂਦਾਂ ਪਿਛੇ ਝਗੜਾ ਹੁੰਦਾ ਰਹਿੰਦਾ ਸੀ। ਖੱਤੀ ਆਪਣੇ ਆਪ ਨੂੰ ਜੰਗਲ ਦੇ ਰਾਜੇ ਸਮਝਦੇ ਸਨ। ਤੇ ਜੰਗਲ ਵਿਚਲੀਆਂ ਪਸ਼ੂ ਚਰਾਂਦਾਂ 'ਤੇ ਆਪਣਾ ਅਧਿਕਾਰ ਸਮਝਦੇ ਸਨ।

ਸਾਕਿਆਂ ਉਨ੍ਹਾਂ ਤੋਂ ਡਰਦੇ ਸਨ। ਪਰ ਇਕ ਰਾਤ ਸਾਕਿਆਂ ਨੇ ਸੁੱਤੇ ਪਏ ਖੱਤੀਆਂ 'ਤੇ ਹਮਲਾ ਕਰ ਦਿੱਤਾ ਸੀ। ਖੱਤੀਆਂ ਨੇ ਉਥੋਂ ਭੱਜ ਕੇ ਜਾਨ ਬਚਾਉਣ ਵਿਚ ਹੀ ਆਪਣਾ ਭਲਾ ਸਮਝਿਆ ਕਿ ਤਾਕਤ ਇਕੱਠੀ ਕਰਕੇ ਉਹ ਫੇਰ ਆਪਣੀਆਂ ਪਸ਼ੂ ਚਰਾਂਦਾ ਸ਼ਾਕਿਆਂ ਤੋਂ ਛੁਡਾ ਲੈਣਗੇ। ਪਰ ਖੱਤੀ ਕਬੀਲੇ ਦੇ ਜਿਹੜੇ ਇਸਤਰੀ ਪੁਰਸ਼ ਸਾਕਿਆਂ ਦੇ ਘੇਰੇ ਵਿਚ ਆ ਗਏ, ਉਨ੍ਹਾਂ ਨੂੰ ਉਨ੍ਹਾਂ ਨੇ ਆਪਣੇ ਦਾਸ, ਗੁਲਾਮ ਬਣਾ ਲਿਆ ਤੇ ਖੇਤਾਂ, ਘਰਾਂ ਵਿਚ ਜਬਰਦਸਤੀ ਕੰਮ ਲੈਣ ਲੱਗ ਪਏ। ਮੇਰੀ ਮਾਂ ਖੱਤੀਆਂ ਦੇ ਸਰਦਾਰ ਦੀ ਸੁੰਦਰ, ਸੁਡੌਲ ਤੇ ਸੁਸ਼ੀਲ ਪਤਨੀ ਸੀ।" ਵਾਸਭ ਦੱਤਾ ਨੇ ਅੱਖਾਂ ਵਿਚ ਹੰਝੂ ਭਰ ਕੇ ਦੱਸਿਆ, " ਦਾਸੀਆਂ ਦਾ ਮਨ ਤਾਂ ਆਪਣੇ ਕਬਜ਼ੇ ਵਿਚ ਹੁੰਦਾ ਹੈ... ਪਰ ਗੁਲਾਮ ਹੋਣ ਕਰਕੇ ਉਹਨਾਂ ਦਾ ਜਿਸਮ ਉਨ੍ਹਾਂ ਦੇ ਆਪਣੇ ਕਬਜ਼ੇ ਵਿਚ ਨਹੀਂ ਹੁੰਦਾ ਇਸ ਲਈ ਮੇਰੀ ਮਾਂ ਨੂੰ ਵੀ ਪਤਾ ਨਹੀਂ ਸੀ ਕਿ ਮੈਂ ਕਿਸ ਸ਼ਾਕਿਆ ਰਾਜਕੁਮਾਰ ਦੀ ਧੀ ਹਾਂ।" ਵਾਸਭ ਦੱਤਾ ਨੇ ਵਿਦੂਦਾਭ ਨੂੰ ਹੌਸਲਾ ਦਿੰਦਿਆਂ ਕਿਹਾ, "ਪੁੱਤਰ ਹੁਣ ਤਾਂ ਤੂੰ ਇਕ ਰਾਜਕੁਮਾਰ ਹੈ ਤੇ ਕੋਸ਼ਲ ਦੇ ਰਾਜ ਦਾ ਇਕਲੌਤਾ ਵਾਰਸ। ... ਤੈਂ ਆਪਣੇ ਪਿਓ ਤੋਂ ਬਾਅਦ ਰਾਜਾ ਬਣਨਾ ਹੀ ਬਣਨਾ ਹੈ।"

ਪਰ ਵਿਦੂਦਾਭ ਦੇ ਮਨ ਵਿਚ ਕੋਸ਼ਲ ਰਾਜ ਦਾ ਰਾਜਕੁਮਾਰ ਹੋਣ ਦੀ ਨਹੀਂ ਸਗੋਂ ਇਕ ਦਾਸੀ ਦਾ ਪੁੱਤਰ ਹੋਣ ਦੀ ਗੱਲ ਡੂੰਘਾ ਜ਼ਖ਼ਮ ਕਰ ਗਈ ਸੀ। ਇਹ ਪਤਾ ਲੱਗਣ 'ਤੇ ਕਿ ਉਹ ਵੀ ਇਕ ਦਾਸੀ ਪੁੱਤਰ ਹੈ, ਦਾਸ-ਦਾਸੀਆਂ ਦਾ ਜੀਵਨ ਉਹਦੀਆਂ ਅੱਖਾਂ ਅੱਗੇ ਘੁੰਮਣ ਲੱਗਿਆ। ਰਾਜ ਦਰਬਾਰਾਂ ਵਿਚ ਯੱਗ, ਹਵਨ ਕਰਨ 'ਤੇ ਬ੍ਰਾਹਮਣਾਂ ਨੂੰ ਹੋਰ ਵਸਤਾਂ ਦੇ ਨਾਲ ਨੌਜਵਾਨ ਦਾਸ ਤੇ ਰਾਜਮਹਿਲਾਂ ਵਿਚ ਪਲੀਆਂ ਹੋਈਆਂ ਸੁੰਦਰ ਦਾਸੀਆਂ ਵੀ ਦਾਨ ਵਜੋਂ ਦਿੱਤੀਆਂ ਜਾਂਦੀਆਂ। ਇਸ ਤਰ੍ਹਾਂ ਬ੍ਰਾਹਮਣਾਂ ਦੇ ਘਰਾਂ ਵਿਚ ਦਾਸ, ਦਾਸੀਆਂ ਦੀ ਭਰਮਾਰ ਹੋ ਜਾਂਦੀ। ਤੇ ਉਹ ਫਾਲਤੂ ਦਾਸ, ਦਾਸੀਆਂ, ਪਸ਼ੂਆਂ ਨੂੰ ਵੇਚਣ ਖਰੀਦਣ ਲਈ ਲਗਦੀਆਂ ਮੰਡੀਆਂ ਵਾਂਗ ਦਾਸ, ਦਾਸੀਆਂ ਨੂੰ ਵੇਚਣ ਖਰੀਦਣ ਲਈ ਉਥੇ ਲੈ ਜਾਂਦੇ। ਬ੍ਰਾਹਮਣਾਂ ਕੋਲੋਂ ਸਾਮੰਤ, ਵਪਾਰੀ ਤੇ ਸ਼ਿਲਪੀ ਦਾਸ ਦਾਸੀਆਂ ਖਰੀਦਦੇ ਤੇ ਅੱਗੇ ਤੋਂ ਅੱਗੇ ਖਰੀਦੀ-ਵੇਚੀ ਜਾਂਦੇ। ਦਾਸ, ਦਾਸੀ ਪਤੀ, ਪਤਨੀ ਵਿਚੋਂ ਇਕ ਜਣਾ ਕਿਤੇ ਤੇ ਦੂਸਰਾ ਕਿਤੇ ਹੋਰ ਵਿਕ ਜਾਂਦਾ। ਉਹ ਵਿਛੜਨ ਲੱਗਿਆਂ ਰੋਂਦੇ, ਕੁਰਲਾਂਦੇ। ਪਰ ਖਰੀਦ ਕੇ ਲਿਜਾ ਰਿਹਾ ਦਾਸ, ਦਾਸੀ ਦਾ ਨਵਾਂ ਮਾਲਕ ਉਹਨੂੰ ਰੋਂਦਿਆਂ ਕੁਰਲਾਂਦਿਆਂ ਨੂੰ ਮਾਰਦਾ, ਕੁੱਟਦਾ ਲਿਜਾ ਰਿਹਾ ਹੁੰਦਾ। ਉਹਨਾਂ ਦੇ ਬੀਮਾਰ ਬੱਚੇ ਰੁਲਦੇ, ਖੁਲਦੇ ਰਹਿੰਦੇ, ਇਲਾਜ ਖੁਣੋਂ ਉਹਨਾਂ ਦੀ ਮੌਤ ਹੋ ਜਾਂਦੀ। ਪਰੰਤੂ ਮਾਲਕ ਮਰ ਰਹੇ ਬੱਚਿਆਂ ਦੇ ਮਾਪਿਆਂ ਨੂੰ ਰੋਣ ਕੁਰਲਾਣ ਵੀ ਨਾ ਦਿੰਦੇ ਸਗੋਂ ਕੰਮ ਵਿਚ ਲਾਈ ਰੱਖਦੇ। ... ਦਾਸ, ਦਾਸੀਆਂ ਨੂੰ ਵੀ ਜਦ ਉਹ ਬੁੱਢੇ ਹੋ ਜਾਂਦੇ ਜਾਂ ਬੀਮਾਰ ਪੈ ਜਾਂਦੇ ਤਾਂ ਉਨ੍ਹਾਂ ਦੇ ਮਾਲਕ ਉਨ੍ਹਾਂ ਨੂੰ ਬੁਢਾਪੇ, ਬੀਮਾਰੀ ਨਾਲ ਕਰਾਹੁੰਦਿਆਂ ਨੂੰ ਖੁੱਲ੍ਹੇ ਅਸਮਾਨ ਥੱਲੇ ਮਰਨ ਲਈ ਛੱਡ ਕੇ ਤੁਰ ਜਾਂਦੇ।

ਵਿਦੂਦਾਭ ਨੂੰ ਹੁਣ ਸਮਝ ਆਈ ਕਿ ਉਹਦੀ ਮਾਤਾ ਸ੍ਰੀ ਵਾਸਭ ਦੱਤਾ ਰਾਜ ਮਹਿਲ ਦੇ ਦਾਸ, ਦਾਸੀਆਂ ਨਾਲ ਦੁਰ-ਵਿਹਾਰ ਕਿਉਂ ਨਹੀਂ ਕਰਦੀ। ਤੇ ਜਦ ਰਾਜਾ ਪ੍ਰਸੇਨਜਿਤ ਰਾਜ ਮਹਿਲ ਵਿਚ ਬ੍ਰਾਹਮਣਾਂ ਰਾਹੀਂ ਯੱਗ ਅਨੁਸ਼ਠਾਨ ਤੇ ਹੋਰ ਕਰਮ ਕਾਂਡ ਕਰਨ ਤੋਂ ਬਾਅਦ ਉਨ੍ਹਾਂ ਨੂੰ ਹੋਰ ਵਸਤਾਂ ਦੇ ਨਾਲ ਦਾਸ-ਦਾਸੀਆਂ ਵੀ ਦਾਨ ਵਿਚ ਦਿੰਦਾ ਹੈ... ਤਾਂ ਉਹਦੀ ਮਾਤਾ ਸ੍ਰੀ



ਚਿਹਰੇ 'ਤੇ ਆਏ ਦੁਖ- ਦਰਦ ਨੂੰ ਹੋਰਾਂ ਤੋਂ ਲੁਕਾਉਣ ਲਈ ਆਪਣੇ ਕਮਰੇ ਵਿਚ ਚਲੀ ਜਾਂਦੀ ਹੈ। ਉਹ ਦਾਸੀ ਤੋਂ ਮਹਾਰਾਣੀ ਬਣੀ... ਦਾਸ-ਦਾਸੀਆਂ ਦੇ ਵਿਛੋੜੇ ਦੇ ਦਰਦ ਨੂੰ ਕਿਸੇ ਨਾਲ ਸਾਂਝਾ ਵੀ ਨਹੀਂ ਕਰ ਸਕਦੀ। ਪਰ ਉਹ ਸੈਨਾਪਤੀ ਬੰਧੁਲ ਮੱਲ ਤੇ ਹੋਰ ਸਾਮੰਤਾਂ ਦੀਆਂ ਪਤਨੀਆਂ ਨਾਲ ਮਹਾਰਾਣੀਆਂ ਵਾਲੇ ਰੋਹਬ-ਦਾਬ ਨਾਲ ਪੇਸ਼ ਆਉਂਦੀ ਹੈ। ਪਰ ਜਦ ਤਥਾਗਤ ਤੇ ਉਹਦੇ ਚੇਲੇ ਰਾਜ-ਮਹਿਲ ਵਿਚ ਆਉਂਦੇ ਹਨ। ਤਾਂ ਉਹਦੀ ਮਾਤਾ ਸ੍ਰੀ ਹੋਰ ਅਮੀਰਾਂ, ਵਜ਼ੀਰਾਂ ਦੀਆਂ ਪਤਨੀਆਂ ਨੂੰ ਨਾਲ ਲੈ ਕੇ ਸਾਦੇ ਵਸਤਰਾਂ ਵਿਚ ਆਪਣੇ ਹੱਥਾਂ ਨਾਲ ਖਾਣਾ ਬਣਾ ਕੇ ਤਥਾਗਤ ਤੇ ਉਹਦੇ ਚੇਲਿਆਂ ਨੂੰ ਖੁਆਉਂਦੀ ਹੈ। ਤੇ ਤਥਾਗਤ ਦੇ ਉਪਦੇਸ਼ ਰਾਜ ਮਹਿਲ ਵਿਚ ਚਲਦੇ ਹੀ ਰਹਿੰਦੇ ਹਨ।

ਜਿਉਂ ਜਿਉਂ ਵਿਦੂਦਾਭ ਦੀ ਦਾਸ, ਦਾਸੀਆਂ ਨੂੰ ਖਰੀਦਣ, ਵੇਚਣ ਵਾਲਿਆਂ ਲਈ ਨਫ਼ਰਤ ਵਧਦੀ ਗਈ, ਉਹਦਾ ਸਮਾਜਿਕ ਬਰਾਬਰੀ ਵਾਲੇ ਬੁੱਧ ਧਰਮ ਵੱਲ ਝੁਕਾ ਵਧਦਾ ਗਿਆ ਪਰ ਦਾਸੀ ਪੁੱਤਰ ਹੋਣ ਕਰਕੇ ਸਾਕਿਆਂ ਰਾਹੀਂ ਕੀਤੀ ਜਾਂਦੀ ਨਫ਼ਰਤ ਨੂੰ ਦਿਲੋਂ ਨਹੀਂ ਕੱਢ ਸਕਿਆ। ਉਹ ਸਾਕਿਆ ਕਬੀਲੇ ਨੂੰ ਇਸਦੀ ਸਜ਼ਾ ਦੇਣੀ ਚਾਹੁੰਦਾ ਸੀ। ਉਹਨੇ ਛੇਤੀ ਤੋਂ ਛੇਤੀ ਰਾਜ ਪ੍ਰਾਪਤ ਕਰਨ ਲਈ ਆਪਣੇ ਬੁੱਢੇ ਪਿਤਾ ਸ੍ਰੀ ਪ੍ਰਸੇਨਜਿਤ ਨੂੰ ਰਾਜ ਵਿਚੋਂ ਕੱਢ ਦਿੱਤਾ। ਪ੍ਰਸੇਨਜਿਤ ਸਹਾਇਤਾ ਪ੍ਰਾਪਤ ਕਰਨ ਲਈ ਮਗਧ ਦੇ ਰਾਜਾ ਬਿੰਬਸਾਰ ਕੋਲ ਨੂੰ ਚੱਲ ਪਿਆ। ਪਰ ਰਾਹ ਵਿਚ ਹੀ ਡਿੱਗ ਕੇ ਮਰ ਗਿਆ। ਬਿੰਬਸਾਰ ਨੇ ਉਹਦਾ ਸ਼ਾਹੀ ਠਾਠ ਨਾਲ ਸੰਸਕਾਰ ਕੀਤਾ ਪਰ ਵਿਦੂਦਾਭ ਨੂੰ ਅਜੇ ਕੁਝ ਨਹੀਂ ਕਿਹਾ ਸੀ।

ਤਥਾਗਤ ਬੁੱਧ ਦੇ ਨਿਰਵਾਣ ਤੋਂ ਥੋੜਾ ਸਮਾਂ ਬਾਅਦ ਹੀ ਵਿਦੂਦਾਭ ਨੇ ਸਾਕਿਆਂ 'ਤੇ ਆਕਰਮਣ ਕਰ ਦਿੱਤਾ ਤੇ ਕਪਿਲ ਵਸਤੂ ਦੇ ਰਾਜ ਨੂੰ ਆਪਣੇ ਰਾਜ ਵਿਚ ਮਿਲਾ ਲਿਆ। ਇਸ ਤਰ੍ਹਾਂ ਨਾਲ ਉਹਨੇ ਸਾਕਿਆਂ ਤੋਂ ਉਹਦੇ ਕੀਤੇ ਅਪਮਾਨ ਦਾ ਬਦਲਾ ਲੈ ਲਿਆ ਸੀ।

ਮਗਧ ਦੇ ਰਾਜਾ ਬਿੰਬਸਾਰ ਨੇ ਪੰਜ ਰਾਜਾਂ ਦਾ ਸੰਘ ਬਣਾ ਕੇ ਸ਼ਕਤੀਸ਼ਾਲੀ ਰਾਜ ਕਾਇਮ ਕਰ ਲਿਆ ਸੀ। ਪ੍ਰਸੇਨਜਿਤ ਨੂੰ ਵੀ ਬਿੰਬਸਾਰ ਨਾਲ ਸੰਧੀ ਕਰਕੇ ਆਪਣੀ ਕੰਨਿਆਂ ਵਜ਼ੀਰਾ ਦਾ ਵਿਆਹ ਉਸ ਨਾਲ ਕਰਨਾ ਪਿਆ ਸੀ। ਤੇ ਕਾਸ਼ੀ ਦੀ ਆਮਦਨ ਵੀ ਦੇਣੀ ਪਈ ਸੀ।

ਵਿਦੂਦਾਭ ਦੁਆਰਾ ਸਾਕਿਆਂ ਨੂੰ ਹਰਾ ਕੇ ਕਪਿਲ ਵਸਤੂ ਨੂੰ ਆਪਣੇ ਰਾਜ ਵਿਚ ਮਿਲਾਉਣ ਤੋਂ ਕੁਝ ਸਾਲ ਬਾਅਦ ਹੀ ਮਗਧ ਦੇ ਰਾਜਾ ਬਿੰਬਸਾਰ ਨੇ ਕੋਸ਼ਲ ਤੇ ਚੜ੍ਹਾਈ ਕਰ ਦਿੱਤੀ। ਆਉਣ ਵਾਲੀ ਸਵੇਰ ਨੂੰ ਮਗਧ ਤੇ ਕੋਸ਼ਲ ਰਾਜ ਦੀਆਂ ਸੈਨਾਵਾਂ ਦਾ ਯੁੱਧ ਹੋਣਾ ਨਿਯਤ ਸੀ। ਵਿਦੂਦਾਭ ਨੇ ਸੈਨਾਪਤੀ ਬੰਧੁਲ ਮੱਲ ਨੂੰ ਕੋਸ਼ਲ ਰਾਜ ਦੀ ਸੈਨਾ ਨੂੰ ਤਿਆਰ ਕਰਨ ਲਈ ਭੇਜ ਦਿੱਤਾ। ਤੇ ਆਪ ਗੁਪਤ ਵਾਸ ਵਿਚ ਚਲਿਆ ਗਿਆ।

ਵਿਦੂਦਾਭ ਨੇ ਰਾਤੋ-ਰਾਤ ਸਾਰਥੀਆਂ ਨੂੰ ਰੱਥਾਂ ਨਾਲ ਘੋੜੇ ਜੋੜਨ ਲਈ ਕਿਹਾ ਤੇ ਸ਼ੂਦਰਾਂ, ਸ਼ਿਲਪੀਆਂ, ਦਸਤਕਾਰਾਂ ਤੇ ਦਾਸ, ਦਾਸੀਆਂ ਨੂੰ ਰੱਥਾਂ ਵਿਚ ਬਿਠਾ ਕੇ ਜੰਗਲ ਵਿਚ ਨੂੰ ਚੱਲ ਪਏ। ਉਹ ਉਥੇ ਪੁੱਜੇ ਜਿਥੇ ਖੱਤੀ ਕਬੀਲਾ ਵਾਸ ਕਰਦਾ ਸੀ। ਪਰ ਉਹ ਜੰਗਲ ਦੇ ਖੱਤੀਆਂ ਵਿਚ ਵੀ ਨਾ ਰਹੇ। ਕਿਉਂਕਿ ਜੰਗਲ ਵਿਚ ਰਹਿਣ ਦੇ ਉਹ ਆਦੀ ਨਹੀਂ ਸਨ। ਪਰ ਉਹ ਮਗਧ ਤੇ ਇਸਦੇ ਇਰਦ-ਗਿਰਦ ਦੇ ਰਾਜਾਂ ਦੇ ਜੰਗਲਾਂ ਵਿਚ ਰਹਿੰਦਿਆਂ ਮਗਧ ਰਾਜ ਦੇ ਸੈਨਿਕਾਂ ਰਾਹੀਂ

ਫੜੇ ਜਾਣ ਤੇ ਮੁੜ ਗੁਲਾਮ ਬਣਾ ਲਏ ਜਾਣ ਤੋਂ ਡਰਦੇ ਸਨ। ਇਸ ਲਈ ਉਹ ਆਪਣੇ ਰੱਥਾਂ ਘੋੜਿਆਂ 'ਤੇ ਸਵਾਰ ਹੋ ਕੇ ਉੱਤਰਾਪਥ (ਪੰਜਾਬ) ਦੇ ਗਣ ਰਾਜਾਂ ਵੱਲ ਚੱਲ ਪਏ। ਤੇ ਪੰਜਾਬ ਦੇ ਮੱਲ, ਮਦਰ, ਅਭਿਸਾਰ, ਨਾਗ, ਪੁਸ਼ਕਰ, ਤਕਸ਼ਕ ਆਦਿ ਗਣਾਂ ਦੇ ਨਾਲ ਲਗਦੇ ਜੰਗਲਾਂ ਵਿਚ ਛੋਟੇ-ਛੋਟੇ ਝੁੰਡ ਬਣਾ ਕੇ ਰਹਿਣ ਲੱਗੇ। ਉਹਨਾਂ ਦੇ ਝੁੰਡ ਕਿਸੇ ਨਗਰ ਗ੍ਰਾਮ ਦੇ ਨਜ਼ਦੀਕ ਡੇਰੇ ਲਾਉਂਦੇ ਤੇ ਰਥਕਾਰ ਰਥ ਬਣਾਉਂਦੇ, ਧਾਤੂਕਾਰ ਧਾਤਾਂ ਦੇ ਹਥਿਆਰ ਤੇ ਬਰਤਨ ਬਣਾਉਂਦੇ ਤੇ ਸ਼ਿਲਪੀ ਹੋਰ ਵਸਤੂਆਂ ਬਣਾਉਂਦੇ, ਦਾਸ, ਦਾਸੀਆਂ ਉਹਨਾਂ ਦੀ ਵਸਤਾਂ ਬਣਾਉਣ ਵਿਚ ਸਹਾਇਤਾ ਕਰਦਿਆਂ ਵੱਖ-ਵੱਖ ਦਸਤਕਾਰੀਆਂ ਸਿਖਣ ਲੱਗੇ। ਨਗਰਵਾਸੀ ਉਹਨਾਂ ਦੀਆਂ ਬਣੀਆਂ ਵਸਤਾਂ ਖਰੀਦਦੇ ਤੇ ਉਹਨਾਂ ਦੀਆਂ ਪਤਨੀਆਂ ਹਲਕੀਆਂ-ਫੁਲਕੀਆਂ ਘੱਟ ਭਾਰ ਵਾਲੀਆਂ ਵਸਤਾਂ ਸਿਰਾਂ ਤੇ ਚੁੱਕ ਕੇ ਨਗਰਾਂ, ਗ੍ਰਾਮਾਂ ਦੀਆਂ ਗਲੀਆਂ ਮੁਹੱਲਿਆਂ ਵਿਚ ਵੇਚਣ ਚਲੀਆਂ ਜਾਂਦੀਆਂ ਤੇ ਕੁਝ ਚਿਰ ਰਹਿਕੇ ਇਹ ਆਪਣੀ ਮਰਜ਼ੀ ਦੇ ਮਾਲਕ ਅਗਲੇ ਗ੍ਰਾਮਾਂ, ਪਿੰਡਾਂ ਵੱਲ ਕੂਚ ਕਰ ਦਿੰਦੇ।

ਹੁਣ ਉਨ੍ਹਾਂ ਨੂੰ ਲੜਾਈ ਲਈ ਰੱਥਾਂ, ਘੋੜਿਆਂ ਦੀ ਜ਼ਰੂਰਤ ਨਹੀਂ ਸੀ। ਇਸ ਲਈ ਉਨ੍ਹਾਂ ਨੇ ਰੱਥਾਂ ਗੱਡੀਆਂ ਵਿਚ ਬਦਲ ਲਿਆ ਤੇ ਤੇਜ਼-ਤਰਾਰ ਨੱਸਣ ਵਾਲੇ ਘੋੜਿਆਂ ਦੀ ਥਾਂ ਹੌਲੀ ਚਾਲ ਚੱਲਣ ਵਾਲੇ ਬਲਦਾਂ ਨੂੰ ਗੱਡੀਆਂ ਅੱਗੇ ਜੋੜਨ ਲਗ ਪਏ। ਆਮ ਲੋਕ ਉਨ੍ਹਾਂ ਨੂੰ 'ਰਥਾਂ ਵਾਲਿਆਂ ਦੀ ਥਾਂ 'ਗੱਡੀਆਂ ਵਾਲੇ' ਕਹਿਣ ਲੱਗ ਪਏ।

ਅਰਵਿੰਦਰ ਆਰੀਆ ਸਰ ਇਹ ਕਹਾਣੀ ਸਾਹ ਲਏ ਬਗੈਰ ਵਟਾ-ਵਟ ਸੁਣਾਉਂਦੇ ਚਲੇ ਗਏ ਸਨ। ਜਿਵੇਂ ਜੰਗਲੀ ਜੀਵਨ ਤੋਂ ਨਗਰੀ ਜੀਵਨ ਧਾਰਨ ਕਰਨ ਤੇ ਨਗਰੀ ਜੀਵਨ ਦੀ ਗੁਲਾਮੀ ਤੋਂ ਤੰਗ ਆ ਕੇ ਮੁੜ ਅਰਧ ਜੰਗਲੀ ਜੀਵਨ ਜੀਉਣਾ ਸ਼ੁਰੂ ਕਰਨ ਵਾਲੇ ਲੋਕਾਂ ਦੀ ਕਹਾਣੀ ਸੁਣਾਉਂਦਿਆਂ ਉਹਨਾਂ ਨੂੰ ਬਹੁਤ ਦੁਖ ਹੋ ਰਿਹਾ ਹੋਵੇ। ਤੇ ਉਹ ਛੇਤੀ ਛੇਤੀ ਇਹ ਕਹਾਣੀ ਸੁਣਾ ਕੇ ਲਾਂਭੇ ਹੋਣਾ ਚਾਹੁੰਦੇ ਹੋਣ।

ਪਰ ਆਰੀਆ ਸਰ ਰਾਹੀਂ ਛੋਟੀ ਛੋਟੀ ਕਹਾਣੀ ਸੁਣਾ ਕੇ... ਲਾਂਭੇ ਹੋਣ ਨਾਲ... ਇਹਨਾਂ ਦੀ ਜੂਨ ਤਾਂ ਨਹੀਂ ਬਦਲ ਜਾਣੀ ਸੀ। ਸਦੀਆਂ ਬੀਤਦੀਆਂ ਗਈਆਂ। ਹਜ਼ਾਰਾਂ ਸਾਲ ਲੰਘ ਗਏ ਪਰ ਇਹ ਘੁਮੰਤਰੂ ਕਬੀਲੇ ਨਗਰੀ ਜੀਵਨ ਨਹੀਂ ਅਪਣਾ ਸਕੇ।

ਫ਼ੌਜੀ ਦੀ ਦੁਕਾਨ ਕਜੌਲੀ ਕਸਬੇ ਦਾ ਬਾਜ਼ਾਰ ਸ਼ੁਰੂ ਹੁੰਦਿਆਂ ਹੀ ਕੋਣੇ ਤੇ ਹੈ। ਉਸ ਤੋਂ ਬਾਹਰਲੇ ਪਾਸੇ ਬਰਸਾਤੀ ਸੀਸਵਾਂ ਨਦੀ ਦਾ ਛੰਭ ਹੈ। ਇਸ ਨਦੀ ਨੂੰ ਸ਼ਿਵਾਲਿਕ ਦੀਆਂ ਪਹਾੜੀਆਂ ਵਿਚ ਸੀਸਵਾਂ ਲਾਗੇ ਡੈਮ ਬਣਾ ਕੇ ਰੋਕ ਲੈਣ ਕਰਕੇ ਨਦੀ ਵਿਚ ਪਾਣੀ ਨਹੀਂ ਆਉਂਦਾ। ਇਸ ਖਾਲੀ ਪਈ ਥਾਂ ਵਿਚ ਗੱਡੀਆਂ ਵਾਲੇ, ਗਾਂਵਾਂ ਮੱਝਾਂ ਚਾਰਨ ਵਾਲੇ, ਥੰਗਾਲੇ, ਦਵਾਈਆਂ ਵੇਚਣ ਵਾਲੇ ਘੁਮੰਤਰੂ ਕਬੀਲੇ ਆਪਣੀਆਂ ਝੁੱਗੀਆਂ ਬਣਾ ਕੇ ਰਹਿੰਦੇ ਹਨ। ਤੇ ਸਾਰਾ ਸਾਲ ਇਹਨਾਂ ਦੀ ਆਵਾਜਾਈ ਰਹਿੰਦੀ ਹੈ।

ਦਿਨ ਢਲਦਿਆਂ ਹੀ ਗੱਡੀਆਂ ਵਾਲੇ ਪਰਤਣ ਲੱਗ ਪੈਂਦੇ ਹਨ। "ਹੁਣ ਹੋਊ ਫ਼ੌਜੀ ਦੀ ਦੁਕਾਨ 'ਤੇ ਰੌਣਕ" ਇੰਦਰ ਸਿੰਘ ਫ਼ੌਜੀ ਨੂੰ ਛੇੜਦਾ ਹੈ। ਕੋਈ ਗੱਡੀਆਂ ਵਾਲਾ ਆਪਣੀ ਗੱਡੀ



'ਤੇ ਤੂੜੀ ਤੇ ਹਰਾ ਚਾਰਾ ਲੱਦੀ ਆਉਂਦਾ ਹੈ। "ਇਹ ਮੰਗ-ਪਿੰਨ ਕੇ ਜਾਂ ਖੇਤ ਵਿਚ ਕਿਸਾਨ ਨਾਲ ਕੰਮ-ਧੰਦਾ ਕਰਵਾਕੇ ਲਿਆਇਆ ਹੋਊ।" ਫ਼ੌਜੀ ਟਿੱਪਣੀ ਕਰਦਾ ਹੈ। ਦੂਸਰਾ ਗੱਡੀਆਂ ਵਾਲਾ ਆਪਣੀ ਗੱਡੀ 'ਤੇ ਨਿਆਣਿਆਂ ਨੂੰ ਲੱਦੀ ਡੋਲਿਆਂ-ਬਾਲਟੀਆਂ ਵਿਚ ਖਾਣ-ਪੀਣ ਦਾ ਸਮਾਨ ਲਈ ਆ ਰਿਹਾ ਹੈ।

"ਕਿਸੇ ਵੱਡੇ ਜਾਗੀਰਦਾਰ ਦੇ ਘਰ ਵਿਆਹ-ਸ਼ਾਦੀ ਹੋਊ... ਪਤਾ ਲਗਦਿਆਂ ਹੀ ਸਾਰੇ ਗੱਡੀਆਂ ਵਾਲੇ ਉਥੇ ਚਲੇ ਜਾਂਦੇ ਐ। ਗੱਡੀਆਂ ਵਾਲੇ ਉਥੇ ਖਾ ਪੀ ਆਏ ਹੋਊ... ਬਚਿਆ-ਖੁਚਿਆ ਦਾਲ, ਫੁਲਕਾ, ਚਾਵਲ ਇਹਨਾਂ ਨੂੰ ਦੇ ਦਿੱਤਾ ਹੋਊ।" ਇੰਦਰ ਸਿੰਘ ਕੁਮੈਂਟਸ ਦਿੰਦਾ ਹੈ। ਕੋਈ ਤੀਵੀਂ ਆਦਮੀ ਫ਼ੌਜੀ ਦੀ ਦੁਕਾਨ ਅੱਗੇ ਬੱਸ ਰੁਕਵਾ ਕੇ ਉਤਰ ਰਿਹਾ। ਕੋਈ ਬੁੱਢੀ ਤੀਵੀਂ ਜਵਾਨ ਤੀਵੀਂ ਨਾਲ ਕਿਸੇ ਪਿੰਡ ਵਿਚੋਂ ਸਿਰਾਂ 'ਤੇ ਗਠੜੀਆਂ ਚੁੱਕੀ ਆ ਰਹੀਆਂ ਹਨ।

"ਪਿੰਡ ਵਿਚ ਕਿਸੇ ਦੇ ਮੁੰਡੇ ਦਾ ਵਿਆਹ ਹੋਇਆ ਹੋਵੇ... ਇਹ ਵਧਾਈਆਂ ਦੇ ਕੇ ਸੂਟ ਮੰਗ ਲੈਂਦੀਆਂ। ਨਾਲੇ ਦਾਲ, ਚਾਵਲ, ਆਟਾ, ਗੁੜ, ਲੂਣ ਮਿਰਚਾਂ, ਮੰਗ ਲੈਂਦੀਆਂ ਅਗਲੇ ਦੇ ਦੁਪਹਿਰ ਦੀਆਂ ਬਚੀਆਂ ਰੋਟੀਆਂ ਦਾਲ ਸਬਜ਼ੀ ਖਾ ਆਉਂਦੀਆਂ ਜਾਂ ਨਾਲ ਚੁੱਕ ਲਿਆਉਂਦੀਆਂ। ਆਹ ਦੇਖ ਲਓ ਹੁਣ ਗਠੜੀਆਂ ਬੰਨ੍ਹੀ ਚੁੰਨੀਆਂ ਦੇ ਲੜਾਂ ਵਿਚ ਬੰਨ੍ਹ ਕੇ ਗੱਠਾਂ ਦੇਈ ਭੱਜੀਆਂ ਆ ਰਹੀਆਂ।" ਫ਼ੌਜੀ ਨਾਲ ਉਨ੍ਹਾਂ ਦਾ ਜਿੰਦ ਦਾ ਵਾਹ ਐ, ਉਹਨੂੰ ਇਹਨਾਂ ਬਾਰੇ ਸਭ ਪਤਾ ਹੈ। "ਆਹੋ ਇਨ੍ਹਾਂ ਦਾ ਖੁਰਚਣੇ, ਚਿਮਟੇ, ਝਰਨੇ, ਕੰਡੂਕਸ, ਬਣਾ ਕੇ ਵੇਚਣ ਦਾ ਅਤੇ ਤਸਲਿਆਂ ਬਾਲਟੀਆਂ ਨੂੰ ਥੱਲੇ ਲਾਉਣ ਦਾ ਕੰਮ ਤਾਂ ਪੰਜੀ ਤੀਹ ਸਾਲ ਪਹਿਲਾਂ ਖ਼ਤਮ ਹੋ ਗਿਆ ਮਸ਼ੀਨਾਂ ਇਹਨਾਂ ਦੇ ਕੰਮ ਧੰਦਿਆਂ ਨੂੰ ਖਾ ਗਈਆਂ। ਪਰ ਇਹ ਬਹੁਤ ਤਜਰਬੇਕਾਰ ਲੁਹਾਰ ਨੇ। ਆਰਨ ਪਾਉਂਦੇ ਐ। ਇਹਨਾਂ ਕੋਲ ਲੋਹੇ ਨੂੰ ਤਪਾ ਕੇ ਢਾਲ ਕੇ ਵੱਖ ਵੱਖ ਵਸਤਾਂ ਬਣਾਉਣ ਦੇ ਸਾਰੇ ਸੰਦ ਹੈਗੇ ਐ। ਆਹ ਦੇਖ ਲੋ ਲੋਹੇ ਦੀ ਟੈਂਕੀ ਦਾ ਥੱਲੇ ਵਾਲਾ ਟੁੱਟਿਆ ਹੋਇਆ ਹਿੱਸਾ ਕੱਟ ਕੇ ਦੁਬਾਰਾ ਥੱਲਾ ਲਾ ਦਿੱਤਾ।" ਇੰਦਰਜੀਤ ਸਾਹਮਣੇ ਬੈਠੇ ਟੈਂਕੀ ਨੂੰ ਥੱਲਾ ਲਾ ਰਹੇ ਗੱਡੀਆਂ ਵਾਲੇ ਵੱਲ ਇਸ਼ਾਰਾ ਕਰਕੇ ਦੱਸਦਾ ਹੈ। ਪਰ ਹੁਣ ਇਹ ਕੀ ਕਰਨ, ਇਨ੍ਹਾਂ ਕੋਲ ਕੰਮ ਆਉਂਦਾ ਹੀ ਨਹੀਂ।" ਅਸੀਂ ਦੁਕਾਨ ਤੋਂ ਬਾਹਰ ਆ ਕੇ ਦੇਖਦੇ ਹਾਂ। ਕੋਈ ਚਿੱਟੀ ਦਾੜ੍ਹੀ ਵਾਲਾ ਬਜ਼ੁਰਗ ਬੈਠਾ ਹੁੱਕਾ ਪੀ ਰਿਹਾ। ਉਹ ਫ਼ੌਜੀ ਤੇ ਇੰਦਰਜੀਤ ਨੂੰ ਜਾਣਦਾ ਹੈ। ਮੰਜੇ 'ਤੇ ਬੈਠਣ ਲਈ ਕਹਿੰਦਾ ਹੈ। ਸਾਰੇ ਗੱਡੀਆਂ ਵਾਲਿਆਂ ਦੇ ਇੱਟਾਂ ਰੱਖਕੇ ਬਣਾਏ ਜਾਂ ਟੋਏ ਪੁੱਟ ਕੇ ਬਣਾਏ ਚੁੱਲ੍ਹੇ ਬਲ ਰਹੇ ਹਨ। ਇਹ ਰੋਟੀ ਇਕੋ ਡੰਗ ਸੇਕ ਨੂੰ ਬਣਾ ਕੇ ਖਾਂਦੇ ਹਨ। ਸਵੇਰੇ ਚਾਹ ਪੀ ਕੇ ਏਧਰ ਉਧਰ ਨੂੰ ਨਿਕਲ ਜਾਂਦੇ ਹਨ। ਦੀਵਾ ਨਹੀਂ ਬਾਲਦੇ। ਨ੍ਹੇਰਾ ਹੁੰਦਿਆਂ ਹੀ ਗੱਡੀਆਂ ਉੱਤੇ ਤਰਪਾਲਾਂ ਤਾਣ ਕੇ ਚਾਰੇ ਪਾਸੇ ਮੰਜਿਆਂ ਤੱਕ ਕਪੜੇ ਤਾਣ ਕੇ ਅੰਦਰ ਵੜ ਕੇ ਸੌਂ ਜਾਂਦੇ ਹਨ। ਪਰਦਾ ਕਰਨ ਲਈ ਨਾਲ ਦੇ ਮੰਜੇ 'ਤੇ ਪਏ ਬੱਚਿਆਂ ਵੱਲ ਵੀ ਕੱਪੜਾ ਜਿਹਾ ਤਾਣ ਲੈਂਦੇ ਹਨ।"

"ਓ ਵਿਚਾਰੇ ਕਰਨ ਵੀ ਕੀ? ਇਨ੍ਹਾਂ ਕੋਲ ਹੋਰ ਕਿਹੜਾ ਕੋਈ ਕੰਮ ਐ? ਬੱਚੇ ਮੰਗ ਖਾ ਕੇ ਆਪੇ ਪਲੀ ਜਾਂਦੇ ਐ।"

ਇੰਦਰਜੀਤ ਨੇ ਕਿਹਾ, "ਪਿਛਲੇ ਸਿਆਲ ਵਿਚ ਝੜੀ ਲੱਗ ਗਈ। ਇਹ ਕਿਧਰੇ ਜਾਣ ਜੋਗੇ ਨਾ ਰਹੇ... ਮੈਂ ਆਲੂਆਂ ਦੀ ਬੋਰੀ ਲਿਆ ਕੇ ਦਿੱਤੀ। ਛੋਜੀ ਨੇ ਢੋਲਾਂ ਦਾ ਬੇਲਾ ਦਿੱਤਾ।"

"ਪਰ ਹੁਣ ਕੁਝ ਗੱਡੀਆਂ ਵਾਲੇ ਕੰਮ ਕਰਨ ਲੱਗ ਪਏ ਐ।" ਛੋਜੀ ਨੇ ਦੱਸਿਆ ਪਰ ਕੰਮ ਉਹੀ ਕਰਦੇ ਐ... ਜੀਹਦੇ ਤੁਰੰਤ ਪੈਸੇ ਮਿਲਣ। ਕੁਝ ਗੱਡੀਆਂ ਵਾਲੇ ਮੁੰਡੇ ਜਦ ਆਏ ਹੁੰਦੇ ਐ, ਮੇਰੇ ਕੋਲ ਵੇਟਰ ਦਾ ਕੰਮ ਕਰਦੇ ਐ। ਸੌ ਨੂੰ ਸੌ ਰੁਪਏ ਦਿਹਾੜੀ ਲੈ ਲੈਂਦੇ ਐ। ਠੇਕੇ 'ਤੇ ਪੀ-ਖਾ ਕੇ ਆ ਜਾਂਦੇ ਐ। ਹੁਣ ਵੀ ਆਏ ਹੋਏ ਐ।'

ਏਨੇ ਨੂੰ ਗੱਡੀਆਂ ਵਾਲੇ ਵੇਟਰ ਮੁੰਡੇ ਠੇਕੇ ਕੰਨੀਓਂ ਆ ਕੇ ਬਾਹਰ ਧੋ ਕੇ ਸੁੱਕਣੇ ਪਾਏ ਸ਼ਾਮਿਆਨੇ ਤੇ ਮੇਟ ਚੁੱਕ ਕੇ ਅੰਦਰ ਰੱਖਣ ਲੱਗ ਪਏ। ਦੇਸੀ ਦਾਰੂ ਵਾਲਾ ਭਿੱਟ ਹੋਣ ਤੋਂ ਡਰਦਾ ਉਠਕੇ ਬਾਹਰ ਜਾ ਕੇ ਖੜ ਗਿਆ। ਮੈਂ ਵੀ ਮੇਟ ਚੁੱਕੀ ਕੋਲ ਨੂੰ ਖਹਿ ਕੇ ਲੰਘਦੇ ਮੁੰਡੇ ਨੂੰ ਕਿਹਾ,

"ਦੇਖ ਬਈ ਕੂਹਣੀ ਮਾਰ ਕੇ ਐਨਕ ਨਾ ਸੁੱਟ ਦੇਈਂ ਇਹ ਆਮ ਐਨਕ ਨਹੀਂ... ਵਿਸ਼ੇਸ਼ ਨਜ਼ਰੀਏ ਦੀ ਐਨਕ ਐ ਬੜੀ ਔਖੀ ਬਣਾਈ ਐ... ਜੇ ਇਕ ਵਾਰੀ ਟੁੱਟ ਗਈ ਫਿਰ ਜਿਹੀ ਨੀ ਬਣਨੀ... ਹੋਰ ਤਰ੍ਹਾਂ ਦੀ ਭਾਵੇਂ ਬਣ ਜਾਵੇ।" ਵੇਟਰ ਮੁੰਡੇ ਨੂੰ ਮੇਰੀ ਗੱਲ ਸਮਝ ਆਈ ਜਾਂ ਨਹੀਂ। ਪਰ ਉਹ ਮੇਟ ਚੁੱਕੀ ਮੇਥੋਂ ਪਰ੍ਹਾਂ ਨੂੰ ਹੋ ਕੇ ਲੰਘਣ ਲੱਗ ਪਿਆ।

ਇਕ ਢਲ਼ਦੀ ਉਮਰ ਦੀ ਗੱਡੀਆਂ ਵਾਲੀ ਗਿੱਟਿਆਂ 'ਤੇ ਚਾਂਦੀ ਦੇ ਮੋਟੇ-ਮੋਟੇ ਕੜੇ ਪਾਈ ਲੱਕ ਗੋਡਿਆਂ ਤੱਕ ਘੱਗਰੀ ਗਲ ਲੱਕ ਤੋਂ ਰਤਾ ਥੱਲੇ ਤੱਕ ਬਦਾਮੀ ਰੰਗ ਦੀ ਕੁੜਤੀ ਤੇ ਸਿਰ 'ਤੇ ਗੂੜ੍ਹੇ ਲਾਲ ਰੰਗ ਦੀ ਚੁੰਨੀ ਲਈ ਕਾਊਂਟਰ ਕੋਲ ਨੂੰ ਲੰਘਕੇ ਛੋਜੀ ਦੇ ਨੇੜੇ ਜਾ ਖੜ੍ਹੀ ਉਹ ਖੀਸੇ ਵਿਚੋਂ ਇਕ ਪਰਚੀ ਜਹੀ ਕੱਢਕੇ ਛੋਜੀ ਨੂੰ ਫੜਾਉਂਦਿਆਂ ਉੱਚੀ ਆਵਾਜ਼ ਵਿਚ ਬੋਲੀ, "ਮਿਲਾਈਂ ਛੋਜੀ ਆਹ ਨੰਬਰ!" ਛੋਜੀ ਨੇ ਪਰਚੀ ਫੜਕੇ ਉਹਦੇ ਚਿਹਰੇ 'ਤੇ ਨਜ਼ਰਾਂ ਗੱਡਦਿਆਂ ਪੁੱਛਿਆ,

"ਪਹਿਲਾਂ ਇਹ ਦੱਸ ਇਹ ਸੱਚਮੁੱਚ ਐਡੀਆ-ਐਡੀਆਂ ਜਾਂ ਬਣਾਉਟੀ ਬਣਾਈਆਂ ਹੋਈਆਂ?" ਛੋਜੀ ਨੇ ਉਹਦੀਆਂ ਅੱਗੇ ਨੂੰ ਬਹੁਤ ਵਧਵੀਆਂ ਛਾਤੀਆਂ ਵੱਲ ਉਂਗਲ ਕਰਕੇ ਪੁੱਛਿਆ? ਉਹ ਦੰਦ ਕੱਢਦਿਆਂ ਕਹਿਣ ਲੱਗੀ, "ਛੋਜੀ ਹਟਜਾ ਛੇੜਨ ਤੋਂ... ਜੇ ਮੈਂ ਚਾਰ ਗੱਲਾਂ ਬਣਾ ਕੇ ਤੇਰੇ ਘਰ ਦੱਸ ਆਈ... ਤੈਨੂੰ ਸਰਦਾਰਨੀ ਨੇ ਘਰ ਵੜਨਾ ਔਖਾ ਕਰ ਦੇਣੈਂ। ਤੈਨੂੰ ਵੀਹ ਵਾਰ ਦੱਸਿਆ ਬਈ...।"

"ਮੈਨੂੰ ਤਾਂ ਪਤਾ ਐ ਪਰ ਇਹਨਾਂ ਨੂੰ ਨੀ ਪਤਾ।" ਛੋਜੀ ਨੇ ਸਾਡੇ ਵੱਲ ਇਸ਼ਾਰਾ ਕੀਤਾ। ਉਹ ਹਸਦਿਆਂ ਹੋਇਆਂ ਦੱਸਣ ਲੱਗੀ, "ਸਾਡੇ ਕਪੜੇ ਸੀਣ ਵਾਲੇ ਦਰਜ਼ੀ ਵੱਖਰੇ ਹੁੰਦੇ ਐ ਉਹ ਸਾਡੀ ਕੁੜਤੀ ਸਿਉਂਦਿਆਂ ਈ ਛਾਤੀਆਂ ਦੇ ਕਪੜੇ ਅੱਗੇ ਵਧਵੀ ਰੂਈ ਸਿਓਂ ਦਿੰਦੇ ਐ। ਛੋਜੀ ਤੇਰੇ ਵਰਗਿਆਂ ਨੇ ਤੀਵੀਂ ਦੇ ਚਿਹਰੇ ਵੱਲ ਦੇਖਕੇ ਉਹਦੀਆਂ ਛਾਤੀਆਂ ਵੱਲ ਈ ਦੇਖਣਾ ਹੁੰਦੈ। ਚਿਹਰੇ ਤਾਂ ਸਾਡੇ ਧੁੱਪ ਨੇ ਲੂਸੇ ਪਏ ਐ ਜੇ ਸਾਡੀਆਂ ਛਾਤੀਆਂ ਹੋਊ ਤਾਂ ਹੀ ਤੇਰੇ ਵਰਗਾ ਸਾਡੇ ਵੱਲ ਦੇਖੂ।" ਛੋਜੀ ਚੁੱਪ ਕਰ ਗਿਆ।



"ਇਹ ਚਾਲੂ ਔਰਤ ਬੋਲਣ ਲੱਗੀ ਅੱਗਾ ਪਿੱਛਾ ਨੀ ਦੇਖਦੀ।" ਉਹ ਫ਼ੋਨ ਕਰਕੇ, ਹਸਕੇ ਠੋਡੂ ਦਿਖਾਉਂਦਿਆਂ ਆਪਣਾ ਮੋਬਾਇਲ ਫ਼ੋਨ ਛੋਜੀ ਨੂੰ ਬੈਟਰੀ ਚਾਰਜ ਕਰਨ ਲਈ ਦੇ ਕੇ ਚਲੀ ਗਈ। ਛੋਜੀ ਉਨ੍ਹਾਂ ਬਾਰੇ ਦੱਸਣ ਲੱਗਿਆ, "ਬਈ ਮਜ਼ਾਕ ਜਿੰਨਾ ਮਰਜ਼ੀ ਕਰੀ ਜਾਣ... ਪਰ ਕਿਰਦਾਰ ਦੀਆਂ ਬੜੀਆਂ ਸੁੱਚੀਆਂ ਪਰ ਹੁਣ ਜ਼ਮਾਨੇ ਨਾਲ ਇਹ ਵੀ ਬਦਲ ਰਹੀਆਂ, ਦੋ ਚਾਰ ਜਣੀਆਂ ਕਾਰਾਂ ਵਿਚ ਬਹਿਕੇ ਜਾਣ ਲੱਗ ਪਈਆਂ। ਪਰ ਸਾਰੀਆਂ ਨੀ ਇਹੋ ਜਿਹੀਆਂ। ਪਰਸੋਂ ਦੀ ਗੱਲ ਐ। ਪਿੰਡ ਦੇ ਦੋ ਬਿਗੜੈਲ ਜਹੇ ਮੁੰਡੇ ਇਹਨਾਂ ਦੇ ਆਦਮੀਆਂ ਨੂੰ ਸਾਰਾ ਦਿਨ ਸ਼ਰਾਬ ਪਿਲਾਈ ਗਏ। ਸੰਝ ਨੂੰ ਇਹਨਾਂ ਦੀ ਕੁੜੀ ਨੂੰ ਕੁਝ ਕਹਿ 'ਤਾ। ਸਾਰਾ ਡੇਰਾ 'ਕੱਠਾ ਹੋ ਗਿਆ। ਆਦਮੀਆਂ ਨੇ ਡੰਡੇ ਚੁੱਕ ਲਏ, ਬੱਚੇ ਵੀ ਚਿਮਟੇ, ਖੁਰਚਣੇ ਚੁੱਕੀ ਫਿਰਨ। ਮੁੰਡਿਆਂ ਨੇ ਭੱਜਣ ਦੀ ਕੀਤੀ।" ਅਸੀਂ ਛੋਜੀ ਦੀ ਗੱਲ 'ਤੇ ਖੁੱਲ੍ਹ ਕੇ ਹੱਸੇ।

### *ਮਨੂ ਸਿਮਰਤੀ ਬਾਬ*

ਛੋਜੀ ਨੂੰ ਗੱਲ ਕੂਰਦੀ ਦੇਖ ਇੰਦਰਜੀਤ ਨੇ ਸੋਚਿਆ ਜਿਵੇਂ ਉਹ ਪਿੱਛੇ ਰਹਿ ਗਿਆ ਹੋਵੇ। ਅਜਿਹੇ ਵੇਲੇ ਉਹ ਮੇਰੇ ਮਗਰ ਹੀ ਪੈਂਦਾ ਹੈ। ਗੱਡੀਆਂ ਵਾਲਿਆਂ ਬਾਰੇ ਚਲਦੀਆਂ ਗੱਲਾਂ ਵਿਚ ਇੰਦਰਜੀਤ ਮੇਰੀ ਯਾਦ-ਦਾਸ਼ਤ ਪਰਖਣ ਲੱਗਿਆ, "ਲੈ ਬਈ ਐਂ ਦੱਸ... ਜਿਸ ਦਿਨ ਗੱਡੀਆਂ ਵਾਲੀ ਬੁੱਢੀ ਤੀਵੀਂ ਇਕ ਜਵਾਨ ਕੁੜੀ ਨੂੰ ਲੈ ਕੇ 'ਕੱਲੇ 'ਕੱਲੇ ਸਰ, ਮੈਡਮ ਕੋਲ ਘੁੰਮ ਰਹੀ ਸੀ, ਉਸ ਦਿਨ ਸਰ ਨੇ ਭਲਾ ਕਿਹੜਾ ਲੈਸਨ ਪੜ੍ਹਾਇਆ ਸੀ।" ਮੈਂ ਜਾਣ ਕੇ ਘੇਸਲ ਮਾਰ ਗਿਆ ਤਾਂ ਜੋ ਇੰਦਰਜੀਤ ਦੀ ਚੜ੍ਹ ਮਚ ਜਾਏ। ਤੇ ਮੈਂ ਦਿਮਾਗ਼ 'ਤੇ ਭਾਰ ਪਾਉਣ ਦਾ ਬਹਾਨਾ ਬਣਾਉਂਦਿਆਂ ਕਿਹਾ, "ਸਵਾਰਕੇ ਯਾਦ ਨਹੀਂ ਕੋਈ ਜਿਹਾ ਦੱਸੀਂ ਫਿਰ ਯਾਦ ਆ ਜੂ। ਦੇਖਿਆ ਫੇਰ ਮੈਂ ਈ ਦੱਸਾਂ।" ਉਹਨੇ ਆਦਤ ਅਨੁਸਾਰ ਗਰਦਨ ਘੁਮਾਂਦਿਆਂ ਸਿਰ ਫੇਰਿਆ, "ਮੇਰੇ ਯਾਦ ਐ... ਉਸ ਦਿਨ ਸਰ ਨੇ ਮਨੂੰ ਸਿਮਰਤੀ ਤੇ ਹੋਰ ਸਿਮਰਤੀਆਂ ਲਿਖੇ ਜਾਣ ਦਾ ਲੈਸਨ ਪੜ੍ਹਾਇਆ ਸੀ।" ਤੇ ਉਹ ਜੇਤੂ ਅੰਦਾਜ਼ ਵਿਚ ਗਿਲਾਸ ਨੇੜੇ ਕਰਕੇ ਪੈੱਗ ਪਾਉਣ ਲੱਗ ਪਿਆ।

ਮੇਰੇ ਭਲਾ ਕਿਉਂ ਨੀ ਯਾਦ ਹੋਊ? ਮੈਂ ਤਾਂ ਸਗੋਂ ਸਰ ਕੋਲੋਂ ਪੜ੍ਹਨ ਤੋਂ ਬਾਅਦ ਜਿਥੇ ਕਿਤੇ ਵੀ ਇਸਦੇ ਬਾਰੇ ਲਿਖਿਆ ਹੋਇਆ ਪੜ੍ਹਦਾ। ਸਰ ਤੋਂ ਲਈ ਇਸ ਡਾਇਰੀ ਵਿਚ ਨੋਟ ਕਰਦਾ ਆ ਰਿਹਾ।

ਉਸ ਦਿਨ ਅਸੀਂ ਕਿੰਨੇ ਹੀ ਵਿਦਿਆਰਥੀ ਰੀਸੈੱਸ ਹੋਣ ਕਰਕੇ ਕਲਾਸ ਰੂਮ ਦੇ ਅਗਲੇ ਵਰਾਂਡੇ ਵਿਚ ਖੜ੍ਹੇ ਵੇਖ ਰਹੇ ਸੀ ਕਿ ਬੁੱਢੀ ਹੱਥ ਔਰਤੇ ਨਾਲ ਲਿਆਂਦੀ ਕੁੜੀ ਦਾ ਵਿਆਹ ਕਰਨ ਲਈ, ਜੋ ਸਰਦਾ ਐ, ਦੇਣ ਲਈ ਹਰੇਕ ਸਰ, ਮੈਡਮ ਕੋਲ ਜਾ ਕੇ ਗਿੜਗਿੜਾ ਰਹੀ ਸੀ। ਲਗਭਗ ਹਰੇਕ ਅਧਿਆਪਕ ਉਨ੍ਹਾਂ ਨੂੰ ਦਸ, ਵੀਹ ਰੁਪਏ ਦੇਣ ਦੇ ਨਾਲ ਨਾਲ ਉਨ੍ਹਾਂ ਨੂੰ ਇਸ ਤਰ੍ਹਾਂ ਮੰਗਣ 'ਤੇ ਝਾੜ ਜ਼ਰੂਰ ਪਾਉਂਦਾ ਸੀ ਕਿ ਵਿਹਲੀਆਂ ਖਾਣ ਲੱਗੀਆਂ ਹੋਈਆਂ ਓ, ਭਲੀਆਂ ਚੰਗੀਆਂ ਓ... ਕੋਈ ਕੰਮ-ਕਾਰ ਨੀ ਕਰ ਸਕਦੀਆਂ? ਆਰੀਆ ਸਰ ਨੇ ਉਨ੍ਹਾਂ ਨੂੰ

ਪੰਜਾਹ ਦਾ ਨੋਟ ਦਿੱਤਾ ਸੀ ਤੇ ਇਤਿਹਾਸ ਦੇ ਪੀਰੀਅਡ ਵਿਚ, ਸਾਡੀ ਕਲਾਸ ਵਿਚ ਆ ਕੇ ਦੱਸਿਆ ਸੀ, "ਉਨ੍ਹਾਂ ਦੇ ਆ ਕੇ ਇਸ ਤਰ੍ਹਾਂ ਗਿੜ ਗਿੜਾ ਕੇ ਮੰਗਣ ਵਿਚ ਉਨ੍ਹਾਂ ਦਾ ਕੋਈ ਕਸੂਰ ਨਹੀਂ... ਹਾਲਾਤਾਂ ਨੇ ਉਨ੍ਹਾਂ ਨੂੰ ਇਸ ਤਰ੍ਹਾਂ ਦਾ ਬਣਾਇਆ ਮਗਧ ਰਾਜ ਵਿਚ... ਇਸ ਤਰ੍ਹਾਂ ਦੇ ਅਸਾਵੇਂ ਹਾਲਾਤ ਬਣਨ ਬਾਰੇ ਹੀ ਅੱਜ ਮੈਂ ਪੜ੍ਹਾਵਾਂਗਾ।"

ਮਗਧ ਰਾਜ ਦਾ ਇਤਿਹਾਸ ਮਹਾਂਭਾਰਤ ਕਾਲ ਤੋਂ ਲਿਖਿਆ ਹੋਇਆ ਪ੍ਰਾਪਤ ਹੁੰਦਾ ਹੈ। ਮਗਧ ਦੇ ਰਾਜੇ ਬ੍ਰਿਹਦਰਥ ਤੋਂ ਬਾਅਦ ਉਹਦਾ ਪੁੱਤਰ ਜਰਾਸੰਧ ਗੱਦੀ 'ਤੇ ਬੈਠਿਆ। ਉਹ ਬਹੁਤ ਸ਼ਕਤੀਸ਼ਾਲੀ ਰਾਜਾ ਸੀ। ਉਹਨੇ ਮਥੁਰਾ 'ਤੇ ਆਕਰਮਣ ਕਰਕੇ ਕ੍ਰਿਸ਼ਨ ਤੇ ਯਾਦਵਾਂ ਨੂੰ ਉਥੋਂ ਭਜਾ ਦਿੱਤਾ ਸੀ। ਕ੍ਰਿਸ਼ਨ ਨੇ ਯਾਦਵਾਂ ਨੂੰ ਲਿਜਾ ਕੇ ਦਵਾਰਕਾ ਨਗਰ ਵਸਾ ਲਿਆ ਸੀ। ਪਰ ਮਹਾਂਭਾਰਤ ਦੇ ਯੁੱਧ ਤੋਂ ਪਹਿਲਾਂ ਹੀ ਕ੍ਰਿਸ਼ਨ ਨੇ ਆਪਣੀ ਹਾਰ ਦਾ ਬਦਲਾ ਲੈਣ ਲਈ ਅਰਜਨ ਨੂੰ ਲਿਜਾ ਕੇ ਮਗਧ 'ਤੇ ਆਕਰਮਣ ਕਰਕੇ ਰਾਜੇ ਜਰਾਸੰਧ ਨੂੰ ਮਾਰ ਦਿੱਤਾ ਸੀ।

642 ਈ. ਪੂਰਵ ਅਨਾਰੀਆ, ਨਾਗਵੰਸ਼ੀ ਰਾਜਾ ਸ਼ਿਸ਼ੂਨਾਗ ਨੇ ਮਗਧ ਤੇ ਅਧਿਕਾਰ ਕਰ ਲਿਆ ਸੀ। ਨਾਗਵੰਸ਼ੀ ਰਾਜਿਆਂ ਨੇ 413 ਈ. ਪੂ. ਤੱਕ ਮਗਧ 'ਤੇ ਰਾਜ ਕੀਤਾ। 413 ਈ. ਪੂ. ਇਕ ਨਾਈ ਦੇ ਪੁੱਤਰ ਸ਼ੂਦਰ ਰਾਜੇ ਮਹਾਂ ਪਦਮਨੰਦ ਨੇ ਮਗਧ 'ਤੇ ਆਪਣਾ ਕਬਜਾ ਕਰ ਲਿਆ। ਉਹਨੇ ਮਗਧ ਰਾਜ ਦਾ ਬਹੁਤ ਵਿਕਾਸ ਕੀਤਾ। ਪੁਰਾਣਾਂ ਅਨੁਸਾਰ ਮਹਾਂ ਪਦਮਨੰਦ ਨੇ ਮਹਾਂਭਾਰਤ ਦੇ ਯੁੱਧ ਤੋਂ ਬਚਦੇ ਛੋਟੇ-ਛੋਟੇ ਕਸ਼ੱਤਰੀ ਰਾਜਿਆਂ 'ਤੇ ਆਕਰਮਣ ਕਰਕੇ ਉਹਨਾਂ ਦੇ ਰਾਜਾਂ ਨੂੰ ਆਪਣੇ ਰਾਜ ਵਿਚ ਮਿਲਾ ਲਿਆ। ਪੁਰਾਣਾਂ ਵਿਚ ਮਹਾਂ ਪਦਮਨੰਦ ਨੂੰ 'ਕਸ਼ੱਤਰੀਆ ਦਾ ਹੰਤਾ' (ਹੱਤਿਆ ਕਰਨ ਵਾਲਾ) ਤੇ ਪਰਸ਼ਰਾਮ ਦੇ ਸਮਾਨ 'ਸਰਵ ਕਸ਼ੱਤਰੀਯ ਤਾਂਤਕ ਤੇ 'ਏਕਰਾਟ' ਲਿਖਿਆ ਹੈ।

321 ਈ. ਪੂ. ਚੰਦਰਗੁਪਤ ਮੌਰੀਆ ਨੇ ਮਗਧ ਤੇ ਆਕਰਮਣ ਕਰਕੇ ਆਪਣਾ ਰਾਜ ਸਥਾਪਤ ਕਰ ਲਿਆ ਸੀ। ਮੌਰੀਆ ਵੰਸ਼ ਦੇ ਸਮਰਾਟ ਅਸ਼ੋਕ ਨੇ ਬੁੱਧ ਧਰਮ ਭਾਰਤ ਵਿਚ ਹੀ ਨਹੀਂ ਸਗੋਂ ਬੋਧ ਭਿਕਸ਼ੂਆਂ ਨੂੰ ਭੇਜ ਕੇ ਚੀਨ, ਜਾਪਾਨ, ਲੰਕਾ, ਮਲਾਇਆ, ਕੋਰੀਆ, ਥਾਈਲੈਂਡ, ਬਰਮਾਂ ਆਦਿ ਦੇਸ਼ਾਂ ਵਿਚ ਵੀ ਫੈਲਾਇਆ ਸੀ।

184 ਈ. ਪੂ. ਮਗਧ ਸਾਮਰਾਜ ਦੇ ਬੋਧੀ ਰਾਜੇ ਬ੍ਰਿਹਦਰਥ ਦਾ ਉਸਦੇ ਸੁੰਗਵੰਸ਼ੀ ਬ੍ਰਾਹਮਣ ਸੈਨਾਪਤੀ, ਪੁਸ਼ਿਆ ਮਿੱਤਰ ਨੇ ਕਤਲ ਕਰ ਦਿੱਤਾ ਸੀ। ਤੇ ਉਹਦੀ ਥਾਂ ਤੇ ਆਪ ਰਾਜਗੱਦੀ ਸੰਭਾਲ ਲਈ ਸੀ।

ਲਗਭਗ ਚਾਰ ਸੌ ਸਾਲ ਤੱਕ ਹੋਰ ਰਾਜਾਂ ਦੇ ਨਾਲ ਨਾਲ ਮਗਧ ਸਾਮਰਾਜ 'ਤੇ ਬੋਧੀ ਰਾਜਿਆਂ ਦਾ ਰਾਜ ਰਿਹਾ ਸੀ। ਜਿਹਾ ਰਾਜਾ ਤਿਹੀ ਪਰਜਾ ਦੇ ਕਥਨ ਅਨੁਸਾਰ ਪਰਜਾ ਨੇ ਬੁੱਧ ਧਰਮ ਨੂੰ ਅਪਣਾਇਆ ਹੋਇਆ ਸੀ। ਆਪਣੀਆਂ ਇੱਛਾਵਾਂ ਨੂੰ ਖੁੱਲ੍ਹੀਆਂ ਬੇਲਗਾਮ ਨਾ ਛੱਡਣ ਤੇ ਨਾ ਹੀ ਇੱਛਾਵਾਂ ਦਾ ਦਮਨ ਕਰਨ ਦੇ ਮੱਧ ਮਾਰਗ ਤੇ ਚਲਣ 'ਤੇ ਜੀਓ ਤੇ ਜੀਣ ਦਿਓ ਤੇ ਆਪਣਾ ਦੀਪਕ ਆਪ ਬਣੋ, ਦੇ ਅਹਿੰਸਾਵਾਦੀ ਫਲਸਫੇ ਤੋਂ ਵੱਧ ਲੋਕ ਪੱਖੀ, ਪੁਸ਼ਿਆ ਮਿੱਤਰ ਤੇ ਉਹਦੇ ਅਨੁਯਾਈਆਂ ਕੋਲ ਕੋਈ ਦਰਸ਼ਨ ਨਹੀਂ ਸੀ। ਜਿਥੇ ਤਰਕ ਤੇ ਦਾਂਗਿਲਬਾਜੀ ਨਹੀਂ ਚੱਲਦੀ... ਉਥੇ ਜ਼ੋਰ ਜਬਰਦਸਤੀ ਕੀਤੀ ਜਾਂਦੀ ਹੈ। ਇਸ ਲਈ ਬੋਧੀਆਂ ਨਾਲ ਸੰਵਾਦ ਰਚਾ ਕੇ



ਉਨ੍ਹਾਂ ਨੂੰ ਗਲਤ ਸਾਬਤ ਕਰਨ ਦੀ ਥਾਂ, ਰਾਜਾ ਪੁਸ਼ਿਆ ਮਿੱਤਰ ਨੇ ਬੋਧੀਆਂ ਨੂੰ ਲੁੱਟਣ ਤੇ ਉਨ੍ਹਾਂ ਨੂੰ ਜਾਨੋਂ ਮਾਰਨ ਦੇ ਆਦੇਸ਼ ਜਾਰੀ ਕਰ ਦਿੱਤੇ।

ਰਾਜਾ ਪੁਸ਼ਿਆ ਮਿੱਤਰ ਨੇ ਆਪਣੇ ਸੈਨਿਕਾਂ ਦੁਆਰਾ ਬੋਧ ਵਿਹਾਰਾਂ ਨੂੰ ਤਬਾਹ ਕਰਨ, ਬੋਧ ਧਰਮ ਦੇ ਗ੍ਰੰਥਾਂ ਨੂੰ ਜਲਾਉਣ ਤੇ ਨਿਹੱਥੇ ਬੋਧ ਭਿਕਸ਼ੂਆਂ ਤੇ ਬੋਧ ਧਰਮ ਨੂੰ ਮੰਨਣ ਵਾਲਿਆਂ ਦੇ ਬੇਰਹਿਮੀ ਨਾਲ ਕਤਲ ਕਰਨ ਦੇ ਕਾਰਨਾਮਿਆਂ ਨੇ... ਮੁਢਲੇ ਵੈਦਿਕ ਕਾਲ ਵਿਚ ਆਰੀਆਂ ਦੁਆਰਾ ਅਸੁਰਾਂ ਨੂੰ ਯੁੱਧ ਵਿਚ ਹਰਾ ਕੇ ਉਹਨਾਂ ਦੇ ਸੁੰਦਰ ਨਗਰਾਂ ਨੂੰ ਅੱਗਾਂ ਲਾ ਕੇ ਤਬਾਹ ਕਰਨ ਤੇ ਨਗਰਾਂ ਵਿਚੋਂ ਬਚ ਕੇ ਨਿਕਲਣ ਵਾਲੇ ਅਸੁਰਾਂ, ਇਸਤਰੀਆਂ ਤੇ ਬੱਚਿਆਂ ਨੂੰ ਬੇਰਹਿਮੀ ਨਾਲ ਕਤਲ ਕਰਨ ਦੇ ਇਤਿਹਾਸ ਦੀ ਯਾਦ ਤਾਜਾ ਕਰਵਾ ਦਿੱਤੀ ਸੀ।

ਕਿੰਨੇ ਹੀ ਬੋਧ ਭਿਕਸ਼ੂ ਭੱਜ ਕੇ ਹਿਮਾਲਾ ਪਰਬਤ ਦੀਆਂ ਬਰਫ਼ ਲੱਦੀਆਂ ਚੋਟੀਆਂ ਨੂੰ ਪਾਰ ਕਰਦਿਆਂ ਮਾਰੇ ਗਏ ਤੇ ਕੁਝ ਬਚ ਕੇ ਨਿਕਲਣ ਵਿਚ ਕਾਮਯਾਬ ਹੋ ਗਏ ਤੇ ਉਹ ਤਿੱਬਤ, ਚੀਨ, ਬਰਮਾਂ, ਜਾਪਾਨ ਆਦਿ ਦੇਸ਼ਾਂ ਵਿਚ ਜਾ ਕੇ ਬੋਧ ਫਲਸਫੇ ਦਾ ਪ੍ਰਚਾਰ ਕਰਨ ਲੱਗ ਪਏ।

... ਬੋਧ ਭਿਕਸ਼ੂਆਂ ਦਾ ਮੁਕੰਮਲ ਤੌਰ 'ਤੇ ਵਿਨਾਸ਼ ਕਰਨ ਲਈ ਰਾਜਾ ਪੁਸ਼ਿਆ ਮਿੱਤਰ ਨੇ ਬੋਧ ਭਿਕਸ਼ੂ ਦਾ ਸਿਰ ਕੱਟਕੇ ਲਿਆਉਣ ਵਾਲੇ ਨੂੰ ਇਕ ਸੌ ਸੋਨੇ ਦੇ ਦੀਨਾਰ, ਮੁਹਰਾਂ ਦੇਣ ਦਾ ਐਲਾਨ ਕਰ ਦਿੱਤਾ। ਰਾਜੇ ਦੇ ਦਰਬਾਰ ਵਿਚ, 100 ਦੀਨਾਰ ਪ੍ਰਾਪਤ ਕਰਨ ਲਈ ਬੋਧ ਭਿਕਸ਼ੂਆਂ ਦੇ ਸਿਰ ਕੱਟਕੇ ਲਿਆਉਣ ਵਾਲੇ ਨਾਗਰਿਕਾਂ ਦੀਆਂ ਲੰਮੀਆਂ ਲੰਮੀਆਂ ਕਤਾਰਾਂ ਲੱਗਣ ਲੱਗ ਪਈਆਂ ਸਨ।

ਇਕ ਪਾਸੇ ਬੁੱਧੀਮਾਨ ਲੋਕ ਬੇਕਸੂਰ ਭਿਕਸ਼ੂਆਂ ਦਾ ਕਤਲੇਆਮ ਕਰਵਾਉਣ ਕਰਕੇ ਰਾਜੇ ਪੁਸ਼ਿਆ ਮਿੱਤਰ ਦੀ ਨਿੰਦਿਆ ਕਰ ਰਹੇ ਸਨ। ਦੂਸਰੇ ਪਾਸੇ ਪੂਜਨੀਕ ਬ੍ਰਾਹਮਣ ਵੀ ਪੁਸ਼ਿਆ ਮਿੱਤਰ ਦਾ ਬ੍ਰਾਹਮਣ ਹੋ ਕੇ ਰਾਜ ਕਰਨ 'ਤੇ ਵਿਰੋਧ ਕਰ ਰਹੇ ਸਨ। ... ਕਿਉਂਕਿ 'ਵਰਣ ਧਰਮ ਦੇ ਅਨੁਸਾਰ ਰਾਜ ਕਰਨਾ ਕੇਵਲ ਕਸ਼ੱਤਰੀਆਂ ਦਾ ਅਧਿਕਾਰ ਹੈ, ਇਕ ਬ੍ਰਾਹਮਣ ਰਾਜਾ ਨਹੀਂ ਬਣ ਸਕਦਾ। ਰਾਜੇ ਨੇ ਪਿਛਲੇ ਜਨਮ ਵਿਚ ਜਪ, ਤਪ, ਦਾਨ, ਪੁੰਨ ਕਰਕੇ ਰਾਜ-ਗੱਦੀ ਪ੍ਰਾਪਤ ਕੀਤੀ ਹੈ। ਇਸ ਲਈ ਰਾਜੇ ਦੇ ਵਿਰੁੱਧ ਵਿਦਰੋਹ ਕਰਨਾ ਮਹਾਂ ਪਾਪ ਹੈ।'

ਰਾਜੇ ਨੇ ਰਿਸ਼ੀਆਂ ਅਤੇ ਬ੍ਰਾਹਮਣਾਂ ਦੀ ਧਰਮ ਸੰਸਦ ਬੁਲਾਈ। ਸਭ ਤੋਂ ਪਹਿਲਾਂ ਸੁਮਤੀ ਭਾਰਗਵ ਜਿਹੜਾ ਕਿ ਮਨੂੰ ਦੇ ਨਾਂ ਅਧੀਨ ਮਨੂੰ ਸਿਮਰਤੀ ਲਿਖ ਰਿਹਾ ਸੀ, ਨੇ ਰਾਜੇ ਪੁਸ਼ਿਆ ਮਿੱਤਰ ਨੂੰ ਵਰਣ ਧਰਮ ਅਨੁਸਾਰ ਆਚਰਣ ਨਾ ਕਰਨ ਦੇ ਦੋਸ਼ ਤੋਂ ਮੁਕਤ ਕਰਨ ਲਈ ਮੰਤਰ ਉਚਾਰੇ, "ਬ੍ਰਾਹਮਣ ਨੂੰ ਅਧਿਕਾਰ ਹੈ ਕਿ ਉਹ ਕਿਸੇ ਰਾਜ ਨੂੰ ਜਿੱਤਣ ਲਈ ਸੈਨਾਪਤੀ ਬਣ ਕੇ ਯੁੱਧ ਕਰ ਸਕਦਾ ਹੈ ਅਤੇ ਇਕ ਸ਼ਾਸ਼ਕ ਬਣ ਕੇ ਰਾਜ ਗੱਦੀ ਤੇ ਬਹਿ ਕੇ ਰਾਜ ਕਰ ਸਕਦਾ ਹੈ।" ਸਾਰੇ ਰਿਸ਼ੀਆਂ ਨੇ ਹੱਥ ਖੜੇ ਕਰਕੇ ਮਨੂੰ ਦੇ ਪ੍ਰਸਤਾਵ ਦਾ ਸਮਰਥਨ ਕੀਤਾ। ਤੇ ਰਿਸ਼ੀਆਂ ਵਲੋਂ ਸੁੰਗ ਵੰਸ਼ੀ ਬ੍ਰਾਹਮਣ ਪੁਸ਼ਿਆ ਮਿੱਤਰ ਨੂੰ ਮਗਧ ਦਾ ਰਾਜਾ ਸਵੀਕਾਰ ਕਰਨ ਦੀ ਘੋਸ਼ਣਾ ਕਰ ਦਿੱਤੀ ਗਈ।

ਉਧਰ ਪੁਸ਼ਿਆ ਮਿਤਰ ਦੇ ਜ਼ੁਲਮਾਂ ਦਾ ਮੁਕਾਬਲਾ ਕਰਨ ਲਈ ਬੋਧ ਮਹਾਂ ਸੰਘ ਵਲੋਂ ਘਣੇ ਜੰਗਲ ਵਿਚ ਬੋਧ ਭਿਕਸ਼ੂਆਂ ਦੀ ਆਮ ਸਭਾ ਬੁਲਾਈ ਗਈ। ਧਰਮ ਦੀਕਸ਼ਤਾਂ ਨੇ ਨਿਰਣਾ ਲਿਆ ਕਿ ਬੋਧ ਸ਼ਾਂਤੀ ਦੇ ਦੌਰ ਵਿਚ ਅਹਿੰਸਕ ਹਨ... ਪਰ ਹਿੰਸਾ ਦੇ ਦੌਰ ਵਿਚ... ਬੋਧਾਂ ਲਈ ਸਚਾਈ ਅਤੇ ਇਨਸਾਫ਼ ਲਈ ਯੁੱਧ ਕਰਨਾ ਵਾਜਬ ਹੈ। ਹੁਣ ਜਦ ਬਿਨਾ ਕਿਸੇ ਕਸੂਰ ਦੇ ਬੋਧ ਭਿਕਸ਼ੂਆਂ ਦੇ ਸਿਰ ਕੱਟੇ ਜਾ ਰਹੇ ਹਨ... ਤਾਂ ਬੋਧਾਂ ਲਈ ਆਪਣੀ ਜਾਨ ਦੀ ਰਾਖੀ ਲਈ ਹਥਿਆਰ ਚੁੱਕਣਾ ਗਲਤ ਨਹੀਂ ਹੈ... ਸਗੋਂ ਠੀਕ ਹੈ, ਤੇ ਜੰਗਲਾਂ-ਬੇਲਿਆਂ ਵਿਚ ਲੁਕੇ ਬੋਧ ਹਥਿਆਰ ਬੰਦ ਹੋ ਕੇ ਇਧਰ ਉਧਰ ਜਾਂਦੇ ਸੈਨਿਕ ਦਸਤਿਆਂ 'ਤੇ ਆਕਰਮਣ ਕਰਦੇ ਤੇ ਮੁੜ ਸੰਘਣੇ ਜੰਗਲ ਵਿਚ ਲੁਕ ਜਾਂਦੇ।

ਰਾਜਾ ਪੁਸ਼ਿਆ ਮਿਤਰ ਨੇ ਬ੍ਰਾਹਮਣਾਂ ਦੀ ਦੁਬਾਰਾ ਧਰਮ ਸੰਸਦ ਬੁਲਾਈ ਅਤੇ ਆਪਣਾ ਦੁਖ ਦੱਸਿਆ, "ਰਿਸ਼ੀਵਰ! ਬੋਧੀ ਰਾਜਿਆਂ ਦੇ ਰਾਜ ਵਿਚ ਸ਼ੂਦਰ, ਸ਼ਿਲਪੀ ਤੇ ਇਸਤਰੀਆਂ ਨੇ ਬਹੁ ਗਿਣਤੀ ਵਿਚ ਬੋਧ ਧਰਮ ਗ੍ਰਹਿਣ ਕਰ ਲਿਆ ਸੀ। ਧਰਮ ਦੀਕਸ਼ਤ ਬਣੇ ਸ਼ੂਦਰ ਤੇ ਇਸਤਰੀਆਂ ਉਚ ਵਰਣ ਦੇ ਬੋਧ ਬਣੇ ਪੁਰਸ਼, ਇਸਤਰੀਆਂ ਨੂੰ ਵੀ ਧਰਮ ਉਪਦੇਸ਼ ਦੇ ਰਹੇ ਹਨ। ਜਦਕਿ ਰਿਸ਼ੀਆਂ ਦੁਆਰਾ ਰਚੇ ਸ਼ਾਸਤਰਾਂ ਵਿਚ ਸ਼ੂਦਰ ਤੇ ਇਸਤਰੀ ਲਈ ਬ੍ਰਾਹਮਣ, ਕਸ਼ੱਤਰੀ ਨੂੰ ਧਰਮ ਉਪਦੇਸ਼ ਦੇਣ 'ਤੇ ਸਜ਼ਾਵਾਂ ਲਿਖੀਆਂ ਹੋਈਆਂ ਹਨ।"

"ਇਹੀ ਨਹੀਂ... ਧਰਮ ਉਪਦੇਸ਼ ਦੇਣ ਤੋਂ ਬਿਨਾ ਸ਼ੂਦਰ, ਸ਼ਿਲਪੀ, ਰਥਕਾਰ, ਰਥ ਬਣਾ ਕੇ ਤੇ ਧਾਰੂਕਾਰ ਤਲਵਾਰਾਂ, ਬਰਛੇ, ਭਾਲੇ ਆਦਿ ਹਥਿਆਰ ਬਣਾ ਕੇ ਸ਼ੂਦਰਾਂ ਅਤੇ ਬੋਧੀਆਂ ਨੂੰ ਦੇ ਰਹੇ ਹਨ। ਤੇ ਉਹ ਮੁੜ ਬੋਧੀਆਂ ਦਾ ਰਾਜ ਲਿਆਉਣ ਲਈ ਸ਼ੂਦਰ ਤੇ ਬੋਧੀ ਲੁਕ ਛਿਪ ਕੇ ਸੈਨਿਕਾਂ 'ਤੇ ਆਕਰਮਣ ਕਰ ਰਹੇ ਹਨ। ਹੇ ਰਿਸ਼ੀਵਰ! ਜੇ ਪਰਜਾ ਵਿਚ ਉਠੇ ਵਿਦਰੋਹ ਨੂੰ ਨਾ ਦਬਾਇਆ ਗਿਆ ਤਾਂ ਅਨੇਕਾਂ ਬੋਧੀ ਰਾਜਾਂ ਵਿਚ ਇਕੋ ਇਕ ਮਗਧ ਦਾ ਬ੍ਰਾਹਮਣ ਰਾਜ ਵੀ ਸਮਾਪਤ ਹੋ ਜਾਵੇਗਾ।"

ਧਰਮ ਸੰਸਦ ਦੇ ਮੁਖੀ ਮਨੂੰ ਰਿਸ਼ੀ ਨੇ ਰਾਜੇ ਪੁਸ਼ਿਆ ਮਿਤਰ ਦੀ ਬੇਨਤੀ ਸੁਣਦਿਆਂ ਗੁੱਸੇ ਤੇ ਤੈਸ਼ ਵਿਚ ਆਉਂਦਿਆਂ ਕਿਹਾ, "ਹੇ ਰਾਜਨ! ਇਹ ਕੋਈ ਸਾਧਾਰਨ ਜਿਹੀ ਤਬਦੀਲੀ ਨਹੀਂ... ਸੈਂਕੜੇ ਸਾਲਾਂ ਤੋਂ ਲੋਕ ਮਨਾਂ ਵਿਚ ਵਸੇ ਬੋਧ ਦਰਸ਼ਨ, ਬੋਧ ਧਰਮ ਵਿਰੁੱਧ ਵਿਦਰੋਹ ਹੈ... ਇਤਿਹਾਸ ਇਸਨੂੰ 'ਬ੍ਰਹਮ ਵਾਦ' ਬੋਧ ਦਰਸ਼ਨ ਦੇ ਵਿਰੁੱਧ ਕ੍ਰਾਂਤੀ ਦੇ ਤੌਰ ਤੇ ਦਰਜ ਕਰੇਗਾ। ਹੇ ਰਾਜਨ! ਬ੍ਰਾਹਮਣ ਰਾਜ ਦੀ ਪੱਕੇ ਤੌਰ ਤੇ ਕਾਇਮੀ ਲਈ... ਸ਼ੂਦਰਾਂ, ਬੋਧੀਆਂ ਤੇ ਇਸਤਰੀਆਂ ਦੀ ਗੁਲਾਮੀ ਲਈ ਸਖ਼ਤ ਤੋਂ ਸਖ਼ਤ ਵਿਧਾਨ ਬਣਾਉਣਾ ਸਾਡਾ ਕਰਤੱਵ ਹੈ, ਤੇ ਉਸ ਵਿਧਾਨ ਨੂੰ ਸੈਨਾ ਰਾਹੀਂ ਸਖ਼ਤੀ ਨਾਲ ਲਾਗੂ ਕਰਨਾ ਤੇਰਾ ਕੰਮ ਹੈ।"

ਅਰਵਿੰਦਰ ਆਰੀਆ ਸਰ ਨੇ ਦੱਸਿਆ ਕਿ ਬੋਧ ਵਿਹਾਰਾਂ ਦੀ ਤਰਜ਼ 'ਤੇ ਰਿਸ਼ੀਆਂ ਦੇ ਆਸ਼ਰਮਾਂ ਵਿਚ ਵੀ ਚਾਰੇ ਵਰਣਾਂ ਦੇ ਮੁੰਡੇ, ਕੁੜੀਆਂ ਨੂੰ ਸ਼ਾਸਤਰ ਵਿਦਿਆ ਪੜ੍ਹਾਈ ਜਾਣ ਲੱਗ ਪਈ ਸੀ। ਧਰਮ ਸੰਸਦ ਵਿਚੋਂ ਆ ਕੇ, ਮਨੂੰ ਰਿਸ਼ੀ ਆਸ਼ਰਮ ਵਿਚ ਚਿੰਤਨ ਵਿਚ ਮਗਨ ਘੁੰਮ ਰਹੇ ਸਨ। ਉਨ੍ਹਾਂ ਨੂੰ ਚੁੱਪ ਘੁੰਮਦਿਆਂ ਦੇਖ ਉਨ੍ਹਾਂ ਕੋਲੋਂ ਚੇਲੇ ਅੰਦਰ ਅੰਦਰ ਡਰ ਰਹੇ ਸਨ।



ਮਨੂੰ ਰਿਸ਼ੀ ਨੇ ਧਰਮ ਸੰਸਦ ਵਿਚ ਲਏ ਫੈਸਲੇ ਅਨੁਸਾਰ ਸ਼ੂਦਰਾਂ, ਸ਼ਿਲਪੀਆਂ ਦੇ ਮੁੰਡਿਆਂ ਨੂੰ ਕਹੀਆਂ, ਤਸਲੇ, ਖੁਰਪੇ ਚੁਕਵਾ ਕੇ ਆਸ਼ਰਮ ਦੀ ਮਾਲਕੀ ਵਾਲੇ ਖੇਤ ਪੱਧਰੇ ਕਰਨ ਲਈ ਭੇਜਦਿਆਂ ਕਿਹਾ, "ਕੱਲ ਤੋਂ ਤੁਸੀਂ ਆਪਣੇ ਕਾਲੇ ਮੂੰਹ ਮੈਨੂੰ ਨਹੀਂ ਦਿਖਾਉਣੇ ਅਤੇ ਅਗਲੇ ਆਦੇਸ਼ਾਂ ਤੱਕ ਆਸ਼ਰਮ ਵਿਚ ਪੈਰ ਨਹੀਂ ਪਾਉਣਾ।"

"ਸਰ ਜਿਵੇਂ ਸਾਡੇ ਪ੍ਰਾਇਮਰੀ ਸਕੂਲ ਵਿਚ ਪੜ੍ਹਾਉਂਦੇ ਅਧਿਆਪਕ ਕੇਵਲ ਭੰਗੀਆਂ ਦੇ ਮੁੰਡਿਆਂ ਦੀ ਡਿਊਟੀ ਸਕੂਲ ਦੀ ਗਰਾਊਂਡ ਵਿਚੋਂ ਕੰਡਿਆਂ ਤਿਲਿਆਂ ਦਾ ਗੰਦ ਚੁੱਕਣ ਲਈ ਲਾਉਂਦੇ ਸਨ।" ਇੰਦਰਜੀਤ ਨੇ ਕਲਾਸ ਵਿਚ ਖੜਾ ਹੁੰਦਿਆਂ ਕਿਹਾ ਸੀ।

ਅਰਵਿੰਦਰ ਆਰੀਆ ਸਰ ਨੇ ਰਤਾ ਮੁਸਕਰਾਉਂਦਿਆਂ ਕਿਹਾ, "ਇਹੀ ਨਹੀਂ ਮਨੂੰ ਰਿਸ਼ੀ ਦੇ ਹੋਰ ਆਦੇਸ਼ ਸੁਣੋ। ਰਿਸ਼ੀ ਨੇ ਮਨੂੰ ਸਿਮਰਤੀ ਅਨੁਸਾਰ ਵੱਖ ਵੱਖ ਵਰਣ ਦੇ ਸ਼ਿਸ਼ਾਂ ਨੂੰ ਵੱਖ ਵੱਖ ਰੰਗਾਂ ਦੇ ਵਸਤਰ ਪਾ ਕੇ ਆਉਣ ਲਈ ਕਿਹਾ। ਬ੍ਰਾਹਮਣ ਸ਼ਿਸ਼ ਸਣ ਦੀ ਬੁਣੀ ਖਾਕੀ ਰੰਗ ਦੀ ਧੋਤੀ ਅਤੇ ਕਾਲੇ ਮਿਰਗ ਦੀ ਖੱਲ ਦੀ ਚਾਦਰ ਲੈ ਕੇ ਆਉਣ। ਕਸ਼ੱਤਰੀ ਵਰਣ ਦੇ ਸ਼ਿਸ਼ ਰੇਸ਼ਮ ਦੀ ਲਾਲ ਰੰਗ ਦੀ ਧੋਤੀ ਤੇ ਸ਼ਕਲ ਰੰਗ ਦੀ ਚਾਦਰ ਲੈਣ ਅਤੇ ਵੈਸ਼ ਭੇਡ ਦੀ ਉਨ ਦੇ ਬਣੇ ਕੱਪੜੇ ਦੀ ਧੋਤੀ ਅਤੇ ਗਊ ਜਾਂ ਬੱਕਰੇ ਦੀ ਖੱਲ ਦੀ ਚਾਦਰ ਓੜ ਕੇ ਆਉਣ।

ਕਲਾਸ ਵਿਚ ਕੁੜੀਆਂ, ਮੁੰਡਿਆਂ ਨੇ ਰੌਲਾ ਚੁੱਕ ਦਿੱਤਾ, "ਸਰ ਤੁਸੀਂ ਤਾਂ ਸਾਨੂੰ ਕਾਲਿਜ ਵਿਚ ਪੜ੍ਹਦਿਆਂ ਨੂੰ ਵੀ ਸਕੂਲ ਵਾਂਗ ਇਕੋ ਜਿਹੀ ਵਰਦੀ ਪਾ ਕੇ ਆਉਣ ਨੂੰ ਕਹਿੰਦੇ ਓ, ਤਾਂ ਜੋ ਗਰੀਬ, ਅਮੀਰ ਦਾ ਪਾੜਾ ਨਜ਼ਰ ਨਾ ਆਵੇ।"

ਸਰ ਨੇ ਉਨ੍ਹਾਂ ਨੂੰ ਚੁੱਪ ਕਰਵਾਉਂਦਿਆਂ ਕਿਹਾ, "ਬਈ ਇਹ ਪ੍ਰਸ਼ਨ ਤਾਂ ਤੁਸੀਂ ਕਾਲਿਜ ਦੀ ਪ੍ਰਬੰਧਕ ਕਮੇਟੀ ਨੂੰ ਪੁੱਛੋ। ਇਹ ਕਾਲਿਜ ਚੰਡੀਗੜ੍ਹ ਦੇ ਨਾਲ ਲਗਦੀਆਂ ਸ਼ਿਵਾਲਿਕ ਦੀਆਂ ਪਹਾੜੀਆਂ ਵਿਚ ਬਣੇ ਆਸ਼ਰਮ ਵਿਚ ਚੱਲ ਰਿਹਾ। ਉਹ ਆਪਣੇ ਕਾਲਿਜ ਵਿਚ ਵੀ ਆਸ਼ਰਮ ਦੇ ਸਕੂਲਾਂ ਵਾਲਾ ਅਨੁਸ਼ਾਸਨ ਰੱਖਣਾ ਚਾਹੁੰਦੇ ਹਨ। ਪ੍ਰਬੰਧਕ ਤਾਂ ਮੇਰੇ ਨਾਲ ਵੀ ਇਤਿਹਾਸ 'ਵਿਸ਼ਲੇਸ਼ਣੀ ਵਿਧੀ ਨਾਲ ਪੜ੍ਹਾਉਣ ਤੋਂ ਖਫ਼ਾ ਹਨ, 'ਆਸਥਾ ਵਿਧੀ' ਦੁਆਰਾ ਪੜ੍ਹਾਉਣ ਨੂੰ ਕਹਿੰਦੇ ਰਹਿੰਦੇ ਹਨ। ਪਰ ਮੈਂ ਆਪਣੇ ਤਰੀਕੇ ਨਾਲ ਪੜ੍ਹਾਉਂਦਾ ਰਹਾਂਗਾ, ਸੁਣੋ ਫੇਰ ਮਨੂੰ ਰਿਸ਼ੀ ਨੇ ਕਸ਼ੱਤਰੀਆਂ ਦੇ ਮੁੰਡਿਆਂ ਨੂੰ ਆਸ਼ਰਮ ਦੇ ਇਕ ਪਾਸੇ ਬੁਲਾਇਆ ਤੇ ਉਨ੍ਹਾਂ ਨੂੰ ਧਨੁਸ਼ ਬਾਣ, ਤਲਵਾਰਾਂ ਤੇ ਭਾਲਾ ਦੇ ਕੇ, ਦੋ ਟੋਲੀਆਂ ਬਣਾ ਕੇ ਆਪ ਵਿਚੀ ਦਵੰਦ ਯੁੱਧ ਕਰਨ ਲਾ ਦਿੱਤਾ। ਤੇ ਫੇਰ ਉਨ੍ਹਾਂ ਨੇ ਆਸ਼ਰਮ ਵਿਚਲੀਆਂ ਸਾਰੀਆਂ ਕੁੜੀਆਂ ਨੂੰ ਖੜੀਆਂ ਹੋਣ ਲਈ ਕਿਹਾ ਤੇ ਉਨ੍ਹਾਂ ਨੂੰ ਪੱਕੇ ਤੌਰ 'ਤੇ ਘਰ ਭੇਜਦਿਆਂ ਦਸਿਆ ਕਿ ਮੌਜੂਦਾ ਕਾਲ ਵਿਚ ਲਿਖੇ ਜਾ ਰਹੇ ਧਰਮ ਸ਼ਾਸਤਰਾਂ ਅਨੁਸਾਰ ਸ਼ੂਦਰਾਂ ਅਤੇ ਇਸਤਰੀਆਂ ਨੂੰ ਵਿਦਿਆ ਗ੍ਰਹਿਣ ਕਰਨ ਦੀ ਮਨਾਹੀ ਹੈ।

"ਸਰ ਜਿਵੇਂ ਅਫ਼ਗਾਨਿਸਤਾਨ ਵਿਚ ਤਾਲਿਬਾਨਾਂ ਦਾ ਰਾਜ ਕਾਇਮ ਹੋਣ 'ਤੇ ਉਨ੍ਹਾਂ ਨੇ ਸਕੂਲਾਂ, ਕਾਲਿਜਾਂ ਵਿਚੋਂ ਸਾਰੀਆਂ ਲੜਕੀਆਂ ਤੇ ਅਧਿਆਪਕਾਵਾਂ ਨੂੰ ਘਰ ਭੇਜਦਿਆਂ, ਉਨ੍ਹਾਂ ਦੇ ਵਿਦਿਆ ਗ੍ਰਹਿਣ ਕਰਨ 'ਤੇ ਸਰਕਾਰੀ ਕਾਨੂੰਨ ਬਣਾ ਕੇ ਰੋਕ ਲਾ ਦਿੱਤੀ ਸੀ। ਪਰ ਮਨੂੰ ਸਰ ਤਾਂ ਤਾਲਿਬਾਨਾਂ ਤੋਂ ਵੀ ਦੋ ਕਦਮ ਅੱਗੇ ਨਿਕਲ ਗਏ... ਤਾਲਿਬਾਨਾਂ ਨੇ ਤਾਂ ਇਕੱਲੀਆਂ ਇਸਤਰੀਆਂ ਤੋਂ ਪੜ੍ਹਨ ਦਾ ਅਧਿਕਾਰ ਖੋਹਿਆ ਸੀ ਪਰ ਮਨੂੰ ਸਰ ਨੇ ਤਾਂ ਇਸਤਰੀਆਂ ਦੇ ਨਾਲ

ਨਾਲ ਸ਼ੂਦਰਾਂ, ਸ਼ਿਲਪੀਆਂ ਤੋਂ ਵੀ ਇਹ ਅਧਿਕਾਰ ਖੋਹ ਲਿਆ ਸੀ।" ਅੰਜਲੀ ਵੀ ਕਲਾਸ ਵਿਚ ਲੈਕਚਰ ਦੇਣ ਵਿਚ ਤੇਰੇ ਨਾਲੋਂ ਪਿਛੇ ਨਹੀਂ ਸੀ... ਮੈਂ ਇੰਦਰਜੀਤ ਨੂੰ ਰੜਾ ਦਬਾਉਣ ਲਈ ਕਿਹਾ, "ਹੋ ਬਈ ਇੰਦਰਜੀਤ" ਉਹ ਮੁਸਕਰਾ ਕੇ ਰਹਿ ਗਿਆ।

ਮਨੂੰ ਰਿਸ਼ੀ ਦੇ ਆਸ਼ਰਮ ਵਿਚ ਬ੍ਰਾਹਮਣਾਂ ਦੇ ਸਾਰੇ ਮੁੰਡੇ ਅਕੱਠਿਤ ਹੋਏ ਬੈਠੇ ਸਨ। ਫੇਰ ਮਨੂੰ ਰਿਸ਼ੀ ਨੇ ਉਨ੍ਹਾਂ ਨੂੰ ਧਰਮ ਸੰਸਦ ਵਿਚ ਹੋਇਆ ਫੈਸਲਾ ਸੁਣਾਇਆ ਕਿ ਨਵੇਂ ਲਿਖੇ ਜਾ ਰਹੇ ਧਰਮ ਸ਼ਾਸਤਰਾਂ ਅਨੁਸਾਰ ਕੇਵਲ ਬ੍ਰਾਹਮਣਾਂ ਦੇ ਮੁੰਡਿਆਂ ਨੂੰ ਹੀ ਵੇਦਾਂ, ਸਿਮਰਤੀਆਂ, ਪੁਰਾਣਾਂ, ਉਪਨਿਸ਼ਦਾਂ, ਧਰਮ ਸੂਤਰਾਂ ਆਦਿ ਦਾ ਗਿਆਨ ਕੰਠ ਕਰਵਾ ਕੇ ਉਨ੍ਹਾਂ ਨੂੰ ਵਿਦਵਾਨ, ਦਾਰਸ਼ਨਿਕ ਬਣਾਇਆ ਜਾਵੇ। ਏਨਾ ਸੁਣਦਿਆਂ ਹੀ ਬ੍ਰਾਹਮਣ ਚੇਲਿਆਂ ਦੇ ਚਿਹਰੇ ਖੁਸ਼ੀ ਨਾਲ ਚਹਿਕ ਉਠੇ।

ਤੇ ਰਿਸ਼ੀਵਰ ਚਹਿਕ ਦੇ ਚਿਹਰਿਆਂ ਵਾਲੇ ਚੇਲਿਆਂ ਨੂੰ ਭੋਜ ਪੱਤਰਾਂ 'ਤੇ ਲਿਖਵਾਉਣ ਲੱਗੇ।

ਹੁਣ ਇੰਦਰਜੀਤ ਦੀ ਚੜ੍ਹ ਮੱਚੀ। ਉਹਨੇ ਕਿਹਾ, "ਤੇਨੂੰ ਯਾਦ ਹੈ ਮੈਂ ਵਿਚੋਂ ਵੀ ਬੋਲ ਪਿਆ ਸਾਂ। ਸਰ! ਰਿਸ਼ੀ ਮਨੂੰ ਨੇ ਤਾਂ ਕੇਵਲ ਬ੍ਰਾਹਮਣਾਂ ਦੇ ਮੁੰਡਿਆਂ ਨੂੰ ਭੋਜ ਪੱਤਰ 'ਤੇ ਲਿਖਣ ਨੂੰ ਕਿਹਾ ਸੀ ਪਰ ਤੁਸੀਂ ਤਾਂ ਉਹਦਾ ਲਿਖਵਾਇਆ ਸਾਰੇ ਧਰਮਾਂ, ਜਾਤਾਂ ਦੇ ਮੁੰਡੇ, ਕੁੜੀਆਂ ਨੂੰ ਨੋਟ ਕਰਵਾ ਰਹੇ ਹੋ।"

ਸਰ ਨੇ ਖੁਸ਼ ਹੁੰਦਿਆਂ ਕਿਹਾ ਸੀ, "ਮੈਂ ਚਾਹੁੰਦਾ ਹਾਂ ਕਿ ਕਲਾਸ ਵਿਚ ਖੁੱਲ੍ਹ ਕੇ ਵਿਚਾਰ-ਵਟਾਂਦਰਾ ਹੋਵੇ ... ਇਸ ਤਰ੍ਹਾਂ ਵਿਦਿਆਰਥੀਆਂ ਦਾ ਬੌਧਿਕ ਵਿਕਾਸ ਹੁੰਦਾ ਹੈ, ਇਸ ਲਈ ਮੈਂ ਇਹ ਲੈਸਨ ਡਿਸਕਸ਼ਨ, ਵਿਚਾਰ-ਵਟਾਂਦਰਾ ਵਿਧੀ ਰਾਹੀਂ ਹੀ ਪੜ੍ਹਾ ਰਿਹਾ ਹਾਂ।" ਵਿਦਿਆਰਥੀ ਖੁਸ਼ ਹੋ ਗਏ ਸਨ।

ਅਰਵਿੰਦਰ ਆਰੀਆ ਸਰ ਨੇ ਦੱਸਿਆ ਸੀ ਕਿ ਰਿਸ਼ੀਆਂ ਨੇ ਰਾਜੇ ਨੂੰ ਇਸ ਲਈ ਧਰਮ ਸੰਸਦ ਵਿਚੋਂ ਬਾਹਰ ਭੇਜ ਦਿੱਤਾ ਸੀ। ਕਿਉਂਕਿ ਰਾਜਾ ਚਾਹੁੰਦਾ ਸੀ, ਰਾਜ ਦੀ ਮਜ਼ਬੂਤੀ ਲਈ ਨਿਯਮ ਬਣਾਏ ਜਾਣ ਪਰ ਬ੍ਰਾਹਮਣ ਚਾਹੁੰਦੇ ਸਨ, ਪਹਿਲਾਂ ਸਮਾਜ ਵਿਚ ਆਪਣੀ ਮਜ਼ਬੂਤੀ ਕੀਤੀ ਜਾਵੇ ਤੇ ਉਨ੍ਹਾਂ ਨੇ ਆਪਣੀ ਸਰਵ ਉਚਤਾ ਸਥਾਪਤ ਕਰਨ ਲਈ ਨਿਯਮ ਬਣਾਏ। ਰਿਸ਼ੀ ਨੇ ਉਨ੍ਹਾਂ ਵਿਚੋਂ ਕੁਝ ਚੋਣਵੇਂ ਨਿਯਮ ਲਿਖਵਾਏ। ਸਰ ਦੱਸ ਰਹੇ ਸਨ।

ਬ੍ਰਾਹਮਣ ਆਪਣਾ ਹੀ ਖਾਂਦਾ ਹੈ, ਆਪਣਾ ਹੀ ਪਹਿਨਦਾ ਹੈ। ਜੇ ਕਿਸੇ ਨੂੰ ਕੁਝ ਦਿੰਦਾ ਹੈ, ਤਾਂ ਉਹ ਉਸਦਾ ਆਪਣਾ ਹੀ ਹੁੰਦਾ ਹੈ। ਦੂਸਰੇ ਲੋਕ ਜੋ ਕੁਝ ਖਾਣਾ ਪਹਿਨਣਾ ਕਰਦੇ ਹਨ, ਉਹ ਸਭ ਬ੍ਰਾਹਮਣ ਦੀ ਹੀ ਕ੍ਰਿਪਾ ਨਾਲ ਹੁੰਦਾ ਹੈ।

ਇੰਦਰਜੀਤ ਹਸ ਹਸ ਕੇ ਦੂਹਰਾ ਹੋ ਰਿਹਾ ਸੀ। ਕਿ ਬ੍ਰਾਹਮਣ ਨੇ ਕੰਮ ਕੋਈ ਕਰਨਾ ਨਹੀਂ। ਅਨਾਜ ਤੇ ਕਪਾਹ ਕਿਸਾਨ ਨੇ ਪੈਦਾ ਕਰਨੀ ਹੈ, ਉਹ ਸਭ ਬ੍ਰਾਹਮਣ ਦੀ ਕਿਰਪਾ ਨਾਲ ਕਿਵੇਂ ਹੋ ਗਿਆ।

ਸਰੇ ਸੰਸਾਰ ਵਿੱਚ ਜਿੰਨਾ ਵੀ ਧਨ ਹੈ, ਉਹ ਸਭ ਬ੍ਰਾਹਮਣ ਦਾ ਹੈ। ਕਿਉਂਕਿ ਬ੍ਰਾਹਮਣ ਦੀ ਉਤਪਤੀ ਸਰਵ ਸ੍ਰੇਸ਼ਠ ਹੈ, ਇਸ ਲਈ ਉਹ ਇਸਦਾ ਇਕ ਮਾਤਰ ਅਧਿਕਾਰੀ ਹੈ।



ਚੋਰਾਂ ਦੁਆਰਾ ਚੁਰਾਇਆ ਧਨ, ਰਾਜਾ ਸਭ ਵਰਣਾਂ ਤੋਂ ਸ੍ਰੇਸ਼ਠ ਵਰਣ ਬ੍ਰਾਹਮਣ ਨੂੰ ਦੇ ਦਵੇ। ਬ੍ਰਾਹਮਣਾਂ ਨੂੰ ਤਾਂ ਚੋਰੀ ਦਾ ਪਾਪ ਨਹੀਂ ਲੱਗੇਗਾ, ਕਿਉਂਕਿ ਉਨ੍ਹਾਂ ਨੂੰ ਤਾਂ ਰਾਜਾ ਤੋਂ ਦਾਨ ਵਿਚ ਮਿਲੇਗਾ।

ਇੰਦਰਜੀਤ ਨੇ ਕਿਹਾ ਸੀ, "ਆਹ ਤਾਂ ਬਈ ਦੋਵੇਂ ਬਚ ਗਏ। ਚੋਰ ਇਸ ਕਰਕੇ ਚੋਰੀ ਦੇ ਪਾਪ ਤੋਂ ਬਚ ਗਿਆ, ਉਸ ਕੋਲ ਉਹ ਧਨ ਰਿਹਾ ਨਹੀਂ। ਦਾਨ ਵਿਚ ਧਨ ਲੈਣ ਵਾਲਾ ਬ੍ਰਾਹਮਣ, ਉਹ ਧਨ ਦਾਨ ਵਿਚ ਲਿਆ ਹੋਣ ਕਰਕੇ ਪਾਪ ਲੱਗਣ ਤੋਂ ਬਚ ਗਿਆ। ਪਰ ਜਿਸਦਾ ਧਨ ਚੋਰੀ ਹੋਇਆ, ਉਹਦੇ ਹੱਕ ਵਿਚ ਰਿਸ਼ੀਆਂ ਨੇ ਕੋਈ ਮੰਤਰ ਨਹੀਂ ਉਚਾਰਿਆ।" ਇੰਦਰਜੀਤ ਦੀ ਗੱਲ ਸੁਣਕੇ ਕਲਾਸ ਵਿਚ ਹਾਸਾ ਮਚ ਗਿਆ ਸੀ।

ਬ੍ਰਾਹਮਣ ਜਨਮ ਲੈਂਦਿਆਂ ਪ੍ਰਿਥਵੀ ਦੇ ਸਾਰੇ ਜੀਵਾਂ ਤੋਂ ਸ੍ਰੇਸ਼ਠ ਬਣ ਜਾਂਦਾ ਹੈ। ਉਹ ਸਾਰੇ ਪ੍ਰਾਣੀਆਂ ਦਾ ਇਸ਼ਵਰ ਹੈ ਧਰਮ ਦੇ ਖ਼ਜ਼ਾਨੇ ਦਾ ਰੱਖਿਅਕ ਹੈ। ਇਸ ਲਈ ਰਾਜਾ ਸਵੇਰੇ ਉਠ ਕੇ ਬ੍ਰਾਹਮਣਾਂ ਦੀ ਪੂਜਾ ਕਰੇ ਤੇ ਬ੍ਰਾਹਮਣਾਂ ਦੇ ਆਦੇਸ਼ ਅਨੁਸਾਰ ਸ਼ਾਸ਼ਨ ਚਲਾਵੇ।

ਧਰਮ ਸੰਸਦ ਵਿਚ ਵਿਚਾਰ ਹੋਇਆ ਸੀ ਕਿ ਰਾਜੇ ਬ੍ਰਾਹਮਣਾਂ ਦਾ ਹੁਕਮ ਤਾਂ ਹੀ ਮੰਨਣਗੇ ਜੇ ਉਹਨਾਂ ਨੂੰ ਬ੍ਰਾਹਮਣਾਂ ਦਾ ਡਰ ਹੋਵੇਗਾ।

ਬ੍ਰਾਹਮਣ ਰੱਬ ਨੂੰ ਵੀ ਸਰਾਪ ਦੇ ਸਕਦਾ ਹੈ, ਬ੍ਰਾਹਮਣ ਦੇ ਪੈਰਾਂ ਵਿਚ ਕਾਲ ਵੀ ਸਿਰ ਝੁਕਾਉਂਦਾ ਹੈ।

ਇੰਦਰਜੀਤ ਆਦਤ ਅਨੁਸਾਰ ਸਿਰ ਹਿਲਾਉਂਦਿਆਂ ਨਾਲ ਦੀ ਨਾਲ ਟੀਕਾ ਟਿਪਣੀ ਕਰੀ ਜਾ ਰਿਹਾ ਸੀ। "ਦੇਖ ਲੈ ਰਿਸ਼ੀ ਵਿਸ਼ਵਾ ਮਿੱਤਰ ਦੇ ਸਰਾਪ ਤੋਂ ਡਰਦਿਆਂ ਰਾਜਾ ਹਰੀ ਚੰਦ ਰਿਸ਼ੀ ਨੂੰ ਸਾਰਾ ਰਾਜ ਦਾਨ ਵਿਚ ਦੇ ਕੇ ਰਾਜਾ, ਰਾਣੀ ਤਾਰਾ ਵਤੀ ਤੇ ਪੁੱਤਰ ਨੂੰ ਲੈ ਕੇ ਤਿੰਨ ਕੱਪੜਿਆ ਵਿਚ ਜੰਗਲ ਨੂੰ ਚਲੇ ਗਏ ਸਨ।"

ਰਿਸ਼ੀਆਂ ਨੇ ਬ੍ਰਾਹਮਣਾਂ ਨੂੰ ਉਪੱਦਰ ਤੇ ਭੈੜੇ ਕਰਮ ਕਰਨ 'ਤੇ ਵੀ ਉਨ੍ਹਾਂ ਨੂੰ ਦੋਸ਼ ਮੁਕਤ ਕਰਨ ਲਈ ਨਿਯਮ ਬਣਾਏ।

ਜਿਵੇਂ ਤੇਜ ਵਾਲੀ ਅੱਗ, ਸਮਸ਼ਾਨ ਘਾਟ ਵਿਚ ਮੁਰਦਿਆਂ ਨੂੰ ਜਲਾ ਕੇ ਅਪਵਿੱਤਰ ਨਹੀਂ ਹੁੰਦੀ। ਇਸ ਤਰ੍ਹਾਂ ਬ੍ਰਾਹਮਣ ਭੈੜੇ ਕੰਮ ਕਰਨ 'ਤੇ ਵੀ ਪੂਜਣ ਯੋਗ ਹੀ ਰਹਿੰਦਾ ਹੈ। ਕਿਉਂਕਿ ਬ੍ਰਾਹਮਣ ਪਰਮ ਦੇਵਤਾ ਸਰੂਪ ਹਨ। ਸਭ ਤੋਂ ਉਪਰ ਹਨ, ਸ੍ਰੇਸ਼ਠ ਹਨ। ਬ੍ਰਾਹਮਣ ਵੇਦ ਵਿਰੋਧੀ ਕੰਮ ਕਰਨ 'ਤੇ ਵੀ ਦੋਸ਼ੀ ਨਹੀਂ ਹੁੰਦਾ। ਕਿਉਂਕਿ ਸੰਸਾਰ ਦੇਵਤਿਆਂ ਅਧੀਨ ਹੈ। ਦੇਵਤੇ ਮੰਤਰਾਂ ਅਧੀਨ ਹਨ। ਤੇ ਮੰਤਰ ਬ੍ਰਾਹਮਣਾਂ ਅਧੀਨ ਹਨ। ਇਸ ਲਈ ਹੇ ਲੋਕੋ! ਬ੍ਰਾਹਮਣਾਂ ਨੂੰ ਪੂਜੋ ਤੇ ਉਨ੍ਹਾਂ ਦਾ ਹੁਕਮ ਮੰਨੋ!

ਇੰਦਰ ਜੀਤ ਹਸਿਆ, "ਗੱਲ ਸਿਰੇ ਲਾ 'ਤੀ। ਅਖੇ ਸਾਰਾ ਸੰਸਾਰ ਬ੍ਰਾਹਮਣਾਂ ਅਧੀਨ ਹੈ।" ਅਰਵਿੰਦਰ ਆਰੀਆ ਸਰ ਨੇ ਦੱਸਿਆ ਸੀ ਕਿ ਅਗਲੀ ਧਰਮ ਸੰਸਦ ਵਿਚ ਭਾਗ ਲੈ ਕੇ ਆਏ ਮਨੂੰ ਰਿਸ਼ੀ ਨੇ ਆਸ਼ਰਮ ਵਿਚ ਆ ਕੇ ਚੇਲਿਆ ਨੂੰ ਬ੍ਰਾਹਮਣਾਂ ਦੀ ਹੋਈ ਵਾਰਤਾਲਾਪ ਦੇ ਆਧਾਰ 'ਤੇ ਦੱਸਿਆ ਸੀ ਕਿ ਬ੍ਰਾਹਮਣ ਵਰਣ ਤਾਂ ਹੀ ਉੱਚੀ ਹੋਵੇਗਾ ਜੇ ਦੂਸਰੇ ਵਰਣ ਉਸ ਤੋਂ ਨੀਵੇਂ ਹੋਣਗੇ। ਰਿਸ਼ੀ ਨੇ ਸੰਖੇਪ ਵਿਚ ਲਿਖਵਾਇਆ-

ਬ੍ਰਹਮਾ ਦੇ ਮੁੱਖ ਤੋਂ ਬ੍ਰਾਹਮਣ, ਬਾਹਾਂ ਵਿਚੋਂ ਕਸ਼ੱਤਰੀ ਜਾਂਘਾ ਵਿਚੋਂ ਵੈਸ਼ ਪੈਰਾਂ ਵਿਚੋਂ ਸੂਦਰ ਪੈਦਾ ਹੋਏ। ਸਰ ਕੋਲੋਂ ਸੁਣਦਿਆਂ ਕਲਾਸ ਵਿਚ ਕਾਵਾਂ-ਰੌਲੀ ਪੈ ਗਈ, "ਸਰ ਇਹ ਕਿਵੇਂ ਸੰਭਵ ਹੈ, "ਪਰ ਅਰਵਿੰਦਰ ਆਰੀਆ ਸਰ ਨੇ ਸਭ ਨੂੰ ਸਮਝਾਇਆ, "ਇਹ ਹਾਸਾ ਮਜ਼ਾਕ ਦੀ ਗੱਲ ਨਹੀਂ ਹੈ.... ਵੇਦਾਂ, ਸ਼ਾਸਤਰਾਂ ਵਿਚ ਲਿਖੀ ਗੱਲ ਹੈ, 'ਬ੍ਰਾਹਮਣ ਬ੍ਰਹਮਾ ਦੇ ਮੁੱਖ 'ਚੋਂ ਪੈਦਾ ਹੋਏ ਅੱਜ ਤੱਕ ਮੰਨੀ ਜਾਂਦੀ ਹੈ। ਤੇ ਅੱਗੇ ਨੂੰ ਮੰਨੀ ਜਾਂਦੀ ਰਹੇਗੀ।"

ਬ੍ਰਾਹਮਣਾਂ ਦੀ ਉਚਤਾ ਸਥਾਪਤ ਕਰਨ ਲਈ ਹੋਰ ਲਿਖਵਾਇਆ, ਸ਼ੂਦਰਾਂ ਨਾਲੋਂ ਵੈਸ਼, ਵੈਸ਼ਾਂ ਨਾਲੋਂ ਕਸ਼ੱਤਰੀ ਤੇ ਕਸ਼ੱਤਰੀਆਂ ਨਾਲੋਂ ਬ੍ਰਾਹਮਣ ਸ਼੍ਰੇਸ਼ਠ ਹਨ। ਬ੍ਰਾਹਮਣ ਸਰਵ ਸ੍ਰੇਸ਼ਠ ਹਨ। ਬ੍ਰਾਹਮਣ ਗੋਰੇ ਰੰਗ ਦੇ, ਕਸ਼ੱਤਰੀ ਲਾਲ ਰੰਗ ਦੇ, ਵੈਸ਼ ਪੀਲੇ ਰੰਗ ਦੇ ਤੇ ਅਸੁਰਾਂ ਤੋਂ ਬਣੇ ਸ਼ੂਦਰ ਕਾਲੇ ਰੰਗ ਦੇ ਹਨ।

ਮਨੂੰ ਰਿਸ਼ੀ ਨੇ ਕਿਹਾ ਨਾਮ ਹੀ ਮਾਨਵ ਦੀ ਪਛਾਣ ਹੈ। ਬ੍ਰਾਹਮਣ ਦਾ ਨਾਮ ਮੰਗਲਕਾਰੀ, ਕਸ਼ੱਤਰੀ ਦਾ ਬਲਸ਼ਾਲੀ, ਵੈਸ਼ ਦਾ ਧਨਸ਼ਾਲੀ ਤੇ ਸ਼ੂਦਰ ਦਾ ਘਿਰਣਾ ਤੇ ਨਿੰਦਣਯੋਗ ਹੋਵੇ। ਰੰਗ ਤੇ ਨਾਮ ਦੇ ਨਾਲ-ਨਾਲ ਉਮਰ ਦੇ ਹਿਸਾਬ ਨਾਲ ਵੀ ਬ੍ਰਾਹਮਣਾਂ ਦੀ ਉਚਤਾ ਸਥਾਪਤ ਕੀਤੀ ਗਈ। ਸੌ ਸਾਲ ਦਾ ਸ਼ੂਦਰ ਦਸ ਸਾਲ ਦੇ ਵੈਸ਼ ਨੂੰ ਸੌ ਸਾਲ ਦਾ ਵੈਸ਼ ਦਸ ਸਾਲ ਦੇ ਕਸ਼ੱਤਰੀ ਨੂੰ ਤੇ ਸੌ ਸਾਲ ਦਾ ਕਸ਼ੱਤਰੀ ਦਸ ਸਾਲ ਦੇ ਬ੍ਰਾਹਮਣ ਨੂੰ ਪਿਤਾ ਸਮਾਨ ਸਮਝੇ ਤੇ ਪਿਤਾ ਸਮਾਨ ਹੀ ਆਦਰ ਸਤਿਕਾਰ ਕਰੇ।

ਮੈਂ ਇੰਦਰਜੀਤ ਹੋਰਾਂ ਨੂੰ ਦੱਸਿਆ ਨਹੀਂ ਕਿ ਮੇਰੇ ਮਨ ਵਿਚ ਇਹ ਗੱਲ ਆਈ ਹੈ। ਜਿਹੜੀ ਪਹਿਲਾਂ ਕਦੇ ਨਹੀਂ ਸੁੱਝੀ ਕਿ ਮੇਰੇ ਅੱਸੀ, ਨੱਬੇ ਸਾਲ ਦੇ ਬਜ਼ੁਰਗ ਦਾਦੇ ਨੂੰ ਜ਼ਿਮੀਂਦਾਰਾਂ ਦੇ ਨਿੱਕੇ-ਨਿੱਕੇ ਮੁੰਡੇ ਵੀ ਨਾਂ ਲੈ ਕੇ ਬੁਲਾਉਂਦੇ ਹਨ, "ਓ ਨਾਥੂ, ਮੇਰੀ ਚੌਪਲ ਗੰਢ ਤੀ... ਉਏ।"

"ਮੈਂ ਤਾਂ ਰਾਤ ਈ ਗੰਢ ਕੇ ਪਿਆ ਦੀਵੇ ਦੀ ਲੋਅ ਵਿਚ..." ਮੇਰਾ ਨੱਬੇ ਸਾਲ ਦਾ ਦਾਦਾ ਜ਼ਿਮੀਂਦਾਰਾਂ ਦੇ ਨਿੱਕੇ ਨਿੱਕੇ ਮੁੰਡਿਆ ਦੀ ਪਿਤਾ ਸਮਾਨ ਈ ਤਾਂ ਇੱਜ਼ਤ ਕਰਦਾ ਸੀ।

ਮੈਨੂੰ ਚੁਪ ਹੋਇਆ ਦੇਖ ਇੰਦਰਜੀਤ ਹੱਸਿਆ, "ਹੁਣ ਕਿਹੜੀਆਂ ਸਿਮਰਤੀਆਂ, ਵਿਧੀ-ਵਿਧਾਨਾਂ ਦੇ ਚੱਕਰ ਵਿਚ ਪੈ ਗਿਆ। ਡੈਂਜੀ ਦੇ ਗੱਡੀਆਂ ਵਾਲਿਆਂ ਦਾ ਵੇਟਰ, ਆਪਣਾ ਫਰਜ਼ ਨਿਭਾਉਂਦਿਆਂ ਉਹਦੇ ਕੋਲ ਆਇਆ ਸੀ।

ਡੈਂਜੀ ਬੋਲਿਆ, "ਮੁੰਡਾ ਪੁੱਛਣ ਆਇਆ, ਫੇਰ ਇਹਨੇ ਚਲੇ ਜਾਣਾ ਐ, ਜੇ ਹੋਰ ਮੰਗਵਾਉਣੀਐ,. ਦੱਸੋ ਓ?" ਸਾਰੇ ਇਕ ਦੂਸਰੇ ਵੱਲ ਦੇਖਣ ਲੱਗ ਪਏ। ਪਰ ਡੈਂਜੀ ਨੇ ਤਿੰਨ ਸੌ ਦੇ ਕੇ ਬੋਤਲ ਤੇ ਖਾਣ-ਪੀਣ ਨੂੰ ਮੰਗਵਾ ਲਿਆ ਸੀ। ਇੰਦਰਜੀਤ ਨੇ ਸਾਕੀਆਂ ਵਾਲੀ ਰਮਜ਼ ਮਾਰੀ, "ਮੈਂ ਤਾਂ ਕਹਿਣ ਲੱਗਿਆ ਸੀ, ਅਧੀਆ ਮੰਗਵਾਉਂਦੇ ਆ... ਅਧੀਆ ਪੀਂਦੇ ਪੀਂਦੇ ਤੇਰੀ ਕਹਾਣੀ ਸੁਣ ਲੈਂਦੇ। ਪਰ ਡੈਂਜੀ ਨੇ ਬੋਤਲ ਮੰਗਵਾ ਲਈ, ਚੰਗਾ ਕੀਤਾ। ਨਾਲੇ ਅੱਜ ਅਸੀਂ ਇਕੋ ਬੋਤਲ ਪੀਣੀ ਐ। ਬਈ ਤੇਰੀਆਂ ਵੀ ਦਿਮਾਗ਼ 'ਤੇ ਬੋਝ ਪਾਉਣ ਵਾਲੀਆ ਗੱਲਾਂ ਸੁਣਨੀਆ ਪੈਂਦੀਆਂ, ਜੇ ਨਾ ਸੁਣੀਏ, ਤੈਂ ਸਾਡੇ ਕੋਲ ਆਉਣ ਤੋਂ ਹਟ ਜਾਣੈ।" ਉਹ ਠਹਾਕਾ ਮਾਰ ਕੇ ਹੱਸਿਆ, ਜਿਵੇਂ ਕਹਿ ਰਿਹਾ ਹੋਵੇ, ਆਪਣੀ ਗੱਲ ਜਾਰੀ ਰੱਖ।



ਅਰਵਿੰਦਰ ਆਰੀਆ ਸਰ ਵੀ ਕਲਾਸ ਵਿਚ ਪੜ੍ਹਾਉਂਦਿਆਂ ਕਾਫੀ ਔਖ ਮਹਿਸੂਸ ਕਰ ਰਹੇ ਸਨ। ਉਹ ਬੁੜ ਬੁੜਾਏ, "ਇਤਿਹਾਸ ਜਿਹੋ ਜਿਹਾ ਵੀ ਹੈ ਪੜ੍ਹਾਉਣਾ ਈ ਪੈਣਾ।" ਤੇ ਫਿਰ ਉਹ ਬੋਲੇ, "ਰਿਗ ਵੇਦ ਵਿਚ ਅਸੁਰ, ਸੂਦਰ ਰਿਸ਼ੀਆਂ, ਐਲੂਪ, ਕਵਸ਼ ਤੇ ਕਾਫ਼ੀ ਨਾਨ ਦੇ ਸੁਕਤ ਦਰਜ ਹਨ। ਤੇ ਬੁੱਧ ਕਾਲ ਵਿਚ ਜਵਾਲੀ, ਰਿਕਵ, ਕਵਸ਼ ਆਦਿ ਨੂੰ ਸ਼ੂਦਰ ਹੁੰਦਿਆਂ ਜੇ ਬ੍ਰਾਹਮਣ ਰਿਸ਼ੀਆਂ ਨੇ ਸ਼ਾਸਤਰਾਂ ਦਾ ਗਿਆਨ ਦਿੱਤਾ ਤਾਂ ਹੀ ਉਹਨਾਂ ਨੇ ਰਿਸ਼ੀਆਂ ਦੀ ਉਪਾਧੀ ਪ੍ਰਾਪਤ ਕੀਤੀ।"

"ਪਰ ਮਨੂੰ ਰਿਸ਼ੀ ਨੇ ਰਿਗ ਵੇਦ ਤੇ ਬੁੱਧ ਕਾਲ ਵਿਚ ਸ਼ੂਦਰਾਂ ਨੂੰ ਗਿਆਨ ਦੇਣ ਵਾਲੇ ਰਿਸ਼ੀਆਂ ਨੂੰ ਕਟਿਹਰੇ ਵਿਚ ਖੜ੍ਹੇ ਕੀਤਾ ਤੇ ਅੱਗੋਂ ਲਈ ਸ਼ੂਦਰਾਂ ਨੂੰ ਗਿਆਨ ਨਾ ਦੇਣ ਦੀ, ਰਿਸ਼ੀਆਂ ਨੂੰ ਚੇਤਾਵਨੀ ਵੀ ਦਿੱਤੀ। ਮਨੂੰ ਨੇ ਲਿਖਿਆ "ਸ਼ੂਦਰ ਨੂੰ ਬੁੱਧੀ ਨਾ ਦਿਓ, ਨਾ ਹੀ ਧਰਮ ਦਾ ਉਪਦੇਸ਼ ਦਿਓ ਅਤੇ ਨਾ ਹੀ ਉਸਨੂੰ ਵਰਤ ਪਾਲਣ ਦਾ ਆਦੇਸ਼ ਦਿਓ।" ਮਨੂੰ ਨੇ ਸ਼ੂਦਰ ਨੂੰ ਧਰਮ ਉਪਦੇਸ਼ ਦੇਣ ਵਾਲੇ ਨੂੰ ਨਰਕਾਂ ਦਾ ਭਾਗੀ ਲਿਖਿਆ। ਜਿਹੜਾ ਵਿਅਕਤੀ ਸ਼ੂਦਰ ਨੂੰ ਧਰਮ ਦਾ ਉਪਦੇਸ਼ ਦਿੰਦਾ ਹੈ, ਉਹ ਸ਼ੂਦਰ ਦੇ ਨਾਲ ਹੀ ਅਸੰਵ੍ਰਿਤ ਨਾਮ ਦੇ ਨਰਕ ਵਿਚ ਜਾ ਗਿਰਦਾ ਹੈ।"

ਰਿਸ਼ੀਆਂ ਨੇ ਧਰਮ ਸੰਸਦ ਵਿਚ ਸ਼ੂਦਰਾਂ ਨੂੰ ਦੰਡ ਲਈ ਸਖ਼ਤ ਸਜ਼ਾਵਾਂ ਨਿਰਧਾਰਤ ਕੀਤੀਆਂ। ਸਰਵ ਪ੍ਰਥਮ ਉਸਦੇ ਬੋਲਣ ਦੇ ਅਧਿਕਾਰ 'ਤੇ ਅੰਕੁਸ਼ ਲਗਾਇਆ ਗਿਆ-

ਜੇ ਕੋਈ ਸ਼ੂਦਰ ਧ੍ਰੋਹ-ਵਸ ਜਾਤੀ ਦਾ ਨਾਮ ਲੈ ਕੇ ਬ੍ਰਾਹਮਣ ਨੂੰ ਕੁਝ ਕਹੇ, ਤਾਂ ਜਲਦੀ ਹੋਈ ਦਸ ਉਂਗਲ ਦੀ ਸ਼ਲਾਖ ਉਹਦੇ ਮੂੰਹ ਵਿਚ ਪਾ ਦੇਣੀ ਚਾਹੀਦੀ ਹੈ। ਜੇ ਸ਼ੂਦਰ ਅਭਿਮਾਨ ਦੇ ਕਾਰਨ ਬ੍ਰਾਹਮਣਾਂ ਨੂੰ ਧਰਮ ਉਪਦੇਸ਼ ਦੇਣ ਦੀ ਗੁਸਤਾਖੀ ਕਰੇ ਤਾਂ ਰਾਜੇ ਨੂੰ ਚਾਹੀਦਾ ਹੈ ਕਿ ਉਸਦੇ ਮੂੰਹ ਅਤੇ ਕੰਨਾਂ ਵਿਚ ਖੌਲਦਾ ਹੋਇਆ ਤੇਲ ਪੁਆ ਦਵੇ। ਜੇ ਸ਼ੂਦਰ ਕਿਸੇ ਬ੍ਰਾਹਮਣ ਨੂੰ 'ਪਾਪੀ' ਕਹਿ ਕੇ ਗਾਲੀ ਦਵੇ ਤਾਂ ਉਹਦੀ ਜੀਭ ਛੇਦ ਕੇ ਉਸਨੂੰ ਦੰਡ ਦੇਣਾ ਚਾਹੀਦਾ ਹੈ। ਕਿਉਂਕਿ ਉਸਦੀ ਉਤਪਤੀ ਜਘਨਯ ਸਥਾਨ ਅਰਥਾਤ ਜਾਂਘਾਂ ਵਿਚੋਂ ਹੋਈ ਹੈ।

ਇੰਦਰਜੀਤ ਨੇ ਫੇਰ ਹਸ ਕੇ ਕਿਹਾ, "ਬਈ ਗੱਲ ਤਾਂ ਬ੍ਰਾਹਮਣਾਂ ਦੀ ਠੀਕ ਹੈ, ਜਿਹੜਾ ਪੇਟ ਵਿਚੋਂ ਪੈਦਾ ਹੋਇਆ, ਉਹ ਮੂੰਹ ਵਿਚੋਂ ਪੈਦਾ ਹੋਣ ਵਾਲੇ ਦੀ ਨਿਰਾਦਰੀ ਕਿਉਂ ਕਰੇ?"

ਅਰਵਿੰਦਰ ਆਰੀਆ ਸਰ ਦੱਸ ਰਹੇ ਸਨ ਕਿ ਸ਼ੂਦਰਾਂ ਤੋਂ ਬਰਾਬਰ ਬੋਲਣ ਦੇ ਅਧਿਕਾਰ ਨੂੰ ਖੋਹ ਲੈਣ ਤੋਂ ਬਿਨਾ ਸ਼ੂਦਰ ਨੂੰ ਜਿੰਨਾ ਮਰਜ਼ੀ ਮਾਰਿਆ ਕੁੱਟਿਆ, ਤਸੀਹੇ ਦਿੱਤੇ ਜਾਣ, ਲਹੂ-ਲੁਹਾਣ ਕੀਤਾ ਜਾਵੇ, ਉਹਦੇ ਕੋਲੋਂ ਕੁੱਟਣ ਵਾਲੇ 'ਤੇ ਹੱਥ ਚੁੱਕਣ ਦਾ ਅਧਿਕਾਰ ਵੀ ਖੋਹ ਲਿਆ ਗਿਆ, ਸਗੋਂ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ ਲੱਗੀਆਂ ਸਨ।

ਮਨੂੰ ਸਿਮਰਤੀ ਅਨੁਸਾਰ ਜੇ ਕੋਈ ਸ਼ੂਦਰ ਕਿਸੇ ਬ੍ਰਾਹਮਣ ਨੂੰ ਮਾਰਨ ਲਈ ਹੱਥ ਉਠਾਵੇ ਤਾਂ ਉਹਦਾ ਹੱਥ ਕਟਵਾ ਦੇਣਾ ਚਾਹੀਦਾ ਹੈ। ਜੇ ਕਰੋਧ ਨਾਲ ਲੱਤ ਮਾਰੇ ਤਾਂ ਪੈਰ ਕਟਵਾ ਦੇਣਾ ਚਾਹੀਦਾ ਹੈ। ਜੇ ਕੋਈ ਸ਼ੂਦਰ ਬ੍ਰਾਹਮਣ ਦੇ ਨਾਲ ਇਕ ਆਸਣ 'ਤੇ ਬੈਠਣਾ ਚਾਹੇ ਤਾਂ ਉਸਦੇ ਚਿੱਤੜ ਦਾ ਮਾਸ ਕਟਵਾ ਦਵੇ।

ਇੰਦਰਜੀਤ ਆਪਣੇ ਸੁਭਾ ਅਨੁਸਾਰ ਫੇਰ ਹੱਸਦਿਆਂ ਕਹਿਣ ਲੱਗਿਆ, "ਓ ਜੇ ਚਿੰਤਕਾਂ ਦਾ ਮਾਸ ਈ ਕਟਵਾ ਦਿੰਦਾ ਫੇਰ ਬੰਦਾ ਬਚ ਜੁਗਾ ?" ਮੈਂ ਵੀ ਇਸ ਦੁਖਦਾਈ ਗੱਲ ਦਾ ਹਾਸੇ ਵਿਚ ਹੀ ਜਵਾਬ ਦਿੱਤਾ ਬਈ ਲਿਖਿਆ ਤਾਂ ਇਸ ਤਰ੍ਹਾਂ ਕਿ ਬੰਦਾ ਮਰੇ ਵੀ ਨਾ... ਤੜਪਦਾ ਫਿਰਦਾ ਰਹੇ।

ਸਰ ਨੇ ਦੱਸਿਆ ਕਿ ਮਨੂੰ ਸਿਮਰਤੀ ਅਨੁਸਾਰ ਸ਼ੂਦਰ ਨੂੰ ਪੈਦਾ ਹੀ ਦਾਸਤਾ ਲਈ ਕੀਤਾ ਹੈ। ਸ਼ੂਦਰ ਭਾਵੇਂ ਖਰੀਦਿਆ ਹੋਇਆ ਦਾਸ ਹੋਵੇ ਜਾਂ ਖਰੀਦਿਆ ਗਿਆ ਨਾ ਵੀ ਹੋਵੇ, ਰਾਜੇ ਨੂੰ ਚਾਹੀਦਾ ਹੈ ਕਿ ਉਸ ਤੋਂ 'ਦਾਸ' ਦਾ ਹੀ ਕੰਮ ਲਵੇ। ਸਵਾਮੀ ਦੁਆਰਾ ਤਿਆਗਿਆ ਦਾਸ ਵੀ ਸੇਵਾ ਤੋਂ ਮੁਕਤ ਨਹੀਂ ਕੀਤਾ ਜਾ ਸਕਦਾ। ਸੇਵਾ ਕਰਨਾ ਉਸਦਾ ਸੁਭਾਵਕ ਕਰਮ ਹੈ।

"ਓ ਹੁਣ ਬੋਧੀਆਂ ਨੂੰ ਦਿੱਤੀਆਂ ਜਾਂਦੀਆਂ ਸਜ਼ਾਵਾਂ ਤੇ ਕੀਤੀ ਜਾਂਦੀ ਨਫ਼ਰਤ ਬਾਰੇ ਵੀ ਦੱਸ ਦਿੰਦਾ, ਮੈਨੂੰ ਜ਼ਰੂਰ ਬੁਲਾਉਣਾ।" ਇੰਦਰਜੀਤ ਦੱਸਣ ਲੱਗਿਆ, "ਜਿਵੇਂ ਚੋਰ ਸਜ਼ਾ ਪਾਉਣ ਦੇ ਹੱਕਦਾਰ ਹਨ, ਉਸੇ ਤਰ੍ਹਾਂ ਬੁੱਧ ਤੇ ਉਸਦੇ ਪੈਰੋਕਾਰ ਵੀ ਦੰਡ ਦੇ ਯੋਗ ਹਨ। ਬੁੱਧ ਬਨਵਾਸੀ, ਪ੍ਰਲਾਪੀ ਤੇ ਲੁਕਾਈ ਦਾ ਦੁਸ਼ਮਣ ਸੀ। ਜੇ ਬ੍ਰਾਹਮਣ ਕਿਸੇ ਬੋਧੀ ਨਾਲ ਛੂਹ ਜਾਵੇ ਤਾਂ ਕਪੜਿਆਂ ਸਮੇਤ ਇਸ਼ਨਾਨ ਕਰੇ।" ਮੈਂ ਵੀ ਉਹਦੇ ਵਾਂਗ ਹੀ ਟਿਪਣੀ ਕੀਤੀ, "ਦੇਖ ਲੈ ਬਈ ਬਿਨਾ ਦੋਸ਼ ਤੋਂ ਹੀ ਕੇਵਲ ਬੋਧੀ ਹੋਣ ਕਰਕੇ ਸਜ਼ਾ ਪਾਉਣ ਦਾ ਹੱਕਦਾਰ ਸੀ।"

ਇੰਦਰਜੀਤ ਆਪਣੇ ਹਸਾਉਣੇ ਸੁਭਾ ਅਨੁਸਾਰ ਹੱਸਿਆ, ਉਹ ਹਰ ਕੌੜੀ ਤੋਂ ਕੌੜੀ ਗੱਲ ਤੇ ਹਸਦਾ ਰਹਿੰਦਾ ਹੈ। ਉਹ ਬੋਲਿਆ, "ਓ ਬ੍ਰਾਹਮਣਾਂ ਨੇ ਇਹ ਸਜ਼ਾਵਾਂ ਲਿਖਕੇ ਹੀ ਰੱਖ ਛੱਡੀਆਂ ਕੀ ਕਿਸੇ ਨੂੰ ਦਿੱਤੀਆਂ ਵੀ?" ਹਾਂ ਹਾਂ ਦਿੱਤੀਆਂ ਵੀ ਅਰਵਿੰਦਰ ਆਰੀਆ ਸਰ ਨੇ ਰਿਸ਼ੀ ਬਾਲਮੀਕ ਦੀ ਰਚੀ ਰਮਾਇਣ ਵਿਚੋਂ ਰਿਸ਼ੀ ਰਾਹੀਂ ਆਸ਼ਰਮ ਵਿਚ ਚੇਲਿਆਂ ਨੂੰ ਸੁਣਾਈ ਕਹਾਣੀ ਕਲਾਸ ਵਿਚ ਸੁਣਾਈ ਸੀ।

"ਬ੍ਰਾਹਮਣ ਮਰੇ ਹੋਏ ਬਾਲਕ ਦਾ ਸ਼ਵ ਲੈ ਕੇ, ਰੋਂਦੇ ਕੁਰਲਾਂਦੇ ਰਾਜਾ ਰਾਮ ਚੰਦਰ ਦੇ ਦਰਬਾਰ ਵਿਚ ਗਏ। ਰਾਮ ਚੰਦਰ ਨੇ ਅਤਿਅੰਤ ਦੁਖੀ ਹੁੰਦਿਆਂ ਉਨ੍ਹਾਂ ਨੂੰ ਆਪਣੀ ਵਿਥਿਆ ਸੁਣਾਉਣ ਲਈ ਕਿਹਾ। ਬ੍ਰਾਹਮਣਾਂ ਨੇ ਕਿਹਾ ਕਿ ਉਹਦੇ ਰਾਜ ਵਿਚ ਘੋਰ ਉਪੱਦਰ ਹੋ ਰਿਹਾ ਹੈ, ਇਸ ਲਈ ਬ੍ਰਾਹਮਣ... ਜਿਸਦੇ ਪੈਰਾਂ ਵਿਚ ਕਾਲ ਵੀ ਸਿਰ ਝੁਕਾਉਂਦਾ ਹੈ... ਉਸ ਬ੍ਰਾਹਮਣ ਪਿਤਾ ਦੇ ਜਿਉਂਦਿਆਂ ਉਹਦੇ ਸਾਹਮਣੇ ਉਹਦੇ ਪੁੱਤਰ ਦੀ ਮੌਤ ਹੋ ਗਈ। ਰਾਜਾ ਰਾਮ ਚੰਦਰ ਚਿੰਤਾ ਵਿਚ ਡੁੱਬ ਗਏ। ਉਹਨਾਂ ਨੇ ਨਿਮਰਤਾ ਸਹਿਤ ਪੁੱਛਿਆ। ਬ੍ਰਾਹਮਣਾਂ ਨੇ ਦੱਸਿਆ ਕਿ ਉਹਦੇ ਰਾਜ ਵਿਚਲੇ ਜੰਗਲ ਵਿਚ ਬੈਠਾ ਸ਼ੂਦਰ ਸ਼ੰਬੂਕ ਵੇਦਾਂਤ ਦਾ ਗਿਆਨ ਪ੍ਰਾਪਤ ਕਰ ਰਿਹਾ ਅਤੇ ਘੋਰ ਤਪੱਸਿਆ ਕਰ ਰਿਹਾ ਸੀ। ਰਾਜਾ ਰਾਮ ਚੰਦਰ ਜੰਗਲ ਵਿਚ ਗਿਆ ਤੇ ਉਹਨੇ ਸ਼ੂਦਰ ਸ਼ੰਬੂਕ ਦੇ ਆਪਣੀ ਤਲਵਾਰ ਨਾਲ ਟੁਕੜੇ ਟੁਕੜੇ ਕਰ ਦਿੱਤੇ।"

"ਸਰ ਨੇ ਐਂ ਵੀ ਤਾਂ ਦੱਸਿਆ ਸੀ।" ਇੰਦਰਜੀਤ ਫੇਰ ਬੋਲਣ ਲੱਗਿਆ, "ਰਮਾਇਣ ਦੇ ਉੱਤਰ ਕਾਂਡ ਵਿਚ ਲਿਖਿਆ," ਸ਼ੂਦਰ ਦੇ ਤਪੱਸਿਆ ਕਰਨ 'ਤੇ ਬ੍ਰਾਹਮਣ ਮਰ ਜਾਂਦਾ ਹੈ ਤੇ ਸ਼ੂਦਰ ਦਾ ਸਿਰ ਕੱਟਣ ਤੇ ਬ੍ਰਾਹਮਣ ਜਿਉਂਦਾ ਹੋ ਜਾਂਦਾ ਹੈ, ਬਈ ਜਦ ਦੱਸਣ ਲਗਦਾ, ਪੂਰੀ ਗੱਲ



ਦੱਸਿਆ ਕਰ। ਆਹ ਦੇਖ ਲੈ... ਅਜੇ ਅਧੀਆ ਪਿਆ ਐਂਜ ਤੇਰੀਆਂ ਸਾਰੀਆਂ ਗੱਲਾਂ ਸੁਣ ਕੇ ਉਠਣਾ।" ਮੈਂ ਦੱਸਣ ਲੱਗਿਆ।

ਮਨੂੰ ਜੀ ਨੇ ਆਪਣੇ ਚੇਲਿਆਂ ਨੂੰ ਰਿਸ਼ੀਆਂ ਦੇ ਗੁਪਤ ਵਾਰਤਾਲਾਪਾਂ ਵਿਚ ਹੋਈਆਂ ਗੱਲਾਂ ਸਮਝਾਉਂਦਿਆਂ ਦੱਸਿਆ ਕਿ ਰਿਸ਼ੀਆਂ ਦੀ ਧਰਮ ਸੰਸਦ ਵਿਚ ਇਹ ਗੱਲ ਉਭਰ ਕੇ ਸਾਹਮਣੇ ਆਈ ਸੀ ਕਿ ਸ਼ੂਦਰਾਂ ਨੂੰ ਧਰਮ-ਕਰਮ ਦੇ ਕੰਮਾਂ ਵਿਚ ਭਾਗ ਲੈਣ 'ਤੇ ਸਜ਼ਾਵਾਂ ਦੇਣੀਆਂ ਹੀ ਕਾਫੀ ਨਹੀਂ... ਇਹਨਾਂ ਨੂੰ ਸਮਾਜਿਕ-ਆਰਥਿਕ ਤੌਰ ਤੇ ਦਬਾਏ ਜਾਣ ਲਈ ਵੀ ਕਰੜੇ ਨਿਯਮ ਬਣਾਏ-

"ਰਾਜਾ ਵੈਸ਼ਾ ਤੋਂ ਵਪਾਰ ਅਤੇ ਵਿਆਜ 'ਤੇ ਪੈਸਾ ਦੇਣ ਦਾ ਕੰਮ ਕਰਵਾਵੇ। ਅਤੇ ਸ਼ੂਦਰਾਂ ਤੋਂ ਉਪਰਲੇ ਤਿੰਨ ਵਰਣਾਂ ਦੀ ਮੁਫ਼ਤ ਸੇਵਾ ਕਰਵਾਵੇ... ਕਿਉਂਕਿ ਬ੍ਰਹਮਾ ਨੇ ਬ੍ਰਾਹਮਣਾਂ ਦੀ ਸੇਵਾ ਕਰਨ ਲਈ ਹੀ ਸ਼ੂਦਰ ਦੀ ਸ੍ਰਿਸ਼ਟੀ ਤੇ ਰਚਨਾ ਕੀਤੀ ਹੈ।

-ਰਾਜਾ ਵੱਖ-ਵੱਖ ਵਰਣਾਂ ਨੂੰ ਦਿੱਤੇ ਕਰਜ਼ੇ ਦਾ ਵਿਆਜ ਵੀ ਵੱਖ-ਵੱਖ ਦਰ ਨਾਲ ਲਾਵੇ। ਬ੍ਰਾਹਮਣਾਂ ਤੋਂ 2 ਪ੍ਰਤੀਸ਼ਤ ਖਸ਼ੱਤਰੀ ਤੋਂ 3 ਪ੍ਰਤੀਸ਼ਤ ਵੈਸ਼ 4 ਰੁਪਏ ਪ੍ਰਤੀ ਸੈਂਕੜਾ ਤੇ ਸ਼ੂਦਰ ਤੋਂ 5 ਰੁਪਏ ਪ੍ਰਤੀ ਸੈਂਕੜਾ ਵਿਆਜ ਲਵੇ।"

ਇੰਦਰਜੀਤ ਗਰਦਨ ਘੁਮਾ ਕੇ ਸਿਰ ਮਾਰਦਿਆਂ ਫਿਰ ਹੱਸਿਆ, "ਆਹ ਤਾਂ ਬ੍ਰਾਹਮਣਾ ਨੇ ਸੋਹਣਾ ਵਿਧਾਨ ਬਣਾ ਲਿਆ-ਆਖੇ ਸ਼ੂਦਰਾਂ ਦਾ ਕੰਮ ਸੇਵਾ ਕਰਨਾ... ਉਨ੍ਹਾਂ ਨੂੰ ਕੰਮ ਕਰਵਾਉਣ ਬਦਲੇ ਦੇਣਾ ਵੀ ਕੁਝ ਨਹੀਂ। ਜਦ ਉਨ੍ਹਾਂ ਕੋਲ ਹੈ ਈ ਕੁਝ ਨਹੀਂ ਫੇਰ ਉਨ੍ਹਾਂ ਨੂੰ ਬੀਮਾਰੀ ਭੁੱਖਮਰੀ, ਗਰੀਬੀ ਵਿਚ ਕਰਜ਼ਾ ਕੌਣ ਦੇਵੇਗਾ। ਤੇ ਜੇ ਕਰਜ਼ਾ ਕਿਸੇ ਨੇ ਦੇ ਵੀ ਦਿੱਤਾ... ਉਨ੍ਹਾਂ 'ਤੇ ਵਿਆਜ ਵੀ ਵੱਧ। ਫੇਰ ਉਹ ਤੜਪ-ਤੜਪ ਕੇ ਮਰਨਗੇ ਹੀ।"

ਬ੍ਰਾਹਮਣ ਅੰਤਰ ਜਾਤੀ ਵਿਆਹਾਂ ਦੇ ਵਿਰੋਧੀ ਸਨ ਜਦਕਿ ਅੰਤਰ ਜਾਤੀ ਵਿਆਹ ਸਮਾਜ ਵਿਚ ਉਦੋਂ ਤੱਕ ਕਾਫੀ ਮਾਤਰਾ ਵਿਚ ਪ੍ਰਚਲਤ ਸਨ। ਤੇ ਲੋਕੀਂ ਇਸਨੂੰ ਬੁਰਾ ਵੀ ਨਹੀਂ ਸਮਝਦੇ ਸਨ।" ਅਰਵਿੰਦਰ ਆਰੀਆ ਸਰ ਨੇ ਦੱਸਿਆ ਸੀ, "ਮਨੂੰ ਰਿਸ਼ੀ ਦੇ ਆਸ਼ਰਮ ਵਿਚ ਵਿਦਿਆ ਪ੍ਰਾਪਤ ਕਰਦੇ ਉਹਦੇ ਚੇਲੇ ਰਿਸ਼ੀਆਂ ਦੀਆਂ ਬਣਾਈਆਂ ਜਾ ਰਹੀਆਂ ਨਵੀਆਂ ਨੀਤੀਆਂ ਨੂੰ ਸਮਝਣ ਲੱਗ ਪਏ ਸਨ। ਤੇ ਉਸੇ ਤਰ੍ਹਾਂ ਦਾ ਵਿਹਾਰ ਕਰਨ ਲੱਗ ਪਏ ਸਨ। ਆਸ਼ਰਮ ਦੀ ਜ਼ਮੀਨ ਵਿਚ ਖੇਤੀ ਕਰਦੇ ਸ਼ੂਦਰ ਸੇਤੀਆਂ ਰਾਹੀਂ ਆਸ਼ਰਮ ਵਿਚੋਂ ਵਿਦਿਆ ਪ੍ਰਾਪਤ ਕਰਨ ਤੇ ਬ੍ਰਾਹਮਣਾਂ ਦੀ ਕੁੜੀ ਕਵਿਤਾ ਨਾਲ ਵਿਆਹ ਕਰਵਾਉਣ ਦਾ ਆਸ਼ਰਮ ਵਿਚਲੇ ਚੇਲੇ ਬਹੁਤ ਵਿਰੋਧ ਕਰ ਰਹੇ ਸਨ।

ਚੇਲੇ ਰਿਸ਼ੀ ਮਨੂੰ ਜੀ ਕੋਲ ਸ਼ਿਕਾਇਤ ਕਰ ਰਹੇ ਸਨ ਕਿ ਸੁਨਹਿਰੀ ਕੇਸਾਂ ਤੇ ਬਿੱਲੀਆਂ ਅੱਖਾਂ ਤੇ ਗੋਰੇ ਰੰਗ ਵਾਲੇ ਆਰੀਆ ਦੇ ਘਰ ਕਾਲੇ-ਕਲੂਟੇ, ਚਪਟੇ ਨੱਕ ਵਾਲੇ ਬੱਚੇ ਤੇ ਸ਼ਿਆਮ ਵਰਣ ਦੇ ਸ਼ੂਦਰਾਂ, ਅਸੁਰਾਂ ਦੇ ਘਰ ਪੀਲੇ ਕੇਸ ਤੇ ਗੋਰੇ ਰੰਗ ਵਾਲੇ ਬੱਚੇ ਵੇਖ ਕੇ ਮਨ ਨਫ਼ਰਤ ਨਾਲ ਭਰ ਜਾਂਦਾ ਹੈ।

ਮਨੂੰ ਰਿਸ਼ੀ ਚੇਲਿਆਂ ਦੀ ਗੱਲ ਸਮਝ ਗਿਆ ਸੀ। ਉਸਨੇ ਸ਼ੂਦਰ ਸੇਤੀਆਂ ਅਤੇ ਬ੍ਰਾਹਮਣ ਕੰਨਿਆਂ ਕਵਿਤਾ ਦੇ ਵਿਆਹ ਨੂੰ ਸ਼ਾਸਤਰਾਂ ਅਨੁਸਾਰ ਅਯੋਗ ਠਹਿਰਾਇਆ ਸੀ ਅਤੇ

ਇਸਨੂੰ ਸੂਦਰ ਸੇਤੀਆਂ ਰਾਹੀਂ ਬ੍ਰਾਹਮਣ ਕੰਨਿਆਂ ਨਾਲ ਬਲਾਤਕਾਰ ਕੀਤਾ ਘੋਸ਼ਿਤ ਕਰ ਦਿੱਤਾ ਸੀ।"

ਮੈਂ ਕਿਹਾ, ਇੰਦਰਜੀਤ ਤੇਰੇ ਯਾਦ ਹੈ ਅੰਜਲੀ ਤੋਂ ਵੇਰ ਰਿਹਾ ਨਹੀਂ ਸੀ ਗਿਆ। ਉਠ ਕੇ ਕਹਿਣ ਲੱਗੀ, "ਸਰ ਜਿਵੇਂ ਹੁਣ ਵੀ ਲੜਕਾ, ਲੜਕੀ ਰਾਹੀਂ ਕਰਵਾਈ ਲਵ ਮੈਰਿਜ ਨੂੰ ਜੇ ਲੜਕੀ ਦੇ ਮਾਪੇ ਉਚ ਜਾਤੀ ਦੇ ਹੋਣ ਮਾਨਤਾ ਨਹੀਂ ਦਿੰਦੇ ਤੇ 'ਨੀਵੀਂ ਜਾਤੀ ਦੇ ਲੜਕੇ ਵਿਰੁੱਧ ਕੇਸ ਦਰਜ ਕਰਵਾ ਦਿੰਦੇ ਹਨ ਕਿ ਲੜਕਾ ਲੜਕੀ ਨੂੰ ਵਰਗਲਾ ਕੇ ਲੈ ਗਿਆ ਤੇ ਉਸ ਨਾਲ ਬਲਾਤਕਾਰ ਕਰਦਾ ਰਿਹਾ।"

ਸਰ ਨੇ ਕਿਹਾ, "ਸੁਣੋ! ਗਲ ਇਥੇ ਹੀ ਨਹੀਂ ਮੁੱਕੀ। ਮਨੂੰ ਰਿਸ਼ੀ ਨੇ ਸਿਮਰਤੀ ਵਿਚ ਦਰਜ ਕੀਤਾ, 'ਜੇ ਸ਼ੂਦਰ ਬ੍ਰਾਹਮਣ ਇਸਤਰੀ ਨਾਲ ਸੰਭੋਗ ਕਰੇ, ਤਾਂ ਰਾਜਾ ਉਹਦਾ ਲਿੰਗ ਕਟਵਾ ਦਵੇ।' ਤੇ ਰਾਜੇ ਨੂੰ ਕਹਿ ਕੇ ਸੇਤੀਆਂ ਸ਼ੂਦਰ ਨੂੰ ਘਰ ਤੋਂ ਚੁੱਕ ਲਿਆਏ... ਰਾਜ ਦਰਬਾਰ ਵਿਚ ਲਿਜਾ ਕੇ ਉਹਦਾ ਲਿੰਗ ਕਟਵਾ ਦਿੱਤਾ। ... ਤੇ ਲਹੂ ਲੁਹਾਣ ਹੋਏ ਸੇਤੀਆਂ ਨੂੰ ਸ਼ੂਦਰ ਘੋੜ ਸਵਾਰ ਚੋਰੀ ਚੋਰੀ ਰਾਤ ਦੇ ਹਨੇਰੇ ਵਿਚ ਜੰਗਲ ਵਿਚਲੇ ਬੋਧ ਵਿਹਾਰ ਵਿਚ ਲੈ ਗਏ।

ਕਿਉਂਕਿ ਬ੍ਰਾਹਮਣ ਰਾਜੇ ਪੁਸ਼ਿਆ ਮਿੱਤਰ ਨੇ ਬੋਧੀ ਬ੍ਰਿਹਦਰਥ ਨੂੰ ਮਾਰ ਕੇ ਮਗਧ ਦਾ ਰਾਜ ਸੰਭਾਲਦਿਆਂ ਹੀ ਬੋਧੀਆਂ ਨੂੰ ਮਾਰਨਾ ਆਰੰਭ ਕਰ ਦਿੱਤਾ ਸੀ। ਉਹ ਬੋਧੀਆਂ ਦਾ ਕਤਲ ਕਰਨ ਵਾਲਿਆਂ ਨੂੰ ਇਨਾਮ ਦੇਣ ਲੱਗ ਪਿਆ। ਕੋਈ ਵਿਅਕਤੀ ਇਕ ਬੋਧੀ ਦਾ ਸਿਰ ਵੱਢਕੇ ਲੈ ਜਾਂਦਾ... ਰਾਜਾ ਉਹਨੂੰ ਸੌ ਦੀਨਾਰ ਇਨਾਮ ਵਜੋਂ ਦੇ ਦਿੰਦਾ। ਬਚੇ-ਖੁਚੇ ਬੋਧੀ ਜੰਗਲਾਂ ਵਿਚ ਨੂੰ ਭੱਜ ਲਏ ਸਨ। ਜੰਗਲ ਵਿਚ ਜਾ ਕੇ ਉਹ ਬੋਧ ਵਿਹਾਰ ਬਣਾ ਕੇ ਰਹਿਣ ਲੱਗ ਪਏ। ਉਹ ਦਰਖਤਾਂ ਦੇ ਪੱਤਿਆਂ ਨਾਲ ਆਪਣਾ ਤਨ ਢਕਦੇ ਤੇ ਕੰਦ-ਮੂਲ ਜੰਗਲੀ ਫਲ ਖਾ ਕੇ ਆਪਣਾ ਪੇਟ ਪਾਲਣ ਲੱਗੇ।

ਚਿਕਿਤਸਕਾਂ ਨੂੰ, ਸ਼ਲਯ ਚਿਕਿਤਸਾ ਭਾਵ ਸਰੀਰ ਦੀ ਚੀਰ ਫਾੜ (ਸਰਜਰੀ) ਕਰਨ ਲਈ ਚਾਰੇ ਵਰਣਾਂ ਦੇ ਲੋਕਾਂ ਦੇ ਸਰੀਰ ਦੀ ਛੂਹ ਕੇ ਜਾਂਚ ਕਰਨੀ ਪੈਂਦੀ ਸੀ। ਜਦਕਿ ਸ਼ੂਦਰ ਨੂੰ ਛੂਹਣਾ ਧਰਮ ਦੇ ਪ੍ਰਤੀਕੂਲ ਸੀ। ਇਸ ਲਈ ਚਿਕਿਤਸਕਾਂ ਦੀ ਗਿਣਤੀ ਸ਼ੂਦਰ ਵਰਣ ਵਿਚ ਕੀਤੀ ਜਾਣ ਲੱਗ ਪਈ ਸੀ। ਤੇ ਚਿਕਿਤਸਾ ਸਬੰਧੀ, ਚੌਥੇ ਵੇਦ ਅਯੁਰਵੇਦ ਨੂੰ ਪੜ੍ਹਨ ਤੇ ਪਾਬੰਧੀ ਲਾ ਦਿੱਤੀ ਸੀ। ਤੇ ਬੀਮਾਰੀਆਂ ਦਾ ਇਲਾਜ ਬ੍ਰਾਹਮਣ ਜਾਦੂ ਨਾਲ ਕਰਨ ਲੱਗ ਪਏ ਸਨ।

ਸ਼ਲਯ ਚਿਕਿਤਸਾ ਭਾਵ ਸਰੀਰ ਦੀ ਚੀਰ-ਫਾੜ (ਸਰਜਰੀ) ਦੇ ਵੀ ਮਨੂੰ ਖਿਲਾਫ਼ ਸੀ। ਇਸ ਚਿਕਿਤਸਾ ਵਿਗਿਆਨ ਵਿਚ ਸ਼ੁਸਰੁਤ ਤੋਂ ਬਾਅਦ ਵਾਣ ਭੱਟ ਦਾ ਨਾਂ ਆਉਂਦਾ ਹੈ। ਰਿਗਵੇਦ ਦੇ ਉਪਵੇਦ ਆਯੁਰਵੇਦ ਵਿਚ ਲਿਖੀ ਵਿਧੀ ਅਨੁਸਾਰ ਵਾਣ ਭੱਟ ਆਪਣੇ ਚੇਲਿਆਂ ਨੂੰ ਸ਼ਵ ਦੀ ਚੀਰ ਫਾੜ ਕਰਕੇ ਵੱਖ ਵੱਖ ਅੰਗਾਂ ਦੀਆਂ ਕਿਰਿਆਵਾਂ ਕਰਨ ਬਾਰੇ ਸਮਝਾਉਂਦੇ। ਤਾਂ ਜੋ ਜੰਗਾ-ਯੁੱਧਾਂ ਜਾਂ ਸੱਟ ਫੇਟ ਵੱਜਣ ਨਾਲ ਨੁਕਸਾਨੇ ਹੋਏ ਅੰਗ ਦਾ ਨਿਰੀਖਣ ਕੀਤਾ ਜਾਵੇ ਕਿ ਉਹਦਾ ਕਿੰਨਾ ਨੁਕਸਾਨ ਹੋਇਆ ਹੈ ਤੇ ਉਸਦਾ ਉਪਚਾਰ ਕੀਤਾ ਜਾਵੇ।

ਪਰ ਮਨੂੰ ਨੂੰ ਇਹ ਸਵੀਕਾਰ ਨਹੀਂ ਸੀ। ਜਿਹੜੇ ਗੁਰੂ ਜੀ ਤੋਂ ਚੇਲੇ, ਗਿਆਨ ਪ੍ਰਾਪਤ ਕਰਦਿਆਂ ਉਹਦੀ ਸੇਵਾ ਸੰਭਾਲ ਵਿਚ ਲੱਗੇ ਰਹਿੰਦੇ ਸਨ ਤੇ ਉਹਦੇ ਚਰਨਾਂ ਵਿਚੋਂ ਸਿਰ ਨਹੀਂ



ਸਨ ਉਠਾਉਂਦੇ... ਪਰ ਉਸ ਗੁਰੂ ਦੀ ਮ੍ਰਿਤਕ ਦੇਹ ਨੂੰ ਛੂਹਣ 'ਤੇ ਵੀ ਚੇਲਿਆਂ ਨੂੰ ਮਨੂੰ ਦੇ ਲਿਖੇ ਲੰਮੇ ਚੌੜੇ ਕਰਮ ਕਾਂਡਾਂ ਵਿਚ ਦੀ ਗੁਜਰਨਾ ਪੈਂਦਾ ਸੀ।

ਚਿਕਿਤਸਕਾਂ ਨੂੰ ਸ਼ਵ ਦੀ ਚੀਰ ਫਾੜ ਕਰਨ ਕਰਕੇ... ਚਰਮਕਾਰਾਂ ਦੇ ਬਰਾਬਰ ਸਮਝਿਆ ਜਾਣ ਲੱਗਿਆ। ਨਤੀਜਾ ਇਹ ਨਿਕਲਿਆ ਕਿ ਵਾਣ ਭੱਟ ਤੋਂ ਥੋੜ੍ਹੇ ਸਮੇਂ ਬਾਅਦ ਸ਼ੁਲਯ (ਸਰਜਰੀ) ਚਿਕਿਤਸਾ ਵਿਗਿਆਨ ਦਾ ਪ੍ਰਯੋਗ ਬੰਦ ਹੋ ਗਿਆ। ਤੇ ਸ਼ੋਲਯ ਚਿਕਿਤਸਾ ਦੇਸ਼ ਵਿਚੋਂ ਗਾਇਬ ਹੋ ਗਈ।

ਸ਼ਲਯ ਚਿਕਿਤਸਕਾਂ ਨੂੰ ਸਮਾਜ ਵਿਚ ਘਟੀਆ ਸਮਝਿਆ ਜਾਣ ਤੋਂ ਅਪਮਾਨਿਤ ਹੋਏ ਬਹੁਤ ਸਾਰੇ ਸ਼ਲਯ ਚਿਕਿਤਸਕ ਜੰਗਲਾਂ ਵਿਚਲੇ ਬੋਧ ਵਿਹਾਰਾਂ ਵਿਚ ਜਾ ਕੇ ਰਹਿਣ ਲੱਗ ਪਏ। ਪਰ ਜਦ ਲਿੰਗ ਕੱਟੇ ਹੋਏ ਸੇਤੀਆਂ ਸ਼ੂਦਰ ਨੂੰ ਬੇਹੋਸ਼ੀ ਦੀ ਹਾਲਤ ਵਿਚ ਜੰਗਲ ਵਿਚਲੇ ਬੋਧ ਵਿਹਾਰ ਵਿਚ ਸਲਯ ਚਿਕਿਤਸਕਾਂ ਕੋਲ ਲੈ ਕੇ ਗਏ ਤਾਂ ਉਹਦੇ ਜ਼ਖ਼ਮ ਵਿਚੋਂ ਬਹੁਤਾ ਖ਼ੂਨ ਨਿਕਲਣ ਕਰਕੇ ਉਹਨੂੰ ਬਚਾਇਆ ਨਹੀਂ ਜਾ ਸਕਿਆ ਉਹਦੀ ਮੌਤ ਹੋ ਗਈ ਸੀ। ਉਹੀ ਘੋੜ ਸਵਾਰ ਉਹਨੂੰ ਰਾਤੋ ਰਾਤ ਉਹਦੇ ਮਗਧ ਵਿਚਲੇ ਘਰ ਛੱਡ ਗਏ ਸਨ।

ਉਸ ਤੋਂ ਅਗਲੇ ਦਿਨ, ਸੇਤੀਆਂ ਦੇ ਰੋਂਦੇ, ਕੁਰਲਾਂਦੇ ਘਰਦਿਆਂ ਤੇ ਸਾਕ ਸੰਬੰਧੀਆਂ ਨੇ ਉਹਦੇ ਸ਼ਵ ਦਾ ਦਾਹ-ਸੰਸਕਾਰ ਕਰ ਦਿੱਤਾ। ਉਸਦੀ ਪਤਨੀ ਕਵਿਤਾ ਜਿਸਨੇ ਮਨੂੰ ਦੇ ਆਸ਼ਰਮ ਵਿਚ ਵੈਦਿਕ ਗਿਆਨ, ਘੋੜ ਸਵਾਰੀ ਤੇ ਸ਼ਾਸਤਰ ਵਿਦਿਆ ਸਿਖੀ ਸੀ, ਹਾਰ-ਸ਼ਿੰਗਾਰ ਕਰਕੇ ਆਪਣੇ ਕਾਲੇ ਘੋੜੇ 'ਤੇ ਸਵਾਰ ਹੋ ਕੇ ਦੋਵੇਂ ਹੱਥਾਂ ਵਿਚ ਖੜਗਾਂ ਲਹਿਰਾਉਂਦਿਆਂ, ਗਰਜੀ,

"ਮੈਂ ਬਲਵਾਨ ਤੇ ਵਿਦਵਾਨ ਸੇਤੀਆਂ ਨੂੰ ਪਿਆਰ ਕਰਦੀ ਹਾਂ। ਤਨੋਂ ਮਨੋਂ, ਆਪਣੇ ਪਤੀ ਦੀ ਹਾਂ। ਤੇ ਉਸ ਬਿਨਾ ਜਿੰਦਾ ਨਹੀਂ ਰਹਿ ਸਕਦੀ। ਆਓ ਜਿਸ ਵਿਚ ਦਮ ਹੈ, ਮੈਨੂੰ ਰੋਕੋ ਮੈਂ ਆਪਣੇ ਪਤੀ ਸੇਤੀਆਂ ਕੋਲ ਨੂੰ ਜਾ ਰਹੀ ਹਾਂ।" ਕੋਈ ਵੀ ਉਹਨੂੰ ਰੋਕਣ ਦਾ ਹੌਸਲਾ ਨਹੀਂ ਸੀ ਕਰ ਰਿਹਾ। ਉਹਨੇ ਜਾ ਕੇ ਸੇਤੀਆਂ ਦੀ ਜਲ ਰਹੀ ਚਿਖਾ ਵਿਚ ਛਾਲ ਮਾਰ ਦਿੱਤੀ।

ਮਹਾਰਿਸ਼ੀ ਮਨੂ ਵਿਲਾਸਕਰ ਨੇ ਨਵੀਂ ਕਾਢ ਕੱਢ ਮਾਰੀ। ਉਹਨੇ ਬ੍ਰਾਹਮਣੀ ਕਵਿਤਾ ਨੂੰ ਸ਼ੂਦਰ ਸੇਤੀਆਂ ਦੀ ਚਿਖਾ ਵਿਚ ਸੜਕੇ ਮਰਨ ਦੀ ਦੋਸ਼ੀ ਆਖਣ ਦੀ ਥਾਂ ਉਹਨੂੰ 'ਪਤੀ ਨਾਲ ਸਤੀ' ਹੋਈ ਕਰਾਰ ਦਿੱਤਾ। ਬਿਰਧ ਰਾਜਾ ਪੁਸ਼ਿਆ ਮਿੱਤਰ ਬੀਮਾਰ ਰਹਿਣ ਲੱਗ ਪਿਆ ਸੀ, ਛੱਤੀ ਸਾਲ ਰਾਜ ਕਰਨ ਤੋਂ ਬਾਅਦ ਉਹਦੀ ਮੌਤ ਹੋ ਗਈ। ਪੁਰੋਹਿਤ ਨੇ ਉਹਦੀ ਥਾਂ ਉਸਦੇ ਪੁੱਤਰ ਮਿੱਤਰ ਸੈਨ ਨੂੰ ਰਾਜ ਗੱਦੀ 'ਤੇ ਬਿਠਾ ਦਿੱਤਾ।

ਮਗਧ ਸਾਮਰਾਜ ਤੇ 184 ਈ. ਪੂ. ਤੋਂ 120 ਸਾਲ 64 ਈ. ਪੂ. ਤੱਕ ਸ਼ੁੰਗ ਵੰਸ਼ੀ ਬ੍ਰਾਹਮਣ ਰਾਜਿਆਂ ਅਤੇ 64 ਈ ਪੂ. ਤੋਂ 85 ਸਾਲ 21 ਈਸਵੀ ਤੱਕ ਕਣਵਾ ਵੰਸ਼ੀਆਂ ਨੇ ਰਾਜ ਕੀਤਾ ਸੀ। ਸਰ ਨੇ ਦੱਸਿਆ ਸੀ ਕਿ ਪੁਰਾਣਾਂ ਅਨੁਸਾਰ ਉਸ ਤੋਂ ਬਾਅਦ 275 ਈ. ਗੁਪਤ ਕਾਲ ਤੱਕ ਅੰਧਕਾਰ ਯੁੱਗ ਹੈ। ਗੁਪਤ ਕਾਲ ਤੋਂ ਪਹਿਲਾਂ ਦੀਆਂ ਇਤਿਹਾਸਕ ਘਟਨਾਵਾਂ ਸਾਡੀ ਦ੍ਰਿਸ਼ਟੀ ਤੋਂ ਓਝਲ ਹੋ ਜਾਂਦੀਆਂ ਹਨ। ਇੰਦਰਜੀਤ ਨੇ ਕਿਹਾ ਸੀ... "ਸਰ ਸ਼ੂਦਰ ਤੇ ਇਸਤਰੀ

ਲਈ ਤਾਂ 184 ਈ. ਪੂ. ਤੋਂ ਹੀ ਸ਼ੁੰਗ ਵੰਸ਼ੀ ਰਾਜ ਸ਼ੁਰੂ ਹੋਣ ਨਾਲ ਹੀ ਅੰਧਕਾਰ ਯੁੱਗ ਸ਼ੁਰੂ ਹੋ ਗਿਆ ਸੀ।"

ਪਰ ਸਰ ਨੇ ਕਿਹਾ ਸੀ ਕਿ ਆਮ ਇਸਤਰੀਆਂ ਦੀ ਹੀ ਨਹੀਂ, ਰਾਣੀਆਂ-ਮਹਾਰਾਣੀਆਂ ਦੀ ਅਵਸਥਾ ਵੀ ਕੋਈ ਚੰਗੀ ਨਹੀਂ ਸੀ। ਜਦੋਂ ਪੁਸਿਆ ਮਿੱਤਰ ਦੇ ਅੰਤਿਮ ਸੰਸਕਾਰ ਦੀ ਤਿਆਰੀ ਹੋ ਰਹੀ ਸੀ ਤਾਂ ਮਨੂੰ ਰਿਸ਼ੀ ਦੇ ਕਹਿਣ ਅਨੁਸਾਰ ਰਾਜਾ ਦੀ ਬਿਰਧ ਯਾਦ ਦਾਸ਼ਤ ਗੁਆ ਚੁੱਕੀ ਰਾਣੀ ਨੂੰ ਹਾਰ ਸ਼ਿੰਗਾਰ ਕਰਵਾ ਕੇ ਵਾਜੇ ਗਾਜਿਆਂ ਨਾਲ ਸ਼ਮਸ਼ਾਨ ਘਾਟ 'ਤੇ ਲੈ ਗਏ ਸਨ। ਤੇ ਰੋਂਦੀ ਕੁਰਲਾਂਦੀ ਰਾਣੀ ਨੂੰ ਬ੍ਰਾਹਮਣਾਂ ਨੇ ਪੁਸਿਆ ਮਿੱਤਰ ਦੀ ਚਿਖਾ ਵਿਚ ਧੱਕਾ ਦੇ ਦਿੱਤਾ, ਉੱਚੀ ਆਵਾਜ਼ ਵਿਚ ਵੱਜਦੇ ਢੋਲ, ਨਗਾਰਿਆਂ ਦੇ ਸ਼ੋਰ ਵਿਚ ਰਾਣੀ ਦੀਆਂ ਚੀਕਾਂ ਗੁਆਚ ਗਈਆਂ ਸਨ। ਤੇ ਸਤੀ ਦੇ ਨਾਂ ਤੇ ਬ੍ਰਾਹਮਣਾਂ ਨੇ ਹਵਨ, ਯੱਗ ਅਨੁਸ਼ਠਾਨ ਕੀਤੇ ਤੇ ਨਵੇਂ ਬਣੇ ਰਾਜੇ ਅਗਨੀ ਮਿੱਤਰ ਨੇ ਬ੍ਰਾਹਮਣਾਂ ਨੂੰ ਧਨ, ਦੌਲਤ, ਗਊਆਂ, ਦਾਸ, ਦਾਸੀਆਂ ਦਾਨ ਵਿਚ ਦਿੱਤੀਆਂ। ਸਤੀ ਦੇ ਨਾਂ 'ਤੇ ਵਿਸ਼ਾਲ ਮੰਦਿਰ ਉਸਾਰਿਆਂ ਗਿਆ ਉਸ ਵਿਚ ਰਾਣੀ ਦੀ ਮੂਰਤੀ ਸਥਾਪਤ ਕੀਤੀ ਗਈ। ਤੇ 'ਸਤੀ ਸੁਨੰਦਾ' ਦੀ ਪੂਜਾ ਹੋਣ ਲੱਗੀ।

ਕੁੜੀਆਂ ਵਿਚ ਘੁਸਰ-ਮੁਸਰ ਹੋਣ ਲੱਗੀ ਸੀ। ਕੁੜੀਆਂ ਨੂੰ ਸ਼ਾਇਦ ਇਹ ਗੱਲਾਂ ਚੁਭਦੀਆਂ ਸਨ। ਉਹਨਾਂ ਨੇ ਕੁੜੀਆਂ ਦੀ ਮਨੀਟਰ 'ਅੰਜਲੀ ਨੂੰ ਮੂਹਰੇ ਕੀਤਾ, "ਸਰ, ਨਾ ਪੜਾਈ ਜਾਓ ਅਜਿਹੀਆਂ ਗੱਲਾਂ। ਸਤੀ ਹੋਣ ਜਾਂ ਸਤੀ ਕਰਨ ਵਿਰੁੱਧ ਕਾਨੂੰਨ ਬਣੇ ਨੂੰ ਵੀ ਸੈਂਕੜੇ ਸਾਲ ਹੋ ਗਏ ਸਨ।"

ਇੰਦਰ ਸਿੰਘ ਗੜ੍ਹਕਿਆ, "ਫੇਰ ਮੁੰਡਿਆਂ ਦਾ ਮਨੀਟਰ ਹੁੰਦਿਆਂ ਮੈਂ ਹੀ ਦਿੰਤਾ ਸੀ, ਅੰਜਲੀ ਦੀ ਗੱਲ ਦਾ ਜਵਾਬ। ਕਿ ਕੀ ਸਰ ਗਲਤ ਪੜ੍ਹਾ ਰਹੇ ਹਨ ? ਕੀ ਸਤੀ ਪ੍ਰਥਾ ਵਿਰੁੱਧ ਕਾਨੂੰਨ ਬਣਨ ਨਾਲ ਸਤੀ ਹੋਣ ਤੇ ਰੋਕ ਲੱਗ ਗਈ। ਪਿਛੇ ਜਹੇ ਰਾਜਸਥਾਨ ਵਿਚ ਰੂਪ ਕੰਵਰ ਨਾਂ ਦੀ ਵਿਧਵਾ ਕੁੜੀ ਸਤੀ ਹੋ ਗਈ ਜਾਂ... ਸਤੀ ਹੋਣ ਲਈ ਮਜਬੂਰ ਕੀਤੀ ਗਈ। ਚਾਰ ਦਿਨ ਅਖ਼ਬਾਰਾਂ ਵਿਚ ਗੱਲ ਚੱਲੀ ਤੇ ਖ਼ਤਮ ਹੋ ਗਈ।"

"ਤੇ ਕੀ ਹੁਣ ਸਤੀਆਂ ਤੇ ਮੇਲੇ ਲਗਣੇ ਬੰਦ ਹੋ ਗਏ। ਹਰੇਕ ਜਾਤੀ ਦੀ ਹਰੇਕ ਗੋਤਰ ਦੀ ਆਪਣੀ ਆਪਣੀ ਸਤੀ ਹੈ। ਤੇ ਉਹ ਪੂਜੀ ਜਾਂਦੀ ਹੈ।"

"ਮਨੂੰ ਰਿਸ਼ੀ ਦੇ ਆਸ਼ਰਮ ਵਿਚ ਉਸਦੇ ਪ੍ਰਮੁਖ ਚੇਲੇ ਨੇ ਵੀ ਰਿਸ਼ੀ ਨੂੰ ਪ੍ਰਸ਼ਨ ਕੀਤਾ ਸੀ।" ਸਰ ਦੱਸਣ ਲੱਗੇ ਸਨ, "ਗੁਰੂ ਜੀ। ਰਿਗਵੇਦ ਵਿਚ ਆਤਮ ਹੱਤਿਆ ਨੂੰ ਮਨੁੱਖ ਦੀ ਸਭ ਤੋਂ ਵੱਡੀ ਕਮਜ਼ੋਰੀ ਦੱਸਿਆ ਹੈ। ਫਿਰ ਤੁਸੀਂ ਪਤੀ ਨਾਲ ਸਤੀ ਹੋਣ ਵਾਲੀ ਵਿਧਵਾ ਇਸਤਰੀ ਨੂੰ ਪੂਜਣ ਯੋਗ ਕਹਿ ਰਹੇ ਹੋ ?" ਰਿਸ਼ੀ ਨੇ ਗੁੱਸੇ ਵਿਚ ਅੱਖਾਂ ਲਾਲ ਕਰਦਿਆਂ ਕਿਹਾ ਸੀ, "ਮੈਨੂੰ ਪ੍ਰਸ਼ਨ ਕਰਨ ਤੋਂ ਪਹਿਲਾਂ ਤੈਨੂੰ ਪੁਰਾਣਾਂ, ਸਿਮਰਤੀਆਂ ਦਾ ਅਧਿਐਨ ਕਰਨਾ ਚਾਹੀਦਾ ਸੀ। ਤੈਨੂੰ ਪਤਾ ਨਹੀਂ, ਮੈਂ ਲਿਖਵਾਇਆ ਵੀ ਹੈ, "ਸੰਸਾਰ ਦੇਵਤਿਆਂ ਅਧੀਨ ਹੈ। ਦੇਵਤੇ ਮੰਤਰਾਂ ਅਧੀਨ ਹਨ ਤੇ ਮੰਤਰ ਬ੍ਰਾਹਮਣਾਂ ਅਧੀਨ ਹੈ।" ਰਿਸ਼ੀ ਨੇ ਚੇਲੇ ਨੂੰ ਸਖ਼ਤੀ ਨਾਲ ਸਮਝਾਇਆ ਰਿਗ ਵੇਦ ਦੀ ਸਾਰਥਕਤਾ ਵੈਦਿਕ ਕਾਲ ਵਿਚ ਸੀ। ਉਸ ਤੋਂ ਬਾਦ ਉੱਤਰ ਵੈਦਿਕ ਕਾਲ ਲੰਘਿਆ। ਫੇਰ



ਬੋਧਾਂ ਦੀ ਪ੍ਰਭੁਤਾ ਵਾਲਾ ਸਮਾਂ ਵੀ ਲੰਘ ਗਿਆ। ਤੇ ਹੁਣ ਸਿਮਰਤੀ ਕਾਲ ਚੱਲ ਰਿਹਾ ਤੇ ਚਲਦਾ ਰਹੇਗਾ।...।"

ਪਰ ਕੁੜੀਆਂ ਪਤੀ ਦੀ ਜਲਦੀ ਚਿਖਾ ਵਿਚ ਪਤਨੀ ਨੂੰ ਧੱਕਾ ਦੇ ਕੇ ਸਤੀ ਕਰਨ ਦੀ ਪ੍ਰਥਾ ਵਿਰੁੱਧ ਬੋਲੀ ਜਾ ਰਹੀਆਂ ਸਨ। ਕੁੜੀਆਂ ਦੇ ਇਸ ਤਰ੍ਹਾਂ ਬੋਲਣ 'ਤੇ ਕਈ ਵਾਰੀ ਮੁੰਡੇ ਨਾਰਾਜ਼ ਹੁੰਦੇ ਕਿ ਸਰ ਕਲਾਸ ਵਿਚ ਕੁੜੀਆਂ ਨੂੰ ਬੋਲਣ ਲਈ, ਮੁੰਡਿਆਂ ਤੋਂ ਵੱਧ ਸਮਾਂ ਦਿੰਦੇ ਸਨ। ਸਰ ਕੁੜੀਆਂ ਨੂੰ ਬੋਲਣ ਤੋਂ ਰੋਕਦੇ ਨਹੀਂ ਸਨ। ਸਰ ਉਨ੍ਹਾਂ ਨੂੰ ਸ਼ਾਂਤ ਕਰਦਿਆਂ ਆਖਦੇ, "ਮੈਂ ਤਾਂ ਇਹਨਾਂ ਨੂੰ ਤਾਂ ਨੀ ਰੋਕਦਾ... ਇਹ ਵਿਚਾਰੀਆਂ ਕਾਲਿਜ ਵਿਚੇ ਬੋਲਦੀਆਂ ਘਰ ਦੇ ਤਾਂ ਇਹਨਾਂ ਨੂੰ ਕੁਸਕਣ ਨੀ ਦਿੰਦੇ... ਸਾਹ ਨੀ ਕੱਢਣ ਦਿੰਦੇ।" ਸਰ ਪੁੱਛਦੇ, "ਅੱਛਾ ਦੱਸੋ ਘਰ ਕੀਹਦੀ ਕੀਹਦੀ ਝਾੜ ਝੰਬ ਹੁੰਦੀ ਏ। ਅੰਜਲੀ ਪਹਿਲਾਂ ਤੂੰ ਹੀ ਦੱਸ ?"

"ਸਰ ਆ ਸੱਚੀ ਗੱਲ ਐ... ਮੰਮੀ ਮੌਕਾ ਈ ਭਾਲਦੀ ਰਹਿੰਦੀ ਐ... ਨਿੱਕੀ ਜਹੀ ਗਲਤੀ ਪਿਛੇ ... ਥੱਪੜ ਝਾੜ ਦਿੰਦੀ ਐ। ਕਹਿੰਦੀ ਐ ਤੋਂ ਬਿਗਾਨੇ ਘਰ ਜਾਣਾ।"

"ਮੁੰਡਿਆਂ ਵਿਚੋਂ ਦੱਸੋ ਕਿਸੇ ਦੀ ਕੁਟਾਈ ਹੁੰਦੀ ਐ ?" ਸਰ ਨੇ ਫੇਰ ਸੁਆਲ ਕੀਤਾ।

ਮੁੰਡਿਆਂ ਦੀ ਥਾਂ ਕੁੜੀਆਂ ਨੇ ਰੌਲਾ ਪਾ ਦਿੱਤਾ, "ਸਰ ਇਹ ਖਾ ਲੈਣਗੇ ਘਰਦਿਆਂ ਤੋਂ ਕੁੱਟ... ਇਹ ਤਾਂ ਉਨ੍ਹਾਂ ਨੂੰ ਈ ਕੁੱਟਣ ਨੂੰ ਜਾਂਦੇ ਐ।" ਸਰ ਹੋਰ ਕਈਆਂ ਕੁੜੀਆਂ ਨੂੰ ਪੁੱਛਦੇ ਰਹੇ। ਲਗਭਗ ਸਾਰੀਆਂ ਕੁੜੀਆਂ ਮੰਨਦੀਆਂ, "ਸਰ ਕੁਟਾਈ ਤਾਂ ਹੁੰਦੀ ਓ ਹੁੰਦੀ ਐ... ਮੰਮੀਆਂ ਬਹੁਤ ਨਿਕੰਮੀਆਂ... ਅਸੇ ਡੈਡੀ ਕੁਝ ਨੀ ਕਹਿੰਦੇ... ਸਾਡੀ ਓ ਮਦਦ ਕਰਦੇ ਐ... ਪਰ ਮੰਮੀਆਂ ਉਨ੍ਹਾਂ ਨੂੰ ਵੀ ਨੀ ਬਖ਼ਸ਼ਦੀਆਂ... ਅਖੇ ਥੁਆਨੂੰ ਕਿਆ ਪਤਾ ਕੁੜੀਆਂ ਕਿਵੇਂ ਪਾਲੀਦੀਆਂ ਐ।" ਕੁੜੀਆਂ ਦੀ ਘਰ ਹੁੰਦੀ ਕੁਟਾਈ ਦੀਆਂ ਗੱਲਾਂ ਸੁਣ ਸੁਣ ਕੇ ਸਾਰੀ ਕਲਾਸ ਹਸ ਹਸ ਦੂਹਰੀ ਹੁੰਦੀ ਰਹੀ।

ਮੈਂ ਕਿਹਾ, "ਇੰਦਰ ਸਿਆਂ ਦੇਖ ਲੈ ਸਰ ਨੇ ਏਨਾ ਹਸਾਉਣ ਤੋਂ ਬਾਦ ਜਦ ਉਹੀ ਲੈਸਨ ਔਗੇ ਪੜ੍ਹਾਉਣਾ ਸ਼ੁਰੂ ਕੀਤਾ ਕੁੜੀਆਂ ਫੇਰ ਆਨਾ-ਕਾਨੀ ਕਰਨ ਲੱਗ ਪਈਆਂ। ਸਰ ਨੇ ਸਮਝਾਇਆ ਵੀ, "ਤੁਸੀਂ ਪੁਰਾਤਨ ਇਤਿਹਾਸ ਨੂੰ ਪੜ੍ਹੇ ਬਿਨਾ... ਸਦੀਆਂ ਤੋਂ ਸਮਾਜ ਵਿਚ ਪ੍ਰਚਲਤ ਰਸਮ-ਰੀਤਾਂ ਦੇ ਚਾਲੂ ਹੋਣ ਦੇ ਕਾਰਨਾਂ ਨੂੰ ਸਮਝ ਹੀ ਨਹੀਂ ਸਕਦੇ।"

ਉਹਨਾਂ ਨੇ ਜਾਣ ਕੇ ਅਣਜਾਣ ਬਣਦਿਆਂ ਕਿਹਾ,

"ਅਹ ਲਓ... ਇਹ ਅਧਿਆਇ ਵੀ ਇਸਤਰੀਆਂ ਬਾਰੇ ਈ ਨਿਕਲ ਆਇਆ... ਇਹਦੇ ਵਿਚੋਂ ਕੁਝ ਨਾ ਕੁਝ ਜ਼ਰੂਰ ਨੋਟ ਕਰਿਓ–

"ਇਸਤਰੀਆਂ ਤੇ ਸ਼ੂਦਰ ਪਾਪ ਯੋਨੀ ਹਨ। ਇਸਤਰੀ ਨੂੰ ਬਚਪਨ ਵਿਚ ਪਿਓ ਦੇ ਅਧੀਨ ਜਵਾਨੀ ਵਿਚ ਪਤੀ ਦੇ ਅਧੀਨ ਤੇ ਵਿਧਵਾ ਹੋ ਜਾਣ ਤੇ ਪੁੱਤਰ ਦੇ ਅਧੀਨ ਰਹਿਣਾ ਚਾਹੀਦਾ ਹੈ।" ਇਹ ਲਿਖਦੀਆਂ ਕੁੜੀਆਂ ਦੇ ਚਿਹਰਿਆ 'ਤੇ ਗੁੱਸੇ ਦੇ ਭਾਵ ਸਾਫ਼ ਨਜ਼ਰ ਆ ਰਹੇ ਸਨ। ਸਰ ਨੇ ਕਿਹਾ ਪਰ ਮੈਂ ਦੱਸਣ ਲਈ ਮਜਬੂਰ ਹਾਂ... ਇਹ ਕਰੂਰ ਸਚਾਈ ਹੈ। ਉਨ੍ਹਾਂ ਨੇ ਹੋਰ ਲਿਖਵਾਇਆ–"ਇਸਤਰੀ , ਸ਼ੂਦਰ ਕੁੱਤੇ ਤੇ ਕਾਂ ਵਿਚ ਝੂਠ ਪਾਪ ਤੇ ਅੰਧਕਾਰ ਬਣਿਆ ਰਹਿੰਦਾ

ਹੈ। ਲਿਖੋ ਹੋਰ ਸਜ਼ਾਵਾਂ..." ਅੰਜੂਲੀ ਬਿਫ਼ਰੀ , "ਸਰ ਸਾਨੂੰ ਅਜੇ ਹੋਰ ਕਿੰਨੀਆਂ ਕੁ ਸਜ਼ਾਵਾਂ ਦੇਣੀਆਂ ਹਨ।"

"ਤੁਹਾਨੂੰ ਨਹੀਂ ਇਸਤਰੀਆਂ ਤੇ ਸ਼ੂਦਰਾਂ ਨੂੰ।"

"ਸਰ ! ਇਸਤਰੀਆਂ ਤੇ ਸ਼ੂਦਰ ਜੇ ਅਸੀਂ ਨਹੀਂ ਤਾਂ ਹੋਰ ਕੌਣ ਹਨ ?" ਉਸਨੇ ਕਲਾਸ ਵਿਚ ਬੈਠੇ ਮੁੰਡੇ, ਕੁੜੀਆਂ ਵੱਲ ਸੈਨਤ ਕਰਦਿਆਂ ਕਿਹਾ ਸੀ।"

ਨਾਲ ਦੀ ਨਾਲ ਮੈਂ ਇੰਦਰ ਸਿੰਘ ਨੂੰ ਟਕੋਰ ਮਾਰੀ, ਦੇਖ ਲੈ... ਅੰਜੂਲੀ ਜਿੱਤ ਗਈ ਸੀ। ਇਕ ਵਾਰ ਤਾਂ ਅਰਵਿੰਦਰ ਸਰ ਵੀ ਅਵਾਕ ਖੜੇ ਰਹਿ ਗਏ ਸਨ। ਫੇਰ ਉਨ੍ਹਾਂ ਨੇ ਹੋਲੀ ਹੋਲੀ ਬੋਲਣਾ ਸ਼ੁਰੂ ਕੀਤਾ ਸੀ।

"ਇਸਤਰੀਆਂ ਤੇ ਸ਼ੂਦਰਾਂ ਨੂੰ ਲੜਾਇਆ ਜਾਣਾ ਚਾਹੀਦਾ ਹੈ।" ਕੁੜੀਆਂ ਹੱਸੀਆਂ, "ਸਰ ਤਾਂ ਹੀ ਸਾਡੀ ਕਲਾਸ ਦੇ ਮੁੰਡੇ ਸਾਡੇ ਨਾਲ ਲੜਦੇ ਰਹਿੰਦੇ ਹਨ।"

"ਇਸਤਰੀ ਦੀ ਕੋਈ ਜਾਇਦਾਦ ਨਹੀਂ ਹੋ ਸਕਦੀ ਜੇ ਉਹਨੂੰ ਕੋਈ ਜਾਇਦਾਦ ਮਿਲੇ ਵੀ ਤਾਂ ਉਹ ਜਾਇਦਾਦ ਉਹਦੀ ਹੋ ਜਾਂਦੀ ਹੈ, ਜਿਸਦੀ ਉਹ ਪੁੱਤਰੀ ਜਾਂ ਪਤਨੀ ਹੋਵੇ।"

"ਸਰ ਠੀਕ ਹੈ, ਜੇ ਹੁਣ ਕੁੜੀ ਨੂੰ ਪਿਤਾ ਦੀ ਜਾਇਦਾਦ ਵਿਚ ਹੱਕ ਮਿਲ ਵੀ ਗਿਆ ਹੈ ਤਾਂ ਉਹ ਜਾਇਦਾਦ ਉਹਦਾ ਪਤੀ ਖੋਹ ਲੈਂਦਾ ਹੈ। ਉਹਦੇ ਕੋਲ ਕੋਈ ਜਾਇਦਾਦ ਰਹਿੰਦੀ ਹੀ ਨਹੀਂ ਹੋਰ ਨਹੀਂ ਤਾਂ ਉਹਦੇ ਪੁੱਤਰ ਆਪਣੇ ਨਾਂ ਲੁਆ ਲੈਣਗੇ।"

ਸਰ ਨੇ ਲਿਖਵਾਇਆ , "ਅਗਰ ਕੋਈ ਬ੍ਰਾਹਮਣ, ਕਸ਼ੱਤਰੀ , ਵੈਸ਼... ਸ਼ੂਦਰ ਇਸਤਰੀ ਨਾਲ ਸੰਭੋਗ ਕਰੇ ਤਾਂ ਰਾਜਾ ਉਸਨੂੰ ਦੇਸ਼ ਵਿਚੋਂ ਕੱਢ ਦੇਵੇ। ਪਰ ਜੇ ਸ਼ੂਦਰ ਕਿਸੇ ਉਪਰਲੇ ਵਰਣ ਦੀ ਇਸਤਰੀ ਨਾਲ ਸੰਭੋਗ ਕਰੇ ਤਾਂ ਰਾਜਾ ਉਹਨੂੰ ਮੌਤ ਦੀ ਸਜ਼ਾ ਦੇਵੇ।"

ਇੰਦਰਜੀਤ ਬੋਲਿਆ, "ਸਾਨੂੰ ਉਦੋਂ ਲਗਦਾ ਸੀ ਕਿ ਹੁਣ ਕੁੜੀਆਂ ਚੁੱਪ ਰਹਿਣਗੀਆਂ ਬੋਲਣਗੀਆਂ ਨਹੀਂ। ਪਰ ਕੁੜੀਆਂ ਸਲਾਹ ਕਰਕੇ ਉਚੀ ਅਵਾਜ਼ ਵਿਚ ਚੀਕੀਆਂ, "ਸ਼ੇ...ਅ...ਮ...ਸ਼ੇ...ਅ...ਮ।"

"ਮਨੂੰ ਸਿਮਰਤੀ ਅਨੁਸਾਰ ਪਿਓ ਰਿਤੂਮਤੀ ਹੋਂਦਿਆਂ ਹੀ ਕੰਨਿਆ ਦਾ ਵਿਆਹ ਕਰ ਦਵੇ।"

ਕੁੜੀਆਂ ਬੋਲੀਆਂ, "ਸਰ ਲਿਖਵਾਈ ਜਾਓ... ਅਸੀਂ ਇਕੱਠਾ ਈ ਜਵਾਬ ਦਵਾਂਗੀਆਂ।" ਸਰ ਕੁੜੀਆਂ ਦੇ ਗੁੱਸੇ ਨੂੰ ਭਾਂਪ ਗਏ ਸਨ।... ਅੱਗੇ ਉਹ ਪੀਰੀਅਡ ਖ਼ਤਮ ਹੋਣ 'ਤੇ ਵੀ ਉਦੋਂ ਤੱਕ ਪੜ੍ਹਾਈ ਜਾਂਦੇ ਸਨ, ਜਦ ਤਕ ਅਗਲੇ ਪੀਰੀਅਡ ਵਾਲੇ ਅਧਿਆਪਕ ਨਾ ਆ ਜਾਂਦੇ। ਪਰ ਅੱਜ ਉਹ ਪੀਰੀਅਡ ਖ਼ਤਮ ਹੁੰਦਿਆਂ ਹੀ ਜਾਣ ਨੂੰ ਕਾਹਲੇ ਜਾਪਦੇ ਸਨ। ਉਹਨਾਂ ਘੜੀ ਵੇਖੀ ਤੇ ਲਿਖਵਾਉਣ ਲੱਗੇ- "ਲਿਖੋ ਓ...ਓ...

ਕੁੜੀਆਂ ਨੇ ਕਾਪੀਆਂ ਵਗਾਹ ਕੇ ਮਾਰੀਆਂ, "ਸਰ ਅਸੀਂ ਨਹੀਂ ਨੋਟ ਕਰਦੀਆਂ... ਪਰਾਂ ਸੁੱਟੋ ਅਜਿਹੀ ਕਾਨੂੰਨ ਦੀ ਕਿਤਾਬ ਨੂੰ।"

ਪਰ ਪਿਛੇ ਬੈਠੀ ਕੁੜੀ ਸੀਮਾਂ, ਉਠਕੇ ਖੜ੍ਹੀ ਹੋ ਗਈ।



"ਸਰ ... ਮੈਂ ਨੀ ਕਾਪੀ ਵਗਾਹ ਕੇ ਮਾਰਨੀ ... ਮੈਂ ਦੱਸਦੀ ਆ ਸਾਡੇ ਘਰ ਵਿਚ ਇਸਤਰੀ ਦਾ ਜਿੰਨੇ ਦਿਨ ਮੈਂਸਿਜ਼ ਪੀਰੀਅਡ ਰਹਿੰਦਾ ਹੈ... ਉਹ ਘਰਦਿਆਂ ਕੋਲੋਂ ਅਛੂਤ ਬਣੀ ਰਹਿੰਦੀ ਐ... ਉਹ ਮੰਜੇ 'ਤੇ ਪੈ ਨਹੀਂ ਸਕਦੀ। ਫਰਸ਼ 'ਤੇ ਦਰੀ ਵਿਛਾ ਕੇ ਪੈਂਦੀ ਏ। ਘਰ ਦਾ ਕੋਈ ਜੀਅ ਉਹਨੂੰ ਛੂੰਹਦਾ ਤੱਕ ਨਹੀਂ। ਉਨੇ ਦਿਨਾਂ ਤਕ ਉਹਦੇ ਖਾਣ-ਪੀਣ ਦੇ ਬਰਤਨ ਅਲਗ ਰੱਖੇ ਜਾਂਦੇ ਐ। ਮੈਂਸਿਜ਼ ਬੰਦ ਹੋਣ ਤੋਂ ਬਾਅਦ ਉਹ ਇਸ਼ਨਾਨ ਕਰਕੇ, ਮੰਦਰ ਵਿਚ ਮੱਥਾ ਟੇਕ ਕੇ ਆਉਂਦੀ ਐ। ਤਾਂ ਜਾ ਕੇ ਘਰਦਿਆਂ ਵਿਚ ਸ਼ਾਮਿਲ ਹੁੰਦੀ ਐ।"

ਇੰਦਰਜੀਤ ਨੇ ਗੱਲ ਸਾਂਝੀ,

"ਮੇਰੇ ਵੀ ਹੁਣੇ ਹੁਣੇ ਇਹ ਗੱਲ ਦਿਮਾਗ਼ ਵਿਚ ਆਈ ਐ। ਮਨੂੰ ਸਿਮਰਤੀ ਅਨੁਸਾਰ ਸ਼ੂਦਰਾਂ ਦਾ ਇਕ ਕੰਮ 'ਉੱਚ ਵਰਣ ਦੇ ਲੋਕਾਂ ਦੇ ਗੁਪਤ ਅੰਗਾਂ ਦੀ ਮਾਲਿਸ਼ ਕਰਨਾ ਹੈ। ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਉਚ ਵਰਣ ਦੇ ਲੋਕ ਇਸਤਰੀ ਦੀ ਯੋਨੀ ਨੂੰ ਮੈਂਸਿਜ਼ ਪੀਰੀਅਡ ਦੇ ਖ਼ਾਸ ਦਿਨਾਂ ਲਈ ਅਪਵਿੱਤਰ ਸਮਝਦੇ ਸਨ। ਇਸ ਲਈ ਉਹ ਇਸਤਰੀ ਦੇ ਮੈਂਸਿਜ਼ ਪੀਰੀਅਡ ਵੇਲੇ ਉਹਨੂੰ ਅਛੂਤ ਸਮਝਦੇ ਸਨ। ਇਸ ਲਈ ਇਸਤਰੀ ਦੀ ਯੋਨੀ ਦੇ ਪਲੀਤ ਹੋਣ ਵੇਲੇ ਦਾ ਬੱਚੇ ਜਮਾਉਣ ਦਾ ਕੰਮ ਵੀ ਅਛੂਤ ਔਰਤਾਂ ਹਵਾਲੇ ਸੀ। ਮੈਂ ਲਗਭਗ ਹਰ ਪਿੰਡ ਵਿਚ ਦੇਖਿਆ ਕਿ ਪੁਰਾਣੀਆਂ ਦਾਈਆਂ ਸਾਰੀਆਂ ਹੀ ਚੂਹੜੀਆਂ, ਚਮਾਰੀਆਂ ਹਨ ? । ਸਾਡੇ ਪਿੰਡ ਦੇ ਵਾਲਮੀਕੀਆਂ ਦੀ ਛੋਟੀ ਦਾਈ, ਬੱਚੇ ਪੈਦਾ ਹੋਣ ਦੀ ਦਵਾਈ ਵੀ ਦਿੰਦੀ ਐ, ਤੇ ਬੱਚਾ ਪੈਦਾ ਹੋਣ ਤੋਂ ਪਹਿਲਾਂ ਦੀਆਂ ਬੀਮਾਰੀਆਂ ਦਾ ਇਲਾਜ ਵੀ ਕਰਦੀ ਐ। ਦੂਰੋਂ ਦੂਰੋਂ ਇਲਾਜ ਕਰਵਾਉਣ ਲਈ ਲੋਕ ਆਪਣੀਆਂ ਤੀਵੀਆਂ ਲੈ ਕੇ ਉਹਦੇ ਕੋਲ ਆਉਂਦੇ ਰਹਿੰਦੇ ਐ।"

"ਕਿਉਂ ਹੋਰਾਂ ਦੀਆਂ ਨੀ ਲਿਆ ਸਕਦੇ ? ਤੀਵੀਆਂ 'ਤੇ ਕਿਆ ਬੰਦਿਆਂ ਦਾ ਨਾਂ ਲਿਖਿਆ ਵਈ ਕੀਹਦੀ ਤੀਵੀਂ ਐ।" ਭੋਜੀ ਨੇ ਇੰਦਰ ਸਿੰਘ ਦੀ ਗਲਤੀ ਫੜੀ ਤੇ ਹਾਸਾ ਮਚ ਗਿਆ।

ਗੱਡੀਆਂ ਵਾਲਿਆਂ ਦੇ ਡੇਰੇ ਵਿਚ ਰੌਲਾ ਪਿਆ ਭੋਜੀ ਉਠਕੇ ਦੇਖਣ ਚਲਿਆ ਗਿਆ। ਉਹਨੇ ਆ ਕੇ, ਗੁੱਝਾ ਜਿਹਾ ਹਸਦਿਆਂ ਦੱਸਿਆ, "ਕੁਝ ਨਹੀਂ, ਉਹ ਤਾਂ ਨਵਾਂ ਵਿਆਹ ਹੋਇਆ ਬਾਕੀ ਰੌਲਾ ਪਾਉਣ ਲੱਗ ਗਏ... ਕਹਿੰਦੇ ਇਹ ਸਾਬਰੇ ਈ ਲੱਗ ਗਏ। ... ਮੈਂ ਉਹਨਾਂ ਨੂੰ ਸਮਝਾਇਆ ... ਚੁੱਪ ਕਰੋ, ਘੜੀ ਕੁ ਨੂੰ ਤੁਸੀਂ ਸਾਰਿਆ ਨੇ ਈ ਲੱਗ ਜਾਣੈ।" ਸਾਰੇ ਖੁਲ੍ਹ ਕੇ ਹੱਸੇ, ਬੈਠੇ ਜੁ ਹੱਸਣ-ਹਸਣ ਲਈ ਓ ਸਨ। ਪਰ ਮੈਨੂੰ ਪਤਾ ਨਹੀਂ ਕਿਉਂ ਹਾਸਾ ਨਹੀਂ ਸੀ ਆ ਰਿਹਾ।

ਮੈਨੂੰ ਇੰਦਰਜੀਤ ਦੀ ਸੁਝਾਈ ਇਸ ਗੱਲ ਨਾਲ ਵੀ ਧਰਵਾਸ ਨਹੀਂ ਆ ਰਿਹਾ, "ਜਿਵੇਂ ਕਰੋੜਾ ਵਿਚੋਂ ਤੁਸੀਂ ਪੜ੍ਹ ਲਿਖ ਕੇ ਜਿਵੇਂ ਬੰਗਾਲਿਆਂ ਦੀ ਹੈਂਡੀਕੈਂਪਡ ਕੁੜੀ ਮੰਗਣਾ ਛੱਡ ਕੇ ਬਾਹਰਵੀਂ ਪਾਸ ਕਰ ਗਈ। ਜਿਵੇਂ ਗੱਡੀਆਂ ਵਾਲੇ ਕੰਮ ਧੰਦਾ ਕਰਨ ਲੱਗ ਪਏ... ਬਾਕੀ ਵੀ।" ਪਰ ਈਸ਼ਰ ਸਿੰਘ ਦੀ ਗੱਲ ਮੇਰੇ ਮਨ ਨਹੀਂ ਲੱਗ ਰਹੀ।

ਘਰ ਆ ਕੇ ਪਗੜੀ ਉਤਾਰਦਿਆਂ ਹੁਣ ਤੱਕ ਬਚਾ ਕੇ ਰੱਖੀ ਐਨਕ ਡਿੱਗ ਪਈ... ਲੈ ਵਈ ਟੁੱਟੀ... ਹੁਣ ਨੀ ਬਚਦੀ।

ਮੇਰੀ ਅੱਖ ਲੱਗੀ ਹੈ... ਜਾਂ ਨਹੀਂ। ਧਰਤੀ ਦੇ ਅੰਦਰੋਂ ਵਿਸਫੋਟ ਹੋਇਆ... ਜਾਂ ਬਾਹਰੋਂ ਕਿਸੇ ਧਰਤੀ ਦੇ ਟਕਰਾਉਣ ਨਾਲ ਤਬਾਹੀ ਮਚੀ ਹੈ। ਚੋਹੀਂ ਪਾਸੀਂ ਲੱਗੀ ਅੱਗ ਵਿਚ ਜਲ ਰਹੀ ਵਨਸਪਤੀ ਤੇ ਜੀਵ ਜੰਤੂਆਂ ਦੇ ਨਾਲ ਨਾਲ ਸ਼ੂਦਰ, ਸ਼ਿਲਪੀ, ਅਛੂਤ, ਟਪਰੀਵਾਸੀ, ਖਾਨਾਬਦੋਸ਼, ਵਣ ਵਾਸੀ, ਮਾਨਵੀ ਚੇਤਨਾ ਤੋਂ ਸੱਖਣੇ ਹੀ ਵਿਸਫੋਟ, ਤਬਾਹੀ, ਅਗਨੀ ਦੀ ਭੇਟ ਚੜ੍ਹ ਰਹੇ ਹਨ।

ਭਿਆਨਕ ਤੇ ਡਰਾਉਣਾ ਸੁਪਨਾ ਵੇਖਣ ਤੋਂ ਬਾਅਦ ਮੈਨੂੰ ਨੀਂਦ ਨਹੀਂ ਆ ਰਹੀ।... ਇਤਿਹਾਸ ਦੇ ਇਹ ਪਾਤਰ ਮੇਰੇ ਮਨ ਤੇ ਸਰੀਰ ਨੂੰ ਲਗਾਤਾਰ ਕਟੋਚ ਰਹੇ ਹਨ...।

1. ਵੈਦਿਕ ਕਾਲ ਲਗਭਗ ;1700 ਤੋਂ 1200 ਈ. ਪੂ.
2. ਉੱਤਰ ਵੈਦਿਕ ਕਾਲ ; 1200 ਤੋਂ 700 ਈ. ਪੂ.
3. ਲੋਕਾਇਤ, ਬੁੱਧ ਕਾਲ ; 700 ਤੋਂ 200 ਈ. ਪੂ.
4. ਮਨੂ ਸਿਮਰਤੀ ਕਾਲ; 200 ਈ. ਪੂ. ਤੋਂ ........

——0——



# ਵੇਦਨਾ/ਬਲਦੇਵ ਸਿੰਘ ਢੀਂਡਸਾ

ਪਿੰਡ ਦੇ ਬਾਹਰਵਾਰ ਬਣੀ ਨਵੀਂ ਬਸਤੀ ਦੀ ਅਖ਼ੀਰਲੀ ਗਲੀ ਵਿੱਚ ਅਖ਼ੀਰਲਾ ਘਰ ਸੀ ਉਸਦਾ। ਗਾਰੇ ਨਾਲ ਚਿਣੀ ਚਾਰ ਦੀਵਾਰੀ ਵਿੱਚ ਅੱਧੋਰਾਣਾ ਜਿਹਾ ਦਰਵਾਜ਼ਾ ਲੱਗਾ ਹੋਇਆ ਸੀ। ਮੈਂ ਬਾਪੂ ਦਾ ਘਰ ਪੁੱਛਦਾ ਪੁੱਛਦਾ ਉਸ ਅੱਗੇ ਪਹੁੰਚ ਗਿਆ।

ਦਰਅਸਲ ਵਾਢੀਆਂ ਦੇ ਦਿਨ ਹੋਣ ਕਾਰਨ ਮੈਨੂੰ ਬਸਤੀ ਵਿੱਚ ਜਵਾਨ ਜਾਂ ਅੱਧਖੜ ਉਮਰ ਦੇ ਨਰ ਨਾਰੀ ਬਿਲਕੁਲ ਨਹੀਂ ਸਨ ਮਿਲੇ। ਮਿਲੇ ਸਨ ਜਾਂ ਤਾਂ ਡੰਗੋਰੀ ਨਾਲ ਤੁਰਨ ਵਾਲੇ ਬੁੱਢੇ ਬੁੱਢੀਆਂ ਜਾਂ ਫਿਰ ਢਿਲਕ ਦੀਆਂ ਕੱਛੀਆਂ ਨੂੰ ਹੱਥ ਨਾਲ ਵਾਰ ਵਾਰ ਉੱਪਰ ਖਿੱਚਦੇ ਨੰਗ ਧੜੰਗੇ, ਨੱਚਦੇ ਟੱਪਦੇ, ਛੋਟੇ ਛੋਟੇ ਬਾਲ। ਖੈਰ ਇੱਕ ਅਜਿਹਾ ਹੀ ਬਾਲ ਮੈਨੂੰ ਬਾਪੂ ਦੇ ਘਰ ਤੱਕ ਲੈ ਗਿਆ ਸੀ। ਉਸਨੂੰ ਮੈਂ ਸਕੂਟਰ ਅੱਗੇ ਖਲਿਆਰ ਲਿਆ ਸੀ। ਬੜਾ ਚਾਅ ਸੀ ਉਸਨੂੰ ਸਕੂਟਰ 'ਤੇ ਚੜ੍ਹਨ ਦਾ।

ਦਰਵਾਜ਼ੇ ਨੂੰ ਪੋਲਾ ਜਿਹਾ ਧੱਕਿਆ ਤਾਂ ਉਹ ਖੁੱਲ੍ਹ ਗਿਆ। ਅਸਲ ਵਿੱਚ ਤਖ਼ਤਿਆਂ ਦੀ ਵਿਰਲ ਥਾਣੀ ਮੈਂ ਪਹਿਲਾਂ ਹੀ ਝਾਕ ਲਿਆ ਸੀ ਤੇ ਕੰਧ ਦੇ ਪਰਛਾਵੇਂ- ਮੰਜੀ ਤੇ ਬੈਠਾ ਇੱਕ ਬਜ਼ੁਰਗ ਮੇਰੀ ਨਜ਼ਰੀਂ ਪੈ ਗਿਆ ਸੀ। ਵੜਦਿਆਂ ਹੀ ਵਿਹੜੇ ਦੇ ਸੱਜੇ ਹੱਥ ਨਲਕਾ ਸੀ। ਜਿਸ ਦੁਆਲੇ ਬਿਨ੍ਹਾਂ ਸੀਮੇਂਟ ਤੋਂ ਇੱਟਾਂ ਦਾ ਖੁਰਾ ਬਣਿਆ ਹੋਇਆ ਸੀ। ਇਸੇ ਪਾਸੇ ਨਲਕੇ ਤੋਂ ਚਾਰ ਕੁ ਗਜ਼ ਪਰ੍ਹੇ ਕੰਧ ਨਾਲ ਗੱਡੇ ਕਿੱਲੇ 'ਤੇ ਇੱਕ ਔਸਰ ਝੋਟੀ ਬੰਨ੍ਹੀ ਹੋਈ ਸੀ। ਦਰਵਾਜ਼ੇ ਦੇ ਖੱਬੇ ਹੱਥ ਇੱਕ ਛੱਤੜਾ ਸੀ। ਬਿਲਕੁਲ ਕੱਚਾ। ਸਫੈਦੇ ਦੇ ਤੋੜੇ, ਕੜੀਆਂ ਤੇ ਕਾਨ੍ਹੇ ਪਾ ਕੇ ਇਸ ਤੇ ਤਿੰਨ ਖਣ ਬਣਾਏ ਹੋਏ ਸਨ। ਮੈਂ ਸਮਝ ਗਿਆ ਸੀ ਕਿ ਇਹ ਧੁੱਪ ਤੇ ਪਾਲੇ ਤੋਂ ਬਚਾਉਣ ਲਈ ਇਸ ਝੋਟੀ ਲਈ ਹੀ ਹੈ। ਇਸ ਛੱਤੜੇ ਨਾਲ ਅੱਗੇ ਦੋ ਕੁ ਖਣ ਦੀ ਰਸੋਈ ਬਣੀ ਹੋਈ ਸੀ। ਇਹ ਵੀ ਕੱਚੀ ਤੇ ਛੱਤੜੇ ਵਾਂਗੂ ਬਿਨਾਂ ਦਰ ਦਰਵਾਜ਼ੇ ਹੀ ਸੀ। ਸਾਹਮਣੀ ਕੰਧ ਨਾਲ ਬਣੇ ਚੁੱਲ੍ਹਾ-ਚੌਂਕੀ ਤੇ ਇਸ ਵਿੱਚ ਬਾਲਣ ਤੇ ਕੁਝ ਖਿਲਰੇ ਭਾਂਡੇ ਹੀ ਇਸ ਨੂੰ ਰਸੋਈ ਦਾ ਦਰਜਾ ਦੇ ਰਹੇ ਸਨ। ਇਸੇ ਦੀ ਪਰਛਾਵੇਂ ਬੈਠਾ ਸੀ ਬਾਪੂ, ਜਿਸ ਨੂੰ ਮਿਲਣ ਮੈਂ ਗਿਆ ਸੀ। ਬਾਪੂ ਦੇ ਖੱਬੇ ਪਾਸੇ ਟੀਪ ਕੀਤੀ ਕੰਧ ਵਿੱਚ ਲੱਗੇ ਦੋ ਦਰਵਾਜ਼ੇ, ਦੋ ਕਮਰੇ ਹੋਣ ਦੀ ਸ਼ਾਹਦੀ ਭਰਦੇ ਸਨ।

ਕੱਚੇ ਵਿਹੜੇ ਵਿੱਚੀਂ ਤੁਰਦਾ-ਤੁਰਦਾ ਮੈਂ ਬਜ਼ੁਰਗ ਕੋਲ ਪਹੁੰਚ ਗਿਆ।

"ਪੈਰੀ ਪੈਨਾਂ ਬਾਪੂ" ਆਖ ਉਸ ਅੱਗੇ ਸਿਰ ਝੁਕਾ ਦਿੱਤਾ।

"ਜੀਉਂਦਾ ਰਹੁ ਪੁੱਤ......ਪਰ ਮੈਂ ਤੈਨੂੰ ਸਿਆਣਿਆ ਨੀ।" ਉਹ ਧੀਮੀ ਪਰ ਸਾਫ਼ ਆਵਾਜ਼ 'ਚ ਬੋਲਿਆ। ਨਾਲੇ ਉਸ ਮੰਜੀ ਦੇ ਸਿਰਹਾਣੇ ਹੱਥ ਮਾਰ ਕੇ ਤੇ ਉੱਥੋਂ ਆਪਣੇ ਮੈਲੇ ਜਿਹੇ ਕੱਪੜੇ ਪਰ੍ਹੇ ਕਰਕੇ ਮੈਨੂੰ ਬੈਠਣ ਲਈ ਆਖ ਦਿੱਤਾ।

"ਤੂੰ ਜੁਆਨਾ ਕਿੱਥੋਂ ਆਇਆਂ? ਮੈਂ ਤੇਰੀ ਕੀ ਖਿਦਮਤ ਕਰਾਂ?" ਉਹ ਮੈਨੂੰ ਬੈਠਦੇ ਬੈਠਦੇ ਨੂੰ ਹੀ ਪੁੱਛ ਗਿਆ।

"ਬਾਪੂ ਜੀ ਮੈਂ ਅਖ਼ਬਾਰ ਵਾਲਾ ਹਾਂ। ਸੱਚ ਦੱਸਾਂ ਕਹਿ ਕਿ ਮੈਂ ਇੱਕ ਪੰਜਾਬੀ ਅਖ਼ਬਾਰ ਲਈ ਕੰਮ ਕਰਦਾ ਹਾਂ। ਮੈਂ ਇੱਕ ਫੀਚਰ ਲਿਖ ਰਿਹਾ ਹਾਂ ਜਿਸ ਵਿੱਚ ਮੈਂ ਉਨ੍ਹਾਂ ਬਜ਼ੁਰਗ ਮਰਦ-

ਔਰਤਾਂ ਦੇ ਇੰਟਰਵਿਊ ਛਾਪਣੇ ਹਨ ਜਿਨ੍ਹਾਂ ਦੀ ਉਮਰ ਸੌ ਸਾਲ ਤੋਂ ਉੱਤੇ ਹੋ ਗਈ ਹੋਵੇ। ਮੈਨੂੰ ਪਤਾ ਲੱਗਾ ਤੁਸੀਂ ਤਾਂ ਏਸ ਵੇਲੇ ਤੀਸਰੀ ਸਦੀ 'ਚ ਸਾਹ ਲੈ ਰਹੇ ਹੋ।"

"ਔਛਾ।" ਆਖ ਬੁੱਢਾ ਸਹਿਜ ਭਾਅ ਹੀ ਮੰਜੇ ਤੋਂ ਉੱਠ ਖੜੋਤਾ ਤੇ ਸਾਹਮਣੇ ਵਾਲੇ ਬੰਦ ਦਰਵਾਜ਼ਿਆਂ ਵਿੱਚੋਂ ਇਕ ਖੋਲ੍ਹ ਦਿੱਤਾ ਤੇ ਮੈਨੂੰ ਅੰਦਰ ਲੰਘ ਆਉਣ ਲਈ ਕਿਹਾ। ਇਹ ਦੋ ਕੁ ਖਣ ਦਾ ਇਕ ਕਮਰਾ ਸੀ। ਇਸ ਦੀਆਂ ਕੰਧਾਂ 'ਤੇ ਕਾਹੀ ਪਲੱਸਤਰ ਕੀਤਾ ਹੋਇਆ ਸੀ ਤੇ ਉਪਰ ਹਰਾ ਰੰਗ। ਪਤਲੀ ਗਾਡਰੀ 'ਤੇ ਵਿੰਗੇ ਟੇਢੇ ਬਾਲਿਆਂ ਨਾਲ ਇਸ ਦੀ ਛੱਤ ਬਣੀ ਹੋਈ ਸੀ। ਇਕ ਮੰਜਾ, ਦੋ ਕੁਰਸੀਆਂ ਤੇ ਇਕ ਨਿੱਕਾ ਜਿਹਾ ਮੇਜ਼ ਇਸ ਵਿੱਚ ਫਰਨੀਚਰ ਸੀ। ਇਕ ਸ਼ੈਲਫ 'ਤੇ ਕੁਝ ਫੋਟੋ ਤੇ ਇਕ ਟੇਪ ਰਿਕਾਰਡਰ ਪਿਆ ਸੀ। ਕੰਧਾਂ ਤੇ ਬਾਲਕ ਨਾਥ, ਰਵਿਦਾਸ, ਨਾਨਕ ਤੇ ਕੁਝ ਫਿਲਮੀ ਐਕਟਰਾਂ ਦੇ ਕਲੰਡਰ ਲੱਗੇ ਹੋਏ ਸਨ। ਮੇਰੇ ਬੈਠਣ ਲਈ ਇਕ ਕੁਰਸੀ ਨੂੰ ਝਾੜਦਾ ਹੋਇਆ ਉਹ ਬੋਲਿਆ:

"ਲੈ ਜੁਆਨਾ ਰਤਾ ਰਮਾਨ ਕਰ। ਮੈਂ ਉਸ ਬੇਜ਼ੁਬਾਨ ਨੂੰ ਛਾਵੇਂ ਕਰ ਦੇਵਾਂ।"

ਮੈਂ ਹੈਰਾਨ ਸਾਂ ਕਿ ਇਹ ਏਨੀ ਉਮਰ ਵਿੱਚ ਵੀ ਏਨਾ ਸੌਖਾ ਚੱਲ ਫਿਰ ਤੇ ਦੇਖ ਸੁਣ ਸਕਦਾ ਹੈ। ਜਿਨ੍ਹਾਂ ਬੁੱਢੇ ਬੁੱਢੀਆਂ ਨੂੰ ਮੈਂ ਪਹਿਲਾਂ ਮਿਲ ਚੁੱਕਾ ਹਾਂ ਉਨ੍ਹਾਂ ਵਿੱਚੋਂ ਤਾਂ ਕਈ ਸਾਫ਼ ਬੋਲ ਵੀ ਨਹੀਂ ਸੀ ਸਕਦੇ ਤੇ ਚੱਲਣਾ ਫਿਰਨਾ ਤਾਂ ਇਕ ਪਾਸੇ ਰਿਹਾ, ਉਨ੍ਹਾਂ ਬਾਰੇ ਲਿਖਣ ਲਈ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀ ਸਹਾਇਤਾ ਲੈਣੀ ਪੈਂਦੀ ਰਹੀ।

ਮੈਂ ਕਮਰੇ ਤੋਂ ਬਾਹਰ ਆ ਕੇ ਉਸ ਨੂੰ ਕੰਮ ਕਰਦੇ ਨੂੰ ਦੇਖਣ ਲੱਗਾ। ਉਸ ਆਪਣੇ ਗਲ ਦੀ ਕਮੀਜ਼ ਉਤਾਰ ਕੇ ਬਾਹਰ ਪਏ ਮੰਜੇ 'ਤੇ ਰੱਖ ਦਿੱਤੀ ਤੇ ਇਕ ਕੰਧ ਨਾਲੋਂ ਕੜ੍ਹਾਈਆ ਚੁੱਕ ਨਲਕੇ ਅੱਗੇ ਧਰ ਲਿਆ। ਦੋਹਾਂ ਹੱਥਾਂ ਨਾਲ ਨਲਕਾ ਗੇੜਨ ਲੱਗ ਪਿਆ। ਕੜ੍ਹਾਈਆ ਇਕ ਪਾਸੇ ਨੂੰ ਟੇਢਾ ਹੋ ਗਿਆ। ਉਸ ਰੋੜੇ ਦੀ ਸਹਾਇਤਾ ਨਾਲ ਉਸ ਦਾ ਬੈਲੇਂਸ ਕੀਤਾ ਤੇ ਭਰ ਲਿਆ। ਝੋਟੀ ਕੋਲ ਗਿਆ, ਹੱਥ ਫੇਰਿਆ, ਥਾਪੀ ਦਿੱਤੀ ਤੇ ਖੋਲ੍ਹ ਕੇ ਨਲਕੇ ਕੋਲ ਲੈ ਆਇਆ। ਉਹ ਨਲਕਾ ਗੇੜਦਾ ਰਿਹਾ, ਝੋਟੀ ਪਾਣੀ ਪੀਂਦੀ ਰਹੀ ਤੇ ਮੈਂ ਸੋਚਦਾ ਰਿਹਾ।

-ਕਿੰਨਾ ਸਖ਼ਤ ਜਾਨ ਏ ਬੁੱਢਾ। ਕਿੰਨਾ ਜ਼ੋਰ ਹੋਵੇਗਾ ਇਸ ਵਿਚ ਜੁਆਨੀ ਵੇਲੇ। ਪਰ ਹੁਣ ਤਾਂ ਹੱਡੀਆਂ ਤੇ ਮਾਸ ਇਕ ਦੂਜੇ ਨਾਲ ਰੁੱਸ ਗਏ ਲੱਗਦੇ ਨੇ, ਸੁੱਕਾ ਕਰੰਗ ਜਿਹਾ। ਪਰ ਉਸ ਦੇ ਹਠ ਮੂਹਰੇ ਤੇ ਰੱਬ ਦੇ ਰੰਗਾਂ ਮੂਹਰੇ ਮੇਰਾ ਸਿਰ ਝੁਕ ਝੁਕ ਜਾ ਰਿਹਾ ਸੀ।

ਉਸ ਇਕ ਡੋਬਾ ਲੈ ਝੋਟੀ ਉੱਪਰ ਪੰਜ ਸੱਤ ਡੋਬੇ ਪਾਣੀ ਪਾਇਆ। ਫਿਰ ਉਹ ਹੱਥ ਫੇਰਦਾ ਫੇਰਦਾ ਝੋਟੀ ਦੇ ਲੇਵੇ ਵਾਲੀ ਜਗ੍ਹਾ ਨੂੰ ਟਟੋਲਣ ਲੱਗਾ। ਮੇਰੇ ਖਿਆਲ ਵਿਚ ਉਹ ਉਸ ਦੇ ਗੱਭਣ ਹੋਣ ਜਾਂ ਨਾ ਹੋਣ ਬਾਰੇ ਟੋਹ ਲਾ ਰਿਹਾ ਸੀ।

ਝੋਟੀ ਨੂੰ ਛਾਂਵੇਂ ਬੰਨ੍ਹ ਤੇ ਉਸ ਮੂਹਰੇ ਥੋੜ੍ਹਾ ਜੇਹਾ ਸੁੱਕਾ ਜਿਹਾ ਘਾਹ ਸੁੱਟ ਉਹ ਮੁੜ ਨਲਕੇ 'ਤੇ ਆ ਗਿਆ। ਮੋਟੇ ਮੋਟੇ ਹੱਥ ਪੈਰ ਧੋ ਉਸ ਦੁਬਾਰਾ ਆਪਣਾ ਕੁੜਤਾ ਪਾ ਲਿਆ। ਦੂਜੇ ਕਮਰੇ ਦਾ ਅਰਲ ਖੋਲ੍ਹਿਆ ਤੇ ਇਕ ਵੱਡਾ ਸਾਰਾ ਗਿਲਾਸ ਲੈ ਵਾਪਿਸ ਨਲਕੇ 'ਤੇ ਆ ਗਿਆ। ਧੋ ਸੁਆਰ ਕੇ ਉਸ ਪਾਣੀ ਦਾ ਭਰ ਲਿਆ।



ਮੈਂ ਵਾਪਿਸ ਅੰਦਰ ਆ ਬੈਠਾ।

"ਲੈ ਪੁੱਤ ਪਾਣੀ ਪੀ। ਪਹਿਲਾਂ ਮੈਂ ਤਾਂ ਨੀ ਸੀ ਲਿਆਇਆ ਪਈ ਝੋਟੀ ਨੂੰ ਪਾਣੀ ਪਲੌਣ ਲੱਗਿਆਂ ਜ਼ਰਾ ਠੰਢਾ ਨਿਕਲ ਆਊ। ਜ਼ਰਾ ਦੇਰ ਜ਼ਰੂਰ ਹੋਗੀ।" ਬਾਪੂ ਦੀ ਜ਼ੁਬਾਨ ਵਿੱਚ ਇਕ ਖ਼ਾਸ ਰਸ ਸੀ। ਉਸਨੂੰ ਗੱਲ ਕਰਨ ਦਾ ਸਲੀਕਾ ਸੀ। ਇਹ ਮੇਰੇ ਲਈ ਹੈਰਾਨੀ ਵਾਲੀ ਗੱਲ ਸੀ। ਉਸ ਬਾਹਰੋਂ ਇਕ ਕਿੱਲੀ ਤੋਂ ਮੈਲੀ ਜਿਹੀ ਚਿੱਟੀ ਪੱਗ ਲਾਹ ਕੇ ਸਿਰ ਤੇ ਲਪੇਟ ਲਈ ਤੇ ਮੇਰੇ ਕੋਲ ਆ ਕੇ ਮੰਜੇ ਤੇ ਬੈਠ ਗਿਆ।

"ਲੈ ਪੁੱਛ ਲੈ ਜੋ ਪੁੱਛਣਾ ਜਵੀਂ ਨਾ।"

"ਬਾਪੂ ਜੀ ਤੁਹਾਡੀ ਉਮਰ ਕਿੰਨੀ ਹੈ ?"

"ਹਿਸਾਬ ਤੂੰ ਲਾ ਲੈ... ਮੈਂ ਰੌਲਿਆਂ ਵੇਲੇ ਪੰਜਾਹ ਕੁ ਦਾ ਸੀ।"

"ਤੁਹਾਡਾ ਆਰ ਪਰਿਵਾਰ ਕੀ ਹੈ ?"

"ਇਸ ਵੇਲੇ 'ਕੱਲੇ ਤੇ ਪੜਪੋਤੇ ਤਾਰੇ, ਉਸ ਦੇ ਘਰਵਾਲੀ ਛਿੰਨੋ ਤੇ ਉਨ੍ਹਾਂ ਦੇ ਦੋ ਬੱਚਿਆਂ ਨਾਲ ਇਸ ਕੁੱਲੀ ਵਿੱਚ ਰਹਿ ਰਿਹਾ ਹਾਂ। ਬਾਕੀ ਕੁੜੀਆਂ ਕੱਤਰੀਆਂ ਦੇ ਪਰਿਵਾਰ ਆਪਣੇ ਘਰੀਂ ਵਸਦੇ ਨੇ।"

"ਕੁੱਲੀ ? ਬਾਪੂ ਜੀ ਤੁਸੀਂ ਸ਼ਾਇਦ ਦੇਖੇ ਹੀ ਹੋਣਗੇ ਕਿ ਸ਼ਹਿਰਾਂ ਕਸਬਿਆਂ ਲਾਗੇ ਲੋਕ ਸੜਕਾਂ ਦੇ ਆਸੇ ਪਾਸੇ ਝੁੱਗੀਆਂ ਬਣਾ ਕੇ ਰਹਿੰਦੇ ਨੇ। ਉਨ੍ਹਾਂ ਨੂੰ ਕੁੱਲੀਆਂ ਕਹਿੰਦੇ ਨੇ। ਤੁਸੀਂ ਤਾਂ ਚੰਗੇ ਭਲੇ ਘਰ 'ਚ ਰਹਿੰਦੇ ਹੋ ਜੋ ਅੱਧੋ ਵੱਧ ਇੱਟਾਂ ਦਾ ਬਣਿਆ ਹੋਇਆ ਹੈ। ਵੱਡਿਆਂ ਸ਼ਹਿਰਾਂ ਵਿੱਚ ਤਾਂ ਲੋਕਾਂ ਕੋਲ ਝੁੱਗੀਆਂ ਵੀ ਨੀ ਹੁੰਦੀਆਂ ਫੁੱਟਪਾਥਾਂ 'ਤੇ ਹੀ ਪੈ ਜਾਂਦੇ ਹਨ।"

"ਪੁੱਤਰਾ! ਇਹੀ ਗੱਲ ਤਾਂ ਸਮਝ ਨੀ ਔਂਦੀ। ਦਸ ਕੁ ਸਾਲ ਪੈਲ੍ਹਾਂ ਤਾਰਾ ਵੱਡੇ ਸ਼ਹਿਰ ਲੈ ਗਿਆ ਸੀ ਕਿਸੇ ਰਿਸ਼ਤੇਦਾਰੀ 'ਚ ਵਿਆਹ 'ਤੇ, ਉੱਥੇ ਔਡੀਆਂ ਵੱਡੀਆਂ-ਵੱਡੀਆਂ ਕੋਠੀਆਂ ਦੇਖੀਆਂ ਬਈ ਸੁਰਤ ਗੁੰਮ-ਗੁੰਮ ਜਾਵੇ। ਅਸਮਾਨ ਨੂੰ ਛੂੰਹਦੀਆਂ। ਉੱਪਰ ਦੇਖਣ ਲਈ ਪੱਗ ਨੂੰ ਹੱਥ ਨਾਲ ਫੜਨਾ ਪਵੇ। ਮਨ ਵਿੱਚ ਖਿਆਲ ਉੱਠੇ ਬਈ ਰੌਲਿਆਂ ਤੋਂ ਬਾਅਦ ਦੇ ਸਾਲਾਂ 'ਚ ਇਹ ਲੋਕ ਕੀ ਕੰਮ ਕਰਦੇ ਰਹੇ ? ਕਿੰਨੀ ਕੁ ਸਖ਼ਤ ਮਿਹਨਤ ਕੀਤੀ ਹੋਊ ਏਹਨਾਂ ? ਮੈਂ ਤਾਂ ਸੱਤ-ਅੱਠ ਸਾਲ ਦੇ ਨੇ ਡੰਗਰ ਚਾਰਨੇ ਸ਼ੁਰੂ ਕਰ ਦਿੱਤੇ ਸਨ। ਹੋਰ ਦੋ-ਤਿੰਨ ਸਾਲਾਂ ਤਾਈਂ ਰੰਬਾ ਕਹੀ ਚੁੱਕ ਲਏ ਸਨ। ਮੈਂ ਬਾਪੂ ਨਾਲ ਕੰਮ ਕਰਦਾ ਰਿਹਾ। ਮੇਰਾ ਮੁੰਡਾ ਉੱਠ ਕੇ ਮੇਰੇ ਨਾਲ ਜੁੱਟ ਗਿਆ। ਹੁਣ ਤਾਰੇ ਹੁਰਾਂ ਵੱਲ ਹੀ ਦੇਖ, ਨਿੱਕੇ-ਨਿੱਕੇ ਜੁਆਕ ਲੈ ਕੇ ਸਵਖ਼ਤੇ ਦੇ ਕਣਕ ਵੱਢਣ ਗਏ ਨੇ। ਸ਼ਾਮੀ ਜਦੋਂ ਨਿੱਕੇ ਬੱਚੇ ਦੋ-ਦੋ ਸੇਰ ਕਣਕ ਦੀਆਂ ਥੈਲੀਆਂ ਸਿਰੀਂ ਚੁੱਕੀ ਔਂਦੇ ਨੇ ਤਾਂ ਕਾਲਜਾ ਮੂੰਹ ਨੂੰ ਔਂਦਾ। ਖੇਡਣ ਮਲ੍ਹਣ ਦੀ ਉਮਰ ਆ। ਅਸੀਂ ਵੀ ਏਸ ਉਮਰੇ ਡੰਗਰਾਂ ਮਗਰ ਸੋਟੀ ਫੜ ਲਈ ਸੀ। ਉੱਤੋਂ ਵੇਲ ਵੀ ਕੋਈ ਨੀ ਕੀਤਾ ਅੱਜ ਤੱਕੀ। ਟੱਬਰ ਵੀ ਰੱਬੋਂ ਛੋਟਾ ਰਿਹਾ ਪਰ ਮੈਂ ਸੌ ਸਾਲਾਂ ਵਿੱਚ ਇਸ ਅੱਧ ਕੱਚੀ ਪੱਕੀ ਕੋਠੜੀ ਤਾਈਂ ਪਹੁੰਚਿਆਂ ਹਾਂ ਤੇ ਇਹ ਲੋਕ ਕਾਹਾਂ ਕੋਠੀਆਂ ਤੇ ਲੌ-ਲਸ਼ਕਰ ਕਿੱਦਾਂ ਬਣਾਗੇ ? ਪੁੱਤ ਇਹ ਗੱਲ ਮਨ 'ਚ ਹੁਣ ਵੀ ਉੱਠਦੀ ਰਹਿੰਦੀ ਆ ਪਰ ਲੜ-ਸਿਰਾ ਨੀ ਥਿਆਉਂਦਾ। ਕੀ ਤੂੰ ਕੁਝ ਦੱਸੇਂਗਾ ?"

"ਬਾਪੂ ਕੋਠੀਆਂ ਤਾਂ ਤੇਰੇ ਪਿੰਡ ਵੀ ਹੁਣ ਬਣੀਆਂ ਹੋਈਆਂ ਨੇ। ਆਹ ਤੁਹਾਡੀ ਕਲੋਨੀ ਦੇ ਦੂਜੇ ਸਿਰੇ ਵੀ ਇਕ ਕੋਠੀ ਬਣ ਰਹੀ ਹੈ। ਕੀ ਇਹਨਾਂ ਬਾਰੇ ਕਦੇ ਸੋਚਿਆ ਕਿ ਕਿੰਦਾਂ ਬਣੀਆਂ ?"

"ਪਹਿਲੀ ਗੱਲ ਤਾਂ ਜੁਆਨਾਂ ਇਹ ਕੋਠੀਆਂ ਬਹਿਰਾਂ ਵਾਲੀਆਂ ਕੋਠੀਆਂ ਦੇ ਪੈਰਾਂ ਅਰਗੀਆਂ ਵੀ ਨੀਂ। ਦੂਜੀ ਮੈਂ ਇਕ ਦਿਨ ਪਿਆ ਸੋਚਦੀ ਹੀ ਹਿਸਾਬ ਲੌਂਦਾ ਸੀ ਬਈ ਇਹ ਚਾਰ ਖਣ ਜੇ ਕਿਸੇ ਨੇ ਚੱਜ ਦੇ ਬਣਾ ਲਏ ਤਾਂ ਏਥੇ ਦੀ ਮੇਨ੍ਹਤ ਮਜੂਰੀ ਨਾਲ ਨੀ ਬਣੇ। ਇਨ੍ਹਾਂ ਸਾਰੇ ਘਰਾਂ ਦੇ ਇੱਕ-ਇੱਕ ਦੋ-ਦੋ ਮੇਂਬਰ ਵਲੈਤੀਂ ਗਏ ਹੋਏ ਆ। ਆਹ ਜਿਹੜੀ ਸਾਡੀ ਕਲੋਨੀ 'ਚ ਬਣਦੀ ਏ...ਇਨ੍ਹਾਂ ਦੇ ਦੋ ਮੁੰਡੇ ਵੀ ਪਿਛਲੇ ਕਈ ਸਾਲਾਂ ਤੋਂ ਡਬਈ-ਡਬੂਈ ਗਏ ਹੋਏ ਆ। ਇਹ ਬਾਹਰਲੇ ਮੁਲਖਾਂ 'ਚ ਕੀਤੀ ਮਜੂਰੀ ਤੇ ਵੱਡੇ ਸੰਨ ਦੀਆਂ ਕਰਾਮਾਤਾਂ ਪੁੱਤਰ। ਪਰ ਸ਼ੈਹਰੀ ਕੋਠੀਆਂ ਦੀ ਸ਼ਾਨੋ-ਸ਼ੌਕਤ ਤਾਂ ਨਿਆਰੀ ਹੀ ਹੈ। ਲਗਦੈ ਉਨ੍ਹਾਂ ਕੋਠੀਆਂ 'ਚ ਪਿਆ ਸਬਾਬ ਏਨ੍ਹਾਂ ਦੀ ਕੀਮਤ ਤੋਂ ਵੱਧ ਹੋਊ।"

ਬਾਰੂ ਦੀਆਂ ਗੱਲਾਂ ਤਰਕ ਭਰੀਆ ਸਨ ਪਰ ਮੈਂ ਜਾਣਦਾ ਹੋਇਆ ਵੀ ਇਨ੍ਹਾਂ ਗੱਲਾਂ ਦੇ ਵਿਸਥਾਰ ਵਿੱਚ ਨਹੀਂ ਸੀ ਜਾਣਾ ਚਾਹੁੰਦਾ।

"ਅੱਛਾ ਬਾਪੂ, ਦੱਸ ਜੁਆਨੀ ਵੇਲੇ ਜ਼ੋਰ ਕਿੰਨਾ ਕੁ ਸੀ ?" ਮੈਂ ਗੱਲ ਬਦਲੀ।

"ਲੈ ਗੱਭਰੂਆ ਜ਼ੋਰ ਦਾ ਕੀ ਅੰਤ ਸੀ। ਜਦ ਲੰਬੜਾਂ ਦਾ ਬੇਰੀਆਂ ਵਾਲਾ ਖੂਹ ਲੱਗਾ ਤਾਂ ਮੈਂ ਉਦੋਂ ਵੀਹ ਬਾਈ ਦਾ ਹੋਊਂ। ਪਾੜ ਦੀ ਪਟਾਈ ਵੇਲੇ ਧੁਰ ਥੱਲਿਓਂ ਮਿੱਟੀ ਦਾ ਜੋੜਾ ਟੋਕਰਾ ਲੈ ਕੇ ਮੈਂ ਉਪਰ ਚੜ੍ਹ ਆਉਂਦਾ ਸੀ, ਉਹ ਕਿਸੇ ਜੱਟਾਂ ਦੇ ਮੁੰਡੇ ਤੋਂ ਵੀ ਨੀ ਸੀ ਨਿਕਲਦਾ। ਬਥੇਰਿਆਂ ਜਿੰਦ ਜਿੰਦ ਸ਼ਰਤਾਂ ਲਾਈਆਂ ਪਰ ਬਾਰੂ ਅੱਗੇ ਕਿਸੇ ਦੀ ਪੇਸ਼ ਨੀ ਗਈ। ਉਦੋਂ ਮੈਂ ਸਾਰੇ ਪਿੰਡ 'ਚੋਂ ਜ਼ੋਰ ਆਲਾ ਗਿਣਿਆ ਜਾਂਦਾ ਸੀ।"

"ਬਾਪੂ ਤੁਹਾਡੀ ਖੁਰਾਕ ਕੀ ਹੁੰਦੀ ਸੀ ?"

"ਸੁਆਹ, ਜੱਟਾਂ ਦੇ ਘਰਾਂ ਦੀ ਲੱਸੀ, ਸਿਆਲਾਂ ਨੂੰ ਗੰਨੇ ਤੇ ਸਾਗ। ਹੋਰ ਕੀ ਬਦਾਮ ਚੱਬਣ ਨੂੰ ਮਿਲਦੇ ਸੇ। ਬਸ ਅੰਦਰ ਮਸ਼ੀਨਰੀ ਹੀ ਏਹੋ ਜਿਹੀ ਫਿੱਟ ਕਰ 'ਤੀ ਸੀ ਰੱਬ ਨੇ ਬਈ ਕਣਕੋਂ ਘੇ ਕੱਢਦੀ ਰਹੀ।"

"ਅੱਛਾ ਬਾਪੂ ਕੋਈ ਐਸੀ ਘਟਨਾ ਸੁਣਾ ਜੋ ਅੱਜ ਤੱਕ ਵੀ ਦੁੱਖ ਦਿੰਦੀ ਹੋਵੇ।"

ਉਸ ਦੇ ਅੱਖੀਂ ਦੁੱਖ ਤੇ ਮੂੰਹ 'ਤੇ ਚੁੱਪ ਉਤਰ ਆਈ।

"ਹਾਂ-ਹਾਂ ਬਾਪੂ ਮੇਰਾ ਮਤਲਬ ਜੀਵਨ ਦੀ ਕੋਈ ਕੌੜੀ ਯਾਦ।"

ਉਸ ਦੀ ਝਾਕਣੀ ਹੀ ਬਦਲ ਗਈ। ਚਿਹਰਾ ਉਦਾਸਿਆ ਤੇ ਪ੍ਰੇਸ਼ਾਨਿਆ ਗਿਆ। ਮੈਂ ਪਛਤਾਉਣ ਲੱਗਾ ਇਹ ਸਵਾਲ ਕਰਕੇ ਪਰ ਮੇਥੋਂ ਕੋਸ਼ਿਸ਼ ਫਿਰ ਕੀਤੀ ਗਈ।

"ਦੱਸ ਬਾਪੂ ਦੱਸ। ਸ਼ਕ ਨਾ। ਆਪਾਂ ਇੱਕ ਦੂਜੇ ਦੇ ਦੁੱਖ ਦਰਦਾਂ ਦੇ ਸਾਂਝੀ। ਇੱਕ ਜਾਤ-ਬਿਰਾਦਰੀ।"

ਉਹ ਮਾੜਾ ਜਿਹਾ ਮੁਸਕਰਾਇਆ। ਸ਼ਾਇਦ ਮੇਰੀ ਮਗਰਲੀ ਗੱਲ 'ਤੇ। ਤਿਰਛਾ ਜਿਹਾ ਝਾਕਿਆ ਤੇ ਬੋਲ ਪਿਆ। ਇੱਕ ਡੂੰਘੇ ਸਾਹ ਤੋਂ ਬਾਅਦ।



"ਉਂਜ ਤਾਂ ਪੁੱਤਰਾ ਸਾਰੀ ਉਮਰ ਹੀ ਕੌੜੀ ਯਾਦ ਬਣੀ ਪਈ ਐ... ਅਨੇਕਾਂ ਘਰ ਦੇ ਜੀ... ਰਿਸ਼ਤੇਦਾਰ... ਮਿੱਤਰ ਪਿਆਰੇ... ਹੱਥੀਂ ਜੰਮੇ ਪਲੇ... ਅੱਖਾਂ ਸਾਹਵੇਂ ਥੱਲ ਵੱਸਦੇ ਰਹੇ... ਬੜਾ ਭਾਰ ਢੋਇਆ ਏਨ੍ਹਾਂ ਮੋਢਿਆਂ ਨੇ ਅਰਥੀਆਂ ਦਾ ਪਰ...।"

ਉਹ ਫਿਰ ਚੁੱਪ ਦੇ ਵਿਹੜੇ ਜਾ ਵੜਿਆ।

"ਹਾਂ-ਹਾਂ ਬਾਪੂ ਦੱਸ... ਬੇਖ਼ੌਫ਼ ਦੱਸ।" ਮੈਂ ਉਸ ਨੂੰ ਉਤਸ਼ਾਹਿਤ ਕਰਨਾ ਚਾਹੁੰਦਾ ਸੀ।

"ਹਾਂ ਪੁੱਤ... ਲੰਬੜਾਂ ਦੇ ਟੱਬਰ ਨਾਲ ਮੁੱਢ ਤੋਂ ਸੀਰ ਸੀ ਸਾਡਾ। ਸੱਚ ਪੁੱਛੇਂ ਤਾਂ ਉਹਨਾਂ ਦੇ ਡੰਗਰਾਂ ਮਗਰ ਹੀ ਮੇਰਾ ਬਚਪਨ ਬੀਤਿਆ। ਸਾਨੂੰ ਵੀ ਉਨ੍ਹਾਂ ਦਾ ਬਹੁਤ ਆਸਰਾ ਸੀ। ਜੀ ਤੋੜ ਕੇ ਕੰਮ ਕੀਤਾ ਉਨ੍ਹਾਂ ਦੇ ਖੇਤੀਂ। ਜਦੋਂ ਬੇਰੀਆਂ ਵਾਲਾ ਖੂਹ ਲੱਗਾ ਤਾਂ ਸਾਰਿਆਂ ਨਾਲੋਂ ਵੱਧ ਜ਼ੂਰ ਮੈਂ ਮਾਰਿਆ। ਦਿਨ ਰਾਤ ਇੱਕ ਕਰਾ'ਤਾ। ਉਦੋਂ ਜਾਨ ਸੀ ਇਸ ਦੇਹ 'ਚ। ਬਥੇਰਵਾਂ ਤਾਂ ਲਾਗੇ ਵੀ ਨੀ ਸੀ ਢੁੱਕਦਾ। ਲੰਬੜਾਂ ਦਾ ਕਰਮਾ ਮੇਰੇ ਨਾਲੋਂ ਸਾਲ ਕੁ ਛੋਟਾ ਸੀ। ਪਰ ਸਾਡੀ ਆੜੀ ਸੀ। ਮੋਹ ਸੀ। ਸਕੇ ਭਰਾਵਾਂ ਤੋਂ ਵੱਧ।"

ਇੱਥੇ ਆ ਕੇ ਉਹ ਫਿਰ ਚੁੱਪ ਕਰ ਗਿਆ। ਉਸ ਦਾ ਗਲਾ ਥੋੜ੍ਹਾ-ਥੋੜ੍ਹਾ ਭਰਿਆ ਲੱਗਾ। ਮੈਂ ਸਮਝਿਆ ਜ਼ਰੂਰ ਕੋਈ ਗਹਿਰ ਗੰਭੀਰ ਗੱਲ ਹੋਵੇਗੀ। ਕਿਸੇ ਧੀ ਭੈਣ ਨਾਲ ਸੀਨਾ ਜ਼ੋਰੀ ਦੀ ਗੱਲ ਹੋਵੇਗੀ। ਸੰਭਵ ਹੈ ਉਹ ਕਰਮੇ ਵੱਲੋਂ ਹੀ ਹੋਵੇ। ਮੇਰੇ ਅੰਦਰਲਾ ਕਿਆਫ਼ੇ ਲਾ ਰਿਹਾ ਸੀ।

"ਫੇਰ ਕੀ ਹੋਇਆ ਬਾਪੂ ?" ਮੇਰਾ ਜੀ ਕਾਹਲਾ ਪਿਆ ਹੋਇਆ ਸੀ।

"ਫੇ ਕੀ ਪੁੱਤਰਾ... ਜਦੋਂ ਬੇਰੀਆਂ ਵਾਲਾ ਖੂਹ ਵਿਸ ਗਿਆ ਤਾਂ ਸਾਡਾ ਉਸ 'ਤੇ ਚੜ੍ਹਨਾ ਬੰਦ ਹੋ ਗਿਆ। ਬਾਰੂ ਦੀ ਆਵਾਜ਼ ਘਗਿਆ ਗਈ। ਉਸ ਦੀਆਂ ਡੂੰਘੀਆਂ ਅੱਖਾਂ 'ਚੋਂ ਅੱਥਰੂ ਵਗ ਤੁਰੇ। ਉਸ ਪੱਗ ਦਾ ਲੜ ਅੱਖਾਂ 'ਤੇ ਧਰ ਲਿਆ।

"ਉਹ ਕਿਉਂ ?" ਮੈਂ ਤਿਲਮਿਲਾ ਉੱਠਿਆ।

"ਬਸ ਖੂਹ ਵਗ ਪਿਆ ਸੀ। ਉਨ੍ਹਾਂ ਦੀ ਕਿਸੀ ਸਿਆਣੀ ਬੁੜ੍ਹੀ ਨੇ ਕਿਸੇ ਸੁੱਚੇ ਖੂਹ ਦੇ ਪਾਣੀ ਦਾ ਛਿੱਟਾ ਦੇ ਉਸ ਨੂੰ ਸੁੱਚਾ ਕਰ ਲਿਆ ਸੀ। ਇਹ ਗੱਲ ਮੈਨੂੰ ਦੱਸੀ ਵੀ ਮੇਰੇ ਆੜੀ ਕਰਮੇ ਨੇ ਹੀ ਸੀ। ਏਸ ਗੱਲ ਨੇ ਰੂਹ ਨੂੰ ਐਸਾ ਫੱਟ ਲਾਇਆ ਬਈ ਪੁੱਛ ਨਾ। ਇਸ ਗੱਲ ਦੀ ਯਾਦ ਅੱਜ ਵੀ ਰੋਣ ਕੱਢ ਦੇਂਦੀ ਆ।"

"ਇਹ ਤਾਂ ਸ਼ਰੇਆਮ ਧੋਖਾ ਸੀ।" ਮੈਂ ਕੁਝ ਗੁੱਸੇ 'ਚ ਆ ਗਿਆ।

"ਧੋਖਾ-ਧਾਖਾ ਕਾਹਦਾ... ਮੈਂ ਕਰਮੇ ਦੀ ਥਾਂ ਹੁੰਦਾ, ਮੇਰੇ ਕੋਲੋਂ ਵੀ ਏਹੋ ਹੋਣਾ ਸੀ।"

"ਬਾਪੂ ਜੀ ਜਾਤ ਪਾਤ ਤੇ ਛੂਆ ਛਾਤ ਬਾਰੇ ਅੱਜ ਕੀ ਵਿਚਾਰ ਨੇ ਤੁਹਾਡੇ ?" ਮੈਂ ਗੱਲ ਬਦਲਣ ਲਈ ਆਖਿਆ। ਪਰ ਮੈਨੂੰ ਅੰਦਰੋਂ ਔਖ ਅਨੁਭਵ ਹੋਈ ਜਾ ਰਹੀ ਸੀ।

"ਓ ਮੇਂਖਣਾ ਵਿਚਾਰ-ਵਚੂਰ ਕਾਹਦੇ। ਛੂਆ-ਛਾਤ ਜਾਂ ਸੁੱਚ-ਭਿੱਟ ਵਿਹਾਰ 'ਚ ਤਾਂ ਨੀ ਰਹੀ ਥੋੜ੍ਹੀ। ...ਸਾਡੇ ਪਿੰਡੀਂ ਤਾਂ ਹੈ ਹੀ ਨੀ... ਪਰ ਜਾਤ ਪਾਤ ਦਾ ਵਿਖੇਡਾ ਤਾਂ ਵਧਦਾ ਹੀ ਜਾ ਰਿਹਾ ਏ ਉਮੀਦ ਨਹੀਂ ਬਈ ਮੁੱਕ ਜੂ... ਵਧ ਭਾਵੇਂ ਜੂ... ਏਹ ਲੋੜ ਵੀ ਬਣਦੀ ਜਾ ਰਹੀ ਆ।"

ਕਿਵੇਂ ਬਾਪੂ ? ਕਹਿਣ ਦੀ ਮੇਰੀ ਹਿੰਮਤ ਨਾ ਪਈ। ਮੈਨੂੰ ਲੱਗਾ ਜਿਵੇਂ ਮੇਰੀ ਆਖੀ ਹੋਈ ਗੱਲ "...ਆਪਣੀ ਜਾਤ ਬਰਾਦਰੀ ਤਾਂ ਇੱਕ ਹੈ।" 'ਤੇ ਉਸ ਟਕੋਰ ਕਰ ਦਿੱਤੀ ਹੋਵੇ।

"ਬਾਪੂ ਜਿੰਦਗੀ ਦੀ ਕੋਈ ਅਜਿਹੀ ਘਟਨਾ ਜੋ ਅੱਜ ਤਾਈਂ ਖੁਸ਼ੀ ਦਿੰਦੀ ਹੋਵੇ।"

"ਓ ਸੋਹਣਿਆ। ਐਡੀ ਵੱਡੀ ਜਿੰਦਗਾਨੀ 'ਚ ਐਹੋ ਜਿਹੀਆਂ ਗੱਲਾਂ ਵੀ ਬਥੇਰੀਆਂ ਨੇ ਜੇਨ੍ਹਾਂ ਨੇ ਖੁਸ਼ੀ ਦਿੱਤੀ ਪਰ ਕਈ ਤਾਂ ਮਗਰੋਂ ਸੌਂਗੀਆਂ ਛਲਾਵਾ ਹੀ ਨਿਕਲੀਆਂ। ਸਾਡੇ ਲੋਕ ਪਹਿਲਾਂ-ਪਹਿਲ ਜੇਨ੍ਹਾਂ ਜੱਟ ਕਿਸਾਨਾਂ ਨਾਲ ਕੰਮ ਕਰਦੇ ਹੁੰਦੇ ਸੀ। ਉਨ੍ਹਾਂ ਤੋਂ ਛਮਾਹੀ ਮਗਰੋਂ ਕੁਝ ਦਾਣੇ ਮਿਲਦੇ ਹੁੰਦੇ ਸੀ। ਜਾਂ ਵੇ ਵੇਲੇ ਕੁਵੇਲੇ ਪੱਠਾ ਦੱਥਾ। ਵੇ ਹੌਲੀ-ਹੌਲੀ ਖੇਤੀਂ ਕੰਮ ਕਰਨ ਦੀ ਦਿਹਾੜੀ ਨਕਦ ਮਿਲਣ ਲੱਗ ਪਈ। ਸਾਡੇ ਵੇਹੜਿਆਂ 'ਚ ਖੁਸ਼ੀ ਦੀ ਲੈਹਰ ਦੌੜ ਗੀ ਕਿ ਲਓ ਹੁਣ ਤਾਂ ਗਰੀਬੀ ਗਈ ਕਿ ਗਈ। ਹਰ ਰੋਜ਼ ਕੰਮ ਕਰਨ ਦੇ ਪੈਸੇ ਨਕਦ। ਮੈਂ ਬੋਹੁ ਖੁਸ਼ ਸੀ। ਪਰ ਅੱਜ ਤਾਈਂ ਦਿਹਾੜੀ ਵੀ ਵਧਦੀ ਗਈ ਤੇ ਗਰੀਬੀ ਉਸ ਤੋਂ ਤੇਜ਼ੀ ਨਾਲ। ਏਸ ਤਰ੍ਹਾਂ ਇਹ ਖੁਸ਼ੀ ਵੀ ਛਲਾਵਾ ਹੀ ਨਿਕਲੀ।"

"ਨਹੀਂ ਬਾਪੂ... ਕੋਈ ਇਹੋ ਜਿਹੀ ਗੱਲ ਜੋ ਅੱਜ ਤਾਈਂ ਵੀ ਮਨ ਨੂੰ ਖੁਸ਼ ਕਰ ਦਿੰਦੀ ਹੋਵੇ। ਮੈਂ ਛਲਾਵੇ ਦੀ ਗੱਲ ਨੀਂ ਕਰਦਾ।"

"ਪੁੱਤਰਾ ਏਹ ਗੱਲ ਅੱਜ ਤਾਈਂ ਸਾਂਝੀ ਤਾਂ ਨੀ ਕੀਤੀ ਕਿਸੇ ਨਾ... ਪਰ ਤੂੰ ਵੀ ਖਬਾਰ 'ਚ ਸਿੱਧੀ ਨਾ ਠੋਕ ਦੀਂ।"

ਉਸ ਗਹੁ ਨਾਲ ਮੇਰੇ ਵੱਲ ਦੇਖਿਆ। ਅੰਦਰ ਧਸੀਆਂ ਅੱਖਾਂ 'ਚ ਚਮਕ ਜਿਹੀ ਆ ਗਈ। ਪਰ ਬੁੱਲ੍ਹ ਖੁੱਲ੍ਹਦੇ-ਖੁੱਲ੍ਹਦੇ ਰਹਿ ਗਏ।

"ਹਾਂ-ਹਾਂ ਬਾਪੂ , ਬੇਖੌਫ ਦੱਸ। ਨਾ ਛਾਪਣ ਵਾਲੀ ਹੋਈ ਤਾਂ ਮੈਂ ਨਾ ਛਾਪੂੰ।" ਮੈਂ ਬੇਸਬਰਾ ਹੋਈ ਜਾ ਰਿਹਾ ਸਾਂ।

"ਇਹ ਗੱਲ ਪੁੱਤਰਾ ਉਸੇ ਵਰ੍ਹੇ ਦੀ ਹੈ ਜਿਸ ਵਰ੍ਹੇ ਲੰਬੜਾਂ ਦਾ ਬੇਰੀਆਂ ਵਾਲਾ ਖੂਹ ਲੱਗਾ ਸੀ। ਲੰਬੜਾਂ ਦੇ ਘਰ ਤੇ ਹਵੇਲੀ ਦੀ ਕੰਧ ਸਾਂਝੀ ਸੀ। ਮੈਂ ਪੱਠਾ ਦੱਥਾ ਕਰਨ ਤਾਂ ਹਵੇਲੀ ਜਾਇਆ ਹੀ ਕਰਦਾ ਸੀ। ਸਰੀਰ ਉਦੋਂ ਮੇਰਾ ਪੂਰੀ ਤਰ੍ਹਾਂ ਫਿੱਟ ਸੀ। ਬਸ ਇੱਕ ਖੱਫ਼ ਲੰਗਣੋਂ ਹੀ ਰਹਿੰਦੇ ਸਨ। ਪੱਟਾਂ 'ਤੇ ਡੌਲੀਆਂ ਏਹੋ ਜਿਹੀਆਂ ਪੈਂਦੀਆਂ ਸਨ ਜਿੰਦਾਂ ਕਿਸੇ ਰਾਜ ਮਿਸਤਰੀ ਚੂਨੇ ਨਾਲ ਬਣਾਤੀਆਂ ਹੋਣ।

"ਕਰਮੇ ਦਾ ਬਾਬਾ ਰਤਨਾ ਚੌਵੀ ਘੰਟੇ ਹਵੇਲੀ ਹੀ ਰਹਿੰਦਾ ਹੁੰਦਾ ਸੀ। ਉਹ ਬੜੇ-ਬੜੇ ਤੇ ਬਾਹਰ ਨੂੰ ਨਿਕਲੇ ਗੀਟਿਆਂ ਵਾਲਾ ਬੁੱਢਾ ਕੋਈ ਨਾ ਕੋਈ ਹੁਕਮ ਚਾੜ੍ਹੀ ਰੱਖਦਾ।

"ਇੱਕ ਦਿਨ ਰਤਨਾ ਹਵੇਲੀ ਨੀ ਸੀ। ਮੈਂ ਪਸ਼ੂਆਂ ਨੂੰ ਪੱਠੇ ਵਗੈਰਾ ਪਾ ਰਿਹਾ ਸੀ ਤੇੜ ਸਿਰਫ਼ ਇੱਕ ਲੰਗੋਟਾ ਸੀ ਮੇਰੇ। ਹਵੇਲੀ 'ਚ ਏਧਰ ਉੱਧਰ ਜਾਂਦੇ ਦੀ ਮੇਰੀ ਨਿਗਾਹ ਮੁੜ-ਮੁੜ ਪੱਟਾਂ ਤੇ ਪਈ ਜਾਵੇ। ਕਦੀ ਡੌਲੇ ਅਕੜਾ-ਅਕੜਾ ਦੇਖ ਹੋਈ ਜਾਣ। ਕਦੇ-ਕਦੇ ਮੇਰਾ ਹੱਥ ਆਪ ਮੁਹਾਰਾ ਪੱਟ 'ਤੇ ਉੱਪਰ ਥੱਲੇ ਹੋ ਰਹੀ ਮਛਲੀ 'ਤੇ ਫਿਰ ਜਾਇਆ ਕਰੇ।"

ਇਹ ਕਹਿੰਦਿਆਂ ਹੀ ਉਹ ਠਠੰਬਰ ਗਿਆ ਜਿਵੇਂ ਸ਼ਾਟ ਲੱਗਾ ਹੋਵੇ। ਮੈਂ ਧਿਆਨ ਨਾਲ ਦੇਖਿਆ ਤਾਂ ਉਸ ਦੇ ਸੱਜੇ ਹੱਥ ਸੱਜੇ ਪੱਟ ਦੀ ਮਾਸ ਛੱਡ ਚੁੱਕੀ ਨਲੀ ਸੀ। ਮੈਂ ਸਮਝ ਗਿਆ



ਕਿ ਉਹ ਸੱਚਮੁੱਚ ਹੀ ਅਤੀਤ ਦੇ ਵਿਹੜੇ ਜਾ ਵੜਿਆ ਸੀ ਤੇ ਸੁੱਕੇ ਪੱਟ ਦੀ ਹੱਡੀ ਨੇ ਉਸ ਨੂੰ ਅਸਲੀਅਤ ਦੇ ਬੂਹੇ ਲੈ ਆਂਦਾ ਸੀ। ਉਹ ਬਿੱਟ-ਬਿੱਟ ਆਪਣੇ ਪੱਟ ਵੱਲ ਦੇਖ ਰਿਹਾ ਸੀ। ਮੈਂ ਉਹਨੂੰ ਅੱਗੇ ਗੱਲ ਤੋਰਨ ਲਈ ਪ੍ਰੇਰਿਆ।

ਉਸ ਇੱਕ ਲੰਮੇ ਹਉਕੇ ਮਗਰੋਂ ਗੱਲ ਸ਼ੁਰੂ ਕੀਤੀ, "...ਚਾਣਚੱਕ ਮੇਰੀ ਨਜ਼ਰ ਲੰਬੜਾਂ ਦੇ ਦਲਾਨ ਦੀ ਬਾਰੀ 'ਚ ਪੈਗੀ। ਉੱਥੇ ਕਰਮੇ ਦੀ ਛੋਟੀ ਭੈਣ ਗਿਆਨੋ ਖੜ੍ਹੀ ਸੀ। ਮੱਲਿਆ ਜਦ ਮੇਰੀਆਂ ਅੱਖਾਂ ਉਸ ਨਾ' ਮਿਲੀਆਂ ਤਾਂ ਕੀ ਦੱਸਾਂ... । ਸਾਡੀਆਂ ਅੱਖਾਂ ਝੁਕ ਗਈਆਂ। ਰੂਹ ਸੁਆਦ-ਸੁਆਦ ਹੋ ਗਈ। ਆਏ ਹਾਏ। ਇਸ ਛਿਣ ਭੰਗਰੀ ਤੱਕਣੀ 'ਚ ਉਹ ਸੁਆਦ ਸੀ ਪਈ ਦੱਸ ਨੀ ਹੋ ਸਕਦਾ। ਅੱਜ ਵੀ ਉਹ ਘੜੀ ਦੀ ਯਾਦ ਆ ਕੇ ਰੂਹ ਖਿੜ ਜਾਂਦੀ ਏ।"

"ਬਾਪੂ ਅੱਗੇ ਕੀ ਹੋਇਆ ?" ਮੇਰੀ ਦਿਲਚਸਪੀ ਬਣ ਗਈ ਸੀ।

"ਬਸ ਸੁਆਦ ਦੇਣ ਵਾਲੀ ਤਾਂ ਇਹੀ ਘੜੀ ਸੀ।"

"ਨਹੀਂ ਬਾਪੂ ਅੱਗੇ ਦੱਸ ਫਿਰ ਕੀ ਹੋਇਆ ?"

"ਵੇ ਕੀ ਹੋਣਾ ਸੀ। ਕੁੜੀ ਦਾ ਵੀ ਮੇਰੇ ਵਾਲਾ ਹਾਲ ਹੋਣਾ। ਪਰ ਉਹ ਬਾਰੀ ਬੰਦ ਕਰਕੇ ਖਿਸਕ ਗਈ ਸੀ। ਮੈਂ ਸਾਰੀ ਰਾਤ ਸੌਂ ਨਾ ਸਕਿਆ। ਜਿੱਧਰ ਦੇਖਾਂ ਬੱਸ ਗਿਆਨੋ ਹੀ ਦਿਸੇ। ...ਦਿਲ ਕਰੇ ਉਸਨੂੰ ਬਾਹਾਂ 'ਚ ਘੁਟ ਆਸਮਾਨੀ ਉੱਡ ਜਾਂ। ਦਿਨ ਚੜ੍ਹਨ 'ਚ ਨਾ ਆਵੇ ਚਿੱਤ ਕਰੇ ਕਿ ਮੈਂ ਹਵੇਲੀ ਹੀ ਪੈ ਜਇਆ ਕਰਾਂ। ਮਨ ਸਹੁਰਾ ਸਕੀਮਾਂ 'ਚ ਹੀ ਸੁਆਦ-ਸੁਆਦ ਹੋਈ ਜਾਏ।

"ਸਵੇਰੇ ਸਵੱਖਤੇ ਹੀ ਮੈਂ ਹਵੇਲੀ ਜਾ ਵੱਜਾ। ਪਰ ਉੱਥੇ ਯਮ ਰਤਨਾ ਲਾਂਗੜ ਲਮਕਾਈ ਫਿਰੇ। ਮੇਰੀ ਨਜ਼ਰ ਮੁੜ-ਮੁੜ ਦਲਾਨ ਦੀ ਬਾਰੀ ਨਾਲ ਟਕਰਾਵੇ। ਰੂਹ ਤਰਸ-ਤਰਸ ਜਾਵੇ, ਕੁੜੀ ਦੀਆਂ ਅੱਖਾਂ 'ਚ ਅੱਖਾਂ ਪਾਉਣ ਲਈ। ਪਰ ਬਾਰੀ ਨਾ ਖੁੱਲ੍ਹੀ। ਸਗੋਂ ਰਤਨੇ ਦੇ ਹੁਕਮ ਮਿਲਣੇ ਸ਼ੁਰੂ ਹੋ ਗਏ।"

"ਓਏ ਘੋੜੀ ਦੀ ਲਿੱਦ ਠਾ... ਚੌਪੇ ਦਾ ਰੱਸਾ ਜ਼ਰਾ ਖੁੱਲ੍ਹਾ ਕਰ... ਮੱਝਾਂ ਅੱਜ ਲੱਸੀ ਨਾ ਨਲ੍ਹਾਈਂ...।"

"ਅੱਜ ਉਸਦੇ ਹੁਕਮ ਮੈਨੂੰ ਚੁੱਭ ਰਹੇ ਸਨ। ਪਹਿਲਾਂ ਮੈਂ ਕਦੇ ਗੌਲੇ ਨਹੀਂ ਸਨ। ਖੈਰ ਦੂਜੀ ਰਾਤ ਵੀ ਨੀਂਦ ਨਾ ਆਈ ਚੱਜ ਨਾਲ। ਪਰ ਦਿਨੇ ਧਰਤੀ ਪੱਬ ਨਾ ਲੱਗਦੇ ਜਦੋਂ ਗਿਆਨੋ ਦੇ ਚਿਹਰੇ ਦੀ ਉਹ ਹਲਕੀ ਜਿਹੀ ਮੁਸਕਾਨ ਚੇਤੇ ਔਂਦੀ... ਧਰਮ ਨਾਲ ਰੂਹ ਬਾਗੋ ਬਾਗ ਹੋ ਜਾਂਦੀ।

"ਪਰ ਬਾਰੀ ਤੀਜੇ ਦਿਨ ਵੀ ਨਾ ਖੁੱਲ੍ਹੀ। ਖੁੱਲ੍ਹਣੀ ਵੀ ਕਿੱਥੋਂ ਸੀ... ਨਾ ਰਤਨਾ ਉੱਜੜੇ ਨਾ ਖੁੱਲ੍ਹੇ... ਮੈਂ ਉਨ੍ਹਾਂ ਦੇ ਘਰ ਜਾਣ ਦੇ ਬਹਾਨੇ ਸੋਚੀ ਜਾਵਾਂ ਪਰ ਕਿੱਥੇ... ਬਿਨ੍ਹਾਂ ਕੰਮੋਂ ਉੱਥੇ ਚਿੜੀ ਵੀ ਨੀ ਸੀ ਫੜਕ ਸਕਦੀ। ...ਤਾਂ ਦੂਰੋਂ ਦੂਜੇ ਕੋਠੇ ਤੋਂ ਕੁੜੀ ਨੇ ਹੱਥ ਹਿਲਾ ਕੇ ਦਿਲ 'ਚ ਖਲਬਲੀ ਮਚਾ 'ਤੀ।

"ਤੀਜੀ ਰਾਤੇ ਵੀ ਮੈਂ ਬੇਸਬਰੀਆਂ ਨਾ' ਪਰਚਿਆ ਰਿਹਾ। ਕਿਤੇ ਤੜਕ ਸਾਰ ਊਂਘ ਆਈ।

"ਕਰਮੇ ਨੇ ਮੈਨੂੰ ਹਵੇਲੀ 'ਚ ਢਾਅ ਲਿਆ। ਉਹ ਮੰਗੀਆਂ ਲੱਤਾਂ ਤੇ ਟੋਕੀ ਵਾਹੁਣ ਲੱਗਾ। ਨਾਲੇ ਉਹ ਮਾਰੀ ਜਾਵੇ ਨਾਲੇ ਰੋਈ ਜਾਵੇ ਤੇ ਨਾਲੇ ਕਹੀ ਜਾਵੇ, ਚੰਗੀ ਯਾਰੀ ਪਾਲੀ ਕੁੱਤਿਆ, ਜਿਸ ਥਾਲੀ ਵਿੱਚ ਖਾਧਾ ਉਸੇ ਵਿੱਚ ਛੇਕ...।

"ਕਰਮੇ ਦਾ ਪੇ ਸਾਧਾ ਸੂੰ ਕਰਪਾਨ ਘੁਮਾਉਂਦਾ ਆਪਣੇ ਸਰੀਕੇ ਨੂੰ ਵੰਗਾਰੇ... ਲਿਆਓ ਕੁੱਤੇ ਦੀ ਤੀਵੀਂ ਨੂੰ ਇੱਥੇ... ਵਿੱਚੇ ਇਹਦੀ ਮਾਂ ਨੂੰ... ਹਵੇਲੀ ਲਿਆ ਕੇ ਕਰੋ ਨੰਗੀਆਂ... ਇਸ ਕੁੱਤੇ ਦੇ ਬੀ ਨੂੰ ਸਬਕ ਸਿਖਾਈਏ।

"ਉਹ ਮੇਰੀ ਮਾਂ ਨੂੰ ਫੜ ਲਿਆਏ... ਜਣੇਪੇ ਨੇੜੇ ਪਹੁੰਚੀ ਜਨਾਨੀ ਨੂੰ ਵੀ... ਮੇਰੇ ਸਾਹਮਣੇ ਨੰਗੀਆਂ ਕਰ ਉਨ੍ਹਾਂ ਨੂੰ ਢਾਹ ਲਿਆ।

"ਮੇਰੀ ਚੀਕ ਨਿਕਲ ਗਈ। ਮੈਂ ਵਾਖਰੂ-ਵਾਖਰੂ ਕਹਿੰਦਾ ਉੱਠ ਪਿਆ। ਦਿਲ ਧੜਕ-ਧੜਕ ਕਰ ਰਿਹਾ ਸੀ। ਸਰੀਰ ਪਸੀਨੋ-ਪਸੀਨੀ ਹੋਇਆ ਪਿਆ ਸੀ। ਮੈਂ ਆਪਣੀਆਂ ਲੱਤਾਂ ਨੂੰ ਹੱਥ ਲਾ ਲਾ ਦੇਖਾਂ। ਇਹ ਸਾਬਤ ਸਨ। ਉਂਦਾਂ ਲੱਗੇ ਜਿੱਦਾਂ ਟੋਕੀ ਦੀਆਂ ਸੱਟਾਂ ਦੁੱਖ ਰਹੀਆਂ ਹੋਣ।

"ਭਿਆਨਕ ਦ੍ਰਿਸ਼ ਚਿਤਵ-ਚਿਤਵ ਸਰੀਰ 'ਚ ਧੁੜ ਧੜੀ ਜਿਹੀ ਛਿੜੀ ਜਾਵੇ। ਪਰ ਜਿਵੇਂ-ਜਿਵੇਂ ਮਨ ਟਿਕਾਣੇ ਆਈ ਜਾਵੇ ਤਾਂ ਇਹ ਡਰ ਗਿਆਨੋ 'ਆਲੇ ਘੁੰਮਣ ਲੱਗੇ। ਉਹੀ ਸੁਆਦੀ ਘੜੀ ਮੁੜ ਚੇਤੀ ਵਸੇ। ਉੱਧਰ ਕਰਮਾ ਰੋਂਦਾ ਦਿਸੇ। ਮਿਨਤਾਂ ਕਰਦੀਆਂ ਮਾਂ ਤੇ ਜਨਾਨੀ ਦਿਸਣ... ਗੱਲ ਕਾਹਦੀ ਜਵਾਨਾ ਡਰ ਕਾਰਨ ਰੱਖ ਜਾਂ ਫਿਰ ਕਰਮੇ ਦੀ ਯਾਰੀ ਕਰਕੇ ਰੱਖ... ਮੈਂ ਸੰਭਲ ਗਿਆ। ਮੈਂ ਮਨ ਮਾਰਨਾ ਸ਼ੁਰੂ ਕਰਤਾ।"

"ਫਿਰ ਬਾਪੂ ?" ਮੈਂ ਅੱਗੇ ਜਾਨਣ ਲਈ ਉਤਸੁਕ ਸੀ।

"ਫੇ ਕੀ ਪੁੱਤਰਾ... ਮਹੀਨੇ ਮਗਰੋਂ ਗਹਾਈ ਆ ਗਈ। ਕਣਕ ਦਾ ਗੱਡਾ ਲੱਦ ਕੇ ਕਰਮੇ ਦੇ ਘਰੇ ਲਹਾਉਣ ਆ ਗਏ... ਮੈਂ ਪੰਜ-ਪੰਜ ਸੱਤ-ਸੱਤ ਮਣ ਭਾਰੀਆਂ ਪੰਡਾਂ ਕਰਮੇ ਦੇ ਦਲਾਨ 'ਚ ਢੇਰੀ ਕਰੀ ਜਾਵਾਂ। ਕਰਮਾਂ ਗੱਡੇ ਤੇ ਖੜਾ ਚੁਕਾਈ ਜਾਵੇ। ਚੌਥੀ ਕੁ ਪੰਡ ਢੇਰੀ ਕਰ ਕੇ ਜਦੋਂ ਮੁੜਨ ਲੱਗਾ ਤਾਂ ਇੱਕ ਤਖ਼ਤੇ ਉਹਲਿਓਂ ਨਿਕਲ ਗਿਆਨੋ ਨੇ ਮੈਨੂੰ ਜੱਫੀ ਪਾ ਲਈ। 'ਗਿਆਨੋ ਕਰਮਾ ਆ ਜੂ... ਗਿਆਨੋ ਕਰਮਾ ਆ ਜੂ' ਮੇਰੇ ਮੂੰਹੋਂ ਡਰ ਜਿਹੇ 'ਚ ਆਪ ਮੁਹਾਰੇ ਨਿਕਲੀ ਜਾਵੇ। ਮਸੀਂ ਕੁੜੀ ਨੂੰ ਗਲੋਂ ਲਾਹਿਆ।

"ਗੱਡੇ ਤਾਈਂ ਪਹੁੰਚਣ ਤੱਕ ਵੀ ਮੇਰਾ ਦਿਲ ਧੜਕੀ ਗਿਆ। ...ਕਰਮੇ ਕੋਲ ਔਂਦਿਆਂ ਮੇਰਾ ਖੱਬਾ ਹੱਥ ਧੌਣ ਦੇ ਖੱਬੇ ਪਾਸੇ ਪਹੁੰਚ ਗਿਆ ਕਰਮਿਆਂ ਮੇਰੀ ਧੌਣ ਦੀ ਨਾੜ ਖਿਚੀ ਗਈ ਓਏ... ਦਰਦ ਬਾਲ੍ਹਾ ਹੀ ਹੁੰਦਾ ਐ... ਬਾਕੀ ਪੰਡਾਂ ਤੂੰ ਥੰਮ... ਵੀਰ ਬਣ ਕੇ... ਉਹ ਛਾਲ ਮਾਰ ਕੇ ਗੱਡੇ ਤੋਂ ਥੱਲੇ ਆ ਗਿਆ ਤੇ ਮੈਂ ਉੱਤੇ। ਪੁੱਤਰਾ ਗੱਲ ਤਾਂ ਇਹ ਸੀ ਕਿ ਮੈਂ ਵੀ ਅੰਦਰੋਂ ਗਿਆਨੋ ਲਈ ਖਿੱਚਿਆ ਗਿਆ ਸੀ। ਉਸ ਦੀ ਪਾਈ ਜੱਫੀ ਸਰੂਰ ਦਈ ਜਾਵੇ। ਮੈਨੂੰ ਆਪੇ ਤੋਂ ਉਹਦੇ ਬਦਨ ਦੀ ਮਹਿਕ ਜਿਹੀ ਆਈ ਜਾਵੇ। ਏਦਾਂ ਲੱਗੇ ਜਿਵੇਂ ਮੈਂ ਗੱਡੇ ਤੇ ਖੜਾ ਸਾਰੇ ਪਿੰਡ ਤੋਂ ਉੱਚਾ ਹੋ ਗਿਆ ਹੋਵਾਂ। ਬਦਨ ਸਾਲਾ ਹਵਾ 'ਚ ਤੈਰਦਾ ਲੱਗੇ। ਦਿਲ ਕਰੇ ਕਰਮੇ ਦੀ ਦਾਦੀ ਧੋੜੀ ਨੂੰ ਪੰਡਾਂ ਬਦੀ ਖੂਹ ਉੱਪਰ ਤਾਂ ਚੜ੍ਹਨੋਂ ਰੋਕ ਤਾ ਸੀ ਸਾਨੂੰ। ਹੁਣ ਏਸ ਲਾਡਲੀ ਨੂੰ ਵੀ ਮਾਰ



ਛਿੱਟੇ ਕਿਸੇ ਰੰਗਾ ਜਲੀ ਦੇ... ਬੱਸ... ਮੇਰਾ ਸੱਜਾ ਹੱਥ ਬੁੱਲ੍ਹਾਂ ਨੂੰ ਜਾ ਲੱਗਾ ਤੇ ਮੇਰੇ ਮੂੰਹੋਂ ਮੰਗਾ ਵੰਜਦਾ-ਵੰਜਦਾ ਰੁਕ ਗਿਆ ਸੀ। ਪਰ ਪੁੱਤਰਾ ਨਈਂ... ਬਾਰੂ ਨੇ ਸਿਆਣਪ ਤੋਂ ਕੰਮ ਲਿਆ। ਉਦੋਂ ਤਾਈਂ ਕਰਮੇ ਦੇ ਘਰ ਆਉਣ-ਜਾਣ ਘੱਟ ਕਰਤਾ ਜਦ ਤੱਕ ਗਿਆਨੋ ਸਹੁਰੇ ਨੀ ਤੁਰਗੀ।" ਬਾਰੂ ਨੇ ਇੱਧਰ ਉੱਧਰ ਸਿਰ ਹਿਲਾਉਂਦੇ ਗੱਲ ਪੂਰੀ ਕੀਤੀ।

ਬਾਰੂ ਮਨ ਦੀ ਗੱਲ ਕਹਿ ਕੇ ਕਾਫ਼ੀ ਹਲਕਾ ਹਲਕਾ ਮਹਿਸੂਸ ਕਰ ਰਿਹਾ ਪ੍ਰਤੀਤ ਹੋ ਰਿਹਾ ਸੀ। ਪਰ ਮੈਂ ਉਸ ਦੇ ਅੰਦਰਲੀ ਪੀੜ ਨੂੰ ਅਨੁਭਵ ਕਰ ਰਿਹਾ ਸੀ ਤੇ ਮੇਰੇ ਮਨ ਉੱਤੇ ਸਦੀ ਤੋਂ ਵੀ ਵੱਡੀ ਉਮਰ ਦੇ ਬੁਜ਼ਰਗ ਦੇ ਬੀਤੇ ਵਿੱਚ ਲੁਕੇ ਤਲਖ਼ ਸੱਚ ਨੂੰ ਵੇਖ ਕੇ ਇੱਕ ਭਾਰ ਜਿਹਾ ਜ਼ਰੂਰ ਪੈ ਰਿਹਾ ਸੀ। ਮੈਨੂੰ ਬਾਰੂ ਛੋਟੀ ਜਿਹੀ ਉਮਰ ਦਾ ਡੰਗਰ ਚਾਰਦਾ ਦਿਸਣ ਲੱਗਾ। ਕਦੇ ਗੱਭਰੂ ਖੂਹ ਤੇ ਪਾੜ 'ਚੋਂ ਟੋਕਰਾ ਚੁੱਕੀ ਉੱਪਰ ਚੜ੍ਹਦਾ 'ਤੇ ਥਾਪੀ ਮਾਰ ਸਾਥੀਆਂ ਨੂੰ ਲਲਕਾਰਦਾ ਨਜ਼ਰ ਆਵੇ। ਕਦੇ ਵਗਦੇ ਖੂਹ ਨੂੰ ਦੂਰੋਂ ਹਸਰਤ ਭਰੀਆਂ ਨਜ਼ਰਾਂ ਨਾਲ ਤੱਕਦਾ ਦਿਸੇ। ਕਦੇ ਉਸਨੂੰ ਲਿਪਟੀ ਗਿਆਨੋ ਦਿਸੇ ਤੇ ਕਦੇ ਉਹ ਗੱਡੇ ਤੇ ਖੜਾ ਪਿੰਡ ਵੱਲ ਨੂੰ ਮੂੰਹ ਕਰਕੇ ਬੱਕਰਾ ਬੁਲਾਉਂਦਾ ਦਿਸੇ। ...ਕਦੇ ਕਰਮਾ ਟੋਕੀ ਵਾਹੁੰਦਾ ਦਿਸੇ... ਤੇ ਕਦੇ...।

"ਪੁੱਤਰਾ, ਕੀ ਸੋਚਦਾ ਪਿਆਂ ?" ਉਹ ਮੈਨੂੰ ਸੋਚਾਂ 'ਚ ਡੁੱਬੇ ਨੂੰ ਹਲੂਣ ਗਿਆ, "ਤੂੰ ਤਾਂ ਖ਼ਬਾਰ ਵਾਲਾ ਨਾ... ਇੱਥੇ ਪਰੇ 'ਚ ਬੈਠਾ ਮਾਸਟਰ ਤੰਗੀ ਇੱਕ ਦਿਨ 'ਖ਼ਬਾਰ ਪੜ੍ਹ ਕੇ ਸੁਣਾਉਂਦਾ ਸੀ ਭਲਾ ਜਿਹਾ ਨਾਂ ਲੈਂਦਾ ਸੀ ਉਸ ਮੁਲਖ ਦਾ... ਆ ਚੱਲ ਛੱਡ ਨਾਂ ਨੂੰ... ਨਾਂ 'ਚ ਕੀ ਪਿਆ... ਹਾਂ ਉੱਥੇ ਅਖੇ ਬੁੱਢਿਆਂ ਲਈ ਵੱਖਰੇ ਘਰ ਹੁੰਦੇ ਨੇ... ਬੜਾ ਪ੍ਰਬੰਧ ਹੁੰਦਾ ਉੱਥੇ ਉਨ੍ਹਾਂ ਦੀ ਸੰਭਾਲ ਦਾ... ਅਖੇ ਕਈ ਬੁੱਢੇ-ਬੁੱਢੀਆਂ ਤਾਂ ਸੌ ਸਾਲ ਦੀ ਉਮਰ 'ਚ ਵਿਆਹ ਕਰਵਾ ਲੈਂਦੇ ਆ ਉੱਥੇ... ਕੀ ਇਹ ਸੱਚ ਹੈ ?" ਉਹ ਇੱਕੋ ਸਾਹੇ ਕਹਿ ਗਿਆ।

"ਬਾਪੂ ਅਜਿਹੇ ਪ੍ਰਬੰਧ ਤਾਂ ਕਈ ਮੁਲਕਾਂ 'ਚ ਹੈਨ। ਵਿਰਲਾ-ਵਿਰਲਾ ਤਾਂ ਆਪਣੇ ਮੁਲਕ 'ਚ ਵੀ ਸੁਣਿਆ। ਤੁਸੀਂ ਕਿਉਂ ਸੋਚਦੇ ਇਸ ਤਰ੍ਹਾਂ ? ਤੁਹਾਡੇ ਕੋਲ ਤਾਂ ਘਰ ਹੈ ?"

"ਪੁੱਤਰਾ। ਭਲਾ ਮੈਂ ਕਦ 'ਨਕਾਰੀ ਹਾਂ ਕਿ ਮੇਰੇ ਕੋਲ ਘਰ ਨੀਂ। ਪਰ ਕਈ ਵਾਰੀ ਰੂਹ ਸਾਲੀ ਤੰਗ ਜਿਹੀ ਹੋ ਜਾਂਦੀ ਏ। ਖ਼ਾਸ ਕਰਕੇ ਸਿਆਲਾਂ ਨੂੰ। ਏਸ ਅੰਦਰ ਜਿੱਥੇ ਬੈਠੇ ਆਂ ਬੱਚੇ ਪੜ੍ਹਦੇ ਹੁੰਦੇ ਆਂ। ਨਾਲ ਦੇ ਸਬਾਤ ਵਾਲੇ ਕਮਰੇ 'ਚ ਤਾਰਾ ਤੇ ਬਹੂ। ਮੈਂ ਤੇ ਝੋਟੀ ਉਸ ਛੱਤੜੇ 'ਚ। ਫੇ ਪਹਾੜ ਜੇਡੀ ਗੁਜ਼ਾਰੀ ਜ਼ਿੰਦਗੀ ਦੀਆਂ ਯਾਦਾਂ... ਸਿਆਲਾਂ ਦੀਆਂ ਰਾਤਾਂ ਨੂੰ ਹੋਰ ਲੰਮੇਰਾ ਕਰ ਦਿੰਦੀਆਂ ਨੇ। ਤੇ...।"

ਉਹ ਬੋਲਦਾ-ਬੋਲਦਾ ਰੁਕ ਗਿਆ। ਮੇਰੇ 'ਚ ਹੋਰ ਸਵਾਲ ਕਰਨ ਦੀ ਹਿੰਮਤ ਵੀ ਨਾ ਰਹੀ।

———0———

# ਸਿਆਸਤ ਖੇਡ ਬਾਬਾ, ਸਿਆਸਤ/ਜਿੰਦਰ

"ਸੁਰਿੰਦਰ ਵੀ ਬਦਲ ਗਿਆ। ਹੁਣ ਕਿਸ 'ਤੇ ਵਿਸ਼ਵਾਸ ਕਰਾਂ। ਕਿਸ ਦੀ ਸਲਾਹ ਲਵਾਂ। ਜ਼ਮਾਨਾ ਬਦਲ ਗਿਆ। ਤੈਨੂੰ ਵੀ ਹੁਕਮਿਆਂ ਬਦਲਣਾ ਪੈਣਾ। ਮੇਰੇ ਲਈ ਇਹੀ ਕੰਮ ਔਖਾ। ਦੀਨ-ਧਰਮ ਵੀ ਹੁੰਦਾ ਹੈ ਨਾ...।" ਬਾਬਾ ਜੀ ਆਪਣੇ ਆਪ ਨਾਲ ਗੱਲਾਂ ਕਰਨ ਲੱਗੇ। ਉਹ ਇਹ ਵੀ ਭੁੱਲ ਗਏ ਕਿ ਉਨ੍ਹਾਂ ਕੋਲ ਕੁਲਵੰਤ ਤੇ ਸੁਖਦੇਵ ਹੋ ਆਏ ਬੈਠੇ ਹਨ। ਕੁਲਵੰਤ ਨੇ ਕਈ ਵਾਰ ਉਨ੍ਹਾਂ ਨੂੰ ਬੁਲਾਇਆ ਪਰ ਉਹ ਮੂੰਹੋਂ ਇਕ ਅੱਖਰ ਵੀ ਨਾ ਬੋਲੇ। ਐਦਾਂ ਜਿੱਦਾਂ ਉਹ ਇੱਥੇ ਨਾ ਹੋਣ। ਚੁੱਪ ਨੂੰ ਤੋੜਣ ਲਈ ਕੁਲਵੰਤ ਨੇ ਚੁਟਕਲਾ ਸੁਣਾਇਆ। ਬਾਬਾ ਜੀ ਖਿੜਖਿੜਾ ਕੇ ਹੱਸੇ। ਅਗਲੇ ਪਲਾਂ 'ਚ ਫੇਰ ਅੰਤਰਮੁੱਖੀ ਹੋ ਗਏ, "ਪਿੰਡ ਪਹਿਲਾਂ ਵੀ ਜਾਤਾਂ 'ਚ ਵੰਡਿਆ ਹੋਇਆ ਸੀ। ਪਰ ਅੱਜ ਵਾਂਗੂੰ ਨੀਂ...ਹੁਣ ਆਪਣੇ ਲੋਕਾਂ ਨੇ 'ਅੰਮ੍ਰਿਤਬਾਣੀ' ਨੂੰ ਆਪਣਾ ਧਾਰਮਿਕ ਗ੍ਰੰਥ ਸਾਹਿਬ ਮੰਨ ਲਿਆ। ਮੁੰਡੇ-ਕੁੜੀਆਂ 'ਅੰਮ੍ਰਿਤਬਾਣੀ' ਦੀ ਹਜ਼ੂਰੀ 'ਚ ਲਾਵਾਂ ਲੈਣ ਲੱਗੇ। ਉਹ ਕਹਿੰਦੇ ਆ ਕਿ ਜਦੋਂ ਜ਼ਿਮੀਂਦਾਰ ਸਾਡੇ ਗੁਰਦਵਾਰਿਆਂ 'ਚ ਨੀਂ ਜਾਂਦੇ ਤਾਂ ਅਸੀਂ ਕਿਉਂ ਉਨ੍ਹਾਂ ਦੇ ਗੁਰਦਵਾਰਿਆਂ 'ਚ ਜਾਈਏ। ਰਵਿਦਾਸ ਗੁਰੂ ਮਹਾਰਾਜ ਦੇ ਜਨਮ ਦਿਹਾੜੇ ਨੂੰ ਬੂਟਾ ਮੰਡੀ, ਜਲੰਧਰ 'ਚ ਤਿਉਹਾਰ ਵਾਂਗੂੰ ਮਨਾਇਆ ਜਾਂਦਾ। ਉਥੇ ਐਨਾ ਰੌਸ਼ ਹੁੰਦਾ ਕਿ ਤਿੱਲ ਸੁੱਟਣ ਜੋਗੀ ਵੀ ਥਾਂ ਨੀਂ ਬਚਦੀ। ਲੀਡਰ ਆਪਣੀਆਂ ਸਟੇਜਾਂ ਲਾਉਂਦੇ।" ਉਨ੍ਹਾਂ ਬੀੜੀ ਦਾ ਲੰਬਾ ਕਸ਼ ਖਿਚਿਆ। ਮੂੰਹ ਉਤਾਂਹ ਨੂੰ ਕਰਕੇ ਨਾਸਾਂ ਵਿਚੋਂ ਦੀ ਧੂੰਆਂ ਕੱਢਿਆ। ਉਹ ਫੇਰ ਸ਼ੁਰੂ ਹੋ ਗਏ, "ਤੈਨੂੰ ਮੁੱਢ ਸੁੱਢ ਦੱਸਦਾਂ...ਸਾਡਾ ਪੜਦਾਦਾ ਫੱਗੂ ਕੋਟਲੀ ਤੋਂ ਇਥੇ ਆਇਆ ਸੀ। ਪੜਦਾਦੀ ਤੇ ਦੋ ਮੁੰਡਿਆਂ ਨਾਲ। ਉਹਨੂੰ ਨਿਹਾਲਾ ਲੰਬੜਦਾਰ ਲਿਆਇਆ ਸੀ। ਗੱਡੇ ਦੇ ਪਿੱਛੇ-ਪਿੱਛੇ ਤੋਰ ਕੇ। ਮਰੇ ਪਸ਼ੂ ਚੁੱਕਣ ਲਈ। ਇਹ ਸਾਰਾ ਲਾਣਾ ਉਸੇ ਦੇ ਅੰਸ਼ 'ਚੋਂ ਆ। ਪੜਦਾਦੇ ਦੇ ਪਰਿਵਾਰ 'ਚ ਵਾਹਵਾ ਵਾਧਾ ਹੋਇਆ। ਉਦੋਂ ਹਰੇਕ ਜਣੇ ਦੇ ਦਸ-ਬਾਰਾਂ ਨਿਆਣੇ ਹੁੰਦੇ ਸੀ। ਅੱਜ ਵਾਂਗੂੰ ਦੋ-ਤਿੰਨ ਨੀਂ। ਜਿਹੜੇ ਕੁੰਨਾਂ ਵਾਲੇ ਛੱਪੜ ਦੀ ਮਿੱਟੀ ਦਾ ਰੌਲਾ ਪੈ ਰਿਹਾ-ਉਥੇ ਪਹਿਲਾਂ ਛੋਟਾ ਜਿਹਾ ਟੋਇਆ ਹੋਇਆ ਕਰਦਾ ਸੀ। ਪਿੰਡ ਦੀ ਸ਼ਾਮਲਾਟ 'ਚ। ਸੁਸਰੀਆਂ ਪੋਚਣ ਲਈ ਪਿੰਡ ਵਾਲੇ ਗੱਡੇ ਭਰ-ਭਰ ਕੇ ਮਿੱਟੀ ਲੈ ਗਏ। ਝੂਠ ਕਿਉਂ ਬੋਲਣਾ...ਅਸੀਂ ਵੀ ਬਥੇਰੀ ਚੁੱਕੀ। ਇਹ ਟੋਇਆ ਵੱਡਾ ਹੁੰਦਾ ਗਿਆ। ਫੇਰ ਛੱਪੜ ਬਣ ਗਿਆ। ਰੌਲਿਆਂ ਤੋਂ ਪੰਜ ਕ ਸਾਲ ਮਗਰੋਂ ਬੇਗਿਣਤ ਪਸ਼ੂ ਮਰੇ। ਮੂੰਹ-ਖੁਰ ਦੀ ਬੀਮਾਰੀ ਨਾਲ। ਉਨ੍ਹੀਂ ਦਿਨੀਂ ਕੇਹਰੂ ਜੰਡਿਆਲਿਉਂ ਆਇਆ। ਉਹ ਚਮੜਾ ਰੰਗਣ ਦਾ ਕੰਮ ਜਾਣਦਾ ਸੀ। ਬਾਪੂ ਨੂੰ ਖਲ੍ਹਾਂ ਵੇਚਣ ਜਲੰਧਰ ਜਾਣਾ ਪੈਂਦਾ ਸੀ। ਤਾਜ਼ੀਆਂ ਖਲ੍ਹਾਂ ਦਾ ਭਾਰ ਵੀ ਜ਼ਿਆਦਾ ਹੁੰਦਾ। ਕੇਹਰੂ ਨੇ ਆਪਣਾ ਕਾਰਖਾਨਾ ਸ਼ੁਰੂ ਕੀਤਾ। ਪਹਿਲਾਂ ਉਹ ਕੱਲਾ ਸੀ। ਫੇਰ ਉਹਨੇ ਆਪਣੇ ਨਾਲ ਕਰਮੇ, ਮੀਰੂ, ਦਿਆਲੇ ਨੂੰ ਲਾ ਲਿਆ। ਉਹ ਕੰਮ ਸਿੱਖ ਗਏ ਤਾਂ ਉਨ੍ਹਾਂ ਆਪਣੀਆਂ-ਆਪਣੀਆਂ ਪੱਕੀਆਂ ਕੁੰਨਾਂ ਬਣਾ ਲਈਆਂ। ਦਸਾਂ-ਬਾਰਾਂ ਪਿੰਡਾਂ ਦੀਆਂ ਤਾਜ਼ੀਆਂ ਖਲ੍ਹਾਂ ਇਥੇ ਆਉਣ ਲੱਗੀਆਂ। ਸੁਹਣਾ ਕੰਮ ਚੱਲ ਪਿਆ। ਇਹ ਪਕਾਇਆ ਹੋਇਆ ਚਮੜਾ ਜਲੰਧਰ ਜਾ ਕੇ ਵੇਚਣ ਲੱਗੇ।"



ਉਹ ਇਕ ਪਲ ਲਈ ਰੁਕੇ। ਲਗਾਤਾਰ ਬੋਲਣ ਨਾਲ ਉਨ੍ਹਾਂ ਦਾ ਗਲਾ ਸੁੱਕ ਗਿਆ ਸੀ।

ਕੁਲਵੰਤ ਉਨ੍ਹਾਂ ਕੋਲੋਂ ਛੋਟੇ-ਛੋਟੇ ਪ੍ਰਸ਼ਨ ਪੁੱਛਦਾ। ਉਹ ਵਿਸਥਾਰ 'ਚ ਜਾ ਕੇ ਉਹਦੀ ਤਸੱਲੀ ਕਰਾਉਂਦੇ।

ਉਨ੍ਹਾਂ ਪਾਣੀ ਦੇ ਦੋ ਘੁੱਟ ਪੀਤੇ ਤੇ ਬੀੜੀ ਲਾਈ। ਤਿੰਨਾਂ ਸੂਟਿਆਂ 'ਚ ਖ਼ਤਮ ਕਰ ਦਿੱਤੀ। ਉਹ ਬਹੁਤ ਕੁਝ ਦੱਸਣ ਤੇ ਬਹੁਤ ਘੱਟ ਲੁਕਾਉਣ ਦੇ ਮੂਡ 'ਚ ਆ ਗਏ।

"ਅਗਾਂਹ ਪੁੱਛ?" ਉਹ ਕੁਲਵੰਤ ਨੂੰ ਮੁਖਾਤਬ ਹੋਏ।

ਕਈ ਵਾਰ ਉਨ੍ਹਾਂ ਦੇ ਵੇਰਵਿਆਂ 'ਚ ਦੋਹਰਾਅ ਆ ਜਾਂਦਾ। ਉਹ ਪੁੱਛਦੇ, "ਆਹ ਗੱਲ ਮੈਂ ਤੈਨੂੰ ਪਹਿਲਾਂ ਤਾਂ ਨੀਂ ਦੱਸੀ ਸੀ?"

ਇਹ ਗੱਲ ਵੀ ਉਨ੍ਹਾਂ ਪੰਜਵੀਂ ਵਾਰ ਦੱਸੀ ਸੀ।

ਕੁਲਵੰਤ ਕੁਝ ਹੋਰ ਪੁੱਛਦਾ ਤੇ ਸੁਖਦੇਵ ਟੇਪ ਰਿਕਾਰਡਰ ਦਾ ਰਿਕਾਰਡਿੰਗ ਸਵਿੱਚ ਨੱਪਦਾ, ਉਦੋਂ ਹੀ ਅਗੜ-ਪਿਛੜ ਕਈ ਜਣੇ ਆ ਗਏ। ਉਹ ਤੈਸ਼ 'ਚ ਸਨ। ਉਹ ਸਾਰੇ ਡਾਹਢੇ ਖਿੜ੍ਹਤ ਸਨ। ਉਹ ਥੱਕੇ-ਥੱਕੇ ਲੱਗਦੇ ਸਨ ਜਿੱਦਾਂ ਬਹੁਤ ਦੂਰੋਂ ਆਏ ਹੋਣ। ਤੇ ਇਹ ਉਨ੍ਹਾਂ ਦੀ ਆਖ਼ਰੀ ਮੰਜ਼ਲ ਹੋਵੇ। ਦੋ ਉਨ੍ਹਾਂ ਦੇ ਸੱਜੇ ਪਾਸੇ ਵੱਲ ਬੈਠ ਗਏ। ਤਿੰਨ ਖੱਬੇ ਪਾਸੇ। ਬਾਕੀ ਸਾਹਮਣੇ ਪੈਰਾਂ ਭਾਰ ਬੈਠ ਗਏ।

ਕੁਲਵੰਤ ਕੁਰਸੀ 'ਤੇ ਬੈਠਾ ਸੀ।

ਸੁਖਦੇਵ ਸੂਤੜੀ ਵਾਲੇ ਮੰਜੇ ਦੀ ਬਾਹੀ 'ਤੇ ਬੈਠਾ ਸੀ। ਉਸ ਲੱਤਾਂ ਹੇਠਾਂ ਲਮਕਾਈਆਂ ਸਨ। ਉਹ ਬੱਚਿਆਂ ਵਾਂਗੂੰ ਵਾਰ-ਵਾਰ ਉਨ੍ਹਾਂ ਨੂੰ ਹਿਲਾ ਰਿਹਾ ਸੀ ਜਿੱਦਾਂ ਉਸ ਨੂੰ ਕੋਈ ਅਚੋਤਾਈ ਲੱਗੀ ਹੋਵੇ। ਜਿੱਦਾਂ ਉਹਦਾ ਮਨ ਕਾਹਲਾ ਪੈ ਰਿਹਾ ਹੋਵੇ। ਆਉਣ ਵਾਲਿਆਂ 'ਚੋਂ ਕਿਸੇ ਨੇ ਵੀ ਬੋਲਣ/ਦੱਸਣ ਦੀ ਪਹਿਲ ਨਾ ਕੀਤੀ।

"ਕਰਮਿਆ...?" ਬਾਬਾ ਜੀ ਨੇ ਦੋ ਕੁ ਮਿੰਟ ਮਗਰੋਂ ਕਰਮੇ ਦੀ ਬਾਂਹ ਫੜ ਕੇ ਪੁੱਛਿਆ।

"ਆਹੋ।"

"ਤੇਰੇ ਨਾਲ ਹੋਰ ਕੌਣ-ਕੌਣ ਆਇਆ?"

"ਘਰ ਦੇ ਬੰਦੇ ਈ ਆ।"

"ਉਹ ਤਾਂ ਮੈਨੂੰ ਪਤਾ। ਹੋਰ ਮੈਨੂੰ ਪਿੰਡੋਂ ਕਿਹਨੇ ਮਿਲਣ ਆਉਣਾ। ਤੁਹਾਡੀ ਗੱਲਬਾਤ ਕਿਸੇ ਸਿਰੇ ਚੜ੍ਹੇ ਲੱਗੀ?"

ਕਰਮੇ ਨੇ ਵਿਸਥਾਰ 'ਚ ਬੀਤਿਆ-ਹੋਇਆ ਸੁਣਾਇਆ।

ਉਨ੍ਹਾਂ ਸਮਝਾਉਂਦਿਆਂ ਕਿਹਾ, "ਧੀਰਜ ਰੱਖ। ਕੋਈ ਨਾ ਕੋਈ ਹੱਲ ਕੱਢਦੇ ਆਂ।"

"ਫੇਰ ਮੈਂ ਆਪਣਾ ਮਕਾਨ ਢੁਆਂ ਲਵਾਂ," ਹਰੀ ਰਾਮ ਨੇ ਅੱਖ ਮੰਨਦਿਆਂ ਕਿਹਾ। ਜੇ ਪਰਸੋਂ ਨੂੰ ਪਿੰਡ ਵਾਲੇ ਛੱਪੜ 'ਚੋਂ ਮਿੱਟੀ ਚੁੱਕਦੇ ਤਾਂ ਸਭ ਤੋਂ ਪਹਿਲਾਂ ਨੁਕਸਾਨ ਉਸੇ ਦਾ ਹੋਣਾ ਸੀ। ਕਈ ਸਾਲ ਪਹਿਲਾਂ ਵੀ ਪਿੰਡ ਵਾਲਿਆਂ ਨੇ ਜ਼ੋਰ ਜ਼ਬਰਦਸਤੀ ਕਰਕੇ ਮਿੱਟੀਨੁਮਾ ਰੂੜੀ ਚੁੱਕੀ ਸੀ ਤਾਂ ਬਰਸਾਤਾਂ 'ਚ ਹਰੀ ਰਾਮ ਦੇ ਘਰ ਅੱਗੋਂ ਦੀ ਜਾਂਦੇ ਰਾਹ 'ਚ ਖਾਲ ਪੈ ਕੇ ਕਾਫ਼ੀ ਵੱਡਾ

ਪਾੜ ਪੈ ਗਿਆ ਸੀ ਜਿਸ ਨੇ ਨਵੀਂ ਆਬਾਦੀ ਨੂੰ ਜਾਂਦੇ ਰਾਹ ਨੂੰ ਬੰਦ ਕਰ ਦਿੱਤਾ ਸੀ। ਉਹਦੇ ਘਰ ਦੀ ਮੋਹਰਲੀ ਕੰਧ ਢਹਿ ਗਈ ਸੀ। ਪਿਛਲੇ ਦਾਲਾਨ ਦੀਆਂ ਮੋਹਰਲੀਆਂ ਕੰਧਾਂ 'ਚ ਵੀ ਤ੍ਰੇੜਾਂ ਆ ਗਈਆਂ ਸਨ।

"ਛੱਪੜ ਸ਼ਾਮਲਾਟ 'ਚ ਪੈਂਦਾ। ਇਹਦੀ ਮਲਕੀਅਤ ਪੰਚਾਇਤ ਕੋਲ ਹੁੰਦੀ ਆ।"

"ਪੰਚਾਇਤ ਕੋਲ ਨ੍ਹੀਂ। ਪਿੰਡ ਦੇ ਜ਼ਿਮੀਂਦਾਰਾਂ ਕੋਲ ਆ।"

"ਨ੍ਹੀਂ-ਪੰਚਾਇਤ ਕੋਲ ਆ।"

"ਸੁਖਦੇਵ- ਮੇਰੇ ਪਛਾੜੀ ਪੜਛੱਤੀ 'ਤੇ ਪੰਚਾਇਤੀ ਐਕਟ ਬਾਰੇ ਕਿਤਾਬ ਪਈ। ਉਹ ਪੜ੍ਹ ਕੇ ਦੱਸ ਕਿ ਸ਼ਾਮਲਾਟ ਦਾ ਕੀ ਮਆਇਣਾ ਹੁੰਦਾ।"

ਸੁਖਦੇਵ ਨੇ ਧੂੜ ਨਾਲ ਭਰੀ ਕਿਤਾਬ ਚੁੱਕੀ। ਝਾੜੀ। ਕਈ ਚਿੱਟੇ-ਚਿੱਟੇ ਜੀਵ ਨਿਕਲੇ/ਦੌੜੇ। ਕਈ ਥਾਂ ਮੋਰੀਆਂ ਹੋਈਆਂ ਸਨ। ਸ਼ਾਇਦ ਇਹਨੂੰ ਕਦੇ ਦੇਖਣ ਦੀ ਲੋੜ ਹੀ ਨਹੀਂ ਪਈ ਸੀ। ਕਿਤਾਬ ਦਾ ਨਾਂ ਸੀ-ਪੰਜਾਬ ਗਰਾਮ ਪੰਚਾਇਤ ਐਕਟ। ਉਸ 'ਸ਼ਾਮਲਾਟ' ਸ਼ਬਦ ਦੇ ਅਰਥ ਲੱਭੇ, "ਬਾਬਾ ਜੀ-ਲਿਖਿਆ-ਸ਼ਾਮਲਾਟ ਦਾ ਭਾਵ ਅਜਿਹੀ ਜ਼ਮੀਨ ਹੈ ਜਿਹੜੀ ਕਿਸੇ ਵਿਅਕਤੀ ਦੀ ਨਿਵੇਕਲੀ ਵਰਤੋਂ ਵਿਚ ਨਾ ਹੋਵੇ ਅਤੇ ਦਸਤੂਰ, ਰਿਵਾਜ ਜਾਂ ਪ੍ਰਾਚੀਨ ਰੀਤੀ ਕਾਰਨ ਪਿੰਡਵਾਸੀਆਂ ਦੇ ਸਾਂਝੇ ਮੰਤਵਾਂ ਲਈ ਰਾਖਵੀਂ ਰੱਖੀ ਗਈ ਹੋਵੇ ਜਾਂ ਅਜਿਹੇ ਮੰਤਵਾਂ ਲਈ ਪ੍ਰਾਪਤ ਕੀਤੀ ਗਈ ਹੋਵੇ।"

ਕੁਝ ਪਲਾਂ ਲਈ ਚੁੱਪ ਪਸਰ ਗਈ।

ਹਰੀ ਰਾਮ ਬੋਲਿਆ, "ਇਹ ਥਾਂ ਸਾਰਿਆਂ ਦੀ ਸਾਂਝੀ ਆ। ਜਿੰਨਾ ਇਹ ਤੇ ਹੱਕ ਸਾਡਾ ਆ-ਉਂਨਾ ਕਿਸੇ ਦੂਜੇ ਦਾ ਕਿੱਦਾਂ ਹੋ ਸਕਦਾ। ਆਹ ਕਿਤਾਬ ਵੀ ਇਹੀ ਕੁਛ ਕਹਿੰਦੀ ਆ।"

"ਤੁਹਾਡੀ ਸਰਪੰਚ ਨਾਲ ਦੋਬਾਰਾ ਮੀਟਿੰਗ ਨ੍ਹੀਂ ਹੋਈ ?" ਬਾਬਾ ਜੀ ਨੇ ਉੱਚੀ ਆਵਾਜ਼ 'ਚ ਪੁੱਛਿਆ।

"ਨ੍ਹੀਂ...ਨ੍ਹੀਂ...ਅਸੀਂ ਕਿਉਂ ਕਰੀਏ ?"

ਇਹ ਜਿਹੜੀਆਂ ਗੱਲਾਂ ਉਹ ਦੱਸ ਰਹੇ ਸਨ-ਇਹ ਤਾਂ ਪਿੱਛਲੇ ਅੱਠ ਦਸ ਦਿਨਾਂ ਤੋਂ ਐਦਾਂ ਹੀ ਚੱਲ ਰਹੀਆਂ ਸਨ। ਬਸ, ਇਨ੍ਹਾਂ 'ਚ ਉੱਨੀ-ਇੱਕੀ ਦਾ ਫ਼ਰਕ ਆਇਆ ਹੋਣਾ। ਉਹ ਇਨ੍ਹਾਂ ਦੀ ਕਾਂਵਾਂਰੌਲੀ ਤੋਂ ਉਕਤਾ ਗਏ। ਉਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਇਹ ਵੇਲਾ ਗੁੱਸੇ ਦਾ ਨਹੀਂ ਸੀ। ਠਰੰਮੇ ਨਾਲ ਸੋਚਣ ਦਾ ਸੀ। ਝਗੜੇ 'ਚ ਹਾਰ ਜਾਣ ਦਾ ਖਦਸ਼ਾ ਹੁੰਦਾ। ਉਨ੍ਹਾਂ ਨੂੰ ਇਸ ਗੱਲ ਦਾ ਵੀ ਪਤਾ ਸੀ ਕਿ ਇਹ ਲੋਕ ਘੜੀ ਪਲ ਲਈ ਆਤਸ਼ਬਾਜ਼ੀ ਵਰਗਾ ਜਲਵਾ ਵਿਖਾਉਂਦੇ ਹਨ। ਵੇਰ ਲਿੱਦ ਕਰ ਦਿੰਦੇ ਹਨ। ਇਨ੍ਹਾਂ ਕੋਲ ਵਿਚ-ਵਿਚਾਲੇ ਵਾਲਾ ਕੋਈ ਰਸਤਾ ਨਹੀਂ ਹੁੰਦਾ। ਇਨ੍ਹਾਂ ਨੇ ਇਹੀ ਕੁਝ ਸਿੱਖਿਆ ਹੈ। ਇਨ੍ਹਾਂ ਨੂੰ ਇਹੀ ਕੁਝ ਸਿਖਾਇਆ ਗਿਆ ਹੈ। ਬਾਬਾ ਜੀ ਕੋਈ ਅਜਿਹਾ ਹੱਲ ਚਾਹੁੰਦੇ ਸਨ ਜਿਸ ਨਾਲ ਸੱਪ ਵੀ ਮਰ ਜਾਵੇ, ਲਾਠੀ ਵੀ ਨਾ ਟੁੱਟੇ। ਜਿਵੇਂ ਕਿ ਪਹਿਲਾਂ ਵੀ ਹੁੰਦਾ ਸੀ, ਉਂਦਾਂ ਹੀ ਉਨ੍ਹਾਂ ਪਹਿਲੇ ਦਿਨ ਕਿਹਾ ਸੀ ਕਿ ਪੰਜ ਬੰਦੇ ਵਿੱਚਰ ਦੇ ਪਾ ਲਉ। ਪੰਜ ਉਧਰਲਿਆਂ ਨੂੰ ਬੁਲਾ ਲਉ। ਇਸੇ ਨਾਲ ਕੋਈ ਹੱਲ ਨਿਕਲ ਪੈਣਾ। ਉਨ੍ਹਾਂ ਦਾ ਕਿਹਾ ਕਿਸ ਮੋੜਨਾ ਸੀ। ਲੰਬੜਦਾਰ ਬਖਸ਼ੀਸ਼ ਸਿੰਘ ਦੀ ਕੋਠੀ 'ਚ ਦੋਵੇਂ ਧਿਰਾਂ ਮਿਲ ਬੈਠੀਆਂ। ਪਰ



ਉਨ੍ਹਾਂ 'ਚੋਂ ਕੋਈ ਵੀ ਆਪਣੇ ਪਹਿਲਾਂ ਲਏ ਫ਼ੈਸਲੇ ਤੋਂ ਪਿੱਛੇ ਮੁੜਣ ਨੂੰ ਰਾਜ਼ੀ ਨਾ ਹੋਇਆ। ਪਿੰਡ ਵਾਲੇ ਆਪਣੀ ਜਗ੍ਹਾ ਸੱਚੇ ਸਨ ਕਿ ਸ਼ਾਮਲਾਟ ਦੀ ਜ਼ਮੀਨ ਉਨ੍ਹਾਂ ਦੇ ਬਜ਼ੁਰਗਾਂ ਦੀ ਛੱਡੀ ਹੋਈ ਹੈ। ਇਸ 'ਤੇ ਪਹਿਲਾ ਹੱਕ ਉਨ੍ਹਾਂ ਦਾ ਹੀ ਹੈ। ਉਨ੍ਹਾਂ ਅੱਗੇ ਇਸ ਦਾ ਪ੍ਰਤੱਖ ਪ੍ਰਮਾਣ ਸੀ। ਝਿੜੀ 'ਚ ਪੈਂਦੇ ਪੰਜ ਖੇਤ। ਜਦੋਂ ਪੰਚਾਇਤ ਨੇ ਇਨ੍ਹਾਂ ਨੂੰ ਵੇਚਣ ਦਾ ਫ਼ੈਸਲਾ ਕੀਤਾ ਤਾਂ ਉਦੋਂ ਇਸ ਜ਼ਮੀਨ ਦਾ ਮੁੱਲ ਪਿਆ ਸੀ। ਘਰ ਭਰਤੀ ਪੰਦਰਾਂ-ਪੰਦਰਾਂ ਹਜ਼ਾਰ ਹਿੱਸੇ ਆਇਆ ਸੀ। ਉਦੋਂ ਨਵੀਂ ਆਬਾਦੀ ਵਾਲੇ ਕੁਸਕੇ ਨਹੀਂ ਸਨ। ਹੁਣ ਨਵੀਂ ਆਬਾਦੀ ਵਾਲਿਆਂ ਨੇ ਇਥੋਂ ਤੀਕ ਕਹਿ ਦਿੱਤਾ ਸੀ ਕਿ ਜੇ ਉਹ ਜ਼ੋਰ-ਜ਼ਬਰਦਸਤੀ ਕਰਨਗੇ ਤਾਂ ਉਹ ਕੋਰਟ 'ਚੋਂ ਸਟੇਅ ਲੈ ਆਉਣਗੇ ਕਿਉਂਕਿ ਛੱਪੜ ਦੀ ਕੂੜੀਨੁਮਾ ਮਿੱਟੀ ਉਨ੍ਹਾਂ ਦੀ ਆਪਣੀ ਹੈ। ਇਹ ਉਨ੍ਹਾਂ ਦੇ ਘਰਾਂ ਦੇ ਗੰਦ ਤੇ ਕੁੰਨਾ ਦੀ ਰਹਿੰਦ-ਖੂਹਦ ਨਾਲ ਚੰਗੀ ਬਣੀ ਮਿੱਟੀਨੁਮਾ ਰੂੜੀ ਹੈ ਜਿਸ ਦਾ ਮੁੱਲ ਪੈਣਾ ਚਾਹੀਦਾ ਹੈ। ਗੱਲ ਕਿਸੇ ਸਿਰੇ ਨਾ ਲੱਗੀ ਤਾਂ ਲੰਬੜਦਾਰ ਨੇ ਬਾਬਾ ਜੀ ਨੂੰ ਬੁਲਾਉਣ ਲਈ ਕਿਹਾ ਸੀ ਜਿਸ ਨੂੰ ਕਰਮੇ ਨੇ ਇਹ ਕਹਿ ਕੇ ਖਾਰਜ ਕਰ ਦਿੱਤਾ ਸੀ ਕਿ ਉਸ ਨੂੰ ਆਪ ਉਨ੍ਹਾਂ ਕੋਲ ਜਾਣਾ ਚਾਹੀਦਾ ਹੈ।

"ਉਸ ਕੰਜਰ ਨੇ ਆਪਣੀ ਹਿੰਡ ਪਗਾਉਣੀ ਹੁੰਦੀ।" ਦਰਸ਼ਨ ਉੱਠ ਕੇ ਖੜ ਗਿਆ।

"ਦਰਸ਼ਨਾ ਗੁੱਸੇ 'ਚ ਨੁਕਸਾਨ ਹੁੰਦਾ। ਮੈਨੂੰ ਸਰਪੰਚ ਨਾਲ ਮਿਲਾਉ। ਮੈਂ ਉਹਦੇ ਨਾਲ ਗੱਲ ਕਰਦਾਂ।"

"ਸਾਡੀ ਤਾਂ ਲੋਹੇ 'ਤੇ ਲੀਕ ਆ ਕਿ ਮਿੱਟੀ ਵਰੀ 'ਚ ਨ੍ਹੀਂ ਚੁੱਕਣ ਦੇਣੀ।"

"ਮੈਂ ਕਦੋਂ ਕਹਿਣਾ ਮੁਫ਼ਤ ਚੁੱਕਣ," ਬਾਬਾ ਜੀ ਨੇ ਉਨ੍ਹਾਂ ਦੀ ਹਾਂ 'ਚ ਹਾਂ ਮਿਲਾਈ।

ਸਾਰੇ ਚੁੱਪ ਕਰ ਗਏ।

"ਹੁਕਮਿਆ ਮੈਨੂੰ ਚਿਲਮ ਧਰ ਕੇ ਦੇ," ਉਨ੍ਹਾਂ ਕੁਝ ਡੂੰਘਾ ਸੋਚਦਿਆਂ ਕਿਹਾ।

ਉਨ੍ਹਾਂ ਦੀ ਚਿਲਮ ਭਰਣ 'ਚ ਪੰਜ ਮਿੰਟ ਲੱਗ ਗਏ।

ਉਨ੍ਹਾਂ ਦੋ-ਤਿੰਨ ਭਰਵੇਂ ਘੁੱਟ ਖਿੱਚੇ। ਸੰਘੀ 'ਚ ਖਾਂਸ ਕੀਤੀ। ਕੁਝ ਯਾਦ ਆਇਆ। ਉਨ੍ਹਾਂ ਝਟਪਟ ਕਿਹਾ, "ਕੋਈ ਜਣਾ ਮੇਰੀ ਸੁਰਿੰਦਰ ਨਾਲ ਗੱਲ ਕਰਾਉ।" ਉਨ੍ਹਾਂ ਨੇ ਆਪਣੇ ਆਪ ਨੂੰ ਕਿਹਾ ਕਿ ਉਨ੍ਹਾਂ ਨੂੰ ਸੁਰਿੰਦਰ ਦੀ ਪਹਿਲਾਂ ਯਾਦ ਕਿਉਂ ਨਾ ਆਈ। ਹੁਣ ਤਕ ਤਾਂ ਇਹ ਮਸਲਾ ਹੱਲ ਹੋ ਜਾਣਾ ਸੀ।

"ਐਸ ਵੇਲੇ ਤਾਂ ਕੈਲੇਫੋਰਨੀਆਂ 'ਚ ਰਾਤ ਹੋਣੀ ਆ।"

"ਮੈਨੂੰ ਇਕ ਵਾਰ ਸੁਰਿੰਦਰ ਨਾਲ ਗੱਲ ਕਰ ਲੈਣ ਦਿਉ," ਬਾਬਾ ਜੀ ਨੇ ਕਿਹਾ।

ਉਹ ਇਕ-ਇਕ ਕਰਕੇ ਸਾਰੇ ਚਲੇ ਗਏ।

***

ਇਸ ਵਾਰ ਕੁਲਵੰਤ ਇਸ ਆਸੇ ਨਾਲ ਆਇਆ ਸੀ ਕਿ ਉਹ ਉਨ੍ਹਾਂ ਕੋਲੋਂ ਉਸ ਵੇਲੇ ਦਾ ਸੱਚ ਜਾਣੇਗਾ ਜਦੋਂ ਲੋਕ ਮਰੇ ਪਸ਼ੂਆਂ ਦਾ ਮਾਸ ਖਾਂਦੇ ਸਨ। ਪੱਤ 'ਚੋਂ ਲਾਹੀ ਮੈਲ ਪੀਂਦੇ ਸਨ। ਪਸ਼ੂਆਂ ਦੇ ਗੋਹੇ-ਮੂਤ ਵਾਲੀ ਮਿੱਟੀ ਨਾਲ ਕੱਪੜੇ ਧੋਂਦੇ ਸਨ। ਪਰ ਛੱਪੜ ਦੇ ਉੱਠ ਖੜੇ ਮਸਲੇ ਨੇ ਗੱਲ ਹੋਰ ਹੀ ਪਾਸੇ ਤੋਰ ਦਿੱਤੀ ਸੀ।

ਬਾਬਾ ਜੀ ਦੀ ਬਿਰਤੀ ਉੱਖੜੀ ਪਈ ਸੀ। ਪਹਿਲਾਂ ਉਨ੍ਹਾਂ ਦੇ ਮਨ 'ਤੇ ਛੱਪੜ ਭਾਰੂ ਸੀ। ਹੁਣ ਸੁਰਿੰਦਰ। ਉਨ੍ਹਾਂ ਦੱਸਣਾ ਸ਼ੁਰੂ ਕੀਤਾ, "ਸੁਰਿੰਦਰ ਬਹੁਤ ਸਿਆਣਾ ਮੁੰਡਾ। ਬਹੁਤ ਹੀ ਜ਼ਿਆਦਾ। ਉਹ ਦੀ ਜਿੰਨੀ ਸਿਫ਼ਤ ਕਰਲਾਂ-ਉੱਨੀ ਥੋੜ੍ਹੀ। ਮੇਰੇ ਲਈ ਇਸ ਵੇਲੇ ਦੋ ਜਣੇ ਬਹੁਤ ਖ਼ਾਸ ਆ। ਇਹ ਦੋਵੇਂ ਮੈਥੋਂ ਬਹੁਤ ਛੋਟੀ ਉਮਰ ਦੇ ਆ। ਇਕ ਨੂੰ ਮੈਂ ਮਿਲਿਆ ਨ੍ਹੀਂ-ਸਿਰਫ਼ ਉਨ੍ਹਾਂ ਦੀ ਆਵਾਜ਼ ਸੁਣੀ ਆ। ਦੂਜਾ ਸਾਡੇ ਆਪਣੇ ਖ਼ੂਨ 'ਚੋਂ ਆ। ਇਕ ਕਾਂਸ਼ੀ ਰਾਮ ਆ ਜਿਹਨੇ ਸਾਡੇ ਸੁੱਤੇ ਪਏ ਲੋਕਾਂ ਨੂੰ ਉਠਾਇਆ। ਉਨ੍ਹਾਂ ਨੂੰ ਵੋਟ ਦਾ ਮੁੱਲ ਦੱਸਿਆ। ਕਾਂਗਰਸ ਦੇ ਚੁੰਗਲ 'ਚੋਂ ਛੁਡਾਇਆ। ਮਸਾਲ ਤੁਹਾਡੇ ਸਾਹਮਣੇ ਆ। ਸਾਡੀ ਧੀ ਮਾਇਆਵਤੀ ਯੂ.ਪੀ. 'ਚ ਮੁੱਖ ਮੰਤਰੀ ਬਣੀ। ਕਾਂਸ਼ੀ ਰਾਮ ਨੇ ਆਪਣੀ ਹਿੱਕ ਦੇ ਜ਼ੋਰ ਨਾਲ ਉਹਨੂੰ ਇਹ ਕੁਰਸੀ ਦਵਾਈ। ਸਾਡੀ ਆਪਣੀ ਮਾਇਆਵਤੀ। ਉਸ ਯੂਪੀ 'ਚ ਬਹਿਜਾ-ਬਹਿਜਾ ਕਰਾ ਦਿੱਤੀ। ਹਾਥੀ ਵਾਲੇ ਪਾਰਕ ਬਣਾਏ। ਮਾਇਆਵਤੀ ਇਕ ਦਿਨ ਇਸ ਦੇਸ਼ ਦੀ ਪ੍ਰਧਾਨ ਮੰਤਰੀ ਬਣੂਗੀ-ਤੂੰ ਮੇਰੀ ਇਹ ਗੱਲ ਨੋਟ ਕਰ ਲੈ। ਪ੍ਰਧਾਨ ਮੰਤਰੀ ਤਾਂ ਬਾਬੂ ਜਗਜੀਵਨ ਰਾਮ ਨੇ ਵੀ ਬਣ ਜਾਣਾ ਸੀ। ਪਰ ਇੰਦਰਾ ਧੋਖਾ ਦੇ ਗਈ। ਕਾਂਗਰਸੀ ਦਗਾ ਕਮਾ ਗਏ। ਅਗਲੇ ਜਾਵਾਂ ਸੁਰਿੰਦਰ ਦੇ ਜਿਹਨੇ ਮੈਨੂੰ ਇਸ ਗੱਲ ਦਾ ਅਹਿਸਾਸ ਕਰਵਾਇਆ ਕਿ ਇਹ ਸਾਡਾ ਆਪਣਾ ਪਿੰਡ ਆ। ਸਾਡੀ ਵੀ ਸਮਾਜ 'ਚ ਕੋਈ ਥਾਂ ਆ। ਅਸੀਂ ਵੀ ਪਿੰਡ ਦੇ ਕੁਝ ਲੱਗਦੇ ਆ। ਇਸ ਤੋਂ ਪਹਿਲਾਂ ਜੇ ਕੋਈ ਮੁੰਡਾ ਕੁਸਕਦਾ ਸੀ, ਕੋਈ ਜ਼ਿਮੀਦਾਰਾਂ ਦੇ ਵਿਰੋਧ 'ਚ ਖੜਦਾ ਸੀ ਤਾਂ ਉਹ ਫਤਵਾ ਜਾਰੀ ਕਰ ਦਿੰਦੇ ਸਨ-'ਬੰਦਾ ਬਣ ਕੇ ਰਹਿ। ਨ੍ਹੀਂ ਤਾਂ ਪਿੰਡ 'ਚੋਂ ਤੇਰੀ ਚੰਗੀ ਭਲੀ ਚੱਕਾ ਦੇਣੀ।' ਸਾਨੂੰ ਲੱਗਦਾ ਹੀ ਨ੍ਹੀਂ ਸੀ ਕਿ ਇਹ ਸਾਡਾ ਵੀ ਪਿੰਡ ਆ। ਸਾਡਾ ਇਸ 'ਚ ਕੋਈ ਹਿੱਸਾ ਆ। ਸਾਡਾ ਵੀ ਕੋਈ ਮੁੱਲ ਆ। ਅਸੀਂ ਤਾਂ ਸਿਰਫ਼ ਇਨ੍ਹਾਂ ਲਈ ਕੰਮੀ-ਕਮੀਣ ਸੀ। ਇਨ੍ਹਾਂ ਦੇ ਇਸ਼ਾਰੇ 'ਤੇ ਨੱਚਣ ਵਾਲੀਆਂ ਪੁਤਲੀਆਂ ਸੀ। ਸਾਡੀ ਆਪਣੀ ਕੋਈ ਇੱਜ਼ਤ ਨ੍ਹੀਂ ਸੀ। ਸਾਡੀ ਕੋਈ ਇੱਛਾ ਨ੍ਹੀਂ ਸੀ। ਸਾਨੂੰ ਇਨ੍ਹਾਂ ਦੇ ਖੇਤਾਂ 'ਚ ਜੰਗਲ ਪਾਣੀ ਲਈ ਜਾਣਾ ਪੈਂਦਾ ਸੀ। ਸਾਡੀਆਂ ਔਰਤਾਂ ਘਾਹ-ਪੱਠਿਆਂ ਲਈ ਬਾਹਰ-ਅੰਦਰ ਜਾਂਦੀਆਂ ਸੀ। ਸਾਗ-ਸਬਜ਼ੀ ਭਾਜੀ ਇਥੋਂ ਹੀ ਮਿਲਦੀ ਸੀ। ਇਹ ਸਾਡੇ ਅੰਨਦਾਤਾ ਸਨ। ਸਾਡੇ ਰਹਿਨੁਮਾਂ ਸਨ। ਇਹੀ ਸਰਪੰਚ ਬਣਦੇ ਸੀ। ਇਨ੍ਹਾਂ ਦੀ ਹੀ ਪੰਚਾਇਤ ਹੁੰਦੀ ਸੀ। ਇਨ੍ਹਾਂ ਦਾ ਕਿਹਾ ਕਾਨੂੰਨ ਵਰਗਾ ਹੁੰਦਾ ਸੀ। ਜੇ ਕਿਤੇ ਕੋਈ ਪੰਚ ਬਣਿਆ ਵੀ ਤਾਂ ਉਸ ਉਹੀ ਕੀਤਾ ਜੋ ਇਨ੍ਹਾਂ ਕਿਹਾ, ਜੋ ਇਨ੍ਹਾਂ ਦੱਸਿਆ। ਸੁਰਿੰਦਰ ਫਰਿਸ਼ਤਾ ਬਣ ਕੇ ਬਹੁੜਿਆ। ਜਿਹੜੀ ਪਿੰਡ ਵੱਲੋਂ ਨਵੀਂ ਆਬਾਦੀ ਨੂੰ ਸੜਕ ਆਉਂਦੀ-ਉਸ ਨੇ ਉਸ ਦਾ ਨਾਂ ਅੰਬੇਡਕਰ ਰੋਡ ਰੱਖਿਆ। ਅੰਬੇਡਕਰ ਦੇ ਨਾਂ ਦਾ ਪੱਥਰ ਲੱਗਵਾਇਆ। ਇਹਦਾ ਉਦਘਾਟਨ ਬਾਬੂ ਭਗਤ ਰਾਮ ਨੇ ਕੀਤਾ ਸੀ। ਪਿੰਡ ਵਾਲਿਆਂ ਦੀ ਹਿੰਮਤ ਨ੍ਹੀਂ ਪਈ-ਇਹਨੂੰ ਹਿਲਾਉਣ ਦੀ। ਸੁਰਿੰਦਰ ਹਮੇਸ਼ਾ ਹੀ ਰੱਬ ਬਣ ਕੇ ਬਹੁੜਿਆ। ਸਾਡੀਆਂ ਔਕੜਾਂ, ਦੁੱਖਾਂ-ਸੁਖਾਂ, ਖ਼ੁਸ਼ੀਆਂ-ਗ਼ਮੀਆਂ ਦਾ ਭਾਈਵਾਲ। ਜਦੋਂ ਇੱਧਰ ਸੀ-ਉਦੋਂ ਵੀ-ਜਦੋਂ ਅਮਰੀਕਾ ਚਲਿਆ ਗਿਆ ਉਹ ਇਹ ਸਮਝਣ ਲੱਗ ਪਿਆ ਕਿ ਉਹਦੀ ਜ਼ਿੰਮੇਵਾਰੀ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਵਧ ਗਈ। ਉਹ ਮਹੀਨੇ 'ਚ ਦੋ-ਤਿੰਨ ਵਾਰ ਕਿਸੇ ਨਾ ਕਿਸੇ ਘਰ ਫੋਨ ਕਰਕੇ ਪਿੰਡ ਦੀ ਖ਼ਬਰਸਾਰ ਪੁੱਛ ਲੈਂਦਾ। ਮੇਰੇ ਨਾਲ ਵੀ ਗੱਲਾਂ ਕਰਦਾ। ਆਖ਼ਿਰ 'ਚ ਕਹਿੰਦਾ-



'ਤੁਸੀਂ ਕਿਸੇ ਖੱਬੀਖ਼ਾਨ ਦੀ ਪ੍ਰਵਾਹ ਨ੍ਹੀਂ ਕਰਨੀ। ਜਦੋਂ ਵੀ ਆਵਾਜ਼ ਮਾਰੋ-ਮੈਂ ਦੌੜਾ ਆਊਂਗਾ। ਬਾਬਾ ਜੀ-ਤੁਸੀਂ ਸਿਆਣੇ ਹੋ। ਸਾਡੇ ਬਜ਼ੁਰਗ ਹੋ....।"

ਸੁਰਿੰਦਰ ਦੀ ਆਲੀਸ਼ਾਨ ਕੋਠੀ ਹੈ। ਕੋਠੀ ਕਾਹਦੀ-ਮਹੱਲ ਹੈ। ਜਦੋਂ ਵੀ ਕੁਲਵੰਤ ਆਉਂਦਾ-ਉਹ ਇਸੇ ਕੋਠੀ 'ਚ ਰਹਿੰਦਾ ਹੈ। ਇਹ ਪਿੰਡ ਤੇ ਨਵੀਂ ਆਬਾਦੀ ਦੇ ਐਨ ਵਿਚਕਾਰ ਹੈ। ਕਿਸੇ ਦੇ ਵਿਆਹ ਹੋਵੇ ਜਾਂ ਕੋਈ ਹੋਰ ਦਿਨ-ਸੁਧ ਹੋਵੇ-ਚਾਨਣ ਰਾਮ ਸਾਰੇ ਦਰਵਾਜ਼ੇ ਖੁੱਲ੍ਹਵਾ ਦਿੰਦਾ। ਉਹ ਇਕੱਲਾ ਰਹਿੰਦਾ ਹੈ। ਅੱਜ ਕੱਲ੍ਹ ਭਾਨੋ ਅਮਰੀਕਾ ਗਈ ਹੈ। ਉਸ ਆਪਣੀ ਰੋਟੀ ਟੁਕ ਲਈ ਕਰਮੋ ਦੀ ਕੁੜੀ ਰੱਖੀ ਹੈ। ਇਸ ਕੋਠੀ 'ਤੇ ਸੁਰਿੰਦਰ ਨੇ ਦੋ ਕਰੋੜ ਰੁਪਈਆ ਖਰਚਿਆ। ਉਸ ਚੰਡੀਗੜ੍ਹ ਰਹਿੰਦੇ ਆਪਣੇ ਗਭਲੇ ਸਾਲੇ ਰਮੇਸ਼ ਨੂੰ ਉਸ ਦੇ ਦਫ਼ਤਰੋਂ ਦੋ ਸਾਲ ਦੀ ਛੁੱਟੀ ਕਰਵਾਈ ਸੀ। "ਛੋਟੇ ਭਾਈ-ਪਹਿਲਾਂ ਤੂੰ ਇਨੋਵਾ ਕਾਰ ਕੱਢਵਾ। ਨਵੇਂ ਮਾਡਲ ਦੀ। ਆਲੇ-ਦੁਆਲੇ ਦੇ ਵੀਹ ਪਿੰਡ ਘੁੰਮ-ਫਿਰ ਕੇ ਦੇਖ। ਮੈਂ ਜਿਹੜੀ ਕੋਠੀ ਬਣਾਉਣੀ ਆ, ਉਹ ਇਨ੍ਹਾਂ ਤੋਂ ਵੱਖਰੀ ਤੇ ਆਲੀਸ਼ਾਨ ਹੋਣੀ ਚਾਹੀਦੀ ਆ। ਪੈਸਿਆਂ ਦੀ ਕਿਰਸ ਨ੍ਹੀਂ ਕਰਨੀ। ਇਹ ਮੇਰਾ ਜ਼ੁੰਮਾ-ਮੈਂ ਜਾਣਾਂ-ਮੇਰਾ ਕੰਮ ਜਾਣੇ। ਮੈਨੂੰ ਕੋਠੀ ਦਾ ਨਕਸ਼ਾ ਬਣਾ ਕੇ ਭੇਜ।" ਰਮੇਸ਼ ਦਾ ਸ਼ਹਿਰੀ ਮਨ ਬੋਲਿਆ ਸੀ, "ਭਾਜੀ-ਪਿੰਡ 'ਚ ਐਨੇ ਪੈਸੇ ਲਾਉਣ ਦਾ ਕੋਈ ਫਾਇਦਾ ਨ੍ਹੀਂ ਹੋਣਾ। ਤੁਸੀਂ ਸਾਲ 'ਚ ਇਕ-ਅੱਧ ਵਾਰ ਆਉਣਾ ਹੁੰਦਾ-ਬੱਚਿਆਂ ਨੇ ਉਹ ਵੀ ਨ੍ਹੀਂ ਆਉਣਾ। ਜੇ ਫੇਰ ਵੀ ਪੈਸੇ ਲਾਉਣੇ ਤਾਂ ਚੰਡੀਗੜ੍ਹ ਜਾਂ ਮੋਹਾਲੀ 'ਚ ਲਾਉ-ਉਥੇ ਜਾਇਦਾਦ ਦਾ ਮੁੱਲ ਵਧਣਾ।" ਸੁਰਿੰਦਰ ਦਾ ਕਹਿਣਾ ਸੀ, "ਤੂੰ ਸ਼ਹਿਰ 'ਚ ਜੰਮਿਆ-ਪਲਿਆ। ਜੋ ਠੁੱਕ ਪਿੰਡ 'ਚ ਬੱਝਣਾ-ਉਹ ਸ਼ਹਿਰ 'ਚ ਕਿੱਥੇ।"

***

ਅਜਿਹਾ ਇਕ ਵਾਰ ਪਹਿਲਾਂ ਵੀ ਹੋ ਚੁੱਕਾ ਹੈ।

ਸੁਰਿੰਦਰ ਨੇ ਸਰਪੰਚ ਨਾਲ ਫੋਨ 'ਤੇ ਸਲਾਹ ਮਾਰੀ ਸੀ, "ਤਾਇਆ ਜੀ-ਜੇ ਬੱਸ ਸਟੈਂਡ 'ਤੇ ਗੇਟ ਬਣ ਜਾਵੇ?"

"ਗੇਟ ਤਾਂ ਚਾਹੀਦਾ। ਪਿੰਡ ਦੀ ਸ਼ਾਨ ਗੇਟ ਨਾਲ ਵਧ ਜਾਣੀ। ਤੂੰ ਮੇਰੇ ਮਨ ਦੀ ਗੱਲ ਕੀਤੀ। ਮੈਂ ਜਦੋਂ ਲਾਗਲੇ-ਬਾਗਲੇ ਪਿੰਡਾਂ ਦੇ ਗੇਟ ਦੇਖਦਾਂ ਤਾਂ ਮਨ ਕਰਦਾ-ਸਾਡੇ ਪਿੰਡ ਦਾ ਵੀ ਗੇਟ ਹੋਵੇ। ਮੈਂ ਕਈਆਂ ਨਾਲ ਸਲਾਹ ਕੀਤੀ ਕਿ ਰਲ-ਮਿਲ ਕੇ ਪਿੰਡ ਦਾ ਗੇਟ ਬਣਾਈਏ। ਸਲਾਹਾਂ ਦੇਣ ਵਾਲੇ ਪੌੜੀ ਜੋ ਉੱਠ ਖੜਦੇ। ਟਕਾ ਖਰਚ ਕੇ ਕੋਈ ਰਾਜ਼ੀ ਨ੍ਹੀਂ। ਤੁਸੀਂ ਵਲੈਤੀਏ ਮੱਦਦ ਕਰੋ ਤਾਂ ਇਹ ਬਣੂ।"

"ਲਉ-ਬਣ ਗਿਆ ਗੇਟ। ਤੁਸੀਂ ਕਿਸੇ ਮਿਸਤਰੀ ਤੋਂ ਐਸਟੀਮੇਟ ਲਵਾ ਕੇ ਮੈਨੂੰ ਫੋਨ ਕਰੀਉ।"

ਅਗਲੇ ਹਫ਼ਤੇ ਸਰਪੰਚ ਨੇ ਫੋਨ ਕੀਤਾ ਸੀ, "ਸੁਰਿੰਦਰ ਮੱਲਾ-ਪੰਜ ਕੁ ਲੱਖ ਲੱਗਣਾ। ਵੱਧ-ਘੱਟ ਵੀ ਸਕਦਾ। ਸ਼ੰਕਰ ਵਾਲਿਆਂ ਨਾਲੋਂ ਉੱਤੋਂ ਦੀ ਹੋਊ। ਗੇਟ ਐਦਾਂ ਦਾ ਬਣੂ ਕਿ ਲੰਘਦੇ-ਵੜਦੇ ਲੋਕ ਪਿਛਾਂਹ ਨੂੰ ਮੁੜ-ਮੁੜ ਕੇ ਦੇਖਿਆ ਕਰਨਗੇ।"

"ਠੀਕ ਆ। ਮੈਂ ਅੱਜ ਹੀ ਵੈਸਟਰਨ ਯੂਨੀਅਨ ਰਾਹੀਂ ਪੈਸੇ ਘਲ ਰਿਹਾ। ਤੁਸੀਂ ਕੱਲ੍ਹ ਨੂੰ ਜਾ ਕੇ ਪੈਸੇ ਲੈ ਆਇਓ। ਸਾਰਾ ਕੰਮ ਤੁਹਾਡੀ ਸੁਪਰਵੀਜ਼ਨ ਹੇਠਾਂ ਹੋਣਾ ਚਾਹੀਦਾ।"

ਸਰਪੰਚ ਨੇ ਪੈਸੇ ਹੱਥ 'ਚ ਆਉਂਦਿਆਂ ਹੀ ਕੰਮ ਸ਼ੁਰੂ ਕਰਾਉਣ ਦੀ ਕੀਤੀ ਸੀ। ਉਸਨੂੰ ਇਸ ਗੱਲ ਦਾ ਧੁੜਕੂ ਲੱਗਾ ਸੀ ਕਿ ਇਹ ਕੰਮ ਕਿਸੇ ਹੋਰ ਦੇ ਹੱਥੀਂ ਨਾ ਲੱਗ ਜਾਵੇ।

ਗੇਟ 'ਤੇ ਟਾਈਲਾਂ ਲਵਾਉਣ ਤੋਂ ਪਹਿਲਾਂ ਸਰਪੰਚ ਨੇ ਸੁਰਿੰਦਰ ਨੂੰ ਫੋਨ ਕੀਤਾ। ਸੁਰਿੰਦਰ ਉਸ ਦੀਆਂ ਗੱਲਾਂ ਹੂੰ-ਹਾਂ-ਅੱਛਾ ਜੋ ਕਹਿੰਦਾ ਸੁਣਦਾ ਰਿਹਾ। ਜਦੋਂ ਉਸ ਨੇ ਇਹ ਕਿਹਾ, "ਗੇਟ ਦੇ ਮਿਡਲ 'ਚ ਸਾਡੇ ਵਡੇਰੇ ਫੋਗੂ ਦਾ ਸਟੈਚੂ ਲਵਾ ਦਿਉ। ਵਾਈਟ ਸੰਗਮਰਮਰ ਦਾ। ਜੇ ਕੋਈ ਮੂਰਤੀਘਾੜਾ ਇਥੋਂ ਨਾ ਮਿਲਿਆ ਤਾਂ ਰਾਜਸਥਾਨੋਂ ਮੰਗਵਾ ਲਿਉ।" ਤਾਂ ਸਰਪੰਚ ਨੇ ਅੱਗੋਂ ਨਾ ਨਾਂਹ ਕਿਹਾ ਸੀ। ਨਾ ਹਾਂ ਕਿਹਾ ਸੀ।

ਉਸ ਆਪਣੀ ਗੱਲ ਜਾਰੀ ਰੱਖੀ ਸੀ, "ਤੁਸੀਂ ਭਾਪਾ ਜੀ ਕੋਲ ਜਾਇਉ। ਉਨ੍ਹਾਂ ਕੋਲ ਬਾਬੇ ਫੋਗੂ ਦੀ ਤਸਵੀਰ ਆ। ਇਹ ਮੈਂ ਆਪ ਬਣਵਾਈ ਸੀ। ਇਨ-ਬਿਨ ਸੇਮ ਬਣੇ। ਇਸ ਬਹਾਨੇ ਅਸੀਂ ਆਪਣੇ ਵਡੇਰਿਆਂ ਨੂੰ ਯਾਦ ਕਰਲਾਂਗੇ। ਵਨ ਥਿਨਗ ਮੋਰ-ਇਸ ਗੇਟ ਦਾ ਉਦਘਾਟਨ ਆਪਣੇ ਐੱਮ.ਐੱਲ.ਏ. ਸਾਹਿਬ ਰਮਿੰਦਰ ਜਖੂ ਕੋਲੋਂ ਹੀ ਕਰਵਾਉਣਾ। ਮੈਂ ਉਨ੍ਹਾਂ ਨੂੰ ਵੀ ਫੋਨ ਕਰ ਰਿਹਾਂ। ਇਸ ਫੰਕਸ਼ਨ ਲਈ ਦੋ ਲੱਖ ਵੱਖਰੇ ਭੇਜ ਰਿਹਾ। ਕਿਸੇ ਸਿੰਗਰ ਨੂੰ ਸੱਦ ਲਿਉ। ਰੌਣਕ-ਮੇਲਾ ਹੋ ਜਾਊ।"

ਉਹਦੀ ਗੱਲ ਮੁੱਕਣ ਤੋਂ ਪਹਿਲਾਂ ਹੀ ਸਰਪੰਚ ਨੇ ਰਸੀਵਰ ਹੇਠਾਂ ਰੱਖ ਦਿੱਤਾ ਸੀ। ਉੱਚੀ-ਉੱਚੀ ਪੰਜ-ਸੱਤ ਗਾਲ੍ਹਾਂ ਕੱਢੀਆਂ ਸਨ, "ਕਦੇ ਕੰਮੀ ਕਮੀਣਾਂ ਦੇ ਨਾਂ 'ਤੇ ਵੀ ਪਿੰਡ ਵਸਦੇ ਦੇਖੇ ਆ। ਸਾਲਾ ....ਡ੍ਰਮ। ਅਮਰੀਕਾ ਨੂੰ ਕੀ ਚਲਿਆ ਗਿਆ, ਪਿੰਡ ਨੂੰ ਮੁੱਲ ਖਰੀਦਣ ਨੂੰ ਫਿਰਦਾ।"

ਉਦੋਂ ਵੀ ਸੁਰਿੰਦਰ ਨੇ ਬਾਬਾ ਜੀ ਨਾਲ ਅੱਧਾ ਘੰਟਾ ਗੱਲ ਕੀਤੀ ਸੀ।

ਫੇਰ ਉਸ ਪਿੰਡ ਦੇ ਉਨ੍ਹਾਂ ਘਰਾਂ 'ਚ ਫੋਨ ਕੀਤਾ ਸੀ ਜਿਨ੍ਹਾਂ ਦੇ ਮੁੰਡੇ ਉਸ ਆਪ ਅਮਰੀਕਾ ਮੰਗਵਾਏ ਸਨ। ਜਿਨ੍ਹਾਂ ਦੇ ਮੁੰਡੇ ਉਸ ਹੇਠਾਂ ਕੰਮ ਕਰਦੇ ਸਨ ਜਾਂ ਜਿਨ੍ਹਾਂ ਨੂੰ ਅਜੇ ਗ੍ਰੀਨ ਕਾਰਡ ਨਹੀਂ ਮਿਲਿਆ ਸੀ। ਫੋਗੂ ਦਾ ਬੁੱਤ-ਜਿਦਾਂ ਉਸ ਚਾਹਿਆ ਸੀ-ਉਂਦਾਂ ਹੀ ਲੱਗਾ ਸੀ।

***

"ਸੁਖਦੇਵ-ਛੱਪੜ ਵੱਲ ਰੌਲਾ ਪੈ ਗਿਹਾ। ਜਾ ਦੇਖ ਕੇ ਆ-ਕੀ ਗੱਲ ਹੋਈ?" ਬਾਬਾ ਜੀ ਨੇ ਸੁਖਦੇਵ ਨੂੰ ਕਿਹਾ। ਸੁਖਦੇਵ ਨੇ ਟੇਪ ਰਿਕਾਰਡਰ ਕੁਲਵੰਤ ਨੂੰ ਫੜਾ ਦਿੱਤੀ।

ਬਾਬਾ ਜੀ ਨੇ ਆਪਣੀ ਗੱਲ ਸੁਖਦੇਵ ਵੱਲ ਮੋੜ ਲਈ, "ਆਹ-ਸੁਖਦੇਵ-ਸੁਰਿੰਦਰ ਦਾ ਜੋਟੀਦਾਰ-ਉਦੋਂ ਅੱਠਵੀਂ 'ਚ ਪੜ੍ਹਦਾ ਸੀ ਜਦੋਂ ਇਹਨੂੰ ਐਨਾ ਕੁ ਪਤਾ ਲੱਗ ਗਿਆ ਸੀ ਕਿ ਪਿੰਡ ਦੇ ਗੁਰਦੁਆਰੇ 'ਚ ਇਨ੍ਹਾਂ ਵਰਗਿਆਂ ਲਈ ਲੰਗਰ ਦੀ ਅਲੱਗ ਪੰਗਤ ਕਿਉਂ ਹੁੰਦੀ ਆ। ਪਿੰਡ ਵਾਲੇ ਆਪਣੇ ਆਪ ਨੂੰ ਇਨ੍ਹਾਂ ਦੇ ਅੰਨਦਾਤੇ ਕਿਉਂ ਸਮਝਦੇ ਆ। ਇਹ ਕੁਛ ਹੋਰ ਵੱਡਾ ਹੋਇਆ ਤਾਂ ਇਹ ਇਸ ਸਭ ਕਾਸੇ ਦੇ ਅਰਥ ਲੱਭਣ ਲੱਗਾ। ਇਸ ਦੀ ਮੁਲਾਕਾਤ ਇਸ ਤੋਂ ਅਗਲੀ ਜਮਾਤ 'ਚ ਪੜ੍ਹਦੇ ਕੈਲਾਸ਼ ਚੰਦਰ ਨਾਲ ਹੋਈ ਜਿਸ ਇਸ ਨੂੰ ਅੰਬੇਡਕਰ ਸਾਹਿਬ ਬਾਰੇ



ਦੱਸਿਆ। ਅੰਬੇਡਕਰ ਸਾਹਿਬ ਬਾਰੇ ਕਿਤਾਬਚੇ ਪੜ੍ਹਨ ਲਈ ਦਿੱਤੇ। ਚੌਹਰਵੀਂ ਪਾਸ ਕਰਦਿਆਂ ਹੀ ਇਹ ਰੀਪਬਲਕਨ ਪਾਰਟੀ ਦਾ ਮੈਂਬਰ ਬਣ ਗਿਆ। ਸਰਗਰਮ ਮੈਂਬਰ। ਇਸ ਪਿੰਡ 'ਚ ਵੱਡਾ ਜਲਸਾ ਕਰਵਾਇਆ ਜਿਸ 'ਚ ਲਾਹੌਰੀ ਰਾਮ ਬਾਲੀ ਨੇ ਵੀ ਭਾਸ਼ਣ ਦਿੱਤਾ ਸੀ। ਫੇਰ ਇਹ ਇਕ ਤਰ੍ਹਾਂ ਨਾਲ ਪਿੰਡ ਦਾ ਚੌਧਰੀ ਬਣ ਗਿਆ। ਵੱਡਾ ਸਲਾਹਕਾਰ ਬਣ ਗਿਆ। ਇਸ 'ਭੂਮੀਹੀਣ ਮਜ਼ਦੂਰਾਂ ਲਈ ਭੂਮੀ ਚਾਹੀਦੀ ਆ' ਅੰਦੋਲਨ 'ਚ ਹਿੱਸਾ ਲਿਆ। ਜੇਲ੍ਹ ਯਾਤਰਾ ਕੀਤੀ। ਇਸ ਦਾ ਪਿਉ ਦੁਰਗਾ ਦਾਸ ਤੇ ਵੱਡਾ ਭਾਈ ਕਿਰਪਾ ਫਗਵਾੜੇ ਲਾਗਲੇ-ਲਾਗਲੇ ਪਿੰਡਾਂ 'ਚ ਚਮੜੇ ਦਾ ਕਾਰੋਬਾਰ ਕਰਦੇ ਸੀ। ਉਹ ਇਸ ਦੀ ਪੜ੍ਹਾਈ-ਲਿਖਾਈ ਲਈ ਖਰਚਾ ਭੇਜਦੇ। ਇਸ ਦੀ ਮਾਂ ਤੇ ਭਰਜਾਈ-ਆਪਣੇ ਦੋਹਾਂ ਮੁੰਡਿਆਂ ਸਮੇਤ ਪਿੰਡ ਹੀ ਰਹਿੰਦੀਆਂ। ਕਿਰਪਾ ਮਹੀਨੇ 'ਚ ਇਕ ਅੱਧ ਵਾਰ ਗੇੜਾ ਮਾਰ ਜਾਂਦਾ। ਦੁਰਗਾ ਦਾਸ ਹਾੜੀ-ਸੌਣੀ ਆਉਂਦਾ। ਇਹਨੇ ਚੌਦਾਂ ਜਮਾਤਾਂ ਪਾਸ ਕੀਤੀਆਂ। ਪਾਰਟੀ ਨੇ ਇਹਦੀ ਲਿਆਕਤ ਦਾ ਮੁੱਲ ਪਾਇਆ। ਉਨ੍ਹਾਂ ਇਸ ਨੂੰ ਰੀਪਬਲਕਨ ਪਾਰਟੀ ਦਾ ਜ਼ਿਲ੍ਹਾ ਪ੍ਰਧਾਨ ਬਣਾ ਦਿੱਤਾ। ਫਗਵਾੜਿਉਂ ਕੋਈ ਮੁੰਡਾ ਇਹਦੇ ਨਾਲ ਆਉਂਦਾ ਹੁੰਦਾ ਸੀ। ਇਹ ਕੂੰਨਾਂ 'ਤੇ ਕੰਮ ਕਰਦਿਆਂ ਨੂੰ ਕਈ ਕੁਛ ਸਮਝਾਉਂਦੇ। ਇਹ ਮੇਰੇ ਕੋਲ ਵੀ ਆਉਂਦੇ। ਇਨ੍ਹਾਂ ਦੇ ਮਨਾਂ 'ਚ ਕੀ-ਕੀ ਆ-ਇਹਦੇ ਬਾਰੇ ਮੇਰੇ ਨਾਲ ਵਿਚਾਰ-ਵਟਾਂਦਰਾ ਕਰਦੇ। ਮੈਂ ਇਨ੍ਹਾਂ ਨੂੰ ਆਪਣੇ ਵਿਚਾਰ ਦੱਸਦਾ ਪਰ ਨਾਲ ਹੀ ਇਹ ਵੀ ਖੁੱਲ੍ਹ ਦਿੰਦਾ ਕਿ ਇਹ ਆਪਣੀ ਮਰਜ਼ੀ ਕਰਨ। ਇਹ ਮੇਰਾ ਮਾਣ ਰੱਖਦੇ। ਮੇਰੇ ਲਈ ਲੈਂਪ ਦੀਆਂ ਸਿਗਰਟਾਂ ਦਾ ਵੱਡਾ ਬੰਡਲ ਲਿਆਉਂਦੇ ਜਿਹੜਾ ਕਿ ਮੇਥੋਂ ਤਿੰਨ ਮਹੀਨੇ ਨਾ ਮੁਕਦਾ। ਇਕ ਸ਼ਾਮ ਨੂੰ ਇਹ ਉਸ ਮੁੰਡੇ ਦੇ ਨਾਲ ਕੂੰਨਾਂ ਕੋਲ ਖੜਾ ਏਕਲਵਯ ਦੀ ਕਥਾ ਸੁਣ ਰਿਹਾ ਸੀ। ਉਹੀ ਮਹਾਂਭਾਰਤ ਵਾਲੇ ਏਕਲਵਯ ਦੀ। ਉਹੀ ਦਰੋਣਾਚਾਰੀਆ ਦੀ ਜਿਹਨੇ ਬੜੀ ਦੂਰ ਦੀ ਸੋਚ ਕੇ ਏਕਲਵਯ ਕੋਲੋਂ ਉਹਦਾ ਅੰਗੂਠਾ ਮੰਗ ਲਿਆ ਸੀ। ਉਦੋਂ ਹੀ ਸ਼ਹਿਰੋਂ ਡਾਕੀਆ ਟੈਲੀਗ੍ਰਾਮ ਲੈ ਕੇ ਆਇਆ ਸੀ। ਲਿਖਿਆ ਸੀ-ਜਲਦੀ ਪਹੁੰਚੋ। ਚਾਨਣ ਰਾਮ ਸੁਰਗਵਾਸ ਹੋ ਗਿਆ। ਕਿਰਪਾ ਹਸਪਤਾਲ 'ਚ ਦਾਖ਼ਲ। ਇਹਨੂੰ ਤਾਂ ਆਪਣੀ ਕਾਈ-ਬਾਈ ਭੁੱਲ ਗਈ। ਇਹਨੇ ਮੁੰਡੇ ਨੂੰ ਫਗਵਾੜੇ ਭੇਜ ਦਿੱਤਾ। ਆਪ ਮਾਂ-ਭਰਜਾਈ-ਚਾਚੇ-ਤਾਏ ਨਾਲ ਜੰਮੂ ਦੀ ਬੱਸ ਜਾ ਚੜ੍ਹਿਆ। ਅੱਗੋਂ ਮਿੰਨੀ ਬੱਸ ਲੈ ਕੇ ਫ਼ਬਜੋਗੀਆਂ ਪਹੁੰਚੇ ਤਾਂ ਕਿਰਪਾ ਹਸਪਤਾਲ 'ਚ ਦਾਖ਼ਲ ਸੀ। ਉਹ ਖਲਾਂ ਦੀ ਰੇਹੜੀ ਭਰੀ ਜਾ ਰਹੇ ਸਨ ਕਿ ਪਿੱਛੋਂ ਆਉਂਦੇ ਫ਼ੌਜੀ ਟਰੱਕ ਨੇ ਉਨ੍ਹਾਂ ਨੂੰ ਰੇਹੜੀ ਸਮੇਤ ਖੱਡ 'ਚ ਧੱਕ ਦਿੱਤਾ ਸੀ।"

"ਇਸ ਨੂੰ ਆਪਣੇ ਪਿਉ ਵਾਲਾ ਕਾਰੋਬਾਰ ਸੰਭਾਲਣਾ ਪਿਆ। ਕਿਰਪਾ ਦੋ ਮਹੀਨੇ ਹਸਪਤਾਲ 'ਚ ਰਿਹਾ। ਤੀਜੇ ਮਹੀਨੇ ਉਸ ਦੀ ਲਾਸ਼ ਘਰੇ ਆਈ।"

"ਇਸ ਨੂੰ ਲਾਹੌਰੀ ਰਾਮ ਬਾਲੀ ਦੀ ਟੈਲੀਗ੍ਰਾਮ ਮਿਲੀ ਕਿ ਇਹ ਉਹਨੂੰ ਆ ਕੇ ਜਲਦੀ ਮਿਲੇ। ਪਾਰਟੀ ਲਈ ਇਹ ਦੀ ਬਹੁਤ ਲੋੜ ਆ। ਪਰ ਇਹ ਤਾਂ ਪਿਉ ਦੇ ਵਪਾਰ 'ਚ ਉਲਝ ਗਿਆ ਸੀ। ਇਹ ਤਾਂ ਕਿਰਪੇ 'ਤੇ ਹੋਏ ਖ਼ਰਚੇ ਨੂੰ ਲਾਹੁਣ ਲਈ ਦਿਨ-ਰਾਤ ਇਕ ਕਰ ਰਿਹਾ ਸੀ।"

"ਅਜੇ ਇਹ ਥੋੜ੍ਹਾ ਕੁ ਸੰਭਲਿਆ ਸੀ ਕਿ ਇਸ 'ਤੇ ਇਸ ਗੱਲ ਦਾ ਦਬਾਉ ਪੈਣ ਲੱਗਾ ਕਿ ਇਹ ਆਪਣੀ ਭਰਜਾਈ 'ਤੇ ਚਾਦਰ ਪਾ ਲਵੇ। ਇਸ ਦੀ ਭਰਜਾਈ ਇਸ ਨਾਲੋਂ ਦਸ ਸਾਲ ਵੱਡੀ ਸੀ। ਇਸ ਨਾਂਹ ਕਰ ਦਿੱਤੀ। ਕਿਰਪੇ ਦੇ ਸਹੁਰਿਆਂ ਤੋਂ ਪੰਚਾਇਤ ਆਈ। ਇਸ ਉਨ੍ਹਾਂ ਦੀ

ਇਕ ਨਾ ਸੁਣੀ। ਇਕ ਨਾ ਮੰਨੀ। ਇਹੀ ਕਹੀ ਗਿਆ, 'ਮੈਂ ਇਨ੍ਹਾਂ ਦੀ ਰੋਟੀ ਪਾਣੀ ਦਾ ਜੁਗਾੜ ਕਰ ਰਿਹਾਂ।'"

"ਕੁੜੀ ਨੂੰ ਜਿੰਨੀ ਰੋਟੀ ਦੀ ਲੋੜ ਆ-ਉਨੀ ਬੰਦੇ ਦੀ ਵੀ ਆ।" ਨਾਲ ਆਇਆਂ 'ਚੋਂ ਇਕ ਜਣਾ ਖਿਝ ਨਾਲ ਬੋਲਿਆ।

"ਜੇ ਤੂੰ ਇਹਨੂੰ ਨ੍ਹੀਂ ਰੱਖਣਾ-ਅਸੀਂ ਇਹਨੂੰ ਕਿਤੇ ਹੋਰ ਬੈਠਾ ਦੇਣਾ।"

"ਤੁਹਾਡੀ ਮਰਜ਼ੀ ਆ।" ਇਸ ਸਿੱਧਾ ਕਹਿ ਦਿੱਤਾ ਸੀ।

"ਸਾਨੂੰ ਵੱਡੇ ਚੌਧਰੀ ਨੂੰ ਮਨਾਉਣਾ ਵੀ ਆਉਂਦਾ।" ਸਰਪੰਚ ਨੱਥਾ ਸਿੰਘ ਨੇ ਇਹਨੂੰ ਘੂਰਿਆ ਸੀ। ਕਿਹਾ ਸੀ, "ਤੁਸੀਂ ਕੁੜੀ ਤੇ ਬੱਚਿਆਂ ਨੂੰ ਮੇਰੇ ਘਰੇ ਛੱਡ ਜਾਓ। ਜਿੱਥੇ ਦਸ ਜੀਅ ਰੋਟੀ ਖਾਂਦੇ, ਉਥੇ ਇਹ ਵੀ ਖਾਈ ਜਾਣਗੇ।"

"ਦੋਹਾਂ ਪਾਸਿਆਂ ਤੋਂ ਜ਼ੋਰ ਪੈ ਗਿਆ। ਇਸ ਆਪਣੇ-ਆਪ ਨੂੰ ਬੇਵਸ ਪਾਇਆ। ਇਹ ਹਾਰ ਗਿਆ। ਇਹਨੂੰ ਇਸ 'ਚ ਸਰਪੰਚ ਦਾ ਜ਼ਿਆਦਾ ਹੱਥ ਲੱਗਾ। ਇਸ ਦੇ ਮਨ 'ਚ ਸਰਪੰਚ ਪ੍ਰਤੀ ਨਫ਼ਰਤ ਭਰ ਗਈ ਜਿਹੜੀ ਕਿ ਇਹ ਉਂਦਾ ਦੀ ਉਂਦਾਂ ਬਰਕਰਾਰ ਆ।"

***

ਕੁਲਵੰਤ ਨੂੰ ਬਾਬਾ ਜੀ ਦੇ ਗਿਆਨ 'ਤੇ ਰਸ਼ਕ ਹੋ ਰਿਹਾ ਸੀ। ਸੁਖਦੇਵ ਨੇ ਠੀਕ ਹੀ ਉਨ੍ਹਾਂ ਦਾ ਨਾਂ ਪਾਇਆ ਸੀ-'ਇਨਸਾਈਕਲੋਪੀਡੀਆ ਆਫ਼ ਨਿਊ ਆਬਾਦੀ।' ਉਨ੍ਹਾਂ ਦੀ ਉਮਰ ਅੱਸੀਆਂ ਸਾਲ ਤੋਂ ਉਪਰ ਹੋ ਗਈ। ਉਨ੍ਹਾਂ ਦਾ ਘਰ ਨਵੀਂ ਆਬਾਦੀ ਦੇ ਵਿਚਕਾਰ ਜਿਹੇ ਪੈਂਦਾ। ਮੁੱਖ ਰਾਹ 'ਤੇ। ਬੈਠਕ ਦੇ ਬਾਹਰ ਲੱਕੜ ਦਾ ਵੱਡਾ ਸਾਰਾ ਬੈਂਚ ਪਿਆ। ਇਹ ਬੈਂਚ ਗਰਮੀਆਂ ਨੂੰ ਸੱਜੇ ਪਾਸੇ ਖਿਸਕਾ ਲਿਆ ਜਾਂਦਾ। ਸਰਦੀਆਂ ਨੂੰ, ਟਾਹਲੀ ਤੇ ਧਰੇਕ ਨੂੰ ਛਾਂਗਣ ਮਗਰੋਂ ਖੱਬੇ ਪਾਸੇ ਕਰ ਲੈਂਦੇ। ਸਵੇਰ ਨੂੰ ਚਾਹ ਪੀ ਕੇ ਉਹ ਕੰਧ ਨਾਲ ਢੋਅ ਲਾ ਕੇ ਆ ਬੈਠਦੇ। ਘੰਟੇ-ਘੰਟੇ ਬਾਅਦ ਰੇਡੀਓ 'ਤੇ ਖ਼ਬਰਾਂ ਸੁਣਦੇ। ਉਹ ਬਿਨਾਂ ਪੁੱਛਿਆਂ ਕਿਸੇ ਦੇ ਕੰਮ 'ਚ ਦਖ਼ਲ ਨਾ ਦਿੰਦੇ। ਜੇ ਕੋਈ ਆ ਗਿਆ ਤਾਂ ਤਸੱਲੀ ਕਰਵਾ ਕੇ ਭੇਜਦੇ। ਕੱਪੜੇ ਵੇਚਣ ਵਾਲਾ ਕਸ਼ਮੀਰਾ, ਸਾਈਕਲ ਤੇ ਸਬਜ਼ੀ ਵੇਚਦਾ ਰਾਮ ਦਿੱਤਾ। ਚੌਕੀਦਾਰ ਕਰਤਾਰਾ। ਆਂਡੇ ਵੇਚਣ ਵਾਲਾ ਭੁੰਮਣ ਲੰਘਦੇ ਜਾਂਦੇ ਦੋ ਘੜੀਆਂ ਅਰਾਮ ਕਰਨ ਜਾਂ ਸਿਗਰੇਟ ਪੀਣ ਲਈ ਰੁਕ ਜਾਂਦੇ। ਜੇ ਕੋਈ ਚਾਹ ਦਾ ਕੱਪ ਪੀਣਾ ਚਾਹੁੰਦਾ ਤਾਂ ਉਹ ਦਰਵਾਜ਼ੇ ਵੱਲ ਨੂੰ ਮੂੰਹ ਕਰਕੇ ਆਵਾਜ਼ ਦਿੰਦੇ, "ਸ਼ਿੰਦਰ ਧੀਏ, ਸਾਨੂੰ ਦੋ-ਤਿੰਨ ਚਾਹ ਦੇ ਕੱਪ ਬਣਾ ਕੇ ਫੜਾ ਜਾ।" ਜਿੰਦਾਂ ਦਾ ਕੋਈ ਮਿਲਣ ਵਾਲਾ ਹੁੰਦਾ, ਉਹ ਉਂਦਾਂ ਦੇ ਹੋ ਜਾਂਦੇ। ਆਪਣੇ ਤੋਂ ਕੁਝ ਸਾਲ ਛੋਟੇ ਨਾਲ ਆਪਣੀ ਚਿੰਤਾ ਜ਼ਾਹਿਰ ਕਰਦੇ, "ਕਰਤਾਰਿਆ, ਕਿੰਦਾਂ ਦਾ ਸਮਾਂ ਆ ਗਿਆ। ਕੋਈ ਮੁਕਰਣ ਲੱਗਾ ਇਕ ਮਿੰਟ ਨ੍ਹੀਂ ਲਾਉਂਦਾ...ਕੋਈ ਕਿਸੇ ਬਾਰੇ ਸੋਚਦਾ ਹੀ ਨ੍ਹੀਂ...ਸਾਰਿਆਂ ਨੂੰ ਆਪੋ ਆਪਣੀ ਪਈ ਆ...ਮੈਨੂੰ ਤਾਂ ਕੋਈ ਸਮਝ ਹੀ ਨ੍ਹੀਂ ਲੱਗਦੀ।" ਜ਼ਿਆਦਾ ਛੋਟੇ ਨੂੰ ਕਹਿੰਦੇ, "ਅਸੀਂ ਦੋਵੇਂ ਸਮੇਂ ਦੇਖ ਲਏ। ਆਪਣੇ ਵਾਲਾ ਵੀ। ਤੁਹਾਡੇ ਵਾਲਾ ਵੀ। ਤੁਹਾਡਾ ਸਮਾਂ ਸਾਡੇ ਨਾਲ ਚੰਗਾ। ਅਸੀਂ ਤਾਂ ਨੰਗ-ਭੁੱਖ ਨਾਲ ਘੁਲਦੇ ਰਹੇ।" ਕਈ ਵਾਰ ਹਾਸੇ-ਹਾਸੇ 'ਚ ਕਹਿ ਦਿੰਦੇ, "ਮੈਂ ਉਂਨਾ ਸਿਆਣਾ ਨ੍ਹੀਂ, ਜਿੰਨੇ ਮੈਨੂੰ ਲੋਕ ਸਮਝਦੇ ਨੇ। ਮੈਂ ਤਾਂ ਨਿਹੰਗ ਸਿੰਘ ਵਾਲਾ ਤੁੱਕਾ ਲਾਉਣਾ। ਬਸ ਚਲ ਜਾਂਦਾ।" ਪੰਜਾਹ ਕੁ ਸਾਲ



ਪਹਿਲਾਂ ਜਗੀਰੇ ਦੇ ਮੁੰਡੇ ਧੰਮੇ ਨੇ ਜ਼ਿੰਮੀਦਾਰਾਂ ਦੀ ਕੁੜੀ ਨਾਲ ਇਸ਼ਕ-ਪੇਚਾ ਸ਼ੁਰੂ ਕਰ ਦਿੱਤਾ। ਇਕ ਦਿਨ ਕੁੜੀ ਦੇ ਪਿਓ ਦੇ ਧੰਮੇ ਨੂੰ ਮੱਕੀ ਦੇ ਖੇਤ 'ਚ ਫੜ ਲਿਆ। ਪੰਚਾਇਤ ਇਕੱਠੀ ਕੀਤੀ। ਸਰਪੰਚ ਤੇ ਪੰਚਾਂ ਨੇ ਫ਼ੈਸਲਾ ਕੀਤਾ ਕਿ ਧੰਮੇ ਦਾ ਮੂੰਹ ਕਾਲਾ ਕਰਕੇ ਖੋਤੇ 'ਤੇ ਬੈਠਾ ਕੇ ਪਿੰਡ ਦੀਆਂ ਗਲੀਆਂ ਵਿੱਚ ਦੀ ਘੁੰਮਾਇਆ ਜਾਏ। ਜਗੀਰੇ ਨੇ ਬਹੁਤ ਮਿੰਨਤ-ਤਰਲੇ ਕੀਤੇ ਪਰ ਕੋਈ ਵੀ ਨਾ ਮੰਨਿਆ। ਬਾਬਾ ਜੀ ਇਕੱਠ 'ਚੋਂ ਅਗਾਂਹ ਆਏ। ਆਪਣੇ ਪੈਰਾਂ 'ਚੋਂ ਜੁੱਤੀ ਲਾਹੀ। ਧੰਮੇ ਦੇ ਪੰਜ-ਸੱਤ ਠੋਕੀਆਂ, "ਸਾਲਾ ਵੱਡਾ ਆਸ਼ਿਕ। ਚਲ ਦੌੜ ਜਾ। ਜੇ ਪਿੱਛੇ ਮੁੜ ਕੇ ਦੇਖਿਆ ਤਾਂ ਤੇਰੀ ਚਮੜੀ ਉਧੇੜ ਦਊਂਗਾ।" ਧੰਮਾ ਸਨਤੋੜ ਘਰ ਵੱਲ ਨੂੰ ਭੱਜ ਗਿਆ। ਲੋਕ ਦੇਖਦੇ ਰਹਿ ਗਏ। ਫੇਰ ਬਾਬਾ ਜੀ ਸਿਆਣੇ ਲੋਕਾਂ ਦੀ ਗਿਣਤੀ 'ਚ ਆ ਗਏ। ਕਈ ਵਾਰ ਪੰਚ ਬਣੇ। ਸਰਬਸੰਮਤੀ ਨਾਲ ਵੀ। ਚੋਣ ਲੜ ਕੇ ਵੀ। ਪਿਛਲੇ ਕੁਝ ਸਾਲਾਂ ਤੋਂ ਉਨ੍ਹਾਂ ਦਾ ਵਿਰੋਧ ਹੋਣ ਲੱਗਾ ਸੀ। ਅੰਦਰਖਾਤੇ ਹੀ। ਖੁੱਲ੍ਹ ਕੇ ਨਹੀਂ। ਜੇ ਕੋਈ ਖੁੱਲ੍ਹ ਕੇ ਬੋਲਦਾ ਤਾਂ ਉਸ ਦਾ ਪਿਉ ਜਾਂ ਬਾਬਾ ਕਥਾ ਸੁਣਾਉਂਦੇ, "ਸਿਆਣੇ ਬੰਦੇ ਬਿਨਾਂ ਕਦੇ ਗਤੀ ਨ੍ਹੀਂ ਹੁੰਦੀ। ਇਕ ਵਾਰੀ ਇਕ ਮੁੰਡੇ ਦਾ ਵਿਆਹ ਆ ਗਿਆ। ਕੁੜੀ ਵਾਲਿਆਂ ਨੇ ਸ਼ਰਤ ਰੱਖੀ ਕਿ ਜਨੇਤ ਨਾਲ ਕੋਈ ਵਡੇਰੀ ਉਮਰ ਦਾ ਬੰਦਾ ਨ੍ਹੀਂ ਆਏਗਾ। ਮੁੰਡੇ ਵਾਲਿਆਂ ਨੂੰ ਖੜਕ ਗਈ ਕਿ ਕੁੜੀ ਵਾਲਿਆਂ ਨੇ ਕੋਈ ਚਾਲ ਚਲਣੀ ਆ। ਉਨ੍ਹਾਂ ਨੇ ਮੁੰਡੇ ਦੇ ਬਾਬੇ ਨੂੰ ਵਰੀ ਵਾਲੇ ਟਰੰਕ 'ਚ ਵਾੜ ਲਿਆ। ਕਿਸੇ ਨੂੰ ਇਸ ਗੱਲ ਦੀ ਭਿਣਕ ਨਾ ਲੱਗਣ ਦਿੱਤੀ। ਲਉ ਜੀ, ਕੁੜੀ ਵਾਲਿਆਂ ਨੇ ਜਨੇਤ ਬੰਨ ਲਈ। ਪਹਿਲਾਂ ਰੇਤ ਦੀ ਕੰਧ ਬਣਾਉ। ਫੇਰ ਹੀ ਤੁਹਾਨੂੰ ਰੋਟੀ ਮਿਲੇਗੀ। ਮੁੰਡੇ ਸੋਚੀਂ ਪੈ ਗਏ। ਕਦੇ ਰੇਤ ਦੀ ਕੰਧ ਵੀ ਬਣੀ ਆ। ਇਕ ਮੁੰਡਾ ਬਾਬੇ ਕੋਲ ਗਿਆ। ਬਾਬੇ ਨੇ ਮੁੰਡੇ ਨੂੰ ਸਮਝਾਇਆ, ਉਨ੍ਹਾਂ ਨੂੰ ਕਹੋ ਕਿ ਪਿੰਡ ਦੇ ਦੋ ਜੁਆਨਾਂ ਨੂੰ ਛਾਨਣੀਆਂ ਦੇਣ। ਇਕ ਨੂੰ ਕਿਹੋ ਕਿ ਉਹ ਛਾਨਣੀ 'ਚ ਪਾਣੀ ਲੈ ਕੇ ਆਏ। ਦੂਜਾ ਰੇਤ ਛਾਨਣੀ 'ਚ ਲੈ ਕੇ ਆਏ। ਇਹ ਤਾਂ ਇੱਟ ਚੁੱਕਦੇ ਨੂੰ ਪੱਥਰ ਮਾਰਣ ਵਾਲੀ ਗੱਲ ਸੀ। ਕੁੜੀ ਵਾਲੇ ਕਹਿਣ ਲੱਗੇ ਕਿ ਬਾਕੀ ਦੀਆਂ ਗੱਲਾਂ ਛੱਡੋ। ਪਹਿਲਾਂ ਇਹ ਦੱਸੋ ਕਿ ਆਹ ਅਕਲ ਵਾਲੀ ਗੱਲ ਤੁਹਾਨੂੰ ਕਿਸੇ ਸਮਝਾਈ। ਬਾਬੇ ਬਾਰੇ ਸੁਣ ਕੇ ਦੱਸ ਬੰਦੇ ਆਪ ਉਹਨੂੰ ਮਿਲਣ ਗਏ। ਸਿਆਣਾ ਸਿਆਣਾ ਹੀ ਹੁੰਦਾ। ਮੁੰਡੇ-ਖੁੰਡੇ ਮੁੰਡੇ-ਖੁੰਡੇ ਹੀ ਹੁੰਦੇ। ਬਾਬਾ ਜੀ ਨੂੰ ਜਦੋਂ ਮਰਜ਼ੀ ਅਜ਼ਮਾ ਦੇ ਕੇ ਦੇਖ ਲਉ-ਉਹ ਕਦੇ ਗਲਤ ਸਲਾਹ ਨ੍ਹੀਂ ਦਿੰਦੇ......।"

ਕੁਲਵੰਤ ਨੇ ਜਦੋਂ ਜਸਪਾਲ ਕੋਲੋਂ ਬਾਬਾ ਜੀ ਦੀ ਜ਼ਿੰਦਗੀ ਬਾਰੇ ਸੁਣਿਆ ਸੀ-ਉਦੋਂ ਹੀ ਉਸ ਦੇ ਮਨ 'ਚ ਆਇਆ ਸੀ ਕਿ ਉਹ ਉਨ੍ਹਾਂ ਬਾਰੇ ਡਾਕੂਮੈਂਟਰੀ ਫ਼ਿਲਮ ਬਣਾਵੇਗਾ ਜਿਹੜੀ ਕਿ ਉਸ ਪਿਛਲੇ ਸਾਲ ਤਿੰਨ ਦਿਨਾਂ ਦੀ ਸ਼ੂਟਿੰਗ 'ਚ ਬਣਾ ਲਈ ਸੀ। ਹੁਣ ਉਹ ਉਨ੍ਹਾਂ ਦੀ ਜੀਵਨੀ ਲਿਖ ਰਿਹਾ ਹੈ। ਉਹ ਦੋ ਕੁ ਮਹੀਨਿਆਂ ਬਾਅਦ ਜੰਮੂ ਤੋਂ ਆਉਂਦਾ ਹੈ। ਨਕੋਦਰ ਆ ਕੇ ਨੂਰਪੁਰ ਜਾਣ ਵਾਲੇ ਟੈਂਪੂ 'ਚ ਬੈਠਦਾ ਹੈ। ਅਗਾਂਹ ਦਾ ਦੋ ਕੁ ਮੀਲ ਦਾ ਸਫ਼ਰ ਅਕਸਰ ਔਖਾ ਹੁੰਦਾ ਹੈ। ਕਈ ਵਾਰ ਉਸ ਨੂੰ ਤੁਰ ਕੇ ਜਾਣਾ ਪੈਂਦਾ ਹੈ। ਕਦੇ-ਕਦਾਈਂ ਕੋਈ ਸਕੂਟਰ ਜਾਂ ਟਰੈਕਟਰ ਮਿਲ ਜਾਂਦਾ ਹੈ। ਦੋ ਚਾਰ ਦਿਨ ਰਹਿ ਕੇ ਮੁੜ ਜਾਂਦਾ ਹੈ। ਜਿੰਨੀ ਵਾਰੀ ਵੀ ਉਨ੍ਹਾਂ ਨੂੰ ਮਿਲਦਾ ਹੈ-ਉਹ ਨਵੀਆਂ ਗੱਲਾਂ ਦੀ ਟੇਪ ਭਰ ਕੇ ਲੈ ਜਾਂਦਾ ਹੈ।

ਉਹ ਦੋਵੇਂ ਬਾਬਾ ਜੀ ਨੂੰ ਦਿਨ 'ਚ ਤਿੰਨ ਵਾਰ ਮਿਲਦੇ। ਸਵੇਰੇ ਅੱਠ ਤੋਂ ਦਸ ਵਜੇ। ਸੈਰ ਕਰਕੇ ਮੁੜਿਆਂ ਹੋਇਆਂ ਨੂੰ ਕੋਠੀ 'ਚ ਬਿਠਾ ਲੈਂਦੇ। ਸ਼ਾਮ ਨੂੰ ਤਿੰਨ ਤੋਂ ਪੰਜ ਵਜੇ ਤਕ। ਉਦੋਂ ਉਹ ਕੂੰਨਾ ਕੋਲ ਖੜ੍ਹੀ ਟਾਹਲੀ ਹੇਠਾਂ ਲੰਮੇ ਪਏ ਹੁੰਦੇ। ਰਾਤ ਨੂੰ ਸੱਤ ਤੋਂ ਨੌਂ ਵਜੇ ਤਕ। ਉਨ੍ਹਾਂ ਦੇ ਮੰਜੇ ਦੇ ਸੱਜੇ-ਖੱਬੇ ਪਾਸੇ ਬੈਠ ਕੇ। ਰਾਤ ਨੂੰ ਉਨ੍ਹਾਂ ਦੇ ਹੁੱਕੇ ਦੀ ਗੁੜ-ਗੁੜ ਤੇ ਗੱਲਾਂ 'ਚ ਇਕ ਤਾਲਮੇਲ ਹੁੰਦਾ। ਇਸ ਵੇਲੇ ਉਨ੍ਹਾਂ ਦਾ ਮੂਡ ਠੀਕ ਹੁੰਦਾ। ਉਹ ਮਾੜਾ-ਮੋਟਾ ਮਾਖੌਲ ਵੀ ਕਰ ਲੈਂਦੇ। ਕਦੀ ਖੁੱਲ੍ਹਾਂ ਵੀ ਲੈ ਲੈਂਦੇ। ਕੁਲਵੰਤ ਨੇ ਉਨ੍ਹਾਂ ਦੇ ਸੁਭਾਉ ਦਾ ਪਓ ਪਾ ਲਿਆ ਸੀ। ਕੰਮ ਤਾਂ ਸਿਰਫ਼ ਟੇਪ ਰਿਕਾਰਡਰ ਦਾ ਸਵਿੱਚ ਨੱਪਣਾ ਹੁੰਦਾ ਸੀ।

***

ਸੁਖਦੇਵ ਛੱਪੜ ਕੋਲ ਆਇਆ ਤਾਂ ਰਾਮ ਕ੍ਰਿਸ਼ਨ ਨੂੰ ਕਈ ਜਣਿਆਂ ਨੇ ਘੇਰ ਰੱਖਿਆ ਸੀ।

ਸਰਪੰਚ ਨੇ ਰਾਮ ਕ੍ਰਿਸ਼ਨ ਨੂੰ ਨਵੀਂ ਆਬਾਦੀ ਭੇਜਿਆ ਸੀ। ਰਾਮ ਕ੍ਰਿਸ਼ਨ ਸਿੱਧਾ ਰਾਵਲੀ ਕੋਲ ਗਿਆ ਸੀ। ਰਾਵਲੀ ਨੇ ਆਪਣੇ ਮੁੰਡੇ ਨੂੰ ਭੇਜ ਕੇ ਘਰ ਭਰਤੀ ਇਕ-ਇਕ ਮੈਂਬਰ ਨੂੰ ਸੱਦ ਲਿਆ। ਰਾਮ ਕ੍ਰਿਸ਼ਨ ਨੇ ਰਾਵਲੀ ਕੋਲੋਂ ਮੰਗ ਕੇ ਸਿਗਰੇਟ ਪੀਤੀ। ਉਹ ਬਹੁਤ ਮੈਮਣਗਣਾ ਬਣ ਗਿਆ। ਉਸ ਹੁਕਮੇ ਕੋਲੋਂ ਵੀ ਹੁੱਕਾ ਲੈ ਕੇ ਭਰਵੇਂ ਘੁੱਟ ਖਿੱਚੇ।

ਉਸ ਰਾਵਲੀ ਕੋਲੋਂ ਪੁੱਛਿਆ, "ਚੇਲਾ ਜੀ, ਫੇਰ ਕੀ ਫੈਸਲਾ ਕੀਤਾ?"

"ਸਿੱਧੀ ਜਿਹੀ ਗੱਲ ਆ ਕਿ ਅਸੀਂ ਛੱਪੜ 'ਚੋਂ ਮੁਫ਼ਤ 'ਚ ਰੂੜੀ ਨੀਂ ਚੁੱਕਣ ਦੇਣੀ।" ਸੁਖਦੇਵ ਸਿੱਧਾ ਹੋ ਗਿਆ।

"ਚੀਜ਼ ਸਾਡੀ-ਪੈਸ ਉਨ੍ਹਾਂ ਦੀ।"

"ਇਸ ਗੱਲ 'ਤੇ ਕੋਈ ਸਮਝੌਤਾ ਨੀ।"

"ਜੇ ਜ਼ਿਮੀਂਦਾਰ ਜ਼ਿਆਦਾ ਆਕੜਦੇ ਆ ਤਾਂ ਅਸੀਂ ਪ੍ਰੈੱਸ ਰਿਪੋਟਰ ਤੇ ਟੀਵੀ ਵਾਲਿਆਂ ਨੂੰ ਬੁਲਾ ਲਓ।"

"ਸ਼ਹਿਰ ਵਾਲੀ ਦਲਿਤ ਸੈਨਾ ਬੁਲਾ ਲਓ।"

"ਚੌਧਰੀ ਸਾਹਿਬ ਨੂੰ ਇਕ ਆਵਾਜ਼ ਮਾਰੋ-ਉਹ ਅੱਲੀ ਅੱਲੀ ਕਰਦੇ ਦੌੜੇ ਆਉਣਗੇ....।"

"ਫੇਰ ਨਾ ਕਿਹੋ ਕਿ ਤੇਲੁਣ ਕਾਂਡ ਇਥੇ ਵੀ ਵਾਪਰ ਗਿਆ।"

"ਦੇਖ ਲਓ-ਬੂਟਾ ਮੰਡੀ 'ਚ ਕੀ ਹੋਇਆ ਸੀ।"

"ਕਾਕਾ-ਤੂੰ ਮੇਰੇ ਨਾਲ ਔਖਾ ਕਿਉਂ ਹੁਣਾ। ਤੁਸੀਂ ਅਨੋਖੇ ਪੜ੍ਹ-ਲਿਖ ਗਏ-ਤੁਹਾਨੂੰ ਤਾਂ ਮਾਨ ਮਰਿਆਦਾ ਵੀ ਭੁੱਲ ਗਈ। ਜੇ ਕਿਸੇ ਨੇ ਰਮਾਇਣ ਜਾਂ ਮਹਾਭਾਰਤ ਪੜ੍ਹੀ ਜਾਂ ਟੀ. ਵੀ. 'ਤੇ ਦੇਖੀ ਹੁੰਦੀ ਤਾਂ ਤੁਹਾਨੂੰ ਇਸ ਗੱਲ ਦਾ ਇਲਮ ਹੁੰਦਾ ਕਿ ਦੂਤ ਦਾ ਕੀ ਰੋਲ ਹੁੰਦਾ। ਉਸ ਦਾ ਕੀ ਮਹੱਤਵ ਹੁੰਦਾ। ਉਸ ਲਈ ਦੋਵੇਂ ਧਿਰਾਂ ਇਕੋ ਜਿਹੀਆਂ ਹੁੰਦੀਆਂ। ਮੈਂ ਤਾਂ ਤੁਹਾਡਾ ਸਮਝੌਤਾ ਕਰਾਉਣ ਆਇਆਂ। ਅੱਗੇ ਤੁਹਾਡੀ ਮਰਜ਼ੀ।"



ਉਸ ਦੀ ਇਹ ਗੱਲ ਥੋੜ੍ਹੇ ਚਿਰ ਲਈ ਅਸਰ ਕਰ ਗਈ। ਉਸ ਹੌਲੇ ਜਿਹੇ ਰਾਵਲੀ ਨੂੰ ਪੁੱਛਿਆ, "ਚੇਲਾ ਜੀ, ਕੁਝ ਦਵਾ ਦਵਾ?"

ਹੁਣੇ-ਹੁਣੇ ਆਇਆ ਕਰਤਾਰਾ ਬੋਲਿਆ, "ਲਾਲਾ-ਅੱਗੇ ਅਸੀਂ ਕੁਛ ਨੀਂ ਕਿਹਾ। ਪਰ ਐਤਕੀਂ ਰੂੜੀ ਦਾ ਮੁੱਲ ਪਊ। ਇਕ ਟਰਾਲੀ ਦਾ ਪੰਜ ਸੌ ਰੁਪਈਆ।" ਕਰਤਾਰੇ ਨੂੰ ਇਸ ਗੱਲ ਦਾ ਗੁੱਸਾ ਸੀ ਕਿ ਇਸੇ ਸਰਪੰਚ ਦੇ ਪਿਉ ਦੀ ਸਰਪੰਚੀ ਵੇਲੇ ਪਿੰਡ ਦੀ ਹੱਡਾਰੋੜੀ ਠੇਕੇ 'ਤੇ ਚੜ੍ਹੀ ਸੀ। ਪਹਿਲਾਂ ਉਹ ਮਰੇ ਪਸ਼ੂ ਚੁੱਕਦਾ ਸੀ ਤਾਂ ਘਰ ਵਾਲੇ ਉਸ ਨੂੰ ਦੋ-ਚਾਰ ਕਿਲੋ ਗੁੜ ਜਾਂ ਪੰਜ-ਸੱਤ ਕਿਲੋ ਦਾਣੇ ਦਿੰਦੇ ਸਨ। ਹੁਣ ਉਸਨੂੰ ਸਾਲ ਦੇ ਤੀਹ ਹਜ਼ਾਰ ਪਲੇਉਂ ਦੇਣੇ ਪੈਂਦੇ। ਕਈ ਵਾਰ ਘਾਟਾ ਵੀ ਪੈ ਜਾਂਦਾ।

ਸੁਖਦੇਵ ਨੇ ਆਹ ਗੱਲ ਬਾਬੇ ਨੂੰ ਆ ਦੱਸੀ।

ਬਾਬਾ ਜੀ ਕੁਝ ਚਿਰ ਸੋਚੀਂ ਪਏ ਰਹੇ।

***

ਬੋਹੜ ਵਾਲਿਆਂ ਦੇ ਘਰੇ ਪੋਤਰਾ ਹੋਇਆ ਸੀ। ਇੱਧਰ ਕੈਨੇਡਾ ਤੋਂ ਫੋਨ ਆਇਆ ਉੱਧਰ ਲਖਬੀਰ ਸਿੰਘ ਨੇ ਸਾਰੇ ਰਿਸ਼ਤੇਦਾਰਾਂ ਨੂੰ ਫੋਨ ਘੁੰਮਾ ਦਿੱਤੇ। ਸਾਰਾ ਦਿਨ ਟੈਲੀਫੋਨ ਕਰਨ ਤੇ ਵਧਾਈਆਂ ਦੇ ਫੋਨ ਸੁਣਨ 'ਚ ਲੰਘ ਗਿਆ। ਮਾੜੀ-ਮੋਟੀ ਮਿਲੀ ਫੁਰਸਤ 'ਚ ਉਹ ਛੋਟੇ-ਛੋਟੇ ਪੈੱਗ ਬਣਾ ਕੇ ਇਕੱਲਾ ਹੀ ਪੀਂਦਾ ਰਿਹਾ। ਸ਼ਾਮ ਨੂੰ ਪਿੰਡ 'ਚੋਂ ਕਈ ਜਣੇ ਵਧਾਈਆਂ ਦੇਣ ਆਏ। ਉਨ੍ਹਾਂ ਨੂੰ ਪਤਾ ਤਾਂ ਸਵੇਰੇ ਹੀ ਲੱਗ ਗਿਆ ਸੀ ਪਰ ਉਹ ਸਮਾਂ ਵਧਾਈਆਂ ਲਈ ਢੁੱਕਵਾਂ ਨਹੀਂ ਸੀ। ਲਖਬੀਰ ਸਵੇਰ ਨੂੰ ਚਾਹ ਨਹੀਂ ਪੀਂਦਾ ਸੀ। ਲੱਸੀ ਨਹੀਂ ਪੀਂਦਾ ਸੀ। ਉਹ ਚਿੱਟੀ ਵੀਅਰ ਦਾ ਗਲਾਸ ਪੀਂਦਾ ਸੀ। ਨਾਲ ਦੋ ਘਿਉ 'ਚ ਗੁੰਨੇ ਆਟੇ ਦੇ ਪਰਾਉਂਠੇ।

ਲਖਬੀਰ ਦੇ ਭਤੀਜੇ ਨੇ ਬੋਤਲਾਂ ਦੇ ਡੱਟ ਖੋਲ੍ਹ ਦਿੱਤੇ। ਇਹ ਲਖਬੀਰ ਸਿੰਘ ਦਾ ਪਹਿਲਾ ਪੋਤਰਾ ਸੀ। ਦੋਵੇਂ ਮੁੰਡੇ ਜਰਮਨ 'ਚ ਸਨ। ਇੱਧਰ ਵੀਹ ਖੇਤਾਂ ਦੀ ਪੈਲੀ ਸੀ।

ਇਕ-ਦੋ ਪੈੱਗ ਲਾ ਕੇ ਉਹ ਸਰੂਰ 'ਚ ਆ ਗਏ। ਪਰ ਉੱਨੇ ਵੀ ਨਹੀਂ ਕਿ ਝਲ-ਬਲੀਆਂ ਮਾਰਨ ਲੱਗ ਜਾਣ। ਇਕ ਦੂਜੇ ਨੂੰ ਉੱਠ ਕੇ ਜੱਫੀਆਂ ਪਾਉਣ ਲੱਗ ਪੈਣ।

ਸੰਤਾ ਸਿੰਘ ਖੂੰਡੀ ਦੇ ਸਹਾਰੇ ਆਇਆ। ਉਹਨੂੰ ਸਾਹ ਚੜ੍ਹਿਆ ਹੋਇਆ ਸੀ। ਉਹ ਡਰਾਇੰਗ-ਰੂਮ ਦੇ ਦਰਵਾਜ਼ੇ ਕੋਲ ਹੀ ਆਇਆ ਸੀ ਕਿ ਲਖਬੀਰ ਸਿੰਘ ਨੇ ਦੇਖ ਲਿਆ। ਉਹ ਤੇਜ਼ੀ ਨਾਲ ਦਰਵਾਜ਼ੇ ਵੱਲ ਗਿਆ ਤੇ ਉਹਨੂੰ ਬਾਹੋਂ ਫੜ ਕੇ ਅੰਦਰ ਸੋਫੇ 'ਤੇ ਲਿਆ ਬਿਠਾਇਆ। ਕਿਹਾ, "ਤਾਇਆ-ਤੂੰ ਕਾਹਨੂੰ ਔਖਾ ਹੋਇਆਂ? ਅਸੀਂ ਆਪ ਤੇਰੇ ਵੱਲ ਆ ਜਾਣਾ ਸੀ।"

"ਪੁੱਤ-ਮੈਥੋਂ ਖੁਸ਼ੀ ਨੀਂ ਸਾਂਭੀ ਗਈ। ਸੱਚ ਜਾਣੀਂ-ਮੈਂ ਘਰੋਂ ਤੁਰਦਿਆਂ ਬਾਬਿਆਂ ਦੇ ਅਖੰਡ ਪਾਠ ਕਰਾਉਣ ਦਾ ਫ਼ੈਸਲਾ ਕਰ ਲਿਆ। ਸਾਡਾ ਖਾਨਦਾਨ ਵਧਿਆ। ਮੇਰੀ ਇਕ ਹੋਰ ਵੋਟ ਵਧ ਗਈ।"

"ਬਾਬਾ ਜੀ-ਸਿਹਤ ਕਿੱਦਾਂ?" ਰਿੰਦਰਪਾਲ ਨੇ ਪੁੱਛਿਆ।

"ਸਿਹਤ ਸੂਹਤ ਕਾਹਦੀ। ਕੋਈ ਚੀਜ਼ ਚੰਗੀ ਤਾਂ ਮਿਲਦੀ ਨ੍ਹੀਂ। ਖੱਤਿਆਂ 'ਚ ਪਹਿਲਾਂ ਖਾਦ ਪਾਉਂਦੇ। ਫੇਰ ਦਵਾ ਛਿੜਕਾ ਦਿੰਦੇ। ਇਹਦਾ ਅਸਰ ਤਾਂ ਹੋਣਾ। ਪਹਿਲਾਂ ਲੋਕ ਰੂੜੀਆਂ ਪਾਉਂਦੇ ਸੀ। ਮਜਾਲ ਕਿ ਬੀਮਾਰੀ ਲਾਗੇ ਸ਼ੁਰੂ ਕਰ ਲੈਂਦੇ ਆ।"

"ਹੁਣ ਫੇਰ ਲੋਕ ਰੂੜੀਆਂ ਪਾਉਣੀਆਂ ਭੁੱਲ ਗਏ।"

"ਤੁਸੀਂ ਮੇਰੀ ਮੰਨਣੀ ਤਾਂ ਨ੍ਹੀਂ। ਪਰ ਆਪਣੀ ਗੱਲ ਕਹਿਣ 'ਚ ਕੀ ਹਰਜ ਆ। ਘੱਟੋ-ਘੱਟ ਆਪਣੇ ਖਾਣ-ਪੀਣ ਜੋਗੀ ਥਾਂ 'ਚ ਰੂੜੀ ਪਾਇਆ ਕਰੋ। ਪਹਿਲਾਂ ਸਿਹਤ ਆ। ਫੇਰ ਬਾਕੀ ਗੱਲਾਂ।"

"ਤੁਹਾਡੀ ਗੱਲ ਸੋਲ੍ਹਾਂ ਆਨੇ ਸੱਚੀ ਆ।" ਬਹੁਤਿਆਂ ਨੇ ਸੰਤਾ ਸਿੰਘ ਦੀ ਗੱਲ ਦੀ ਤਾਈਦ ਕੀਤੀ।

"ਐਤਕੀਂ ਬਾਹਰਲੀ ...ਲੜੀ ਵਾਲੇ ਛੱਪੜ 'ਚੋਂ ਮਿੱਟੀ ਚੁੱਕੋ। ਉਸ 'ਚ ਬੜੀ ਤਾਕਤ ਆ।" ਪ੍ਰੇਮ ਸਿੰਘ ਨੇ ਕਿਹਾ।

"ਅੱਜ ਕੱਲ੍ਹ ਰੂੜੀ ਕੌਣ ਪਾਉਂਦਾ।"

"ਰੂੜੀ ਪਾਉਣੀ ਮਹਿੰਗੀ ਪੈਂਦੀ ਆ।"

"ਜੇ ਖੱਤਿਆਂ ਨੂੰ ਜਿਉਂਦੇ ਰੱਖਣਾ ਤਾਂ ਰੂੜੀ ਪਾਉਣੀ ਹੀ ਪੈਣੀ ਆਂ।"

"ਤੇਰੀ ਗੱਲ ਮੰਨਣ ਵਾਲੀ ਆ ਪਾੜ੍ਹਿਆ।"

"ਮੁਫ਼ਤ 'ਚ ਕੀ ਮਾੜੀ।"

"ਘਰ ਭਰਤੀ ਪੰਜ-ਪੰਜ ਟਰਾਲੀਆਂ ਭਰ ਲਉ।"

"ਜਦੋਂ ਭਰਣ ਬੈਠ ਗਏ-ਫੇਰ ਕੀ ਪੰਜ ਤੇ ਕੀ ਦੱਸ।"

"ਜੇ ...ਕ੍ਰਮ ਆਕੜ ਗਏ।"

"ਸਾਡੀ ਬਿੱਲੀ-ਸਾਨੂੰ ਮਿਆਊਂ-ਮਿਆਊਂ।"

"ਉਹ ਰੌਲਾ ਅਵੱਸ਼ ਪਾਉਣਗੇ।"

"ਹੁਣ ਪਹਿਲਾਂ ਵਾਲੇ ਸਮੇਂ ਨ੍ਹੀਂ ਰਹੇ। ਦਲਿਤ ਸੈਨਾ ਵਾਰੇ ਖੁਰ ਚੁੱਕ ਕੇ ਪੈ ਜਾਊ। ਇਕ ਔਧ ਵਾਰ ਮਾਇਆਵਤੀ ਮੁੱਖ ਮੰਤਰੀ ਕੀ ਬਣੀ-ਇਹ ਆਪਣੇ ਆਪ ਨੂੰ ਰਾਜਭਾਗੀ ਸਮਝਣ ਲੱਗ ਪਏ। ਆਹ ਤੱਲ੍ਹਣ ਇਨ੍ਹਾਂ ਕੀ ਕੜੀ ਘੋਲੀ ਸੀ। ਇਨ੍ਹਾਂ ਦਾ ਬਾਬਾ ਅਸਟਰੀਆ 'ਚ ਮਾਰ ਦਿੱਤਾ, ਇਨ੍ਹਾਂ ਜਲੰਧਰ 'ਚ ਹੇਠਲੀ ਉੱਤੇ ਲਿਆ ਦਿੱਤੀ। ਪਹਿਲਾਂ ਇਨ੍ਹਾਂ ਨੂੰ ਪਾੜੋ। ......ਲੜੀ ਦੇ ਪੰਜ-ਸੱਤ ਘਰਾਂ ਨੂੰ ਆਪਣੇ ਨਾਲ ਤੋਰ ਲਉ।"

"ਛੱਪੜ ਸ਼ਾਮਲਾਟ 'ਚ ਆਉਂਦਾ। ਇਹ ਥਾਂ ਸਾਡੇ ਵੱਡੇ-ਵਡੇਰਿਆਂ ਦੀ ਛੱਡੀ ਹੋਈ ਆ। ਕਿਸੇ ਸਾਲੇ ਨੂੰ ਕਿਉਂ ਪੁੱਛੀਏ।"

"ਬੁਰੇ ਤਾਂ ਨ੍ਹੀਂ ਕੁਸਰਦੇ। ਮੁੰਡਿਆਂ ਨੇ ਔਖੇ ਹੋਣਾ। ਇਨ੍ਹਾਂ ਨੂੰ ਬੋਲਣਾ ਭੁੱਲ ਗਿਆ। ਬੁੱਢੇ ਅਜੇ ਵੀ ਸਾਰਜੀ-ਸਾਰਜੀ ਕਹਿੰਦੇ ਆ-ਇਹ ਨਾ 'ਤੇ ਆ ਗਏ।"

"ਇਹ ਵੇਕਾ ਰੌਲਾ ਪਾਉਣ ਜੋਗੇ ਆ। ਉਹ ਵੀ ਬਹੁਤਾ ਚਿਰ ਨ੍ਹੀਂ। ਖਾਲੀ ਡਫਲੀ ਵਜਾ ਰਹੇ। ਪੰਜਾਬ 'ਚ ਮਾਇਆਵਤੀ ਨੂੰ ਕੌਣ ਪੁੱਛਦਾ। ਦੇਖ ਲਉ-ਐਤਕੀਂ ਇਕ ਵੀ ਸੀਟ ਨ੍ਹੀਂ



ਮਿਲੀ। ਲੋਕ ਸਭਾ ਦੀਆਂ ਚੋਣਾਂ 'ਚ ਇਨ੍ਹਾਂ ਦਾ ਖਾਤਾ ਵੀ ਨ੍ਹੀਂ ਖੁੱਲ੍ਹਿਆ। ਅਸੀਂ ਤਾਂ ਛੋਟੀ ਕਿਤੇ ਪਿੰਡ 'ਚ ਇਨ੍ਹਾਂ ਨੂੰ ਪੰਚੀ ਲਈ ਵੀ ਵੋਟ ਨ੍ਹੀਂ ਪਾਉਂਦੇ-ਐੱਮ. ਐੱਲ. ਏ. ਕਿੱਥੋਂ ਬਣਨ ਦਿਆਂਗੇ।" ਹੁਣੇ-ਹੁਣੇ ਆ ਕੇ ਬੈਠੇ ਲਾਲਾ ਰੋਸ਼ਨ ਲਾਲ ਨੇ ਕਿਹਾ।

"ਅਸੀਂ ਸਰਦਾਰ। ਜ਼ਮੀਨਾਂ ਜਾਇਦਾਦਾਂ ਵਾਲੇ।"

"ਬਖਤਾਉਰਿਆ- ਮੈਨੂੰ ਉਦੋਂ ਨਮੋਸ਼ੀ ਆਉਂਦੀ ਜਦੋਂ ਸ਼ਹਿਰ 'ਚ ਕਿਸੇ ਲਾਲੇ, ਬਾਣੀਏ ਦਾ ਕੋਈ ਮੁੰਡਾ ਨ੍ਹੀਂ ਪੜ੍ਹਦਾ-ਤਾਂ ਉਹ ਸਾਡੇ ਸਾਹਮਣੇ ਕਹਿ ਦਿੰਦੇ-'ਇਹਨੂੰ ਲਾ ਦਿਉ ਕਿਸੇ ਜੱਟ-ਬੂਟ ਨਾਲ। ਇਹ ਆਪੇ ਸਿੱਧਾ ਹੋ ਜਾਊ।' ਉਦੋਂ ਸਾਡੀ ਕੁੱਕਤ ਕਿੱਥੇ ਰਹਿੰਦੀ।"

ਅਮਲੀ ਦੀ ਇਸ ਗੱਲ 'ਤੇ ਕੁਝ ਹੱਸੇ। ਕੁਝ ਗੰਭੀਰ ਹੋ ਗਏ।

***

ਜਦੋਂ ਦੀ ਬਹੁਜਨ ਸਮਾਜ ਪਾਰਟੀ ਬਣੀ ਸੀ-ਉਦੋਂ ਤੋਂ ਹੀ ਪੁਰਾਣੀ ਤੇ ਨਵੀਂ ਆਬਾਦੀ ਦੇ ਨੌਜੁਆਨਾਂ 'ਚ ਇਕ ਨਵਾਂ ਜੋਸ਼ ਆ ਭਰਿਆ ਸੀ। ਕੁਝ ਸਾਲ ਪਹਿਲਾਂ ਪਿੰਡ 'ਚ ਨੌਜੁਆਨ ਸਭਾ ਬਣੀ ਸੀ। ਇਸ ਦੇ ਮੈਂਬਰ ਕਾਲਜਾਂ 'ਚ ਪੜ੍ਹਦੇ ਸਨ ਜਾਂ ਨੌਕਰੀਪੇਸ਼ਾ ਸਨ। ਇਨ੍ਹਾਂ 'ਚ ਬਹੁਤ ਕੁਝ ਨਵਾਂ ਕਰਨ ਦਾ ਉਤਸ਼ਾਹ ਸੀ। ਜੋਸ਼ ਸੀ। ਇਨ੍ਹਾਂ ਬੀ. ਡੀ. ਓ. ਦੇ ਦਫ਼ਤਰ 'ਚ ਭੱਜ-ਦੌੜ ਕੀਤੀ। ਗ੍ਰਾਂਟ ਮੰਜ਼ੂਰ ਕਰਵਾ ਕੇ ਲਾਇਬ੍ਰੇਰੀ ਬਣਾਈ। ਪਿੰਡ 'ਚ ਸਮਾਜ-ਸੁਧਾਰਕ ਡਰਾਮੇ ਖੇਡੇ। ਸਕੂਲ ਲਾਗਲੀ ਉੱਚੀ-ਨੀਵੀਂ ਜਗ੍ਹਾ ਨੂੰ ਪੱਧਰਾ ਕਰਕੇ ਗਰਾਊਂਡ ਬਣਾਈ। ਨੁੱਕਰ 'ਚ ਅਮਰੂੰਦਾਂ ਵਾਲਿਆਂ ਨੇ ਆਪਣੇ ਕਿਸੇ ਵੱਡੇ-ਵਡੇਰੇ ਦੀ ਸਮਾਧ ਬਣਾਈ ਸੀ। ਮੁੰਡਿਆਂ ਨੇ ਉਹ ਵੀ ਢਾਹ ਦਿੱਤੀ। ਗੁਰਦੁਆਰੇ ਲਾਗਲੇ ਛੱਪੜ ਦੇ ਚੁਫੇਰੇ ਪੱਕੀ ਚਾਰਦੀਵਾਰੀ ਕਰਵਾਈ। ਨਵੀਂ ਆਬਾਦੀ ਵੱਲ ਜਾਂਦੇ ਕੱਚੇ ਰਾਹ ਨੂੰ ਪੱਕੀ ਮਿੱਟੀ ਨਾਲ ਪੱਕਿਆ ਕੀਤਾ ਤੇ ਜਦੋਂ ਨਾਲੀਆਂ-ਗਲੀਆਂ ਪੱਕੀਆਂ ਹੋਣੀਆਂ ਸਨ-ਪਹਿਲ ਨਵੀਂ ਆਬਾਦੀ ਨੂੰ ਦੇਣੀ ਸੀ। ਉਨ੍ਹਾਂ ਇਸ ਗੱਲ ਦਾ ਵੀ ਫ਼ੈਸਲਾ ਕੀਤਾ ਕਿ ਜਿਹੜਾ ਨਵੀਂ ਆਬਾਦੀ ਨੂੰ 'ਚਮਾਲੜੀ' ਕਹੇਗਾ-ਉਹਨੂੰ ਪੰਜ ਸੌ ਰੁਪਈਆ ਜੁਰਮਾਨਾ ਦੇਣਾ ਪਵੇਗਾ। 'ਚਮਾਰ' ਕਹਿਣ ਵਾਲੇ ਨੂੰ ਦੋ ਹਜ਼ਾਰ ਰੁਪਈਆ। ਪਿੰਡ ਦੀ ਵਾਗਡੋਰ ਇਨ੍ਹਾਂ ਮੁੰਡਿਆਂ ਦੇ ਹੱਥ 'ਚ। ਬੁੱਢਿਆਂ ਨੂੰ ਖੂੰਜੇ ਲਾ ਕੇ ਬੈਠਾ ਦਿੱਤਾ। ਸਰਪੰਚ ਦੀ ਚੋਣ ਵੀ ਸਰਬਸੰਮਤੀ ਨਾਲ ਕੀਤੀ। ਪਹਿਲੀ ਵਾਰ ਪੰਥੀ ਸਾਲਾ ਸਤਪਾਲ ਸਰਪੰਚ ਬਣਿਆ। ਪਿੰਡ ਦੀ ਨੁਹਾਰ ਨੂੰ ਚਾਰ-ਚੰਨ ਲੱਗੇ।

ਅਗਲੇ ਪੰਜਾਂ ਸਾਲਾਂ 'ਚ ਬਹੁਜਨ ਸਮਾਜ ਪਾਰਟੀ ਦਿੱਲੀ ਤੋਂ ਚੱਲ ਕੇ ਇਸ ਪਿੰਡ 'ਚ ਆ ਵੜੀ। ਰਮੇਸ਼ ਕੁਮਾਰ ਆਰ. ਐਮ. ਪੀ. ਡਾਕਟਰ ਸੀ। ਉਹ ਸ਼ਹਿਰ 'ਚ ਦੁਕਾਨ ਕਰਦਾ ਸੀ। ਸਭ ਤੋਂ ਪਹਿਲਾਂ ਉਹ ਕਾਂਸ਼ੀ ਰਾਮ ਦੇ ਭਾਸ਼ਨਾਂ/ਵਿਚਾਰਾਂ ਤੋਂ ਪ੍ਰਭਾਵਤ ਹੋਇਆ। ਉਸ ਇਕ-ਇਕ ਕਰਕੇ ਮੁੰਡਿਆਂ ਨੂੰ ਆਪਣੇ ਨਾਲ ਜੋੜ ਲਿਆ। ਘਰਾਂ ਦੀਆਂ ਛੱਤਾਂ 'ਤੇ ਨੀਲੇ ਝੰਡੇ ਦਿੱਸਣ ਲੱਗੇ। ਹਾਥੀ ਵਾਲੇ ਪੋਸਟਰਾਂ ਦੀ ਭਰਮਾਰ ਹੋ ਗਈ। ਪੁਰਾਣੀ ਤੇ ਨਵੀਂ ਆਬਾਦੀ ਵਾਲਿਆਂ ਰਲ ਕੇ ਆਪਣਾ ਵੱਖਰਾ ਰਵੀਦਾਸ ਗੁਰਦੁਆਰਾ ਬਣਾ ਲਿਆ। ਪੈਸੇ ਸੁਰਿੰਦਰ ਨੇ ਭੇਜ ਦਿੱਤੇ। ਸਵੇਰ ਤੇ ਸ਼ਾਮ ਰਵੀਦਾਸ ਦੀ ਬਾਣੀ ਦਾ ਪਾਠ ਹੋਣ ਲੱਗਾ। ਰਵੀਦਾਸ ਦੇ ਜਨਮ ਦਿਹਾੜੇ 'ਤੇ ਪ੍ਰਭਾਵਤ-ਫੇਰੀਆਂ ਨਿਕਲਣ ਲੱਗੀਆਂ। ਪਿੰਡ ਦੇ ਸਾਂਝੇ ਕੰਮਾਂ ਲਈ ਢਾਲ ਦੇਣ 'ਚ ਉਹ

ਕਿੰਤੂ-ਪਰੰਤੂ ਕਰਨ ਲੱਗੇ। ਹੁਣ ਉਨ੍ਹਾਂ ਲਈ ਪਿੰਡ ਦਾ ਮਤਲਬ ਪੁਰਾਣੀ ਤੇ ਨਵੀਂ ਆਬਾਦੀ ਰਹਿ ਗਿਆ ਸੀ। ਮੁੰਡੇ ਡੁਬਈ, ਮਾਸਕਟ, ਅਮਰੀਕਾ, ਕੈਨੇਡਾ, ਜਰਮਨ ਚਲੇ ਗਏ। ਬਾਹਰਲੇ ਪੈਸੇ ਨੇ ਪਿਛਲਿਆਂ ਦੀ ਦੁਨੀਆਂ ਹੀ ਬਦਲ ਕੇ ਰੱਖ ਦਿੱਤੀ। ਛੱਤਾਂ 'ਤੇ ਟੀ. ਵੀ. ਦੇ ਐਨਟੀਨਿਆਂ ਦੀ ਭਰਮਾਰ ਹੋ ਗਈ। ਵਿਚ-ਵਿਚ ਡਿੱਸ਼ ਵੀ ਦਿੱਸਣ ਲੱਗੇ। ਕੱਚੇ ਪੱਕਿਆਂ 'ਚ ਬਦਲ ਗਏ। ਪੱਕੇ ਚੌਬਾਰਿਆਂ 'ਚ। ਨਕਸ਼ੇ ਬਣਾ ਕੇ ਕੋਠੀਆਂ ਬਣੀਆਂ। ਸਕੂਟਰ ਆ ਗਏ। ਕਾਰ ਲੈਣ ਦੀਆਂ ਸਕੀਮਾਂ ਬਣਨ ਲੱਗੀਆਂ। ਬੁੜੀਆਂ-ਕੁੜੀਆਂ ਘਾਹ ਖੋਤਣੋਂ ਹਟਦੀਆਂ ਗਈਆਂ। ਘਰਾਂ 'ਚ ਪੱਕੀਆਂ ਫਲਸ਼ਾਂ ਬਣ ਗਈਆਂ। ਸਿਰਫ਼ ਵੀਹ ਕੁ ਘਰ ਦਿਹਾੜੀਆਂ ਕਰਨ ਜਾਂਦੇ। ਇੰਨੇ ਕੁ ਘਰਾਂ ਦੀਆਂ ਔਰਤਾਂ ਪੱਠੇ-ਦੱਥੇ ਲਈ ਬਾਹਰ-ਅੰਦਰ ਜਾਂਦੀਆਂ। ਸ਼ਾਮ ਹੁੰਦੀ ਤਾਂ ਗੁਰਦੁਆਰੇ ਅੰਦਰ ਪਏ ਲੱਕੜ ਦੇ ਬੈਂਚ 'ਤੇ ਬੈਠਣ ਜੋਗੀ ਥਾਂ ਨਾ ਬਚਦੀ। ਕਾਂਸ਼ੀ ਰਾਮ ਦੇ ਗੁਣ ਗਾਏ ਜਾਂਦੇ। ਘਰ-ਘਰ 'ਚ ਅੰਬੇਡਕਰ ਦੀਆਂ ਫੋਟੋ ਲੱਗ ਗਈਆਂ। ਕਾਲਜੀਏਟ ਮੁੰਡੇ ਮਨੂੰਵਾਦ ਤੇ ਬ੍ਰਾਹਮਣਵਾਦ ਦਾ ਖੁੱਲ੍ਹ ਕੇ ਵਿਰੋਧ ਕਰਦੇ। ਉਨ੍ਹਾਂ ਨੂੰ ਪਿੰਡ ਵਾਲੇ ਵੀ ਮਨੂੰ ਦੀ ਅੰਸ਼ 'ਚੋਂ ਲੱਗਦੇ! ਹੁਣ ਇਨ੍ਹਾਂ ਆਪਣੇ ਗੁਰਦਵਾਰੇ 'ਚ ਗੁਰੂ ਰਵਿਦਾਸ ਦੀ ਬਾਣੀ ਨੂੰ ਇਕੱਠਾ ਕਰਕੇ ਗ੍ਰੰਥ 'ਅੰਮ੍ਰਿਤਬਾਣੀ' ਸਾਹਿਬ ਰੱਖਿਆ ਹੋਇਆ।

ਇਕ ਦਿਨ ਲੱਛਣ ਸਿੰਘ ਰਮੇਸ਼ ਕੁਮਾਰ ਨੂੰ ਘੇਰ ਕੇ ਖੜ੍ਹ ਗਿਆ, "ਤੁਸੀਂ ਗਲਤ ਪ੍ਰਚਾਰ ਕਰ ਰਹੇ ਹੋ। ਆਹ ਜਿਹੜਾ ਸ਼ਬਦ 'ਦਲਿਤ' ਤੁਸੀਂ ਕਰੀਏਟ ਕੀਤਾ-ਇਹਨੂੰ ਆਪਣੇ ਤਕ ਸੀਮਤ ਨਾ ਕਰੋ। ਬਹੁਤੀਆਂ ਵੰਡੀਆਂ ਦਾ ਆਧਾਰ ਆਰਥਿਕਤਾ ਆ। ਸੌ-ਡੇਢ ਸੌ ਸਾਲ ਪਹਿਲਾਂ ਤਾਂ ਅਸੀਂ ਵੀ ਸ਼ੂਦਰ ਗਿਣੇ ਜਾਂਦੇ ਸੀ।"

"ਹੁਣ ਤਾਂ ਨ੍ਹੀਂ।"

"ਹੁਣ ਸ਼ੂਦਰ ਤਾਂ ਨ੍ਹੀਂ। ਕਈ ਸਟੇਟਾਂ 'ਚ ਬੈਕਵਰਡ ਕਾਸਟਾਂ 'ਚ ਆ ਗਏ। ਪਹਿਲਾ ਰਾਜਸਥਾਨ 'ਚ ਸਨ। ਹੁਣ ਹਿਮਾਚਲ ਸਰਕਾਰ ਨੇ ਵੀ ਸਾਨੂੰ ਬੈਕਵਰਡਾਂ 'ਚ ਲੈ ਆਂਦਾ।"

"ਇਹ ਤਾਂ ਸਰਕਾਰਾਂ ਦਾ ਪੋਲਟਿਕਸ ਆ।"

"ਜਿੰਦਾਂ ਰਿਜਰਵੇਸ਼ਨ ਚਲ ਰਹੀ-ਜਿੰਦਾ ਹਾਲਾਤ ਬਦਲ ਰਹੇ-ਜੇ ਇਹੋ ਰਿਹਾ ਤਾਂ ਅਗਲੇ ਆਉਣ ਵਾਲੇ ਸਮੇਂ 'ਚ ਫੇਰ ਉਲਟ ਚੱਲ ਪੈਣਾ। ਦਲਿਤਾਂ ਉਪਰ ਆ ਜਾਣਾ। ਦੂਜੀਆਂ ਜਾਤਾਂ ਨੇ ਦਲਿਤ ਬਣ ਜਾਣਾ।"

"ਪ੍ਰੋਫੈਸਰ ਸਾਹਿਬ-ਜਿੰਨਾ ਸਾਡੇ ਲੋਕਾਂ ਨੂੰ ਟੋਰਚਰ ਕੀਤਾ ਗਿਆ-ਉਂਨੀ ਤੁਹਾਡੇ ਨਾਲ ਹੁੰਦੀ ਤਾਂ ਪਤਾ ਲੱਗਦਾ। ਮੈਨੂੰ ਇਕ ਗੱਲ ਦੱਸੋ-ਕਿ ਤੁਹਾਨੂੰ ਕਦੇ ਕਿਸੇ 'ਚੂੜ੍ਹ ਚਭੁਮ' ਕਹਿ ਕੇ ਜਲੀਲ ਕੀਤਾ। ਅਸੀਂ ਸਾਰੇ ਅੰਬੇਦਕਰ ਜੀ ਦੇ ਰਿਣੀ ਹਾਂ ਜਿਨ੍ਹਾਂ ਸਾਡਾ ਮਾਰਗ ਦਰਸ਼ਨ ਕੀਤਾ। ਸਾਨੂੰ ਸਾਡੀ ਵੋਟ ਦੀ ਅਹਿਮੀਅਤ ਸਮਝਾਈ। ਹੁਣ ਅਸੀਂ ਦੱਸਾਂਗੇ ਤੌਂ ਮੰਨਵਾਵਾਂਗੇ ਕਿ ਅਸੀਂ ਕੌਣ ਆਂ।"

ਨੌਜੁਆਨ ਸਭਾ ਦੋ-ਫਾੜ ਹੋ ਗਈ। ਇਕ ਪਿੰਡ ਵਾਲਿਆਂ ਦੀ ਬਣੀ ਜਿਸ ਦਾ ਪ੍ਰਧਾਨ ਲੱਛਣ ਸਿੰਘ ਬਣਿਆ।



ਦੂਜੀ ਨਵੀਂ ਆਬਾਦੀ ਵਾਲਿਆਂ ਨੇ ਬਣਾਈ ਜਿਸ ਦੀ ਪ੍ਰਧਾਨਗੀ ਰਮੇਸ਼ ਕੁਮਾਰ ਨੂੰ ਦਿੱਤੀ ਗਈ।

ਮਨੂੰਵਾਦ ਤੇ ਬ੍ਰਾਹਮਣਵਾਦ ਦਾ ਰੌਲਾ ਜ਼ਿਆਦਾ ਹੀ ਵਧਣ ਲੱਗਾ। ਲਾਲਾ ਰੋਸ਼ਨ ਲਾਲ ਨੇ ਮਨੂੰਵਾਦ ਬਾਰੇ ਭਾਸ਼ਨ ਹੀ ਤਿਆਰ ਕਰ ਲਿਆ। ਆਪਣੇ ਹਮ-ਉਮਰਾਂ ਨੂੰ ਉਹ ਦੱਸਦਾ, "ਮਨੂੰ ਮਹਾਰਾਜ ਬ੍ਰਹਮਾ 'ਚੋਂ ਹੋਏ ਆ। ਉਨ੍ਹਾਂ ਨੇ ਮਨੂੰ ਨੂੰ ਪੜ੍ਹਾਇਆ। ......ਮਨੂੰ ਨੇ ਇਹਦਾ ਗਿਆਨ ਭ੍ਰਗੂ ਰਿਸ਼ੀ ਨੂੰ ਦਿੱਤਾ। ਫੇਰ ਐਦਾਂ ਇਹ ਗਿਆਨ ਫੈਲਿਆ। ਕਹਿੰਦੇ ਆ ਕਿ ਦੁਨੀਆਂ ਕਈ ਵਾਰ ਉੱਜੜੀ ਆ। ਕਈ ਵਾਰ ਵਸੀ ਆ। ਮਨੂੰ ਮਹਾਰਾਜ ਕੋਈ ਨਿਆਣੇ ਤਾਂ ਨ੍ਹੀਂ ਸਨ ਕਿ ਉਨ੍ਹਾਂ ਇਹ ਜਾਤਾਂ-ਪਾਤਾਂ ਪੈਦਾ ਕੀਤੀਆਂ।"

ਪੜ੍ਹਿਆਂ ਲਿਖਿਆਂ ਅੱਗੇ ਉਸ ਆਪਣਾ ਗਿਆਨ ਘੋਟਿਆ, "ਬ੍ਰਹਮਾ ਨੇ ਪਹਿਲਾਂ ਜਲ ਪੈਦਾ ਕੀਤਾ। ਫੇਰ ਉਸ 'ਚ ਬੀਜ ਛੱਡਿਆ। ਉਸੇ ਨੇ ਯਗਾਂ ਦੀ ਸਿਧੀ ਲਈ ਅੱਗ-ਹਵਾ ਤੇ ਸੂਰਜ ਨਾਲ ਅਵਿਨਾਸ਼ੀ ਰਿਗਵੇਦ, ਯਜੁਰਵੇਦ ਤੇ ਸਾਮਵੇਦ ਨੂੰ ਵੀ ਪ੍ਰਗਟ ਕੀਤਾ। ਲੋਕ ਵਾਧੇ ਲਈ ਬ੍ਰਹਮਾ ਨੇ ਮੂੰਹ, ਬਾਹੂ, ਪਟਾਂ-ਪੈਰਾਂ ਤੋਂ ਬ੍ਰਾਹਮਣ, ਕਸ਼ਤਰੀ, ਵੈਸ਼ ਤੇ ਸ਼ੂਦਰ ਪੈਦਾ ਕੀਤੇ। ਧਰਤੀ 'ਤੇ ਜੋ ਕੁਝ ਵੀ ਆ ਇਹ ਸਭ ਕੁਝ ਬ੍ਰਾਹਮਣ ਦਾ ਆ। ਸ਼ੂਦਰ ਦਾ ਕੰਮ ਆਪਣੇ ਤੋਂ ਉਪਰਲੇ ਤਿੰਨਾਂ ਵਰਗਾਂ ਦੀ ਸੇਵਾ ਕਰਨਾ ਆ। ਇਹ ਹੁਣ ਹੀ ਨ੍ਹੀਂ-ਆਦਿ ਕਾਲ ਤੋਂ ਇਨ੍ਹਾਂ ਦੀਆਂ ਬਸਤੀਆਂ ਅਲੱਗ ਰਹੀਆਂ। ਇਹ ਤਾਂ ਮਰੇ ਪਸ਼ੂ ਦਾ ਮਾਸ ਤੱਕ ਖਾ ਜਾਂਦੇ ਸੀ। ਪੱਤ 'ਚੋਂ ਨਿਕਲੀ ਮੈਲ 'ਚ ਰੋਟੀਆਂ ਭਿਉਂ-ਭਿਉਂ ਕੇ ਖਾਂਦੇ ਸੀ।" ਜੇ ਉਸਨੂੰ ਲੱਗਦਾ ਕਿ ਅੱਗੋਂ ਮੁੰਡਾ ਕੁਝ ਜ਼ਿਆਦਾ ਹੀ ਜਾਣਨਾ ਚਾਹੁੰਦਾ ਤਾਂ ਉਹ ਮਨੂੰਸਮਿਰਤੀ ਪੜ੍ਹਨ ਲਈ ਦੇ ਦਿੰਦਾ।

ਇੱਧਰ ਰਮੇਸ਼ ਕੁਮਾਰ ਗੁਰਦੁਆਰੇ 'ਚ ਪਏ ਬੈਂਚ 'ਤੇ ਖੜ ਕੇ ਪ੍ਰਚਾਰ ਕਰਦਾ, "ਮਨੂੰਸਿਮਰਤੀ ਤਾਂ ਹੈ ਹੀ ਝੂਠ ਦਾ ਪੁਲੰਦਾ। ਇਸ 'ਤੇ ਇਤਬਾਰ ਕੀਤਾ ਹੀ ਨ੍ਹੀਂ ਜਾ ਸਕਦਾ। ਇਹ ਬ੍ਰਾਹਮਣਵਾਦ ਨੂੰ ਸਿਰੇ 'ਤੇ ਬੈਠਾ ਦਿੰਦਾ। ਸਾਡੇ ਲੋਕਾਂ ਨੂੰ ਤਾਂ ਪੈਰਾਂ ਦੀ ਜੁੱਤੀ ਦੇ ਬਰੋਬਰ ਵੀ ਨ੍ਹੀਂ ਰੱਖਿਆ ਗਿਆ। ਦੇਖੋ ਇਹਦਾ ਪਹਿਲਾ ਅਧਿਆਏ ਕੀ ਕਹਿੰਦਾ।" ਉਹ ਕਾਹਲੀ-ਕਾਹਲੀ ਹੱਥ 'ਚ ਫੜੀ ਮਨੂੰਸਿਮਰਤੀ ਦੇ ਪੰਨੇ ਪਲਟਦਾ। ਉੱਚੀ ਆਵਾਜ਼ 'ਚ ਦੱਸਦਾ, "ਬ੍ਰਹਮਾ ਨੇ ਇਸ ਸੰਪੂਰਨ ਸ੍ਰਿਸ਼ਟੀ ਦੀ ਰੱਖਿਆ ਲਈ ਬ੍ਰਾਹਮਣ, ਕਸ਼ਤਰੀ, ਵੈਸ਼ ਤੇ ਸ਼ੂਦਰ ਦੀ ਸ੍ਰਿਸ਼ਟੀ ਕੀਤੀ ਆ। ਵੇਦ ਪੜ੍ਹਨਾ, ਪੜ੍ਹਾਉਣਾ, ਯਗ ਕਰਾਉਣਾ, ਕਰਨਾ, ਦਾਨ ਦੇਣਾ ਤੇ ਲੈਣਾ-ਇਹ ਕਰਮ ਬ੍ਰਾਹਮਣਾਂ ਲਈ ਬਣਾਇਆ ਗਿਆ। ਪਰਜਾ ਦੀ ਰੱਖਿਆ ਕਰਨਾ, ਦਾਨ ਦੇਣਾ, ਯਗ ਕਰਨਾ, ਪੜ੍ਹਣਾ ਇਨ੍ਹਾਂ ਕਰਮਾਂ ਨੂੰ ਕਸ਼ਤਰੀਆਂ ਲਈ ਬਣਾਇਆ ਗਿਆ। ਪਸ਼ੂਆਂ ਦੀ ਰੱਖਿਆ ਕਰਨਾ, ਦਾਨ ਦੇਣਾ, ਯਗ ਕਰਨਾ, ਪੜ੍ਹਣਾ, ਵਪਾਰ ਕਰਨਾ, ਵਿਆਜ ਲੈਣਾ, ਖੇਤੀ ਕਰਨ ਲਈ ਵੈਸ਼ਾਂ ਨੂੰ ਬਣਾਇਆ ਗਿਆ। ਬ੍ਰਹਮਾਂ ਨੇ ਇਹਨਾਂ ਵਰਣਾਂ ਦੀ ਸੇਵਾ ਕਰਨਾ ਸ਼ੂਦਰਾਂ ਦਾ ਪ੍ਰਧਾਨ ਕਰਮ ਦੱਸਿਆ। ਸਾਨੂੰ ਐਨਾ ਹੇਠਲਾ ਦਰਜਾ ਦੇਣਾ ਬ੍ਰਾਹਮਣਾਂ ਦੀ ਸੋਚੀ ਸਮਝੀ ਚਾਲ ਸੀ। ਕੁਦਰਤ ਨੇ ਦਿਨ ਤੇ ਰਾਤ ਬਣਾਏ। ਮਰਦ ਤੇ ਔਰਤ ਬਣਾਏ। ਇਹ ਵੰਡੀਆਂ ਆਦਮੀ ਨੇ ਬਣਾਈਆਂ। ਅਧਿਆਏ ਅੱਠ ਦੇਖੋ। ਸ਼ੂਦਰ ਜਿਸ ਕਿਸੇ ਅੰਗ ਨਾਲ ਬ੍ਰਾਹਮਣ ਨੂੰ ਮਾਰੇ, ਰਾਜਾ ਉਸਦੇ ਉਸੇ ਅੰਗ ਨੂੰ ਵਢਵਾ ਦੇਵੇ। ਜੇ ਕੋਈ ਸ਼ੂਦਰ ਬ੍ਰਾਹਮਣ ਦੇ ਨਾਲ ਇਕੋ ਆਸਣ 'ਤੇ ਬੈਠ ਜਾਵੇ ਤਾਂ

ਰਾਜਾ ਗਰਮ ਕੀਤੀ ਲੋਹੇ ਦੀ ਰਾਡ ਨਾਲ ਸ਼ੂਦਰ ਦੇ ਸਰੀਰ ਦੇ ਉਸ ਹਿੱਸੇ ਨੂੰ ਦਾਗ ਦੇਵੇ। ਜੇ ਕੋਈ ਸ਼ੂਦਰ ਕਿਸੇ ਬ੍ਰਾਹਮਣ ਦੀ ਬੇਇੱਜ਼ਤੀ ਥੁੱਕ ਕੇ ਕਰੇ ਤਾਂ ਰਾਜਾ ਉਸ ਦੇ ਮੂੰਹ 'ਚ ਗੁੜ ਤੁੰਨ ਦੇਵੇ। ......ਸਾਨੂੰ ਨੀਂ ਮੰਜ਼ੂਰ ਇਨ੍ਹਾਂ ਦੇ ਕਾਨੂੰਨ।" ਉਹ ਇਕ-ਇਕ ਕਰਕੇ ਵਰਕੇ ਪਾੜੀ ਜਾਂਦਾ।

***

ਬਾਬਾ ਜੀ ਨੇ ਖੰਘੂਰਾ ਮਾਰਿਆ। ਕੁਲਵੰਤ ਨੂੰ ਲੱਗਿਆ ਕਿ ਬਾਬਾ ਜੀ ਬਹੁਤ ਪਿੱਛੇ ਪਰਤ ਗਏ ਸਨ। ਬਹੁਤ ਹੀ ਆਤਮ-ਧਿਆਨ ਹੋ ਗਏ ਸਨ।

ਉਹ ਹੁਣ ਕੁਝ ਜ਼ਿਆਦਾ ਹੀ ਚਿੜ੍ਹਤ ਲੱਗਦੇ ਸਨ।

ਕੁਲਵੰਤ ਨੇ ਪਹਿਲੀ ਵਾਰ ਮਹਿਸੂਸ ਕੀਤਾ ਕਿ ਬਾਬਾ ਜੀ ਦੀ ਅੰਦਰਲੀ ਉਥਲ-ਪੁਥਲ ਉਨ੍ਹਾਂ ਦੇ ਚਿਹਰੇ 'ਤੇ ਆ ਗਈ ਸੀ।

ਸੁਰਿੰਦਰ ਦਾ ਫੋਨ ਸੁਣ ਕੇ ਉਹ ਆਤਮ-ਵਿਸ਼ਲੇਸ਼ਣ ਦੀ ਸਥਿਤੀ 'ਚ ਪਹੁੰਚ ਗਏ ਸਨ। ਉਹਨਾਂ ਬਹੁਤ ਕੋਸ਼ਿਸ਼ ਕੀਤੀ ਸੀ ਕਿ ਸੁਰਿੰਦਰ ਦੀਆਂ ਗੱਲਾਂ ਨੂੰ ਭੁੱਲ ਜਾਣ ਪਰ ਉਹ ਜਿੰਨਾ ਭੁੱਲਣ ਦੀ ਕੋਸ਼ਿਸ਼ ਕਰਦੇ-ਉਹ ਉੱਨਾ ਹੀ ਜ਼ਿਆਦਾ ਯਾਦ ਆਉਂਦੀਆਂ।

ਉਨ੍ਹਾਂ ਨੇ ਸੁਖਦੇਵ ਨੂੰ ਕਿਹਾ ਕਿ ਉਹ ਅੰਦਰ ਜਾ ਕੇ ਚਾਹ ਦਾ ਕਹਿ ਕੇ ਆਵੇ।

ਸੁਖਦੇਵ ਚਲਾ ਗਿਆ ਤਾਂ ਉਨ੍ਹਾਂ ਕੁਲਵੰਤ ਨੂੰ ਕਿਹਾ, "ਪੁੱਤ-ਤੂੰ ਦੋ-ਤਿੰਨ ਦਿਨ ਸੁਖਦੇਵ ਤੇ ਉਸ ਦੇ ਪੋਤੇ ਜਸਪਾਲ ਨੂੰ ਸੰਭਾਲੀ। ਬਾਬੇ-ਪੋਤੇ ਦੇ ਅੰਦਰ ਜ਼ਿਮੀਦਾਰ ਦੇ ਖ਼ਿਲਾਫ਼ ਬਹੁਤ ਨਫ਼ਰਤ ਆ।,,,ਆਹ ਨਰੇਂਦਰ ਵਾਲੇ ਲੀਡਰ ਨੇ ਨਵੀਂ ਹੀ ਅੱਗ ਲਾ ਰੱਖੀ। ਸੁਖਦੇਵ ਤੇ ਜਸਪਾਲ ਉਸ ਦੇ ਸੂਹੀਏ ਨੇ। ਮੈਨੂੰ ਡਰ ਲੱਗਦਾ ਕਿਤੇ ਤੱਲ੍ਹਣ ਵਾਲਾ ਹਾਲ ਸਾਡੇ ਨਾ ਹੋ ਜਾਏ....।"

ਇਸ ਗੱਲ ਦਾ ਕੁਲਵੰਤ ਨੂੰ ਥੋੜ੍ਹਾ ਬਹੁਤਾ ਪਤਾ ਸੀ।

ਬਾਬਾ ਜੀ ਨੇ ਲੰਬਾ ਸੂਟਾ ਖਿੱਚ ਕੇ ਸਿਗਰਟ ਖ਼ਤਮ ਕੀਤੀ।

ਚਾਹ ਖ਼ਤਮ ਹੁੰਦਿਆਂ ਤੀਕ ਤਿੰਨਾਂ 'ਚੋਂ ਕੋਈ ਕੁਝ ਨਾ ਬੋਲਿਆ।

ਕੁਲਵੰਤ ਜਾਣ ਲਈ ਉੱਠਿਆ। ਉਸ ਸਵੇਰੇ ਚਲੇ ਜਾਣਾ ਸੀ। ਉਹ ਛੱਪੜ ਦਾ ਮਸਲਾ ਹੱਲ ਹੁੰਦਾ ਦੇਖਣਾ ਚਾਹੁੰਦਾ ਸੀ। ਪਰ ਉਸਦੀਆਂ ਛੁੱਟੀਆਂ ਪਹਿਲਾਂ ਹੀ ਖ਼ਤਮ ਹੋ ਚੁੱਕੀਆਂ ਸਨ। ਉਹ ਮੈਡੀਕਲ ਲੀਵ 'ਤੇ ਚਲ ਰਿਹਾ ਸੀ। ਪਰਸੋਂ ਉਸ ਡਿਊਟੀ 'ਤੇ ਹਾਜ਼ਰ ਹੋਣਾ ਸੀ।

ਉਸ ਬਾਬਾ ਜੀ ਦੇ ਪੈਰੀਂ ਹੱਥ ਲਾਏ। ਉਨ੍ਹਾਂ ਅਸੀਸ ਦਿੱਤੀ। ਉਨ੍ਹਾਂ ਕੁਲਵੰਤ ਦਾ ਹੱਥ ਫੜ ਲਿਆ। ਬੋਲੇ, "ਪੁੱਤ ਤੂੰ ਆਪਣਾ ਬੰਦਾ। ਆਪਣਿਆਂ ਕੋਲ ਹੀ ਕੋਈ ਦਿਲ ਦੀ ਗੱਲ ਕਰਦਾ। ਕਈ ਰਾਜ਼ ਸਾਂਝੇ ਕਰ ਜਾਂਦਾ। ਉਹ ਗੱਲਾਂ ਵੀ ਦੱਸ ਜਾਂਦਾ ਜਿਹੜੀਆਂ ਦੂਜੀ ਬਰਾਦਰੀ ਕੋਲ ਨ੍ਹੀਂ ਕੀਤੀਆਂ ਜਾ ਸਕਦੀਆਂ। ਲੈ ਤੂੰ ਵੀ ਸੁਣ ਲੈ। ਸੁਰਿੰਦਰ ਕਹਿੰਦਾ ਕਿ 'ਜੇ ਮਾਇਆਵਤੀ ਆਪਣੇ ਕੱਟੜ ਵਿਰੋਧੀਆਂ ਨਾਲ ਸਮਝੌਤਾ ਕਰ ਸਕਦੀ ਆ ਤਾਂ ਤੁਸੀਂ ਮੇਰੀ ਸਮਝਾਈ ਗੱਲ 'ਤੇ ਅਮਲ ਕਰੋ। ਸਿਆਸਤ ਖੇਡੋ ਬਾਬਾ ਜੀ। ਸਿਆਸਤ ਇਹ ਵੇਲਾ ਸਿੱਧੀ ਲੜਾਈ ਦਾ ਨ੍ਹੀਂ-ਮੌਕੇ



ਦਾ ਫਾਇਦਾ ਉਠਾਉਣ ਦਾ ਆ। ਐਵੇਂ ਅਖ਼ਬਾਰਾਂ 'ਚ ਖ਼ਬਰਾਂ ਨਾ ਲਵਾਈਓ। ਇਸ ਨਾਲ ਕੁਛ ਨ੍ਹੀਂ ਬਣਨਾ। ਚਾਰ ਦਿਨ ਰੌਲਾ ਪੈ ਸਕਦਾ। ਇਸ ਤੋਂ ਵੱਧ ਕੁਛ ਨ੍ਹੀ ਹੋਣਾ।' ਮੈਂ ਉਹਨੂੰ ਕਿੱਦਾਂ ਸਮਝਾਵਾਂ ਕਿ ਹਰ ਕੰਮ ਫ਼ਾਇਦਾ ਦੇਖ ਕੇ ਨ੍ਹੀਂ ਕੀਤਾ ਜਾਂਦਾ।"

ਬਾਬਾ ਜੀ ਨੇ ਹੌਕਾ ਲੈਣ ਵਾਂਗੂੰ ਸਾਹ ਲਿਆ।

ਉਨ੍ਹਾਂ ਜਾਂਦੇ ਹੋਏ ਕੁਲਵੰਤ ਨੂੰ ਇਹ ਵੀ ਸਮਝਾਇਆ, "ਆਹ ਸੁਰਿੰਦਰ ਦੀ ਸਿਆਸਤ ਵਾਲੀ ਗੱਲ ਦਾ ਜ਼ਿਕਰ ਕਿਸੇ ਕੋਲ ਵੀ ਨਾ ਕਰੀਂ......।"

---o---

# ਜ਼ੈਲਦਾਰ ਦਾ ਪੋਤਾ/ਜਸਵਿੰਦਰ ਸਿੰਘ

ਬਿਗਾਨੇ ਮੁਲਕ ਵਿੱਚ ਅਣਜਾਣੀ ਸੜਕ ਦੇ ਨਾਲ ਨਾਲ, ਓਪਰੇ ਘਰਾਂ ਮੂਹਰਿਉਂ ਦੀ ਪੱਕੀ ਪੱਗਡੰਡੀ ਤੋਂ ਉਹ ਤਿੰਨੇ ਪਾਰਕ ਵੱਲ ਨੂੰ ਗੱਲੀ ਖੁੱਭੇ ਤੁਰੇ ਜਾ ਰਹੇ ਸਨ। ਮਿਸਿਜ਼ ਕਿਰਨ ਢਿੱਲੋਂ ਉਹਨਾਂ ਦੋਹਾਂ ਨੂੰ ਕਈ ਮੀਲਾਂ ਵਿਚ ਫੈਲੇ ਪਾਰਕ ਬਾਰੇ, ਏਨੀ ਸਾਫ਼-ਸਫ਼ਾਈ ਤੇ ਏਨੀਆਂ ਸਹੂਲਤਾਂ ਹੋਣ ਬਾਰੇ ਦਸ ਰਹੀ ਸੀ ਕਿ...ਅਚਾਨਕ ਉਹ ਠੰਠਬਰ ਕੇ, ਕਿਸੇ ਅਣਕਿਆਸੇ ਖੌਫ਼ ਨੂੰ ਭਾਂਪਦੇ ਇਕੋਰਾਂ ਥਾਏਂ ਖੜ੍ਹਦੇ ਗਏ। ਪਰ ਜਿਉਂ ਹੀ ਦੂਜੀ ਵਾਰੀ ਸਰਦਾਰ ਜੀ! ਸਰਦਾਰ ਜੀ! ਦੀ ਉੱਚੀ ਭਰਵੀਂ ਪੰਜਾਬੀ ਲਹਿਜੇ ਵਿਚ ਹਾਕ ਸੁਣੀ ਤਾਂ ਅਚੰਭੇ ਭਰੇ ਸਕੂਨ ਨਾਲ ਉਹਨਾਂ ਪਲਟ ਕੇ ਉਸ ਘਰ ਵੱਲ ਵੇਖਿਆ। ਮਈ ਦੇ ਨਿਖਰੇ ਦਿਨ ਪਿਛੋਂ ਚੰਨ ਦੀ ਖਿੜੀ ਚਾਨਣੀ ਵਿੱਚ, ਸਜਾਵਟੀ ਰੁੱਖਾਂ ਦੇ ਪਰਛਾਵਿਆਂ ਵੰਨੀਓਂ ਖੁਲ੍ਹੇ ਜੁਸੇ ਵਾਲਾ ਇਕ ਬੰਦਾ ਤੇੜ ਦੇਸੀ ਚਾਰਖ਼ਾਨੇ ਵਾਲਾ ਸਾਫ਼ਾ, ਗਲੇ ਬੁਨੈਣ, ਪੈਰੀਂ ਖੁਸਾ ਪਾਈ, ਸਿਰੋਂ ਨੰਗਾ ਉਹਨਾਂ ਵੱਲ ਛੋਹਲੇ ਕਦਮੀ ਆਉਂਦਾ ਦਿਸਿਆ, "ਇਧਉਂ ਸਰਦਾਰ ਜੀ! ਕਿਵੇਂ ਲੰਘੀ ਜਾਂਦੇ ਓ?... ਮੈਂਖਿਆ ਜੀਅ ਤਾਂ ਆਪਣੇ ਹੀ ਲਗਦੇ ਨੇ," ਨੇੜੇ ਆਉਂਦਿਆਂ ਉਸ ਬੜੇ ਤਪਾਕ ਨਾਲ ਡਾ. ਨਾਲ ਖੁੱਲ੍ਹਾ ਭਰਵਾਂ ਘੁਟਵਾਂ ਹੱਥ ਮਿਲਾਇਆ ਤੇ ਨਾਲ ਆ ਖੜੀਆਂ ਦੋਹਾਂ ਔਰਤਾਂ ਨੂੰ ਨਿਮਰਤਾ ਨਾਲ ਹੱਥ ਜੋੜ ਕੇ 'ਸਤਿ ਸ੍ਰੀ ਅਕਾਲ' ਬੁਲਾਈ।

ਇਸ ਤੋਂ ਪਹਿਲਾਂ ਕਿ ਇਸ ਅਜੀਬ ਮਿਲਣੀ ਬਾਰੇ ਆਏ ਬੰਦੇ ਕੋਈ ਕਿਆਸ ਲਾਉਂਦੇ, ਉਹੋ ਜਣਾ ਲਗਦੇ ਦਾਅ ਕਹਿੰਦਾ ਗਿਆ, "ਮੈਂ... ਜੀ... ਸੰਧੂ...ਪਿੱਛੋਂ ਮੈਂ ਜਲੰਧਰ ਤੋਂ ਆਂ...ਆਪਣੇ ਬੰਦੇ ਏਵੇਂ ਕਿਵੇਂ ਘਰ ਅਗੋਂ...ਆਓ ਅੰਦਰ।" ਤੇ ਉਸ ਰਾਹ ਜਾਂਦਿਆਂ ਨੂੰ ਅੰਦਰ ਆਉਣ ਦੀ ਪੁਰਖ਼ਲੂਸ ਦਾਅਵਤ ਦਿੱਤੀ। ਸਿੱਖ ਲੱਗਦੇ ਵਤਨੀ ਨੂੰ ਉਹ ਘੁੱਟ ਕੇ ਹੱਥ ਮਿਲਾਉਂਦਿਆਂ ਮੋਹ ਭਰੀ ਅੱਧੀ ਕੁ ਗਲਵਕੜੀ ਪਾ ਕੇ ਦਰਵਾਜ਼ੇ ਵਲ ਲੈ ਤੁਰਿਆ, "ਨਾ ਏਵੇਂ ਨਹੀਂ...ਕੁਝ ਖਾ ਪੀ ਕੇ...", ਦਰਵਾਜ਼ੇ ਕੋਲ ਜਾ ਗਲਵਕੜੀ ਛੱਡ, ਅੰਦਰੋਂ ਬੰਦ ਦਰਵਾਜ਼ੇ ਤੇ ਦਸਤਕ ਦੇ, ਕਿਸੇ ਚਾਅ ਵਿਚ ਉਚੀ ਦੇਣੀ ਹਾਕ ਮਾਰੀ, "ਓ ਬਈ ਘਰ ਵਾਲਿਓ, ਦਰਵਾਜ਼ਾ ਖੋਲ੍ਹੋ। ਵੇਖੋ ਬਾਹਰ! ਪੰਜਾਬੋਂ ਪ੍ਰਾਹੁਣੇ ਆਏ ਆ। ਸਿਮਰਨ ਵੇਖ ਕੌਣ ਆਇਐ।"

ਦਰਵਾਜ਼ਾ ਕੁਝ ਦੇਰ ਬਾਅਦ ਖੁੱਲ੍ਹਿਆ। ਜਦ ਤੀਕ ਸੰਧੂ ਸਾਹਬ ਨਵੇਂ ਬੁਲਾਏ ਪ੍ਰਾਹੁਣਿਆਂ ਨੂੰ ਅਮਰੀਕਾ ਬਾਰੇ ਦੱਸਦੇ ਰਹੇ। ਮਿਸਿਜ਼ ਕਿਰਨ ਤੁਆਰਫ਼ ਕਰਾਉਣ ਲੱਗੀ ਪਰ ਤਦੇ ਦਰਵਾਜ਼ਾ ਖੁਲ੍ਹਦਿਆਂ ਅੰਦਰੋਂ ਮਿਸਿਜ਼ ਸੰਧੂ ਦਾ ਮਿੱਠਾ ਸੁਰੀਲਾ ਬੁਲਾਵਾ ਸੁਣਾਈ ਦਿੱਤਾ।

ਬਾਹਰਲੀ ਕੰਧ ਤੇ ਦਰਵਾਜ਼ੇ ਤੇ ਬਾਰੀ ਵਿਚਕਾਰ ਚਿਪਕਾਏ ਦੋ ਰੰਗੀ ਡਬਲਬੈਂਡ ਚਾਦਰ ਜਿਹੇ ਇਕ ਪਾਸਿਉਂ ਤਾਰਿਆਂ ਨਾਲ ਪ੍ਰੋਏ, ਅਮਰੀਕੀ ਝੰਡੇ ਨੂੰ ਗਹੁ ਨਾਲ ਨਿਹਾਰਦੇ ਦੋਵੇਂ ਦੇਸੀ ਪ੍ਰਾਹੁਣੇ ਮਿਸਿਜ਼ ਕਿਰਨ ਢਿੱਲੋਂ ਸਮੇਤ ਬਰੂਹਾਂ ਟੱਪ ਗਏ।

ਖੁਲ੍ਹੇ ਡਰਾਇੰਗ ਰੂਮ ਵਿਚੋਂ ਕਾਹਲੀ-ਕਾਹਲੀ ਲਪੇਟੇ ਬਿਸਤਰੇ ਨੂੰ ਸਾਂਭਦੀਆਂ ਸੰਧੂ ਪਰਿਵਾਰ ਦੀਆਂ ਦੋਨੋਂ ਜਵਾਨੀ ਚੜ੍ਹਦੀਆਂ ਲੜਕੀਆਂ ਸੁਟਵੀਂ ਫਤਹਿ ਬੁਲਾਉਂਦੀਆਂ ਲਾਬੀ ਵਿਚ ਦੀ ਪਿਛੇ ਬੈੱਡਰੂਮ ਵੱਲੀ ਤੁਰ ਗਈਆਂ।



"ਏਹ ਘਟੇ ਈ ਆਪਣੇ ਬੈਡਰੂਮ 'ਚ ਸੌਂਦੇ ਨੇ, ਏਹ ਏਥੇ ਡਰਾਇੰਗ ਰੂਮ 'ਚ ਤੇ ਕੁੜੀਆਂ ਉਥੇ ਲਾਬੀ 'ਚ... ਖੁੱਲ੍ਹੇ ਥਾਂ...ਉਪਰਲੇ ਦੋ ਬੈਡਰੂਮ ਤਾਂ ਕਦੇ ਵਰਤੇ ਈ ਨਹੀਂ ...।" ਹੱਥ ਜੋੜ ਸਤਿ ਸ੍ਰੀ ਅਕਾਲ ਬੁਲਾਉਂਦਿਆਂ ਸਾਰ ਪਤਾ ਨਹੀਂ ਕਿਉਂ ਮਿਸਿਜ਼ ਸੰਧੂ ਅਚਾਨਕ ਆਏ ਬੇਮੌਕੇ ਬੇਪਛਾਣ ਪ੍ਰਾਹੁਣਿਆਂ ਨੂੰ ਸਫ਼ਾਈਆਂ ਦੇਣ ਲੱਗੀ।

"ਓ ਤੂੰ ਜਾਣ ਦੇ...ਪ੍ਰਾਹੁਣਿਆਂ ਨੂੰ ਬੈਠ ਤਾਂ ਲੈਣ ਦੇ, ਏਥੇ ਮੌਜਾਂ ਰਹਿੰਦੀਆਂ ਆ ਜੀ... ਨਾਲੇ ਬਾਹਰ ਆਏ ਗਏ ਦੀ ਕਿਹੜੀ...," ਸੋਫ਼ੇ 'ਤੇ ਬੈਠਣ ਲਈ ਸੈਨਤ ਕਰਦਿਆਂ ਸੰਧੂ ਖੁਦ ਰਹਿੰਦੀਆਂ ਸਫ਼ਾਈਆਂ ਦੇਣ ਡਹਿ ਪਿਆ।

ਘਰ ਆਏ ਨਵੇਂ 'ਸਿੱਖ' ਪ੍ਰਾਹੁਣਿਆਂ ਤੋਂ ਮਿਸਿਜ਼ ਸੰਧੂ ਬਹੁਤੇ ਈ ਚਾਅ ਤੇ ਉਤਸ਼ਾਹ ਵਿਚ ਸੀ। ਬੜੀ ਬੇਤੌਕਲਫ਼ੀ ਨਾਲ ਉਹ ਡਰਾਇੰਗ ਰੂਮ ਤੇ ਲਾਬੀ ਦੀਆਂ ਬੱਤੀਆਂ ਬਾਲਦੀ, ਖਿਲਰੀਆਂ ਚੀਜ਼ਾਂ ਨੂੰ ਰੁਖ ਸਿਰ ਕਰਦੀ ਰੌਲੀਂ ਲਗੀ ਰਹੀ।

"ਆਹ ਤਾਂ ਬੜਾ ਈ ਚੰਗਾ ਹੋਇਐ। ਆਪਣੇ ਬੰਦੇ ਕਿਤੇ ਮਿਲਦੇ ਆ ਪ੍ਰਦੇਸੀਂ", ਜੁਸ ਦੇ ਗਲਾਸਾਂ ਦੀ ਟਰੇਅ ਪ੍ਰਾਹੁਣਿਆਂ ਅੱਗੇ ਘੁੰਮਦੀ ਮਿਸਿਜ਼ ਸੰਧੂ ਸੱਚੀਓਂ ਪ੍ਰਸੰਨ ਹੋਈ ਪਈ ਸੀ, "ਏਹ ਕਹਿੰਦੇ... ਮੈਂ ਜ਼ਰਾ ਸੈਰ ਕਰ ਆਵਾਂ...ਮਖਿਆ ਨਾ ਬਈ ਨਾ... ਦੂਰ ਨਾ ਜਾਈਓ... ਅਸੀਂ ਘਰੇ ਕੱਲੀਆਂ... ਹੇਠੇ ਈ ਲਾਅਨ 'ਚ ਲਾ ਲਉ ਚਾਰ ਚੱਕਰ... ਖਬਰੇ ਰੱਬ ਨੇ ਪ੍ਰਾਹੁਣੇ ਜੋ ਭੇਜਣੇ ਸਨ...।"

"ਹਾਅ ਕੀ ਪਲਾਈ ਜਾਨੀ ਆਂ... ਤਕਾਲਾਂ ਸੁਧੇ ਵੇਲੇ... ਤੁਸੀਂ ਪੀ ਲੋ... ਸਾਡੀ ਸ਼ਾਮ ਨਾ ਕਰੇ ਖਰਾਬ.... ਕਿਉਂ?" ਲਗਦਾ ਸੀ ਸੰਧੂ ਸਾਹਿਬ ਪਹਿਲਾਂ ਈ ਗਿੱਲੇ-ਬੁਕੇ ਹੋਏ ਹੋਏ ਸਨ। ਖੁਸ਼ੀ ਵਿਚ ਡੁਲ੍ਹ-ਡੁਲ੍ਹ ਪੈਂਦੇ ਕਿਸੇ ਅਗੰਮੀ ਸਰੂਰ ਜਿਹੇ ਵਿਚ ਉਹ ਬਿਨਾ ਜਵਾਬ ਉਡੀਕਿਆਂ, ਉਠ ਕੇ ਰਸੋਈ ਵੱਲ ਤੁਰ ਗਿਆ। ਆਏ ਤਿੰਨਾਂ ਜਣਿਆਂ ਨੇ ਇਕ ਦੂਜੇ ਵੱਲ ਹੌਰੂੰ ਹੌਰੂੰ ਤਾਕਿਆ। ਦੋਹਾਂ ਤੀਵੀਆਂ ਨੇ ਅਸਹਿਮਤੀ ਦੇ ਭਾਵ ਨਾਲ ਏਵੇਂ ਖ਼ਾਮੋਸ਼ ਜਿਹੇ ਮੋਢੇ ਮਚਕੋੜੇ, ਪਰ ਆਏ ਬੰਦੇ ਨੇ ਗੁੱਝੀ ਖੁਸ਼ੀ ਪਰ ਬਾਹਰੋਂ ਫਸੇ ਹੋਣ ਦਾ ਪ੍ਰਭਾਵ ਦਿੰਦਿਆਂ ਸੱਜਾ ਹੱਥ ਘੁਮਾਇਆ।

ਦੋਨਾ ਮਰਦਾਂ ਦੇ ਹੱਥੀਂ ਪੈੱਗ ਆਉਣ ਪਿੱਛੋਂ ਮਿਸਿਜ਼ ਕਿਰਨ ਢਿੱਲੋਂ ਨੂੰ ਦੁਬਾਰਾ ਖੁੜਕੀ ਕਿ ਵਤਨੀਆਂ ਤੇ ਅਮਰੀਕਨਾਂ ਵਿਚਕਾਰ ਉਹੀ ਸਾਂਝੀ ਕੜੀ ਹੈ, ਘੱਟੋ-ਘੱਟ ਚੱਜ ਨਾਲ ਜਾਣ ਪਛਾਣ ਤਾਂ ਕਰਵਾਵੇ। ਪਰ ਸੰਧੂ ਪਰਿਵਾਰ ਨੂੰ ਤਾਂ ਪ੍ਰਦੇਸੀਂ ਆਪਣੇ ਬੰਦੇ ਘਰ ਆਉਣ ਦਾ ਕੋਈ ਨਿਆਰਾ ਈ ਚਾਅ ਸੀ। ਏਨਾ ਹੀ ਬਹੁਤ ਸੀ ਕਿ ਪ੍ਰਾਹੁਣੇ ਸਿੱਖ ਸਨ।

"ਏਹ ਮਿਸਿਜ਼ ਸੁਰਜੀਤ ਗਿੱਲ, ਦਰਦੀ ਸਾਹਿਬ ਦੇ ਮਿਸਿਜ਼ ਨੇ, ਏਹ ਚੰਡੀਗੜ੍ਹ ਯੂਨੀਵਰਸਿਟੀ ਵਿਚ ਪ੍ਰੋਫੈਸਰ ਨੇ, ਇੰਗਲਿਸ਼ ਲਿਟਰੇਚਰ ਦੇ ਪੀ. ਐਚ. ਡੀ. ਨੇ ਇਹ।"

"ਇਹ ਨੇ ਮਿਸਿਜ਼ ਗਿੱਲ ਦੇ ਹਸਬੈਂਡ...", ਮਿਸਿਜ਼ ਸੰਧੂ ਘਰ ਵਿਚ ਮੁੱਦਤਾਂ ਪਿੱਛੋਂ ਲਗੀ ਰੌਣਕ ਕਰਕੇ ਜਾਂ ਸ਼ਾਇਦ ਗਿੱਲਾਂ ਦੀ ਧੀ ਹੋਣ ਕਰਕੇ ਨਵੀਂ ਬਣਦੀ ਰਿਸ਼ਤੇਦਾਰੀ ਦੇ ਸਨੇਹੀ ਮਿਜ਼ਾਜ ਵਿਚ ਗੱਲ ਬੋਚਦਿਆਂ ਅਪਣੱਤ ਨਾਲ ਵਿਚੋਂ ਹੀ ਬੋਲੀ।

"ਵਾਹ! ਬਈ, ਵਾਹ! ਸਿਮਰਨ ਤੈਨੂੰ ਬੈਠਿਆਂ ਬਠਾਇਆਂ ਭੈਣ ਆ ਮਿਲੀ। ਸਿਮੀ ਹੁਣੀ ਵੀ ਗਿੱਲ ਨੇ ਭੈਣ ਜੀ, ਤਦੇ ਫੂਲੀ ਨਹੀਂ ਸਮਾਉਂਦੀ," ਪੈੱਗ ਵਿੱਚ ਬਾਸਕੇਟ ਵਿੱਚੋਂ ਬਰਫ਼

ਦੀਆਂ ਹੋਰ ਫਲੀਆਂ ਚਿਮਟੀ ਨਾਲ ਪਾਉਂਦਿਆਂ ਸੰਧੂ ਖੁੱਲ੍ਹ ਕੇ ਹੱਸਦਿਆਂ ਕਹਿੰਦਾ ਗਿਆ, "ਤੇ ਆਪਾਂ ਮੁਫਤੋਂ ਮੁਫਤੀ ਸਾਂਢੂ ਬਣਗੇ...ਚੁੱਕੋ ਏਸੇ ਸਕੀਰੀ ਦੇ ਨਾਂਅ ਤੇ...ਹੁਰੱਅ...," ਔਧੇ ਰਹਿ ਗਏ ਪੈੱਗ ਟਕਰਾਉਂਦਿਆਂ ਸੰਧੂ ਤੇ ਦਰਦੀ ਡਾਢੇ ਜੋਸ਼ ਵਿਚ ਆਉਂਦੇ ਗਏ। ਦਰਦੀ ਨੇ ਇਸ ਬੇਸਬੱਬੀ ਮਿਲਣੀ ਤੇ ਅਚੰਭੇ ਭਰੀ ਖੁਸ਼ੀ ਮਹਿਸੂਸਦਿਆਂ ਦੋ ਭਰਵੇਂ ਘੁੱਟ ਭਰੇ ਤੇ ਪਰਦੇਸੀ ਆਪਣੇ ਭਾਈਚਾਰੇ 'ਤੇ ਹੱਕੀ ਮਾਣ ਮਹਿਸੂਸਦਿਆਂ ਸੰਧੂ ਨਾਲ ਅਪਣੱਤ ਭਰੀ ਗੱਲਬਾਤ ਤੋਰੀ।

"ਕਿਵੇਂ ਲੱਗੀ ਅਮਰੀਕੀ ਲਾਈਫ ? ਕਿੰਨੇ ਕੁ ਚਿਰ ਤੋਂ ਆਏ ਹੋਏ ਓ ?"

"ਮੈਨੂੰ ਆਏ ਨੂੰ ਤਾਂ ਅਗਲੇ ਮਹੀਨੇ ਜੂਨ ਨੂੰ ਹੋ ਜਾਣੇ ਆ ਪੂਰੇ ਸਤਾਰਾਂ ਸਾਲ। ਪਰ ਪਹਿਲੇ ਪੰਜ ਸਾਲ ਤਾਂ ਭੰਗ ਦੇ ਭਾੜੇ ਗਏ।" ਉਸ ਸਿਮੀ ਵੱਲ ਨਜ਼ਰ ਘੁਮਾਉਂਦਿਆਂ, ਪੈੱਗ ਨੂੰ ਹੱਥ ਪਾਉਂਦਿਆਂ, ਟਿਕਾਅ ਕੇ ਕਿਹਾ, "ਬਾਕੀ ਬਾਈ ਜਿਵੇਂ ਕਹਿੰਦੇ ਆ ਅਮਰੀਕੀ ਲਾਈਫ ਤੇ ਗੋਰੀ ਵਾਈਫ ਕੀਹਦੇ ਕਾਬੂ ਆਈ ? ਬੱਸ ਪੁੱਛ ਨਾ... ਕਦੇ ਲੰਗੂ ਸਾਲੀ ਲਾਈਫ ਏਹੋ ਆ...ਕਦੇ ਲੰਗੂ ਭੈਣ ਦੇਵੀ ਆਹ ਕਾਹਦੀ ਲਾਈਫ ਆ...," ਅਪਣੱਤ ਤੇ ਵਤਨੀ ਦੇ ਚਾਅ, ਪਰ ਕਿਸੇ ਅੰਦਰਲੀ ਡੂੰਘੀ ਪੀੜ ਦੇ ਅਜੀਬ ਦਬਾਅ ਥੱਲੇ ਉਹ ਬੇਰੋਕ ਵਹਿ ਤੁਰਿਆ...। ਤਿੰਨੇ ਤੀਵੀਆਂ ਆਪਣੀਆਂ ਸਕੀਰੀਆਂ ਗੰਢ ਆਪਸ ਵਿਚ ਰੁਝ ਗਈਆਂ। ਸੰਧੂ ਖੁਦ-ਬਖੁਦ ਉਧੜਦਾ ਜਾ ਰਿਹਾ ਸੀ।

"ਬੱਸ ਦਿਉ ਸਮਝੋ ਵਈ... ਅਮਰੀਕਾ ਦੀ ਲੀਲ੍ਹਾ ਜਮਾਂ ਨਿਆਰੀ ਆ। ਕੰਮ ਖੋਤੇ ਵਾਂਗ ਕਰਾਉਂਦੇ ਆ.... ਊਰੀ ਵਾਂਗ ਘੁੰਮਾਉਂਦੇ ਨੇ ਬੰਦੇ ਨੂੰ। ਪਰ ਨਾਲ ਈ... ਖਾਓ ਪੀਓ ਐਸ਼ ਕਰੋ ਮਿਤਰੋ... ਦੁਨੀਆਂ ਦਾ ਸਵਰਗ ਆ ਇਸ ਗੱਲੇ ਤਾਂ... ਕੋਈ ਕਿਸੇ ਦੇ ਕੰਮ 'ਚ ਐਵੇਂ ਟੰਗ ਨੀ ਅੜਾਉਂਦਾ... ਪੂਰੀ ਆਜ਼ਾਦੀ ਆ...।"

ਦਰਦੀ ਨੇ ਵਿਚੇ ਟੋਣਾ ਲਾਇਆ, "ਆਜ਼ਾਦੀ ਤਾਂ ਇੰਡੀਆ ਵੀ ਬਥੇਰੀ ਆ ਹੁਣ...।"

"ਸਵਾਹ ਤੇ ਖੇਹ ਆਜ਼ਾਦੀ ਆ ਉਥੇ... ਤੀਏ ਦਿਨ ਕੋਈ ਨਾ ਕੋਈ ਟੰਟਾ ਸ਼ੁਰੂ... ਕਦੇ ਨਕਸਲੀ ਧਮਕੀਆਂ ਦਿੰਦੇ ਫਿਰਦੇ ਆ... ਕਿਤੇ ਆਹ... ਖਾਲ...ਖਾਲਸੇ ਮਾਨ ਨੀ... ਇੱਥੇ ਨੀ ਐਹੋ ਜਿਹਾ ਕੁਸ਼... ਪੂਰਾ ਅਮਨ ਅਮਾਨ... ਕਾਨੂੰਨ ਦਾ ਰਾਜ ਆ...।"

"ਅਮਰੀਕਾ ਜਿਆਦਾ ਰਾਸ ਆ ਗਿਆ ਸੰਧੂ ਸਾਹਿਬ। ਸਤੰਬਰ ਇਲੈਵਨ ਤੋਂ ਪਿੱਛੋਂ ਕੀ ਨੀ ਵਾਪਰਿਆ," ਦਰਵਾਜ਼ੇ ਕੋਲ ਟੰਗੇ ਅਮਰੀਕੀ ਝੰਡੇ ਨੂੰ ਯਾਦ ਕਰਦਿਆਂ ਡਾ. ਦਰਦੀ ਨੇ ਆਰ ਲਾਈ, "ਹੁਣੇ ਤੁਹਾਡੇ ਰਾਸ਼ਟਰਪਤੀ ਦੀ ਚੋਣ ਹੋ ਕੇ ਹਟੀ ਆ, ਰੈਡ ਸਟੇਟਸ ਵਿਚ ਬੁਸ਼ ਸਮਰਥਕਾਂ ਨੇ ਭਿੰਨ-ਭਿੰਨ ਸੂਬਿਆਂ 'ਚ ਵੋਟਾਂ ਪਾਈਆਂ...।"

"ਜਾਣ ਦਿਉ ਡਾ. ਸਾਹਿਬ, ਇਹ ਤਾਂ ਕਮਿਊਨਿਸਟਾਂ ਦਾ ਝੂਠਾ ਪ੍ਰਚਾਰ ਆ... ਅਮਰੀਕਾ ਨੂੰ ਬਦਨਾਮ ਕਰਨ ਦਾ... ਚੋਣਾਂ ਹੋਈਆਂ... ਨਾ ਲਾਊਡ ਸਪੀਕਰ, ਨਾ ਫਜ਼ੂਲ ਜਲਸੇ ਜਲੂਸ... ਨਾ ਵੋਟਾਂ ਦੀ ਖਰੀਦ... ਨਾ ਮੁਫਤ ਦੀ ਦਾਰੂ... ਇੰਡੀਆ 'ਚ ਕੀ ਨੀ ਹੁੰਦਾ ਚੋਣਾਂ 'ਚ... ਬੂਥ ਕੈਪਚਰਿੰਗ ਤੋਂ ਲੈ ਕੇ...ਇੰਡੀਆ ਕੋਈ ਮੁਲਕ ਆ...," ਸੰਧੂ ਲੋਰ ਵਿਚ ਉਧੜਦਾ ਗਿਆ। ਡੌਂਖੀਆਂ ਤੇ ਤਪਾਕ ਭਰੀਆਂ ਗੱਲਾਂ ਸੁਣ ਤੀਵੀਆਂ ਆਪਣੀਆਂ ਸਕੀਰੀਆਂ ਸਮੇਤ



ਗੱਲਬਾਤ ਵਿਚ ਆ ਸ਼ਾਮਲ ਹੋਈਆਂ। ਮਿਸਿਜ਼ ਸੰਧੂ ਕੁਝ ਵਧੇਰੇ ਖੁਸ਼ੀ ਤੇ ਜੋਸ਼ ਵਿਚ ਸੀ ਤੇ ਨਾਲੇ ਨਪੇ-ਘੁਟੇ ਰਹਿੰਦੇ ਪਤੀ ਦੇਵ ਤੇ ਚਿਰਾਂ ਪਿੱਛੋਂ ਆਈ ਰੰਗੀਨੀ ਨੂੰ ਹੋਰ ਉਕਸਾਉਣ ਲਈ ਉਸ ਸੁਹਣਾ ਮੌਕਾ ਸਮਝਦਿਆਂ ਲੜੀ ਅਗੇ ਤੋਰੀ।

"ਲਓ ਭਾਅ ਜੀ। ਆਪਣੇ ਤਾਂ ਲਾਲ ਬੱਤੀਆਂ ਤੇ ਲਾਲ ਟੋਪੀਆਂ ਈ ਮਾਨ ਨੀ। ਕਿਤੇ ਪੁਲਿਸ ਨਾ ਵਾਹ ਪੈਜੇ...ਰੱਬ ਕਰੇ ਪਵੇ ਈ ਨਾ...ਨਿਰੇ ਜਮਦੂਤ ਰੱਬ ਤੋਂ ਵੀ ਨੀ ਡਰਦੇ... ਬਈ ਜਾਨ ਦੇਣੀ ਆਂ, ਉਂ ਮੇਰਾ ਤਾਂ ਨੀ ਮਾੜਾ ਵਾਹ ਪਿਆ...ਥੋਨੂੰ ਪਤੈ ਈ ਹੋਣੈ... ਸਰਦਾਰ ਦਰਬਾਰਾ ਸਿੰਘ ਜੀ...ਸਾਬਕਾ... ਸਪੀਕਰ...ਮੇਰੇ ਸੱਕੇ ਤਾਇਆ ਜੀ ਸਨ...ਲਓ ਹੋਰ ਸੁਣੋ ਏਹਨਾਂ ਦੀ ਕਜ਼ਨ ਆ ਰਜਿੰਦਰ...ਸੱਕੇ ਤਾਏ ਦੀ ਧੀ...ਜਲੰਧਰ ਵਿਲੇਆਂ ਦੇ ਵਿਆਹੀ ਆ...ਇਕੋ ਵਾਰੀ ਮਾਸਟਰ ਜੀ ਕਿਤੇ ਐਮ. ਪੀ. ਬਣੇ... ਹੁਣ ਤਾਂ ਸੁੱਖ ਨਾਲ ਦਸ ਗਿਆਰਾਂ ਸਾਲ ਹੋਗੇ ਪੂਰੇ ਹੋਇਆਂ ਨੂੰ... ਉਨ੍ਹਾਂ ਪੰਜ ਛੇ ਲਾਲ ਬੱਤੀਆਂ ਖ਼ਰੀਦ ਕੇ ਘਰ ਰੱਖਲੀਆਂ... ਜਿਹੜਾ ਜੀਅ ਜਾਵੇ, ਲਾ ਕੇ... ਹੂਟਰ ਪਤੀੜਾਂ ਪਵਾਉਂਦੇ ਜਾਂਦੇ... ਕੋਈ ਰੋਕਣੀ-ਟੋਕਣੀ... ਚੈਕਿੰਗ ਨੀ... ਐਥੇ ਦੇਖੀ ਕਿਤੇ ਤੁਸਾਂ ਕੋਈ ਲਾਲ ਬੱਤੀ... ਸਿਰਫ ਕੌਪਸ ਜਾਂ ਰੈੱਡ ਕਰਾਸ ਗੱਡੀਆਂ 'ਤੇ ਬੱਤੀਆਂ... ਹਾਲਾਂ ਇਹ ਅਮੈਰਿਕਾ ਐ... ਐਨੇ ਵੀ. ਆਈ. ਪੀ. ਨੇ ਪਰ ਮਤਲਬ ਕੀ ਕਿਸੇ ਨੂੰ ਕੀ ਪਤਾ ਲਗੇ...ਪ੍ਰੇਸ਼ਾਨ ਕਰਨ...ਸੱਭੇ ਆਪੋ ਆਪਣੇ ਕੰਮ ਡਿਊਟੀ ਇਮਾਨਦਾਰੀ ਨਾਲ ਕਰਦੇ ਆ... ਤਦੇ ਤਾਂ...।"

"ਬਈ ਐਵੇਂ ਤੁਸੀਂ ਅਮਰੀਕੀ ਬਣਕੇ ਇੰਡੀਆ ਦੀ ਬੁਰਾਈ ਨਾ ਕਰੋ...ਜੇ ਸਾਡੇ ਮੁਲਕ 'ਚ ਵੱਧ ਵੀ. ਆਈ. ਪੀ. ਜੰਮ ਪੇ... ਤਾਂ ਮੁਲਕ ਦੇ ਚੰਗੇ ਭਾਗ ਨੇ...," ਡਾ. ਸੁਰਜੀਤ ਗਿੱਲ ਨੇ ਤੋੜਾ ਝਾੜਿਆ।

"ਜੰਮ ਜੰਮ ਜੰਮਣ... ਹਰ ਰੋਜ਼ ਜੰਮਣ... ਹਰ ਘਰ ਜੰਮਣ... ਪਰ ਬੰਦੇ ਜੰਮਣ ਵੀ. ਆਈ. ਪੀ. ਕਾਹਤੋਂ ? ਹਿੰਦੂ ਸਿੱਖ ਕਾਹਤੋਂ ?" ਮਿਸਿਜ਼ ਕਿਰਨ ਦੀ ਵੀ ਕੋਈ ਜ਼ਖਮੀ ਨਾੜ ਬੁੜ੍ਹਕੀ।

"ਲਓ...ਭੈਣ ਸੁਰਜੀਤ ਜੀ, ਮੈਂ ਸੁਣਾਉਨਾ...ਏਥੋਂ ਦੇ ਕਾਇਦੇ-ਕਾਨੂੰਨ ਦੀ।" ਸੰਧੂ ਨਸ਼ੇ ਦੇ ਸਰੂਰ ਵਿਚ ਮਾਈਕ ਫੜ ਨਵੀਂ ਕਥਾ ਛੇੜ ਤੁਰਿਆ, "...ਏਹਦੀ ਇਕ ਰਿਸ਼ਤਿਉਂ ਦੂਰੋਂ... ਜਰਾ ਵਲ ਪਾ ਕੇ ਇਕ ਭਰਜਾਈ ਆ। ਉਧਰ ਵਾਸ਼ਿੰਗਟਨ ਡੀ. ਸੀ. ਵਲ ਆ ਹੁਣ... ਏਥੇ ਉਹ ਗੱਡੀ ਭਜਾਇਆ ਕਰੇ ਇੰਡੀਆ ਵਾਂਗ...ਏਥੇ ਤਾਂ ਜੇ ਕੋਈ ਹਾਰਨ ਵਜਾ ਦੇਵੇ ਤਾਂ ਸਾਰੇ ਭਉਂ-ਭਉਂ ਹੁਰਾਕਤ ਨਾ ਦੇਖਦੇ ਆ... ਬਈ ਜ਼ਰੂਰੀ 'ਪਾਕੀ' ਹਊ। ...ਇੰਡੀਆ ਹਰੇਕ ਗੱਡੀ ਤੇ ਬੜਾ ਸਵਾਰ ਕੇ ਲਿਖਿਆ ਹਊ, 'ਹੌਰਨ ਪਲੀਜ਼'... ਹਾਂ ਸੱਚ... ਉਹ ਭਰਜਾਈ ਆ ਰਹੀ ਅੜਿਕੇ ਕੌਪ ਦੇ...ਇੰਡੀਆ ਵਰਗੀ ਅੜਿਕੇ ਨੀ...ਡਾ. ਸਾਹਿਬ। ਕਿ ਲੋਗੇ ਚੱਕ ਕੇ ਠਾਣੇ ਤੇ ਬੁਲਾ ਤੇ ਬੱਕਰੇ...ਏਥੇ ਦੀ ਪੁਲਿਸ... 'ਗੁੱਡ ਮਾਰਨਿੰਗ ਸਰ', ਕਹਿ ਕੇ ਟਿਕਟ ਫੜਾਊ... ਢਾਈ ਸੌ ਡਾਲਰ ਦੀ... ਨਾਲੇ ਕਹੂ 'ਹੈਵ ਏ ਗੁਡ ਡੇ ਸਰ'...।"

ਸਿਮਰਨ ਵਿਚੋਂ ਮਲਕੜੇ ਜਹੇ ਉਠੀ ਤੇ ਕੁੜੀਆਂ ਨੂੰ ਖਾਣਾ ਖਾ ਲੈਣ ਦੀ ਹਦਾਇਤ ਦਿੰਦੀ, ਮੁੜ ਆ ਬੈਠੀ। ਸੰਧੂ ਸਾਹਿਬ ਉਵੇਂ ਰੰਗ ਵਿਚ ਸਨ।..."ਹਾਂ ਸੱਚ। ਕੌਪ ਨੇ ਰਿਪੋਰਟ ਕਰਤੀ। ਜੱਜ ਵੱਲੋਂ ਏਹਦੀ ਭਰਜਾਈ ਨੂੰ ਨੋਟਿਸ ਆ ਗਿਆ। ਉਹ ਜਾ ਪਹੁੰਚੀ ਕੋਰਟ, 'ਅਖੇ ਕੌਪ ਨੇ ਗਲਤ ਰਿਪੋਰਟ ਕੀਤੀ ਆ। ਵਿਤਕਰਾ ਕੀਤੈ।' ਕੌਪ ਆਪਣੇ ਬਿਆਨ ਤੇ ਵੀਡੀਉ ਗੰਨ ਦੇ ਪਰੂਫ ਦਿੰਦਾ ਰਿਹਾ। ਆਪਣੇ ਸਟੈਂਡ 'ਤੇ ਡੱਟਿਆ ਰਿਹਾ। ਜੱਜ ਨੇ ਜੁਰਮਾਨਾ ਕਰਤਾ। ਏਹਦੀ ਭਰਜਾਈ ਦਾ ਪਾਰਾ ਚੜ੍ਹਦਾ ਗਿਆ, ਚੜ੍ਹਦਾ ਗਿਆ, ਕਹਿਣ ਲੱਗੀ, 'ਇਸ ਮੋੜ ਤੋਂ ਰੋਜ਼ ਕਈ ਕਈ ਵਾਰੀ ਮੇਰਾ ਹੱਸਬੈਂਡ ਤੇ ਮੇਰਾ ਸਨ ਆਉਂਦੇ ਜਾਂਦੇ ਆ ਘਰੋਂ...ਗੈਸ ਸਟੇਸ਼ਨ। ਉਹਨਾਂ ਕਦੇ ਸਟਾਪ ਨਹੀਂ ਕੀਤੀ ਕਾਰ, ਕਦੇ ਬਰੇਕ ਤਕ ਨਹੀਂ ਲਾਈ, ਉਹਨਾਂ ਨੂੰ ਤਾਂ ਕਦੇ ਜੁਰਮਾਨਾ ਨਹੀਂ ਕੀਤਾ ਕਿਸੇ। ਮੈਨੂੰ ਲਿੰਹਕ... ਮੈਂ ਹਮੇਸ਼ਾਂ ਬਰੇਕ ਲਾਈ ਆ...ਨਹੀਂ ਲਈ ਬੈਂਜ'... ਜੱਜ ਹਲੀਮੀ ਨਾਲ ਮੁਸਕਰਾਉਂਦਿਆਂ ਬੋਲਿਆ, 'ਤੂੰ ਉਹਨਾਂ ਦੀ ਰਿਪੋਰਟ ਕਰ ਮੈਂ ਉਹਨਾਂ ਨੂੰ ਵੀ ਕਰੂੰ ਜੁਰਮਾਨਾ... ਪਰੌਮਿਸ ਰਿਹਾ...' ਹਾਸੜ ਮਚ ਗਈ। ਹੋਰ ਲਹਿਰ 'ਚ ਆਉਂਦਿਆਂ ਸੰਧੂ ਉਭਾਸਰਿਆ, "ਪੁਲਿਸ ਤੇ ਜੱਜ... ਤੇ ਇੰਡੀਆ...ਆਹ ਉਨੇ ਲੋਕ ਖਾਲਸਤਾਨੀਆ ਨੇ ਨਹੀਂ ਲੁਟੇ, ਜਿੰਨੇ ਪੁਲਿਸ ਨੇ।"

"ਹਾਂ ਸੰਧੂ ਸਾਹਿਬ ਏਹ ਫੈਸਲਾ ਕਰਨਾ ਸੱਚੀ ਔਖੇ ਕੀਹਨੇ," ਟਾਂਚ ਲਾਉਂਦੇ ਲਹਿਜੇ ਵਿਚ ਦਰਦੀ ਨੇ ਮੋੜ ਦਿੱਤਾ। ਮਿਸਿਜ਼ ਢਿੱਲੋਂ ਨੇ ਘੜੀ ਵੇਖੀ ਤਾਂ ਘਰ ਬਾਰੇ ਫ਼ਿਕਰਮੰਦ ਹੋਣ ਲਗੀ, "ਡਾ. ਸਾਹਿਬ! ਆਪਾਂ ਤਾਂ ਸੈਰ ਕਰਨ ਨਿਕਲੇ ਸੀ। ਪਿੱਛੇ ਕਿਤੇ ਢਿੱਲੋਂ ਸਾਹਿਬ 'ਨਾਈਨ ਵਨ ਵਨ' ਹੀ ਡਾਇਲ ਨਾ ਪਏ ਕਰਦੇ ਹੋਣ...ਚੱਲੀਏ।"

ਮਿਸਿਜ਼ ਸੰਧੂ ਵੀਣੀਉਂ ਫੜ ਮੋਹ ਜਤਾਉਂਦੀ ਕਹਿਣ ਲੱਗੀ, "ਫ਼ੋਨ ਕਰ ਦਿੰਦੇ ਆ ਭੈਣ, ਢਿੱਲੋਂ ਸਾਹਿਬ ਨੂੰ ਵੀ ਬੁਲਾ ਲੈਨੇ ਆਂ ਏਥੇ ਹੀ ਖਾਣਾ ਹੁਣ... ਇਵੇਂ ਨਹੀਂ ਜਾਣ ਦੇਣਾ...।" ਤਦੇ ਟੈਲੀਫ਼ੋਨ ਦੀ ਘੰਟੀ ਖੜਕੀ। ਸਿਮਰਨ ਨੇ ਅਹਿਸਤਾ ਜਿਹੇ ਕੋਡਲੈੱਸ ਸੈਟ ਚੁੱਕਿਆ ਤਾਂ ਪੂਰੇ ਅਮਰੀਕੀ ਅੰਦਾਜ਼ ਵਿਚ 'ਹੈਅਲਿਉ' ਕਿਹਾ। ਬੇਟਾ ਸਾਹਬਾਜ਼ ਜੋ ਪਹਿਲਾਂ ਹੀ ਕਾਫ਼ੀ ਲੇਟ ਹੋ ਗਿਆ ਸੀ... ਮੌਮਾ ਨੂੰ ਅੱਧਾ ਘੰਟਾ ਹੋਰ ਦੇਰੀ ਨਾਲ ਆਉਣ ਲਈ ਸੂਚਿਤ ਕਰ ਰਿਹਾ ਸੀ। ਸਿਮਰਨ ਮਿੱਠੀ ਮਿੱਠੀ ਝਿੜਕ ਮਾਰਦੀ ਇੰਡੀਆ ਤੋਂ ਆਏ ਪ੍ਰੋਫ਼ੈਸਰ ਅੰਕਲ ਤੇ ਆਂਟੀ ਨੂੰ ਮਿਲਣ ਖ਼ਾਤਰ ਛੇਤੀ ਆਉਣ ਦੀ ਤਾਕੀਦ ਕਰਦੀ ਰਹੀ।

ਡਾ. ਦਰਦੀ ਤਾਂ ਦੂਸਰਾ ਪੈੱਗ ਲੈ ਕੇ ਸਿਪ ਕਰਦੇ ਰਹੇ ਪਰ ਸੰਧੂ ਦਾ ਇਹ ਚੌਥਾ ਪੈੱਗ ਸੀ। ਉਹ ਨਾਂਹ ਨਾਂਹ ਕਰਦਿਆਂ ਦਰਦੀ ਦੇ ਪੈੱਗ ਵਿਚ ਹੀ ਕੁਝ ਤੁਪਕਾ ਮੋਹ ਭਰੇ ਧੱਕੇ ਨਾਲ ਪਾਈ ਜਾਂਦਾ।

ਇਕੇਰਾਂ ਗੱਲ ਦੀ ਲੜੀ ਟੁੱਟ ਗਈ। ਮੁੜ ਜੋੜਦਿਆਂ ਸਿਮਰਨ ਨੇ ਸੁਰਜੀਤ ਨੂੰ ਪੁੱਛਿਆ, "ਸੁਰਜੀਤ ਭੈਣ! ਕਿੰਨਾ ਕੁ ਚਿਰ ਹੋਰ ਠਹਿਰੋਗੇ ?"

"ਬਸ ਕੁਲ ਮਹੀਨੇ ਦਾ ਪ੍ਰੋਗਰਾਮ ਸੀ...ਪੰਦਰਾਂ ਦਿਨ ਹੋਰ...।"



"ਏਹ ਬੜੇ ਸੂਮ ਨੇ ਭੈਣ... ਬਹਾਨੇ ਬਣਾਈ ਜਾਣਗੇ...ਬੇਟੇ ਦੇ ਟੈਸਟ ਨੇ, ਮਾਤਾ ਜੀ ਕੱਲੇ ਨੇ... ਯੂਨੀਵਰਸਿਟੀ ਫਲਾਣਾ ਕੰਮ ਐ...ਪਿਛਲੀ ਵਾਰੀ ਵੀ ਮਸਾਂ ਮਹੀਨਾ ਰਹੇ... ਤੇ ਇਸ ਵਾਰੀ ਵੀ ਮਹੀਨੇ ਦੀ ਹੀ ਰੱਟ ਲਾਈ ਆ... ਸਾਡੀ ਸਰਕਾਰ ਨੇ ਊਂ ਦੋਹਾਂ ਨੂੰ ਦਸ ਸਾਲਾ ਦਾ ਮਲਟੀਪਲ ਵੀਜ਼ਾ ਦੇ ਤਾ...ਪਰ ਏਹਨਾ ਦੇ ਕੰਮ ਈ ਸਾਹ ਨੀ ਲੈਂਦੇ...ਤੇ ਉੱਤੋਂ ਪ੍ਰੋਗਰਾਮ...ਤੇ ਮਿਲਣ ਵਾਲੇ ਇਕ ਦਿਨ ਢਿੱਲੋਂ ਸਾਹਿਬ ਤਮਕ ਕੇ ਕਹਿਣ ਲਗੇ, 'ਬਈ ਦਰਦੀ ਤੇਰੇ ਜਿੰਨੀ ਪੁਛ ਦਸ ਤਾਂ ਏਥੇ ਪੰਜਾਬ ਦੇ ਸੀ. ਐਮ. ਦੀ ਨੀ ਹੁੰਦੀ... ਅੱਜ ਏਹਨਾਂ ਆਹ ਭਾਈ ਕੁਹੀ ਕਰਨੀ ਸੀ। ਸਿਰ ਨਾਹੁਣੇ ਸਨ...ਨਾਲੇ ਪੇਪਰ ਗਲਤੀਆਂ ਲਾ ਕੇ... ਮਿੱਥ ਕੇ ਲੁਕੇ ਰਹੇ। ਵਰਨਾ ਸੱਚ ਭਾਅ ਜੀ..., ਸੱਚ ਭਾਅ ਜੀ, ਤੁਸੀਂ ਵੀ ਆਇਉ ਪੇਪਰ ਸੁਣਨ... ਐਤਵਾਰ... ਦੋਹਾਂ ਡਾਕਟਰਾਂ ਦੇ ਪੇਪਰ ਨੇ, ਬੜਾ ਕੱਠ ਹੋਊ ?"

"ਕੇਹੜੇ ਗੁਰਦੁਆਰੇ ਭੈਣੇ ?"

ਇਸ ਤੋਂ ਪਹਿਲਾਂ ਕਿ ਮਿਸਿਜ਼ ਸੰਧੂ ਦੀ ਪੁੱਛ ਦਾ ਜਵਾਬ ਮਿਲਦਾ, ਸੰਧੂ ਸਾਹਿਬ ਆਪਣਾ ਖ਼ਬਰਨਾਮਾ ਖੋਲ੍ਹ ਕੇ ਬਹਿ ਗਏ, "ਪੇਪਰ! ਬਈ ਤੁਸੀਂ ਪੇਪਰ ਦੀ ਗੱਲ ਕਰਦੇ ਓ। ਪੇਪਰ ਤਾਂ ਰੋਜ਼ ਸਾਝਰੇ ਪੰਜ ਵਜੇ ਈ ਸਾਡੇ ਕੋਲੇ ਪਹੁੰਚ ਜਾਂਦੇ...ਜਦੋਂ ਸਾਡੀ ਏਅਰਪੋਰਟ ਦੀ ਸ਼ਿਫਟ ਸ਼ੁਰੂ ਹੁੰਦੀ ਆ...ਗਾਹੀਂ ਫੋਨ ਕਰ ਕਰ ਸਿਧੇ ਚੰਡੀਗੜ੍ਹ ਈ ਖ਼ਬਰਾਂ ਪੁਛ ਲੈਂਦੇ ਆ ਮੁੰਡੇ! ਉੱਥੇ ਤਾਂ ਕਈ ਘੰਟਿਆਂ ਪਿਛੋਂ ਪਤਾ ਲਗਦੇ ਖ਼ਬਰਾਂ ਦਾ... ਏਥੇ ਤਾਂ ਤਾਜ਼ੀਆਂ...ਫੇਸ ਮਿਲਦਿਆਂ ਈ ਬਰੌਡਕਾਸਟ ਕਰਨਗੇ, ਇਕ ਦੂਜੇ ਤੋਂ ਅੱਗੇ ਹੋ ਹੋ... 'ਤੈਨੂੰ ਪਤੇ ਬਾਈ ਕਾਰਗਿਲ 'ਚ ਕਿੰਨੇ ਮਰੇ ਅੱਜ ?' ਦੂਜਾ ਬੋਲੂ, 'ਬਾਈ ਬੰਬਈ ਬੰਬ ਧਮਾਕਿਆਂ 'ਚ ਕਿੰਨੇ ਰੋੜ੍ਹ ਤੇ ?' ਬਸ ਪੁਛੋ ਨਾ ਜੀ...।" ਸੰਧੂ ਨੇ ਆਪਣਾ ਨਵਾਂ ਪੇਪਰ ਛਾਪ ਦੇਣਾ ਸੀ, ਜੇ ਵਿਚੋਂ ਮਿਸਿਜ਼ ਢਿੱਲੋਂ ਧੱਕੇ ਨਾਲ ਨਾ ਟੋਕਦੇ।

"ਨਹੀਂ, ਭਾਅ ਜੀ! ਏਹ ਪੇਪਰ ਏਹੋ ਜਹੇ ਨਹੀਂ... ਏਹ ਤਾਂ... ਜ਼ਰੂਰ ਆਉਣਾ... ਬੱਚੀਆਂ ਨੂੰ ਵੀ ਲਿਆਉਣਾ। ਆਪਣੇ ਕਲਚਰ ਦਾ ਕੁਝ ਸਿੱਖਣਗੀਆਂ। ਭੈਣ ਊਂ ਕਿਵੇਂ ਵਕਤ ਮਿਲਦੈ ?"

"ਵਕਤ ਦੀ ਤਾਂ ਪੁੱਛੋ ਨਾ... ਚੱਕਰੀ ਘੁੰਮਦੀ ਰਹਿੰਦੀ ਆ ਸੁੱਤਿਆਂ ਜਾਗਦਿਆਂ... ਚਲ ਸੋ ਚਲ...।" ਸਿਮਰਨ ਆਪਣੇ ਕਾਰ-ਵਿਹਾਰਾਂ ਦੀ ਗੱਲ ਲੈ ਤੁਰੀ। ਦਰਦੀ ਨੇ ਸੰਧੂ ਤੋਂ ਇਸ਼ਾਰੇ ਨਾਲ ਵਾਸ਼ਰੂਮ ਪੁੱਛਿਆ। ਵਾਪਸ ਆਉਂਦੇ ਨੂੰ ਪੈੱਗ ਮੁਕਾ ਕੇ ਗਲਾਸ ਰੱਖਦਿਆਂ ਸੰਧੂ ਨੇ ਲੋਰ 'ਚ ਨਵੀਂ ਸੁਲਾਹ ਮਾਰੀ, "ਬਾਈ ਦਰਦੀ! ਜੇ ਤੇਰਾ ਕੋਈ ਮਨ-ਮੁਨ ਹੈਗਾ ਤਾਂ ਦਸਦੇ ਹੁਣੇ... ਭਰੀ ਨਾਅ...ਆਪਾਂ ਪੂਰਾ ਪ੍ਰਬੰਧ ਕਰਲਾਂਗੇ... ਟਿਕਣ ਦਾ...ਜਮਾਂ ਫ਼ਿਕਰ ਨਾ ਕਰੀਂ...ਨੇੜੇ ਜਾ ਕੇ ਔਖਾ ਹੋ ਜਾਂਦੈ...ਕਈ ਵੇਰਾਂ...।"

"ਲਉ ਭਾਅ ਜੀ! ਹੁਣ ਥੋਨੂੰ ਰਹਿਣਾ ਪਊ ਏਥੇ। ਪਿਛਲੇ 17 ਸਾਲਾਂ 'ਚ ਤੁਸੀਂ ਪਹਿਲੇ ਬੰਦੇ ਓ ਜੀਹਨੂੰ ਲਾਲੀ ਨੇ (ਗੁਰਿੰਦਰਜੀਤ ਸਿੰਘ ਸੰਧੂ ਦਾ ਘਰ ਦਾ ਨਾਂ) ਅਮਰੀਕਾ ਦੀ ਸੁਲਾਹ ਮਾਰੀ ਆ। ਨਹੀਂ ਏਹਨਾਂ ਹਰੇਕ ਭੈਣ-ਭਾਈ ਨੂੰ ਆਉਣੋਂ ਰੋਕਿਆ ਈ ਆ, 'ਅਖੇ, ਏਥੇ ਕੀ ਪਿਐ ? ਧੱਕੇ ਈ ਆ... ਇੰਡੀਆ ਖਾਈ ਚਲੋ।"

"ਸੰਧੂ ਬਾਈ! ਮੈਥੋਂ ਤਾਂ ਨਾ ਟੈਕਸੀ ਚਲਾ ਹੋਣੀ ਆਂ...ਨਾ ਟਰਾਲਾ...ਸਾਨੂੰ ਤਾਂ ਪਿੰਡੀਆਂ ਈ ਭੱਲੂ...ਅਮਰੀਕਾ ਕਿੱਥੋਂ ਰਖਦੈ ਸਾਡੇ ਅਰਗਿਆਂ ਨੂੰ।" ਦਰਦੀ ਨੇ ਮਜ਼ਾਕ ਕੀਤਾ।

"ਰਖਦੈ ਕੀਹਨੂੰ ਆ ਡਾਅ ਜੀ ਅਮਰੀਕਾ! ਇਹ ਤਾਂ ਕਿਸਮਤਾਂ ਦੇ ਚੱਕਰ ਨੇ... ਜਿੱਥੇ ਦਾਣਾ ਪਾਣੀ ਲਿਖਿਐ...ਕਦੇ ਸੁਪਨੇ 'ਚ ਵੀ ਨੀ ਸੀ ਸੋਚਿਆ...ਏਡੀ ਵੱਡੀ ਦੁਮੰਜਲੀ ਕਿਲ੍ਹੇ ਵਰਗੀ ਹਵੇਲੀ ਛੱਡ ਕੇ... ਔਥੇ ਗਰਾਊਂਡ ਜਿੱਡਾ ਵਿਹੜਾ..." ਬੀਤੀ ਜ਼ਿੰਦਗੀ ਦੇ ਹਰਾਖੇ ਸੰਤਾਪੇ ਦਿਨ ਸਿਮਰਨ ਦੀਆਂ ਯਾਦਾਂ 'ਚ ਸੂਲਾਂ ਵਾਂਗ ਉਘ ਖਲੋਤੇ... ਲਾਲੀ ਦੇ ਦਾਦੇ ਮਹਿਤਪੁਰੀਏ ਜ਼ੈਲਦਾਰ ਸਰਦਾਰ ਸੋਹਣ ਸਿੰਘ ਸੰਧੂ ਦੀ ਛੇ ਮੁਰੱਬੇ ਜ਼ਮੀਨ ਤੇ ਸਰਕਾਰੇ ਦਰਬਾਰੇ ਪੂਰੀ ਠਾਠ ਰਹੀ ਸੀ। ਤਿੰਨ ਮੁਰੱਬੇ ਜ਼ਮੀਨ ਆਈ ਲਾਲੀ ਨੂੰ...ਕੱਲਾ ਪੁੱਤ ਮਾਪਿਓਂ ਦਾ...

ਚੰਗੀ ਭਲੀ ਹੱਸਦੀ ਹਸਾਉਂਦੀ ਟਹਿਕੀ ਸਿਮਰਨ ਨਵੇਂ ਵਹਿਣੀ ਜਾ ਪਈ। ਏਨੀ ਖੁਸ਼ ਦਿਖਦੀ, ਏਨੀ ਚਹਿਕਦੀ ਟਹਿਕਦੀ ਸਿਮਰਨ ਦੇ ਅੰਦਰਲੇ ਸੰਸਾਰ ਦੀ ਨਿੱਕੀ ਜਿਹੀ ਝਲਕ ਨੇ ਪਲ ਭਰ ਲਈ ਸਾਰੇ ਖਾਮੋਸ਼ ਕਰ ਦਿੱਤੇ। ਦਰਦੀ ਨੇ ਸ਼ਰਾਬੀ ਹੋਏ ਲਾਲੀ ਦੇ ਗੋਰੇ ਨਿਛੋਹ ਚਿਹਰੇ 'ਤੇ ਤਿੱਖੇ ਸਾਧੇ ਹੋਏ ਨਕਸ਼ਾਂ ਨੂੰ ਘੋਖਵੀਂ ਨਜ਼ਰੇ ਟਿਕ-ਟਿਕੀ ਲਗਾ ਨਿਹਾਰਿਆ। ਖੁਸ਼ਗਵਾਰ ਘਰੇਲੂ ਮਾਹੌਲ ਤੇ ਇਕਦਮ ਸੰਗਵਾਨੀ ਤਣਨ ਲੱਗੀ। ਏਨਾ ਹਸਮੁਖ ਜ਼ਿੰਦਾਦਿਲੀ ਤੇ ਓਪਰਿਆਂ ਦੀ ਖੁਲ੍ਹਦਿਲੀ ਨਾਲ ਬੁਲਾ-ਘੇਰ ਕੇ ਮਹਿਮਾਨ ਨਿਵਾਜੀ ਕਰਨ ਵਾਲਾ ਇਹ ਸੁੰਦਰ ਤੇ ਮਨਮੋਹਣਾ ਜੋੜਾ ਦਿਲ ਵਿਚ ਕੀ ਕੀ ਸਾਂਭੀ ਬੈਠਾ ਹੈ? ਇਹ ਸੋਚ ਕਰੰਟ ਵਾਂਗੂੰ ਆਏ ਬੈਠੇ ਤਿੰਨਾਂ ਜਣਿਆਂ ਦੇ ਮਨੀਂ ਅੱਡੋ-ਅੱਡ ਕਿਆਫ਼ਿਆਂ, ਸ਼ੰਕਿਆਂ ਤੇ ਸਵਾਲਾਂ ਨੂੰ ਉਤੇਜਿਤ ਕਰਦੀ ਗੁਜ਼ਰੀ।

"ਪਿਛਿਓਂ ਕਿਥੋਂ ਓ ਸਿਮਰਨ ਜੀ?" ਮਿਸਿਜ਼ ਢਿੱਲੋਂ ਦੀ ਪੁੱਛ ਦੇ ਨਾਲ ਹੀ ਡਾ. ਦਰਦੀ ਨੇ ਕਿਆਫ਼ੇ-ਅੰਦਾਜ਼ੇ ਲਗਾਉਂਦਿਆਂ ਸੰਧੂ ਨੂੰ ਕਿਸੇ ਅਲੋਕਾਰੀ ਖੁਸ਼ੀ ਦੇ ਵੇਗ ਵਿਚ ਪੁੱਛਿਆ।

"ਕਿਤੇ ਤੂੰ ਮਹਿਤਪੁਰੀਏ ਜ਼ੈਲਦਾਰ ਸਰਦਾਰ ਸੋਹਣ ਸਿੰਘ ਸੰਧੂ ਦਾ ਲਾਲੀ ਤਾਂ ਨੀ... ਮੈਨੂੰ ਭਉਲਾ ਤਾਂ ਪੈਂਦਾ ਰਿਹਾ...," ਦਰਦੀ ਨੇ ਮੱਚਲ ਕੇ ਛਾਲ ਮਾਰ ਉਛਲਦਿਆਂ ਅਧਵਰਿਤੇ ਉਠਣ ਲਈ ਝੂਲਦੇ ਲਾਲੀ ਨੂੰ ਗਲਵਕੜੀ ਪਾਈ ਤੇ ਨਿਕਲੀ ਅਵੱਲੀ ਸਾਂਝ ਦੇ ਸਰੂਰ ਵਿਚ ਬੋਲਦਾ ਗਿਆ, "ਪਰ ਤੂੰ ਏਨਾ ਬਦਲ ਗਿਐਂ... ਭਾਬੀ ਜੀ ਨੂੰ (ਹੁਣ ਤਕ ਦੀ ਭੈਣ ਜੀ) ਤਾਂ ਮੈਂ ਮਿਲਿਆ ਨਈਂ ਸੀ...ਪਰ ਤੂੰ ਲਾਲੀ...," ਸਾਰਿਆਂ ਦੇ ਚਿਹਰੇ ਅੱਖ ਪਲਕਾਰੇ ਵਿਚ ਚਮਕ ਉਠੇ...ਪਰ ਦਰਦੀ ਦਾ ਰਹੱਸ ਥੋੜ੍ਹਾ ਬਣਿਆ ਰਿਹਾ।

"ਤੇ ਤੂੰ?" ਸੰਧੂ ਅਜੇ ਵੀ ਉਲਝਣ ਵਿਚ ਸੀ।

"ਮੈਂ... ਤੂੰ ਅਜੇ ਵੀ ਸਿਞਾਣਿਆ ਨੀ...ਆਪਾਂ ਜਮਾਤੀ ਆਂ... ਖਾਲਸਾ ਸਕੂਲੇ, ਫੇਰ ਨਕੋਦਰ ਕਾਲਜੇ ....ਮੈਂ... ਮੈਂ ਸ੍ਰੀ ਮਾਝੂ ਰਾਮ ਦਾ ਦਰਸ਼ਨ ਸਿੰਘ...!"

ਸੰਧੂ ਅੰਦਰ ਇਕ ਵਾਰੀ ਕਈ ਬਲਬ ਜਗੇ...ਕਈ ਬੁਝੇ। ਹੈਰਾਨੀ...ਖੁਸ਼ੀ ਤੇ ਪਤਾ ਨਹੀਂ ਕਾਹਦੇ ਕਾਹਦੇ।



"ਓਏ ਵਾਹ! ਕਯਾ ਕਹਿਣੇ... ਏਨਾ ਸਰਪਰਾਈਜ਼... ਤੂੰ ਤਾਂ ਜਵੀਂ ਗੇੜ 'ਚ ਨੀ ਆਇਆ। ਮੈਂ ਤਾਂ ਸੋਚ ਵੀ ਨੀ ਸਕਦਾ... ਕਿ ਤੂੰ ਮਾਝੂ ਕਾ ਦਰਸ਼ੀ (ਉਸ ਨੇ ਸ਼ਾਇਦ ਜਾਣ ਬੁਝ ਕੇ ਨਿੱਕਾ ਨਾਂ ਲਿਆ।) ਏਂ...!"

"ਦੇਖੋ ਭਾਜੀ ਕਿਵੇਂ ਅਜਨਬੀਆਂ ਵਾਂਗ ਪਰਦੇਸੀਂ ਮਿਲੇ ਓ...ਐਵੇਂ ਕਹਿੰਦੀ ਆ ਦੁਨੀਆਂ...," ਮਿਸਿਜ਼ ਸੰਧੂ ਨਵੀਂ ਨਿਕਲੀ ਪੁਰਾਣੀ ਸਾਂਝ ਤੇ ਬਾਗੋ-ਬਾਗ ਹੋਈ ਸੁਰਜੀਤ ਗਿੱਲ ਦਾ ਮਲੂਕ ਹੱਥ ਪਲੋਸਦੀ ਨਮ ਅੱਖਾਂ ਤੇ ਮੋਹ ਭਰੀ ਸੁਰ ਵਿਚ ਬੋਲਦੀ ਗਈ।

"ਮੇਰਾ ਕਰੋ ਸ਼ੁਕਰੀਆ! ਕਿੱਥੋਂ ਲਿਆ ਮਿਲਾਏ ਤੁਹਾਡੇ ਜਮਾਤੀ... ਗਰਾਈਂ!"

ਦਰਦੀ ਤੇ ਮਿਸਿਜ਼ ਦਰਦੀ ਇਸ ਅਲੋਕਾਰੀ ਮੇਲ ਤੇ ਇਕ ਦੂਜੇ ਵੱਲ ਝਾਕੇ। ਕਈ ਟੇਢੇ ਸਵਾਲ ਉਹ ਇਕ ਦੂਜੇ ਨੂੰ ਪੁੱਛਣਾ ਚਾਹੁੰਦੇ ਸਨ। ਤਦੋਂ ਲਾਲੀ ਕਿਸੇ ਨਵੇਂ ਲੋਰ ਵਿਚ ਪੈੱਗ ਬਣਾਉਣ ਲੱਗਾ। ਸਿਰਮਨ ਨੇ ਕੁੜੀਆਂ ਨੂੰ ਲਾਡ ਭਰੀ ਹਾਕ ਮਾਰੀ ਤੇ ਕੁਝ ਪਲ ਦੀ ਖਾਮੋਸ਼ ਪਿਛੋਂ ਉਤੇਜਤ ਮਨ ਮੁੜ ਵਤਨਾਂ ਵੱਲ ਪਰਤੇ।

ਡਾ. ਦਰਦੀ ਮਲੋਮਲੀ ਆਪਣੇ ਗਰੀਬੜੇ ਬਚਪਨ ਦੀਆਂ ਉਭਰ ਆਈਆਂ ਵਿਲਵੀਆਂ ਤੇ ਖਹੁਰੀਆਂ ਯਾਦਾਂ ਨੂੰ ਰੁਖ਼ਸਤ ਕਰਨ ਲਗਾ, ਜੋ ਉਸ ਨੂੰ ਹੁਣ ਮਾਣਮੱਤੇ ਵਰਤਮਾਨ ਸਾਹਮਣੇ ਘੱਟ ਦੁਖਾਵੀਆਂ ਲਗਦੀਆਂ ਸਨ। ਜ਼ੈਲਦਾਰ ਦੇ ਪੋਤੇ ਲਾਲੀ ਸਾਮਣੇ ਤਾਂ ਸਗੋਂ ਉਹ ਕੁਝ ਜ਼ਿਆਦਾ ਈ ਅੰਦਰੋਂ ਅੰਦਰੀਂ ਵੱਡਾ-ਵੱਡਾ ਮਹਿਸੂਸ ਕਰ ਰਿਹਾ ਸੀ। ਉਧਰ ਲਾਲੀ ਪਾਸ ਵਸਦੀ ਜ਼ੈਲਦਾਰੀ ਵਿਰਾਸਤ ਵੱਡੇ ਮਾਣਾਂ ਤੇ ਸ਼ਾਨਾਂ ਦਾ ਖਜ਼ਾਨਾ ਸੀ, ਪਰ ਇਹ ਬੀਤੇ ਦੀ ਕਹਾਣੀ ਸੀ-ਉਦੋਂ ਤਾਂ ਮੂਲੋਂ ਹੀ ਜਦੋਂ ਉਹ ਸੌਭੇ ਜ਼ੈਲਦਾਰੀਆਂ ਸਰਪੰਚੀਆਂ ਛੱਡ ਖੁਹਾ ਬੇਪਛਾਣ ਬੇਕਾਨੂੰਨ ਰਫਿਊਜੀ ਬਣ ਇਸ ਪਰਦੇਸੀ ਧਰਤੀ ਤੇ ਆ ਘੁਸੜਿਆ।

ਸਜਣਾਂ ਦੇ ਚਿਹਰਿਆਂ ਤੇ ਅਚਾਨਕ ਮਿਲਾਪ ਤੋਂ ਉਪਜੀ ਵੱਡੀ ਖੁਸ਼ੀ ਤੇ ਚਾਵਾਂ ਭਰੀ ਉਤੇਜਨਾ ਸੀ। ਸੱਭੇ ਨਵੀਂ ਪਰ ਆਪੋ ਆਪਣੀ ਤਰ੍ਹਾਂ ਇਕ ਦੂਜੇ ਦੇ ਨੇੜੇ ਨੇੜੇ ਮਹਿਸੂਸ ਕਰ ਰਹੇ ਸਨ। ਸਿਵਾਏ ਲਾਲੀ ਦੇ ਜੋ ਖਵਰੇ ਨਸ਼ੇਈ ਜਾਂ ਕੁਝ ਹੋਰ, ਥੋੜ੍ਹਾ ਝਉਂ ਜਿਹਾ, ਬੁਝ ਜਿਹਾ ਗਿਆ ਲੱਗਦਾ ਸੀ। ਮਿਸਿਜ਼ ਸੁਰਜੀਤ ਗਿੱਲ ਤੇ ਮਿਸਿਜ਼ ਸੰਧੂ ਨਵੇਂ ਸਿਰਿਉਂ ਉਠ ਕੇ ਖਿੜ-ਖਿੜਾ ਕੇ ਹੱਸਦੀਆਂ ਠਹਾਕੇ ਮਾਰਦੀਆਂ ਘੁਟਵੀਂ ਗਲਵਕੜੀ ਪਾ ਮਿਲੀਆਂ ਤੇ ਬੈਠਣ ਦੀ ਬਜਾਏ ਸਿਮਰਨ ਨਵੇਂ ਹੁਲਾਸ ਵਿਚ ਰਸੋਈ ਵੱਲ ਤੁਰ ਗਈ। ਦੋਨਾਂ ਧੀਆਂ ਨੂੰ ਉਸ ਬੁਲਾ ਲਿਆ। ਲਾਲੀ ਨੇ ਤਕੜਾ ਹਾੜਾ ਖਿਚਿਆ ਤੇ ਦਰਦੀ ਨਾਲ ਪੁਰਾਣੀ ਸਾਂਝ ਨਿਕਲ ਪੈਣ ਪਿਛੋਂ ਜਿਵੇਂ ਨਵੇਂ ਸਿਰਿਉਂ ਪੁੱਛਿਆ,

"ਕਦੇ ਚੱਕਰ ਲਗਦੈ ਪਿੰਡ," ਤੇ ਪਤਾ ਨਹੀਂ ਉਤਰ ਸੁਣਨ ਦੀ ਬਜਾਏ ਖੁਦ ਪਹਿਲਾਂ ਪਿੰਡ ਪਹੁੰਚ ਗਿਆ। ਅਸਮਾਨ ਵਿਚ ਸਾਉਣ-ਭਾਦੋਂ ਦੀਆਂ ਤੇਜ਼ ਉਡਦੀਆਂ ਘਟਾਵਾਂ ਵਾਂਗ ਉਸ ਦੇ ਮਨ ਵਿਚੋਂ ਯਾਦਾਂ ਦੀਆਂ ਘਟਾਵਾਂ ਵਹਿਣ ਗੁਜ਼ਰਨ ਲਗੀਆਂ। ਜ਼ੈਲਦਾਰ ਬਾਪੂ ਦਾ ਸੁਨੱਖਾ-ਰੋਹਬਦਾਰ ਚਿਹਰਾ, ਲਿਸ਼ ਲਿਸ਼ ਕਰਦੀ ਗੁਟੀ ਬੰਨੀ ਚਿੱਟੀ ਦਾਹੜੀ... ਚਿੱਟਾ ਕੁੜਤਾ... ਹਲਕੀ ਕਰੀਮ ਦੀ ਜੈਕਟ...ਚੂੜੀਦਾਰ ਪਜਾਮਾ ਤੇ ਕਾਲੀ ਗੁਰਗਾਬੀ...। ਹੱਥ ਵਿਚ

ਫੜੀ ਸੋਨੇ ਦੇ ਕੋਕਿਆਂ ਵਾਲੀ ਖੂੰਡੀ.... ਵਿਹੜੇ ਵਿਚ ਨਵਾਬਾਂ ਵਾਲੀ ਵੱਡੀ ਕੁਰਸੀ 'ਤੇ ਬੈਠਾ ਫਰਿਆਦਾਂ ਸੁਣਦਾ... ਝੁਕ ਝੁਕ ਪੈਰੀਂ ਹੱਥ ਲਾਉਂਦੇ ਬੰਦੇ... ਬਜ਼ੁਰਗਾਂ-ਤੀਵੀਆਂ-ਨੌਜਵਾਨਾਂ ਨੂੰ ਅਸ਼ੀਰਵਾਦ ਦਿੰਦਾ, ਅਸੀਸਾਂ ਦਿੰਦਾ, ਢਾਰਸਾਂ ਬੰਨ੍ਹਾਉਂਦਾ.....। ਤੇ ਉਸਨੂੰ ਆਪ ਆਪਣੇ ਮਿੱਤਰਾਂ ਚਮਚਿਆਂ ਦੀ ਢਾਣੀ ਨਾਲ ਜੀਪ 'ਤੇ ਮਾਰੀਆਂ ਕਾਲਜ ਫੇਰੀਆਂ ਯਾਦ ਆਉਣ ਲੱਗੀਆਂ। ਨਕੋਦਰ ਬਸ ਅੱਡੇ 'ਤੇ ਕੀਤੀ ਖਰਮਸਤੀ ਤੇ ਸਿਮਰਨ ਦੇ ਭਰਾ ਨਾਲ ਦੋਸਤੀ ਪਾ, ਆਨੇ ਬਹਾਨੇ ਸਿਮਰਨ ਦੇ ਘਰ ਦੀਆਂ ਗੇੜੀਆਂ ...। ਉਸ ਨੂੰ ਦਰਦੀ ਦੀ ਧੀਮੀ ਬੇਮਜ਼ਾ ਆਵਾਜ਼ ਵੀ ਸੁਣਦੀ ਰਹੀ

"ਚੱਕਰ ਤਾਂ ਲਗਦੇ ਈ ਰਹਿੰਦੇ... ਸ਼ਾਦੀ ਗਮੀ ਤੇ... ਘਟੇ ਜਾਂ ਹੁੰਦੇ ਹੁਣ...ਵੈਸੇ ਪਾਪਾ ਜੀ ਬਹੁਤਾ ਚੰਡੀਗੜ੍ਹ ਈ ਰਹਿੰਦੇ ਆ..." ਲਾਲੀ ਨੂੰ ਹੇਰੂੰ ਜਿਹਾ ਲੱਗਿਆ..."ਮਾੜੂ ਤੇ ਚਿੱਤੇ ਦਾ ਚੰਡੀਗੜ੍ਹ ਰਹਿਣਾ...। ਨਿੱਕੇ ਸੁਰਿੰਦਰ ਦੇ ਦੋਵੇਂ ਕਾਕੇ ਵੀ ਮੇਰੇ ਕੋਲ ਈ ਆ...ਪਿਛਲੇ ਸਾਲ ਦਸੰਬਰ 'ਚ ਤੇਰੇ ਡੈਡੀ ਮਿਲੇ ਸੀ...ਆਪਣੇ ਨਾਲ ਪੜ੍ਹਦਾ ਹੁੰਦਾ ਸੀ ਨਾ ਬਾਜਵਿਆਂ ਦਾ ਰੋਡੂ, ਉਹੋ ਅਮਰੀਕ...ਸ਼ਤਾਨ ਦੀ ਟੂਟੀ...ਉਹਦਾ ਡੈਡੀ ਸੀ ਨਾ ਪੀ. ਟੀ. ਮਾਸਟਰ...ਉਹਦੇ ਭੋਗ ਤੇ...ਬੜਾ ਲਿਸਾ ਹੋ ਗਿਐ ਤੇਰਾ ਡੈਡੀ...।"

ਲਾਲੀ ਉਸ ਦੀ ਅੱਧ-ਪਚੱਧ ਗੱਲ ਈ ਸੁਣਦਾ ਪਿਆ ਸੀ। ਉਹ ਆਪ ਕਿਧਰੇ ਹੋਰ ਈ ਪਹੁੰਚਿਆ ਗਿਆ ਸੀ।

ਤਦੋਂ ਸਿਮਰਨ ਰਸੋਈ 'ਚੋਂ ਟਰੇਅ ਭਰੀ ਨਿਕਲੀ। ਸੈਂਟਰ ਟੇਬਲ ਤੇ ਟਰੇਅ ਟਿਕਾਅ, ਉਹ ਚਿਕਨ ਦੇ ਲੈਗ ਪੀਸ ਕੱਚ ਦੀਆਂ ਫੁਲਦਾਰ ਪਲੇਟਾਂ 'ਚ ਪਾ ਪਾ ਫੜਾਉਣ ਲਗੀ ਤੇ ਨਾਲੇ ਪੁੱਛਦੀ ਗਈ,

"ਸੁਰਜੀਤ। ਤੇਰਾ ਪਿੰਡ ਕਿਹੜਾ..." ਉਹ ਅੰਦਰੋਂ ਸੁਰਜੀਤ ਗਿੱਲ ਤੇ ਡਾ. ਦਰਸ਼ਨ ਸਿੰਘ ਦਰਦੀ ਦੇ ਮੇਲ ਦੇ ਭੇਤ ਖੋਲ੍ਹਣਾ ਚਾਹ ਰਹੀ ਸੀ ਤੇ ਵਿਆਹ ਦਾ ਕਿੱਸਾ ਵੀ ਜਾਨਣ ਲਈ ਉਤਸੁਕ ਸੀ। ਸਾਰੇ ਸੁਰਜੀਤ ਵਲ ਝਾਕਣ ਲੱਗੇ।

"ਮੇਰਾ ਕਾਹਦਾ ਪਿੰਡ ਸਿਮਰਨ...ਨਵੇਂ ਸ਼ਹਿਰ ਨੇੜੇ ਆ.....ਦੌਲਤਪੁਰ...ਉਦੋਂ ਤਾਂ ਜਲੰਧਰ ਵਿਚ ਸੀ...ਹੁਣ ਨਵਾਂ ਸ਼ਹਿਰ ਪੈਂਦਾ ਜ਼ਿਲ੍ਹਾ... ਭਰਾ ਹੁਣ ਮੁਹਾਲੀ ਸੈਟ ਆ... ਬਿਜਲੀ ਬੋਰਡ 'ਚ ਐਕਸੀਅਨ ਆ। ਮੇਥੋਂ ਛੋਟੇ ਭਰਾ ਤੇ ਭਰਜਾਈ ਸਕੂਲ ਟੀਚਰ ਨੇ। ਉਨ੍ਹਾਂ ਨਵਾਂ ਸ਼ਹਿਰ ਕੋਠੀ ਪਾ ਲੀ।..ਡੈਡੀ ਨੂੰ ਪੂਰਾ ਹੋਇਆਂ ਤਿੰਨ ਸਾਲ ਹੋ ਗੇ...।"

ਦਰਦੀ ਵੱਲ ਸੈਨਤ ਕਰਦਿਆਂ ਲਾਲੀ ਨੇ ਕਿਸੇ ਅੱਥਰੀ... ਅਮੋੜ ਰੀਝ ਤੋਂ ਆਤੁਰ ਸਿਮਰਨ ਦੇ ਮੂਡ ਦੀ ਪਰਵਾਹ ਨਾ ਕਰਦਿਆਂ ਟੋਣਾ ਲਾਇਆ, "ਆਹ ਸਾਡਾ ਗਿਰਾਈਂ ਕਿਥੋਂ ਆ ਲੱਭਿਆ? ...ਨਕੋਦਰੋਂ ਤਾਂ ਇਹ ਅੰਬਰਸਰ ਯੂਨੀਵਰਸਿਟੀ ਗਿਆ ਸੀ...।"

ਦਰਦੀ ਪੈੱਗ ਵਿਚੋਂ ਸਿਪਾਂ ਲੈਂਦਾ ਮਜ਼ੇ ਨਾਲ ਬੈਠਾ ਰਿਹਾ। ਸੰਧੂ ਮਾੜੂ ਕੇ ਦਰਸ਼ੀ ਦੀ ਪਲਟੀ ਕਿਸਮਤ ਦਾ ਕਿੱਸਾ ਸੁਣਨ ਲਈ ਬੇਤਾਬ ਬੇਹਾਲ ਹੋਇਆ ਪਿਆ ਸੀ।



"ਇਹ.....ਡਾ. ਸਾਹਿਬ...." ਮਿੰਨਾਂ ਮਿੰਨਾਂ ਹੱਸਦਿਆਂ, ਥੋੜ੍ਹਾ ਝਿਜਕਦਿਆਂ ਤੇ ਚਿਹਰੇ 'ਤੇ ਉਭਰਦੀ ਸੰਗਰਭਰੀ ਲਾਲੀ ਨੂੰ ਢਾਂਪਦਿਆਂ ਸਾਂਭਦਿਆਂ ਸੁਰਜੀਤ ਬਚ-ਬਚਾਅ ਕੇ ਦਸਦੀ ਰਹੀ, "ਮਾਸਟਰਜ਼ ਇਨ ਸ਼ੋਸ਼ਿਆਲੋਜੀ ਕਰਕੇ ਇਹ ਯੂ. ਜੀ. ਸੀ. ਫੈਲੋਸ਼ਿਪ 'ਤੇ ਅੰਮ੍ਰਿਤਸਰੋਂ ਚੰਡੀਗੜ੍ਹ ਯੂਨੀਵਰਸਿਟੀ ਆ ਗਏ...।" ਫੇਰ ਕੁਝ ਖੁੱਲ੍ਹਦਿਆਂ.... ਖੁੱਲ੍ਹ ਕੇ ਹੱਸਦਿਆਂ ਮਜ਼ਾਕੀਆ ਲਹਿਜੇ ਵਿਚ... "ਸਾਰਾ ਦਿਨ ਲਾਇਬ੍ਰੇਰੀ ਬੈਠੇ ਕਿਤਾਬਾਂ ਨਾਲ ਮੱਥਾ ਮਾਰਦੇ ਰਹਿੰਦੇ-ਨੋਟਿਸ ਬਣਾਉਂਦੇ ਰਹਿੰਦੇ ਜਾਂ ਡਿਪਾਰਟਮੈਂਟ ਆਉਂਦੇ ਕਲਾਸ ਪੜ੍ਹਾਉਂਦੇ, ਵਨ ਦੀ...।"

"ਤਾਂ ਤੇ ਕਲਾਸ ਵਿਚ ਸਬਕ ਸਿੱਖੇ ਇਸ਼ਕ ਦੇ ਆਪਣੇ ਟੀਚਰ ਤੋਂ," ਸਿਮਰਨ ਸਹੇਲਪੁਣੇ ਦੇ ਰੌਂਅ ਵਿਚ ਸਵਾਦ ਲੈਣ ਲੱਗੀ।

"ਨਾ ਭੈਣੇ। ਮੈਂ ਤਾਂ ਬਾਲ ਬਾਲ ਬੱਚਗੀ...ਇਹ ਵਨ ਨੂੰ ਪੜ੍ਹਾਉਂਦੇ ਸੀ...ਮੈਂ ਟੂ ਵਿਚ ਸਾਂ...ਤੇ ਮਾਸਟਰਜ਼ ਕਰਕੇ ਮੈਂ ਵੀ ਰੀਸਰਚ ਸ਼ੁਰੂ ਕਰ ਦਿੱਤੀ...।"

"ਯਾਨੀ ਕਿ ਪ੍ਰੇਮੀ ਦੀ...।" ਇਸ ਵਾਰ ਮਿਸਿਜ਼ ਢਿੱਲੋਂ ਨੇ ਵੀ ਵਾਰੀ ਵਾਹੀ। ਲਾਲੀ ਕਿਸੇ ਪੁਠੀ ਬੇਸਬਰੀ ਨਾਲ ਸੁਣਦਾ ਰਿਹਾ, ਪਰ ਵਧੇਰੇ ਜ਼ੋਰ ਉਸ ਪੈੱਗ ਦੁਆਲੇ ਦੇਈ ਰੱਖਿਆ।

"ਤੇਰੇ ਮਾਪਿਆਂ ਕਿਵੇਂ ਮੰਨ ਲਿਆ... ਇੰਟਰ ਕਾਸਟ...," ਸਿਮਰਨ ਕੁਝ ਹੋਰ ਪੁੱਛਣਾ ਚਾਹੁੰਦੀ, ਗੱਲ ਵਲਾਅ ਗਈ।

"ਮੰਨਣਾ ਪਿਐ...ਆਪੇ ਕੌਣ ਮੰਨਦਾ ਇੰਡੀਆ...," ਆਪਣੇ ਪਿਆਰ ਤੇ ਪਿਆਰ ਵਿਆਹ ਦੀ ਅਨੂਠੀ ਸਫ਼ਲਤਾ ਤੇ ਮਿਲੀ ਭਰਪੂਰ ਜ਼ਿੰਦਗੀ ਦੇ ਅਤੋਲਵੇਂ ਮਾਣ ਨਾਲ ਆਪਣੇ ਫੈਸਲੇ ਤੇ ਦ੍ਰਿੜਤਾ ਨੂੰ ਬਿਆਨਦੇ ਸੁਰਜੀਤ ਦਾ ਰੋਹਬਦਾਰ ਲਹਿਜਾ ਤੇ ਹੁਲਾਸਵੀਂ ਆਵਾਜ਼ ਵੇਖਣੀ ਬਣਦੀ ਸੀ, "ਮੁੜ ਆਪੇ ਸਿਧੇ ਹੋਗੇ...ਕੋਰਟ ਮੈਰਿਜ ਕਰਵਾ ਲਈ ਅਸਾਂ...ਫਿਰ ਮਾਪਿਆਂ ਸਿਵਲ ਮੈਰਿਜ ਵੀ ਕਰਤੀ।"

"ਨਾ ਮਿਲਦੇ ਜੁਲਦੇ ਆ ਕਿ...," ਸਿਮਰਨ ਨੇ ਲੱਗੇ ਧੁੜਕੂ ਨੂੰ ਸ਼ਾਂਤ ਕਰਨਾ ਚਾਹਿਆ।

"ਨਾ ਹੋਰ ਕੀ... ਹੁਣ ਤਾਂ ਮੈਥੋਂ ਵਧੀਕ 'ਆਪਣੇ ਜਵਾਈ' ਦੀ ਕਦਰ ਕਰਦੇ ਆ... ਕਹਿਣਗੇ...'ਡਾ. ਸਾਹਿਬ ਨੇ ਘਰ ਦਾ ਰੂਪ ਬਦਲ ਤਾ...' ਹਰ ਗੱਲ ਪੁੱਛ ਕੇ... ਹਰ ਕੰਮ 'ਚ ਅੱਗੇ...ਏਹਨਾਂ ਦੀ ਅੜਬਾਈ ਵੀ ਸਿਆਣਪ ਬਣ ਜਾਂਦੀ ਆ ਭੈਣੇ...।" ਮਿੱਠੀ ਟਕੋਰ ਲਾਉਂਦਿਆਂ ਸੁਰਜੀਤ ਤਮਕੀ, "ਤੂੰ ਦਸ ਸਿਮਰਨ ਤੇਰੀ ਕਿਵੇਂ...?" ਜਾਪਦਾ ਸੀ ਸਹੁਰਾ ਪਿੰਡ ਇਕੋ ਨਿਕਲਣ ਪਿਛੋਂ ਔਰਤਾਂ ਵਧੇਰੇ ਸਾਂਝ ਤੇ ਭਰੱਪਣ ਮਹਿਸੂਸ ਕਰ ਰਹੀਆਂ ਸਨ। ਹੋ ਸਕਦੈ ਦੋਵੇਂ ਗਿੱਲ ਹੋਣ ਕਰਕੇ ਜਾਂ ਇਕੋ ਪਿੰਡ ਦੀਆਂ ਨੂੰਹਾਂ ਨੂੰ ਸਾਂਝ ਵੱਧ ਪੋਂਹਦੀ ਹੋਵੇ। ਪਰ ਪਿੰਡ ਵਾਲੇ...ਜਮਾਤੀ...ਕੁਝ ਕਝ ਚੁੱਪ ਚੁੱਪ ਹੁੰਦੇ ਗਏ। ਸ਼ਾਇਦ ਨਵੇਂ ਪੁਰਾਣੇ ਮੋਰਚੇ ਸੰਭਾਲਣ ਵਿਚ ਮਸਰੂਫ਼ ਹੋਣ।

"ਕੋਈ ਹੋਰ ਈ ਨਾ ਟਰਪਲੀ ਲਾ ਦੇਵੇ," ਸੋਚਦਿਆਂ ਲਾਲੀ ਪਹਿਲਾਂ ਬੋਲ ਉਠਿਆ, "ਲੈ ਮੈਂ ਦਸਦਾਂ... ਏਹ ਨੀ ਦਸਦੀ ਹੁੰਦੀ..." ਸਿਮਰਨ ਜੂਠੀਆਂ ਪਲੇਟਾਂ, ਖਾਲੀ ਡੋਂਗਾ ਤੇ ਸੇਂਖੀਆਂ ਵਾਲੀ ਪਲੇਟ ਸਾਂਭਦੀ-ਸਮੇਟਦੀ ਰਸੋਈ ਵੱਲ ਹੋ ਤੁਰੀ ਤੇ ਮੁੜਦੇ ਪੈਰੀਂ ਸਲਾਦ,

ਨਮਕੀਨ ਤੇ ਬਦਾਮਾਂ ਦੀਆਂ ਪਲੇਟਾਂ ਨਾਲ ਟਰੇਅ ਰੁਮਣੀ ਮੁੜੀ। ਲਾਲੀ ਹੁਣ ਜ਼ਰਾ ਕੁ ਸੰਭਲ ਗਿਆ ਜਾਂ ਸ਼ਾਇਦ 'ਸ਼ਾਨਦਾਰ ਪਿਛੋਕੜ' ਦੇ ਲੋਰ ਵਿਚ ਕਹਿੰਦਾ ਗਿਆ, "ਨਕੋਦਰ ਕਾਲਜ ਪੜ੍ਹਦਾ ਸਾਂ... ਪ੍ਰੈਪ ਤਿੰਨ ਵਾਰ ਵਾਰ ਪੱਕੀ ਕੀਤੀ, ਮਸੀਂ ਬੀ.ਏ. ਵਨ ਵਿਚ ਹੋਇਆ... ਦੁਆਲੇ ਮੁੰਡੀਰਖਾਨਾ 'ਕੱਠਾ ਹੁੰਦਾ ਗਿਆ... ਜੀਪ ਭਜਾਈ ਜਲੰਧਰ... ਜੀਪ ਭਜਾਈ ਕਾਂਗਣੇ...।"

"ਕਾਂਗਣੇ ਕੀ ਸੀ ਭਾਅ ਜੀ.... ਕਾਲਜ ਕਿ ਸਿਨਮਾ ?" ਮਿਸਿਜ਼ ਢਿੱਲੋਂ ਨੇ ਚਸਕਾ ਲਿਆ।

"ਸਿਨਮਾ ਨਹੀਂ... ਮੇਰੀ ਜ਼ਿੰਦਗੀ ਰੂਪੀ ਫਿਲਮ ਦੀ ਹੀਰੋਇਨ...ਏਹਦਾ ਭਰਾ ਪਵਿੱਤਰ ਮੇਰਾ ਜਮਾਤੀ ਬਣ ਗਿਐ...ਵਿਚਾਰੇ ਮਟਰਗਸ਼ਤੀ ਕਰਦੇ ਕਦੇ ਕਿਸੇ ਦੋਸਤ ਦੇ ਘਰ, ਕਦੇ ਕਿਸੇ ਦੇ, ਇਵੇਂ ਇਕ ਦਿਨ ਪਵਿੱਤਰ ਲੈ ਗਿਆ ਕਾਂਗਣੇ...।"

(ਡਾ. ਦਰਦੀ ਨੂੰ ਯਾਦ ਆਇਆ...ਖੁਦ ਲਾਲੀ ਦੇ ਦੁਆਲੇ ਮੁਸ਼ਟੰਡੇ ਜਿਹੇ ਆਸ਼ਕਾਂ ਦੀ ਮਤਲਬ ਜਿਹਨਾਂ ਨੂੰ ਕਹੀਦਾ ਤਕੜੇ ਘਰਾਂ ਦੇ ਕਾਕੇ, ਨਾ ਕੋਈ ਫ਼ਿਕਰ ਤੇ ਨਾ ਕੋਈ ਫਾਕੇ... ਉਹਨਾਂ ਦੀ ਢਾਣੀ ਭੀਂ-ਭੀਂ ਕਰਦੀ ਰਹਿੰਦੀ। ਜਿਉਂ ਸ਼ਹਿਦ ਦੁਆਲੇ ਮੱਖੀਆਂ...ਲਾਲੀ ਦੀਆਂ ਭੈਣਾਂ ਪਿੱਛੋਂ ਜੋ ਸੁਹਣੀਆਂ ਤਾਂ ਸਨ ਹੀ, ਕਾਲਜੇ ਪੜ੍ਹਦੀਆਂ ਬਣਦੀਆਂ ਫੱਬਦੀਆਂ ਸਨ। ਨਾਲੇ ਜ਼ੈਲਦਾਰ ਦੀਆਂ ਪੋਤੀਆਂ ਜੁ ਸਨ। ਸੱਧਿਆਂ ਦਾ ਜੋਗਾ, ਬਾਜਵਿਆਂ ਕਾ ਭੌਤਾ, ਵੱਡੇ ਸਾਟੀਆਂ ਕਾ ਸਵਰਨਾ.... ਪਰ ਉਹ ਸਿਆਣੀਆਂ ਸੁਲਝੀਆਂ ਸਨ, ਮੁੰਡੀਰ ਲਾਲੀ ਦੁਆਲੇ ਗੇੜੇ ਕੱਢਦੀ, ਘੇਰੀ ਰੱਖਦੀ, ਯਾਰੀਆਂ ਗੰਢਦੀ ਤੇ ਨਿਸ਼ਾਨੇ ਸੇਧਦੀ ਰਹਿੰਦੀ...) "ਪਵਿੱਤਰ ਹੈ ਤਾਂ ਪੁੱਜ ਕੇ ਸਾਊ ਸੀ ਪਰ ਮੇਰੇ ਨਾਲ ਮੋਹ ਜਿਹਾ ਹੋ ਗਿਆ ਉਸ ਦਾ....।"

"ਕਿਉਂ ਸਾਡੀ ਕੁੜੀ ਓ ਰੱਸੇ ਤੜਾਉਂਦੀ ਸੀ..." ਮਿਸਿਜ਼ ਢਿੱਲੋਂ ਨੇ ਸਿਮਰਨ ਵਲੋਂ ਦਾਬਾ ਮਾਰਿਆ। "ਕਾਹਨੂੰ ਭੈਣਾ! ਏਹ ਤਾਂ ਮੂੰਹ ਚੱਕ ਕਿਸੇ ਵੰਨੀ ਨਹੀਂ ਸੀ ਦੇਖਦੀ, ਅਸਾਂ ਗੇੜੇ ਈ ਏਨੇ ਮਾਰੇ ਕਿ...।" "ਤੇ ਗੇੜੇ ਮਾਰ-ਮਾਰ ਕੰਮ ਬਣਾ ਈ ਲਿਆ...ਉਂ ਭਾਈ ਜ਼ੈਲਦਾਰ ਦੇ ਪੋਤੇ ਨੂੰ ਨਾਂਹ ਕਿਹਨੇ ਕਰਨੀ ਸੀ....।"

"ਨਈਂ ਭੈਣ ਜੀ! ਏਹ ਕਿਹੜਾ ਕਿਸੇ ਤੋਂ ਘੱਟ ਸੀ...ਦੋ ਭਰਾਵਾਂ ਦੀ ਕੱਲੀ ਭੈਣ, ਵੱਡੀ ਸੜਕ ਤੇ ਕੋਲਡ ਸਟੋਰ, ਬਰਫ਼ ਦਾ ਕਾਰਖ਼ਾਨਾ ਤੇ ਲੰਮੀ ਪਾਲ ਸਰਕਾਰੀ ਗੁਦਾਮਾਂ ਦੀ... ਇਹ ਤਾਂ ਸਿਮਰਨ ਦੀ ਮਿਹਰ...।"

"ਲਾ ਲੈ ਮੱਖਣ... ਲਾ ਲੈ... ਅੱਜ ਮੌਕਾ...।" ਮਿਸਿਜ਼ ਢਿੱਲੋਂ ਨੇ ਮੁੜ ਟਿਕਾਈ। ਪਰ ਖੌਰੇ ਕੀ ਖੁੜਕੀ। ਬਾਏਂ ਗੱਲ ਪਲਟਦਿਆਂ ਉਸ ਲਾਲੀ ਨੂੰ ਸਵਾਲ ਕੀਤਾ, "ਏਡੇ ਵੱਡੇ ਖ਼ਾਨਦਾਨ ਤੇ ਏਨੀਆਂ ਜ਼ਮੀਨਾਂ ਜਾਇਦਾਦਾਂ ਛੱਡ ਕੇ ਕੇਹੜੇ ਕਾਰੂ ਦੇ ਖ਼ਜ਼ਾਨੇ ਸਾਂਭਣ ਆ ਵੜੇ ਤੁਸੀਂ ਅਮਰੀਕਾ ਲਾਲੀ ?"

ਲਾਲੀ ਸ਼ਾਇਦ ਏਨੇ ਖਹੁਰੇ ਤੇ ਦਬੰਗ ਸਵਾਲ ਲਈ ਤਿਆਰ ਨਹੀਂ ਸੀ। ਉਸਦੇ ਚਿਹਰੇ ਤੇ ਖਰਮਸਤੀ ਭਰੀ ਖੁਸ਼ੀ ਤੇ ਨਸ਼ੇ ਤੇ ਲੋਰ ਨੇ ਜੋਸ਼ 'ਤੇ ਜਿਵੇਂ ਅਚਾਨਕ ਕਾਲੇ ਬੱਦਲ ਛਾ ਗਏ। ਲੱਗੇ ਕਰਾਰੇ ਝਟਕੇ ਤੋਂ ਉਹ ਅਜੇ ਸੰਭਲਦਾ ਹੀ ਪਿਆ ਸੀ ਕਿ ਸਿਮਰਨ ਨੇ ਮੌਕਾ ਸਾਂਭਿਆ,



"ਕੇਹੜੇ ਕੋਰੂ ਦੇ ਖ਼ਜ਼ਾਨੇ ਭੈਣੇ! ਜਦੋਂ ਪੁੱਠੇ ਦਿਨ ਆਉਣ, ਬੰਦਾ ਕਰੇ ਤਾਂ ਕੀ ਕਰੇ? ਪਹਿਲਾਂ ਤਾਂ ਫੋਨਾਂ 'ਤੇ ਧਮਕੀਆਂ ਦੇ ਦੇ... ਫਿਰੌਤੀਆਂ ਮੰਗੀਆਂ... ਦਿਨ ਘੁਸਮੁਸੇ ਵੇਲੇ ਹਵੇਲੀ ਆ ਧਮਕੇ ਮੋਟਰ ਸਾਈਕਲ 'ਤੇ ਤਿੰਨ ... ਏ.ਕੇ. ਸੰਤਾਲੀ ਵਾਲੇ. ਚੰਗੀ ਕਿਸਮਤ ਨੂੰ ਲਾਲੀ ਘਰ ਨੀ ਸੀ। ਨਾ ਪਾਪਾ ਜੀ। ਪੱਚੀ ਲੱਖ ਦੀ ਫੋਰਸ ਵੱਲੋਂ ਚਿੱਠੀ ਦੇ ਗਏ। ਨਹੀਂ ਲਾਲੀ ਨੂੰ ..." ਸਿਮਰਨ ਫਿਸ ਪਈ, ਅੱਖਾਂ ਪੂੰਝਦਿਆਂ ਹਟਕੋਰੇ ਭਰਨ ਲੱਗੀ।... "ਘਰ 'ਚ ਸੱਥਰ ਵਿਛਣ ਵਰਗੀ... ਬਾਪੂ ਜੀ ਦੇ ਪੂਰਾ ਹੋਣ 'ਤੇ ਘਰ ਤਾਂ ਪਹਿਲਾਂ ਈ... ਇਕ ਪੱਚੀ ਲੱਖ ਦੇ ਕੇ ਕੇਹੜਾ ਖਹਿੜਾ ਛੁਟਣਾ ਸੀ... ਦੇਖਾ ਦੇਖੀ ਹੋ... ਖੰਨੇ ਖੰਨੇ ਤਾਂ ਮੰਗੀ... ਏਹੀ ਸੋਚਿਆ ਕਿ ਲਾਲੀ ਨੂੰ ਕਿਤੇ ਬਾਹਰ... ਬਾਕੀ ਸਾਨੂੰ ਚਾਹੇ ਮਾਰਨ ਚਾਹੇ ਛੱਡਣ... ਕੀ ਫਰਕ ਪੈਣਾਂ... ਕੁਝ ਦਿਨ ਲੁਕਾਅ ਛਿਪਾਅ ਰੋਂਦਿਆਂ ਕੁਰਲਾਂਦਿਆਂ ਕੱਟੇ... ਆਖ਼ਰ ਦੋ ਨੰਬਰ 'ਚ ਮੈਕਸੀਕੋ ਰਸਤੇ ਅਮਰੀਕਾ ਤੋਰਿਆ... ਬੱਸ ਭੈਣੇ ਏਹੇ ਦਿਨ ਦੁਸ਼ਮਣ ਤੇ ਵੀ ਨਾ ਲਿਆਵੇ ਰੱਬ...ਹੁਣ ਕਈ ਵਾਰ ਮਨ 'ਚ ਆਉਂਦੈ, ਪੱਚੀ ਦੇ ਮੂੰਹ ਕਾਲਾ ਕਰ ਦਿੰਦੇ... ਆਹ ਬੇਘਰੇ ਤਾਂ ਨਾ ਹੁੰਦੇ...।" ਸਿਮਰਨ ਹੁਣ ਅਮਰੀਕਾ ਦੀ ਇਸ ਸ਼ਾਨਦਾਰ ਕਾਲੋਨੀ ਵਿਚ ਸਜੇ-ਸੰਵਰੇ ਘਰ ਵਿਚ ਬੈਠੀ, ਬੇਘਰੀ ਮਹਿਸੂਸ ਕਰ ਰਹੀ ਸੀ। ਚਾਰ ਬੈੱਡਰੂਮ ਵਾਲਾ, ਏਅਰ ਕੰਡੀਸ਼ਨ, ਭਰਿਆ-ਸੰਵਰਿਆ ਘਰ ਮਾਨੋ ਉਸ ਨੂੰ ਆਪਣਾ ਘਰ ਲਗਦਾ ਈ ਨਾ ਹੋਵੇ... ਪਿੰਡ ਦੁਮੰਜ਼ਲੀ ਮਹਿਲਨੁਮਾ ਖਾਲੀ ਉਜੜਨ ਕਿਨਾਰੇ ਪਈ ਹਵੇਲੀ ਹੀ ਉਸ ਦਾ 'ਅਸਲੀ ਘਰ' ਹੋਵੇ।... 'ਲਾਕੇ ਦਾ ਨੰਬਰ ਇਕ ਖ਼ਾਨਦਾਨੀ ਘਰ, ਕੱਖਾਂ ਤੋਂ ਹੌਲਾ ਹੋ ਗਿਆ। ਏਹਦੇ ਡੈਡੀ ਉਂਈ ਦਿਲ ਛੱਡ ਬੈਠੇ... ਏਧਰ ਏਹ ਦਿਲ ਨਾ ਲੌਣ ... ਪੰਜ ਸਾਲ ਪਿਛੋਂ ਡੈਡੀ ਨੇ ਮੱਲੋਜ਼ੋਰੀ ਸਾਨੂੰ ਚਾਰਾਂ ਨੂੰ ਦਲਾਲਾਂ ਨਾਲ 50 ਲੱਖ ਦਾ ਸੌਦਾ ਕਰਕੇ ਵਾਇਆ ਕੈਨੇਡਾ ਏਥੇ ਭੇਜ ਤਾ... ਦੋ ਕਿੱਲੇ ਵੇਚੇ ਉਹਨਾਂ ਜਰਨੈਲੀ ਸੜਕ ਤੋਂ... ਉਥੇ ਹੁਣ ਆਦਰਾਮਾਨ ਵਾਲੇ ਵੱਡੇ ਲਾਟੀਆ ਨੇ 'ਬਿੰਦ ਮੈਰਿਜ ਪੈਲੇਸ' ਬਣਾਇਐ।"

"ਹਾਂ, ਹਾਂ, ਨਵਾਂ ਬਣਿਐ। ਪਿਛਲੇ ਸਾਲ, ਪਟਰੋਲ ਪੰਪ ਦੇ ਸਾਮ੍ਹਣੇ," ਦਰਦੀ ਨੇ ਐਵੇਂ ਹਾਮੀ ਭਰੀ।

"ਸਾਡਾ ਤਾਂ ਮੁੜ ਕੇ ਜਾਣ ਈ ਨਾ ਹੋਇਆ। ਬੱਸ ਫ਼ੋਨਾਂ 'ਤੇ ਮਨ ਹੌਲਾ ਕਰਲੀ ਦਾ... ਏਹਨਾਂ ਦਾ ਰਾਜਸੀ ਸ਼ਰਨ ਦਾ ਕੇਸ ਤਿੰਨ ਵਾਰ ਰੀਜੈਕਟ ਹੋ ਚੁੱਕੇ। ਮੇਰਾ ਤੇ ਬੱਚਿਆਂ ਦਾ ਵੀ... ਸਾਨੂੰ ਤਾਂ ਡੀਪੋਰਟ ਕਰਨ ਦੇ ਹੁਕਮ ਹੋਗੇ ਸੀ... ਮੁੜ ਅਪੀਲ ਕੀਤੀ ਆ... ਅਜੇ ਵਿਚੇ ਆ... ਵਕੀਲ ਕਿਸੇ ਤਣ-ਪੱਤਣ ਨੀ ਲਾਉਂਦਾ ਦੀਂਹਦਾ।"

"ਰਾਜਸੀ ਸ਼ਰਨ ਦਾ ਕੇਸ ਤਾਂ ਅਮਰੀਕੀ ਸਰਕਾਰ ਘੱਟ ਈ ਰੀਜੈਕਟ ਕਰਦੀਆ... ਦੁਨੀਆਂ ਨੂੰ ਦਸਣਾ ਜੁ ਹੁੰਦੈ ਬਈ ਅਸੀਂ ਮਨੁੱਖਤਾ ਦੀ ਅਜ਼ਾਦੀ ਦੇ ਪੈਰੋਕਾਰ ਆਂ ਤੇ ਅਨਿਆਂ ਤਸ਼ੱਦਦ ਦੇ ਵਿਰੁੱਧ....।" ਡਾ. ਦਰਦੀ ਨੇ ਆਪਣਾ ਗਿਆਨ ਝੋਰਿਆ।

"ਵਕੀਲਾਂ ਦੇ ਮਸ਼ਵਰੇ ਮੁਜਬ ਖਾਲਿਸਤਾਨ ਦੇ ਹਮਦਰਦ ਹੋਣ ਕਰਕੇ ਸਰਕਾਰ ਤੋਂ ਜਾਨ ਦਾ ਖ਼ਤਰਾ ਸੀ। ਬੱਚ ਕੇ ਅਮਰੀਕਾ ਸ਼ਰਨ ਲੈਣ ਦੀ ਸਟੋਰੀ ਬਣਾਈ। ਅਸਾਂ ਏਥੋਂ ਚੰਗੇ ਡਾਲਰ ਦੇ ਕੇ ਲੈਟਰ ਪੈਡ 'ਤੇ ਚਿੱਠੀ ਤਾਂ ਲੈ ਲਈ... ਪਰ ਇੰਡੀਆ ਤੋਂ ਕੋਈ ਪਰੂਫ ਨਹੀਂ ਬਣਾ

ਸਕੇ... ਏਧਰ ਲੋਕ ਉਥੇ ਅਖ਼ਬਾਰਾਂ ਵਿਚ ਝੂਠੀਆਂ ਖ਼ਬਰਾਂ 'ਚ ਆਪਣੇ ਨਾਂਅ ਛਪਾ ਕੇ ਉਸ ਦੀ ਕਾਪੀ ਪਰੂਫ ਵਜੋਂ ਅਰਜ਼ੀ ਨਾਲ ਲਾ ਦਿੰਦੇ ਆ।"

"ਲੈ ਇਹ ਕੀ ਔਖੇ ... ਤੂੰ ਜਮੀਂ ਫਿਕਰ ਨਾ ਕਰੀਂ ਲਾਲੀ। ਏਨਾ ਤਾਂ ਜਾਂਦੇ ਈ ਕਰਾ ਦੂੰ ਮੈਂ ... ਏਨੇ ਸਟੂਡੈਂਟ ਮੇਰੇ ਅਖ਼ਬਾਰਾਂ 'ਚ ਤੇ ਏਨੇ ਅਫ਼ਸਰ... ਨਿਸ਼ਚਿੰਤ ਹੋ ਜਾ... ਲਿਖਦੇ, ਕੀ ਛਪਵਾਉਣੈ ...।" ਦਰਦੀ ਦਾ ਏਡਾ ਭਰੋਸਾ ਸੁਣ ਲਾਲੀ ਥੋੜ੍ਹਾ ਹੌਸਲੇ ਵਿਚ ਹੋਇਆ ਤੇ ਉਸ ਉਚੇਚੇ ਮੋਹ ਨਾਲ ਡਾ. ਦਰਦੀ ਵੱਲ ਕਿਸੇ ਨਵੀਂ ਉਮੀਦ ਨਾਲ ਵੇਖਿਆ ਤੇ ਸੱਚ ਕਰਨਾ ਚਾਹਿਆ।

"ਜੇ ਕਹੇਂ ਤਾਂ ਅਜੀਤ ਨਾਲ ਗੱਲ ਕਰਾਂ...। ਅਜੀਤ ਬਹੁਤ ਅਜ਼ੀਜ਼ ਆ ਮੇਰਾ... ਬੜਾ ਮਾਹਰ ਆ ਅਜਿਹੇ ਕੇਸਾਂ ਦਾ... ਇਮੀਗਰੇਸ਼ਨ ਦੇ ਕੇਸ...।"

"ਲਾਲੀ ਭਾਅ ਜੀ... ਤੇਰਾ ਸੰਗੀ ਨਾ... ਬੰਦਾ ਬੰਦੇ ਦਾ ਦਾਰੂ ਆ... ਪ੍ਰਦੇਸੀਂ ਹੋਰ ਕੌਣ ਸੋਕੇ ਬੈਠੇ ਆ... ਇਕ ਦੂਜੇ ਦੀ ਆਪਾਂ ਈ ਬਾਂਹ ਫੜਨੀ ਹੁੰਦੀ ਆ," ਸੁਰਜੀਤ ਵੀ ਮਨੋ ਪਸੀਜੀ ਏਡੇ ਉੱਚੇ ਖਾਨਦਾਨ 'ਤੇ ਪਈ ਏਡੀ ਬਿਪਤਾ ਵਿਚ ਸੱਚੀ ਸਹਾਇਤਾ ਕਰਨਾ ਚਾਹ ਰਹੀ ਸੀ, "ਅਜੀਤ ਏਹਨਾਂ ਦਾ ਬੜਾ ਸਤਿਕਾਰ ਕਰਦੇ... ਅਜੇ ਪਿਛਲੇ ਹਫ਼ਤੇ ਉਹਨੇ ਸਾਰੇ ਨਕੋਦਰੀਏ, ਕਾਲਜ ਦੇ ਓਲਡ ਸਟੂਡੈਂਟਾਂ ਦਾ ਸਮਾਗਮ ਕੀਤੈ, ਏਹਨਾਂ ਦੇ ਸਨਮਾਨ 'ਚ... ਉਹਨੂੰ ਵਕੀਲ ਬਣਾਉਣ ਵਾਲੇ ਡਾ. ਸਾਹਿਬ ਈ ਨੇ... ਸਿਫ਼ਾਰਸ਼ ਨਾਲ ਦਾਖ਼ਲਾ ਮਿਲਿਆ ਸੀ। ਲਾਅ ਵਿਚ ਚੰਡੀਗੜ੍ਹ ਤੇ ਪਿੱਛੋਂ ਵੀ ...ਉਹ ਹੈ ਵੀ ਬੜਾ ਮੋਹ-ਖੋਰਾ... ਕਹੋ ਤਾਂ ਹੁਣੇ," ਉਹ ਸਿਮਰਨ ਦਾ ਹੁੰਗਾਰਾ ਲੈਣ ਲਈ ਉਸ ਵੱਲ ਵੇਖਣ ਲੱਗੀ।

ਮਿਸਿਜ਼ ਢਿੱਲੋਂ ਵਿਚੋਂ ਬੋਲੀ, "ਲੈ ਭੈਣੇ। ਨੇਕੀ ਔਰ ਪੁੱਛ-ਪੁੱਛ... ਸੰਧੂ ਸਾਹਿਬ ਨੇ ਤੁਰੇ ਜਾਂਦੇ ਰਾਹੀਆਂ ਨੂੰ ਆਪਣੇ ਬਣਾ ਘਰੇ ਬੁਲਾਇਆ... ਏਹੋ ਜੇ ਸਬੱਬ ਬਣੇ... ਆਪਣੇ ਕਿਤੇ ਲੱਭਦੇ ਆ... ਡਾ. ਸਾਹਿਬ ਫੋਨ ਹੈ ਤਾਂ ਹੁਣੇ ਗੱਲ ਕਰਾ ਦਿਉ।"

ਦਰਦੀ ਨੇ ਪਰਸ ਫੋਲਿਆ ਤੇ ਨੰਬਰ ਲਾਲੀ ਨੂੰ ਦਿੰਦਿਆਂ ਮਿਲਾਉਣ ਲਈ ਕਿਹਾ। ਸਿਮਰਨ ਨੇ ਲਾਲੀ ਤੋਂ ਫੋਨ ਫੜਿਆ, ਨੰਬਰ ਡਾਇਲ ਕੀਤਾ ਤੇ ਰਿੰਗ ਵਜਣ ਸਾਰ ਕੋਡਲੈੱਸ ਦਰਦੀ ਨੂੰ ਪਕੜਾ ਦਿੱਤਾ।

"ਹੈਅਲੋ। ਅਜੀਤ ! ਮੈਂ ਦਰਦੀ ਬੋਲ ਰਿਹਾਂ...।"

"ਸਾ ਸਰੀ ਕਾਲ ਸਰ! ਸਰ ਜੀ, ਕਿੱਥੋਂ ਬੋਲ ਰਹੇ ਓ ਲੱਭਦੇ ਨੀ 'ਮਰੀਕਾ ਆ ਕੇ...।"

"ਕੀ ਕਰ ਰਿਹੈਂ ਅਜੀਤ! ਬਹੁਤਾ ਬਿਜ਼ੀ ਤਾਂ ਨੀ ?"

"ਕਰਨਾ ਜੀ ਆ ਸਰ ? ਅੱਖੇ ਘਾਈਆਂ ਨੇ ਘਾਹ ਈ ਖੋਤਣੈ ! ਇਕ ਕਲਾਇੰਟ ਬੁਲਾਇਐ! ਅੰਗਰੇਜ਼ੀ 'ਚ ਝੂਠੇ ਜਵਾਬ ਰਟਾ ਰਿਹਾਂ। ਦਸੋ ਸਰ! ਕਿਵੇਂ ਯਾਦ ਫਰਮਾਇਆ ?"

"ਮੈਂ... ਕਮਾਲ ਹੋਗੀ ਅਜੀਤ ਜੀ! ਟਹਿਲਦੇ ਟਹਿਲਦੇ ਆਪਣੇ ਮਹਿਤਪੁਰੀਏ ਜ਼ੈਲਦਾਰ ਦੇ ਗੁਰਿੰਦਰਪਾਲ ਸਿੰਘ ਸੰਧੂ ਦੇ ਘਰ ਆ ਨਿਕਲੇ। ਸਬੱਬੀਂ ਲਾਲੀ ਨੇ ਲੰਘਦਿਆਂ ਨੂੰ ਸਿੱਖ ਭਰਾ ਜਾਣ ਕੇ ਹਾਕ ਮਾਰ ਲੀ... ਉਹਦੇ ਘਰੇ ਬੈਠੇ ਆਂ... ਬਸ ਤੂੰ ਯਾਦ ਆ ਗਿਆ।"



"ਮੇਰੀ ਖ਼ੈਰ ਨੀ। ਜ਼ੈਲਦਾਰ ਦੇ ਪੋਤੇ ਘਰੇ ਬੋਲਦੇ ਪਏ। ਵੱਡੇ ਘਰੇ ਮੇਰੀ ਪੇਸ਼ੀ ਪਵਾਉਗੇ ਜਨਾਬ।"

"ਯਾਦ ਭਰਾ ਲੋੜਾਂ ਦੀ ਹੁੰਦੀ ਆ ਅੱਜ ਕੱਲ੍ਹ ਤੇ ਅਮਰੀਕਾ ਤਾਂ ਤੈਨੂੰ ਪਤੈ... ਅਜੀਤ ਗੁਰਿੰਦਰਪਾਲ ਸੰਧੂ ਹੁਰਾਂ ਦਾ ਕੇਸ ਤੇ ਨਾਲੇ ਉਹਨਾਂ ਦੇ ਮਿਸਿਜ਼, ਬੱਚਿਆਂ ਦਾ ਕੇਸ... ਅਜੀਤ ਜੀ! ਸ਼ਾਇਦ ਤੈਨੂੰ ਪਤਾ ਨਹੀਂ ਅਸੀਂ ਗਰਾਈਂ ਆਂ... ਨਾਲੇ ਜਮਾਤੀ ਵੀ ਤੇ ਮਿੱਤਰ ਵੀ...।"

"ਸਰ ! ਏਨੇ ਝੂਠ 'ਕੱਠੇ! ਤੁਸੀਂ ਤਾਂ ਵਕੀਲਾਂ ਨੂੰ ਮਾਤ ਪਾਗੇ। ਜਮਾਤੀ ਮਿੱਤਰ ਬਣਗੇ। ਵੈਸੇ ਹੁਕਮ ਦਸੋ। ਚਲੋ ਚੰਗਾ ਇਹ ਹੋਇਆ ਇੰਡੀਆ ਦੀਆਂ ਦੋਵੇਂ ਦੁਸ਼ਮਣ ਜਮਾਤਾਂ ਅਮਰੀਕਾ ਇਕੋ ਜਮਾਤ ਹੋ ਗਈਆਂ! ਮੁਬਾਰਕਾਂ! ਮਿੱਤਰ ਉਹ ਤੁਹਾਡਾ ਹੋ ਸਕਦੈ... ਤੁਸੀਂ ਉਹਦੇ ਸੱਤ ਜਨਮ ਨਹੀਂ ਹੋ ਸਕਦੇ।

"ਹੌਂਦਾ ਨੀ ! ਕੋਹੜੀਆਂ ਫਿਲਾਸਫੀਆਂ ਘੋਟਣ ਲਗ ਪਿਐਂ, ਆਪਾਂ ਕੰਮ ਦੀ ਗੱਲ ਕਰੀਏ।"

"ਕੰਮ ਦੀ ਗੱਲ ਆ ਸਰ! ਸਗੋਂ ਥੋੜੇ ਤਾਂ ਜਮੀਂ ਕੰਮ ਦੀ। ਮੈਂ ਦੋ ਫੋਨ ਕੀਤੇ ਤੁਹਾਡੇ 'ਜਮਾਤੀ ਮਿਤਰ ਉਰਫ਼ ਜ਼ੈਲਦਾਰ ਦੇ ਪੋਤੇ' ਨੂੰ... ਤੁਹਾਡੇ ਸਨਮਾਨ ਸਮਾਗਮ ਵਾਸਤੇ... ਪਤਾ ਕੀ ਕੀਤਾ ?"

"ਇਹ ਬਹੁਤ ਅਪਸੈਟ ਆ ਤਾਂ ਕਰਕੇ...।"

"ਨਹੀਂ ਸਰ! ਇਸ ਜ਼ੈਲਦਾਰ ਦੇ ਪੋਤੇ ਨੇ ਫੋਨ ਕੱਟ ਤਾ ਇਹ ਕਹਿ ਕੇ... ਚਲੋ ਛੱਡੋ ਹੁਣ ਤੁਸੀਂ ਨਵੇਂ ਜਮਾਤੀ ਦ੍ਰਿਸ਼ਟੀਕੋਣ ਤੋਂ ਤਾਜ਼ੇ ਤਾਜ਼ੇ ਮੁਤਾਸਰ ਹੋਏ, ਮੂਡ 'ਚ ਬੈਠੇ ਓ...ਹਾਂ ਸੱਚ ਹੁਕਮ...ਸਰ।"

ਦਰਦੀ ਕੁਝ ਝਿਜਕਿਆ... ਝਵੱਤਰਿਆ ਝਵੱਤਰਿਆ ਗੁਰਿੰਦਰਪਾਲ ਸੰਧੂ ਵੱਲ ਵੇਖਦਾ ਵਿਖਾਉਂਦਾ ਨਵੇਂ ਦਾਈਏ ਬੰਨ੍ਹਦਾ... ਸਿਮਰਨ ਦੇ ਰੁਆਂਸੇ ਚਿਹਰੇ 'ਤੇ ਝਲਕਦੀ ਬੁਝਦੀ ਆਸ ਦੀ ਕਿਰਨ ਨੂੰ ਭਾਂਪਦਾ ਕਹਿਣ ਲੱਗਾ,

"ਛੱਡੋ ਨਾ ਅਜੀਤ ! ਜ਼ਿੰਦਗੀ ਫ਼ਰਾਖ਼ਦਿਲੀ ਦਾ ਨਾਂ ਐ...।" ਪਤਾ ਨਹੀਂ ਆਪਾਂ ਕੀਹਦੀ ਸ਼ਰਾਨਿਵਾਜ਼ੀ ਸਦਕਾ ਏਥੇ ਪਹੁੰਚੇ ਆਂ... ਨੇਕੀ ਕਰ ਔਰ ਖੂੰਹ ਮੇਂ ਡਾਲ...।"

"ਸਰ ! ਭਾਸ਼ਣ ਨਾ ਪਿਆਉ... ਏਹ ਉਤਰਦੀ ਰਾਤੇ ਲੰਘਦਾ ਨੀ... ਤੁਸੀਂ ਹੁਕਮ ਫਰਮਾਉ..."

"ਪਿਆਰੇ ਅਜੀਤ! ਹੁਕਮ ਨਹੀਂ, ਬਸ ਮੇਰਾ ਨਿਜੀ ਕੰਮ ਈ ਸਮਝੀਂ... ਲਾਲੀ ਦਾ ਕੇਸ ਤੈਂ ਆਪਣੇ ਹੱਥ ਲੈਣਾ...! ਪਿੰਡ ਦੇ ਵਕਾਰ ਦਾ ਸਵਾਲ ਐ। ਫੀਸ...।"

"ਸਰ ! ਨਾਲੇ ਛਿੱਤਰ ਮਾਰਦੇ ਓ। ਨਾਲੇ ਝਿਉਂ ਝਿਉਂ। ਸਰ! ਅੱਜ ਤਾਂ ਸੁੱਕਿਆਂ ਨਾਲ ਕੰਮ ਚਲਾ ਲਉ...।"

"ਡਾ. ਸਾਹਿਬ, ਏਹਨਾਂ ਨੂੰ ਫੋਨ ਦਿਉ ਤੇ ਕਹੋ, ਜ਼ੈਲਦਾਰ ਦੇ ਪੋਤੇ ਜੋਉ। ਇਹ ਅਮਰੀਕਾ ਆ। ਬਾਪੂ ਦਾ ਰਾਜ ਨਹੀਂ। ਮੇਰੇ ਨਾਲ ਟੇਮ ਫਿਕਸ ਕਰਨ ਤੇ ਤਸ਼ਰੀਫ ਦੇ ਟੋਕਰੇ ਲੈ ਆਉਣ, ਸਰ ਗੁਸਤਾਖੀ ਮੁਆਫ਼। ਮੈਂ ਢਿੱਲੋਂ ਸਾਹਿਬ ਵਲ ਭਲਕੇ ਸਵੇਰੇ ਰਿੰਗ ਕਰਾਂਗਾ। ਸਾ'ਸਰੀ ਕਾਲ, ਸਰ।"

ਗਨੀਮਤ ਇਹ ਸੀ ਕਿ ਕੋਰਡਲੈਸ ਵਿਚੋਂ ਅਜੀਤ ਦੀ ਆਵਾਜ਼ ਕੋਈ ਨਹੀਂ ਸੀ ਸੁਣ ਸਕਦਾ। ਵਰਨਾ....। ਸੰਧੂ ਦਾਰੂ ਦੀਆਂ ਮੋਟੀਆਂ ਘੁੱਟਾਂ ਭਰਦਾ, ਬਦਾਮਾਂ ਨੂੰ ਗੋਡੇ ਦਈ ਗਿਆ ਤੇ ਤਿੰਨੇ ਤੀਵੀਆਂ ਪਾਸਾ ਜਿਹਾ ਵੱਟ ਆਪਣੀ ਘੁਸਰ-ਮੁਸਰ ਵਿਚ ਲੱਗੀਆਂ ਰਹੀਆਂ। ਕੋਰਡਲੈਸ ਆਫ਼ ਕਰ ਮੇਜ਼ 'ਤੇ ਰੱਖਦਿਆਂ ਤੇ ਸਲਾਦ ਵਿਚੋਂ ਬਦਾਮੀ ਗਾਜਰ ਪਕੜਦਿਆਂ ਦਰਦੀ ਨੇ ਸੰਧੂ ਤੋਂ ਵਧੀਕ ਸਿਮਰਨ ਨੂੰ ਮੁਖ਼ਾਤਬ ਹੁੰਦਿਆਂ ਕਿਹਾ,"ਅਜੀਤ ਨਾਲ ਗੱਲ ਤੈਅ ਹੋਗੀ। ਫੋਨ ਨੋਟ ਕਰ ਲਓ। ਤੇ ਟੈਮ ਫਿਕਸ ਕਰਕੇ ਅੱਜ ਕੱਲ੍ਹ ਹੀ ਜਾ ਆਉਣਾ... ਅਸੀਂ ਮਿਲਣਾ ਹੈ ਵੀਕਐਂਡ 'ਤੇ... ਮੈਂ ਆਪੇ ਪੱਕਾ ਕਰ ਦਿਆਂਗਾ... ਇਹ ਮੇਰੀ ਜ਼ਿੰਮੇਵਾਰੀ ... ਤੁਸੀਂ ਭੋਰਾ ਫ਼ਿਕਰ ਨੀ ਕਰਨਾ ... ਅਜੀਤ ਆਪਣਾ ਬੰਦੈ।" ਤਦੇ ਫ਼ੋਨ ਦੀ ਘੰਟੀ ਖੜਕੀ। ਸਿਮਰਨ ਨੇ ਆਨ ਕਰ ਕੋਰਡਲੈਸ ਕੰਨ ਨੂੰ ਲਾਇਆ... "ਹਾਂ ....ਹਾਅਲੋ... ਹਾਅਲੋ... ਡੈਡੀ ਜੀ ....ਆਹੋ ਬਿਜ਼ੀ ਸੀ... ਠੀਕ ਆਂ... ਮਹਿਤਪੁਰੋਂ ਪ੍ਰਾਹੁਣੇ ਆਏ ਹੋਏ ਆ... ਡਾ. ਡੀ. ਸੀ. ਦਰਦੀ ਜੀ ਤੇ ਉਹਨਾ ਦੇ ਮਿਸਿਜ਼... ਚੰਡੀਗੜ੍ਹ ਯੂਨੀਵਰਸਿਟੀਉਂ... ਮੈਨੂੰ ਨੀ ਬਹੁਤਾ ਪਤਾ... ਮੈਂ ਲਾਲੀ ਨੂੰ ਦਿੰਨੀ ਆਂ.. ਹਾਂ ਠੀਕ ਨੇ..." ਤੇ ਉਸੇ ਖੱਬੇ ਹੱਥ ਨਾਲ ਲਾਲੀ ਹੱਥੋਂ ਪੈਗ ਵਾਲਾ ਗਲਾਸ ਫੜ ਕੇ ਮੇਜ਼ 'ਤੇ ਰਖਿਆ ਤੇ ਸੱਜੇ ਹੱਥ ਨਾਲ ਕੋਰਡਲੈਸ ਉਸ ਦੇ ਕੰਨ ਕੋਲ ਕੀਤਾ।

"ਹੈਲੋ ਡੈਡੀ ਜੀ।"

"ਹਾਂ, ਲਾਲੀ! ਕੀ ਹਾਲ ਆ?"

"ਠੀਕ ਆ ਡੈਡੀ! ਠੀਕ ਆ। ਫਸਟ ਕਲਾਸ। ਘਰ ਕਿਵੇਂ ਆ? ਤੁਸੀਂ?"

"ਚਲੀ ਜਾਂਦਾ... ਫਗਵਾੜੇ ਵਾਲੇ ਤੇਰੇ ਫੁੱਫੜ ਜੀ ਪੂਰੇ ਹੋਗੇ। ਅਗਲੇ ਐਤਵਾਰ ਭੋਗ ਆ। ਤੇਰਾ ਕੀ ਪ੍ਰੋਗਰਾਮ ਆ? ਕੁਝ ਬਣਿਆ? ਨਹੀਂ ਬਣਦਾ ਤਾਂ ਵਾਪਸ ਆਉਣ ਦਾ ਮਨ ਬਣਾ? ਏਥੇ ਹੁਣ ਠੀਕ ਆ... ਆਖ਼ਰ ਕਿੰਨਾ ਚਿਰ?"

"ਕੋਈ ਨਾ ਡੈਡੀ! ਹੋਜੂ ਕੁਛ ਨਾ ਕੁਛ... ਹੁਣੇ ਡਾ. ਦਰਦੀ ਹੁਰਾਂ ਨੇ ਕੀਤੀ ਆ ਇਕ ਐਡਵੋਕੇਟ ਨਾਲ ਗੱਲ। ਉਸ ਦਾ ਕੋਈ ਕੇਸ ਰੀਜੈਕਟ ਨਹੀਂ ਹੋਇਆ ਹੁਣ ਤੱਕ... ਦੇਖਦੇ ਆਂ... ਤੁਸੀਂ ਫ਼ਿਕਰ ਨਾ ਕਰੋ ਬਹੁਤਾ। ਸਿਹਤ ਕਿਵੇਂ ਆ? ਬੇਜੀ ਠੀਕ ਨੇ?"

"ਲਾਲੀ ਏਹ ਡਾ. ਦਰਦੀ ਕੌਣ ਨੇ? ਸਿਮਰਨ ਵੀ ਦਸ ਰਹੀ ਸੀ... ਕਦੇ ਸੁਣਿਆਂ ਤਾਂ ਨੀ ਕੋਈ ਡਾਕਟਰ ਡੀ. ਐਸ. ਦਰਦੀ ਆਪਣੇ ਪਿੰਡੋਂ... ਕੀਹਨਾ 'ਚੋਂ ਨੇ? ਕਿਹੜੇ ਹਸਪਤਾਲ 'ਚ ਨੇ?"

"ਡੈਡੀ... ਇਹ... ਪ੍ਰੋਫੈਸਰ ਨੇ ਚੰਡੀਗੜ੍ਹ ਯੂਨੀਵਰਸਿਟੀ, ਦੋਵੇਂ ਹਸਬੈਂਡ ਵਾਈਫ... ਤੁਸੀਂ ਸ਼ਾਇਦ ਹੀ ਜਾਣਦੇ ਹੋਵੋ...।



"ਕਿਉਂ? ਮੈਂ ਮਹਿਤਪੁਰ ਨੂੰ ਭੁੱਲਿਆਂ.... ਬੱਚੇ-ਬੱਚੇ ਨੂੰ ਜਾਣਦਾਂ...।"

"ਨਹੀਂ ਡੈਡ! ਇਹ ਗੱਲ ਨੀ...," ਥੋੜ੍ਹਾ ਸਤਰਕ ਹੋ ਕੇ ਡਾ ਦਰਦੀ ਵੱਲ ਵੇਖਦਿਆਂ ਲਾਲੀ ਕਹਿਣ ਲੱਗਾ, "ਚੀਮਿਆਂ ਦੀ ਪੱਤੀ ਲੰਘ ਕੇ.... ਦੁਸਹਿਰਾ ਗਰਾਊਂਡ ਦੀ ਵੱਖੀ.....'ਚ...।"

"ਹਾਂ-ਹਾਂ ਖੱਬੀ ਬਾਹੀ ਚਮਾਲੜੀ ਆ ਤੇ ਸੱਜੀ ਬਾਹੀ ਝਾਕੂਆਂ ਦੀ ਪੱਤੀ...।"

"ਆਹੋ... ਆਹੋ... ਆਹੀ.... 'ਚ..." ਨਾਂ ਨਾ ਲੈਣਾ ਚਾਹੁਣ ਦੇ ਬਾਵਜੂਦ ਵੀ ਝੱਕਦਿਆਂ-ਝੱਕਦਿਆਂ ਲਾਲੀ ਨੂੰ ਲੈਣਾ ਪਿਆ,"ਹਾਂ ਹਾਂ ਚਮਾਲੜੀ... 'ਚ... ਨੇ ਮਾੜੂ ਰਾਮ... ਉਹਨਾ ਦਾ ਮੁੰਡਾ ਹੁੰਦਾ ਸੀ... ਦਰਸ਼ਨ ਸਿੰਘ...।"

"ਚਮਾਰਾਂ ਕੇ ਮਾੜੂ ਕਾ ਮੁੰਡਾ।.... ਦਰਸ਼ਨ ਸਿੰਘ?"

"ਮੇਰੇ ਨਾਲ ਪੜ੍ਹਦਾ ਸੀ ਡੈਡੀ। ਉਂਜ ਸਾਰੇ 'ਦਰਸ਼ੀ' ਕਹਿੰਦੇ ਸੀ, ਕੰਙ੍ਹਾ ਜਿਹਾ... ਮਾੜਕੂ ਜਿਹਾ ਹੁੰਦਾ ਸੀ ਉਦੋਂ... ਹੁਣ ਉਹ ਚੰਡੀਗੜ੍ਹ ਯੂਨੀਵਰਸਿਟੀ ਪ੍ਰੋਫੈਸਰ ਆ... ਉਹਦੀ ਬੀਵੀ ਸੁਰਜੀਤ ਗਿੱਲ ਵੀ।"

"ਹੈਂ! ਕੀ ਕਿਹਾ? ਸੁਰਜੀਤ ਗਿੱਲ! ਉਹਦੀ ਘਰਵਾਲੀ!"

"ਆਹੋ ਡੈਡ! ਅਮਰੀਕਾ ਆਏ ਹੋਏ ਆ... ਡਾਲਰ ਕਰਨ... ਅੱਜ ਆਪਣੇ ਘਰ...।"

"ਉਹਨੂੰ ਚਮਾਰਕੇ ਨੂੰ ਤੂੰ ਘਰੇ ਦਾਅਵਤ 'ਤੇ ਬੁਲਾਇਐ... ਜੀਹਨੂੰ ਅਸਾਂ ਕਦੇ ਪੁਆਂਦੀ ਨਾ ਬਹਿਣ ਦਿੱਤਾ... ਤੇ ਉਸ ਢੇਡ ਨੇ ਗਿੱਲ...ਮਤਲਬ ਕਿ ਜੱਟਾਂ ਦੀ ਕੁੜੀ....। ਚੰਗਾ ਨਾਂ ਕਮਾਏਂਗਾ ਪੁੱਤਰਾ ਜ਼ੈਲਦਾਰੀ ਦਾ... 'ਮਰੀਕਾ 'ਚ! ਏਹੀ ਰਹਿ ਗਿਆ ਸੀ... ਚੰਦ ਚਾੜ੍ਹਨ ਨੂੰ... ਬਾਪੂ ਦਾਦੇ ਦੀ ਸੋਹਣੀ ਸੋਭਾ... ਮਾੜ੍ਹਕਿਆਂ ਦੀਆਂ ਸਫਾਰਸ਼ਾਂ ਨਾਲ ਪੱਕਾ ਹੋਏਂਗਾ... ਫਿਟ ਲਾਹਨਤ... ਵਾਹ ਪੁੱਤਰਾ ਵਾਹ! ਏਦੂੰ ਤਾਂ..." ਤੇ ਓਧਰੋਂ ਆਵਾਜ਼ ਆਉਣੀ ਬੰਦ ਹੁੰਦੀ ਗਈ। ਤਿੰਨ ਚਾਰ ਵਾਰ ਲਾਲੀ ਨੇ ਉੱਚੀ ਉੱਚੀ 'ਹੈਲੋ ਡੈਡੀ!' 'ਹੈਲੋ ਡੈਡੀ!' ਕਹੀ। ਦੋ ਤਿੰਨ ਵਾਰ ਕੋਰਡਲੈੱਸ ਕੰਨ ਤੋਂ ਲਾਹ ਕੇ, ਲਾ ਕੇ ਚੈੱਕ ਕੀਤਾ। ਆਫ਼ ਕਰਕੇ ਸੋਫ਼ੇ 'ਤੇ ਔਖ ਜਿਹੀ ਨਾਲ ਰੋੜ੍ਹ ਦਿੱਤਾ। ਆਸ ਪਾਸ ਕਿਸੇ ਵੱਲ ਵੀ ਵੇਖਣ, ਨਜ਼ਰ ਮਿਲਾਉਣ ਤੋਂ ਬਿਨਾਂ ਆਪਣੇ ਖ਼ਾਲੀ ਗਲਾਸ ਵਿਚ ਪਟਿਆਲਾਸ਼ਾਹੀ ਪੈੱਗ ਭਰਿਆ।

ਖ਼ਾਲੀ ਗਲਾਸ ਮੇਜ਼ 'ਤੇ ਖੜਾਕੇ ਨਾਲ ਰੱਖਦਿਆਂ ਗੁਰਿੰਦਰਪਾਲ ਸਿੰਘ ਸੰਧੂ ਨੇ ਅਚਨਚੇਤੀ ਦਰਦੀ ਵੱਲ ਬੈਠਿਆਂ ਬੈਠਿਆਂ, "ਚੰਗਾ ਫੇਰ ਦਰਦੀ ਜੀ! ਫੇਰ ਮਿਲਾਂਗੇ," ਕਹਿੰਦਿਆਂ ਸੱਜਾ ਹੱਥ ਚਾਕੂ ਵਾਂਗ ਕੱਢ ਮਿਲਾਇਆ। ਕੁਝ ਡਵੌਤਰੇ ਤੇ ਹੈਰਾਨ-ਪਰੇਸ਼ਾਨ ਡਾ. ਦਰਦੀ ਨੇ ਕਾਹਲੀ-ਕਾਹਲੀ ਹੱਥ ਮਿਲਾਉਣ ਤੇ ਓਕੜੂ ਜਿਹੇ ਅੱਧ ਬੈਠੇ-ਉਠੇ ਨੇ ਬੇਹੱਦ ਸ਼ੁਕਰੀਆ ਕਹਿ, ਉਠਣ ਦੀ ਕੀਤੀ।

ਤਿੰਨੋਂ ਪ੍ਰਾਹੁਣੇ ਤੇ ਸਿਮਰਨ, ਇਕੱਠਿਆਂ ਉੱਠ ਖੜੇ ਹੋਏ। ਸਿਮਰਨ ਡਿਨਰ ਵਾਸਤੇ, ਵਾਸਤਾ ਪਾ ਰਹੀ ਸੀ। ਪਰ ਮਿਸਿਜ਼ ਢਿੱਲੋਂ ਨੂੰ ਅਚਾਨਕ ਘਰੇ ਇਕੱਲੇ ਬੈਠੇ ਢਿੱਲੋਂ ਸਾਹਿਬ ਦਾ ਏਨਾ ਫ਼ਿਕਰ ਜਾਗਿਆ ਕਿ ਉਹ ਸਿਮਰਨ ਨੂੰ ਜਫ਼ੀ 'ਚ ਲੈਂਦੀ ਕਾਹਲੀ ਕਾਹਲੀ ਬਾਹਰਲੇ

ਦਰਵਾਜ਼ੇ ਵੱਲ ਮੁੜਦਿਆਂ, ਗੁਰਿੰਦਰਪਾਲ ਸਿੰਘ ਸੰਧੂ ਨੂੰ ਹੱਥ ਜੋੜ ਫਤਹਿ ਗੁਜਾਰਨ ਲੱਗੀ। ਦੋਵੇਂ ਦੇਸੀ ਪ੍ਰਾਹੁਣੇ 'ਅਮਰੀਕੀ ਰੰਗ-ਢੰਗ' ਤੋਂ ਨਾਵਾਕਫ਼, ਹੱਥ ਜਹੇ ਮਲਦਿਆਂ ਖੀਰੇ ਜੋੜਦਿਆਂ ਸ਼ੁਕਰੀਆ ਕਹਿੰਦੇ ਕਹਾਉਂਦੇ, ਕਦੇ ਲਾਲੀ ਵੱਲ ਤੇ ਕਦੇ ਸਿਮਰਨ ਵਲ ਬੇਚੈਨ ਮੁਸਕਰਾਹਟਾਂ ਬਖੇਰਦੇ ਮਿਸਿਜ਼ ਢਿੱਲੋਂ ਦੇ ਪਿੱਛੇ-ਪਿੱਛੇ ਪੈਰ ਘਸੀਟਦੇ ਦਰਵਾਜ਼ੇ ਵੱਲ ਹੋ ਤੁਰੇ। ਦਰਵਾਜ਼ੇ 'ਤੇ ਸਿਮਰਨ ਆਜਜ਼ੀ ਭਰੀ ਜ਼ਿਆਰੀ ਨਾਲ ਵਤਨੀ ਪ੍ਰਾਹੁਣਿਆਂ ਨੂੰ ਖਾਣਾ ਖਣੇ ਹੋਣ, ਖਾ ਕੇ ਜਾਣ ਲਈ ਮਨਾਉਂਦੀ ਉਲਝਦੀ ਰਹੀ ਤੇ ਸੋਫੇ ਤੇ ਅੱਧ-ਲੇਟਿਆ ਜ਼ੈਲਦਾਰ ਦਾ ਪੋਤਾ ਸ਼ਾਇਦ ਮੁੜ 'ਮਹਿਤਪੁਰ' ਪਹੁੰਚਿਆ ਘੁਰਾੜੇ ਮਾਰ ਰਿਹਾ ਸੀ।

—0—



# ਪੈਂਡਾ/ਤਲਵਿੰਦਰ ਸਿੰਘ

ਉਹ ਮੇਰੇ ਸਾਹਮਣੇ ਬੈਠੀ ਸੀ। ਸ਼ਾਲ ਦੀ ਬੁੱਕਲ ਮਾਰੀ, ਚੁੱਪਚਾਪ ਤੇ ਗੁੰਮ ਸੁੰਮ, ਜਾਂ ਸ਼ਾਇਦ ਮੈਨੂੰ ਹੀ ਇੰਜ ਲੱਗ ਰਿਹਾ ਸੀ। ਉਸਦਾ ਨਾਂ ਅਚਾਨਕ ਮੇਰੇ ਦਿਮਾਗ਼ ਵਿਚੋਂ ਵਿਸਰ ਗਿਆ ਸੀ ਤੇ ਇਹ ਗੱਲ ਮੇਰੇ ਅੰਦਰ ਤਲਖੀ ਪੈਦਾ ਕਰ ਰਹੀ ਸੀ। ਨਾਲ ਹੀ ਸੱਜੇ ਹੱਥ ਸੋਫ਼ੇ 'ਤੇ ਗੁਰਦੁਆਰੇ ਦੇ ਤਿੰਨ ਨੁਮਾਇੰਦੇ ਆਏ ਬੈਠੇ ਸਨ। ਉਨ੍ਹਾਂ ਨਾਲ ਵੀ ਦੁਆ ਸਲਾਮ ਤੋਂ ਵੱਧ ਕੋਈ ਗੱਲ ਨਹੀਂ ਸੀ ਹੋਈ। ਥੋੜ੍ਹਾ ਕੁ ਸੰਕੋਚ ਮੈਨੂੰ ਖੁਦ ਨੂੰ ਵੀ ਹੋ ਰਿਹਾ ਸੀ ਕਿਉਂਕਿ ਦਿਨ ਭਰ ਦੀ ਥਕਾਵਟ ਲਾਹੁਣ ਦੀ ਨੀਅਤ ਨਾਲ ਹੁਣੇ ਹੁਣੇ ਮੈਂ ਇਕ ਪੈੱਗ ਵਿਸਕੀ ਦਾ ਲਾਇਆ ਸੀ। ਇਨ੍ਹਾਂ ਨੁਮਾਇੰਦਿਆਂ ਦੀ ਸਮੱਸਿਆ ਦਾ ਮੈਨੂੰ ਥੋੜ੍ਹਾ ਕੁ ਪਤਾ ਸੀ। ਅਰਬਨ ਅਸਟੇਟ ਨਾਲ ਲੱਗਦੀ ਲੇਬਰ ਕਲੋਨੀ ਦੇ ਕੁਝ ਪਾਹੜੂ ਮੁੰਡਿਆਂ ਨੇ ਗੁਰਦੁਆਰੇ ਆ ਇਸ ਗੱਲੋਂ ਤਕਰਾਰ ਕੀਤਾ ਕਿ ਇਮਤਿਹਾਨਾਂ ਦੇ ਦਿਨ ਹਨ ਤੇ ਸਪੀਕਰ ਦੀ ਆਵਾਜ਼ ਘਟਾਈ ਜਾਵੇ ਜਾਂ ਇਸਦਾ ਮੂੰਹ ਦੂਜੇ ਬੰਨੇ ਕੀਤਾ ਜਾਏ। ਉਦੋਂ ਦੇ ਹੀ ਅਫ਼ਸਰ ਨੁਮਾ ਕਰਤੇ-ਧਰਤੇ ਇਧਰ-ਉਧਰ ਤੁਰੇ ਫਿਰਦੇ ਸਨ। ਹੁਣ ਵੀ ਉਹ ਏਸੇ ਲਈ ਆਏ ਸਨ।

ਪ੍ਰਧਾਨ ਪ੍ਰਦੁਮਨ ਸਿੰਘ ਹੋਰਾਂ ਹਲਕਾ ਜਿਹਾ ਖੰਘੂਰਾ ਮਾਰ ਕੇ ਗੱਲ ਤੋਰ ਲਈ, "ਸਰਦਾਰ ਸਾਹਿਬ ਤੁਹਾਨੂੰ ਪਤਾ ਈ ਐ ਮਾਮਲੇ ਦਾ। ਇਹ ਤਾਂ ਸਰਾਸਰ ਗੁਰੂ ਘਰ ਦੀ ਹੱਤਕ ਐ...। ਮਸਲਾ ਹੋਰ ਵਿਗੜ ਜਾਣ ਦੇ ਚਾਂਸ ਨੇ... ਤੁਸੀਂ...।"

ਅਜੀਬ ਫ਼ਿਤਰਤ ਹੈ ਮੇਰੀ ਵੀ। ਦਿਮਾਗ਼ ਵਿਚ ਕੋਈ ਗੰਢ ਬੱਝ ਗਈ ਤਾਂ ਓਨਾ ਚਿਰ ਚੈਨ ਨਹੀਂ ਮਿਲਦਾ ਜਿੰਨਾ ਚਿਰ ਖੁੱਲ੍ਹਦੀ ਨਹੀਂ। ਗੱਲ ਏਨੀ ਅਹਿਮ ਨਹੀਂ, ਇਹ ਮੈਨੂੰ ਪਤਾ ਹੈ... ਇਸਦਾ ਨਾਂ ਅੰਮ੍ਰਿਤ, ਅਮਨ, ਅਮਰਜੀਤ... ਨਹੀਂ ਨਹੀਂ, ਗੱਲ ਖਲੋਂਦੀ ਨਹੀਂ ਦਿਮਾਗ਼ ਵਿਚ। ਉਂਜ ਮੈਨੂੰ ਪੱਕਾ ਪਤਾ ਐ ਕਿ ਨਾਂ ਐੜੇ ਤੋਂ ਸ਼ੁਰੂ ਹੁੰਦਾ ਹੈ ਤੇ ਹੈ ਵੀ ਚਾਰ ਅੱਖਰਾ। ਸ਼ਾਲ ਦੀ ਬੁੱਕਲ ਵਿਚ ਉਸਦਾ ਚਿਹਰਾ ਮਾਸੂਮ ਲੱਗ ਰਿਹੈ, ਜਾਂ ਮੈਨੂੰ ਹੀ ਇੰਜ ਜਾਪ ਰਿਹੈ ?

"ਤੁਸੀਂ ਤਾਂ ਸ਼ਾਇਦ ਬਾਅਦ ਵਿਚ ਆਏ ਏਥੇ। ਕਹੱਤਰ 'ਚ ਬਣਾਇਆ ਅਸਾਂ ਇਹ ਗੁਰਦੁਆਰਾ। ਤਨ, ਮਨ, ਧਨ ਨਾਲ। ਇਸ ਲੇਬਰ ਕਲੋਨੀ 'ਚੋਂ ਕਿਸੇ ਨੇ ਫੁੱਟੀ ਕੌਡੀ ਨਹੀਂ ਦਿੱਤੀ। ਅਸਾਂ ਕਿਹਾ ਉਹ ਜਾਣੇ... ਤੁਸੀਂ ਜਾਣਦੇ ਓ। ਗੁਰਦੁਆਰੇ ਦੀਆਂ ਆਪਣੀਆਂ ਰਵਾਇਤਾਂ ਨੇ। ਏਥੇ ਪਾਠ ਵੀ ਹੋਣਾ ਤੇ ਕੀਰਤਨ ਵੀ। ਕੋਈ ਉੱਠ ਕੇ ਆਖੇ ਕਿ ਗੁਰਦੁਆਰੇ ਦੇ ਗੇਟ ਲੁਆ ਦਈਏ... ਮੁੰਡੇ ਤਾਂ ਸਾਡੇ ਵੀ ਮੁੱਛਾਂ ਨੂੰ ਵੱਟ ਚਾੜ੍ਹੀ ਫਿਰਦੇ ਐ, ਪਰ ਅਸਾਂ ਆਖਿਆ, ਨਹੀਂ। ਕੋਈ ਗੱਲ ਐਸੀ ਨਹੀਂ ਕਰਨੀ ਜਿਹੜੀ ਸਿੱਖ ਅਸੂਲਾਂ ਦੇ ਖ਼ਿਲਾਫ਼ ਹੋਵੇ...।"

ਅਚਾਨਕ ਮੈਨੂੰ ਲੱਗਾ ਜਿਵੇਂ ਮੇਰਾ ਸਿਰ ਘੁੰਮਣ ਲੱਗਾ ਹੈ। ਇਉਂ ਲੱਗਾ ਜਿਵੇਂ ਅੰਦਰ ਧੂੰਆਂ ਜਿਹਾ ਜਮ੍ਹਾਂ ਹੋਣ ਲੱਗਾ ਹੋਵੇ। ਕੀ ਫ਼ੈਸਲਾ ਦਿਆਂ ਮੈਂ ? ਕੀ ਰੋਲ ਨਿਭਾਵਾਂ ? ਏਧਰ ਇਕ ਛੋਟਾ ਜਿਹਾ ਕਸੀਰ ਦਿਮਾਗ਼ ਵਿਚ ਫਸਿਆ ਪਿਆ ਸੀ, ਪਤਾ ਨਹੀਂ ਮੈਨੂੰ ਉਹ ਏਨੀ ਸਹਿਜ ਕਿਉਂ ਲੱਗ ਰਹੀ ਸੀ। ਗੁਰਦੁਆਰੇ ਦੇ ਮਸਲੇ ਵਿਚ ਮੇਰੀ ਰੱਤੀ ਭਰ ਦਿਲਚਸਪੀ ਨਹੀਂ ਸੀ। ਮੈਂ ਏਧਰ ਉਧਰ ਵੇਖ ਕੇ ਬਹਾਦਰ ਨੂੰ ਟੋਲਿਆ, ਰਸੋਈ ਦੀ ਚੁਗਾਠ ਨਾਲ ਢੋਹ ਲਾਈ ਖੜ੍ਹਾ ਸੀ ਉਹ। ਮੈਂ ਉਹਨੂੰ ਸੈਨਤ ਮਾਰੀ, "ਏਧਰ ਆਈਂ ਜ਼ਰਾ।"

"ਜੀ ਸਾਹਿਬ।" ਉਹ ਲਾਗੇ ਆ ਕੇ ਬੋਲਿਆ।

"ਪਹਿਲਾਂ ਪਾਣੀ ਲਿਆ, ਫੇਰ ਚਾਹ।" ਆਪਣੇ ਛੁਟਕਾਰੇ ਲਈ ਜਿਵੇਂ ਇਹੋ ਰਾਹ ਮੈਨੂੰ ਸੁਖਾਲਾ ਲੱਗਾ ਸੀ।

"ਨਹੀਂ ਨਹੀਂ, ਚਾਹ ਦੀ ਕੋਈ ਲੋੜ ਨਹੀਂ ਸਰਦਾਰ ਸਾਹਿਬ...। ਤੁਸੀਂ ਸਾਨੂੰ ਥੋੜ੍ਹਾ ਗਾਈਡ ਕਰੋ।" ਪ੍ਰਧਾਨ ਸਾਹਿਬ ਬੋਲੇ।

ਮੇਰੀ ਦੁਬਿਧਾ ਸੀ ਕਿ ਮੈਂ ਕੀ ਬੋਲਾਂ? ਲੇਬਰ ਕਲੋਨੀ ਦੇ ਬੱਚਿਆਂ ਦੀ ਪੜ੍ਹਾਈ ਜ਼ਰੂਰੀ ਹੈ ਜਾਂ ਸ਼ਬਦ ਕੀਰਤਨ ਦਾ ਕੰਨ-ਪਾੜਵਾਂ ਪ੍ਰਵਾਹ। ਪ੍ਰਧਾਨ ਪ੍ਰਦੁਮਨ ਸਿੰਘ ਹੋਰਾਂ ਦਾ ਦਰਸ਼ਨੀ ਦਾਹੜਾ ਉਨ੍ਹਾਂ ਦੇ ਮੋਢੇ 'ਤੇ ਪਈ ਚਿੱਟੀ ਲੋਈ ਨਾਲ ਕਮਾਲ ਦੀ ਮੈਚਿੰਗ ਬਣਾ ਰਿਹੈ। ਸਕੱਤਰ ਸੁਖਦਿਆਲ ਸਿੰਘ ਦੀਆਂ ਮੁੱਛਾਂ ਦੇ ਕੁੰਡਲ ਉਨ੍ਹਾਂ ਦੀ ਉੱਚੀ ਸ਼ਖਸੀਅਤ ਦਾ ਦਮ ਭਰ ਰਹੇ ਨੇ। ਇਹ ਤੀਜੇ ਸ਼ਖਸ ਗੁਰਦੁਆਰੇ ਦੇ ਖਜ਼ਾਨਚੀ ਨੇ। ਉਨ੍ਹਾਂ ਨਾਲ ਮੇਰੀ ਬਹੁਤੀ ਵਾਕਫ਼ੀ ਨਹੀਂ। ਇਹ ਦਾਨੇ-ਪ੍ਰਧਾਨੇ ਪੁਰਸ਼ ਨੇ। ਗੁਰਦੁਆਰੇ ਦਾ ਮਾਮਲਾ ਵਾਕਿਆ ਈ ਸੰਗੀਨ ਐ। ਮੈਨੂੰ ਬੋਲਣ ਲਈ ਕੋਈ ਰਾਹ ਨਹੀਂ ਸੀ ਮਿਲ ਰਿਹਾ। ਨਸ਼ੇ ਦੇ ਹਲਕੇ ਜਿਹੇ ਸਰੂਰ ਕਾਰਨ ਮੇਰੀ ਨਜ਼ਰ ਵੀ ਡੋਲ ਰਹੀ ਸੀ। ਦਿਮਾਗ਼ ਦਾ ਇਕ ਹਿੱਸਾ ਲਗਾਤਾਰ ਉਸ ਦੇ ਨਾਂ ਦੀ ਤਲਾਸ਼ ਵਿਚ ਮੈਨੂੰ ਬੇ ਆਰਾਮ ਕਰ ਰਿਹੈ। ਅਜੀਬ ਸਥਿਤੀ ਹੈ। ਗੁਰਦੁਆਰੇ ਦਾ ਮਸਲਾ ਤਾਂ ਹੁਣ ਕਿਸੇ ਵੀ ਸੂਰਤ ਵਿਚ ਹੱਲ ਹੋਣ ਵਾਲਾ ਨਹੀਂ। ਉਂਜ ਵੀ ਮਨ ਦੇ ਕਿਸੇ ਕੋਨੇ ਵਿਚੋਂ ਆਵਾਜ਼ ਆ ਰਹੀ ਹੈ ਕਿ ਇਹ ਮਸਲਾ ਮੇਰੀ ਪੱਧਰ 'ਤੇ ਹੱਲ ਹੋਣ ਵਾਲਾ ਹੈ ਈ ਨਹੀਂ। ਇਸ ਗੱਲ ਨੂੰ ਸ਼ਾਇਦ ਇਹ ਲੋਕ ਵੀ ਸਮਝਦੇ ਨੇ। ਮੇਰੀ ਸਲਾਹ ਲੈਣੀ ਇਨ੍ਹਾਂ ਦੀ ਕੋਈ ਮਜਬੂਰੀ ਹੋ ਸਕਦੀ ਏ। ਇਕ ਦਿਨ ਸਵੇਰੇ ਮੂੰਹ ਹਨੇਰੇ ਸੈਰ ਕਰਦੇ ਵਕਤ ਆਪਣੇ ਤੋਂ ਅੱਗੇ ਜਾ ਰਹੇ ਦੋ ਬੰਦਿਆਂ ਦੀ ਗੱਲਬਾਤ ਮੈਂ ਸੁਣੀ ਸੀ—'ਇਹ ਸ਼ਡਿਊਲਡ ਕਾਸਟ ਅਫ਼ਸਰ ਸਾਡੇ ਹੱਕ ਵਿਚ ਨਹੀਂ ਖਲੋਏਗਾ।" ਮੈਂ ਉਥੇ ਹੀ ਚਾਲ ਧੀਮੀ ਕਰ ਲਈ ਸੀ। ਗੱਲਾਂ ਕਰਨ ਵਾਲੇ ਉਹ ਬੰਦੇ, ਇਹ ਸਨ ਜਾਂ ਕੋਈ ਹੋਰ, ਪਤਾ ਨਹੀਂ, ਪਰ ਸਨ ਉਹ ਇਨ੍ਹਾਂ ਵਰਗੇ ਹੀ। ਆਪਣੇ ਸੁਭਾਅ ਮੁਤਾਬਕ ਮੈਨੂੰ ਇਹਨਾਂ ਦੇ ਮਸਲੇ 'ਚ ਉੱਕੀ ਦਿਲਚਸਪੀ ਨਹੀਂ। ਚੰਗਾ ਹੋਇਆ, ਬਹਾਦਰ ਪਾਣੀ ਦੇ ਗਿਲਾਸਾਂ ਵਾਲੀ ਟਰੇਅ ਲੈ ਕੇ ਆ ਗਿਆ। ਉਹਦੇ ਕੋਲੋਂ ਪਾਣੀ ਦਾ ਗਲਾਸ ਲੈ ਮੈਂ ਅੱਧਾ ਕੁ ਪੀ ਲਿਆ। ਫਿਰ ਉਨ੍ਹਾਂ ਸੱਜਣਾਂ ਨੂੰ ਮੁਖ਼ਾਤਬ ਹੋਇਆ, "ਮੇਰੇ ਵਿਚਾਰ 'ਚ ਏਡੀ ਕਾਹਲੀ ਨਾ ਕਰੀਏ, ਇਕ ਮੀਟਿੰਗ ਰੱਖ ਲਓ। ਮੈਨੂੰ ਸੁਨੇਹਾ ਭੇਜ ਦਿਓ, ਮੈਂ ਵੀ ਆ ਜਾਊਂ, ਇਸ ਵੇਲੇ ਜ਼ਰਾ...।"

ਉਹ ਵੀ ਸ਼ਾਇਦ ਮੇਰੀ ਹਾਲਤ ਤੋਂ ਵਾਕਫ਼ ਹੋ ਚੁੱਕੇ ਸਨ। ਉਨ੍ਹਾਂ ਇਕ ਦੂਜੇ ਵੱਲ ਵੇਖਕੇ ਉਠਣ ਦਾ ਮਨ ਬਣਾ ਲਿਆ।

ਮੈਂ ਕਿਹਾ, "ਬੈਠੋ ਚਾਹ ਪੀ ਕੇ ਜਾਣਾ।"

"ਨਹੀਂ ਨਹੀਂ, ਚਾਹ ਨਹੀਂ ਸਰਦਾਰ ਸਾਹਿਬ, ਫੇਰ ਸਹੀ ਕਦੇ।" ਸਕੱਤਰ ਸਾਹਿਬ ਬੋਲੇ, "ਤੁਸੀਂ ਏਹਦਾ ਹੱਲ ਕੱਢੋ।"

ਪ੍ਰਧਾਨ ਸਾਹਿਬ ਵੀ ਉੱਠ ਪਏ, "ਗੁਰਦੁਆਰਿਆਂ ਲਈ ਤਾਂ ਸਿੰਘਾਂ ਨੇ ਜਾਨਾਂ ਅਰਪਨ ਕਰ ਦਿੱਤੀਆਂ...।"

ਅਰਪਨ, ਖੁੱਲ੍ਹ ਗਈ ਗੰਢ। ਉਸ ਨੇ ਵੀ ਇਕ ਵਾਰ ਸਿਰ ਚੁੱਕ ਕੇ ਉਨ੍ਹਾਂ ਵੱਲ ਵੇਖਿਆ। ਇਕਦਮ ਮੈਂ ਸੁਰਖ਼ਰੂ ਮਹਿਸੂਸ ਕੀਤਾ। ਅਰਪਨ ਸੀ ਨਾਂ ਉਹਦਾ।



"ਆਪਾਂ ਇਹਦਾ ਗੰਭੀਰਤਾ ਨਾਲ ਹੱਲ ਕੱਢਾਂਗੇ। ਤੁਸੀਂ ਅਮਨ ਚੈਨ ਬਣਾਈ ਰੱਖੋ।" ਮੈਂ ਵੀ ਉੱਠ ਕੇ ਉਨ੍ਹਾਂ ਨਾਲ ਤੁਰਿਆ। ਉਹ ਆਪਣੇ ਧਿਆਨ ਬੈਠੀ ਰਹੀ। ਡਰਾਇੰਗ ਰੂਮ 'ਚੋਂ ਨਿਕਲ ਉਨ੍ਹਾਂ ਹੱਥ ਜੋੜ ਕੇ ਫ਼ਤਿਹ ਗਜਾਈ ਤੇ ਚਲੇ ਗਏ। ਮੈਂ ਬੂਹਾ ਢੋਅ ਕੇ ਫਿਰ ਪਹਿਲਾਂ ਵਾਲੀ ਥਾਂ ਆ ਬੈਠਾ। ਬਹਾਦਰ ਨੇ ਨੇੜੇ ਆ ਕੇ ਪੁੱਛਿਆ, "ਚਾਏ ਸਾਹਿਬ?"

ਉਹਨੂੰ ਉੱਤਰ ਦੇਣ ਦੀ ਥਾਂ ਮੈਂ ਅਰਪਨ ਨੂੰ ਪੁੱਛਿਆ, "ਤੁਸੀਂ ਤਾਂ ਚਾਹ ਲਉਗੇ ਨਾ?"

"ਨਹੀਂ ਨਹੀਂ, ਕੋਈ ਜ਼ਰੂਰਤ ਨਹੀਂ ਐਸ ਵੇਲੇ।" ਉਹ ਬੋਲੀ।

"ਦੇਖੋ ਝੱਕਣ ਜਾਂ ਸੰਗਣ ਦੀ ਕੋਈ ਗੱਲ ਨਹੀਂ ਐ। ਕੋਈ ਫਾਰਮੈਲਿਟੀ ਨਹੀਂ। ਤੁਹਾਡਾ ਆਪਣਾ ਘਰ ਐ...।" ਮੈਨੂੰ ਲੱਗਾ ਮੈਂ ਗੱਲ ਥੋੜ੍ਹੀ ਵੱਡੀ ਕਰ ਗਿਆ ਸਾਂ। ਇਕ ਦਮ ਏਨੀ ਖੁੱਲ੍ਹ ਠੀਕ ਨਹੀਂ। ਆਖ਼ਰ ਮੇਰਾ ਸਟੇਟਸ ਹੈ ਕੋਈ। ਪੂਰੀ ਤਹਿਸੀਲ ਦਾ ਮਾਲਕ।

"ਮੈਨੂੰ ਲਗਦੈ, ਤੁਸੀਂ ਪਛਾਣਿਐ ਨਹੀਂ ਸਰ।" ਮੇਰੀ ਗੱਲ ਤੋਂ ਸ਼ਾਇਦ ਉਸਨੇ ਸੁਖਾਲਾ ਮਹਿਸੂਸ ਕੀਤਾ।

ਉਹਨੇ ਸ਼ਾਲ ਦੀ ਬੁੱਕਲ ਢਿੱਲੀ ਕੀਤੀ ਤੇ ਥੋੜ੍ਹੀ ਹੋਰ ਸਹਿਜ ਹੋ ਗਈ। ਨਸ਼ੇ ਦੀ ਹਲਕੀ ਜਿਹੀ ਤਾਰ ਮੇਰੀਆਂ ਅੱਖਾਂ ਵਿਚ ਲਰਜ਼ੀ। ਉਸਦਾ ਚਿਹਰਾ ਪਹਿਲਾਂ ਨਾਲੋਂ ਕਮਜ਼ੋਰ ਸੀ। ਨੈਣ ਨਕਸ਼ ਮਚਿਉਰ ਹੋ ਗਏ ਸਨ। ਸ਼ਾਲ ਦੀ ਢਿੱਲੀ ਹੋਈ ਬੁੱਕਲ ਵਿਚੋਂ ਮੈਂ ਉਸਦੀਆਂ ਛਾਤੀਆਂ ਦਾ ਜਾਇਜ਼ਾ ਲੈਣ ਦੀ ਕੋਸ਼ਿਸ਼ ਕੀਤੀ, ਪਰ ਸਫ਼ਲ ਨਾ ਹੋ ਸਕਿਆ। ਪਹਿਲਾਂ ਵਾਲੀ ਗੱਲ ਤਾਂ ਹੁਣ ਮੇਰੀ ਵੀ ਨਹੀਂ ਸੀ ਰਹੀ। ਬਦਲੀਆਂ ਹੋਈਆਂ ਸਥਿਤੀਆਂ ਦਾ ਰੰਗ ਸੀ ਇਹ। ਅੱਜ ਅਰਪਨ ਮੈਨੂੰ 'ਸਰ' ਕਹਿ ਕੇ ਸੰਬੋਧਨ ਕਰ ਰਹੀ ਸੀ। ਰਸੂਲਪੁਰ ਦੀ ਠੱਠੀ ਦੇ ਸਿਲ੍ਹਾਬੇ ਕੋਠੇ 'ਚੋਂ ਨਿਕਲ ਮਜ਼੍ਹਬੀਆਂ ਦਾ ਮੁੰਡਾ ਤੇਜੂ ਅਰਬਨ ਅਸਟੇਟ ਦੀ ਇਸ ਸ਼ਾਨਦਾਰ ਕੋਠੀ 'ਚ ਰਹਿ ਰਿਹਾ ਸੀ, ਆਲੀਸ਼ਾਨ ਘਰਾਣੇ ਦੀ ਕਾਲਜ ਲੈਕਚਰਾਰ ਪਤਨੀ ਤੇ ਕਾਨਵੈਂਟ ਸਕੂਲ 'ਚ ਪੜ੍ਹਦੇ ਦੋ ਹੋਣਹਾਰ ਬੱਚਿਆਂ ਨਾਲ।

ਮੈਂ ਤੇਜੂ ਦੇ ਮੂੰਹ ਤੋਂ ਪਰਦਾ ਖਿਸਕਾਇਆ। ਛੇਵੀਂ 'ਚ ਦਾਖਲ ਹੋਣ ਜਦੋਂ ਹਾਈ ਸਕੂਲ ਗਿਆ ਸਾਂ ਤਾਂ ਦਰਸ਼ਨ ਮਾਸਟਰ ਨੇ ਟਿੱਪਣੀ ਕੀਤੀ ਸੀ, "ਆ ਓਏ, ਸੁਰੈਣੇ ਮਜ਼੍ਹਬੀ ਦਿਆ ਪਾਹੜੂਆ। ਦੱਸ ਅਫ਼ਸਰ ਬਣਨਾ ਈ ਕਿ ਲਫ਼ਟੈਣ।" ਮੈਂ ਨਜ਼ਰਾਂ ਝੁਕਾਈ ਖਲੋਤਾ ਰਿਹਾ। ਉਹ ਬੋਲ ਮੇਰੇ ਲਈ ਬੇਅਸਰ ਸਨ। ਮੈਂ ਚੁੱਪਚਾਪ ਕਲਾਸ ਵਿਚ ਬਹਿ ਗਿਆ। ਫਿਰ ਉਹ ਦੂਜੇ ਮਾਸਟਰਾਂ ਨਾਲ ਆਪਣਾ ਦੁੱਖ ਸਾਂਝਾ ਕਰ ਰਿਹਾ ਸੀ, "ਵੇਖੋ ਉਏ ਦੁਹਾਈ ਰੱਬ ਦੀ। ਫੀਸਾਂ ਮਾਫ਼, ਕਿਤਾਬਾਂ ਮੁਫ਼ਤ। ਤੁਸੀਂ ਵੇਖਿਓ ਜੱਟਾਂ ਦੇ ਮੁੰਡੇ ਡੰਗਰਾਂ ਚਾਰਿਆ ਕਰਨਗੇ ਤੇ ਅਫ਼ਸਰ ਹੋਣਗੇ ਇਹ ਲੋਕ। ਕੋਟੇ, ਰਿਜ਼ਰਵੇਸ਼ਨਾਂ, ਦੁਰ ਲਾਹਨਤ...।"

"ਕਿਉਂ ਹਿਰਖ ਰਹੇ ਓ, ਮਾਸਟਰ ਜੀ? ਗੁਰੂ ਸਾਹਿਬ ਦਾ ਖੰਡੇ-ਬਾਟੇ ਦਾ ਅੰਮ੍ਰਿਤ ਕਿਉਂ ਭੁੱਲਦੇ ਓ?" ਸੰਤੋਖ ਮਾਸਟਰ ਨੇ ਕਿਹਾ ਸੀ। "ਮਾਨਸ ਕੀ ਜਾਤ ਬਰਾਬਰ ਸਮਝਣ ਵਾਸਤੇ ਕਿਹੈ ਗੁਰਾਂ ਨੇ। ਫਿਰ ਤੁਸੀਂ ਤਾਂ ਅੰਮ੍ਰਿਤਧਾਰੀ ....।"

"ਕਿੱਥੇ ਰਾਜਾ ਭੋਜ ਤੇ ਕਿੱਥੇ ਗੰਗੂ ਤੇਲੀ।" ਉਸਦੀ ਗੱਲ ਦਾ ਉੱਤਰ ਦੇਣ ਦੀ ਬਜਾਏ ਉਹ ਬੁੜਬੁੜਾਇਆ। ਬਾਅਦ ਵਿਚ ਮਾਸਟਰ ਸੰਤੋਖ ਨੇ ਮੈਨੂੰ ਰਾਜ ਦੀ ਗੱਲ ਦੱਸੀ, "ਪੜ੍ਹਾਈ

ਨਾਲੋਂ ਕੋਈ ਸ਼ੌਰਟ ਕੱਟ ਨਹੀਂ। ਇਨ੍ਹਾਂ ਗੱਲਾਂ ਦੀ ਪਰਵਾਹ ਨਾ ਕਰ ਤੇ ਡਟ ਕੇ ਪੜ੍ਹ। ਮੈਨੂੰ ਪਤਾ ਤੇਰੇ 'ਚ ਪੜ੍ਹਨ ਦੀ ਕਣੀ ਹੈਗੀ ਆ। ਤੂੰ ਵੇਖੀਂ, ਇਹ ਸਾਰੇ ਤੇਰਾ ਪਾਣੀ ਭਰਨਗੇ।"

ਉਹਦਾ ਉਤਸ਼ਾਹ ਮੈਂ ਪੱਲੇ ਬੰਨ੍ਹ ਲਿਆ। ਮੇਰਾ ਪੜ੍ਹਨਾ ਮੇਰੇ ਪਿਓ ਦਾ ਵੀ ਸੁਪਨਾ ਸੀ, "ਅਸੀਂ ਤਾਂ ਉਮਰ ਬਿਤਾ ਦਿੱਤੀ ਸਰਦਾਰਾਂ ਦੀ ਜੂਠ ਖਾਂਦਿਆਂ। ਘੱਟੋ ਘੱਟ ਤੂੰ ਤਾਂ ਨਿਕਲ ਏਸ ਨਰਕ 'ਚੋਂ।" ਫੇਰ ਉਹ ਉਪਦੇਸ਼ ਦੇਣ ਲੱਗਦਾ, "ਆਪਣੇ ਧਿਆਨ ਜਾਇਆ ਕਰ, ਆਪਣੇ ਧਿਆਨ ਆਇਆ ਕਰ। ਕਿਸੇ ਨਾਲ ਵੱਟਾ ਸੱਟਾ ਨਹੀਂ ਲੈਣਾ। ਕੋਈ ਚੰਗੀ ਮਾੜੀ ਕਹਿ ਵੀ ਦਏ ਤਾਂ ਅੱਗੋਂ ਨਹੀਂ ਕੂਣਾ।"

ਮੈਨੂੰ ਜਾਪਦਾ ਸੀ ਇਨ੍ਹਾਂ ਗੱਲਾਂ ਦਾ ਮੈਨੂੰ ਪਹਿਲਾਂ ਹੀ ਪਤਾ ਸੀ। ਮੈਨੂੰ ਪਤਾ ਸੀ ਮੇਰੀ ਜਾਤ ਦੇ ਖਿਲਾਫ਼ ਇਕ ਵਿਆਪਕ ਸਾਜ਼ਿਸ਼ ਹੈ। ਕੁਝ ਟੀਚਰਾਂ ਦੀ ਅੱਖ ਵਿਚ ਮੈਂ ਸਭ ਤੋਂ ਵੱਧ ਰੜਕਦਾ ਸਾਂ। ਕੁਝ ਮੁੰਡੇ ਮੇਰੇ ਨਾਲ ਤਿੱਖੀ ਖ਼ਾਰ ਖਾਂਦੇ ਸਨ। ਉਨ੍ਹਾਂ ਮੇਰੇ ਨਾਂ ਦਾ ਕੁਨਾਂ ਧਰਿਆ ਹੋਇਆ ਸੀ। ਇਨ੍ਹਾਂ ਵਿਰੋਧਾਂ ਵਿਚੋਂ ਮੈਂ ਆਪਣੇ ਆਪ ਨੂੰ ਬਚਾ ਕੇ ਤੁਰਿਆ ਗਿਆ।

ਹੁਣ ਗੇਟ 'ਤੇ ਨੇਮ ਪਲੇਟ ਲੱਗੀ ਹੈ—ਤੇਜਵੰਤ ਸਿੰਘ, ਸਬ ਡਿਵੀਜ਼ਨਲ ਮੈਜਿਸਟਰੇਟ। ਬਾਹਰ ਨਵੀਂ ਨਕੋਰ ਸਰਕਾਰੀ ਜਿਪਸੀ ਖੜ੍ਹੀ ਸੀ। ਤਿਆਰ ਬਰ ਤਿਆਰ, ਡਰਾਈਵਰ ਸਮੇਤ।

ਅਰਪਨ ਕੁਝ ਢਿੱਲੀ ਸੀ ਸ਼ਾਇਦ। ਉਸਨੇ ਸਰ ਕਹਿਕੇ ਸੰਬੋਧਨ ਕੀਤਾ ਸੀ, ਤੇ ਸ਼ਾਇਦ ਕਹਿ ਰਹੀ ਸੀ, ਤੁਸਾਂ ਮੈਨੂੰ ਪਛਾਣਿਆ ਨਹੀਂ ?

ਸਹਿਜ ਸੁਭਾ ਉਸਦੇ ਸ਼ਾਲ ਦੀ ਢਿੱਲੀ ਬੁੱਕਲ ਵਿਚ ਮੇਰੀ ਨਜ਼ਰ ਜਾ ਵੜੀ। ਉਸਨੇ ਤਾੜ ਲਿਆ। ਉਹ ਹਲਕੇ ਜਿਹੇ ਫੁਸਫੁਸਾਈ, "ਗਰਮੀ ਮਹਿਸੂਸ ਹੋ ਰਹੀ ਐ।" ਤੇ ਸ਼ਾਲ ਲਾਹ ਕੇ ਤਹਿ ਕਰਨ ਲੱਗੀ। ਮੈਨੂੰ ਲੱਗਾ ਮੇਰੀ ਸਹੂਲਤ ਲਈ ਹੀ ਉਸਨੇ ਇੰਜ ਕੀਤੈ। ਮੈਨੂੰ ਆਪਣੀ ਜਲਦਬਾਜ਼ੀ 'ਤੇ ਅਫ਼ਸੋਸ ਹੋਇਆ।

"ਬਹਾਦਰ ਆਈਂ ਜ਼ਰਾ।" ਮੈਂ ਆਵਾਜ਼ ਦਿੱਤੀ।

ਰਸੋਈ ਵਿਚੋਂ ਨਿਕਲ ਬਹਾਦਰ ਆਇਆ, "ਹਾਂ ਜੀ ਸਾਹਿਬ।"

"ਕੀ ਕਰ ਰਿਹੈਂ ?" ਮੈਂ ਪੁੱਛਿਆ।

"ਚਾਏ ਲਾ ਰਹਾ ਹੂੰ।" ਉਹ ਬੋਲਿਆ।

"ਅੱਛਾ ਚਾਏ ਇਨਕੇ ਲੀਏ ਲਾਓ, ਏਕ ਕੱਪ, ਮੇਰੇ ਲੀਏ ਨਹੀਂ, ਅੱਛਾ ?"

"ਜੀ ਸਾਹਿਬ।" ਕਹਿ ਕੇ ਉਹ ਚਲਾ ਗਿਆ।

ਅਰਪਨ ਨੇ ਸ਼ਾਲ ਤਹਿ ਕਰਕੇ ਸੋਫ਼ੇ ਦੀ ਬਾਹੀ 'ਤੇ ਰੱਖ ਲਿਆ। ਕਹਿ ਰਹੀ ਸੀ, ਮੈਨੂੰ ਪਛਾਣਿਆ ਨਹੀਂ। ਆਪਣੇ ਪਿੰਡ ਦੇ ਨੰਬਰਦਾਰ ਸਰਦਾਰਾ ਤਾਰਾ ਸਿਹੁੰ ਦੀ ਹੰਕਾਰੀ ਹੋਈ ਧੀ ਅਰਪਨ ਨੂੰ ਕਿਉਂ ਨਹੀਂ ਪਛਾਣਾਂਗਾ ਮੈਂ ? ਉਸਦੇ ਨਾਂ ਵਿਸਰ ਵਾਲੀ ਗੱਲ ਤਾਂ ਅਚਾਨਕ ਹੋ ਗਈ, ਉਸਦੀ ਆਵਾਜ਼ ਤਾਂ ਝੱਟ ਪਛਾਣ ਲਈ ਸੀ ਮੈਂ। ਮੇਰਾ ਬਾਪ ਤਾਂ ਇਹਨਾਂ ਦੇ ਘਰ ਆਥੜੀ ਕਰਦਾ ਹੀ ਕੁੱਬਾ ਹੋਇਆ ਸੀ। ਤਿੱਖੜ ਦੁਪਹਿਰ ਨੂੰ ਮੈਂ ਇਨ੍ਹਾਂ ਦੀ ਕਣਕ ਵੱਢਦਾ ਸਾਂ ਤੇ ਜਾਨ ਕੱਢ ਲੈਣ ਵਾਲੇ ਚੁਮਾਸਿਆਂ ਵਿਚ ਝੋਨੇ ਦੀ ਪਨੀਰੀ ਲਾਉਂਦਾ ਸਾਂ। ਮੈਨੂੰ ਉਹ ਸਿਲਵਰ ਦੇ ਚਿੱਬੇ ਭਾਂਡੇ ਕਿਵੇਂ ਭੁੱਲ ਸਕਦੇ ਨੇ, ਜੋ ਮੇਰੇ ਤੇ ਮੇਰੇ ਬਾਪੂ ਲਈ ਇਕ ਆਲੇ ਵਿਚ ਵੱਖਰੇ ਹੀ ਪਏ ਹੁੰਦੇ ਸਨ ? ਉਨ੍ਹਾਂ



ਭਾਂਡਿਆਂ ਵਿਚ ਦਾਲ ਰੋਟੀ ਪੁਆਉਣ ਜਦੋਂ ਮੈਂ ਚੌਂਕੇ ਵੱਲ ਜਾਂਦਾ ਸਾਂ ਤਾਂ ਅਰਪਨ ਨੇ ਕਦੇ ਤੱਕਿਆ ਵੀ ਨਹੀਂ ਸੀ। ਉਂਜ ਮੇਰੀ ਜਮਾਤਣ ਸੀ ਇਹ, ਪਰ ਕਦੇ ਕੋਈ ਬੋਲ ਮੈਂ ਇਹਦੇ ਨਾਲ ਸਾਂਝਾ ਨਹੀਂ ਸੀ ਕੀਤਾ। ਨਾ ਹੀ ਕਦੇ ਚੇਸ਼ਟਾ ਜਾਗੀ ਸੀ। ਕਿਸੇ ਵੀ ਕੁੜੀ ਵਿਚ ਮੇਰੀ ਕਦੇ ਦਿਲਚਸਪੀ ਨਹੀਂ ਸੀ ਰਹੀ। ਵਿਹੜੇ ਦੀਆਂ ਇਕ ਦੋ ਕੁੜੀਆਂ ਜੋ ਮੇਰੇ ਤੋਂ ਛੋਟੀ ਜਮਾਤ ਵਿਚ ਪੜ੍ਹਦੀਆਂ ਸਨ, ਕਦੇ ਕਦਾਈਂ ਮੈਥੋਂ ਸੁਆਲ ਪੁੱਛਣ ਆ ਜਾਂਦੀਆਂ। ਉਨ੍ਹਾਂ ਨਾਲ ਵੀ ਮੇਰੀ ਗੱਲ ਸੁਆਲਾਂ ਦੇ ਸਮਝਣ-ਸਮਝਾਉਣ ਤਕ ਮਹਿਦੂਦ ਹੁੰਦੀ। ਅਰਪਨ ਤਾਂ ਖਲੋਤੀ ਹੀ ਦੂਜੀ ਸੀਮਾ 'ਤੇ ਸੀ। ਬਲਬ ਦੀ ਮਰੀਅਲ ਜਿਹੀ ਰੋਸ਼ਨੀ ਵਿਚ ਦੇਰ ਰਾਤ ਤਕ ਪੜ੍ਹਦੇ ਰਹਿਣਾ ਮੇਰਾ ਨੇਮ ਸੀ। ਅੱਠਵੀਂ 'ਚ ਮੈਰਿਟ ਵਿਚ ਆਇਆ ਤਾਂ ਸਕਾਲਰਸ਼ਿਪ ਲੱਗ ਗਿਆ। ਉਦੋਂ ਬਾਪੂ ਨੇ ਮੈਨੂੰ ਦਿਹਾੜੀ ਜਾਣੋਂ ਉੱਕਾ ਵਰਜ ਦਿੱਤਾ। ਕੰਮ ਦਾ ਸਾਰਾ ਬੋਝ ਬਾਪੂ ਸਿਰ ਪੈਂਦਾ ਵੇਖ ਕੇ ਮੈਂ ਅੰਦਰੋ ਅੰਦਰੀ ਦੁਖੀ ਹੋਇਆ ਸਾਂ। ਘਰ ਦੀ ਡਾਵਾਂਡੋਲ ਹਾਲਤ ਨੂੰ ਸੁਧਾਰਨ ਦੀ ਸਮਰਥਾ ਮੇਰੇ ਵਿਚ ਨਹੀਂ ਸੀ। ਪਰ ਪੜ੍ਹਾਈ ਦਾ ਸ਼ੌਰਟ ਕੱਟ ਮੈਨੂੰ ਹੌਸਲਾ ਦਿੰਦਾ, ਆਪਣੀ ਮੰਜ਼ਲ ਕਰੀਬ ਦਿਸਦੀ।

ਅਰਪਨ ਨਵੇਂ ਲੇਡੀ ਸਾਈਕਲ 'ਤੇ ਸਕੂਲ ਆਉਂਦੀ ਸੀ। ਮੇਰਾ ਇਹ ਸਫ਼ਰ ਪੈਦਲ ਤੈਅ ਹੁੰਦਾ। ਕੁੜੀਆਂ ਨਾਲ ਕੋਲੋਂ ਦੀ ਲੰਘਦੀ ਤਾਂ ਕੋਈ ਟਿੱਚਰ ਕਰ ਜਾਂਦੀ। ਮੈਂ ਅਣਸੁਣੀ ਕਰੀ ਆਪਣੇ ਚਾਲੇ ਤੁਰਿਆ ਜਾਂਦਾ। ਮੈਂ ਹਾਕੀ ਦੀ ਟੀਮ ਵਿਚ ਸ਼ਾਮਲ ਹੋਣ ਦੀ ਕੋਸ਼ਿਸ਼ ਕੀਤੀ, ਪਰ ਮਾਸਟਰ ਦਰਸ਼ਨ ਨੇ ਬੜੀ ਚੁਸਤੀ ਨਾਲ ਮੈਨੂੰ ਟੀਮ ਦੇ ਲਾਗੇ ਨਾ ਫਟਕਣ ਦਿੱਤਾ। ਸਮਝਦਿਆਂ ਜਾਣਦਿਆਂ ਵੀ ਮੈਂ ਗੱਲ ਮਨ 'ਤੇ ਨਹੀਂ ਸੀ ਲਾਈ। ਮਾਸਟਰ ਸੰਤੋਖ ਨੇ ਮੇਰੀ ਪਿੱਠ ਥਾਪੜੀ ਸੀ। ਮੈਨੂੰ ਪਤਾ ਸੀ, ਉਹ ਮੇਰੀ ਧਿਰ 'ਤੇ ਹੈ। ਬਾਕੀ ਸਾਰੀ ਦੂਜੀ ਧਿਰ 'ਤੇ।

ਅਰਪਨ ਦੂਜੀ ਧਿਰ ਦਾ ਆਖ਼ਰੀ ਸਿਰਾ ਸੀ। ਮੈਨੂੰ ਵੇਖ ਕੇ ਨਫ਼ਰਤ ਵਿਚ ਥੁੱਕਦੀ ਸੀ। ਮੈਨੂੰ ਇਸ ਗੱਲ ਦਾ ਕਦੀ ਰੰਜ ਨਹੀਂ ਸੀ ਹੋਇਆ। ਉਹ ਕੁੜੀਆਂ ਨੂੰ ਹੁੱਬ ਕੇ ਦੱਸਦੀ ਸੀ, ਤੇਜੂ ਸਾਡਾ ਕਾਮਾ ਐ, ਸਾਡਾ ਨੌਕਰ। ਉਹ ਮੇਰੀ ਵੱਡੀ ਭੈਣ ਸੀਤੋ ਬਾਰੇ ਵੀ ਊਲ ਜਲੂਲ ਬੋਲਦੀ ਸੀ। ਇਸਨੂੰ ਮੈਂ ਸਾਇੰਸ ਰੂਮ ਵਿਚ ਮਾਸਟਰ ਸੇਵਾ ਸਿੰਘ ਨਾਲ ਵੇਖਿਆ ਸੀ, ਇਕੱਲਿਆਂ ਤੇ ਬਿਲਕੁਲ ਨਾਲ ਲੱਗਿਆਂ। ਉਦੋਂ ਇਸਨੇ ਸ਼ਰਮਿੰਦਗੀ ਮਹਿਸੂਸ ਕਰਨ ਦੀ ਥਾਂ ਮੈਨੂੰ ਧਮਕੀ ਦਿੱਤੀ ਸੀ, "ਖ਼ਬਰਦਾਰ ਜੇ ਕਿਸੇ ਨਾਲ ਗੱਲ ਕੀਤੀ, ਬਹੁਤ ਬੁਰੀ ਕਰੂੰਗੀ...।"

ਇਹ ਕਿਵੇਂ ਹੋ ਸਕਦਾ ਹੈ ਕਿ ਮੈਂ ਅਰਪਨ ਨੂੰ ਪਛਾਣ ਨਾ ਸਕਿਆ ਹੋਵਾਂ ? ਇਹ ਤਾਂ ਐਵੇਂ ਸੋਚਾਂ ਦਾ ਵਹਾਅ ਰੋੜ੍ਹ ਕੇ ਲੈ ਗਿਆ ਮੈਨੂੰ। ਜੀਵਨ ਦੇ ਪੰਧ ਕਿਹੜੇ ਏਨੇ ਲੰਮੇ ਹੁੰਦੇ ਨੇ ਕਿ ਬੰਦਾ ਬੇਪਛਾਣ ਹੋ ਜਾਏ। ਇਹ ਤਾਂ ਸਹਿਜ ਸੁਭਾ ਜ਼ਖ਼ਮ ਉਚੇੜਿਆ ਗਿਆ। ਅਰਪਨ ਵੀ ਉਸ ਜ਼ਖ਼ਮ ਲਈ ਜ਼ਿੰਮੇਦਾਰ ਐ। ਹੁਣ ਉਹ ਸਹਿਜ ਤੇ ਸਾਊ ਰੂਪ 'ਚ ਬੈਠੀ ਹੈ। ਇਸ ਗੱਲ ਦਾ ਮੈਨੂੰ ਹਾਲੇ ਤਕ ਨਹੀਂ ਪਤਾ ਕਿ ਉਹ ਕਿਧਰੋਂ ਆਈ ਹੈ ?

ਮੇਰੀ ਬੇਮੁਹਾਰ ਨਜ਼ਰ ਅਰਪਨ ਦੇ ਖੁੱਲ੍ਹੇ ਗਲਮੇ ਵਿਚ ਝਾਕਣ ਦੀ ਕੋਸ਼ਿਸ਼ ਕਰ ਰਹੀ ਏ। ਅਰਪਨ ਦਾ ਬਹਿਣ ਦਾ ਅੰਦਾਜ਼ ਇੰਜ ਏ ਜਿਵੇਂ ਉਹ ਮੂਕ ਸਹਿਮਤੀ ਦੇ ਰਹੀ ਹੋਵੇ। ਦਿਨ ਭਰ ਦੀ ਥਕਾਵਟ ਦੇ ਬਾਵਜੂਦ ਮੈਂ ਕਿਸੇ ਸੰਭਾਵੀ ਮੁਕਾਬਲੇ ਲਈ ਤਿਆਰ ਹੋਣ ਲੱਗਾ। ਉਸ ਜ਼ਖ਼ਮ 'ਤੇ ਕੋਈ ਫਹਿਆ ਰੱਖਣ ਖ਼ਾਤਰ।

ਬਹਾਦਰ ਉਹਦੇ ਅੱਗੇ ਚਾਹ ਦਾ ਕੱਪ ਰੱਖ ਗਿਆ। ਮੇਰੇ ਚਿਹਰੇ ਤੇ ਤਣੀ ਕਸ਼ਮਕਸ਼ ਨੂੰ ਵੇਖ ਕੇ ਉਹ ਬੋਲੀ, "ਸ਼ਾਇਦ ਮੇਰਾ ਆਉਣਾ ਤੁਹਾਨੂੰ ਚੰਗਾ ਨਹੀਂ ਲੱਗਾ।"

"ਨਹੀਂ ਨਹੀਂ, ਅਜਿਹੀ ਕੋਈ ਗੱਲ ਨਹੀਂ।" ਮੈਂ ਕਿਹਾ।

"ਫਿਰ ਤੁਸੀਂ ਏਨੇ ਚੁੱਪ।" ਉਹ ਬੋਲੀ।

"ਤੁਹਾਨੂੰ ਪਤਾ ਈ ਐ ਸ਼ੁਰੂ ਤੋਂ ਮੇਰੀ ਆਦਤ। ਹੁਣ ਵੀ ਉਸੇ ਤਰ੍ਹਾਂ। ਤੁਸੀਂ ਰੀਲੈਕਸ ਹੋ ਕੇ ਬੈਠੋ। ਅਸਲ 'ਚ ਰੁਝੇਵਾਂ ਬਹੁਤ ਐ। ਤੁਸੀਂ ਵੇਖਿਐ ਨਾ, ਉਹ ਬੰਦੇ ਆਏ ਸਨ, ਉਨ੍ਹਾਂ ਦਾ ਵੀ ਕੋਈ ਮਸਲਾ ਸੀ। ਉਨ੍ਹਾਂ ਨਾਲ ਵੀ ਸੰਖੇਪ ਹੀ ਗੱਲਬਾਤ ਹੋਈ। ਤੁਸੀਂ ਚਾਹ ਲਓ, ਠੰਢੀ ਹੋ ਰਹੀ ਐ।"

ਗੁਰਦੁਆਰੇ ਦੇ ਮਸਲੇ ਨੇ ਵੀ ਜ਼ਖ਼ਮ ਛਿੱਲ ਦਿੱਤਾ। ਮੈਂ ਗੁਰਦੁਆਰੇ ਜਾ ਕੇ ਇਕ ਵਾਰ ਬੇਨਤੀ ਕੀਤੀ ਕਿ ਪੇਪਰਾਂ ਦੇ ਦਿਨ ਨੇ, ਸਪੀਕਰ ਦੀ ਆਵਾਜ਼ ਘੱਟ ਕਰ ਦਿਓ ਤਾਂ ਪ੍ਰਬੰਧਕਾਂ ਨੇ ਦੁਰਕਾਰ ਦਿੱਤਾ ਸੀ, "ਤੇਰੀ ਪੜ੍ਹਾਈ ਉੱਚੀ ਹੈ ਜਾਂ ਗੁਰਬਾਣੀ?" ਪ੍ਰਬੰਧਕਾਂ ਵਿਚ ਸਭ ਤੋਂ ਮੂਹਰੇ ਅਰਪਨ ਦਾ ਪਿਓ ਹੀ ਸੀ। ਧਰਮ ਦੀ ਏਡੀ ਵੱਡੀ ਕੰਧ ਨਾਲ ਟੱਕਰ ਲੈਣੀ ਮੇਰੇ ਵੱਸ 'ਚ ਨਹੀਂ ਸੀ। ਮੈਂ ਚੁੱਪ ਹੋ ਗਿਆ ਸਾਂ। ਮੈਨੂੰ ਲੇਬਰ ਕਾਲੋਨੀ ਦੇ ਮੁੰਡਿਆਂ ਤੇ ਰਸ਼ਕ ਆਇਆ। ਪਰ ਸਹੀ ਧਿਰ ਨਾਲ ਖਲੋਣਾ ਇਸ ਵੇਲੇ ਮੇਰੇ ਲਈ ਦੁਬਿਧਾ ਵਾਲਾ ਮਸਲਾ ਬਣਿਆ ਹੋਇਆ ਸੀ।

ਦੂਜੀ ਧਿਰ ਨਾਲ ਖਲੋਣ ਵਾਲੀ ਅਰਪਨ ਅੱਜ ਏਨੀ ਸਹਿਜ ਕਿਉਂ ਹੈ? ਕਿਉਂ ਏਨੀ ਨਰਮ ਹੈ? ਕਿਹੜੀ ਲੋੜ ਇਸਨੂੰ ਮੇਰੇ ਤੱਕ ਲੈ ਆਈ ਐ? ਬਾਹਰ ਹਨੇਰਾ ਪਸਰ ਰਿਹੈ, ਰਾਤ ਉੱਤਰ ਰਹੀ ਐ। ਕਿਉਂ ਆਈ ਹੈ ਉਹ?

"ਤੁਸੀਂ ਮਨ ਮਾਰ ਕੇ ਪੜ੍ਹ ਲਿਆ। ਏਨੀ ਮਿਹਨਤ ਤੁਸੀਂ ਹੀ ਕਰ ਸਕਦੇ ਸੀ। ਮੇਰੇ ਵੱਲ ਵੇਖੋ, ਨਾ ਅਗਾਂਹ ਨਾ ਪਿਛਾਂਹ।" ਚਾਹ ਤੋਂ ਉਠਦੀ ਭਾਫ਼ ਤੇ ਨਜ਼ਰ ਟਿਕਾਈ ਉਹ ਬੋਲੀ।

"ਐਸੀ ਕੀ ਗੱਲ ਹੋ ਗਈ?" ਮੈਂ ਉਤਸੁਕਤਾ ਜ਼ਾਹਿਰ ਕੀਤੀ।

"ਸ਼ਾਇਦ ਤੁਹਾਨੂੰ ਨਹੀਂ ਪਤਾ, ਪਿਛਲੇ ਕੁਝ ਸਮੇਂ ਤੋਂ ਮੈਂ ਪਿੰਡ ਹੀ ਰਹਿ ਰਹੀ ਆਂ। ਮੈਂ ਤੇ ਮੇਰੀ ਬੇਟੀ ਦੋਵੇਂ।"

"ਤੁਹਾਡੇ ਹਸਬੈਂਡ?"

"ਉਹਦੇ ਨਾਲ ਮੇਰੀ ਕੋਈ ਸਾਂਝ ਨਹੀਂ। ਇਹ ਮੇਰੀ ਜ਼ਿੰਦਗੀ ਦੀ ਸਭ ਤੋਂ ਵੱਡੀ ਹਾਰ ਐ।" ਉਸਦੇ ਚਿਹਰੇ 'ਤੇ ਉਦਾਸੀ ਤਣ ਗਈ।

"ਕੋਈ ਕੇਸ ਵਗੈਰਾ?" ਮੈਨੂੰ ਉਹਦੇ ਨਾਲ ਹਮਦਰਦੀ ਜਾਗ ਪਈ।

"ਕੇਸ ਤਕ ਦੀ ਤਾਂ ਕੋਈ ਨੌਬਤ ਈ ਨਹੀਂ। ਉਹ ਤਾਂ ਮਾਮਲਾ ਹੀ ਠੱਪ ਹੋ ਗਿਆ।" ਉਹਨੇ ਕਿਹਾ ਤੇ ਚਿਹਰੇ ਤੋਂ ਉਦਾਸੀ ਦੇ ਪ੍ਰਭਾਵ ਹਟਾ ਕੇ ਥੋੜ੍ਹਾ ਕੁ ਮੁਸਕਰਾ ਕੇ ਬੋਲੀ, "ਤੁਹਾਡੇ ਕੋਲ ਇਕ ਛੋਟੇ ਜਿਹੇ ਕੰਮ ਲਈ ਆਈ ਆਂ ਤੇ ਉਹ ਕੰਮ ਤੁਹਾਡੇ ਹੱਥ ਵੱਸ ਆ।"

"ਦੱਸੋ ਦੱਸੋ।" ਮੈਂ ਕਿਹਾ।

"ਪਿਛਲੇ ਸਾਲ ਮੇਰੀ ਬੇਟੀ ਨੇ ਦਸਵੀਂ ਕੀਤੀ ਐ। ਮੈਂ ਉਸਨੂੰ ਤੁਹਾਡੇ ਮਹਿਕਮੇ ਵਿਚ ਅਸਿਸਟੈਂਟ ਦੀ ਪੋਸਟ ਲਈ ਅਪਲਾਈ ਕਰਵਾਇਐ... ਇਹ ਕੰਮ ਤੁਸੀਂ ਕਰਨਾ ਐ।" ਕਹਿ ਕੇ ਉਹਨੇ ਚਾਹ ਦਾ ਘੁੱਟ ਭਰਿਆ।



"ਬੱਸ ਏਨੀ ਕੁ ਗੱਲ, ਉਸਦੇ ਪਰਟੀਕੁਲਰਜ਼ ਮੈਨੂੰ ਦੇ ਦਿਓ। ਇਹ ਕੋਈ ਵੱਡੀ ਗੱਲ ਨਹੀਂ।" ਮੈਂ ਉਸਨੂੰ ਸਿਰ ਤੋਂ ਪੈਰਾਂ ਤਕ ਨਿਹਾਰਿਆ। ਉਸ ਨੇ ਮੁਸਕਰਾ ਕੇ ਸਵਾਗਤ ਕੀਤਾ।

"ਥੈਂਕਯੂ ਸਰ।" ਉਹਨੇ ਹੱਥ ਜੋੜੇ।

'ਘੱਟੋ ਘੱਟ ਤੁਸੀਂ ਤਾਂ ਸਰ ਨਾ ਕਹੋ। ਅਸੀਂ ਕਲਾਸ ਫੈਲੋ ਆਂ, ਨਾਲ ਗਰਾਈਂ। ਇਕ ਮੁੱਦਤ ਬਾਦ ਮਿਲੇ ਆਂ। ਸ਼ਾਇਦ ਪੰਦਰਾਂ ਸਾਲ ਬਾਦ।'

'ਪੰਦਰਾਂ ਨਹੀਂ, ਘੱਟੋ ਘੱਟ ਵੀਹ ਸਾਲਾਂ ਬਾਦ। ਸਤਾਰਾਂ ਸਾਲ ਦੀ ਮੇਰੀ ਬੇਟੀ ਹੋ ਗਈ। ਤੁਹਾਡੇ ਬੱਚੇ?"

"ਮੇਰੇ ਦੋ ਬੱਚੇ ਨੇ। ਬੇਟੀ ਅਠਵੀਂ ਵਿਚ ਤੇ ਬੇਟਾ ਛੇਵੀਂ 'ਚ। ਦੋ ਛੁੱਟੀਆਂ ਸਨ, ਆਪਣੀ ਮੰਮੀ ਨੂੰ ਕਹਿਣ ਲੱਗੇ ਰਾਕ ਗਾਰਡਨ ਵਿਖਾ ਲਿਆਓ। ਅੱਜ ਹੀ ਦਿਨੇ ਗਏ ਨੇ।" ਮੈਂ ਉਹਦੇ ਚਿਹਰੇ 'ਤੇ ਨਜ਼ਰ ਗੱਡੀ ਤਾਂ ਉਹ ਮੁਸਕਰਾ ਪਈ। ਮੇਰੇ ਅੰਦਰ ਅਜੀਬ ਜਿਹੀ ਹਲਚਲ ਛਿੜ ਪਈ। ਸਹਿਜ ਨਾਲ ਉੱਠ ਕੇ ਮੈਂ ਬੈੱਡਰੂਮ 'ਚ ਗਿਆ ਤੇ ਅਲਮਾਰੀ 'ਚ ਰੱਖੀ ਬੋਤਲ 'ਚੋਂ ਇਕ ਪੈੱਗ ਬਣਾ ਕੇ ਪੀ ਗਿਆ। ਨਸ਼ੇ ਦੀ ਮੱਧਮ ਪੈ ਰਹੀ ਤਾਰ ਫਿਰ ਤਿੱਖੀ ਹੋ ਗਈ।

ਵਾਪਸ ਆਇਆ ਤਾਂ ਉਹ ਬੋਲੀ, "ਮੈਨੂੰ ਜ਼ਰਾ ਬਾਥਰੂਮ ਦੱਸ ਦਿਓ।"

ਬਹਾਦਰ ਨੂੰ ਮੈਂ ਕਿਹਾ, "ਮੈਡਮ ਨੂੰ ਅੰਦਰ ਵਾਲਾ ਬਾਥਰੂਮ ਦਿਖਾ ਦੇ ਬਹਾਦਰ।"

ਉਹ ਬਹਾਦਰ ਦੇ ਪਿੱਛੇ ਪਿੱਛੇ ਚਲੀ ਗਈ। ਉਹਦੇ ਵੱਲ ਵੇਖ ਕੇ ਮੇਰੇ ਅੰਦਰ ਗੁਦਗੁਦੀ ਹੋਣ ਲੱਗੀ। ਵਾਪਸ ਆ ਕੇ ਰਸੋਈ ਵਿਚ ਉਹ ਜਾ ਵੜੀ ਤੇ ਬਹਾਦਰ ਨੂੰ ਕੁਝ ਪੁੱਛਦੀ ਰਹੀ। ਰਸੋਈ 'ਚੋਂ ਬਾਹਰ ਆਈ ਤਾਂ ਉਹਦੇ ਚਿਹਰੇ ਤੋਂ ਸੰਗ-ਝਿਜਕ ਅਲੋਪ ਸੀ। ਮੈਂ ਬੈੱਡਰੂਮ 'ਚੋਂ ਜਾ ਕੇ ਇਕ ਪੈੱਗ ਹੋਰ ਪਾ ਲਿਆਇਆ। ਉਹਨੂੰ ਬੁਲਾਉਣ ਖ਼ਾਤਰ ਪੁੱਛਿਆ, "ਬੁਰਾ ਤਾਂ ਨਹੀਂ ਮੰਨਦੇ?"

"ਨਹੀਂ ਨਹੀਂ, ਕੋਈ ਗੱਲ ਨਹੀਂ।" ਉਹ ਬੋਲੀ।

ਫਿਰ ਥੋੜ੍ਹਾ ਕੁ ਹੋਰ ਖੁੱਲ੍ਹਦਿਆਂ ਮੈਂ ਕਿਹਾ, "ਤੁਸਾਂ ਸਟੇਅ ਤਾਂ ਹੁਣ ਏਥੇ ਹੀ ਕਰਨੈ, ਚਾਹੋ ਤਾਂ ਚੇਂਜ ਵਗੈਰਾ ਕਰ ਲਓ। ਮੇਰੀ ਪਤਨੀ ਦਾ ਕੋਈ ਸੂਟ ਪਾ ਲਓ। ਫਿਰ ਬੈਠਦੇ ਆਂ ਰਿਲੈਕਸ ਹੋ ਕੇ।"

"ਕੋਈ ਗੱਲ ਨਹੀਂ, ਸੌਣ ਲੱਗੀ ਕਰ ਲਵਾਂਗੀ।" ਉਹਨੇ ਆਪਣਾ ਇਰਾਦਾ ਸਪਸ਼ਟ ਕਰ ਦਿੱਤਾ।

ਦੋ ਪੈੱਗ ਹੋਰ ਪੀਣ ਤੋਂ ਬਾਅਦ ਮੇਰੀ ਨਜ਼ਰ ਡੋਲਣ ਲੱਗੀ ਸੀ। ਉਹ ਮੈਗਜ਼ੀਨ ਹੋਲਡਰ 'ਚੋਂ ਰਸਾਲੇ ਕੱਢ ਕੇ ਫਰੋਲਦੀ ਰਹੀ। ਨਜ਼ਰ ਮਿਲਦੀ ਤਾਂ ਮੁਸਕਰਾ ਪੈਂਦੀ। ਡਾਇਨਿੰਗ ਟੇਬਲ 'ਤੇ ਰੋਟੀ ਖਾਂਦਿਆਂ ਨਿੱਕੀਆਂ ਮੋਟੀਆਂ ਗੱਲਾਂ ਹੋਈਆਂ। ਰਸੋਈ ਸਾਂਭ ਬਹਾਦਰ ਆਪਣੇ ਕਮਰੇ ਵਿਚ ਚਲਾ ਗਿਆ। ਡਰਾਈਵਰ ਨੂੰ ਮੈਂ ਕਹਿ ਕੇ ਤੋਰ ਦਿੱਤਾ ਕਿ ਸਵੇਰੇ ਸਵੱਖਤੇ ਆ ਜਾਏ। ਅਰਪਨ ਨੇ ਮੇਰੀ ਪਤਨੀ ਦੀ ਮੈਕਸੀ ਪਾ ਲਈ। ਮੈਂ ਵੇਖਿਆ, ਉਸਦੇ ਸਰੀਰ ਵਿਚ ਕਸ਼ਿਸ਼ ਬਰਕਰਾਰ ਸੀ। ਬੇ-ਮੁਹਾਰ ਹੁੰਦੀ ਸੋਚ ਦਾ ਕਾਂਟਾ ਬਦਲ ਕੇ ਮੈਂ ਕਿਹਾ, "ਬੇਟੀ ਦੇ ਫਾਰਮ ਵਗੈਰਾ ਮੈਨੂੰ ਦੇ ਦਿਓ ਤੁਸੀਂ।"

ਉਹ ਟੇਬਲ ਹੇਠੋਂ ਫਾਈਲ ਚੁੱਕ ਲਿਆਈ। ਇਕ ਵਾਰੀ ਉਹਦੀਆਂ ਛਾਤੀਆਂ ਨੂੰ ਨਜ਼ਰ ਨਾਲ ਟੋਂਹਦਿਆਂ ਮੈਂ ਫਾਈਲ ਫੜੀ। 'ਅਨੁਰੀਤ ਕੌਰ...।' ਮੈਂ ਉਹਦੇ ਚਿਹਰੇ ਵੱਲ ਵੇਖਿਆ, "ਮੇਰੀ ਬੇਟੀ ਦਾ ਨਾਂ ਵੀ ਅਨੁਰੀਤ ਈ ਐ। ਏਧਰ ਵੇਖੋ...।" ਮੈਂ ਸਾਹਮਣੇ ਲੱਗੀ ਬੇਟੀ ਦੀ ਤਸਵੀਰ ਵੱਲ

ਇਸ਼ਾਰਾ ਕੀਤਾ। ਸਕੂਲ ਵਿਚ ਕਵਿਤਾ ਉਚਾਰਨ ਵਿਚ ਪਹਿਲਾ ਇਨਾਮ ਪ੍ਰਾਪਤ ਕਰ ਰਹੀ ਸੀ ਉਹ। ਅਰਪਨ ਨੇ ਤਸਵੀਰ ਨੂੰ ਨੇੜਿਉਂ ਹੋ ਕੇ ਵੇਖਿਆ ਤੇ ਬੋਲੀ, "ਬਹੁਤ ਪਿਆਰੀ ਆ ਤੁਹਾਡੀ ਬੇਟੀ, ਤੁਹਾਡੇ ਵਰਗੀ ਇੰਟੈਲੀਜੈਂਟ ਹੋਵੇਗੀ।" ਉਹ ਮੁਸਕਰਾਈ। ਪਤਾ ਨਹੀਂ ਕਿਹੋ ਜਿਹੀ ਮੁਸਕਰਾਹਟ ਸੀ ਇਹ? ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਮੇਰੇ ਦਫ਼ਤਰ ਦਾ ਅਮਲਾ ਫੈਲਾ... 'ਜੀ ਹਜ਼ੂਰ, ਠੀਕ ਐ ਸਾਹਬ, ਤੁਸੀਂ ਠੀਕ ਫੁਰਮਾਇਆ ਸਰ', ਕਹਿ ਕੇ ਮੁਸਕਰਾਉਂਦਾ ਏ। ਮੇਰੀ ਗਲਤ ਗੱਲ ਉਤੇ ਵੀ ਫੁੱਲ ਚੜ੍ਹਾ ਦਿੰਦਾ ਏ। ਦੂਜੀ ਧਿਰ ਦੇ ਅੰਤਲੇ ਸਿਰੇ 'ਤੇ ਖਲੋਤੀ ਅਰਪਨ ਕੁਝ ਏਸੇ ਤਰ੍ਹਾਂ ਹੀ ਮੇਰੇ ਏਨਾ ਕਰੀਬ ਆ ਖਲੋਤੀ ਹੈ। ਮੇਰੀ ਪਤਨੀ ਦੀ ਮੈਕਸੀ ਪਾਈ, ਮੇਰੇ ਤੋਂ ਏਨੀ ਕੁ ਦੂਰ ਜਿਸ ਨੂੰ ਅਸੀਂ ਫਾਸਲਾ ਕਹਿੰਦੇ ਹੀ ਨਹੀਂ। ਮੈਂ ਅਰਪਨ ਦੇ ਚਿਹਰੇ ਵੱਲ ਵੇਖ ਰਿਹਾ ਸਾਂ। ਨਸ਼ੇ ਦੀ ਥਾਂ ਪੀੜ ਦਾ ਤਿੱਖਾ ਅਹਿਸਾਸ ਮੇਰੇ ਅੰਦਰ ਜਾਗ ਰਿਹਾ ਸੀ। ਅਰਪਨ ਮੇਰੀ ਵੱਡੀ ਭੈਣ ਸੀਰੋ ਦਾ ਨਾ ਆਪਣੇ ਚਾਚੇ ਨਾਲ ਜੋੜ ਕੇ ਸੁਆਦ ਲਿਆ ਕਰਦੀ ਸੀ ਤੇ ਮੈਨੂੰ ਨਮੋਸ਼ੀ ਦੀ ਡੂੰਘੀ ਖੱਡ ਵਿਚ ਸੁੱਟ ਦਿਆ ਕਰਦੀ ਸੀ। ਉਦੋਂ ਕਈ ਵਾਰ ਚਿੱਤ ਕਰਦਾ ਸੀ, ਕੋਈ ਐਸਾ ਹਥਿਆਰ ਹੋਵੇ ਮੈਂ ਚੀਰ ਸੁੱਟਾਂ ਐਸੇ ਲੋਕਾਂ ਨੂੰ।

ਦੂਜੀ ਕੰਧ 'ਤੇ ਮੇਰੇ ਬੇਟੇ ਵਿਕਾਸਬੀਰ ਦੀ ਤਸਵੀਰ ਸੀ। ਮੋਢੇ 'ਤੇ ਬੈਟ ਧਰੀ, ਖਿਡਾਰੀਆਂ ਵਾਲੀ ਟੋਪੀ ਪਾਈ। ਮੈਨੂੰ ਆਖਦਾ ਐ, "ਪਾਪਾ ਮੈਂ ਕ੍ਰਿਕਟਰ ਬਣਨਾ ਹੈ।" ਮੇਰੇ ਜ਼ਿਹਨ 'ਚ ਮਾਸਟਰ ਦਰਸ਼ਨ ਦਾ ਚਿਹਰਾ ਘੁੰਮ ਜਾਂਦਾ ਹੈ। ਮੈਂ ਬੇਟੇ ਨੂੰ ਹੱਲਾਸ਼ੇਰੀ ਦਿੰਦਾ ਹਾਂ, ਇਹ ਜਾਣਦਾ ਹੋਇਆ ਵੀ ਕਿ ਮਾਸਟਰ ਦਰਸ਼ਨ ਜਿਹੇ ਹਰ ਥਾਂ ਮੌਜੂਦ ਨੇ।

ਦਾਰੂ ਦਾ ਨਸ਼ਾ ਪੇਤਲਾ ਪੈਣਾ ਸ਼ੁਰੂ ਹੋ ਗਿਆ। ਮੈਂ ਫਾਈਲ ਬੰਦ ਕਰਕੇ ਅਲਮਾਰੀ 'ਚ ਰੱਖੀ। ਸਾਹਮਣੇ ਦਾਰੂ ਦੀ ਅੱਧੀ ਬੋਤਲ ਪਈ ਸੀ। ਦਿਲ ਕੀਤਾ ਨੀਟ ਹੀ ਪੀ ਜਾਵਾਂ ਤੇ ਮਨ 'ਤੇ ਪੈ ਰਹੇ ਅਣਚਾਹੇ ਬੋਝ ਤੋਂ ਮੁਕਤ ਹੋ ਜਾਵਾਂ। ਮੈਂ ਹੁਕਮ ਦੀ ਉਡੀਕ 'ਚ ਖੜ੍ਹੀ ਅਰਪਨ ਵੱਲ ਵੇਖਿਆ। ਮੇਰੇ ਇਕ ਇਸ਼ਾਰੇ 'ਤੇ ਤਿਆਰ ਬਰ ਤਿਆਰ ਸੀ ਉਹ। ਉਹ ਜੋ ਦੂਜੀ ਧਿਰ ਦਾ ਆਖਰੀ ਸਿਰਾ ਸੀ, ਅਚਾਨਕ ਟੁੱਟ ਕੇ ਸਾਹਮਣੇ ਆ ਡਿੱਗਾ ਸੀ।

ਮੈਂ ਉਹਨੂੰ ਆਖਿਆ, "ਆਓ ਤੁਹਾਨੂੰ ਬੈੱਡ ਰੂਮ ਵਿਖਾ ਦਿਆਂ।"

ਸਾਹਮਣੇ ਕਮਰੇ ਤੱਕ ਛੱਡ ਕੇ ਮੈਂ ਵਾਪਸ ਆ ਗਿਆ ਤੇ ਆਉਂਦਿਆਂ ਹੀ ਬੈੱਡ 'ਤੇ ਢਹਿ ਪਿਆ। ਹੋਰ ਦਾਰੂ ਪੀਣ ਦਾ ਖ਼ਿਆਲ ਛੱਡ ਮੈਂ ਆਪਣੇ ਆਪ ਨੂੰ ਪਲ ਪਲ ਫੈਲ ਰਹੀਆਂ ਸੋਚਾਂ ਦੇ ਹਵਾਲੇ ਕਰ ਦਿੱਤਾ। ਇਕੱਲਤਾ, ਬੇਗਾਨੀ ਔਰਤ, ਜ਼ਖ਼ਮ ਦਾ ਅਹਿਸਾਸ ਤੇ ਕਈ ਘੰਟਿਆਂ ਤਕ ਫੈਲੀ ਰਾਤ... ਮੇਰੇ ਤੋਂ ਅਰਪਨ ਤਕ ਤਿੰਨ ਕਦਮਾਂ ਦਾ ਫ਼ਾਸਲਾ ਸੀ ਬੱਸ... ਬੈੱਡਰੂਮਾਂ ਦੇ ਦਰਵਾਜ਼ੇ ਚੌਪਟ ਖੁੱਲ੍ਹੇ ਸਨ। ਮੇਰੀ ਚੇਤਨਾ ਵਿਚ ਫਸਿਆ ਕੋਈ ਕਸੀਰ ਮੈਨੂੰ ਬੇਚੈਨ ਕਰਨ ਲੱਗਾ ਸੀ, ਤਿੰਨ ਕਦਮਾਂ ਦਾ ਫ਼ਾਸਲਾ ਫੈਲਣ ਲੱਗਾ ਸੀ ਅਚਾਨਕ। ਮੈਨੂੰ ਲਗ ਰਿਹਾ ਸੀ, ਇਹ ਪੈਂਡਾ ਮੈਥੋਂ ਤੈਅ ਨਹੀਂ ਹੋ ਸਕਦਾ ਤੇ ਰਾਤ ਨੇ ਏਸੇ ਤਰ੍ਹਾਂ ਹੀ ਗੁਜ਼ਰ ਜਾਣਾ ਸੀ।

—0—



# ਕੁੱਝ ਵੀ ਤੇ ਨਹੀਂ ਬਦਲਿਆ/ਹਰਜਿੰਦਰ ਸਿੰਘ ਸੂਰੇਵਾਲੀਆ

ਜਦੋਂ ਵੀ ਪਿੰਡ ਆਇਆ ਹਾਂ ਤਾਂ ਹਰ ਵਾਰੀ ਕੁਝ ਨਾ ਕੁਝ ਨਵਾਂ ਹੀ ਵੇਖਣ ਨੂੰ ਮਿਲਿਆ ਹੈ। ਪਿਛਲੇ ਤੀਹ ਸਾਲਾਂ ਵਿੱਚ ਪਿੰਡ ਕਿਨਾ ਬਦਲ ਗਿਆ ਹੈ।

ਕੱਚੇ ਘਰ ਢਾਹ ਕੇ ਲੋਕਾਂ ਨੇ ਪੱਕੇ ਪਾ ਲਏ ਹਨ। ਬਹੁਤਿਆਂ ਨੇ ਆਪਣੇ ਪਿੰਡ ਵਿਚਲੇ ਪੁਰਾਣੇ ਘਰ ਛੱਡ ਕੇ ਬਾਹਰ ਫਿਰਨੀ 'ਤੇ ਜਾਂ ਨਿਆਈਆਂ ਵਿਚ ਨਵੇਂ ਘਰ ਪਾ ਲਏ ਹਨ। ਕਈ ਆਪਣੇ ਖੇਤਾਂ ਵਿੱਚ ਜਾ ਬੈਠੇ ਹਨ। ਪਿੰਡ ਵਿੱਚ ਰਹਿ ਗਏ ਲੋਕਾਂ ਨੇ ਆਪਣੇ ਜਾ ਢੁੱਕੇ ਗੁਆਂਢੀਆਂ ਦੇ ਘਰ ਜਾਂ ਥਾਂ ਖਰੀਦ ਕੇ ਆਪਣੇ ਘਰ ਖੁੱਲ੍ਹੇ ਬਣਾ ਲਏ ਹਨ। ਗਲੀਆਂ ਉਹੀ ਹਨ ਪਰ ਮਕਾਨਾਂ ਦੇ ਨਕਸ਼ੇ ਬਦਲ ਗਏ ਹਨ ਤੇ ਗਲੀ ਦੇ ਮਕਾਨਾਂ ਦੀ ਗਿਣਤੀ ਵੀ ਘੱਟ ਗਈ ਹੈ।

ਘਰੋਂ ਨਿਕਲ ਕੇ ਮੈਂ ਜਦੋਂ ਅੰਦਰਲੀ ਫਿਰਨੀ ਤੇ ਆਇਆ ਤਾਂ ਤਾਏ ਕਿਸ਼ਨੇ ਕੇ ਘਰ ਤੇ ਥੋੜ੍ਹਾ ਜਿਹਾ ਔਗੇ ਰੋੜੀ ਕੁੱਟ ਖੜਾ ਵੇਖਿਆ। ਕੁੱਝ ਮਜ਼ਦੂਰ ਫਿਰਨੀ 'ਤੇ ਵੱਡਾ ਪੱਥਰ ਸਿੱਟ ਰਹੇ ਸਨ।

'ਤਾਇਆ ਜੀ, ਸਤਿ ਸ੍ਰੀ ਅਕਾਲ।' ਜਦੋਂ ਮੈਂ ਕੋਲ ਜਾ ਕੇ ਕਿਹਾ ਤਾਂ ਆਪਣੇ ਬਾਰ ਵਿੱਚ ਡੱਠੀ ਮੰਜੀ 'ਤੇ ਬੈਠੇ ਤਾਏ ਨੇ ਆਪਣੀਆਂ ਅੱਖਾਂ ਦੇ ਛੱਪਰਾਂ 'ਤੇ ਸੱਜਾ ਹੱਥ ਰੱਖ ਕੇ ਮੇਰੇ ਵੱਲ ਵੇਖਿਆ ਤੇ ਪਛਾਣਦਿਆਂ ਹੀ ਬੋਲਿਆ, 'ਨਿਰਮਲ ਸਿੰਘ ਹੈ ਕਿ ? ਆ ਬਈ ਮੱਲ੍ਹਾ, ਹੋਰ ਸਭ ਠੀਕ ਠਾਕ ਹੈ ਨਾ? ਲਾਣਾ ਬਾਣਾ ਤਕੜੇ? ਡਿਊਟੀ ਕਿੱਥੇ ਹੈ?' ਕਹਿ ਕੇ ਉਹ ਸਰਾਹਣੇ ਵਾਲੇ ਪਾਸੇ ਨੂੰ ਖਿਸਕ ਗਿਆ।

'ਤਾਇਆ ਸੱਭ ਠੀਕ ਠਾਕ ਹੈ। ਡਿਊਟੀ ਓਥੇ ਸ਼ਹਿਰ ਹੀ ਹੈ।' ਮੰਜੀ ਦੇ ਪੈਂਦ ਵਾਲੇ ਪਾਸੇ ਬੈਠਦਿਆਂ ਮੈਂ ਉਸ ਦੇ ਸਵਾਲਾਂ ਦਾ ਸੰਖੇਪ ਜਿਹਾ ਜਵਾਬ ਦੇ ਦਿੱਤਾ ਸੀ।

'ਚੰਗਾ ਭਾਈ ਚੰਗਾ, ਸ਼ੁਕਰ ਐ।' ਤਾਏ ਨੇ ਦੋਨੋਂ ਹੱਥ ਜੋੜੇ ਤੇ ਚੁੱਪ ਕਰ ਗਿਆ।

ਮੈਂ ਤਾਏ ਵੱਲ ਧਿਆਨ ਨਾਲ ਵੇਖਿਆ। ਬਚਪਨ ਤੋਂ ਮੈਂ ਤਾਏ ਨੂੰ ਅਜਿਹਾ ਹੀ ਵੇਖਦਾ ਆ ਰਿਹਾ ਹਾਂ। ਇਸ ਵਾਰ ਮੈਨੂੰ ਤਾਇਆ ਥੋੜ੍ਹਾ ਜਿਹਾ ਕਮਜ਼ੋਰ ਜਾਪਿਆ ਪਰ ਫਿਰ ਵੀ ਲੱਗਦਾ ਸੀ ਕਿ ਤਾਇਆ ਦਸ ਸਾਲ ਹੋਰ ਕੱਢਜੂ। ਘੱਟੋ ਘੱਟ ਨੱਬੇ ਪਚਾਨਵੇਂ ਸਾਲ ਦੀ ਉਮਰ ਹੋਊ। ਮੈਨੂੰ ਪਤਾ ਹੈ ਕਿ ਪਿਛਲੇ ਤੀਹ ਪੈਂਤੀ ਸਾਲਾਂ ਤੋਂ ਉਹਦੇ ਨਿੱਤ ਦੇ ਕਿਰਿਆ ਕਰਮ ਵਿੱਚ ਕੋਈ ਤਬਦੀਲੀ ਨਹੀਂ ਆਈ। ਸੁਬ੍ਹਾ ਸ਼ਾਮ ਬਿਨ੍ਹਾ ਨਾਗਾ ਗੁਰਦੁਆਰੇ ਜਾਣਾ ਉਹਦਾ ਨਿੱਤ ਨੇਮ ਸੀ। ਦੋ ਜਾਂ ਤਿੰਨ ਵਾਰ ਪਸ਼ੂਆਂ ਨੂੰ ਛੱਪੜ ਲਿਜਾਣਾ ਵੀ ਉਸਦੇ ਜ਼ੁੰਮੇ ਸੀ। ਪਸ਼ੂਆਂ ਨੂੰ ਇਧਰ ਜਾਂ ਉਧਰ ਬੰਨ੍ਹ ਦੇਣਾ ਜਾਂ ਕਿਸੇ ਨੂੰ ਪੱਠਿਆਂ ਦੀ ਟੋਕਰੀ ਸੁੱਟ ਦੇਣੀ ਬੱਸ ਇਹੀ ਉਸਦਾ ਕੰਮ ਸੀ ਜਾਂ ਸ਼ੌਕ ਸੀ।

'ਆਪਣੇ ਬਾਪੂ ਤੇ ਬੇਬੇ ਨੂੰ ਵੀ ਆਪਣੇ ਕੋਲ ਹੀ ਲੈ ਜਾ।' ਕੁੱਝ ਚਿਰ ਰੁਕ ਕੇ ਤਾਇਆ ਬੋਲਿਆ।

'ਤਾਇਆ ਮੈਂ ਤਾਂ ਬਥੇਰਾ ਕਹਿੰਦਾ ਹਾਂ ਪਰ ਜਾਂਦੇ ਹੀ ਨਹੀਂ। ਕਹਿੰਦੇ ਜਦੋਂ ਤੱਕ ਨੈਣ ਪ੍ਰਾਣ ਚੱਲਦੇ ਐ, ਇੱਥੇ ਪਿੰਡ ਹੀ ਰਹਾਂਗੇ।' ਮੈਂ ਜੁਆਬ ਦਿੱਤਾ।

'ਚਲੋ ਚੰਗਾ ਐ ਭਾਈ, ਚੰਗਾ ਐ।' ਤਾਏ ਨੇ ਕਿਹਾ ਤੇ ਫਿਰ ਚੁੱਪ ਹੋ ਗਿਆ।

ਮੈਂ ਫਿਰਨੀ 'ਤੇ ਨਿਗ੍ਹਾ ਮਾਰੀ। ਹੁਣ ਇਸਨੂੰ ਅੰਦਰਲੀ ਫਿਰਨੀ ਕਿਹਾ ਜਾਂਦਾ ਹੈ ਕਿਉਂਕਿ ਇਸ ਤੋਂ ਬਾਹਰ ਵੀ ਘਰ ਪੈ ਗਏ ਹਨ ਤੇ ਉਹਨਾਂ ਘਰਾਂ ਤੋਂ ਬਾਹਰ ਸਾਰੇ ਪਿੰਡ ਉਤੋਂ ਦੀ ਬਾਹਰਲੀ ਫਿਰਨੀ ਜਾਂਦੀ ਹੈ। ਪਿੰਡ ਦੀ ਬਣਤਰ ਕੁੱਝ ਅਜਿਹੀ ਹੈ ਕਿ ਇਸ ਅੰਦਰਲੀ ਫਿਰਨੀ ਤੋਂ ਗਲੀਆਂ ਸ਼ੁਰੂ ਹੋ ਕੇ ਪਿੰਡ ਦੇ ਵਿਚਕਾਰਲੇ ਕੇਂਦਰ ਬਿੰਦੂ ਸੱਥ ਤੱਕ ਪਹੁੰਚਦੀਆਂ ਸਨ। ਬਿਲਕੁੱਲ ਖਰਬੂਜੇ ਦੀਆਂ ਫਾੜੀਆਂ ਵਾਂਗ। ਇਹਨਾਂ ਹੀ ਗਲੀਆਂ ਵਿੱਚ ਬਚਪਨ ਬੀਤਿਆ ਸੀ। ਤਾਏ ਦਾ ਬਚਪਨ ਵੀ ਇਹਨਾਂ ਹੀ ਗਲੀਆਂ ਵਿੱਚ ਬੀਤਿਆ ਹੈ ਤੇ ਹੁਣ ਆਖਰੀ ਸਮੇਂ ਵੀ ਇਹ ਇਹਨਾਂ ਗਲੀਆਂ ਵਿੱਚ ਬੈਠਾ ਹੈ। ਮੇਰੇ ਪਿਤਾ ਜੀ ਸ਼ਹਿਰ ਨਹੀਂ ਜਾ ਰਹੇ। ਮੇਰਾ ਹਾਉਕਾ ਨਿਕਲ ਗਿਆ। ਕਿੰਨਾ ਲਗਾਉ ਹੁੰਦਾ ਹੈ ਆਪਣੀ ਜਨਮ ਭੂਮੀ ਨਾਲ। ਕਿੰਨ੍ਹਾ ਖੇਡੇ ਸਾਂ ਇਹਨਾਂ ਗਲੀਆਂ ਵਿੱਚ।

ਉਦੋਂ ਇਹ ਗਲੀਆਂ ਪੱਕੀਆਂ ਨਹੀਂ ਸਨ। ਇਹ ਪਾਸਿਆਂ ਤੋਂ ਉੱਚੀਆਂ ਤੇ ਵਿਚਕਾਰੋਂ ਨੀਵੀਆਂ ਸਨ। ਮੀਂਹਾਂ ਵੇਲੇ ਇਨ੍ਹਾਂ ਗਲੀਆਂ ਰਾਹੀ ਸਾਰੇ ਪਿੰਡ ਦਾ ਪਾਣੀ ਛੱਪੜ ਵਿੱਚ ਜਾ ਪੈਂਦਾ। ਅੰਦਰਲੀ ਫਿਰਨੀ ਵਿੱਚ ਸਾਰੇ ਪਿੰਡ ਦਾ ਪਾਣੀ ਖਾਲ ਵਾਂਗ ਜਾਂਦਾ। ਤਕੜਾ ਮੀਂਹ ਪੈਣ ਤੋਂ ਬਾਅਦ ਗਲੀਆਂ ਇੱਕ ਦਮ ਸਾਫ ਹੋ ਜਾਂਦੀਆਂ। ਕੰਧਾਂ ਦੇ ਨਾਲ-ਨਾਲ ਉੱਚੇ ਥਾਂਵਾਂ ਤੋਂ ਰੋੜ ਨਿਕਲ ਆਉਂਦੇ। ਗਲੀ ਦੇ ਵਿਚਕਾਰਲੇ ਹਿੱਸੇ ਵਿਚ ਥੋੜ੍ਹਾ-ਥੋੜ੍ਹਾ ਰੇਤਾ ਰਹਿ ਜਾਂਦਾ। ਪਹਿਲਾਂ ਮੀਂਹ ਦੇ ਵਿੱਚ ਨਹਾਉਣਾ, ਫਿਰ ਰੇਤਾਂ ਵਿੱਚੋਂ ਕੱਚ ਦੀਆਂ ਵੰਗਾਂ ਦੇ ਟੋਟੇ ਭਾਲਣਾ ਵੀ ਸਾਡੀ ਇੱਕ ਖੇਡ ਹੁੰਦਾ ਸੀ।

ਇਸੇ ਫਿਰਨੀ ਵਿੱਚ ਖਿੱਦੋ ਖੂੰਡੀ, ਫੜਣ ਫੜਾਈ, ਘੁੱਤੀਆਂ ਪੁੱਟ ਕੱਚ ਦੀਆਂ ਗੋਲੀਆਂ ਖੇਡਣਾ, ਪਾਲਾ ਵਲ ਕੇ ਕੌਡੀ ਖੇਡਣਾ, ਹਨੇਰਾ ਉਤਰਨ ਵੇਲੇ ਛਟੀਆਂ ਨਾਲ ਨੀਵੀਂਆਂ ਉੱਡ ਰਹੀਆਂ ਚਾਮ ਚੜਿੱਕਾਂ ਮਾਰਨਾ, ਸੱਕਰ ਭਿੱਜੀ, ਲੱਲੇ ਰੋਕਣ ਆਦਿ ਖੇਡਾਂ ਸਨ ਜਿਹੜੀਆਂ ਅਸੀਂ ਫਿਰਨੀ ਵਿੱਚ ਹੀ ਖੇਡਦੇ ਹੁੰਦੇ ਸਾਂ।

'ਤਾਇਆ ਆਹ ਤਾਂ ਫਿਰਨੀ ਉੱਤੇ ਵੀ ਸੜਕ ਬਣਾਈ ਜਾਂਦੇ ਐ।' ਮੈਂ ਤਾਏ ਨੂੰ ਪੁੱਛਿਆ।

'ਸੜਕ ਕਾਹਦੀ ਐ, ਇਹਨਾਂ ਨੇ ਫਿਰਨੀ ਦੀ ਜੜ੍ਹ ਵੱਢਣੀ ਐ। ਪਹਿਲਾਂ ਪੱਕੀਆਂ ਇੱਟਾਂ ਚਿਣ ਕੇ ਵੱਢੀ ਸੀ। ਹੁਣ ਪੱਥਰ ਪਾ ਕੇ ਵੱਢ ਦੇਣਗੇ। ਜਦੋਂ ਮੀਂਹਾਂ ਨਾਲ ਲੁੱਕ ਧੋਤੀ ਗਈ ਤਾਂ ਇਹ ਪੱਥਰ ਦੇ ਰੋੜੇ ਪੈਰਾਂ ਵਿੱਚ ਚੋਭਿਆ ਕਰਨਗੇ। ਹੁਣ ਤਾਂ ਵੋਟਾਂ ਕਰਕੇ ਪੱਕੀ ਕਰੀ ਜਾਂਦੇ ਐ। ਫੇਰ ਕਿਸੇ ਨੇ ਸਾਰ ਨਹੀਂ ਲੈਣੀ। ਆਹ ਪੱਕੀਆਂ ਨਾਲੀਆਂ ਹੀ ਵੇਖ ਕਿਵੇਂ ਖੜ੍ਹੇ ਪਾਣੀ ਦਾ ਮੁਸ਼ਕ ਮਾਰਦਾ ਰਹਿੰਦਾ ਐ। ਨਾਲੇ ਗੰਦਾ ਪਾਣੀ ਛੱਪੜ ਵਿੱਚ ਜਾਂਦੈ। ਹੁਣ ਤਾਂ ਕੋਈ ਛੱਪੜ 'ਤੇ ਪਸ਼ੂਆਂ ਨੂੰ ਪਾਣੀ ਪਿਆਉਣ ਵੀ ਨਹੀਂ ਲਿਜਾਂਦਾ, ਪਾਣੀ ਏਨਾ ਗੰਦਾ ਹੋ ਗਿਐ। ਤਾਇਆ ਜਿਵੇਂ ਪਹਿਲਾਂ ਹੀ ਭਰਿਆ ਪੀਤਾ ਬੈਠਾ ਸੀ। ਫੇਰ ਤਾਏ ਨੇ ਉੱਚੀ ਆਵਾਜ਼ ਦਿੱਤੀ, ' ਉਏ ਗਿੰਦਰਾ ਚਾਹ ਬਣਾਉ, ਮੁੰਡਾ ਆਇਐ।' ਤਾਏ ਦੇ ਸਾਰਿਆਂ ਤੋਂ ਛੋਟੇ ਮੁੰਡੇ ਗਿੰਦਰ ਨੇ ਆ ਕੇ ਮੇਰੇ ਨਾਲ ਹੱਥ ਮਿਲਾਇਆ ਤੇ ਹਾਲ ਚਾਲ ਪੁੱਛ ਕੇ ਪੁੱਠਾ ਹੀ ਮੁੜ ਗਿਆ ਤੇ ਉਨ੍ਹੀ ਪੈਰੀਂ ਇਕ ਲੱਕੜ ਦੀ ਪੁਰਾਣੀ ਕੁਰਸੀ ਚੁੱਕ ਲਿਆਇਆ ਤੇ ਬੋਲਿਆ, 'ਲੈ ਤੂੰ ਬੈਠ ਏਸ 'ਤੇ, ਕੁਰਸੀਆਂ 'ਤੇ ਬਹਿਣ ਵਾਲੇ ਮੰਜੇ 'ਤੇ ਬੈਠੇ ਚੰਗੇ ਨਹੀਂ ਲੱਗਦੇ।'

ਢੋਹ ਲਾ ਕੇ ਬੈਠਣ ਦੀ ਆਦਤ ਪਈ ਹੋਣ ਕਰਕੇ ਮੈਨੂੰ ਮੰਜੀ 'ਤੇ ਬੈਠਣਾ ਔਖਾ ਲੱਗ ਰਿਹਾ ਸੀ ਤੇ ਮੈਂ ਉੱਠ ਕੇ ਕੁਰਸੀ 'ਤੇ ਬੈਠ ਗਿਆ ਤੇ ਗਿੰਦਰ ਮੰਜੀ 'ਤੇ।

'ਤੇਰੇ ਤਾਂ ਯਾਰ ਅਜੇ ਕੋਈ ਚਿੱਟਾ ਈ ਨਹੀਂ ਆਇਆ, ਮੇਰੀ ਤਾਂ ਐਂਵੀ ਦਾੜ੍ਹੀ ਚਿੱਟੀ ਹੋਈ ਪਈ ਐ। ਚਾਲੀ ਦੇ ਨੇੜ ਤੇੜ ਤੂੰ ਹੋਵੇਂਗਾ ਤੇ ਮੈਂ ਤੇਰੇ ਤੋਂ ਸਾਲ ਡੂਢ ਸਾਲ ਈ ਵੱਡਾ ਹੋਊਂ?' ਉਸਨੇ ਆਪਣੀ ਦਾੜ੍ਹੀ 'ਤੇ ਹੱਥ ਫੇਰਦੇ ਹੋਏ ਹੈਰਾਨੀ ਨਾਲ ਮੇਰੇ ਚਿਹਰੇ ਵੱਲ ਵੇਖਿਆ।

'ਪਿੰਡ ਵਾਲਿਆਂ ਦੀ ਆਖਤ, ਮੂੰਹ ਕਾਲਾ ਕਰ ਲਈਦਾ।' ਮੈਂ ਹੱਸਦੇ ਹੋਏ ਪੇਂਡੂ ਲਹਿਜੇ ਵਿੱਚ ਕਿਹਾ।

'ਹੱਛਾ। ਇਹ ਤਾਂ ਯਾਰ ਜਵਾਂ ਈ ਪਤਾ ਨ੍ਹੀ ਲੱਗਦਾ। ਆਪਣਾ ਫੌਜੀ ਲਾਉਂਦੇ ਕਲਫ, ਉਹਦੇ ਤਾਂ ਗੱਲਾ ਦੀ ਚਮੜੀ ਵੀ ਰੰਗੀ ਜਾਂਦੀ ਐ।' ਗਿੰਦਰ ਅਜੇ ਵੀ ਹੈਰਾਨ ਸੀ।

'ਨਹੀਂ, ਕਈ ਚੰਗੀਆਂ ਕਲਫਾਂ ਹੁੰਦੀਐਂ, ਉਹ ਚਮੜੀ ਕਾਲੀ ਨਹੀਂ ਕਰਦੀਆਂ।' ਮੈਂ ਦੱਸਿਆ।

'ਕਹਿੰਦੇ ਹੁੰਦੇ ਹਨ ਯਾਰ ਇੱਕ ਕੰਘਾ ਹੁੰਦੈ, ਉਹ ਦਾੜ੍ਹੀ ਵਿੱਚ ਫੇਰ ਲਈਏ ਤਾਂ ਵਾਲ ਕਾਲੇ ਰਹਿੰਦੇ ਹਨ। ਗਿਆਨੀ ਜੈਲ ਸਿੰਘ ਕੋਲ ਸੀ ਉਹ ਕੰਘਾ। ਕਿਉਂ, ਹੁੰਦਾ ਐ ਨਾ?' ਕਹਿ ਕੇ ਉਸਨੇ ਫਿਰ ਮੇਰੇ ਚਿਹਰੇ ਵੱਲ ਗਹੁ ਨਾਲ ਵੇਖਿਆ।

'ਹਾਂ, ਹੁੰਦੈ। ਮੇਰੇ ਕੋਲ ਵੀ ਐ।' ਹੱਸਦਿਆਂ ਹੋਇਆਂ ਮੈਂ ਦੱਸਿਆ।

'ਹੱਛਾ, ਫੇਰ ਤਾਂ ਯਾਰ ਉਹ ਮੈਨੂੰ ਈ ਲਿਆ ਦੇ।' ਉਸਦੇ ਚਿਹਰੇ 'ਤੇ ਰੌਣਕ ਜਿਹੀ ਆ ਗਈ।

'ਲਿਆ ਤਾਂ ਦੇਊਂ ਪਰ ਮਹਿੰਗਾ ਬਹੁਤ ਐ।' ਮੈਂ ਦੱਸਿਆ ਤਾਂ ਉਹਦੇ ਚਿਹਰੇ ਦੀ ਰੌਣਕ ਜਾਂਦੀ ਰਹੀ।

'ਗਿੰਦਰ, ਉਹ ਨਾਂ ਦਾ ਹੀ ਕੰਘਾ ਹੁੰਦੈ, ਅਸਲ ਵਿੱਚ ਉਹ ਕਲਫ ਹੀ ਹੁੰਦੀ ਐ, ਦੋ ਟੁੱਥ ਪੇਸਟ ਵਰਗੀਆਂ ਟਿਊਬਾਂ ਵਿੱਚ ਭਰੀ। ਜਿਵੇਂ ਆਪਾਂ ਬੁਰਸ਼ 'ਤੇ ਪੇਸਟ ਲਾਉਂਦੇ ਹਾਂ ਉਵੇਂ ਉਸ ਚੌੜੇ ਕੰਘੇ 'ਤੇ ਦੋਨਾਂ ਟਿਊਬਾਂ ਵਿੱਚ ਬਰਾਬਰ-ਬਰਾਬਰ ਪੇਸਟ ਕੱਢ ਲਈਦਾ ਹੈ, ਫੇਰ ਉਸ ਕੰਘੇ ਨੂੰ ਦਾੜ੍ਹੀ ਵਿੱਚ ਫੇਰ ਲਈਦਾ। ਪੰਜ ਸੱਤ ਮਿੰਟਾਂ ਪਿੱਛੋਂ ਮੂੰਹ ਧੋ ਲਈਦਾ ਹੈ। ਬੱਸ ਏਨਾ ਬਹੁਤ ਐ ਕਈ ਬਾਹਲਾ ਖੇਚਲ ਜਾ ਨ੍ਹੀ ਕਰਨਾ ਪੈਂਦਾ।'

'ਬਾਈ ਹੈ ਕਿੰਨੇ ਕੁ ਦਾ?' ਕਿਸੇ ਆਸ ਜਿਹੀ ਨਾਲ ਉਸਨੇ ਪੁੱਛਿਆ।

'ਚਾਰ ਸੌ ਦਾ, ਦੋ ਕੁ ਮਹੀਨੇ ਨਿਕਲ ਜਾਂਦੇ ਐ।'

ਵਿਹੜੇ ਵਿੱਚ ਉਸਨੂੰ ਆਵਾਜ਼ ਵੱਜੀ ਤਾਂ ਉਹ ਉੱਠ ਕੇ ਚਲਾ ਗਿਆ।

ਮੈਂ ਜਦੋਂ ਵੀ ਪਿੰਡ ਆਉਂਦਾ ਹਾਂ ਤਾਂ ਤਾਏ ਕਿਸ਼ਨੇ ਕੋਲ ਇੱਥੇ ਜ਼ਰੂਰ ਆਉਂਦਾ ਹਾਂ। ਜਾਂ ਤਾਂ ਉਹ ਦਰਵਾਜ਼ੇ ਵਿੱਚ ਪਿਆ ਹੁੰਦਾ ਜਾਂ ਬਾਰ ਅੱਗੇ ਮੰਜੀ ਜਾਂ ਮੰਜਾ ਡਾਹ ਕੇ ਪਿਆ ਜਾਂ ਬੈਠਾ

ਹੁੰਦਾ ਹੈ। ਗਿੰਦਰ ਵੀ ਮੇਰਾ ਬਚਪਨ ਦਾ ਸਾਥੀ ਹੈ। ਚੌਥੀ ਪੰਜਵੀਂ ਵਿੱਚੋਂ ਪੜ੍ਹਨੋਂ ਹਟ ਕੇ ਉਹ ਖੇਤੀ ਦੇ ਕੰਮ ਵਿੱਚ ਲੱਗਿਆ ਹੋਇਆ ਹੈ। ਫਿਰਨੀ ਤੋਂ ਲੰਘਣ ਵਾਲਾ ਹਰ ਜਾਣੂ ਮੈਨੂੰ ਬੁਲਾ ਕੇ ਲੰਘਦਾ ਹੈ। ਆਪ ਤੋਂ ਵੱਡਿਆਂ ਨੂੰ ਮੈਂ ਸਤਿ ਸ੍ਰੀ ਅਕਾਲ ਬੁਲਾਉਂਦਾ ਹਾਂ। ਕੋਈ ਮੇਰੇ ਕੋਲ ਖੜ੍ਹ ਕੇ ਗੱਲੀਂ ਲੱਗ ਜਾਂਦਾ ਹੈ ਤੇ ਕਈ ਵਾਰ ਕਿੰਨੇ ਜਣੇ ਹੀ ਜੁੜ ਜਾਂਦੇ ਹਨ ਤੇ ਪੁਰਾਣੀਆਂ ਯਾਦਾਂ ਤਾਜ਼ੀਆਂ ਕਰਦੇ ਹਨ।

ਪਿਛਲੇ ਦਸਾਂ ਸਾਲਾਂ ਤੋਂ ਅਜਿਹਾ ਹੀ ਚੱਲ ਰਿਹਾ ਹੈ ਜਦੋਂ ਤੋਂ ਮੈਂ ਸ਼ਹਿਰ ਰਹਿਣ ਲੱਗਿਆ ਹਾਂ। ਪਹਿਲਾਂ ਪਹਿਲ ਤਾਂ ਸ਼ਹਿਰ ਜਾ ਕੇ ਦਿਲ ਨਹੀਂ ਸੀ ਲੱਗਿਆ ਤੇ ਮੈਂ ਹਫਤੇ ਵਿੱਚ ਦੋ-ਦੋ ਗੇੜੇ ਪਿੰਡ ਮਾਰ ਜਾਂਦਾ ਸੀ। ਪਰ ਹੁਣ ਲੰਮੇ ਅਰਸੇ ਤੋਂ ਆਇਆ ਜਾਂਦਾ ਹੈ। ਕਈ ਵਾਰ ਤਾਂ ਛੇ-ਛੇ ਮਹੀਨੇ ਵੀ ਲੰਘ ਜਾਂਦੇ ਹਨ। ਬੱਚਿਆਂ ਦਾ ਤੇ ਘਰ ਵਾਲੀ ਦਾ ਪਿੰਡ ਨਾਲ ਕੋਈ ਲਗਾਓ ਨਹੀਂ ਹੈ। ਹਾਂ, ਜਦੋਂ ਦਿਲ ਕਰੇ ਪਿਤਾ ਜੀ ਅਤੇ ਮਾਂ ਸਾਡੇ ਕੋਲ ਸ਼ਹਿਰ ਕੁੱਝ ਦਿਨ ਲਾ ਜਾਂਦੇ ਹਨ।

'ਤੂੰ ਤਾਂ ਯਾਰ ਜਵਾਂ ਈ ਸ਼ਹਿਰੀਆਂ ਬਣਦਾ ਜਾ ਰਿਹੈਂ। ਐਤਕੀਂ ਕਿੰਨੇ ਚਿਰ ਤੋਂ ਗੇੜਾ ਮਾਰਿਆ ਹੈ ?' ਚਾਹ ਲੈ ਕੇ ਆਉਂਦਿਆਂ ਹੀ ਗਿੰਦਰ ਨੇ ਰੋਸੇ ਨਾਲ ਕਿਹਾ। ਉਸ ਦੇ ਹੱਥ ਵਿੱਚ ਥਾਲੀ ਸੀ ਜਿਸ ਵਿੱਚ ਚਾਹ ਵਾਲੇ ਦੋ ਕੱਚ ਦੇ ਗਿਲਾਸ ਸਨ ਤੇ ਅੱਧਾ ਕਿੱਲੋ ਦੀ ਗੜਵੀ ਜਿਸ 'ਤੇ ਕੌਲੀ ਦਿੱਤੀ ਹੋਈ ਸੀ। ਚਾਹ ਦੀ ਗੜਵੀ ਉਸਨੇ ਤਾਏ ਦੇ ਮੂਹਰੇ ਰੱਖ ਦਿੱਤੀ ਤੇ ਗਿਲਾਸ ਮੈਨੂੰ ਫੜਾ ਦਿੱਤਾ।

'ਕਿਵੇਂ ਐ ਚਾ ਅ ਚਾ ?' ਇਕ ਬਲਦ ਵਾਲੀ ਗੱਡੀ 'ਤੇ ਬੈਠੇ ਜਾਂਦੇ ਨੌਜਵਾਨ ਨੇ ਮੈਨੂੰ ਬੁਲਾਇਆ।

'ਠੀਕ ਐ ਬਈ।' ਮੈਂ ਕਹਿ ਤਾਂ ਦਿੱਤਾ ਪਰ ਮੈਨੂੰ ਉਸਦੀ ਪਛਾਣ ਨਾ ਆਈ।

'ਕਿਹੜਾ ਸੀ ਇਹ ?' ਮੈਂ ਗਿੰਦਰ ਨੂੰ ਪੁੱਛਿਆ।

'ਲੈ ਭੁੱਲ ਗਿਆ ? ਇਹ ਰੀਠਾ ਮਜ਼ਬੀ ਸੀ ਜਿਹੜਾ ਸੋਡੇ ਪਾਲੀ ਹੁੰਦਾ ਸੀ।'

'ਹੱਛਾ ! ਇਹ ਰੀਠਾ ਸੀ। ਉਦੋਂ ਤਾਂ ਨਿੱਕਾ ਜਿਹਾ ਸੀ, ਹੁਣ ਗੱਭਰੂ ਹੋ ਗਿਐ।' ਮੈਂ ਕਿਹਾ।

ਬਲਦ ਗੱਡੀ ਬਹੁਤ ਅਗਾਂਹ ਲੰਘ ਚੁੱਕੀ ਸੀ।

'ਜਿਵੇਂ ਸਕੂਲ ਵਿੱਚ ਪੜ੍ਹਾਉਣ ਵਾਲੇ ਮਾਸਟਰਾਂ ਨੂੰ ਆਪਣੇ ਪੜ੍ਹਾਏ ਜਵਾਕਾਂ ਦੀ ਸਿਆਣ ਨਹੀਂ ਰਹਿੰਦੀ ਉਵੇਂ ਸੋਨੂੰ ਆਪਣੇ ਪਾਲੀ ਦੀ ਸਿਆਣ ਨਹੀਂ ਰਹਿੰਦੀ ਕਿਉਂਕਿ ਜਦੋਂ ਉਸਦੇ ਦਾੜ੍ਹੀ ਮੁੱਛ ਫੁੱਟਣ ਲੱਗ ਪੈਂਦੀ ਐ ਉਹ ਕਿਸੇ ਹੋਰ ਦੇ ਸੀਰੀ ਲੱਗ ਜਾਂਦੈ।' ਚਾਹ ਪੀਂਦਾ ਪੀਂਦਾ ਗਿੰਦਰ ਬੋਲਿਆ।

ਸੱਚਮੁੱਚ ਹੀ ਅਸੀਂ ਹੁਣ ਤੱਕ ਅਨੇਕਾਂ ਹੀ ਪਾਲੀ ਰੱਖ ਚੁੱਕੇ ਸਾਂ। ਸਾਰਿਆਂ ਦੇ ਤਾਂ ਨਾਂ ਵੀ ਨਹੀਂ ਸਨ ਯਾਦ। ਹਰ ਪਾਲੀ ਸਾਲ ਦੋ ਸਾਲ ਲਾ ਕੇ ਹੱਟ ਜਾਂਦਾ ਹੈ। ਕੋਈ ਛੇ ਮਹੀਨਿਆਂ ਤੋਂ ਵੀ ਪਹਿਲਾਂ ਭੱਜ ਜਾਂਦਾ। ਪਹਿਲਾਂ ਸਾਡਾ ਸਾਂਝਾ ਪਰਿਵਾਰ ਸੀ। ਦਾਦਾ-ਦਾਦੀ ਤੇ ਦੋ ਚਾਚੇ। ਛੋਟਾ ਚਾਚਾ ਤਾਂ ਮੇਰੇ ਤੋਂ ਦੋ ਕੁ ਸਾਲ ਹੀ ਵੱਡਾ ਸੀ। ਉਹ ਵੀ ਚੌਥੀ ਪੰਜਵੀਂ ਵਿੱਚੋਂ ਹੱਟ ਗਿਆ ਸੀ ਤੇ ਪਸ਼ੂ ਸੰਭਾਲਣ ਲੱਗ ਪਿਆ ਸੀ। ਘਰ ਦਾ ਕੋਈ ਕੰਮ ਮੈਨੂੰ ਨਹੀਂ ਸੀ ਕਰਨਾ ਪੈਂਦਾ। ਪਿਤਾ ਜੀ ਨੇੜੇ ਦੇ ਪਿੰਡ ਵਿੱਚ ਸਕੂਲ ਅਧਿਆਪਕ ਸਨ। ਸਕੂਲੋਂ ਆ ਕੇ ਉਹ ਵੀ ਘਰ ਦੇ ਕੰਮ ਵਿੱਚ ਲੱਗ ਜਾਂਦੇ।



ਅਸੀਂ ਇਕ ਸੀਰੀ ਰੱਖਦੇ। ਜਿਹੜੇ ਸਾਲ ਮੈਂ ਕਾਲਜ ਲੱਗਿਆ ਉਸੇ ਸਾਲ ਮੇਰੇ ਦੋਨੋਂ ਚਾਚੇ ਦੋ ਸਕੀਆਂ ਭੈਣਾਂ ਨੂੰ ਵਿਆਹੇ ਗਏ। ਥੋੜ੍ਹੇ ਸਮੇਂ ਬਾਅਦ ਹੀ ਘਰ ਦੀ ਸ਼ਾਂਤੀ ਭੰਗ ਹੋਣੀ ਸ਼ੁਰੂ ਹੋ ਗਈ। ਛੇ ਮਹੀਨਿਆਂ ਤੋਂ ਪਹਿਲਾਂ ਹੀ ਅਸੀਂ ਅੱਡ ਹੋ ਗਏ। ਸਾਨੂੰ ਦੋ ਕਮਰੇ 'ਤੇ ਇਕ ਪਸ਼ੂਆਂ ਵਾਲਾ ਕੋਠਾ ਹਿੱਸੇ ਆਇਆ 'ਤੇ ਘਰ ਦੇ ਤੀਜੇ ਹਿੱਸੇ ਵਿੱਚ ਕੰਧ ਕੱਢ ਦਿੱਤੀ ਗਈ। ਇਕ ਸੱਜਰ ਸੂਈ ਮੱਝ ਸਾਡੇ ਹਿੱਸੇ ਆਈ ਤੇ ਨਿਆਈਂ ਵਿੱਚ ਕੁੱਝ ਜ਼ਮੀਨ।

ਮੱਝ ਨੂੰ ਸੰਭਾਲਣ ਦੀ ਜ਼ਿੰਮੇਵਾਰੀ ਹੁਣ ਮੇਰੇ 'ਤੇ ਵੀ ਆ ਪਈ ਸੀ। ਕਦੇ ਨਿਆਈਂ ਵਾਲੇ ਖੇਤੋਂ ਸਿਰ 'ਤੇ ਪੰਡ ਲੈ ਕੇ ਆਉਣੇ ਤੇ ਕੁਤਰਨੇ, ਕਦੇ ਮੱਝ ਛੱਪੜ ਵਿੱਚ ਨੁਹਾ ਕੇ ਲਿਆਉਣੀ। ਪੱਠੇ ਵੱਢ ਕੇ ਲਿਆ ਕੇ ਕੁਤਰ ਦੇਣੇ ਮੈਨੂੰ ਔਖਾ ਕੰਮ ਨਾ ਲੱਗਦਾ ਪਰ ਮੱਝ ਨੂੰ ਛੱਪੜ 'ਤੇ ਲਈ ਜਾਂਦੇ ਦੇ ਮਨ ਵਿੱਚ ਹੀਣ ਭਾਵਨਾ ਪੈਦਾ ਹੋ ਜਾਣੀ। ਕਈ ਵਾਰੀ ਸੱਜਰ ਸੂਈ ਮੱਝ ਦਾ ਕੱਟਰੂ ਤੁਰਦਾ ਹੀ ਨਾ ਤੇ ਉਸਨੂੰ ਪਿੱਛੋਂ ਧੱਕਣਾ ਪੈਂਦਾ ਤੇ ਕਈ ਵਾਰੀ ਕੱਟਰੂ ਜਾਂਦਾ ਜਾਂਦਾ ਚੁੰਘਣ ਦੀ ਕੋਸ਼ਿਸ਼ ਕਰਨ ਲੱਗ ਜਾਂਦਾ ਤਾਂ ਉਸਨੂੰ ਫੜਨਾ ਪੈਂਦਾ। ਜਦੋਂ ਕਦੇ ਕੱਟਰੂ ਤੁਰਦਾ ਤੁਰਦਾ ਰੁਕ ਜਾਂਦਾ ਤਾਂ ਉਸਨੂੰ ਧੱਕਣਾ ਪੈਂਦਾ ਤਾਂ ਥਾਂ ਸਿਰ ਲੱਗਦਾ ਕੋਈ ਚਾਚਾ ਤਾਇਆ ਮਖੌਲ ਕਰਦਾ,'ਆਵਦੀ ਮਾਂ ਨੂੰ ਆਖ ਦੁੱਧ ਛੱਡਿਆ ਕਰੇ ਇਹਨੂੰ ਦੁੱਧ, ਫੇਰ ਵੇਖੀਂ ਕਿਵੇਂ ਮਾਰਦੇ ਦੁੜੰਗੇ।'

'ਕੱਟਿਆਂ ਨੂੰ ਕੌਣ ਛੱਡਦੇ ਦੁੱਧ ?' ਕੋਈ ਹੋਰ ਜਣਾ ਕਹਿ ਦਿੰਦਾ ਤਾਂ ਮੈਨੂੰ ਉਹ ਗੱਲ ਯਾਦ ਆ ਜਾਂਦੀ ਜਿਹਦੇ ਵਿੱਚ ਇਕ ਕੱਟੀ ਕੱਟੇ ਨੂੰ ਕਹਿੰਦੀ ਹੈ ਕਿ ਆ ਕੱਟਿਆ ਦੁੜੰਗੇ ਲਾਉਣ ਖੇਡੀਏ ਤੇ ਕੱਟਾ ਕਹਿੰਦਾ ਹੈ ਕਿ ਨਹੀਂ ਬਈ ਬੈਠੇ ਬੈਠੇ ਕੰਨ ਹਿਲਾਉਣ ਖੇਡਾਂਗੇ।'

ਮੱਝ ਨੂੰ ਸਾਂਭਣ ਦੇ ਕੰਮ ਤੋਂ ਮੈਂ ਛੇਤੀ ਹੀ ਅੱਕ ਗਿਆ। ਇਸ ਨਾਲ ਮੇਰੀ ਪੜ੍ਹਾਈ ਵਿੱਚ ਵੀ ਵਿਘਨ ਪੈਂਦਾ ਸੀ।

ਤੇ ਫੇਰ ਅਸੀਂ ਇਕ ਪਾਲੀ ਰੱਖ ਲਿਆ, ਤੀਹ ਰੁਪਏ ਮਹੀਨਾ ਤੇ ਸਾਲ ਦੇ ਤਿੰਨ ਸੌ ਸੱਠ ਵਿੱਚ। ਸਾਡਾ ਪਹਿਲਾ ਪਾਲੀ ਸੀ ਮੇਲੂ। ਮੈਨੂੰ ਅਜੇ ਤੱਕ ਯਾਦ ਹੈ ਜਦੋਂ ਪਹਿਲੇ ਦਿਨ ਮੇਲੂ ਦੀ ਮਾਂ ਉਸਨੂੰ ਕੰਮ 'ਤੇ ਛੱਡਣ ਆਈ ਸੀ। ਅੱਠ ਨੌਂ ਸਾਲ ਦਾ ਮੇਲੂ ਆਪਣੀ ਮਾਂ ਦੀ ਉਂਗਲ ਫੜੀ ਸਾਡੇ ਘਰ ਵੜਿਆ। ਮੂੰਹ ਗੋਲ ਮੋਲ, ਰੰਗ ਗੋਰਾ, ਨਕਸ਼ ਤਿੱਖੇ ਤੇ ਅੱਖਾਂ ਵਿੱਚ ਚਮਕ ਜਿਹੀ। ਲੱਤਾਂ ਖੁਸ਼ਕ ਤੇ ਡੱਕੇ ਵਰਗੀਆਂ ਪਤਲੀਆਂ। ਨਿੱਕਰ ਉੱਤੋਂ ਦੀ ਗੋਡਿਆਂ ਤੱਕ ਲੰਮਾ ਕੁੜਤਾ ਤੇ ਸਿਰੋਂ ਤੇੜੋਂ ਨੰਗਾ। ਪਹਿਲੀ ਨਜ਼ਰੇ ਵੇਖ ਕੇ ਮੈਨੂੰ ਲੱਗਿਆ ਕਿ ਇਹ ਪੱਠੇ ਕਿਵੇਂ ਲਿਆਇਆ ਕਰੇਗਾ। ਮੈਨੂੰ ਉਸ 'ਤੇ ਤਰਸ ਜਿਹਾ ਆਇਆ।

'ਕੁੜੇ ਇਹ ਤਾਂ ਛੋਟਾ ਹੈ, ਇਹ ਕਿਵੇਂ ਕੰਮ ਕਰੂ ?' ਮੇਰਾ ਮਾਂ ਨੇ ਵੀ ਸ਼ੰਕਾ ਪ੍ਰਗਟ ਕੀਤੀ ਸੀ।

'ਨਹੀਂ ਅੰਮਾਂ ਜੀ ਸੁੱਖ ਨਾਲ ਗਿਆਰਵਾਂ ਸਾਲ ਲੱਗਿਐ, ਸਾਡੇ ਵੀ ਐ ਇਕ ਝੋਟੀ, ਉਸ ਨੂੰ ਇਹੀ ਸਾਂਭਦਾ ਸੀ।' ਮੇਲੂ ਦੀ ਮਾਂ ਨੇ ਵਿਸ਼ਵਾਸ਼ ਦਵਾਇਆ ਸੀ।

ਮੇਲੂ ਸਾਡੇ ਮਾਂ-ਪੁੱਤਾਂ ਵੱਲ ਉਤਸੁਕਤਾ ਨਾਲ ਵੇਖ ਰਿਹਾ ਸੀ। ਉਹਦਾ ਮੂੰਹ ਥੋੜ੍ਹਾ ਜਿਹਾ ਖੁੱਲ੍ਹਾ ਸੀ ਤੇ ਅੱਖਾਂ ਪੂਰੀ ਤਰ੍ਹਾਂ ਚੌੜੀਆਂ ਕੀਤੀਆਂ ਹੋਈਆਂ ਜਿਵੇਂ ਕੋਈ ਹੁਕਮ ਸੁਣਨ ਨੂੰ ਤਿਆਰ ਹੋਵੇ।

ਤੇ ਮਾਂ ਨੇ ਹੁਕਮ ਸੁਣਾਇਆ, 'ਮੇਲੂ ਮੱਸ ਨੂੰ ਉਸ ਕਿੱਲੇ 'ਤੇ ਬੰਨ੍ਹਦੇ।' ਬੜੀ ਫੁਰਤੀ ਨਾਲ ਮੇਲੂ ਨੇ ਮੱਝ ਦਾ ਸੰਗਲ ਖੋਲ੍ਹਿਆ ਤੇ ਦੂਸਰੇ ਕਿੱਲੇ ਵਿਚ ਪਾ ਦਿੱਤਾ। ਮੱਝ ਨੇ ਉਸਨੂੰ ਸੁੰਘਿਆ ਤੇ ਫੁਕਾਰਾ ਜਿਹਾ ਮਾਰਿਆ।

ਮੇਲੂ ਮੱਝ ਕੋਲ ਖੜ੍ਹ ਕੇ ਉਹਦੇ ਪੁੜਿਆਂ 'ਤੇ ਹੱਥ ਫੇਰਨ ਲੱਗ ਪਿਆ।

'ਮੁੰਡਾ ਤਾਂ ਛੋਹਲਾ ਐ।' ਮਾਂ ਨੇ ਕਿਹਾ।

'ਅੰਮਾਂ ਜੀ, ਫਿਕਰ ਨਾ ਕਰ, ਮੱਸ ਦੀ ਸੰਭਾਲ ਵਧੀਆ ਕਰੂ। ਪਰ ਅੰਮਾਂ ਜੀ ਪਿਆਰ ਨਾਲ ਰੱਖੀਂ, ਅਸੀਂ ਪਹਿਲੀ ਵਾਰ ਮੁੰਡੇ ਨੂੰ ਕਿਸੇ ਨਾਲ ਪਾਲੀ ਲਾਉਣ ਲੱਗੇ ਹਾਂ।' ਮੇਲੂ ਦੀ ਮਾਂ ਨੇ ਕਿਹਾ ਤੇ ਉਸਨੂੰ ਸੰਬੋਧਨ ਕਰਕੇ ਬੋਲੀ,' ਵੇਖ ਮੇਲੂ ਸਿਆਣਾ ਬਣ ਕੇ ਕੰਮ ਕਰੀਂ, ਆਵਦੇ ਬਾਪ ਦਾਦੇ ਵਾਂਗ, ਉਲਾਂਭਾ ਨਾ ਆਵੇ।'

ਉਸਨੇ ਚੁੰਨੀ ਦੇ ਪੱਲੇ ਨਾਲ ਸਿੰਮ ਆਈਆਂ ਅੱਖਾਂ ਪੂੰਝੀਆਂ ਤੇ ਮੁੜ ਪਈ।

'ਕੁੜੇ ਬਸੰਤ ਕੁਰੇ ਤੂੰ ਚਾਹ ਤਾਂ ਪੀਂਦੀ ਜਾਂਦੀ।' ਮਾਂ ਨੇ ਕਿਹਾ।

'ਨਹੀਂ ਅੰਮਾਂ ਜੀ ਮੇਰਾ ਅਜੇ ਗੋਹਾ ਕੂੜਾ ਪਿਐ।' ਬਿਨਾਂ ਮੂੰਹ ਘੁਮਾਏ ਉਸਨੇ ਜੁਆਬ ਦਿੱਤਾ ਤੇ ਘਰੋਂ ਬਾਹਰ ਹੋ ਗਈ।

ਇੱਕ ਹੱਥ ਬੱਚੇ ਦੀ ਉਂਗਲ ਤੇ ਦੂਜੇ ਹੱਥ ਕਾਇਦਾ ਫੜਾਕੇ ਮਾਂ ਪਹਿਲੇ ਦਿਨ ਬੱਚੇ ਨੂੰ ਸਕੂਲ ਛੱਡਣ ਜਾਂਦੀ ਹੈ ਪਰ ਮੇਲੂ ਦੀ ਮਾਂ ਇੱਕ ਹੱਥ ਉਂਗਲ ਤੇ ਦੂਜੇ ਹੱਥ ਕੌਲਾ ਫੜ ਕੇ ਆਪਣੇ ਪੁੱਤ ਨੂੰ ਪਹਿਲੇ ਦਿਨ ਕੰਮ 'ਤੇ ਛੱਡ ਗਈ ਸੀ ਤੇ ਹੁਣ ਉਸਨੇ ਸਾਰੀ ਉਮਰ ਕੰਮ ਹੀ ਕਰਨਾ ਸੀ।

ਮਾਂ ਨੇ ਮੇਲੂ ਨੂੰ ਹਦਾਇਤਾਂ ਦਿੱਤੀਆਂ। ਉਸਨੇ ਬੜੇ ਧਿਆਨ ਨਾਲ ਸੁਣੀਆਂ।

ਸਵੇਰੇ ਮੇਰੇ ਉੱਠਣ ਤੋਂ ਪਹਿਲਾਂ ਹੀ ਮੇਲੂ ਆ ਜਾਂਦਾ। ਆਉਣ ਸਾਰ ਉਹ ਫੌਹੜਾ ਚੁੱਕ ਕੇ ਗੋਹਾ ਪਿਛਾਂਹ ਹਟਾਉਂਦਾ ਤੇ ਫੇਰ ਪਸ਼ੂਆਂ ਆਲੇ ਕੋਠੇ ਦੇ ਆਲੇ ਵਿੱਚੋਂ ਕੌਲਾ ਚੁੱਕ ਕੇ ਕੰਧੋਲੀ ਦੇ ਬਾਹਰ ਆ ਬੈਠਦਾ। ਮਾਂ ਉਸਨੂੰ ਚਾਹ ਪਾ ਦਿੰਦੀ। ਛੇਤੀ - ਛੇਤੀ ਚਾਹ ਪੀ ਕੇ ਉਹ ਕੌਲਾ ਮਾਂਜ ਕੇ ਫਿਰ ਆਲੇ ਵਿੱਚ ਰੱਖ ਦਿੰਦਾ। ਰਾਤ ਦੇ ਬਚੇ ਪੱਠੇ ਮੱਝ ਨੂੰ ਪਾਉਂਦਾ। ਧਾਰ ਨਾ ਕੱਢੀ ਹੁੰਦੀ ਤਾਂ ਕੱਟਾ ਛੱਡਦਾ। ਬੰਨ੍ਹਦਾ। ਫਿਰ ਮੱਝ ਨੂੰ ਛੱਪੜ 'ਤੇ ਲੈ ਜਾਂਦਾ।

ਫਿਰ ਨਿਆਈਂ ਵਾਲੇ ਖੇਤੋਂ ਪੱਠੇ ਵੱਢ ਕੇ ਲਿਆਉਂਦਾ। ਦਿਨ ਢਲੇ ਮੈਂ ਤੇ ਪਿਤਾ ਜੀ ਹੱਥਾਂ ਵਾਲੇ ਟੋਕੇ 'ਤੇ ਉਸ ਨਾਲ ਪੱਠੇ ਕੁਤਰਵਾ ਦਿੰਦੇ। ਉਹ ਰੁੱਗ ਲਾਉਂਦਾ। ਰੁੱਗ ਲਾ ਕੇ ਫਿਰ ਮੇਰੇ ਨਾਲ ਔਗੋਂ ਲੱਗ ਜਾਂਦਾ। ਟੋਕੇ ਦੀ ਹੱਥੀ ਉਪਰਲੇ ਸਿਰੇ 'ਤੇ ਜਾਂਦੀ ਤਾਂ ਉਹਦੇ ਹੱਥ ਹੱਥੀ ਨਾਲੋਂ ਛੁੱਟ ਜਾਂਦੇ। ਉਹ ਅੱਡੀਆਂ ਚੁੱਕ ਚੁੱਕ ਕੋਸ਼ਿਸ਼ ਕਰਦਾ। ਮੈਂ ਉਸਨੂੰ ਬਥੇਰਾ ਰੋਕਦਾ ਕਿ ਮੈਂ ਇਕੱਲਾ ਹੀ ਕੁਤਰਦਾ ਹਾਂ ਪਰ ਉਹ ਰੁੱਗ ਲਾ ਕੇ ਫਿਰ ਮੇਰੇ ਨਾਲ ਆ ਲੱਗਦਾ।

ਬਰਸਾਤ ਦੇ ਮੌਸਮ ਵਿਚ ਉਹ ਦੋ ਤਿੰਨ ਪੰਡਾਂ ਘਾਹ ਦੀਆਂ ਖੇਤ ਲਿਆਉਂਦਾ ਤੇ ਮੱਝ ਨੂੰ ਖੇਤਾਂ ਵਿੱਚ ਚਾਰਨ ਲੈ ਜਾਂਦਾ। ਜਵਾਰ ਦੀ ਭਰੀ ਚੁੱਕੀ ਆਉਂਦੇ ਨੂੰ ਵੇਖ ਕੇ ਡਰ ਲੱਗਦਾ ਕਿ ਕਿਤੇ ਇਹਦੀ ਧੌਣ ਹੀ ਨਾ ਟੁੱਟ ਜਾਵੇ ਪਰ ਉਹ ਜਵਾਰ ਦੀ ਭਰੀ ਟੋਕੇ ਕੋਲ ਸੁੱਟ ਕੇ ਆਪਣੇ ਸਾਫੇ ਦੇ ਦੁਬਾਰਾ ਸਿਰ 'ਤੇ ਵਲ੍ਹੇਟੇ ਮਾਰਦਾ। ਭਰੀ ਖਲੂਕੇ ਰੱਸਾ ਖਿੱਚਦਾ ਤੇ ਦੂਜਾ ਗੇੜਾ ਲਾਉਣ ਚਲਾ ਜਾਂਦਾ।



ਵਿਹਲਾ ਤਾਂ ਉਹ ਬੈਠ ਹੀ ਨਹੀਂ ਸਕਦਾ ਸੀ। ਜਦੋਂ ਉਸਨੂੰ ਪਤਾ ਨਾ ਲੱਗਦਾ ਕਿ ਉਸਨੇ ਕੀ ਕਰਨਾ ਹੈ ਤਾਂ ਉਸਨੇ ਮੇਰੀ ਮਾਂ ਨੂੰ ਪੁੱਛਣਾ,' ਮੈਂ ਅੰਬੇ ਹੁਣ ਕੀ ਕਰਾਂ ?' ਮਾਂ ਨੇ ਕੋਈ ਨਾ ਕੋਈ ਕੰਮ ਦੱਸ ਦੇਣਾ ਤਾਂ ਉਸਨੇ ਫੁਰਤੀ ਨਾਲ ਉਧਰ ਲੱਗ ਜਾਣਾ।

'ਮਾਂ ਕਦੇ ਤਾਂ ਜਵਾਕ ਨੂੰ ਬਹਿ ਜਾਣ ਦਿਆ ਕਰ।' ਮੈਂ ਜਦੋਂ ਆਖਦਾ ਤਾਂ ਮਾਂ ਟੁੱਟ ਕੇ ਪੈ ਜਾਂਦੀ, 'ਲੈ ਲਚੜਾਉਣੈ ਇਹਨੂੰ। ਕੰਮ ਕਰਨ ਵਾਸਤੇ ਹੀ ਲਾਇਐ।'

ਤੇ ਮੇਲੂ ਸਵੇਰ ਤੋਂ ਸ਼ਾਮ ਤੱਕ ਊਰੀ ਵਾਂਗ ਘੁੰਮਦਾ ਰਹਿੰਦਾ। ਉਹ ਅੱਡੀ ਘੱਟ ਹੀ ਜ਼ਮੀਨ 'ਤੇ ਲਾਉਂਦਾ ਤੇ ਪੱਬਾਂ ਭਾਰ ਚੱਲਦਾ ਦਿਸਦਾ।

'ਅੰਬੇ ਪਾਣੀ।' ਮੇਲੂ ਪਾਣੀ ਮੰਗਦਾ ਤਾਂ ਮਾਂ ਤੌੜੇ ਵਿੱਚੋਂ ਗੜਵੀ ਭਰਕੇ ਧਾਰ ਬੰਨ ਕੇ ਉਸਦੇ ਕੌਲੇ ਵਿੱਚ ਪਾ ਦਿੰਦੀ। ਜੇਕਰ ਮਾਂ ਘਰ ਨਾ ਹੁੰਦੀ ਤਾਂ ਮੇਲੂ ਮੈਨੂੰ ਪਾਣੀ ਲਈ ਕਹਿੰਦਾ ਤਾਂ ਮੈਂ ਕਹਿ ਦਿੰਦਾ, 'ਤੂੰ ਆਪ ਹੀ ਤੌੜੇ ਵਿੱਚੋਂ ਪਾ ਲੈ।' ਪਰ ਮੇਲੂ ਤੌੜੇ ਨੂੰ ਹੱਥ ਨਾ ਲਾਉਂਦਾ। ਰੋਟੀ ਖਾਣ ਮੌਕੇ ਉਹ ਕੌਲਾ ਤੇ ਕੌਲੀ ਲੈ ਕੇ ਕੰਧੋਲੀ ਕੋਲ ਆ ਬੈਠਦਾ। ਮਾਂ ਦੇ ਕਹਿਣ 'ਤੇ ਉਹ ਛੋਟੀ ਜਿਹੀ ਕੌਲੀ ਵੀ ਲੈ ਆਇਆ ਸੀ। ਉਚਾਈ ਤੋਂ ਹੀ ਉਸਦੇ ਹੱਥਾਂ 'ਤੇ ਰੋਟੀਆਂ ਸੁੱਟ ਦਿੱਤੀਆਂ ਜਾਂਦੀਆਂ। ਬਿਨਾਂ ਭਾਂਡੇ ਨਾਲ ਭਾਂਡਾ ਲਾਏ ਉਸਦੇ ਕੌਲੇ ਵਿੱਚ ਪਾਣੀ ਅਤੇ ਕੌਲੀ ਵਿੱਚ ਦਾਲ ਸਬਜ਼ੀ ਆਦਿ ਪਾ ਦਿੱਤੀ ਜਾਂਦੀ। ਸ਼ਾਮ ਨੂੰ ਮਾਂ ਉਸਨੂੰ ਤੌੜੀ ਵਾਲੇ ਦੁੱਧ ਦਾ ਇੱਕ ਪਲਾ ਜ਼ਰੂਰ ਪਾ ਦਿੰਦੀ। ਕੌਲੇ ਵਿੱਚ ਕੁੱਝ ਵੀ ਪੀਤਾ ਹੋਵੇ ਭਾਵੇਂ ਪਾਣੀ ਹੀ ਪੀਤਾ ਹੋਵੇ, ਮੇਲੂ ਉਸੇ ਵਕਤ ਮਿੱਟੀ ਨਾਲ ਮਾਂਜ ਦਿੰਦਾ। ਕੌਲੇ ਨੂੰ ਉਹ ਲਿਸ਼ਕਾ ਕੇ ਰੱਖਦਾ। ਜਦੋਂ ਮੇਲੂ ਪਾਣੀ ਪੀ ਕੇ ਵੀ ਕੌਲਾ ਮਾਂਜਣ ਲੱਗਦਾ ਤਾਂ ਪਿਤਾ ਜੀ ਗੁੱਸੇ ਤੇ ਹਾਸੇ ਦੇ ਰਲਵੇਂ ਮਿਲਵੇਂ ਪ੍ਰਭਾਵ ਨਾਲ ਕਹਿੰਦੇ, 'ਜਾਤੇ, ਕੀ ਲੱਗ ਗਿਆ ਕੌਲੇ ਨੂੰ ਪਾਣੀ ਹੀ ਤਾਂ ਪੀਤੈ, ਐਵੇਂ ਜਾਤਾਂ ਨੂੰ ਆਦਰ ਹੁੰਦੀ ਐ ਦੋ ਮਿੰਟ ਬਹਿਣ ਦੀ।'

ਮੇਲੂ ਨੂੰ ਬੈਠਣ ਦਾ ਕੋਈ ਲਾਲਚ ਨਹੀਂ ਸੀ। ਪਰ ਜਿਵੇਂ ਉਸਦੇ ਬਾਪ-ਦਾਦੇ ਕਰਦੇ ਆਏ ਸਨ ਉਹ ਤਾਂ ਉਵੇਂ ਹੀ ਕਰਦਾ ਸੀ ਤੇ ਉਹ ਪਾਣੀ ਪੀ ਕੇ ਵੀ ਕੌਲਾ ਮਾਂਜਦਾ ਰਿਹਾ।

ਮੇਲੂ ਦਾ ਪਿਉ, ਦਾਦਾ ਤੇ ਦੋ ਚਾਚੇ ਜੱਟਾਂ ਨਾਲ ਸੀਰੀ ਲੱਗਦੇ। ਸਾਰੇ ਮਜ਼ਬੀਆਂ ਨਾਲੋਂ ਉਹ ਵੱਧ ਮਿਹਨਤੀ ਤੇ ਇਮਾਨਦਾਰ ਗਿਣੇ ਜਾਂਦੇ ਸਨ। ਦੂਜੇ ਸੀਰੀਆਂ ਦੇ ਮੁਕਾਬਲੇ ਉਹਨਾਂ ਦਾ ਹਿੱਸਾ ਵੀ ਵੱਧ ਹੁੰਦਾ ਸੀ। ਰੰਗ ਵੀ ਉਨ੍ਹਾਂ ਦੇ ਕਾਲੇ ਨਹੀਂ ਸਨ। ਕਈ ਉਹਨਾਂ ਨੂੰ ਛੇੜਦੇ ਕਿ ਉਹ ਮਜ਼ਬੀਆਂ ਵਿੱਚੋਂ ਨਹੀਂ ਹਨ ਤਾਂ ਉਹ ਹੱਸ ਪੈਂਦੇ। ਪਿੰਡ ਦਾ ਇੱਕ ਨੌਜਵਾਨ, ਜਿਸ ਕੋਲ ਚੰਗੀ ਜ਼ਮੀਨ ਸੀ ਤੇ ਪਿੱਛੇ ਜਿਹੇ ਉਹ ਨਵਾਂ ਟਰੈਕਟਰ ਵੀ ਲੈ ਆਇਆ ਸੀ, ਉਹ ਮੇਲੂ ਦੇ ਇੱਕ ਚਾਚੇ ਨਾਲ ਏਨਾ ਘੁਲ ਗਿਆ ਸੀ ਕਿ ਖੇਤ ਅਤੇ ਮੇਲੂ ਦੇ ਘਰੇ ਉਹ ਇੱਕੋ ਭਾਂਡੇ ਵਿੱਚ ਖਾ ਲੈਂਦੇ। ਲੋਕ ਚਰਚਾ ਕਰਦੇ ਤੇ ਕਈਆਂ ਦਾ ਮੱਤ ਸੀ ਕਿ ਉਸ ਨੌਜਵਾਨ ਦੇ ਮੇਲੂ ਦੀ ਚਾਚੀ ਨਾਲ ਸਬੰਧ ਹਨ।

ਮੇਲੂ ਨੇ ਕੰਮ ਤੋਂ ਕਦੇ ਵੀ ਛੁੱਟੀ ਨਹੀਂ ਕੀਤੀ ਸੀ। ਇੱਕ ਦਿਨ ਉਹ ਕੰਮ 'ਤੇ ਨਾ ਆਇਆ ਤਾਂ ਉਸਦੀ ਮਾਂ ਦੱਸ ਗਈ ਕਿ ਮੇਲੂ ਬਿਮਾਰ ਹੈ। ਉਹ ਸਾਡੇ ਗੁਆਂਢ ਹੀ ਦੋ ਤਿੰਨ ਘਰਾਂ ਦਾ ਗੋਹਾ-ਕੂੜਾ ਕਰਦੀ ਸੀ। ਮੇਲੂ ਅਗਲੇ ਦਿਨ ਵੀ ਕੰਮ 'ਤੇ ਨਾ ਆਇਆ ਤਾਂ ਮੈਂ ਉਸਦਾ ਪਤਾ ਲੈਣ ਗਿਆ।

ਪਿੰਡ ਦੇ ਚੜ੍ਹਦੇ ਵਾਲੇ ਪਾਸੇ ਵਿਹੜੇ ਵਿੱਚ ਮੇਲੂ ਕਾ ਘਰ ਸੀ। ਤਿੰਨ ਕੱਚੇ ਕੋਠੇ, ਵਿਹੜੇ ਦੀ ਕੰਧ ਵੀ ਨੀਵੀਂ ਅਤੇ ਕੱਚੀ ਪਰ ਗਲੀ ਵਾਲੇ ਪਾਸੇ ਬਾਰ ਅਤੇ ਅੱਗਾ ਪੱਕੀਆਂ ਇੱਟਾਂ ਦਾ ਬਣਿਆ ਹੋਇਆ ਸੀ। ਕੋਈ ਪੰਦਰਾਂ ਕੁ ਮਰਲੇ ਦਾ ਘਰ ਸੀ। ਸਾਰੇ ਵਿਹੜੇ ਵਿਚੋਂ ਮੇਲੂ ਕਾ ਘਰ ਵੱਡਾ ਸੀ ਤੇ ਸੋਹਣਾ ਸੀ। ਸ਼ਾਇਦ ਇਹ ਮੇਲੂ ਕਾ ਘਰ ਹੀ ਸੀ ਜਿਸ ਵਿੱਚ ਕੋਈ ਪੱਕੀ ਇੱਟ ਵੀ ਲੱਗੀ ਹੋਈ ਸੀ। ਬਹੁਤੇ ਮਜ਼ਬੀਆਂ ਦੇ ਘਰ ਤਾਂ ਪੰਜ-ਪੰਜ ਚਾਰ-ਚਾਰ ਮਰਲਿਆਂ ਦੇ ਇਕ ਕੱਚੇ ਕੋਠੇ ਵਾਲੇ ਘਰ ਸਨ। ਬਹੁਤਿਆਂ ਦੇ ਤਾਂ ਬਾਹਰਲਾ ਵਲਗਣ ਵੀ ਨਹੀਂ ਸੀ। ਮੇਲੂ ਕੇ ਵਿਹੜੇ ਵਿੱਚ ਦੋ ਗਾਈਆਂ, ਇਕ ਝੋਟੀ ਤੇ ਤਿੰਨ ਚਾਰ ਬੱਕਰੀਆਂ ਬੰਨ੍ਹੀਆਂ ਹੋਈਆਂ ਸਨ। ਇਕ ਕੋਠੇ ਦੇ ਮੂਹਰੇ ਡੱਠੇ ਢਿੱਲੇ ਜਿਹੇ ਵਾਣ ਦੇ ਮੰਜੇ 'ਤੇ ਮੇਲੂ ਪਿਆ ਸੀ ਤੇ ਕੋਲ ਇਕ ਚਾਰ ਪੰਜ ਸਾਲ ਦਾ ਨੰਗ ਧੜੰਗਾ ਬਾਲ ਖੇਡ ਰਿਹਾ ਸੀ।

'ਕਿਵੇਂ ਐ ਮੇਲੂ?' ਮੈਂ ਉਸਨੂੰ ਬਾਂਹ ਫੜਕੇ ਪੁੱਛਿਆ। ਉਸਦਾ ਪਿੰਡਾ ਗਰਮ ਸੀ।

'ਠੀਕ ਐ ਚਾਚਾ।' ਮੇਲੂ ਦਾ ਉੱਤਰ ਸੀ।

'ਕਿਵੇਂ ਐ ਬਾਈ... ?' ਕੋਈ ਜਣਾ ਸਾਇਕਲ 'ਤੇ ਜਾਂਦਾ-ਜਾਂਦਾ ਮੈਨੂੰ ਕਹਿ ਗਿਆ ਸੀ।

ਤਾਇਆ ਊਂਘ ਰਿਹਾ ਸੀ। ਰਿੰਦਰ ਅੰਦਰ ਚਲਾ ਗਿਆ ਸੀ।

'ਕੋਈ ਦਵਾਈ ਲਈ ਐ ?' ਮੈਂ ਪੁੱਛਿਆ ਸੀ।

'ਹਾਂ, ਬੰਸੀ ਤੋਂ ਟੀਕਾ ਲਵਾਇਆ ਸੀ। ਕਹਿੰਦਾ ਸੀ ਅੱਜ ਬੁਖਾਰ ਲਹਿਜੂ। ਮੈਂ ਕੱਲ ਨੂੰ ਆਊਂ ਕੰਮ 'ਤੇ।' ਮੇਲੂ ਨੇ ਹੌਸਲੇ ਨਾਲ ਜਵਾਬ ਦਿੱਤਾ।

ਬੰਸੀ ਸਾਡੇ ਪਿੰਡ ਦਾ ਬਾਣੀਆ ਸੀ ਤੇ ਉਹ ਵਿਹੜੇ ਵਿੱਚ ਪਰਚੂਨ ਦੀ ਦੁਕਾਨ ਕਰਦਾ ਸੀ। ਥੋੜ੍ਹੀ ਬਹੁਤ ਉਹ ਡਾਕਟਰੀ ਵੀ ਕਰ ਲੈਂਦਾ ਸੀ। ਸਾਰੇ ਮਜ਼ਬੀ ਸਿੱਖ ਪਰਿਵਾਰਾਂ ਦਾ ਉਹ ਫੈਮਿਲੀ ਡਾਕਟਰ ਸੀ। ਉਹ ਪਸ਼ੂਆਂ ਦਾ ਇਲਾਜ ਵੀ ਕਰ ਲੈਂਦਾ ਸੀ। ਉਹਦੇ ਬਾਰੇ ਪਿੰਡ 'ਚ ਕਈ ਟੋਟਕੇ ਮਸ਼ਹੂਰ ਸਨ। ਉਹ ਪਸ਼ੂ ਨੂੰ ਵੇਖ ਕੇ ਕਹਿੰਦਾ, 'ਲੈ ਇਹਨੂੰ ਤਾਂ ਤਿੰਨ ਸੌ ਇਕੱਤਰ ਤਾਪ ਚੜ੍ਹਿਐ।' ਇਹ ਹੋਰ ਟੋਟਕਾ ਇਹ ਸੀ ਕਿ ਕਿਸੇ ਦੇ ਕੱਟੇ ਦਾ ਇਲਾਜ ਕਰਦਿਆਂ ਉਸਨੇ ਵੀਹ ਰੁਪਏ ਦਾ ਬਿੱਲ ਬਣਾ ਲਿਆ ਜਦੋਂ ਕਿ ਕੱਟੇ ਦੀ ਕੀਮਤ ਦਸ ਰੁਪਏ ਸੀ।

ਤੇ ਅਗਲੇ ਦਿਨ ਮੇਲੂ ਕੰਮ 'ਤੇ ਆ ਕੇ ਫਿਰ ਉਵੇਂ ਵਾਂਗ ਘੁੰਮਣ ਲੱਗ ਪਿਆ।

ਇਕ ਸਾਲ ਦਾ ਸਮਾਂ ਪੂਰਾ ਹੋਣ ਵਾਲਾ ਸੀ। ਸਾਲ ਪੂਰਾ ਹੋਣ ਤੋਂ ਪਹਿਲਾਂ ਹੀ ਮੇਲੂ ਦੀ ਮਾਂ ਨੇ ਉਸਨੂੰ ਕਿਸੇ ਹੋਰ ਘਰ ਨਾਲ ਪੱਕਾ ਕਰ ਦਿੱਤਾ। ਉਸ ਘਰ ਦਾ ਉਹ ਗੋਹਾ ਕੂੜਾ ਵੀ ਕਰਦੀ ਸੀ। ਇਸ ਵਾਰ ਉਸਨੇ ਮੇਲੂ ਨੂੰ ਸਾਲ ਦੇ ਚਾਰ ਸੌ 'ਤੇ ਲਾਇਆ ਸੀ ਤੇ ਦੋ ਸੌ ਉਸਨੇ ਪਹਿਲਾਂ ਹੀ ਲੈ ਕੇ ਵਰਤ ਲਏ ਸਨ ਜਦੋਂ ਮੇਰੀ ਮਾਂ ਨੂੰ ਪਤਾ ਲੱਗਿਆ ਤਾਂ ਉਹ ਬਹੁਤ ਤਿਲਮਿਲਾਈ। ਉਸਨੇ ਕਿਹਾ ਕਿ ਅਸੀਂ ਸਾਲ ਦੇ ਪੰਜਾਹ ਵੱਧ ਦੇ ਦੇਵਾਂਗੇ ਪਰ ਬਸੰਤ ਕੌਰ ਅੜੀ ਰਹੀ ਕਿ 'ਅੰਮਾਂ ਜੀ ਮੈਂ ਤਾਂ ਜ਼ੁਬਾਨ ਕਰ ਲਈ ਹੈ ਹੁਣ ਨਹੀਂ ਬਦਲਦੀ, ਤੂੰ ਭਾਵੇਂ ਉਨ੍ਹਾਂ ਨਾਲੋਂ ਸੌ ਵੱਧ ਦੇ-ਦੇ'। ਪਿਤਾ ਜੀ ਨੇ ਮੇਲੂ ਦੇ ਬਾਪ ਨੂੰ ਵੀ ਕਿਹਾ ਪਰ ਉਸਦਾ ਕਹਿਣਾ ਸੀ ਕਿ ਇਸ ਮਾਮਲੇ ਵਿਚ ਬਸੰਤ ਕੌਰ ਦੀ ਹੀ ਚੱਲਣੀ ਹੈ ਜਿਵੇਂ ਉਹ ਕਹੂ ਉਸੇ ਤਰ੍ਹਾਂ ਹੀ ਹੋਊ।



'ਮੇਲੂ ਸਾਡੇ ਘਰ ਮੌਜ ਕਰਦੈ। ਖੰਡ ਦੀ ਚਾਹ ਦਿੰਦੇ ਹਾਂ। ਦੋ ਵੇਲੇ ਦਾਲ ਸਬਜ਼ੀ ਨਾਲ ਰੋਟੀ ਖਾਂਦੈ। ਉਹਨਾਂ ਦੇ ਘਰ ਤਾਂ ਇਹਨੂੰ ਚੱਟਨੀ ਨਾਲ ਰੋਟੀ ਮਿਲਿਆ ਕਰੂ।' ਮਾਂ ਕਿਸੇ ਨਾ ਕਿਸੇ ਕੋਲ ਗੱਲ ਛੇੜਦੀ।

'ਇਹਨਾਂ ਲੋਕਾਂ ਨੂੰ ਖਾਣ ਦੀ ਨਹੀਂ, ਪੈਸਿਆਂ ਦੀ ਹੁੰਦੀ ਹੈ।' ਅਗਲਾ ਅੱਗੋਂ ਜਵਾਬ ਦਿੰਦਾ।

ਸਾਨੂੰ ਸਾਰੇ ਟੱਬਰ ਨੂੰ ਹੀ ਮੇਲੂ ਦੇ ਹਟ ਜਾਣ ਦਾ ਬਹੁਤ ਫਿਕਰ ਸੀ। ਮੱਝ ਨੂੰ ਸੰਭਾਲਣ ਤੋਂ ਇਲਾਵਾ ਉਹ ਸਾਡੇ ਸਾਰਿਆਂ ਦੇ ਹੋਰ ਵੀ ਨਿੱਕੇ ਮੋਟੇ ਕੰਮ ਬੜੀ ਹੁਸ਼ਿਆਰੀ ਨਾਲ ਕਰਦਾ ਸੀ।

ਮੈਂ ਉਸਨੂੰ ਪਹਿਲੀ ਦਾ ਕਾਇਦਾ ਲਿਆ ਦਿੱਤਾ ਸੀ ਤੇ ਵਿਹਲੇ ਟਾਇਮ ਉਸਨੂੰ ਪੜ੍ਹਾਉਣ ਲੱਗ ਪਿਆ ਸੀ। ਮੈਨੂੰ ਉਮੀਦ ਸੀ ਕਿ ਮੇਲੂ ਹੁਸ਼ਿਆਰ ਹੈ ਤੇ ਜਲਦੀ ਹੀ ਪੜ੍ਹਨਾ ਸਿੱਖ ਜਾਵੇਗਾ। ਮੇਰੀ ਗੱਲ ਸੀ ਵੀ ਠੀਕ- ਮੇਲੂ ਛੇਤੀ ਹੀ ਪੈਂਤੀ ਸਿੱਖ ਗਿਆ ਸੀ ਤੇ ਅੱਖਰ ਜੋੜ ਜੋੜ ਪੜ੍ਹਨ ਲੱਗ ਗਿਆ ਸੀ। ਉਸਦੇ ਹਟਣ ਦੇ ਦਿਨ ਨੇੜੇ ਆ ਰਹੇ ਸਨ ਤੇ ਅਜੇ ਉਹ ਅੱਧਾ ਕਾਇਦਾ ਹੀ ਪੜ੍ਹ ਸਕਿਆ ਸੀ ਕਿ ਉਸਦੇ ਦਿਨ ਪੂਰੇ ਹੋ ਗਏ। ਅਗਲੇ ਦਿਨ ਉਸਨੇ ਨਵੇਂ ਘਰ ਪਾਲੀ ਦਾ ਕੰਮ ਸੰਭਾਲਣਾ ਸੀ।

ਉਸ ਦਿਨ ਵੀ ਉਸਨੇ ਪਹਿਲਾਂ ਵਾਂਗ ਹੀ ਕੰਮ ਕੀਤਾ ਤੇ ਸ਼ਾਮ ਨੂੰ ਰੋਟੀ ਖਾ ਕੇ ਕੌਲਾ-ਕੌਲੀ ਮਾਂਜ ਕੇ ਆਪਣੇ ਖੱਦਰ ਦੇ ਸਾਫੇ ਦੇ ਲੜ ਬੰਨ੍ਹ ਲਏ, ਸਾਫ਼ਾ ਮੋਢੇ ਉੱਤੋਂ ਦੀ ਸਿੱਟ ਲਿਆ ਤੇ ਬੋਲਿਆ, 'ਚੰਗਾ ਅੰਬੇ, ਚੰਗਾ ਚਾਚਾ'।

ਮੈਂ ਦਰਵਾਜ਼ੇ ਦੇ ਬਾਰ ਤੱਕ ਉਸਦੇ ਮਗਰ ਗਿਆ ਤੇ ਉਹ ਤੇਜ਼-ਤੇਜ਼ ਤੁਰਦਾ ਗਲੀ ਦੇ ਹਨੇਰੇ ਵਿਚ ਅਲੋਪ ਹੋ ਗਿਆ। ਮੈਂ ਵਾਪਸ ਮੁੜਿਆ ਤੇ ਵੇਖਿਆ ਕਿ ਮੇਲੂ ਦਾ ਕਾਇਦਾ ਤਾਂ ਕੰਧੋਲੀ 'ਤੇ ਹੀ ਪਿਆ ਸੀ।

ਮੈਂ ਮੰਜੇ 'ਤੇ ਆ ਡਿੱਗਿਆ ਤੇ ਉੱਚੀ-ਉੱਚੀ ਰੋਣ ਲੱਗ ਪਿਆ।

ਕੀ ਗੱਲ ਹੋ ਗਈ ਉਏ ?' ਬਾਹਰੋਂ ਆਉਂਦਿਆਂ ਹੀ ਪਿਤਾ ਜੀ ਨੇ ਪੁੱਛਿਆ।

'ਲੈ ਰੋਵੇ ਨਾ, ਅੱਜ ਮੇਲੂ ਹਟ ਗਿਆ।' ਨੇੜੇ ਆ ਕੇ ਮਾਂ ਨੇ ਕਿਹਾ।

'ਵਾਹ ਓਏ। ਵਾਹ...।' ਕਹਿਕੇ ਪਿਤਾ ਜੀ ਉੱਚੀ-ਉੱਚੀ ਹੱਸਣ ਲੱਗ ਪਏ।

'ਐਵੇਂ ਡੁੱਸਕੀ ਜਾਨੈ, ਪਾਲੀਆਂ ਦਾ ਘਾਟਾ ਐ ਕੋਈ ? ਇਕ ਦੋ ਦਿਨਾਂ ਵਿਚ ਭਾਲ ਕੇ ਹੋਰ ਲਾ ਲਵਾਂਗੇ।' ਚੁੱਲ੍ਹੇ ਚੌਂਤਰੇ ਵੱਲ ਮੁੜਦੀ ਮਾਂ ਨੇ ਕਿਹਾ।

ਪਰ ਮੈਂ ਆਪਣਾ ਦਿਲ ਹੌਲਾ ਕਰਕੇ ਹੀ ਰੋਣੋਂ ਹਟਿਆ।

ਅਗਲੇ ਦਿਨ ਮਾਂ ਨੇ ਆਂਢ-ਗੁਆਂਢ ਦੀਆਂ ਕਈ ਬੁੜੀਆਂ ਨੂੰ ਦੱਸਿਆ, 'ਸਾਡਾ ਛੋਹਰ ਤਾਂ ਬਾਹਲਾ ਕਮਲੈ। ਲੈ ਕੱਲ੍ਹ ਜਦੋਂ ਮੇਲੂ ਆਪਣਾ ਕੌਲਾ ਚੁੱਕ ਕੇ ਗਿਆ ਤਾਂ ਇਹ ਡੁਸਕਣ ਲੱਗ ਪਿਆ। ਕੋਈ ਦਸ-ਪੰਦਰਾਂ ਮਿੰਟ ਰੋਣੋਂ ਨਹੀਂ ਹਟਿਆ।' ਸੁਣਨ ਵਾਲਾ ਅੱਗੋਂ ਹੱਸ ਪੈਂਦਾ ਤੇ ਹੈਰਾਨ ਹੁੰਦਾ। ਫਿਰ ਅਸੀਂ ਹੋਰ ਪਾਲੀ ਲਾ ਲਿਆ ਤੇ ਕਿੰਨੇ ਹੀ ਪਾਲੀ ਲੱਗਦੇ ਰਹੇ ਤੇ ਹਟਦੇ ਰਹੇ ਪਰ ਉਨ੍ਹਾਂ ਵਿਚੋਂ ਮੇਲੂ ਵਰਗਾ ਕੋਈ ਨਹੀਂ ਸੀ।

ਮੇਲੂ ਨਾਲ ਮੇਰੀ ਇਕ ਹੋਰ ਵੀ ਸਾਂਝ ਸੀ।

ਮੇਲੂ ਮੇਰਾ ਰਾਜ਼ਦਾਰ ਵੀ ਸੀ।

ਜਿਹੜੇ ਘਰਾਂ ਦਾ ਮੇਲੂ ਦੀ ਮਾਂ ਗੋਹਾ ਕੂੜਾ ਸਿੱਟਦੀ ਸੀ ਉਨ੍ਹਾਂ ਵਿਚੋਂ ਇਕ ਘਰ ਦੀ ਕੁੜੀ ਰਾਜੀ ਮੇਰੇ ਨਾਲ ਅਠਵੀਂ ਤੱਕ ਪਿੰਡ ਦੇ ਸਕੂਲ ਵਿਚ ਪੜ੍ਹੀ ਸੀ। ਅੱਠਵੀਂ ਪਾਸ ਕਰਨ 'ਤੇ ਘਰਦਿਆਂ ਨੇ ਉਸਨੂੰ ਪੜ੍ਹਣੋਂ ਹਟਾ ਲਿਆ ਸੀ। ਪਰ ਅਸੀਂ ਕੁੱਝ ਮੁੰਡੇ ਕੁੜੀਆਂ ਨਾਲ ਦੇ ਪਿੰਡ ਦੇ ਸਕੂਲ ਵਿਚ ਪੜ੍ਹਣ ਲੱਗ ਪਏ ਸਾਂ। ਦਸਵੀਂ ਤੋਂ ਬਾਅਦ ਮੈਂ ਸ਼ਹਿਰ ਕਾਲਜ ਪੜ੍ਹਣ ਲੱਗ ਗਿਆ ਸਾਂ। ਰਾਜੀ ਇਨ੍ਹਾਂ ਦੋ ਤਿੰਨ ਸਾਲਾਂ ਵਿਚ ਬਹੁਤ ਸੋਹਣੀ ਨਿਕਲ ਆਈ ਸੀ। ਗੋਰਾ ਰੰਗ, ਤਿੱਖੇ ਨੈਣ ਨਕਸ਼, ਲੰਬੀ ਤੇ ਪਤਲੀ ਰੂਤ ਦੀ ਲਗਰ ਵਰਗੀ ਸੀ ਰਾਜੀ। ਕਾਲਜ ਦੀ ਕੋਈ ਵੀ ਕੁੜੀ ਰਾਜੀ ਜਿੰਨੀ ਸੋਹਣੀ ਨਹੀਂ ਸੀ। ਰਾਜੀ ਸ਼ੌਕ ਨਾਲ ਹੀ ਮੇਲੂ ਦੀ ਮਾਂ ਨਾਲ ਕੂੜੇ ਦਾ ਇਕ ਅੱਧ ਬੱਠਲ ਸਿੱਟਣ ਆ ਜਾਂਦੀ। ਉਹਨਾਂ ਦੀ ਰੂੜੀ ਸਾਡੇ ਘਰ ਤੋਂ ਅੱਗੇ ਸੀ। ਇਸ ਵਿਹਲੇ ਥਾਂ ਵਿਚ ਹੋਰ ਘਰਾਂ ਦੀਆਂ ਵੀ ਰੂੜੀਆਂ ਅਤੇ ਗੁਹਿਰੇ ਸਨ। ਸਵੇਰ ਵੇਲੇ ਗੋਹਾ ਕੂੜਾ ਸਿੱਟਣ ਵਾਲੀਆਂ ਸਾਡੇ ਘਰ ਅੱਗੋਂ ਦੀ ਲੰਘਦੀਆਂ। ਰਾਜੀ ਲੰਘਣ ਵੇਲੇ ਸਾਡੇ ਬਾਰ ਵਿਚ ਆ ਕੇ ਥੋੜ੍ਹੀ ਜਿਹੀ ਧੌਣ ਟੇਢੀ ਕਰਕੇ ਵੇਖਦੀ। ਵਿਹੜੇ ਵਿਚ ਤੁਰੇ ਫਿਰਦੇ ਦੀ ਮੇਰੀ ਨਿਗ੍ਹਾ ਵੀ ਬਾਰ ਵੱਲ ਹੁੰਦੀ।

ਹੌਲੀ-ਹੌਲੀ ਰਾਜੀ ਦੇ ਸਾਡੇ ਬਾਰ ਮੂਹਰੋਂ ਲੰਘਣਾ ਦੇ ਗੇੜੇ ਵੱਧ ਗਏ। ਹੁਣ ਉਹ ਦੁਪਹਿਰ ਅਤੇ ਸ਼ਾਮ ਨੂੰ ਵੀ ਬੱਠਲ ਵਿਚ ਥੋੜ੍ਹਾ ਜਿਹਾ ਕੂੜਾ ਪਾ ਕੇ ਰੂੜੀ 'ਤੇ ਸਿੱਟਣ ਆਉਣ ਲੱਗ ਪਈ ਸੀ। ਉਹ ਪਥੱਕਣ ਵਿਚ ਪਾਥੀਆਂ ਪੱਥਦੀ ਜਾਂ ਪਾਥੀਆਂ ਦੀ ਇੱਧਰ-ਉੱਧਰ ਚੋਕ ਧਰ ਕਰਦੀ। ਹਰ ਵਾਰ ਲੰਘਣ ਲੱਗੀ ਉਹ ਸਾਡੇ ਘਰ ਵੱਲ ਜ਼ਰੂਰ ਝਾਕਦੀ ਤੇ ਸਾਡੀਆਂ ਨਜ਼ਰਾਂ ਮਿਲ ਜਾਂਦੀਆਂ। ਪਰ ਗਲੀ ਵਿੱਚ ਜੇਕਰ ਅਸੀਂ ਆਹਮੋ-ਸਾਹਮਣੇ ਹੋ ਜਾਂਦੇ ਤਾਂ ਉਹ ਮੇਰੇ ਵੱਲ ਝਾਕਦੀ ਹੀ ਨਾ ਤੇ ਆਪਣੀ ਨਿਗ੍ਹਾ ਸਿੱਧੀ ਰੱਖਦੀ। ਰਾਜੀ ਦੇ ਨਾਲ ਹਮੇਸ਼ਾਂ ਉਹਨਾਂ ਦਾ ਕਾਲਾ ਕੁੱਤਾ ਆਉਂਦਾ ਜਿਹੜਾ ਉਹਦੇ ਅੱਗੇ ਅੱਗੇ ਭੱਜਦਾ ਰਹਿੰਦਾ ਤੇ ਸਾਡੇ ਘਰ ਤੋਂ ਅੱਗੇ ਵਿਹਲੇ ਪਏ ਘਰ ਦੇ ਬਾਰ ਅੱਗੇ ਗੱਡੀ ਲੱਕੜੀ ਦੀ ਮੁੰਨੀ ਦੇ ਕੋਲ ਆ ਕੇ ਆਪਣੀ ਪਿਛਲੀ ਇਕ ਲੱਤ ਚੁੱਕ ਕੇ ਖੜੇ ਜਾਂਦਾ। ਉਹ ਜਾਂਦਾ ਤੇ ਆਉਂਦਾ ਮੁੰਨੀ 'ਤੇ ਪਿਸ਼ਾਬ ਜ਼ਰੂਰ ਕਰਦਾ। ਕੁੱਤੇ ਕਰਕੇ ਮੈਨੂੰ ਰਾਜੀ ਦੇ ਆਉਣ ਦਾ ਪਹਿਲਾਂ ਹੀ ਪਤਾ ਲੱਗ ਜਾਂਦਾ।

ਰਾਜੀ ਹੌਲੀ - ਹੌਲੀ ਥੋੜ੍ਹੀ ਜਿਹੀ ਧੌਣ ਟੇਢੀ ਕਰਕੇ ਤੁਰਦੀ। ਇਕ ਦਿਨ ਜਦੋਂ ਉਹ ਰੂੜੀ ਤੋਂ ਖਾਲ੍ਹੀ ਬੱਠਲ ਸਿਰ 'ਤੇ ਰੱਖ ਕੇ ਮੁੜ ਰਹੀ ਸੀ ਤੇ ਹੌਲੀ-ਹੌਲੀ ਬਾਹਾਂ ਮਾਰ ਕੇ ਮਟਕ ਨਾਲ ਤੁਰ ਰਹੀ ਸੀ ਤਾਂ ਧੌਣ ਥੋੜ੍ਹੀ ਜਿਹੀ ਵੱਧ ਟੇਢੀ ਹੋ ਗਈ ਤੇ ਡਿੱਗਣ ਲੱਗੇ ਬੱਠਲ ਨੂੰ ਬਚਣ ਲਈ ਕਮਾਨ ਵਾਂਗ ਟੇਢੀ ਹੋ ਗਈ। ਬੱਠਲ ਬੋਚ ਕੇ ਉਸਨੇ ਪਿੱਛੇ ਵੱਲ ਮੁੜ ਕੇ ਮੇਰੇ ਵੱਲ ਮੁਸਕਰਾ ਕੇ ਵੇਖਿਆ। ਉਸਨੂੰ ਪਤਾ ਸੀ ਕਿ ਮੈਂ ਥੋੜ੍ਹਾ ਜਿਹਾ ਹੀ ਪਿੱਛੇ ਆ ਰਿਹਾ ਹਾਂ। ਗਲੀ ਵਿਚ ਹੋਰ ਕੋਈ ਨਹੀਂ ਸੀ।

ਮੈਨੂੰ ਉਸਦੀ ਇਹ ਅਦਾ ਬਹੁਤ ਹੀ ਪਿਆਰੀ ਲੱਗੀ।

ਕਾਲਜ 'ਚ ਮੈਨੂੰ ਪਿੰਡ ਭੱਜਣ ਦੀ ਕਾਹਲ ਲੱਗੀ ਰਹਿੰਦੀ।

ਮੈਨੂੰ ਰਾਜੀ ਦੀ ਪੈੜ ਦੀ ਪਛਾਣ ਸੀ। ਉਸਦੀਆਂ ਚੱਪਲਾਂ ਦੀ ਅੱਡੀ ਨਾਲ ਗਲੀ ਦੀ ਮਿੱਟੀ 'ਤੇ ਇਸ ਤਰ੍ਹਾਂ ਉਕਰਿਆ ਜਾਂਦਾ ਜਿਵੇਂ ਅੰਗਰੇਜ਼ੀ ਦੇ ਅੱਖਰ ਡਬਲਯੂ ਦੇ ਪਾਸਿਆਂ 'ਤੇ ਮੋਟੇ-ਮੋਟੇ



ਫੁੱਲ ਸਟਾਪ ਲੱਗੇ ਹੋਣ। ਪੈਰਾਂ ਦੇ ਨਿਸ਼ਾਨ ਤਾਜ਼ੇ ਹੋਣ ਤਾਂ ਪਤਾ ਲੱਗ ਜਾਂਦਾ ਕਿ ਰਾਜੀ ਹੁਣੇ-ਹੁਣੇ ਗਲੀ ਵਿਚੋਂ ਲੰਘੀ ਹੈ ਤੇ ਕਿਸ ਪਾਸੇ ਘਰ ਵੱਲ ਜਾਂ ਆਪਣੀ ਪੱਥਕਣ ਵੱਲ ਗਈ ਹੈ। ਇਕ ਵਾਰਾਂ ਏਵੇਂ ਹੀ ਕਾਲਜੋਂ ਆਉਂਦਾ ਹੀ ਗਲੀ ਵਿਚ ਰਾਜੀ ਦੀਆਂ ਪੈੜਾਂ ਦੇ ਨਿਸ਼ਾਨ ਭਾਲ ਰਿਹਾ ਸਾਂ। ਉਸ ਦਿਨ ਰਾਜੀ ਸਵੇਰ ਵੇਲੇ ਨਹੀਂ ਸੀ ਦਿਸੀ। ਬਾਰ 'ਚ ਖੜ੍ਹੇ ਮੇਲੂ ਨੇ ਮੈਨੂੰ ਹੌਲੀ ਜਿਹੀ ਬੜੇ ਰਾਜ਼ ਨਾਲ ਦੱਸਿਆ,' ਚਾਚਾ, ਰਾਜੀ ਭੂਆ ਨੂੰ ਤਾਂ ਬੁਖਾਰ ਐ, ਸਵੇਰ ਦੀ ਮੰਜੇ 'ਤੇ ਪਈ ਐ।'

ਮੈਂ ਹੈਰਾਨ ਰਹਿ ਗਿਆ ਸੀ। ਇਸਦਾ ਮਤਲਬ ਮੇਲੂ ਨੂੰ ਮੇਰੀ ਹਰਕਤ ਦਾ ਪਤਾ ਸੀ ਕਿ ਮੈਂ ਗਲੀ ਵਿਚੋਂ ਕੀ ਲੱਭ ਰਿਹਾ ਹਾਂ। ਕੱਪੜੇ ਬਦਲਕੇ ਮੈਂ ਰਾਜੀ ਕੇ ਬਾਰ ਅੱਗੋਂ ਦੀ ਲੰਘਿਆ। ਉਹ ਵਿਹੜੇ ਵਿਚ ਮੰਜੇ 'ਤੇ ਪਈ ਬਾਰ ਵੱਲ ਹੀ ਝਾਕ ਰਹੀ ਸੀ। ਤਿੰਨ ਚਾਰ ਦਿਨ ਉਹ ਬਿਮਾਰ ਰਹੀ ਤੇ ਮੈਂ ਵੀ ਓਧਰ ਕਿਸੇ ਨਾ ਕਿਸੇ ਬਹਾਨੇ ਜਾਂਦਾ ਰਿਹਾ। ਹੁਣ ਅਕਸਰ ਹੀ ਮੇਲੂ ਮੇਰੇ ਕੋਲ ਰਾਜੀ ਦੀ ਗੱਲ ਕਰਦਾ। ਕਦੇ ਉਹ ਦੱਸਦਾ ਕਿ ਅੱਜ ਰਾਜੀ ਭੂਆ ਆਪਣੇ ਘਰੇ ਆਈ ਸੀ ਤੇ ਅੰਬੋ ਕੋਲ ਕਾਫ਼ੀ ਦੇਰ ਬੈਠੀ ਰਹੀ ਸੀ।

'ਚਾਚਾ ਰਾਜੀ ਕਾ ਅੱਜ ਬੋਤਾ ਬਲਦ ਮਰ ਗਿਆ।'

'ਚਾਚਾ ਰਾਜੀ ਕੇ ਖੇਤ ਇਕ ਹੋਰ ਬੋਰ ਲਾਉਣਗੇ।'

ਇਕ ਦਿਨ ਮੇਲੂ ਨੇ ਮੈਨੂੰ ਦੱਸਿਆ,' ਚਾਚਾ, ਰਾਜੀ ਭੂਆ ਕਹਿੰਦੀ ਸੀ ਤੇਰੇ ਚਾਚੇ ਤੋਂ ਸ਼ਹਿਰੋਂ ਪੱਟ ਦੀਆਂ ਗੋਲਾਂ ਮੰਗਵਾਵਾਂਗੀ।'

ਜਦੋਂ ਵੀ ਰਾਜੀ ਮੈਨੂੰ ਗਲੀ ਵਿਚ ਮਿਲਦੀ ਤਾਂ ਮੈਨੂੰ ਜਾਪਦਾ ਕਿ ਪੱਟ ਦੀਆਂ ਗੋਲਾਂ ਦੀ ਗੱਲ ਕਰੇਗੀ ਪਰ ਉਹ ਹਮੇਸ਼ਾਂ ਸਿੱਧੀ ਝਾਕਦੀ ਲੰਘ ਜਾਂਦੀ।

ਕਈ ਦਿਨਾਂ ਬਾਅਦ ਇਕ ਦਿਨ ਗਲੀ ਵਿਚ ਹੋਰ ਕੋਈ ਨਹੀਂ ਸੀ ਤਾਂ ਮੈਂ ਹੀ ਰਾਜੀ ਨੂੰ ਪੁੱਛ ਲਿਆ,'ਰਾਜੀ ਤੂੰ ਗੋਲਾਂ ਮੰਗਵਾਉਣੀਆਂ ਸਨ?' ਤਾਂ ਤੁਰੀ ਜਾਂਦੀ ਰਾਜੀ ਨੇ ਜਵਾਬ ਦਿੱਤਾ ਸੀ, 'ਬਾਪੂ ਤੋਂ ਮੰਗਾ ਲਈਆਂ ਸਨ, ਉਹ ਸ਼ਹਿਰ ਗਿਆ ਸੀ।'

'ਹੋਰ ਸੁਣਾ ਵੇਰ ਸ਼ਹਿਰ ਦੀ ਕੋਈ ਨਵੀਂ ਤਾਜ਼ੀ?' ਗਿੰਦਰ ਨੇ ਆ ਕੇ ਮੇਰੀ ਬਿਰਤੀ ਭੰਗ ਕਰ ਦਿੱਤੀ।

ਬੱਸ ਠੀਕ ਹੈ।' ਮੈਂ ਸੰਖੇਪ ਜਿਹਾ ਉੱਤਰ ਦਿੱਤਾ।

ਬਾਰ੍ਹਵੀਂ ਕਰਕੇ ਮੈਂ ਤਿੰਨ ਸਾਲ ਪਾਲੀਟੈਕਨਿਕ ਦਾ ਡਿਪਲੋਮਾ ਕਰਨ ਚਲਿਆ ਗਿਆ ਤੇ ਫਿਰ ਕੁਝ ਸਾਲ ਲੁਧਿਆਣੇ ਕਾਰਖਾਨਿਆਂ ਦੀ ਨੌਕਰੀ ਕਾਰਨ ਪਿੰਡ ਨਾਲੋਂ ਕੱਟਿਆ ਜਿਹਾ ਰਿਹਾ।

ਪਿੰਡ ਆਏ ਨੂੰ ਮੇਲੂ ਲੰਘਦਾ ਟੱਪਦਾ ਮਿਲ ਜਾਂਦਾ। ਕਦੇ ਉਹ ਟਰੈਕਟਰ ਟਰਾਲੀ ਤੇ ਕਦੇ ਗੱਡੇ 'ਤੇ ਬੈਠਾ ਜਾ ਰਿਹਾ ਰਿਹਾ ਹੁੰਦਾ। ਹਰ ਵਾਰ ਉਹ ਇਹ ਕਹਿੰਦਾ, 'ਸੁਣਾ ਚਾਚਾ?'

ਤੇ ਮੈਂ ਕਹਿੰਦਾ, 'ਠੀਕ ਐ ਮੇਲੂ।'

ਤੇ ਮੇਲੂ ਨਾਲ ਮੇਰੀ ਸਾਂਝ ਤਾਂ ਉਸ ਦਿਨ ਹੀ ਟੁੱਟ ਗਈ ਸੀ ਜਿਸ ਦਿਨ ਉਹ ਆਪਣਾ ਕੋਲਾ ਕੌਲੀ ਚੁੱਕ ਕੇ ਲੈ ਗਿਆ ਸੀ। ਬੱਸ ਹੁਣ ਤਾਂ 'ਸੁਣਾ ਚਾਚਾ' ਤੇ 'ਠੀਕ ਆ' ਤੱਕ ਹੀ ਸਾਂਝ ਸੀ।

'ਓਏ ਗਿੰਦਰਾ ਮੇਲੂ ਕੀਹਦੇ ਨਾਲ ਸੀਰੀ ਐ।' ਪਾਸੇ ਝਾਕ ਰਹੇ ਗਿੰਦਰ ਨੂੰ ਮੈਂ ਪੁੱਛਿਆ ਤਾਂ ਮੇਰੇ ਸਵਾਲ 'ਤੇ ਉਹ ਹੈਰਾਨ ਹੋਇਆ,' ਮੇਲੂ- ਉਹ ਚੰਦ ਕਾ?'

'ਹਾਂ, ਉਹੀ ਜਿਹੜਾ ਸਾਡੇ ਨਾਲ ਪਾਲੀ ਹੁੰਦਾ ਸੀ।'

'ਕਿਉਂ ?'

'ਬੱਸ ਮਿਲਣੈ।'

'ਕਿਉਂ ?'

'ਐਵੇਂ ਈ।'

'ਬਾਪੂ ਭਲਾ ਮੇਲੂ ਕੀਹਦੇ ਨਾਲ ਸੀਰੀ ਐ ? ਪਹਿਲਾਂ ਤਾਂ ਦੋ ਤਿੰਨ ਸਾਲ ਉਹ ਨੰਬਰਦਾਰਾਂ ਨਾਲ ਹੁੰਦਾ ਸੀ, ਐਤਕੀਂ ਕੀਹਦੇ ਨਾਲ ਐ ?' ਗਿੰਦਰ ਨੇ ਤਾਏ ਨੂੰ ਪੁੱਛਿਆ।

ਸੱਥ ਵਿੱਚ ਤੇ ਗੁਰਦਵਾਰੇ ਬੈਠੇ ਬੈਠਿਆਂ ਕੋਲ ਜਾਣ ਆਉਣ ਕਰਕੇ ਤਾਏ ਕਿਸ਼ਨੇ ਨੂੰ ਪਿੰਡ ਬਾਰੇ ਗਿੰਦਰ ਨਾਲੋਂ ਜ਼ਿਆਦਾ ਪਤਾ ਸੀ।

'ਉਹ ਤਾਂ ਐਤਕੀਂ ਗਿੱਲਾਂ ਨਾਲ ਐ।' ਪਏ-ਪਏ ਤਾਏ ਕਿਸ਼ਨੇ ਨੇ ਜਵਾਬ ਦਿੱਤਾ।

'ਚੱਲ ਯਾਰ ਗਿੰਦਰ ਚੱਲੀਏ, ਮੈਨੂੰ ਤਾਂ ਉਹਨਾਂ ਦੇ ਘਰ ਦਾ ਵੀ ਨਹੀਂ ਪਤਾ ਹੁਣ।' ਮੈਂ ਗਿੰਦਰ ਨੂੰ ਕਿਹਾ ਤਾਂ ਉਹ ਮੇਰੇ ਵੱਲ ਵੇਖਣ ਲੱਗਾ। ਉਸਨੂੰ ਅਜੇ ਵੀ ਯਕੀਨ ਨਹੀਂ ਆ ਰਿਹਾ ਸੀ ਕਿ ਮੈਂ ਮੇਲੂ ਕੋਲ ਚੱਲਣ ਲਈ ਕਹਿ ਰਿਹਾ ਹਾਂ।

'ਵੇਂਹਦਾ ਕੀ ਐਂ ? ਸਕੂਟਰ ਕੱਢ ਲਿਆ।'

ਉਹ ਸਕੂਟਰ ਲੈ ਆਇਆ ਤੇ ਗੇਅਰ ਨਿਊਟਰਲ ਕਰਕੇ ਪਿਛਲੀ ਸੀਟ 'ਤੇ ਬੈਠ ਗਿਆ।

'ਲੈ ਤੂੰ ਹੀ ਚਲਾ।'

ਪਿੰਡ ਦੇ ਦੂਜੇ ਸਿਰੇ ਜਾ ਕੇ ਇਕ ਵੱਡੇ ਸਾਰੇ ਪੱਕੇ ਘਰ ਅੱਗੇ ਜਾ ਕੇ ਗਿੰਦਰ ਬੋਲਿਆ, 'ਬੱਸ ਰੋਕ ਲੈ, ਏਹ ਘਰ ਹੀ ਹੈ ਗਿੱਲਾਂ ਦਾ।'

ਬਾਰ 'ਚ ਸਕੂਟਰ ਰੋਕ ਕੇ ਮੈਂ ਸੀਟ 'ਤੇ ਹੀ ਬੈਠਾ ਰਿਹਾ ਤੇ ਗਿੰਦਰ ਉੱਤਰ ਗਿਆ। ਸਾਹਮਣੇ ਵੱਡੀ ਸਾਰੀ ਪੱਕੀ ਕੰਧੋਲੀ ਦੇ ਬਾਹਰਲੇ ਪਾਸੇ ਇਕ ਆਦਮੀ ਹੱਥ 'ਤੇ ਰੱਖਕੇ ਰੋਟੀ ਖਾ ਰਿਹਾ ਸੀ।

'ਉਹ ਮੇਲੂ ਹੀ ਹੈ।' ਗਿੰਦਰ ਬੋਲਿਆ ਤੇ ਆਵਾਜ਼ ਮਾਰੀ, 'ਓ ਮੇਲੂ।'

ਮੇਲੂ ਨੇ ਰਹਿੰਦੀ ਬੁਰਕੀ ਮੂੰਹ ਵਿੱਚ ਸਿੱਟ ਲਈ ਤੇ ਆਪਣੇ ਕੁੜਤੇ ਨਾਲ ਹੱਥ ਪੂੰਝਦਾ ਹੋਇਆ ਸਾਡੇ ਵੱਲ ਤੁਰ ਪਿਆ।

'ਸੁਣਾ ਚਾਚਾ ?' ਕੋਲ ਆ ਕੇ ਮੇਲੂ ਬੋਲਿਆ ਤੇ ਆਪਣਾ ਸੱਜਾ ਹੱਥ ਮੇਰੇ ਵੱਲ ਵਧਾ ਦਿੱਤਾ।

'ਠੀਕ ਹੈ ਮੇਲੂ, ਤੂੰ ਸੁਣਾ।' ਮੈਂ ਵੀ ਆਪਣਾ ਸੱਜਾ ਹੱਥ ਉਸ ਵੱਲ ਵਧਾ ਦਿੱਤਾ।

ਮੇਲੂ ਦਾ ਹੱਥ ਬੜਾ ਹੀ ਸਖ਼ਤ ਤੇ ਖੁਰਦਰਾ ਜਿਹਾ ਸੀ। ਉਸਦੇ ਹੱਥ ਦੀਆਂ ਲਕੀਰਾਂ ਵਿਚ ਹਰੇਵਾਈ ਜੰਮੀ ਹੋਈ ਸੀ। ਪਹਿਲੀ ਵਾਰ ਮੇਲੂ ਨੇ ਮੇਰੇ ਨਾਲ ਹੱਥ ਮਿਲਾਇਆ ਸੀ।

'ਕਿਵੇਂ ਆਏ ਚਾਚਾ ?' ਮੇਲੂ ਨੇ ਫਿਰ ਪੁੱਛਿਆ।

'ਬੱਸ ਐਵੇਂ ਤੈਨੂੰ ਮਿਲਣ ਆ ਗਏ।' ਮੈਂ ਦੱਸਿਆ।



'ਚਲ ਚਾਚਾ, ਚਾਹ ਬਣਾਉਂਦੇ ਹਾਂ।' ਉਸਨੇ ਕਿਹਾ ਤੇ ਖੜ੍ਹਾ ਰਿਹਾ। ਪਤਾ ਨਹੀਂ ਲੱਗ ਰਿਹਾ ਸੀ ਕਿ ਚਾਹ ਬਣਾਉਂਦੇ ਹਾਂ, ਇੱਥੇ ਗਿੱਲਾਂ ਦੇ ਜਿਨ੍ਹਾਂ ਦਾ ਉਹ ਸੀਰੀ ਸੀ ਜਾਂ ਉਹ ਆਪਣੇ ਘਰੇ ਜਾਣ ਨੂੰ ਕਹਿ ਰਿਹਾ ਸੀ।

'ਨਹੀਂ ਚਾਹ ਦੀ ਕੋਈ ਲੋੜ ਨਹੀਂ, ਹੁਣੇ ਹੀ ਪੀ ਕੇ ਆਏ ਹਾਂ।' ਮੈਂ ਕਿਹਾ।

'ਨਹੀਂ ਬਣਾ ਲੈਂਦੇ ਹਾਂ।' ਕਹਿ ਕੇ ਉਹ ਫੇਰ ਖੜ੍ਹਾ ਰਿਹਾ। ਮੈਨੂੰ ਮੇਲੂ ਬੇਚੈਨ ਜਿਹਾ ਲੱਗਿਆ ਜੋ ਕਦੇ ਘਰ ਦੇ ਵਿਹੜੇ ਵੱਲ ਝਾਕਦਾ ਸੀ ਤੇ ਕਦੇ ਗਲੀ ਵੱਲ ਜਿਹੜੀ ਉਹਨਾਂ ਦੇ ਘਰਾਂ ਵੱਲ ਜਾਂਦੀ ਸੀ।

ਮੇਲੂ ਦੀ ਸਿਹਤ ਕਮਜ਼ੋਰ ਹੀ ਸੀ। ਦਾੜ੍ਹੀ ਵਿੱਚ ਕਈ ਚਿੱਟੇ ਵਾਲ ਸਨ। ਸਿਰ 'ਤੇ ਉਸਨੇ ਸਾਫੇ ਦੇ ਵਲੇਟੇ ਮਾਰੇ ਸਨ ਜਿਨ੍ਹਾਂ ਵਿਚੋਂ ਸਿਰ ਦੇ ਵਧੇ ਵਾਲ ਬਾਹਰ ਨਿਕਲ ਰਹੇ ਸਨ। ਉਸਨੇ ਖੱਦਰ ਦੇ ਮੋਟੇ-ਮੋਟੇ ਚੈੱਕ ਵਾਲਾ ਅੱਧ ਮੈਲਾ ਜਿਹਾ ਕੁੜਤਾ ਪਜਾਮਾ ਪਾਇਆ ਹੋਇਆ ਹੋਇਆ ਸੀ।

'ਉਸੇ ਘਰ ਹੀ ਹੈਂ ਕਿ ਕਿਤੇ ਹੋਰ ਪਾ ਲਿਐ।' ਮੈਂ ਸਵਾਲ ਕੀਤਾ।

ਗਿੰਦਰ ਮੈਨੂੰ ਹੈਰਾਨੀ ਨਾਲ ਵੇਖ ਰਿਹਾ ਸੀ।

'ਹੈ ਤਾਂ ਉਸੇ ਘਰੇ, ਪਰ ਮੈਂ ਆਪਣਾ ਕਮਰਾ ਪਾ ਲਿਆ ਸੀ ਪੱਕਾ। ਬਾਰ ਬਾਰੀਆਂ ਵੀ ਲਵਾ ਲਏ। ਬੱਸ ਪਲੱਸਤਰ ਕਰਵਾਉਣਾ ਰਹਿੰਦਾ ਹੈ।' ਉਸਨੇ ਜਵਾਬ ਦਿੱਤਾ।

'ਤੇ ਜਵਾਕ ?'

'ਇਕ ਕੁੜੀ ਦਸ ਗਿਆਰਾ ਸਾਲ ਦੀ ਐਂ, ਦੂਜੀ ਨੌਂ ਕੁ ਸਾਲ ਦੀ ਐ ਤੇ ਮੁੰਡਾ ਚਾਰ ਕੁ ਸਾਲ ਦਾ ਐ।'

'ਕੁੜੀਆਂ ਪੜ੍ਹਨ ਪਾਈਆਂ ਕਿ ਨਹੀਂ ?'

'ਚਾਚਾ ਪੜ੍ਹਨ ਕਿੱਥੇ ! ਵੱਡੀ ਤਾਂ ਆਪਣੀ ਮਾਂ ਨਾਲ ਗੋਹਾ ਕੂੜਾ ਕਰਵਾਉਣ ਜਾਂਦੀ ਐ। ਛੋਟੀ ਮੁੰਡੇ ਨੂੰ ਸੰਭਾਲ ਲੈਂਦੀ ਹੈ ਘਰੇ। ਪੜ੍ਹਨਾ ਚਾਚਾ ਸਾਡੇ ਗਰੀਬਾਂ ਦੀ ਕਿਸਮਤ ਵਿੱਚ ਕਿੱਥੇ ?' ਉਦਾਸ ਜਿਹੀ ਸੁਰ ਵਿੱਚ ਮੇਲੂ ਬੋਲਿਆ।

ਉਸਦੀਆਂ ਅੱਖਾਂ ਵਿੱਚ ਬਚਪਨ ਵਾਲੀ ਚਮਕ ਨਹੀਂ ਸੀ।

ਮੇਲੂ ਨਾਲ ਹੋਰ ਕੀ ਗੱਲ ਕਰਾਂ ? ਮੈਨੂੰ ਵੀ ਸਮਝ ਨਹੀਂ ਆ ਰਹੀ ਸੀ।

ਮੇਲੂ ਦਾ ਉਸੇ ਤਰ੍ਹਾਂ ਮੂੰਹ ਥੋੜ੍ਹਾ ਜਿਹਾ ਖੁੱਲ੍ਹਾ ਸੀ ਤੇ ਉਹ ਉਸੇ ਤਰ੍ਹਾਂ ਮੇਰੇ ਵੱਲ ਵੇਖ ਰਿਹਾ ਸੀ ਜਿਵੇਂ ਨਿੱਕਾ ਹੁੰਦਾ ਵੇਖਦਾ ਹੁੰਦਾ ਸੀ, ਜਦੋਂ ਉਸਨੂੰ ਕਿਸੇ ਹੁਕਮ ਦੀ ਉਡੀਕ ਹੁੰਦੀ ਸੀ।

ਮੈਂ ਤਾਂ ਹੁਣ ਉਸਨੂੰ ਕੋਈ ਹੁਕਮ ਨਹੀਂ ਸੀ ਦੇਣਾ।

ਪਰ ਅੰਦਰੋਂ ਹੁਕਮ ਹੋ ਗਿਆ, 'ਮੇਲੂ ਮੱਝ ਖੁੱਲ੍ਹ ਗਈ।'

ਇਕ ਮੱਝ ਸੰਗਲ ਤੁੜਾ ਕੇ ਵਿਹੜੇ ਵਿੱਚ ਖੁਰ-ਵੱਢ ਕਰ ਰਹੀ ਸੀ।

ਮੇਲੂ ਦੇ ਬੁੱਲ੍ਹ ਫਰਕਣ ਲੱਗੇ ਪਰ ਆਵਾਜ਼ ਕੋਈ ਨਾ ਨਿਕਲੀ। ਉਸ ਨੇ ਅੰਦਰੋਂ ਆਈ ਆਵਾਜ਼ ਵੀ ਸੁਣ ਲਈ ਸੀ ਤੇ ਵਿਹੜੇ ਵਿੱਚ ਖੁੱਲ੍ਹੀ ਫਿਰਦੀ ਮੱਝ ਵੀ ਵੇਖ ਲਈ ਸੀ। ਮੈਨੂੰ ਜਾਪਿਆ ਜਿਵੇਂ ਮੇਲੂ ਪੁੱਛਣਾ ਚਾਹ ਰਿਹਾ ਹੋਵੇ, 'ਚਾਚਾ ਤੈਨੂੰ ਕਦੇ ਰਾਜ਼ੀ ਛੁਆ ਨਹੀਂ ਮਿਲੀ।'

'ਚੰਗਾ ਮੇਲੂ ਅਸੀਂ ਚੱਲਦੇ ਹਾਂ।' ਮੈਂ ਕਿਹਾ ਤੇ ਸਕੂਟਰ ਸਟਾਰਟ ਕਰ ਲਿਆ।

'ਚੰਗਾ ਚਾਚਾ।' ਕਹਿਕੇ ਮੇਲੂ ਵੀ ਕਾਹਲੇ ਕਦਮੀ ਮੋੜ ਵੱਲ ਤੁਰ ਪਿਆ। ਮੈਂ ਉਸਨੂੰ ਤੁਰੇ ਜਾਂਦੇ ਨੂੰ ਵੇਖਦਾ ਰਿਹਾ। ਉਸਦੀ ਚਾਲ ਵਿੱਚ ਕੋਈ ਫਰਕ ਨਹੀਂ ਸੀ ਪਿਆ।

ਪਿਛੇ ਬੈਠਾ ਗਿੰਦਰ ਮੇਰੇ ਮੋਢੇ 'ਤੇ ਹੱਥ ਰੱਖਕੇ ਕਹਿ ਰਿਹਾ ਸੀ, 'ਚੱਲ ਤੋਰ ਹੁਣ।'

ਵਿਹੜੇ ਵਿੱਚ ਜਾ ਰਿਹਾ ਮੇਲੂ ਮੈਨੂੰ ਇਸ ਤਰ੍ਹਾਂ ਲੱਗਿਆ ਜਿਵੇਂ ਉਹ ਨਿੱਕਾ ਮੇਲੂ ਸਾਡੇ ਵਿਹੜੇ ਵਿੱਚ ਜਾ ਰਿਹਾ ਹੋਵੇ।

—0—



# ਲੋਹ-ਹੱਡਾ/ਮੱਖਣ ਮਾਨ

ਦਰਾਂ ਮੂਹਰੇ ਆ ਕੇ ਟਰਾਲੀ ਰੁਕੀ। ਮੈਲੇ-ਕੁਚੈਲੇ ਕਪੜਿਆਂ ਵਾਲੇ ਪੰਜ ਸੱਤ ਬੰਦੇ ਉਤਰੇ। ਉਨ੍ਹਾਂ ਮੱਘਰ ਨੂੰ ਟਰਾਲੀ ਤੋਂ ਚੁੱਕ ਕੇ ਹੇਠਾਂ ਉਤਾਰਿਆ। ਇਹ ਦੇਖ ਨੰਜੋ ਦੀਆਂ ਅੱਖਾਂ ਅੱਡੀਆਂ ਦੀਆਂ ਅੱਡੀਆਂ ਰਹਿ ਗਈਆਂ। ਉਸ ਘਬਰਾ ਕੇ ਪੁੱਛਿਆ, "ਕੀ ਹੋਇਆ ਏਹਨੂੰ ?"

"ਕੁਝ ਨਹੀਂ ਹੋਇਆ ਭੈਣਾਂ! ਸਵੇਰ ਦੇ ਪੀਣ ਲੱਗੇ ਸੀ, ਜ਼ਿਆਦਾ ਪੀਤੀ ਗਈ।"

"ਏਨੂੰ ਤੇ ਸ਼ਰਮ ਈ ਲਾਹੀ ਆ। ਨਾਲੇ ਲੋਕਾਂ ਨੇ।"

"ਤੂੰ ਗੁੱਸੇ ਨਾ ਹੋ। ਪਹਿਲਾਂ ਏਹਨੂੰ ਕਿਤੇ ਪਾ ਲਈਏ। ਫੇਰ ਦੱਸਦੇ ਆਂ।"

ਮੱਘਰ ਨੂੰ ਮੰਜੇ ਤੇ ਪਾ ਕੇ ਉਨ੍ਹਾ ਵਿਚੋਂ ਇਕ ਜਣਾ ਕਹਿਣ ਲੱਗਾ, "ਏਹ ਤਾਂ ਸ਼ੁਕਰ ਏ, ਬਚਾ ਲਿਆ ਮੱਘਰ ਨੇ। ਪੁਲਿਸ ਨੇ ਤਾਂ ਨਜੈਜ ਈ ਕੇਸ ਪਾਤਾ ਸੀ ਮੇਰੇ ਪੁੱਤ ਤੇ।"

"ਏਹ ਤਾਂ ਜੰਮਿਆ ਈ ਲੋਕਾਂ ਲਈ ਹੈ।"

"ਤੂੰ ਐਵੇਂ ਨਰਾਜ਼ ਨਾ ਹੋ। ਮੱਘਰ ਨੇ ਤਾਂ ਬਚਾਤਾ ਮੇਰਾ ਮੀਤਾ। ਨਹੀਂ ਤਾਂ ਜੇਲ੍ਹਾਂ 'ਚ ਧੱਕੇ ਖਾਣੇ ਸੀ।"

"ਸ਼ੁਕਰ ਐ ਭਰਾਵਾ। ਮੁੰਡਾ ਛੁਟ ਗਿਆ ਥੁਆਡਾ।" ਉਹ ਕੁਸ਼ ਢੈਲੀ ਹੁੰਦੀ ਬੋਲੀ, "ਚਾਹ ਪੀਉਗੇ ਕਿ......?"

"ਬੱਸ ਚਲਦੇ ਆਂ। ਪਿਛੋਂ ਦੀ ਖਬਰ ਦੇਈਏ।" ਉਸ ਮੱਘਰ ਦੀ ਕੁੜੀ ਦੇ ਹੱਥ ਵਿਚ ਸੌ ਰੁਪਿਆ ਫੜਾਉਂਦਿਆਂ ਕਿਹਾ, "ਲੈ ਪੁੱਤ ਚੀਜੀ ਖਾ ਲਈ।"

"ਵੇ ਭਰਾਵਾ ਇਹ ਕੀ ਕਰਦਾ ਤੂੰ ?"

"ਕੁਸ਼ ਨਹੀਂ।"

"ਹੋ ਏਨੇ ਪੈਸੇ। ਥੋੜ੍ਹੇ ਕਰ ਦੇਵੇ।"

"ਥੋੜ੍ਹੇ ਈ ਆ," ਏਨਾ ਕਹਿ ਉਹ ਵਿਹੜਿਉਂ ਬਾਹਰ ਹੋ ਗਿਆ।

******

ਮੱਘਰ ਪਿੰਡ ਦਾ ਸਰਪੰਚ ਨਾ ਹੋ ਕੇ ਵੀ ਸਰਪੰਚ ਤੋਂ ਘੱਟ ਨਹੀਂ ਸੀ। ਚੋਣਾਂ ਦੇ ਦਿਨਾਂ ਵਿਚ ਤਾਂ ਉਹਦੀ ਬਾਹਲੀ ਪੁੱਛ ਪ੍ਰਤੀਤ ਹੁੰਦੀ ਸੀ। ਚਾਹੇ ਹਾਕਮ ਪਾਰਟੀ ਦਾ ਐਮ. ਐਲ. ਏ. ਹੋਵੇ ਜਾਂ ਵਿਰੋਧੀ ਧਿਰ ਦਾ, ਸਭ ਮੱਘਰ ਨੂੰ ਆ ਕੇ ਵੋਟਾਂ ਬਾਰੇ ਕਹਿੰਦੇ ਤੇ ਉਹਦੀ.....ਹਾਂ ਪਿੰਡ ਦੀਆਂ ਤਾਂ ਕੀ ਲਾਗਲੇ ਕਈ ਪਿੰਡਾਂ ਦੀਆਂ ਵੋਟਾਂ ਵੀ ਉਹਦੇ ਹੱਕ 'ਚ ਉਹ ਭੁਗਤਾ ਦਿੰਦਾ ਪਰ ਇਸ ਦੇ ਬਦਲੇ.....ਕੋਈ ਲਾਲਚ ਨਹੀਂ.....ਬੱਸ ਸ਼ਰਾਬ ਹੀ ਉਹਦੀ ਕਮਜ਼ੋਰੀ ਸੀ। ਏਸੇ ਕਰਕੇ ਅਕਸਰ ਘਰ ਵਿਚ ਕਲੇਸ਼ ਰਹਿੰਦਾ ਸੀ...ਨੰਜੋ ਮੱਘਰ ਨੂੰ ਮਿਲਣ ਆਏ ਬੰਦਿਆਂ ਦੀ ਲਾਹ ਪਾਹ ਕਰ ਦਿੰਦੀ ਸੀ ਤੇ ਉਹ....ਗੁੱਸੇ 'ਚ ਨੰਜੋ ਦੇ ਕੁਟਾਪਾ ਚਾੜ੍ਹਦਾ। ਫੇਰ ਕਈ ਕਈ ਦਿਨ ਉਹ ਘਰ ਨਾ ਵਹੁੜਦਾ। ਵਿਚਾਰੀ ਨੰਜੋ ਥਾਂ-ਕੁ ਥਾਂ ਉਸਦੀ ਭਾਲ ਵਿਚ ਭਟਕਦੀ ਫਿਰਦੀ। ਪਤਾ ਨਹੀਂ ਕਿਥੇ ਗੁਆਚ ਜਾਂਦਾ ਸੀ ਉਹ। ਪਰ ਸਦਕੇ ਨੰਜੋ ਦੇ ਉਹ ਹਿੰਮਤ ਨਹੀਂ ਸੀ ਹਾਰਦੀ।

ਇਕ ਸਾਲ ਸੋਨੇ ਦਾ ਭਾਅ ਵੀ ਸਸਤਾ ਸੀ ਤੇ ਕਣਕ ਵੀ ਵਾਹਵਾ ਹੋ ਗਈ ਸੀ। ਨੰਜੋ ਦੀ ਚਿਰਾਂ ਤੋਂ ਵਾਲੀਆਂ ਦੀ ਰੀਝ ਸੀ ਤੇ ਉਸ ਆਪਣੇ ਛੋਟੇ ਭਰਾ ਸਰਦਾਰੇ ਨਾਲ ਗੱਲ ਕੀਤੀ ਤੇ

ਉਹ ਦੋਵੇਂ ਵਾਲੀਆਂ ਕਰਾਉਣ ਲਈ ਤਿਆਰ ਹੋ ਗਏ। ਰਾਹ ਵਿਚ ਪਤਾ ਨਹੀਂ ਨੰਜੋ ਦੇ ਮਨ 'ਚ ਕੀ ਆਇਆ, ਉਹ ਬੋਲੀ, "ਵੇ ਸਰਦਾਰਿਆ ਇਕ ਗੱਲ ਕਹਾਂ।"

"ਹਾਂ...ਬੀਬੀ ਕਹਿ।"

"ਮੇਰਾ ਕੀ ਏ? ਮੈਂ ਤਾਂ ਘਰੇ ਰਹਿਣਾ ਹੋਇਆ। ਆਪਾਂ ਏਦਾਂ ਕਰਦੇ ਆਂ। ਤੇਰੇ ਭਾਈਏ ਨੂੰ 'ਕੜਾ' ਕਰਾ ਦਿੰਨੇ ਆਂ। ਉਹ ਸੌ ਥਾਈਂ ਬੈਠਦਾ ਉੱਠਦਾ।"

"ਬੀਬੀ ਦੇਖ ਲੈ ਤੇ ਸੋਚ ਲੈ। ਕਿਤੇ ਭਾਈਆ ਸ਼ਰਾਬ ਪੀਕੇ.....।"

"ਵੇ ਏਨਾ ਮਾੜਾ ਤਾਂ ਨਹੀਂ ਉਹ।"

"ਫੇਰ ਜਿਦਾਂ ਤੇਰੀ ਮਰਜ਼ੀ ਕਰ ਤੂੰ।"

ਪੂਰੇ ਤਿੰਨ ਤੋਲੇ ਦਾ ਕਰਾ ਕੇ ਦਿੱਤਾ ਸੀ ਕੜਾ। ਨੰਜੋ ਨੇ ਬੜਿਆ ਚਾਵਾਂ ਤੇ ਰੀਝਾਂ ਨਾਲ। ਕੜਾ ਕਰਾਏ ਨੂੰ ਹਾਲੇ ਲੋਢ ਕੁ ਮਹੀਨਾ ਬੀਤਿਆ ਸੀ ਕਿ ਮੱਘਰ ਦੀ ਛੋਟੀ ਭੈਣ ਆ ਗਈ, "ਭਾਬੀ ਵੀਰ ਮੇਥੋਂ ਪੰਜ ਹਜ਼ਾਰ ਰੁਪਿਆ ਲਿਆਇਆ ਸੀ। ਕਹਿੰਦਾ ਸੀ ਹਫਤੇ ਤੱਕ ਮੋੜਦੂੰ ਤੇ ਅੱਜ ਪੂਰਾ ਮਹੀਨਾ ਹੋ ਚੱਲਿਆ।"

"ਪੰਜ ਹਜ਼ਾਰ?" ਨੰਜੋ ਹੈਰਾਨ ਪ੍ਰੇਸ਼ਾਨ ਜਿਹੀ ਹੋ ਕੇ ਬੋਲੀ, "ਇਨ੍ਹਾਂ ਕੀ ਕਰਨਾ ਸੀ ਪੰਜ ਹਜ਼ਾਰ?"

"ਮੈਂ ਤਾਂ ਭਾਬੀ ਉਨ੍ਹਾਂ ਤੋਂ ਚੋਰੀ ਦਿੱਤਾ ਸੀ। ਹੁਣ ਉਹ ਮੇਥੋਂ ਪੈਸੇ ਮੰਗਦੇ ਨੇ। ਤੂੰ ਹੀ ਦੱਸ ਭਾਬੀ ਮੈਂ ਕੀ ਕਰਾਂ?"

"ਪੈ ਗਈ ਚੋਟੀ," ਉਸ ਮਨ ਹੀ ਮਨ 'ਚ ਕਿਹਾ। ਫੇਰ ਥੋੜ੍ਹਾ ਗੁੱਸੇ 'ਚ ਆ ਕੇ ਬੋਲੀ, "ਦੇਬੋ ਤੈਨੂੰ ਆਪਣੇ ਭਰਾ ਦੇ ਸੁਭਾਅ ਦਾ ਪਤਾ ਤਾਂ ਹੈ ਹੀ। ਤੂੰ ਕਾਹਨੂੰ ਦੇਣੇ ਸੀ ਪੈਸੇ। ਮੈਂ ਤਾਂ ਪਹਿਲਾਂ ਈ ਬੜਾ ਔਖਾ ਟੈਮ ਪਾਸ ਕਰਦੀ ਹਾਂ। ਕਿਥੋਂ ਭਰੂਾਂ......?"

"ਦੱਸ ਮੈਂ ਕੀ ਕਰਦੀ? ਕਹਿੰਦਾ ਸੀ ਤੇਰੀ ਭਾਬੀ ਨੇ ਮੰਗਾਏ ਆ। ਕਣਕ ਦੇ ਪੈਸੇ ਆਉਣ ਤੇ ਜਲਦੀ ਮੋੜ ਦੂੰ।"

"ਮੈਂ ਮੰਗਾਏ ਪੈਸੇ? ਮੈਂ ਤਾਂ ਦੇਬੋ ਆਪਣੇ ਕੰਨ ਬੁਚੇ ਰੱਖ ਲਏ ਤੇ ਤੇਰੇ ਭਰਾ ਨੂੰ ਕਰਾਕੇ ਦਿੱਤਾ ਕੜਾ। ਮੇਰੇ ਕੋਲ ਜਿਹੜੇ ਮਾੜੇ ਮੋਟੇ ਸੀ ਪੈਸੇ ਉਹ ਤਾਂ ਮੈਂ ਕੜੇ ਤੇ ਖਰਚ ਕਰਤੇ। ਹੁਣ ਮੈਂ ਤੈਨੂੰ.....।"

"ਭਾਬੀ.........," ਉਸ ਤਰਲਾ ਕੀਤਾ।

"ਵੇ ਕਲਜੋਗੀਆ। ਮੈਂ ਤਾਂ ਪਾਈ ਪਾਈ ਕਰਕੇ ਜੋੜੇ ਸੀ। ਤੈਨੂੰ ਭੋਰਾ ਸ਼ਰਮ ਨਾ ਆਈ। ਮੇਰੀ ਸਾਰੀ ਉਮਰ ਥੁੜਾਂ ਕਰਦੀ ਦੀ ਲੰਘ ਗਈ। ਮੈਂ ਏਸ ਘਰ ਵਿਚੋਂ ਕੀ ਦੇਖਿਆ? ਨੰਗ ਭੁੱਖ। ਵੈਰੀਆ ਤੂੰ ਤੇ ਇਨ੍ਹਾਂ ਨਿਆਣਿਆਂ ਦੇ ਮੂੰਹਾਂ 'ਚੋਂ ਈ ਕੱਢ ਕੇ ਲੈ ਗਿਆ। ਤੂੰ ਪਿਉ ਏਂ ਕਿ ਸੱਪ?"

"......ਮੈਂ ਕੀ ਕਰਾਂ? ਤੂੰ ਵੀ ਕਹੇਗੀ ਚੰਗੀ ਭੈਣ ਏ। ਘਰ 'ਚ ਫ਼ਸਾਦ ਪਾਤਾ। ਪਹਿਲਾਂ ਤਾਂ ਮੇਰਾ ਮਨ ਕੀਤਾ ਸੀ ਨਾਂਹ ਕਰ ਦੇਵਾਂ ਪਰ ਵੀਰ ਨਾਲ ਜੱਟਾਂ ਦਾ ਬਿਕਰ ਸੀ...ਸੋਚਿਆ ਉਹ ਕੀ ਕਹੇਗਾ? ਭੈਣ ਨੇ ਘਰੋਂ ਖਾਲੀ ਮੋੜਤਾ।"

"ਬਿਕਰ ਸੀ ਨਾਲ। ਉਸ ਕੰਜਰ ਦੇ ਪੁੱਤ ਨੇ ਮੇਰਾ ਘਰ ਪੱਟਿਆ। ਆ ਲੈਣ ਦੇ ਕਿਸੇ ਦਿਨ। ਦਾੜ੍ਹੀ ਨਾ ਪੁੱਟੀ ਹਰਾਮਦੇ ਦੀ ਤਾਂ। ਮੈਨੂੰ ਵੀ ਤੂੰ ਸੰਤੇ ਦੀ ਧੀ ਨਾ ਕਹੀਂ।"



ਸ਼ਾਮੀ ਮੱਘਰ ਘਰ ਆਇਆ। ਨੰਜੋ ਭਰੀ ਪੀਤੀ ਉਸ ਨੂੰ ਹੀ ਉਡੀਕ ਰਹੀ ਸੀ। "ਤੂੰ ਦੇਬੋ ਕੋਲੋਂ ਪੰਜ ਹਜ਼ਾਰ ਲਿਆਇਆ?"

"ਪੰਜ ਹਜ਼ਾਰ," ਇਹ ਸੁਣ ਮੱਘਰ ਦੀ ਪੀਤੀ ਲਹਿ ਗਈ ਸੀ। "ਨਹੀਂ...ਮੈਂ ਕਦੋਂ?"

"ਭਾ ਲਿਆਇਆ ਕਿਉਂ ਨਹੀਂ?" ਦੇਬੋ ਬਾਹਰ ਆਉਂਦੀ ਹੋਈ ਬੋਲੀ। ਮੱਘਰ ਝੂਠਾ ਜਿਹਾ ਹੋ ਗਿਆ। ਉਸ ਦੇ ਗੁੱਟ ਤੇ ਕੜਾ ਵੀ ਨਹੀਂ ਸੀ। ਸੱਖਣਾ ਗੁੱਟ ਵੇਖ ਕੇ ਨੰਜੋ ਦੇ ਤਾਂ ਲਾਂਬੂ ਲੱਗ ਗਿਆ, "ਤੇਰਾ ਕੜਾ ਕਿਥੇ?"

"ਕੜਾ...ਉਹ ਹੈਗਾ," ਮੱਘਰ ਘਬਰਾ ਕੇ ਬੋਲਿਆ।

"ਕਿਥੇ ਆ, ਫਿਰ ਦਿਖਾ ਤਾਂ?"

"ਝੂਠਣਿਆਂ ਦਾ ਜੀਤਾ ਕਹਿੰਦਾ ਸੀ ਵਿਆਹ ਜਾਣਾ। ਉਹ ਮੰਗ ਕੇ ਲੈ ਗਿਆ।"

"ਤੇ ਪੰਜ ਹਜ਼ਾਰ...।"

ਹੁਣ ਮੱਘਰ ਕੋਲ ਕੋਈ ਜਵਾਬ ਨਹੀਂ ਸੀ, "ਉਹ ਉਹ ਹੈਗਾ...।"

"ਤੂੰ ਕਰਨਾ ਕੀ ਸੀ?"

"ਜਦ ਮੈਂ ਕਹਿੰਦਾ ਹੈਗਾ। ਤੂੰ ਤਾਹਾਂ ਈ ਚੜੀ ਜਾਣੀ। ਲੈਸਾਂ ਫਿਰ।"

ਮੱਘਰ ਛਵੀ ਲੈ ਕੇ ਨੰਜੋ ਨੂੰ ਪਿਆ ਸੀ।

"ਮੱਘਰ ਬੰਦਿਆ ਜਿੰਨਾ ਤੂੰ ਮੈਨੂੰ ਦੁੱਖੀ ਕੀਤਾ ਰੱਬ ਤੈਨੂੰ ਵੀ...ਐ ਪੱਲਾ ਔਛਾ ਕੇ ਕਹਿਨੀ ਆਂ, ਜਿਹਨੇ ਮੈਨੂੰ ਗਰੀਬਣੀ ਨੂੰ ਸਤਾਉਣਾ, ਉਹਦਾ ਭਲਾ ਨਹੀਂ ਹੋਣਾ।"

ਇਕ ਜ਼ੋਰ ਦੀ ਧੱਫਾ ਨੰਜੋ ਦੀ ਪਿੱਠ 'ਚ ਵੱਜਾ ਸੀ, "ਹੁਣ ਬੋਲ ਭੈਣ ਚੋ...ਕਿਦਾਂ ਬੋਲਦੀ ਤੂੰ?"

"ਮੈਂ ਤਾਂ ਬੋਲਾਂਗੀ...ਮਾਰ ਮੈਨੂੰ...ਤੇਰਾ ਕਾਲਾ ਮੂੰਹ...ਤੇਰੇ ਨੀਲੇ ਪੈਰ...ਤੇਰਾ ਕੱਖ ਨਾ ਰਹੇ...ਤੈਨੂੰ ਦੋਹੀਂ ਜਹਾਨੀਂ ਢੋਈ ਨਾ ਮਿਲੇ।"

ਮੱਘਰ ਗੁੱਸੇ 'ਚ ਨੰਜੋ ਦੇ ਹੂੰਡੇ, ਚਪੇੜਾਂ ਮਾਰ ਭੱਜਣ ਲੱਗਾ ਤਾਂ ਦੇਬੋ ਨੇ ਉਹਦਾ ਗੁੱਟ ਫੜ ਲਿਆ, "ਭਾ ਚੱਲ੍ਹਿਆਂ ਕਿਥੇ? ਪਹਿਲਾਂ ਮੇਰਾ ਹਿਸਾਬ।"

ਇਕ ਲੱਫੜ ਦੇਬੋ ਦੇ ਮੂੰਹ ਤੇ ਵੀ ਵੱਜਾ ਤੇ ਉਹ ਘਰੋਂ ਭੱਜ ਗਿਆ ਸੀ। ਨੰਜੋ ਗਾਲ੍ਹਾਂ ਕੱਢਦੀ, ਰੋਂਦੀ ਕੁਰਲਾਉਂਦੀ ਰਹਿ ਗਈ ਸੀ।

*******

ਪ੍ਰੀਤਮ ਫ਼ੋਨ ਕੱਟਾ ਜਿਹਾ ਗੁੰਮ-ਸੁੰਮ ਬੈਠਾ ਸੀ, "ਪ੍ਰੀਤਮ ਸਿਹਾਂ ਭਾਈ ਦੱਸ ਮੁੰਡੇ ਵਾਲੇ ਜ਼ੋਰ ਪਾ ਰਹੇ ਨੇ। ਤੂੰ ਅੱਗੋਂ ਕੂੰਹਦਾ ਨਹੀਂ। ਦੱਸ ਤੇਰੀ ਕੀ ਸਲਾਹ?"

"ਮੇਲਾ ਸਿਹਾਂ। ਤੂੰ ਕਿਸੇ ਤਰ੍ਹਾਂ ਆਹ ਹਾੜ੍ਹੀ ਲੰਘਾ ਦੇ। ਨਰਾਤਿਆਂ ਵਿਚ ਪੱਕਾ...।"

"ਮੈਂ ਕੋਈ ਵੇਹਲਾ। ਕਦੇ ਤੇਰੇ ਮਗਰ ਤੇ ਕਦੇ ਉਹਦੇ ਮਗਰ ਚੱਕਰ ਕੱਟਦਾ ਰਹਾਂ। ਤੂੰ ਨਹੀਂ ਦੇਣਾ ਵਿਆਹ, ਮੈਨੂੰ ਦੇ ਜਵਾਬ। ਮੈਂ ਅੱਗੋਂ ਮੁੰਡੇ ਵਾਲਿਆਂ ਨੂੰ ਦੱਸਣ ਵਾਲਾ ਬਣਾਂ। ਉਨ੍ਹਾਂ ਮੇਰਾ ਦਰ ਵੇਖ-ਵੇਖ ਖਾਧਾ ਏ। ਤੇ ਤੂੰ...ਅੱਗੋਂ ਝੇੜਾ ਕਰਦਾ ਫਿਰਦਾ ਮੈਨੂੰ।"

"ਬੜੇ ਭਾਈ ਤੂੰ ਗੁੱਸਾ ਨਾ ਕਰ। ਇਸ ਵਾਰ ਤੈਨੂੰ ਪਤਾ ਮੈਥੋਂ ਵਲੈਤ ਵਾਲਿਆਂ ਜ਼ਮੀਨ ਵੀ ਖੋਹ ਲਈ। ਆ ਦੋ ਸਿਆੜ ਨੇ ਮੇਰੇ ਪਾਸ। ਟਰੈਕਟਰ ਦੀਆਂ ਕਿਸ਼ਤਾਂ...ਜੇ ਮੈਨੂੰ ਪਤਾ ਹੁੰਦਾ ਵਲੈਤ ਵਾਲਿਆਂ ਮੇਰੇ ਨਾਲ ਏਦਾਂ ਕਰਨੀ ਆਂ। ਮੈਂ ਟਰੈਕਟਰ ਈ ਨਾ ਖਰੀਦਦਾ।"

"ਤੂੰ ਆਪਣਾ ਪੜ੍ਹਿਆ ਵਿਚਾਰ ਲੈ। ਫੇਰ ਕਲ੍ਹ ਨੂੰ ਨਾ ਕਹੀਂ ਮੇਲਾ ਸਿਹੁੰ ਨੇ ਮਾੜੀ ਕੀਤੀ।"

"ਨਾ ਵੱਡੇ ਭਾਈ ਏਦਾਂ ਨਾ ਕਹਿ। ਇਕ ਤੂੰ ਹੀ ਤਾਂ ਆਂ ਪੂਰੀ ਰਿਸ਼ਤੇਦਾਰੀ ਵਿਚ ਮੇਰਾ ਔਖਾ ਵੇਲਾ ਦੇਖਣ ਵਾਲਾ," ਉਸ ਤਰਲਾ ਜਿਹਾ ਕੀਤਾ।

"ਕੀ ਗੱਲ ਪ੍ਰੀਤਮ, ਬੜਾ ਮਸੋਸਿਆ ਬੈਠਾ? ਸੁੱਖ ਤਾਂ ਹੈ?" ਮੱਘਰ ਨੇ ਅੰਦਰ ਵੜਦਿਆਂ ਪੁੱਛਿਆ।

"ਕੀ ਦੱਸਾਂ ਭਰਾਵਾ? ਮੇਲਾ ਮੁੰਹ ਕੁੜੀ ਦਾ ਵਿਆਹ ਮੰਗਦਾ। ਤੈਨੂੰ ਤਾਂ ਪਤਾ ਈ ਆ। ਮੇਰੇ ਸ਼ਰੀਕਾਂ ਕੀ ਨਹੀਂ ਕੀਤੀ ਮੇਰੇ ਨਾਲ? ਕਰਜ਼ਾਈ ਕਰਤਾ ਮੈਨੂੰ। ਮੈਂ ਤਾਂ ਏਸ ਵੱਡੇ ਭਾਈ ਨੂੰ ਬੇਨਤੀ ਕੀਤੀ ਏ ਪਰ ਇਹ ......।" ਉਸ ਦੀਆਂ ਅੱਖਾਂ ਭਰ ਆਈਆਂ। ਮੱਘਰ ਨੂੰ ਉਹਦੇ ਤੇ ਤਰਸ ਆ ਗਿਆ ਸੀ। ਉਸ ਆਪਣਾ ਕੜਾ ਲਾਹ ਕੇ ਪ੍ਰੀਤਮ ਦੇ ਹੱਥ ਫੜਾਇਆ। ਕਿਹਾ ਸੀ, "ਤੂੰ ਘਬਰਾ ਨਾ। ਵਿਆਹ ਦੇ ਦਿਨ ਦੇ ਦੇ, ਮੈਂ ਬੈਠਾ। ਧੀਆਂ ਤਾਂ ਸਭ ਦੀਆਂ ਸਾਂਝੀਆਂ ਹੁੰਦੀਆਂ। ਪੈਸਿਆਂ ਦਾ ਜੁਗਾੜ ਮੈਂ ਕਰਦਾਂ। ਤੈਨੂੰ ਕੁਝ ਬੈਂਕ ਵਿਚੋਂ ਕਰੋਪ ਲੋਨ ਲੈ ਦਿੰਦਾ।" ਇਹ ਸੁਣ ਪ੍ਰੀਤਮ ਦਾ ਰੋਣਾ ਨਿਕਲ ਗਿਆ ਸੀ।

"ਹੋਰ ਭੈਲਾ ਨਾ ਹੋਵੇ ਤੇ। ਦੇਖ ਖਾਂ ਕਿਵੇਂ ਲੱਗਾ ਕੁੜੀਆਂ ਵਾਂਗ ਰੋਣ।"

"ਤੇਰਾ ਦੇਣਾ ਕਿਹੜੇ ਜਨਮਾਂ 'ਚ ਮੋੜੂੰਗਾਂ। ਤੂੰ ਤੇ ਮੇਰੇ ਲਈ ਰੱਬ ਬਣ ਕੇ ਬਹੁੜਿਆ।"

"ਬੱਸ ਬੱਸ ਕਮਲ ਨਹੀਂ ਕੁਟੀਦਾ। ਚੰਗਾ ਭਾਈ ਮੇਲਾ ਸਿਹਾਂ ਤੂੰ ਕਹਿ ਜਾ ਕੇ ਮੁੰਡੇ ਵਾਲਿਆਂ ਨੂੰ ਕਰਨ ਤਿਆਰੀ ਵਿਆਹ ਦੀ।"

******

ਪ੍ਰੀਤਮ ਨੇ ਕੁੜੀ ਦੇ ਵਿਆਹ ਤੇ ਪਿਉ ਦੀ ਮਿਲਣੀ ਮੱਘਰ ਤੋਂ ਕਰਾਈ ਸੀ। ਨੱਜੋ ਵਿਆਹ 'ਤੇ ਨਹੀਂ ਗਈ ਸੀ। ਕੁੜੀਆਂ ਗੌਣ ਤੇ ਵੀ ਲੈਣ ਆਈਆਂ ਸਨ ਪਰ ਨੱਜੋ ਨੇ ਇਹ ਕਹਿ ਕੇ ਟਾਲਤਾ ਸੀ, "ਭੈਣੇ ਆ ਦੇਖ ਕਿੰਨਾ ਬੁਖਾਰ? ਮੰਜੀ ਤੋਂ ਨਹੀਂ ਉੱਠ ਹੁੰਦਾ। ਨਾਲੇ ਤੁਹਾਡਾ ਦਿਉਰ ਵਿਚੇ ਈ ਆਂ।" ਤੇ ਉਸ ਦੀਸੋ ਦੇ ਹੱਥ ਇਕ ਸੂਟ ਤੇ ਇੱਕੀ ਰੁਪਏ ਦਾ ਕੰਨਿਆਂ ਦਾਨ ਭੇਜਤਾ ਸੀ।

ਦੇਬੋ ਫਿਰ ਆ ਗਈ ਸੀ, "ਭਾਈ ਮੇਰੇ ਘਰ ਤੇ ਕਲੇਸ਼ ਪਿਆ। ਉਨ੍ਹਾਂ ਕਿਹਾ ਜਾ ਕੇ ਪੈਸੇ ਲੈ ਕੇ ਆ। ਨਹੀਂ ਤਾਂ ਘਰ ਨਾ ਵੜ੍ਹੀਂ।"

"ਕੋਈ ਗੱਲ ਨਹੀਂ ਕੁੜੀਏ। ਤੂੰ ਚਿੰਤਾ ਕਿਉਂ ਕਰਦੀ। ਮੈਂ ਸਰਦਾਰ ਨੂੰ ਕਿਹਾ ਸੀ। ਕਹਿੰਦਾ ਸੀ-ਠਹਿਰ ਜਾ ਚਾਰ ਪੰਜ ਦਿਨ। ਮੈਂ ਕਰਦਾਂ ਕੋਈ ਜੁਗਾੜ।"

"ਸੱਚੀਂ ਭਾਬੀ ਤੂੰ ਤੇ ਰੱਖ ਲਿਆ ਮੈਨੂੰ ਨਹੀਂ ਤਾਂ ਮੈਂ ਘਰ ਵੜਨ ਜੋਗੀ ਨਹੀਂ ਸੀ ਰਹਿਣਾ।"

"ਚੱਲ ਹਉ ਜੋ ਹੋ ਗਿਆ ਸੋ ਹੋ ਗਿਆ।



ਚਹੁੰ ਦਿਨਾਂ ਬਾਅਦ ਦੇਬੋ ਪੈਸੇ ਲੈ ਕੇ ਸਹੁਰੀਂ ਚਲੀ ਗਈ ਸੀ ਪਰ ਮੱਘਰ ਹਾਲੇ ਤੱਕ ਘਰ ਨਹੀਂ ਵਹੁੜਿਆ ਸੀ।

ਨੱਜੋ ਸੋਚਦੀ ਜੇ ਕਿਤੇ ਮੇਰੀ ਸੱਸ ਜਿਊਂਦੀ ਹੁੰਦੀ ਤਾਂ ਉਹ ਆਪਣਾ ਦੁੱਖ ਉਹਦੇ ਨਾਲ ਸਾਂਝਿਆਂ ਕਰ ਲਿਆ ਕਰਦੀ। ਆਖੀਰ ਕਈ ਸੋਚਾਂ ਸੋਚਣ ਤੋਂ ਬਾਅਦ ਉਸ ਨੂੰ ਦੁੱਲੇ ਦਾ ਖਿਆਲ ਆਇਆ ਸੀ-'ਕਿਉਂ ਨਾ ਦੁੱਲੇ ਦਾ ਵਿਆਹ ....।' ਘਰ 'ਚ ਦਰਾਣੀ ਜੇਠਾਣੀ ਹੋਵਾਂਗੀਆਂ ਤਾਂ ਇਹ ਦਿਨ ਕੁਝ ਸੌਖੇ ਕੱਟੇ ਜਾਣਗੇ। ਸ਼ਾਮੀਂ ਮੱਘਰ ਨਾਲ ਦੁੱਲੇ ਨੂੰ ਮੰਗਣ ਦੀ ਗੱਲ ਤੋਰੀ ਸੀ।

"ਹਾਂ...ਹਾਂ...ਕਿਉਂ ਨਹੀਂ?"

ਪਰ ਦੁੱਲੇ ਨੂੰ ਵਿਆਹ ਦਾ ਕੋਈ ਚਾਅ ਨਹੀਂ ਸੀ। ਉਸ ਦੀਆਂ ਮੱਝਾਂ ਗਾਵਾਂ ਹੀ ਉਸ ਦਾ ਸਭ ਕੁਝ ਸਨ। ਕਈ ਵਾਰ ਦੁੱਲੇ ਦੇ ਆੜੀ ਉਸ ਨੂੰ ਛੇੜਦੇ, "ਉਏ ਦੁੱਲਿਆ ਕੋਈ ਝਾਂਜਰਾਂ ਵਾਲੀ ਲੈ ਆ। ਆਖਰ ਤੂੰ ਕਿੰਨੀ ਦੇਰ ਇਨ੍ਹਾਂ ਮੱਝਾਂ ਦੀਆਂ ਚੁੰਮੀਆਂ ਲੈ ਕੇ ਸਾਰਦਾ ਰਹੇਂਗਾ?" ਅੱਗੋਂ ਉਹ ਹੱਸ ਕੇ ਟਾਲ ਜਾਂਦਾ।

ਦੁੱਲੇ ਕੋਲ ਬੜੇ ਰਵੇ ਦੀਆਂ ਮੱਝਾਂ ਸਨ। ਉਹ ਅਕਸਰ ਮੱਝਾਂ ਦੀ ਕੰਡ ਤੇ ਹੱਥ ਫੇਰਦਾ ਕਹਿੰਦਾ, "ਹੈ ਇਸ ਇਲਾਕੇ 'ਚ ਮੇਰੇ ਵਰਗੀਆਂ ਕਿਸੇ ਕੋਲ ਮੱਝਾਂ।" ਉਹ ਰੋਜ਼ ਤੜਕੇ ਤਿੰਨ ਵਜੇ ਉੱਠਦਾ ਤੇ ਮੱਝਾਂ ਦੀ ਸੇਵਾ ਵਿਚ ਜੁਟ ਜਾਂਦਾ।

ਨੱਜੋ ਨੇ ਦੁੱਲੇ ਦਾ ਮੰਗਣਾ ਕਰ ਦਿੱਤਾ ਸੀ। ਵਿਆਹ ਦੇ ਦਿਨ ਵੀ ਬੰਨ੍ਹਤੇ ਸਨ। ਦੁੱਲੇ ਦੇ ਬੇਲੀ ਉਸ ਨੂੰ ਛੇੜਦੇ, "ਹੁਣ ਤਾਂ ਦੁੱਲਿਆ ਹੋਰ ਚਹੁੰ ਦਿਨਾ ਨੂੰ ਝਾਂਜਰਾਂ ਵਾਲੀ 'ਪੰਜ ਕਲਿਆਣੀ' ਵਰਗੀ ਆਉਣ ਵਾਲੀ ਆ। ਪਰ...ਤੇਰੀ ਤਾਂ ਜਲੇਬੀ ਸਿੱਧੀ ਦਾ ਕੀ ਬਣੂ। ਇਹ ਤਾਂ ਰੰਡੀ ਹੋ ਜਾਊ।" ਪਰ ਦੁੱਲਾ ਉਨ੍ਹਾਂ ਦੀ ਕਿਸੇ ਗੱਲ ਦਾ ਜਵਾਬ ਨਾ ਦਿੰਦਾ। ਉਸ ਲਈ ਇਹ ਗੱਲਾਂ ਕੋਈ ਮਾਇਨੇ ਨਹੀਂ ਸਨ ਰੱਖਦੀਆਂ।

ਆਖਰ ਦੁੱਲੇ ਦਾ ਵਿਆਹ ਆ ਹੀ ਗਿਆ। ਵਿਹੜੇ ਵਿਚ ਖੂਬ ਰੌਣਕਾਂ ਸਨ। ਮੱਘਰ ਦੇ ਬੇਲੀਆਂ ਬੜੀਆਂ ਟੌਹਰਾਂ ਕੱਢੀਆਂ ਸਨ। ਅਨੋਖੀ ਸ਼ਾਨ ਸੀ ਉਨ੍ਹਾਂ ਦੀ ਪਰ...ਜਿਸ ਦਾ ਵਿਆਹ ਸੀ ਉਹ ਤਾਂ ਬਰਗੀ ਦੀ ਦੇਖ ਭਾਲ 'ਚ ਰੁੱਝਾ ਸੀ-ਕਲ੍ਹ ਸੂਈ ਸੀ, ਹਾਲੇ ਜੇਰ ਨਹੀਂ ਸੀ ਪਈ। ਦੰਦਾਂ ਮਾਰਦੀ ਸੀ। ਬਗਿਆੜੀ ਵੀ ਪਾਈ ਸੀ ਉਹਦੇ। ਉਹ ਕੀਲ੍ਹੇ ਦੁਆਲੇ ਭਰੀ ਹੋਈ ਕਦੀ ਏਧਰ ਕਦੀ ਉਧਰ ਘੁੰਮਦੀ ਇੜਕ ਰਹੀ ਸੀ। ਬਾਹਲੀ ਤੜਫਲ 'ਚ ਸੀ। ਇਹ ਦੇਖ ਦੁੱਲਾ ਘਬਰਾਇਆ ਤੇ ਮਸੋਸਿਆ ਜਿਹਾ ਮੱਝ ਦੁਆਲੇ ਘੁੰਮੀ ਜਾ ਰਿਹਾ ਸੀ।

"ਉਏ ਦੁੱਲਿਆ ਤੇਰਾ ਵਿਆਹ ਤੇ ਤੂੰ ਹਾਲੇ ਤੱਕ ਮੱਝਾਂ ਦੁਆਲੇ...ਕੋਈ ਸ਼ਰਮ ਹੈ," ਮੱਘਰ ਨੇ ਗੁੱਸੇ 'ਚ ਦੁੱਲੇ ਨੂੰ ਦਬਕਾ ਮਾਰਿਆ। ਦੁੱਲਾ ਮੂੰਹ ਤੇ ਪਾਣੀ ਦੇ ਛਿੱਟੇ ਮਾਰ ਕੇ ਦਰੀ ਤੇ ਜਾ ਬੈਠਾ ਸੀ।

ਨਹਾਉਣ ਤੋਂ ਬਾਅਦ ਸਲਾਮੀਆਂ ਦੀ ਰਸਮ ਪੂਰੀ ਕਰਕੇ ਗੁਰਦਵਾਰੇ 'ਚ ਦੁੱਲੇ ਨੂੰ ਮੱਥਾ ਟਕਾਉਣ ਲੈ ਤੁਰੇ ਸਨ ਪਰ ਦੁੱਲੇ ਦਾ ਧਿਆਨ 'ਬਰਗੀ' 'ਚ ਸੀ।

ਕਾਰ 'ਚ ਬੈਠਦਿਆਂ ਵਿਹੜੇ 'ਚੋਂ ਲਗਦੀ ਭਰਜਾਈ ਨੂੰ ਇਕ ਕਿਸਮ ਦੀ ਹਦਾਇਤ ਕਰਦਿਆਂ ਦੁੱਲੇ ਨੇ ਕਿਹਾ ਸੀ, "ਮੱਝ ਦਾ ਖਿਆਲ ਰੱਖੀਂ ਭਾਬੀ। ਜੇ ਬਾਹਲੀ ਤੰਗ ਹੋਈ ਤਾਂ ਕਾਲੇ

ਨੂੰ ਭੇਜ ਕੇ ਸ਼ਹਿਰੋਂ ਡਾਕਟਰ....। ਪੰਨੇ ਮੈਂ ਕਲ੍ਹ ਦੇ ਕੱਠੇ ਕੀਤੇ ਆ। ਕਟੜੂ ਨੂੰ ਬੋਤਲ ਨਾਲ ਦੁੱਧ ਪਿਲਾ ਦੇਵੀਂ।"

"ਜਾ ਵੇ ਦਿਓਰਾ, ਮੈਂ ਹੈਗੀ। ਤੈਨੂੰ ਕਾਹਦੀ ਚਿੰਤਾ। ਅੱਜ ਤੇ ਤੂੰ ਸਾਡੀ ਦੁਰਾਣੀ ਦੀ ਡੋਲੀ...।"

ਫੇਰਿਆਂ ਵੇਲੇ ਦੁੱਲੇ ਦਾ ਧਿਆਨ ਮੱਝਾਂ ਦੁਆਲੇ ਘੁੰਮਦਾ ਰਿਹਾ ਸੀ। ਪਤਾ ਨਹੀਂ ਚੋਰ ਪਾਈ ਕਿ ਨਹੀਂ...ਬੜਾ ਲੇਖਾ ਦਿੱਤਾ ਏਸ ਮੱਝ ਨੇ। ਪੂਰੇ ਵੀਹ ਸੇਰ ਦੁੱਧ ਕਰਦੀ ਸੀ ਇਹ। ਜਦੋਂ ਮੈਂ ਇਹਨੂੰ ਸ਼ਾਮ ਚੁਰਾਸੀ ਤੋਂ ਲੈ ਕੇ ਆਇਆ ਸੀ। ਦੇਖਕੇ ਭੁੱਖ ਲਹਿੰਦੀ ਸੀ। ਵੱਡੀਆਂ ਵੱਡੀਆਂ ਗੋਲ ਗੋਲ ਅੱਖਾਂ। ਚੌੜਾ ਮੱਥਾ। ਅੰਦਰ ਨੂੰ ਬੱਤ੍ਰੇ ਜਿਹੇ ਮੁੜੇ ਹੋਏ ਸਿੰਗ। ਗਿੱਚੀ ਨਾ ਪਤਲੀ, ਨਾ ਮੋਟੀ। ਪੂਛ ਦਰਮਿਆਨੀ। ਚਾਰੋਂ ਥਣ ਇਕੋ ਜਿਹੇ। ਸਾਰਾ ਸਰੀਰ ਲਿਸ਼ਕਾਂ ਮਾਰਦਾ ਸੀ ਤੇ ਹੁਣ....ਹੁਣ ਤਾਂ ਵਿਚਾਰੀ ਅੱਧੀ ਰਹਿ ਗਈ। ਅੱਖਾਂ ਵੀ ਅੰਦਰ ਨੂੰ ਧਸ ਗਈਆਂ...ਦੁੱਖ ਬੁਰੇ। ਕੱਖ ਨਹੀਂ ਛੱਡਦੇ ਸਰੀਰ 'ਚ।

ਦੁੱਲੇ ਨੂੰ ਪਤਾ ਵੀ ਨਹੀਂ ਲੱਗਾ ਸੀ ਕਿ ਕਦ ਉਹ ਵਿਆਹ ਕੇ ਘਰ ਆ ਗਿਆ ਸੀ ਪਰ ਘਰ ਪਹੁੰਚਦਿਆਂ ਈ....ਉਹਦਾ ਜੀਅ ਕੀਤਾ ਸੀ ਭੱਜ ਕੇ ਇਕ ਵਾਰ ਮੱਝ ਨੂੰ ਦੇਖ ਆਵੇ। ਉਸਨੂੰ ਆਪਣੇ ਆਪ 'ਤੇ ਕਚੀਚੀ ਆ ਰਹੀ ਸੀ।

ਨੰਜੋ ਨੇ ਪਾਣੀ ਵਾਰ ਕੇ ਪੀਤਾ ਸੀ। ਜਦ ਉਹ ਦੋਵਾਂ ਨੂੰ ਅੰਦਰ ਦਰੀ 'ਤੇ ਬਿਠਾ ਕੇ ਬਾਹਰ ਜਾਣ ਲੱਗੀ ਤਾਂ ਦੁੱਲੇ ਨੇ ਔਖ ਜਿਹੀ ਮਹਿਸੂਸ ਕਰਦਿਆਂ ਕਿਹਾ, "ਭਾਬੀ...।"

"ਹਾਂ......ਹਾਂ ਦੱਸ।"

"ਮੈਂ ਜ਼ਰਾ ਡੰਗਰਾਂ ਵੱਲ.....।"

"ਵੇ ਠਹਿਰ...ਪਹਿਲਾਂ ਹਵਨ ਪੂ...ਕਾਹਦੀ ਕਾਹਲ ਏ ਤੈਨੂੰ।"

ਦੁੱਲਾ ਛਿੱਥਾ ਜੇਹਾ ਹੋ ਕੇ ਰਹਿ ਗਿਆ ਸੀ। ਦਸਾਂ ਮਿੰਟਾਂ 'ਚ ਨੰਜੋ ਨੇ ਦੁੱਲੇ ਨੂੰ ਵੇਹਲਾ ਕਰਤਾ ਸੀ। ਦੁੱਲਾ ਤਾਂ ਜਿਵੇਂ ਕੈਦ 'ਚੋਂ ਬਾਹਰ ਆਇਆ ਹੋਵੇ। ਉਹ ਤੇਜ਼ੀ ਨਾਲ ਦੌੜਿਆ। ਦੁੱਲੇ ਨੂੰ ਦੇਖਦਿਆਂ ਸਾਰ ਸਾਰੀਆਂ ਮੱਝਾਂ ਨੇ ਰਿੰਗਣਾ ਸ਼ੁਰੂ ਕਰਤਾ ਸੀ। 'ਬਰੜੀ' ਨੇ ਜੇਰ ਪਾਤੀ ਸੀ ਤੇ ਉਹ ਰਾਹਤ ਮਹਿਸੂਸ ਕਰ ਰਹੀ ਸੀ। ਦੁੱਲੇ ਨੇ ਵਾਰੋ ਵਾਰੀ ਸਾਰੀਆਂ ਮੱਝਾਂ ਦੀ ਕੰਡ 'ਤੇ ਹੱਥ ਫੇਰਿਆ। ਕਈ ਮੱਝਾਂ ਨੇ ਉਹਦਾ ਹੱਥ ਚੁੰਮਿਆ ਸੀ। ਕਟੜੂ ਨੂੰ ਚੁੱਕ ਕੇ ਬਰੜੀ ਦੇ ਹੇਠਾਂ ਕੀਤਾ ਤੇ ਉਸਨੂੰ ਦੁੱਧ ਚੁੰਘਾਉਣ ਲੱਗਾ।

"ਵੇ ਮੈਂ ਪਿਲਾਤਾ ਦੁੱਧ ਏਹਨੂੰ। ਆ ਤੇਰੀ ਭੋਡੀ ਮੱਝ ਲਗਦੈ ਤੇਰੇ ਹੱਥ ਪਈ ਆ। ਇਹਨੇ ਨਹੀਂ ਲਾਗੇ ਲੱਗਣ ਦਿੱਤਾ।"

ਭਾਬੀ ਕੋਲੋਂ ਬਾਲਟੀ ਫੜਦਿਆਂ ਉਸਨੇ 'ਭੋਡੀ' ਦੇ ਪਿੰਡੇ ਤੇ ਹਾਲੇ ਹੱਥ ਫੇਰਿਆ ਹੀ ਸੀ ਕਿ ਮੱਝ ਦੇ ਥਣਾਂ 'ਚੋਂ ਦੁੱਧ ਉਤਰ ਆਇਆ ਸੀ। ਪੰਜਾਂ ਮਿੰਟਾਂ 'ਚ ਦੁੱਧ ਦੀ ਭਰੀ ਬਾਲਟੀ ਭਾਬੀ ਦੇ ਹੱਥ ਫੜਾਂਦਿਆਂ ਕਿਹਾ ਸੀ, "ਦੇਖ ਭਾਈ ਏਹ ਹੈ ਤਾਂ ਤੇਰਕਣ...ਦੁੱਧ ਸੰਜਰੀ ਸੂਈ ਨਾਲੋਂ ਵੀ ਵੱਧ। ਹੈ ਵੀ ਕਿੰਨਾ ਸੰਘਣਾ ਨਿਰਾ ਘਾਣੀ ਵਰਗਾ।"



ਸੁਹਾਗ ਰਾਤ ਨੂੰ ਦੁੱਲਾ ਆਪਣੀ ਵਹੁਟੀ ਦੇ ਕਮਰੇ 'ਚ ਬਹੁੜਿਆ ਤਾਂ ਰਾਤ ਕਾਫ਼ੀ ਹੋ ਚੁੱਕੀ ਸੀ। ਵਹੁਟੀ ਨੇ ਉਹਦੇ ਪੈਰੀਂ ਹੱਥ ਲਾਇਆ....ਦੁੱਲੇ ਨੂੰ ਬੜਾ ਚੰਗਾ ਲੱਗਾ। ਉਸਨੇ ਮੋਢਿਉਂ ਫੜਕੇ ਪਲੰਘ ਤੇ ਬਿਠਾਉਂਦਿਆਂ ਖੁਸ਼ੀ 'ਚ ਖੀਵਾ ਖੀਵਾ ਹੋਏ ਕਿਹਾ, "ਕੌਲ੍ਹ ਖੰਨੇ ਮੰਡੀ ਲੱਗਣੀ ਆ। ਉਥੇ ਦੀਆਂ ਮੱਝਾਂ ਬੜੇ ਰਵੇ ਦੀਆਂ....ਕਹਿੰਦੇ ਆ ਬਈ ਸੁਣਿਆ ਉਥੇ ਦੀਆਂ ਮੱਝਾਂ ਸ਼ਾਹੀਵਾਲ ਦੀਆਂ ਮੱਝਾਂ ਤੋਂ ਵੀ ਖੂਬਸੂਰਤ ਆ। ਉਨ੍ਹਾਂ ਦੀ ਪੂਛ ਲੰਬੀ ਧਰਤੀ ਨਾਲ ਖਹਿੰਦੀ ਜਾਂਦੀ ਆ। ਮੱਥੇ ਤੇ ਫੁਲੀ ਹੁੰਦੀ ਆ। ਉਨ੍ਹਾਂ ਦੇ 'ਤੇ ਚਾਰੇ ਖੁਰ ਚਿੱਟੇ। ਆਪਣੇ ਤੇ ਇਧਰ ਉਸਨੂੰ ਪੰਜ ਕਲਿਆਣੀ ਕਹਿੰਦੇ ਨੇ, ਪਰ ਮੈਂ ਨਹੀਂ ਮੰਨਦਾ। ਹਾਲੇ ਤੱਕ ਇਹ ਨਹੀਂ ਪਤਾ ਲੱਗਾ ਉਨ੍ਹਾਂ ਦੀ ਕਿਹੜੀ ਨਸਲ ਆ ਪਰ ਹੈਨ ਬੜੀਆਂ ਸੀਲ। ਹੇਠਾਂ ਨਿਆਣਾ ਵੀ ਬਿਠਾ ਦਿਓ। ਮੱਝ ਮਿੰਟਾਂ 'ਚ ਪਸਮ ਜਾਂਦੀ ਆ। ਕੋਈ ਟੀਕਾ ਨਹੀਂ ਲਾਉਣਾ। ਕੋਈ ਧੂੜਾ ਨਹੀਂ ਪਾਉਣਾ, ਬੱਸ ਖੁਰਲੀ 'ਚ ਥੋੜ੍ਹੇ ਜੇਹੇ ਪੱਠੇ ਪਾਉ। ਮੱਝ ਨੇ ਔਖ ਝਮਕਦਿਆਂ ਦੁੱਧ ਲਾਹਿਆ.....ਉਹ ਕਾਫ਼ੀ ਰਾਤ ਤੱਕ ਮੱਝਾਂ ਦੀਆਂ ਗੱਲਾਂ ਕਰਦਾ ਰਿਹਾ ਸੀ। ਉਹਦੀ ਵਹੁਟੀ ਬੜੀ ਹੈਰਾਨ ਸੀ ਕਿ ਉਹ ਪਹਿਲੀ ਰਾਤ....ਕਿਹੋ ਜਿਹੀਆਂ ਗੱਲਾਂ ਕਰ ਰਿਹਾ ਸੀ। ਪਹਿਲਾਂ ਤਾਂ ਉਹ ਬਹੁਤ ਡਰੀ ਸੀ। ਸਹੇਲੀਆਂ ਨੇ ਡਰਾਇਆ ਵੀ ਤਾਂ ਬਹੁਤ ਸੀ, "ਮੱਝਾਂ ਦੇ ਪਾਲੀ ਪੈਂਦੇ ਵੀ ਜਨਾਨੀ ਨੂੰ ਪਸ਼ੂਆਂ ਵਾਂਗ ਈ ਨੇ।" ਪਰ ਇਥੇ ਤਾਂ ਬਿਲਕੁਲ ਉਸਦੇ ਉਲਟ ਸੀ....ਦੁੱਲਾ ਮੱਝਾਂ ਦੀਆਂ ਗੱਲਾਂ ਕਰਨੋਂ ਹੱਟ ਈ ਨਹੀਂ ਰਿਹਾ ਸੀ।

"ਛੱਡੋ ਜੀ ਹੁਣ...ਰਾਤ ਬਹੁਤ ਹੋ ਗਈ।" ਰਤਨੀ ਨੇ ਦਲੇਰੀ ਕਰਦਿਆਂ ਦੁੱਲੇ ਦਾ ਹੱਥ ਫੜ੍ਹ ਲਿਆ ਸੀ ਤੇ ਫਿਰ ਜ਼ੋਰ ਨਾਲ ਰਜਾਈ ਲਾਹ ਉਹ ਮਾਰੀ ਸੀ। ਦੁੱਲੇ ਨੂੰ ਕੋਈ ਗੱਲ ਨਹੀਂ ਔੜ ਰਹੀ ਸੀ। ਇਕ ਤੇਜ਼ ਹਵਾ ਦਾ ਬੁੱਲ੍ਹਾ ਉਨ੍ਹਾਂ ਦੇ ਹੱਡਾਂ ਨੂੰ ਚੀਰ ਗਿਆ ਸੀ ਤੇ ਰਤਨੀ ਨੇ ਘੁੱਟ ਕੇ ਦੁੱਲੇ ਨੂੰ ਕਲਾਵੇ ਵਿਚ ਲੈ ਲਿਆ ਸੀ। ਆਖਰ....ਪਹਿਲ ਰਤਨੀ ਨੂੰ ਹੀ ਕਰਨੀ ਪਈ ਸੀ।

******

ਰਤਨੀ ਨੂੰ ਮੱਝਾਂ ਤੋਂ ਨਫ਼ਰਤ ਹੋ ਗਈ ਸੀ। ਉਹ ਮੱਝਾਂ ਨੂੰ ਆਪਣੀਆਂ ਸੌਂਕਣਾਂ ਸਮਝਣ ਲੱਗੀ ਸੀ। ਹਰ ਵੇਲੇ ਤਾਂ ਦੁੱਲਾ ਮੱਝਾਂ ਦੁਆਲੇ ਘੁੰਮਦਾ ਰਹਿੰਦਾ ਸੀ। ਉਸ ਨੂੰ ਗੁੱਸਾ ਵੀ ਬੜਾ ਆਉਂਦਾ ਸੀ...ਪਰ ਕਰ ਕੁਝ ਨਹੀਂ ਸੀ ਸਕਦੀ। ਘਰ ਜਵਾਨ ਪੰਜ ਭੈਣਾਂ ਵਿਆਹੁਣ ਵਾਲੀਆਂ ਸਨ, ਉਹ ਕਿਹੜੇ ਮੂੰਹ ਨਾਲ ਜਾ ਕੇ ਪੇਕੇ ਬੈਠਦੀ? ਕੀ ਕਹਿੰਦੀ ਆਪਣੇ ਪੇਕਿਆਂ ਨੂੰ? ਉਹ ਮਨ ਹੀ ਮਨ 'ਚ ਵਿਚੋਲੇ ਨੂੰ ਗਾਲ੍ਹਾਂ ਕੱਢਦੀ....ਕਿਸ ਡੰਗਰ ਨਾਲ ਉਹਦਾ ਵਿਆਹ ਕਰਤਾ ਸੀ। ਵਿਆਹ ਹੋਏ ਨੂੰ ਚਾਰ ਸਾਲ ਬੀਤ ਗਏ ਸਨ ਪਰ ਰਤਨੀ ਦੀ ਕੁੱਖ ਹਰੀ ਨਾ ਹੋਈ। ਉਹ ਇਕ ਬਾਲ ਲਈ ਤਰਸ ਗਈ ਸੀ। ਰਾਤ ਸੁੱਤੀ ਹੋਈ ਦੇ ਕੰਨਾਂ 'ਚ ਨਿਆਣੇ ਦੇ ਰੋਣ ਦੀ ਆਵਾਜ਼ ਪੈਂਦੀ ਤਾਂ ਉਹ ਤ੍ਰਭਕ ਕੇ ਉਠਦੀ....। ਕਈ ਵਾਰ ਉਹਨੂੰ ਏਦਾਂ ਲੱਗਦਾ ਜਿਵੇਂ ਉਹਦੇ ਦੁੱਧ ਉਤਰ ਆਇਆ ਹੋਵੇ। ਉਹ ਦੁੱਲੇ ਨੂੰ ਵਥੇਰਾ ਕਹਿੰਦੀ....ਫਲਾਨੇ ਫਲਾਨੇ ਦੇ ਉਨ੍ਹਾਂ ਤੋਂ ਬਾਅਦ 'ਚ ਵਿਆਹ ਹੋਏ। ਉਨ੍ਹਾਂ ਦੇ ਤਾਂ ਨਿਆਣੇ ਵੀ ਤੋਤਲੀਆਂ ਤੋਤਲੀਆਂ ਗੱਲਾਂ ਕਰਨ ਲੱਗ ਪਏ ਨੇ...ਪਰ ਉਨ੍ਹਾਂ। ਉਸ ਦਾ ਹਉਕਾ ਨਿਕਲ ਜਾਂਦਾ।

******

ਨਾਮੇ ਦੀ ਜ਼ਮੀਨ 'ਤੇ ਗੰਜਿਆਂ ਦੇ ਟੱਬਰ ਨੇ ਕਬਜ਼ਾ ਕਰ ਲਿਆ ਸੀ। ਨਾਮੇ ਨੂੰ ਇਹ ਜ਼ਮੀਨ ਮਹਿਕਮਾ ਅਗਰੇਰੀਅਨ ਵੱਲੋਂ ਅਲਾਟ ਹੋਈ ਸੀ। ਇਹ ਗੰਜਿਆਂ ਦੀ ਸਰਪਲਸ ਜ਼ਮੀਨ ਸੀ। ਬੜੀ ਮਿਹਨਤ ਕੀਤੀ ਸੀ। ਉਸ ਬੰਜਰ ਜ਼ਮੀਨ ਨੂੰ ਜ਼ਰਖੇਜ਼ ਬਣਾਉਣ ਲਈ। ਕੁੱਬ ਵੀ ਨਿਕਲ ਆਇਆ ਸੀ ਉਸਦਾ। ਹੁਣ ਖਾਣ ਪੀਣ ਦੀ ਵਾਰੀ ਆਈ ਸੀ ਤਾਂ ਗੰਜਿਆਂ ਦੇ ਟੱਬਰ ਨੇ ਆ ਦੱਬੀ ਸੀ ਕਿ ਇਹ ਤਾਂ ਉਨ੍ਹਾਂ ਜ਼ਮੀਨ ਹੈ। ਨਾਮਾ ਤਾਂ ਪਾਗਲ ਹੀ ਹੋ ਗਿਆ ਸੀ। ਪਹੁੰਚ ਕੋਈ ਹੈ ਨਹੀਂ ਸੀ ਤੇ ਨਾ ਹੀ ਪੱਲੇ ਪੈਲਾ। ਤਹਿਸੀਲਾਂ, ਕਚਹਿਰੀਆਂ ਤੇ ਠਾਣਿਆਂ ਦੇ ਚੱਕਰ ਕੱਢਦਾ ਉਹ ਹੰਭ ਗਿਆ ਸੀ ਪਰ ਕਿਤਿਉਂ ਵੀ ਇਨਸਾਫ਼ ਦੀ ਆਸ ਨਹੀਂ ਸੀ ਬੱਝੀ।

ਪਿੰਡ ਦੇ ਨਵੇਂ ਪੰਚ ਦੇ ਦਲਿਤ ਮੁੰਡਿਆਂ ਨੂੰ ਜਦੋਂ ਇਹ ਪਤਾ ਲੱਗਾ ਤਾਂ ਉਹ ਕੱਠੇ ਹੋ ਕੇ ਮੱਘਰ ਕੋਲ ਆਏ। ਉਨ੍ਹਾਂ ਮੱਘਰ ਨੂੰ ਆਪਣੀ ਬਰਾਦਰੀ ਭਾਈਚਾਰੇ ਦਾ ਵਾਸਤਾ ਪਾਉਂਦੇ ਹੋਏ ਕਿਹਾ, "ਚਾਚਾ ਤੂੰ ਸਾਰੀ ਉਮਰ ਕਿੰਨੇ ਕੰਮ ਸੰਵਾਰੇ ਜ਼ਿਮੀਦਾਰਾਂ ਦੇ। ਕਈ ਪੰਗੇ ਸਹੇੜੇ। ਪਰ। ਇਨ੍ਹਾਂ ਸਾਨੂੰ ਸਮਝਿਆ ਕੰਮੀ ਕਮੀਣ ਹੀ।"

"ਮੁੰਡਿਓ ਹੋਇਆ ਕੀ ?"

"ਹੋਣਾ ਕੀ ਸੀ ? ਨਾਮੇ ਦੀ ਜ਼ਮੀਨ ਤੇ ਕਬਜ਼ਾ.....ਇਹ ਵੱਡੇ ਨਾਢੂ ਖਾਂ ਸਮਝਦੇ ਕੀ ਆਪਣੇ ਆਪ ਨੂੰ ?"

"ਹਾਂ....ਹਾਂ ਉਹ ਤਾਂ ਮੈਨੂੰ ਵੀ ਪਤਾ ਲੱਗਾ ਸੀ।

"ਫੇਰ ਦੇਖਦੇ ਕੀ ਹੋ ? ਆਪਾਂ ਹੁਣ ਕਬਜ਼ਾ ਛੁਡਾਉਣਾ।...ਇਕ ਵਾਰੀ ਦੱਸਣਾ ਇਨ੍ਹਾਂ ਨੂੰ...ਸਾਡੀ ਵੀ ਕੋਈ ਹੈਸੀਅਤ ਆ।"

"ਦੇਖੋ ਭਈ ਗਭਰੂਓ...ਇਹ ਕਬਜ਼ੇ ਛੁਡਾਉਣੇ ਕੋਈ ਖਾਲ੍ਹਾ ਜੀ ਦਾ ਵਾੜਾ ਨਹੀਂ। ਡਟ ਕੇ ਖੜਨਾ ਪਊ।"

"......ਆ ਕਿੰਨੀਆਂ ਜਾਨਾਂ...ਕਿਸ ਕੰਮ ਆਉਣੀਆਂ।"

ਦਸਾਂ ਕੁ ਦਿਨਾਂ ਬਾਅਦ ਮੱਘਰ ਨੇ ਆਪਣੇ ਮਲਵਈ ਸਾਥੀਆਂ ਤੇ ਕੁਝ ਮੁੰਡਿਆਂ ਨੂੰ ਲੈ ਕੇ ਧਾਵਾ ਬੋਲਤਾ ਸੀ। ਮੱਘਰ ਨੇ ਗੰਜਿਆਂ ਦੇ ਸਾਰੇ ਟੱਬਰ ਨੂੰ ਕਮਰੇ 'ਚ ਬੰਦ ਕਰਕੇ ਬਾਹਰੋਂ ਜਿੰਦਾ ਮਾਰਤਾ ਸੀ ਤੇ ਆਪਣੇ ਸਾਥੀਆਂ ਨੂੰ ਹਦਾਇਤ ਕੀਤੀ, "ਵਾਹ ਦਿਉ ਸਾਰੀ ਜ਼ਮੀਨ।" ਕੁਝ ਘੰਟਿਆਂ 'ਚ ਸਾਰੀ ਕਣਕ ਵਾਹ ਕੇ ਪੱਧਰ ਕਰਤੀ ਸੀ।

ਮੱਘਰ ਦੇ ਸਾਥੀ ਦਾਰੂ ਪੀਂਦੇ, ਮੁਰਗੇ ਉਡਾਉਂਦੇ, ਉੱਚੀ ਉੱਚੀ ਬੱਕਰੇ ਬੁਲਾਉਂਦੇ। ਸਾਮੀਂ ਖਿੜਕੀ ਥਾਣੀ ਦੇਖਦੀ ਮਾਂ ਮੱਘਰ ਦੀਆਂ ਮਿੰਨਤਾਂ ਕਰਨ ਲੱਗੀ, "ਵੇ ਪੁੱਤ ਮੈਂ ਮਰ ਚਲੀ। ਸਵੇਰ ਦਾ ਕੁਝ ਨਹੀਂ ਖਾਧਾ। ਮੈਨੂੰ ਗਰੀਬਣੀ ਨੂੰ ਬਾਹਰ ਕੱਢ। ਮੈਂ ਤੇਰੀ ਮਾਂਵਾਂ ਵਰਗੀ।"

ਬੁੜੀ ਦੀਆਂ ਗੱਲਾਂ ਵਿੱਚ ਮੱਘਰ ਆ ਗਿਆ ਸੀ।

"ਤੇਰੇ ਪੁੱਤ ਨੇ ਅੱਤ ਵੀ ਬੜੀ ਚੁੱਕੀ ਸੀ ਚਾਚੀ। ਨਾਮੇ ਦਾ ਕੀ ਕਸੂਰ ? ਤੁਹਾਡੀ ਲੜਾਈ ਸਰਕਾਰ ਨਾਲ। ਸਰਕਾਰ ਨਾਲ ਆਢਾ ਲਾਉ ਤੁਸੀਂ।"

"ਵੇ ਪੁੱਤ ਜਿਵੇਂ ਕਹੇਂਗਾ ਉਵੇਂ ਈ ਕਰ ਲਵਾਂਗੇ। ਮੈਂ ਤਾਂ ਮਰਦੀ ਜਾ ਰਹੀਂ। ਕਲ੍ਹ ਦੀ ਜੰਗਲ ਪਾਣੀ ਵੀ ਨਹੀਂ ਗਈ।" ਬੁੜ੍ਹੀ ਤਰਲੇ ਮਿੰਨਤਾਂ ਕਰਕੇ ਬਾਹਰ ਨਿਕਲ ਭੱਜਿਉਂ ਭੱਜੀ ਪਿੰਡ



ਵੱਲ ਨੂੰ ਸਿੱਧੀ ਸਰਪੰਚ ਦੇ ਘਰ ਪਹੁੰਚੀ. "ਵੇ ਪੁੱਤਾ, ਅਸੀਂ ਲੁੱਟੇ ਗਏ। ਸਾਰੀ ਕਣਕ ਵਾਹਤੀ ਮੱਘਰ ਨੇ।"

"ਉਸ ਕੰਮੀ ਦੀ ਇਹ ਹਿੰਮਤ। ਹੁਣ ਸਾਡੀਆਂ ਜ਼ਮੀਨਾਂ 'ਤੇ ਕਬਜ਼ੇ। ਕਰਦਾਂ ਮੈਂ ਠਾਣੇ ਗੱਲ। ਤੂੰ ਫ਼ਿਕਰ ਨਾ ਕਰ ਤਾਈ।"

ਸਵੇਰ ਨੂੰ ਠਾਣਾ ਚੜ੍ਹ ਆਇਆ ਸੀ। ਮੱਘਰ ਨੇ ਮੁੰਡਿਆਂ ਨੂੰ ਅੱਗੇ ਪਿੱਛੇ ਹੋ ਜਾਣ ਲਈ ਕਿਹਾ ਸੀ। ਪਰ ਮੁੰਡੇ ਮੱਘਰ ਨੂੰ ਛੱਡ ਕੇ ਜਾਣ ਨੂੰ ਤਿਆਰ ਨਹੀਂ ਸਨ। ਮੱਘਰ ਨੇ ਉਨ੍ਹਾਂ ਨੂੰ ਸਮਝਾਇਆ ਸੀ, "ਭਈ ਕਮਲੇ ਨਾ ਹੋਵੋ। ਪਿੱਛਿਉਂ ਕਬਜ਼ਾ ਵੀ ਬਹਾਲ ਰੱਖਣਾ।" ਬੜੀ ਮੁਸ਼ਕਿਲ ਨਾਲ ਮੁੰਡਿਆਂ ਨੂੰ ਸਮਝਾਕੇ ਉੱਥੋਂ ਭਜਾਇਆ ਸੀ ਤੇ ਆਪ ਬੜੀ ਜ਼ੁਅੱਰਤ ਨਾਲ ਪੁਲਿਸ ਨਾਲ ਖਹਿਬੜ ਪਿਆ ਸੀ।

ਠਾਣੇ 'ਚ ਭਰਵਾਂ ਇੱਠ ਸੀ। ਸਰਪੰਚ ਨੇ ਜ਼ਿਮੀਦਾਰਾਂ ਦਾ ਸਾਰਾ ਲਾਣਾ ਆਪਣੇ ਵੱਲ ਕਰ ਲਿਆ ਸੀ। ਮੱਘਰ ਹੈਰਾਨ ਸੀ ਕਿ ਜਿਨ੍ਹਾਂ ਲੋਕਾਂ ਦੀ ਖਾਤਿਰ ਉਹ ਸਾਰੀ ਉਮਰ ਪੰਗੇ ਲੈਂਦਾ ਰਿਹਾ ਅੱਜ ਉਹੀ ਉਸ ਦੇ ਖਿਲਾਫ਼ ਹੋ ਗਏ ਸਨ। ਪ੍ਰੀਤਮ ਤਾਂ ਉਸ ਦਾ ਪੱਗ ਵੱਟ ਭਰਾ ਸੀ। ਇਹਨੂੰ ਕੀ ਹੋ ਗਿਆ ? ਇਹ ਵੀ ਉਨ੍ਹਾਂ ਨਾਲ.....?

ਮੱਘਰ ਦੇ ਸਾਥੀਆਂ ਐਸ. ਐਸ. ਪੀ. ਤਾਈਂ ਪਹੁੰਚ ਕੀਤੀ ਸੀ। ਤੇ ਆਪਣੀ ਜਾਤ ਬਰਾਦਰੀ ਦਾ ਵਾਸਤਾ ਪਾਉਂਦੇ ਹੋਏ ਕਿਹਾ ਸੀ, "ਸਾਬ ਮੱਘਰ ਨੇ ਕੋਈ ਨਜਾਇਜ਼ ਨਹੀਂ ਕੀਤੀ। ਇਸ ਨੇ ਤਾਂ ਆਪਣੇ ਭਾਈਚਾਰੇ ਦਾ ਮਾਣ ਉੱਚਾ ਕੀਤਾ। ਤੁਸੀਂ ਤੇ ਸਾਬ੍ਹ ਜਾਣਦੇ ਹੀ ਹੋ। ਜੱਟ ਜੱਟਾਂ ਦੇ ਵਗ੍ਹ ਕੀਹਦਾ।"

ਐਸ. ਐਸ. ਪੀ. ਨੇ ਉਨ੍ਹਾਂ ਨੂੰ ਭਰੋਸਾ ਦਵਾਇਆ ਸੀ ਕਿ ਉਹ ਪੂਰੀ ਮੱਦਦ ਕਰੇਗਾ। ਪਰ ਉਪਰੋਂ ਪਰੈਸ਼ਰ ਬਹੁਤ ਸੀ।

ਸਰਪੰਚ ਨੇ ਬੜੇ ਹੱਥ ਪੈਰ ਮਾਰੇ ਸਨ। ਉਸ ਦੀ ਕੋਈ ਪੇਸ਼ ਨਾ ਗਈ। ਐਸ. ਐਸ. ਪੀ. ਨੇ ਇਲਾਕੇ ਦੇ ਡੀ. ਐਸ. ਪੀ. ਕੋਲੋਂ ਮੱਘਰ ਦੇ ਹੱਕ 'ਚ ਇਨਕੁਆਰੀ ਕਰਵਾਕੇ ਉਸਨੂੰ ਛੱਡ ਦਿੱਤਾ ਸੀ। ਸਰਪੰਚ ਬਖਸ਼ੀਸ਼ ਸਿੰਘ ਸੰਧੂ ਦੀ ਹਉਮੈਂ ਨੂੰ ਭਾਰੀ ਸੱਟ ਵੱਜੀ ਸੀ। ਉਹ ਜ਼ਖਮੀ ਪੰਛੀ ਵਾਂਗ ਖੰਭ ਫੜ ਫੜਾਉਂਦਾ ਰਹਿ ਗਿਆ ਸੀ। ਪਿੰਡ ਦੇ ਜ਼ਿਮੀਦਾਰਾਂ ਨੇ ਤਾਂ ਉਸ ਨੂੰ ਏਥੋਂ ਤਾਈਂ ਕਹਿ ਦਿੱਤਾ ਸੀ, "ਦੇਖ ਸਰਪੰਚ ਜੀ ਮੱਘਰ ਸਾਡੇ ਕਈ ਵਾਰ ਕੰਮ ਆਇਆ। ਅਸੀਂ ਤੁਹਾਡੇ ਮਗਰ ਲੱਗਕੇ ਉਹਦੇ ਨਾਲ ਵਿਗਾੜੀ। ਪਰ ਪੱਲੇ ਕੀ ਪਿਆ ? ਭਲਾ ਟੱਬਰ ਨੂੰ ਕੀ ਲੋੜ ਸੀ ਕਬਜ਼ਾ ਕਰਨ ਦੀ....ਅੱਜ ਤੋਂ ਭਾਈ ਆਪਣਾ ਪੜ੍ਹਿਆ ਵਿਚਾਰੋ। ਐਵੇਂ ਨਾ ਭੇਡਾਂ ਵਾਂਗ ਹਰ ਕਿਸੇ ਦੇ ਮਗਰ ਲੱਗ ਤੁਰਿਆ ਕਰੋ।" ਸਰਪੰਚ ਬਖਸ਼ੀਸ਼ ਸਿੰਘ ਦੀ ਅਣਖ ਦੇ ਨਾਲ ਨਾਲ ਸਰਪੰਚੀ ਨੂੰ ਵੀ ਖੋਰਾ ਲੱਗਾ ਸੀ। ਸਾਰਾ ਵਿਹੜਾ ਵੀ ਮੱਘਰ ਦੇ ਨਾਲ ਜਾ ਖੜ੍ਹਿਆ ਸੀ।

ਸਰਪੰਚਣੀ ਨੇ ਬੂਹੇ ਪਿੱਛੇ ਖੜ ਕੇ ਇਹ ਸਭ ਸੁਣਿਆ ਸੀ। ਉਹ ਡਰ ਗਈ....ਹੁਣ ਖੈਰ ਨਹੀਂ...ਉਹ ਹੁਣ ਚੁੱਪ ਕਰਕੇ ਬਹਿਣ ਵਾਲਾ ਨਹੀਂ। ਇਨ੍ਹਾਂ ਨੂੰ ਕੀ ਲੋੜ ਸੀ ਮੱਘਰ ਨਾਲ ਦੁਸ਼ਮਣੀ ਲੈਣ ਦੀ.....?

ਰਾਤੀਂ ਮੱਘਰ ਹੱਥ 'ਚ ਗੰਡਾਸੀ ਵੱਡੀ ਹਵੇਲੀ ਦੀ ਕੰਧ ਟੱਪ ਆਇਆ। ਘਰ ਦੇ ਕੋਲੇ ਕੋਲੇ ਕਮਰੇ 'ਚ ਲੱਗਾ ਟਹਿਲਣ। ਉਹ ਉੱਚੀ ਉੱਚੀ ਲਲਕਾਰੇ ਮਾਰਦਾ ਕੁੜੀ ਵਾਲੇ ਕਮਰੇ 'ਚੋਂ ਸਰਪੰਚ ਨੂੰ ਘਸੀਟਦਾ ਦਲਾਨ 'ਚ ਖਿਚ ਲਿਆ.....ਉਸ ਪੂਰੇ ਜ਼ੋਰ ਨਾਲ ਸਰਪੰਚ ਦੀ ਧੌਣ ਤੇ ਗੰਡਾਸੀ ਮਾਰੀ...ਉਸ ਦੀ ਚੀਕ ਨਿਕਲ ਗਈ। ਉਹ ਤ੍ਰਭਕ ਕੇ ਉੱਠੀ। ਡਰ ਨਾਲ ਉਸਦਾ ਸਰੀਰ ਕੰਬਣ ਲੱਗਾ...ਉਸ ਉੱਠ ਕੇ ਦਰਵਾਜ਼ੇ ਦੀ ਕੁੰਡੀ ਦੇਖੀ। ਲੱਗੀ ਹੋਈ ਸੀ। ਡਰ ਹਾਲੇ ਵੀ ਉਸ ਦੀਆਂ ਰਗਾਂ 'ਚ ਦੌੜ ਰਿਹਾ ਸੀ। ਉਸ ਆਪਣੇ ਆਪ ਨੂੰ ਕਿਹਾ, "ਹੁਣ ਤੇ ਕੁਝ ਕਰਨਾ ਪਊ। ਮੱਘਰ ਨੂੰ ਕਿਸੇ ਤਰੀਕੇ ਫਸਾਉਣਾ ਪਊ। ਨਹੀਂ ਤੇ....।" ਉਹ ਸਾਰੀ ਰਾਤ ਸੋਚਦੀ ਰਹੀ ਤੇ ਸਕੀਮਾਂ ਘੜਦੀ ਰਹੀ।

ਇਕ ਦਿਨ ਮੌਕਾ ਤਾੜ ਕੇ ਤੇਜੇ ਨੂੰ ਮਸਕਰੀ ਕਰਦਿਆਂ ਉਸ ਕਹਿ ਹੀ ਦਿੱਤਾ, "ਵੇ ਕਿਸੇ ਦਿਨ ਆਈਂ ਸਾਡੇ। ਤੈਨੂੰ ਚਾਟੀ ਦੀ ਲੱਸੀ ਪਿਲਾਊਂ," ਤੇਜੇ ਦਾ ਮਾਸੂਮ ਚਿਹਰਾ ਕੰਨਾਂ ਤਾਈਂ ਲਾਲ ਹੋ ਗਿਆ ਸੀ। ਹੌਲੀ ਹੌਲੀ ਸਰਪੰਚਣੀ ਨੇ ਤੇਜੇ ਨੂੰ ਚਾਟੇ ਲਾ ਹੀ ਲਿਆ ਸੀ। "ਤੈਨੂੰ ਇਕ ਗੱਲ ਪੁੱਛਾਂ।...ਖੈਰ ਛੱਡ ?" ਤੇਜੇ ਦੇ ਘੁੰਗਰਾਲੇ ਵਾਲਾਂ 'ਚ ਉਂਗਲਾਂ ਫੇਰਦਿਆਂ ਕਿਹਾ।

"ਹਾਂ...ਹਾਂ ਪੁੱਛ ਹੁਣ ਸਾਡੇ 'ਚ ਕਾਹਦਾ ਉਹਲਾ।"

"ਤੇਰੀ ਜੋੜੀ ਤਾਂ ਰਤਨੀ ਨਾਲ ਜੱਚਦੀ ਸੀ। ਕਦੀ ਦੇਖਿਆ ਰਤਨੀ ਵੱਲ। ਕਿੰਨੀ ਸੋਹਣੀ ? ਕਿੰਨੀ ਜਵਾਨ ? ਢੋਲਾ ਤਾਂ ਨਿਰਾ ਊਤ ਈ ਆ। ਏਨੀ ਸੋਹਣੀ ਰੰਨ ਕਿਦਾਂ ਕਟੂੰ ? ਕਦੀ ਹੱਥ ਪੈਰ ਮਾਰਿਆ।"

ਇਹ ਸੁਣ ਤੇਜੇ ਦੇ ਚਿਹਰੇ ਤੇ ਡਰ ਤੇ ਹੈਰਾਨੀ ਦੀਆਂ ਲੀਕਾਂ ਫੈਲ ਗਈਆਂ। "ਵਾਕਿਆ ਰਤਨੀ ਬਹੁਤ ਸੋਹਣੀ ਆ। ਮੈਂ ਤਾਂ ਐਵੇਂ ਅਵੇਸਲਾ ਰਿਹਾ।" ਉਸ ਸਰਪੰਚਣੀ ਨੂੰ ਛੇੜਦਿਆਂ ਕਿਹਾ, "ਸਾਨੂੰ ਤਾਂ ਤੇਰੀ ਚਾਟੀ ਦੀ ਲੱਸੀ ਚੰਗੀ ਲੱਗਦੀ।"

"ਜਾਹ ਵੇ...ਮੈਂ ਕਿਤੇ ਭੱਜੀ ਜਾਂਦੀ। ਰਤਨੀ ਵੀ ਤਾਂ ਮੇਰੇ ਪਿੰਡ ਦੀ ਮੇਰੀ ਛੋਟੀ ਭੈਣ ਆਂ। ਮੈਨੂੰ ਤਾਂ ਤਰਸ ਆਉਂਦਾ ਉਹਦੇ ਤੇ। ਉਹਦੀ ਜੋੜੀ ਤੇ....ਤੇਰੇ ਨਾਲ।"

ਉਸ ਰਾਤ ਤੇਜਾ ਸੌਂ ਨਹੀਂ ਸਕਿਆ ਸੀ। ਵਾਰ ਵਾਰ ਉਸ ਦੀਆਂ ਅੱਖਾਂ ਮੋਹਰੇ ਰਤਨੀ ਦਾ ਖੂਬਸੂਰਤ ਚਿਹਰਾ ਉੱਭਰ ਆਉਂਦਾ।

******

ਵਾਢੀਆਂ ਦੇ ਦਿਨ ਸਨ। ਦੁਪਹਿਰ ਨੂੰ ਬੰਦੇ ਆਰਾਮ ਕਰਦੇ। ਬੁੜੀਆਂ ਆਪਸ ਵਿੱਚ ਕੱਠੀਆਂ ਹੋ ਕੇ ਖਰੂਦ ਕਰਦੀਆਂ। ਗੀਤ ਗਾਉਂਦੀਆਂ, ਗਿੱਧਾ ਪਾਉਂਦੀਆਂ ਤੇ ਇਕ ਦੂਜੇ ਨੂੰ ਅਸ਼ਲੀਲ ਟਿੱਚਰਾਂ ਵੀ ਕਰਦੀਆਂ।

ਜੀਤੋ ਨੇ ਇਕ ਦਿਨ ਸਿੱਟੇ ਚੁਗਦੀ ਰਤਨੀ ਨੂੰ ਪੁੱਛ ਹੀ ਲਿਆ ਸੀ, "ਕਿਉਂ ਨੀ ਢੋਲੇ ਦੇ ਪੱਲੇ ਹੈ ਕੁਝ ਕਿ ਨਿਰਾ ਫੋਕ ਈ ਆ ?" ਰਤਨੀ ਪਹਿਲਾਂ ਤਾਂ ਝਿਜਕੀ ਪਰ ਜਦੋਂ ਜੀਤੋ ਨੇ ਆਪਣੇ ਘਰ ਵਾਲੇ ਦੀਆਂ ਸਾਰੀਆਂ ਗੱਲਾਂ ਰਤਨੀ ਨੂੰ ਦੱਸੀਆਂ ਤਾਂ ਉਹ ਵੀ ਦਲੇਰ ਹੋ ਗਈ, "ਕੀ ਦੱਸਾਂ ਅੜੀਏ....ਛੱਜਾ ਛੁੱਟਿਆਂ ਤਾਂ ਆਪਣਾ ਢਿੱਡ ਨੰਗਾ ਹੁੰਦਾ। ਇਹ ਤਾਂ ਪਹਿਲੀ ਰਾਤ ਨੂੰ ਮੋਕ ਮਾਰ ਗਏ ਸੀ।"

"ਅੱਛਾ...ਤੂੰ ਐਹ ਦੱਸ ਅਜੇ ਨਵੀਂ ਵੀ ਹੋਈ ਕਿ ਨਹੀਂ....?"



"ਕੰਜਰੀ ਨਾ ਹੋਵੇ ਤੇ...ਤੈਨੂੰ ਦੱਸਿਆ ਤਾਂ ਹੈ ਹਾਂ...ਇਕ ਵਾਰ ਬੜਾ ਮਜ਼ਾ ਆਇਆ ਸੀ....ਦੁਪਹਿਰ ਦੀ ਗੱਲ ਆ। ਇਹ ਪੱਠੇ ਪਾਉਣ ਲੱਗਾ। 'ਵੱਲੀ' ਦੇ ਨਾਥੂ ਨਹੀਂ ਪਾਇਆ ਸੀ...ਉਹਨੇ ਸਿੰਗਾਂ ਨਾਲ ਧਕ ਕੇ ਕੰਧ 'ਚ ਤੁੰਨਤਾ ਸੀ...ਇਹ ਤਾਂ ਮੌਕੇ ਤੇ ਬਾਪੂ ਨਾ ਆਉਂਦਾ...ਇਹਦੇ ਵਾਲਾ ਕੰਮ ਕਰਤਾ ਸੀ ਮੱਝ ਨੇ।"

"ਫੇਰ ਕੀ ਹੋਇਆ ?"

"ਇਹ ਸਾਰਾ ਦਿਨ ਚੁੱਪ-ਚਾਪ ਰਹੇ। ਨਾ ਕਿਸੇ ਨਾਲ ਗੱਲ ਕੀਤੀ ਤੇ ਨਾ ਹੀ ਕੁਝ ਖਾਧਾ। ਰਾਤ ਪਈ ਤਾਂ ਮੈਂ ਦੁੱਧ ਦਾ ਗਿਲਾਸ ਲੈ ਕੇ ਅੰਦਰ ਆਈ। ਇਹ ਤਾਂ ਟੁੱਟਕੇ ਪੈ ਗਏ ਮੈਨੂੰ। ਕੜਕਾਂ ਕੱਢਤੀਆਂ। ਸੱਚੀਂ ਅੜੀਏ ਉਦਣ ਬੜਾ ਮਜ਼ਾ ਆਇਆ ਸੀ....। ਉਹ ਦਿਨ ਜਾਵੇ ਤੇ ਆ ਦਿਨ ਹੁਣ ਤਾਂ ਅਸੀਂ ਦੁਨੀਆਂਦਾਰੀ ਤੌਰ ਤੇ ਤੀਵੀਂ ਆਦਮੀ ਹਾਂ...ਸਾਡੇ 'ਚ ਕਾਹਦੀ ਸਾਂਝ। ਇਹ ਮੱਝਾਂ ਦੁਆਲੇ ਘੁੰਮੀ ਜਾਣ...ਤੇ ਮੈਂ...ਮੈਂ ਹੁਣ ਫੈਸਲਾ ਕਰ ਲਿਆ...ਬਸ ਤਾਂ ਹੁਣ ਮੈਂ ਤੇਜੇ ਦੇ।"

"ਤੇਜੇ ਦੇ।"

"ਹਾਂ ਉਹ ਮੇਰਾ ਦਿਉਰ। ਬਾਹਲਾ ਈ ਖਿਆਲ ਰੱਖਦਾ ਮੇਰਾ। ਆਏ ਗੇੜੇ ਸ਼ਹਿਰੋਂ ਨਿਕ-ਸੁੱਕ ਲਈ ਆਊ। ਕਦੇ ਵੀਣੀਆਂ ਸੱਖਣੀਆਂ ਨਹੀਂ ਰਹਿਣ ਦਿੱਤੀਆਂ।"

"ਹੈਅ....ਅੱਛਾ...ਗੱਲ ਏਥੋਂ ਤੱਕ ਪਹੁੰਚ ਗਈ।"

"ਹੋਰ ਕਰਦੀ ਵੀ ਕੀ ? ਇਹ ਭੂਤੂ ਦੇ ਕਿਹੜੀ ਵਸੂ।"

"ਉਹ ਤਾਂ ਠੀਕ ਆ...ਜੇ ਕਿਸੇ ਨੂੰ ਪਤਾ ਲੱਗ ਗਿਆ....?"

"ਲੱਗਦਾ ਤਾਂ ਲੱਗ ਜਾਵੇ.......।"

"ਮੈਨੂੰ ਤਾਂ ਡਰ ਲਗਦਾ....ਮੇਰੀ ਸੁਣ ਕੇ ਜਾਨ ਕੰਬੀ ਜਾਂਦੀ ਆ। ਤੂੰ ਪਤਾ ਨਹੀਂ ਕਿਵੇਂ ਹੀਆ ਕਰ ਲਿਆ ?"

"ਦੇਖੀ ਜਾਊਗੀ।"

ਇਹ ਗੱਲ ਜੀਤੋ ਤੋਂ ਹੁੰਦੀ ਹੋਈ ਪਿੰਡ ਦੀਆਂ ਬੁੜੀਆਂ ਤੇ ਫਿਰ ਬੁੜੀਆਂ ਤੋਂ ਨੰਜੋ ਕੋਲ ਪਹੁੰਚੀ। ਨੰਜੋ ਦੇ ਤਾਂ ਸੁਣ ਕੇ ਅੱਗ ਲੱਗ ਗਈ, "ਇਹ ਕਮਜ਼ਾਤ ਦੀ ਇਹ ਹਿੰਮਤ....ਲੁੱਚੀ ਰੰਨ ਭਰਾਵਾਂ 'ਚ ਪਾਟਕ ਪਾ ਕੇ ਰਹੂ। ਮੈਂ ਵੀ ਕਈ ਦਿਨਾਂ ਤੋਂ ਇਹਦੀ ਚਾਲ-ਢਾਲ ਨੋਟ ਕਰਦੀ ਪਈ ਸਾਂ...ਮੈਨੂੰ ਕੀ ਪਤਾ ਸੀ....? ਮੇਰੇ ਪਿੱਛਿਓਂ. ਇਹ ਸਰਪੰਚਾਂ ਦੇ ਘਰ...ਮੈਨੂੰ ਵੀਹ ਵਰ੍ਹੇ ਹੋ ਗਏ ਵੱਸਦੀ ਨੂੰ...ਮੈਂ ਤਾਂ ਦਰ ਨਹੀਂ ਦੇਖਿਆ ਵੱਢ ਖਾਣਿਆਂ ਦਾ...ਤੇ ਇਹ ਕਲ੍ਹ ਆਈ ਤੇ ਅੱਜ...ਮੈਨੂੰ ਕਹੇ ਮੇਰੇ ਪਿੰਡ ਦੀ....ਮੇਰੀ ਭੈਣ ਬੜਾ ਖਿਆਲ ਰੱਖਦੀ...ਮੈਂ ਵੀ ਸੋਚਦੀ ਸਾਂ ਕੋਈ ਗੱਲ ਹਊ ਨਹੀਂ ਤਾਂ ਇਹ ਜਾਤ.....ਵੱਢੀ ਉਂਗਲ ਤੇ ਮੂਤਣ ਵਾਲੀ ਨਹੀਂ....ਆਪ ਤਾਂ ਜਾਣਿਆ ਵੱਢੀ ਕਰਦੀ ਸੀ ਲੁੱਚ ਗੜਚੀਆਂ ਇਹ ਨੂੰ ਵੀ ਲੱਗੀ ਪੁੱਠੀਆਂ ਪੱਟੀਆਂ ਪੜ੍ਹਾਉਣ...ਜੇ ਕਿਤੇ ਮੱਘਰ ਨੂੰ ਪਤਾ ਲੱਗ ਗਿਆ....ਪਹਿਲਾਂ ਤਾਂ ਚਰੂੰਡੀ ਮੇਰੀ ਮਰੂ...ਫਿਰ ਇਹਦੀਆਂ ਟੰਗਾਂ ਭੰਨੂ।"

"ਤੇਜਿਆ ਅੱਜ ਖੈਰ ਨਹੀਂ...ਸਭ ਨੂੰ ਪਤਾ ਲੱਗ ਗਿਆ...ਹੁਣ ਨਹੀਂ ਆਪਾਂ ਬਚਦੇ...ਭਾਈਏ ਦੇ ਗੁੱਸੇ ਨੂੰ ਤਾਂ ਤੂੰ ਚੰਗੀ ਤਰ੍ਹਾਂ ਜਾਣਦਾ.....," ਰਤਨੀ ਨੇ ਕਾਹਲੀ ਨਾਲ ਦੁਕਾਨ 'ਚ ਵੜਦਿਆਂ ਤੇਜੇ ਨੂੰ ਕਿਹਾ।

"ਫਿਰ ਕੀ ਕਰੀਏ ?"

"ਹੁਣ ਤਾਂ ਇਕੋ ਹੱਲ ਆ। ਆਪਾਂ ਭੱਜ ਚਲੀਏ। ਨਹੀਂ ਤਾਂ... ਭਾਈਏ ਨੇ ਨਹੀਉਂ ਛੱਡਣਾ।"

ਤੇਜੇ ਨੇ ਦੁਕਾਨ ਬੰਦ ਕੀਤੀ। ਜੇਬ 'ਚ ਪੈਸੇ ਪਾਏ ਤੇ ਉਹ ਉਥੋਂ ਭੱਜ ਤੁਰੇ।

ਇਸ ਗੱਲ ਦਾ ਸਾਰੇ ਪਿੰਡ 'ਚ ਰੌਲਾ ਪੈ ਗਿਆ ਕਿ ਮੱਘਰ ਦੀ ਭਰਜਾਈ ਭੱਜ ਗਈ। ਮੱਘਰ ਨੂੰ ਬੜੀ ਨਮੋਸ਼ੀ ਹੋਈ ਸੀ। ਉਹ ਕਿੰਨੇ ਦਿਨ ਘਰੋਂ ਬਾਹਰ ਵੀ ਨਾ ਨਿਕਲਿਆ।

"ਤੁਸੀ ਕਿੰਨੇ ਦਿਨ ਅੰਦਰ ਵੜੇ ਰਹੋਗੇ। ਕੁਸ਼ ਕਰੋ।" ਨੰਜੋ ਨੇ ਚਿੰਤਾ ਕਰਦਿਆਂ ਕਿਹਾ।

"ਕੀ ਕਰਾਂ....? ਬਾਹਰ ਨਿਕਲਣ ਜੋਗਾ ਛੱਡਿਆ ਨਹੀਂ ਮੈਨੂੰ।"

"ਕੋਈ ਗੱਲ ਨਹੀਂ...ਬੰਦਿਆਂ ਨਾਲ ਹੁੰਦੀ। ਫਿਰ ਕੀ ਹੋਇਆ? ਉਹ ਆਪਣੇ ਦਿਉਰ ਨਾਲ ਗਈ। ਕਿਸੇ ਹੋਰ ਨਾ ਤਾਂ ਨਹੀਂ।"

"ਉਹ ਭੈਣ ਜ੍ਹਾਵੀ ਜਿਹਦੇ ਨਾਲ ਮਰਜ਼ੀ ਜਾਂਦੀ। ਮੈਨੂੰ ਦੁੱਖ ਤਾਂ ਏਸ ਗੱਲ ਦਾ, ਸਾਡੇ ਭਰਾਵਾਂ 'ਚ...। ਤੇਜੇ ਨੇ ਕੀ ਕੀਤੀ? ਉਸ ਨੂੰ ਪੜ੍ਹਾਇਆ, ਲਿਖਾਇਆ, ਦੁਕਾਨ ਖੋਲ੍ਹ ਕੇ ਦਿੱਤੀ..ਮਾਈ ਜਾਵੇ ਨੇ ਆ ਇੱਜ਼ਤ ਬਣਾਈ ਸਾਡੀ। ਇਕ ਵਾਰੀ ਆ ਜਾਣ ਕਾਬੂ। ਡੱਕਰੇ ਨਾ ਕੀਤੇ ਦਿਨ੍ਹਾਂ ਦੇ।"

"ਕੁਸ਼ ਅਕਲ ਕਰੋ।"

"ਅਕਲ ਤਾਂ ਹੁਣ ਉਦਣ ਹੀ ਹੋਊ ....ਜਿਦਣ ਆਏ ਮੇਰੇ ਕਾਬੂ।"

*****

ਪੂਰੇ ਮਹੀਨੇ ਬਾਅਦ ਰਤਨੀ ਤੇ ਤੇਜਾ ਫੜੇ ਗਏ ਸਨ। ਸਰਪੰਚ ਠਾਣਿਉਂ ਜ਼ੋਰ ਪਾ ਕੇ ਰਤਨੀ ਤੇ ਤੇਜੇ ਨੂੰ ਇਹ ਕਹਿ ਕੇ ਲੈ ਆਇਆ ਸੀ ਕਿ ਉਨ੍ਹਾਂ ਦੇ ਪਿੰਡ ਦਾ ਮਸਲਾ ਹੈ, ਉਹ ਇਸ ਨੂੰ ਆਪੇ ਪੰਚਾਇਤ 'ਚ ਨਿੱਜਠਾਂਗੇ। ਉਸ ਨੇ ਦੋਵਾਂ ਨੂੰ ਆਪਣੀ ਕੋਠੀ ਰੱਖਿਆ ਸੀ ਤਾਂ ਕਿ ਮੱਘਰ ਨੂੰ ਵੱਧ ਤੋਂ ਵੱਧ ਜ਼ਲੀਲ ਕੀਤਾ ਜਾ ਸਕੇ।

ਅਗਲੇ ਦਿਨ ਪੰਚਾਇਤ ਹੋਈ। ਮੱਘਰ ਨੂੰ ਬੁਲਾਇਆ ਗਿਆ। ਪਰ੍ਹਿਆ ਵਿਚ ਤੇਜੇ ਤੇ ਰਤਨੀ ਨੂੰ ਭੁੰਜੇ ਬਿਠਾਇਆ ਗਿਆ। ਉਨ੍ਹਾਂ ਨੂੰ ਦੇਖ ਕੇ ਮੱਘਰ ਦਾ ਇਕ ਵਾਰ ਤਾਂ ਜੀਅ ਕੀਤਾ ਕਿ ਉਹ ਉਨ੍ਹਾਂ ਦੀ ਧੌਣ ਲਾਹ ਕੇ ਧੜ ਤੋਂ ਅਲੱਗ ਕਰ ਦੇਵੇ। ਪਰ ਉਹ ਇਸ ਤਰ੍ਹਾਂ ਨਹੀਂ ਕਰ ਸਕਿਆ ਸੀ। ਪਤਾ ਨਹੀਂ ਕਿਵੇਂ ਉਹ ਗੁੱਸੇ ਨੂੰ ਡੱਕੀ ਬੈਠਾ ਸੀ।

"ਬੋਲ ਕੁੜੇ ਰਤਨੋ ਤੂੰ ਕੀ ਚਾਹੁੰਦੀ?" ਸਰਪੰਚ ਨੇ ਗਿਣੀ ਮਿੱਥੀ ਸਾਜ਼ਿਸ਼ ਮੁਤਾਬਿਕ ਪੁੱਛਿਆ ਸੀ।

"ਮੈਂ ਤਾਂ ਜੀ...ਤੇਜੇ ਦੇ....।"

ਇਹ ਸੁਣ ਮੱਘਰ ਨੂੰ ਗੁੱਸਾ ਚੜ੍ਹ ਗਿਆ ਸੀ। ਉਸ ਨੇ ਗੁਤੋਂ ਫੜਕੇ ਘਸੀਟਿਆ। ਰਤਨੀ ਦੇ ਪੰਜ ਸੱਤ ਲੱਤਾਂ ਵੀ ਜੜ ਦਿੱਤੀਆਂ ਸਨ। ਕਈ ਜਣਿਆਂ ਮੱਘਰ ਨੂੰ ਫੜਿਆ ਸੀ। ਉਹ ਮੁੜ-ਮੁੜ ਰਤਨੀ ਨੂੰ ਮਾਰਨ ਲਈ ਉਲਰਦਾ। ਪਿੰਡ ਦੇ ਕੁਝ ਮੋਹਤਬਾਰ ਤੇ ਸਿਆਣੇ ਬੰਦਿਆਂ ਮੱਘਰ ਨੂੰ



ਬੜੀ ਮੁਸ਼ਕਿਲ ਨਾਲ ਸਮਝਾ ਬੁਝਾਕੇ ਸ਼ਾਂਤ ਕੀਤਾ ਸੀ, "ਬਈ ਮੱਘਰਾ ਇਵੇਂ ਨਹੀਂ...ਆਪਾਂ ਵੀ ਵਥੇਰੀਆਂ ਕੀਤੀਆਂ ਪੰਚਾਇਤਾਂ....।"

ਮੱਘਰ ਗੁੱਸੇ 'ਚ ਭਰਿਆ ਪੀਤਾ ਉਥੋਂ ਉਠ ਕੇ ਚਲਾ ਗਿਆ ਸੀ। ਸਰਪੰਚ ਖਚਰੀ ਜੇਹੀ ਹਾਸੀ ਹੱਸਦਾ ਬੋਲਿਆ ਸੀ, "ਦੁੱਲਿਆ, ਤੂੰ ਹੀ ਬੋਲ..ਤੂੰ ਕੀ ਚਾਹੁੰਦਾ ਇਹ ਤਾਂ ਤੇਰੇ...।"

ਦੁੱਲੇ ਨੇ ਗੁੱਸੇ 'ਚ ਸਰਪੰਚ ਵੱਲ ਮੂੰਹ ਚੁੱਕ ਕੇ ਦੇਖਿਆ ਸੀ...ਸਰਪੰਚ ਜੇਤੂ ਲਹਿਜੇ 'ਚ ਫਿਰ ਬੋਲਿਆ ਸੀ, "ਹਾਂ ਬੋਲ ਤੂੰ ਕੀ ਚਾਹੁੰਦਾਂ....ਇਹ ਤਾਂ ਤੇਰੇ...।"

ਪਲ ਭਰ ਲਈ ਦੁੱਲਾ ਫਿਰ ਸ਼ੀਤ ਹੋ ਗਿਆ ਸੀ ਪਰ ਝੱਟ ਹੀ ਸੰਭਲ ਕੇ ਉਸ ਕਿਹਾ ਸੀ, "ਜੇ ਰਤਨੀ ਤੇਜੇ ਦੇ ਜਾਣਾ ਚਾਹੁੰਦੀ ਆ ਫਿਰ ਮੈਂ ਕੀ ਕਹਿ ਸਕਦਾਂ?" ਏਨਾ ਕਹਿ ਉਹ ਉਥੋਂ ਉਠਿਆ ਤੇ ਜਿਧਰ ਨੂੰ ਮਨ ਕੀਤਾ ਉਧਰ ਨੂੰ ਹੋ ਤੁਰਿਆ ਸੀ। ਸਾਰੇ ਉਸਨੂੰ ਜਾਂਦੇ ਨੂੰ ਦੇਖਦੇ ਰਹਿ ਗਏ ਸਨ।

ਰਤਨੀ ਨੂੰ ਤੇਜੇ ਦੇ ਬਿਠਾ ਦਿੱਤਾ ਸੀ। ਰਤਨੀ ਦੇ ਪੇਕਿਆਂ ਬੜੀ ਫਿੱਟ ਲਾਹਣਤ ਪਾਈ ਸੀ ਉਸ ਨੂੰ। ਉਸ ਦੇ ਪਿਉ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਸੀ ਕਿ ਅੱਜ ਤੋਂ ਉਹ ਉਨ੍ਹਾਂ ਲਈ ਮਰ ਗਈ, ਉਹ ਉਹ ਉਸ ਦੇ ਲਈ। ਸਾਰੇ ਪਿੰਡ ਨੇ ਥੂ ਥੂ ਕੀਤੀ ਸੀ ਦੋਵਾਂ ਤੇ...ਏਸ ਗੱਲ ਨੂੰ ਹਫਤਾ ਬੀਤ ਗਿਆ ਸੀ....ਪਰ ਦੁੱਲਾ ਪਤਾ ਨਹੀਂ ਕਿਥੇ ਚਲਾ ਗਿਆ ਸੀ...ਸਾਰੇ ਟੋਲ ਟਪਾਈ ਪੈ ਗਈ ਸੀ ਪਰ ਉਹ ਨਾ ਮਿਲਿਆ...ਕੋਈ ਕਹਿੰਦਾ-ਭਲਾ ਏਨੀ ਬੇਇੱਜ਼ਤੀ ਕੌਣ ਬਰਦਾਸ਼ਤ ਕਰ ਸਕਦਾ...ਕੋਈ ਰਤਨੀ ਨੂੰ ਗਾਲ੍ਹਾਂ ਕੱਢਦਾ ਕਹਿੰਦਾ...ਕੰਮਜਾਤ ਖਸਮ ਨੂੰ ਖਾ ਗਈ....ਏਹੋ ਜੇਹੀ ਦੇ ਡੱਕਰੇ ਕਰਕੇ ਕੁੱਤਿਆਂ ਨੂੰ ਪਾਉਣੇ ਚਾਹੀਦੇ...ਦੁੱਲਾ ਤਾਂ ਅਣਖੀ ਨਿਕਲਿਆ...ਉਹ ਕਾਹਨੂੰ ਬਦਚਲਣ ਤੀਵੀਂ ਘਰ ਵਾੜਦਾ....।ਮੁੱਕਦੀ ਗੱਲ ਇਕ ਸਹਿਮ ਜੇਹਾ ਸਾਰੇ ਫੈਲਿਆ ਸੀ....ਸਾਰਿਆਂ ਦੁੱਲੇ ਦੀ ਆਸ ਮੁੱਕਾ ਦਿੱਤੀ ਸੀ.....।

ਪਰ ਮੱਘਰ ਸੋਚ ਰਿਹਾ ਸੀ...ਇਹ ਕੀ ਹੋ ਗਿਆ? ਕਿਵੇਂ ਹੋ ਗਿਆ ਘੁੱਗ ਵਾਂਗ ਹੱਸਦਾ ਵੱਸਦਾ ਘਰ..ਪਲਾਂ 'ਚ ਹੀ ਖਿਡਰ-ਪੁੰਡਰ ਗਿਆ...ਪਰ ਦੁੱਲਾ ਕਿਥੇ ਗਿਆ? ਖੇਰੀ ਢਾਹੁਣ ਵਾਲਾ ਤਾਂ ਉਹ ਹੈ ਨਹੀਂ ਸੀ। ਉਸਨੂੰ ਤਾਂ ਉਹਦੀ ਉਹ ਗੱਲ ਨਹੀਂ ਭੁੱਲਦੀ ਜਦੋਂ ਉਹਨੇ ਜਗਤੇ ਦੀ ਲਾਹ ਪਾਹ ਕੀਤੀ ਸੀ। ਉਦੋਂ ਉਹ ਪਤਾ ਨਹੀਂ ਕਿੱਥਿਉਂ ਘੋੜੀ ਲੈ ਆਇਆ। ਰਾਹ 'ਚ ਜਗਤਾ ਗੱਡਾ ਹੱਕੀ ਆ ਰਿਹਾ ਸੀ...ਦੁੱਲੇ ਨੂੰ ਘੋੜੀ ਚੜ੍ਹਿਆ ਦੇਖ ਹੈਰਾਨ, ਪ੍ਰੇਸ਼ਾਨ ਤੇ ਤਿਊੜੀਆਂ ਪਾਉਂਦਾ ਬੋਲਿਆ ਸੀ, "ਹੈਅ ਕੰਮੀਆਂ ਦੇ ਮੁੰਡੇ ਘੋੜੀ ਤੇ...।" ਉਹ ਗੱਡੇ ਤੋਂ ਉਤਰਿਆ ਤੇ ਪੰਜ ਸੱਤ ਪਰੈਣਾਂ ਐਵੇਂ ਦੁੱਲੇ ਦੇ ਜੜ ਦਿੱਤੀਆਂ ਸਨ, "ਅਖੇ ਦੀਹਦਾ ਨਹੀਂ। ਮੈਂ ਗੱਡਾ ਲਈ ਆ ਰਿਹਾਂ। ਤੂੰ ਮੇਰਾ ਰਾਹ ਰੋਕੀ ਖੜ੍ਹਾਂ।" ਉਦੋਂ ਪਤਾ ਨਹੀਂ ਦੁੱਲੇ ਦੇ ਕਿਥੋਂ ਗੁੱਸੇ ਦਾ ਬਦਲ ਚੜ੍ਹਿਆ ਸੀ। ਆ ਦੇਖਿਆ ਨਾ ਤਾਅ ਉਹਨੇ ਜਗਤਾ ਢਾਅ ਲਿਆ ਸੀ, "ਆਪਣੇ ਆਪ ਨੂੰ ਸਮਝਦਾ ਕੀ ਐਂ ਤੂੰ? ਅਸੀਂ ਕਿਹੜੀ ਗੱਲੋਂ ਤੇਰੇ ਨਾਲੋਂ ਘੱਟ ਆ ਉਏ।" ਜਗਤਾ ਹੇਠਾਂ ਪਿਆ ਦੁਹਾਈਆਂ ਪਾ ਰਿਹਾ ਸੀ....।

"ਅੱਜ ਤੇਨੂੰ ਚੋਬਰ ਨੂੰ ਕੂੰਨਾਂ ਦਾ ਪਾਣੀ ਨਾ ਪਿਲਾਇਆ, ਮੈਨੂੰ ਵੀ ਤੂੰ ਪਿਉ ਦਾ ਨਾ ਕਹੀਂ।"

ਜਗਤੇ ਦੀ ਹਾਲ-ਦੁਹਾਈ ਸੁਣਕੇ ਪਿੰਡ ਇਕੱਠਾ ਹੋ ਗਿਆ ਸੀ। ਦਸਾਂ ਬੰਦਿਆਂ ਨੇ ਬੜੀ ਮੁਸ਼ਕਿਲ ਨਾਲ ਦੁੱਲੇ ਨੂੰ ਕਾਬੂ ਕੀਤਾ ਸੀ। ਉਹ ਦਿਨ ਜਾਵੇ ਤੇ ਆ ਦਿਨ ਆਵੇ ਜਗਤਾ ਕੰਨ 'ਚ ਪਾਇਆ ਨਹੀਂ ਸੀ ਰੜਕਿਆ....ਪਰ ਅੱਜ ਦੁੱਲਾ...ਕਿਥੇ ਗਿਆ? ਕੀ ਹਾਰ ਗਿਆ ਦੁੱਲਾ...ਜਾਂ ਸਰਪੰਚ ਨੇ ਧੋਬੀ ਪਟੜੇ ਦੀ ਤਾਬ ਨਹੀਂ ਝੱਲ ਸਕਿਆ....? ਪਰ ਏਡਾ ਲੋਹ-ਹੱਡਾ ਮਨੁੱਖ, ਏਡੀ ਛੇਤੀ ਹਾਰ ਨਹੀਂ ਸਕਦਾ....?

——0——



# ਥੀ ਪੌਜ਼ੇਟਿਵ ਯਾਰ/ਬਲੀਜੀਤ

ਪੁਰਾਣੀ ਗੱਲ ਏ। ਬੜੀ ਪੁਰਾਣੀ। ਜਿਨਾ ਪੁਰਾਣਾ ਕਿਸੇ ਦੀਆਂ ਨਸਾਂ ਵਿੱਚ ਵਗਦਾ ਖ਼ੂਨ ਹੋ ਸਕਦਾ। ਪਰ ਮੈਨੂੰ ਭੁੱਲਦੀ ਨਹੀਂ।

ਮੇਰੇ ਲਈ ਓਹਦਾ ਨਾਓਂ 'ਪਿਊਸ਼ ਚਾਵਲਾ' ਹੀ ਸੀ। ਓਹਦੇ ਵੇਸ ਨਾਓਂ... ਕੇਵਲ 'ਨਾਓਂ' ਨੂੰ ਮੈਂ ਬੜੀ ਦੇਰ ਪਹਿਲਾਂ ਮਿਲਿਆ ਸੀ। ਜੀਊਂਦੇ ਜਾਗਦੇ, ਸਾਲਮ ਸਬੂਤੇ ਪਿਊਸ਼ ਨੂੰ ਕਿਤੇ ਬਾਅਦ 'ਚ ਟਕਰਿਆ। ਓਹਦੇ ਵੇਸ ਨਾਓਂ ਨਾਲ ਪਹਿਲੀ, ਸਭ ਤੋਂ ਪੁਰਾਣੀ ਮੁਲਾਕਾਤ ਅਖ਼ਬਾਰ ਵਿੱਚ ਛਪੀ ਸੁਰਖ਼ੀ ਪੜ੍ਹਕੇ ਹੋਈ ਸੀ। ਸਕੂਲ ਨੂੰ ਤੁਰਦੇ ਮੇਰੇ ਛੇ ਸਾਲ ਦੇ ਵੱਡੇ ਬੇਟੇ ਨੇ ਹੇਠੋਂ ਸੜਕ ਤੋਂ ਉਤਾਹ ਨੂੰ ਵਗਾਹ ਕੇ ਸੁੱਟਿਆ ਹੋਇਆ ਅਖ਼ਬਾਰ ਦੂਸਰੀ ਮੰਜ਼ਿਲ ਦੀਆਂ ਪੌੜੀਆਂ 'ਚ ਗਿਰਦਾ ਸੁਣ, ਵੇਖ ਲਿਆ ਸੀ। ਉਹੀ ਅਖ਼ਬਾਰ ਚੁੱਕ ਕੇ ਉਸ ਨੇ ਮੈਨੂੰ ਮੰਜੇ 'ਤੇ ਸਿੱਧੇ ਲੇਟੇ ਨੂੰ ਵਿਖਾਉਂਦਿਆਂ, ਮੇਰੀ ਵੱਖੀ ਨਾਲ ਟਿਕਾ ਦਿੱਤਾ, " ਡੈਡੀ ਜੀ, ਆਪ ਕਭੀ ਨਹੀਂ ਪੜਤੇ। ਪੜੋ ਅਖ਼ਬਾਰ।" ਬੱਚਾ ਬਾਪ ਨੂੰ ਕੁੱਝ ਪੜ੍ਹਨ ਲਈ ਕਹਿ ਰਿਹਾ ਸੀ। ਬੱਚੇ ਦਾ ਦਿਲ ਰੱਖਣ ਲਈ ਮੈਂ ਬਿਨਾਂ ਕੁੱਝ ਹੋਰ ਸੋਚੇ ਓਹਦੇ ਸਾਮ੍ਹਣੇ ਹੀ ਅਖ਼ਬਾਰ ਖੋਲ੍ਹ ਕੇ ਪੜ੍ਹਨਾ ਸ਼ੁਰੂ ਕਰ ਦਿੱਤਾ ਸੀ।

ਓ ਹੋ, ਕਮਾਲ!! ਮੇਰਾ ਕੰਮ ਹੋ ਗਿਆ ਸੀ।

ਅਖ਼ਬਾਰ ਦੇ ਪਹਿਲੇ ਸਫ਼ੇ 'ਤੇ ਹੇਠਾਂ ਨੂੰ ਲਟਕਾਈ ਹੋਈ ਖ਼ਬਰ ਵਿੱਚ ਭਰਤੀ ਕੀਤੇ ਗਏ ਅਫ਼ਸਰਾਂ ਦੇ ਨਾਓਂ ਸਨ। ਵਿਚਾਲੇ ਜਹੇ ਸਾਬਕਾ ਫ਼ੌਜੀਆਂ ਦੀ ਲਿਸਟ ਵਿੱਚ ਕਿਤੇ 'ਪਿਊਸ਼ ਚਾਵਲਾ' ਛਪਿਆ ਹੋਇਆ ਪੜ੍ਹਿਆ। ਰੀਜ਼ਰਵ ਲਿਸਟ ਅੰਤ ਵਿੱਚ ਸਭ ਤੋਂ ਥੱਲੇ ... ਅਤੇ ਬਚਦੀ, ਮੁੱਕਦੀ ਖ਼ਬਰ ਅਖ਼ਬਾਰ ਦੇ ਪੰਦਰਵੇਂ ਸਫ਼ੇ 'ਤੇ ਵਗਾਹ ਕੇ ਸੁੱਟੀ ਹੋਈ ਮਿਲੀ ਜਿੱਥੇ ਅਖ਼ੀਰ ਉੱਤੇ ਮੇਰਾ ਨਾਂ ਲਟਕਿਆ ਹੋਇਆ ਪੜ੍ਹਿਆ। ਖ਼ਬਰ ਪੜ੍ਹਕੇ ਮੈਂ ਕਮਲਾ ਜਿਹਾ ਹੋ ਕੇ ਗੁਣਗੁਣਾਉਣ ਲੱਗ ਪਿਆ। ਚੰਗੀ ਸਰਕਾਰੀ ਅਫ਼ਸਰੀ ਕਿਤੇ ਮਿਲਦੀ ਐ। ਚੁਸਤ ਹੋ ਕੇ ਕੱਪੜੇ ਪਾਏ ਤੇ ਪਟਿਆਲੇ ਵੱਲ ਦੀ ਬੱਸ ਫੜ ਲਈ ਜਿੱਥੇ ਭਰਤੀ ਬੋਰਡ ਨੇ ਇਹ ਖ਼ਬਰ ਛਾਪੀ ਸੀ। ਉਸੇ ਦਿਨ 'ਪਿਊਸ਼ ਚਾਵਲਾ' ਦੇ ਵੇਸ ਨਾਓਂ ਨਾਲ ਮੇਰੀ ਦੂਸਰੀ ਮੁਲਾਕਾਤ ਭਰਤੀ ਬੋਰਡ ਦੇ ਨੋਟਿਸ ਬੋਰਡ ਦੀ ਜਾਲ੍ਹੀ ਵਿੱਚੋਂ ਦੀ ਹੋਈ ਜਿੱਥੇ ਦਸਤਖ਼ਤ ਕੀਤੀਆਂ ਮੈਰਿਟ ਲਿਸਟਾਂ ਪੁੰਨਿਆਂ ਦੇ ਚੰਦ ਰੰਗੀ ਜਿੰਦੀ ਲਾ ਕੇ ਕੈਦ ਕੀਤੀਆਂ, ਟੰਗੀਆਂ ਹੋਈਆਂ ਸਨ। ਮੈਨੂੰ ਆਪਣੀ ਮੈਰਿਟ ਲਿਸਟ ਦਸਤਖ਼ਤ ਕੀਤੀ ਹੋਈ ਵੇਖਣ ਦੀ ਔਖਵੀ ਜਹੀ ਲੱਗੀ ਹੋਈ ਸੀ। ਮੈਂ ਉਸ ਵੇਲੇ ਉਥੇ ਇਕੱਲਾ ਉਮੀਦਵਾਰ ਖੜ੍ਹਾ ਸੀ। ਬੋਰਡ ਦਾ ਕੋਈ ਕਲਾਸ ਫੋਰ ਮੁਲਾਜ਼ਮ ਸੀਮਿੰਟ ਦੇ ਬੈਂਚ 'ਤੇ ਬੈਠਾ ਬੀੜੀ ਚੂਸ ਰਿਹਾ ਸੀ:

" ਤੇਰਾ ਨਾਓਂ ਹੈਗਾ ਵਿਚ ਮਾਂ?"

" ਹੈਗਾ!"

" ਮੌਜ ਕੱਲ ਘਰ ਬੈਠ। ਆਪੇ ਪੁੱਜੂ ਚਿੱਠੀ ਤੇਰੇ ਟਿਕਾਣੇ 'ਪਰ।" ਸਾਰੀਆਂ ਮੈਰਿਟ ਲਿਸਟਾਂ ਮੈਂ ਆਪਣੇ ਹੱਥ ਨਾਲ ਚੰਗੀ ਤਰ੍ਹਾਂ ਖ਼ੁਸ਼ਖ਼ਤ ਕਰਕੇ ਚਿੱਟੇ ਕਾਗਜ਼ 'ਤੇ ਉਤਾਰ ਲਈਆਂ।

ਕਈ ਵਾਰ ਐਨਕਾਂ ਲਾ ਕੇ, ਲਾਹ ਕੇ ਨਾਵਾਂ ਦੀ ਤਸੱਲੀ ਕੀਤੀ। ਕੁੱਲ ਬਿਆਲੀ ਉਮੀਦਵਾਰਾਂ ਨੂੰ ਰੱਖਿਆ ਗਿਆ ਸੀ ਜਿਹਨਾ ਵਿੱਚ ਤਿੰਨ ਜਨਾਨੀਆਂ ਵੀ ਸਨ।

ਪਿਊਸ਼ ਚਾਵਲਾ!! ਬੜੀ ਖਿੱਚ ਸੀ ਏਸ ਨਾਂ ਵਿੱਚ। ਕਈ ਵਾਰ ਨਾਵਾਂ ਦੀਆਂ ਲਿਸਟਾਂ ਪੜ੍ਹੀਆਂ। ਹੋਰ ਨਾਂ ਸਨ ... ਰਣਜੀਤ ਸਿੰਘ, ਮਲਕੀਤ ਸਿੰਘ ... ਵਿਜੇ ਗੋਇਲ। ਗੋਇਲ। ਗਰਗ। ਗੁਪਤੇ। ਸਾਰੇ ਬੇਰਿੰਗ ਨਾਓਂ। ਪਰ ... ਕਈ ਵਾਰ ਖੁਦ ਨੂੰ ਬੋਲ ਕੇ ਸੁਣਾਇਆ ... ਪਿਊਸ਼ ਚਾਵਲਾ!

ਉਹ ਆਪ ਸਾਲਮ ਸਬੂਤਾ ਸਭ ਤੋਂ ਪਹਿਲਾਂ ਮੈਨੂੰ ਸੋਤਾ ਦੇ ਗਲਿਆਰਿਆਂ ਵਿੱਚ ਲੌਂਕਰੀ ਤੋਂ ਮੁਅੱਤਲ ਹੋਇਆ, ਬੌਂਦਲਿਆ ਘੁੰਮਦਾ ਮਿਲਿਆ ਸੀ। ਮੇਰੇ ਵੱਲ ਨੂੰ ਤੇਜ਼ੀ ਤੇਜ਼ ਤੁਰਦਾ ਉਹ ਲੱਗਭਗ ਮੇਰੇ ਵਿੱਚ ਹੀ ਆ ਵੱਜਿਆ ਸੀ, ਅਣਜਾਣੇ ਹੀ ਮੈਨੂੰ ਧੱਕਾ ਮਾਰ ਕੇ ਸੁੱਟ ਹੀ ਦੇਂਦਾ ਜੇ ਮੈਂ ਥੋੜ੍ਹਾ ਜਿਹਾ ਪਿੱਛੇ ਨੂੰ ਹੋਟ ਕੇ ਉਸ ਨੂੰ ਜੱਫੀ ਨਾ ਪਾ ਲੈਂਦਾ ... ਤੇ ਜੇ ਪਿਊਸ਼ ਮੈਨੂੰ ਆਪਣੀ ਕੈੜੀ ਜੱਫੀ 'ਚ ਨਾ ਘੁੱਟਦਾ ਤਾਂ ਮੈਂ ਡ੍ਰਬ੍ਰਕ ਕੇ ਗਿਰ ਹੀ ਜਾਂਦਾ। ਅਜੇ ਤੱਕ ਮੈਂ ਉਸ ਨੂੰ ਆਪਣਾ ਕੁਲੀਗ ਸਮਝਦਾ ਹੋਇਆ ਪਹਿਚਾਣਦਾ ਸਾਂ। ਮੈਨੂੰ ਇਲਮ ਨਹੀਂ ਸੀ ਕਿ ਆਪਣੀ ਆਪਣੀ ਲੱਗਦੀ ਇਹ ਸ਼ਕਲ ਉਸ ਪਿਊਸ਼ ਚਾਵਲੇ ਦੀ ਏ ਜਿਸ ਦਾ ਨਾਂ ਮੈਂ ਅਖ਼ਬਾਰ ਵਿੱਚ ਪੜ੍ਹਕੇ ਅੰਡਰਲਾਈਨ ਕੀਤਾ ... ਤੇ ਆਪਣੇ ਹੱਥ ਨਾਲ ਕੋਰੇ ਕਾਗਜ਼ ਉੱਤੇ ਖੁਸ਼ਖਤ ਕਰਕੇ ਉਤਾਰਿਆ ਸੀ। ਕਿਸੇ ਹੋਰ ਦੀ ਕਲਮ ਨੇ ਇਹ ਨਾਂ ਮੇਰੇ ਅੰਦਰ ਕਿਤੇ ਲਿਖਕੇ ਸੰਭਾਲ ਲਿਆ ਸੀ।

"ਬਲੀ ਸਰ, ਮੈਂ ਪਿਊਸ਼!"

"ਅੱਛਾ, ਤੁਸੀ ਓ ਪਿਊਸ਼!", ਓਦਣ ਸਿਵਲ ਸੈਕਟਰੀਏਟ ਦੀ ਛੇਵੀਂ ਮੰਜ਼ਿਲ ਉੱਤੇ ਜੱਫੀ ਪਾ ਕੇ ਉਸ ਨੇ ਮੇਰੇ ਅੰਦਰ ਟਿਕੇ ਆਪਣੇ ਨਾਂ ਤੇ ਸ਼ਕਲ ਨੂੰ ਇਕ ਦੂਜੇ ਨਾਲ ਘੁੱਟ ਕੇ ਜੋੜ ਦਿੱਤਾ ਸੀ।

ਉਂਜ ਗੱਲ ਇਹ ਵੀ ਪੁਰਾਣੀ ਹੋ ਗਈ ਏ।

ਸੈਕਟਰੀਏਟ ਵਿੱਚ ਜਦੋਂ ਕਦੇ ਦਫ਼ਤਰੀ ਮੀਟਿੰਗਾਂ ਤੋਂ ਬਾਅਦ ਸਰਕਾਰੀ ਅਧਿਕਾਰੀ ਵਿਹਲੇ, ਸੌਖੇ ਹੋ ਕੇ ਬਹਿੰਦੇ ਤਾਂ ਉਸ ਨੂੰ ਪਿਊਸ਼ ਕਹਿਕੇ ਬੁਲਾਇਆ ਜਾਂਦਾ। ਉਹ ਆਪਣੇ ਕੋਲੋਂ ਇਸ ਨਾਂ ਨੂੰ ਹੁੰਘਾਰਾ ਭਰਦਾ ... ਪਰ ਮੈਂ ... ਮੈਂ ਉਹਦਾ ਨਾਂ ਬੋਲਿਆ ਜਾਂਦਾ ਸੁਣਕੇ ਆਪਣੇ ਅੰਦਰੋਂ ਬਿਨਾਂ ਬੋਲੇ ਸਿਰਫ਼ ਆਪਣੇ ਲਈ ਨਾਲ ਚਾਵਲਾ ਜੋੜ ਕੇ 'ਚਾਵਲਾ ਸਕਿਓਇਰ' ਹੋਟਲਾਂ, ਹਾਤਿਆਂ ਨੂੰ ਯਾਦ ਕਰਨ ਲੱਗ ਪੈਂਦਾ ਜਿੱਥੇ ਦਿਨ ਛਿਪਦੇ ਬਹਿਕੇ ਅਕਸਰ ਹੀ ਅਸੀਂ ਦਾਰੂ-ਚਿਕਨ ਵਿੱਚੀਂ ਨਿਕਲ ਜਾਂਦੇ ਸਾਂ। ਜਦੋਂ ਵੀ ਕਦੀ ਉਸ ਨੂੰ ਮਿਲਣਾ ਤਾਂ ਮੈਂ ਉਸਨੂੰ ਹਿੰਦੂ ਮਹਾਜਨ ਲੋਕਾਂ ਵਿੱਚੋਂ ਅਰੋੜਾ-ਖੱਤਰੀ ਸਮਝ ਕੇ, ਹੋਰ ਸਮਝਣ ਦੀ ਕੋਸ਼ਿਸ਼ ਕਰਨੀ ... ਪੰਜਾਬ ਦੀ ਉਹ ਹਿੰਦੂ ਬਰਾਦਰੀ ਜਿਸਦੇ ਬਹੁਤੇ ਲੋਕ ਵੱਡੀਆਂ, ਛੋਟੀਆਂ ਦੁਕਾਨਾਂ, ਰੇਹੜੀਆਂ ... ਸੰਅ-ਰੂਮਾਂ 'ਚ ਬਹਿਕੇ ਵਣਜ ਕਰਦੇ ਹੁੰਦੇ ਹਨ। ਇਕ ਵਾਰ ਪਿਊਸ਼ ਨੇ ਮੇਰੇ ਦਫ਼ਤਰ ਦੇ ਵੱਡੇ ਬਾਬੂ ਸੰਦੀਪ ਸੂਰੀ ਦਾ ਕੋਈ ਕੰਮ ਕਰ ਦੇਣ ਦੀ ਸਿਫ਼ਾਰਸ਼ ਕਰ ਦਿੱਤੀ ਸੀ ਤਾਂ ਮੈਂ ... ਇਹ ਗੱਲ ਵੀ ਮੈਂ ਆਪਣੇ ਦਿਮਾਗ ਵਿੱਚ ਘੁੰਮਦੀ '**ਪਿਊਸ਼ ਚਾਵਲਾ**' ਨਾਂ ਦੀ ਸੀ ਡੀ ਵਿੱਚ ਲਿਖਕੇ ਸੇਵ ਕਰ ਲਈ ਸੀ।



ਮੇਰੇ ਲਈ ਪਿਊਸ਼ ਦੇ ਅਰੋੜਾ-ਖੱਤਰੀ, ਅਫ਼ਸਰ-ਕੁਲੀਗ, ਵਿੱਟ-ਫ਼ਾਈਨ, ਐਮ ਏ ਐਲ ਐਲ ਬੀ ਹੋਣ ਤੋਂ ਇਲਾਵਾ ਅਗਲੀ ਵੱਡੀ ਗੱਲ ਓਹਦੇ ਫ਼ੌਜੀ ਹੋਣ ਦੀ ਸੀ। ਉਸ ਦੀ ਈ-ਮੇਲ ਆਈ ਡੀ ਵਿੱਚ ਵੀ 'ਕੈਪਟਨ' ਸ਼ਬਦ ਪਰੋਇਆ ਹੋਇਆ ਜਚਦਾ ਸੀ। ਫ਼ੌਜ ਦੇ ਪੰਜ ਸਾਲ ਦੇ ਸ਼ੌਰਟ-ਸਰਵਿਸ ਕਮਿਸ਼ਨ ਦੁਰਾਨ ਉਸਨੇ ਸਿਆਚਿਨ ਗਲੇਸ਼ੀਅਰ ਦੀ ਜੰਗ ਵੀ ਲੜੀ ਸੀ। ਸਾਲਟੋਰ ਦੀਆਂ ਚਿਰਲਾਉਂਦੀਆਂ ਪਹਾੜੀਆਂ ਦੀ ਅਖ਼ੀਰਲੀ, ਬਰਫ਼ੀਲੀ ਉਚਾਈ ਤੱਕ ਪੈਦਲ ਤੁਰਦਿਆਂ, ਪੁੱਜਦਿਆਂ ਪੰਦਰਾਂ ਤੋਂ ਵੀ ਤਿੰਨ ਦਿਨ ਵੱਧ ਹੀ ਲੱਗ ਜਾਂਦੇ। ਬਰਫ਼ੀਲੀਆਂ ਤੇਜ਼ ਤੂਫ਼ਾਨੀ ਹਵਾਵਾਂ ਵੱਲ ਨੂੰ ਪਿੱਠ 'ਤੇ ਲਟਕਦਾ ਪਿੱਠੂ ਕਰਕੇ ਪੁੱਠੇ ਪੈਰੀਂ ਤੁਰਨਾ ਕਿਹੜਾ ਸੁਖਾਲਾ ਹੁੰਦੈ? ਗਲੇਸ਼ੀਅਰ ਦੇ ਨਾਰਦਨ ਸੈਕਟਰ ਵਿੱਚ ... 'ਬਿਲਾਫੋਂਡ ਲਾ' ਤੋਂ ਕਿਤੇ ਉਪਰ ਪਰਾਂਹ ... ਐਂਗੇ? ਕਿੱਥੇ? ... ਪਤਾ ਨਹੀਂ ਕਿੱਥੇ? ... ਉਹ ਕਿਸੇ ਬੇਨਾਮ ਪੋਸਟ ਉੱਤੇ ਓਬਜ਼ਰਵੇਸ਼ਨ ਅਫ਼ਸਰ ਤੈਨਾਤ ਸੀ। ਜਿੱਥੇ ਉਸਨੂੰ ਬੋਫੋਰਜ਼ ਤੋਪ ਦਾ ਫ਼ਾਇਰ ਵੀ ਮਿਲਿਆ ਹੋਇਆ ਸੀ। ਉੱਥੇ ਉਹ ਪੂਰੇ ਸੌ ਦਿਨ ਤੇ ਸੌ ਰਾਤਾਂ ਰਿਹਾ ਸੀ। ਮਾਵਾਂ ਦੇ ਕਈ ਪੁੱਤ ਓਧਰ ਨੂੰ ਗਏ ਉਹਨਾਂ ਦਾ ਕਦੇ ਖੋਜ ਨੀਂ ਮੁੜਿਆ। ਸਿਆਚਿਨ ਗਲੇਸ਼ੀਅਰ ਦੀ ਚਿੱਟੀ ਸਰਾਲ ਨੇ ਸੈਆਂ ... ਹਜ਼ਾਰਾਂ ਫ਼ੌਜੀਆਂ ਨੂੰ ਨਿਗਲ ਲਿਆ ਸੀ ... ਕਦੇ ਉਸਨੇ ਮੈਨੂੰ ਇਹ ਵੀ ਦੱਸਿਆ ਕਿ ਉਹ ਇਸ ਲੜਾਈ ਵਿੱਚ ਇਕ ਸਕਿੰਟ ਦੇ ਇਕ ਟੁੱਕੜੇ ਦੇ ਫ਼ਾਸਲੇ ਨਾਲ ਮੌਤ ਦੇ ਮੂੰਹ ਵਿੱਚੋਂ ਨਿਕਲ ਆਇਆ ਸੀ:

"ਹੈਲੀਕੌਪਟਰ ਜਦੋਂ ਦੂਸਰੀ ਵਾਰੀ ਰਾਸ਼ਨ ਛੱਡਣ ਆਇਆ ਤਾਂ ਮੈਂ ਹੌਲਦਾਰ ਨੂੰ ਕਿਹਾ ਕਿ ਪਾਇਲਟ ਨੂੰ ਸਮਝਾ ਕੇ ਆਵੇ ਕਿ ਐਂਗੇ ਤੋਂ ਸਿੱਧਾ ਨਾ ਉਡੇ। ਉੱਥੋਂ ਪਾਕਿਸਤਾਨੀਆਂ ਨੂੰ ਹੈਲੀਕੌਪਟਰ ਦਿਸਦਾ ਐ। ਪਹਾੜੀ ਦੇ ਪਿਛਾਂਹ ਤੋਂ ਘੁਮਾ ਕੇ ਲਿਆਵੇ। ਮਿੰਟ 'ਚ ਕੌਫ਼ੀ ਖ਼ਤਮ ਕਰਕੇ ਮੈਂ ਵੀ ਮਗਰ ਈ ਤੁਰ ਗਿਆ। ਮੈਂ ਹੈਲੀਕੌਪਟਰ ਤੋਂ ਵੀਹ ਕੁ ਫੁੱਟ ਦੀ ਦੂਰੀ ਤੇ ਪੁੱਜਾ ਤਾਂ ... ਦੂਜੇ ਪਾਸਿਓਂ ਆਉਂਦੇ ਮੋਰਟਾਰ ਦੇ ਗੋਲੇ ਦੀ ਗੂੰਜ ਸੁਣਕੇ ਮੈਂ ਆਪਣੇ ਆਪ ਨੂੰ ਬਰਫ਼ 'ਤੇ ਸੁੱਟ ਲਿਆ। ਧਮਾਕਾ ਹੋ ਗਿਆ! ਹੈਲੀਕੌਪਟਰ ਡੈਮੇਜ ਹੋ ਗਿਆ। ਹੌਲਦਾਰ ਸਮੇਤ ਤਿੰਨ ਫ਼ੌਜੀ ਮੌਕੇ ਤੇ ਹੀ ਖ਼ਤਮ। ਚੌਥੇ ਦੀਆਂ ਗੋਡੇ ਤੋਂ ਹੇਠਾਂ ਲੱਤਾਂ ਕੱਟੀਆਂ ਗਈਆਂ। ਘੰਟੇ ਬਾਅਦ ਉਹ ਵੀ ਦਮ ਤੋੜ ਗਿਆ।"

... ਤੇ ਅਗਲੇ ਦਿਨ ਪਿਊਸ਼ ਨੇ ਪਾਕਿਸਤਾਨ ਦੀ ਉਹ ਪੋਸਟ ਉਡਾ ਦਿੱਤੀ ਜਿੱਥੋਂ ਉਹ ਗੋਲਾ ਤੁਰਿਆ ਸੀ। ਫੇਰ ਡੇਢ ਮਹੀਨਾ ਪਾਕਿਸਤਾਨ ਵੱਲੋਂ ਇਕ ਵੀ ਗੋਲੀ ਨੇ ਬਰਫ਼ ਦਾ ਬਾਰਡਰ ਪਾਰ ਨਹੀਂ ਕੀਤਾ। ਇਹ ਗੱਲ ਵੀ ਉਸਨੇ ਕਈ ਵਾਰ ਸੁਣਾਈ ਕਿ ਉਸਨੂੰ ਪਾਕਿਸਤਾਨ ਦੀ ਪੋਸਟ ਨਸ਼ਟ ਕਰਨ ਦੀ ਬਹਾਦਰੀ ਲਈ ਸੂਰਬੀਰਤਾ ਦਾ ਮੈਡਲ ਮਿਲਣ ਦੀ ਫ਼ਾਈਲ ਚੱਲ ਪਈ ਸੀ ... ਤੇ ਜੇ ਫ਼ਾਈਲ ਸਿਰੇ ਚੜ੍ਹ ਜਾਂਦੀ ਤਾਂ ਅੱਜ ਉਸਨੂੰ ਕਦੋਂ ਦੀ ਪੈਨਸ਼ਨ ਲੱਗੀ ਹੋਣੀ ਸੀ, ਪਰ ... ਉਸ ਦੇ ਬਰੀਗੇਡੀਅਰ ... ਜੋ ਕੋਈ ਮੁਸਲਮਾਨ ... ਖ਼ਾਨ, ਖ਼ਾਨ ਸੀ ... ਨੇ ਉਸ ਦੀ ਫ਼ਾਈਲ ਨੱਪ ਲਈ। ਤੇ ਪਿਊਸ਼ ਉਦਾਸ ਜਿਹਾ ਹੋ ਕੇ ਕਹਿ ਜਾਂਦਾ ਕਿ ਤੁਸੀਂ ਇਹ ਨਾ ਸੋਚੋ ਕਿ ਫ਼ੌਜ ਵਿੱਚ ਤੁਹਾਡੀ ਜਾਤ, ਬਰਾਦਰੀ, ਧਰਮ ਦੇ ਅਧਾਰ ਉੱਤੇ ਤੁਹਾਡੇ ਨਾਲ ਨਿਆਂ, ਅਨਿਆਂ, ਵਿਤਕਰਾ ਨਹੀਂ ਹੁੰਦਾ। ਪੈਨਸ਼ਨ ਤਾਂ ਕਿਹੜੀ ਮਿਲਣੀ ਸੀ ... ਉਸਨੇ ਫ਼ੌਜ ਵਿੱਚ ਅੱਗੇ ਹੋਰ ਸਬਾਈ

ਕਮਿਸ਼ਨ ਲੈਣ ਦਾ ਖ਼ਿਆਲ ਹੀ ਛੱਡ ਦਿੱਤਾ। ਉਹ ਇਹ ਵੀ ਦੱਸਦਾ ਹੁੰਦਾ ਸੀ ਕਿ ਉਸਨੂੰ ਫ਼ੌਜੀ ਅਫ਼ਸਰਾਂ ਵਾਲੇ ਵੱਟਸਐਪ ਗਰੁੱਪ ਵਿੱਚ ਆਉਂਦੇ ਪੁਰਾਣੇ ਸਾਥੀਆਂ ਦੇ ਮੈਸੇਜਿਜ਼ ਤੋਂ ਪਤਾ ਲੱਗਦਾ ਰਹਿੰਦਾ ਐ ਕਿ ਉਸਦੇ ਨਾਲ ਦੇ ਹੁਣ ਕਰਨਲ, ਬ੍ਰਿਗੇਡੀਅਰ ਬਣ ਚੁੱਕੇ ਹਨ। ਜੇ ਖ਼ਾਨ ਨਾ ਹੁੰਦਾ... ਕੋਈ ਹੋਰ ਹੁੰਦਾ... ਤਾਂ... ਤਾਂ...

ਹਿੰਦੂ ਅਰੋੜਾ-ਖੱਤਰੀ, ਫ਼ੌਜੀ ਹੋਣ ਤੋਂ ਇਲਾਵਾ ਉਹ ਹੋਰ ਵੀ ਸੀ ਕਈ ਕੁੱਝ। ਹੁਣ ਵਾਲੀ ਘਰਵਾਲੀ ਤੋਂ ਜੰਮੀ ਧੀ ਦਾ ਬਾਪ ਸੀ। ਮੇਰੇ ਦਿਮਾਗ ਵਿੱਚ ਲੱਗੀ ਸੀ ਫ਼ੀ ਘੁੰਮਣ ਤੋਂ ਕਦੇ ਨਹੀਂ ਹਟਦੀ। ਇਹ ਗੱਲ ਵੀ ਮੈਨੂੰ ਖੱਚਿਓਂ ਸੱਜਿਓਂ ਪਤਾ ਲੱਗੀ ਕਿ ਫ਼ੌਜ ਤੋਂ ਵਿਹਲਾ ਹੋ ਕੇ ਆਏ, ਮੇਰੇ ਨਾਲ ਸਿਵਲ ਸਰਵਿਸ ਵਿੱਚ ਭਰਤੀ ਹੋਣ ਤੋਂ ਬਾਅਦ ਪਿਊਸ਼ ਦਾ ਪਹਿਲਾ 'ਪਹਿਲਾ' ਵਿਆਹ ਹੋਇਆ ਸੀ। ਅੱਜਕਲ ਜ਼ਮਾਨਾ ਨੀਂ ਰਿਹਾ ਕਿਸੇ ਨੂੰ ਅੰਦਰਲੀ, ਪਰਸਨਲ ਗੱਲ ਪੁੱਛਣ ਦਾ। ਨਾਲੇ ਬੰਦੇ ਦੀ ਜ਼ੁਬਾਨ ਦੱਸਣ ਦੀ ਬਜਾਏ ਲੁਕੋਣ ਦਾ ਕੰਮ ਬਹੁਤਾ ਕਰਦੀ ਐ। ਤਾਂ ਵੀ ਇਕ ਦਿਨ ਜਿਗਰਾ ਕਰਕੇ ਪੁੱਛ ਹੀ ਲਿਆ

"ਪਿਊਸ਼ ਪਹਿਲਾ ਤੇਰਾ ਵਿਆਹ ਕੀਹਦੇ ਨਾਲ ਹੋਇਆ ਸੀ ?"

"ਲੁਧਿਆਣੇ ਕਾਲਿਜ 'ਚ ਇੰਗਲਿਸ਼ ਦੀ ਲੈਕਚਰਾਰ ਲੱਗੀ ਹੋਈ ਸੀ।"

"ਔਛਿਆ।। ਲੁਧਿਆਣੇ ਦੇ ਅਰੋੜਿਆਂ, ਖੱਤਰੀਆਂ ਦੀ ਧੀ ਸੀ।"

"ਨਾ ਨਾ। ਨਾ ਖੱਤਰੀ। ਨਾ ਅਰੋੜੇ। ਬਾਣੀਏ ਸਨ। ਪੱਕੇ ਬਾਣੀਏ।"

"ਇੰਟਰਕਾਸਟ ਮੈਰਿਜ ਹੋਈ ਸੀ ?"

"ਹਾਂਅ, ਹਾਂ। ਅਗਰਵਾਲ ਸਨ।"

"ਉਸ ਵਿਆਹ 'ਚੋਂ ਬੱਚਾ ਵੀ ਸੀ ਕੋਈ ?" ਗੱਲ ਚੱਲ ਪਈ ਤਾਂ ਮੈਂ ਉਸਦੀ ਜਿਰਹਾ ਕਰਨ 'ਤੇ ਉਤਰ ਆਇਆ।

"ਨਾ, ਨਾ। ਬੱਚੇ ਤੱਕ ਤਾਂ ਗੱਲ ਹੀ ਨੀਂ ਪਹੁੰਚੀ। ਪਹਿਲਾਂ ਹੀ ਖੜਕਾ ਦੜਕਾ ਹੋ ਗਿਆ। ਬੜੇ ਖੱਬੇਖ਼ਾਨ ਸਨ। ਤੂੰ ਜਾਣਦਾ ਨੀਂ ਓਸ ਡੀ ਸੀ ਨੂੰ ਜਿਹੜਾ ਕਦੇ ਕਦੇ ਅਖ਼ਬਾਰਾਂ 'ਚ ਲੇਖ ਲਿਖਦਾ ਹੁੰਦਾ ਸੀ, ਜਿਹੜਾ ? ਕਿੱਥੇ ? ਡੀ ਸੀ ਲੱਗਾ ਸੀ, ਜਦੋਂ ਤੂੰ ਪੱਟੀ ਸਬ-ਡਿਵੀਜ਼ਨ 'ਚ ਸੀ... "

"ਆਹੋ ਤਰਨਤਾਰਨ ਡੀ ਸੀ ਹੁੰਦਾ ਸੀ।"

"ਓਹਦਾ ਤਾਇਆ ਸੀ।"

"ਹੋਅ, ਹੋਅ!!"

"ਉਹਨਾਂ ਤਾਂ ਮੇਰੇ 'ਤੇ ਦਾਜ ਮੰਗਣ ਦਾ, ਤੇ ਹੋਰ ਕਈ ਕੇਸ ਪੁਆ 'ਤੇ ਸੀ। ਕਿੰਨੀਆਂ ਈ ਧਾਰਾਵਾਂ ਲੁਆ ਦਿੱਤੀਆਂ। ਉਹਨਾਂ ਦੀ ਫ਼ੈਮਲੀ 'ਚ ਕਈ ਪੁਲਿਸ ਅਫ਼ਸਰ ਸਨ। ਉਹਨਾਂ ਤਾਂ ਮੈਨੂੰ ਅਰੈਸਟ ਕਰਵਾ ਦਿੱਤਾ ਸੀ। ਕਈ ਦਿਨ ਮੈਂ ਅੰਦਰ ਰਿਹਾ। ਤਾਹੀਓਂ ਤਾਂ ਮੈਂ ਓਦੋਂ ਸਸਪੈਂਡ ਹੋਇਆ ... ਫਿਰਦਾ ਸੀ ... ਬਹਾਲ ਹੋਣ ਨੂੰ।"

"ਹੁਣ ਸੈਕਿੰਡ ਮੈਰਿਜ ਵੀ ਇੰਟਰਕਾਸਟ ਹੋਈ ਐ ?"



"ਨਾ, ਨਾ। ਇੰਟਰਕਾਸਟ ਮੈਰਿਜ ਦੇ ਤਾਂ ਸਾਨੂੰ ਪਹਿਲਾਂ ਈ ਹੱਥ ਲੱਗੇ ਹੋਏ ਸੀ। ਸੈਕਿੰਡ ਮੈਰਿਜ ਤਾਂ ਮੇਰੀ ਆਪਣੀ ਕਾਸਟ ਵਿੱਚ ਹੀ ਹੋਈ ਐ।"

"ਇਹ ਕਿਹੜੇ ਸ਼ਹਿਰ ਦੇ ਅਰੋੜੇ-ਖੱਤਰੀ ਨੇ ?" ਅਗਲਾ ਸੁਆਲ ਮੇਰੀ ਕਾਲੀ ਜੀਭ ਉੱਤੇ ਪਹਿਲਾਂ ਹੀ ਬਾਂਹ ਚੁੱਕੀ ਖੜ੍ਹਾ ਸੀ।

"ਨਹੀਂ ਬਈ ਸਰ। ਅਸੀਂ ਖੱਤਰੀ ਨਹੀਂ ਆਂ। ਨਾ ਹੀ ਅਰੋੜੇ ਵਗੈਰਾ ਆਂ। ਅਸੀਂ ਤਾਂ ਬ੍ਰਾਹਮਣ ਆਂ। ਬ੍ਰਾਹਮਣ! ਗੁਰਦਾਸਪੁਰ ਦੇ ਪੰਡਤ ..."

ਮੈਨੂੰ ਕਾਫ਼ੀ ਝਟਕਾ ਲੱਗਿਆ। ਮੇਰੇ ਅੰਦਰ ਗੇੜੇ ਕੱਟਦੀ, ਘੁੰਮਦੀ 'ਪਿਊਸ਼ ਚਾਵਲਾ' ਨਾਂ ਦੀ ਸੀ ਡੀ ਯੱਕ ਦਮ ਝਟਕਾ ਮਾਰ ਕੇ ਰੁਕ ਗਈ। ਡਾਟਾ ਕਰੱਪਟ ਹੋ ਕੇ ਪੜ੍ਹੇ ਜਾਣ ਤੋਂ ਜੁਆਬ ਦੇ ਗਿਆ। ਮੇਰੇ ਵਜੂਦ ਉੱਤੇ ਵੱਡਾ ਕਾਟਾ ਵੱਜ ਗਿਆ। ਮੈਂ ਅੱਧਾ ਕੁ ਹੋ ਕੇ ਡਰਦੀ ਜਹੀ ਆਵਾਜ਼ ਵਿੱਚ ਕਿਹਾ, "ਮੈਰਿਟ ਲਿਸਟ ਵਿੱਚ ਤਾਂ ਤੇਰਾ ਨਾਂ ਪਿਊਸ਼ ਚਾਵਲਾ ਲਿਖਿਆ ਹੋਇਆ ਸੀ।"

"ਉਹ ਨਾਂ ਬੋਰਡ ਦੀ ਲਿਸਟ ਵਿੱਚ ਕਲੈਰੀਕਲ ਮਿਸਟੇਕ ਕਰਕੇ ਲਿਖਿਆ ਗਿਆ ਸੀ। ਮੈਂ ਆਪਣੇ ਵਲੋਂ ਅਰਜ਼ੀ ਦੇ ਦਿੱਤੀ ਸੀ। ਉਹਨਾਂ ਨੇ ਇਹ ਗਲਤੀ ਬਾਅਦ 'ਚ ਦਰੁਸਤ ਕਰ ਦਿੱਤੀ। ਮੇਰਾ ਨਾਮ ਪਿਊਸ਼ ਚਾਵਲਾ ਨਹੀਂ। ਮੇਰਾ ਅਸਲੀ ਨਾਮ ਪਿਊਸ਼ ਚੰਦਰ ਐ। ਪਿਊਸ਼ ਚੰਦਰ ਸ਼ਰਮਾ।"

... ਪਿਊਸ਼ ਚੰਦਰ ... ਪਿਊਸ਼ ਚਾਵਲਾ ... ਪਿਊਸ਼ ਚੰਦਰ ਸ਼ਰਮਾ ... ਮੈਨੂੰ ਸਮਝ ਨਾ ਲੱਗੇ ਕਿ ... ਇਹ ਕਿਵੇਂ ਹੋ ਸਕਦੈ ... ਮੈਂ ਤਾਂ ਬਾਰਾਂ, ਪੰਦਰਾਂ ਸਾਲਾਂ ਤੋਂ ਆਪਣੇ ਖੋਖਲੇ ਵਿੱਚ ਪਿਊਸ਼ ਦੀ ਸੀ ਡੀ ਚਾਵਲਾ ... ਚਾਵਲਾ ... ਅਰੋੜਾ, ਖੱਤਰੀ ... ਲਿਖਕੇ ਭਰ ਦਿੱਤੀ ਸੀ। ਇੰਨੇ ਸਾਲਾਂ ਤੋਂ ਮੇਰੇ ਅੰਦਰ ਅਰੋੜਾ, ਖੱਤਰੀ ਬਣਕੇ ਜਿਊ ਰਹੇ ਪਿਊਸ਼ ਨੂੰ ਮੈਂ ਉਸਦੇ ਮੂੰਹ ਤੋਂ ਇਕ ਲਾਈਨ ਦਾ ਛੋਟਾ ਜਿਹਾ ਬਿਆਨ ਸੁਣਕੇ ਪੰਡਤਾਂ ਦਾ ਮੁੰਡਾ ਬਣਾ ਦੇਣ ਦਾ ਆਰਡਰ ਕਿਵੇਂ ਕਰ ਦਿਆਂ ??!! ਹੁਣ ਮੇਰੇ ਪੱਲੇ ਕੁੱਝ ਬੋਲਣ, ਪੁੱਛਣ ਦੀ ਕੋਈ ਸੱਤਿਆ ਬਚੀ ਨਹੀਂ ਰਹਿ ਗਈ ਸੀ। ਏਡਾ ਹਾਦਸਾ!!

* * * * * *

ਇਸ ਹਾਦਸੇ ਤੋਂ ਬਾਅਦ ਖ਼ਾਸ ਕਰ ਮੈਂ ... ਪਿਊਸ਼ ਵੀ ... ਆਪੋ ਆਪਣਾ ਟੋਕਰਾ ਸਿਰ 'ਤੇ ਚੁੱਕੀ ਦਫ਼ਤਰ-ਦਰ-ਦਫ਼ਤਰ ਨੌਕਰੀ ਕਰਦੇ ਰਹੇ। ਸਾਨੂੰ ਦੋਵਾਂ ਨੂੰ ਕੋਈ ਸਰਕਾਰ ਕਿਤੇ, ਕਿਸੇ ਦਫ਼ਤਰ ਵਿੱਚ ਟਿਕ ਕੇ ਇਕ ਛਿਮਾਹੀ ਤੋਂ ਵੱਧ ਕੰਮ ਨਾ ਕਰਨ ਦੇਂਦੀ। ਅਮੂਮਨ ਸਾਡੀ ਦੋਵਾਂ ਦੀ ਬਦਲੀ ਹੋ ਜਾਂਦੀ। ਕਈ ਵਾਰ ਅਸੀਂ ਦੋਵੇਂ ਇਕ ਦੂਜੇ ਦੀ ਥਾਂ ਲੱਗੇ। ਜੇ ਅਸੀਂ ਇੱਕੋ ਜ਼ਿਲ੍ਹੇ ਵਿੱਚ ਲੱਗ ਜਾਂਦੇ ਤਾਂ ਚੰਡੀਗੜ੍ਹ ਤੋਂ ਇੱਕੋ ਕਾਰ ਵਿੱਚ ਜਾਂਦੇ। ਸੋਮਵਾਰ ਨੂੰ ਸਵੇਰੇ ਦਫ਼ਤਰ ਨੂੰ ਤੁਰਨ ਲੱਗੇ ਕਾਰ ਮੈਂ ਚਲਾਉਂਦਾ। ਸ਼ੁੱਕਰਵਾਰ ਨੂੰ ਵੀਕ ਐਂਡ 'ਤੇ ਘਰਾਂ ਨੂੰ ਵਾਪਸ ਮੁੜਦੇ ਤਾਂ ਕਾਰ ਪਿਊਸ਼ ਚਲਾਉਂਦਾ। ਹਨੇਰੇ 'ਚ ਡਰਾਈਵ ਕਰਨ ਤੋਂ ਮੈਂ ਹਮੇਸ਼ਾ ਟਲਦਾ ਹੁੰਦਾ। ਅਸਲ ਗੱਲ ਇਹ ਹੁੰਦੀ ਕਿ ਸ਼ਾਮ ਨੂੰ ਮੈਂ ਪੀਤੀ ਹੁੰਦੀ ... ਚਲਦੀ ਕਾਰ 'ਚ ਵੀ ਮੂਹਰਲੀ ਖੱਬੀ ਸੀਟ 'ਤੇ ਬੈਠਾ

ਬਿਸਲੇਰੀ ਦੀ ਬੋਤਲ 'ਚ ਪਊਏ ਤੋਂ ਵੱਧ ਪਾਈ ਦਾਰੂ ਖਿੱਚੀ ਜਾਂਦਾ ਤੇ ਪਿਊਸ਼ ਦੇ ਝੋਲਿਆਂ 'ਚੋਂ ਕੱਢਿਆ ਸਮਾਨ ਖਾਈ ਜਾਂਦਾ

ਸਫ਼ਰ ਵਿਚ ਪਿਊਸ਼ ਦੇ ਤਿੰਨ ਬੈਗ ਸਮਾਨ ਦੇ ਭਰੇ ਨਾਲ ਲੈ ਕੇ ਤੁਰਦਾ ਹੁੰਦਾ ਸੀ। ਬਹੁਤਾ ਖਾਣ ਦਾ ਸਮਾਨ ਉਸਨੇ ਫੌਜੀ ਕੰਨਟੀਨ ਤੋਂ ਖਰੀਦਿਆ ਹੁੰਦਾ। ਕਈ ਤਰ੍ਹਾਂ ਦੇ ਮਿੱਠੇ ਨਮਕੀਨ ਬਿਸਕੁੱਟ, ਪਲਾਸਟਿਕ ਦੀਆਂ ਡੱਬੀਆਂ 'ਚ ਬੰਦ ਭਾਂਤ ਭਾਂਤ ਦੀਆਂ ਮਠਿਆਈਆਂ, ਫਲ-ਫਰੂਟ, ਸੁੱਕੇ ਮੇਵੇ ... ਸੁਆਮੀ ਬਾਬਾ ਰਾਮ ਦੇਵ ਦੇ ਮੁਰੱਬੇ, ਚਵਨਪਰਾਸ਼। ਆਂਵਲਾ ਕੈਂਡੀ... ਪੂਰੀ ਦੁਕਾਨ ਚੁੱਕੀ ਹੁੰਦੀ। ਪੀਣ ਲਈ ਬੋਤਲਾਂ 'ਚ ਭਰਿਆ ਘਰ ਦੇ ਆਰ ਓ ਦਾ ਪਾਣੀ। ਅਸੀਂ ਦੋਵੇਂ ਫਲ-ਫਰੂਟ, ਮਠਿਆਈ ਦਾ ਅੱਧਾ ਅੱਧਾ ਪੀਸ ਖਾ ਕੇ ਸਮੇਂ ਦੀਆਂ ਸਰਕਾਰਾਂ ਦੇ ਨੇਤਾ, ਨੀਤਾਂ ਅਤੇ ਨੀਤੀਆਂ ਦੇ ਬਖੀਏ ਉਧੇੜਦੇ, ਬਹਿਸ ਕਰਦੇ ਗੱਡੀ ਦੇਖੀ ਰੱਖਦੇ। ਸਫ਼ਰ ਕਟੀ ਜਾਂਦਾ। ਜ਼ਿੰਦਗੀ ਤੁਰੀ ਜਾਂਦੀ। ਤੁਰੀ ਰਹੀ।

* * * * * *

ਉਸ ਛਿਮਾਹੀ ਪਿਊਸ਼ ਮੇਰੇ ਤੋਂ ਵੀ ਚੋਵੀ ਕਿਲੋਮੀਟਰ ਅਗਾਂਹ ਸ਼ਾਹਕੋਟ ਲੱਗਿਆ ਹੋਇਆ ਸੀ। ਸ਼ੁਕਰਵਾਰ ਨੂੰ ਮੇਰੀ ਸਰਕਾਰੀ ਕੋਠੀ ਤੱਕ ਪੁੱਜਦਾ ਉਹ ਲੇਟ ਹੋ ਗਿਆ ਸੀ। ਕਿਚਨ ਵਿਚ ਮਾਂਹ ਛੋਲਿਆਂ ਦੀ ਥੋੜ੍ਹੀ ਜਹੀ ਦਾਲ ਦੁਪਹਿਰ ਦੀ ਬਚੀ ਪਈ ਸੀ। ਮੈਂ ਚੋਕੀਦਾਰ ਨੂੰ ਕਿਹਾ ਕਿ ਪੰਜ ਸੱਤ ਮੁੱਠੀਆਂ ਚੌਲਾਂ ਦੀਆਂ ਉਬਾਲ ਕੇ ਰੱਖ ਲਵੇ। ਪਿਊਸ਼ ਨੂੰ ਮੇਰੇ ਤੱਕ ਪੁੱਜਦੇ ਸੱਤ ਵੱਜ ਗਏ। ਗਰਮੀ ਵਿੱਚ ਭੁੱਖ ਮੈਨੂੰ ਵੀ ਲੱਗੀ ਪਈ ਸੀ, " ਪਿਊਸ਼ ਖਾਣਾ ਕੁਝ ?" ਲੇਟ ਤਾਂ ਹੋ ਹੀ ਗਏ ਸੀ। ਵਾਪਸੀ ਦਾ ਸਫ਼ਰ ਵੀ ਏਨੀ ਟਰੈਫਿਕ 'ਚ ਚਾਰ ਘੰਟੇ ਤੋਂ ਪਹਿਲਾ ਨਹੀਂ ਸੀ ਮੁੱਕਣਾ। ਪਿਊਸ਼ ਸਿਧਾ ਚੌਕੀਦਾਰ ਨੂੰ ਹੀ ਕਾਹਲੀ 'ਚ ਕਹਿਣ ਲੱਗਾ, "ਬੇਲਿਆ, ਭੁੱਖ ਬੜੀ ਜ਼ੋਰ ਦੀ ਲੱਗੀ ਆ। ਟੈਮ ਬਿਲਕੁੱਲ ਨੀ ਹੈਗਾ। ਜੋ ਕੁੱਝ ਹੈਗਾ ਇੱਕੋ ਪਲੇਟ 'ਚ ਇੱਕੋ ਵਾਰੀ ਹੀ ਉਲੱਦ ਕੇ ਲੈ ਆ ਸਾਰਾ। ਦੋ ਚਮਚੇ ਵੀ ਵਿੱਚ ਹੀ ਸੁੱਟਦਾ ਲਈ ਆਵੀਂ।" ਮੈਂ ਦੋ ਪੈਗ ਵੀ ਖਿੱਚ ਲਿਆ। ਇੱਕੋ ਪਲੇਟ 'ਚੋਂ ਦਾਲ ਚੌਲ ਵੀ ਅਸੀਂ ਫਟਾਫਟ ਧੂਹ ਦਿੱਤੇ। ਪਿਊਸ਼ ਦੇ ਕਾਰ ਤੋਰਦਿਆਂ ਮੈਂ ਸੋਚਿਆ: ਜਦੋਂ ਘਰਾਂ ਤੋਂ ਦੋ ਸੋ ਕਿੱਲੋਮੀਟਰ ਦੀ ਦੂਰੀ 'ਤੇ ਨੌਕਰੀ ਕਰਦਿਆਂ ਤਿੰਨ ਡੰਗ ਰੋਟੀ ਲਈ ਦੂਸਰਿਆਂ ਦੇ ਹੱਥਾਂ ਵੱਲ ਝਾਕਣਾ ਪੈਂਦਾ ਤਾਂ ਸਾਰੀ ਅਫ਼ਸਰੀ ਭੁੱਲ ਜਾਂਦੀ ਐ। ਕਾਰ ਨੇ ਸਪੀਡ ਫੜ ਲਈ। ਓਦਣ ਮੈਂ ਕਾਫ਼ੀ ਪੀ ਗਿਆ। ਉਚੀ ਉਚੀ ਗੱਪਾਂ ਮਾਰਦਾ ਮੈਂ ਪਿਊਸ਼ ਦੇ ਬੈਗ 'ਚੋਂ ਸਮਾਨ ਕੱਢ-ਕੱਢ ਆਪ ਵੀ ਖਾਈ ਗਿਆ ... ਤੇ ਗੱਡੀ ਚਲਾਉਂਦੇ ਪਿਊਸ਼ ਨੂੰ ਵੀ ਖੁਆਈ ਗਿਆ ... ਤੇ ਜਦੋਂ ਮੈਂ ਬਕ ਮਾਰਨ ਤੋਂ ਨਾ ਹਟਿਆ ਤਾਂ ਪਿਊਸ਼ ਨੇ ਮੋਨ ਧਾਰਨ ਕਰ ਲਿਆ ... ਗੱਡੀ ਨੂੰ ਦੇਖੀ ਰੱਖਿਆ।

ਜਦੋਂ ਅਸੀਂ ਕੁਰਾਲੀ ਲੰਘ ਆਏ ਤਾਂ ਸੜਕ ਵਿਚਕਾਰ ਬੱਸ ਅਤੇ ਟੈਂਪੂ ਦੇ ਐਕਸੀਡੈਂਟ ਕਾਰਨ ਲੱਗੇ ਟ੍ਰੈਫਿਕ ਦੇ ਜਾਮ ਨੂੰ ਦੇਖ ਕੇ ਮੈਂ ਤ੍ਰਬਕ ਗਿਆ। ਘਰ ਪੁੱਜਣ ਨੂੰ ਕਾਹਲਾ ਪੈ ਗਿਆ ... ਤੇ ਅਵਾ ਤਵਾ ਬੋਲਣ ਲੱਗਿਆ ... ਬੋਲਦਾ ਰਿਹਾ ... ਬੋਲਦਾ ਰਿਹਾ ... ਤੇ ... ਤੇ ਆਹ ਕੀ ਹੋ ਗਿਆ ... ਹੇ ਮੇਰੇ ਮਾਲਕ ?



ਹੈਂ ਆਹ ਕੀ ਹੋ ਗਿਆ ? ? ਮੇਰੇ ਬਕ ਬਕ ਬੋਲਦੇ ਸ਼ਰਾਬੀ ਮੂੰਹ ਵਿੱਚੋਂ ਤਰਲ ਪਦਾਰਥ ਦਾ ਇੱਕ ਤ੍ਰਪਕਾ ਬੁੜ੍ਹਕ ਕੇ ਪਿਊਸ਼ ਦੇ ਅੱਡੇ ਹੋਏ ਮੂੰਹ ਵਿਚ ਤੱਪ ਦੇ ਗੋਲੇ ਵਾਂਗ ਜਾ ਗਿਰਿਆ। ਉਹ ਥੱਕਿਆ ਹੋਇਆ ਬਾਸੀਆਂ ਲੈ ਰਿਹਾ ਸੀ, ... ਹੈਂ ! ਮੇਰੀ ਜੀਭ ਤਾਲੂਏ ਨੂੰ ਜਾ ਲੱਗੀ। ਮੈਂ ਡਰਕੇ ਅੱਖਾਂ ਮੀਚ ਲਈਆਂ। ਕਈ ਗੱਲਾਂ ਮੇਰੇ 'ਤੇ ਵੀ ਭਿੜਣ ਨੂੰ ਤਿਆਰ ਸੀ। ਹੌਲਿਆ ਹੋਇਆ ਮੈਂ ਬਿਲਕੁੱਲ ਬੇਜ਼ੁਬਾਨ ਹੋ ਗਿਆ। ਕੀ ਕਰਾਂ ਹੁਣ ਮੈਂ ? ... ਪਿਊਸ਼ ਤਾਂ ਕੇਵਲ ਸਾਤਵਿਕ ਭੋਜਨ ਕਰਦਾ ਸੀ। ਇਹ ਮੈਂ ਕੀ ਭੰਲ ਖਿੜਾ ਦਿੱਤਾ। ਮੈਂ ਸੁੰਨ ਹੋ ਕੇ ਕੰਬ ਗਿਆ। ਘਬਰਾਇਆ ਹੋਇਆ ਕੁੱਝ ਭਿਆਨਕ ਵਾਪਰਨ ਦੀ ਲੰਮੀ ਉਡੀਕ 'ਚ ਬੈਠਿਆ ਰਿਹਾ। ਹੁਣ ਕੀ ਕਰੇਗਾ ਪਿਊਸ਼ ? ਕੀ ਕਰੇਗਾ ਉਹ ? ਦਏਗਾ ਕੰਨਾਂ 'ਤੇ ...

ਪਿਊਸ਼ ਨੇ ਮੇਰੇ ਡਰ ਦੇ ਲੰਮੇ ਸਫ਼ਰ ਦੁਰਾਨ ਮੂੰਹ ਵਿਚ ਹੋਰ ਥੁੱਕ ਪੈਦਾ ਕੀਤਾ, ... ਉਸ ਦੀ ਇਹ ਜੁਗਤ ਯਾਦ ਕਰਦਿਆਂ ਹਰ ਵਾਰ ਮੇਰੀਆਂ ਅੱਖਾਂ ਭਰ ਆਉਂਦੀਆਂ, ... ਤੇ ਬਾਰੀ ਦਾ ਸ਼ੀਸ਼ਾ ਥੱਲੇ ਕਰਦੇ ਨੇ ਖੰਘਾਰਦੇ, ਜ਼ੋਰ ਦੀ ਆਵਾਜ਼ ਕਰਦਿਆਂ ਬਾਹਰ ਥੁੱਕ ਦਿੱਤਾ। ਖਿੜਕੀ ਦਾ ਸ਼ੀਸ਼ਾ ਬੰਦ ਕੀਤਾ। ਮੂੰਹ ਬੰਦ ਕਰਕੇ ਸਿਧਾ ਦੇਖਣ ਲੱਗਿਆ। ਗੱਡੀ 'ਚ ਗੇਅਰ ਪਾ ਦਿੱਤਾ ... ਤੇ ... ਤੇ ਹੁਣ ਕੇਵਲ ਸਫ਼ਰ ਮੁਕਾਉਂਦੀ ਕਾਰ ਦੀ ਅਵਾਜ਼ ਆ ਰਹੀ ਸੀ। ਕੋਈ ਕੁੱਝ ਨਾ ਬੋਲ ਸਕਿਆ। ਬੜਾ ਲੰਬਾ ਸਮਾਂ ਲੱਗਿਆ ਗੱਡੀ ਅੰਦਰਲੇ ਮਹੌਲ ਨੂੰ ਖਿੱਲਾ ਹੁੰਦਿਆਂ ... ਗੱਡੀ ਦਾ ਮੂਹਰਲਾ ਸੱਜਾ ਟਾਇਰ ਸੜਕ ਦੇ ਟੋਏ ਵਿਚ ਵੱਜਿਆ ਤਾਂ ... ਤਾਂ ਪਿਊਸ਼ ਨੇ ਬਰੇਕ ਧਰਤੀ 'ਚ ਗੱਡ ਦਿੱਤੀ, ਤੇ ਗੱਡੀ ਅੰਦਰ ਪਸਰੀ ਡਰਾਵਣੀ ਚੁੱਪ ਤੋਂ ਮੇਰੀ ਖਲਾਸੀ ਕਰਾਈ

"ਸੜਕ 'ਚ ਐਡੇ ਵੱਡੇ ਵੱਡੇ ਟੋਏ ਕਿਸੇ ਕੰਜਰ ਨੂੰ ਨਹੀਂ ਦਿੱਸਦੇ। ਹੈ ਈ ਨੀ ਕੋਈ ਜਿਊਂਦਾ ਜਾਗਦਾ। ਨਿਗ੍ਹਾ ਈ ਮੁੱਕ ਗਈ"

ਚੰਗਾ ਭੂਟਾ ਵੱਜਿਆ। ਅਸੀਂ ਹੋਰ ਸੰਭਲ ਕੇ ਆਪਣੇ ਸਰੀਰ ਦੇ ਪਿੰਜਰਿਆਂ ਨੂੰ ਨਵੇਂ ਸਿਰੇ ਤੋਂ ਸੀਟਾਂ 'ਚ ਸੰਭਾਲਿਆ ... ਪਿਛਲੀ ਸੀਟ 'ਚ ਵਸਾਏ ਸਾਡੇ ਬੈਗ ਹਿਲ ਕੇ ਇੱਕ ਦੂਜੇ ਨਾਲ ਮੁੜ ਤੋਂ ਟਿਕ ਗਏ। ਹੋਏ ਹਾਦਸੇ ਬਾਰੇ ਅਸੀਂ ਹੋਰ ਕੋਈ ਗੱਲ ਨਾ ਕਰ ਸਕੇ। ਤੇ ਇਹ ਸਮਝਦਿਆਂ ਕਿ ਕੁੱਝ ਨਹੀਂ ਹੋਇਆ.

"ਚੰਗਾ ਫਰਾ"

"ਚੰਗਾ ... ", ਕਹਿੰਦਿਆਂ ਆਪ ਆਪਣੇ ਘਰੀਂ ਜਾ ਵੜੇ।

* * * * * *

ਪਿਛਲੀਆਂ ਵਿਧਾਨ ਸਭਾ ਚੋਣਾ ਦੁਰਾਨ ਮੈਂ ਸਤਲੁੱਜ ਦਰਿਆ ਦੇ ਕੰਢੇ ਪੈਂਦੀ ਤਹਿਸੀਲ ਵਿਚ ਪਿਊਸ਼ ਦੀ ਥਾਂ ਉਤੇ ਦੂਸਰੀ ਵਾਰ ਜਾ ਲੱਗਿਆ। ਚੋਣ ਕਮਿਸ਼ਨ ਨੇ ਸਾਨੂੰ ਦੋਵਾਂ ਨੂੰ ਭੇਜਨ ਇਕ ਦੂਸਰੇ ਦਾ ਚਾਰਜ ਲੈ ਕੇ ਜਿਲੇ ਦੇ ਡਿਪਟੀ ਕਮਿਸ਼ਨਰਾਂ ਨੂੰ ਰਿਪੋਰਟ ਕਰਨ ਦਾ ਸਖ਼ਤ ਹੁਕਮ ਮੇਲ ਕਰ ਦਿੱਤਾ ਸੀ। ਕੋਈ ਜੁਆਇਨਿੰਗ ਟਾਇਮ ਨਹੀਂ ਸੀ ਦਿੱਤਾ ਗਿਆ। ਸਰਕਾਰੀ ਜ਼ਮੀਨ ਦੇ ਗੱਭਿਓਂ ਲੰਘਦੀ ਸੜਕ ਦੇ ਇੱਕ ਪਾਸੇ ਮੇਰਾ ਦਫ਼ਤਰ, ਸਮੇਤ ਸਰਕਾਰੀ ਰਿਹਾਇਸ਼। ਦੂਜੇ ਪਾਸੇ ਸਰਕਾਰੀ ਹਸਪਤਾਲ। ਜਿਦਣ ਮੈਂ ਜੁਆਇਨ ਕੀਤਾ ਓਦਣ ਵੀਰਵਾਰ ਸੀ। ਇਸੇ ਹਸਪਤਾਲ ਵਿਚ ਹਫ਼ਤੇ ਦੇ ਹਰ ਵੀਰਵਾਰ ਦੀ ਰਾਤ ਨੂੰ ਐਮਰਜੈਂਸੀ ਵਾਰਡ ਦੀ

ਡਿਊਟੀ ਕਰਦੇ ਡਾਕਟਰ ਰਸ਼ਪਾਲ ਨਾਲ ਮੇਰੀ ਮੁਲਾਕਾਤ ਪਿਊਸ਼ ਨੇ ਹੀ ਕਰਵਾਈ ਸੀ। ਪਿਊਸ਼ ਤਾਂ ਜਦੋਂ ਦੀ ਤੁਰ ਗਿਆ ਅੰਮ੍ਰਿਤਸਰ ਨੂੰ ਜਿੱਥੇ ਉਸ ਨੇ ਅੰਮ੍ਰਿਤਸਰ ਵੈਸਟ ਹਲਕੇ ਦੇ ਰੀਟਰਨਿੰਗ ਅਫ਼ਸਰ ਦੀ ਡਿਊਟੀ ਕਰਨੀ ਸੀ। ਡਾਕਟਰ ਰਸ਼ਪਾਲ ਮੇਰੇ ਨਾਲ ਰਾਤ ਇਕੱਠੇ ਗੁਜ਼ਾਰਨ ਦੀ ਸਲਾਹ ਮਿਲਾ ਕੇ ਹਸਪਤਾਲ ਦੇ ਐਮਰਜੈਂਸੀ ਵਾਰਡ ਵੱਲ ਸੜਕ ਪਾਰ ਕਰ ਗਿਆ ਸੀ।

ਅਸਲ ਵਿੱਚ ਡਾਕਟਰ ਰਸ਼ਪਾਲ ਪਹਿਲਾਂ ਵੀ ਵੀਰਵਾਰ ਦੀ ਹਰ ਰਾਤ ਏਸੇ ਸਰਕਾਰੀ ਕੋਠੀ ਵਿੱਚ ਪਿਊਸ਼ ਨਾਲ ਸਾਂਝੀ ਕੱਟਦਾ ਹੁੰਦਾ ਸੀ। ਕੋਈ ਡਾਕਟਰ ਦੋਸਤ ਬਣਾਈ ਰੱਖਣਾ ਕੀ ਮਾੜਾ, ਇਹੀ ਸੋਚਦਾ ਮੈਂ ਕੋਠੀ ਦਾ ਗੇਟ ਲੰਘ ਗਿਆ। ਪੂਰਬੀਏ ਚੌਕੀਦਾਰ ਨੇ ਰਾਹ ਦੇ ਇਕ ਪਾਸੇ ਖੜ੍ਹ ਕੇ ਸਲਾਮ ਕੀਤੀ, ਤੇ ਕੋਠੀ ਦੇ ਡਰਾਇੰਗ ਰੂਮ ਦਾ ਜਾਲੀ ਵਾਲਾ ਦਰਵਾਜ਼ਾ ਮੇਰੇ ਅੰਦਰ ਲੰਘ ਜਾਣ ਤੱਕ ਹੱਥ ਨਾਲ ਰੋਕੀ ਰੱਖਿਆ।

"ਕਿਆ ਖਲਾਏਂਗਾ ਆਜ ਰਾਤ ਮੇਂ ?"

"ਜੋ ਭੀ ਆਪ ਕਾ ਹੁਕਮ ਹੋ। ਪਿਊਸ਼ ਸਾਹਿਬ ਤੋ ਦਾਲ-ਫੁਲਕਾ ਹੀ ਖਾਤੇ ਥੇ। ਉਨ੍ਹੋਂ ਨੇ ਸਾਰਾ ਸਾਮਾਨ ਭਰ ਰੱਖਾ ਹੈ ਕਿਚਨ ਮੇਂ। ਅਭੀ ਭੀ ਬਹੁਤ ਪੜਾ ਹੈ। ਆਪ ਜੋ ਕਹੇਂ।"

"ਡਾਕਟਰ ਕਬ ਸੇ ਆ ਰਹਾ ਇਧਰ ਪਿਊਸ਼ ਕੇ ਪਾਸ ?" ਮੈਂ ਵੈਸੇ ਹੀ ਪੁੱਛ ਲਿਆ।

"ਬਸ ਜਬ ਸੇ ਪਿਊਸ਼ ਸਾਹਿਬ ਆਏ ; ਹਰ ਵੀਰਵਾਰ ਸਿਆਮ ਕੋ ਪੱਕਾ। ਆਜ ਤੋ ਡਾਕਟਰ ਸਾਹਿਬ ਤੀਨ ਵਜੇ ਹੀ ਇਧਰ ਆ ਗਏ ਥੇ।"

"ਅਬ ਕਬ ਲੌਟੇਗਾ ਡਾਕਟਰ ?"

"ਕੋਈ ਕੇਸ ਹੋ ਤੋ ਪਤਾ ਨਹੀਂ। ਵੈਸੇ ਆਠ, ਸਾਤੇ ਆਠ ਪਹੁੰਚ ਜਾਤੇ ਹੈਂ।"

ਮੈਂ ਉਸ ਨੂੰ ਡਾਕਟਰ ਦੇ ਮੁੜ ਆਉਣ ਤੋਂ ਪਹਿਲਾਂ ਦਾਲ-ਫੁਲਕਾ ਤਿਆਰ ਕਰਨ ਲਈ ਕਹਿ ਕੇ ਰੁਖ਼ਸਤ ਕਰ ਦਿੱਤਾ ... ਤੇ ਆਪਣੇ ਦਿਮਾਗ ਵਿੱਚ ਇਕ ਹੋਰ ਖਾਲੀ ਸੀ ਡੀ ਲਗਾ ਕੇ ਬੈਡ 'ਤੇ ਲੇਟ ਕੇ ਕੁੱਝ ਸੋਚਣਾ ਸ਼ੁਰੂ ਕਰਨ ਲੱਗਿਆ। ਸੀ ਡੀ ਦਾ ਨਾਂ ਰੱਖਿਆ '**ਡਾਕਟਰ ਰਸ਼ਪਾਲ**'।

ਹਰੇਕ ਵੀਰਵਾਰ ਰਾਤ ਦੀ ਐਮਰਜੈਂਸੀ ਡਿਊਟੀ ਵਿੱਚ ਹਾਦਸਿਆਂ ... ਲੜਾਈ ਝਗੜਿਆਂ ਦੀ ਵੱਢ-ਟੁੱਕ ਦੇ ਫੱਟਾਂ, ਔਗਾਂ ਸੱਪਾਂ ਕੁੱਤਿਆਂ ਦੇ ਖਾਧੇ ਲੋਕਾਂ, ਗੋਲੀਆਂ ਦੀ ਮਾਰ ਹੇਠ ਆਏ ਮਨੁੱਖੀ ਅੰਗਾਂ ... ਧਾਰਾ ਤਿੰਨ ਸੌ ਤੇਈ, ਚੌਵੀ, ਪੰਜੀ, ਛੱਬੀ ਤੋਂ ਵਿਹਲਾ ਹੋ ਕੇ ਰਸ਼ਪਾਲ ਮੇਰੇ ਬੈਡ 'ਤੇ ਆ ਟਪਕਦਾ। ਹੁਣ ਮੈਂ ਡਾਕਟਰ ਬਾਰੇ ਕਿਸੇ ਭੁਲੇਖੇ 'ਚ ਨਹੀਂ ਸੀ ਰਹਿਣਾ ਚਾਹੁੰਦਾ। ਪਿਊਸ਼ ਨੂੰ ਅਰੋੜਾ ਜਾਂ ਖੱਤਰੀ ਸਮਝ ਕੇ ਮੈਂ ਬੋਲੇ-ਤੇ, ਵੱਡੇ ਸੰਕਟ 'ਚ ਪਿਆ ਹੋਇਆ ਸਾਂ। ਆਪਣੀ ਜਾਤ ਦੱਸ ਕੇ ਮੈਂ ਉਸ ਤੋਂ ਕਨਫ਼ਰਮ ਕਰ ਲਿਆ ਕਿ ਉਹ ਦੇਖਣ ਨੂੰ ਮੋਨਾ ਪਰ ਜੱਟ ਸਿੱਖ ਸੀ। ਦੋ ਭਾਈਆਂ ਦੀ ਵੰਡ ਵਿੱਚ ਉਸਦੇ ਹਿੱਸੇ ਪੰਦਰਾਂ ਖੇਤ ਤੇ ਦੋ ਮੋਟਰਾਂ ਆਉਂਦੀਆਂ ਸਨ। ਚਕੌਤਾ ਇਕ ਕਿੱਲੇ ਮਗਰ ਚਾਲੀ ਹਜ਼ਾਰ, ਹਾੜੀ ਸਾਉਣੀ ਦੋ ਕਿਸ਼ਤਾਂ 'ਚ ਆਈ ਜਾਂਦਾ।

"ਤਨਖ਼ਾਹ ਤਾਂ ਡਾਕਟਰਾਂ ਤੋਂ ਵੱਧ ਕਿਹੜੇ ਸਰਕਾਰੀ ਅਫ਼ਸਰ ... ਆਈ ਏ ਐਸ ... ਪੀ ਸੀ ਐਸ ਦੀ ਵੀ ਨੀਂ ਹੋਣੀ।" ਰਸ਼ਪਾਲ ਖੁੱਲ੍ਹ ਕੇ ਗੱਲਾਂ ਕਰਦਾ। ਮੰਗੀ ਸੀ ਡੀ ਭਰੀ ਜਾਂਦੀ।



ਉਹਦੇ ਘਰੋਂ ਵੀ ਓਹਦੇ ਬਰਾਬਰ ਦੀ ਡਾਕਟਰ ਸੀ। ਬਾਪ ਫੂਡ ਸਪਲਾਈ 'ਚ ਚੰਗੀ ਅਫ਼ਸਰੀ ਤੋਂ ਰਿਟਾਇਰ ਹੋਇਆ ਸੀ।

"ਬਾਪੂ ਨੇ ਪਹਿਲਾਂ ਸਾਇਕਲ ਏ ਚਲਾਇਆ। ਦੇਰ ਬਾਅਦ ਸਕੂਟਰ 'ਤੇ ਚੜ੍ਹਿਆ। ਤਾਂ ਹੀ ਤਾਂ ਮੈਂ ਬਾਪ ਦੇ ਬਚਾਏ ਪੈਸਿਆਂ ਨਾਲ ਕਾਰ 'ਤੇ ਐਸ਼ ਕਰਦਾਂ।" ਓਹਦਾ ਗੋਤ ਜੱਟਾਂ ਦੇ ਮਸ਼ਹੂਰ ਗੋਤਾਂ ... ਬਰਾੜ, ਸਿੱਧੂ, ਗਿੱਲ, ਕੰਗ, ਵਿਰਕ, ਸੰਧੂ ... ਵਿਚੋਂ ਨਹੀਂ ਸੀ। ਮੇਰੀ ਸੀ ਡੀ ਓਹਦੇ ਜੱਟ ਗੋਤ ਨੂੰ ਲਿਖਣ, ਪੜ੍ਹਨ ਤੋਂ ਪਾਸਾ ਜਿਹਾ ਵੱਟਦੀ ਸੀ। ਮੈਨੂੰ ਨੀਂ ਪਤਾ ਓਹਦਾ ਗੋਤ। ਕਿਤੇ ਕਿਤਾਬਾਂ 'ਚ ਲਿਖਿਆ ਹੋਣਾ। ਉਹ ਆਪ ਵੀ ਕਹਿ ਦੇਂਦਾ, " ਆਹ ਕਿਹੜਾ ਜੱਟਾਂ ਦਾ ਗੋਤ ਹੋਇਆ", ਪਰ ਉਹਦਾ ਸੁਭਾਅ ਜੱਟਾਂ ਵਰਗਾ ਹੀ ਸੀ। ਖੁੱਲ੍ਹਾ। ਓਹੋ ਜਿਹਾ ਸੁਭਾਅ ਜਿਵੇਂ ਦਾ ਮੈਂ ਚਾਹੁੰਦਾ ਕਿਸੇ ਦਾ ਹੋਵੇ। ਮੈਂ ਚੌਕੀਦਾਰ ਨੂੰ ਪੱਕਾ ਹੀ ਹੁਕਮ ਲਾ 'ਤਾ ਬਈ ਹਰੇਕ ਵੀਰਵਾਰ ਰਾਤ ਨੂੰ ਡਿਨਰ ਵਿੱਚ ਬਿਨਾਂ ਪੁੱਛੇ ਚਿਕਨ ਵੀ ਬਣਾਇਆ ਕਰੇ। ਮੇਰੇ ਰੋਕਣ ਦੇ ਬਾਵਜੂਦ ਡਾਕਟਰ ਕਿਚਨ ਵਿੱਚ ਜਾ ਵੜਦਾ, "ਦੇਖੀਏ ਤਾਂ ਸਹੀ ਭੱਈਆ ਕਿਹੜਾ ਚਿਕਨ ਚੱਕ ਲਿਆਇਆ।" ਤੇ ਛੁਰੀ ਫੜਕੇ ਚਿਕਨ 'ਤੋਂ ਚਰਬੀ ਲਾਹੁਣ ਲੱਗ ਪੈਂਦਾ। ਮੈਂ ਉਸ ਨੂੰ ਰਸੋਈ ਵਿੱਚ ਕੰਮ ਕਰਨ ਤੋਂ ਰੋਕਿਆ ਤਾਂ ਹੱਸ ਪਿਆ," ਚਰਬੀ ਹੁਣ ਤਾਂ ਸਾਹਮਣੇ ਪਈ ਐ। ਕੱਟ ਕੇ ਬਾਹਰ ਸਿੱਟ 'ਤੀ। ਖਾ ਕੇ ਅੰਦਰ ਜਾ ਕੇ ਜੇ ਨਾੜਾਂ 'ਚ ਕੱਠੀ ਹੋ ਕੇ ਫਸ ਗੀ, ਬਾਈ ਲੱਖ ਰੁਪਈਆ ਲੱਗੂ।" ਉਹ ਕਾਬਿਲ ਸਰਜਨ ਵੀ ਤਾਂ ਸੀ। ਉਹ ਦਾਰੂ ਨੂੰ ਹੱਥ ਨਹੀਂ ਸੀ ਲਾਉਂਦਾ.

"ਬਾਪੂ ਸਾਰੀ ਉਮਰ ਦਾਰੂ ਪੀਂਦਾ ਰਿਹਾ। ਹੁਣ ਵੀ ਰੋਜ਼ ਦਾਰੂ ਪੀਂਦਾ। ਮੇਰੇ ਹਿੱਸੇ ਦੀ ਵੀ ਖਿੱਚ ਗਿਆ", ਡਾਕਟਰ ਡਟ ਕੇ ਬੋਲਦਾ," ਇਕ ਦਿਨ ਬਾਪੂ ਨੂੰ ਬੁਖ਼ਾਰ ਚੜ੍ਹ ਗਿਆ। ਸਾਰਾ ਘਰ ਸਿਰ 'ਤੇ ਚੱਕ ਲਿਆ। ਘਰ 'ਚ ਦੋ ਐਮ ਡੀ ਡਾਕਟਰ ਐ। ਬੁਖ਼ਾਰ ਸਾਲਾ ਖਾ ਜੂ। ਉਤਰ ਜੂ ਬੁਖ਼ਾਰ। ਦੁਆਈਆਂ ਵੀ ਏਨੀਆਂ ਸਟਰੌਂਗ ਆ ਗਈਆਂ ਕਿ ਅਸੀਂ ਦੋਵੇਂ ਮਰੀਜ਼ ਦੇ ਟੀਕਾ ਘੱਟ ਵੀ ਲਾਉਂਦੇ ਆਂ। ਬਾਪੂ ਸਾਨੂੰ ਗਾਲ੍ਹਾਂ ਕੱਢੇ। ਕਹੇ ਛੇਤੀ ਟੀਕਾ ਲਾ ਕੇ ਮੇਰਾ ਬੁਖ਼ਾਰ ਉਤਾਰੋ ... ਸ਼ਾਮ ਤੱਕ."

"ਬਾਪੂ ਨੂੰ ਤਕਲੀਫ਼ ਹੋਣੀ ..."

"ਕਾਹਨੂੰ। ਉਹਨੂੰ ਐ ਸੀ ਬਈ ਜੇ ਸ਼ਾਮ ਤੱਕ ਬੁਖ਼ਾਰ ਨਾ ਉਤਰਿਆ ਤਾਂ ਮੈਂ ਕਿਤੇ ਦਾਰੂ ਪੀਣ ਤੋਂ ਨਾ ਰਹਿ ਜਾਮਾਂ।"

ਤਾਂ ਵੀ ਇਕ ਸ਼ਾਮ ਮੇਰੇ ਕਹੇ ਦਾ ਮਾਣ ਰੱਖਦਿਆਂ ਰਸ਼ਪਾਲ ਨੇ ਵੈਟ ਸਿਕਸਟੀ ਨਾਈਨ ਦਾ ਮਾਮੂਲੀ ਜਿਹਾ ਪੈਗ ਮੂੰਹ ਮਰੋੜਦਿਆਂ ਲਾ ਲਿਆ ਸੀ। ਪੰਜ ਸੱਤ ਮਿੰਟ ਬਾਅਦ ਕਹਿੰਦਾ " ਹੈਗਾ ਯਾਰ ਨਸ਼ਾ। ਹੈਗਾ। ਹੁਣ ਮਹਿਸੂਸ ਹੋ ਰਿਹਾ। ਕਮਾਲ ਐ ਮੈਂ ਜੱਟ ਹੋ ਕੇ ਵੀ ਕਦੇ ਸ਼ਰਾਬ ਨੀਂ ਪੀਤੀ।"

ਡਾਕਟਰੀ ਪੇਸ਼ੇ ਅੰਦਰ ਵਸੀਆਂ ਚੰਗੀਆਂ, ਮੰਦੀਆਂ ਕਰਤੂਤਾਂ ਬਾਰੇ ਉਹ ਦੱਸਦਾ ਨਾ ਥੱਕਦਾ

...ਨਰਸਾਂ ਤਾਂ ਆਪਣੇ ਆਪ ਨੂੰ ਡਾਕਟਰ ਦੀ ਸਮਝਦੀਆਂ। ਅਸੈਂਬਲਨ, ਡਲਿਵਰੀਆਂ ਕਰ ਕਰਕੇ ਡਾਕਟਰਾਂ ਤੋਂ ਵੱਧ ਪੈਸੇ ਬਣਾਉਂਦੀਆਂ।

...ਮੈਂ ਵੀ ਸਰਜਨ ਆਂ। ਪਰ ਸਭ ਤੋਂ ਵਧੀਆ ਸਰਜਨ ਤਾਂ ਸ਼ਡਿਊਲਡ ਕਾਸਟਾਂ ਤੇ ਨਾਈਆਂ ਚੋਂ ਨੇ। ਇਹਨਾਂ ਵਰਗੀ ਛੁਰੀ, ਕੈਂਚੀ ਕਿਹੜਾ ਚਲਾ ਲੂ।

...ਹਰੇਕ ਡਾਕਟਰ ਨਰਸ ਉੱਤੇ ਆਪਣਾ ਹੱਕ ਖਰਾ ਸਮਝਦਾ।

...ਇਹਨਾਂ ਦੀਆਂ ਕਰਤੂਤਾਂ ਤੋਂ ਜਚਦਿਆਂ ਦੱਸਦਿਆਂ ਸ਼ਰਮ ਆਉਂਦੀ ਬਈ ਮੈਂ ਵੀ ਇਹਨਾਂ ਦੇ ਵਿੱਚੋਂ ਈ ਆਂ।

ਮੈਨੂੰ ਪਤਾ ਹੀ ਨਹੀਂ ਲੱਗਿਆ ਕਿ ਕਦੋਂ ਮੈਂ ਉਸਨੂੰ ਆਪਣਾ ਦੋਸਤ ਅਪਣਾ ਲਿਆ।

* * * * *

ਛੋਟਾਂ ਦਾ ਦਫ਼ਤਰੀ ਕੰਮ ਮੁਕਾ ਕੇ ਅਸੀਂ ਦੋ ਹਫ਼ਤਿਆਂ ਤੋਂ ਸੁਹਣੀ, ਸੌਖੀ ਨੌਕਰੀ ਕਰ ਰਹੇ ਸਾਂ ਕਿ ... ਕਿ ...ਅਚਾਨਕ ਜਿਵੇਂ...

ਡਾਕਟਰ ਨੇ ਅਚਾਨਕ ਉਸ ਵੀਰਵਾਰ ਨੂੰ ਇਹ ਕਿਹੋ ਜਿਹਾ ਦਾਨ ਕਰਨ ਨੂੰ ਮੈਨੂੰ ਮਨਾ ਲਿਆ ਸੀ। ਅਜਿਹਾ ਦਾਨ ਲੋਕੀ ਕਰੀ ਜਾਂਦੇ ਹਨ। ਪਰ ਮੈਂ ਕਦੇ ਇਹ ਦਾਨ ਨਹੀਂ ਸੀ ਕੀਤਾ। ਮੇਰੇ ਮਨ ਵਿੱਚ ਵੀ ਕਦੇ ਨਹੀਂ ਆਈ ਅਜਿਹਾ ਦਾਨ ਕਰਨ ਦੀ ਗੱਲ। ਅਜਿਹਾ ਕੁੱਝ ਦਾਨ ਕਰਨ ਨੂੰ ਤਾਂ ਮੈਨੂੰ ਕਿਸੇ ਪੰਡਤ, ਜੋਤਸ਼ੀ ਨੇ ਵੀ ਕਦੇ ਨਹੀਂ ਸੀ ਕਿਹਾ।

....ਖ਼ੂਨ ਦਾਨ !!

ਉਮਰ ਵਿੱਚ ਮੈਂ ਰਸ਼ਪਾਲ ਤੋਂ ਵੱਡਾ ਆਂ। ਤਾਂ ਵੀ ਉਸਨੂੰ ਨਾਂਹ ਨਹੀਂ ਸੀ ਕਹਿ ਸਕਿਆ। ਉਸਨੇ ਮਰੀਜ਼ ਬੱਚੀ ਦੀ ਨਿਘਰਦੀ ਹਾਲਤ ਦਾ ਵਿਖਿਆਨ ਸੁਣਾਇਆ। ਪਰ ਮੇਰੇ 'ਤੇ ਉਸ ਦੀਆਂ ਇਹਨਾਂ ਗੱਲਾਂ ਨੇ ਕੋਈ ਅਸਰ ਨਾ ਕੀਤਾ। ਜੇ ਮੈਨੂੰ ਸਮਝਾਉਣ ਵਾਲਾ ਕੋਈ ਹੋਰ ਹੁੰਦਾ ਤਾਂ ਮੈਂ ਕਦੇ ਨਾ ਮੰਨਦਾ। ਹਾਂਅ ਕਹਿਕੇ ਵੀ ਮੈਂ ਦੁਵਿਧਾ ਵਿੱਚ ਹੀ ਰਿਹਾ। ਉਸਨੇ ਖ਼ੂਨ ਦਾਨ ਕਰਨ ਦੇ ਮੈਨੂੰ ਆਪ ਨੂੰ ਹੋਣ ਵਾਲੇ ਸਰੀਰਕ ਫ਼ਾਇਦੇ ਵੀ ਗਿਣਾਉਣੇ ਸ਼ੁਰੂ ਕਰ ਦਿੱਤੇ।

"ਤੁਸੀਂ ਚਿੰਤਾ ਛੱਡੋ। ਬਿਰ ਪੋਜ਼ੇਟਿਵ। ਬੀ ਪੋਜ਼ੇਟਿਵ ਯਾਰ। ਮੈਂ ... ਇਕ ਡਾਕਟਰ ਨੇ ਵੀ ਨਾਲ ਜਾਣਾ। ਮੈਂ ਵੀ ਨਾਲ ਹੀ ਉਸੇ ਮਰੀਜ਼ ਬੱਚੀ ਲਈ ਬਲੱਡ ਡੋਨੇਟ ਕਰਨਾ। ਮੈਂ, ਤੁਸੀਂ ਤੇ ਪਿਊਸ਼ ... ਆਪਾਂ ਤਿੰਨਾਂ ਨੇ ਤਿੰਨ ਯੂਨਿਟ ਖ਼ੂਨ ਦਾਨ ਕਰਨਾ। ਡਰਨ ਦੀ ਕੋਈ ਗੱਲ ਨੀਂ। ਬੰਦੇ ਦੀ ਤਿੱਲੀ 'ਚ ਢਾਈ ਲੀਟਰ ਖ਼ੂਨ ਰੀਜ਼ਰਵ ਪਿਆ ਰਹਿੰਦਾ। ਕੋਈ ਫ਼ਰਕ ਨਹੀਂ ਪੈਂਦਾ। ਥੋੜੀ ਦਾਨ ਕੀਤੇ ਖ਼ੂਨ ਦੀ ਘਾਟ ਨੂੰ ਪੂਰਾ ਕਰਨ ਲਈ ਹੋਰ ਖ਼ੂਨ ਬਣਾਉਣ ਦੀ ਪ੍ਰਕਿਰਿਆ ਨਾਲ ਦੀ ਨਾਲ ਸ਼ੁਰੂ ਕਰ ਦਿੰਦੀ ਐ।"

"ਅੱਛਿਆ ਪਿਊਸ਼ ਵੀ ਹੋਊ", ਪਿਊਸ਼ ਦੇ ਵੀ ਨਾਲ ਹੋਣ ਦੀ ਛੋਟੀ ਜਹੀ ਖ਼ੁਸ਼ੀ ਮਹਿਸੂਸ ਹੋਈ।

"ਪਿਊਸ਼ ਨੇ ਤਾਂ ਚਾਰ ਮਹੀਨੇ ਪਹਿਲਾਂ ਵੀ ਏਸੇ ਮਰੀਜ਼ ਨੂੰ ਬਲੱਡ ਡੋਨੇਟ ਕੀਤਾ।"



ਅਜੀਬ ਨਾਂ ਸੀ ਬੀਮਾਰੀ ਦਾ। ਥੈਲਾਸੀਮੀਆ। ਰਸ਼ਪਾਲ ਦੇ ਇੱਕ ਕੁਲੀਗ ਦੀ ਨੌਂ ਸਾਲ ਦੀ ਬੱਚੀ ਨੂੰ ਇਸ ਬੀਮਾਰੀ ਦਾ ਭੂਤ ਚਿੰਬੜ ਗਿਆ ਸੀ।

"ਅਜਿਹੇ ਮਰੀਜ਼ਾਂ ਦਾ ਆਪਣਾ ਸਰੀਰ ਆਪਣੇ ਲਈ ਵੀ ਖ਼ੂਨ ਨਹੀਂ ਬਣਾਉਂਦਾ। ਇਹ ਲੋਕ ਦੂਸਰਿਆਂ ਦੇ ਦਾਨ ਕੀਤੇ ਖ਼ੂਨ ਉੱਤੇ ਹੀ ਜਿਉਂਦੇ ਰਹਿ ਸਕਦੇ ਹਨ। ਐਵਰੇਜ ਲਾਈਫ਼ ਪੈਂਤੀ ਸਾਲ... ਵੱਧ ਤੋਂ ਵੱਧ ਚਾਲੀ। ਉਹ ਵੀ ਸੌਆਂ 'ਚੋਂ ਕੋਈ, ਕਿਸੇ ਇੱਕ ਦੀ।"

"ਕਿਹਨਾਂ ਦੀ ਕੁੜੀ ਐ ?" ਮੇਰੀ ਸੀ ਫ਼ੀ ਫੇਰ ਹਿੱਲਣ ਲੱਗੀ।

"ਕਿਹਨਾਂ ਦੀ ਕੁੜੀ ਐ !!" ਰਸ਼ਪਾਲ ਖਿਝਿਆ ਜਿਹਾ ਲੱਗਿਆ," ਮੁਰਦਿਆਂ, ਮੰਗਤਿਆਂ ਦੀ ਵੀ ਕੋਈ ਜਾਤ ਹੁੰਦੀ ਐ..."

ਖ਼ੂਨ ਦਾਨ ਕਰਨ ਦਾ ਪ੍ਰੋਗਰਾਮ ਡੀ ਐਮ ਸੀ ਹਸਪਤਾਲ ਵਿੱਚ ਬਾਅਦ ਦੁਪਹਿਰ ਸ਼ੁਕਰਵਾਰ ਦਾ ਰੱਖਿਆ ਗਿਆ ਸੀ। ਪਿਊਸ਼ ਚਾਵਲੇ ... ਸੌਰੀ ਪਿਊਸ਼ ਚੰਦਰ ਨੇ ਅੱਜ ਮੈਨੂੰ ਬਹੁਤ ਸਹਿਜ ਹੋ ਕੇ ਜੱਫੀ ਪਾਈ।

"ਹੋਰ ਬਈ ਸਰ ! ਕੀ ਹਾਲ ਐ ? ਕਿਵੇਂ ਚੱਲ ਰਿਹਾ ਤੁਹਾਡੇ ਦਫ਼ਤਰ ਦਾ ਬੁੱਚੜਖਾਨਾ ?"

"ਸਭ ਠੀਕ ਐ। ਚੱਲੀ ਜਾਂਦਾ। ਪਿਊਸ਼... ਤੁਸੀਂ ਹੁਣ ਪਾਇਲ ਸਬ-ਡਿਵੀਜ਼ਨ 'ਚ ਹੀ ਓਂ ? ਜਾਂ ?"

"ਅੱਜ ਤੱਕ ਤਾਂ ਉੱਥੇ ਈ ਆਂ। ਕੱਲ ਦਾ ਪਤਾ ਨੀਂ।"

"ਜਰਗ ਪਿੰਡ ਤੁਹਾਡੇ ਏਰੀਏ 'ਚ ਪੈਂਦਾ ?"

"ਆਹੋ। ਕੀ ਗੱਲ ?"

"ਵਿਜ਼ਟ ਕੀਤਾ ਕਦੇ ?"

"ਹਾਂ। ਗਿਆਂ ਦੋ ਕੁ ਵਾਰੀ। ਵੱਡਾ ਪਿੰਡ ਐ। ਮੇਲਾ ਵੀ ਭਰਦਾ ਹੁੰਦਾ ਉੱਥੇ। ਕੁੱਝ ਖ਼ਾਸ ਐ ਜਰਗ ?"

"ਉੱਥੇ ਸ਼ਮਸ਼ਾਨ ਘਾਟ ਵਿੱਚ ਵੱਖ ਵੱਖ ਜਾਤਾਂ, ਬਰਾਦਰੀਆਂ ਦੇ ਸੌਤ ਕਰੀਮੇਸ਼ਨ ਬੈਡ ਨੇ।"

"ਪਰ ਭਾਈ ਜਾਨ, ਹੱਡਾ ਰੋੜੀ ਤਾਂ ਇੱਕੋ ਐ।" ਇਹ ਗੱਲ ਉਸਨੇ ਘੂਰਦੀਆਂ ਅੱਖਾਂ ਦੀ ਨਿਗ੍ਹਾ ਮੇਰੀਆਂ ਅੱਖਾਂ ਵਿੱਚ ਮਾਰਦਿਆਂ ਕਹੀ ਤੇ ਪੈਂਤੜਾ ਬਦਲ ਦਿੱਤਾ,"ਪਹਿਲਾਂ ਵੀ ਖ਼ੂਨ ਦਾਨ ਕੀਤਾ ਕਦੇ ?"

"ਪਿਊਸ਼ ਮੈਂ ਕਦੇ ਖ਼ੂਨ ਦਾਨ ਨਹੀਂ ਕੀਤਾ।"

"ਚਲੋ। ਮੁਬਾਰਕ ! ਅੱਜ ਕਰ ਦੇਣੈ ! ਘਬਰਾਉਣ ਦੀ ਲੋੜ ਨਹੀਂ। ਮੈਂ ਵੀਹ ਵਾਰ ਕਰ ਚੁੱਕਾਂ। ਕੋਈ ਕਮੀ ਦਿੱਸਦੀ ਐ ਮੇਰੇ 'ਚ।"

ਰਸ਼ਪਾਲ ਮੂਹਰੇ ਮੂਹਰੇ। ਅਸੀਂ ਦੋਵੇਂ ਪਿੱਛੇ ਪਿੱਛੇ। ਖ਼ੂਨ ਦਾਨੀ ਤੁਰ ਪਏ। ਮਰੀਜ਼ ਕੁੜੀ ਦਾ ਬਾਪ ਵੀ ਨਾਲ ਆ ਰਲਿਆ। ਉਸਨੇ ਪਹਿਲਾਂ ਸਾਨੂੰ ਡਾਰਕ ਚੌਕਲੇਟ ਖਲਾਈ। ਫੇਰ ਜੂਸ ਪਿਲਾਇਆ। ਅਸੀਂ ਸਾਰੇ ਹਸਪਤਾਲ ਦੇ ਉਸ ਹਿੱਸੇ ਵੱਲ ਨੂੰ ਵਧੇ ਜਿੱਥੇ ਉੱਚੇ ਜਹੇ ਹਾਲ ਕਮਰੇ ਵਿੱਚ ਖ਼ੂਨ ਲੈਣ ਤੇ ਖ਼ੂਨ ਨੂੰ ਸੰਭਾਲਣ ਦਾ ਪ੍ਰਬੰਧ ਸੀ। ਸਭ ਤੋਂ ਪਹਿਲਾਂ ਸਾਡਾ ਖ਼ੂਨ ਟੈਸਟ

ਕੀਤਾ ਗਿਆ। ਸਭ ਦਾ ਬਲੱਡ-ਗਰੁੱਪ ਦੇਖਿਆ ਗਿਆ। ਕਿਸੇ ਨੂੰ ਕੋਈ ਪੁੱਠੀ ਬੀਮਾਰੀ ਤਾਂ ਨਹੀਂ ਲੱਗੀ ਹੋਈ। ਹਸਪਤਾਲ ਦਾ ਮੁਲਾਜ਼ਮ ਲੈਬ ਟੈਕਨੀਸ਼ੀਅਨ ਮੁੰਡਾ ਸਾਡੀਆਂ ਰਿਪੋਰਟਾਂ ਵਾਲੇ ਕਾਗਜ਼ ਹੱਥ 'ਚ ਫੜੀ ਬਿਲਕੁੱਲ ਮਸ਼ੀਨ ਵਾਂਗ ਸਾਨੂੰ ਕੱਖ ਵੀ ਨਾ ਸਮਝਦਾ ਹੋਇਆ ਤੰਗ ਜਹੇ ਬੈਡਾਂ 'ਤੇ ਲੇਟਣ ਲਈ ਹੁਕਮਰਾਨ ਭਾਸ਼ਾ ਵਿੱਚ ਬੋਲਦਾ, ਸਮਝਾਉਂਦਾ ਫਿਰੀ ਗਿਆ। ਨਾਲ ਦੀ ਨਾਲ ਓਹਦਾ ਮੋਬਾਇਲ ਵੀ ਚੱਲੀ ਜਾ ਰਿਹਾ ਸੀ। ਬਹੁਤਾ ਧਿਆਨ ਫ਼ੋਨ ਸੁਣਨ ਵਿੱਚ ਸੀ। ਸਾਥੋਂ ਸਿਵਾ ਉੱਥੇ ਕੋਈ ਹੋਰ ਖ਼ੂਨ ਦਾਨੀ ਨਹੀਂ ਸਨ। ਸਭ ਤੋਂ ਪਹਿਲਾਂ ਉਸ ਨੇ ਮੇਰੀ ਕੂਹਣੀ ਅੰਦਰਲੀ ਮੋਟੀ ਨਾੜ ਲੱਭ ਕੇ, ਵਿੱਚ ਸੂਈ ਖੁਭੋ ਦਿੱਤੀ। ਸੂਈ ਦੇ ਨਾਲ ਲੰਬੀ ਪਾਇਪ ਜੁੜੀ ਹੋਈ ਸੀ। ਪਾਇਪ ਦਾ ਦੂਸਰਾ ਹਿਸਾ ਚੰਦਰਮਾ ਦੇ ਰੰਗ ਵਰਗੀ ਗੁੱਥਲੀ ਨਾਲ ਜੁੜਿਆ ਹੋਇਆ ਸੀ। ਗੁੱਥਲੀ ਸ਼ਾਇਦ ਤੋਲ ਕਰਨ ਵਾਲੀ ਮਸ਼ੀਨ ਉਪਰ ਪਈ ਸੀ। ਜਿਵੇਂ ਜਿਮੀਂਦਾਰ ਖਾਲ 'ਚ ਚਲਦੇ ਪਾਣੀ ਦਾ ਨੱਕਾ ਮੋੜ ਕੇ ਪਾਣੀ ਦੂਸਰੇ ਪਾਸੇ ਤੋਰ ਦਿੰਦੇ ਐ, ਮੇਰਾ ਖ਼ੂਨ ਮੇਰੇ ਦਿਲ ਵੱਲ ਆਉਣ, ਜਾਣ ਦੀ ਬਜਾਏ ਪਾਇਪ ਰਾਹੀਂ ਗੁੱਥਲੀ ਵਿੱਚ ਭਰਨਾ ਸ਼ੁਰੂ ਹੋ ਚੁੱਕਿਆ ਸੀ। ਲੈਬ ਟੈਕਨੀਸ਼ੀਅਨ ਮੁੰਡੇ ਨੇ ਮੇਰੇ ਹੱਥ ਵਿੱਚ ਹਲਕੇ ਪੀਲੇ ਰੰਗ ਦੀ ਬਾਲ ਫੜਾ ਦਿੱਤੀ।

"ਬਾਲ ਨੂੰ ਮੁੱਠ ਵਿੱਚ ਘੁੱਟੀ ਜਾਓ। ਹੋਰ ਤੁਸੀਂ ਕੁੱਝ ਨਹੀਂ ਕਰਨਾ। ਆਪੇ ਸਭ ਹੋਈ ਜਾਣਾ।" ਉਹ ਪਿਊਸ਼ ਵੱਲ ਤੁਰ ਗਿਆ ... ਮੈਂ ਬਾਲ ਘੁੱਟੀ ਗਿਆ ... ਉਹ ਰਜਪਾਲ ਦੇ ਮੰਜੇ 'ਤੇ ਪਹੁੰਚ ਗਿਆ... ਜਦੋਂ ਉਹ ਬੇਨਾਮ ਲੈਬ ਟੈਕਨੀਸ਼ੀਅਨ ਮੁੰਡਾ ਫੇਰ ਮੇਰੇ ਕੋਲ ਆਇਆ ਤਾਂ ਉਸਨੇ ਹੱਥ 'ਚ ਫੜੀਆਂ ਸਾਡੀਆਂ ਰਿਪੋਰਟਾਂ ਦੂਹਰੀਆਂ ਕਰਕੇ ਮੇਰੀ ਵੱਖੀ ਹੇਠਾਂ ਨੂੰ ਫਸਾ ਦਿੱਤੀਆਂ। ਮੇਰੇ ਬੈਡ 'ਤੇ ਆਪਣਾ ਫ਼ੋਨ ਟਿਕਾ ਕੇ ਸਟੂਲ ਖਿੱਚ ਕੇ ਬਹਿ ਗਿਆ। ਸੂਈ ਕੱਢ ਦਿੱਤੀ। ਮੇਰੀ ਖੱਲ ਵਿੱਚ ਹੋਏ ਸੁਰਾਖ਼ ਉਤੇ ਸਪਿਰਟ ਦਾ ਫੰਬਾ ਰੱਖ ਕੇ ਟੇਪ ਲਾ ਦਿੱਤੀ। ਮੈਨੂੰ ਅਜੇ ਤੱਕ ਕੁੱਝ ਨਹੀਂ ਸੀ ਹੋਇਆ। ਉਸ ਬੇਨਾਮ ਮੁੰਡੇ ਦਾ ਮੋਬਾਇਲ ਫੇਰ ਵੱਜ ਗਿਆ।

"ਇਕ ਮਿੰਟ..." ਇਹ ਸ਼ਬਦ ਪਤਾ ਨਹੀਂ ਉਹ ਕਿਸ ਨੂੰ ਕਹਿੰਦਾ ਫ਼ੋਨ ਕੰਨ ਨੂੰ ਲਾਈ ਸ਼ੀਸ਼ੇ ਦੇ ਦਰਵਾਜ਼ੇ ਥਾਣੀਂ ਕਮਰੇ ਤੋਂ ਬਾਹਰ ਹੋ ਗਿਆ। ਪਹਿਲੀ ਵਾਰੀ ਖ਼ੂਨ ਦਾਨ ਕੀਤਾ ਸੀ। ਕੁੱਝ ਵੀ ਨਹੀਂ ਸੀ ਹੋਇਆ ਅਜੇ ਤੱਕ ... ਤਾਂ ਵੀ ਅਜੇ ਕੁੱਝ ਵੀ ਹੋ ਸਕਦਾ ਸੀ।

ਰਜਪਾਲ ਤੇ ਪਿਊਸ਼ ਵੀ ਨੀਵੇਂ ਜਹੇ ਬੈਡਾਂ 'ਤੇ ਅਹਿੱਲ ਪਏ ਸਨ। ਮੇਰੇ ਮਨ ਦਾ ਮਹੌਲ ਅਜਿਹਾ ਸੀ ਕਿ ਮੈਂ ਬਿਨਾਂ ਕਹੇ ਕੁੱਝ ਨਹੀਂ ਸੀ ਕਰ ਸਕਦਾ। ਉਠ ਕੇ ਖੜ੍ਹਾ ਨਹੀਂ ਸੀ ਹੋ ਸਕਦਾ। ਮੈਂ ਪਿਆ ਪਿਆ ਸਾਰਿਆਂ ਦੇ ਖ਼ੂਨ ਦੀਆਂ ਦੂਹਰੀਆਂ ਕਰਕੇ ਰੱਖੀਆਂ ਪਈਆਂ ਕਾਗਜ਼ੀ ਰਿਪੋਰਟਾਂ ਵੱਲ ਝਾਕੀ ਗਿਆ... ਲਗਾਤਾਰ ਝਾਕੀ ਗਿਆ... ਤੇ ਰਿਪੋਰਟਾਂ ਨੂੰ ਚੁੱਕ ਕੇ ਪੜ੍ਹਨ ਬਾਰੇ ਸੋਚਣ ਲੱਗ ਪਿਆ ... ਪਰ ਰਿਪੋਰਟਾਂ ਛੂਹਣ ਜੋਗੀ ਹਿੰਮਤ ਇਕੱਠੀ ਨਹੀਂ ਕਰ ਸਕਿਆ ... ਸਮਝਣ ਲੱਗਿਆ ... ਜੋ ਖ਼ੂਨ ਮੈਂ ਦਾਨ ਕੀਤਾ ਉਹ ਕੇਵਲ ਉਸ ਔਰਤ, ਮਰਦ ਨੂੰ ਚੜ੍ਹਾਇਆ ਜਾ ਸਕਦੈ ਜਿਸ ਦਾ ਬਲੱਡ ਗਰੁੱਪ ਮੇਰੇ ਨਾਲ ਮਿਲਦਾ ਹੋਊ ... ਸਾਡਾ ਤਿੰਨਾਂ ਦਾ ਖ਼ੂਨ...ਹਾਂ ... ਤਿੰਨਾਂ ਦਾ ਖ਼ੂਨ ਜੇ ਥੈਲਾਸੀਮੀਆ ਦੀ ਮਾਰੀ ਇਸ ਕੁੜੀ ਨੂੰ ਨਾ ਵੀ ਚੜ੍ਹਾਇਆ ਗਿਆ ਤਾਂ ਵੀ... ਕਿਤੇ ਨਾ ਕਿਤੇ ... ਕਿਸੇ ਨਾ ਕਿਸੇ ... ਬੇਨਾਮ ... ਕਿਸੇ ਬੇਪਛਾਣ ਦੇ ਸਰੀਰ ਵਿੱਚ ਸਾਡਾ ਤਿੰਨਾਂ ਦੇ ਖ਼ੂਨ ਦਾ ਕੋਈ ਨਾ ਕੋਈ ਹਿਸਾ ਰਲ ਕੇ, ਇਕ ਹੋ ਕੇ, ਇਕੱਠਾ ਹੋ ਜਾਣਾ। ਮੈਨੂੰ ਪਹਿਲਾਂ



ਹੀ ਪਤਾ ਸੀ ਕਿ ਮੇਰਾ ਬਲੱਡ ਗਰੁੱਪ ਬੀ ਪੌਜ਼ੇਟਿਵ ਹੈ। ਮੈਨੂੰ ਪਿਊਸ਼ ਦਾ ਬਲੱਡ ਗਰੁੱਪ ਜਾਣਨ ਦੀ ਇੱਛਾ ਹੋਈ।

"ਪਿਊਸ਼ ਤੇਰਾ ਬਲੱਡ ਗਰੁੱਪ ਕੀ ਐ?"

"ਮੇਰਾ ਬਲੱਡ ਗਰੁੱਪ ਬੀ ਪੌਜ਼ੇਟਿਵ ਐ।" ਹੈਂ!! ਪਿਊਸ਼ ਦਾ ਬਲੱਡ ਗਰੁੱਪ ਵੀ ਬੀ-ਪੌਜ਼ੇਟਿਵ ਹੀ ਸੀ। ਕਮਾਲ ਹੋ ਗੀ ਯਾਰ!!

"ਮੇਰਾ ਵੀ ਬੀ ਪੌਜ਼ੇਟਿਵ ਐ!!" ਰਜਪਾਲ ਨੇ ਮੇਰੇ ਦਿਮਾਗ ਵਿੱਚ ਗੇੜੇ ਕੱਟਦੀ ਸੋਚ ਵਿੱਚ ਹੋਰ ਬੁਝਦਾ ਗੋਲਾ ਦਾਗ ਦਿੱਤਾ।

——0——

# ਅੱਕ/ਹਰਜੀਤ ਅਟਵਾਲ

ਅਸੀਂ ਸੌਣ ਦੀ ਤਿਆਰੀ ਵਿਚ ਹਾਂ ਕਿ ਮੇਰਾ ਮੁਬਾਈਲ ਵੱਜ ਪੈਂਦਾ ਹੈ। ਬਿੰਦੀ ਭਾਬੀ ਦਾ ਫੋਨ ਹੈ। ਉਹ ਆਖਦੀ ਹੈ,

"ਜਲਦੀ ਆ, ਤੇਰਾ ਭਾਜੀ ਤਾਂ ਭਾਂਡੇ ਭੰਨੀ ਜਾਂਦਾ।"

"ਕੀ ਹੋ ਗਿਆ ?"

"ਰਾਜੇ ਦਾ ਫੋਨ ਆਇਆ ਸੀ, ਉਹਨੇ ਕੁਸ਼ ਕਹਿ 'ਤਾ, ਤੈਨੂੰ ਆਏ ਨੂੰ ਦੱਸਦੀ ਆਂ।"

"ਇਹ ਰਾਜੋ ਦਾ ਵੀ ਮੂੰਹ ਬਹੁਤ ਖੁੱਲ੍ਹਾ !...ਮੈਂ ਆਉਨਾ।"

ਮੈਂ ਰਾਜੋ ਨੂੰ ਕੋਸਦਾ ਹੋਇਆ ਆਖਦਾ ਹਾਂ।

ਰਾਜੋ ਭਾਜੀ ਦੇ ਪਿੰਡ ਦੀ ਹੀ ਕੁੜੀ ਹੈ। ਕੁੜੀ ਕਾਹਦੀ ਹੁਣ ਤਾਂ ਬੁੜ੍ਹੀ ਹੋ ਚੁੱਕੀ ਹੈ। ਹਰ ਵੇਲੇ ਉਸ ਦੀ ਵੱਡੀ ਭੈਣ ਬਣਨ ਦੀ ਕੋਸ਼ਿਸ਼ ਕਰਦੀ ਰਹਿੰਦੀ ਹੈ ਤੇ ਭਾਜੀ ਦਾ ਸੁਭਾਅ ਹੈ ਕਿ ਕਿਸੇ ਤੋਂ 'ਓਏ' ਵੀ ਨਹੀਂ ਅਖਵਾ ਸਕਦਾ। ਰਾਜੋ ਵੀ ਭਾਜੀ ਵਰਗੀ ਹੀ ਅਜਬ ਜਿਹੀ ਹੈ। ਵੈਸੇ ਉਹਨਾਂ ਦਾ ਆਪਸ ਵਿਚ ਪਿਆਰ ਵੀ ਬਹੁਤ ਹੈ। ਨਿੱਕੀ ਜਿਹੀ ਹਾਕ ਤੇ ਭੱਜੀ ਆਉਂਦੀ ਹੈ। ਇਵੇਂ ਹੀ ਭਾਜੀ ਵੀ ਹਰ ਵੇਲੇ ਉਹਦੇ ਕੰਮ ਆਉਂਦਾ ਹੈ। ਉਸ ਦ ਪਤੀ ਦੀ ਮੌਤ ਤੋਂ ਬਾਅਦ ਭਾਜੀ ਉਹਦੇ ਨਾਲ ਭਰਾਵਾਂ ਵਾਂਗ ਹੀ ਖੜ੍ਹਿਆ ਸੀ। ਮੈਂ ਭਾਜੀ ਦੇ ਘਰ ਜਾਣ ਲਈ ਤਿਆਰ ਹੋਣ ਲੱਗਦਾ ਹਾਂ। ਮੇਰੀ ਪਤਨੀ ਮੇਰੇ ਵੱਲ ਧਿਆਨ ਨਾਲ ਦੇਖਦੀ ਹੈ। ਉਸ ਦੀ ਆਦਤ ਹੈ ਕਿ ਤਾੜ ਰੱਖਦੀ ਹੈ ਕਿ ਕਿਸ ਦਾ ਫੋਨ ਆਇਆ ਹੈ ਤੇ ਕੀ ਗੱਲਬਾਤ ਹੋਈ। ਮੈਂ ਕਹਿੰਦਾ ਹਾਂ,

"ਬਿੰਦੀ ਭਾਬੀ ਦਾ ਸੀ, ਭਜਨ ਭਾਜੀ ਲੜੀ ਜਾਂਦਾ।"

"ਤੇ ਅਸੀਂ ਇਥੇ ਐਂਗਰ ਮੈਨੇਜਮੈਂਟ ਖੋਹਲੀ ਹੋਈ ਆ ? ਅੱਧੀ ਰਾਤ ਹੋ ਗਈ, ਸਵੇਰੇ ਕੰਮਾਂ 'ਤੇ ਜਾਣਾ !...ਬਹੁਤੀ ਗੱਲ ਐ ਤਾਂ ਭਾਜੀ ਨੂੰ ਡਾਕਟਰ ਕੋਲ ਲੈ ਕੇ ਜਾਣ।"

ਪਤਨੀ ਟੇਪ ਵਾਂਗ ਸ਼ੁਰੂ ਹੋ ਜਾਂਦੀ ਹੈ। ਅਸਲ ਵਿਚ ਉਹਦੀ ਬਿੰਦੀ ਭਾਬੀ ਨਾਲ ਬਿਲਕੁਲ ਨਹੀਂ ਬਣਦੀ। ਉਸ ਨੂੰ ਹਰ ਵੇਲੇ ਇਹੋ ਗੁੱਸਾ ਹੁੰਦਾ ਹੈ ਕਿ ਮੈਂ ਭਾਬੀ ਤੇ ਭਾਜੀ ਦੀਆਂ ਬੁੱਤੀਆਂ-ਨੱਤੀਆਂ ਕਰਦਾ ਫਿਰਦਾਂ। ਇਹ ਇਕ ਦੂਜੇ ਦੇ ਕੰਮ ਆਉਣ ਦੀ ਮਹੱਤਤਾ ਨੂੰ ਨਹੀਂ ਸਮਝਦੀ। ਮੈਂ ਉਸ ਦੀ ਕਿਸੇ ਗੱਲ ਦਾ ਜਵਾਬ ਦਿੱਤੇ ਬਿਨਾਂ ਜੈਕਟ ਪਾ ਕੇ ਕਾਰ ਵਿਚ ਜਾ ਬੈਠਦਾ ਹਾਂ।

ਭਾਜੀ ਬਹੁਤ ਖਰਾ ਬੰਦਾ ਹੈ। ਸੰਤੁਲਤ ਵਿਚਾਰਾਂ ਦਾ ਮਾਲਕ। ਹਰ ਥਾਂ ਨਾਲ ਖੜ੍ਹਨ ਵਾਲਾ। ਦਿਲ ਦਾ ਵੀ ਬਹੁਤ ਸਾਫ ਹੈ। ਇਕ ਗੱਲ ਮਾੜੀ ਹੈ ਕਿ ਉਸ ਨੂੰ ਗੁੱਸਾ ਬਹੁਤ ਆਉਂਦਾ ਹੈ। ਜੇ ਕਦੇ ਸ਼ਰਾਬ ਪੀਤਿਆਂ ਕੋਈ ਗੱਲ ਕਹਿ ਦੇਵੇ ਤਾਂ ਇਹ ਗੁੱਸਾ ਦੂਣ-ਸਵਾਇਆ ਹੋ ਕੇ ਨਿਕਲਦਾ ਹੈ। ਇਸ ਮੌਕੇ 'ਤੇ ਉਸ ਨੂੰ ਸੰਭਾਲਣਾ ਮੁਸ਼ਕਲ ਹੋ ਜਾਂਦਾ ਹੈ। ਮੇਰੇ ਕੋਲ ਇਸ ਦਾ ਤਰੀਕਾ ਹੈ ਕਿ ਮੈਂ ਉਸ ਨਾਲ ਗੱਲਾਂ ਕਰਨ ਲੱਗਦਾ ਹਾਂ ਤਾਂ ਕਿ ਉਸ ਦਾ ਧਿਆਨ ਹੋਰਥੇ ਪਵੇ। ਬਚਪਨ ਦੀਆਂ ਗੱਲਾਂ। ਉਸ ਦੇ ਇਥੇ ਆ ਕੇ ਫੈਕਟਰੀ ਵਿਚ ਕੰਮ ਕਰਨ ਦੀਆਂ ਗੱਲਾਂ ਜਾਂ ਹੋਰ



ਰਾਜਨੀਤਕ ਜਿਹੀ ਗੱਲਬਾਤ। ਕੁਝ ਲਤੀਫ਼ੇ ਆਦਿ। ਇਵੇਂ ਕੁਝ ਦੇਰ ਬਾਅਦ ਉਹ ਸੰਭਲ ਜਾਂਦਾ ਹੈ।

ਭਜਨ ਭਾਜੀ ਮੇਰੇ ਮਾਮੇ ਦਾ ਪੁੱਤ-ਭਰਾ ਹੈ। ਮੇਰੇ ਤੋਂ ਦਸ ਸਾਲ ਵੱਡਾ ਹੋਵੇਗਾ ਪਰ ਹੈ ਮੇਰੇ ਦੋਸਤਾਂ ਵਾਂਗ। ਹਰ ਵੇਲੇ ਚੜ੍ਹਦੀ ਕਲਾ ਵਿਚ ਰਹਿਣ ਵਾਲਾ ਬੰਦਾ ਹੈ। ਸਦਾ ਉਮੀਦ ਦਾ ਪੱਲਾ ਫੜੀ ਰੱਖਣ ਵਾਲਾ। ਥੋੜ੍ਹੇ ਕੀਤੇ ਉਸ ਨੂੰ ਗੁੱਸਾ ਨਹੀਂ ਆਉਂਦਾ, ਜ਼ਰੂਰ ਰਾਜੋ ਨੇ ਕੋਈ ਬਹੁਤ ਹੀ ਚੁੱਭਵੀਂ ਗੱਲ ਕਹਿ ਦਿੱਤੀ ਹੋਵੇਗੀ।

ਰਾਜੋ ਦੇ ਟੱਬਰ ਦਾ ਭਾਜੀ ਦੇ ਪਰਿਵਾਰ ਨਾਲ ਪੁਰਾਣਾ ਰਿਸ਼ਤਾ ਹੈ। ਰਾਜੋ ਦੇ ਪਿਓ ਕਰਤਾਰੇ ਨੂੰ ਵੀ ਦੇਖਿਆ ਹੈ ਤੇ ਭਰਾ ਚੰਨੇ ਨੂੰ ਵੀ। ਚੰਨਾ ਮੇਰੇ ਮਾਮੇ ਨਾਲ ਭਾਵ ਭਾਜੀ ਦੇ ਪਿਤਾ ਨਾਲ ਸਾਂਝੀ ਸੀ। ਖੇਤੀ ਦਾ ਕੰਮ ਉਹੀ ਸਾਂਭਦਾ ਸੀ। ਤੇ ਪਿਓ ਕਰਤਾਰਾ ਭੇਕਿਆ ਕਰਦਾ ਸੀ। ਪਸ਼ੂਆਂ ਨੂੰ ਪਾਣੀ ਵੀ ਡਾਹ ਦਿਆ ਕਰਦਾ। ਰਾਜੋ ਮੇਰੀ ਹੋਸ਼ ਤੋਂ ਵੀ ਪਹਿਲਾ ਦੀ ਇੰਗਲੈਂਡ ਆਈ ਹੋਈ ਹੈ। ਇਹਨੂੰ ਮੈਂ ਏਥੇ ਆ ਕੇ ਹੀ ਦੇਖਿਆ ਹੈ। ਰਾਜੋ ਆਪ ਹੀ ਦੱਸਣ ਲੱਗਦੀ ਹੈ ਕਿ ਜਦ ਉਸ ਦਾ ਰਿਸ਼ਤਾ ਇੰਗਲੈਂਡ ਹੋਇਆ ਤਾਂ ਉਸ ਦੇ ਪਿਓ ਕੋਲ ਤਾਂ ਟਿਕਟ ਜੋਗੇ ਵੀ ਪੈਸੇ ਨਹੀਂ ਸੀ। ਭਾਜੀ ਦੇ ਪਿਤਾ ਨੇ ਹੀ ਮੱਦਦ ਕੀਤੀ ਸੀ। ਫਿਰ ਭਾਜੀ ਇੰਗਲੈਂਡ ਆਇਆ ਤਾਂ ਰਾਜੋ ਨੇ ਉਸ ਨੂੰ ਏਥੇ ਸੈਟਲ ਹੋਣ ਵਿਚ ਪੂਰੀ ਸਹਾਇਤਾ ਕੀਤੀ। ਸੋ ਦੋਨਾਂ ਧਿਰਾਂ ਵਿਚ ਇਕ ਵਿਸ਼ੇਸ਼ ਨੇੜ ਹੈ। ਇਕ ਦੂਜੇ ਉਪਰ ਮਾਣ ਵੀ ਹੈ। ਇਸੇ ਮਾਣ ਵਿਚ ਹੀ ਰਾਜੋ ਕੁਝ ਕਹਿ ਜਾਂਦੀ ਹੈ। ਕੁਝ ਮਹੀਨੇ ਪਹਿਲਾਂ ਵੀ ਰਾਜੋ ਨੇ ਭਾਜੀ ਨੂੰ ਕਹਿ ਦਿੱਤਾ ਸੀ ਕਿ ਬਲਬੀਰਿਆ, ਤੂੰ ਕੁੜੀ ਘਰ ਬਿਨਾ ਕੇ ਬੁੜ੍ਹੀ ਕਰ ਲੈਣੀ ਆਂ। ਭਾਜੀ ਕਈ ਦਿਨ ਤਕ ਤੜਫਦਾ ਰਿਹਾ ਸੀ। ਸ਼ਰਾਬ ਪੀ ਕੇ ਕੰਧਾਂ ਵਿਚ ਮੁੱਕੇ ਮਾਰਨ ਲੱਗਦਾ। ਜਾਪਦਾ ਹੈ ਕਿ ਹੁਣ ਵੀ ਰਾਜੋ ਉਸ ਨੂੰ ਅਜਿਹੀ ਹੀ ਕੋਈ ਗੱਲ ਕਹਿ ਗਈ ਹੋਵੇਗੀ।

ਰਾਜੋ ਤੇ ਭਜਨ ਭਾਜੀ ਵਿਚਕਾਰ ਜਿੱਥੇ ਵਧੀਆ ਰਿਸ਼ਤੇ ਹਨ ਉੱਤੇ ਇਕ ਬਹੁਤ ਵੱਡੀ ਕੁੜੱਤਣ ਹਰ ਵੇਲੇ ਉਹਨਾਂ ਵਿਚਕਾਰ ਤੈਰਦੀ ਰਹਿੰਦੀ ਹੈ। ਉਹ ਹੈ ਕਿ ਭਜਨ ਭਾਜੀ ਰਾਜੋ ਦੇ ਘਰ ਜਾ ਕੇ ਰੋਟੀ ਨਹੀਂ ਖਾਂਦਾ ਉਸ ਦੀ ਜਾਤ ਕਾਰਨ। ਗੁੱਸੇ ਵਿਚ ਰਾਜੋ ਵੀ ਭਜਨ ਭਾਜੀ ਦੇ ਘਰ ਆ ਕੇ ਪਾਣੀ ਦੀ ਘੁੱਟ ਤਕ ਵੀ ਨਹੀਂ ਪੀਂਦੀ। ਮੈਂ ਰਾਜੋ ਨੂੰ ਕਈ ਵਾਰ ਕਹਿੰਦੀ ਨੂੰ ਸੁਣਿਆਂ ਹੈ ਕਿ ਜੇ ਇਹ ਸੰਧੂ ਹੈ ਤਾਂ ਮੈਂ ਕਟਾਰੀਆ ਹਾਂ। ਦੇਖਣ ਵਾਲੇ ਨੂੰ ਇਹ ਗੱਲ ਬਹੁਤ ਹੀ ਓਪਰੀ ਲੱਗਦੀ ਹੈ ਕਿ ਇਕ ਪਾਸੇ ਏਨਾ ਪਿਆਰ ਤੇ ਦੂਜੇ ਪਾਸੇ ਏਨੀ ਨਫ਼ਰਤ। ਮੈਂ ਵੀ ਪਹਿਲੀ ਵਾਰੀ ਇਹ ਗੱਲ ਨੋਟ ਕੀਤੀ ਤਾਂ ਭਾਜੀ ਕੋਲ ਉਸ ਦੀ ਸੋਚ ਬਾਰੇ ਆਪਣਾ ਵਿਰੋਧ ਪ੍ਰਗਟ ਕੀਤਾ ਸੀ। ਉਹ ਬੋਲਿਆ ਸੀ,

"ਬਈ, ਮੈਂ ਤਾਂ ਸੁੱਚਮ ਨੂੰ ਜ਼ਰੂਰੀ ਚੀਜ਼ ਮੰਨਦਾ, ਏਨੀਆਂ ਸਦੀਆਂ ਏਹਨਾਂ ਨੇ ਗੰਦਗੀ ਢੋਈ ਐ, ਸੋ ਗੰਦਗੀ ਏਹਨਾਂ ਦੇ ਡੀ ਐਨ ਏ ਵਿਚ ਬੈਠੀ ਐ। ਫਿਰ ਸੰਸਕਾਰ ਵੀ ਤਾਂ ਕੋਈ ਚੀਜ਼ ਆ ਜਿਹੜੇ ਬੰਦੇ ਦੀਆਂ ਰਗਾਂ ਵਿਚ ਵਹਿੰਦੇ ਨੇ।"

ਮੈਂ ਉਸ ਨਾਲ ਬਹੁਤੀ ਬਹਿਸ ਨਾ ਕੀਤੀ ਕਿਉਂਕਿ ਉਸ ਨਾਲ ਬਹਿਸ ਕਰਨ ਦਾ ਕੋਈ ਫਾਇਦਾ ਨਹੀਂ ਖਾਸ ਤੌਰ 'ਤੇ ਜ਼ਾਤ-ਪਾਤ ਦੇ ਮਾਮਲੇ ਵਿਚ।

ਭਾਜੀ ਅੱਜ ਕੱਲ੍ਹ ਜ਼ਰਾ ਪਰੇਸ਼ਾਨ ਰਹਿੰਦਾ ਹੈ। ਪਰੇਸ਼ਾਨੀ ਦਾ ਕਾਰਨ ਉਸ ਦੀ ਕੁੜੀ ਪ੍ਰੀਤੀ ਦਾ ਵਿਆਹ ਨਾ ਹੋਣਾ ਹੈ। ਪ੍ਰੀਤੀ ਚੌਂਤੀ ਸਾਲ ਦੀ ਹੋ ਗਈ ਹੈ ਪਰ ਹਾਲੇ ਤਕ ਕੋਈ ਚੰਗਾ ਦਾ ਮੁੰਡਾ ਨਹੀਂ ਮਿਲਿਆ, ਹਾਲਾਂ ਕਿ ਕੁੜੀ ਨੇ ਡਿਗਰੀ ਕੀਤੀ ਹੋਈ ਹੈ, ਬੈਂਕ ਦੀ ਨੌਕਰੀ ਕਰ ਰਹੀ ਹੈ। ਕਿੰਨੇ ਹੀ ਮੁੰਡੇ ਉਹ ਦੇਖ ਚੁੱਕੀ ਹੈ ਤੇ ਕਿੰਨੇ ਹੀ ਮੁੰਡੇ ਉਸ ਨੂੰ ਦੇਖ ਚੁੱਕੇ ਹਨ ਪਰ ਕਿਤੇ ਵੀ ਗੱਲ ਨਹੀਂ ਬਣ ਰਹੀ। ਇਹ ਮਸਲਾ ਇਕੱਲੀ ਪ੍ਰੀਤੀ ਦਾ ਹੀ ਨਹੀਂ ਸਗੋਂ ਇੰਗਲੈਂਡ ਵਿਚ ਜੰਮੀਆਂ ਸਾਡੀਆਂ ਸਾਰੀਆਂ ਕੁੜੀਆਂ ਦਾ ਹੈ। ਭਾਜੀ ਇਸ ਮਸਲੇ ਨੂੰ ਸਮਝਦਾ ਹੈ। ਕੋਈ ਵੇਲਾ ਸੀ ਮੁੰਡੇ ਇੰਡੀਆ ਤੋਂ ਮੰਗਵਾ ਲਏ ਜਾਂਦੇ ਸਨ ਪਰ ਉਦੋਂ ਕੁੜੀਆਂ ਅੱਜ ਵਾਲੀਆਂ ਨਹੀਂ ਸੀ ਹੁੰਦੀਆਂ। ਉਹ ਕੁੜੀਆਂ ਇੰਡੀਆ ਦੀਆਂ ਹੀ ਜੰਮਪਲ ਹੁੰਦੀਆਂ ਸਨ ਪਰ ਇਥੋਂ ਦੀਆਂ ਜੰਮੀਆਂ ਕੁੜੀਆਂ ਲਈ ਇੰਡੀਆ ਦੇ ਮੁੰਡੇ ਬਿਲਕੁਲ ਠੀਕ ਨਹੀਂ ਬੈਠਦੇ। ਪਾਲਣ-ਪੋਸ਼ਣ ਦਾ ਬਹੁਤ ਫਰਕ ਹੈ। ਹਾਲੇ ਇਥੋਂ ਦੇ ਮੁੰਡਿਆਂ ਲਈ ਇੰਡੀਆ ਤੋਂ ਆਈਆਂ ਕੁੜੀਆਂ ਫਿਟ ਬੈਠ ਜਾਂਦੀਆਂ ਹਨ। ਕਾਰਨ ਇਹ ਕਿ ਕੁੜੀਆਂ ਨਵੀਆਂ ਸਥਿਤੀਆਂ ਵਿਚ ਸਹਿਜੇ ਢਲ ਜਾਂਦੀਆਂ ਹਨ। ਭਾਜੀ ਨੇ ਪ੍ਰੀਤੀ ਨੂੰ ਬਹੁਤ ਵਾਰ ਕਿਹਾ ਕਿ ਇਥੋਂ ਤਾਂ ਮੁੰਡਾ ਨਹੀਂ ਮਿਲਦਾ, ਇੰਡੀਆ ਤੋਂ ਦੇਖ ਲਵੋ ਪਰ ਪ੍ਰੀਤੀ ਇਕ ਦਮ ਕਹਿ ਦਿੰਦੀ ਹੈ ਕਿ 'ਡੈਡ, ਨੋ ਫਰੈੱਸ਼ੀ'। ਜਿਵੇਂ ਜਿਵੇਂ ਉਮਰ ਨਿਕਲ ਰਹੀ ਹੈ, ਮੁੰਡਾ ਲੱਭਣਾ ਔਖਾ ਹੋ ਰਿਹਾ ਹੈ।

ਮੇਰੇ ਕੋਲ ਇਸ ਦਾ ਇਕ ਹੱਲ ਹੈ। ਹੱਲ ਤਾਂ ਨਹੀਂ ਕਿਹਾ ਜਾ ਸਕਦਾ ਇਕ ਯਤਨ ਹੈ। ਉਹ ਇਹ ਕਿ ਜੇ ਅਸੀਂ ਜਾਤ-ਪਾਤ ਜਾਂ ਰੰਗ ਦੀ ਵਾੜ ਤੋੜ ਦੇਈਏ ਤਾਂ ਇਸ ਮੁਲਕ ਵਿਚ ਆਪਣੇ ਬੱਚੇ ਲਈ ਵਰ ਲੱਭਣ ਦੇ ਮੌਕੇ ਬਹੁਤ ਵੱਧ ਜਾਂਦੇ ਹਨ ਪਰ ਇਹ ਗੱਲ ਭਾਜੀ ਨੂੰ ਕੌਣ ਸਮਝਾਵੇ। ਉਹ ਤਾਂ ਸੁਫਨੇ ਵਿਚ ਵੀ ਨਹੀਂ ਸੋਚ ਸਕਦਾ ਕਿ ਉਹ ਆਪਣੇ ਕਿਸੇ ਬੱਚੇ ਦਾ ਵਿਆਹ ਆਪਣੀ ਜਾਤ ਤੋਂ ਬਾਹਰ ਜਾ ਕੇ ਕਰੇਗਾ। ਮੈਂ ਭਾਜੀ ਦੀ ਥਾਂ ਹੁੰਦਾ ਤਾਂ ਪ੍ਰੀਤੀ ਨੂੰ ਕਹਿ ਦਿੰਦਾ ਕਿ ਜਾਹ ਆਪ ਹੀ ਕੋਈ ਮੁੰਡਾ ਲੱਭ ਲੈ। ਮੈਂ ਆਪਣੀ ਗੱਲ ਭਾਜੀ ਨੂੰ ਸਿੱਧੀ ਕਹਿ ਵੀ ਨਹੀਂ ਸਕਦਾ। ਮੈਂ ਕੋਈ ਨਾ ਕੋਈ ਕਹਾਣੀ ਘੜ ਕੇ ਜਾਂ ਕਿਸੇ ਦੀ ਉਦਾਹਰਣ ਦੇ ਕੇ ਹੀ ਕਹਿਣ ਦੀ ਕੋਸ਼ਿਸ਼ ਕਰਦਾ ਹਾਂ। ਵੀਕ ਐਂਡ ਤੇ ਅਸੀਂ ਪੱਬ ਵਿਚ ਇਕੱਠੇ ਹੁੰਦੇ ਹਾਂ ਤੇ ਮੈਂ ਉਸ ਨੂੰ ਦੋ ਚਾਰ ਕਹਾਣੀਆਂ ਸੁਣਾਉਣੀਆਂ ਹੀ ਹੁੰਦੀਆਂ ਹਨ ਤਾਂ ਜੋ ਉਹ ਸਥਿਤੀ ਨੂੰ ਮੇਰੀ ਦ੍ਰਿਸ਼ਟੀ ਤੋਂ ਦੇਖ ਸਕੇ। ਇਕ ਦਿਨ ਮੈਂ ਕਹਿੰਦਾ ਹਾਂ,

"ਭਾਜੀ, ਓਹ ਨਿਰਮਲ ਨੂੰ ਜਾਣਦੇ ਓ?"

"ਜਿਹਨੇ ਕੁੜੀ ਬ੍ਰਾਹਮਣਾਂ ਦੇ ਮੁੰਡੇ ਨਾਲ ਵਿਆਹ ਦਿੱਤੀ, ਉਹ?"

"ਹਾਂ, ਉਹੀ। ਮੈਂ ਓਸ ਵਿਆਹ ਗਿਆ ਸੀ। ਨਿਰਮਲ ਦੇ ਮੂੰਹ 'ਤੇ ਤਾਂ ਸਾਰੇ ਹੀ ਇਹ ਕਹਿੰਦੇ ਸੀ ਕਿ ਨਿਰਮਲ ਨੇ ਕਾਸਟ ਦਾ ਬੈਰੀਅਰ ਤੋੜ ਕੇ ਬਹੁਤ ਚੰਗਾ ਕੀਤਾ ਪਰ ਉਹਦੀ ਪਿੱਠ ਪਿੱਛੇ ਕਚੀਰਾ ਜਿਹਾ ਕਰੀ ਜਾਂਦੇ ਸੀ।"

"ਗੱਲ ਤਾਂ ਲੋਕਾਂ ਦੀ ਠੀਕ ਐ, ਜਾਤ ਤੋਂ ਬਾਹਰ ਵਿਆਹ ਕਰਨ ਜਿਹੀ ਬਦਨਾਮੀ ਤੋਂ ਵਧ ਕੀ ਹੋ ਸਕਦੈ!"



"ਇਹ ਗੱਲ ਆਪਣੇ ਥਾਂ ਪਰ ਮੈਨੂੰ ਤਾਂ ਇਕ ਦਿਨ ਮੁੰਡਾ-ਕੁੜੀ ਹਾਈ ਸਟਰੀਟ 'ਤੇ ਮਿਲ ਗਏ, ਦੋਵੇਂ ਬਹੁਤ ਹੀ ਖੁਸ਼। ਹੁਣ ਤਾਂ ਉਹ ਕੁੜੀ ਮਾਂ ਬਣਨ ਵਾਲੀ ਐ।"

ਮੇਰੇ ਕਹਿਣ ਦਾ ਭਾਵ ਭਾਜੀ ਸਮਝ ਜਾਂਦਾ ਹੈ ਤੇ ਆਖਦਾ ਹੈ,

"ਤੇਰੀ ਗੱਲ ਨਾਲ ਮੈਂ ਬਿਲਕੁਲ ਸਹਿਮਤ ਨਹੀਂ, ਹੁਣ ਓਸ ਕੁੜੀ ਦਾ ਬੱਚਾ ਵੀ ਤਾਂ ਸ਼ਰਮਾ-ਵਰਮਾ ਹੀ ਹੋਵੇਗਾ।"

"ਕੀ ਫਰਕ ਪੈਂਦਾ ਏਹਦੇ ਨਾਲ ਭਾਜੀ, ਘੱਟੋ-ਘੱਟ ਕੁੜੀ ਤਾਂ ਖੁਸ਼ ਐ।"

"ਖਾਨਦਾਨ 'ਤੇ ਕਲੰਕ ਲੁਆ ਕੇ ਖੁਸ਼ੀ ਹਾਸਲ ਕੀਤੀ ਤਾਂ ਕੀ ਕੀਤੀ!"

ਆਖਦਿਆਂ ਉਸ ਨੇ ਮੂੰਹ ਹੋਰਵੇਂ ਬਣਾ ਲੈਂਦਾ ਹੈ। ਮੈਨੂੰ ਪਤਾ ਹੈ ਕਿ ਇਹ ਗੱਲ ਉਸ ਨੂੰ ਹਜ਼ਮ ਨਹੀਂ ਹੋ ਰਹੀ ਪਰ ਕਹਿਣੀ ਵੀ ਜ਼ਰੂਰੀ ਹੈ। ਇਹ ਵੀ ਸੱਚ ਹੈ ਕਿ ਜੇ ਪ੍ਰੀਤੀ ਦਾ ਦੋ ਕੁ ਸਾਲ ਹੋਰ ਵਿਆਹ ਨਾ ਹੋਇਆ ਤਾਂ ਫਿਰ ਵਿਆਹ ਦਾ ਕੋਈ ਫਾਇਦਾ ਵੀ ਨਹੀਂ ਹੋਣ ਲੱਗਿਆ। ਪਤਾ ਨਹੀਂ ਕਿਉਂ ਮੇਰੀ ਸੋਚ ਹੈ ਕਿ ਬੰਦੇ ਦਾ ਗ੍ਰਹਿਸਥੀ ਨਾਲ ਬੱਝੇ ਹੋਣਾ ਜ਼ਰੂਰੀ ਹੈ ਜਿਸ ਵਿਚ ਘਰ-ਬੱਚੇ ਜ਼ਰੂਰੀ ਹੁੰਦੇ ਹਨ। ਬੇਸ਼ੱਕ ਅੱਜ ਕੱਲ੍ਹ ਬਹੁਤ ਸਾਰੇ ਲੋਕ ਵਿਆਹ ਕਰਾ ਕੇ ਖੁਸ਼ ਨਹੀਂ, ਬੱਚੇ ਵੀ ਨਹੀਂ ਲੈਣਾ ਚਾਹੁੰਦੇ ਪਰ ਫਿਰ ਵੀ ਜੋੜਿਆਂ ਵਿਚ ਰਹਿੰਦੇ ਹਨ। ਔਰਤ-ਮਰਦ ਦਾ ਰਿਸ਼ਤਾ ਮਿਹਤਵੰਦ ਸਮਾਜ ਲਈ ਜ਼ਰੂਰੀ ਹੈ। ਸੋਚਦਾ ਤਾਂ ਭਾਜੀ ਵੀ ਇਵੇਂ ਹੀ ਹੈ। ਉਹ ਪ੍ਰੀਤੀ ਨੂੰ ਇਕੱਲੀ ਦੇਖ ਕੇ ਬਹੁਤ ਉਦਾਸ ਹੋ ਜਾਂਦਾ ਹੈ ਪਰ ਕੁਝ ਨਹੀਂ ਸਕਦਾ।

ਇਕ ਦਿਨ ਭਾਬੀ ਮੇਰੇ ਨਾਲ ਇਹੋ ਦੁੱਖੜਾ ਸਾਂਝਾ ਕਰਨ ਲੱਗਦੀ ਹੈ। ਉਸ ਨੂੰ ਮੈਂ ਸਾਫ ਕਹਿ ਦਿੰਦਾ ਹਾਂ,

"ਕਿਉਂ ਨਹੀਂ ਪ੍ਰੀਤੀ ਕਿਸੇ ਮੁੰਡੇ ਨਾਲ ਡੇਟਿੰਗ ਸ਼ੁਰੂ ਕਰਦੀ ਤੇ ਵਿਆਹ ਕਰਾ ਲੈਂਦੀ।"

ਉਹ ਆਖਦੀ ਹੈ।

"ਤੇਰਾ ਭਰਾ ਤਾਂ ਨਿਰਾ ਭੌਂਬੂ ਐ, ਪਤਾ ਨਹੀਂ ਕਿਹੜੇ ਵੇਲੇ ਬਊਂ ਕਰਕੇ ਪੈ ਜਾਣਾ, ਚਾਰ-ਪੰਜ ਸਾਲ ਹੋ ਗਏ ਇਕ ਮੁੰਡਾ ਸੀਗਾ, ਵੈਸਟਰਨ ਯੋਰਪ ਦਾ ਸੀ। ਪ੍ਰੀਤੀ ਨੂੰ ਲਾਈਕ ਕਰਦਾ ਸੀ।...ਮੈਂ ਤੇਰੇ ਭਾਜੀ ਨੂੰ ਗੱਲਾਂ ਗੱਲਾਂ ਵਿਚ ਟੋਹਿਆ ਸੀ ਪਰ ਉਹ ਤਾਂ ਏਦਾਂ ਕਰੇ ਜਿੱਦਾਂ ਮੇਰਾ ਸਿਰ ਪਾੜ ਦੇਣਾ ਹੁੰਦਾ।"

"ਫਿਰ ਏਹਦਾ ਹੱਲ ਕੀ ਹੋਏਗਾ?"

"ਸੱਚੀ ਗੱਲ ਦੱਸਾਂ, ਮੈਂ ਤਾਂ ਇਕ ਦਿਨ ਪ੍ਰਤੀ ਨੂੰ ਕਹਿ ਦਿੱਤਾ ਕਿ ਜੇ ਕੋਈ ਮੁੰਡਾ ਮਿਲਦਾ ਤਾਂ ਵਿਆਹ ਕਰਾ ਲੈ, ਛੱਡ ਜਾ ਏਸ ਘਰ ਨੂੰ ਪਰ ਉਹ ਵੀ ਵਿਚਾਰੀ ਮੇਰੇ ਵਰਗੀ ਆ, ਡਰਦੀ ਆ ਆਪਣੇ ਪਿਓ ਤੋਂ!"

ਆਖਦੀ ਭਾਬੀ ਉਦਾਸ ਹੋ ਜਾਂਦੀ ਹੈ।...

ਅਸੀਂ ਪੱਬ ਵਿਚ ਬੈਠੇ ਹਾਂ। ਮੇਰਾ ਇਕ ਦੋਸਤ ਸਿਕੰਦਰ ਅਚਾਨਕ ਆ ਜਾਂਦਾ ਹੈ ਤੇ ਸਾਡੇ ਕੋਲ ਆ ਬੈਠਦਾ ਹੈ। ਘਰੇਲੂ ਗੱਲਾਂ ਚੱਲ ਪੈਂਦੀਆਂ ਹਨ। ਉਹ ਦੱਸਣ ਲੱਗਦਾ ਹੈ,

"ਸਾਡੀ ਵੀ ਭਾਣਜੀ ਆ ਵਿਆਹੁਣ ਵਾਲੀ, ਕੱਲ੍ਹ ਹੀ ਮੁੰਡਾ ਦੇਖ ਕੇ ਆਏ ਆਂ, ਕੋਈ ਢੁੱਕਵਾਂ ਵਰ ਨਹੀਂ ਲੱਭ ਰਿਹਾ, ਮੈਂ ਤਾਂ ਕੁੜੀ ਨੂੰ ਕਿਹਾ ਸੀ ਕਿ ਜਾਹ ਆਪ ਹੀ ਲੱਭ ਲੈ,

ਤੇਰਾ ਮਾਂਪਿਓ ਓਬਜੈਕਟ ਕਰੇਗਾ ਤਾਂ ਮੈਂ ਦੇਖ ਲਵਾਂਗਾ ਤਾਂ ਕੁੜੀ ਬੋਲੀ ਕਿ ਮਾਮਾ ਜੀ, ਜਦ ਮੁੰਡਾ ਲੱਭਣ ਦਾ ਟੈਮ ਸੀ ਯੂਨੀ ਵੇਲੇ ਤਾਂ ਤੁਸੀਂ ਸਾਰਾ ਟੱਬਰ ਫੋਨ ਕਰ ਕਰ ਕੇ ਕਹਿੰਦੇ ਸੀ ਕਿ ਕਿਸੇ ਨਾਲ ਇਨਵੌਲਵ ਨਾ ਹੋ ਜਾਵੀਂ, ਹੁਣ ਮੈਂ ਕਿਥੋਂ ਲੱਭ ਲਵਾਂ ?"

ਮੈਨੂੰ ਉਸ ਕੁੜੀ ਦਾ ਨੁਕਤਾ ਬਹੁਤ ਸਹੀ ਜਾਪਦਾ ਹੈ। ਯੂਨੀਵਰਸਟੀ ਬਹੁਤ ਢੁੱਕਵੀਂ ਜਗ੍ਹਾ ਹੁੰਦੀ ਹੈ ਆਪਣੇ ਲਈ ਜੀਵਨ ਸਾਥੀ ਲੱਭਣ ਵਾਸਤੇ ਪਰ ਅਸੀਂ ਆਪਣੇ ਬੱਚਿਆਂ ਉਪਰ ਕਈ ਕਿਸਮ ਦੇ ਫਜ਼ੂਲ ਜਿਹੇ ਦਬਾਅ ਬਣਾਈ ਰੱਖਦੇ ਹਾਂ। ਸਿਕੰਦਰ ਦੀ ਗੱਲ ਨੂੰ ਸਹੀ ਕਹਿਣ ਲਈ ਮੈਂ ਆਖਦਾ ਹਾਂ,

"ਮੈਂ ਤਾਂ ਆਪਣੇ ਨਿਆਣਿਆਂ ਨੂੰ ਸਾਫ ਕਹਿ ਦੇਣਾ ਬਈ ਨਾਲ ਪੜ੍ਹਦਾ ਹੀ ਕੋਈ ਦੇਖ ਲਿਓ।"

ਮੇਰੀ ਗੱਲ 'ਤੇ ਭੜਕਦਾ ਭਾਜੀ ਬੋਲਦਾ ਹੈ,

"ਬੜੀ ਬੇਵਕੂਫੀ ਦੀ ਗੱਲ ਐ, ਨਿਆਣਾ ਕੋਈ ਮੁਸਲਮਾਨ ਲੈ ਆਊ, ਕੋਈ ਕਾਲਾ-ਪੀਲਾ, ਜ਼ਾਤ-ਕੁਜ਼ਾਤ !...ਹੋ ਗਿਆ ਨਾ ਤੁਹਾਡਾ ਖਾਨਦਾਨ ਖਰਾਬ ! ਏਸ ਮੁਲਕ ਵਿਚ ਨਿਆਣੇ ਤਾਂ ਪਹਿਲਾਂ ਹੀ ਰੱਸੇ ਤੁੜਾਈ ਫਿਰਦੇ ਆ, ਤੁਸੀਂ ਹੋਰ ਖੁੱਲ੍ਹਾਂ ਦੇਣ ਦੀ ਗੱਲ ਕਰਦੇ ਓ !"

ਭਾਜੀ ਝਿੜਕਣ ਵਾਂਗ ਆਖਦਾ ਹੈ।...

ਸੋਚਾਂ ਵਿਚ ਫਸਿਆ ਮੈਂ ਭਾਜੀ ਦੇ ਘਰ ਪੁੱਜਦਾ ਹਾਂ। ਭਾਬੀ ਇਕ ਦਮ ਦਰਵਾਜ਼ਾ ਖੋਹਲਦੀ ਬੋਲਦੀ ਹੈ,

"ਕਰ ਕੁਝ, ਰਾਜੇ ਨੇ ਮੁੰਡੇ ਦੀ ਦੱਸ ਪਾਈ ਸੀ ਫੋਨ ਉਪਰ ਬਸ ਇਸੇ ਗੱਲ ਤੋਂ ਭੜਕ ਉੱਠਿਆ ਤੇਰਾ ਭਾਜੀ।"

ਮੈਂ ਅੰਦਰ ਜਾਂਦਾ ਹਾਂ ਤਾਂ ਭਾਜੀ ਦਾਰੂ ਨਾਲ ਰੱਜਿਆ ਰਾਜੇ ਨੂੰ ਗੰਦੀਆਂ ਗਾਲ੍ਹਾਂ ਕੱਢੀ ਜਾ ਰਿਹਾ ਹੈ ਤੇ ਆਖਣ ਲੱਗਦਾ ਹੈ,

"ਰਾਜੋ ਆਪਣੀ ਜਾਤ ਦਿਖਾ ਗਈ, ਛੋਟੀ ਜਾਤ ਨੇ ਛੋਟੀ ਹੀ ਰਹਿਣਾ, ਦਿਲ ਕਰਦਾ ਏਸ ਕੁੱਤੀ ਦੇ ਗੋਲੀ ਮਾਰ ਦੇਵਾਂ, ਭੈ....., ਸਾਲੀ ਮੇਰੀ ਕੁੜੀ ਲਈ ਆਪਣੀ ਦਰਾਣੀ ਦੇ ਮੁੰਡੇ ਦਾ ਰਿਸ਼ਤਾ ਲੈ ਕੇ ਆਈ ਐ।"

ਗੱਲ ਤਾਂ ਰਾਜੋ ਨੇ ਵਾਕਿਆ ਹੀ ਬਹੁਤ ਵੱਡੀ ਕਹਿ ਦਿੱਤੀ ਹੈ। ਮੈਂ ਉਸ ਨੂੰ ਸ਼ਾਂਤ ਕਰਨ ਲਈ ਆਖਦਾ ਹਾਂ,

"ਭਾਜੀ, ਏਹਦੇ ਵਿਚ ਏਨਾ ਕਲਪਣ ਦੀ ਕਿਹੜੀ ਗੱਲ ਐ, ਨਾਂਹ ਕਰ ਦਿਓ ਬਸ।"

"ਗੱਲ ਤਾਂ ਏਹ ਆ ਕਿ ਓਹਦੀ ਹਿੰਮਤ ਕਿੱਦਾਂ ਪਈ ਏਨੀ ਗੱਲ ਕਹਿਣ ਦੀ। ਪਿਓ ਏਹਦਾ ਸਾਡੇ ਭੇਖਦਾ ਮਰ ਗਿਆ ! ਮੈਲ ਏਹਨਾਂ ਦੀਆਂ ਰਗਾਂ ਵਿਚੋਂ ਹਾਲੇ ਨਿਕਲੀ ਨਹੀਂ ਤੇ ਏਹ ਆਹ ਗੱਲਾਂ ਕਰਨ ਲੱਗ ਪਈ ! ਮੈਨੂੰ ਕਿਤੇ ਦਿੱਸ ਪਏ ਹੁਣ, ਸਾਲੀ ਦੀ ਗੁੱਤ ਨਾ ਮੁੰਨੀ ਤਾਂ ਮੈਂ ਜੱਟ ਦਾ ਪੁੱਤ ਨਹੀਂ।"

ਮੈਂ ਹੌਲੀ ਹੌਲੀ ਆਪਣੀ ਥੈਰਪੀ ਵਰਤਣ ਲੱਗਦਾ ਹਾਂ। ਉਸ ਨੂੰ ਗੱਲਾਂ ਵਿਚ ਪਾ ਕੇ ਉਸ ਦਾ ਧਿਆਨ ਹੋਰ ਪਾਸੇ ਲੈ ਜਾਂਦਾ ਹਾਂ। ਦੋ ਕੁ ਘੰਟੇ ਉਸ ਕੋਲ ਬੈਠਾ ਰਹਿੰਦਾ ਹਾਂ। ਅਗਲੇ ਦਿਨ



ਫਿਰ ਉਸ ਨਾਲ ਕੁਝ ਸਮਾਂ ਬਿਤਾਉਂਦਾ ਹਾਂ। ਹੌਲੀ ਹੌਲੀ ਉਸ ਦਾ ਗੁੱਸਾ ਖੁਰ ਜਾਂਦਾ ਹੈ। ਮੈਂ ਸੋਚਣ ਲੱਗਦਾ ਹਾਂ ਕਿ ਇਹ ਤਾਂ ਸੱਚ ਹੀ ਰਾਜੋ ਦੀ ਜ਼ਿਆਦਤੀ ਹੈ। ਜਦ ਉਸ ਨੂੰ ਭਾਜੀ ਦੇ ਸੁਭਾਅ ਦਾ ਪਤਾ ਹੈ ਤਾਂ ਏਨੀ ਗੱਲ ਕਿਉਂ ਕਹਿੰਦੀ ਹੈ। ਇਕ ਦਿਨ ਟੈਸਕੋ ਵਿਚ ਸ਼ੌਪਿੰਗ ਕਰਦਿਆਂ ਰਾਜੋ ਮੈਨੂੰ ਦਿੱਸ ਪੈਂਦੀ ਹੈ। ਮੈਂ ਗਿਲਾ ਕਰਨ ਲਈ ਉਸ ਕੋਲ ਜਾਂਦਾ ਹਾਂ ਤੇ ਆਖਦਾ ਹਾਂ ਕਿ ਉਸ ਨੇ ਭਾਜੀ ਨੂੰ ਇਹ ਗੱਲ ਕਿਉਂ ਕਹੀ। ਉਹ ਬੋਲਦੀ ਹੈ,

"ਤੇਰੇ ਭਰਾ ਨੇ ਸੱਚ ਵੱਲੋਂ ਪਿੱਠ ਮੋੜੀ ਹੋਈ ਐ, ਮੈਨੂੰ ਵੀ ਪ੍ਰੀਤੀ ਦਾ ਓਨਾ ਹੀ ਦੁੱਖ ਆ ਰਿਹੈ। ਅਜਿਹੇ ਸਮੇਂ ਪ੍ਰੀਤੀ ਦੇ ਅੰਦਰ ਕੀ ਚੱਲ ਰਿਹਾ ਹੋ ਸਕਦਾ, ਕਦੇ ਸੋਚਿਆ ? ਤੁਸੀਂ ਨਹਿਰੇ ਆਦਮੀ, ਦਾਰੂ ਨਾਲ ਰੱਜ ਕੇ ਸੌਂ ਜਾਂਦੇ ਓ ਪਰ ਮੈਂ ਇਕ ਔਰਤ ਆਂ ਤੇ ਪ੍ਰੀਤੀ ਦੇ ਮਨ ਨੂੰ ਸਮਝਦੀ ਆਂ।"

"ਉਹ ਤਾਂ ਠੀਕ ਐ ਪਰ ਤੂੰ ਇਹ ਕਿੱਦਾਂ ਸੋਚ ਲਿਆ ਕਿ ਆਪਣੇ ਦਿਓਰ ਦੇ ਮੁੰਡੇ ਦਾ ਰਿਸ਼ਤਾ ਪ੍ਰੀਤੀ ਨੂੰ ਕਰਾ ਦੇਵੇਂਗੀ।"

"ਓਹ ਗੁਰੂ, ਮੈਂ ਨਹੀਂ ਸੋਚਿਆ ਏਹ, ...ਅਸਲ ਵਿਚ ਗੱਲ ਇਹ ਆ ਕਿ ਮੁੰਡਾ ਲੰਡਨ ਦੀ ਬੈਂਕ ਕੰਮ ਕਰਦਾ ਤੇ ਪ੍ਰੀਤੀ ਵੀ ਉਸੇ ਬੈਂਕ ਦੀ ਬਰਾਂਚ ਹੰਸਲੋ ਵਾਲੀ ਬਰਾਂਚ ਵਿਚ ਜਾਂਦੀ ਆ, ਦੋਨਾਂ ਦਾ ਆਪਸ ਵਿਚ ਵਾਹ ਪੈਂਦਾ ਰਹਿੰਦਾ, ...ਡੇਟਿੰਗ ਵੀ ਕਰਨ ਲੱਗ ਪਏ ਆ। ਤੇਰੀ ਭਾਬੀ ਨੂੰ ਸਾਰੀ ਗੱਲ ਦਾ ਪਤਾ ਪਰ ਏਸ ਰਾਖਸ਼ ਬੰਦੇ ਨੂੰ ਕੌਣ ਸਮਝਾਵੇ। ਮੈਂ ਤਾਂ ਏਸ ਕਰਕੇ ਸਾਰੀ ਗੱਲ ਉਹਨੂੰ ਨਹੀਂ ਦੱਸੀ ਕਿ ਕਿਤੇ ਕੁੜੀ ਜਾਂ ਮੁੰਡੇ ਨੂੰ ਕੋਈ ਨੁਕਸਾਨ ਨਾ ਪਹੁੰਚਾ ਦੇਵੇ। ਕੀ ਪਤਾ ਹੁੰਦਾ ਏਦਾਂ ਦੇ ਪਾਗਲ ਦਾ ! ਮੈਂ ਘੁਮਾ ਕੇ ਗੱਲ ਨੂੰ ਨਰਮ ਬਣਾ ਕੇ ਕਿਹਾ ਸੀ ਪਰ ਏਹ ਤਾਂ ਚਾਰੇ ਪੈਰ ਚੁੱਕ ਕੇ ਪੈ ਤੁਰਿਆ !...ਹੁਣ ਕੋਈ ਤਾਂ ਬਿੱਲੀ ਦੇ ਗਲ ਵਿਚ ਘੰਟੀ ਬੰਨ੍ਹੇਗਾ ਹੀ ਨਹੀਂ ਤਾਂ ਕੁੜੀ ਦੀ ਜ਼ਿੰਦਗੀ ਏਦਾਂ ਹੀ ਖਰਾਬ ਹੋ ਜਾਣੀ ਆਂ।"

ਰਾਜੋ ਚਲੇ ਜਾਂਦੀ ਹੈ। ਇਹ ਘੰਟੀ ਬੰਨ੍ਹਣ ਵਾਲੀ ਗੱਲ ਤਾਂ ਸੱਚ ਹੈ। ਇਸ ਮਾਮਲੇ ਵਿਚ ਮੈਂ ਵੀ ਕੁਝ ਨਹੀਂ ਕਰ ਸਕਦਾ। ਸੋ ਮੈਂ ਚੁੱਪ ਹੀ ਭਲੀ ਸਮਝਦਾ ਹਾਂ। ਕਈ ਦਿਨ ਨਿਕਲ ਜਾਂਦੇ ਹਨ। ਇਹ ਗੱਲ ਜ਼ਰੂਰ ਹੈ ਕਿ ਭਾਜੀ ਹੁਣ ਬੁਝਿਆ ਬੁਝਿਆ ਰਹਿਣ ਲੱਗਿਆ ਹੈ। ਪਹਿਲਾਂ ਵਾਂਗ ਹੱਸ-ਖੇਡ ਨਹੀਂ ਰਿਹਾ। ਸਾਹਮਣੇ ਬੀਅਰ ਦਾ ਗਲਾਸ ਭਰਿਆ ਪਿਆ ਹੁੰਦਾ ਹੈ ਤਾਂ ਉਹ ਟਿਕਟਿਕੀ ਲਗਾ ਕੇ ਇਕ ਪਾਸੇ ਨੂੰ ਹੀ ਦੇਖੀ ਜਾਂਦਾ ਹੈ। ਮੈਂ ਪੁੱਛਦਾ ਹਾਂ,

"ਭਾਜੀ, ਕੀ ਗੱਲ ਐ ?"

"ਯਾਰ, ਪ੍ਰੀਤੀ ਬਾਰੇ ਹੀ ਸੋਚਦਾਂ, ਅਗਲੇ ਮਹੀਨੇ ਓਹਨੇ ਪੈਂਤੀ ਦੀ ਹੋ ਜਾਣਾ। ਰਿਸ਼ਤੇ ਦੀ ਗੱਲ ਕਿਤੇ ਬਣ ਨਹੀਂ ਰਹੀ। ਮੈਨੂੰ ਲੱਗਦਾ ਕਿਤੇ ਕੁੜੀ ਕੁਆਰੀ ਹੀ ਨਾ ਰਹਿ ਜਾਵੇ।"

"ਭਾਜੀ, ਜ਼ਿੰਦਗੀ ਵਿਚ ਬਹੁਤ ਸਾਰੇ ਫੈਸਲੇ ਲੈਣੇ ਪੈਂਦੇ ਆ। ਫੈਸਲਾ ਲੈਣ ਤੇ ਫੈਸਲਾ ਨਾ ਲੈ-ਸਕਣ ਵਿਚ ਇਕ ਖਾਲ ਜਿਹੀ ਹੁੰਦੀ ਆ, ਬਸ ਤੁਸੀਂ ਉਹ ਖਾਲ ਹੀ ਟੱਪਣੀ ਹੁੰਦੀ ਆ, ਜ਼ਰਾ ਹਿੰਮਤ ਕਰ ਕੇ ਪ੍ਰੀਤੀ ਬਾਰੇ ਕੋਈ ਫੈਸਲਾ ਲੈ ਲਵੋ।"

ਗੱਲ ਤਾਂ ਮੈਂ ਵੀ ਰਾਜੋ ਵਾਲੀ ਹੀ ਕਹਿਣੀ ਚਾਹੁੰਦਾ ਹਾਂ ਪਰ ਕਹਿਣੀ ਨਹੀਂ ਆ ਰਹੀ।

ਇਕ ਦਿਨ ਭਾਜੀ ਮਿਲਦਾ ਹੈ। ਉਹ ਖੁਸ਼ ਦਿੱਸ ਰਿਹਾ ਸੀ। ਮੇਰੇ ਕਾਰਨ ਪੁੱਛਣ 'ਤੇ ਉਹ ਦਸਦਾ ਹੈ,

"ਧੀਤੜੀ ਲਈ ਮੁੰਡਾ ਮਿਲ ਗਿਆ।"

"ਵਧਾਈਆਂ ਫੇਰ ਤਾਂ।"

"ਵਧਾਈਆਂ ਹੈ ਵੀ ਨਹੀਂ ਵੀ, ...ਮੁੰਡਾ ਏਹਦੇ ਨਾਲ ਹੀ ਕੰਮ ਕਰਦਾ ਪਰ ਜ਼ਾਤ ਦਾ ਹੋਰ ਐ।"

"ਤਾਂ ਕੀ ਹੋ ਗਿਆ ਭਾਜੀ, ਕੁੜੀ ਤਾਂ ਆਪਣੇ ਘਰ ਜਾਏਗੀ।"

"ਬਸ ਇਹੋ ਸੋਚ ਕੇ ਹੀ...!"

——0——



# ਠੱਠੀ/ਜਗਜੀਤ ਗਿੱਲ

ਧਰਤੀ ਨੇ ਹੌਲੀ ਹੌਲੀ ਸਾਰਾ ਸੂਰਜ ਖਾ ਲਿਆ ਸੀ। ਸੂਰਜ ਦੀ ਰੱਤ ਅੰਬਰ ਨੂੰ ਮਟਮੈਲਾ ਕਰ ਰਹੀ ਸੀ। ਬੜਾ ਘੁੱਟ ਜਿਹਾ ਲੱਗਾ ਸੀ। ਚਾਰੇ ਪਾਸੇ ਗਹਿਰ ਚੜ੍ਹੀ ਸੀ ਜਿਸ ਤੋਂ ਤਕੜੇ ਝੱਖੜ ਦਾ ਖ਼ਦਸ਼ਾ ਸੀ। ਔਰਤਾਂ ਨੇ ਤਾਰਾਂ ਉੱਤੋਂ ਲੀੜੇ ਲਾਹ ਲਏ ਤੇ ਪਥਕਣਾਂ ਵਿੱਚ ਸੁੱਕੀਆਂ ਪਾਥੀਆਂ ਦੇ ਢੇਰ ਲਾ ਕੇ ਉੱਤੇ ਪੱਲੇ ਪਾ ਦਿੱਤੇ ਸਨ। ਹੱਟੀ ਤੋਂ ਮੋਮਬੱਤੀਆਂ ਵੀ ਮੰਗਵਾ ਲਈਆਂ ਸਨ ਕਿਉਂਕਿ ਝੱਖੜ ਸ਼ੁਰੂ ਹੁੰਦਿਆਂ ਹੀ ਬੱਤੀ ਬੰਦ ਹੋ ਜਾਣੀ ਸੀ। ਪਾਣੀ ਵਾਲੇ ਘੜੇ ਭਰ ਕੇ ਰੱਖ ਲਏ ਸਨ। ਹੁਣ ਦੀ ਗਈ ਬੱਤੀ ਕੀ ਪਤਾ ਕਿੱਦਣ ਆਵੇ ਤੇ ਨਲਕਿਆਂ ਦਾ ਪਾਣੀ ਹੁਣ ਪੀਣ ਵਾਲ੍ਹਾ ਨਹੀਂ ਸੀ ਰਿਹਾ। ਕੈਂਸਰ ਨੇ ਇਸ ਪਿੰਡ ਵੀ ਪੈਰ ਪਸਾਰ ਲਏ ਸਨ। ਬਿੱਕਰ ਦੀ ਵਹੁਟੀ ਦੇ ਦੋਵੇਂ ਥਣ ਵੱਢਣੇ ਪਏ ਸਨ। ਪਰ ਫਿਰ ਵੀ ਡਾਕਟਰਾਂ ਵਰ੍ਹੇ ਤੋਂ ਵੱਧ ਜੀਣ ਦੀ ਹਾਮੀ ਨਹੀਂ ਸੀ ਭਰੀ। ਬੱਤੇ ਦੀ ਘਰਦੀ ਦੀ ਵੱਖੀ ਵਿੱਚ ਵੀ ਪੀੜ ਨਹੀਂ ਹਟਦੀ। ਡਾਕਟਰਾਂ ਘਰੇ ਲਿਜਾ ਕੇ 'ਹੁਣ ਬਸ ਸੇਵਾ ਕਰਨ' ਨੂੰ ਕਿਹਾ ਹੈ ਪਰ ਉਸ ਨੂੰ ਦੁਖਭੰਜਨੀ ਬੇਰੀ ਥੱਲਿਉਂ ਇਸ਼ਨਾਨ ਕਰਵਾਇਆ ਹੈ। ਕਹਿੰਦੇ, ਫ਼ਰਕ ਤਾਂ ਜਾਪਿਆ ਹੈ ਵੇਖੋ।

ਬਾਬੇ ਸੋਮੇ ਨੇ ਸੰਖ ਪੂਰ ਕੇ ਰਹਿਰਾਸ ਸ਼ੁਰੂ ਕਰ ਦਿੱਤੀ ਸੀ। ਪੰਛੀ ਵੀ ਡਾਰਾਂ ਬੰਨ੍ਹ ਬੰਨ੍ਹ ਕੇ ਘਰਾਂ ਨੂੰ ਪਰਤ ਰਹੇ ਸਨ। ਠੱਠੀ ਵਿੱਚਲੇ ਬੁੱਢੇ ਪਿੱਪਲ ਉੱਤੇ ਆਲ੍ਹਣਿਆਂ ਵਿੱਚੋਂ ਬਗਲਿਆਂ ਦੀ ਕੈਂ ਕੈਂ ਦੀ ਆਵਾਜ਼ ਆ ਰਹੀ ਸੀ ਤੇ ਧੜਾ ਧੜ ਵੱਡੀਆਂ ਵੱਡੀਆਂ ਵਿੱਠਾਂ ਕਰ ਰਹੇ ਸਨ। ਉਨ੍ਹਾਂ ਦੀਆਂ ਵਿੱਠਾਂ ਤੋਂ ਦੁਖੀ, ਠੱਠੀ ਵਾਲਿਆਂ ਬੜੀ ਵਾਰ ਪਿੱਪਲ ਨੂੰ ਵਢਾਉਣ ਦੀ ਸੋਚੀ ਪਰ ਪਿੱਪਲ ਨੂੰ ਬ੍ਰਾਹਮਣ ਦਾ ਰੂਪ ਸਮਝਿਆ ਜਾਂਦਾ ਹੋਣ ਕਰਕੇ ਸਿਆਣਿਆਂ ਨੇ ਵੱਢਣ ਤੋਂ ਮਨ੍ਹਾਂ ਕਰ ਦਿੱਤਾ ਸੀ। ਉਂਝ ਇਹ ਇਕੋ ਇੱਕ ਬ੍ਰਾਹਮਣ ਸੀ ਜਿਸਨੇ ਠੱਠੀ ਦੇ ਲੋਕਾਂ ਤੋਂ ਕਦੀ ਕਿਸ ਨਹੀਂ ਸੀ ਕੀਤੀ ਤੇ ਨਾ ਹੀ ਅਜੇ ਤਾਈਂ ਇਹ ਭਿੱਟਿਆ ਗਿਆ ਸੀ। ਇਹ ਤਾਂ ਸਗੋਂ ਬੜੀ ਸੰਘਣੀ ਛਾਂ ਦਿੰਦਾ ਸੀ। ਦੁੱਖ ਸਿਰਫ਼ ਭਗਤਾਂ ਦੇ ਭੇਸ ਵਿੱਚ ਲੰਮੀ ਚੁੰਝ ਵਾਲੇ ਬਗਲਿਆਂ ਦਾ ਸੀ ਜਿਹੜੇ ਵਿੱਠਾਂ ਮਾਰ ਕੇ ਗੰਦ ਪਾਉਂਦੇ ਸਨ।

ਝੱਨਾ ਲਾ ਕੇ ਬੁੱਢੀਆਂ, ਬੰਦਿਆਂ ਤੋਂ ਪਹਿਲਾਂ ਆ ਗਈਆਂ ਸਨ ਕਿਉਂਕਿ ਚੁੱਲ੍ਹੇ ਚੌਂਕੇ ਦਾ ਆਹਰ ਤਾਂ ਬੁੱਢੀਆਂ ਨੇ ਕਰਨਾ ਹੋਇਆ। ਬੰਦਿਆਂ ਜ਼ਰਾ ਹਟ ਕੇ ਆਉਣਾ ਸੀ, ਕਿਉਂ ਜੁ ਡੰਗਰਾਂ ਵਾਸਤੇ ਪੱਠਾ ਦੱਥਾ ਵੀ ਲਈ ਆਉਣਾ ਸੀ।

"ਹੁਣ ਪੁਰਾਣੇ ਸਮੇਂ ਨਹੀਂ ਰਹੇ ਸੀਤੋ, ਪਹਿਲਾਂ ਤਾਂ ਜਿਹੜੀ ਮਰਜ਼ੀ ਵੱਟ ਤੋਂ ਘਾਹ ਵੱਢ ਲਿਆਈਦਾ ਸੀ ਪਰ ਹੁਣ ਜੱਟਾਂ ਦੀ ਨੀਤ ਬੜੀ ਮਾੜੀ ਹੁੰਦੀ ਜਾਂਦੀ ਹੈ, ਜੱਟੀਆਂ ਨੇ ਪਤਾ ਨ੍ਹੀਂ ਕੀ ਖਾ ਕੇ ਨਿਆਣੇ ਜੰਮੇ ਆ, ਔਂਤਰੇ ਮਾਸਾ ਮਾਸਾ ਜਿੰਨੇ, ਸਿਰ ਦੇ ਵਾਲਾਂ ਨੂੰ ਆਉਂਦੇ ਆ, ਖਿਲਾਈ ਦੇ ਦੋ ਪੱਤੇ ਵੀ ਨ੍ਹੀਂ ਤੋੜਨ ਦਿੰਦੇ, ਮੈਂ ਤਾਂ ਆਹਨੀਂ ਆਂ ਸਗੋਂ ਇਹ ਵੀ ਕੰਮੀ ਹੁੰਦੇ ਜਾਂਦੇ ਆ, ਉਹ ਮੈਂ ਆਖਿਆ ਕੰਮੀ ਹੁੰਦੇ ਜਾਂਦੇ ਆ, ਨਹੀਂ ?" ਗੁਲਣ ਨੇ ਡੁਗੀ ਡੁਗੀ ਜਾਂਦੀ ਨੇ ਸਿਰ ਉੱਤੇ ਰੱਖੀ ਜੂਠੇ ਭਾਂਡਿਆਂ ਦੀ ਟੀਂਡ ਸੂਤਰ ਕਰਦਿਆਂ ਕਿਹਾ।

"ਆਹੋ ਭੈਣ ਮੌਂਗਿਆਈ ਵੀ ਤਾਂ ਕਿੰਨੀ ਵਧ ਗਈ ਆ, ਜੱਟ ਵੀ ਵਿਚਾਰੇ ਕੀ ਕਰਨ, ਖਾਦਾਂ ਦਵਾਈਆਂ ਦੇ ਭਾਅ ਨਿੱਤ ਵਧਦੇ ਜਾਂਦੇ ਆ, ਹਣਾ ਭੀ ? ਛੀਂ ਮਹੀਨੀਂ ਜਾ ਕੇ ਰੁਪੱਈਏ ਦਾ ਮੂੰਹ ਵੇਖਣਾ ਹੁੰਦਾ ਤੇ ਉਹ ਵੀ ਜੇ ਭਾਹਢੇ ਦੀ ਮਰਜ਼ੀ ਹੋਈ ਤਾਂ, ਹਣਾ ਭੀ ?" ਸੀਤੋ ਨੇ ਜੱਟਾਂ ਦੀ ਹਾਮੀ ਭਰੀ।

"ਤੂੰ ਤਾਂ ਜੱਟਾਂ ਵੱਲ ਦੀ ਗੱਲ ਕਰਨੀ ਹੋਈ ਸੀਤੋ ਬੰਦੀਏ, ਸਾਰੀ ਉਮਰ ਤੂੰ ਭਾਲੇ ਦੀ ਬਹਿਕ 'ਤੇ ਹੀ ਰਹੀ ਏਂ, ਤੈਨੂੰ ਕਿਸੇ ਚੀਜ਼ ਦੀ ਤੋਟ ਜੁ ਨਹੀਂ ਆਉਣ ਦਿੱਤੀ ਉਨ੍ਹਾਂ, ਉਹੋ ਮੈਂ ਆਖਿਆ ਤੋਟ ਜੁ ਨ੍ਹੀਂ ਆਉਣ ਦਿੱਤੀ, ਨਹੀਂ ?"

ਗੁੱਲਣ ਗੱਲ ਕਰਦੀ ਨੇ ਕਨੱਖੀਏਂ ਸੀਤੋ ਵੱਲ ਝਾਕਿਆ ਤੇ ਦੰਦਾਂ 'ਚ ਜ਼ੁਬਾਨ ਦੇ ਕੇ ਅੱਖ ਮਾਰੀ। ਸਾਰੀਆਂ ਉਸਦੀ ਗੁੱਝੀ ਟਾਂਚ ਸਮਝ ਕੇ ਮੁਸਕੜੀਏ ਹੱਸ ਪਈਆਂ। ਸੀਤੋ ਕੱਚੀ ਜਿਹੀ ਹੋ ਗਈ ਪਰ ਸ਼ਰਮਿੰਦੀ ਨਾ ਹੋਈ-"ਕੀ ਕਰੀਏ ਭੈਣਾ, ਨਾ ਸਰਦੇ ਨੂੰ ਮਾੜਾ ਕੁਝ ਝੱਲਣਾ ਪੈਂਦਾ ਈ, ਹਣਾ ਭੀ ?" ਸੀਤੋ ਦਾ ਖਸਮ ਸੰਮਾ, ਭਾਲੇ ਹੁਰਾਂ ਨਾਲ ਕਾਮਾ ਰਿਹਾ ਸੀ। ਰਿਹਾ ਕਾਹਦਾ ਸੀ, ਰਹਿਣਾ ਪਿਆ ਸੀ।

ਉਦੋਂ ਸੀਤੋ ਨਵੀਂ ਨਵੀਂ ਵਿਆਹੀ ਆਈ ਸੀ। ਸੰਮਾ ਜੈਮਲ ਨਾਲ ਦਿਹਾੜੀ ਕਰਦਾ ਸੀ। ਜੈਮਲ ਮਿਸਤਰੀ ਸੀ ਤੇ ਸ਼ਹਿਰ ਕੋਠੀਆਂ ਪਾਉਂਦਾ ਸੀ। ਸੰਮਾ ਉਹਦੇ ਨਾਲ ਪੱਕਾ ਈ ਦਿਹਾੜੀਆ ਲੱਗਾ ਸੀ। ਬਾਦ ਵਿੱਚ ਜੈਮਲ ਦਾ ਕੰਮ ਬਾਹਰ ਦਾ ਬਣ ਗਿਆ ਤੇ ਸੰਮਾ ਰਹਿ ਗਿਆ ਭਾਲੇ ਕੇ ਪੱਠੇ ਪਾਉਣ ਜੋਗਾ। ਭਾਲੇ ਹੁਰੀਂ ਸਵੇਰੇ ਚਾਹ ਬੜੀ ਕਰਾਰੀ ਪਿਆਉਂਦੇ ਸਨ। ਗਿਆਰਾਂ ਕੁ ਵਜੇ ਸੁਸਤੀ ਪੈਣ ਲੱਗਣੀ ਤਾਂ ਭਾਲੇ ਫਿਰ ਸੀਤੋ ਨੂੰ ਕਾਲੀ ਗੱਡਵੀਂ ਚਾਹ ਬਣਾਉਣ ਨੂੰ ਕਹਿਣਾ। ਚਾਹ ਪੀ ਕੇ ਉਸ ਫਿਰ ਨੌਂ ਬਰ ਨੌਂ ਹੋ ਜਾਣਾ। ਚਾਹ ਦਾ ਬੱਧਾ ਸੰਮਾ ਭਾਲੇ ਦੀ ਬਹਿਕ ਜੋਗਾ ਹੋ ਕੇ ਰਹਿ ਗਿਆ। ਜਦੋਂ ਕਿਤੇ ਭਾਲੇ ਨੇ ਦਿਹਾੜੀ ਨਾ ਸੱਦਣਾ ਤਾਂ ਉਹਦਾ ਸਰੀਰ ਟੁੱਟਦਾ ਰਹਿਣਾ। ਹੋਰ ਕਿਸੇ ਦੇ ਘਰੋਂ, ਚਾਹ ਦੇ ਉਹ ਗੜ੍ਹੇਟਨ ਹੀ ਸਨ ਬੱਝਦੇ ਜਿਹੜੇ ਭਾਲੇ ਦੀ ਚਾਹ ਨਾਲ ਬੱਝਦੇ। ਸਾਰਾ ਦਿਨ ਸਰੀਰ 'ਚ ਤੱਰਾਟਾਂ ਜਿਹੀਆਂ ਉੱਠਦੀਆਂ ਰਹਿੰਦੀਆਂ। ਫ਼ਿਰ ਇੱਕ ਦਿਨ ਭਾਲੇ ਦੀ ਚਾਹ ਨੇ ਵੀ ਕੋਈ ਜੌਹਰ ਨਾ ਵਿਖਾਇਆ-"ਅੱਜ, ਗੱਲ ਨਹੀਂ ਬਣੀ ਬਿੰਬਰਾ ਓਦਣ ਵਾਲੀ," ਝਕਦੇ ਝਕਦੇ ਨੇ ਭਾਲੇ ਨੂੰ ਕਹਿ ਦਿੱਤਾ। ਸਾਬਕਾ ਪੰਚਾਇਤ ਮੈਂਬਰ ਹੋਣ ਕਰਕੇ ਭਾਲੇ ਨੂੰ ਪਿੰਡ 'ਚ ਬਿੰਬਰ ਹੀ ਕਹਿੰਦੇ।

"ਭਾਊ ਗੱਲ ਐਵੇਂ ਨਹੀਂ ਬਣਦੀ ਚਾਹ ਵਿੱਚ ਜਿਹੜਾ ਮਸਾਲਾ ਪਾਈਦਾ ਨਾ, ਉਹ ਮਿਲਦਾ ਨਹੀਂ ਹੁਣ, ਤਾਂਹੀਓਂ ਮਾਹਗਾ ਵੀ ਬਾਹਲਾ ਹੋ ਗਿਆ ਗੜੀ ਪੈਣਾ। ਜੇ ਤੂੰ ਪੀਣੀ ਆ ਚਾਹ ਤਾਂ ਮਾਇਆ ਦਾ ਘੁੰਡ ਥੋੜ੍ਹਾ ਚੁੱਕਣਾ ਪੈਣਾ, ਔਹ ਤੇ ਵੀਰਾ ਔਹ।" ਭਾਲੇ ਨੇ ਸਿੱਧੇ ਸ਼ਬਦਾਂ ਵਿੱਚ ਸਮਝਾ ਦਿੱਤਾ ਸੀ।

ਉਹ ਚਾਹ ਵਿੱਚ ਅਫ਼ੀਮ ਘੋਲ ਕੇ ਪਿਆਉਂਦਾ ਸੀ ਤਾਂ ਕਿ ਦਿਹਾੜੀ ਆਇਆ ਬੰਦਾ ਕੰਮ ਨੂੰ ਕਾਹਲਾ ਵਗੇ ਤੇ ਕੰਮ ਘੱਟ ਸਮੇਂ 'ਚ ਬਾਹਲਾ ਨਿਬੜੇ। ਸੰਮਾ ਬਸ ਹੁਣ ਭਾਲੇ ਹੁਰਾਂ ਜੋਗਾ ਹੋ ਕੇ ਰਹਿ ਗਿਆ ਸੀ। ਤੜਕੇ ਉਨ੍ਹਾਂ ਦੀਆਂ ਬਰੂਹਾਂ ਜਾ ਮੱਲਦਾ। ਕਦੇ ਡੰਗਰਾਂ ਨੂੰ ਪੱਠੇ ਪਾ, ਕਦੇ ਘੋੜਿਆਂ ਦੀ ਲਿੱਦ ਸੁੱਟ, ਕਦੇ ਧਾਰਾਂ ਕੱਢ ਲਿਆ, ਕਦੇ ਕਿਸੇ ਖੇਤੇ ਨੂੰ ਪਾਣੀ ਬੰਨ੍ਹ, ਕਦੇ ਡੰਗਰ



ਵੱਛੇ ਨੂੰ ਛਾਵੇਂ ਕਰ। ਸੀਤੋ ਗੋਹਾ ਕੂੜਾ ਕਰਦੀ, ਪੀਹਣ ਕਰਦੀ, ਭਾਂਡੇ ਮਾਂਜਦੀ, ਵਿਹੜਾ ਹੂੰਝਦੀ, ਨਿਆਣਿਆਂ ਦਾ ਗੂੰਹ ਮੂਤ ਸੁੱਟਦੀ ਤੇ ਭਾਲੇ ਕੀਆਂ ਬੁੱਢੀਆਂ ਦੀਆਂ ਭੁੱਤੀਆਂ ਨੱਤੀਆਂ ਕਰਦੀ। ਸੰਮੇ ਨੇ ਨਿੱਕੀ ਭੈਣ ਦੇ ਵਿਆਹ ਉੱਤੇ ਵੀ ਕਰਜ਼ਾ ਭਾਲੇ ਹੁਰਾਂ ਤੋਂ ਹੀ ਚੁੱਕਿਆ ਸੀ। ਵੱਡੀ, ਪਿੰਡ ਦੇ ਤਰਖਾਣਾਂ ਦੇ ਮੁੰਡੇ ਨਾਲ ਨਿਕਲ ਗਈ ਸੀ, ਨਹੀਂ ਤਾਂ ਕਰਜ਼ਾ ਹੋਰ ਵੀ ਜ਼ਿਆਦਾ ਚੜ੍ਹ ਜਾਣਾ ਸੀ। ਕਰਜ਼ਾ ਹੁਣ ਸਣੇ ਵਿਆਜ ਕਿੰਨਾ ਕੁ ਹੋ ਗਿਆ ਸੀ ਕਿ ਨਾ ਕਦੇ ਭਾਲੇ ਹੁਰਾਂ ਦੱਸਿਆ ਸੀ ਕਿ ਕਿੰਨਾ ਹੋ ਗਿਆ ਤੇ ਨਾ ਕਦੇ ਸੰਮੇ ਹੁਰਾਂ ਪੁੱਛਿਆ ਸੀ ਕਿ ਕਿੰਨਾ ਰਹਿ ਗਿਆ। ਪਹਿਲਾਂ ਪਹਿਲਾਂ ਕਰਜ਼ਾ ਲਾਹੁਣ ਲਈ ਉਹ ਉਨ੍ਹਾਂ ਨਾਲ ਸਾਲ ਵਾਸਤੇ ਰਹਿ ਪਿਆ ਕਰਦਾ ਸੀ ਪਰ ਅਗਲਿਆਂ ਅਫ਼ੀਮ ਦਾ ਖਰਚਾ ਵੀ ਵਿੱਚੇ ਜੋੜ ਜੋੜ ਕੇ ਕਰਜ਼ੇ ਦਾ ਏਡਾ ਪਹਾੜ ਖੜਾ ਕਰ ਦਿੱਤਾ ਕਿ ਸੰਮਾ ਤੇ ਉਹਦੀ ਵਹੁਟੀ ਸੀਤੋ ਬਸ ਸੇਣ ਵਾਸਤੇ ਹੀ ਠੱਠੀ ਆਉਂਦੇ।

ਸੰਮਾ ਅਸਲੋਂ ਰਹਿ ਗਿਆ ਸੀ ਤੇ ਅਫ਼ੀਮ ਦਾ ਨਸ਼ਾ ਨਾ ਪੁੱਗਣ ਕਰਕੇ ਭਾਲੇ ਹੁਰਾਂ ਉਸਨੂੰ ਜਵਾਬ ਦੇ ਦਿੱਤਾ-"ਨਾ ਭਾਊ ਨਾ, ਗੜੀ ਪੈਣੀ ਸਰਕਾਰ ਨੇ ਸਖ਼ਤੀ ਕਰ 'ਤੀ ਆ। ਹੁਣ ਨਹੀਂ ਗੱਲ ਬਣਨੀ, ਆਪਣਾ ਪ੍ਰਬੰਧ ਕਰ 'ਲਾ ਭਾਊ ਔਹ ਤੇ ਵੀਰਾ ਔਹ।" ਭਾਲੇ ਸਾਫ਼ ਸਿਰ ਮਾਰ ਦਿੱਤਾ ਤੇ ਨਾਲ ਹੀ ਆਪਣਾ ਗੰਦਾ ਜਿਹਾ ਸਾਫ਼ਾ ਸਿਰੋਂ ਲਾਹ ਕੇ ਉਹਦੇ ਮੂੰਹ ਵੱਲ ਕਰਕੇ ਝਾੜਿਆ। ਚਿਰਾਂ ਤੋਂ ਸਿਰ ਨਾ ਨਹਾਤਾ ਹੋਣ ਕਰਕੇ ਉਹਦੇ ਸਿਰ ਵਿੱਚੋਂ ਮਰੇ ਚੂਹੇ ਵਰਗੀ ਥੋਅ ਆਈ ਜਿਹੜੀ ਨੱਕ ਘੁੱਟਣ ਦੇ ਬਾਵਜੂਦ ਵੀ ਸੰਮੇ ਦੇ ਨੱਕ ਵਿੱਚ ਦਿੱਤੀ ਧੁੱਸ ਵੜ ਗਈ। ਸਰੀਰ ਬਾਹਲਾ ਝੂਠਾ ਜਿਹਾ ਰਹਿਣ ਲੱਗ ਪਿਆ। ਅਫ਼ੀਮ ਤੋਂ ਬਗੈਰ ਉਸਤੋਂ ਇੱਕ ਕਦਮ ਵੀ ਪੁੱਟਿਆ ਨਾ ਜਾਂਦਾ। ਸੀਤੋ ਵੀ ਕਹਿ ਕਹਿ ਕੇ ਹਾਰ ਗਈ ਪਰ ਉਸ ਆਸਰਾ ਨਾ ਕੀਤਾ। ਮਾਣੋਚਾਹਲੀਏ ਡਾਕਟਰ ਤੋਂ ਵੀ ਦਵਾ ਦਾਰੂ ਲਿਆ ਪਰ ਗੱਲ ਨਾ ਬਣੀ। ਫਿਰ ਭਿੱਖੀਵਿੰਡ ਵਾਲੇ ਝੱਪ ਡਾਕਟਰ ਤੋਂ ਵੀ ਦਵਾਈ ਖਾਧੀ ਪਰ ਹੌਲੀ ਹੌਲੀ ਨਿੱਘਰਦਾ ਹੀ ਗਿਆ। ਕੁਝ ਦਿਨ ਉਹਦੇ ਹੱਡ ਪੈਰ ਟੁੱਟਦੇ ਰਹੇ। ਤੇ ਫਿਰ ਕਿੰਨੇ ਦਿਨਾਂ ਤੋਂ ਉਸਨੂੰ ਘਰੋਂ ਬਾਹਰ ਨਿਕਲੇ ਨੂੰ ਵੀ ਕਿਸੇ ਨਾ ਵੇਖਿਆ।

"ਬੰਦਾ ਭਾਵੇਂ ਕਿੰਨਾ ਵੀ ਹੱਡਾਂ ਪੈਰਾਂ ਦਾ ਸੌਖਲ ਕਿਉਂ ਨਾ ਹੋਵੇ ਭਾਊ, ਨਸ਼ਾ ਖੋਖਲਿਆਂ ਕਰ ਈ ਦਿੰਦੇ ਗੜੀ ਪੈਣਾ, ਹੋਖਾਂ ਸੰਮਾ ਸਿਹੁੰ ਵੀ ਤਾਂ ਭੰਗ ਦੇ ਭਾੜੇ ਈ ਗਿਆ, ਸੀਤੋ ਦੇ ਅਜੇ ਚਾਅ ਵੀ ਨ੍ਹੀਂ ਲੱਥੇ ਵਿਚਾਰੀ ਦੇ, ਔਹ ਤੇ ਵੀਰਾ ਔਹ," ਸੰਮੇ ਦੇ ਸੱਥਰ ਉੱਤੇ ਬਹਿੰਦਿਆਂ ਭਾਲੇ ਨੇ ਕਿਹਾ ਸੀ। ਤੇ ਵੈਣ ਪਾਉਂਦੀ ਸੀਤੋ ਵੱਲ ਕਨੱਖੀਂ ਝਾਕ ਕੇ ਕਿਹਾ-"ਕਰਜ਼ਾ ਵੀ ਵਾਹਵਾ ਚੜ੍ਹ ਗਿਆ, ਗੜੀ ਪੈਣਾ ਸੰਮਾ। ਹੁਣ ਲਾਹੁਣਾ ਤਾਂ ਵਿਚਾਰੀ ਸੀਤੋ ਨੂੰ ਈ ਨੂੰ ਪੈਣਾ ਏ ਨਾ, ਕਿਸੇ ਨਾ ਕਿਸੇ ਤਰੀਕੇ ਔਹ ਤੇ ਵੀਰਾ ਔਹ," ਭਾਲੇ ਨੇ ਮੜ੍ਹੀਆਂ ਵਿੱਚ ਬਾਲਣ ਸੁਟਾ ਦਿੱਤਾ ਸੀ ਪਰ ਉਸਨੇ ਖਾਤੇ ਵਿੱਚ ਨਹੀਂ ਸੀ ਚੜ੍ਹਾਇਆ। ਕਰਜ਼ਾ ਲਾਹੁਣ ਦਾ ਤਰੀਕਾ ਉਸਨੇ ਭੋਗ ਤੋਂ ਬਾਦ ਗੋਹਾ ਕੂੜਾ ਕਰਨ ਆਈ ਸੀਤੋ ਨੂੰ ਅੱਖਾਂ ਅੱਖਾਂ ਨਾਲ ਸਮਝਾ ਦਿੱਤਾ ਤੇ ਨਾਲ ਹੀ ਉਹ ਤੇੜ ਬੰਨ੍ਹੀ ਲੁੰਗੀ ਨੂੰ ਗੋਡਿਆਂ ਤੋਂ ਉਤਾਂਹ ਕਰਦਿਆਂ ਚੱਡਿਆਂ 'ਚ ਖੁਰਕਣ ਲੱਗ ਪਿਆ।

ਬੂਹਾ ਢੋਣ ਦੇ ਨਾਂ 'ਤੇ ਗੁਲਣ ਨੇ ਪੱਲੀ ਨੂੰ ਦੋਵੇਂ ਕੰਨੀਆਂ ਤੋਂ ਕਿੱਲਾਂ ਨਾਲ ਬੰਨ੍ਹ ਦਿੱਤਾ। ਫਿਰ ਵੀ ਨਲਕੇ ਨੂੰ ਮੰਜੇ ਦਾ ਓਹਲਾ ਕਰਕੇ ਉੱਤੇ ਘਸੀ ਜਿਹੀ ਡੱਬੀਆਂ ਵਾਲੀ ਚਾਦਰ ਪਾ ਕੇ ਗੁਲਣ ਨਹਾਉਣ ਲੱਗ ਪਈ। ਮੁੜ੍ਹਕੇ ਨਾਲ ਗਲਿੱਜੇ ਲੀੜੇ ਲਾਹ ਕੇ ਮੰਜੇ ਦੀ ਪੈਂਦ 'ਚ ਅੜਾ ਦਿੱਤੇ। ਮਾੜਾ ਮੋਟਾ ਸਾਬਣ ਲਾ ਕੇ ਉਸ ਪਿੰਡਾ ਸੁੱਚਾ ਕੀਤਾ। ਨਿੰਮੋ ਰੋਟੀ ਪਾਣੀ ਵਾਸਤੇ ਰੋਹੀ ਤੋਂ ਕਿੱਕਰਾਂ ਤੇ ਅੱਕ ਦੀਆਂ ਟਾਹਣੀਆਂ ਸੂਰਜ ਰਹਿੰਦਿਆਂ ਚੁਗ ਲਿਆਈ ਸੀ ਤੇ ਆ ਕੇ ਸਕੂਲੋਂ ਮਿਲਿਆ ਕੰਮ ਵੀ ਅੱਧ ਪਚੱਧਾ ਨਿਬੇੜ ਲਿਆ ਸੀ। ਦੱਸਵੀਂ ਕਰ ਲੈਣ 'ਤੇ ਗੁਲਣ ਨੇ ਬਥੇਰਾ ਆਖਿਆ ਭਈ ਹੁਣ ਸਕੂਲ ਦਾ ਖਹਿੜਾ ਛੱਡ ਦੇ ਪਰ ਸਕੂਲ ਵਾਲਾ ਮਾਸਟਰ ਨਿੰਮੋ ਦੇ ਪਿਉ ਗਾਗੀ ਨੂੰ ਸਮਝਾ ਗਿਆ–

"ਬੜੀ ਹੁਸ਼ਿਆਰ ਬੱਚੀ ਹੈ, ਇਹਨੂੰ ਪੜ੍ਹਣੋਂ ਨਾ ਹਟਾਇਆ ਜੇ, ਸਾਰੇ ਧੋਣੇ ਧੋ ਦਿਊਗੀ ਜੇ ਇੱਕ ਵਾਰੀ ਮੁਕਾਬਲੇ ਦਾ ਇਮਤਿਹਾਨ ਪਾਸ ਕਰ ਗਈ ਤਾਂ।"

"ਬੰਦਾ ਮਸ਼ਟਰ ਨੂੰ ਪੁੱਛੇ ਭੀ ਜਿਹੋ ਜਿਹਾ ਜ਼ਮਾਨਾ ਏ ਕੁੜੀਆਂ ਆਵਦੀ ਪੱਤ ਲੈ ਕੇ ਆਵਦੇ ਘਰੇ ਚਲੀਆਂ ਜਾਣ ਇੰਨਾ ਹੀ ਬਹੁਤ ਏ, ਉਹੋ ਮੈਂ ਆਖਿਆ ਏਨਾ ਈ ਬਹੁਤ ਏ, ਨਹੀਂ?" ਗੁਲਣ ਸੋਚਦੀ।

ਗਾਗੀ ਨੂੰ ਇਹ ਤਾਂ ਪਤਾ ਨਹੀਂ ਸੀ ਕਿ ਧੋਣੇ ਕਿੰਦਾਂ ਧੋ ਦਿਊਗੀ ਪਰ ਮਾਸਟਰ ਦਾ ਮਾਣ ਰੱਖਦਿਆਂ ਉਸਨੇ ਨਿੰਮੋ ਨੂੰ ਸੁਰਸਿੰਘ ਵਾਲੇ ਵੱਡੇ ਸਕੂਲ ਜਾਰ੍ਹਵੀਂ 'ਚ ਪੜ੍ਹਨੇ ਪਾ ਦਿੱਤਾ।

ਨਿੰਮੋ ਠੱਠੀ ਦੀਆਂ ਸਾਰੀਆ ਕੁੜੀਆਂ ਨਾਲੋਂ ਹੁੰਦੜਹੇਲ ਨਿਕਲੀ ਸੀ। ਉਹਨੇ ਤਾਂ ਮਾਂ ਤੋਂ ਵੀ ਸਿਰ ਕੱਢ ਲਿਆ ਸੀ। ਟਾਂਗਲ ਜਿਹੀ ਤੁਰਨ ਲੱਗੀ ਝੋਲ ਮਾਰਦੀ ਸੀ। ਮਾਂ ਨੇ ਬਥੇਰਾ ਆਖਿਆ ਭਈ ਸਿੱਧੀ ਹੋ ਕੇ ਤੁਰਿਆ ਕਰੇ ਤੇ ਚੁੰਨੀ ਹਿੱਕ ਉੱਤੋਂ ਦੀ ਖਿਲਾਰ ਕੇ ਲਿਆ ਕਰੇ ਪਰ ਨਹੀਂ। ਗੁਲਣ ਨੇ ਮੱਥੇ ਦੀਆਂ ਠੀਕਰਾਂ ਭੰਨ ਕੇ ਵੇਖ ਲਈਆਂ ਪਰ ਅੱਜ ਕੱਲ੍ਹ ਦੇ ਧੀਆਂ ਪੁੱਤਾਂ ਆਖੇ ਕਿੱਥੇ ਲੱਗਣਾ ਸਿੱਖਿਆ? ਉਹਨੇ ਵੇਖਿਆ ਸੀ ਜਦੋਂ ਜੰਗਾਰੇ ਕਾ ਗੇਲਾ ਜਿਹੜਾ ਬਾਬੇ ਬੁੱਢੇ ਕਾਲਜ ਪੜ੍ਹਦਾ ਏ, ਜਦੋਂ ਝੋਨਾ ਲਾਉਣ ਲਈ ਟੋਲੀ ਕਹਿਣ ਆਇਆ, ਕਿੰਦਾਂ ਆਨੇ ਟੱਡ ਕੇ ਨਿੰਮੋ ਦੀ ਹਿੱਕ ਵੱਲ ਵੇਖੀ ਜਾ ਰਿਹਾ ਸੀ। ਗੁਲਣ ਨੇ ਉਸਦੇ ਜਾਣ ਤੋਂ ਬਾਦ ਨਿੰਮੋ ਨੂੰ ਸਮਝਾਇਆ ਸੀ ਕਿ ਕਿਸ ਤਰ੍ਹਾਂ ਚੁੰਨੀ ਨੂੰ ਹਿੱਕ ਉੱਤੋਂ ਦੀ ਖਿਲਾਰ ਕੇ ਲੈਣਾ ਹੈ ਤੇ ਕਿਵੇਂ ਬੰਦਿਆਂ ਦੀ ਨਜ਼ਰਾਂ ਤੋਂ ਆਪਣੇ ਸਰੀਰ ਨੂੰ ਬਚਾਅ ਕੇ ਰੱਖਣਾ ਏ।

ਨਿੰਮੋ ਦਾ ਰੰਗ ਸਉਲਾ ਸੀ ਪਰ ਨੈਣ ਨਕਸ਼ ਤਿੱਖੇ ਹੋਣ ਕਰਕੇ ਫੱਬਦੀ ਸੀ। ਜੇ ਕਿਤੇ ਮੂੰਹ ਚੰਗੀ ਤਰ੍ਹਾਂ ਧੋ ਲੈਂਦੀ ਤਾਂ ਨਿਗਾਹ ਚਿਹਰੇ ਤੋਂ ਨਾ ਹਟਦੀ। ਪੱਧਰੀਓਂ ਜਦੋਂ ਪੜ੍ਹ ਕੇ ਆਉਂਦੀ ਤਾਂ ਸਉਲਾ ਰੰਗ ਵੀ ਲਾਲ ਭਾਹ ਮਾਰਨ ਲੱਗ ਪੈਂਦਾ। ਮਾਂ ਨਾਲ ਹੱਥ ਵਟਾਉਂਦੀ ਉਹ ਅੰਨ ਪਾਣੀ ਕਰ ਦਿੰਦੀ ਤੇ ਮਾਂ ਸ਼ਾਹਾਂ ਦਾ ਗੋਹਾ ਕੂੜਾ ਕਰ ਆਉਂਦੀ। ਗੁਲਣ ਕਦੇ ਵੀ ਉਸਨੂੰ ਗੋਹਾ ਕੂੜਾ ਕਰਨ ਨਾ ਘੱਲਦੀ– "ਨਾ ਭਾਊ ਨਾ, ਜ਼ਮਾਨਾ ਨ੍ਹੀਂ ਚੰਗਾ, ਫਿਰ ਜੁ ਕਿਸੇ ਦੇ ਧੀ ਪੁੱਤ ਨੂੰ ਦੋਸ਼ ਦੇਵਾਂਗੇ ਆਪਣਾ ਘਰ ਰੱਖੀਏ ਸੰਭਾਲ ਕੇ ਤੇ ਚੋਰ ਨਾ ਕਿਸੇ ਨੂੰ ਆਖੀਏ ਉਹੋ ਮੈਂ ਆਖਿਆ ਚੋਰ ਨਾ ਕਿਸੇ ਨੂੰ ਆਖੀਏ, ਨਹੀਂ?" ਉਹ ਆਪਣੇ ਮਨ ਵਿੱਚ ਕਹਿੰਦੀ।



ਨਿੱਕਾ ਲੱਬ ਤਾਂ ਪਤਾ ਨਹੀਂ ਕਿੱਥੇ ਭੁੱਤੇ ਖੱਜੀ ਕਰਦਾ ਫਿਰਦਾ ਹੋਣੈ। ਝੋਨਾ ਲਾ ਕੇ ਤਾਂ ਕਦੋਂ ਦਾ ਵਿਹਲਾ ਹੋ ਕੇ ਆਇਆ। ਕਈ ਦਿਨ ਹੋ ਗਏ ਉਹ ਸਕੂਲ ਨਹੀਂ ਸੀ ਗਿਆ। ਘਰਦਿਆਂ ਨਾਲ ਝੋਨਾ ਲਵਾਉਣ ਕਰਕੇ ਉਸਨੇ ਛੁੱਟੀਆਂ ਮਾਰੀਆਂ ਸਨ।

ਕੰਧ ਉੱਤੋਂ ਸਿਰੀ ਕੱਢ ਕੇ ਵੇਂਹਦੀ ਸੀਤੋ ਨੂੰ ਗੁਲਣ ਦੱਸ ਰਹੀ ਸੀ–"ਨਿੱਕੇ ਦੇ ਸਕੂਲ ਵਾਲਾ ਮਸਟਰ ਆਇਆ ਸੀ, ਬੁੱਧਿਆਂ ਵਾਲਾ ਮੇਜਰ, ਫੌਂਬੁਦਾੜ੍ਹਾ ਜਿਹਾ, ਅਖੇ 'ਸਕੂਲੇ ਪੜ੍ਹਣ ਵਾਲਿਆ ਨਿਆਣਿਆਂ ਨੂੰ ਮਜੂਰੀ ਨ੍ਹੀਂ ਕਰਨ ਦੇਂਦੀ ਸਰਕਾਰ, ਮੈਂ ਤਾਂ ਸਕੂਲੇ ਲੈ ਕੇ ਜਾਣਾ', ਮੈਂ ਤਾਂ ਸਿੱਧਾ ਕਹਿ 'ਤਾ ਭੀ ਸਰਕਾਰ ਸਾਡੇ ਝੋਨੇ ਲਾ ਦੇਵੇ ਤੇ ਅਸੀਂ ਘੱਲ ਦੇਨੇਂ ਆਂ ਸਕੂਲੇ ਤੇ ਨਾਲੇ ਇਹਨੇ ਕਿਹੜਾ ਪੜ੍ਹ ਕੇ ਡੀ. ਸੀ. ਲੱਗ ਜਾਣਾ, ਜੱਟਾਂ ਦੇ ਪੱਠੇ ਈ ਪਾਉਣੇ ਆ ਉਹੋ ਮੈਂ ਆਖਿਆ ਜੱਟਾਂ ਦੇ ਪੱਠੇ ਈ ਪਾਉਣੇ ਆ, ਨਹੀਂ?"

ਕੁਝ ਦਿਨ ਪਹਿਲਾਂ ਜਦੋਂ ਪ੍ਰਾਇਮਰੀ ਸਕੂਲ ਦਾ ਮਾਸਟਰ ਮੇਜਰ ਸਿਹੁੰ ਨਿੱਕੇ ਨੂੰ ਲੈਣ ਆਇਆ ਤਾਂ ਗੁਲਣ ਨੇ ਕਹਿ ਸੁਣਾਇਆ ਸੀ।

"ਡੀ. ਸੀ. ਵੀ ਤਾਂ ਤੁਹਾਡੇ ਹੀ ਲੱਗੇ ਆ ਬੀਬੀ ਗੁਲਣ ਕੁਰੇ, ਜੱਟ ਤਾਂ ਵਿਚਾਰੇ ਮੁੱਛਾਂ ਨੂੰ ਈ ਵੱਟ ਚਾੜ੍ਹਨ ਜੋਗੇ ਰਹਿ ਗਏ ਆ। ਹੁਣ ਤਾਂ ਪਟਵਾਰੀ ਤੋਂ ਲੈ ਕੇ ਡੀ. ਸੀ. ਤੱਕ ਸਭ ਤੁਹਾਡੇ ਈ ਬੰਦੇ ਲੱਗੇ ਆ।" ਮੇਜਰ ਸਿਹੁੰ ਦੇ ਮੂੰਹੋਂ ਸ਼ਬਦ ਨਿਕਲਣੋਂ ਰੁਕੇ ਨਾ।

"ਕੀ ਪਤਾ ਕਿਹੜੇ ਕੰਜਰ ਲੱਗੀ ਜਾਂਦੇ ਆ ਡੀ. ਸੀ., ਪਟਵਾਰੀ, ਜਿਹੜੇ ਇੱਕ ਵਾਰ ਕੁੰਡਲ ਮਾਰ ਕੇ ਬਹਿ ਜਾਂਦੇ ਆ ਉਹ ਹੋਰ ਕਿਸੇ ਨੂੰ ਅੱਗੇ ਆਉਣ ਦਿੰਦੇ ਆ ਭਲਾ? ਰਪੱਈਆ ਰਪੱਈਏ ਨੂੰ ਖਿੱਚੀ ਜਾਂਦੈ, ਅਸੀਂ ਤਾਂ ਮ੍ਹਾਤੜਾਂ ਨੇ ਇੱਥੇ ਈ ਰਹਿਣਾ ਨਾਲੇ ਤੂੰ ਪੰਦਰਾਂ ਸਾਲ ਹੋਗੇ ਇਸੇ ਸਕੂਲੇ ਪੜ੍ਹਾਉਣ ਡਿਆ ਏਂ, ਅਜੇ ਤਾਈਂ ਤੇਰਾ ਪੜ੍ਹਾਇਆ ਤਾਂ ਕੋਈ ਵਿਚਾਰਾ ਪਿੰਡੋਂ ਬਾਹਰ ਨਹੀਂ ਗਿਆ, ਨਹੀਂ?"

ਮੇਜਰ ਸਿਹੁੰ ਸੁਣ ਕੇ ਠਿੱਠ ਜਿਹਾ ਹੋ ਗਿਆ ਤੇ ਬੁੜ ਬੁੜ ਕਰਦਾ ਚਲਾ ਗਿਆ–'ਢੱਠੇ ਖੂਹ ਵਿੱਚ ਪਵੇ, ਨਹੀਂ ਤੇ ਨਾ ਸਹੀ, ਔਹ ਮੁਫ਼ਤ ਦੀ ਪੜ੍ਹਾਈ ਤੇ ਦਵਾਈ ਨ੍ਹੀਂ ਕਿਸੇ ਨੂੰ ਪਚਦੀ ਹੁੰਦੀ। ਸਰਕਾਰ ਵੀ ਕੁੜੀ ਜੁਾਵੀ ਇਨ੍ਹਾਂ ਨੂੰ ਅੰਨ੍ਹੀਆਂ ਸਹੂਲਤਾਂ ਦੇ ਕੇ ਪੈਸਾ ਈ ਖਰਾਬ ਕਰਨ ਡਹੀ ਏ। ਇਹ ਇਸੇ ਵਾਹੇ ਵਾਲੇ ਈ ਆ। ਠੀਕ ਈ ਕਿਹਾ ਸੀ ਸਰਾਂਵਾਂ ਵਾਲੇ ਮਾਸਟਰ ਗੁਰਨਾਮ ਸਿਹੁੰ ਨੇ–'ਜੇ ਠੱਠੀ ਵਾਲੇ ਪੜ੍ਹ ਗਏ ਤਾਂ ਸਾਡੇ ਪੱਠੇ ਕੀਹਨੇ ਪਾਉਣੇ ਆਂ?' ਇਨ੍ਹਾਂ ਦਾ ਤਾਂ ਵੱਡਿਆਂ ਰੂਹ ਨ੍ਹੀਂ ਕਰਦਾ ਪੜ੍ਹਣ ਨੂੰ, ਇਹ ਠੱਠੀ ਜੋਗੇ ਹੀ ਰਹਿਣੇ ਨੇ।' ਮੇਜਰ ਸਿਹੁੰ ਜਿਵੇਂ ਬੇਵੱਸ ਹੋਇਆ ਸਕੂਲ ਮੁੜ ਆਇਆ ਸੀ। ਸਾਹਮਣਿਓਂ ਬੱਕਰੀਆਂ ਦੇ ਇੱਜੜ ਨੂੰ ਹਿੱਕੀ ਆਉਂਦੀ ਆਉਂਦੀ ਧੀਰੋ ਨੇ 'ਸਾਸਰੀਕਾਲ ਸਰ ਜੀ' ਕਹਿ ਕੇ ਉਸਨੂੰ ਜਿਵੇਂ ਹੋਰ ਸ਼ਰਮਿੰਦਿਆਂ ਕਰ ਦਿੱਤਾ। ਉਹਨੇ ਮੇਜਰ ਸਿਹੁੰ ਕੋਲੋਂ ਹੀ ਪੰਜ ਕੀਤੀਆਂ ਸਨ।

ਹਨੇਰਾ ਵਾਹਵਾ ਹੋ ਗਿਆ ਸੀ ਪਰ ਗਾਗੀ ਅਜੇ ਤੱਕ ਘਰੇ ਨਹੀਂ ਸੀ ਆਇਆ। ਉੱਤੋਂ ਝੱਖੜ ਵੀ ਆਖੇ, ਮੈਂ ਬਸ ਅੱਜ ਈ ਆਂ। ਹੱਥ ਨੂੰ ਹੱਥ ਨਹੀਂ ਸੀ ਦਿੱਸਦਾ। ਬੂਹੇ ਬੱਧੀ ਪੱਲੀ ਵੀ ਉੱਡ ਕੇ ਮਾਤਾ ਰਾਣੀ ਵਾਲੇ ਜੰਡ ਨਾਲ ਜਾ ਅੜੀ ਸੀ। ਇੱਕੋ ਪੱਲੀ ਸੀ ਜਿਸਦੇ ਉੱਡ ਜਾਣ ਦਾ ਝੋਰਾ ਗੁਲਣ ਨੂੰ ਲੱਗ ਗਿਆ।

"ਜੱਟ ਤਾਂ ਪੱਲੀ ਬਣਾਉਣ ਲਈ ਖਾਦ ਵਾਲੇ ਖਾਲੀ ਤੋੜੇ ਦੇਣ ਲੱਗਿਆਂ ਵੀ ਸੌ ਜੂਨੀ ਪੈਂਦੇ ਆ। ਅਖੇ 'ਅਸੀਂ ਵੀ ਬਣਾਉਣੀਆਂ ਹੁੰਦੀਆਂ ਨੇ ਪੱਲੀਆਂ' ਬੰਦਾ ਪੁੱਛੇ ਤੁਸੀਂ ਚਿੱਤੜਾਂ 'ਚ ਲੈਣੀਆਂ ਨੇ ਪੱਲੀਆਂ, ਨਾ ਤੁਸੀਂ ਤੂੜੀ ਢੋਣੀ, ਨਾ ਤੁਸੀਂ ਡੰਗਰਾਂ ਵਾਲੇ ਛਾਰਿਆਂ ਅੱਗੇ ਪਾਉਣੀਆਂ, ਨਾ ਤੁਸੀਂ ਬੂਹੇ ਬੰਦ ਕਰਨ ਲਈ ਤਾਣਨੀਆਂ, ਬਸ ਭੁੱਖ ਈ ਪੈ ਗਈ ਏ ਹੁਣ ਤਾਂ। ਜੱਟ ਤਾਂ ਬਸ ਨਾਂ ਦੇ ਈ ਜੱਟ ਰਹਿ ਗਏ ਆ। ਇਹ ਤਾਂ ਨੌਂਹ ਦੀ ਜੂੰ ਨਹੀਂ ਦੇਂਦੇ। ਜੱਟ ਤਾਂ ਹੁੰਦੇ ਸੀ ਪੁਰਾਣੇ, ਇਨ੍ਹਾਂ ਦੇ ਬੁੜ੍ਹੇ। ਬੜੇ ਖੁੱਲ੍ਹੇ ਦਿਲ ਹੁੰਦੇ ਸੀ। ਮਾਂ ਨਾਲ ਜਾ ਕੇ ਜਿਹਦੀ ਮਰਜ਼ੀ ਪੈਲੀ 'ਚੋਂ ਜਿੰਨਾ ਮਰਜ਼ੀ ਸਾਗ ਤੋੜਨਾ, ਗੱਡ 'ਤੇ ਬਹਿ ਕੇ ਪੂਰੇ ਲੰਬੜਦਾਰ ਦੇ ਵੇਲਣੇ ਤੋਂ ਜਿੰਨਾ ਮਰਜ਼ੀ ਗੁੜ ਖਾਣਾ। ਦੁਸਹਿਰੇ ਵਾਲੇ ਦਿਨ ਗੰਨੇ ਨਵੇਂ ਕਰਨੇ। ਕਮਾਦ ਵਿੱਚ ਵੜ ਕੇ ਜਿੰਨੇ ਮਰਜ਼ੀ ਗੰਨੇ ਚੂਪਣੇ। ਜੱਟੀਆਂ ਨੇ ਕਿੰਨੀਆਂ ਕਿੰਨੀਆਂ ਛੱਲੀਆਂ ਘੱਲ ਦੇਣੀਆਂ। ਅਖੇ ਨਿਆਣੇ ਭੱਠੀ ਤੋਂ ਦਾਣੇ ਭੁੰਨਾਅ ਕੇ ਖਾਣਗੇ ਤਾਂ ਬਰਕਤ ਪਊਗੀ। ਲੋਹੜੀ ਵਾਲੀ ਰਾਤ ਰੌਹ ਵਾਲੀ ਖੀਰ ਬਣਾਉਣ ਲਈ ਬਾਲਟੀ ਬਾਲਟੀ ਰੌਹ ਦੀ ਘੱਲ ਦੇਣੀ। ਅਖੇ ਮਾਘੀ ਮੋਕੇ ਨਿਕਲੇ ਕਾਲਜੇ ਦਹੀਂ ਪਾ ਕੇ ਮੱਠਾਂ ਵਾਲੀ ਖਿਚੜੀ ਤੇ ਰੌਹ ਦੀ ਖੀਰ ਖਾਣਾ ਸ਼ਗਨ ਹੁੰਦਾ। ਦਿਆਲੇ ਮਹਿਲੋਏ ਨੇ ਮੇਰੀ ਮਾਂ ਹੱਥ ਕਿੰਨਾ ਸਾਰਾ ਗੁੜ, ਮੂੰਗਫਲੀ ਦੀਆਂ ਗਿਰੀਆਂ, ਸੌਂਫ ਤੇ ਜਵੈਣ ਪਾ ਕੇ ਥਾਲ ਬਣਾ ਕੇ ਭੇਜ ਦੇਣਾ। ਸਾਂਝ ਸੀ ਜੱਟਾਂ ਦੀ, ਠੱਠੀ ਵਾਲਿਆਂ ਨਾਲ। ਐਵੇਂ ਨ੍ਹੀਂ ਆਂਹਦੇ ਭੀ ਜਾਤ ਜਿੰਨਾ ਮਰਜ਼ੀ ਵੱਡੀਆਂ ਪਾ ਲਵੇ, ਪੱਗ ਬੰਨ੍ਹਣ ਲੱਗਿਆਂ ਮਜ਼ਹਬੀ ਤੇ ਜੱਟ ਦੇ ਸਿਰ ਜੁੜ ਹੀ ਜਾਂਦੇ ਆ, ਉਹੋ ਮੈਂ ਆਖਿਆ ਸਿਰ ਜੁੜ ਜਾਂਦੇ ਆ, ਨਹੀਂ ?' ਗੁੱਲਣ ਸੋਚਾਂ ਵਿੱਚ ਪਤਾ ਨਹੀਂ ਕਿੱਥੇ ਪਹੁੰਚ ਗਈ ਸੀ।

ਘੰਟਾ ਉਡੀਕ, ਦੋ ਘੰਟੇ ਉਡੀਕ ਅੱਜ ਤਾਂ ਹੱਦ ਕਰ 'ਤੀ। ਝੱਖੜ ਰਤਾ ਥੰਮ੍ਹਿਆ ਤਾਂ ਗੁੱਲਣ ਨੇ ਆਪਣੇ ਵੱਡੇ ਮੁੰਡੇ ਕੱਕਣ ਨੂੰ ਕਿਹਾ-"ਕੱਕਣਾ, ਵੇ ਕੱਕਣਾ, ਵੇ ਉੱਠ ਕੇ ਵੇਖ ਵੇ ਤੇਰਾ ਭਾਊ ਨਹੀਂ ਆਇਆ, ਪਹਿਲਾਂ ਤਾਂ ਉਹਨੇ ਕਦੀ ਇੰਨਾ ਨ੍ਹੇਰਾ ਨ੍ਹੀਂ ਕੀਤਾ, ਰੱਬ ਸੁੱਖ ਰੱਖੇ, ਨਸ਼ੇੜੀ ਤਾਂ ਦਸਾਂ ਰੁਪੱਈਆਂ ਪਿੱਛੇ ਬੰਦਾ ਮਾਰ ਦਿੰਦੇ ਆ, ਉਹੋ ਮੈਂ ਆਖਿਆ ਬੰਦਾ ਮਾਰ ਦਿੰਦੇ ਆ, ਨਹੀਂ ?" ਕੱਕਣ ਨੇ ਪਾਸਾ ਪਰਤਿਆ ਤੇ ਫਿਰ ਕੰਨਾਂ ਘੇਸਲ ਮਾਰ ਲਈ, "ਊਂ ਊਂ।"

"ਵੇ ਉੱਠ ਵੀ ਪੈ ਕਲੇਜਾ ਕਢਾਉਣਿਆ, ਪਿਉ ਆਵਦੇ ਨੂੰ ਲਿਆ ਲੱਭ ਕੇ ਕੰਜਰ ਨੂੰ, ਮੈਂ ਆਂਹਨੀ ਆਂ," ਉਹਨੇ ਰਤਾ ਖਿਝ ਕੇ ਕਿਹਾ ਤਾਂ ਉਹ ਬਹਿ ਕੇ ਜਟੂਰੀਆਂ ਵਲ੍ਹੇਟਣ ਲੱਗ ਪਿਆ।

"ਸੌਣ ਮਰਨ ਵੀ ਨ੍ਹੀਂ ਦੇਣਾ ਕਿਹੇ ਕੰਜਰ ਨੂੰ ਚੰਗੀ ਤਰ੍ਹਾਂ ਔਹ," ਤੜਕੇ ਦਾ ਦਿਹਾੜੀ ਗਏ ਕੱਕਣ ਨੂੰ ਸ਼ਾਹਾਂ ਨੇ ਖਉ ਪੀਏ ਤੱਕ ਸਾਹ ਨਹੀਂ ਸੀ ਲੈਣ ਦਿੱਤਾ। ਵਾਢੀਆਂ ਵਾਲੀ ਦਿਹਾੜੀ ਚੱਲਦੀ ਹੋਣ ਕਰਕੇ ਕੰਮ ਵੀ ਮੁਰਜੇ ਮੁਰਜੀ ਕਰਨਾ ਪੈਂਦਾ ਸੀ। ਇਹੋ ਚਾਰ ਦਿਨ ਹੁੰਦੇ ਨੇ ਕਮਾਈ ਦੇ, ਫਿਰ ਸਾਰਾ ਸਾਲ ਘਰੇ ਬਹਿ ਕੇ ਖਾਣਾ ਈ ਏ। ਇਸੇ ਲੱਭ ਨੂੰ ਬੰਦਾ ਥੱਕਿਆ ਹੰਭਿਆ ਵੀ ਕੰਮ ਨੂੰ ਤੁਰ ਪੈਂਦਾ ਏ।

"ਇਨ੍ਹੀਂ ਦਿਨੀਂ ਤੇ ਜੱਟ, ਬੰਦੇ ਦੀ ਬਸ ਢੂਈ ਨਹੀਂ ਮਾਰਦੇ, ਨਹੀਂ ਤਾਂ ਕਚੂੰਮਰ ਤਾਂ ਕੱਢ ਈ ਦਿੰਦੇ ਆ। ਬੰਦੇ ਦਾ ਲਹੂ ਨਿਚੋੜਨਾ ਤਾਂ ਇਨ੍ਹਾਂ ਦਾ ਤਾਂ ਕੰਮ ਹੀ ਬਣ ਗਿਆ। ਇਨ੍ਹਾਂ



ਦਾ ਤਾਂ ਵੱਸ ਨਹੀਂ ਚੱਲਦਾ, ਇਹ ਤਾਂ ਸੂਰਜ ਨੂੰ ਵੀ ਠੂੰਮ੍ਹਣਾ ਦੇ ਕੇ ਉੱਤਾਂਹ ਖਲ੍ਹਾਰੀ ਛੱਡਣ ਤੇ ਕਹਿਣ-'ਹੋਖਾਂ ਸੂਰਜ ਤਾਂ ਸਿਰ 'ਤੇ ਆ ਅਜੇ ਤੇ ਤੂੰ ਹੁਣੇ ਭਾੜਣ ਲੱਗ ਪਿਐਂ ਲੀੜਾ ਲੱਤਾ ?' ਸ਼ਾਹਾਂ ਦੀ ਤਾਂ ਗੱਲ ਈ ਛੱਡ ਦਿਉ, ਇਨ੍ਹਾਂ ਦਾ ਕੰਮ ਨਿੱਬੜ ਵੀ ਗਿਆ ਹੋਵੇ ਤਾਂ ਵੀ ਤੁਰਦੇ ਤੁਰਦੇ ਨੂੰ ਕਹੀ ਜਾਣਗੇ -'ਕੱਕਣਾਂ ਡੰਗਰਾਂ ਨੂੰ ਪਾਣੀ ਵੀ ਡਾਹ ਜਾ, ਕੱਕਣਾਂ ਮੰਜੇ ਦੀ ਪੈਂਦ ਕੱਸ ਜਾ, ਕੱਕਣਾਂ ਸੰਡ ਖੁੱਲ੍ਹ ਗਈ ਊ, ਉਹ ਵੀ ਬੰਨ੍ਹ ਜਾ, ਕੱਕਣਾਂ ਕਿੱਲਾ ਗੱਡ ਜਾ, ਕੱਕਣਾ ਮਹਿੰ ਨਵੀਂ ਕਰਵਾ ਲਿਆ, ਕੱਕਣ ਨੂੰ ਭੁੱਲ ਭੁਲੇਖੇ ਇਹ ਵੀ ਕਹਿ ਦਿਆ ਕਰੋ ਕਿਤੇ ਕੰਜਰੋ, ਕੱਕਣਾ ਸ਼ਾਹਣੀ ਨੂੰ ਵੀ ਨਵੀਂ ਕਰ ਜਾ ਸਾਲੇ ਵਿਹਲੜ, ਨੰਗ ਸ਼ਾਹ, ਔਹ," ਉਹ ਬੁੜ ਬੁੜ ਕਰਦਾ ਜਟੂਰੀਆਂ ਵਲੇਟੀ ਜਾਂਦਾ ਤੇ ਭੜਾਸ ਕੱਢੀ ਜਾਂਦਾ।

"ਅਗਲੇ ਦਿਹਾੜੀ ਵੀ ਤਾਂ ਵਾਢੀਆਂ ਵਾਲੀ ਦਿੰਦੇ ਆ," ਗੁੱਲਣ ਟੋਕਦੀ।

"ਵਾਢੀਆਂ ਵਾਲੀ ਦਿਹਾੜੀ ਦਿੰਦੇ ਆ ਤੇ ਕੀ 'ਹਸਾਨ ਕਰਦੇ ਆ ? ਹੱਡ ਭੰਨਦੇ ਆਂ ਤੇ ਰੁਪੱਈਏ ਲੈਨੇਂ ਆਂ, ਮੁਖਤ ਨੀਂ ਲੈਨੇ ਔਹ ਤੇ ਨਾਲੇ ਵਾਢੀਆਂ ਵਾਲੀ ਦਿਹਾੜੀ ਲੈ ਕੇ ਬੰਦਾ ਕਿਤੇ ਲੋਹੇ ਦਾ ਬਣ ਜਾਂਦਾ ਭੈਣ ਗੜ੍ਹਾਉਣੇ, ਸਾਲੇ ਰੱਬ ਨੂੰ ਜ਼ਰੂਰ ਕੁਛ ਦੇ ਕੇ ਆਏ ਹੋਣੇ ਆਂ ?" ਉਹ ਬੁੜ ਬੁੜ ਕਰਦਾ ਗਾਗੀ ਨੂੰ ਲੱਭਣ ਤੁਰ ਪਿਆ।

"ਭਾਊ ਨ੍ਹੀਂ ਵੇਖਿਆ ਕਿਤੇ, ਭੂੰਡੜਾ ?" ਬਾਬੇ ਜੀਤੇ ਦੇ ਘਰੋਂ ਨਿਕਲ ਕੇ ਵਾਹੋ ਦਾਹੀ ਆਪਣੇ ਘਰ ਨੂੰ ਜਾਂਦੇ ਤਾਰੀ ਨੂੰ ਪਿੱਛੋਂ ਪਛਾਣ ਕੇ ਕੱਕਣ ਨੇ ਪੁੱਛਿਆ। ਤਾਰੀ ਨੇ ਪਿੱਛਾ ਭੋਅ ਕੇ ਵੇਖਣ ਦੀ ਖੇਚਲ ਕਰਨ ਤੋਂ ਬਗੈਰ ਹੀ ਕੱਕਣ ਦੀ ਆਵਾਜ਼ ਪਛਾਣ ਕੇ ਕਹਿ ਦਿੱਤਾ, "ਨਾ ਭਾਊ ਨਾ, ਐਵੇਂ ਆਖੀਏ।"

ਤਾਰੀ, ਭਾਈ ਦੇ ਜਵਾਈ ਸਾਲ੍ਹੇ ਦਾ ਭਰਾ ਸੀ। ਦੋ ਕੁ ਸਾਲ ਪਹਿਲਾਂ ਭਾਈ ਦੀ ਕੁੜੀ ਦਰਸ਼ੋ ਦਾ ਵਿਆਹ ਫ਼ਰੀਦਪੁਰ ਦੇ ਸਾਲ੍ਹੇ ਨਾਲ ਹੋਇਆ ਸੀ ਪਰ ਸੱਸ ਉਹਦੀ ਪਹਿਲਾਂ ਈ ਨਹੀਂ ਸੀ ਤੇ ਸਹੁਰੇ ਦੇ ਮਰਨ ਤੋਂ ਬਾਦ ਉਹ ਘਰਵਾਲੇ ਨੂੰ ਨਾਲ ਲੈ ਕੇ ਪੇਕੇ ਆ ਗਈ। ਤੇ ਸਾਲ੍ਹਾ ਸਾਰੇ ਪਿੰਡ ਦਾ ਭੂੰਡੜ ਬਣ ਕੇ ਬਹਿ ਗਿਆ।

ਤਾਰੀ ਛੜਾ ਛਾਂਟ ਨਹੀਂ ਸੀ। ਉਹ ਵੀ ਘੋੜੀ ਚੜ੍ਹਿਆ ਸੀ ਤੇ ਉਸਦੇ ਵੀ ਅੱਖੀਂ ਸੁਰਮਾ ਪਿਆ ਸੀ। ਪਹਿਲੀ ਰਾਤੇ ਹੀ ਉਸਨੇ ਮੱਟੀ ਅਫ਼ੀਮ ਖਾ ਕੇ ਸੁੱਖੀ ਨੂੰ ਆਪਣੀ ਮਰਦਾਨਗੀ ਵਿਖਾਈ ਸੀ। ਕਮਰੇ 'ਚ ਵੜਦਿਆਂ ਈ ਉਹਨੇ ਝੁੰਗਲਮਾਟੇ ਵਿੱਚ ਇਕੱਠੀ ਜਿਹੀ ਹੋ ਕੇ ਬੈਠੀ ਸੁੱਖੀ ਦੇ ਦੋ ਤਿੰਨ ਧੌਲਾਂ ਜੜ ਦਿੱਤੀਆਂ। ਉਹ ਇੱਕ ਦਮ ਭਵੰਤਰ ਗਈ ਤੇ ਡਰਦੀ ਨੁੱਕਰ ਵਿੱਚ ਜਾ ਖੜੋਤੀ। ਡੌਰ ਭੌਰੀ ਜਿਹੀ ਉਹ ਤਾਰੀ ਵੱਲ ਵੇਖ ਰਹੀ ਸੀ ਤੇ ਖੱਬਾ ਹੱਥ ਉਸਦਾ ਕੰਨਾਂ ਵਿੱਚੋਂ ਨਿਕਲ ਰਹੇ ਸੇਕ ਨੂੰ ਰਾਹਤ ਦੇਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਹਦੇ ਕੰਨ 'ਚੋਂ ਵੱਡਾ ਸਾਰਾ ਕਾਂਟਾ ਨਿਕਲ ਕੇ ਬੂਹੇ ਵਿੱਚ ਜਾ ਡਿੱਗਾ ਸੀ। ਕੁਝ ਬੋਲਣ ਤੋਂ ਪਹਿਲਾਂ ਹੀ ਤਾਰੀ ਨੇ ਉਸਦੀ ਗੁੱਤੋਂ ਫੜ ਕੇ ਮੰਜੇ 'ਤੇ ਸੁੱਟ ਲਿਆ ਤੇ ਸਾਰੇ ਕੱਪੜੇ ਇੱਕੋ ਝਟਕੇ ਨਾਲ ਲਾਹ ਸੁੱਟੇ। ਕਸਾਈ ਵੀ ਬੱਕਰੇ ਨੂੰ ਜ਼ਿਬਾਹ ਕਰਨ ਲੱਗਿਆਂ ਪਲੋਸਦਾ ਹੈ ਪਰ ਤਾਰੀ ਤਾਂ ਕਸਾਈਆਂ ਤੋਂ ਵੀ ਭੈੜਾ ਨਿਕਲਿਆ। ਫਿਰ ਨੰਗੇ ਧੜ ਤੇ ਨੰਗੇ ਪੈਰੀਂ ਸਾਰੀ ਰਾਤ ਠੰਢ ਵਿੱਚ ਠੰਢੀ ਫ਼ਰਸ਼ 'ਤੇ ਖਲ੍ਹਾਰੀ ਛੱਡਿਆ। ਪੋਰਾ ਰਾਹੀਂ ਸੀਤ ਸੁੱਖੀ ਦੇ ਸਰੀਰ ਨੂੰ ਚੀਰਦੀ ਜਾ ਰਹੀ ਸੀ। ਸੁੱਖੀ ਦੀਆਂ ਸਹੇਲੀਆਂ ਦੇ ਦੱਸੇ ਮੁਤਾਬਿਕ

ਤਾਂ ਮੁਕਲਾਵੇ ਵਾਲੀ ਰਾਤ ਹੋਰ ਤਰ੍ਹਾਂ ਦੀ ਹੁੰਦੀ ਹੈ ਪਰ ਇਹ ਤਾਂ ਉਸ ਤਰ੍ਹਾਂ ਦੀ ਨਹੀਂ ਸੀ। ਸੁੱਖੀ ਰੋਂਦੀ ਰੋਂਦੀ ਸੋਚ ਰਹੀ ਸੀ। ਠੰਢੀ ਫਰਸ਼ ਉੱਤੇ ਖਲ੍ਹਾਰਨ ਦੇ ਪਿੱਛੇ ਤਾਰੀ ਦੀ ਕੀ ਮਨਸ਼ਾ ਸੀ ਇਹ ਤਾਂ ਉਹੀ ਜਾਣੇ। ਪਰ ਮੁੰਡਿਆਂ ਨੇ ਉਹਨੂੰ ਸਮਝਾ ਕੇ ਅੰਦਰ ਘੱਲਿਆ ਸੀ ਕਿ ਪਹਿਲੀ ਰਾਤੇ ਜੇ ਵਹੁਟੀ ਨੂੰ ਨੱਪ ਕੇ ਰੱਖੀਏ ਤਾਂ ਸਾਰੀ ਉਮਰ ਚੂੰ ਨਹੀਂ ਕਰਦੀ ਤੇ ਨਾ ਕਿਸੇ ਵੱਲ ਅੱਖ ਚੁੱਕ ਕੇ ਵਿੰਹਦੀ ਏ। ਸਾਰੀ ਰਾਤ ਸੁੱਖੀ ਤੜਫਦੀ ਤੇ ਕੁਰਲਾਉਂਦੀ ਰਹੀ। ਤਾਰੀ ਦਾ ਇਹ ਰੂਪ ਵੇਖਣ ਤੋਂ ਬਾਦ ਸੁੱਖੀ ਪੇਕੇ ਪੈਰ ਪਾਉਣ ਗਈ ਨਾ ਆਈ। ਉਦੋਂ ਤੋਂ ਹੀ ਉਹ ਛੜਾ ਸੀ।

ਉਸਦੀ ਮਰਦਾਨਗੀ ਦੇ ਚਰਚੇ ਹੁਣ ਤੱਕ ਸਾਰੇ ਪਿੰਡ ਵਿੱਚ ਸੁਆਦ ਲੈ ਲੈ ਕੇ ਹੁੰਦੇ ਹਨ।

"ਉਹਨੇ ਵਿਚਾਰੀ ਨੇ ਮਰਨਾ ਕੀਤਾ ਸੀ ਡੰਗਰ ਗਾਡੀ? ਇਹ ਤੇ ਭੂਤਰੇ ਸਾਨ੍ਹ ਵਾਂਙ ਉੱਤਰਦਾ ਨ੍ਹੀਂ ਸੀ ਭੈਣ ਚੋਦ, ਸਿਆਣੀਆਂ ਬੁੱਢੀਆਂ ਬੂਹਾ ਨਾ ਭੰਨਦੀਆਂ ਤਾਂ ਇਹਨੇ ਕੁੜੀ ਨੂੰ ਮਾਰ ਕੇ ਹੀ ਦਮ ਲੈਣਾ ਸੀ।"

"ਇਹਦਾ ਕਸੂਰ ਵੀ ਕੋਈ ਨ੍ਹੀਂ ਸੀ, ਭਾਊ, ਇਹਦੇ ਨਾਲ ਦਿਆਂ ਮੁਸ਼ਟੰਡਿਆਂ ਨੇ ਇਹਨੂੰ ਜਿਹੜੀ ਕਾਲੀ ਨਾਗਣੀ ਦਿੱਤੀ ਉਹ ਬੜੀ ਖਰੀ ਸੀ, ਸਿੱਧੀ ਪਾਕਿਸਤਾਨੋਂ ਆਈ ਸੀ, ਸਿੱਧੀ।"

ਉਹ ਇਕੱਲਾ ਰਹਿ ਗਿਆ। ਤੇ ਹੁਣ ਹੋਰ ਕੋਈ ਉਸਨੂੰ ਰਿਸ਼ਤਾ ਕਰਾ ਕੇ ਸਾਰੀ ਉਮਰ ਉਲਾਹਮੇਂ ਨਹੀਂ ਸੀ ਲੈਣਾ ਚਾਹੁੰਦਾ। ਹਾਰ ਕੇ ਉਸਦੇ ਛੋਟੇ ਭਰਾ ਦਾ ਵਿਆਹ ਕਰਕੇ ਉਸਦੇ ਪਿਉ ਨੇ ਰੋਟੀ ਟੁੱਕ ਦਾ ਨੁੱਕ ਬੰਨਿਆ।

ਤਾਰੀ ਚੋਰੀ ਛੁਪੇ ਤਾਰ ਉੱਤੇ ਸੁੱਕਣੇ ਪਾਏ ਭਰਜਾਈ ਦੇ ਕੱਪੜਿਉਂ ਦੀ ਪਾਉਣ ਵਾਲੇ ਨਿੱਕੇ ਕੱਪੜਿਆਂ ਨੂੰ ਬੜੀ ਨੀਝ ਨਾਲ ਵਿੰਹਦਾ ਰਹਿੰਦਾ। ਖੱਬੇ ਨੂੰ ਚੁੱਕਣ ਲੱਗਿਆਂ ਉਹਦਾ ਹੱਥ ਜੇ ਕਿਸੇ ਨੰਗੇ ਅੰਗ ਨਾਲ ਛੂਹ ਜਾਂਦਾ ਤਾਂ ਅੰਦਰਲਾ ਸਾਨ੍ਹ ਭੂਤਰਨ ਲੱਗ ਪੈਂਦਾ। ਜਿੰਨਾ ਚਿਰ ਕਮਰੇ ਦਾ ਬੂਹਾ ਬੰਦ ਕਰਕੇ ਸ਼ਾਂਤ ਨਾ ਹੋ ਜਾਂਦਾ, ਉਸਨੂੰ ਰੋਟੀ ਨਹੀਂ ਸੀ ਲੰਘਦੀ। ਉਹਦੀਆਂ ਅੱਖਾਂ ਚੌਂਤ ਪਹਿਰ ਹਰ ਔਰਤ 'ਚੋਂ ਸੁੱਖੀ ਦਾ ਸਰੀਰ ਭਾਲਦੀਆਂ ਰਹਿੰਦੀਆਂ। ਰਾਤ ਵੀ ਦਰਸ਼ੋ ਤੇ ਸ਼ਾਲ੍ਹਾ ਜਦੋਂ ਸੌਂਦੇ ਤਾਂ ਬੂਹੇ ਦੀਆਂ ਝੀਤਾਂ ਥਾਣੀ ਝਾਤੀਆਂ ਮਾਰਦਾ ਰਹਿੰਦਾ। ਉਸਦੇ ਇਨ੍ਹਾਂ ਚਾਲਿਆਂ ਤੋਂ ਦੁਖੀ ਸ਼ਾਲ੍ਹਾ ਆਪਣਾ ਡੰਗਰ ਡੋਲੀ ਲੈ ਕੇ ਆਪਣੇ ਸਹੁਰੇ ਆ ਗਿਆ।

ਪਰ ਤਾਰੀ ਚਾਰ ਦਿਨ ਵੀ ਉੱਥੇ ਨਾ ਟਿਕਿਆ– "ਭਾਊ, ਮੇਰਾ ਵੀਰ, ਮੈਨੂੰ ਭੁੱਖਿਆਂ ਕਿਉਂ ਮਾਰਦਾ ਏਂ, ਇੱਥੇ ਦਿਹਾੜੀ ਕਰ ਲਿਆ ਕਰੂੰ ਮੈਂ ਵੀ, ਰੱਖ ਲੈ ਨਾਲ।" ਮਾਂ ਜਾਇਆ ਸੀ, ਸ਼ਾਲ੍ਹੇ ਦੇ ਮੂੰਹੋਂ 'ਹਾਂ' ਨਿਕਲ ਗਈ ਪਰ ਦਰਸ਼ੋ ਨੇ ਇੱਕੋ ਨੰਨ੍ਹਾ ਧਰੀ ਰੱਖਿਆ ਜਾਂ ਤਾਂ ਤਾਰੀ ਰਹੂ ਜਾਂ ਮੈਂ। ਪਰ ਰਾਤ ਨੂੰ ਦਰਸ਼ੋ ਨੂੰ ਸ਼ਾਲ੍ਹੇ ਨੇ ਸਮਝਾਇਆ–'ਛੜਾ ਛਾਂਟ ਹੈਗਾ, ਕੱਲ੍ਹ ਕਲੋਤਰ ਨੂੰ ਪਿੰਡ ਵਾਲੇ ਘਰ ਵਿੱਚੋਂ ਇਹਦਾ ਹਿੱਸਾ ਤਾਂ ਆਪਾਂ ਨੂੰ ਈ ਮਿਲਣਾ।' ਦਰਸ਼ੋ ਸਮਝ ਗਈ ਸੀ। ਦੋਵੇਂ ਵੱਸੋ ਗਏ। ਤਾਰੀ ਦੀ ਕਮਾਈ ਨਾਲ ਲੂਣ ਤੇਲ ਆ ਜਾਂਦਾ ਸੀ। ਪਰ ਇਸ ਲੂਣ ਤੇਲ ਦੀ ਕੀਮਤ ਦਰਸ਼ੋ ਨੂੰ ਚੁਕਾਉਣੀ ਪੈਂਦੀ ਜਿਸ ਬਾਰੇ ਉਹ ਚਾਹ ਕੇ ਵੀ ਸ਼ਾਲ੍ਹੇ ਨੂੰ ਨਾ ਦੱਸ ਸਕੀ। ਇੱਕ ਦਿਨ ਜਦੋਂ ਦਰਸ਼ੋ ਨੇ ਸ਼ਾਲ੍ਹੇ ਨੂੰ ਦੱਸ ਦੇਣ ਦੀ ਧਮਕੀ ਦਿੱਤੀ ਤਾਂ ਤਾਰੀ ਨੇ ਦਾਤਰ ਕੱਢ ਲਿਆ–



"ਬਾਹਲੀ ਚੀਂ ਪੈਂ ਕੀਤੀ ਤਾਂ ਟੋਟੇ ਕਰਦੂੰ ਫਿਰ ਵੀ ਤਾਂ ਮੇਰੇ ਈ ਥਹਿਣਾ ਈ, ਸਾਰੀ ਜਾ ਚੁੱਪ ਕਰਕੇ, ਤੂੰ ਸਤੀ ਸਵਿੱਤਰੀ ਬਣ ਕੇ ਕਿਹੜਾ ਇਨਾਮ ਲੈਣਾ?" ਤੇ ਉਹ ਚੁੱਪ ਚਾਪ ਜਰੀ ਗਈ ਤੇ ਦਿਲ 'ਤੇ ਪੱਥਰ ਰੱਖ ਕੇ ਦਿਨ ਕਟੀ ਕਰੀ ਗਈ। ਕਈ ਵਾਰ ਸ਼ਾਲ੍ਹਾ ਉਸਦੀਆਂ ਰੋ ਰੋ ਕੇ ਸੁਜਾਈਆਂ ਅੱਖਾਂ ਵਿੱਚੋਂ ਕੁਝ ਪੜ੍ਹਣ ਦੀ ਕੋਸ਼ਿਸ਼ ਕਰਦਾ ਪਰ ਉਹ ਕਦੀ ਧੂੰਆਂ ਤੇ ਕਦੀ ਮੱਛਰ ਪੈਣ ਦਾ ਬਹਾਨਾ ਕਰ ਦਿੰਦੀ। ਸ਼ਾਲ੍ਹੇ ਦੀਆਂ ਨਜ਼ਰਾਂ ਵਿੱਚੋਂ ਸ਼ੱਕ ਸਾਫ਼ ਝਲਕਦਾ ਸੀ ਪਰ ਉਹ ਉੱਭਾਸਰਦਾ ਨਹੀਂ ਸੀ।

ਤਾਰੀ ਬਾਬੇ ਜੀਤੇ ਘਰੋਂ ਗਲਾਸੀ ਲਾਉਣ ਰੋਜ਼ ਆਉਂਦਾ। ਬਾਬਾ ਜੀਤਾ ਸ਼ਰਾਬ ਕੱਢ ਕੇ ਵੇਚਦਾ ਸੀ। ਤਰਕਾਲੀਂ ਪਈ ਬਾਬੇ ਜੀਤੇ ਵਾਲਾ ਚੌਕ ਹਾਲ ਬਾਜ਼ਾਰ ਬਣਿਆ ਹੁੰਦਾ। ਪੁਲਿਸ ਨਾਲ ਗਾਂਢਾ ਤੋਪਾ ਹੋਣ ਕਰਕੇ ਉਸਨੂੰ ਕੋਈ ਡਰ ਡੁੱਕਰ ਨਹੀਂ ਸੀ। ਜੇ ਕਿਤੇ ਮਹੀਨਾ ਭਰਨ ਵਿੱਚ ਦੇਰ ਸਵੇਰ ਹੋ ਜਾਂਦੀ ਤਾਂ ਸ਼ਰਾਬ ਫੜਨ ਆਏ ਸਿਪਾਹੀਆਂ ਨੂੰ ਜੀਤੇ ਦੀ ਘਰ ਦੀ ਦੇਬੋ ਪਿਛਲੇ ਅੰਦਰ ਲੈ ਜਾਂਦੀ ਤੇ ਉੱਥੋਂ ਨਿਕਲ ਕੇ ਉਹ ਨੀਵੀਂ ਅੱਖੀਂ ਚੁੱਪ ਚਾਪ ਚਲੇ ਜਾਂਦੇ। ਸ਼ਰਾਬ ਫੜਨ ਆਏ ਉਹ ਉਲਟਾ ਸੌ ਪੰਜਾਹ ਦੇ ਕੇ ਜਾਂਦੇ।

ਬਾਬਾ ਜੀਤਾ ਵੱਡਾ ਪਿਅੱਕੜ ਸੀ ਤੇ ਬਿਨਾਂ ਪਾਣੀ ਪਾਇਆਂ ਅਧੀਆ ਪੀ ਕੇ ਟੁੰਨ ਹੋ ਜਾਂਦਾ। ਉਹਨੂੰ ਸੁੱਧ ਨਾ ਰਹਿੰਦੀ। ਦੇਬੋ ਤੇ ਤਾਰੀ ਉਹਨੂੰ ਮੰਜੇ ਉੱਤੇ ਲਿਟਾ ਕੇ ਆਪ ਪਿਛਲੇ ਕਮਰੇ ਦੀ ਕੁੰਡੀ ਮਾਰ ਲੈਂਦੇ। ਗਲਾਸੀ ਲਾਉਣ ਤਾਂ ਜੀਤੇ ਘਰੇ ਸਾਰੇ ਪਿਅੱਕੜ ਆਉਂਦੇ ਪਰ ਤਾਰੀ ਦਾ ਵੇਲਾ ਉਦੋਂ ਹੁੰਦਾ ਜਦੋਂ ਸਾਰੇ ਚਲੇ ਜਾਂਦੇ ਤੇ ਸਾਰੀ ਠੰਠੀ ਸੌਂ ਜਾਂਦੀ। ਵੀਹਾਂ ਦੀ ਗਲਾਸੀ ਪੀ ਕੇ ਤਾਰੀ ਪੰਜਾਹਾਂ ਦਾ ਨੋਟ ਬਦੋਬਦੀ ਉਹਦੇ ਸਿਰਹਾਣੇ ਥੱਲੇ ਵੀ ਤਾਂ ਰੱਖ ਜਾਂਦਾ ਸੀ। ਜੀਤਾ ਸ਼ਰਾਬ ਕੱਢਦਾ ਜ਼ਰੂਰ ਸੀ ਪਰ ਰੋਟੀ ਦਾ ਡੰਗ ਤਾਂ ਦੇਬੋ ਦੀ ਕਮਾਈ ਨਾਲ ਹੀ ਚੱਲਦਾ ਸੀ।

ਕੋਕਣ ਨੇ ਸਾਰਾ ਪਿੰਡ ਛਾਣ ਮਾਰਿਆ ਪਰ ਗਾਗੀ ਕਿਤੇ ਨਜ਼ਰ ਨਾ ਆਇਆ। ਹਾਰ ਹੰਭ ਕੇ ਉਸਨੇ ਘਰ ਪਰਤ ਜਾਣ ਦੀ ਸੋਚੀ। ਪਰ ਆਖਰ ਗਿਆ ਕਿੱਥੇ। ਪੀ ਕੇ ਡਿੰਗਾ ਹੁੰਦਾ ਤਾਂ ਕਿਸੇ ਨਾ ਕਿਸੇ ਘਰੇ ਦੱਸ ਦੇਣਾ ਸੀ ਜਾ ਛੱਡ ਜਾਣਾ ਸੀ ਪਰ ਕਿਤੇ ਛੱਪੜ ਵੱਲ ਨੂੰ ਨਾ ਨਿਕਲ ਗਿਆ ਹੋਵੇ, ਕਿਤੇ ਛੱਪੜ ਵਿੱਚ ਨਹੀਂ ਏਡੀ ਗੱਲ ਨਹੀਂ ਹੋ ਸਕਦੀ, ਖਿਆਲ ਆਉਂਦਿਆਂ ਈ ਉਹਦਾ ਦਿਲ ਬਹਿ ਗਿਆ। ਉਹ ਜੀਅ ਭਿਆਣਾ ਤਾਏ ਅੰਬੋ ਵੱਲ ਗਿਆ। ਤਾਏ ਨੇ ਦੋ ਚਾਰ ਬੰਦੇ ਨਾਲ ਲਏ ਤੇ ਛੱਪੜ ਵੱਲ ਨੂੰ ਹੋ ਤੁਰੇ। ਅਜੇ ਚਾਰ ਕੁ ਪੈਰ ਅਗਾਂਹ ਗਏ ਸੀ ਕਿ ਗਾਗੀ ਦਾ ਝਉਲਾ ਪਿਆ। ਉਹ ਡਿੱਕੇ ਡੋਲੇ ਖਾਂਦਾ ਤੁਰਿਆ ਆ ਰਿਹਾ ਸੀ। ਸਭ ਨੇ 'ਕਿੱਥੇ ਸੀ' ਦੇ ਸਵਾਲਾਂ ਦੀ ਝੜੀ ਲਾ ਦਿੱਤੀ ਪਰ ਉਹ ਰਤਾ ਨਾ ਉਭਾਸਰਿਆ। ਖੋਲਾ ਜਿਹਾ ਬਣ ਕੇ ਘਰੇ ਆ ਗਿਆ ਤੇ ਆਉਂਦਿਆਂ ਮੰਜੇ 'ਤੇ ਢੇਰੀ ਹੋ ਗਿਆ। ਬਥੇਰਾ ਮੋਢਿਆਂ ਤੋਂ ਫੜ ਕੇ ਹਲੂਣਿਆ ਪਰ ਉਹ ਗੁੰਗਲ ਜਿਹਾ ਹੋਇਆ ਪਿਆ ਰਿਹਾ।

ਵੋਟਾਂ ਵਿੱਚ ਐਤਕੀਂ ਪਿੰਡ ਐਸ. ਸੀ. ਰਿਜ਼ਰਵ ਹੋ ਗਿਆ ਸੀ। ਸਰਪੰਚ ਭਾਵੇਂ ਠੱਠੀ ਵਿੱਚੋਂ ਹੀ ਕਿਸੇ ਨੂੰ ਬਣਾਉਣਾ ਸੀ ਪਰ ਸਭ ਜਾਣਦੇ ਸਨ ਕਿ ਅਸਲੀ ਸਰਪੰਚੀ ਤਾਂ ਜੱਟਾਂ ਨੇ ਹੀ ਕਰਨੀ ਹੈ। ਇੱਕ ਧੜਾ ਸ਼ਾਹਾਂ ਕਾ ਤੇ ਇੱਕ ਸੰਗਾਰੇ ਕਾ। ਬਸ ਦੋਹਾਂ ਦੀ ਸਰਪੰਚੀ ਵਾਰੀ ਨਾਲ ਚੱਲੀ ਆਉਂਦੀ ਸੀ। ਤੇ ਦੋਹੀਂ ਵਾਰੇ ਵਾਰੀ ਗਰਾਂਟਾਂ ਤੇ ਪੰਚਾਇਤੀ ਪੈਲ਼ੀ ਦੀ ਆਮਦਨੀ ਖਾਈ

ਜਾ ਰਹੇ ਸਨ। ਠੱਠੀ ਜਿੱਧਰ ਹੋ ਜਾਂਦੀ, ਉਹੋ ਜਿੱਤ ਜਾਂਦਾ। ਹਰ ਧਿਰ ਦੀ ਪੂਰੀ ਵਾਹ ਹੁੰਦੀ ਕਿ ਠੱਠੀ ਨੂੰ ਆਪਣੇ ਵੱਲ ਖਿੱਚਿਆ ਜਾਵੇ। ਠੱਠੀ ਦਾ ਵੀ ਪੂਰਾ ਏਕਾ ਸੀ। ਜੱਟਾਂ ਦੀ ਕਿਹੜੀ ਗੱਲ ਆ। ਜੱਟ ਤਾਂ ਪਾਟੇ ਈ ਹੁੰਦੇ ਆ। ਮਹੀਨਾ ਭਰ ਸ਼ਰਾਬ ਕਿਸੇ ਵੱਲੋਂ ਪੀਂਦੇ ਰਹਿਣਗੇ ਤੇ ਅਖੀਰਲੇ ਦਿਨ ਕਿਸੇ ਗੱਲੋਂ ਲੜ ਪੈਣਗੇ ਕਿ 'ਭਲੇ ਘੱਟ ਸੀ ਤੇ ਤਰੀ ਜ਼ਿਆਦਾ ਆਪਾਂ ਤਾਂ ਨਹੀਂ ਪਾਉਣੀ ਭਾਊ ਵੋਟ' ਤੇ ਵੋਟ ਦੂਜੀ ਧਿਰ ਨੂੰ ਪਾ ਦੇਣਗੇ, ਉਹ ਵੀ ਨੇਂਦ੍ਰ ਕੇ, ਲਲਕਾਰ ਕੇ। ਹਰ ਵਾਰ ਜੱਟਾਂ ਨੂੰ ਜਿਤਾਉਣ ਦੇ ਬਾਵਜੂਦ ਵੀ ਨਾ ਠੱਠੀ ਵਿੱਚ ਪੱਕੀਆਂ ਲੈਟਰੀਨਾਂ ਬਣੀਆਂ ਤੇ ਨਾ ਪੱਕਾ ਕੋਠਾ। ਨਾ ਕਿਸੇ ਬੁੱਢੇ ਦੀ ਪੈਨਸ਼ਨ ਲੱਗੀ ਤੇ ਨਾ ਕਿਸੇ ਦੀ ਕੁੜੀ ਨੂੰ ਵਿਆਹ ਦਾ ਸ਼ਗਨ ਮਿਲਿਆ। ਪੰਜੀਂ ਸਾਲੀਂ ਆ ਕੇ ਸਾਲੇ ਪੂਛਾਂ ਮਾਰਦੇ ਲੱਤਾਂ 'ਚ ਵੜਦੇ ਜਾਣਗੇ। ਫੇਰ ਤਾਂ ਘੋੜੀ ਵੀ ਬਣ ਜਾਣਗੇ। ਇਸ ਵਾਰੀ ਵੀ ਵੋਟਾਂ ਕਰਕੇ ਹੀ ਭੇਨੇ ਦੀ ਲਵਾਈ ਵਧਾਉਣ ਨੂੰ ਮੰਨੇ ਨੇ ਨਹੀਂ ਤਾਂ ਕਿੱਥੇ ਮੰਨਦੇ ਸਨ।

ਗਾਗੀ ਨੂੰ ਤ੍ਰਿਕਾਲਾਂ ਦਾ ਸ਼ੰਗਾਰੇ ਨੇ ਠੰਢੀ ਹਵਾ ਵਾਲੀ ਬੈਠਕ ਵਿੱਚ ਬਿਠਾਇਆ ਸੀ ਜਿੱਥੇ ਉਹਦੀ ਬਾਹਰ ਵਾਲੀ ਮੇਮ ਭਰਜਾਈ ਤੇ ਭਤੀਜੇ ਜਦੋਂ ਇੱਧਰ ਆਉਂਦੇ ਤਾਂ ਸੌਂਦੇ। ਉਹ ਤਾਂ ਜੁੱਤੀ ਬਾਹਰ ਲਾਹ ਕੇ ਅੰਦਰ ਵੜਿਆ ਸੀ ਪਰ ਸ਼ੰਗਾਰੇ ਨੇ ਆਪ ਉਹਦੇ ਪੈਰੀਂ ਜੁੱਤੀ ਪਵਾਈ ਸੀ-ਅਖੇ 'ਨਹੀਂ ਗਾਗਾ ਸਿੰਘ ਜੀ, ਇਹ ਤੁਹਾਡਾ ਈ ਘਰ ਏ' ਗਾਗੀ ਨੇ ਸ਼ੰਗਾਰੇ ਦੇ ਕਹਿਣ 'ਤੇ ਉਸ ਜੁੱਤੀ ਤਾਂ ਪਾ ਲਈ ਪਰ ਗਾਗੀ ਦੀ ਭੁੰਜੇ ਬਹਿਣ ਦੀ ਜਿੱਦ ਅੱਗੇ ਸ਼ੰਗਾਰਾ ਹਾਰ ਗਿਆ ਸੀ। ਉਸਦੀਆਂ ਲੱਲੋ ਪੱਪੋਆਂ ਸਭ ਜੱਗ ਜਾਣਦਾ ਸੀ। ਮਿੱਠੀ ਛੁਰੀ ਆ ਸ਼ੰਗਾਰਾ, ਮਿੱਠੀ ਛੁਰੀ। ਉਹ ਸਭ ਸਮਝ ਗਿਆ ਸੀ ਕਿ ਐਂਤਕੀਂ ਸ਼ਾਹਾਂ ਨਾਲੋਂ ਤੋੜ ਕੇ ਠੱਠੀ ਵਾਲਿਆਂ ਨੂੰ ਆਪਣੇ ਵੱਲ ਕਰਨ ਦੀ ਸਕੀਮ ਆ ਸ਼ੰਗਾਰੇ ਦੀ, ਤਾਂਹੀਓਂ ਪਲਾਲ ਕਰਨ ਡਿਹਾ ਆ, ਅੰਗਰੇਜ਼ੀ ਸ਼ਰਾਬ ਦੀ ਬੋਤਲ ਤੇ ਗਲਾਸੀਆਂ ਰੱਖ ਕੇ ਸ਼ੰਗਾਰੇ ਦਾ ਮੁੰਡਾ ਗੋਲਾ ਚਲਾ ਗਿਆ। ਬਦਾਮ, ਕਾਜੂ ਤੇ ਹੋਰ ਨਿੱਕ ਸੁੱਕ ਵਾਲੀ ਪਲੇਟ ਗਾਗੀ ਅੱਗੇ ਰੱਖ ਦਿੱਤੀ ਸੀ। ਗਾਗੀ ਨੇ ਬੜੇ ਸਾਲ ਪਹਿਲਾਂ ਕਿਤੇ ਬਦਾਮ ਖਾਧੇ ਸਨ। ਉਦੋਂ ਇੰਝ ਨਹੀਂ ਸਨ ਮਿਲਦੇ, ਭੰਨਣੇ ਪੈਂਦੇ ਸਨ। ਇੱਟ ਉੱਤੇ ਰੱਖ ਕੇ ਹਥੌੜੀ ਮਾਰਨੀ ਤੇ ਜੇ ਭੁੜਕ ਕੇ ਕਿਤੇ ਦੂਰ ਜਾ ਡਿੱਗਣਾ ਤਾਂ ਔਖੇ ਹੋ ਕੇ ਲੱਭਣਾ। ਅੱਵਲ ਤਾਂ ਉਹ ਲੱਭਣਾ ਨਾ ਤੇ ਜੇ ਲੱਭ ਪੈਣਾ ਤਾਂ ਗਿਰੀ ਕੌੜੀ ਨਿਕਲ ਆਉਣੀ ਤੇ ਮੂੰਹ ਦਾ ਸਵਾਦ ਭੈੜਾ ਹੋ ਜਾਣਾ। ਆਹ ਤਾਂ ਵਾਹਵਾ ਮੌਜ ਆ। ਨਾ ਬਦਾਮ ਭੰਨਣਾ ਪਵੇ ਤੇ ਨਾ ਗਿਰੀ ਕੌੜੀ ਦਾ ਡਰ ਰਵ੍ਹੇ। ਪਰ ਉਹ ਆਪਣੇ ਕਰਮਾਂ ਨੂੰ ਜਾਣਦਾ ਸੀ। ਕੁਝ ਵੀ ਹੋਵੇ ਉਸਦੀ ਗਿਰੀ ਕੌੜੀ ਨਿਕਲਣੀ ਹੀ ਨਿਕਲਣੀ ਹੈ। ਉਸਨੇ ਮੁੱਠ ਭਰ ਕੇ ਗਿਰੀਆਂ ਦੀ ਮੂੰਹ ਵਿੱਚ ਸੁੱਟ ਲਈ। ਸਾਰਾ ਮੂੰਹ ਕੌੜਾ ਜ਼ਹਿਰ ਹੋ ਗਿਆ। ਗਿਰੀ ਕੋਈ ਕੌੜੀ ਨਹੀਂ ਸੀ ਨਿਕਲੀ ਪਰ ਉਸਨੂੰ ਗਿਰੀਆਂ ਨਾਲੋਂ ਆਪਣੇ ਕਰਮਾਂ ਉੱਤੇ ਜ਼ਿਆਦਾ ਭਰੋਸਾ ਸੀ। ਤੇ ਕੁੜੱਤਣ ਦੀ ਕਲਪਨਾ ਨਾਲ ਹੀ ਉਸ ਦਾ ਮੂੰਹ ਕੁੜੱਤਣ ਨਾਲ ਭਰ ਗਿਆ ਸੀ। ਇਸ ਕੁੜੱਤਣ ਨੂੰ ਘੱਟ ਕਰਨ ਦੇ ਵਾਸਤੇ ਉਸਨੇ ਗਲਾਸੀ ਵੀ ਇੱਕੋ ਡੀਕੇ ਖਾਲੀ ਕਰ ਦਿੱਤੀ। ਤੇ ਧੁਣਧੁਣੀ ਜਿਹੀ ਲੈਂਦਿਆਂ ਬੋਲਿਆ, "ਸਰਦਾਰ ਜੀ ਕੀ ਹੁਕਮ ਆ ਮ੍ਹਾਤੜ ਲਈ?"



ਖੰਘੂਰਾ ਮਾਰ ਕੇ ਸ਼ੰਗਾਰੇ ਨੇ ਬਿਨਾ ਇੱਕ ਪਲ ਗੁਆਇਆਂ ਗੱਲ ਸਪੱਸ਼ਟ ਕੀਤੀ।

"ਵੇਖੋ ਸਰਦਾਰ ਗਾਗਾ ਸਿਹੁੰ ਜੀ, ਆਪਣੇ ਪਿੰਡ ਦੀ ਸਰਪੰਚੀ ਤਾਂ ਐਂਤਕੀਂ ਐਸ. ਸੀ. ਰਿਜ਼ਰਵ ਏ, ਸ਼ਾਹ ਵੀ ਐਂਤਕੀਂ ਪੂਰੀ ਤਿਆਰੀ ਵਿੱਚ ਨੇ। ਪਰ ਉੱਤੇ ਸਰਕਾਰ ਆਪਣੀ ਆ, ਜਿੱਤ ਤਾਂ ਅਸੀਂ ਜਾਣਾ, ਭਾਵੇਂ ਕਿਵੇਂ ਵੀ ਜਿੱਤੀਏ, ਇਹ ਤਾਂ ਤੈਨੂੰ ਵੀ ਪਤਾ, ਹੈਂ ਕਿਣਾ?" ਗਾਗੀ ਨਿਮਾਣਾ ਜਿਹਾ ਬਣਿਆ ਬਦਾਮਾਂ ਦੀਆਂ ਗਿਰੀਆਂ ਨੂੰ ਘੂਰ ਰਿਹਾ ਸੀ। ਅਗਲਾ ਪੈੱਗ ਫਿਰ ਤਿਆਰ ਕਰਕੇ ਸ਼ੰਗਾਰੇ ਨੇ ਅੱਗੇ ਕਰ ਦਿੱਤਾ। ਉਸ ਇੱਕੋ ਸਾਹੇ ਉਹ ਵੀ ਖਿੱਚ ਲਿਆ। ਐਂਤਕੀਂ ਉਸਨੇ ਬਦਾਮਾਂ ਨੂੰ ਹੱਥ ਨਾ ਪਾਇਆ। ਕਾਜੂ ਦਾ ਸਵਾਦ ਉਸਨੇ ਜ਼ਿੰਦਗੀ ਵਿੱਚ ਪਹਿਲੀ ਵਾਰ ਵੇਖਿਆ ਸੀ। ਉਹ ਵੀ ਤਾਂ ਪਤਾ ਲੱਗਾ ਜਦੋਂ ਸ਼ੰਗਾਰੇ ਉਸਨੂੰ ਆਖਿਆ, ਗਾਗਾ ਸਿਹੁੰ ਜੀ, ਭਰੇ ਕਾਜੂ ਵੀ ਖਾਓ। ਬੋਤਲ ਪੌਣੀ ਹੋ ਚੁੱਕੀ ਸੀ। ਗੱਲ ਅਜੇ ਨਿੱਤਰ ਕੇ ਸਾਹਮਣੇ ਨਹੀਂ ਸੀ ਆਈ ਕਿ ਸ਼ੰਗਾਰਾ ਉਸ ਤੋਂ ਕੀ ਚਾਹੁੰਦਾ ਸੀ। ਉਹ ਅੰਦਰ ਗਿਆ ਤੇ ਦੱਥੀ ਸੌ ਸੌ ਦੇ ਨੋਟਾਂ ਦੀ ਮੇਜ਼ ਉੱਤੇ ਰੱਖ ਦਿੱਤੀ-"ਨਿੰਮੋ ਸਾਡੀ ਵੀ ਧੀ ਏ, ਇਹ ਉਸ ਵਾਸਤੇ ਸਾਡਾ ਪਿਆਰ ਆ, ਹੈਂ ਕਿਣਾ?"

ਗਾਗੀ ਦੇ ਪਿੜ ਪੱਲੇ ਕੁਝ ਨਹੀਂ ਸੀ ਪੈ ਰਿਹਾ। ਸ਼ੰਗਾਰੇ ਨੂੰ ਪਤਾ ਵੀ ਸੀ ਕਿ ਗਾਗੀ ਸ਼ਾਹਾਂ ਦੀ ਪੱਕੀ ਵੋਟ ਏ ਤੇ ਫਿਰ ਵੀ ਉਸ 'ਤੇ ਇੰਨਾ ਮਿਹਰਵਾਨ ਕਿਉਂ ਹੋ ਰਿਹਾ ਹੈ?

"ਸੰਗੀ ਵੀ ਖਾਓ ਮਹਾਰਾਜ, ਅੱਜ ਤੋਂ ਤੂੰ ਸਾਡਾ ਸਰਪੰਚ ਏਂ ਸਰਦਾਰ ਗਾਗਾ ਸਿਹੁੰ ਜੀ, ਹੈਂ ਕਿਣਾ?"

ਹੌਲੀ ਹੌਲੀ ਹਲਾਲ ਕਰਦੇ ਕਰਦੇ ਸ਼ੰਗਾਰੇ ਨੇ ਇੱਕੋ ਝਟਕੇ ਨਾਲ ਵਾਰ ਕਰ ਦਿੱਤਾ। ਦੂਜੀ ਬੋਤਲ ਦੇ ਆਉਂਦਿਆਂ ਗਾਗੀ ਸਰਪੰਚੀ ਕਰਨ ਲੱਗ ਪਿਆ ਸੀ-ਸਰਦਾਰ ਸਰਦਾਰ ਕਹਿੰਦਿਆਂ ਗਾਗੀ ਦੇ ਮੂੰਹੋਂ ਕਦੋਂ 'ਸ਼ੰਗਾਰਾ ਸਿਹਾਂ' ਨਿਕਲਣ ਲੱਗ ਪਿਆ ਸੀ, ਉਸਨੂੰ ਪਤਾ ਹੀ ਨਹੀਂ ਸੀ ਲੱਗਾ।

ਸ਼ਾਹਾਂ ਨੇ ਠੱਠੀ ਵਿੱਚੋਂ ਗਾਗੀ ਦੇ ਮੁਕਾਬਲੇ ਦਾ ਬੰਦਾ ਭਾਲਿਆ ਪਰ ਸਾਰੀ ਠੱਠੀ ਨੇ ਗਾਗੀ ਉੱਤੇ ਭਰੋਸਾ ਪ੍ਰਗਟਾਇਆ ਤੇ ਸ਼ਾਹ ਹੱਥ ਮਲਦੇ ਰਹਿ ਗਏ। ਗਾਗੀ ਧੌਣ ਉੱਚੀ ਚੁੱਕ ਕੇ ਤੁਰਦਾ। ਤ੍ਰਕਾਲਾਂ ਨੂੰ ਉਸਦਾ ਡੇਰਾ ਸ਼ੰਗਾਰੇ ਵੱਲ ਹੀ ਹੁੰਦਾ। ਗੋਲਾ ਕਦੇ ਕਦੇ ਗਾਗੀ ਨੂੰ ਮੋਟਰ ਸਾਈਕਲ ਉੱਤੇ ਬਿਠਾ ਕੇ ਲੈ ਜਾਂਦਾ ਤੇ ਕਦੇ ਤ੍ਰਿਕਾਲਾਂ ਨੂੰ ਛੱਡ ਵੀ ਜਾਂਦਾ। ਕਦੇ ਵੇਲੇ ਕੁਵੇਲੇ ਵੀ ਆਉਂਦਾ ਜਦੋਂ ਨਿੰਮੋ ਇਕੱਲੀ ਘਰ ਹੁੰਦੀ। ਕੁੜਲਣ ਕੌੜ ਮਨਾਉਂਦੀ। ਰਾਤ ਨੂੰ ਮੰਜੇ ਪਈ, ਗਾਗੀ ਨੂੰ ਘੂਰੀ ਵੱਟਦੀ-"ਕੱਲ੍ਹ ਨੂੰ ਜੇ ਕੋਈ ਚੰਦ ਚੜ੍ਹ ਗਿਆ ਤਾਂ ਕਰ ਲਈਂ ਸਰਪੰਚੀ ਪਿਉ ਵਾਲੀ, ਮੈਨੂੰ ਤਾਂ ਵਿਹੁ ਵਿਖਾਲੀ ਦਿੰਦਾ ਸ਼ੰਗਾਰੇ ਆਲਾ ਤੱਕਣੀ ਨ੍ਹੀਂ ਚੰਗੀ ਉਹਦੀ, ਉਹੋ ਮੈਂ ਆਖਿਆ ਤੱਕਣੀ ਨ੍ਹੀਂ ਚੰਗੀ ਉਹਦੀ, ਨਹੀਂ?"

"ਤੈਨੂੰ ਉਹ ਕੁੰਢੀਆਂ ਵੱਢਦਾ, ਹਰਾਮਦੀਏ? ਐਵੇਂ ਕੁੰਢੀਆਂ ਵਾਲੀਆਂ ਨਾ ਮਾਰੀ ਜਾ, ਕਿੰਨਾ ਮਾਣ ਕੀਤਾ ਉਹਨੇ ਮੇਰਾ, ਨਹੀਂ ਤਾਂ ਹੋਰ ਥੋੜ੍ਹੀ ਖ਼ਲਕਤ ਸੀ ਠੱਠੀ 'ਚ ਜਿਹਨਾਂ ਨੂੰ ਉਹ ਸਰਪੰਚ ਖਲ੍ਹਿਆਰ ਕਰ ਸਕਦਾ ਸੀ। ਉਹ ਤਾਂ ਤੀਲ੍ਹਾ ਖਲ੍ਹਿਆਰ ਦੇਵੇ ਤਾਂ ਉਹ ਵੀ ਸਰਪੰਚ ਬਣ ਜਾਏ ਮੈਂ ਤਾਂ ਫੇਰ ਮਰਦ ਆਂ।"

"ਉ ਹੂੰ ਮੈਨੂੰ ਭਲਾ ਭੁੱਲ ਆ ਤੇਰੀ ਵੱਡੇ ਮਰਦ ਦੀ ? ਵਿਆਹ ਤੋਂ ਚੌਹੀਂ ਸਾਲੀਂ ਖਾਦ ਕੇਕਣ ਮੇਰੀ ਕੁੱਖ ਪਿਆ। ਉਹ ਵੀ ਮੇਰੀ ਕੱਚਿਆਂ ਪੱਕਿਆਂ ਵਾਲੀ ਮਾਸੀ ਦੀ ਧੀ, ਪੱਟੀ ਵਾਲੇ ਡਾਕਦਾਰ ਵਾਲੀਏ ਦੀ ਦੱਸ ਨਾ ਪਾਉਂਦੀ ਤਾਂ ਲੱਭ ਲੈਂਦੀ ਮਾਂ ਤੇਰੀ ਪੋਤਰੇ। ਅਖੇ ਗੁਲਣੇ ਮੈਂ ਪੋਤਰੇ ਪਤਾ ਨਹੀਂ ਕਦੋਂ ਖਿਡਾਊਂਗੀ, ਸੁਣਾ 'ਤੀ ਫਿਰ ਮੈਂ ਵੀ, ਮਖਾਂ ਕਿਤੇ ਖੇਪਾ ਚਾਰ ਪੁੱਤ ਆਪਣੇ ਨੂੰ, ਪੋਤਰੇ ਖਿਡਾਉਣ ਦਾ ਚਾਅ ਆ ਤਾਂ। ਮੈਂ ਤਾਂ ਗੱਲ ਕਰਦੀ ਆਂ ਭੀ ਸੰਗਾਰੇ ਆਲੇ ਦੀ ਅੱਖ ਨਿੰਮੋ ਦੀ ਹਿੱਕ ਤੋਂ ਪਰ੍ਹੇ ਨਹੀਂ ਹੁੰਦੀ। ਇਹ ਤਾਂ ਮੈਂ ਨਿੰਮੋ ਨੂੰ ਕਿਹਾ ਭੀ ਜਦੋਂ ਇਹ ਆਵੇ ਤੂੰ ਸਬਾਤ ਵਿੱਚ ਵੜ ਜਾਇਆ ਕਰ, ਉਹੀ ਮੈਂ ਆਖਿਆ ਸਬਾਤ 'ਚ ਵੜ ਜਿਆ ਕਰ, ਨਹੀਂ ?"

"ਓ, ਹਰਾਮਦੀਏ, ਕੁੱਤੇ ਦੀਏ ਮਾਰੇ, ਕਿਉਂ ਭੌਂਕੀ ਜਾਨੀਂ ਏਂ, ਕੋਈ ਬਦੋ ਬਦੀ ਨ੍ਹੀਂ ਕਿਸੇ ਨੂੰ ਮੂੰਹ ਵਿੱਚ ਪਾਉਂਦਾ, ਆਪਣਾ ਧੀ ਪੁੱਤ ਚੰਗਾ ਹੋਣਾ ਚਾਹੀਦਾ, ਬਸ ਆਹ।" ਗਾਗੀ ਨੇ ਗੱਲ ਮੁਕਾਈ।

ਝੋਨਾ ਲੱਗ ਚੁੱਕਾ ਸੀ। ਬਸ ਕੋਈ ਕੋਈ ਖੱਤਾ ਲੱਗਣ ਵਾਲਾ ਰਹਿ ਗਿਆ ਸੀ। ਵੋਟਾਂ ਕਰਕੇ ਪਿਅੱਕੜਾਂ ਨੂੰ ਮੌਜਾਂ ਲੱਗੀਆਂ ਸਨ। ਰਾਤ ਨੂੰ ਠੱਠੀ ਵਿੱਚ ਚਾਰੇ ਪਾਸਿਉਂ ਬੜ੍ਹਕਾਂ ਦੀਆਂ ਆਵਾਜਾਂ ਆਉਂਦੀਆਂ ਤੇ ਨਾਲ ਹੀ ਕੁੱਤੇ ਭੌਂਕਣ ਲੱਗ ਪੈਂਦੇ। ਪਤਾ ਨਾ ਲੱਗਦਾ ਕਿ ਬੜ੍ਹਕਾਂ ਕੀਹਨੂੰ ਤੇ ਕਿਹੜੀ ਗੱਲੋਂ ਮਾਰੀਆਂ ਸਨ। ਨਿੱਤ ਦੇ ਪਿਅੱਕੜ ਵਾਧੂ ਪੀਤੀ ਜਾਂ ਤਾਂ ਬੁੱਚੀਆਂ ਨੂੰ ਕੁੱਟ ਕੇ ਕੱਢਦੇ ਤੇ ਜਾਂ ਫਿਰ ਤੜਕੇ ਨਾਲੀ ਕੰਢੇ ਉਲਟੀਆਂ ਕਰਕੇ। ਮੁਫ਼ਤ ਦੀ ਦਾਰੂ ਕਿਤੇ ਅੰਦਰ ਟਿਕਦੀ ਆ ?

ਤਾਰੀ ਦਾ ਡੇਰਾ ਬੇਸ਼ੱਕ ਵੋਟਾਂ ਦੇ ਦਿਨਾਂ ਵਿੱਚ ਸੰਗਾਰੇ ਘਰੇ ਲੱਗ ਗਿਆ ਸੀ ਪਰ ਦੇਬੋ ਦੇ ਦਰਸ਼ਨ ਕਰਨ ਕਦੇ ਕਦੇ ਗਾਗੀ ਦੇ ਬੂਹੇ ਅੱਗੋਂ ਦੀ ਲੰਘ ਜਾਂਦਾ ਸੀ। ਉਂਝ ਤਾਂ ਦੇਬੋ ਦੇ ਘਰ ਨੂੰ ਰਾਹ ਫਿਰਨੀ ਥਾਣੀਂ ਨੇੜੇ ਸੀ ਪਰ ਉੱਧਰ ਵੱਡੀ ਸਾਰੀ ਢਹਿਣੀ ਹੋਣ ਕਰਕੇ ਉਹ ਥੋੜ੍ਹਾ ਵਲ ਪਾ ਕੇ ਇਧਰ ਦੀ ਲੰਘਦਾ।

ਗੁਲਣ ਝੋਨੇ ਦਾ ਆਖਰੀ ਖੱਤਾ ਨਿਬੇੜ ਕੇ ਵੇਲੇ ਨਾਲ ਘਰੇ ਆ ਕੇ ਧਰੇਕ ਹੇਠਾਂ ਮੰਜੀ ਡਾਹ ਕੇ ਪੈ ਗਈ ਸੀ। ਬਾਲਣ ਨੂੰ ਗਈ ਨਿੰਮੋ ਅਜੇ ਤਾਈਂ ਨਹੀਂ ਸੀ ਆਈ। ਕੱਚੀ ਕੰਧ ਨੀਵੀਂ ਹੋਣ ਕਰਕੇ ਮੰਜੀ ਉੱਤੇ ਖੜ੍ਹੀ ਕੇ ਰੋਹੀ ਵੱਲ ਝਾਤੀ ਮਾਰੀ ਤਾਂ ਕਿਤੇ ਨਾ ਦਿੱਸੀ। ਕੁਝ ਚਿਰ ਲੰਮੇ ਪੈ ਕੇ ਬਰੂਹਾਂ 'ਚ ਆ ਖੜੋਤੀ ਗੁਲਣ ਅਜੇ ਅਗਾਂਹ ਹੋਣ ਹੀ ਲੱਗੀ ਕਿ ਨਿੰਮੋ ਔਤ ਪੌਤ ਹੁੰਦੀ ਧਰੇਕ ਹੇਠਾਂ ਆ ਡਿੱਗੀ। 'ਪਾਣੀ ਪਾਣੀ' ਕਰਦੀ ਉਹ ਡ੍ਰੋਲੀਓਂ ਡ੍ਰੋਲੀ ਹੋ ਗਈ ਸੀ। ਭੱਜ ਕੇ ਨਲਕੇ ਨੂੰ ਗਈ ਤੇ ਬਾਕਣ ਲੱਗ ਪਈ।

"ਕਿੱਦਣ ਦੇ ਆਏ ਆ ਕੱਪੜੇ ?" ਪੁੱਛਦਿਆਂ ਗੁਲਣ ਦੇ ਚਿਹਰੇ ਉੱਤੇ ਅੰਤਾਂ ਦਾ ਫ਼ਿਕਰ ਤੈਰਨ ਲੱਗ ਪਿਆ ਤੇ ਅੱਖਾਂ ਅਣਕਿਆਸੇ ਡਰ ਨਾਲ ਹੋਰ ਚੌੜੀਆਂ ਹੋ ਗਈਆਂ।

"ਦਿਨ ਟੱਪ ਗਏ ਆ ਬੀਬੀਏ," ਨਿੰਮੋ ਦੇ ਮੂੰਹੋਂ ਨਿਕਲਣ ਦੀ ਦੇਰ ਸੀ ਕਿ ਗੁਲਣ ਦੁਹੱਥੜੀਂ ਟੱਕਰ ਪਈ, "ਹਾਇ ਹਾਇ ਨੀ ਚੜ੍ਹਾ 'ਤਾ ਈ ਚੰਦ ਕੁੱਤੀਏ, ਨੀ ਬੇੜਾ ਬਹਿ ਜਾਇ ਤੇਰਾ ਨਿੰਮੋ ਬੰਦੀਏ, ਤੇਰਾ ਕੱਖ ਨਾ ਰਵ੍ਹੇ ਬੇਹ ਹੋਣੀਏ, ਤੇਰੇ ਪੜਦਾ ਈ ਪੈ ਜੇ, ਤੈਨੂੰ ਲੜ ਜਾਏ ਸੱਪ ਖੜੱਪਾ ਕਿਤੇ ਤੈਨੂੰ, ਹਾਇ ਹਾਇ ਨਖਾਣੱਟੀਏ ਤੂੰ ਜੰਮਦੀ ਕਿਉਂ ਨਾ ਮਰ ਗਈ, ਕੁੱਤੀਏ,



ਢਵਲੇ, ਨੀ ਤੂੰ ਕੱਖ ਪੱਲੇ ਨਾ ਛੱਡਿਆ। ਪਿਉ ਕੰਜਰ ਦੇ ਧੌਲੇ ਝਾਟੇ ਦਾ ਵੀ ਖਿਆਲ ਨਾ ਕੀਤਾ, ਹਰਾਮਦੀਏ ਮਾਰੇ," ਉਸਨੇ ਆਪਣੇ ਸਿਰ ਵਿੱਚ ਦੁਹੱਥੜ ਮਾਰਨੇ ਸ਼ੁਰੂ ਕਰ ਦਿੱਤੇ ਤੇ ਕੰਧ ਨਾਲ ਮੱਥਾ ਮਾਰ ਕੇ ਮੱਥਾ ਸੁਜਾ ਲਿਆ। ਨਿੰਮੋ ਉਹਨੂੰ ਕਮਲੀ ਬੌਲੀ ਹੋਈ ਵੇਖ ਕੇ ਚੀਕਾਂ ਮਾਰਨ ਲੱਗ ਪਈ। ਗੁਲਣ ਨੂੰ ਪਤਾ ਨਾ ਲੱਗਾ, ਸੀਤੋ, ਬੀਰੋ ਤੇ ਗੁਰਮੀਤੋ ਕਦੋਂ ਉਹਦੇ ਸਿਰਹਾਣੇ ਆ ਕੇ ਖੜ੍ਹ ਗਈਆਂ।

"ਨੀ ਚੱਲ ਗੁਲਣੇ ਹੌਲੀ ਬੋਲ। ਕੰਧਾਂ ਦੇ ਵੀ ਕੰਨ ਹੁੰਦੇ ਆ। ਜਾਕਲ ਦੀ ਗੱਧੀ ਦੇ ਕੁੜੀ ਨੂੰ, ਨਾਲੇ ਛੂਨੋ, ਆਹ, ਆ ਜਾਣਗੇ ਕੱਪੜੇ ਨਾਲੇ ਧੰਨੋ ਦਾਈ ਦੀ ਸਲਾਹ ਲੈ, ਕੀ ਆਹਦੀ ਆ ਗੁਲਣੇ, ਹਣਾ ਭੀ ?" ਸੀਤੋ ਨੇ ਤਜਰਬਾ ਦੱਸਿਆ।

"ਹਾਇ ਨੀ ਮੈਨੂੰ ਤਾਂ ਉਦੋਂ ਦਾ ਹੀ ਲੱਗਦਾ ਸੀ, ਇਹ ਚੰਦ ਚੜ੍ਹ ਕੇ ਰਹਿਣਾ। ਹਰਾਮਦਾ, ਕੰਜਰ, ਕੁੱਤੇ ਦਾ ਬੀਅ ਸੰਗਾਰੇ ਆਲਾ ਹਿੱਕ ਤੋਂ ਅੱਖ ਨ੍ਹੀਂ ਸੀ ਚੁੱਕਦਾ, ਇਹਦੇ ਡੋਲੇ ਮੈਂ, ਕੱਢੇ ਨਾ ਤਾਂ ਆਖੀਂ। ਹੱਡੀਆਂ ਦਾ ਚੂਰਮਾ ਮੈਂ ਵੇਖੀਂ ਕਿੱਦਾਂ ਬਣਵਾਉਨੀ ਆਂ। ਲੱਤਾਂ ਨਾ ਭੰਨਵਾਈਆਂ ਤਾਂ ਮੈਨੂੰ ਗੁਲਣ ਕੀਹਨੇ ਆਖਣਾ, ਵੇ ਸੰਗਾਰਿਆ ਬੰਦਿਆ ਤੇਰਾ ਬੇਹ ਹੋ ਜੇ ਵੇ ਤੇਰਾ, ਮੇਰੇ ਪਿਉ ਦਿਆ ਸਾਲਿਆ। ਤੇਰੀ ਕੁੜੀ 'ਤੇ ਛੱਡਿਆ ਸਾਨ੍ਹ ਕੁੰਡੀ ਵਾਲਾ, ਵੇ ਸੰਗਾਰਿਆ ਬੰਦਿਆ, ਤੂੰ ....ਤ੍ਰਿਆਂ ਦੀ ਯਾਰੀ ਵੇਖੀ ਆ ਦਾਦੇ ਮਗਾਉਣਿਆ, ਹੁਣ ਵੈਰ ਵੇਖੀਂ। ਪਿੱਛੋਂ ਦੀ ਬਾਂਹ ਪਾ ਕੇ ਕਲੇਜਾ ਨਾ ਕੱਢ ਲਿਆਂਦਾ ਤਾਂ ਆਖੀਂ ਕੁੱਤਿਆ ਕੰਜਰਾ, ਤੂੰ ਸਾਡੀ ਭਲਮਾਣਸੀ ਵੇਖੀ ਆ ਸੰਗਾਰਿਆ ਬੰਦਿਆ, ਹੁਣ ਬਦਮਾਸ਼ੀ ਵਿਖਾਵਾਂਗੇ ਤੈਨੂੰ। ਤੇਰੇ ਦਾਦੇ ਦਾੜ੍ਹੀ ਹੰਗਿਆ ਤੇਰੇ ਰਗੀ ਨਹਿਰ ਜਾ ਹੁਣ ਤੇਰੀ ਕੁੜੀ ਨੂੰ ਨੰਗੀ ਕਰ ਕੇ ਠੱਠੀ 'ਚ ਫੇਰਨਾ ਈ, ਸਾਰੀ ਸ਼ਰੀਕ ਨੂੰ ਟਪਾਉਣਾ ਈ ਉੱਤੋਂ ਦੀ, ਹਾਇ ਹਾਇ ਵੇ ਕੰਜਰਾ ਲੁੱਚਿਆ, ਭੜਵੱਈਏ ਨੂੰ ਸੱਦ ਸੱਦ ਐਵੇਂ ਨੀ ਸ਼ਰਾਬਾਂ ਪਿਆਉਂਦਾ, ਬਦਾਮ ਖੁਆਉਂਦਾ, ਕੁੜੀ 'ਤੇ ਚੜ੍ਹਾਉਣਾ ਈ ਉਹਨੂੰ ਆਪਣੀ 'ਤੇ ? ਵੇਖੀਂ, ਹੁਣ ਤੂੰ ਵੇਖੀ ਜਾਈਂ, ਜੱਗ ਵੇਖੂ ਸਾਰਾ, ਮੈਂ ਤਾਂ ਕੱਢ ਦੂੰ ਰੂਹ ਸਾਰੇ ਖਣਵਾਦੇ ਦਾ, ਲਵਾ ਦੂੰ ਫਾਹੇ ਸਾਰੇ ਟੱਬਰ ਨੂੰ, ਉਹੀ ਮੈਂ ਆਖਿਆ ਮੈਂ ਤਾਂ ਲਵਾਦੂੰ ਫਾਹੇ ਸਾਰੇ ਖਣਵਾਦੇ ਨੂੰ, ਨਹੀਂ ?" ਗੁਲਣ ਨੇ ਸੰਗਾਰੇ ਦੇ ਪੂਰੇ ਖਾਨਦਾਨ ਨੂੰ ਪੁਣ ਸੁੱਟਿਆ ਸੀ। ਬਨੇਰਿਆਂ ਉੱਤੋਂ ਦੀ ਉਂਲਗੀਆਂ ਗੁਲਣ ਦੀਆਂ ਸ਼ਰੀਕਣੀਆਂ ਨੇ ਕੰਨਾਂ ਵਿੱਚ ਉਂਗਲਾਂ ਪਾ ਲਈਆਂ ਤੇ ਮੂੰਹ ਚੁੰਨੀਆਂ ਨਾਲ ਕੱਜ ਲਏ। ਤ੍ਰਿਕਾਲ੍ਹਾਂ ਤੱਕ ਪਿੰਡ ਵਿੱਚ ਨਿੰਮੋ ਤੇ ਗੇਲੇ ਦਾ ਚਰਚਾ ਸੀ।

ਗੁਲਣ ਭਿੱਖੀਵਿੰਡ ਵਾਲੀ ਬੀਰੋ ਲੁੱਚੀ ਨੂੰ ਨਾਲ ਲੈ ਕੇ ਝਬਾਲ ਠਾਣੇ ਪਹੁੰਚ ਗਈ। ਠਾਣੇਦਾਰ ਪਿਆਰਾ ਸਿਹੁੰ, ਬੀਰੋ ਦਾ ਯਾਰ ਸੀ। ਸ਼ਾਮ ਨੂੰ ਪੁਲਿਸ ਆ ਕੇ ਗੇਲੇ ਨੂੰ ਲੈ ਗਈ, "ਕੋਈ ਗੱਲ ਨਹੀਂ ਸੰਗਾਰਾ ਸਿਹੁ ਜੀ, ਕਲ੍ਹਕੇ ਮੁੰਡਾ ਛੱਡ ਦਿਆਂਗੇ ਰਾਜੀ ਨਾਮਾ ਕਰਵਾ ਕੇ," ਹੌਲਦਾਰ ਸੰਗਾਰੇ ਨੂੰ ਤਸੱਲੀ ਦੇ ਗਿਆ ਸੀ।

"ਪਰ ਮਾਮਲਾ ਜੇ ਇੱਕ ਵਾਰ ਦਰਜ ਹੋ ਗਿਆ ਤਾਂ ਕੰਮ ਲੰਮਾ ਹੋ ਜਾਊ। ਇੱਜ਼ਤ ਦੀਆਂ ਤਾਂ ਮੁੰਡੇ ਨੇ ਧੱਜੀਆਂ ਉਡਾ ਹੀ ਦਿੱਤੀਆਂ ਸਨ, ਹੁਣ ਸਰਪੰਚੀ ਵੀ ਹੱਥੋਂ ਨਿਕਲ ਗਈ ਸਮਝੋ, ਸ਼ਾਹ ਤਾਂ ਭੋਣ ਦੇਣੋ ਅੱਗੇ ਈ ਇਹੋ ਕੁਝ ਚਾਹੁੰਦੇ ਸੀ, ਹੈਂ ਕਿਣਾ ?" ਸੰਗਾਰਾ ਚਿੰਤਾ ਵਿੱਚ ਲਿੱਸਾ ਹੋਈ ਜਾ ਰਿਹਾ ਸੀ।

ਨਿੰਮੋ ਨੇ ਠਾਣੇਦਾਰ ਸਾਹਵੇਂ ਦੰਦ ਤੋਂ ਦੰਦ ਨਾ ਚੁੱਕਿਆ। ਚੁੰਨੀ ਦੀ ਕੰਨੀ ਨੂੰ ਕਦੇ ਉਂਗਲ 'ਤੇ ਲਪੇਟ ਲਵੇ ਤੇ ਫਿਰ ਖੋਲ੍ਹ ਲਵੇ, ਫਿਰ ਲਪੇਟ ਲਵੇ ਫਿਰ ਖੋਲ੍ਹ ਲਵੇ। ਬਸ ਇਹੀ ਕਰੀ ਜਾ ਰਹੀ ਸੀ। ਅੱਖਾਂ ਵਿੱਚ ਡਰ ਤੈਰ ਰਿਹਾ ਸੀ। ਬੀਰੋ ਉਹਦੇ ਲੱਲੂ ਵੇਂਹਦੀ ਰਹੀ। ਉਸਨੇ ਉਸਨੂੰ ਪਾਸੇ ਲਿਜਾ ਕੇ ਕਿਹਾ, "ਵੇਖ ਨਿੰਮੋ, ਤੇਰੇ ਪਿਉ ਦੀ ਪੱਤ ਤਾਂ ਹੁਣ ਜਿਹੜੀ ਮਿੱਟੀ ਵਿੱਚ ਮਿਲਣੀ ਸੀ, ਮਿਲ ਗਈ। ਤੇਰੇ ਨਾਲ ਹੋਈ ਬੇਇਨਸਾਫ਼ੀ ਦੀ ਸਜ਼ਾ ਤਾਂ ਗੋਲੇ ਨੂੰ ਮਿਲਣੀ ਚਾਹੀਦੀ ਆ। ਸਭ ਕੁਝ ਦੱਸ ਦੇ। ਕਾਰਵਾਈ ਤੇਰੇ ਬੋਲਣ ਤੋਂ ਬਾਦ ਹੀ ਸ਼ੁਰੂ ਹੋਣੀ ਆ। ਠਾਣੇਦਾਰ ਨੇ ਕਿਹਾ ਏ ਕਿ ਜੇ ਕੁੜੀ ਨੇ ਆਪਣੀ ਮਰਜ਼ੀ ਨਾਲ ਸਭ ਕੁਝ ਕੀਤਾ ਹੈ ਤਾਂ ਕੇਸ ਨਹੀਂ ਜੇ ਬਣਨਾ, ਪਰ ਜੇ ਕੇਸ ਬਣਾਉਣਾ, ਜੇ ਤਾਂ ਕੁੜੀ ਕਹਿ ਦੇਵੇ ਕਿ ਉਸ ਨੂੰ ਡਰਾ ਧਮਕਾ ਕੇ ਜਬਰਦਸਤੀ ਕਰਦਾ ਆ ਰਿਹਾ ਹੈ ਤਾਂ ਕੇਸ ਮਜ਼ਬੂਤ ਹੋ ਸਕਦਾ ਹੈ। ਉਹ ਆਂਹਦਾ ਆ ਬਈ ਕੁੜੀ ਜਿੰਨਾ ਚਿਰ ਮੂੰਹੋਂ ਨਾ ਬੋਲੂ ਆਪਣੇ ਹੱਥ ਖੜੇ ਆ। ਅਖ਼ਬਾਰਾਂ ਵਾਲੇ ਤਾਂ ਸੁੰਘਦੇ ਫਿਰਦੇ ਆ ਪੁਲਿਸ ਕਦੋਂ ਗਲਤ ਕੰਮ ਕਰੇ ਤੇ ਕਦੋਂ ਖ਼ਬਰ ਛਾਪੀਏ, ਤੇ ਨਾਲੇ ਨਿੰਮੋ, ਉਹ ਆਂਹਦਾ ਬਈ ਅੱਜ ਕੱਲ੍ਹ ਕੁੜੀਆਂ ਦੀ ਬੜੀ ਛੇੜੀ ਸੁਣੀ ਜਾਂਦੀ ਆ। ਤੇ ਨਾਲੇ ਹੁਣ ਤਾਂ ਕਾਨੂੰਨ ਵੀ ਏਨੇ ਸਖ਼ਤ ਬਣ ਗਏ ਬੰਦਾ ਸਾਰੀ ਉਮਰ ਜੇਲ੍ਹ ਵਿੱਚ ਰਹੂਗਾ। ਤੇ ਨਾਲੇ ਇਹੋ ਜਿਹੇ ਕੇਸਾਂ ਵਿੱਚ ਤਾਂ ਕੋਈ ਛੋਟ ਹੀ ਨਹੀਂ ਜਿੱਥੇ ਕੁੜੀ ਆਪਣਿਆਂ ਦੀ ਹੋਵੇ ਤੇ ਮੁੰਡਾ ਜੱਟਾਂ ਦਾ।" ਬੀਰੋ ਨੇ ਨਿੰਮੋ ਨੂੰ ਸਮਝਾਇਆ।

"ਮੈਂ ਮੈਂ ਘਰੇ ਜਾਣਾ," ਨਿੰਮੋ ਹੌਲੀ ਜਿਹੀ ਬੋਲੀ, ਗਾਲ੍ਹ ਕਰਦਾ ਥੱਪੜ ਬੀਰੋ ਨੇ ਉਹਦੀ ਗੱਲ੍ਹ ਉੱਤੇ ਜੜ੍ਹ ਦਿੱਤਾ, "ਕੁੱਤੀ, ਲੱਗਦੀ ਘਰੇ ਜਾਣ ਦੀ, ਪਹਿਲਾਂ ਸਵਾਦ ਲੈਣੇ ਆ, ਹੁਣ ਮੂੰਹੋਂ ਵੀ ਨਹੀਂ ਫੁੱਟਣਾ ਕੰਜਰੀ ਕਿਹੇ ਥਾਂ ਦੀ," ਬੀਰੋ ਉਹਨੂੰ ਰੋਂਦੀ ਨੂੰ ਛੱਡ ਕੇ ਠਾਣੇਦਾਰ ਦੇ ਕਮਰੇ ਵਿੱਚ ਜਾ ਪਈ। ਨਿੰਮੋ ਨੇ ਬਿਆਨ ਨਾ ਦਿੱਤੇ ਤੇ ਸੰਗਾਰਾ ਗੋਲੋ ਨੂੰ ਲੈ ਕੇ ਘਰੇ ਆ ਗਿਆ।

ਖਉ ਪੀਏ ਸੰਗਾਰਾ ਗਾਗੀ ਘਰੇ ਗਿਆ। ਗਾਗੀ ਨ੍ਹੇਰੇ ਵਿੱਚ ਮੰਜਾ ਡਾਹ ਕੇ ਪਿਆ ਸੀ। ਅੰਨ ਪਾਣੀ ਦਾ ਵੇਲਾ ਸੀ ਪਰ ਗੁੱਲਣ ਨੇ ਚੁੱਲ੍ਹੇ ਵਿੱਚ ਗੋਹਿਆਂ ਦੀ ਗੋਣੀ ਲਾ ਕੇ ਛੱਡ ਦਿੱਤੀ। ਚੁੱਲ੍ਹਾ ਤਪਾਉਣ ਨੂੰ ਵੱਢਿਆਂ ਰੂਹ ਨਹੀਂ ਸੀ ਕਰ ਰਿਹਾ। ਨਿੰਮੋ ਸਿਰ ਬੰਨ੍ਹ ਕੇ ਸਬਾਤ ਵਿੱਚ ਲਾਣੀ ਮੰਜੀ ਉੱਤੇ ਪੈਂਦ ਵੱਲ ਸਿਰ ਕਰਕੇ ਪਈ ਸੀ।

"ਵੇਖ ਗਾਗਾ ਸਿੰਹਾਂ, ਤਰਕਾਲ ਸੰਧ ਦਾ ਵੇਲਾ ਈ, ਮੈਨੂੰ ਨੀ ਪਤਾ ਸੱਚ ਕੀ ਏ ਤੇ ਝੂਠ ਕੀ? ਜੋ ਵੀ ਏ ਵਾਹਿਗੁਰੂ ਤੋਂ ਤਾਂ ਲੁਕਿਆ ਨਹੀਂ, ਹੈਂ ਕਿਣਾ? ਉਸੇ ਨੂੰ ਜਾਨ ਦੇਣੀ ਆ ਸਭ ਨੇ, ਰਤੀ ਗੌਰ ਕਰੀਂ, ਤੂੰ ਸੁੱਕੀ ਦਰਗਾਹ 'ਤੇ ਬੈਠਾ ਈ, ਤੈਨੂੰ ਲੱਗਦਾ ਆ ਬਈ ਇਹ ਕੰਮ ਆਪਣੇ ਗੋਲੇ ਦਾ ਹੋਊ? ਤੇ ਜੇ ਤੈਨੂੰ ਲੱਗਦਾ ਕਿ ਇਹ ਕੰਮ ਗੋਲੇ ਦਾ ਹੀ ਹੈ ਤਾਂ ਰਹਿਰਾਸ ਦਾ ਵੇਲਾ ਈ, ਚਾਨਣ ਮੱਥੇ ਲੱਗਦਾ ਈ, ਮੈਂ ਆਪ ਆਪਣੇ ਹੱਥੀਂ ਉਹਨੂੰ ਫਾਹੇ ਲਾਊਂ ਸਭ ਦੇ ਸਾਹਮਣੇ, ਇਸੇ ਪਿੱਪਲ ਦੇ ਥੱਲੇ, ਠੰਨੀ ਦੇ ਐਨ ਵਿਚਕਾਰ ਹੈਂ ਕਿਣਾ?" ਪੱਟੇ ਮਿਣ ਮਿਣ ਪਾਲੇ, ਆਪਣੇ ਸਕੇ ਦੇ ਪੁੱਤ ਬਾਰੇ ਇੰਝ ਕਹਿੰਦਿਆਂ ਸੰਗਾਰੇ ਦਾ ਗੱਚ ਭਰ ਆਇਆ। ਗਾਗੀ ਕੁਝ ਵੀ ਬੋਲ ਨਾ ਸਕਿਆ। ਸੰਗਾਰੇ ਦੇ ਚਿਹਰੇ ਵੱਲ ਵੇਖਣ ਦੀ ਉਹਦੀ ਹਿੰਮਤ ਨਾ ਪਈ। ਸ਼ਬਦ ਗਾਗੀ



ਦੇ ਸੰਘ ਵਿੱਚ ਅੜੇ ਰਹੇ। ਸੰਗਾਰੇ ਦੇ ਜਾਣ ਤੋਂ ਬਾਦ ਉਹ ਪੰਦਰਾਂ ਵੀਹ ਮਿੰਟ ਸੋਚਾਂ ਵਿੱਚ ਡੁੱਬਾ ਰਿਹਾ। ਫਿਰ ਉਸਦੇ ਅੰਦਰ ਜਿਵੇਂ ਕੋਈ ਸ਼ੈਅ ਵੜ ਗਈ ਹੋਵੇ। ਵੇਂਹਦਿਆਂ ਵੇਂਹਦਿਆਂ ਉਹਦੇ ਡੇਲੇ ਬਾਹਰ ਨੂੰ ਉਗਲ ਆਏ ਤੇ ਲਾਲ ਭਾਹ ਮਾਰਨ ਲੱਗੇ। ਉਸਦੇ ਹੱਥ ਦਾਤਰ ਪਤਾ ਨਹੀਂ ਕਿੱਥੋਂ ਆ ਗਿਆ ਤੇ ਨਿੰਮੋ ਨੂੰ ਗੁੱਤੋਂ ਫੜ ਧੂਹ ਕੇ ਅੰਦਰ ਵਾੜ ਲਿਆ। ਗੁੱਲਣ ਵੀ ਮਗਰੇ ਡਾਡਾਂ ਮਾਰਦੀ ਅੰਦਰ ਨੂੰ ਭੱਜੀ ਪਰ ਗਾਗੀ ਦੇ ਸਿਰ ਉੱਤੇ ਖ਼ੂਨ ਸਵਾਰ ਸੀ। ਗਾਗੀ ਨੇ ਧੱਕਾ ਮਾਰ ਕੇ ਉਸ ਨੂੰ ਪਿੱਛਾਂਹ ਬਰੂਹਾਂ ਵਿੱਚ ਸੁੱਟ ਦਿੱਤਾ।

"ਹਾਇ ਵੇ ਗਈ ਨਿੰਮੋ, ਹਾਇ ਵੇ ਮਾਰ 'ਤੀ ਵੇ ਲੋਕਾ, ਹਾਇ ਬਹੁੜੀਂ ਵੇ ਰੱਬਾ, ਨਾ ਮਾਰੀਂ ਨਿੰਮੋ ਨੂੰ ਦੁਸ਼ਟਾ, ਹਾਇ ਨਾ ਮਾਰੀਂ, ਵੇ ਲੋਕਾ ਵੱਢ 'ਤੀ ਵੇ ਮੇਰੀ ਲਾਡਾਂ ਨਾਲ ਪਾਲੀ ਧੀ ਹਾਇ ਵੇ ਕੋਈ ਬਚਾ ਲਓ ਮੇਰੀ ਧੀ ਨੂੰ ਵੇ ਵੇ ਲੋਕਾ ਬਹੁੜੀਂ ਵੇ।" ਨਿੰਮੋ ਨੇ ਆਪਣੇ ਬਾਪ ਦਾ ਕਦੀ ਇਹ ਰੂਪ ਨਹੀਂ ਸੀ ਵੇਖਿਆ। ਡਰ ਨਾਲ ਸੁੱਥਣ ਵਿੱਚ ਉਸਦਾ ਪਿਸ਼ਾਬ ਨਿਕਲ ਗਿਆ। ਸਾਹਮਣੇ ਮੌਤ ਨੂੰ ਵੇਖ ਕੇ ਅੱਠਾਂ ਪਹਿਰਾਂ ਦੀ ਵੱਟੀ ਚੁੱਪ ਨੂੰ ਤੋੜਦਿਆਂ ਨਿੰਮੋ ਕੁਰਲਾ ਉੱਠੀ, "ਨਾ ਭਾਪਾ, ਨਾ ਮਾਰੀਂ, ਤਾਰੀ, ਤਾਰੀ, ਫ਼ੌਜ਼ਣ ਤਾਰੀ।" ਦਾਤਰ ਸੁੱਟ ਕੇ ਉਹ ਮੱਥਾ ਫੜ ਕੇ ਉੱਥੇ ਹੀ ਬਹਿ ਗਿਆ। ਹੌਲੀ ਹੌਲੀ ਉਹ ਸਹਿਜ ਹੋ ਗਿਆ। ਨਿੰਮੋ ਗੁੱਲਣ ਦੇ ਗਲ ਨਾਲ ਦੁਬਕੀ ਸਿਸਕਦੀ ਦੱਸ ਰਹੀ ਸੀ-"ਬੀਬੀਏ, ਉਹ ਰੋਜ਼ ਆਉਂਦਾ ਸੀ ਜਦੋਂ ਕੰਮ ਨੂੰ ਚਲੀ ਜਾਂਦੀ ਤੂੰ। ਰੱਜਿਆ ਹੁੰਦਾ ਸੀ ਉਹ ਦਾਰੂ ਨਾਲ, ਉਹਦੇ ਮੂੰਹ ਵਿੱਚੋਂ ਬੜੀ ਬੋਅ ਆਉਂਦੀ। ਹੌਲੀ ਹੌਲੀ ਮੇਰੇ ਪਿੰਡੇ 'ਤੇ ਹੱਥ ਫੇਰਦਾ, ਮੇਰੇ ਗਲਮੇ ਦੇ ਵਿੱਚ ਝਾਤੀਆਂ ਮਾਰਦਾ। ਮੈਂ ਕਿਹਾ, ਫ਼ੌਜ਼ਣ ਜੀ ਕੀ ਕਰਦਾ ਏਂ ਤਾਂ ਕਹਿੰਦਾ-ਮੈਂ ਤੈਨੂੰ ਸ਼ਹਿਰੋਂ ਸੋਹਣੇ ਕੱਪੜੇ ਬਣਾ ਕੇ ਦਿਊਂਗਾ। ਬੀਬੀਏ ਮੈਂ ਜਦੋਂ ਉਹਦੀਆਂ ਗੰਦੀਆਂ ਗੱਲਾਂ ਤੋਂ ਰੋਣ ਲੱਗ ਪਈ ਤਾਂ ਉਹਨੇ ਵੱਡਾ ਸਾਰਾ ਚਾਕੂ ਕੱਢ ਲਿਆ, ਕਹਿੰਦਾ-"ਚੁੱਪਚਾਪ ਕਰੀ ਜਾਏਂਗੀ ਤਾਂ ਚੰਗੀ ਰਹੇਂਗੀ।" ਮੇਰੇ ਹੱਥਾਂ ਪੈਰਾਂ ਨੂੰ ਜਕੜ ਕੇ ਫਿਰ ਗੰਦੇ ਕੰਮ ਕੀਤੇ ਤੇ ਨਾਲੇ ਆਪਣੇ ਮੋਬਾਈਲ ਵਿੱਚ ਭਰ ਲਿਆ, ਕਹਿੰਦਾ-ਜੇ ਕਿਸੇ ਨੂੰ ਦੱਸਿਆ ਤਾਂ ਸਾਰੇ ਪਿੰਡ ਦਿਆਂ ਮੁੰਡਿਆਂ ਨੂੰ ਵਿਖਾਊਂ। ਫਿਰ ਉਹ ਤੀਏ ਚੌਥੇ ਦਿਨ ਆਉਣ ਲੱਗ ਪਿਆ। ਕਹਿੰਦਾ-ਜੇ ਕਿਸੇ ਨੂੰ ਦੱਸਿਆ ਤਾਂ ਕੇਕਣ ਨੂੰ ਮਾਰ ਦੇਵੇਗਾ, ਮੈਂ ਡਰਦੀ ਨੇ ਦੱਸਿਆ ਨਾ, ਫਿਰ ਬੀਬੀਏ ਮੈਨੂੰ ਡਰ ਲੱਗਦਾ ਬੀਬੀਏ ਕਿਤੇ ਉਹ ਹੁਣ ਵੀ ਕੁਛ ਨਾ ਕਿਹੇ ਉਹਨੂੰ ਮੈਨੂੰ ਡਰ ਲੱਗਦੇ ਬੀਬੀਏ ਨੀ" ਉਹਦੀ ਰੋਂਦੀ ਦੀ ਘਿੱਗੀ ਬੱਝ ਗਈ ਸੀ। ਕੰਧਾਂ ਉੱਤੋਂ ਦੀ ਓਕੜ ਓਕੜ ਕੇ ਵੇਖ ਰਹੀਆਂ ਬੁੱਢੀਆਂ ਤੇ ਜਵਾਕ ਹੌਲੀ ਹੌਲੀ ਖਿਸਕਣ ਲੱਗੇ।

ਤੜਕੇ ਠਾਣਾ ਚੜ੍ਹ ਕੇ ਆਇਆ ਸੀ। ਪਿੱਪਲ ਥੱਲੇ ਪਿੰਡ ਦਾ ਨਵਾਂ ਬਣਿਆ ਸਰਪੰਚ ਗਾਗਾ ਸਿੰਘ ਤੇ ਸੰਗਾਰਾ ਸਿੰਘ ਇੱਕੋ ਮੰਜੇ ਦੀ ਹੀਅ ਉੱਤੇ ਬੈਠੇ ਸਨ। ਠਾਣੇਦਾਰ ਕਾਰਵਾਈ ਲਈ ਮੋਹਤਬਰਾਂ ਦੇ ਬਿਆਨ ਲੈ ਰਿਹਾ ਸੀ। ਤਾਰੀ ਦਾ ਭਰਾ ਸਾਲ੍ਹਾ ਠਾਣੇਦਾਰ ਦੇ ਮੂਹਰੇ ਪੈਰਾਂ ਭਾਰ ਬੈਠਾ ਸੀ।

"ਰਸਾਲ ਸਿੰਘ ਉਰਫ਼ ਸਾਲ੍ਹਾ ਵਲਦ ਨੱਥਾ ਸਿੰਘ ਉੱਤੇ ਇਲਜ਼ਾਮ ਹੈ ਕਿ ਉਸਨੇ ਆਪਣੇ ਸਕੇ ਭਰਾ ਤਾਰਾ ਸਿੰਘ ਉਰਫ਼ ਤਾਰੀ ਵਲਦ ਨੱਥਾ ਸਿੰਘ ਵਾਸੀ ਫ਼ਰੀਦੀਪੁਰ ਹਾਲ ਵਾਸੀ ਪਿੰਡ ਭੂਰੇ ਗਿੱਲ ਤਹਿਸੀਲੋਂ ਜ਼ਿਲ੍ਹਾ ਤਰਨ ਤਾਰਨ ਨੂੰ ਮੱਝਾਂ ਵਾਲਾ ਸੰਗਲ ਮਾਰ ਮਾਰ ਕੇ ਕਤਲ

ਕਰ ਦਿੱਤਾ ਹੈ। ਵਾਰਦਾਤ ਵਿੱਚ ਵਰਤਿਆ ਗਿਆ ਸੰਗਲ ਉਕਤ ਦੋਸ਼ੀ ਦੀ ਨਿਸ਼ਾਨਦੇਹੀ ਉੱਤੇ ਵਕੂਏ ਵਾਲੀ ਥਾਂ ਤੋਂ ਬਰਾਮਦ ਕਰ ਲਿਆ ਗਿਆ ਹੈ। ਠੀਕ ਏ ਜਨਾਬ ?" ਕੱਚੀ ਰਿਪੋਰਟ ਲਿਖ ਕੇ ਮੁਨਸ਼ੀ ਨੇ ਮੋਹਤਬਰਾਂ ਦੇ ਦਸਤਖ਼ਤ ਲੈਣ ਲਈ ਠਾਣੇਦਾਰ ਨੂੰ ਪੁੱਛਿਆ।

"ਕਿਉਂ ਭਈ ਭਰਾਵੋ ਠੀਕ ਏ ?" ਠਾਣੇਦਾਰ ਕਾਗਜ਼ ਦਸਤਖ਼ਤਾਂ ਵਾਸਤੇ ਸਰਪੰਚ ਗਾਗਾ ਸਿਉਂ ਅੱਗੇ ਕਰ ਦਿੱਤਾ।

"ਨਹੀਂ ਜਨਾਬ," ਸਭ ਤੋਂ ਪਹਿਲਾਂ ਗਾਗਾ ਸਿੰਘ ਸਰਪੰਚ ਬੋਲਿਆ। ਸਾਰਿਆਂ ਕੰਨ ਚੁੱਕੇ।

"ਸਾਡੇ ਪਿੰਡ ਕੋਈ ਕਤਲ ਨਹੀਂ ਹੋਇਆ। ਤੁਹਾਨੂੰ ਕਿਸੇ ਨੇ ਗਲਤ 'ਤਲਾਹ ਦਿੱਤੀ ਏ।"

"ਕੀ ਮਤਲਬ ਸਰਪੰਚ ਸਾਹਿਬ ?" ਗਾਗੀ ਨੂੰ ਪਹਿਲੀ ਵਾਰ ਕਿਸੇ ਨੇ ਸਰਪੰਚ ਕਿਹਾ ਸੀ, ਉਹ ਵੀ ਕਿਸੇ ਠਾਣੇਦਾਰ ਨੇ। ਉਹਨੇ ਵੀ ਸੋਚ ਲਿਆ ਕਿ ਹੁਣ ਸਰਪੰਚੀ ਕਰਕੇ ਵਿਖਾਉਣੀ ਏ।

"ਜਨਾਬ, ਤਾਰਾ ਸਿਉਂ ਨੂੰ ਕਿਸੇ ਨੇ ਕਤਲ ਨਹੀਂ ਕੀਤਾ, ਇਹ ਤਾਂ ਤ੍ਰਕਾਲੀਂ ਡੰਗਰ ਮੋੜਾਂ ਨਵ੍ਹਾਉਣ ਗਿਆ ਸੀ, ਮੈਂ ਖੁਦ ਵੇਖਿਆ, ਸੰਗਲ ਵਿੱਚ ਇਹਨੇ ਆਪਣਾ ਗੁੱਟ ਫਸਾਇਆ ਸੀ ਭੀ ਡੰਗਰ ਭੱਜਣ ਨਾ। ਪਰ ਡੰਗਰ ਭੂਤਰ ਪਏ ਤੇ ਭੱਜ ਪਏ। ਤਾਰਾ ਸਿਉਂ ਵਿਚਾਰਾ ਤਾਂ ਘਸੀਟਣ ਨਾਲ ਮੋਰੇ ਵਿਹੰਦਿਆਂ ਵਿਹੰਦਿਆਂ ਦਮ ਤੋੜ ਗਿਆ, ਕਿਹੜਾ ਕਤਲ ਤੇ ਕਿਹੜਾ ਕਾਤਲ, ਠਾਣੇਦਾਰ ਸਾਹਿਬ ?" ਠੱਠੀ ਵਾਲੇ ਹੀ ਨਹੀਂ ਸਾਰੇ ਜੱਟਾਂ ਵੀ ਉਸਦੀ ਹਾਮੀ ਭਰੀ। ਜਦੋਂ ਸਾਰੇ ਪਿੰਡ ਨੇ ਇੱਕੋ ਸੁਰ ਵਿੱਚ ਸ਼ਾਲੂ ਨੂੰ ਬੇਕਸੂਰ ਸਾਬਿਤ ਕਰ ਦਿੱਤਾ ਤਾਂ ਠਾਣੇਦਾਰ ਬੇਵੱਸ ਹੋ ਗਿਆ। ਕੱਚੀ ਰਿਪੋਰਟ ਵਾਲਾ ਕਾਗਜ਼ ਪਾੜ ਕੇ ਉਸ ਠੱਠੀ ਵਿੱਚ ਹੀ ਸੁੱਟ ਦਿੱਤਾ ਤੇ ਪਿੰਡ ਵਾਲਿਆਂ ਉੱਤੇ ਖਾਲੀ ਜਿਹੀ ਨਿਗਾਹ ਸੁੱਟ ਕੇ ਠਾਣੇਦਾਰ ਗੱਡੀ ਵਿੱਚ ਬਹਿ ਗਿਆ।

ਝਬਾਲ ਦੇ ਰਾਹ ਜਾਂਦੀ ਗੱਡੀ ਪਿੱਛੇ ਕਾਲਾ ਧੂੰਆਂ ਛੱਡਦੀ ਜਾ ਰਹੀ ਸੀ।

ਠੱਠੀ ਵਿੱਚ ਚੁੱਪ ਛਾਂ ਸੀ। ਦਰਸ਼ੋ ਨੇ ਸਿਰਹਾਣੇ ਬਾਂਹ ਰੱਖ ਕੇ ਸੋਚੀਂ ਪਏ ਸ਼ਾਲੇ ਨੂੰ ਨਹਾਉਣ ਲਈ ਕਹਿ ਕੇ ਆਪਣੇ ਪਿੰਡੇ ਉੱਤੇ ਵੀ ਪਾਣੀ ਪਾ ਲਿਆ ਸੀ। ਅੱਜ ਬੜੇ ਚਿਰ ਬਾਦ ਦਰਸ਼ੋ ਨੂੰ ਆਪਣਾ ਸਰੀਰ ਹੌਲਾ ਫੁੱਲ ਜਾਪਿਆ ਸੀ। ਮੜ੍ਹੀਆਂ ਵਿੱਚ ਬਲਦਾ ਤਾਰੀ ਦਾ ਸਿਵਾ ਪੂਰੀ ਤਰ੍ਹਾਂ ਮਘ ਉੱਠਿਆ ਸੀ।

ਬਾਬੇ ਸੋਮੇ ਨੇ ਸੰਖ ਪੂਰ ਕੇ ਰਹਿਰਾਸ ਦਾ ਪਾਠ ਸ਼ੁਰੂ ਕਰ ਦਿੱਤਾ ਸੀ-'ਹਰਣਾਖਸ ਦੁਸਟ ਹਰਿ ਮਾਰਿਆ।' ਠੱਠੀ 'ਚੋਂ ਆਉਂਦੀ ਚਮਕੀਲੇ ਦੇ ਗਾਣਿਆਂ ਦੀ ਆਵਾਜ਼ ਹੋਰ ਉੱਚੀ ਹੋ ਗਈ।

———0———



# ਕਪਾਹ ਦੀਆਂ ਢੇਰੀਆਂ/ਪਰਵੇਜ਼ ਕੌਰ ਸੰਧੂ

.........ਅਕਸਰ ਹੀ ਜਦੋਂ ਰਾਤ ਦੇ ਹਨੇਰੇ ਵਿੱਚ ਸਾਰਾ ਘਰ ਘੂਕ ਸੁੱਤਾ ਪਿਆ ਹੁੰਦੈ ਤਾਂ ਮੇਰੇ ਸਿਰ ਵਿੱਚ ਮੇਰਾ ਪਿੰਡ ਜਾਗ ਰਿਹਾ ਹੁੰਦੈ ? ਮੇਰਾ ਪਿੰਡ ... ਪਿੰਡ ਦੀਆਂ ਗਲੀਆਂ ... ਖੇਤ ... ਡੰਡੀਆਂ ... ਪਗਡੰਡੀਆਂ ... ਪਿੰਡ ਦਾ ਗੁਰਦਵਾਰਾ ... ਪਿੰਡ ਦੇ ਘਰ ਚੁਬਾਰੇ ... ਤੇ ਉਹਨਾਂ ਘਰਾਂ ਚੁਬਾਰਿਆਂ 'ਚ ਵੱਸਦੇ ਉਹ ਲੋਕ ਜਿਨ੍ਹਾਂ ਨੂੰ ਛੱਡਿਆਂ ਜੁੱਗ ਬੀਤ ਗਏ ਨੇ ? ਪਰ ਫੇਰ ਵੀ ਪਿੰਡ ਰੂਹ ਦੀ ਕਿਸੇ ਨੁੱਕਰੇ ਜਿਉਂ ਦਾ ਤਿਉਂ ਹੀ ਵੱਸਦਾ ਹੈ ? ਐਨੇ ਵਰ੍ਹਿਆਂ 'ਚ ਉਹ ਪਹਿਲਾਂ ਵਾਲਾ ਹੋਰਵਾ ਨਹੀਂ ਰਿਹਾ ? ਪਰ ਫੇਰ ਵੀ ਦਿਲ ਦੇ ਅੰਦਰ ਪਿੰਡ ਅਜੇ ਵੀ ਧੜਕਦਾ ਹੈ ? ਉਥੇ ਵੱਸਦੇ ਲੋਕ, ਰਿਸ਼ਤੇਦਾਰ, ਦੋਸਤ ਸਹੇਲੀਆਂ ਕਦੇ ਕਦਾਈਂ ਧੜਕਨ ਬਣਕੇ ਸਾਹਾਂ 'ਚ ਆ ਵੱਸਦੇ ਨੇ ?

ਨਿੱਕਾ ਜਿਹਾ ਪਿੰਡ ? ਇੱਕ ਪਾਸਿਉਂ 'ਵਾਜ਼ ਮਾਰੋ ਤਾਂ ਦੂਜੇ ਪਾਸੇ ਜਾ ਕੇ ਸੁਣ ਲਵੋ ? ਇੱਕੋ ਗੁਰਦਵਾਰਾ ... ਹਰ ਐਤਵਾਰ ਰੰਗ ਬਿਰੰਗੇ ਦੁਪੱਟੇ ਗੁਰਦਵਾਰੇ ਦੇ ਰਾਹ 'ਚ ਉੱਡਦੇ ਦਿੱਸਦੇ ... ਹੱਸਦੇ ਫਿਰਦੇ ਲੋਕਾਂ ਨੂੰ ਜਿਵੇਂ ਹਰ ਐਤਵਾਰ ਮੇਲੇ ਜਿੰਨਾ ਚਾਅ ਹੁੰਦਾ ? ਬਚਪਨ ਵਿੱਚ ਹਰ ਗੂਹੜੇ ਰੰਗ ਨਾਲ ਮੁਹੱਬਤ ਹੋ ਜਾਂਦੀ ਹੈ ਪਰ ਫਿੱਕੇ ਰੰਗਾਂ ਦੀ ਉਦਾਸੀ ਦੇ ਭੇਤ ਨੂੰ ਜਾਨਣ ਜਿੰਨੀ ਅਕਲ ਨਹੀਂ ਹੁੰਦੀ ? ਉੱਚੇ ਚੁਬਾਰਿਆਂ 'ਚ ਰਹਿਣ ਵਾਲੇ ਨਿਆਣਿਆਂ ਨੂੰ ਕੱਚੀਆਂ ਕੋਠੜੀਆਂ ਵਿੱਚ ਵਸਦੇ ਬਚਪਨ ਦੇ ਦਰਦ ਦਾ ਅਹਿਸਾਸ ਨਹੀਂ ਹੁੰਦਾ ... ਬਚਪਨ ਕੀ ਜਾਣੇ ਬੁਢਾਪੇ ਦੀ ਡੰਗੋਰੀ ਦੀ ਮਜਬੂਰੀ ਨੂੰ ...... ਪਰ ਕੁਝ ਸੀ ਜਿਹੜਾ ਮੇਰੇ ਅੰਦਰ ਉਦੋਂ ਵੀ ਮਘਦਾ ਸੀ ਜਦੋਂ ਮੇਰਾ ਬਚਪਨ ਉਸ ਪਿੰਡ ਦੇ ਰਾਹਾਂ ਵਿੱਚ ਬੇਖੌਫ ਦੌੜਿਆ ਫਿਰਦਾ ਸੀ ?

ਪਿੰਡ ਵਿੱਚ ਇੱਕੋ ਗੁਰਦਵਾਰਾ ਸੀ ਪਰ ਇੱਕੋ ਪਿੰਡ ਵਿੱਚ ਦੋ ਸਿਵੇ ? ਜਿਉਂਦੇ ਲੋਕ ਇੱਕੋ ਪਿੰਡ ਵਿੱਚ ਰਹਿੰਦੇ ਨੇ ਤੇ ਮਰਨ ਤੋਂ ਬਾਅਦ ਵੱਖਰੇ ਸਿਵਿਆਂ 'ਚ ਕਿਉਂ ਜਾਂਦੇ ਨੇ ? ਇੱਕ ਸਿਵੇ ਵਿੱਚ ਸਿਰਫ਼ ਪਿੰਡ ਦੇ ਇੱਕ ਵਰਗ ਦੇ ਲੋਕਾਂ ਦੀ ਅਰਥੀ ਜਾਂਦੀ ਹੈ ਤੇ ਦੂਜੇ ਵਿੱਚ ਪਿੰਡ ਦੇ ਇੱਕ ਦੂਜੇ ਵਰਗ ਦੇ ਲੋਕ ਤੇ ਮਰੇ ਪਸ਼ੂਆਂ ਨੂੰ ਲੈ ਕੇ ਕਿਉਂ ਜਾਂਦੇ ਨੇ ? ਜਦੋਂ ਮੇਰੇ ਬਚਪਨ ਨੇ ਆਲੇ ਦੁਆਲੇ ਨੂੰ ਸਮਝਣਾ ਸ਼ੁਰੂ ਕੀਤਾ ਸੀ ਉਦੋਂ ਤੋਂ ਹੀ ਇਹਨਾ ਗੱਲਾਂ ਦੇ ਸਵਾਲ ਜਵਾਬ ਮੇਰੇ ਅੰਦਰ ਜਗਣ ਬੁਝਣ ਲੱਗ ਪਏ ਸੀ ਤੇ ਮੈਨੂੰ ਅੱਜ ਵੀ ਯਾਦ ਹੈ ਕਿ ਪਿੰਡ ਦੇ ਵੱਡੇ ਸਿਵਿਆਂ ਕੋਲੋਂ ਲੰਘਣ ਲੱਗਿਆਂ ਮੇਰੇ ਅੰਦਰੋਂ ਤ੍ਰਾਹ ਨਿੱਕਲ ਜਾਂਦੀ ਸੀ ਪਰ ਪਿੰਡ ਦੇ ਬਾਹਰ ਵਾਲੇ ਸਿਵਿਆਂ ਕੋਲੋਂ ਮੈਨੂੰ ਕਦੇ ਡਰ ਨਹੀਂ ਸੀ ਲੱਗਿਆ ਪਰ ਉਥੋਂ ਲੰਘਣ ਲੱਗਿਆਂ ਕੁਝ ਸਵਾਲ ਮੇਰੇ ਅੰਦਰ ਜ਼ਰੂਰ ਉੱਠਦੇ . ਇਹਨਾਂ ਸਿਵਿਆਂ ਨੂੰ ਹੱਡਾਰੋੜੀ ਕਿਉਂ ਕਹਿੰਦੇ ਨੇ ? ਹਰ ਵਾਰ ਮੇਰੇ ਅੰਦਰੋਂ ਸਵਾਲ ਉੱਠਦਾ ... ਇਹਨਾਂ ਸਵਾਲਾਂ ਨੂੰ ਸੋਚਦਿਆਂ ਸ਼ਾਇਦ ਡਰ ਨਾਂ ਦੀ ਚੀਜ਼ ਨੂੰ ਭੁੱਲ ਜਾਂਦੀ ਸਾਂ ?

ਸ਼ਾਇਦ ਅਜਿਹੇ ਸਵਾਲ ਮੇਰੇ ਅੰਦਰ ਮੇਰੇ ਬਾਪੂ ਨੇ ਬੀਜੇ ਸਨ ? ਜਾਤਾਂ ਧਰਮਾਂ ਨੂੰ ਨਾ ਮੰਨ ਕੇ ਹਰ ਗਰੀਬ ਗੁਰਬੇ ਦੀ ਲੋੜ ਵੇਲੇ ਨਾਲ ਖੜਨਾ ਮੇਰੇ ਬਾਪੂ ਦੇ ਅਣਗਿਣਤ ਗੁਣਾਂ ਵਿਚੋਂ

ਇੱਕ ਵੱਡਾ ਗੁਣ ਇਹ ਵੀ ਸੀ ? ਇਹ ਮੇਰਾ ਬਾਪੂ ਹੀ ਸੀ ਜਿਹੜਾ ਸਵੇਰੇ ਸਵੇਰੇ ਘਰੋਂ ਖੇਤਾਂ ਨੂੰ ਜਾਂਦਾ ਆਪਣੇ ਨਾਲ ਕੰਮ ਕਰਨ ਵਾਲਿਆਂ ਨੂੰ 'ਵਾਜ ਮਾਰਨ ਗਿਆ ਉਹਨਾਂ ਦੇ ਘਰ ਚਾਹ ਪੀ ਜਾਂਦਾ ਸੀ ਤੇ ਕਈ ਵਾਰ ਇਸ ਗੱਲ ਨੂੰ ਵੱਡੀ ਬਣਾ ਕੇ ਗੁਆਂਢੀ ਬਾਹਮਣਾ ਦੀ ਬਜ਼ੁਰਗ ਔਰਤ ਮੇਰੇ ਬਾਪੂ ਨਾਲ ਲੜਨ ਆ ਜਾਇਆ ਕਰਦੀ ਸੀ ਤੇ ਮੇਰੇ ਬਾਪੂ ਨੇ ਹੱਸ ਕੇ ਕਹਿ ਦੇਣਾ,

"ਬੁੜੀਏ ਚਾਹ ਮੈਂ ਪੀਤੀ ਐ, ਪਤਾ ਨਹੀਂ ਤੇਰਾ ਢਿੱਡ ਕਿਉਂ ਦੁਖਣ ਲੱਗ ਪੈਂਦਾ।"

ਤੇ ਉਹ ਬੁੜ ਬੁੜ ਕਰਦੀ ਆਪਣੇ ਘਰੇ ਜਾ ਵੜਦੀ ਉਸ ਵੇਲੇ ਮੈਨੂੰ ਆਪਣੇ ਬਾਪੂ ਵਿਚੋਂ ਕਿਸੇ ਹੋਰ ਦੀ ਤਸਵੀਰ ਦਿੱਸਦੀ ? ਬਚਪਨ ਵਾਲੀ ਅਕਲ ਹੌਲੀ ਹੌਲੀ ਵੱਡੀ ਹੁੰਦੀ ਜਾ ਰਹੀ ਸੀ ਤੇ ਉਮਰ ਦੇ ਨਾਲ ਨਾਲ ਅਜਿਹੇ ਸਵਾਲ ਹੋਰ ਉੱਠਣ ਲੱਗ ਪਏ ਸੀ ? ਐਨਾ ਵਖਰੇਵਾਂ ਕਿਉਂ ਸੀ ? ਇਹ ਕਦੇ ਸਮਝ ਨਹੀ ਸੀ ਆਈ ... ਬਚਪਨ ਚਲਾ ਗਿਆ ..... ਦਿਨ ਲੰਘਦੇ ਗਏ ਪਰ ਪਿੰਡ ਦੀ ਨੁਹਾਰ ਨਹੀਂ ਬਦਲੀ ? ਪਿੰਡ ਛੱਡਿਆਂ ਜੁਗੜੇ ਬੀਤ ਗਏ ਨੇ ?

ਸੁਣੀਐ ਹੁਣ ਪਿੰਡ ਬਦਲ ਗਿਆ ਹੈ ? ਪਿੰਡ ਦੇ ਲੋਕ ਬਦਲ ਗਏ ਨੇ ?

ਪਿੰਡ ਕਿਵੇਂ ਬਦਲਿਆ ਹੋਵੇਗਾ ? ਉਥੋਂ ਦੇ ਲੋਕ ਕਿਸ ਬਦਲੇ ਹੋਣਗੇ ?

ਸ਼ਾਇਦ ਹੁਣ ਉਥੇ ਹਰ ਗਰੀਬ ਅਮੀਰ ਦੇ ਘਰਾਂ ਦੀਆਂ ਛੱਤਾਂ ਦੇ ਰੰਗ ਇੱਕੋ ਜਿਹੇ ਹੋਣਗੇ ?

ਜਾਂ ਫਿਰ ਹੁਣ ਪਿੰਡ ਦੀ ਸ਼ਮਸ਼ਾਨ ਘਾਟ ਵਿੱਚ ਜਾਤਾਂ ਤੇ ਧਰਮ ਨਹੀਂ ਪਰਖੇ ਜਾਂਦੇ ਹੋਣਗੇ ?

ਜਾਂ ਫੇਰ ਸ਼ਾਇਦ ਹੁਣ ਮੇਰੇ ਪਿੰਡ ਦੀਆਂ ਕਪਾਹ ਚੁਗਦੀਆਂ ਔਰਤਾਂ ਦੇ ਨਿਆਣੇ ਭਾਰੀਆਂ ਫੁੱਲਾਂ ਵਾਲੀਆਂ ਮਹਿੰਗੀਆਂ ਨਿੱਘੀਆਂ ਰਜਾਈਆਂ ਵਿੱਚ ਸੌਂਦੇ ਹੋਣਗੇ ?

ਅਕਸਰ ਬੇਤੁਕੇ ਸਵਾਲਾਂ ਦੇ ਜਵਾਬ ਆਪਣੇ ਅੰਦਰੋਂ ਲੱਭਦੀ ਮੈਂ ਬਚਪਨ ਦੀਆਂ ਯਾਦਾਂ ਵਿੱਚ ਗੁਆਚ ਜਾਂਦੀ ਹਾਂ ਜਦੋਂ ਮੇਰੀ ਮਾਂ ਗਰੀਬ ਔਰਤਾਂ ਦੇ ਝੁੰਡ ਨਾਲ ਕਪਾਹ ਚੁਗਣ ਜਾਇਆ ਕਰਦੀ ਸੀ ? ਮਾਂ ਦੀਆਂ ਉਹ ਸਾਥਣਾਂ ਸਾਰਾ ਦਿਨ ਸਹੇਲੀਆਂ ਵਾਂਗ ਹੱਸਦੀਆਂ, ਖੇਡਦੀਆਂ ਗੀਤ ਗਾਉਂਦੀਆਂ ਮਾਂ ਦੇ ਨਾਲ ਖੇਤਾਂ 'ਚ ਪਿੰਨ ਤੇ ਝੋਲੀਆਂ ਖਨੀ ਕਪਾਹ ਚੁਗਦੀਆਂ ਰਹਿੰਦੀਆਂ ਤੇ ਦਿਨ ਦੇ ਅਖੀਰ 'ਚ ਆਪੋ ਆਪਣੀ ਝੋਲੀ ਦੀ ਕਪਾਹ ਨੂੰ ਮਾਂ ਦੇ ਵਿਹੜੇ ਵਿੱਚ ਢੇਰੀ ਕਰਕੇ ਆਪ ਦੂਰ ਬੈਠ ਜਾਂਦੀਆਂ ? ਇਹੀ ਔਰਤਾਂ ਜਿਹੜੀਆਂ ਮੇਰੀ ਮਾਂ ਨਾਲ ਰਲ ਕੇ ਸਾਰਾ ਦਿਨ ਹੱਸਦੀਆਂ ਤੇ ਮਖੌਲ ਕਰਦੀਆਂ ਪਰ ਦਿਨ ਦੇ ਅਖੀਰ ਵਿੱਚ ਦੂਰ ਪੈਰਾਂ ਭਰ ਇਉਂ ਬੈਠ ਜਾਂਦੀਆਂ ਜਿਵੇਂ ਮੇਰੀ ਮਾਂ ਨੂੰ ਇਹ ਜਾਣਦੀਆਂ ਵੀ ਨਾ ਹੋਣ ? ਆਪਣੀਆਂ ਚੁੰਨੀਆਂ ਦੀਆਂ ਬੁੱਕਲਾਂ ਠੀਕ ਕਰਦੀਆਂ ਉਹ ਚੁੱਪ ਚਾਪ ਕਦੇ ਮਾਂ ਵੱਲ ਦੇਖਦੀਆਂ, ਕਦੇ ਕਪਾਹ ਨੂੰ ਘੂਰਦੀਆਂ।

ਤੇ ਮੇਰੀਆਂ ਨਿਆਣੀਆਂ ਨਜ਼ਰਾਂ ਨੂੰ ਚੰਗਾ ਨਾ ਲੱਗਦਾ ... ?

ਤੇ ਮੇਰੀ ਮਾਂ ਕੱਲੀ ਕੱਲੀ ਝੋਲੀ ਦੀ ਕਪਾਹ ਦੇ ਦੋ ਹਿੱਸੇ ਬਣਾ ਦਿੰਦੀ ... ਦੇਖਦਿਆਂ ਦੇਖਦਿਆਂ ਹਰ ਝੋਲੀ ਵਿਚੋਂ ਚਿੱਟੀ ਦੁੱਧ ਕਪਾਹ ਦਾ ਇੱਕ ਵੱਡਾ ਢੇਰ ਬਣ ਜਾਂਦਾ ਤੇ ਇੱਕ ਨਿੱਕੀ ਜਿਹੀ ਢੇਰੀ ਕਪਾਹ ਚੁਗਣ ਵਾਲੀ ਦੀ ਝੋਲੀ ਵਿੱਚ ਮੁੜ ਪੈ ਜਾਂਦੀ ਤੇ ਉਹ ਔਰਤਾਂ ਜਿਹੜੀਆਂ ਸਾਰਾ ਦਿਨ ਮਾਂ ਨਾਲ ਮਿਹਨਤ ਕਰਦੀਆਂ ਮੁੜਕੋ ਮੁੜਕੀ ਹੁੰਦੀਆਂ ਉਹ ਕਪਾਹ ਦੀ ਨਿੱਕੀ ਜਿਹੀ ਢੇਰੀ ਚੁੱਕ ਕੇ ਮਾਂ ਨੂੰ ਅਸੀਸਾਂ ਦਿੰਦੀਆਂ ਹੋਈਆਂ ਆਪੋ ਆਪਣੇ ਰਾਹ ਪੈ ਜਾਂਦੀਆਂ ..... ਤੇ ਮੈਨੂੰ ਆਪਣੀ ਮਾਂ ਬੜੀ ਬੇਈਮਾਨ ਲੱਗਦੀ ?



ਇਹ ਫਰਕ ਮੈਨੂੰ ਸਮਝ ਨਾ ਆਉਂਦਾ ... ਤੇ ਮੇਰੀ ਮਾਂ ਨੂੰ ਮੇਰੇ ਸਵਾਲਾਂ ਦੇ ਜਵਾਬ ਕਦੇ ਨਾ ਅਹੁੜਦੇ ?

ਜਦੋਂ ਪਿੰਡ ਦੇ ਬਦਲਾਅ ਬਾਰੇ ਸੋਚਦੀ ਹਾਂ ਤਾਂ ਲੱਗਦਾ ਹੈ ਸ਼ਾਇਦ ਹੁਣ ਕਪਾਹ ਦੀਆਂ ਢੇਰੀਆਂ ਬਰਾਬਰ ਹੋ ਗਈਆਂ ਹੋਣ ਪਰ ਜਦੋਂ ਵੀ ਸਾਲਾਂ, ਵਰ੍ਹਿਆਂ ਬਾਅਦ ਜਦੋਂ ਵੀ ਪਿੰਡ ਜਾਂਦੀ ਹਾਂ ਕੁਝ ਨਵੇਂ ਸਵਾਲ ਤੇ ਕੁਝ ਦਰਦ ਸੂਟਕੇਸ 'ਚ ਭਰ ਕੇ ਲੈ ਆਉਂਦੀ ਹਾਂ ?

ਮੇਰਾ ਪਿੰਡ ਅਜੇ ਵੀ ਜਿਉਂ ਦਾ ਤਿਉਂ ਹੀ ਹੈ ? ਪਿੰਡ ਵੜਦਿਆਂ ਅਜੇ ਵੀ ਸਭ ਤੋਂ ਪਹਿਲਾਂ ਮੇਰਾ ਸਿਰ ਪਿੰਡ ਦੀ ਹੱਡਾਰੋੜੀ ਮੂਹਰੇ ਹੀ ਝੁਕਦਾ ਹੈ . ਹਰ ਮੰਦਰ ਮਸਜਿਦ ਗੁਰਦਵਾਰੇ ਤੇ ਪਿੰਡ ਦੇ ਮਸਾਣ, ਜਿਥੇ ਸਾਡੇ ਵੱਡੇ ਵਡੇਰੇ ਵੱਸਦੇ ਨੇ, ਉਸ ਥਾਂ ਤੇ ਸਿਰ ਨੀਵਾਂ ਕਰ ਕੇ ਲੰਘਣਾ ਵੀ ਮੇਰੇ ਬਾਪੂ ਨੇ ਹੀ ਸਿਖਾਇਆ ਸੀ ਜਿਹੜਾ ਐਨੇ ਵਰ੍ਹਿਆਂ ਬਾਅਦ ਮੈਨੂੰ ਕਦੇ ਨਹੀਂ ਭੁੱਲਿਆ ..... ਤੇ ਪਿੰਡ ਵੜਦਿਆਂ ਇਹ ਪਹਿਲੀ ਥਾਂ ਹੈ ਜਿਸ ਨਾਲ ਮੇਰਾ ਸਾਹਮਣਾ ਹੁੰਦਾ ਹੈ .. ਜਿੱਥੇ ਅਜੇ ਵੀ ਇੱਕ ਪਾਸੇ ਪਸ਼ੂਆਂ ਦੇ ਪਿੰਜਰਾਂ ਨੂੰ ਗਿਰਝਾਂ ਨੇ ਘੇਰਿਆ ਹੁੰਦਾ ਹੈ ਤੇ ਥੋੜ੍ਹੀ ਦੂਰ ਕਿਸੇ ਇਨਸਾਨ ਦੇ ਬੁਝੇ ਸਿਵੇ ਦੀ ਸੁਆਹ .....?

"ਮੈਂ ਇਸ ਪਿੰਡ ਦੀ ਧੀ ਹਾਂ ?"

ਜਿਥੇ ਇਨਸਾਨਾਂ ਤੇ ਮੱਝਾਂ, ਕੱਟੀਆਂ, ਬਲਦਾਂ ਦਾ ਇੱਕੋ ਸਿਵੇ ਵਿੱਚ ਸਸਕਾਰ ਕੀਤਾ ਜਾਂਦਾ ਹੈ ?

ਤੇ ਮੈਂ ਕੋਲੋਂ ਲੰਘਣ ਲੱਗਿਆ ਸ਼ਰਮਸਾਰ ਜ਼ਰੂਰ ਹੁੰਦੀ ਹਾਂ ? ਉਂਜ ਪਿੰਡ ਦੇ ਗੁਰਦਵਾਰੇ ਦਾ ਅਹਾਤਾ ਕਹਿੰਦੇ ਨੇ ਸੰਗਮਰਮਰ ਦਾ ਬਣਾ ਲਿਆ ਗਿਆ ਹੈ।

ਮੈਨੂੰ ਕੁਝ ਬਦਲਿਆ ਨਹੀਂ ਦਿਸਦਾ ? ਕੁਝ ਬੇਵੱਸ ਚਿਹਰੇ ਕੁੱਝ ਮਜਬੂਰ ਨਕਸ਼ ਮੇਰੀ ਰੂਹ ਦੀਆਂ ਨੁੱਕਰਾਂ ਮੱਲ ਬੈਠਦੇ ਨੇ ? ਉਹਨਾਂ ਲੋਕਾਂ ਦੀਆਂ ਤੰਗੀਆਂ ਤੁਰਸ਼ੀਆਂ ਭਰੀ ਜ਼ਿੰਦਗੀ ਦੇਖ ਕੇ ਭਾਰਾ ਮਨ ਲੈ ਕੇ ਪਿੰਡੋਂ ਮੁੜ ਆਉਂਦੀ ਹਾਂ ? ਕੁਝ ਅਜਿਹੇ ਲੋਕ ਮੇਰੀ ਰੂਹ ਵਿੱਚ ਉਦੋਂ ਤੱਕ ਲੁਕਣਮੀਚੀ ਖੇਡਦੇ ਰਹਿੰਦੇ ਨੇ ਜਦੋਂ ਤੱਕ ਉਹ ਮੇਰੇ ਅੱਖਰਾਂ ਵਿੱਚ ਨਹੀਂ ਢਲ ਜਾਂਦੇ ?

ਉਹ ਲੋਕ ਬਚਪਨ ਵਿੱਚ ਵੀ ਉਥੇ ਸਨ ? ? ਉਹਨਾਂ ਦੀਆਂ ਘੁਟਣ ਭਰੀਆਂ ਜ਼ਿੰਦਗੀਆਂ ਵੀ ਉਥੇ ਹੀ ਸਨ ਪਰ ਉਦੋਂ ਇਹਨਾਂ ਗੱਲਾਂ ਬਾਰੇ ਸੋਚਣ ਵਾਲੀ ਐਨੀ ਮੱਤ ਨਹੀਂ ਸੀ . ਉਦੋਂ ਕਪਾਹ ਦੀਆਂ ਵੱਡੀਆਂ ਛੋਟੀਆਂ ਢੇਰੀਆਂ ਪਿਛਲੇ ਕੌੜੇ ਸੱਚ ਦੀ ਸੂਝੀ ਨਹੀਂ ਸੀ ? ਬਚਪਨ 'ਚ ਜਿਨ੍ਹਾਂ ਚੀਜ਼ਾਂ ਦਾ ਅਹਿਸਾਸ ਵੀ ਨਹੀਂ ਹੁੰਦਾ ਵੱਡੇ ਹੋ ਕੇ ਉਹੀ ਗੱਲਾਂ ਦੇ ਮਤਲਬ ਬਦਲ ਜਾਂਦੇ ਨੇ ? ਵੱਡਿਆਂ ਦੀਆਂ ਜਿਹੜੀਆਂ ਗੱਲਾਂ ਤੇ ਉਦੋਂ ਹਾਸਾ ਆ ਜਾਇਆ ਕਰਦਾ ਸੀ ਉਹਨਾਂ ਗੱਲਾਂ ਦੇ ਮਾਇਨੇ ਹੁਣ ਸਮਝ ਆਉਂਦੇ ਨੇ ਤੇ ਫੇਰ ਦਿਲ ਕਿਧਰੇ ਡੂੰਘੀ ਉਦਾਸੀ 'ਚ ਡੁੱਬ ਜਾਂਦਾ ਹੈ ?

ਇਸ ਵਾਰ ਪਿੰਡ ਗਈ ਤਾਂ ਉਥੋਂ ਮੁੜਦਿਆਂ ਕਿੰਨਾ ਸਾਰਾ ਚੇਤ ਨਾਲ ਹੀ ਚੁੱਕ ਲਿਆਈ। ਮਾਂ ਦੇ ਨਾਲ ਕਪਾਹ ਚੁਗਦੀਆਂ ਉਹ ਔਰਤਾਂ ਚੇਤੇ ਆਈਆਂ ...ਕਪਾਹ ਦੀਆਂ ਵੱਡੀਆਂ ਛੋਟੀਆਂ ਢੇਰੀਆਂ ਕਈ ਵਾਰ ਮੇਰੀਆਂ ਅੱਖਾਂ ਮੂਹਰੇ ਆ ਕੇ ਕਦੇ ਖਿੜ ਖਿੜ ਹੱਸੀਆਂ ਤੇ ਕਦੀ ਵਾਰ ਉਦਾਸ ਹੋਈਆਂ। ਵੈਸੇ ਪਿੰਡ ਵਿੱਚ ਕੁਝ ਬਦਲ ਤਾਂ ਗਿਆ ਸੀ। ਕੱਚੇ ਘਰਾਂ ਦੀ ਥਾਂ ਪੱਕੇ ਬਣ ਗਏ ਸੀ। ਲੋਕਾਂ ਨੇ ਆਪਣੇ ਘਰਾਂ ਦੇ ਲੋਹੇ ਦੇ ਗੇਟ ਹੋਰ ਵੀ ਵੱਡੇ ਕਰ ਲਏ ਸੀ। ਵੱਡੀਆਂ-ਵੱਡੀਆਂ ਕੋਠੀਆਂ ਤੇ ਕਾਰਾਂ ਨੂੰ ਦੇਖ ਕੇ ਇੱਕ ਪਲ ਲਈ ਤਾਂ ਮਹਿਸੂਸ ਹੋਇਆ ਸੀ ਜਿਵੇਂ ਹੁਣ ਇਸ ਪਿੰਡ ਵਿੱਚ ਸਾਰੇ ਬਰਾਬਰ ਹੋਣਗੇ ....ਜੇ ਬਹੁਤਾ ਨਹੀ ਤਾਂ ਕੁਝ ਤਾਂ ਬਦਲਿਆ ਹੋਵੇਗਾ। ਕਿੰਨੇ ਦਿਨ ਸੋਚਦੀ ਰਹੀ ਸਾਂ।

ਪਿੰਡ 'ਚ ਬਹੁਤ ਸਾਰੇ ਨਵੇਂ ਚਿਹਰੇ ਦੇਖ ਕੇ ਮੈਨੂੰ ਆਪਣਾ ਆਪ ਬੇਗਾਨਾ ਜਾਪਿਆ ਸੀ, ਨਵੀਂ ਪੀੜੀ ਲਈ ਮੈਂ ਕੋਈ ਪੁਰਾਣੀ ਜਿਹੀ ਖ਼ਬਰ ਸਾਂ। ਉਹ ਪਿੰਡ ਦੀਆਂ ਗਲੀਆਂ ਜਿੱਥੇ ਮੈਂ ਬਿਨਾ ਨਾਗਾ ਭੱਜਦੀ ਫਿਰਦੀ ਸਾਂ .. ਗੁਆਂਢੀਆਂ ਦੇ ਬੂਹੇ ਜਿਹੜੇ ਕਦੇ ਮੇਰੇ ਲਈ ਬੰਦ ਨਹੀਂ ਸੀ ਹੋਏ ਹੁਣ ਮੇਰੇ ਹੱਥਾਂ ਦੀ ਦਸਤਕ ਨਾਲ ਕੁਝਕ ਜਾਂਦੇ ਸਨ। ਕੁਝ ਪਿੰਜਰ ਹੋਏ ਸਿਆਣੇ ਬਜ਼ੁਰਗਾਂ ਦੇ ਕੰਬਦੇ ਹੱਥਾਂ ਨੇ ਜਦੋਂ ਮੇਰਾ ਸਿਰ ਪਲੋਸਿਆ ਸੀ ਤਾਂ ਮੇਰਾ ਹੁਬਕੀ ਰੋਣ ਨੂੰ ਦਿਲ ਕੀਤਾ ਸੀ ... ਤੇ ਉਹਨਾਂ ਪੁਰਾਣੇ ਚਿਹਰਿਆਂ ਵਿਚੋਂ ਅਚਾਨਕ ਇੱਕ ਦਿਨ ਬਚਪਨ ਦੇ ਕੁਝ ਭੋਲੇ ਭਾਲੇ ਨਕਸ਼ ਮੇਰੇ ਸਾਹਮਣੇ ਆਣ ਖੜੇ ਤੇ ਮੈਨੂੰ ਇੱਕ ਪਲ ਲਈ ਉਹ ਸਾਰਾ ਪਿੰਡ ਆਪਣਾ ਜਿਹਾ ਜਾਪਣ ਲੱਗ ਪਿਆ ... ਉਹ ਨਕਸ਼ ਸਨ ਰਾਣੀ ਦੇ ..ਮੇਰੇ ਬਚਪਨ ਦੀ ਸਹੇਲੀ .. ਉਹ ਨਿੱਕੀ ਜਿਹੀ ਕੁੜੀ ਜੀਹਦੇ ਨਾਲ ਖ਼ਬਰੇ ਮੈਂ ਕਿੰਨੀ ਵਾਰ ਗਲੀਆਂ, ਵਿਹੜਿਆਂ 'ਚ ਖੇਡੀ ਹੋਵਾਂਗੀ। ਇੱਕ ਦੂਜੇ ਨਾਲ ਘਰ ਘਰ ਖੇਡਦਿਆਂ ਕਿੰਨੀ ਵਾਰ ਲੜੀ ਹੋਵਾਂਗੀ....।

ਰਾਣੀ ਮੈਨੂੰ ਗਲ ਲੱਗ ਕੇ ਮਿਲੀ ਵਰ੍ਹਿਆਂ ਦੀ ਵਿਛੜੀ । ਬਚਪਨ ਦੀਆਂ ਕੁਝ ਗੱਲਾਂ ਸਾਂਝੀਆਂ ਕੀਤੀਆਂ । ਬਹੁਤ ਕੁਝ ਭੁੱਲਿਆ ਯਾਦ ਕੀਤਾ।

ਰਾਣੀ ਦੀ ਮਾਂ ਨੂੰ ਅਸੀਂ ਚਾਚੀ ਕਹਿੰਦੇ। ਸਾਂਵਲੇ ਜਿਹੇ ਰੰਗ ਵਾਲੀ ਇਹ ਚਾਚੀ ਦੇ ਸਿਰ ਤੇ ਘਸਮੈਲਾ ਜਿਹਾ ਦੁਪੱਟਾ ਥੋੜ੍ਹਾ ਜਿਹਾ ਢਕਿਆ ਚਿਹਰਾ .. ਅੱਧਾ ਕੁ ਘੁੰਡ ... ਦੁਪੱਟੇ ਦਾ ਇੱਕ ਕਿਨਾਰਾ ਬੁੱਲ੍ਹਾਂ ਵਿੱਚ ਘੁੱਟ ਕੇ ਫੜਿਆ ਹੁੰਦਾ । ਕਈ ਵਾਰ ਪੁਰਾਣੇ ਸੂਟ ਨਾਲ ਸੋਹਣੀ ਰੰਗਦਾਰ ਚੁੰਨੀ ਲੈ ਕੇ ਗਲੀ ਗੁਆਂਢ ਦੇ ਦਰਵਾਜ਼ੇ ਖੜਕਾਉਂਦੀ ਉਹ ਪਿੰਡ ਦੇ ਵਿਆਹਾਂ-ਸ਼ਾਦੀਆਂ ਅਤੇ ਕੁੜਮਾਈਆਂ ਦੇ ਦਿਨਾਂ 'ਚ ਲੋਕਾਂ ਨੂੰ ਸੱਦੇ ਦਿੰਦੀ ਫਿਰਦੀ। ਮੈਨੂੰ ਨਹੀਂ ਯਾਦ ਕਿ ਮੈਂ ਕਦੇ ਚਾਚੀ ਨੂੰ ਚੁੱਪ ਚੁਪੀਤੀ ਕੋਲੋਂ ਦੀ ਲੰਘਦੇ ਵੇਖਿਆ ਹੋਵੇ। ਜਿਧਰੋਂ ਲੰਘਦੀ ਸਿਰ ਦੀ ਚੁੰਨੀ ਸਵਾਰਦੀ ਉਹ ਲੰਘਦੇ ਵੜਦੇ ਅਸੀਸਾਂ ਦਿੰਦੀ।

"ਨੀ ਧੀਏ ਤੂੰ ਰਾਜੇ ਘਰ ਜਾਵੇਂ ... ਰੱਬ ਤੈਨੂੰ ਝੋਲੀਆਂ ਭਰ ਭਰ ਦੇਵੇ .. ਦੁੱਧੀਂ ਨਾਵੇਂ ਪੁੱਤੀ ਫਲੇਂ।"

"ਨੀ ਧਿਆਣੀਏ ... ਜੁੱਗ ਜੁੱਗ ਜੀਵੇਂ, ਰੱਬ ਤੈਨੂੰ ਲਾਲਾਂ ਦੀ ਜੋੜੀ ਦੇਵੇ ....ਰਖ ਰੱਖ ਭੁੱਲੇਂ ... ।"

ਤੇ ਜੇ ਕੋਈ ਪ੍ਰਦੇਸਾਂ 'ਚੋਂ ਗਈ ਟੱਕਰ ਜਾਂਦੀ ਤਾਂ ਉਹਦੀ ਅਸੀਸ ਵੀ ਬਦਲ ਜਾਂਦੀ,



"ਨੀ ਤੂੰ ਸੋਹਣੇ ਮੁਲਕ ਦੀਏ ਰਾਣੀਏ ਇੱਕ ਲਾਹੇਂ ਇੱਕ ਪਾਵੇਂ ਵਾਹਿਗੁਰੂ ਤੈਨੂੰ ਬਹੁਤਾ ਦੇਵੇ ........ਨੀ ਧੀਏ ਜਾਂਦੀ ਹੋਈ ਆਪਣਾ ਆਹ ਆਪਣਾ ਪੁਰਾਣਾ ਸੂਟ ਗਰੀਬਣੀ ਨੂੰ ਦਿੰਦੀ ਜਾਈਂ ....ਰੱਬ ਤੈਨੂੰ ਸੁਖੀ ਰੱਖੇ....।"

ਤੇ ਪਤਾ ਨਹੀਂ ਉਹ ਕਿੰਨਾ ਕੁਝ ਕਹਿੰਦੀ ਆਪਣਾ ਕੰਮ ਕਾਰ ਕਰਦੀ ਰਹਿੰਦੀ ਜਿਵੇਂ ਉਹਦੇ ਅੰਦਰ ਅਸੀਸਾਂ ਦਾ ਇੱਕ ਭੰਡਾਰ ਹੋਵੇ ਤੇ ਜਿਹੜਾ ਵੀ ਮੂਹਰੇ ਆਉਂਦਾ ਉਹ ਝੋਲੀਆਂ ਭਰ ਭਰ ਅਸੀਸਾਂ ਦਿੰਦੀ ਰਹਿੰਦੀ । ਮੈਂ ਤੇ ਰਾਣੀ ਇਕੱਠੀਆਂ ਖੇਡਦੀਆਂ। ਉਦੋਂ ਗਰੀਬੀ ਅਮੀਰੀ ਦਾ ਨਹੀਂ ਸੀ ਪਤਾ ਪਰ ਇੰਨਾ ਜ਼ਰੂਰ ਪਤਾ ਸੀ ਕਿ ਰਾਣੀ ਕੋਲ ਉਹੋ ਜਿਹੇ ਫਰਾਕ ਨਹੀਂ ਸੀ ਜਿਹੋ ਜਿਹੇ ਹੋਰ ਨਿਆਣਿਆਂ ਕੋਲ ਹੁੰਦੇ । ਉਹਦੇ ਵਾਲਾਂ ਦੀਆਂ ਗੁੱਤਾਂ ਬਾਕੀ ਕੁੜੀਆਂ ਵਰਗੀਆਂ ਨਹੀਂ ਸੀ ਹੁੰਦੀਆਂ । ਤੇ ਫੇਰ ਵਿਆਹਾਂ ਸ਼ਾਦੀਆਂ ਤੇ ਜਦੋਂ ਮੇਰੇ ਵਰਗੇ ਕਈ ਨਿਆਣੇ ਸੋਹਣੇ ਕੱਪੜੇ ਪਾ ਕੇ ਫਿਰਦੇ ਤਾਂ ਰਾਣੀ ਆਪਣੀ ਮਾਂ ਨਾਲ ਵਿਆਹ ਵਾਲੇ ਘਰ ਭਾਂਡੇ ਮਾਂਜ ਰਹੀ ਹੁੰਦੀ ਜਾਂ ਆਪਣੀ ਮਾਂ ਦੇ ਕੰਮ 'ਚ ਹਿੱਸਾ ਪਾ ਰਹੀ ਹੁੰਦੀ।

ਤੇ ਰਾਣੀ ਦਾ ਪਿਤਾ ਦਿਨਾਂ ਸੁਦਾਂ ਦੇ ਸੁਨੇਹੇ ਰਿਸ਼ਤੇਦਾਰਾਂ ਨੂੰ ਦੇ ਕੇ ਆਉਂਦਾ। ਵਿਆਹਾਂ ਮੰਗਣੀਆਂ ਵਾਲੇ ਦਿਨਾਂ 'ਚ ਉਹ ਗੁਲਾਬੀ ਪੱਗ ਬੰਨ੍ਹ ਕੇ ਸਾਇਕਲ ਨਾਲ ਝੋਲਾ ਬੰਨ੍ਹ ਕੇ ਤੁਰਿਆ ਫਿਰਦਾ ਆਮ ਦਿਸਦਾ। ਸਾਡੇ ਨਿਆਣਿਆਂ ਲਈ ਉਹ ਚਾਚਾ ਸੀ ਪਰ ਪਿੰਡ ਵਾਲਿਆਂ ਦਾ ਉਹ ਰਾਜਾ ਸੀ । ਉਹਦੀ ਸ਼ਕਲ ਸੂਰਤ ਜਾਂ ਉਹਦੀ ਰਹਿਣੀ ਬਹਿਣੀ ਕਿਤਾਬਾਂ ਵਾਲੇ ਰਾਜਿਆਂ ਨਾਲ ਨਹੀਂ ਸੀ ਮਿਲਦੀ ਪਰ ਪਿੰਡ ਸਾਰਾ ਉਹਨੂੰ ਰਾਜਾ ਹੀ ਕਹਿੰਦਾ ਸੀ। ਮੈਨੂੰ ਇਸ ਫਰਕ ਦਾ ਕਦੇ ਪਤਾ ਨਹੀਂ ਸੀ ਲੱਗਾ ਕਿ ਇਹ ਕਿਹੜੀ ਰਿਆਸਤ ਦਾ ਰਾਜਾ ਹੋਵੇਗਾ ?

ਇਹ ਫਰਕ ਕਿਉਂ ਸੀ ? ਉਦੋਂ ਸਮਝ ਨਹੀਂ ਸੀ । ਇੰਨਾ ਜ਼ਰੂਰ ਪਤਾ ਸੀ ਕਿ ਕੁਝ ਤਾਂ ਹੈ ਜਿਹੜਾ ਠੀਕ ਨਹੀਂ ਸੀ । ਵਿਆਹਾਂ ਸ਼ਾਦੀਆਂ 'ਚ ਕੁਝ ਲੋਕ ਬਾਹਰ ਵਿਹੜੇ 'ਚ ਹੇਠਾਂ ਬੈਠ ਕੇ ਰੋਟੀ ਕਿਉਂ ਖਾਂਦੇ ਨੇ ? ਉਹਨਾਂ ਦੇ ਭਾਂਡੇ ਕਿਉਂ ਵੱਖਰੇ ਨੇ ? ਰਾਣੀ ਦੀ ਮਾਂ ਵਰਗੀਆਂ ਔਰਤਾਂ ਸਾਰਾ ਦਿਨ ਘਰ ਵਿੱਚ ਕੰਮ ਕਰਦੀਆਂ ਪਰ ਦਿਨ ਦੇ ਅਖੀਰ ਵਿੱਚ ਘਰ ਦੀ ਮਾਲਕਿਣ ਦੇ ਹੱਥ ਕੜਛੀ ਹੁੰਦੀ । ਤੇ ਉਹਨਾਂ ਦੇ ਨਿਆਣਿਆ ਦੇ ਚਿਹਰਿਆਂ ਤੇ ਇੱਕ ਅਜੀਬ ਜਿਹੀ ਮਸੂਮੀਅਤ ਹੁੰਦੀ । ਉਹ ਆਪਣੇ ਹਾਣੀ ਨਿਆਣਿਆਂ ਵੱਲ ਵਿਚਾਰੀ ਜਿਹੀ ਨਜ਼ਰ ਨਾਲ ਦੇਖਦੇ ... ਉਹਨਾ ਦੇ ਸੋਹਣੇ ਕੱਪੜਿਆਂ ਨੂੰ ਤਾੜਦੇ ਇਹ ਇੱਕ ਵਿਤਕਰਾ ਸੀ ਜਿਹੜਾ ਮੈਨੂੰ ਉਦੋਂ ਵੀ ਅੱਖਰਦਾ ਸੀ । ਮੈਂ ਆਪਣੀ ਮਾਂ ਨੂੰ ਅਕਸਰ ਅਜਿਹੇ ਸਵਾਲ ਪੁੱਛਦੀ ਜਿਨ੍ਹਾਂ ਦੇ ਜਵਾਬ ਮੇਰੀ ਮਾਂ ਨੂੰ ਕਦੇ ਨਾ ਆਉਂਦੇ।

ਜ਼ਿੰਦਗੀ ਉਦੋਂ ਬਹੁਤ ਛੋਟੀ ਸੀ ਬਚਪਨ ਵਰਗੀ । ਤੇ ਬਚਪਨ ਕਦੋਂ ਆਇਆ ਤੇ ਕਦੋਂ ਚਲਾ ਗਿਆ ਪਤਾ ਵੀ ਨਾ ਲੱਗਾ। ਸਾਲਾਂ ਦੇ ਸਾਲ ਬੀਤ ਗਏ ਪਿੰਡ ਦੀਆਂ ਯਾਦਾਂ ਨਾਲ ਪਿੰਡ ਦੇ ਲੋਕ ਵੀ ਆਉਂਦੇ ਤੇ ਚਲੇ ਜਾਂਦੇ । ਜਦੋਂ ਵੀ ਪਿੰਡ ਮੁੜਦੀ ਤਾਂ ਮੇਰੇ ਨਾਲ ਦੀਆਂ ਕੁੜੀਆਂ ਵਿਚੋਂ ਕੋਈ ਨਾ ਕੋਈ ਪੇਕੀ ਆਈ ਮਿਲ ਜਾਂਦੀ। ਬਾਕੀਆਂ ਨੂੰ ਮਿਲਣ ਦੀ ਸਿੱਕ ਲੈ ਕੇ ਆਪਣੇ ਆਪ ਨਾਲ ਦੁਬਾਰਾ ਮਿਲਣ ਦਾ ਵਾਇਦਾ ਕਰ ਕੇ ਪਿੰਡੋਂ ਮੁੜ ਆਉਂਦੀ।

ਤੇ ਇਸ ਵਾਰ ਮੇਰੇ ਸਾਹਮਣੇ ਰਾਣੀ ਆ ਗਈ ਅਚਾਨਕ ਹੀ ... ।

ਪਿੰਡ ਦੇ ਗੁਰੂ ਘਰ ਸਵੇਰੇ ਸਵੇਰੇ ਰਸੋਈ ਘਰ 'ਚ ਵੜੀ ਤਾਂ ਪਿੰਡ ਦੀਆਂ ਕਈ ਔਰਤਾਂ ਭੱਜ ਕੇ ਮੈਨੂੰ ਮਿਲਣ ਆ ਗਈਆਂ। ਕੁਝ ਕੁ ਨੂੰ ਮੈਂ ਪਛਾਣਦੀ ਸਾਂ ਤੇ ਕੁਝ ਮੈਨੂੰ ਜਾਣਦੀਆਂ ਸਨ ਤੇ ਅਚਾਨਕ ਮੇਰੀਆਂ ਅੱਖਾਂ ਟੱਡੀਆਂ ਰਹਿ ਗਈਆਂ .....ਉਹੀ ਨਕਸ਼ ..ਸਿਰ ਤੇ ਮੈਲੀ ਜਿਹੀ ਚੁੰਨੀ, ਉਹੀ ਸਾਂਵਲਾ ਰੰਗ ਉਹੀ ਬੇਵੱਸ ਜਿਹਾ ਚਿਹਰਾ .....ਮੈਨੂੰ ਇੱਕ ਪਲ ਲਈ ਜਾਪਿਆ ਜਿਵੇਂ ਸਾਬਤੀ ਸਬੂਤੀ ਚਾਚੀ ਮੇਰੇ ਮੂਹਰੇ ਆ ਗਈ ਹੋਵੇ ਪਰ ਇਹ ਚਾਚੀ ਨਹੀਂ ਸੀ, ਇਹ ਮੇਰੀ ਬਚਪਨ ਦੀ ਸਹੇਲੀ ਰਾਣੀ ਸੀ ...ਸਾਡੇ ਪਿੰਡ ਦੇ ਰਾਜੇ ਦੀ ਧੀ ਜਿਸਦਾ ਨਾਂ ਰਾਣੀ ਸੀ ........ਉਹ ਦੂਰੋਂ ਭੱਜੀ ਆਈ ਤੇ ਮੇਰੇ ਨੇੜੇ ਆ ਕੇ ਰੁਕ ਗਈ ........ ਜਿਵੇਂ ਮੈਨੂੰ ਜੱਫੀ ਪਾਉਣ ਤੋਂ ਝਿਜਕ ਰਹਿ ਹੋਵੇ।

ਮੈਂ ਅਗਾਂਹ ਵਧ ਕੇ ਉਹਨੂੰ ਜੱਫੀ 'ਚ ਲਿਆ ਤੇ ਮੇਰੇ ਮੂੰਹੋਂ 'ਓਹ ਮਾਈ ਗੌਡ' ਨਿੱਕਲ ਗਿਆ ...।

ਰਾਣੀ ਦੀਆਂ ਅੱਖਾਂ 'ਚ ਹੰਝੂ ਸੀ ....। "ਭੈਣ ਪਛਾਣ ਲਿਆ। ਭੈਣੇ ਅੱਖਾਂ ਤਰਸ ਗਈਆਂ ਤੈਨੂੰ ਦੇਖਣ ਨੂੰ ... ਜਿੱਦਣ ਦਾ ਪਤਾ ਲੱਗਾ ਭੈਣ ਆਈ ਆ ਉਦਣ ਦੀ ਸੋਚਦੀ ਆਂ ਕਿ ਭੈਣ ਨੂੰ ਐਤਕੀਂ ਜ਼ਰੂਰ ਮਿਲਣਾ ।"

ਮੈਨੂੰ ਲੱਗਾ ਜਿਵੇਂ ਮੇਰੇ ਮੂਹਰੇ ਰਾਣੀ ਨਹੀਂ ਕੋਈ ਸਿਆਣੀ ਬਿਆਣੀ ਔਰਤ ਖੜੀ ਹੋਵੇ ।ਇਹ ਉਹ ਰਾਣੀ ਨਹੀਂ ਸੀ ਜਿਹਦੇ ਨਾਲ ਮੈਂ ਬਚਪਨ 'ਚ ਖੇਡਦੀ ਸਾਂ ...ਇਹ ਤਾਂ ਕੋਈ ਮਿਹਨਤ ਮੁਸ਼ੱਕਤ ਨਾਲ ਭੰਨੀ ਪਈ ਤੇ ਮਜਬੂਰੀਆਂ ਦੇ ਟੋਕਰੇ ਨਾਲ ਝੁਕੀ ਹੋਈ ਉਮਰ ਤੋਂ ਪਹਿਲਾਂ ਹੀ ਬੁੱਢੀ ਹੋਈ ਕੋਈ ਔਰਤ ਜਿਸਨੂੰ ਮੈਂ ਪਹਿਲੀ ਵਾਰ ਦੇਖ ਰਹੀ ਸੀ । ਤੇ ਅੱਖੰਡ ਪਾਠ ਦੇ ਤਿੰਨਾਂ ਦਿਨਾਂ 'ਚ ਅਸੀਂ ਦੋਵਾਂ ਨੇ ਬਹੁਤ ਕੁਝ ਸਾਂਝਾ ਕੀਤਾ ।ਜਦੋਂ ਕਦੀ ਵੀ ਮੈਂ ਰਸੋਈ ਘਰ 'ਚ ਜਾਂਦੀ ਉਹ ਭੱਜ ਕੇ ਮੇਰੇ ਲਈ ਪੀਹੜੀ ਲਿਆਉਂਦੀ ਤੇ ਲੰਗਰ ਵਾਲੀ ਸਾਫ਼ ਥਾਲੀ 'ਚ ਇੱਕ ਵਾਰ ਫੇਰ ਕੱਪੜਾ ਫੇਰ ਦਿੰਦੀ ।ਮੇਰੇ ਨਾਲ ਗੱਲਾਂ ਕਰਦੀ-ਕਰਦੀ ਆਪਣੀ ਚੁੰਨੀ ਦੇ ਲੜ ਨਾਲ ਮੂੰਹ ਤੇ ਆਏ ਪਸੀਨੇ ਨੂੰ ਪੂੰਝਦੀ ਗੱਲ ਕਰਦੀ-ਕਰਦੀ ਸਲਵਾਰ ਦਾ ਪਹੁੰਚਾ ਚੁੱਕ ਕੇ ਲੱਤ ਤੇ ਗਿੱਟੇ ਨੂੰ ਖੁਰਕਣ ਲੱਗ ਜਾਂਦੀ ....ਉਹਦੇ 'ਚ ਇੱਕ ਵੀ ਉਹ ਗੱਲ ਨਹੀਂ ਸੀ ਜਿਹੜੀ ਉਸ ਉਮਰ ਦੀਆਂ ਔਰਤਾਂ 'ਚ ਹੋਣੀ ਚਾਹੀਦੀ ਹੈ, ਮੇਰੇ ਮੂਹਰੇ ਜਿਵੇਂ ਬਜ਼ੁਰਗ ਔਰਤ ਤੁਰੀ ਫਿਰ ਰਹੀ ਸੀ ਜਿਸਨੂੰ ਮੈਂ ਕਿਧਰੇ ਵੇਖਿਆ ਸੀ ਪਰ ਕਦੀ ਜਾਣਿਆ ਨਹੀਂ ਸੀ।

ਤੇ ਇੱਕ ਦਿਨ ਮੈਂ ਜਿਗਰਾ ਕਰ ਕੇ ਉਹਨੂੰ ਉਹਦੀ ਜ਼ਿੰਦਗੀ ਬਾਰੇ ਪੁੱਛ ਹੀ ਲਿਆ। ਤੇ ਉਹਨੇ ਦੱਸਿਆ ਕਿ ਉਹ ਵਿਆਹੀ ਹੈ। ਉਹਦੇ ਨਿਆਣੇ ਵੀ ਨੇ। ਇੱਕ ਜੁਆਨ ਹੋ ਰਹੀ ਕੁੜੀ ਜਿਹੜੀ ਪੜ੍ਹਨ 'ਚ ਬਹੁਤ ਹੁਸ਼ਿਆਰ ਹੈ। ਧੀ ਦੀ ਗੱਲ ਕਰਦਿਆਂ ਉਹਦਾ ਚਿਹਰਾ ਸਾਰੇ ਦਾ ਸਾਰਾ ਲਿਸ਼ਕ ਪਿਆ....।

"ਭੈਣ ਮੇਰੀ ਕੁੜੀ ਪੜ੍ਹਾਈ 'ਚ ਬਹੁਤ ਚੰਗੀ ਆ। ਮੈਂ ਸੋਚਦੀ ਆਂ ਮੇਰਾ ਤਾਂ ਜੋ ਬਣਨਾ ਸੀ ਬਣ ਗਿਆ, ਰਾਹਾਂ ਕੁੜੀ ਦੀ ਜ਼ਿੰਦਗੀ ਬਣ ਜਾਵੇ ...ਸਾਡੀ ਤਾਂ ਅੱਧੀ ਲੰਘ ਗਈ ਆਹਾ ਹੀ ਧੰਦ ਪਿੱਟਦਿਆ ..ਪਹਿਲਾਂ ਬੀਬੀ ਆਹੀ ਕੰਮ ਕਰਦੀ ਸੀ, ਹੁਣ ਮੈਂ ਸਹੁਰਿਆਂ ਤੋਂ ਆ ਜਾਨੀ ਆਂ ਜਦੋਂ ਕੋਈ ਪਿੰਡ 'ਚ ਵਿਆਹ ਸ਼ਾਦੀ ਹੁੰਦੇ ....ਅਜੇ ਪਿਛਲੇ ਹਫ਼ਤੇ ਆਈ ਸੀ



ਫਲਾਣਿਆਂ ਦਾ ਵਿਆਹ ਸੀ, ਮੈਂ ਕਿਹਾ ਨਾਲੇ ਬੀਬੀ ਨੂੰ ਮਿਲ ਆਉਨੀ ਆਂ, ਨਾਲੇ ਵਿਆਹ ਕਮਾ ਲਿਆਉਨੀ ਆਂ ... ਬਸ ਤੁਹਾਡੇ ਵਰਗੇ ਭੈਣਾ ਭਰਾਵਾਂ ਦੇ ਸਿਰ ਤੇ ਜ਼ਿੰਦਗੀ ਨਿੱਕਲ ਜਾਣੀ ਆ। ਜੀਂਦੀ ਵੱਸਦੀ ਰਹਿ ਤੂੰ ਸੋਹਣੇ ਮੁਲਕ ਦੀਏ ਰਾਣੀਏ ... ਰੱਬ ਤੈਨੂੰ ਬੁੱਕਾਂ ਭਰ ਭਰ ਦੇਵੇ । ਇੱਕ ਰੱਖੇਂ ਇੱਕ ਭੁੱਲੇ ... ਭੈਣ ਇੱਕ ਗੱਲ ਹੋਰ ...।" ਤੇ ਉਹਦੀ ਆਵਾਜ਼ ਪਹਿਲਾਂ ਨਾਲੋਂ ਹੌਲੀ ਹੋ ਗਈ ਸੀ।

"ਗੁਰਦਵਾਰੇ ਵਾਲਿਆਂ ਨੇ ਸਾਡਾ ਲਾਗ ਬੰਨਿਆ ਐ... ਭੈਣੇ ਕੁਸ਼ ਨ੍ਹੀਂ ਬਣਦਾ ਇਨੇ ਕੁ ਨਾਲ ...ਪਰ ਕੀ ਕਰੀਏ ਕੋਈ ਨ੍ਹੀਂ ਸੁਣਦਾ ...ਮੇਰੀ ਭੈਣ ਤੂੰ ਜਾਂਦੀ ਹੋਈ ਜ਼ਰੂਰ ਕੁਸ਼ ਦੇ ਜਾਵੀਂ ... ਕਿਸੇ ਨਾਲ ਗੱਲ ਨਾ ਕਰੀਂ ਕਮੇਟੀ ਵਾਲੇ ਖਿਝਦੇ ਆ ਜੇ ਅਸੀਂ ਕਿਸੇ ਕੋਲੋਂ ਕੁਸ਼ ਮੰਗ ਲਈਏ ਜਾਂ ਅਗਲਾ ਆਪਣੀ ਮਰਜ਼ੀ ਨਾਲ ਕੁਸ਼ ਦੇ ਜਾਵੇ। ਜੇ ਹੋਰ ਨ੍ਹੀਂ ਤਾਂ ਆਪਣਾ ਆਹ ਪੁਰਾਣਾ ਸੂਟ ਦੇ ਜਾਈਂ ... ਮੇਰੀ ਧੀ ਪਾ ਲਊਗੀ ਤੈਨੂੰ ਸੀਸਾਂ ਦਊ... ਜੀਂਦੀ ਵੱਸਦੀ ਰਹਿ ਭੈਣੇ ... ਬੁੱਢ ਸੁਹਾਗਣ ਹੋਵੇਂ ।"

ਮੈਂ ਹੈਰਾਨ ਸਾਂ। ਗੁਰਦਵਾਰੇ ਦੀਆਂ ਦੋ ਮੰਜ਼ਲਾਂ ਹੋਰ ਬਣ ਗਈਆਂ ਸੀ ।ਸੰਗਮਰਮਰ ਦੇ ਫਰਸ਼ ਦੇ ਨਾਲ ਨਾਲ ਸਰੋਵਰ ਦਾ ਫਰਸ਼ ਵੀ ਗੂਹੜੇ ਨੀਲੇ ਪੱਥਰ ਦਾ ਬਣਾ ਲਿਆ ਗਿਆ ਸੀ । ਘਰਦਿਆਂ ਨੇ ਦੱਸਿਆ ਸੀ ਕਿ ਕਰੋੜਾਂ ਦੇ ਹਿਸਾਬ ਨਾਲ ਗੁਰਦਵਾਰੇ ਦਾ ਪੈਸਾ ਬੈਂਕ ਵਿੱਚ ਪਿਆ ਹੈ ।ਆਖਰੀ ਮੰਜ਼ਿਲ ਤੇ ਇੱਕ ਲਾਇਬ੍ਰੇਰੀ ਵੀ ਬਣਾ ਦਿੱਤੀ ਗਈ ਸੀ। ਜਿਸ ਵਿੱਚ ਧਾਰਮਿਕ ਕਿਤਾਬਾਂ ਪੜ੍ਹਨ ਨੂੰ ਮਿਲਦੀਆਂ ਨੇ।"

ਮੈਂ ਸੋਚ ਰਹੀ ਸਾਂ ਕਿ ਸਾਡੇ ਗੁਰੂ ਨਾਨਕ ਨੇ ਤਾਂ ਮਾਨੁਸ ਕੀ ਜਾਤ ਇੱਕੋ ਪਹਿਚਾਨਬੋ ਦੀ ਗੱਲ ਘਰ ਘਰ ਪਹੁੰਚਾਈ ਸੀ ਪਰ ਫੇਰ ਵੀ ਇਹ ਵੰਡਾ ਕਿਉਂ ?

ਤੇ ਅਚਾਨਕ ਮੈਨੂੰ ਮਹਿਸੂਸ ਹੋਇਆ ਇਹ ਰਾਣੀ ਨਹੀਂ ਸੀ ...ਇਹ ਚਾਚੀ ਦਾ ਕੋਈ ਨਵਾਂ ਰੂਪ ਮੇਰੇ ਮੂਹਰੇ ਸੀ ... ਉਹੀ ਚਿਹਰਾ ...ਉਹੀ ਨਕਸ਼ ..ਉਹੀ ਆਵਾਜ਼ ..ਉਹੀ ਅਸੀਸਾਂ।

ਤੇ ਮੈਂ ਉਹਦੇ ਮੂੰਹ ਵੱਲ ਦੇਖਦੀ ਉਦਾਸ ਹੋ ਗਈ ਸੀ। ਮੇਰੇ ਤੋਂ ਪੰਜ ਸੱਤ ਵਰ੍ਹੇ ਛੋਟੀ ਕੁੜੀ ਕਿਸੇ ਬਜ਼ੁਰਗ ਵਾਂਗ ਮੈਨੂੰ ਅਸੀਸਾਂ ਦੇ ਰਹੀ ਸੀ।

ਇਹ ਸਾਡੇ ਪਿੰਡ ਦੇ ਰਾਜੇ ਦੀ ਧੀ ਹੈ ... ਇਹ ਤਾਂ ਰਾਜਕੁਮਾਰੀਆਂ ਵਰਗੀ ਹੋਣੀ ਚਾਹੀਦੀ ਸੀ ... ਇਸ ਕੁੜੀ ਦਾ ਬਚਪਨ ਵੀ ਲੋਕਾਂ ਦੇ ਉਤਾਰ ਪਾਉਂਦਿਆਂ ਲੰਘਿਆ... ਜੁਆਨੀ ਵੀ ਤੇ ਆਉਣ ਵਾਲੇ ਦਿਨਾਂ ਦੀ ਤਸਵੀਰ ਇਹਦੇ ਚਿਹਰੇ ਤੋਂ ਸਾਫ਼ ਝਲਕਦੀ ਸੀ । ਜ਼ਿੰਦਗੀ ਅਜਿਹੀ ਨਹੀਂ ਹੋਣੀ ਚਾਹੀਦੀ ...।

ਮੇਰਾ ਮੰਨ ਉਦਾਸ ਹੋ ਗਿਆ ਸੀ। ਤੇ ਮੈਂ ਸੋਚ ਰਹੀ ਸਾਂ ਕਿ ਪਿੰਡ ਨਹੀਂ ਬਦਲਿਆ... ਪਿੰਡ ਦੇ ਲੋਕ ਨਹੀਂ ਬਦਲੇ ...ਤੇ ਇਹ ਲੋਕ ਕਿਹੜੇ ਬਦਲਾਅ ਦੀ ਗੱਲ ਕਰਦੇ ਨੇ। ਪਿੰਡੋਂ ਬਾਹਰ ਬਣੀਆਂ ਪ੍ਰਦੇਸੀਆਂ ਦੀਆਂ ਕੋਠੀਆਂ ਦੇ ਬਦਲਾਅ ਦੀ ਗੱਲ ਕਰਦੇ ਨੇ ਜਾਂ ਅਮੀਰਾਂ ਦੇ ਚੁਬਾਰਿਆਂ ਤੇ ਬਣੀਆਂ ਰੰਗ ਬਿਰੰਗੀਆਂ ਪਾਣੀ ਵਾਲੀਆਂ ਟੈਂਕੀਆਂ ਦੀ ਗੱਲ ਕਰਦੇ ਨੇ।

ਪਤਾ ਨਹੀਂ ਅਚਾਨਕ ਮੇਰੇ ਮੂੰਹੋਂ ਕਿਵੇਂ ਨਿੱਕਲ ਗਿਆ ..... "ਹਾਏ ਰਾਣੀ ਤੂੰ ਤਾਂ ਜਮਾਂ ਈ ਚਾਚੀ ਵਾਂਗ ਗੱਲਾਂ ਕਰਨ ਲੱਗ ਪਈਂ ......ਤੂੰ ਇਹ ਗੱਲਾਂ ਕਿੱਦਾਂ ਸਿੱਖ ਲਈਆਂ ?"

ਰਾਣੀ ਨੇ ਚੁੰਨੀ ਦੇ ਲੜ ਨਾਲ ਨਮ ਹੋਈਆਂ ਅੱਖਾਂ ਨੂੰ ਰਗੜਿਆ, "ਭੈਣ ਆਹ ਚੰਦਰਾ ਢਿੱਡ ਸਿਖਾ ਦਿੰਦੈ ਸਭ ਕੁਝ।" ਤੇ ਇੱਕ ਹਉਕਾ ਉਹਦੇ ਸੀਨੇ 'ਚੋਂ ਨਿੱਕਲ ਕੇ ਮੇਰੀ ਰੂਹ ਨੂੰ ਚੀਰ ਕੇ ਲੰਘ ਗਿਆ।

ਹੁਣ ਜਦ ਕਦੀ ਵੀ ਰਾਤ ਦੇ ਹਨੇਰੇ ਵਿੱਚ ਮੇਰੇ ਇਸ ਦੇਸ਼ ਦੀ ਦੁਨੀਆਂ ਬੇਖ਼ਬਰ ਸੁੱਤੀ ਪਈ ਹੁੰਦੀ ਐ ਤਾਂ ਮੇਰੇ ਜ਼ਿਹਨ ਵਿਚ ਪਿੰਡ ਦੇ ਲੋਕ ਜਿਉਂਦੇ ਜਾਗਦੇ ਮੇਰੇ ਨਾਲ ਲੁਕਣ ਮੀਚੀ ਖੇਡਦੇ ਹੁੰਦੇ ਨੇ ਤੇ ਮੇਰੀ ਮਾਂ ਵਿਹੜੇ ਵਿੱਚ ਬੈਠੀ ਮਾਂ ਕਪਾਹ ਦੀਆਂ ਢੇਰੀਆਂ ਬਣਾ ਰਹੀ ਹੁੰਦੀ ਐ ......ਪਤਾ ਨਹੀਂ ਮੈਨੂੰ ਕਿਉਂ ਲੱਗਦਾ ਰਹਿੰਦੈ ਮੇਰੀ ਮਾਂ ਦੇ ਹਿੱਸੇ ਦੀ ਕਪਾਹ ਵਾਲੀ ਢੇਰੀ ਪਹਿਲਾਂ ਨਾਲੋਂ ਵੀ ਉੱਚੀ ਹੋ ਗਈ ਐ ਤੇ ਰਾਣੀ ਦੇ ਹਿੱਸੇ ਦੀ ਢੇਰੀ ਸੁੰਘੜ ਕੇ ਹੋਰ ਵੀ ਛੋਟੀ ਹੋ ਗਈ ਜਾਪਦੀ ਹੈ .........।

———o———



# ਲਾਸ਼/ਕੇਸਰਾ ਰਾਮ

"ਤੁਸੀਂ ਲਾ ਲੋ ਹਿਸਾਬ, ਦਸ ਵੱਜ ਗਏ ਨੇ, ਲਾਸ਼ ਤਿੰਨ ਵਜੇ ਦੀ ਇੱਥੇ ਪਈ ਐ।" ਸੰਤਰੀ ਨੇ ਆਪਣੀ ਖੱਬੀ ਤਲੀ 'ਤੇ ਸੱਜਾ ਅੰਗੂਠਾ ਰਗੜਨ ਤੋਂ ਬਾਅਦ ਦੋ-ਤਿੰਨ ਪਟਾਕੇ ਵਜਾਏ ਤੇ ਜਰਦਾ ਆਪਣੇ ਹੇਠਲੇ ਬੁੱਲ੍ਹ ਹੇਠ ਦੱਬਦਿਆਂ ਕਿਹਾ।

"ਇਹ ਤਾਂ ਸ਼ੁਕਰ ਮਨਾਓ ਮੌਸਮ ਠੰਡੈ, ਨਹੀਂ ਤੇ ਮਾਰਨ ਲੱਗ ਜਾਂਦੀ।" ਕੋਲ ਖੜ੍ਹੇ ਬੰਦਿਆਂ 'ਚੋਂ ਇਕ ਨੇ ਸਿਪਾਹੀ ਦੀ ਗੱਲ ਦਾ ਹੁੰਘਾਰਾ ਭਰਦਿਆਂ ਕਿਹਾ ਸੀ। ਉਸਨੇ ਠੰਢ ਮਹਿਸੂਸ ਕਰਦਿਆਂ ਨੱਕ ਇਝ ਸੁੰਗੇੜ ਲਿਆ ਸੀ ਜਿਵੇਂ ਉਸਨੂੰ ਸੱਚੀਓਂ ਬੋ ਆਉਣ ਲੱਗ ਪਈ ਹੋਵੇ।

ਇੱਥੇ ਖੜ੍ਹੇ ਲੋਕਾਂ ਵਿਚੋਂ ਕੁੱਝ ਤਾਂ ਲਾਸ਼ ਦੇ ਰਿਸ਼ਤੇਦਾਰ ਸਨ ਤੇ ਬਾਕੀ ਉਸਦੇ ਪਿੰਡੋਂ ਸਨ ਜਿਨ੍ਹਾਂ ਦੀ ਲਾਸ਼ ਦੇ ਰਿਸ਼ਤੇਦਾਰਾਂ ਨਾਲ ਨੇੜਤਾ ਜਾਂ ਮੂੰਹ-ਲਿਹਾਜ ਰਹੀ ਹੋਣੀਐ। ਨਹੀਂ ਉਂਝ ਤਾਂ ਅੱਜਕਲ੍ਹ ਕਿਸੇ ਕੋਲ ਕਿਸੇ ਵਾਸਤੇ ਸੋਚਣ ਲਈ ਵੀ ਸਮਾਂ ਨਹੀਂ ਹੈ। ਸਵੇਰ ਤੋਂ ਖੜ੍ਹੇ ਲੋਕਾਂ ਦੇ ਪੈਰਾਂ ਦੀਆਂ ਨਾੜਾਂ ਆਕੜਨ ਲੱਗੀਆਂ ਸਨ। ਕੁੱਝ ਬਜ਼ੁਰਗ ਜੋ ਪਹਿਲਾਂ ਸੜਕ 'ਤੇ ਪੱਬਾਂ ਭਾਰ ਬੈਠੇ ਸਨ, ਹੁਣ ਬੈਠਣ ਲਈ ਠੀਕ ਜਗ੍ਹਾ ਦੀ ਤਲਾਸ਼ ਕਰਨ ਲੱਗੇ ਸਨ। ਕੁਝ ਸੜਕ 'ਤੇ ਹੀ ਜਿੱਥੇ ਸਨ ਉੱਥੇ ਹੀ ਬੈਠ ਗਏ ਸਨ ਕਿਉਂਕਿ ਹੁਣ ਟ੍ਰੈਫਿਕ ਵੀ ਕੁਝ ਘੱਟ ਗਿਆ ਸੀ।

ਨਵੰਬਰ ਮਹੀਨੇ ਦੇ ਆਖ਼ਰੀ ਦਿਨ। ਇਨ੍ਹੀਂ ਦਿਨੀਂ ਛੇ-ਕੁ ਵਜੇ ਜਿੱਥੇ ਹਨੇਰਾ ਹੋਣ ਲੱਗਦੈ ਉੱਥੇ ਵਾਤਾਵਰਨ ਵਿਚ ਠੰਢ ਵੀ ਉਤਰ ਆਉਂਦੀ ਹੈ। ਸੱਤ-ਅੱਠ ਵਜੇ ਤੱਕ ਤਾਂ ਬਾਜ਼ਾਰ ਵਿਚੋਂ ਭੀੜ ਵੀ ਨਿੱਤਰ ਜਾਂਦੀ ਐ ਤੇ ਦੁਕਾਨਾਂ ਦੇ ਸ਼ਟਰ ਗਿਰਨੇ ਸ਼ੁਰੂ ਹੋ ਜਾਂਦੇ ਹਨ।

ਆਲੇ-ਦੁਆਲੇ ਦੇ ਪਿੰਡਾਂ ਨੂੰ ਮੰਡੀ ਦੀ ਸੁਵਿਧਾ ਮੁਹੱਈਆ ਕਰਨ ਵਾਲੇ ਇਸ ਛੋਟੇ ਜਿਹੇ ਕਸਬੇ ਕਾਹਨਪੁਰਾ ਦੀ ਪੁਲੀਸ ਚੌਕੀ ਅੱਗੇ ਕੁੱਝ ਲੋਕ ਗਮਗੀਨ-ਜਿਹੇ ਖੜ੍ਹੇ ਝੁਸਰੁਸਾ ਰਹੇ ਹਨ। ਕੁੱਝ ਇਕ-ਇਕ ਕਰਕੇ ਜਾਣ ਵੀ ਲੱਗੇ ਸਨ। ਛੋਟੇ ਜਿਹੇ ਬਾਜ਼ਾਰ ਦੇ ਮੁੱਖ ਚੌਕ ਵਿਚ ਬਣੀ ਪੁਲੀਸ ਚੌਕੀ ਵਿਚ ਕੁਝ ਲੋਕ ਮੁਨਸ਼ੀ ਜੀ ਨਾਲ ਬੜੇ ਹੀ ਸੰਜਮ ਨਾਲ ਧੀਮੇ ਸੁਰ ਵਿਚ ਬਹਿਸ ਕਰ ਰਹੇ ਸਨ। ਇਕ ਪਾਨ-ਬੀੜੀ ਵਾਲੇ ਖੋਖੇ ਅਤੇ ਇਕ ਚਾਹ-ਦੁੱਧ ਵਾਲੀ ਦੁਕਾਨ ਨੂੰ ਛੱਡ ਕੇ ਬਾਕੀ ਸਾਰੀਆਂ ਦੁਕਾਨਾਂ ਬੰਦ ਹੋ ਚੁੱਕੀਆਂ ਸਨ। ਪੁਲੀਸ ਚੌਕੀ ਦੇ ਖੱਬੇ ਪਾਸੇ, ਨਾਲ ਲੱਗਦੀ ਦੁਕਾਨ ਅੱਗੇ ਇਕ ਮਾਰੂਤੀ ਵੈਨ ਖੜ੍ਹੀ ਸੀ। ਉਸ ਵਿਚ ਲਾਸ਼ ਸੀ।

ਕੁੱਝ ਲੋਕ ਆਪਣੀਆਂ ਕੱਛਾਂ 'ਚ ਹੱਥ ਦੱਬੀਂ ਜਾਂ ਕੰਬਲ ਲਪੇਟੀ ਚੌਕ ਵਿਚ ਇਧਰ-ਉਧਰ ਚਾਰ-ਚਾਰ, ਛੇ-ਛੇ ਦੇ ਝੁੰਡਾਂ ਵਿਚ ਖੜ੍ਹੇ ਸਨ ਜਾਂ ਬੰਦ ਦੁਕਾਨਾਂ ਅੱਗੇ ਥੜ੍ਹਿਆਂ 'ਤੇ ਬੈਠ ਗਏ ਸਨ। ਕੁੱਝ ਲੋਕ ਪੁਲੀਸ ਚੌਕੀ ਦੇ ਗੇਟ 'ਤੇ ਖੜ੍ਹੇ ਸੰਤਰੀ ਨਾਲ ਗੱਲਾਂ ਕਰ ਰਹੇ ਸਨ। ਸੰਤਰੀ ਦੀਆਂ ਗੱਲਾਂ 'ਚੋਂ ਉਨ੍ਹਾਂ ਨੂੰ ਹਮਦਰਦੀ ਦਾ ਆਭਾਸ ਹੋ ਰਿਹਾ ਸੀ।

"ਧੀਆਂ ਦੇ ਲੱਖ ਕੀਹਨੇ ਪੜ੍ਹ ਕੇ ਵੇਖੇ ਨੇ।" ਇਕ ਆਦਮੀ ਦੁਕਾਨ ਅੱਗੇ ਥੜ੍ਹੇ 'ਤੇ ਬੈਠਦਿਆਂ ਕਹਿ ਰਿਹਾ ਸੀ। ਉਸਨੇ ਉਪਰ ਵੱਲ ਤੱਕਿਆ। ਉਪਰ ਦੁਕਾਨ ਅੱਗੇ ਲਾਇਆ ਹੋਇਆ ਟੀਨ ਦਾ ਸ਼ੈਡ ਸੀ। ਇੱਥੇ ਤਰੇਲ ਤੋਂ ਤਾਂ ਕੁਝ ਬਚਾਅ ਹੋਵੇਗਾ, ਉਸ ਨੇ ਸੋਚਿਆ।

ਬਿਰਸਾ ਰਾਮ ਜੋ ਥੋੜ੍ਹੀ ਦੇਰ ਪਹਿਲਾਂ ਹੀ ਅੰਦਰੋਂ ਬਾਹਰ ਆ ਕੇ ਸੱਥਰੀ ਕੋਲ ਖੜ੍ਹਾ ਹੋ ਗਿਆ ਸੀ, ਉੱਥੇ ਹੀ ਕੰਧ ਨਾਲ ਲੱਗ ਕੇ ਬੈਠ ਗਿਆ। ਉਹ ਵੈਣ ਵਿਚ ਪਈ ਲਾਸ਼ ਦਾ ਬਾਪ ਸੀ। ਹੁਣ ਉਸ ਦੀਆਂ ਅੱਖਾਂ ਦੇ ਹੰਝੂ ਸੁੱਕ ਚੁੱਕੇ ਸਨ। ਗਲਾ ਬਹਿ ਗਿਆ ਸੀ। ਉਸ ਨੇ ਮਾਰੂਤੀ ਵੈਨ ਵੱਲ ਤੱਕਿਆ। ਉਸ ਦਾ ਕਾਲਜਾ ਬਾਹਰ ਨੂੰ ਆਉਣ ਨੂੰ ਹੋਇਆ। ਉਹ ਫਿਰ ਰੋ ਪਿਆ।

"ਚੁੱਪ ਕਰ ਭਾਈ, ਰੋਣੇ ਸੇ ਕੇ ਬਣਦਾ ਮੱਰੇ ਯਾਰ।" ਉਸਦੇ ਨਾਲ ਦੇ ਬੰਦੇ ਨੇ ਉਸਨੂੰ ਮੋਹ ਨਾਲ ਡਾਂਟਦਿਆਂ ਹੌਸਲਾ ਦਿੱਤਾ। ਉਸਦਾ ਧਿਆਨ ਖ਼ਾਸ ਤੌਰ 'ਤੇ ਬਿਰਸੇ ਵੱਲ ਹੀ ਸੀ।

ਬਿਰਸੇ ਨੂੰ ਲੱਗਿਆ ਜਿਵੇਂ ਉਸਦਾ ਕਾਲਜਾ ਗਿੱਲੀ ਲੱਕੜ ਵਾਂਗ ਧੁੱਖ ਰਿਹੈ। ਚੰਗੀ ਭਲੀ ਠੰਡ ਵਿਚ ਵੀ ਉਸ ਨੂੰ ਆਪਣੇ ਅੰਦਰੋਂ ਅੱਗ ਦੀਆਂ ਲਾਟਾਂ ਨਿਕਲਦੀਆਂ ਮਹਿਸੂਸ ਹੋਈਆਂ। ਫਿਰ ਅੱਗ ਦੀਆਂ ਲਾਟਾਂ ਅਤੇ ਧੂੰਏਂ ਵਿਚੋਂ ਇਕ ਸੁੱਘੜ, ਪਰ ਮਾਸੂਮ ਜਿਹਾ ਚਿਹਰਾ ਚਮਕ ਗਿਆ।

"ਗੁੱਡੇ! ਅੱਗ ਫੂਕ ਦੇ ਪੁੱਤਰ, ਨ੍ਹੇਰੀ ਆਉਣ ਆਲੀਐ। ਦੇਖ, ਕਿਵੇਂ ਕਾਲੀ-ਪੀਲੀ ਉਮੜ ਰਹੀ ਐ।"

"ਅੱਛਾ ਬਾਪੂ!" ਕਹਿ ਕੇ ਗੁੱਡੇ ਨੇ ਅੱਗ ਫੂਕ ਦਿੱਤੀ ਅਤੇ ਹਨੇਰੀ ਵੱਲ ਤਵਾ ਕਰ ਕੇ ਆਪਣੀ ਕੀਤੀ ਕਾਰਵਾਈ ਤੋਂ ਬਾਪੂ ਨੂੰ ਜਾਣੂ ਕਰਵਾਉਣ ਲਈ ਕਿਹਾ, "ਬਾਪੂ ਅੱਗ ਫੂਕ ਦਿੱਤੀ ਤੇ ਨ੍ਹੇਰੀ ਨੂੰ ਵੀ ਤਵਾ ਦਿਖਾ ਦਿੱਤੇ, ਹੁਣ ਨੀ ਜੇ ਆਉਣੀ।"

"ਸਭ ਵਹਿਮ ਐ ਕਮਲੀਏ! ਤਵਾ ਦਿਖਾਉਣ ਨਾਲ ਵੀ ਕਦੇ ਨ੍ਹੇਰੀ ਰੁਕਦੀ ਹੁੰਦੀ ਐ ਭਲਾ?"

"ਕਾਲਾ ਤਵਾ ਦਿਖਾਉਣ ਨਾਲ ਤਾਂ ਵੱਡੇ-ਵੱਡੇ ਤੂਫਾਨ ਰੁਕ ਜਾਂਦੇ ਨੇ।" ਗੁੱਡੇ ਦੀ ਮਾਂ ਕਹਿ ਰਹੀ ਸੀ। ਉਹ ਪਾਥੀਆਂ ਦਾ ਟੋਕਰਾ ਭਰ ਕੇ ਅੰਦਰ ਰੱਖ ਰਹੀ ਸੀ ਕਿਉਂਕਿ ਹਨੇਰੀ ਨਾਲ ਜੇ ਮੀਂਹ ਵੀ ਆ ਗਿਆ ਤਾਂ ਰੋਟੀ-ਟੁੱਕ ਲਈ ਸੁੱਕੇ ਬਾਲਣ ਦੀ ਤਾਂ ਲੋੜ ਪੈਣੀ ਹੀ ਹੈ।

ਬਿਰਸੇ ਨੇ ਮੰਜੀ ਅੰਦਰ ਖਿੱਚ ਲਈ। ਬਾਕੀ ਸਾਮਾਨ ਗੁੱਡੇ ਤੇ ਉਸ ਦੀ ਵੱਡੀ ਭੈਣ ਦੀ ਕੁੜੀ ਪਾਲੀ ਨੇ ਸਾਂਭ ਲਿਆ। ਬਿਰਸੇ ਦੀ ਵੱਡੀ ਬੇਟੀ ਦੀ ਕੁੜੀ ਵੀ ਇੱਥੇ ਹੀ ਰਹਿੰਦੀ ਹੈ, ਉਹ, ਉਸ ਦੀਆਂ ਦੋ ਛੋਟੀਆਂ ਕੁੜੀਆਂ ਤੇ ਇਕ ਛੋਟਾ ਮੁੰਡਾ ਪਹਿਲਾਂ ਹੀ ਕੋਠੜੀ ਵਿਚ ਜਾ ਵੜੇ ਸਨ। ਗੁੱਡੇ ਤੋਂ ਛੋਟਾ ਮੁੰਡਾ ਤੇ ਉਸ ਤੋਂ ਛੋਟੀ ਕੁੜੀ ਹਾਲੇ ਖੇਤੋਂ ਕੱਖ ਲੈ ਕੇ ਨਹੀਂ ਮੁੜੇ ਸਨ।

ਤੇਜ਼ ਹਨੇਰੀ ਆਈ। ਪਿੱਛੇ ਮੀਂਹ ਵੀ ਸੀ। ਕਿਤੇ ਉੱਡ ਨਾ ਜਾਵੇ, ਇਹ ਸੋਚ ਕੇ ਗੁੱਡੇ ਨੇ ਆਪਣਾ ਇੱਕੋ-ਇਕ ਦੁਪੱਟਾ ਅੰਦਰ ਕਿੱਲੀ 'ਤੇ ਟੰਗ ਦਿੱਤਾ ਤੇ ਕਾਹਲੀ-ਕਾਹਲੀ ਕੰਮ ਸਾਂਭਣ ਲੱਗ ਪਈ ਸੀ। ਹੁਣ ਉਹ ਬਿਲਕੁਲ ਭਿੱਜ ਚੁੱਕੀ ਸੀ। ਘਸੀ ਹੋਈ ਕੁੜਤੀ ਵਿਚੋਂ ਭਿੱਜਿਆ ਹੋਇਆ ਪਿੰਡਾ ਉਸਦੀ ਜਵਾਨੀ ਦੀ ਚੁਗਲੀ ਕਰ ਰਿਹਾ ਸੀ।

ਬਿਰਸਾ ਗੁੱਡ ਨੂੰ ਛੇਤੀ ਵਿਆਹੁਣ ਦੀ ਕੋਸ਼ਿਸ਼ ਵਿਚ ਤਾਂ ਸੀ ਪਰ ਅੱਜ ਗੁੱਡੇ ਨੂੰ ਦੇਖ ਕੇ ਉਸਨੂੰ ਲੱਗਿਆ, ਜੇ ਛੇਤੀ ਕੋਈ ਹੀਲਾ ਨਾ ਬਣਿਆ ਤਾਂ ਵੱਡੀ ਕੁੜੀ ਸਿੰਦੋ ਵਾਂਗ ਕਿਤੇ



ਇਸ 'ਤੇ ਵੀ ਕਿਸੇ ਦੀ ਗਿੱਧ-ਅੱਖ ਨਾ ਪੈ ਜਾਵੇ। ਜ਼ਿਮੀਂਦਾਰਾਂ ਦੇ ਖੇਤਾਂ ਵਿਚ ਕੰਮ ਕਰਦਿਆਂ ਪਤਾ ਹੀ ਨਹੀਂ ਲੱਗਦਾ ਕਦ ਕੀ ਘਟਨਾ ਵਾਪਰ ਜਾਂਦੀ ਐ।

ਉਸ ਦੇ ਅੰਦਰ ਤੂਫਾਨ ਉੱਠ ਖੜ੍ਹਿਆ। ਰਿਸ਼ਤੇਦਾਰੀਆਂ ਵੱਲ ਨਿਗਾਹ ਮਾਰੀ। ਆਪਣੀ ਪਹੁੰਚ ਵਾਲੇ ਰਿਸ਼ਤੇਦਾਰਾਂ ਵਿਚੋਂ ਕਿਸੇ ਦੇ ਵੀ ਘਰ ਉਸ ਨੂੰ ਮੁੰਡਾ ਨਜ਼ਰੀਂ ਨਾ ਪਿਆ। ਉਸ ਦੀ ਬਿਰਾਦਰੀ ਦੇ ਹਰ ਘਰ ਵਿਚ ਜਿੱਥੇ ਚਾਰ-ਚਾਰ, ਪੰਜ-ਪੰਜ ਕੁੜੀਆਂ ਸਨ ਉੱਥੇ ਮੁੰਡੇ ਮੁਸ਼ਕਲ ਨਾਲ ਇਕ-ਇਕ, ਦੋ-ਦੋ ਹੀ ਸਨ।

ਮੁੰਡਿਆਂ ਦੀ ਕਿਹੜੀ ਕੋਈ ਘਾਟ ਐ। ਉਸ ਨੇ ਸੋਚਿਆ। ਫਿਰ ਜ਼ਿਮੀਂਦਾਰਾਂ ਦੇ ਕਰਜ਼ੇ ਦਾ ਹਿਸਾਬ ਲਾਉਣ ਲੱਗਿਆ। ਪਹਿਲਾਂ ਜਦ ਦੋ ਵਿਆਹੀਆਂ ਸਨ ਤਦ ਕਿਹੜਾ ਕਰਜ਼ਾ ਹੈ ਨ੍ਹੀਂ ਸੀ। ਇਹ ਤਾਂ ਇੰਜੇ ਚੱਲੂ। ਜੋ ਕੰਮ ਹੋਣੇ ਉਹ ਆਪਣੇ ਟੈਮ 'ਤੇ ਹੋਊ। ਰੱਬ ਨੇ ਦਿੱਤੇ ਨੇ ਤਾਂ ਟਿਕਾਣੇ ਵੀ ਲਾਊ, ਉਸਨੇ ਸੋਚਿਆ। ਰੱਬ ਵੀ ਕੀ ਕਮਾਲ ਕਰਦੈ, ਉਸ ਨੇ ਫੇਰ ਸੋਚਿਆ, ਭਾਗਾਂਵਾਲੀਆਂ ਨਾਲ ਰੱਬ ਗਰੀਬਾਂ ਨੂੰ ਹੀ ਵਧੇਰੇ ਭਾਗ ਲਾਉਂਦੈ।

ਗੁੱਡੋ ਉਸਦੇ ਬੱਚਿਆਂ ਵਿਚੋਂ ਤੀਜੇ ਨੰਬਰ 'ਤੇ ਹੈ। ਗੁੱਡੋ ਤੋਂ ਛੋਟਾ ਮੁੰਡਾ, ਉਸ ਤੋਂ ਬਾਅਦ ਤਿੰਨ ਕੁੜੀਆਂ ਤੇ ਫੇਰ ਇਕ ਮੁੰਡਾ। ਤਿੰਨ ਕੁੜੀਆਂ ਤੋਂ ਬਾਅਦ ਮੁੰਡਾ ਹੋਇਆ ਸੀ ਪਰ ਬਿਰਸੇ ਦੀ ਘਰ ਵਾਲੀ ਕਹਿੰਦੀ, "ਇਕ ਅੱਖ ਦਾ ਕੀ ਮੀਚਣਾ ਤੇ ਕੀ ਖੋਲ੍ਹਣਾ, ਜੋੜੀ ਤਾਂ ਹੋਣੀ ਹੀ ਚਾਹੀਦੀ ਐ।"

"ਲੈ, ਬਣਾ ਲੈ ਜੋੜੀ! ਇਕ ਜੇਲ੍ਹੀਦਾਰ ਪੰਘੂੜੇ 'ਚ ਝੂਲ ਰਿਹੈ ਤੇ ਦੂਜਾ ਖੇਤਾਂ ਵਿਚ ਧੱਕੇ ਖਾਂਦਾ ਫਿਰ ਰਿਹੈ!" ਕਦੇ-ਕਦਾਈਂ ਉਹ ਖ਼ੁਦ ਨਾਲ ਹੀ ਬੁੜਬੁੜਾਉਣ ਲੱਗਦਾ ਹੈ।

ਪਰਨਾਲੇ ਚੱਲ ਪਏ ਸਨ। ਇੰਨੇ ਵਿਚ ਸੋਮੇ ਤੇ ਬਿੰਦਰ ਵੀ ਆ ਗਏ। ਦੋਵੇਂ ਭਿੱਜ ਚੁੱਕੇ ਸਨ। ਬਿਰਸਾ ਸੋਮੇ ਨੂੰ ਦੇਖਦਿਆਂ ਹੀ ਫੇਰ ਕੰਬ ਉੱਠਿਆ।

"ਵਿਆਹ ਤਾਂ ਇਹਦਾ ਵੀ...।" ਉਸ ਨੇ ਸੋਚਿਆ, "ਹੇ ਦਾਤਾ! ਕੁੜੀਆਂ ਕਿਵੇਂ ਇੰਨੀ ਛੇਤੀ ਪਹਾੜ ਜਿੱਡੀਆਂ ਹੋ ਜਾਂਦੀਆਂ ਨੇ?"

ਗੱਲ ਤਾਂ ਘਰ ਵਿਚ ਕਈ ਦਿਨਾਂ ਤੋਂ ਚੱਲ ਰਹੀ ਸੀ। ਕਈ ਵਾਰੀ ਕਲੇਸ਼ ਵੀ ਹੋਇਆ ਸੀ। ਕਿਉਂਕਿ ਦੁੱਧ ਦਾ ਜਲਿਆ ਲੱਸੀ ਵੀ ਫੂਕਾਂ ਮਾਰ-ਮਾਰ ਕੇ ਪੀਂਦੈ। ਪਰ ਅੱਜ ਉਹ ਫੇਰ ਆਪਣੀ ਘਰ ਵਾਲੀ ਨਾਲ ਤੁਰੰਤ ਇਸ ਮੁੱਦੇ 'ਤੇ ਗੱਲ ਕਰਨੀ ਚਾਹੁੰਦਾ ਸੀ।

ਮੀਂਹ ਸਾਰੀ ਰਾਤ ਪੈਂਦਾ ਰਿਹਾ। ਉਸ ਨੇ ਸਾਰੀ ਰਾਤ ਮੁੰਡੇ ਦੀ ਤਲਾਸ਼ ਵਿਚ, ਬਲਕਿ ਦੋ ਮੁੰਡਿਆਂ ਦੀ ਤਲਾਸ਼ ਵਿਚ, ਪਾਸੇ ਵੱਟਦਿਆਂ ਬਿਤਾ ਦਿੱਤੀ। ਆਪਣੀ ਚਿੰਤਾ ਘਰਵਾਲੀ ਨਾਲ ਵੀ ਸਾਂਝੀ ਨਾ ਕਰ ਸਕਿਆ ਕਿਉਂਕਿ ਸਾਰੇ ਇੱਕੋ ਕੋਠੜੀ ਵਿਚ ਪਏ ਸਨ।

ਸਵੇਰੇ ਜਦ ਪਤਨੀ ਨਾਲ ਗੱਲ ਕੀਤੀ ਤਾਂ ਉਹ ਖਾਣ ਨੂੰ ਪਈ, "ਹਾਲੇ ਨੀਂਦ ਕਿੱਥੇ ਉੱਡੀ ਐ ਤੇਰੀ, ਨੀਂਦਰ ਤਾਂ ਉਦੋਂ ਉੱਡੂ ਜਦੋਂ ਸਿੰਦੋ ਵਾਂਗ ਇਹਨੇ ਵੀ ਕੋਈ ਚੰਨ ਚਾੜ੍ਹ 'ਤਾ, ਖ਼ਬਰੇ ਕਦੋਂ ਖੁੱਲ੍ਹਣਗੀਆਂ ਤੇਰੀਆਂ ਅੱਖਾਂ...।"

"ਤੂੰ ਤਾਂ ਬਸ ਲੜਨ ਲਈ ਤਿਆਰ ਈ ਰਹਿਨੀ ਐਂ। ਕਹਿ ਤਾਂ ਰਿਹਾਂ ਕਰਾਂਗੇ ਕੋਈ ਹੀਲਾ।" ਕਹਿ ਕੇ ਬਿਰਸਾ ਘਰੋਂ ਅਜਿਹਾ ਨਿਕਲਿਆ ਕਿ ਸਾਰੀਆਂ ਰਿਸ਼ਤੇਦਾਰੀਆਂ ਵਿਚ ਘੁੰਮ-ਘੁੰਮਾ ਕੇ ਹਫ਼ਤੇ ਬਾਅਦ ਇੰਤਜ਼ਾਮ ਕਰ ਕੇ ਹੀ ਪਰਤਿਆ। ਪਰ ਇੰਤਜ਼ਾਮ ਸਿਰਫ ਗੁੱਡੋ ਵਾਸਤੇ ਹੀ ਹੋ ਸਕਿਆ ਸੀ।

ਕਾਹਲੀ ਵਿਚ ਮੁੰਡੇ ਨੂੰ ਚੱਜ ਨਾਲ ਵੇਖਣਾ-ਪਰਖਣਾ ਵੀ ਨਹੀਂ ਹੋ ਸਕਿਆ ਸੀ। ਬਿਰਸੇ ਦੇ ਸਾਢੂ ਨੇ ਦੱਸ ਪਾਈ ਸੀ। ਬਿਰਸੇ ਨੇ ਦੇਖਣ-ਦਾਖਣ ਦੀ ਗੱਲ ਤੋਰੀ ਤਾਂ ਸਾਢੂ ਬੋਲਿਆ, "ਮੁੰਡਾ ਤਾਂ ਹੈ ਈ, ਇਹ ਮੇਰੀ ਗਰੰਟੀ ਐ। ਉਮਰ ਤੀਹ-ਬੱਤੀ ਤੋਂ ਜ਼ਿਆਦੇ ਨਹੀਂ। ਬਾਕੀ ਜ਼ਮੀਨ-ਜਾਇਦਾਦ ਨਾ ਆਪਣੇ ਕੋਲ ਹੈ, ਨਾ ਉਨ੍ਹਾਂ ਕੋਲ ਹੋਣੀ ਐ। ਦਿਹਾੜੀ-ਧੰਧਾ ਆਪਾਂ ਕਰਦੇ ਆਂ, ਆਹੀ ਕੁਝ ਉਹ ਕਰਦੇ ਨੇ। ਹੋਰ ਬੋਲ ?"

ਬਿਰਸਾ ਹੋਰ ਕੀ ਬੋਲੇ ? ਉਹ ਮੁੰਡੇ ਦੇ ਚਾਲ-ਚਲਣ ਵਗੈਰਾ ਬਾਰੇ ਵੀ ਗੱਲ ਕਰਨੀ ਚਾਹੁੰਦਾ ਸੀ ਪਰ ਇਹ ਸੋਚ ਕੇ ਦੜ ਵੱਟ ਗਿਆ ਕਿ ਕਿਤੇ ਬਣਦੀ ਗੱਲ ਵਿਗੜ ਹੀ ਨਾ ਜਾਵੇ। ਇਹ ਅ-ਸੁਰੱਖਿਆ ਦੀ ਭਾਵਨਾ ਗ਼ਰੀਬਾਂ ਜਾਂ ਕਮਜ਼ੋਰਾਂ 'ਤੇ ਸਦਾ ਹੀ ਹਾਵੀ ਰਹਿੰਦੀ ਹੈ ਤੇ ਅਖ਼ੀਰ ਨੂੰ ਕਿਰੂ-ਪੰਰੂ ਕਰਨ ਦੀ ਆਦਤ ਉਨ੍ਹਾਂ ਦੇ ਸੁਭਾਅ 'ਚੋਂ ਸਮੁੱਚੇ ਤੌਰ 'ਤੇ ਮਨਫ਼ੀ ਹੋ ਜਾਂਦੀ ਹੈ। ਆਤਮ-ਵਿਸ਼ਵਾਸ ਵੀ ਬੰਦੇ ਵਿਚ ਤਦੇ ਪੈਦਾ ਹੁੰਦੈ ਜਦ ਉਹ ਆਰਥਿਕ ਤੇ ਸਮਾਜਿਕ ਤੌਰ 'ਤੇ ਖ਼ੁਦ ਨੂੰ ਸੁਰੱਖਿਅਤ ਮਹਿਸੂਸ ਕਰੇ।

ਖ਼ੈਰ! ਆਉਣ ਸਾਰ ਐਲਾਨ ਕਰ ਦਿੱਤਾ ਗਿਆ- ਗੁੱਡੋ ਨੇ ਕੱਖ-ਪੱਠੇ ਨਹੀਂ ਹੁਣ ਲੈਣ ਜਾਣਾ ਖੇਤਾਂ ਵਿਚ। ਚੰਗਾ ਮਾੜਾ ਟੈਮ... ਕੀ ਪਤਾ ਲੱਗਦੈ...।

ਦੋ-ਤਿੰਨ ਦਿਨ ਪੈਸੇ-ਟਕੇ ਦੇ ਇੰਤਜ਼ਾਮ ਵਿਚ ਲੱਗ ਗਏ। ਫੇਰ ਇਕ ਦਿਨ ਕਾਹਨਪੁਰ ਮੰਡੀ ਜਾ ਕੇ ਕਪੜਾ-ਲੱਤਾ ਖਰੀਦ ਲਿਆਏ। ਅਗਲੇ ਦਿਨ ਛੋਟੇ ਭਾਈ ਜੱਗੀ ਅਤੇ ਚੌਧਰੀ ਮਹਿਤਾਬ ਨੂੰ ਨਾਲ ਲੈ ਕੇ ਦਾਜ ਦਾ ਸਾਮਾਨ, ਇਕ ਛੋਟੀ ਜਿਹੀ ਟਰੰਕੀ, ਪਲੰਘ, ਰਜਾਈ-ਗਦੇਲਾ, ਦੋ ਕੁਰਸੀਆਂ, ਟੇਬਲ ਫੈਨ ਅਤੇ ਛੋਟਾ ਬਲੈਕ ਐਂਡ ਵ੍ਹਾਈਟ ਟੀ.ਵੀ. ਆਦਿ ਖਰੀਦ ਲਿਆਏ।

ਗੁੱਡੋ ਦੀ ਮਾਂ ਨੇ ਗੁੱਡੋ ਅਤੇ ਸਮੋ ਲਈ ਫੇਰੀ ਵਾਲਿਆਂ ਕੋਲੋਂ ਸਮੇਂ-ਸਮੇਂ ਸਿਰ, ਢਿੱਡ ਨੂੰ ਗੰਢ ਮਾਰ ਕੇ ਤੇ ਬੜੀਆਂ ਰੀਝਾਂ ਨਾਲ ਖਰੀਦੀਆਂ ਹੋਈਆਂ ਦਰੀਆਂ, ਚੱਦਰਾਂ ਆਦਿ ਸਾਮਾਨ ਵਿਚੋਂ ਗੁੱਡੋ ਦੇ ਹਿੱਸੇ ਦੀਆਂ ਚੀਜ਼ਾਂ ਕੱਢ ਕੇ ਉਸ ਦੇ ਦਾਜ ਵਿਚ ਸ਼ਾਮਲ ਕਰ ਦਿੱਤੀਆਂ।

ਹਾਥੀ-ਘੋੜੇ, ਕਾਰ ਆਦਿ ਦੇ ਨਾਲ ਨਾਲ ਪਲਾਸਟਿਕ ਦੀ ਢਾਈ ਰੁਪਏ ਵਾਲੀ ਗੁੱਡੀ ਵੀ ਸੰਦੂਕੜੀ ਵਿਚ ਰੱਖ ਦਿੱਤੀ ਗਈ। ਇਸ ਗੁੱਡੀ ਨਾਲ ਗੁੱਡੋ ਨੂੰ ਖ਼ਾਸ ਲਗਾਅ ਸੀ।

ਉਸਨੂੰ ਯਾਦ ਆਇਆ, ਉਸ ਦਿਨ ਗੁੱਡੋ ਖੇਤੋਂ ਗਾਜਰਾਂ ਲੈ ਕੇ ਆਈ ਸੀ।

"ਮਾਂ, ਅੱਜ ਤਾਂ ਗਜਰੇਲਾ ਬਣਾਵਾਂਗੇ, ਦੁੱਧ ਤਾਂ ਲਿਆ ਦੇ!"

"ਨਾ ਪੁੱਤ, ਪੈਸੇ ਕਿੱਥੇ ਨੇ ਦੁੱਧ ਵਾਸਤੇ...।"

"ਪੰਜ ਰੁਪਏ ਹੋਣ ਤਾਂ ਸਹੀ ਤੇਰੀ ਜੇਬ ਵਿਚ ? ਮੈਨੂੰ ਪਤੈ!" ਗੁੱਡੋ ਨੇ ਮਿੰਨਤ ਕੀਤੀ।



"ਹੈ ਤਾਂ ਕੀ ਹੋਇਆ ? ਪੰਜਾਂ ਦੀ ਕਈ ਚੀਜ਼ ਆਊ...।" ਉਹਨੂੰ ਗੁੱਡੋ ਲਈ ਦਾਜ ਤਿਆਰ ਕਰਨ ਦੀ ਚਿੰਤਾ ਸੀ। ਤੇ ਅਗਲੇ ਦਿਨ ਮਾਂ ਨੇ ਸਾਈਕਲ ਵਾਲੇ ਕੋਲੋਂ ਪੰਜ ਰੁਪਏ ਵਿਚ ਦੋ ਗੁੱਡੀਆਂ ਖਰੀਦ ਲਈਆਂ ਸਨ। ਢਾਈ ਦੀ ਇਕ।

"ਬਹਿਨ ਜੀ, ਅੱਜਕੱਲ੍ਹ ਤਾਂ ਗੁੱਡੀ ਇਹ ਜਿਹੀ ਵੀ ਆਂਦੀ ਏ ਜੀਹਨੂੰ ਸੁਆ ਛੋਓ ਤੇ ਅੱਖਾਂ ਬੰਦ ਕਰ ਲੈਂਦੀ ਏ, ਖੜ੍ਹੀ ਕਰ ਲਓ ਤੇ ਅੱਖਾਂ ਖੋਲ੍ਹ ਲੈਂਦੀ ਏ।"

"ਅੱਛਾ !" ਸਾਈਕਲ ਦੁਆਲੇ ਖੜ੍ਹੀਆਂ ਔਰਤਾਂ ਨੇ ਇਕੋ ਸੁਰ ਵਿਚ ਹੈਰਾਨੀ ਪ੍ਰਗਟਾਈ ਸੀ।

"ਹਾਂ ਜੀ, ਸੱਠ ਰੁਪੈ ਲੱਗਦੇਨ ਪੂਰੇ। ਹਿੱਕ ਸੈਲ ਨਾਲ ਚੱਲਣ ਆਲੀ ਗੁੱਡੀ ਵੀ ਆਂਦੀ ਏ। ਜਿਹੜੀ ਗੋਲ-ਗੋਲ ਘੁੰਮ ਕੇ ਚੂਲ੍ਹੇ ਮਟਕਾ-ਮਟਕਾ ਕੇ ਨੱਚਦੀ ਏ... ਗੀਤ ਵੀ ਗਾਂਦੀ ਏ, ਚੋਲੀ ਕੇ ਪਿੱਛੇ ਕਿਆ ਹੈ, ਚੋਲੀ ਕੇ ਪਿੱਛੇ...।"

ਉਹ ਚਸਕੇ ਲੈ-ਲੈ ਕੇ ਦੱਸ ਰਿਹਾ ਸੀ, "ਪਰ ਉਹ ਪੱਕੇ ਫਰਸ਼ ਉਤੇ ਨੱਚ ਸਕਦੀ ਏ, ਕੱਚੀ ਥਾਵੇਂ ਕੋਇ ਨਾ। ਭੂ ਸੋ ਪੰਜ ਰੁਪਏ ਲੱਗਦੇਨ ਪੂਰੇ...।"

"ਨਾ ਵੇ ਭਰਾਵਾ, ਸਾਡੀ ਐਨੀ ਪਹੁੰਚ ਕਿੱਥੇ।"

ਗੁੱਡੋ ਦੀ ਮਾਂ ਨੇ ਜੇਬ ਵਿਚ ਪਿਆ ਪੰਜਾਂ ਦਾ ਨੋਟ ਖਰਚ ਦਿੱਤਾ ਸੀ। ਘਰ ਮੁੜਦਿਆਂ ਹੋਇਆਂ ਉਹ ਗੁੱਡੋ ਨੂੰ ਕਹਿ ਰਹੀ ਸੀ, "ਤੇਰੇ ਸਹੁਰੀਂ ਨਣਦਾਂ, ਜਠਾਣੀਆਂ ਨੂੰ ਸੂਟਾਂ ਨਾਲ ਦੇਣ ਲਈ ਕੰਮ ਆਉਣਗੀਆਂ ਅਜਿਹੀਆਂ ਚੀਜ਼ਾਂ। ਕਿਸੇ ਸੁਹਾਗ-ਭਾਗ ਵਾਲੀ ਨੂੰ ਸਿੱਧੇ ਤਿੰਨ ਕਪੜੇ ਦੇਣਾ ਕੁਸ਼ਗਨ ਹੁੰਦੈ... ਕੋਈ ਖਿਡੌਣਾ ਦੇ ਦਿਓ ਨਾਲ... ਹੋਰ ਕੀ!"

ਬੇਸ਼ੱਕ ਅਜਿਹੀਆਂ ਚੀਜ਼ਾਂ ਕੁਝ ਹੋਰ ਵੀ ਇਕੱਠੀਆਂ ਹੋ ਗਈਆਂ ਸਨ ਉਸਦੇ ਦਾਜ ਦੇ ਨਾਂ 'ਤੇ, ਪਰ ਗੁੱਡੋ ਨੂੰ ਉਹ ਗੁੱਡੀ ਬਹੁਤ ਚੰਗੀ ਲੱਗਦੀ ਸੀ। ਤਰਾਸ਼ੀਆਂ ਹੋਈਆਂ ਭਰਵੱਟਾਂ। ਅੱਧ-ਮੁੰਦੀਆਂ ਪਲਕਾਂ ਚੋਂ ਝਾਕਦੀ ਗੁੱਡੀ। ਪਿੰਡ ਵਿਚ 'ਬੂਟੀ ਪਾਰਲੋ' ਵਾਲੀ ਰਾਣੋ ਅਜਿਹੀਆਂ ਭਰਵੱਟਾਂ ਮਤਲਬ ਆਈ-ਬ੍ਰੋ ਪੰਜ ਰੁਪਏ ਵਿਚ ਬਣਾ ਦਿੰਦੀ ਐ।

ਗੁੱਡੋ ਨੇ ਸੋਚਿਆ ਉਹ ਵਿਆਹ ਵੇਲੇ ਜ਼ਰੂਰ ਬਣਵਾਵੇਗੀ।

ਉਸ ਦੇ ਚਾਚੇ ਦੀ ਕੁੜੀ ਜੀਤੋ ਤਾਂ ਰਾਣੋ ਕੋਲੋਂ ਕਈ ਵਾਰੀ ਭਰਵੱਟਾਂ ਬਣਵਾ ਚੁੱਕੀ ਹੈ। ਉਸ ਕੋਲ ਪੈਸੇ ਵੀ ਬਹੁਤ ਹੁੰਦੇ ਨੇ। ਉਹ ਤਾਂ ਗਰਮੀਆਂ ਵਿਚ ਕਦੇ ਕੁਲਫੀ, ਕਦੇ ਮਲਾਈ-ਬਰਫ ਵੀ ਖਾਂਦੀ ਰਹਿੰਦੀ ਹੈ, ਸਾਇਕਲ ਵਾਲੇ ਕੋਲੋਂ ਖਰੀਦ ਕੇ। ਸੂਟ ਵੀ ਚੰਗੇ ਪਾਉਂਦੀ ਹੈ।

ਇਕ ਦਿਨ ਉਸਨੇ ਗੁੱਡੋ ਨੂੰ ਆਪਣਾ ਭੇਦ ਦੱਸਿਆ ਸੀ, ਪਰ ਆਪਣੇ ਮਤਲਬ ਲਈ। ਕਹਿੰਦੀ, "ਪੈਸੇ ਤਾਂ ਜਿੰਨੇ ਮਰਜ਼ੀ... ਜੱਟਾਂ ਦੇ ਮੁੰਡੇ ਨੋਟ ਵਾਰਦੇ ਫਿਰਦੇ ਨੇ। ਮੈਂ ਤਾਂ ਸੌ ਤੋਂ ਘੱਟ ਵਿਚ ਕਿਸੇ ਨੂੰ ਨੇੜੇ ਨ੍ਹੀ ਲੱਗਣ ਦਿੰਦੀ। ਆਹ ਜਿਹੜਾ ਬੁੱਢਾ ਚੌਧਰੀ ਐ ਨਾ ਮਹਿਤਾਬ, ਉਹ ਤਾਂ ਸ਼ੁਰੂ-ਸ਼ੁਰੂ ਦੀ ਗੱਲ, ਪੰਜਾਹਾਂ 'ਚ ਈ ਟਰਕਾਉਣ ਲੱਗਾ ਸੀ, ਕਹਿੰਦਾ ਪੱਕਾ ਈ ਗਾਹਕ ਬਣਾ ਲੈ। ਮੈਂ ਤਾਂ ਕਹਿ 'ਤਾ ਗਾਹਕ ਬਥੇਰੇ। ਇਕ ਦਮ ਕੱਚੀ ਵੀ ਭਾਲਦੈਂ ਤੇ...? ਹੁਣ ਸਗਰ ਦੇਣੀ ਸੌ ਫੜਾ ਦਿੰਦੈ।"

ਗੁੱਡੋ ਸੁਣ ਕੇ ਹੌਂਕੀ-ਬੌਂਕੀ ਰਹਿ ਗਈ। ਉਸਦਾ ਉਪਰਲਾ ਸਾਹ ਉਪਰ ਅਤੇ ਹੇਠਲਾ ਹੇਠਾਂ ਹੀ ਰਹਿ ਗਿਆ ਸੀ।

"ਮਹਿਤਾਬ ਚਾਚਾ ਵੀ ?" ਉਸਨੇ ਸੋਚਿਆ।

"ਕਿਉਂ ? ਹੈਰਾਨ ਹੋਣ ਡਹੀ ਐਂ ? ਥੋੜਾ ਇਹ ਚੌਧਰੀ ਤਾਂ ਮੈਨੂੰ ਸੋ ਰੁਪਈਏ ਤੇਰੇ ਨਾਲ ਸਿਰਫ ਗੱਲ ਕਰਵਾਉਣ ਦੇ ਹੀ ਦੇ ਰਿਹਾ ਸੀ।" ਕਹਿੰਦਿਆਂ ਉਸ ਨੇ ਗੁੱਡੋ ਵੱਲ ਦੇਖਿਆ।

ਜੀਤੋ ਦੀ ਗੱਲ ਸੁਣ ਕੇ ਉਹ ਕੰਬ ਗਈ।

"ਇਹ ਲੋਕ ਤਾਂ... ਵੱਡੇ-ਛੋਟੇ ਦੀ ਕੋਈ ਖਾਸ ਗੱਲ ਨ੍ਹੀਂ। ਮੈਨੂੰ ਤਾਂ ਉਹ ਚੁੱਕ ਕੇ ਗੋਦੀ 'ਚ ਬਿਠਾ ਲੈਂਦੈ। ਪਤੈ, ਕਈ ਵਾਰੀ ਤਾਂ ਮਜ਼ਾਕ-ਮਜ਼ਾਕ 'ਚ ਮੈਂ ਉਹਦੀਆਂ ਮੁੱਛਾਂ ਦੀਆਂ ਕੁੰਡੀਆਂ ਘੁਮਾ ਕੇ ਹੇਠਾਂ ਨੂੰ ਕਰ ਦਿੰਦੀ ਆਂ।" ਜੀਤੋ ਨੇ ਗੁੱਡੋ ਦੇ ਹੈਰਾਨੀ ਨਾਲ ਖੁੱਲ੍ਹੇ ਹੀ ਰਹਿ ਗਏ ਮੂੰਹ ਵੱਲ ਦੇਖਦੇ ਹੋਏ ਕਿਹਾ, "ਮੇਰੀ ਗੁੱਡੋ ਰਾਣੀ, ਡਰਨ ਵਾਲੀ ਕੋਈ ਗੱਲ ਨਹੀਂ... ਛੋਟੀਆਂ-ਛੋਟੀਆਂ ਤੋਹ ਗੋਲੀਆਂ ਦਾ ਪੱਤਾ ਆਉਂਦੈ, ਇਕ ਰੋਜ਼ਾਨਾ... ਤੇ ਸੁਣ, ਇਕ ਦਿਨ ਪਤੈ ਕੀ ਹੋਇਆ...!" ਉਹ ਸਵਾਦ ਲੈ-ਲੈ ਕੇ ਕਿੱਸੇ ਸੁਣਾ ਰਹੀ ਸੀ, ਪਰ ਗੁੱਡੋ ਨਾਰਾਜ਼ ਹੋ ਕੇ ਚਲੀ ਗਈ ਤੇ ਫੇਰ ਕਦੇ ਉਸ ਨਾਲ ਬੋਲੀ ਵੀ ਨਹੀਂ।

ਜੀਤੋ ਦਾ ਵਿਆਹ ਹੋ ਗਿਆ। ਵਿਆਹ ਤੋਂ ਬਾਅਦ ਘਰ ਫੇਰੀ ਪਾਉਣ ਆਈ ਜੀਤੋ ਗੁੱਡੋ ਨੂੰ ਵੀ ਮਿਲਣ ਆਈ ਸੀ।

ਵਿਆਹ ਵਾਲੇ ਦਿਨ ਮੁੰਡੇ ਵਾਲਿਆਂ ਵੱਲੋਂ ਦਾਜ ਦੇ ਨਾ 'ਤੇ ਇਕ-ਦੋ ਮੰਗਾਂ ਉੱਠੀਆਂ, ਦੋਵੇਂ ਧਿਰਾਂ ਵਿਚਕਾਰ ਤੂੰ-ਤੂੰ, ਮੈਂ-ਮੈਂ ਦੀ ਨੌਬਤ ਵੀ ਆ ਗਈ ਸੀ। ਪਰ ਕੁਲ ਮਿਲਾ ਕੇ ਸਭ ਠੀਕ-ਠਾਕ ਹੀ ਨਿਬੜ ਗਿਆ ਸੀ।

ਇਸ ਤਰ੍ਹਾਂ ਗੁੱਡੋ ਦਾ ਭਾਰ ਹੁਣ ਉਨ੍ਹਾਂ ਦੇ ਸਿਰੋਂ ਉਤਰ ਗਿਆ ਸੀ।

ਸੰਗਤਪੁਰਾ ਤੋਂ ਤਿੰਨ ਕੋਹ ਦੀ ਵਿੱਥ 'ਤੇ ਪੈਂਦਾ ਭੰਡਾ ਪਿੰਡ ਗੁੱਡੋ ਦੇ ਸਹੁਰਿਆਂ ਦਾ ਜੱਦੀ ਪਿੰਡ ਨਹੀਂ ਸੀ। ਉਹ ਤਾਂ ਤਿੰਨ ਸਾਲ ਪਹਿਲਾਂ ਕਲੇਦੀ ਪਿੰਡ ਤੋਂ ਆ ਕੇ ਇੱਥੇ ਰਹਿਣ ਲੱਗੇ ਸਨ। ਪਰ ਗੁੱਡੋ ਲਈ ਭੰਡਾ ਕੀ ਤੇ ਕਲੇਦੀ ਕੀ। ਸਭ ਕੁਝ ਨਵਾਂ ਸੀ। ਉਸ ਦੇ ਮਨ ਵਿਚ ਰਲਵੇਂ-ਮਿਲਵੇਂ ਭਾਵ ਸਨ। ਇਕ ਅਜੀਬ ਤਰ੍ਹਾਂ ਦੀ ਕਸ਼ਿਸ਼, ਸੰਕੋਚ ਤੇ ਗਲ੍ਹਾਂ 'ਤੇ ਉਤਰ ਆਈ ਸੀ ਹਲਕੀ ਜਿਹੀ ਸ਼ਰਮ ਦੀ ਇਕ ਤਹਿ। ਅਕਸਰ ਘੇਰੀ ਰੱਖਣ ਵਾਲੀਆਂ ਚਿੰਤਾਵਾਂ ਅੱਜ ਉਸ ਤੋਂ ਕੋਹਾਂ ਦੂਰ ਸਨ ਤੇ ਉਸ ਦੀਆਂ ਅੱਖਾਂ ਵਿਚ ਤੈਰ ਰਿਹਾ ਸੀ ਇਕ ਸੁਨਹਿਰੀ ਸੁਪਨਾ।

ਹਾਲੇ ਪ੍ਰਥਮ ਸੰਕੋਚ ਵੀ ਦੂਰ ਨਹੀਂ ਸਨ ਹੋਏ ਕਿ ਆਪਣੀ ਵਿੰਗੀ ਬਾਂਹ ਨੂੰ ਹਿਲਾਉਂਦਿਆਂ ਜੈਲੇ ਨੇ ਕਿਹਾ, "ਚਲ ਛੱਡ ਹੁਣ ਫਾਲਤੂ ਦਾ ਸੰਗਣਾ-ਸ਼ਰਮਾਉਣਾ ਤੇ ਸਿਧੀ ਹੋ ਕੇ ਆ ਜਾ ਅਧਿੰਧਰ।" ਉਸ ਦੇ ਸੁਰ ਵਿਚ ਵਿਅੰਗ ਤੇ ਕੁਰੱਖਤਣ ਘੁਲੀ ਹੋਈ ਸੀ।

ਟੀ.ਵੀ. ਉੱਤੇ ਦੇਖੀਆਂ ਅਣਗਿਣਤ ਸੁਹਾਗ ਰਾਤਾਂ ਤੇ ਚੌਧਰੀਆਂ ਦੇ ਨੋਹਰੇ ਵਿਚ ਵੀਡੀਓ 'ਤੇ ਦੇਖੀਆਂ ਫਿਲਮਾਂ ਵਿਚ ਮਨਾਈਆਂ ਜਾਣ ਵਾਲੀਆਂ ਸੁਹਾਗ ਰਾਤਾਂ ਨੂੰ ਦੇਖ ਕੇ ਪੁੰਘਰਿਆ ਉਸਦਾ ਸੁਪਨਾ ਪਲਾਂ ਵਿਚ ਹੀ ਤਬਾਹ ਹੋ ਗਿਆ ਸੀ।



ਦੁਲ੍ਹੇ ਸਾਹਿਬ ਨੇ ਗੁੱਡੋ ਨੂੰ ਫੜ੍ਹ ਕੇ ਆਪਣੇ ਵੱਲ ਖਿਚ ਲਿਆ।

"ਪਹਿਲਾਂ ਮੂੰਹ ਦਿਖਾਈ...?"

ਪਹਿਲੀ ਵਾਰੀ ਸੁਰਖੀ ਲੱਗੇ ਬੁੱਲ੍ਹਾਂ ਵਿਚੋਂ ਧੀਮੀ ਜਿਹੀ ਆਵਾਜ਼ ਨਿਕਲੀ। ਉਸਨੇ ਹਿੰਮਤ ਜਿਹੀ 'ਕੱਠੀ ਕਰਕੇ ਸਹੇਲੀਆਂ ਵੱਲੋਂ ਰਟਾਇਆ ਹੋਇਆ ਇਹ ਵਾਕ ਔਧਾ-ਅਧੂਰਾ ਬੋਲ ਹੀ ਦਿੱਤਾ ਸੀ।

"ਬਥੇਰੀ ਲੈ ਲੀ...। ਹੁਣ ਤਾਂ ਵਰੀ 'ਚ ਈ ਵੱਜੂ ਇਹ ਢੋਲਕੀ।"

ਉਹ ਕੁਝ ਵੀ ਨਾ ਸਮਝੀ ਅਤੇ ਅੱਗੇ ਕੁਝ ਬੋਲ ਵੀ ਨਾ ਸਕੀ। ਤਜ਼ੁਰਬੇਕਾਰ ਜੈਲੇ ਨੇ ਪੁੱਛਿਆ, "ਪਹਿਲਾਂ ਕਿੰਨੀ ਕੁ ਵਾਰ ਖੇਡ ਚੁੱਕੀ ਐਂ ?" ਉਹ ਫਿਰ ਕੁਝ ਵੀ ਨਾ ਸਮਝ ਸਕੀ ਤੇ ਚੁੱਪ ਹੀ ਰਹੀ।

ਬਰਾਬਰ ਪਏ ਜੈਲੇ ਨੇ ਕਾਫੀ ਦੇਰ ਤੋਂ ਉਨ੍ਹਾਂ ਵਿਚਕਾਰ ਪਸਰੇ ਸੰਨਾਟੇ ਨੂੰ ਭੰਗ ਕਰਦਿਆਂ ਕਿਹਾ, "ਗਿਣਤੀ ਤਾਂ ਤੈਂ ਕੀ ਕੀਤੀ ਹੋਣੀ ਐ, ਚੱਲ ਐਨਾ ਤਾਂ ਦੱਸ ਦੇ ਕਿਨੇ ਕੁ ਸਾਲ ਹੋ ਗਏ ਨੇ ?" ਟੁੱਟੀ ਹੋਈ ਬਾਂਹ ਦੀ ਵਜ੍ਹਾ ਨਾਲ ਉਸ ਨੂੰ ਪਾਸਾ ਪਰਤਣ ਵਿਚ ਮੁਸ਼ਕਲ ਪੇਸ਼ ਆ ਰਹੀ ਸੀ ਇਸ ਲਈ ਉਸ ਨੇ ਗੁੱਡੋ ਦੇ ਉਪਰੋਂ ਉਸ ਦੇ ਦੂਜੇ ਪਾਸੇ ਲੇਟ ਕੇ ਉਸ ਵਲ ਮੂੰਹ ਕਰ ਲਿਆ।

"ਕੀ ਮਤਲਬ ?" ਗੁੱਡੋ ਨੇ ਖਿਝਦਿਆਂ ਪੁੱਛਿਆ।

"ਸਾਲੀ ਬਕਵਾਸ ਕਰਦੀ ਐਂ ?" ਕਹਿੰਦਿਆਂ ਜੈਲੇ ਨੇ ਵਿੰਗੀ ਬਾਂਹ ਨਾਲ ਉਸ ਦੇ ਮੂੰਹ 'ਤੇ ਚਪੇੜ ਮਾਰ ਦਿੱਤੀ। ਸਿਸਕੀਆਂ ਦਾ ਸਿਲਸਿਲਾ ਸ਼ੁਰੂ ਹੋ ਗਿਆ ਸੀ।

ਗੁੱਡੋ ਦਾ ਦੂਸਰਾ ਦਿਨ ਠੀਕ-ਠਾਕ ਬੀਤਿਆ। ਨਣਦਾਂ ਦੇ ਲਾਡ-ਪਿਆਰ ਅਤੇ ਚੁਹਲਬਾਜ਼ੀ ਦੇ ਬਾਵਜੂਦ ਜੈਲੇ ਦੁਆਰਾ ਰਾਤ ਨੂੰ ਕੀਤਾ ਵਰਤਾਓ ਉਸ ਨੂੰ ਚੁੱਭ ਰਿਹਾ ਸੀ। ਉਸ ਵੱਲੋਂ ਕਹੀਆਂ ਗੱਲਾਂ ਉਸ ਦੇ ਦਿਮਾਗ ਵਿਚ ਸਾਰਾ ਦਿਨ ਹਥੌੜੇ ਵਾਂਗ ਵੱਜਦੀਆਂ ਰਹੀਆਂ।

ਜੈਲੇ ਦੇ ਮੂੰਹੋਂ ਢੋਲਕੀ ਵਾਲੀ ਗੱਲ ਸੁਣ ਕੇ ਉਸਦੇ ਮਨ ਨੂੰ ਬਹੁਤ ਤਕਲੀਫ ਹੋਈ ਸੀ। ਢੋਲਕੀ ਵਜਾਉਣ ਦਾ ਮਤਲਬ ਉਹ ਚੰਗੀ ਤਰ੍ਹਾਂ ਸਮਝਦੀ ਸੀ। ਜ਼ਿਮੀਂਦਾਰਾਂ, ਚੌਧਰੀਆਂ ਦੇ ਵਿਗੜੇ ਹੋਏ ਕਾਕਿਆਂ ਵੱਲੋਂ ਕੋਲੋਂ ਲੰਘਦਿਆਂ ਮਾਰੇ ਹੋਏ ਅਜਿਹੇ ਬੋਲ ਉਸਨੇ ਕਈ ਵਾਰੀ ਸੁਣੇ ਹੋਏ ਸਨ।

ਬੀਤ ਰਹੇ ਸਮੇਂ ਦੇ ਹਰ ਪਲ 'ਤੇ ਉਨ੍ਹਾਂ ਕਾਕਿਆਂ ਦੀ ਨਜ਼ਰ ਰਹਿੰਦੀ ਸੀ, "ਦੇ ਹੋਰ ਤਿਆਰ ਹੋ ਗਈਆਂ ਨੇ ਯਾਰ ਖਿਡਣੇ ਦੀਆਂ ਤਾਂ !" ਅਜਿਹੇ ਸ਼ਬਦ-ਬਾਣ ਉਹ ਕਈ ਵਾਰ ਸੁਣ ਚੁੱਕੀ ਸੀ, ਪਰ ਖੇਡਣ ਵਾਲੀ ਗਲ...?

ਸ਼ਾਮੀ ਕੰਮ-ਕਾਰ ਸਾਂਭਣ ਤੋਂ ਬਾਅਦ ਸਾਰੇ ਸੌਣ ਲੱਗੇ, ਉਸ ਨੂੰ ਛੱਤ 'ਤੇ ਭੇਜ ਦਿੱਤਾ ਗਿਆ। ਜੈਲਾ ਪਹਿਲਾਂ ਹੀ ਉੱਥੇ ਲੇਟਿਆ ਹੋਇਆ ਸੀ। ਆਉਣ ਸਾਰ ਉਸ ਨੂੰ ਆਪਣੇ ਉਪਰ ਖਿੱਚਦਿਆਂ ਬੋਲਿਆ, "ਕੀ ਹਾਲ ਐ ਮੇਰੀ ਢੋਲਕੀ ਦਾ ?" ਤੇ ਉਸ ਨੂੰ ਵਿੰਗੀ ਬਾਂਹ ਦੀ ਕੁੰਡੀ

ਵਿਚ ਫਸਾ ਲਿਆ। ਉਸ ਦਾ ਮਨ ਇਹ ਸੁਣ ਕੇ ਨਫਰਤ ਨਾਲ ਭਰ ਗਿਆ। ਉਹ ਤੜਫੀ, ਦੂਰ ਹਟਣ ਦੀ ਕੋਸ਼ਿਸ਼ ਕੀਤੀ ਪਰ ਵਿਅਰਥ। ਕਿਉਂਕਿ ਉਸ ਦੀ ਵਿੰਗੀ ਜੁੜੀ ਹੋਈ ਬਾਂਹ ਵਿਚ ਪੁਰਾਣੀਆਂ ਖਾਧੀਆਂ ਖੁਰਾਕਾਂ ਕਾਰਨ ਹਾਲੇ ਵੀ ਬਹੁਤ ਜਾਨ ਬਾਕੀ ਸੀ।

"ਚੱਲ ਨਖਰੇ ਛੱਡ, ਆ ਛੇਤੀ ਦੇਣੇ ਖੇਡ ਲੈਂਦੇ ਆਂ। ਮੈਨੂੰ ਤਾਂ ਨੀਂਦਰ ਆਈ ਜਾਂਦੀ ਐ। ਸਾਲ੍ਹਾ ਧੱਪਖਾਨਾ। ਕਦੇ ਇਹ ਨਹੀਂ, ਕਦੇ ਉਹ ਨਹੀਂ। ਸਾਡੇ ਪਿਉ ਨੇ ਤਾਂ ਖੇਰਸੱਲਾ ਜਿਹੜੇ ਕਰ ਲਏ, ਜੋ ਕਰ ਲਏ, ਅੱਜਕਲ੍ਹ ਵੀ ਲੋਕ ਨਹੀਂ ਸਮਝਦੇ... ਦੋ ਜਵਾਕਾਂ 'ਤੇ ਜਵਾਕ...। ਜ਼ਮਾਨੇ ਦੀ ਹਵਾ ਦਾ ਵੀ ਨ੍ਹੀਂ ਪਤਾ।"

ਉਸ ਦੀਆਂ ਭੈਣਾਂ ਦੇ ਤਿੰਨ ਬੱਚੇ ਨਾਨਕੇ ਵਿਚ ਹੀ ਪਲ ਰਹੇ ਸੀ।

ਫਿਰ ਉਹ ਆਸਮਾਨ ਵੱਲ ਦੇਖਣ ਲੱਗਿਆ। ਬਾਂਹ ਦੀ ਪਕੜ ਢਿੱਲੀ ਹੁੰਦਿਆਂ ਹੀ ਗੁੱਡੋ ਉਸ ਦੇ ਉਪਰੋਂ ਸਰਕ ਕੇ ਬਰਾਬਰ ਲੇਟ ਗਈ। 'ਖੇਡਣ' ਦਾ ਮਤਲਬ ਉਹ ਸਮਝ ਚੁੱਕੀ ਸੀ। ਰਾਤ ਵਾਲੀ ਗੱਲ ਯਾਦ ਕਰ ਕੇ ਉਸ ਦੇ ਮਨ ਵਿਚ ਨਫਰਤ ਦੇ ਕਿਟਾਣੂ ਫਿਰ ਕੁਲਬੁਲਾਉਣ ਲੱਗੇ।

"ਬਾਰਾਂ ਹਜ਼ਾਰ ਲਏ ਸੀ ਸਰਦਾਰਾਂ ਕੋਲੋਂ। ਸਾਰੇ ਮੁੱਕਗੇ। ਉੱਪਰ ਤੇਰੇ ਪਿਉ ਨੇ ਉੱਕਾ ਈ ਚੰਡ ਦਿਖਾ 'ਤੀ। ਥਾਲੀ 'ਚ ਰੱਖਿਆ ਗਿਆਰਾਂ ਸੌ ਰੁਪਈਆ ਚੰਦਾਂ ਸੇ ਤਾਂ ਸਾਲੇ ਫੋਰਵ੍ਹੀਲਰ ਆਲੇ ਨੇ ਕਿਰਾਇਆ ਈ ਲੈ ਲਿਆ, ਜਿਸ 'ਚ ਬਰਾਤ ਲੈਗੇ ਸੀ। ਤੇ ਉਹ, ਜਿਹੜੀ ਸੰਦੂਕੜੀ ਸੀ, ਰਾਹ 'ਚ ਈ ਟੁੱਟਗੀ। ਚੰਗੇ ਟੁੱਟਗੀ... ਉਹ 'ਚ ਰੱਖਣਾ ਈ ਕੀ ਸੀ...।" ਜੈਲਾ ਬੋਲ ਰਿਹਾ ਸੀ, ਪਰ ਉਹ ਤਾਂ ਕਿਤੇ ਹੋਰ ਹੀ ਗੁਆਚ ਗਈ ਸੀ।

ਆਪਣੀਆਂ ਵੱਡੀਆਂ ਭੈਣਾਂ ਦੇ ਚਿਹਰਿਆਂ 'ਤੇ ਵੀ ਕਦੇ ਰੌਣਕ ਨਹੀਂ ਸੀ ਦੇਖੀ ਉਸਨੇ।

ਚਾਚੇ ਦੀ ਕੁੜੀ ਜੀਤੋ ਤਾਂ ਮੁਕਲਾਵੇ ਤੋਂ ਆ ਕੇ ਕਹਿ ਰਹੀ ਸੀ, "ਵਿਆਹ ਤੋਂ ਬਾਅਦ ਤਾਂ ਬੜਾ ਈ ਨਜ਼ਾਰਾ ਐ।"

"ਕੀ ਆਹੀ ਨਜ਼ਾਰਾ ਐ ?" ਉਹ ਸੋਚਣ ਲੱਗੀ। ਉਸ ਨੂੰ ਲੱਗਿਆ ਜਿਵੇਂ ਉਹ ਸੱਚੀਓਂ ਢੋਲ ਦੇ ਸੁੱਕੇ ਚਮੜੇ ਵਿਚ ਵਟੀਂਦੀ ਜਾ ਰਹੀ ਹੈ। ਇਕ ਅੰਤਹੀਨ ਤੇ ਗਹਿਰੀ ਪੀੜ ਉਸਦੇ ਮਨ ਵਿਚ ਘਰ ਕਰਦੀ ਜਾ ਰਹੀ ਸੀ।

ਅਜਿਹਾ ਮਾਹੌਲ ਗੁੱਡੋ ਲਈ ਕੋਈ ਨਵਾਂ ਜਾਂ ਓਪਰਾ ਨਹੀਂ ਸੀ। ਉਸ ਨੇ ਆਪਣੇ ਘਰ ਵਿਚ, ਆਪਣੇ ਚਾਚੇ ਦੇ ਘਰ ਤੇ ਨਾਨਕੇ 'ਚ ਵੀ ਮਾਰ-ਕੁੱਟ, ਗਾਲ੍ਹ-ਗਲੋਚ, ਸਭ ਕੁੱਝ ਅਜਿਹਾ ਹੀ ਦੇਖਿਆ ਹੋਇਆ ਸੀ। ਪਰ ਇੱਥੇ ਕੁੱਝ ਗੱਲਾਂ ਅਜਿਹੀਆਂ ਹੋਈਆਂ ਜੋ ਉਸ ਨੂੰ ਤਕਲੀਫ ਦਿੰਦੀਆਂ ਸਨ। ਸਰਦਾਰਾਂ, ਚੌਧਰੀਆਂ ਦੇ ਆਵਾਰਾ ਕਾਕਿਆਂ ਦੇ ਅਸੱਭਯ ਵਿਵਹਾਰ ਨੂੰ ਸਹਿਣਾ ਤਾਂ ਉਸ ਵਰਗੀਆਂ ਕੁੜੀਆਂ ਦੀ ਚੱਲ ਮਜਬੂਰੀ ਸੀ, ਪਰ ਇੱਥੇ ਤਾਂ ਪਤੀ ਦੇਵ ਵੀ ਉਸੇ ਤਰ੍ਹਾਂ ਦਾ ਵਿਵਹਾਰ ਕਰ ਰਹੇ ਸਨ।



ਉਸ ਦੀ ਮਾਂ ਕਹਿੰਦੀ ਸੀ ਔਰਤ ਨੂੰ ਬਹੁਤ ਕੁੱਝ ਸਹਿਣਾ ਪੈਂਦੈ। ਗ਼ਰੀਬ ਔਰਤ ਨੂੰ ਤਾਂ ਹੋਰ ਵੀ ਬਹੁਤ ਕੁੱਝ। ਮਾਂ ਦੀ ਸਿੱਖਿਆ ਧਿਆਨ 'ਚ ਰੱਖਦਿਆਂ ਉਹ ਸਭ ਕੁੱਝ ਸਹਿਣ ਦਾ ਯਤਨ ਕਰ ਰਹੀ ਸੀ।

ਤੀਜੇ ਦਿਨ ਉਹ ਪੇਕੇ ਜਾ ਕੇ ਸ਼ਾਮ ਨੂੰ ਹੀ ਪਰਤ ਆਏ। ਸਾਰੇ ਰਿਸ਼ਤੇਦਾਰ ਤੇ ਦੋਵੇਂ ਵੱਡੀਆਂ ਕੁੜੀਆਂ ਆਪੋ-ਆਪਣੇ ਘਰ ਜਾ ਚੁੱਕੇ ਸਨ। ਵਿਆਹ ਵਾਲਾ ਮਾਹੌਲ ਖਤਮ ਹੋ ਗਿਆ ਸੀ।

ਚਾਰ-ਪੰਜ ਦਿਨਾਂ ਬਾਅਦ ਗੁੱਡੋ ਵੀ ਆਪਣੀਆਂ ਨਣਦਾਂ ਨਾਲ ਲਾਲ ਸ਼ਾਲ੍ਹ 'ਚ ਹੀ ਖੇਤ ਜਾਣ ਲੱਗ ਪਈ। ਸਸਤੇ ਲਾਲ ਸ਼ਾਲ੍ਹ ਦਾ ਰੰਗ ਚੰਦ ਦਿਨਾਂ 'ਚ ਹੀ ਫਿੱਕਾ ਪੈਣ ਲੱਗਾ। ਲੱਗਿਆ ਜਿਵੇਂ ਉਹ ਘਰ ਦੇ ਬਾਕੀ ਜੀਆਂ ਨਾਲ ਘੁਲ-ਮਿਲ ਗਈ ਹੈ। ਫਿਰ ਵੀ ਇਕ ਓਪਰੇਪਣ ਦਾ ਅਹਿਸਾਸ ਉਸ ਨੂੰ ਅੰਦਰੋ-ਅੰਦਰੀ ਖਾਈ ਜਾ ਰਿਹਾ ਸੀ। ਰਾਤ ਨੂੰ ਇਕਾਂਤ ਦੇ ਪਲਾਂ ਵਿਚ ਜੈਲਾ ਉਸ ਨੂੰ ਅਕਸਰ ਕੋਈ ਅਜਿਹੀ ਗੱਲ ਕਹਿ ਦਿੰਦਾ ਸੀ ਜੋ ਉਸ ਨੂੰ ਨਸ਼ਤਰ ਵਾਂਗ ਚੁੱਭਦੀ ਸੀ। ਉਸ ਦੇ ਮਨ ਵਿਚ ਜੈਲੇ ਪ੍ਰਤੀ ਨਫਰਤ ਦਾ ਅਹਿਸਾਸ ਪੈਦਾ ਕਰ ਦਿੰਦੀ ਸੀ। ਇਹ ਘਿਰਣਾ ਦੀ ਕਾਲੀ ਛਾਂ ਫਿਰ ਸਾਰਾ ਦਿਨ ਉਸ ਦੇ ਦਿਲ-ਦਿਮਾਗ 'ਤੇ ਛਾਈ ਰਹਿੰਦੀ।

ਰੁੱਕ ਜਿਹੇ ਗਏ ਸਮੇਂ ਨੂੰ ਧੱਕਣ ਲਈ ਉਸ ਨੇ ਆਪਣੇ ਹੱਥੀਂ ਬਣਾਏ ਸੂਤ ਦੇ ਝੋਲੇ ਨੂੰ ਸੰਦੂਕੜੀ 'ਚੋਂ ਕੱਢਿਆ। ਉਸ ਵਿਚੋਂ ਆਪਣੀ ਢਾਈ ਰੁਪਏ ਵਾਲੀ ਗੁੱਡੀ ਕੱਢੀ ਤੇ ਉਸ ਨੂੰ ਦੇਖਣ ਲੱਗੀ। ਉਸ ਦੀਆਂ ਅੱਖਾਂ ਵਿਚੋਂ ਅੱਥਰੂ ਗੁੱਡੀ ਦੀਆਂ ਅੱਧ-ਮੁੰਦੀਆਂ ਪਲਕਾਂ 'ਤੇ ਜਾ ਡਿੱਗੇ। ਲੱਗਿਆ ਜਿਵੇਂ ਗੁੱਡੋ ਨਹੀਂ, ਗੁੱਡੀ ਰੋ ਪਈ ਹੋਵੇ। ਉਸਨੇ ਗੁੱਡੀ ਨੂੰ ਬਾਹਾਂ 'ਚ ਭਰ ਕੇ ਸੀਨੇ ਨਾਲ ਲਾ ਲਿਆ।

"ਤੇਰੀ ਬਾਂਹ ਨੂੰ ਕੀ ਹੋਇਆ ?" ਬਹੁਤ ਹੀ ਇਕਾਂਤ ਵਾਲੇ ਪਲਾਂ 'ਚ ਜੈਲੇ ਨੇ ਗੁੱਡੋ ਨੂੰ ਉਂਝ ਹੀ ਪੁੱਛ ਲਿਆ ਸੀ ਇਕ ਦਿਨ। ਉਹ ਤਾਂ ਗੱਲ ਸ਼ੁਰੂ ਕਰਨ ਲਈ ਕੋਈ ਬਹਾਨਾ ਭਾਲਦੀ ਸੀ, ਸੋ ਇਹੀ ਗੱਲ ਸੁੱਝੀ। ਸੁਣਨ ਸਾਰ ਜੈਲੇ ਦੀਆਂ ਅੱਖਾਂ ਵਿਚ ਸੌਂ ਰਹੇ ਗੁੱਸੇ ਦੇ ਭਾਂਬੜ ਭਬਾਕਾ ਬਣ ਉੱਠੇ। ਚਿਹਰੇ 'ਤੇ ਫੈਲੀ ਹੋਈ ਕੁਲੈਹਣ ਗਾਲ੍ਹਾਂ ਦੀ ਸ਼ਕਲ ਵਿਚ ਬੇਰੀ ਦੇ ਬੇਰਾਂ ਵਾਂਗ ਝੜਨ ਲੱਗੀ। ਉਸਨੇ ਦੋ-ਤਿੰਨ ਚਪੇੜਾਂ ਜੜ ਕੇ ਉਸ ਨੂੰ ਮੰਜੀ ਤੋਂ ਹੇਠਾਂ ਸੁੱਟ ਦਿੱਤਾ।

ਗੁੱਡੋ ਮੰਜੀ ਕੋਲ ਬੈਠੀ ਪਤਾ ਨਹੀਂ ਕਦੋਂ ਤੱਕ ਸਿਸਕਦੀ ਰਹੀ। ਉਹ ਸਮਝ ਹੀ ਨਹੀਂ ਸਕੀ ਸੀ ਕਿ ਉਸ ਕੋਲੋਂ ਕੀ ਗ਼ਲਤੀ ਹੋ ਗਈ ਹੈ। ਕਸੂਰ ਦੱਸ ਕੇ ਸਜ਼ਾ ਦੇਣਾ ਤਾਂ ਚਲ ਠੀਕ ਵੀ ਹੈ, ਪਰ ਉਸ ਨੂੰ ਤਾਂ ਸਜ਼ਾ ਹੀ ਸਜ਼ਾ ਦਿੱਤੀ ਜਾ ਰਹੀ ਸੀ, ਕਸੂਰ ਤਾਂ ਕਦੇ ਦੱਸਿਆ ਹੀ ਨਹੀਂ ਸੀ ਜਾਂਦਾ।

ਗੱਲ੍ਹਾਂ 'ਤੇ ਚਪੇੜਾਂ ਦੇ ਨਿਸ਼ਾਨ ਤੇ ਸੁੱਜੀਆਂ ਹੋਈਆਂ ਅੱਖਾਂ ਦੇਖ ਕੇ ਸਵੇਰੇ ਨਣਦ ਨੇ ਪੁੱਛਿਆ ਤਾਂ ਉਹ ਲੱਖ ਚਾਹ ਕੇ ਵੀ ਖੁਦ ਨੂੰ ਰੋਕ ਨਾ ਸਕੀ ਅਤੇ ਰੋ ਪਈ।

"ਗੱਲ ਤਾਂ ਐਨੀ ਕੁ ਈ ਪੁੱਛੀ ਸੀ ਕਿ ਤੁਹਾਡੀ ਬਾਂਹ ਨੂੰ ਕੀ ਹੋਇਆ ਸੀ। ਬੱਸ ਲੱਗੇ ਕੁੱਟਣ... ?" ਉਸ ਨੇ ਪਹਿਲੀ ਵਾਰ ਕਿਸੇ ਨੂੰ ਹੱਡ-ਬੀਤੀ ਦੱਸੀ ਸੀ।

ਨਣਦ ਉਦੋਂ ਤਾਂ ਚੁੱਪ ਵੱਟ ਗਈ, ਪਰ ਖੇਤ ਜਾਂਦਿਆਂ ਰਾਹ ਵਿਚ ਉਸ ਨੇ ਗੱਲ ਤੋਰ ਲਈ, "ਭਾਬੀ ਮੈਂ ਦੱਸਾਂ ਵੀਰ ਦੀ ਬਾਂਹ ਨੂੰ ਕੀ ਹੋਇਆ ਸੀ ?" ਭਾਬੀ ਨੇ ਨਣਦ ਵੱਲ ਦੇਖਿਆ, ਪਰ ਬੋਲੀ ਕੁਝ ਨਾ। ਰਾਤ ਵਾਲੀ ਝੂੰਟ ਦਾ ਦਰਦ ਹੁਣ ਉਸ ਦੇ ਦਿਲ ਵਿਚ ਉਤਰ ਆਇਆ ਸੀ।

"ਵੀਰ ਨੂੰ ਕਲੇਦੀ ਵਾਲੇ ਸਰਦਾਰਾਂ ਨੇ ਕੁੱਟਿਆ ਸੀ।" ਨਣਦ ਦੱਸਣ ਲੱਗੀ।

"ਕਾਸ ਖਾਤਰ ?" ਗੁੱਡੋ ਨੇ ਜਗਿਆਸਾ ਜਿਹੀ ਨਾਲ ਪੁੱਛਿਆ।

"ਵੀਰ ਸਰਦਾਰਾਂ ਦੀ ਕੁੜੀ ਨਾਲ ਫਸ ਗਿਆ ਸੀ। ਇਕ ਦਿਨ ਫੜੇ ਗਏ ਤੇ ਉਨ੍ਹਾਂ ਨੇ ਕੁੱਟ ਕੇ ਪਿੰਡੋਂ ਕੱਢ ਦਿੱਤਾ।"

ਓਹ ! ਤਾਂ ਕੀ ਇਹ ਇੱਥੋਂ ਦੇ ਰਹਿਣ ਵਾਲੇ ਨਹੀਂ ? ਗੁੱਡੋ ਨੂੰ ਇਸ ਗੱਲ ਦਾ ਪਤਾ ਨਹੀਂ ਸੀ। ਉਹ ਤ੍ਰੱਭਕ ਗਈ। ਨਣਦ ਦੇ ਮੋਢੇ ਉੱਤੇ ਹੱਥ ਰੱਖ ਕੇ ਉਸ ਨਾਲ ਹਮਦਰਦੀ ਤੇ ਮੋਹ ਜਤਾਇਆ। ਅੱਜ ਉਸ ਨੇ ਪਹਿਲੀ ਵਾਰੀ ਨਣਦ ਨੂੰ ਧਿਆਨ ਨਾਲ ਦੇਖਿਆ ਸੀ। ਲੱਗਿਆ ਜਿਵੇਂ ਨਣਦ 'ਤੇ ਵੀ ਕਦੇ ਜਵਾਨੀ ਚੜ੍ਹੀ ਹੋਣੀ ਐ ਜੋ ਹੁਣ ਉਤਰਾਅ 'ਤੇ ਹੈ। ਉਸ ਦੀਆਂ ਛਾਤੀਆਂ ਹੁਣ ਢਿਲਕਣ ਲੱਗੀਆਂ ਸਨ। ਅੱਖਾਂ ਦੁਆਲੇ ਕਾਲੇ ਘੇਰੇ ਬਣੇ ਹੋਏ ਸਨ।

ਸ਼ਾਮੀਂ ਛੇਤੀ ਕੰਮ ਸਾਂਭ ਕੇ ਗੁੱਡੋ ਛੱਤ 'ਤੇ ਆ ਕੇ ਲੇਟ ਗਈ। ਉਸ ਦਾ ਪਿੰਡਾ ਦੁੱਖ ਰਿਹਾ ਸੀ ਤੇ ਥਕੇਵਾਂ ਵੀ ਕਾਫੀ ਹੋ ਗਿਆ ਸੀ। ਜੈਲਾ ਰੋਟੀ ਖਾ ਕੇ ਪਿੰਡ ਵਿਚ ਚਲਿਆ ਗਿਆ ਸੀ। ਕਾਫੀ ਦੇਰ ਬਾਅਦ ਪਰਤਿਆ। ਗੁੱਡੋ ਨੂੰ ਨੀਂਦ ਆ ਗਈ ਸੀ।

"ਹਾਂ ਫੇਰ ਕਿੱਦਾਂ ?" ਆਣ ਸਾਰ ਜੈਲੇ ਨੇ ਢੋਲ 'ਤੇ ਡੱਗਾ ਲਾਉਣ ਵਾਂਗ ਉਸ ਦੇ ਚਿੱਤੜਾਂ 'ਤੇ ਥਪੇੜਾ ਮਾਰਿਆ।

"ਅੱਜ ਨਹੀਂ...।" ਗੁੱਡੋ ਨੇ ਤ੍ਰਭਕ ਕੇ ਜਾਗਦਿਆਂ ਕਿਹਾ।

"ਕਿਉਂ, ਅੱਜ ਕੀ ਹੋ ਗਿਐ ?"

"ਅੱਜ ਜੀਅ ਠੀਕ ਨਹੀਂ।"

"ਕੀ ਹੋ ਗਿਐ ਤੇਰੇ ਜੀਅ ਨੂੰ ? ਦਿਨੇ ਵੀ ਬੜੀ ਸੁਸਤ ਜਿਹੀ ਸੀ ?"

"ਬੱਸ ਕਿਹਾ ਨਾ, ਠੀਕ ਨਹੀਂ ...।" ਗੁੱਡੋ ਨੇ ਸ਼ਰਮਾਉਂਦਿਆਂ ਕਿਹਾ।

ਜੈਲੇ ਨੇ ਉਸ ਦੇ ਪੱਟ 'ਤੇ ਰੱਖੇ ਹੋਏ ਹੱਥ ਨੂੰ ਜ਼ਰਾ ਕੁ ਸਰਕਾਇਆ ਅਤੇ ਹੱਸਦਾ ਹੋਇਆ ਬੋਲਿਆ, "ਅੱਛਾ, ਅੱਛਾ ਮੈਂ ਸਮਝ ਗਿਆ ... ਕਪੜੇ ...।" ਕਹਿ ਕੇ ਉਹ ਕੁਝ ਦੇਰ ਤੱਕ ਇਉਂ ਹੱਸਦਾ ਰਿਹਾ ਕਿ ਬੱਸ ਹੇਠਾਂ ਵਿਹੜੇ ਵਿਚ ਪਏ ਘਰ ਦੇ ਬਾਕੀ ਜੀਆਂ ਨੂੰ ਨਾ ਸੁਣੇ। ਗੁੱਡੋ ਆਪਣਾ ਮੂੰਹ ਦੁੱਪਟੇ ਵਿਚ ਲਕੋਅ ਕੇ ਆਪਣੇ ਆਪ ਵਿਚ ਹੀ ਸੁੰਗੜ ਗਈ। ਉਸ ਨੇ ਜੈਲੇ ਨੂੰ ਪਹਿਲੀ ਵਾਰ ਹੱਸਦਿਆਂ ਦੇਖਿਆ ਸੀ।

"ਸ਼ੁਕਰ ਐ, ਮੈਂ ਤਾਂ ਸੋਚਿਆ ਸੀ ਸਾਲੀ ਥੁੱਕ ਹੋ ਕੇ ਆਈ ਐ... ਨਹੀਂ ਭੈਣ ਮੰਗਣੀ ਪੈਂਦ ਵਿਆਹ ?" ਜੈਲਾ ਬੋਲੀ ਜਾ ਰਿਹਾ ਸੀ। ਗੁੱਡੋ ਨੇ ਯਕਦਮ ਦੁਪੱਟਾ ਮੂੰਹ ਤੋਂ ਹਟਾ ਕੇ ਜੈਲੇ ਵੱਲ ਤੱਕਿਆ। ਉਸ ਦੇ ਚਿਹਰੇ 'ਤੇ ਹਾਸੇ ਦੀ ਥਾਂ ਫੇਰ ਉਹੀ ਕੁਰੱਖਤਣ ਦੀ ਤਹਿ ਚੜ੍ਹ ਗਈ ਸੀ।

"ਤੁਸੀਂ ਹਰ ਵੇਲੇ ਅਜਿਹੀਆਂ ਗੱਲਾਂ ਕਿਉਂ ਕਰਦੇ ਰਹਿੰਦੇ ਓ ?" ਅੱਜ ਗੁੱਡੋ ਦੀ ਆਵਾਜ਼ ਵਿਚੋਂ ਖਿਝ ਸਾਫ ਝਲਕ ਰਹੀ ਸੀ।



"ਕਿਹੋ ਜਿਹੀਆਂ ਗੱਲਾਂ ਕਰਦਾਂ ? ਹੈਂ ! ਮੈਂ ਪਾਗਲ ਹਾਂ ?" ਉਹ ਭੜਕ ਉੱਠਿਆ ਸੀ, ਪਰ ਇਨਾ ਖ਼ਿਆਲ ਰੱਖ ਰਿਹਾ ਸੀ ਕਿ ਆਵਾਜ਼ ਹੇਠਾਂ ਨਾ ਸੁਣੇ। ਫੇਰ ਉਹ ਕੁਝ ਪਲ ਲਈ ਚੁੱਪ ਹੋ ਗਿਆ। ਕੁਝ ਸੋਚਦਾ ਰਿਹਾ।

"ਤੂੰ ਪੁੱਛਿਆ ਸੀ ਨਾ ਬਾਂਹ ਨੂੰ ਕੀ ਹੋਇਆ ? ਤੋੜ 'ਤੀ ਸੀ ਕਲੇਦੀ ਆਲੇ ਸਰਦਾਰਾਂ ਨੇ। ਪਤੈ, ਮੇਰੀਆਂ ਤਿੰਨਾਂ ਭੈਣਾਂ ਨੂੰ ਬਰਬਾਦ ਕਰ ਰੱਖਿਆ ਸੀ ਉਨ੍ਹਾਂ ਭੈਣ ਦੇ ਖਸਮਾਂ ਨੇ ! ਤੇ ਮਾਂ ਲੱਗੀ ਰਹਿੰਦੀ ਸੀ ਚੋਰੀ-ਚੋਰੀ ਸਫਾਈਆਂ ਕਰਾਉਣ 'ਚ... ਸਿਰਫ ਘਰ ਦੀ ਇੱਜ਼ਤ ਬਚਾਉਣ ਖਾਤਰ... ਜਾਂ ਸ਼ਾਇਦ ਭੁੱਖ ਤੋਂ ਡਰਦੀ... ਇਹ ਜਿਹੜੀ... ਚੰਨੋ ਨੂੰ ਤੂੰ ਦੇਖ ਰਹੀਐਂ ਨਾ, ਇਹ... ਇਹ ਤੈਥੋਂ ਵੱਡੀ ਨਹੀਂ ਹੋਣੀ ਉਮਰ 'ਚ, ਫਿਰ ਵੀ ਬੁੱਢੀ ਕਿਉਂ ਦਿੱਸਣ ਲੱਗੀ ਐ ? ਉਹ... ਭੈਣ ਦੇ ਯਾਰ...! ਮੈਂ ਵੀ ਸੌਂਹ ਖਾਧੀ ਸੀ, ਸਾਲੇ ਕਮੀਣੇ ! ਬਦਲਾ ਵੀ ਭੈਣ ਦਾ ਕੁੱਝਾ ਨਾ ਕੀਤਾ ਤਾਂ ਮੇਰਾ ਨਾਉਂ ਵੀ ਜੈਲਾ ਨੀਂ...।" ਉਹ ਗੁੱਸੇ 'ਚ ਕੰਬ ਰਿਹਾ ਸੀ।

ਗੁੱਡੋ ਦੀ ਨੀਂਦ ਪੂਰੀ ਤਰ੍ਹਾਂ ਉੱਡ ਚੁੱਕੀ ਸੀ।

ਫੇਰ ਉਸ ਨੇ ਬਹੁਤ ਸਾਰੀਆਂ ਗੱਲਾਂ ਦੱਸੀਆਂ ਕਿ ਕਿਸ ਤਰ੍ਹਾਂ ਉਹ ਲੋਕ ਆਪਣੇ ਨੌਹਰੇ ਵਿਚ ਵੀਡੀਓ ਫਿਲਮਾਂ ਚਲਾਉਂਦੇ ਹੁੰਦੇ ਸੀ ਜਿੱਥੇ ਉਸ ਦੀਆਂ ਭੈਣਾਂ ਤੇ ਉਹਦੇ ਮੁਹੱਲੇ ਦੇ ਗਰੀਬ ਬੱਚੇ ਦੇਖਣ ਆਉਂਦੇ ਸਨ। 'ਕੱਚੀ ਜਵਾਨੀ', 'ਕੱਚੀਆਂ ਕਲੀਆਂ', 'ਇਨਸਾਫ਼ ਕਾ ਤਰਾਜ਼ੂ' ਵਰਗੀਆਂ ਫਿਲਮਾਂ। 'ਇਨਸਾਫ਼ ਕਾ ਤਰਾਜ਼ੂ' ਵਿਚ ਜੀਨਤ ਅਮਾਨ ਤੇ ਪਦਮਨੀ ਕੋਹਲਾਪੁਰੀ ਦਾ ਬਲਾਤਕਾਰ ਤਾਂ ਦਿਖਾ ਦਿੰਦੇ ਸੀ ਪਰ ਰਾਜ ਬੱਬਰ ਨੂੰ ਗੋਲੀਆਂ ਮਾਰਨ ਵਾਲੇ ਸੀਨ ਤੋਂ ਪਹਿਲਾਂ ਉਹ ਵੀ.ਸੀ.ਆਰ. ਬੰਦ ਕਰ ਦਿੰਦੇ ਸਨ। ਅਖੇ, ਗੱਲ ਫਸ 'ਗੀ। ਉਦੋਂ ਉਸਨੂੰ ਉਨ੍ਹਾਂ ਦਾ ਮੰਤਵ ਪਤਾ ਨਹੀਂ ਸੀ। ਕਿਵੇਂ ਉਹ ਚਾਰੇ ਭਰਾ ਇਕ-ਇਕ ਕਰ ਕੇ ਉਸ ਦੀਆਂ ਤਿੰਨੇ ਭੈਣਾਂ ਨੂੰ ਫਸਾਉਂਦੇ ਚਲੇ ਗਏ।

ਕਿੱਥੇ ਜਾਈਏ ? ਉਨ੍ਹਾਂ ਦੀ ਹੀ ਜ਼ਮੀਨ ਹਿੱਸੇ 'ਤੇ ਬੀਜੀ ਹੋਈ ਸੀ। ਰੋਟੀ ਨੂੰ ਠੋਕਰ ਕੌਣ ਮਾਰੇ। ਪਰ ਉਸਨੇ ਤੈਅ ਕਰ ਲਿਆ ਸੀ ਕਿ ਕੀ ਕਰਨਾ ਹੈ।

ਉਹ ਉਨ੍ਹਾਂ ਚਾਰੇ ਭਰਾਵਾਂ ਦੀ ਲਾਡਲੀ ਭੈਣ ਪ੍ਰੀਤੋ ਦੇ ਵੱਧ ਤੋਂ ਵੱਧ ਕੰਮ ਕਰਨ ਲੱਗ ਪਿਆ ਸੀ। ਜੋ ਛੇ ਮਹੀਨੇ ਪਹਿਲਾਂ ਹੀ ਚੰਡੀਗੜ੍ਹੋਂ ਪੜ੍ਹਾਈ ਪੂਰੀ ਕਰ ਕੇ ਪਿੰਡ ਪਰਤੀ ਸੀ। ਉਸ ਨਾਲ ਕਾਫੀ ਖੁੱਲ੍ਹ ਵੀ ਗਿਆ ਸੀ।

ਲਹਿੰਦੇ ਵੱਲ ਵਿਹਲੀ ਪਈ ਜ਼ਮੀਨ ਨੂੰ ਕਣਕ ਬੀਜਣ ਲਈ ਤਿਆਰ ਕੀਤਾ ਜਾ ਰਿਹਾ ਸੀ। ਟਰੈਕਟਰ ਦੀ ਸਲਫ ਖਰਾਬ ਹੋ ਗਈ ਸੀ, ਸਟਾਰਟ ਨਹੀਂ ਹੋ ਰਿਹਾ ਸੀ। ਜੈਲਾ ਕੋਠੇ ਵਿਚੋਂ ਪੁਲੀ ਲੈਣ ਆਇਆ। ਉਸ ਨੇ ਦੇਖਿਆ, ਪ੍ਰੀਤੋ ਕੋਠੇ ਵਿਚ ਬੈਠੀ ਸੀ। ਜਿਸ ਨੂੰ ਦੇਖ ਕੇ ਉਸ ਦੇ ਮਨ ਅੰਦਰਲੀ ਬਦਲੇ ਦੀ ਭਾਵਨਾ ਭਾਂਬੜ ਬਣ ਉੱਠੀ। ਉਸ ਨੇ ਆ ਦੇਖਿਆ ਨਾ ਤਾ, ਪ੍ਰੀਤੋ ਨੂੰ ਮੰਜੀ 'ਤੇ ਸੁੱਟ ਕੇ ਦਬੋਚ ਲਿਆ। ਪ੍ਰੀਤੋ ਛਟਪਟਾਈ, ਪਰ ਉਸ ਦੀ ਇਕ ਨਾ ਚੱਲੀ। ਜੈਲਾ ਇਸੇ ਮੌਕੇ ਦੀ ਤਲਾਸ਼ ਵਿਚ ਸੀ ਜਿਸ ਦਾ ਉਸ ਨੇ ਫਾਇਦਾ ਉਠਾਇਆ ਤੇ ਇਕ ਜੇਤੂ ਵਾਂਗ ਉੱਠ ਖੜ੍ਹਾ ਹੋਇਆ। ਬੇਸ਼ੱਕ ਉਹ ਡਰ ਰਿਹਾ ਸੀ ਕਿ ਖਬਰੇ ਹੁਣ ਕੀ ਹੋਵੇ, ਪਰ ਉਸ ਨੂੰ ਤਸੱਲੀ ਸੀ ਕਿ ਉਸ ਨੇ ਆਪਣਾ ਮਕਸਦ ਪੂਰਾ ਕਰ ਲਿਆ ਸੀ।

ਉਸ ਦੇ ਮਨ ਵਿਚ ਤੂਫਾਨ ਤੋਂ ਪਹਿਲਾਂ ਦਾ ਸੰਨਾਟਾ ਪਸਰ ਗਿਆ ਸੀ। ਦੋ-ਤਿੰਨ ਦਿਨ ਗੁਜ਼ਰ ਗਏ, ਪਰ ਤੂਫਾਨ ਨਹੀਂ ਆਇਆ। ਪ੍ਰੀਤੋ ਵੀ ਖੇਤ ਵਿਚ ਨਹੀਂ ਆਈ ਸੀ।

ਇਕ ਦਿਨ ਖੇਤ ਵਿਚ ਪਾਣੀ ਲਾਉਣ ਲਈ ਥੋਰ ਚਲਾਇਆ ਹੋਇਆ ਸੀ। ਉਹ ਟਿਊਬਵੈੱਲ 'ਤੇ ਨਹਾ ਰਿਹਾ ਸੀ ਕਿ ਪ੍ਰੀਤੋ ਆ ਗਈ। ਜੈਲੇ ਨੇ ਜਾਣ-ਬੁੱਝ ਕੇ ਉਸ ਵੱਲ ਧਿਆਨ ਨਹੀਂ ਦਿੱਤਾ।

"ਜੈਲੇ, ਤੈਂ ਸਰੀਰ ਤਾਂ ਖੂਬ ਪਾਲ ਰੱਖਿਐ ?" ਕੁਝ ਜਕਾ-ਤੱਕੀ ਜਿਹੀ ਤੋਂ ਬਾਅਦ ਉਹ ਬੋਲੀ। ਜੈਲੇ ਨੇ ਦੇਖਿਆ ਉਹ ਲਲਚਾਈਆਂ ਨਜ਼ਰਾਂ ਨਾਲ ਉਸਦੇ ਅੰਗਾਂ ਵੱਲ ਦੇਖ ਰਹੀ ਸੀ। ਉਸਨੂੰ ਲੱਗਿਆ, ਹੁਣ ਤੂਫਾਨ ਨਹੀਂ ਆਵੇਗਾ।

ਉਨ੍ਹਾਂ ਦੀਆਂ ਚਾਰ ਮੱਝਾਂ ਤੇ ਦੋ ਅਮਰੀਕਨ ਗਾਈਆਂ ਦੀ ਧਾਰ ਕੱਢਣਾ ਤੇ ਟਹਿਲ-ਸੰਭਾਲ ਉਹੀ ਕਰਦਾ ਸੀ। ਧਾਰ ਕੱਢਦਿਆਂ ਅੱਧ ਸੇਰ ਤਿੰਨ ਪਾ ਤਾਂ ਥਣ ਨਾਲ ਮੂੰਹ ਲਾ ਕੇ ਹੀ ਚੁੰਘ ਜਾਣਾ ਕੋਈ ਵੱਡੀ ਗੱਲ ਨਹੀਂ ਸੀ। ਤੇ ਫਿਰ ਉਨ੍ਹਾਂ ਮੱਝਾਂ ਦੇ ਦੁੱਧ ਦੀ ਲੱਸੀ, ਜਿਸ ਵਿਚ ਡੱਕਾ ਖੜ੍ਹਾ ਕਰ ਦਿਓ ਤਾਂ ਡਿੱਗੇ ਨਾ, ਪੀਣ ਲਈ ਰੋਜ਼ਾਨਾ ਮਿਲਦੀ ਸੀ। ਉੱਤੋਂ ਕਸਰਤ ਵਰਗਾ ਖੇਤ ਦਾ ਕੰਮ।

"ਮਾਲ ਤਾਂ ਥੋੜਾ ਈ ਖਾਂਦੇ ਆਂ...।" ਉਸ ਨੇ ਪਰਨੇ ਨਾਲ ਸਰੀਰ ਪੂੰਝਦਿਆਂ ਕਿਹਾ। ਫੇਰ ਉਸ ਨੇ ਇੱਧਰ-ਉੱਧਰ ਨਜ਼ਰ ਦੌੜਾਈ। ਨੇੜੇ-ਤੇੜੇ ਕੋਈ ਨਜ਼ਰ ਨਹੀਂ ਸੀ ਆ ਰਿਹਾ।

ਪ੍ਰੀਤੋ ਕੁਝ ਨਾ ਬੋਲੀ। ਮਨ ਵਿਚ ਕੋਈ ਖਿਆਲ ਆਉਣ ਨਾਲ ਉਸ ਦਾ ਸਾਹ ਤੇਜ਼ ਚੱਲਣ ਲੱਗ ਪਿਆ ਸੀ। ਜੈਲੇ ਨੇ ਬਨਿਆਣ ਪਾਈ ਤੇ ਕਹੀ ਚੁੱਕਣ ਲਈ ਕੋਠੇ ਵਿਚ ਚਲਿਆ ਗਿਆ। ਪ੍ਰੀਤੋ ਵੀ ਪਿੱਛੇ-ਪਿੱਛੇ ਚਲੀ ਗਈ। ਉਹ ਉਸ ਵੱਲ ਹਾਲੇ ਵੀ ਗੌਰ ਨਾਲ ਤੇ ਕੁਝ ਹੋਰੂੰ ਜਿਹੇ ਦੇਖ ਰਹੀ ਸੀ।

ਬੇਸ਼ੱਕ ਜੈਲੇ ਨੇ ਵੀ ਪ੍ਰੀਤੋ ਦੇ ਭਰਾਵਾਂ ਦੀ ਮਿਹਰਬਾਨੀ ਸਦਕਾ ਕਿੰਨੀਆਂ ਹੀ ਫਿਲਮਾਂ ਦੇਖੀਆਂ ਹੋਈਆਂ ਸਨ ਤੇ ਅਨੇਕਾਂ ਪੰਜਾਬੀ ਗੀਤ ਉਸ ਨੂੰ ਜ਼ਬਾਨੀ ਯਾਦ ਸਨ ਪਰ ਚੰਡੀਗੜ੍ਹ ਵਿਚ ਪੜ੍ਹੀ ਹੋਈ ਕੁੜੀ ਨਾਲ ਕਿੰਦਾਂ ਅਤੇ ਕੀ ਗੱਲ ਕਰੇ, ਉਸ ਨੂੰ ਕੁਝ ਵੀ ਸਮਝ 'ਚ ਨਹੀਂ ਆ ਰਿਹਾ ਸੀ। ਫੇਰ ਉਸ ਦਿਨ ਵਾਲੀ ਘਟਨਾ ਨੂੰ ਯਾਦ ਕਰ ਕੇ ਮਿਲੇ-ਜੁਲੇ ਖਿਆਲ ਆ ਰਹੇ ਸਨ ਉਸਦੇ ਮਨ ਵਿਚ।

"ਬੀਬੀ ਜੀ, ਥੋਨੂੰ ਤਾਂ ਕੋਈ ਕੰਪਿਊਟਰ ਟਾਇਪ ਕਾਗਜ਼ੀ ਪਹਿਲਵਾਨ ਈ ਮਿਲੂ... ਸਰਦਾਰ ਜੀ ਥੋਡਾ ਵਿਆਹ ਤਾਂ ਕਿਸੇ ਚੰਡੀਗੜ੍ਹੀਏ ਨਾਲ ਈ ਕਰਨਗੇ...।" ਉਹ ਨਾ ਚਾਹੁੰਦੇ ਹੋਏ ਵੀ ਉਸ ਨੂੰ 'ਬੀਬੀ ਜੀ' ਕਹਿ ਕੇ ਸੰਬੋਧਤ ਹੋ ਗਿਆ ਸੀ।

"ਚੰਡੀਗੜ੍ਹ 'ਚ ਕੀ ਤੇਰੇ ਵਰਗੇ ਸਰੀਰ ਵਾਲੇ ਨਹੀਂ ਹਨ ? ਅੱਜਕਲ੍ਹ ਮੁੰਡੇ ਬਾਡੀ ਬਿਲਡਿੰਗ ਕਰਦੇ ਨੇ... ਸੰਜੇ ਦੱਤ, ਸੰਨੀ ਦਿਓਲ ਦੀ ਬਾਡੀ ਦੇਖੀ ਐ ?" ਕਹਿੰਦਿਆਂ ਪ੍ਰੀਤੋ ਨੇ ਜੈਲੇ ਦੇ ਡੌਲੇ ਦਾ ਮਾਨੋ ਸਾਇਜ਼ ਨਾਪਣ ਲਈ ਉਸ ਨੂੰ ਦੋਵਾਂ ਹੱਥਾਂ ਨਾਲ ਫੜਿਆ ਤੇ, "ਇਹ ਬੀਬੀ ਜੀ, ਬੀਬੀ ਜੀ ਕੀ ਲਾਈ ਐ, ਪ੍ਰੀਤੋ ਨੀ ਕਹਿ ਸਕਦਾ ?" ਕਹਿੰਦੇ ਹੋਏ ਉਸਨੇ ਨਜ਼ਰਾਂ ਝੁਕਾ ਲਈਆਂ।



ਜੈਲਾ ਭਹਿਕਣ ਵਾਲੀ ਮਿੱਟੀ ਦਾ ਬਣਿਆ ਹੋਇਆ ਨਹੀਂ ਸੀ। ਉਸ ਨੂੰ ਆਪਣੀ ਸੌਂਹ ਯਾਦ ਸੀ। ਉਸ ਨੂੰ ਹੁਣ, ਇਕ ਵਾਰ ਫੇਰ, ਸਿਰਫ ਚਿੜੀ ਦੀ ਅੱਖ ਨਜ਼ਰ ਆ ਰਹੀ ਸੀ। ਉਸ ਨੇ ਵੀ ਉਸੇ ਅੰਦਾਜ਼ ਵਿਚ ਪ੍ਰੀਤੋ ਦੀ ਬਾਂਹ ਫੜ ਲਈ। ਹੱਟੀ-ਕੱਟੀ ਤੇ ਨਾਲ ਗੁਲਾਬ ਜਿਹੀ ਦਿਖਣ ਵਾਲੀ ਪ੍ਰੀਤੋ ਉਸ ਨੂੰ ਬਿਲਕੁਲ ਡਬਲ ਰੋਟੀ ਵਾਂਗ ਜਾਪੀ।

ਉਸ ਦੀ ਭੁੱਖ ਹੁਣ ਹੋਰ ਵੱਧ ਗਈ। ਦੋਨਾਂ ਦੇ ਬਦਨ ਵਿਚ ਝੁਰਝੁਰੀ ਜਿਹੀ ਹੋਈ। ਜੈਲੇ ਦੇ ਅੰਦਰ ਇਕ ਭਿਅੰਕਰ ਤੂਫਾਨ ਉੱਠਿਆ। ਨਾਲ ਹੀ ਬਦਲੇ ਦੀ ਅੱਗ ਭੜਕ ਉੱਠੀ। ਤੂਫਾਨ ਤੇ ਅੱਗ... ਪਰ ਉਸ ਨੇ ਖੁਦ 'ਤੇ ਕੰਟਰੋਲ ਕਾਇਮ ਰੱਖਿਆ।

"ਹਾਏ, ਇੰਨਾ ਕੱਸ ਕੇ ਕਿਉਂ ਫੜਦੈਂ ?" ਕਹਿੰਦੇ ਹੋਏ ਪ੍ਰੀਤੋ ਉਸ ਵੱਲ ਝੁਕ ਗਈ। ਉਸ ਵਿਚ ਇਕ ਦਮ ਕਰੰਟ ਆ ਗਿਆ, ਪਰ ਅਗਲੇ ਹੀ ਪਲ ਇਹ ਸੋਚ ਕੇ ਉਸ ਦੇ ਵਿਊਂਤ ਉੱਡ ਗਏ ਕਿ ਦੋਵੇਂ ਛੋਟੇ ਸਰਦਾਰ ਖੇਤ ਵਿਚ ਹੀ ਹਨ ਅਤੇ ਕਿਸੇ ਵੀ ਸਮੇਂ ਮੌਤ ਬਣ ਕੇ ਆ ਸਕਦੇ ਹਨ। ਪ੍ਰੀਤੋ ਪੰਘਰਦੀ ਜਾ ਰਹੀ ਸੀ। ਜੈਲੇ ਦੀਆਂ ਭਾਵਨਾਵਾਂ ਵੀ ਆਪੇ ਤੋਂ ਬਾਹਰ ਹੋਣ ਲੱਗੀਆਂ। ਉਸਨੂੰ ਆਪਣੀ ਸੌਂਹ ਵੀ ਇਕ ਵਾਰੀ ਫੇਰ ਯਾਦ ਆਈ। ਉਸ ਦੀਆਂ ਅੱਖਾਂ ਵਿਚ ਅੰਗਿਆਰੇ ਭੜਦੇ ਜਾ ਰਹੇ ਸਨ।

"ਲੈ ਬਈ ਜੈਲੇ, ਦੋ-ਚਾਰ ਪਲਾਂ ਦੀ ਜ਼ਿੰਦਗੀ ਬਾਕੀ ਹੈ, ਜੀ ਲੈ ਜਿਵੇਂ ਜੀਣੈ।" ਕਹਿੰਦਿਆਂ ਜੈਲੇ ਨੇ ਪ੍ਰੀਤੋ ਨੂੰ ਚੁੱਕਿਆ ਤੇ ਮੰਜੀ ਦਾ ਸਹਾਰਾ ਲੈ ਲਿਆ।

ਪ੍ਰੀਤੋ ਜੈਲੇ ਦੇ ਗਲ ਵਿਚ ਬਾਹਾਂ ਪਾ ਕੇ ਉਸ ਦੀਆਂ ਅੱਖਾਂ ਵਿਚ ਝਾਕ ਰਹੀ ਸੀ। ਤਾਜ਼ਾ-ਤਾਜ਼ਾ ਨਹਾਏ ਹੋਏ ਜੈਲੇ ਦੇ ਸਰੀਰ ਵਿਚੋਂ ਮਿੱਟੀ ਦੀ ਸੋਂਧੀ-ਸੋਂਧੀ ਖੁਸ਼ਬੂ ਆ ਰਹੀ ਸੀ। ਪ੍ਰੀਤੋ ਪੰਘਰ ਚੁੱਕੀ ਸੀ। ਜਿਸ ਨੂੰ ਹੁਣ ਆਪਣੇ ਸੰਚੇ ਵਿਚ ਢਾਲਣਾ ਜੈਲੇ ਲਈ ਕੋਈ ਮੁਸ਼ਕਿਲ ਕੰਮ ਨਹੀਂ ਰਹਿ ਗਿਆ ਸੀ।

"ਓਹ ਮੇਰੇ ਸ਼ਾਹਰੁਖ ਖਾਨ! ਦਰਵਾਜ਼ਾ ਤਾਂ...।" ਪ੍ਰੀਤੋ ਦੀ ਡੁੱਬੀ ਹੋਈ ਜਿਹੀ ਆਵਾਜ਼ ਆਈ, ਪਰ ਜੈਲੇ ਨੇ ਇਕ ਹੱਥ ਉਸ ਦੀ ਗਰਦਨ ਪਿੱਛੇ ਪਾਉਂਦੇ ਹੋਏ ਝਟ ਉਸ ਦੇ ਬੁੱਲ੍ਹਾਂ ਨੂੰ ਆਪਣੇ ਬੁੱਲ੍ਹਾਂ ਨਾਲ ਦੱਬ ਲਿਆ ਸੀ ਤੇ...।

ਠੀਕ ਉਸੇ ਸਮੇਂ ਉਸਦੀ ਚੇਤਨਾ ਵਿਚ ਪ੍ਰੀਤੋ ਦੇ ਚਾਰੇ ਭਰਾ ਆ ਕੇ ਖੜ੍ਹੇ ਹੋ ਗਏ। ਉਨ੍ਹਾਂ ਦੇ ਪਿੱਛੇ ਵੱਡਾ ਸਰਦਾਰ ਪਚਾਸੀ ਹਜ਼ਾਰ ਵਾਲਾ ਅਮਰੀਕਨ ਪਿਸਟਲ ਹੱਥ ਵਿਚ ਫੜੀ ਖੜ੍ਹਾ ਸੀ। ਉਹ ਪਿਸਟਲ, ਜਿਸ ਵਿਚ ਗੋਲੀ ਬਹੁਤ ਮਹਿੰਗੀ ਪੈਂਦੀ ਸੀ ਤੇ ਜਿਸ ਨੂੰ ਸਿਰਫ ਬੰਦਾ ਮਾਰਨ ਲਈ ਹੀ ਵਰਤਿਆ ਜਾਂਦਾ ਸੀ। ਸ਼ੌਕੀਆ ਚਲਾਉਣ ਲਈ ਉਨ੍ਹਾਂ ਕੋਲ ਦੁਨਾਲੀ ਬੰਦੂਕ ਸੀ।

ਇਸ ਤੋਂ ਪਹਿਲਾਂ ਕਿ ਪਚਾਸੀ ਹਜ਼ਾਰ ਵਾਲੇ ਪਿਸਟਲ ਵਿਚੋਂ ਗੋਲੀ ਚੱਲੇ, ਜੈਲੇ ਦੀਆਂ ਬਾਹਾਂ ਦੀਆਂ ਮੱਛੀਆਂ ਫੜਕਣ ਲੱਗੀਆਂ। ਉਸ ਦੀਆਂ ਰਗਾਂ ਵਿਚ ਵਗ ਰਹੇ ਖੂਨ ਵਿਚ ਗਰਮੀ ਆ ਗਈ ਅਤੇ ਜਵਾਨੀ ਵੀ ਤੇਜ਼ ਹੋ ਗਈ। ਉਸ ਨੇ ਖੂੰਖਾਰ ਜੰਗਲੀ ਜਾਨਵਰ ਦਾ ਰੂਪ ਧਾਰਨ ਕਰ ਲਿਆ। ਅਤੇ ਪ੍ਰੀਤੋ 'ਤੇ ਟੁੱਟ ਪਿਆ ਸੀ। ਪ੍ਰੀਤੋ ਨੇ ਅੱਖਾਂ ਮੁੰਦ ਲਈਆਂ।

ਜੈਲੇ ਦੀ ਉੱਤੇਜਨਾ ਹੱਦ ਤੋਂ ਗੁਜ਼ਰ ਗਈ ਸੀ, ਪਰ ਉਸਦੀ ਚੇਤਨਾ ਇੱਕੋ ਬਿੰਦੂ ਤੇ ਕੇਂਦਰਤ ਸੀ। ਚਾਰ ਛੋਟੇ ਸਰਦਾਰਾਂ ਦੇ ਚਿਹਰੇ ਵਾਰ-ਵਾਰ ਉਸਦੇ ਸਾਹਮਣੇ ਆ ਰਹੇ ਸਨ। ਸਮੇਂ-ਸਮੇਂ ਉਨ੍ਹਾਂ ਵੱਲੋਂ ਕੀਤੇ ਹੋਏ ਅਤਿਆਚਾਰ ਹਥੌੜੇ ਵਾਂਗ ਉਸਦੀ ਚੇਤਨਾ 'ਤੇ ਵੱਜਣ ਲੱਗੇ ਤੇ ਉਹ ਉਨ੍ਹਾਂ ਕੋਲੋਂ ਇਕ-ਇਕ ਕਰ ਕੇ ਬਦਲੇ ਲੈ ਰਿਹਾ ਸੀ। ਉਸ ਦੀਆਂ ਭੈਣਾਂ, ਉਸ 'ਤੇ, ਉਸ ਦੇ ਪਰਿਵਾਰ 'ਤੇ ਕੀਤੇ ਹੋਏ ਜ਼ੁਲਮਾਂ ਦਾ ਬਦਲਾ... ਉਹਦੀ ਜ਼ਾਤ 'ਤੇ ਕੀਤੇ ਹੋਏ ਜ਼ੁਲਮਾਂ ਦਾ ਬਦਲਾ... ਸਰਦਾਰਾਂ ਕੋਲੋਂ ਬਦਲਾ... ਪੂਰੇ ਸਮਾਜ ਕੋਲੋਂ ਬਦਲਾ... ਹਜ਼ਾਰਾਂ ਸਾਲ ਲੰਮੇ ਇਤਿਹਾਸ ਕੋਲੋਂ ਬਦਲਾ...। ਉਸ ਦਾ ਹਰ ਵਾਰ ਇਕ ਬਦਲਾ ਸੀ। ਉਸ ਦੀ ਹਰ ਹਰਕਤ ਇਕ ਬਦਲੇ ਦੀ ਕਾਰਵਾਈ ਸੀ।

ਪਰ ਜਿਉਂ-ਜਿਉਂ ਅਤੇ ਜਿੰਨੀ ਤੀਬਰਤਾ ਨਾਲ ਉਹ ਵਾਰ ਕਰਦਾ ਜਾ ਰਿਹਾ ਸੀ, ਉਸ ਵੇਖਿਆ, ਤਿਉਂ-ਤਿਉਂ ਪ੍ਰੀਤੋ ਦੀਆਂ ਅੱਧ-ਮੁੰਦੀਆਂ ਪਲਕਾਂ ਕਿਸੇ ਤ੍ਰਿਪਤੀ ਦੇ ਸੁੱਖ ਨਾਲ ਮੁੰਦਦੀਆਂ ਜਾ ਰਹੀਆਂ ਸਨ।

ਅਖੀਰ ਨੂੰ ਜੈਲਾ ਇਕ ਜੇਤੂ ਵਾਂਗ ਉੱਠ ਖੜ੍ਹਾ ਹੋਇਆ। ਉਸ ਨੂੰ ਅਹਿਲ ਲੇਟੀ ਹੋਈ ਛੱਡ, ਕਪੜੇ ਸਾਂਭੇ ਤੇ ਚੱਲ ਰਹੇ ਟਿਊਬਵੈੱਲ ਹੇਠਾਂ ਪਾਣੀ ਦੀ ਹੌਦੀ ਵਿਚ ਜਾ ਬੈਠਿਆ।

ਛੋਟੇ ਸਰਦਾਰ ਖੇਤ ਵਿਚ ਅਕਸਰ ਉੱਥੇ ਹੀ ਮੰਡਰਾਉਂਦੇ ਰਹਿੰਦੇ ਸੀ ਜਿੱਥੇ ਜੈਲੇ ਦੀਆਂ ਭੈਣਾਂ ਕੰਮ ਕਰ ਰਹੀਆਂ ਹੁੰਦੀਆਂ। ਉਂਝ ਵੀ ਉਹ ਜੈਲੇ ਨੂੰ ਬੋਰ ਚਲਾਉਣ ਲਈ ਜਾਂ ਕਿਸੇ ਬਹਾਨੇ ਇੱਧਰ-ਉੱਧਰ ਭੇਜਦੇ ਰਹਿੰਦੇ ਸਨ। ਜਾਂ ਫੇਰ ਉਸ ਦੀਆਂ ਭੈਣਾਂ ਵਿਚੋਂ ਕਿਸੇ ਨੂੰ ਚਾਹ ਵਗੈਰਾ ਬਣਾਉਣ ਲਈ ਬੋਰ ਵਾਲੇ ਕੋਠੇ 'ਤੇ ਬੁਲਾ ਲੈਂਦੇ ਸਨ। ਤੇ ਓਧਰ ਜੈਲਾ...।

ਜੈਲੇ ਨੇ ਹੁਣ ਕੁਝ ਹੋਰ ਹੀ ਤੈਅ ਕਰ ਲਿਆ ਸੀ। ਉਹ ਸਮਝਦਾ ਸੀ ਕਿ ਹੁਣ ਕਿਸੇ ਵੀ ਤਰ੍ਹਾਂ ਦਾ ਰਿਸਕ ਲੈਣਾ ਬੇਵਕੂਫੀ ਹੋਵੇਗੀ। ਇਸ ਲਈ ਉਸ ਨੇ ਟਿਕਾਣਾ ਬਦਲ ਲਿਆ ਸੀ। ਨਰਮੇ-ਕਪਾਹ ਦੀ ਚੁਗਾਈ ਚਲ ਰਹੀ ਸੀ। ਖੇਤ ਵਿਚ ਕਈ ਥਾਵਾਂ 'ਤੇ ਚੋਣੀਆਂ ਨਰਮਾ ਚੁੱਗਣ ਲੱਗੀਆਂ ਹੋਈਆਂ ਸਨ।

ਪ੍ਰੀਤੋ ਸਾਰਾ ਦਿਨ ਐਧਰ-ਓਧਰ ਚੋਧਰ ਛਾਂਟਦੀ ਫਿਰਦੀ ਰਹਿੰਦੀ ਸੀ।

ਉਨ੍ਹਾਂ ਨੇ ਹੁਣ ਨਰਮੇ ਵਿਚ ਮਿਲਣਾ ਸ਼ੁਰੂ ਕਰ ਦਿੱਤਾ। ਸਿਰ-ਸਿਰ ਉੱਚੇ ਨਰਮੇ ਵਿਚ ਪੱਤੇ-ਪੁੱਤੇ ਸਾਫ ਕਰਕੇ ਜੈਲੇ ਦੁਆਰਾ ਵਿਛਾਈ ਹੋਈ ਚਾਦਰ... ਪ੍ਰੀਤੋ ਲਈ ਇਹ ਇਕ ਅਜੀਬ ਹੀ ਤਰ੍ਹਾਂ ਦਾ ਤਜ਼ਰਬਾ ਸੀ। ਹਰ ਵਾਰੀ ਉਹ ਇਕ ਅਜੀਬ ਤਰ੍ਹਾਂ ਦੀ ਤ੍ਰਿਪਤੀ ਤੇ ਸਕੂਨ ਨਾਲ ਭਰ ਜਾਂਦੀ ਸੀ। ਜੈਲੇ ਦੇ ਅੰਦਰਲਾ ਜੰਗਲੀ ਜਾਨਵਰ ਵੀ ਹਰ ਵਾਰੀ ਇਕ ਨਵੀਂ ਤਾਕਤ ਦੇ ਨਾਲ ਵਾਰ ਕਰਦਾ ਸੀ।

ਜੈਲੇ ਨੇ ਤਾਂ ਕਦੇ ਇਹ ਕਲਪਨਾ ਵੀ ਨਹੀਂ ਕੀਤੀ ਸੀ।

ਤੇ ਪ੍ਰੀਤੋ...? ਉਸ ਲਈ ਚੰਡੀਗੜ੍ਹ ਦੀ ਗੱਲ ਹੋਰ ਸੀ। ਉੱਥੇ ਤਾਂ ਕੰਟੀਨ ਵਿਚ ਦੋਸਤਾਂ ਨਾਲ ਗੱਪਾਂ ਮਾਰਦਿਆਂ, ਡੇਟਿੰਗ-ਚੇਟਿੰਗ ਕਰਦਿਆਂ, ਮੂਵੀ-ਮੂਵੀ ਦੇਖ ਕੇ ਜਾਂ ਸਤਾਰਾਂ ਸੈਕਟਰ ਵਿਚ ਘੁੰਮ-ਘੁੰਮਾ ਕੇ ਹੀ ਸਮਾਂ ਬੀਤ ਜਾਂਦਾ ਸੀ। ਮਤਲਬ ਟਾਈਮ ਪਾਸ ਲਈ ਉੱਥੇ ਚੋਚਲਿਆਂ ਦੀ ਘਾਟ ਨਹੀਂ ਸੀ, ਪਰ ਇੱਥੇ, ਪਿੰਡ ਦੀ ਜ਼ਿੰਦਗੀ ਸਲੋ ਜਿਹੀ ਤੇ ਇਕ ਦਮ ਵੱਖਰੀ



ਸੀ। ਛੇ ਮਹੀਨਿਆਂ ਵਿਚ ਹੀ ਉਹ ਘਰ ਦੀ ਪਾਬੰਦੀ ਭਰੀ ਅਤੇ ਇੱਕੋ ਲਕੀਰ 'ਤੇ ਤੁਰਦੀ ਜ਼ਿੰਦਗੀ ਤੋਂ ਅੱਕ ਗਈ ਸੀ।

ਪ੍ਰੀਤੋ ਲਈ ਇਹ ਇਕ ਨਵਾਂ ਅਨੁਭਵ ਸੀ। ਉਸ ਦਾ ਮਨਮੌਜੀ-ਪੁਣਾ ਵੱਧ ਗਿਆ ਸੀ। ਉਹ ਕਿਸੇ ਖਤਰੇ ਪ੍ਰਤੀ ਵੀ ਲਾ-ਪਰਵਾਹ ਰਹਿਣ ਲੱਗੀ ਸੀ। ਉਸ ਦਿਨ ਦੋ ਛੋਟੇ ਸਰਦਾਰ ਪੇਸ਼ੀ 'ਤੇ ਗਏ ਹੋਏ ਸਨ ਤੇ ਬਾਕੀ ਦੋਨਾ ਵਿਚੋਂ ਕੋਈ ਵੀ ਬੋਰ ਵਾਲੇ ਕੋਠੇ ਨੇੜੇ ਨਹੀਂ ਸੀ। ਪ੍ਰੀਤੋ ਜਾਣਦੀ ਸੀ ਕਿ ਉਹ ਖੇਤ ਵਿਚ ਗੇੜਾ ਮਾਰਨ ਗਏ ਹੋਏ ਨੇ। ਹੋ ਸਕਦੈ ਕਿਸੇ ਚੋਣੀ ਨਾਲ ਠਰਕ ਭੋਰਨ ਲੱਗ ਜਾਣ। ਇਸ ਲਈ ਉਨ੍ਹਾਂ ਦੇ ਛੇਤੀ ਮੁੜਨ ਦੀ ਕੋਈ ਆਸ ਨਹੀਂ ਸੀ। ਸੋ ਕਿਸੇ ਕੰਮ ਲਈ ਕੋਠੇ ਵਿਚ ਆਏ ਜੈਲੇ ਨੂੰ ਉਹ ਉੱਥੇ ਹੀ ਬੂਹਾ ਬੰਦ ਕਰਕੇ ਚਿੰਬੜ ਗਈ।

ਜੈਲੇ ਨੇ ਤਾਂ ਉਸੇ ਦਿਨ ਸਿਰ ਤੇ ਕਫਨ ਬੰਨ੍ਹ ਲਿਆ ਸੀ ਜਿਸ ਦਿਨ ਉਸ ਨੇ ਪ੍ਰੀਤੋ ਦਾ ਪਹਿਲੀ ਵਾਰੀ ਰੇਪ ਕੀਤਾ ਸੀ। ਉਹ ਜਾਣਦਾ ਸੀ ਕਿ ਉਸ ਦੇ ਜੀਣ ਜਾਂ ਮਰਨ ਵਿਚ ਫਰਕ ਹੀ ਕਿੰਨਾ ਕੁ ਹੈ। ਜ਼ਿਹਨੀ ਤੌਰ 'ਤੇ ਤਾਂ ਉਹ ਉਸੇ ਦਿਨ ਤੋਂ ਪਲ-ਪਲ ਮਰਦਾ ਆ ਰਿਹਾ ਸੀ ਜਿਸ ਦਿਨ ਉਸ ਨੂੰ ਆਪਣੀਆਂ ਭੈਣਾਂ ਦੀ ਦੁਰਗਤ ਬਾਰੇ ਪਤਾ ਚੱਲਿਆ ਸੀ।

ਉਸਦੇ ਅੰਦਰਲੇ ਜੰਗਲੀ ਪਸ਼ੂ ਨੇ ਤੁਰੰਤ ਵਾਰ ਕਰ ਦਿੱਤਾ ਸੀ ਤੇ ਇਕ ਵਾਰ ਫੇਰ ਜੇਤੂ ਵਾਂਗ ਉੱਠ ਖੜ੍ਹਾ ਹੋਇਆ ਸੀ। ਪ੍ਰੀਤੋ ਦੇ ਚਿਹਰੇ 'ਤੇ ਵੀ ਅਥਾਹ ਤ੍ਰਿਪਤੀ ਦੇ ਭਾਵ ਸਨ। ਜੈਲੇ ਨੇ ਦਰਵਾਜ਼ਾ ਖੋਲ੍ਹ ਦਿੱਤਾ।

ਆਪਣੇ ਕਪੜੇ ਠੀਕ ਕਰਨ ਤੋਂ ਬਾਅਦ ਪ੍ਰੀਤੋ ਨੇ ਕਿਹਾ, "ਚੰਡੀਗੜ੍ਹ ਵਾਲੇ ਬਾਡੀ ਬਿਲਡਰਾਂ ਦੇ ਤਾਂ ਬਸ ਚੋਚਲੇ ਈ ਨੇ, ਜੈਲੇ!" ਉਹ ਉਸ ਦੀ ਤਾਕਤ ਦੀ ਤਾਰੀਫ ਕਰ ਰਹੀ ਸੀ, ਜੋ ਮਰਦਾਂ ਦੀ ਦੁਨੀਆ ਵਿਚ ਬਹੁਤ ਵੱਡਾ ਇਨਾਮ ਮੰਨਿਆ ਜਾਂਦੈ। ਪਰ ਜੈਲਾ ਕੁਝ ਨਹੀਂ ਬੋਲਿਆ। ਉਸ ਦੀਆਂ ਅੱਖਾਂ ਵਿਚ ਬਲਦੇ ਬਦਲੇ ਦੇ ਅੰਗਿਆਰੇ ਬਲਕਿ ਹੋਰ ਭੜਕ ਉੱਠੇ ਸੀ। ਉਹ ਸੋਚ ਰਿਹਾ ਸੀ ਕਿ ਉਸ ਦੀਆਂ ਭੈਣਾਂ ਵਾਂਗ ਇਹ ਵੀ ਘੱਟ-ਘੱਟ ਤਿੰਨ-ਚਾਰ ਕਿਉਂ ਨਹੀਂ ਹਨ। ਉਸ ਦਾ ਮਕਸਦ ਹੋਰ ਵੀ ਵੱਡਾ ਹੋ ਗਿਆ ਸੀ। ਉਸ ਸੋਚ ਲਿਆ ਸੀ ਕਿ ਪ੍ਰੀਤੋ ਨੂੰ ਗਰਭਵਤੀ ਕਰ ਕੇ ਉਹ ਕਿਤੇ ਭੱਜ ਜਾਵੇਗਾ। ਦੁਨੀਆ ਕਰਾਵੇ ਐਸੀ-ਤੈਸੀ।

"ਕੀ ਗੱਲ ਜੈਲੇ, ਤੈਨੂੰ ਮਜ਼ਾ ਨ੍ਹੀਂ ਆਇਆ? ਇਨਜੁਆਏ ਯਾਰ!"

"ਸਾਨੂੰ ਕਾਹਦਾ ਮਜ਼ਾ ਬੀਬੀ ਜੀ, ਮਜ਼ਾ ਤਾਂ ਤੁਸੀਂ ਲੋਕ ਲੈਂਦੇ ਹੋ... ਇਧ ਵੀ ਤੇ ਉਂਝ ਵੀ...।" ਇਸ ਤਰ੍ਹਾਂ ਦੇ ਜਵਾਬ ਦੀ ਪ੍ਰੀਤੋ ਨੂੰ ਆਸ ਨਹੀਂ ਸੀ। ਉਹ ਸੁਣ ਕੇ ਹੱਕੀ-ਬੱਕੀ ਰਹਿ ਗਈ। ਤੇ ਉਸ ਦੇ ਚਿਹਰੇ ਵੱਲ ਸਵਾਲੀਆ ਨਿਗਾਹਾਂ ਨਾਲ ਦੇਖਿਆ।

"ਤੇਰੇ ਭਰਾਵਾਂ ਨੇ ਮੇਰੀਆਂ ਤਿੰਨੇ ਭੈਣਾਂ ਨੂੰ ਬਰਬਾਦ ਕਰ ਰੱਖਿਐ... ਵੱਡੇ ਤਿੰਨ ਤਾਂ ਵਿਆਹੇ-ਵਰੇ ਵੀ ਹਨ ਨਾ...!"

"ਓਹ ਨੋ!" ਪ੍ਰੀਤੋ ਦੇ ਮੂੰਹੋ ਨਿਕਲਿਆ। ਉਸ ਨੂੰ ਲੱਗਿਆ ਜਿਵੇਂ ਜੈਲਾ ਹੁਣੇ ਕਹੇਗਾ, "ਤੇ ਤੂੰ ਮੈਨੂੰ ਬਰਬਾਦ ਕਰ ਦਿੱਤੈ।"

ਉਸੇ ਵੇਲੇ ਛੋਟੇ ਸਰਦਾਰਾਂ ਵਿਚੋਂ ਇਕ ਨੇ ਕੋਠੇ ਵਿਚ ਪੈਰ ਰੱਖਿਆ। ਉਹ ਦੋਵੇਂ ਇਕ ਦਮ ਘਬਰਾ ਗਏ। ਹਾਲਾਂਕਿ ਉਹ ਠੀਕ-ਠਾਕ ਖੜ੍ਹੇ ਸਨ ਪਰ ਭੈਣ ਦੇ ਡਿਸਚਾਰਜ ਹੋਏ ਚਿਹਰੇ ਨੂੰ ਛੋਟੇ ਸਰਦਾਰ ਨੇ ਚੰਗੀ ਤਰ੍ਹਾਂ ਪੜ੍ਹ ਲਿਆ ਸੀ। ਕਿਉਂਕਿ ਕਾਫੀ ਸਾਲਾਂ ਤੋਂ ਉਹ ਅਜਿਹੇ ਕੁੱਤੇ ਕੰਮ ਹੀ ਕਰਦਾ ਆ ਰਿਹਾ ਸੀ।

ਅਗਲੇ ਦਿਨ ਦੋਨੋਂ ਛੋਟੇ ਸਰਦਾਰ ਆਪਣੇ ਕਿਰਾਏ ਦੇ ਲਠੈਤਾਂ ਨਾਲ ਆਏ ਅਤੇ ਜੇਲੇ ਤੇ ਉਸ ਦੇ ਪਰਿਵਾਰ ਵਾਲਿਆਂ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਇਕ ਛੋਟੇ ਸਰਦਾਰ ਦੇ ਹੱਥ ਵਿਚ ਪਿਸਟਲ ਸੀ।

ਉਹ ਸਾਰੇ ਦਹਿਲ ਗਏ। ਉਨ੍ਹਾਂ ਨੂੰ ਪਤਾ ਸੀ ਕਿ ਸਰਦਾਰਾਂ ਕੋਲ ਇਕ ਪਚਾਸੀ ਹਜ਼ਾਰ ਵਾਲਾ ਅਮਰੀਕਨ ਪਿਸਟਲ ਹੈ। ਜਿਸ ਦੀ ਗੋਲੀ ਬਹੁਤ ਮਹਿੰਗੀ ਆਉਂਦੀ ਹੈ ਤੇ ਜਿਸ ਨੂੰ ਉਹ ਸਿਰਫ ਬੰਦਾ ਮਾਰਨ ਲਈ ਹੀ ਵਰਤਦੇ ਹਨ। ਸੋਟੀਆਂ ਚਲਾਉਣ ਜਾਂ ਡਰਾਉਣ-ਧਮਕਾਉਣ ਲਈ ਉਨ੍ਹਾਂ ਕੋਲ ਦੁਨਾਲੀ ਬੰਦੂਕ ਹੈ।

ਉਨ੍ਹਾਂ ਚੰਗੀ ਤਰ੍ਹਾਂ ਕੁਟਾਪਾ ਚਾੜ੍ਹਿਆ। ਉਨ੍ਹਾਂ ਦਾ ਮੁੱਖ ਨਿਸ਼ਾਨਾ ਜੇਲਾ ਸੀ।

"ਭਲਾ ਚਾਹੁੰਦੇ ਹੋ ਤਾਂ ਅੱਜ ਦੀ ਤਾਰੀਖ਼ ਵਿਚ ਹੀ ਇਹ ਪਿੰਡ ਛੱਡ ਕੇ ਦਫਾ ਹੋ ਜਾਓ ਕਿਤੇ ਵੀ। ਸਾਲੇ ਢੇਡ... ਆਪਣੀ ਔਕਾਤ ਵੀ ਨਹੀਂ ਪਛਾਣਦੇ... ਰਾਤ ਤੱਕ ਇੱਥੇ ਨਜ਼ਰ ਆਏ ਤਾਂ... ?" ਸਭ ਤੋਂ ਛੋਟੇ ਸਰਦਾਰ ਨੇ ਪਿਸਤੌਲ ਦੀ ਨਾਲੀ ਜੇਲੇ ਤੇ ਉਸ ਦੇ ਪਿਉ ਵੱਲ ਕੀਤੀ ਤੇ ਆਖ਼ਰੀ ਤਾੜਨਾ ਕਰ ਕੇ ਚਲੇ ਗਏ।

ਜੇਲੇ ਨੂੰ ਲੱਗਿਆ ਜਿਵੇਂ ਉਸਦੀ ਬਾਂਹ ਕੂਹਣੀ ਕੋਲੋਂ ਟੁੱਟ ਗਈ ਹੈ।

ਇਹ ਉਹ ਘੋਟ ਗਿਆ ਸੀ, ਜਿਸ ਬਾਰੇ ਉਸ ਨੇ ਸੋਚਿਆ ਵੀ ਨਹੀਂ ਸੀ। ਜੇਲੇ ਨੇ ਇਸ ਦਾ ਲਿੰਕ ਕੱਲ੍ਹ ਵਾਲੀ ਘਟਨਾ ਨਾਲ ਜੋੜ ਲਿਆ ਸੀ। ਸੋ ਉਸਨੂੰ ਇਸ ਸਦਮੇ ਚੋਂ ਨਿਕਲਣ ਵਿਚ ਕੁਝ ਹੀ ਪਲ ਲੱਗੇ।

"ਐਂ ਕਿਮੇਂ ਮਾਰ ਦੇਣਗੇ... ਆਪਾਂ ਪੰਚਾਇਤ ਕਰਾਂਗੇ...।" ਜੇਲਾ ਉੱਠ ਖੜ੍ਹਿਆ। ਉਸਦੀ ਬਾਂਹ ਲਟਕ ਰਹੀ ਸੀ। ਉਸ ਨੇ ਪੀੜ ਅੰਦਰ ਹੀ ਪੀ ਲਈ।

"ਪੰਚਾਇਤ ਵਿਚ ਉਨ੍ਹਾਂ ਦਾ ਪਿਉ ਵੀ ਪੰਚ ਐ...।" ਜੇਲੇ ਦੇ ਪਿਉ ਨੇ ਕਿਹਾ।

"ਤਾਂ ਕੀ ਹੋਇਆ ? ਕੋਈ ਮੂੰਹ 'ਚ ਪਾ ਲਊ ?"

"ਪੁੱਤ ਸੋਚ ਸਮਝ ਕੇ ਚੱਲੋ, ਜ਼ਮਾਨਾ ਖਰਾਬ ਐ... ਆਪਾਂ ਕਿੱਥੇ-ਕਿੱਥੇ ਲੜ ਸਕਦੇ ਹਾਂ।" ਜੇਲੇ ਦੀ ਮਾਂ ਨੇ ਪਹਿਲਾਂ ਵਾਂਗ ਹੀ ਸਮਝਾਉਣ ਦੀ ਕੋਸ਼ਿਸ਼ ਕੀਤੀ ਸੀ।

ਬਾਂਸ ਦੀਆਂ ਫੱਟੀਆਂ ਚੀਰ ਕੇ ਜੇਲੇ ਦੇ ਪਿਉ ਨੇ ਸਿੱਧੀ ਕਰ ਕੇ ਉਸਦੀ ਬਾਂਹ ਨੂੰ ਜਿਵੇਂ-ਤਿਵੇਂ ਬੰਨ੍ਹ ਦਿਤਾ।

ਸ਼ਾਮੀਂ ਦੋਵੇਂ ਭਰਾ ਫੇਰ ਆਏ, "ਆਹ ਲਓ ਵੀਹ ਹਜ਼ਾਰ ਇਸ ਥਾਂ ਦੀ ਕੀਮਤ। ਤੁਹਾਡੇ ਹਿੱਸੇ ਦਾ ਕੱਟ-ਕਟਾ ਕੇ ਬਾਕੀ ਸਾਰਾ ਕਰਜ਼ਾ-ਕੁਰਜ਼ਾ ਮਾਫ ਕੀਤਾ... ਬਲਕਿ ਹਜ਼ਾਰ-ਪੰਜ ਸੌ ਹੋਰ ਲਓ...।" ਕਹਿੰਦਿਆਂ ਉਸ ਨੇ ਕੁਝ ਨੋਟ ਜੇਲੇ ਦੀ ਮਾਂ ਵੱਲ ਸੁੱਟ ਦਿੱਤੇ ਸੀ।



ਆਪਣੀ ਕਹਾਣੀ ਸੁਣਾਉਂਦਾ ਹੋਇਆ ਜੇਲਾ ਉੱਠ ਕੇ ਬਹਿ ਗਿਆ। ਉਸ ਦੇ ਅੰਦਰ ਬਦਲੇ ਦੇ ਅੰਗਿਆਰੇ ਅਜੇ ਵੀ ਭੜਕ ਰਹੇ ਸੀ। ਮੰਜੀ ਕੋਲ ਪਏ ਗੜਵੇ 'ਚੋਂ ਪਾਣੀ ਪੀਤਾ ਤੇ ਫਿਰ ਲੇਟ ਗਿਆ। ਕੁਝ ਪਲ ਚੁੱਪ ਰਹਿਣ ਤੋਂ ਬਾਅਦ ਬੋਲਿਆ, "ਅਗਲੀ ਸਵੇਰ ਸਾਡੀ ਝੁੱਗੀ ਪਿੰਡ ਵਿਚ ਹੋਈ ਸੀ। ਉਨ੍ਹਾਂ ਪੈਸਿਆਂ ਨਾਲ ਦੋ ਭੈਣਾਂ ਦਾ ਵਿਆਹ ਕਰ ਦਿੱਤਾ ਤੇ ਇਹ ਮਕਾਨ ਖਰੀਦ ਲਿਆ। ਜਿਉਂਦੇ ਜੀਅ ਨੂੰ ਤਾਂ ਰੋਟੀ ਮਿਲਦੀ ਹੀ ਹੈ, ਪਰ ਅਸੀਂ ਸਿਰਫ ਰੋਟੀ ਲਈ ਹੀ ਆਪਣੀ ਇੱਜ਼ਤ ਖਰਾਬ ਕਰਾਉਂਦੇ ਰਹੇ। ਇਹੋ ਸੋਚ ਕੇ ਕਿ ਇਹ ਆਸਰਾ ਛੁੱਟ ਗਿਆ ਤਾਂ ਕਿੱਥੇ ਜਾਵਾਂਗੇ...।"

"ਇਸੇ ਲਈ ਤੂੰ ਮੈਨੂੰ ਵੀ ਇਹੋ ਜਿਹੀ ਸਮਝਦੈਂ ?" ਗੁੱਡੋ ਦੇ ਮਨ ਵਿਚ ਉਸ ਪ੍ਰਤੀ ਕੁਝ ਹਮਦਰਦੀ ਪੈਦਾ ਹੋ ਗਈ ਸੀ।

"ਕੀ ਸਮਝਦਾਂ ?" ਉਸਨੇ ਗੁੱਸੇ ਵਿਚ ਗੁੱਡੋ ਨੂੰ ਕੂਹਣੀ ਮਾਰੀ, "ਤੂੰ ਕੋਈ ਲਾਟ ਸਾਹਿਬ ਦੀ ਧੀ ਐਂ ? ਕਿਨੇ ਮੁਰੱਬੇ ਨੇ ਤੇਰੇ ਪਿਉ ਕੋਲ ? ਤੇ ਸਾਲੀ ਹੈਂ ਤਾਂ ਤੂੰ ਵੀ ਚਮਾਰੀ ਈ ਨਾ ?"

"ਔਰਤ ਦੀ ਕੋਈ ਜਾਤ ਨਹੀਂ ਹੁੰਦੀ ਜੇਲੇ... ਪ੍ਰੀਤੋ ਨਾਲ ਵੀ ਤੋਂ ਆਹੀ ਕੁਝ ਕੀਤਾ ਸੀ, ਮੇਰੇ ਨਾਲ ਵੀ ਇਹੀ ਕੁਝ ਕਰ ਰਿਹੈਂ। ਤੇਰੀਆਂ ਭੈਣਾਂ ਨਾਲ ਵੀ...।" ਉਹ ਗੱਲ ਵੀ ਪੂਰੀ ਨਹੀਂ ਕਰ ਸਕੀ ਸੀ ਕਿ, "ਸਾਲੀ ਮੈਨੂੰ ਮੇਹਣਾ ਦਿੰਦੀ ਐਂ ?" ਕਹਿੰਦਿਆਂ ਉਸ ਨੇ ਗੁੱਡੋ ਦੀ ਗੁੱਤ ਫੜੀ ਤੇ ਖਿੱਚ ਕੇ ਇਕ ਚਪੇੜ ਦੇ ਮਾਰੀ। ਉਸ ਦੀਆਂ ਸਿਸਕੀਆਂ ਸ਼ੁਰੂ। ਸਿਸਕਦੇ ਹੋਏ ਬੋਲੀ, "ਇਞ ਨਾ ਸਤਾ ਵੈਰੀਆ, ਰੋਜ਼-ਰੋਜ਼ ਅਜਿਹੀਆਂ ਗੱਲਾਂ ਮੈਥੋਂ ਸਹਿ ਨਹੀਂ ਹੁੰਦੀਆਂ।"

"ਫਿਰ ਤਾਂ ਤੂੰ ਵੀ ਕਿਸੇ ਜੱਟ ਦੀ ਸੱਟ ਐਂ।" ਕਹਿੰਦਿਆਂ ਜੇਲੇ ਨੇ ਪਾਸਾ ਵੱਟ ਲਿਆ। ਉਹ ਸ਼ਾਇਦ ਹੋਰ ਬਹਿਸ ਨਹੀਂ ਕਰਨੀ ਚਾਹੁੰਦਾ ਸੀ ਜਾਂ ਕਿਸੇ ਤਰਕ ਦਾ ਸਾਹਮਣਾ ਕਰਨੋਂ ਡਰਦਾ ਸੀ।

ਗੁੱਡੋ ਦੀਆਂ ਸਿਸਕੀਆਂ ਰੋਣ ਵਿਚ ਬਦਲ ਚੁੱਕੀਆਂ ਸਨ।

ਉਸ ਨੂੰ ਲੱਗਦਾ ਸੀ ਰੋਜ਼ਾਨਾ ਦਾ ਕਲੇਸ਼, ਮਾਰ-ਕੁੱਟ, ਗਾਲ੍ਹ-ਗਲੋਚ ਤਾਂ ਸਾਡੇ ਲੋਕਾਂ ਦੀ ਜ਼ਿੰਦਗੀ ਦਾ ਹਿੱਸਾ ਹੈ ਪਰ ਕੁਝ ਪਲ ਤਾਂ ਅਜਿਹੇ ਹੋਣ ਜੋ ਇਸ ਸਭ ਕਾਸੇ ਤੋਂ ਬਿਨਾਂ ਬੀਤਣ। ਪਰ ਸੁੱਖ ਦੇ ਕੁਝ ਕੁ ਪਲਾਂ ਦਾ ਵੀ ਉਸ ਲਈ ਹਾਲੇ ਤੱਕ ਸੰਜੋਗ ਨਹੀਂ ਸੀ ਬਣਿਆ।

"ਚੁੱਪ ਕਰਦੀ ਐਂ ਕਿ ਨਹੀਂ ?" ਕਹਿੰਦਿਆਂ ਉਸ ਨੇ ਗੁੱਡੋ ਨੂੰ ਕੂਹਣੀ ਮਾਰੀ ਤੇ ਉੱਠ ਬੈਠਿਆ। ਗੁੱਡੋ ਵੀ ਡਰਦੀ ਹੋਈ ਉੱਠ ਬੈਠੀ। ਉਸ ਨੇ ਉਸ ਦੀ ਕੁੜਤੀ ਉਤਰਵਾ ਲਈ ਤੇ ਉਸ ਦੀਆਂ ਛਾਤੀਆਂ ਦੋਨਾਂ ਹੱਥਾਂ ਨਾਲ ਨੋਚਣ ਲੱਗਿਆ। ਨੰਗੇ ਪਿੰਡੇ 'ਤੇ ਚਪੇੜਾਂ ਮਾਰੀਆਂ, ਦੰਦੀਆਂ ਵੀ ਵੱਢੀਆਂ। ਧੱਕਾ ਮਾਰ ਕੇ ਮੰਜੀ ਤੋਂ ਥੱਲੇ ਸੁੱਟ ਦਿੱਤਾ। ਐਨੀ ਪੀੜ ਉਹ ਅੰਦਰ ਹੀ ਅੰਦਰ ਨਹੀਂ ਪੀ ਸਕਦੀ ਸੀ। ਫੇਰ ਰੋ ਪਈ।

ਇਕ ਦਿਨ ਕੋਈ ਬਹੁਤ ਹੀ ਜ਼ਰੂਰੀ ਕਰਜ਼ਾ ਚੁਕਾਉਣ ਲਈ ਜੇਲੇ ਨੇ ਆਪਣੀ ਸਾਈਕਲ ਵੇਚ ਦਿੱਤੀ ਸੀ। ਵੇਚੀ ਕੀ, ਰੱਖ ਲਈ ਗਈ ਸੀ।

"ਚਲੋ ਸਾਲਾ ਇਕ ਜੰਬ ਤਾਂ ਮੁੱਕਿਆ। ਅੱਜ ਤਾਂ ਖੇਡਾਂਗੇ। ਦੋ ਦਿਨ ਹੋਗੇ ਸਾਲੀ ਖਾਹਮਖਾਹ ਟੈਨਸ਼ਨ ਜਿਹੀ ਹੋਈ ਪਈ ਸੀ।" ਉਹ ਤਸੱਲੀ ਦਾ ਸਾਹ ਲੈਂਦਿਆਂ ਬੁੜਬੁੜਾਇਆ। ਗੁੱਡੋ ਨੂੰ ਲੱਗਿਆ ਜਿਵੇਂ ਅੱਜ ਉਹ ਕੋਈ ਕੰਮ ਕਰਕੇ ਸੰਤੁਸ਼ਟ ਹੈ। ਉਹ ਤਾਂ ਗੱਲ ਕਰਨ ਦਾ ਉਂਝ ਵੀ ਬਹਾਨਾ ਲੱਭਦੀ ਰਹਿੰਦੀ ਸੀ ਕਿ ਕਦ ਉਸਦਾ ਮੂਡ ਠੀਕ ਹੋਵੇ ਤੇ ਕਦ ਉਹ ਕੋਈ ਗੱਲ ਕਰੇ। ਗੱਲ ਸ਼ੁਰੂ ਕਰਨ ਲਈ ਬੋਲੀ, "ਆਪਣੀ ਸਾਈਕਲ ?"

"ਵੇਚ ਦਿੱਤੀ।"

"ਕਿਉਂ ?"

"ਮਾਂ ਚੁਦਾਉਣ ਨੂੰ। ਸਾਲੀ ਜਦ ਦੇਖੋ ਕੋਈ ਤੇਰ੍ਹਵੀਂ ਗੱਲ ਈ ਕਰੂ। ਮੈਂ ਕੋਈ ਖ਼ੁਸ਼ੀ ਨੂੰ ਵੇਚੀ ਐ। ਉਹ ਤੇਰਾ ਪਿਉ ਅੜ ਕੇ ਖੜ੍ਹ ਗਿਆ ਸੀ... ਲੈ ਗਿਆ। ਕਹਿੰਦਾ ਕਰਾਰ ਦੀ ਤਾਰੀਕ ਆ ਗਈ ਐ...।"

"ਮੇਰੇ ਪਿਉ ਤੀਕਰ ਕਿਉਂ ਜਾਂਦੇ ਓ ? ਬਾਹਲਾ ਈ ਜੇ ਕੁਝ ਬੁੜਿਆ ਪਿਐ ਤਾਂ ਮੈਨੂੰ ਦੋ ਥੱਪੜ ਹੋਰ ਮਾਰ ਲਓ।" ਗੁੱਡੋ ਦਾ ਐਨਾ ਕਹਿਣਾ ਹੀ ਸੀ ਕਿ ਉਹ ਪਿਲ ਪਿਆ, "ਲੈ, ਹੋਰ ਲੈ ! ਤੇਰਾ ਪਿਉ ਕੋਈ ਲਾਟ ਸਾ'ਬ ਹੈ ?" ਕਹਿੰਦੇ ਹੋਏ ਉਸ ਨੇ ਕੁਟਾਪਾ ਚਾੜ੍ਹ ਦਿੱਤਾ। ਗੁੱਡੋ ਦੇ ਕਪੜੇ ਮੰਜੇ ਤੋਂ ਹੇਠਾਂ ਵਗਾਹ ਮਾਰੇ। ਖੇਡ ਵਾਲੀ ਗਲ ਵਿੱਚੇ ਰਹਿ ਗਈ। ਗੁੱਡੋ ਦੀ ਰਾਤ ਸਿਸਕੀਆਂ ਦੇ ਹਵਾਲੇ ਹੋ ਗਈ। ਉਸ ਲਈ ਹੁਣ ਕਪੜੇ ਪਾਉਣੇ ਵੀ ਪਹਾੜ ਹੋ ਗਏ ਸੀ।

ਜੈਲਾ ਅਬਨਾਰਮਲ ਹੁੰਦਾ ਜਾ ਰਿਹਾ ਸੀ। ਉਸ ਦੇ ਮਨ, ਵਚਨ ਤੇ ਕਰਮ ਵਿਚੋਂ ਕੁਰੱਤਣ ਹੀ ਕੁਰੱਤਣ ਝਲਕ ਰਹੀ ਸੀ। ਉਹ ਸੋਚਦਾ ਸੀ ਜਾਂ ਤਾਂ ਉਸ ਨਾਲ ਜੋ ਕੁਝ ਹੋਇਐ ਉਹ ਘੱਟ ਹੈ ਜਾਂ ਜੋ ਉਸ ਨੇ ਬਦਲੇ ਵਜੋਂ ਕੀਤੇ ਉਹ ਘੱਟ ਹੈ। ਖ਼ੁਦ ਨੂੰ ਮਜਬੂਰ ਮਹਿਸੂਸ ਕਰਦੇ ਹੋਏ ਉਹ ਆਤਮਘਾਤੀ ਬਣ ਗਿਆ ਸੀ। ਸੁਈਸਾਈਡਲ...।

ਸਵੇਰੇ ਛੇਤੀ ਉੱਠ ਕੇ ਗੁੱਡੋ ਆਪਣੀ ਲਾਸ਼ ਨੂੰ ਢੋਂਦਿਆਂ ਰੋਜ਼ਮੱਰਾ ਦੇ ਕੰਮ ਕਰਨ ਲੱਗੀ। ਉਸ ਨੂੰ ਲੱਗ ਰਿਹਾ ਸੀ ਜਿਵੇਂ ਉਹ ਇਕ ਲਾਸ਼ ਵਿਚ ਤਬਦੀਲ ਹੁੰਦੀ ਜਾ ਰਹੀ ਹੈ। ਇਸ ਲਾਸ਼ ਦੀ ਚਮੜੀ ਉਧੇੜ ਕੇ ਕੋਈ ਢੋਲ ਜਾਂ ਢੋਲਕੀ ਕੁਝ ਵੀ ਬਣਾ ਲਵੇ ਤੇ ਫਿਰ ਜੈਲੇ ਜਾਂ ਸਰਦਾਰਾਂ ਦੇ ਕਾਕਿਆਂ ਵਰਗੇ ਲੋਕ ਉਸ ਨੂੰ ਜਿਵੇਂ ਮਰਜ਼ੀ ਵਜਾਉਂਦੇ ਫਿਰਨ। ਪਰ ਜਿਉਂਦੇ ਜੀ ਇਹ ਸਭ ਅਸਹਿ ਸੀ। ਬੜੇ ਅਜੀਬੋ-ਗਰੀਬ ਖ਼ਿਆਲ ਆਉਣ ਲੱਗੇ ਸਨ ਉਸਦੇ ਮਨ ਵਿਚ।

ਅਜੀਬੋ-ਗਰੀਬ ਖ਼ਿਆਲਾਂ ਨਾਲ ਘਿਰੀ ਹੋਈ ਗੁੱਡੋ ਘਰ ਦੇ ਕੰਮਾਂ ਵਿਚ ਰੁੱਝੀ ਹੋਈ ਸੀ ਕਿ ਦਰਵਾਜ਼ੇ 'ਤੇ ਸਾਈਕਲ ਦੀ ਘੰਟੀ ਵੱਜੀ। ਉਸ ਦਾ ਧਿਆਨ ਅਚਾਨਕ ਉੱਧਰ ਚਲਿਆ ਗਿਆ। ਦੇਖਣ ਸਾਰ ਹੱਥਲੇ ਕੰਮ ਨੂੰ ਛੱਡਕੇ ਉਹ ਖ਼ੁਸ਼ੀ-ਖ਼ੁਸ਼ੀ ਓਧਰ ਹੀ ਦੌੜ ਪਈ ਅਤੇ, "ਓਏ ਕਾਕੇ ! ਤੂੰ ?" ਕਹਿੰਦਿਆਂ ਉਸ ਨੂੰ ਕਲਾਵੇ 'ਚ ਲੈ ਲਿਆ ਸੀ।

"ਬੱਸ ਭੈਣੇ ਉਂਈ ਆ ਗਿਆ।" ਕਾਕੇ ਨੇ ਕਿਹਾ, "ਮਾਂ ਕਹਿੰਦੀ ਭੈਣ ਨੂੰ ਮਿਲ ਆ।"



"ਤੇ ਤੂੰ ਆ ਗਿਆ ਭੈਣ ਨੂੰ ਮਿਲਣ ? ਐਂ ?" ਗੁੱਡੋ ਬਹੁਤ ਖ਼ੁਸ਼ ਹੋਈ ਅਤੇ ਇਕੋ ਸਾਹ ਵਿਚ ਕਿੰਨੀਆਂ ਹੀ ਗੱਲਾਂ ਪੁੱਛਣ ਲੱਗੀ।

"ਇਹ ਸਾਈਕਲ ਕੀਹਦੈ ?" ਜੈਲੇ ਨੇ ਘਰ ਵਿਚ ਵੜਦਿਆਂ ਹੀ ਸਾਈਕਲ ਵੱਲ ਦੇਖ ਕੇ ਪੁੱਛਿਆ।

"ਮੇਰਾ ਐ ਜੀਜਾ ਜੀ।" ਕਾਕੇ ਨੇ ਸਤਿਸ੍ਰੀ ਅਕਾਲ ਬੁਲਾਉਂਦਿਆਂ ਦੱਸਿਆ।

ਜੈਲੇ ਨੇ ਕਾਕੇ ਦੀ ਸਤਿਸ੍ਰੀ ਅਕਾਲ ਨੂੰ ਅਣਗੌਲਿਆਂ ਕਰ ਕੇ ਧਿਆਨ ਨਾਲ ਸਾਈਕਲ ਨੂੰ ਦੇਖਿਆ। ਜ਼ਿਆਦਾ ਨਵਾਂ ਤਾਂ ਨਹੀਂ ਪਰ ਚੰਗੀ ਹਾਲਤ ਵਿਚ ਸੀ।

"ਬਈ ਇਹ ਤਾਂ ਮੈਨੂੰ ਦੇ ਦੇ, ਤੂੰ ਕੀ ਕਰਦਾ ਹੁੰਦੈਂ ਇਹਦਾ ? ਕੋਹੜੇ ਤਾਂ ਪੱਕੀ ਸੜਕ ਵੀ ਹੈ ਨ੍ਹੀਂ।"

"ਨਾ ਜੀ, ਪਿਛਲੀਆਂ ਚੋਣਾਂ ਵੇਲੇ ਪੱਥਰ ਸੁੱਟੇ ਸੀ, ਹੁਣ ਫੇਰ ਵੋਟਾਂ ਆ ਗਈਆਂ ਨੇ, ਸਾਰੇ ਕਹਿੰਦੇ ਐ ਐਤਕੀਂ ਸੜਕ ਜ਼ਰੂਰ ਬਣਜੂ।" ਕਾਕੇ ਨੇ ਇਝ ਦੱਸਿਆ ਜਿਵੇਂ ਉਹ ਹੁਣੇ ਸੜਕ ਦਾ ਟੈਂਡਰ ਪਾਸ ਕਰ ਕੇ ਆਇਆ ਹੋਵੇ।

ਭਰਾ ਨੂੰ ਆਇਆ ਦੇਖ ਕੇ ਗੁੱਡੋ ਨੂੰ ਤਾਂ ਚਾਅ ਜਿਹਾ ਚੜ੍ਹ ਗਿਆ ਸੀ। ਮਨ ਹੀ ਮਨ ਉਸ ਨੇ ਇਕ ਸਕੀਮ ਬਣਾ ਲਈ ਤੇ ਜੈਲੇ ਨੂੰ ਪੁੱਛਿਆ, "ਜੇ ਕਹੋਂ ਤਾਂ ਦੋ-ਚਾਰ ਦਿਨ ਲਈ ਚਲੀ ਜਾਵਾਂ ?"

"ਕਿਉਂ ਐਥੇ ਕੋਈ ਸੱਪ ਲੜਦੇ ਐ ਤੈਨੂੰ ?" ਜੈਲੇ ਨੇ ਸਾਫ਼ ਮਨ੍ਹਾ ਕਰ ਦਿੱਤਾ ਸੀ ਪਰ ਗੁੱਡੋ ਨੇ ਮਿਨਤਾਂ ਕਰ-ਕਰਾ ਕੇ ਇਕ ਦਿਨ ਵਾਸਤੇ ਜਾਣ ਲਈ ਉਸ ਨੂੰ ਮਨਾ ਲਿਆ ਸੀ। ਪਰ ਜੈਲੇ ਨੇ ਵੀ ਸ਼ਰਤ ਲਾ ਦਿੱਤੀ ਕਿ ਉਸਨੇ ਲੈਣ ਨਹੀਂ ਆਉਣਾ, ਉਨ੍ਹਾਂ ਨੂੰ ਹੀ ਛੱਡਕੇ ਜਾਣੀ ਪਊ। ਗੁੱਡੋ ਨੂੰ ਆਪਣੇ ਪਿਉ ਕੋਲੋਂ ਇਹ ਪੁੱਛ ਕੇ ਵੀ ਆਉਣ ਲਈ ਕਿਹਾ ਕਿ ਉਸ ਦੀ ਆਪਣੇ ਸਾਊ ਨਾਲ ਥਾਲੀ ਵਿਚ ਕਿੰਨੇ ਰੁਪੱਈਏ ਦੇਣ ਬਾਰੇ ਗੱਲ ਤੈਅ ਹੋਈ ਸੀ।

ਗੁੱਡੋ ਇਕ ਰਾਤ ਆਪਣੇ ਪੇਕੇ ਰਹਿ ਕੇ ਵਾਪਸ ਆ ਗਈ। ਉਸਦੀਆਂ ਅੱਖਾਂ ਰੋ-ਰੋ ਕੇ ਸੁੱਜੀਆਂ ਹੋਈਆਂ ਸਨ। ਉਸਦੇ ਆਉਣ ਸਾਰ ਕਲੇਸ਼ ਸ਼ੁਰੂ ਹੋ ਗਿਆ ਕਿ ਉਸ ਨੇ ਪੈਸਿਆਂ ਬਾਰੇ ਆਪਣੇ ਪਿਉ ਨਾਲ ਗੱਲ ਕਿਉਂ ਨਹੀਂ ਕੀਤੀ।

ਰਾਤ ਨੂੰ ਸੌਣ ਵੇਲੇ ਜੈਲਾ ਬੁੜਬੁੜਾ ਰਿਹਾ ਸੀ, "ਟੁੱਟੀ ਜਿਹੀ ਸਾਈਕਲ ਸੀ, ਕਹਿੰਦਾ ਨਹੀਂ ਦੇਣੀ, ਸਾਲੇ ਤੋਂ ਕੀ... ਦੱਸ... ਐਥੇ ਤੰਗ ਹੋਣ ਡਹੇ ਆਂ...।"

ਗੁੱਡੋ ਉਸ ਦੀ ਬੱਕ-ਝੱਕ ਸੁਣਦੀ ਰਹੀ। ਆਖ਼ਰ ਰਿਹਾ ਨਾ ਗਿਆ। ਕੁਝ ਬੋਲਦਿਆਂ ਹੀ ਜੈਲੇ ਨੇ ਉਸ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਚੰਗਾ ਕੁਟਾਪਾ ਚਾੜ੍ਹਿਆ। ਗਵਾਂਢੀ ਤੱਕ ਜਾਗ ਪਏ। ਅਗਲੇ ਦਿਨ ਫੇਰ ਕਲੇਸ਼, ਮਾਰ-ਕੁਟਾਈ ਚੱਲਦੀ ਰਹੀ।

ਵਿਚੋਲੇ ਨੂੰ ਸੱਦ ਲਿਆ। ਰਿਸ਼ਤੇਦਾਰ ਇਕੱਠੇ ਹੋ ਗਏ। ਗੁੱਡੋ ਦੇ ਪੇਕੇ ਵੀ ਆਪਣੀ ਪੰਚਾਇਤ ਲੈ ਕੇ ਆ ਗਏ। ਗੱਲ ਮੁਕਾਉਣ ਲੱਗੇ ਕਿ ਦਾਜ ਵਿਚ ਕੀ ਕੁਝ ਦੇਣ ਬਾਰੇ ਗੱਲ ਤੈਅ ਹੋਈ ਸੀ ਤੇ ਕੀ ਨਹੀਂ ਦਿੱਤਾ ਸੀ। ਜੈਲੇ ਦੀ ਮਾਂ ਨੇ ਟੁੱਟੀ ਹੋਈ ਸੰਦੂਕੜੀ ਲਿਆ ਕੇ ਬੈਠੇ

ਖੇਦਿਆਂ ਵਿਚਾਲੇ ਸੁੱਟ ਦਿੱਤੀ। ਜੈਲੇ ਦੇ ਬਾਪੂ ਨੇ ਗੁੱਡੋ ਦੇ ਮਾਸੜ ਨਾਲ ਬਹਿਸ ਕਰਨੀ ਸ਼ੁਰੂ ਕਰ ਦਿੱਤੀ। ਉਹ ਦੋਵੇਂ ਆਪਸ ਵਿਚ ਲੜ ਪਏ।

ਗੱਲ ਨਿਬੜਨ ਦੀ ਨਿਸਬਤ ਵਿਗੜਦੀ ਹੀ ਚਲੀ ਗਈ। ਗਾਲ੍ਹਾਂ ਦੇ ਬਰੱਸਟ ਸ਼ੁਰੂ ਹੋ ਗਏ। ਦੋਵੇਂ ਧਿਰਾਂ ਵਿਚੋਂ ਇਕ ਮਾਰਨ ਲਈ ਦੌੜਦਾ ਸੀ ਤਾਂ ਦੋ ਉਸ ਨੂੰ ਫੜਨ ਲੱਗ ਪੈਂਦੇ। ਤਮਾਸ਼ਬੀਨ ਵੀ ਇਕੱਠੇ ਹੋ ਗਏ ਸਨ।

"ਗੁੱਡੋ ਆ ਆਪਣੇ ਘਰ ਚੱਲੀਏ। ਇਨ੍ਹਾਂ ਕੰਜਰਾਂ ਕੋਲ ਨਹੀਂ ਹੁਣ ਰਹਿਣਾ।" ਗੁੱਡੋ ਦੇ ਮਾਮੇ ਨੇ ਗੁੱਡੋ ਨੂੰ ਆਵਾਜ਼ ਮਾਰੀ।

"ਮੈਂ ਨ੍ਹੀਂ ਕਿਤੇ ਜਾਣਾ ਮਾਮਾ। ਤੁਸੀਂ ਜਾਓ।" ਗੁੱਡੋ ਦੇ ਸਖ਼ਤ ਜਵਾਬ ਦੇ ਨਾਲ ਹੀ ਸਾਰੇ ਰਿਸ਼ਤੇਦਾਰ, ਦੋਨਾਂ ਧਿਰਾਂ ਦੇ ਹਿਮਾਇਤੀ ਤੇ ਤਮਾਸ਼ਬੀਨ ਖਿਲਰ ਗਏ ਤੇ ਪਿੱਛੇ ਰਹਿ ਗਏ ਗੁੱਡੋ, ਜੈਲਾ, ਜੈਲੇ ਦੇ ਮਾਂ-ਪਿਉ, ਭੈਣਾਂ ਤੇ ਕਲੇਸ਼।

ਸ਼ਾਮੀਂ ਜੈਲਾ ਤੇ ਉਸ ਦਾ ਬਾਪੂ ਦਾਰੂ ਪੀ ਕੇ ਘਰ ਵੜੇ। ਬਾਪੂ ਤਾਂ ਪਹਿਲਾਂ ਵੀ ਕਈ ਵਾਰੀ, ਜੇ ਕਿਤੋਂ ਦਾਅ ਲਗਜੇ, ਪੀ ਕੇ ਆ ਜਾਂਦਾ ਸੀ ਪਰ ਬੋਲਦਾ ਬਿਲਕੁਲ ਨਹੀਂ ਸੀ। ਅੱਜ ਦੋਨਾਂ ਨੇ ਖੱਪ ਪਾਉਣੀ ਸ਼ੁਰੂ ਕਰ ਦਿੱਤੀ। ਜੈਲੇ ਨੇ ਗੁੱਡੋ ਨੂੰ ਕੁੱਟਿਆ ਵੀ। ਗੁੱਡੋ ਅਤੇ ਉਸ ਦੀਆਂ ਨਣਦਾਂ ਦੀਆਂ ਚੀਕਾਂ ਸੁਣ ਕੇ ਗਵਾਂਢੀ ਵੀ ਆ ਗਏ। ਕਹਿੰਦੇ, "ਇਹ ਕੀ ਕੰਜਰਖਾਨਾ ਐ ? ਵਿਚਾਰੀ ਨੂੰ ਮਾਰ ਕੇ ਹੀ ਛੱਡਣੈ ?"

ਗੱਲ ਫੇਰ ਰਿਸ਼ਤੇਦਾਰਾਂ ਤੱਕ ਪੁੱਜੀ। ਉਨ੍ਹਾਂ ਨੂੰ ਇਕੱਠੇ ਕਰਨ ਵਿਚ ਦੋ-ਤਿੰਨ ਦਿਨ ਫੇਰ ਲੱਗ ਗਏ। ਬਰਾਦਰੀ ਦੀ ਪੰਚਾਇਤ ਹੋਈ। ਪੰਚਾਇਤ ਕਰਨਾ ਜ਼ਰੂਰੀ ਹੋ ਗਿਆ ਸੀ। ਕਿਉਂਕਿ ਗੱਲ ਵੱਧਦੀ ਹੀ ਜਾ ਰਹੀ ਸੀ। ਇਕ ਦਿਨ ਜੈਲਾ ਦਾਰੂ ਪੀ ਕੇ ਗੁੱਡੋ ਦੇ ਮਾਸੜ, ਜੋ ਵਿਚੋਲਾ ਵੀ ਸੀ, ਨਾਲ ਝਗੜਾ ਕਰ ਆਇਆ ਸੀ। ਪਤਾ ਲੱਗਣ 'ਤੇ ਰਾਤ ਨੂੰ ਗੁੱਡੋ ਨੇ ਜੈਲੇ ਨੂੰ ਬਥੇਰਾ ਕਿਹਾ ਸੀ, "ਹੁਣ ਤੂੰ ਕਿਹੜੀ ਜਾਤ ਦੇ ਖਿਲਾਫ਼ ਲੜ ਰਿਹੈਂ ? ਓਦੋਂ ਇਸ ਦੁਨੀਆ ਵਿਚ ਜ਼ਾਤਾਂ ਤਾਂ ਦੋ ਹੀ ਨੇ, ਇਕ ਗਰੀਬ ਦੀ ਤੇ ਇਕ ਅਮੀਰ ਦੀ। ਦੇਖ, ਤੈਂ ਦਾਰੂ ਪੀਤੀ ਹੋਈ ਐ, ਉੱਥੇ ਵੀ ਪਤਾ ਨ੍ਹੀਂ ਕੀ ਗੰਦ ਪਾ ਕੇ ਆਇਐਂ ਤੇ ਹੁਣ ਮੈਨੂੰ ਕੁੱਟਣਾ ਸ਼ੁਰੂ ਕਰ ਦੇਵੇਂਗਾ... ਬੇਸ਼ੱਕ ਕੁੱਟ ਲੈ... ਔਰਤ ਦੀ ਹੈਸੀਅਤ ਹੀ ਕੀ ਹੁੰਦੀਐ ... ?" ਕਹਿ ਕੇ ਉਹ ਚੁੱਪ ਕਰ ਗਈ।

ਫੇਰ ਕੁਝ ਪਲ ਸੋਚਣ ਤੋਂ ਬਾਅਦ ਦੁਬਾਰਾ ਬੋਲੀ, "ਦੇਖ, ਤੇਰੇ ਵਿਚ ਤਾਕਤ ਬਹੁਤ ਐ, ਇਸ ਨੂੰ ਚੰਗੇ ਪਾਸੇ ਲਾ। ਕਰਜ਼ਾ-ਕੁਰਜ਼ਾ ਸਭ ਉਤਰ ਜੂ... ਸਭ ਠੀਕ ਹੋ ਜਾਊ... ਜਾਤ-ਪਾਤ ਤੇਰੇ ਕੱਲੇ ਨਾਲ ਨ੍ਹੀਂ ਮਿਟਣ ਵਾਲੀ। ਗਰੀਬ, ਗਰੀਬ ਰਹਿਣੇ, ਅਮੀਰ, ਅਮੀਰ ਰਹੂ। ਜ਼ਰਾ ਸੋਚ, ਮੇਰਾ ਇਕ ਚਾਚਾ ਸ਼ਹਿਰ ਵਿਚ ਨੌਕਰੀ ਲੱਗਿਆ ਹੋਇਐ, ਕੀ ਉਹ ਆਇਆ ਸੀ ਆਪਣੇ ਵਿਆਹ ਵਿਚ ? ਨਹੀਂ ਨਾ, ਕਿਉਂਕਿ ਉਹ ਅਮੀਰ ਹੋ ਗਿਐ, ਉਸਦੇ ਜਵਾਕ ਪੜ੍ਹਦੇ ਨੇ... ਮਾੜਿਆਂ ਨੂੰ ਪੜ੍ਹਨਾ ਤਾਂ ਦੂਰ, ਰੋਟੀ ਦੇ ਵੀ ਲਾਲੇ ਪਏ ਹੋਏ ਨੇ ...।" ਉਸ ਨੇ ਜੈਲੇ ਨੂੰ ਆਪਣੀ ਸਮਝ ਮੁਤਾਬਕ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਸਮਝਣਾ ਹੀ ਨਹੀਂ ਚਾਹੁੰਦਾ ਸੀ।

"ਕੁਝ ਹੋਸ਼ ਕਰ। ਠੰਢੇ ਦਿਮਾਗ਼ ਨਾਲ ਸੋਚ।" ਉਹ ਫੇਰ ਬੋਲੀ।



"ਮੈਨੂੰ ਪਾਗਲ ਸਮਝਦੀ ਐਂ ? ਭੈਣਚੋ... ਲੈ, ਹੋਰ ਲੈ ...।" ਧੜਾਧੜ ਲੱਤਾਂ ਅਤੇ ਘਸੁੰਨਾਂ ਨਾਲ ਉਸ ਦੇ ਅੰਜਰ-ਪੰਜਰ ਢਿੱਲੇ ਕਰ ਦਿੱਤੇ ਸਨ ਉਸਨੇ।

ਕੋਈ ਹੀਣ ਭਾਵਨਾ ਉਸ ਦੇ ਮਨ ਵਿਚ ਘਰ ਕਰ ਚੁੱਕੀ ਸੀ ਜੋ ਉਸ ਨੂੰ ਖੁੱਲ੍ਹੇ ਦਿਮਾਗ਼ ਨਾਲ ਸੋਚਣ ਹੀ ਨਹੀਂ ਦਿੰਦੀ ਸੀ। ਉਸ ਦੀ ਫਰਸਟ੍ਰੇਸ਼ਨ, ਨਿਰਾਸ਼ਾ ਤੇ ਅਸਫ਼ਲਤਾ ਨੇ ਉਸ ਦਾ ਮਾਨਸਿਕ ਸੰਤੁਲਨ ਹੀ ਵਿਗਾੜ ਦਿੱਤਾ ਸੀ। ਜ਼ਿੰਦਗੀ ਦੀ ਅਸਹਿਜਤਾ ਨੇ ਉਸ ਨੂੰ ਸ਼ੁਦਾਈ ਬਣਾ ਦਿੱਤਾ ਸੀ।

ਫਿਰ ਪੰਚਾਇਤ ਜੁੜੀ। ਪੰਚਾਇਤ ਬਰਾਦਰੀ ਦੀ ਹੀ ਸੀ, ਪਰ ਆਪਸ ਵਿਚ ਸਬੰਧ ਇੰਨੇ ਖ਼ਰਾਬ ਹੋ ਚੁੱਕੇ ਸਨ ਕਿ ਆਪਸੀ ਆਦਰ-ਸਤਿਕਾਰ ਤਾਂ ਖ਼ਤਮ ਹੀ ਹੋ ਚੁੱਕਾ ਸੀ। ਆਰੋਪ-ਪ੍ਰਤੀ-ਆਰੋਪਾਂ ਦਾ ਸਿਲਸਿਲਾ ਚੱਲ ਪਿਆ। ਝਗੜਾ ਨਿਬੇੜਨ ਵਾਲੀ ਤਾਂ ਕੋਈ ਗੱਲ ਹੀ ਨਹੀਂ ਹੋ ਰਹੀ ਸੀ। ਸਾਰੇ 'ਮੈਂ ਵੱਡੇ ਖਾਂ' ਵਾਲੀ ਹਵਾ ਵਿਚ ਸਨ। ਤਦੋਂ ਜੈਲਾ ਬੋਲ ਪਿਆ। ਉਹ ਗੁੱਡੋ ਦੇ ਮਾਸੜ ਨੂੰ ਸੰਬੋਧਤ ਸੀ, "ਦੇਸ ਤੋਂ ਕਿਹਾ ਨ੍ਹੀਂ ਤੀ, ਕੁੜੀ ਆਲੇ ਵੱਡੇ ਜ਼ਿਮੀਂਦਾਰਾਂ ਦੇ ਸੀਰੀ ਨੇ, ਜੋ ਵੀ ਦਾਨ-ਦਹੇਜ ਦੇਣਗੇ, ਚੰਗਾ ਈ ਦੇਣਗੇ ?"

ਅਸਹਿਜ ਤੇ ਫਰਸਟ੍ਰੇਟਡ ਜੈਲਾ ਹੁਣ ਆਪਣੇ ਰਸਤੇ ਤੋਂ ਭਟਕ ਚੁੱਕਾ ਸੀ।

ਇਸ ਤੋਂ ਪਹਿਲਾਂ ਕਿ ਵਿਚੋਲਾ ਕੋਈ ਜਵਾਬ ਦਿੰਦਾ, ਆਪਣੀਆਂ ਨਣਦਾਂ ਵਿਚਕਾਰ ਬੈਠੀ ਗੁੱਡੋ ਉੱਠ ਕੇ ਅੱਗੇ ਆਈ ਅਤੇ ਅੱਧਾ ਕੁ ਘੁੰਡ ਚੁੱਕ ਕੇ ਬੋਲੀ, "ਤੇਰੀ ਗੱਲ ਦਾ ਜਵਾਬ ਮੈਂ ਦਿੰਨੀਆਂ ਜੈਲ ਸਿਆਂ ! ਵੱਡੇ ਜ਼ਿਮੀਂਦਾਰਾਂ ਦੇ ਸੀਰੀ ਤਾਂ ਤੁਸੀਂ ਵੀ ਸੀ, ਫੇਰ ਪਿੰਡ ਛੱਡ ਕੇ ਕਿਉਂ ਭੱਜੇ ?" ਅਜਿਹੀ ਚੋਟ ਕੀਤੀ ਸੀ ਗੁੱਡੋ ਨੇ ਕਿ ਉਸ ਦੇ ਸਹੁਰੇ ਪੱਖ ਵਾਲੇ ਸਾਰੇ ਲੋਕ ਭੜਕ ਉੱਠੇ।

ਜੈਲਾ ਉਸ ਦੀ ਮਾਂ-ਭੈਣ ਇਕ ਕਰਦਾ ਹੋਇਆ ਉਸਨੂੰ ਕੁੱਟਣ ਲਈ ਝਪੱਟਿਆ, ਪਰ ਅੱਜ ਕੀਹਨੇ ਕੁੱਟਣ ਦੇਣਾ ਸੀ। ਗੁੱਡੋ ਦੇ ਮਾਮਿਆਂ ਨੇ ਉਸ ਨੂੰ ਫੜ੍ਹਿਆ ਤੇ ਧੱਕ ਦਿੱਤਾ। ਲੱਗਭਗ ਸਾਰੇ ਆਪਸ ਵਿਚ ਗੁੱਥਮਗੁੱਥਾ ਹੋ ਚੁੱਕੇ ਸਨ। ਕੋਈ ਛੁਡਵਾ ਰਿਹਾ ਸੀ ਤਾਂ ਕੋਈ ਲੜਨਾ ਚਾਹੁੰਦਾ ਸੀ। ਜੈਲਾ ਗੰਦੀਆਂ ਗਾਲ੍ਹਾਂ ਕੱਢਦਾ ਹੋਇਆ ਗੁੱਡੋ ਨੂੰ ਆਪਣੇ ਘਰੋਂ ਨਿੱਕਲ ਜਾਣ ਲਈ ਕਹਿ ਰਿਹਾ ਸੀ।

"ਆ ਗੁੱਡੋ ! ਇਨ੍ਹਾਂ ਕੰਜਰਾਂ ਦੇ ਘਰ ਰਹਿਣ ਦਾ ਹੁਣ ਕੋਈ ਹੱਜ ਨਹੀਂ।" ਇਹ ਆਵਾਜ਼ ਗੁੱਡੋ ਦੇ ਮਾਮੇ ਦੀ ਸੀ। ਗੁੱਡੋ ਜਿਵੇਂ ਖੜ੍ਹੀ ਸੀ ਓਵੇਂ ਉਨ੍ਹਾਂ ਨਾਲ ਤੁਰ ਪਈ। ਦੋਵੇਂ ਧਿਰ ਇਕ ਦੂਜੇ ਨੂੰ 'ਦੇਖ ਲਾਂ ਗੇ' ਕਹਿੰਦਿਆਂ ਬੜੇ ਹੀ ਕੁਤੱਤਣ ਭਰੇ ਵਾਤਾਵਰਨ ਵਿਚ ਆਪੋ-ਆਪਣੇ ਰਾਹ ਲੱਗੇ।

ਅਗਲੇ ਕੁਝ ਦਿਨਾਂ ਤੱਕ ਬਿਰਾਦਰੀ ਦੀਆਂ ਪੰਚਾਇਤਾਂ ਹੁੰਦੀਆਂ ਰਹੀਆਂ। ਪਹਿਲਾਂ ਗੁੱਡੋ ਦੇ ਸਹੁਰੇ ਪੈਸੇ ਮੰਗ ਰਹੇ ਸੀ, ਹੁਣ ਪੇਕੇ ਮੰਗਣ ਲੱਗੇ।

ਇਕ ਦਿਨ ਉਨ੍ਹਾਂ ਦੇ ਘਰ ਅੱਗੇ ਜ਼ਿਮੀਂਦਾਰਾ ਦੀ ਟਰੈਕਟਰ-ਟਰਾਲੀ ਆ ਕੇ ਰੁਕੀ। ਉਸ ਵਿਚੋਂ ਗੁੱਡੋ ਦੀ ਟੁੱਟੀ ਹੋਈ ਸੰਦੂਕੜੀ, ਟੇਬਲ ਫੈਨ, ਦੋ ਕੁਰਸੀਆਂ ਆਦਿ ਸਮਾਨ ਲਾਹ

ਲਿਆ ਗਿਆ। ਗੁੱਡੋ ਨੇ ਦੇਖਿਆ ਉਸ ਦੇ, ਸੂਤ ਰੰਗ ਕੇ ਆਪਣੇ ਹੱਥੀਂ ਬਣਾਏ ਹੋਏ, ਝੋਲੇ ਵਿਚ ਉਸ ਦੀ ਢਾਈ ਰੁਪਏ ਵਾਲੀ ਗੁੱਡੀ ਵੀ ਸੀ। ਉਸ ਦੀਆਂ ਤਰਾਸ਼ੀਆਂ ਹੋਈਆਂ ਭਰਵੱਟਾਂ ਅਤੇ ਅੱਧ-ਮੁੰਦੀਆਂ ਪਲਕਾਂ ਵਿਚ ਮਾਨੋ ਸੁਫਨੇ ਸੰਜੋਏ ਹੋਏ। ਪਤਾ ਨਹੀਂ ਕਿਉਂ ਉਸ ਨੂੰ ਉਹ ਗੁੱਡੀ ਬਹੁਤ ਚੰਗੀ ਲੱਗਦੀ ਸੀ। ਬਚਪਨ ਵਿਚ ਤਾਂ ਕਦੇ ਗੁੱਡੀ-ਪਟੋਲਿਆਂ ਨਾਲ ਖੇਡਣ ਦਾ ਸਬੱਬ ਹੀ ਨਹੀਂ ਸੀ ਬਣਿਆ। ਹੋਸ਼ ਸੰਭਾਲਦਿਆਂ ਹੀ ਖੇਤ ਦਾ ਰਾਹ। ਘਾਹ ਖੋਤਣਾ ਤੇ ਡੰਗਰ-ਪਸ਼ੂਆਂ ਲਈ ਕੱਖ ਵਗੈਰਾ ਲਿਆਉਣਾ। ਬੱਸ...।

ਦੋ-ਤਿੰਨ ਰਿਸ਼ਤੇਦਾਰ ਵੀ ਨਾਲ ਸਨ। ਗੁੱਡੋ ਨੇ ਸੁਣਿਆ ਕਿ ਬਰਾਦਰੀ ਦੀ ਪੰਚਾਇਤ ਵਿਚ ਹੀ ਤਲਾਕ ਲਈ ਰਜ਼ਾਮੰਦੀ ਹੋ ਗਈ ਸੀ। ਕੋਈ ਰਿਸ਼ਤੇਦਾਰ ਗੁੱਡੋ ਦੀ ਮਾਂ ਨੂੰ ਕਹਿ ਰਿਹਾ ਸੀ, "ਚਿੰਤਾ ਉੱਕਾ ਵੀ ਨਾ ਕਰਿਓ ਜੀ, ਸਾਡੀ ਨਿਗਾਹ ਵਿਚ ਹੈ ਇਕ ਭਲਾ ਜਿਹਾ ਮੁੰਡਾ।"

ਗੁੱਡੋ ਨੂੰ ਸੁਣਨ ਸਾਰ ਘੇਰ ਪੈਣ ਲੱਗੇ। ਉਸ ਦਾ ਦਿਲ ਤਾਂ ਉਂਜ ਵੀ ਪਿਛਲੇ ਕਈ ਦਿਨਾਂ ਤੋਂ ਕੱਚਾ ਜਿਹਾ ਹੋ ਰਿਹਾ ਸੀ। ਉਸ ਨੂੰ ਆਪਣੀ ਛੋਟੀ ਭੈਣ ਦਾ ਖਿਆਲ ਆਇਆ ਜੋ ਹੁਣ ਉਸ ਤੋਂ ਵੀ ਵੱਡੀ ਦਿਖਣ ਲੱਗ ਪਈ ਸੀ। ਫਿਰ ਜੈਲੇ ਦੀਆਂ ਭੈਣਾਂ ਨਾਲ ਹੋਈਆਂ-ਬੀਤੀਆਂ ਯਾਦ ਆਈਆਂ ਤੇ ਉਹ ਡਰ ਗਈ। ਜਿੱਥੇ ਖੜ੍ਹੀ ਸੀ ਉੱਥੇ ਹੀ ਬੇਹੋਸ਼ ਹੋ ਕੇ ਡਿੱਗ ਪਈ। ਉਸ ਨੂੰ ਦੰਦਲਾਂ ਪੈ ਗਈਆਂ ਸਨ।

ਡੇਢ-ਕੁ ਮਹੀਨਾ ਚਿੰਤਾ-ਫਿਕਰ ਕਰਦਿਆਂ ਬੀਤ ਗਿਆ। ਇਕ ਦਿਨ ਗੁਡੋ ਦੇ ਸਭ ਤੋਂ ਵੱਡੇ ਮਾਮਾ ਜੀ ਆਏ। ਉਨ੍ਹਾਂ ਆਪਣੀ ਭੈਣ ਨੂੰ ਕਿਹਾ, "ਮੁੰਡਾ ਦੇਖਿਐ, ਉਮਰ ਤਾਂ ਜ਼ਿਆਦਾ ਨਹੀਂ ਪਰ ਹੈ ਦੁਹਾਜੂ। ਦੋ ਜਵਾਕ ਸਨ, ਤਲਾਕ ਹੋ ਗਿਐ। ਬੱਚੇ ਪਹਿਲੀ ਜਨਾਨੀ ਲੈ ਗਈ। ਅੱਗੋਂ ਕਿਤੇ ਘਰ ਵੀ ਵਸਾ ਲਿਐ।" ਤੇ ਪ੍ਰਤੀਕਰਮ ਦੀ ਇੰਤਜ਼ਾਰ ਵਿਚ ਭੈਣ ਦੇ ਮੂੰਹ ਵੱਲ ਦੇਖਣ ਲੱਗੇ। ਭੈਣ ਵਿਚਾਰੀ ਕੀ ਕਹਿੰਦੀ ? ਭਾਈਜਾਨ ਨੇ ਅੱਗੇ ਕਹਿਣਾ ਸ਼ੁਰੂ ਕੀਤਾ, "ਦੇਖ, ਹੁਣ ਕੋਈ ਰਾਜ ਕੁਮਾਰ ਤਾਂ ਮਿਲਣੋਂ ਰਿਹਾ... ਜੋ ਵੀ ਮਿਲਜੇ, ਪਰ ਹਾਣ ਦਾ ਹੋਵੇ, ਇਹੀ ਚੰਗੀ ਗੱਲ ਐ।"

ਉਸ ਤੋਂ ਅਗਲੇ ਦਿਨ ਘਰ ਵਿਚ ਹਲਚਲ ਜਿਹੀ ਰਹੀ। ਕਦੇ ਮਾਮੇ, ਕਦੇ ਮਾਸੜ, ਕਦੇ ਕੋਈ ਹੋਰ ਰਿਸ਼ਤੇਦਾਰ ਆਉਂਦੇ-ਜਾਂਦੇ ਰਹੇ ਤੇ ਦਿਨ ਤੈਅ ਹੋ ਗਿਆ। ਛੋਟੀ ਜਿਹੇ ਦੋ ਸੂਟ ਗੁੱਡੋ ਲਈ ਤੇ ਦੋ-ਤਿੰਨ ਲੈਣ-ਦੇਣ ਲਈ ਸਿਲਵਾ ਲਏ ਗਏ। ਟੁੱਟੀ ਹੋਈ ਸੰਦੂਕੜੀ ਨੂੰ ਠੀਕ ਕਰਵਾ ਲਿਆ ਤੇ ਪਹਿਲਾ ਵਾਲਾ ਹੀ ਟੇਬਲ ਫੈਨ, ਕੁਰਸੀਆਂ ਆਦਿ ਸਮਾਨ ਜਿਉਂ ਦਾ ਤਿਉਂ ਗੁੱਡੋ ਦੇ ਨਾਲ ਫੋਰਵ੍ਹੀਲਰ ਵਿਚ ਰੱਖ ਕੇ ਵਿਦਾ ਕਰ ਦਿੱਤਾ।

ਕੋਈ ਔਰਤ ਕਹਿ ਰਹੀ ਸੀ, ਰੱਬ ਕੋਲੋਂ ਵੀ ਗਲਤੀ ਹੋ ਜਾਂਦੀ ਐ, ਗੁੱਡੋ ਦੀ ਕਿਸਮਤ ਵਿਚ ਵਿਧਮਾਤਾ ਨੇ ਇਹ ਜੈਲ ਸਿਘ ਲਿਖਿਆ ਸੀ, ਉਹ ਨਹੀਂ।

ਗਾਂ-ਮੱਝ ਨੂੰ ਵੀ ਜੇ ਕਿਸੇ ਹੋਰ ਕੀਲੇ ਨਾਲ ਬੰਨ੍ਹ ਦੇਓ ਤਾਂ ਉਹ ਬੇਅਰਾਮੀ ਤੇ ਓਪਰਾਪਣ ਮਹਿਸੂਸ ਕਰੇਗੀ। ਇੱਥੇ ਗੁੱਡੋ ਦਾ ਵੀ ਇਹੀ ਹਾਲ ਸੀ। ਰਾਤ ਹੋਈ, ਵਿਧਮਾਤਾ ਦੇ ਲੇਖ ਪੜ੍ਹ ਕੇ ਗੁੱਡੋ ਦਾ ਦਿਲ ਹੀ ਬਹਿ ਗਿਆ। ਨਵਾ ਜੈਲ ਸਿਘ ਪੁਰਾਣੇ ਜੈਲ ਸਿਘ ਨਾਲੋਂ



ਕਾਫੀ ਪੁਰਾਣਾ ਤੇ ਕਈ ਮਾਅਨਿਆਂ ਵਿਚ ਵੱਖਰਾ ਸੀ। ਜਰਦਾ ਖਾ-ਖਾ ਕੇ ਉਸ ਦੇ ਦੰਦ ਕਾਲੇ ਤੇ ਗਲੇ ਹੋਏ ਸਨ। ਹੱਡੀਆਂ ਕੀਰਤਨ ਕਰਦੀਆਂ ਸਨ। ਪੱਕਾ ਸ਼ਰਾਬੀ ਸੀ, ਹੱਥ-ਵੱਢ ਪੀਂਦਾ ਸੀ। ਨਵੇਂ ਵਿਆਹ ਦੀ ਖੁਸ਼ੀ ਵਿਚ ਕੁਝ ਜ਼ਿਆਦਾ ਹੀ ਪੀ ਰੱਖੀ ਸੀ। ਦਾਰੂ ਦੇ ਲੋਰ ਵਿਚ ਝੂਮਦਿਆਂ ਉਸ ਨੇ ਗੁੱਡੋ ਦੇ ਅੰਗ ਹੱਥ ਫੇਰ ਕੇ ਪਰਖੇ ਅਤੇ ਬੋਲਿਆ, "ਸਾਲੀ ਕਮਾਲ ਦੀ ਸ਼ੈ ਐ... ਰੱਬ ਨੇ ਸਪੈਸ਼ਲ ਆਡਰ 'ਤੇ ਬਣਾਈ ਲੱਗਦੀ ਐ...।" ਤੇ ਨਵਾਂ ਜੈਲ ਸਿਘ ਉੱਥੇ ਹੀ ਲੁੜਕ ਗਿਆ। ਗੁੱਡੋ ਨੇ ਉਸ ਨੂੰ ਠੀਕ ਕਰ ਕੇ ਮੰਜੇ 'ਤੇ ਪਾ ਦਿੱਤਾ ਤੇ ਆਪ ਹੰਝੂਆਂ ਨਾਲ ਵਿਧਮਾਤਾ ਦੇ ਲਿਖੇ ਲੇਖ ਮਿਟਾਉਣ ਲੱਗੀ।

ਇਹ ਜਾਣ ਕੇ ਉਸ ਨੂੰ ਗਹਿਰਾ ਸਦਮਾ ਲੱਗਾ ਕਿ ਇੱਥੇ ਵੀ ਉਹ ਇਕ ਸ਼ੈਅ ਹੀ ਸੀ। ਵੱਡੇ ਘਰਾਂ ਦੇ ਵਿਗੜੇ ਹੋਏ ਕਾਕੇ ਖੇਤ-ਖਲਿਹਾਣ ਜਾਂਦੀਆਂ ਗਰੀਬ ਕੁੜੀਆਂ ਨੂੰ ਅਜਿਹੇ ਬੋਲ ਮਾਰਦੇ ਹਨ। ਜੈਲੇ ਵਰਗੇ ਗ਼ਰੀਬ, ਲਾਚਾਰ ਜ਼ਰਾ ਉਨ੍ਹਾਂ ਦਾ ਕੁਝ ਨਹੀਂ ਵਿਗਾੜ ਸਕਦੇ। ਮਨ ਵਿਚ ਸੋਚ ਕੇ ਹੀ ਰਹਿ ਜਾਂਦੇ ਹਨ ਕਿ ਉਹ ਵੀ ਉਨ੍ਹਾਂ ਨਾਲ ਅਜਿਹਾ ਹੀ ਸਲੂਕ ਕਰਨ। ਅਖੀਰ ਨੂੰ ਨਸ਼ੇ ਆਦਿ ਦਾ ਸਹਾਰਾ ਲੈ ਕੇ ਆਪਣੀ ਪਤਨੀ ਨੂੰ ਹੀ ਇਸ ਤਰ੍ਹਾਂ ਸੰਬੋਧਨ ਕਰ ਕੇ ਸ਼ਾਇਦ ਉਹ ਆਪਣੀ ਅਤ੍ਰਿਪਤ ਇੱਛਾ ਦੀ ਪੂਰਤੀ ਕਰਦੇ ਹਨ। ਸੋਚਦੇ ਹੋਏ ਗੁੱਡੋ ਨੂੰ ਉਕਾਰੀ ਜਿਹੀ ਆਉਣ ਲੱਗੀ।

ਨਵੇਂ ਜੈਲ ਸਿਘ ਨੇ ਪੁਰਾਣੇ ਜੈਲ ਸਿਘ ਨੂੰ ਭਲਾ ਅਖਵਾ ਦਿੱਤਾ ਸੀ। ਵਕਤ ਦਾ ਪਹੀਆ ਘੁੰਮਦਾ ਰਿਹਾ ਪਰ ਰਫਤਾਰ ਜਿਵੇਂ ਬਹੁਤ ਹੀ ਧੀਮੀ ਹੋ ਗਈ ਸੀ।

ਇਨ੍ਹੀਂ ਦਿਨੀ ਉਸ ਨੂੰ ਇਕ ਹੋਰ ਆਫਤ ਨੇ ਆ ਘੇਰਿਆ ਸੀ। ਉਸ ਨੂੰ ਉਲਟੀਆਂ ਆਉਣ ਲੱਗੀਆਂ ਸਨ। ਵਾਰ-ਵਾਰ ਉਕਾਰੀ ਆਉਂਦੀ ਸੀ।

ਉਸ ਦੀਆਂ ਜਵਾਨ ਨਣਦਾਂ ਤੇ ਭਾਬੀ ਨੇ ਉਸ ਵੱਲ ਸ਼ੱਕ ਦੀਆਂ ਨਜ਼ਰਾਂ ਨਾਲ ਦੇਖਿਆ ਤਾਂ ਸੱਸ ਕਹਿੰਦੀ, "ਮਰ ਜਾਣੇ ਨੇ ਗੰਦ-ਮੰਦ ਖਾ-ਖਾ ਕੇ ਆਪਣਾ ਮੂੰਹ ਤਾਂ ਨਰਕ ਬਣਾ ਰੱਖਿਐ, ਵਿਚਾਰੀ ਨੂੰ ਉਕਾਰੀ ਨਾ ਆਵੇਗੀ ਤਾਂ ਹੋਰ ਕੀ ਹੋਊ ?"

ਉਸ ਰਾਤ ਜੈਲੇ ਨੂੰ ਪੀਣ ਲਈ ਦਾਰੂ ਨਹੀਂ ਮਿਲੀ ਸੀ। ਗੁੱਡੋ ਨੂੰ ਉਲਟੀਆਂ ਕਰਦਿਆਂ ਦੇਖ ਕੇ ਉਸ ਦੇ ਮੂੰਹੋਂ ਅਚੇਤ ਹੀ ਨਿਕਲ ਗਿਆ ਸੀ, "ਸਾਲੀ ਉਲਟੀਆਂ ਤਾਂ ਇਉਂ ਕਰਦੀ ਐ ਜਿਵੇਂ ਜਵਾਕ ਹੋਣ ਆਲਾ ਹੋਵੇ।" ਪਰ ਆਪਣੀ ਹੀ ਕਹੀ ਹੋਈ ਗੱਲ ਉਸ ਨੂੰ ਖਟਕ ਗਈ ਸੀ। ਤੁਰੰਤ ਤਿਉਰ ਬਦਲ ਕੇ ਕਹਿੰਦਾ, "ਉਤਾਰ ਕੁੜਤੀ... ਲਾਹ ਦੇ ਅੱਜ ਕੁੜਤੀ ਵੀ...।"

ਗੁੱਡੋ ਤਾਂ ਕੱਠਪੁਤਲੀ ਸੀ।

ਜੈਲੇ ਦੀਆਂ ਉਂਗਲਾਂ ਉਸ ਦੇ ਪੇਟ ਉੱਤੇ ਫਿਰਨ ਲੱਗੀਆਂ, "ਤਾਂਈਓਂ... ਮੈਂ ਕਿਹਾ ਸਾਲੀ ਦੀਆਂ ਛਾਤੀਆਂ ਐਨੀਆਂ ਸਖਤ ਕਿਉਂ ਨੇ... ਰੋਟੀ ਤਾਂ ਸਾਲੀ ਡੂਢ ਖਾਂਦੀ ਐ...?"

ਗੁੱਡੋ ਨੂੰ ਕਿਸੇ ਵਜਾਉਣ ਜਾਂ ਖੇਡਣ ਵਾਲੀ ਚੀਜ਼ ਵਾਂਗ ਅੱਜ ਫੇਰ ਇਕ ਹੋਰ ਪਾਰਖੀ ਪਰਖ ਰਿਹਾ ਸੀ।

"ਸਾਲੀ ਭੁੱਤਣੀ ਤੇਰੇ ਤਾਂ ਜਵਾਕ... ? ਧੱਕਾ...!" ਕਹਿੰਦੇ ਹੋਏ ਉਸ ਨੇ ਧੱਕਾ ਮਾਰ ਕੇ ਗੁੱਡੋ ਨੂੰ ਮੰਜੀ ਤੋਂ ਹੇਠਾਂ ਸੁੱਟ ਦਿੱਤਾ। ਹੁਣ ਉਹ ਰੋਵੇ ਕਿ ਕਪੜੇ ਪਾਵੇ ?

ਸਵੇਰੇ ਘਰ ਵਿਚ ਜ਼ਬਰਦਸਤ ਹੰਗਾਮਾ ਸੀ। ਜੈਲੇ ਦੀ ਭਾਬੀ ਦਾਈ ਨੂੰ ਸੱਦ ਲਿਆਈ। ਦਾਈ ਕੋਲੋਂ ਕਦੇ ਪੇਟ ਲੁਕੇ ਨਹੀਂ ਰਹਿੰਦੇ।

ਜੈਲ ਸਿੰਘ ਨੇ ਸ਼ਰੇਆਮ ਐਲਾਨ ਕਰ ਦਿੱਤਾ, "ਪਹਿਲਾਂ ਇਹ ਆਪਣੇ ਪੇਟ ਦਾ ਬੱਚਾ ਗਿਰਵਾ ਕੇ ਆਵੇ ਫੇਰ ਇੱਥੇ ਰਹਿ ਸਕਦੀ ਐ। ਨਹੀਂ ਦਫ਼ਾ ਹੋ ਜਾਵੇ ਏਥੋਂ। ਪਤਾ ਨਹੀਂ ਕੀਹਤੋਂ... !"

ਗੁੱਡੋ ਦੇ ਪੇਕੇ ਸੁਨੇਹਾ ਭੇਜ ਦਿੱਤਾ ਗਿਆ। ਗੁੱਡੋ ਦਾ ਬਾਪੂ ਆਇਆ ਤੇ ਇਹ ਫ਼ਰਮਾਨ ਸੁਣ ਕੇ ਉਸ ਨੇ ਔਖਾ ਬੁਕਾ ਲਈਆਂ। ਦੇਰ ਰਾਤ ਤੱਕ ਕਲੇਸ਼ ਚੱਲਦਾ ਰਿਹਾ। ਤਰਕ-ਵਿਤਰਕ ਹੋਏ। ਵਿਚੋਲੇ ਨਾਲ ਗੱਲ ਕਰਨ ਬਾਰੇ ਕਹਿ ਕੇ ਉਹ ਚੱਲਣ ਲੱਗਿਆ ਤਾਂ ਗੁੱਡੋ ਫੁੱਟ ਪਈ, "ਬਾਪੂ ਮੈਨੂੰ ਐਥੋਂ ਲੈ ਚੱਲ, ਇਹ ਲੋਕ ਮੈਨੂੰ ਮਾਰ ਦੇਣਗੇ...। ਮੈਂ ਤੇਰੀ ਕਦੇ ਵੀ ਨੀਵਾਂ ਨਹੀਂ ਦੇਖਣ ਦਿਆਂਗੀ, ਮੈਨੂੰ ਐਥੋਂ ਲੈ ਚੱਲ...।"

ਬਾਪੂ ਨੇ ਉਹੀ ਸਦੀਆਂ ਪੁਰਾਣਾ ਕਥਨ ਦੁਹਰਾ ਦਿੱਤਾ, "ਪੁੱਤ ਹੁਣ ਤਾਂ ਤੇਰਾ ਇਹੋ ਘਰ ਹੈ। ਜਿਸ ਘਰ ਵਿਚ ਡੋਲੀ ਵਿਚ ਬਹਿ ਕੇ ਆਈ ਐਂ, ਉਸ ਘਰੋਂ ਅਰਥੀ ਉੱਠੇ ਇਸੇ ਵਿਚ ਔਰਤ ਦੀ ਸ਼ਾਨ ਹੈ।" ਤੇ ਚਲਿਆ ਗਿਆ।

ਗੁੱਡੋ ਦੇ ਮਨ ਵਿਚ ਭਿਅੰਕਰ ਉੱਥਲ-ਪੁੱਥਲ ਚੱਲ ਰਹੀ ਸੀ। ਉਹ ਨਹੀਂ ਜਾਣਦੀ ਸੀ ਕਿ ਇਸ ਸਮੇਂ ਉਹ ਕੀ ਸੋਚੇ, ਕੀ ਕਰੇ। ਉਸਨੇ ਸੰਦੂਕੜੀ ਵਿਚੋਂ ਆਪਣੇ ਹੱਥੀਂ ਬਣਾਇਆ ਹੋਇਆ ਸੂਤ ਵਾਲਾ ਝੋਲਾ ਕੱਢਿਆ, ਜਿਸ ਦੇ ਦੋਨੋਂ ਪਾਸੇ ਦੋ-ਦੋ ਬੱਤਖਾਂ ਆਹਮਣੇ-ਸਾਹਮਣੇ ਮੂੰਹ ਕਰ ਕੇ ਕੱਢੀਆਂ ਹੋਈਆਂ ਸਨ। ਝੋਲੇ ਵਿਚ ਹੱਥ ਮਾਰਿਆ। ਢਾਈ ਰੁਪਏ ਵਾਲੀ ਉਸਦੀ ਗੁੱਡੀ ਗਾਇਬ ਸੀ। ਭਾਵੇਂ ਉਸਨੇ ਸਾਰੇ ਖਿਡੌਣੇ ਨਣਦਾਂ ਜਾਂ ਜਠਾਣੀਆਂ ਦੇ ਬੱਚਿਆਂ ਵਿਚ ਵੰਡ ਦਿੱਤੇ ਸਨ ਪਰ ਇਹ ਗੁੱਡੀ ਉਸਨੇ ਆਪਣੇ ਕੋਲ ਹੀ ਰੱਖੀ ਸੀ। ਉਸ ਦੀਆਂ ਤਰਾਸ਼ੀਆਂ ਹੋਈਆਂ ਭਰਵੱਟਾਂ ਅਤੇ ਅੱਧ-ਮੁੰਦੀਆਂ ਪਲਕਾਂ ਉਸ ਨੂੰ ਬਹੁਤ ਚੰਗੀਆਂ ਲੱਗਦੀਆਂ ਸਨ। ਰਾਣੋ ਕੋਲੋਂ ਗੁੱਡੀ ਵਰਗੀਆਂ ਭਰਵੱਟਾਂ ਬਣਵਾਉਣ ਦੀ ਤਮੰਨਾ ਹਾਲੇ ਉਸਦੇ ਮਨ ਵਿਚ ਹੀ ਸੀ।

ਉਹ ਗੁੱਡੀ ਉਸਦੀ ਨਣਦ ਨੇ, ਉਸ ਤੋਂ ਬਿਨਾਂ ਪੁੱਛੇ, ਝੋਲੇ 'ਚੋਂ ਕੱਢ ਕੇ ਆਪਣੇ ਮੁੰਡੇ ਨੂੰ ਦੇ ਦਿੱਤੀ ਸੀ। ਹੁਣ ਉਹ ਕਿਸ ਦੇ ਗਲ ਲੱਗ ਕੇ ਰੋਵੇ ? ਬੋਝਲ ਕਦਮਾਂ ਨਾਲ ਤੁਰਦਿਆਂ ਘਰ ਦਾ ਛੋਟਾ-ਮੋਟਾ ਕੰਮ ਸੰਭਾਲਣ ਦੇ ਬਹਾਨੇ ਉਹ ਖੁਦ ਨੂੰ ਮਸਰੂਫ਼ ਕਰਨ ਦਾ ਯਤਨ ਕਰਨ ਲੱਗੀ। ਉਸ ਨੇ ਦੇਖਿਆ, ਵਿਹੜੇ ਤੋਂ ਬਾਹਰ ਵੱਲ ਮਿੱਟੀ ਵਿਚ ਲਿਬੜੀ ਉਸ ਦੀ ਗੁੱਡੀ ਟੁੱਟੀ ਪਈ ਸੀ। ਉਸ ਦੀ ਨਣਦ ਦੇ ਮੱਛਰੇ ਹੋਏ ਜਵਾਕ ਨੇ ਖੇਡਦਿਆਂ ਹੋਇਆਂ ਤੋੜ ਦਿੱਤੀ ਸੀ।

ਅਗਲੇ ਦਿਨ ਰਿਸ਼ਤੇਦਾਰ ਇਕੱਠੇ ਹੋਏ। ਝਗੜਾ, ਆਰੋਪ-ਪ੍ਰਤੀ-ਆਰੋਪ, ਮਰਨ-ਮਾਰਨ ਤੱਕ ਦੀਆਂ ਧਮਕੀਆਂ ਅਤੇ ਆਖਰ ਗੁੱਡੋ ਨੂੰ ਉੱਥੋਂ ਜਾਣਾ ਪਿਆ।

ਘਰ ਆ ਕੇ ਬਾਪੂ, ਭਰਾ, ਚੁੱਪ-ਚਾਪ ਮਾਰੇ-ਮਾਰੇ ਫਿਰਦੇ ਖੁਦ ਨੂੰ ਕਿਸੇ ਆਹਰ ਵਿਚ ਲਾਉਣ ਦੀ ਕੋਸ਼ਿਸ਼ ਕਰਨ ਲੱਗੇ। ਧੀ ਦਾ ਮਾਮਲਾ ਜੁ ਹੋਇਆ। ਉਨ੍ਹਾਂ ਨੂੰ ਇਸ ਬਾਰੇ ਗੱਲ



ਕਰਦਿਆਂ ਸ਼ਰਮ ਮਹਿਸੂਸ ਹੋ ਰਹੀ ਸੀ। ਸਾਰੀ ਜਿੰਮੇਵਾਰੀ ਗੁੱਡੋ ਦੀ ਮਾਂ 'ਤੇ ਆ ਪਈ। ਉਸ ਨੇ ਇਕਾਂਤ ਵਿਚ ਗੁੱਡੋ ਦੇ ਪਿਉ ਨਾਲ ਗੱਲ ਕੀਤੀ, "ਕੁਝ ਤਾਂ ਦੱਸੋ ਕੀ ਕਰੀਏ ? ਇਉਂ ਐਧਰ-ਉੱਧਰ ਫਿਰਨ ਨਾਲ ਕੀ ਹੋਊ ? ਫੇਰ ਕੁੜੀ ਨੂੰ ਘਰੇ ਬੈਠਾਉਣਾ ਕੋਈ ਸੌਖੈ ?"

ਧੀ ਬਾਰੇ ਜਿਸ ਨੇ ਅਜਿਹਾ ਕੁੱਝ ਸੋਚਿਆ ਹੀ ਨਾ ਹੋਵੇ ਉਹ ਪਿਉ ਭਲਾ ਇਸ ਬਾਰੇ ਕੀ ਗੱਲ ਕਰਦਾ ?

ਸਵੇਰੇ ਦਾਈ ਨੂੰ ਸੱਦਿਆ ਗਿਆ।

"ਲੇਟ ਜਾ ਪੁੱਤ।" ਦਾਈ ਨੇ ਗੁੱਡੋ ਨੂੰ ਕਿਹਾ। ਫੇਰ ਪੇਟ ਟੋਹ ਕੇ ਦੇਖਦਿਆਂ ਬੋਲੀ, "ਤਿਨ ਤੋਂ ਘੱਟ ਤਾਂ ਕੀ ਹੋਣੇ ?" ਗੁੱਡੋ ਦੀ ਮਾਂ ਨੇ ਦੁੱਖ ਅਤੇ ਅਸਚਰਜ ਨਾਲ ਉਸ ਵੱਲ ਦੇਖਿਆ ਤਾਂ ਦਾਈ ਨੇ ਕਿਹਾ, "ਸਾਢੇ ਤਿਨ ਮਹੀਨੇ ਬੇਸ਼ੱਕ ਹੋਣ, ਘਟ ਨਹੀਂ... ਗੁੱਡੋ ਵੀ ਮੇਰੇ ਹੱਥੀਂ ਜੰਮੀ ਹੋਈ ਐ... ਝੂਠ ਕਹਾਂ ਤਾਂ ਦੱਸ...?"

ਸਾਢੇ-ਤਿਨ ਮਹੀਨਿਆਂ ਦਾ ਗਰਭ ਗਿਰਾਉਣ ਲਈ ਸ਼ਹਿਰ ਜਾਣਾ ਜਰੂਰੀ ਹੋ ਗਿਆ ਸੀ। ਹਸਪਤਾਲ ਵਿਚ ਜਾਣ ਜੋਗੇ ਪੈਸੇ ਵੀ ਕੋਲ ਨਹੀਂ ਸਨ। ਦਾਈ ਨੇ ਸ਼ਹਿਰ ਵਿਚ ਇਕ ਕਾਬਿਲ ਦਾਈ ਦਾ ਪਤਾ ਦਸਦਿਆਂ ਕਿਹਾ, "ਉਹ ਅਜਿਹੇ ਕੇਸ ਬੜੇ ਸਸਤੇ ਵਿਚ ਹੀ ਨਬੇੜ ਦਿੰਦੀ ਹੈ। ਹੁਣ ਹੋਰ ਸਮਾਂ ਖਰਾਬ ਕਰਨਾ ਕੁੜੀ ਦੀ ਮੌਤ ਨੂੰ ਸੱਦਾ ਦੇਣ ਵਾਲੀ ਗੱਲ ਹੋਊ।"

ਵੱਡੀ ਦਾਈ ਦਾ ਪਤਾ ਪੁੱਛਣ ਦੀ ਵੀ ਲੋੜ ਨਹੀਂ ਸੀ ਪਈ। ਦੱਸੇ ਹੋਏ ਪਤੇ ਮੁਤਾਬਕ ਉਨ੍ਹਾਂ ਨੇ ਕਾਹਨਪੁਰ ਦੀ ਵੱਡਾ ਬਸਤੀ ਵਿਚ ਬਾਲਮੀਕ ਮੰਦਰ ਦੇ ਪਿਛਵਾੜੇ ਵਾਲੀ ਗਲੀ ਦੇ ਨੁੱਕੜ ਵਾਲੇ ਮਕਾਨ ਦਾ ਬੂਹਾ ਜਾ ਖੜਕਾਇਆ। ਇਕ ਲੰਮੀ-ਤਕੜੀ ਔਰਤ ਨੇ ਬੂਹਾ ਖੋਲ੍ਹਿਆ। ਪਲ-ਕੁ ਲਈ ਉਸਨੇ ਸਾਰਿਆਂ ਦੇ ਚਿਹਰੇ ਪੜ੍ਹੇ ਅਤੇ ਗੁੱਡੋ ਦੇ ਮੁਰਝਾਏ ਹੋਏ ਚਿਹਰੇ ਨੂੰ ਦੇਖਦਿਆਂ ਹੀ ਉਹ ਉਨ੍ਹਾਂ ਨੂੰ ਇੰਝ ਮਿਲੀ ਜਿਵੇਂ ਗੁੱਡੋ ਦੀ ਮਾਸੀ ਹੋਵੇ। ਗੁੱਡੋ ਨੂੰ ਲੱਗਿਆ ਜਿਵੇਂ ਕਿ ਉਹ ਮੌਤ ਨੂੰ ਮਾਸੀ ਕਹਿਣ ਜਾ ਰਹੀ ਹੈ।

ਦਾਈ ਨੇ ਢਿੱਡ ਟੋਹ ਕੇ ਦੇਖਿਆ ਅਤੇ ਅਬਾਰਸ਼ਨ ਕਰਨ ਤੋਂ ਝੱਟ ਨਾਂਹ ਕਰ ਦਿੱਤੀ। ਕਹਿੰਦੀ, "ਚਾਰ ਮਹੀਨੇ ਤੋਂ ਘੱਟ ਦਾ ਨਹੀਂ ਹੈ। ਮੇਰੇ ਵੱਸ ਦੀ ਗੱਲ ਨਹੀਂ।" ਇਹ ਸੁਣਦਿਆਂ ਹੀ ਉਹ ਤਾਂ ਟਹਿਣੀ ਤੋਂ ਟੁੱਟੇ ਪੱਤੇ ਵਾਂਗ ਜ਼ਮੀਨ 'ਤੇ ਆ ਡਿੱਗੇ ਸਨ। ਜਿਵੇਂ ਵੀ ਹੋਵੇ, ਉਹ ਮਦਦ ਲਈ ਮਿੰਨਤਾਂ ਕਰਨ ਲੱਗੇ ਤਾਂ ਉਹ ਮੰਨ ਗਈ, "ਖਤਰਾ ਹੈ, ਪਰ... ਚੱਲ ਜਿੱਦ ਹੀ ਕਰਦੇ ਹੋ ਤਾਂ ਦਵਾਈ ਰੱਖ ਦਿੰਦੀ ਹਾਂ। ਕਲ੍ਹ ਤੱਕ ਦਰਦ ਉੱਠਣ ਲੱਗੂ ਉਦੋਂ ਆ ਜਇਓ।"

ਅਗਲੇ ਦਿਨ ਸਵੇਰੇ ਹੀ ਉਹ ਦਾਈ ਕੋਲ ਪੁੱਜ ਗਏ। ਦਵਾਈ ਨੇ ਅਸਰ ਦਿਖਾਉਣਾ ਸ਼ੁਰੂ ਕਰ ਦਿੱਤਾ ਸੀ। ਗੁੱਡੋ ਦੇ ਢਿੱਡ ਵਿਚ ਜ਼ੋਰ-ਜ਼ੋਰ ਦੀਆਂ ਚੀਸਾਂ ਪੈਣ ਲੱਗੀਆਂ। ਉਹ ਕਦ ਤੱਕ ਆਪਣੇ ਬੁੱਲ੍ਹਾਂ ਨੂੰ ਦੰਦਾਂ ਹੇਠ ਦੱਬ ਕੇ ਰੱਖ ਸਕਦੀ ਸੀ। ਅਖੀਰ ਨੂੰ ਉਸ ਦੀਆਂ ਚੀਕਾਂ ਨਿਕਲਣ ਲੱਗੀਆਂ। ਦਾਈ ਨੇ ਉਸਨੂੰ ਗੰਦੀਆਂ ਗਾਲ੍ਹਾਂ ਕੱਢਦੇ ਹੋਏ ਡਾਂਟ ਕੇ ਚੁੱਪ ਕਰਾਉਣ ਦੀ ਕੋਸ਼ਿਸ਼ ਕੀਤੀ। ਗੁੱਡੋ ਦੀ ਮਾਂ ਨੂੰ ਵੀ ਸਮਝਾਇਆ ਕਿ ਸਾਰੀਆਂ ਕੁੜੀਆਂ ਤਾਂ ਕੀ ਤਜ਼ਰਬੇਕਾਰ

ਔਰਤਾਂ ਵੀ, ਜੋ ਇੱਥੇ ਆਉਂਦੀਆਂ ਨੇ, ਇਸੇ ਤਰ੍ਹਾਂ ਚੀਕਦੀਆਂ ਨੇ। ਬੱਸ ਥੋੜ੍ਹੀ ਦੇਰ ਦੀ ਹੀ ਗੱਲ ਹੈ, ਸਭ ਠੀਕ ਹੋ ਜਾਵੇਗਾ।

ਸ਼ਾਮ ਢਲਣ ਲੱਗੀ ਸੀ। ਗੁੱਡੋ ਅਜੇ ਵੀ ਤੜਫ ਰਹੀ ਸੀ। ਗੁੱਡੋ ਦੀ ਮਾਂ ਨਾਲ ਆਈ ਜਨਾਨੀ ਡਰ ਗਈ ਅਤੇ ਉਥੋਂ ਖਹਿੜਾ ਛੁਡਾਉਣ ਲਈ ਕਹਿੰਦੀ, "ਗੁੱਡੋ ਦੀ ਮਾਂ, ਮੈਂ ਚੱਲੀਆਂ, ਘਰੇ ਬੱਚੇ 'ਕੱਲੇ ਐ। ਜਾਣ ਸਾਰ ਗੁੱਡੋ ਦੇ ਬਾਪੂ ਨੂੰ ਭੇਜ ਦਿਆਂਗੀ।"

ਗੁੱਡੋ ਦੀ ਤੜਫ ਹੋਰ ਵੀ ਵੱਧਦੀ ਜਾ ਰਹੀ ਸੀ। ਦਾਈ ਨੇ ਉਸਨੂੰ ਡਾਂਟਦਿਆਂ ਕਿਹਾ, "ਚੁੱਪ ਕਰ ਕੇ ਪਈ ਰਹਿ... ਤੇਰੇ ਵਰਗੀਆਂ ਖ਼ਸਮਾਂਖਾਣੀਆਂ ਸਵਾਦ ਦੀਆਂ ਮਾਰੀਆਂ ਪਹਿਲਾਂ ਤਾਂ ਪਤਾ ਨ੍ਹੀਂ ਕਿੱਥੇ-ਕਿੱਥੇ ਖੇਹ ਖਾ ਲੈਂਦੀਆਂ ਨੇ, ਫੇਰ ਰੋਂਦੀਆਂ ਨੇ।"

"ਚੁੱਪ ਨੀ ਕੰਜਰੀਏ! ਮੂੰਹ ਸੰਭਾਲ ਕੇ ਗੱਲ ਕਰੀਂ... ਮੇਰੇ ਮਾਪਿਆਂ ਨੇ ਪੱਲੇ ਬੰਨ੍ਹੀ ਸੀ ਉਹਦੇ...।" ਦਰਦ ਅਸਹਿ ਸੀ ਫਿਰ ਵੀ ਗੁੱਸੇ ਵਿਚ ਆ ਕੇ ਗੁੱਡੋ ਨੇ ਇਨੀ ਗੱਲ ਤਾਂ ਦਾਈ ਨੂੰ ਕਹਿ ਹੀ ਦਿੱਤੀ ਸੀ।

ਦਾਈ ਨੇ ਉਸ ਦੀ ਗੱਲ ਦਾ ਬੁਰਾ ਨਹੀਂ ਮਨਾਇਆ। ਆਪਣੀ ਦੁਕਾਨਦਾਰੀ ਨੂੰ ਧਿਆਨ ਵਿਚ ਰੱਖਦਿਆਂ ਆਪਣੇ ਕੰਮ ਵਿਚ ਰੁੱਝੀ ਰਹੀ। ਕੰਮ ਨਬੇੜ ਕੇ ਉਸਨੂੰ ਪੇਨ-ਕਿਲਰ ਦੇ ਕੇ ਸੌਣ ਲਈ ਕਿਹਾ। ਪਰ ਉਸਨੂੰ ਨੀਂਦ ਕਿਵੇਂ ਆ ਸਕਦੀ ਸੀ?

ਗੁੱਡੋ ਦਾ ਬਾਪੂ ਬਾਹਰ ਵਿਹੜੇ ਵਿਚ ਕੁਰਸੀ 'ਤੇ ਬੈਠਾ ਆਪਣੇ ਅੰਦਰਲੇ ਨਾਲ ਘੁਲ ਰਿਹਾ ਸੀ। ਅੰਦਰ ਗੁੱਡੋ ਤੜਫ ਰਹੀ ਸੀ। ਬਲੀਡਿੰਗ ਕਾਫੀ ਜ਼ਿਆਦਾ ਮਿਕਦਾਰ ਵਿਚ ਸ਼ੁਰੂ ਹੋ ਚੁੱਕੀ ਸੀ। ਅੱਧੀ ਰਾਤ ਬੀਤ ਚੁੱਕੀ ਸੀ। ਗੁੱਡੋ ਦੀ ਮਾਂ ਨੇ ਉਸ ਕੋਲ ਆ ਕੇ ਹੌਲੀ ਜਿਹੀ ਪੁੱਛਿਆ, "ਕਿਵੇਂ ਕਰੀਏ ਗੁੱਡੋ ਦੇ ਬਾਪੂ? ਮੈਥੋਂ ਤਾਂ ਹੁਣ ਹੋਰ ਨ੍ਹੀਂ ਦੇਖਿਆ ਜਾਂਦਾ?"

"ਮੈਂ ਕੀ ਦੱਸਾਂ? ਮੈਨੂੰ ਪਤੈ ਕੁਝ?" ਉਸ ਦੁਖੀ ਮਨ ਨਾਲ ਕਿਹਾ। ਸ਼ਾਮ ਤੋਂ ਗੁੱਡੋ ਦੀਆਂ ਚੀਕਾਂ ਬੇਸ਼ੱਕ ਉਹ ਵੀ ਸੁਣ ਰਿਹਾ ਸੀ, ਪਰ ਉਸ ਨੂੰ ਕੁਝ ਪਤਾ ਹੈ ਵੀ ਨਹੀਂ ਸੀ।

ਪੈਰ ਘਸੀਟਦਿਆਂ ਜਾ ਕੇ ਗੁੱਡੋ ਦੀ ਮਾਂ ਨੇ ਦੂਸਰੇ ਕਮਰੇ ਵਿਚ ਟੀ.ਵੀ. ਦੇਖ ਰਹੀ ਦਾਈ ਨਾਲ ਗੱਲ ਕੀਤੀ ਤਾਂ ਉਸਨੇ ਕਿਹਾ, "ਮੇਰੀ ਫੀਸ ਦੇ ਦਿਓ ਤੇ ਲੈ ਜਾਓ।"

"ਫੀਸ ਕਾਹਦੀ, ਸਾਡਾ ਕੰਮ ਤਾਂ ਸਹੀ ਹੋਇਆ ਨਹੀਂ, ਖ਼ੂਨ ਵੱਗ ਰਿਹੈ।" ਗੁੱਡੋ ਦੀ ਮਾਂ ਦੇ ਬੋਲਾਂ ਵਿਚ ਲਾਚਾਰੀ ਸੀ।

ਦਾਈ ਦੋ-ਤਿੰਨ ਵਾਰੀ ਉੱਠ ਕੇ ਗੁੱਡੋ ਨੂੰ ਦੇਖਣ ਆਈ ਤੇ ਗੁੱਡੋ ਦੀ ਮਾਂ ਨੂੰ ਤਸੱਲੀ ਦਿੰਦੀ ਹੋਈ ਕਹਿ ਗਈ ਸੀ, "ਫਿਕਰ ਨਾ ਕਰੋ, ਕੋਈ-ਕੋਈ ਕੇਸ ਕੁਝ ਲੰਮਾ ਖਿਚ ਜਾਂਦੈ, ਨਹੀਂ ਮੈਂ ਤਾਂ ਦਿਨ ਵਿਚ ਛੇ-ਛੇ ਕੇਸ ਕੱਢ ਦਿੰਦੀਆਂ। ਅੱਜਕਲ੍ਹ ਦੀਆਂ ਕੁੜੀਆਂ ਕੰਮ ਹੀ ਇਹੋ ਜਿਹੇ ਕਰਦੀਆਂ ਨੇ...।"

ਪਰ ਸਵੇਰੇ ਚਾਰ-ਕੁ ਵਜੇ ਦਾਈ ਵੀ ਘਬਰਾ ਗਈ ਤੇ ਗੁੱਡੋ ਨੂੰ ਤੁਰੰਤ ਹਸਪਤਾਲ ਲੈ ਜਾਣ ਲਈ ਕਿਹਾ। ਦਾਈ ਝੱਟ ਨਾਲ ਵਾਲੇ ਘਰ ਦੇ ਕੋਠੜਿਆਂ 'ਚੋਂ ਇਕ ਰਿਕਸ਼ਾ ਵਾਲੇ ਨੂੰ



ਨੀਂਦ 'ਚੋਂ ਉਠਾ ਲਿਆਈ। ਉਹ ਉਨ੍ਹਾਂ ਨੂੰ ਦਾਈ ਦੁਆਰਾ ਦੱਸੇ ਹੋਏ ਹਸਪਤਾਲ ਵਿਚ ਪਹੁੰਚਾ ਆਇਆ।

ਡਾਕਟਰ ਦੀ ਰਿਹਾਇਸ਼ ਹਸਪਤਾਲ ਦੇ ਉਪਰ ਹੀ ਸੀ। ਡਾਕਟਰ ਚੰਗਾ ਮਨੁੱਖ ਸੀ। ਉਸਨੇ ਆਉਂਦਿਆਂ ਹੀ ਇਕ ਇੰਜੈਕਸ਼ਨ ਲਾਇਆ ਅਤੇ ਉਨ੍ਹਾਂ ਨੂੰ ਲੁਧਿਆਣਾ ਜਾਂ ਪੀ.ਜੀ.ਆਈ. ਚੰਡੀਗੜ੍ਹ ਲੈ ਜਾਣ ਦੀ ਸਲਾਹ ਦਿੰਦੇ ਹੋਏ ਕਿਹਾ, "ਪੇਸ਼ੈਂਟ ਦੀ ਹਾਲਤ ਕਾਫੀ ਵਿਗੜ ਚੁੱਕੀ ਹੈ। ਸਰੀਰ ਵਿਚ ਜ਼ਹਿਰ ਫੈਲ ਚੁੱਕਿਐ। ਸਾਡੇ ਕੋਲ ਨਾ ਤਾਂ ਸਾਰੇ ਇੰਸਟਰੂਮੈਂਟ ਹਨ ਤੇ ਨਾ ਹੀ ਐਕਸਪਰਟ ਸਟਾਫ।"

ਗੁੱਡੋ ਦੇ ਬਾਪੂ ਅਤੇ ਮਾਂ ਨੇ ਡਾਕਟਰ ਦੇ ਪੈਰ ਫੜ੍ਹ ਲਏ, "ਸਾਡੇ ਤਾਂ ਜੀ ਤੁਸੀਂ ਹੀ ਮਾਈ ਬਾਪ ਹੋ, ਤੁਸੀਂ ਹੀ ਸਾਡੇ ਰੱਬ ਹੋ... ਸਾਡੇ ਕੋਲ ਇਨੇ ਪੈਸੇ ਵੀ ਕਿੱਥੇ ਨੇ ਕਿ ਲੁਧਿਆਣਾ ਜਾ ਸਕੀਏ... ਸਾਨੂੰ ਉੱਥੇ ਕੀਹਨੇ ਪੁੱਛਣੈ ਬਿਨਾ ਪੈਸੇ ਧੇਲੇ....।"

"ਚੰਗਾ ਫੇਰ ਮੈਂ ਦਵਾਈ ਲਿਖ ਦਿੰਦਾ, ਉਹ ਲੈ ਆਓ...।"

"ਡਾਕਟਰ ਸਾ'ਬ, ਹੁਣ ਤਾਂ ਸਾਡੇ ਕੋਲ ਕੁਝ ਵੀ ਨਹੀਂ ਹੈ, ਤੁਸੀਂ ਕੁੜੀ ਨੂੰ ਬਚਾ ਲਓ, ਅਸੀਂ ਥੋੜੀ ਪਾਈ-ਪਾਈ ਚੁਕਾ ਦਿਆਂਗੇ।" ਗੁੱਡੋ ਦਾ ਬਾਪੂ ਬਿਲਕੁਲ ਉਸੇ ਤਰ੍ਹਾਂ ਗਿੜਗਿੜਾ ਰਿਹਾ ਸੀ ਜਿਸ ਤਰ੍ਹਾਂ ਅਕਸਰ ਸਰਦਾਰਾਂ ਅੱਗੇ ਗਿੜਗਿੜਾਇਆ ਕਰਦਾ ਸੀ।

"ਓ ਬਈ... ਚੱਲ ਮੈਂ ਕੰਪਾਊਂਡਰ ਨੂੰ ਕਹਿ ਦਿੰਦਾਂ, ਉਹ ਬਾਹਰ ਕੈਮਿਸਟ ਨੂੰ ਕਹਿ ਦੇਵੇਗਾ, ਬਾਅਦ 'ਚ ਕਰ ਦਿਆਜੇ ਪੇਮੈਂਟ।"

ਡਾਕਟਰ ਨੇ ਇਲਾਜ ਸ਼ੁਰੂ ਕਰ ਦਿੱਤਾ। ਇਨੇ ਫੇਰ ਲੁਧਿਆਣਾ ਜਾਂ ਚੰਡੀਗੜ੍ਹ ਲੈ ਜਾਣ ਦੀ ਸਲਾਹ ਦਿੱਤੀ ਪਰ ਇਸੇ ਦੌਰਾਨ ਉਨ੍ਹਾਂ ਕਿਸੇ ਲੋਕਲ ਲੀਡਰ ਕੋਲੋਂ ਸਿਫਾਰਿਸ਼ ਲਵਾ ਕੇ ਇਲਾਜ ਜਾਰੀ ਰੱਖਣ ਲਈ ਦਬਾਅ ਪਵਾ ਲਿਆ ਸੀ। ਇਕ-ਦੋ ਰਿਸ਼ਤੇਦਾਰ ਵੀ, ਜਿਨ੍ਹਾਂ ਨੂੰ ਪਤਾ ਚਲਿਆ ਪਹੁੰਚ ਚੁੱਕੇ ਸਨ। ਡਾਕਟਰ ਨੇ ਬਹੁਤ ਕੋਸ਼ਿਸ਼ ਕੀਤੀ, ਪਰ ਸਾਰੇ ਹੈਰਾਨ ਸਨ ਕਿ ਉਸ ਵਿਚ ਇਨਾ ਖ਼ੂਨ ਆ ਕਿੱਥੋਂ ਗਿਆ।

ਦਵਾਈਆਂ ਦੇ ਨਸ਼ੇ ਦੀ ਵਜ੍ਹਾ ਨਾਲ ਹੁਣ ਦਰਦ ਮਹਿਸੂਸ ਨਹੀਂ ਸੀ ਹੋ ਰਿਹਾ। ਗੁੱਡੋ ਨੇ ਜ਼ਰਾ ਅੱਖਾਂ ਖੋਲ੍ਹੀਆਂ। ਛੱਤ ਵਿਚ ਲਟਕ ਰਿਹਾ ਕਾਫੀ ਕਲਰ ਦਾ ਪੱਖਾ ਉਸਨੂੰ ਇਕ ਪੰਛੀ ਵਾਂਗ ਨਜ਼ਰ ਆਇਆ। ਉਸਨੂੰ ਆਪਣੀ ਗੁੱਡੀ ਦਾ ਖ਼ਿਆਲ ਆਇਆ। ਉਸ ਦੀਆਂ ਤਰਾਸ਼ੀਆਂ ਹੋਈਆਂ ਭਰਵੱਟਾਂ ਤੇ ਅੱਧ-ਮੁੰਦੀਆਂ ਪਲਕਾਂ...। ਰਾਣੋ ਕੋਲੋਂ ਗੁੱਡੀ ਵਰਗੀਆਂ ਭਰਵੱਟਾਂ ਬਣਵਾਉਣ ਦੀ ਖ਼ਾਹਿਸ਼ ਹਾਲੇ ਵੀ ਉਸਦੇ ਮਨ ਦੇ ਕਿਸੇ ਖੂੰਜੇ ਵਿਚ ਪਰ ਫੜਫੜਾ ਰਹੀ ਸੀ। ਇਕ ਦਰਦ ਕਾਲਜੇ 'ਚੋਂ ਉੱਠਿਆ, ਪੀਲੇ ਭੂਕ ਹੋਏ ਚਿਹਰੇ 'ਤੇ ਫੈਲ ਗਿਆ ਤੇ ਉਸ ਦੀਆਂ ਅੱਖਾਂ ਹੌਲੀ-ਹੌਲੀ ਮੁੰਦਦੀਆਂ ਚਲੀਆਂ ਗਈਆਂ। ਉਸਨੇ ਆਪਣੀ ਗਰਦਨ ਨੂੰ ਢਿੱਲਾ ਛੱਡ ਦਿੱਤਾ, ਜੋ ਖੱਬੇ ਪਾਸੇ ਲੁੜਕ ਗਈ।

ਰਾਤ ਦੇ ਚਾਰ ਵਜੇ ਬਲੀਡਿੰਗ ਬਿਲਕੁਲ ਬੰਦ ਹੋ ਗਈ ਤੇ ਛੇ ਵਜੇ ਤੱਕ ਤਾਂ ਸਟ੍ਰੈਚਰ 'ਤੇ ਰੱਖੀ ਗੁੱਡੋ ਦੀ ਲਾਸ਼ ਹਸਪਤਾਲ ਦੇ ਪੋਰਚ ਵਿਚ ਪਹੁੰਚਾ ਦਿੱਤੀ ਗਈ ਸੀ। ਡਾਕਟਰ ਨੇ ਇਸ ਨੂੰ ਰੱਬ ਦਾ ਭਾਣਾ ਦੱਸਦੇ ਹੋਏ ਕੋਈ ਵਹੀਕਲ ਲਿਆਉਣ ਲਈ ਕਹਿ ਦਿੱਤਾ ਸੀ।

ਸੁਣਦਿਆਂ ਹੀ ਗੁੱਡੇ ਦੀ ਮਾਂ ਗਸ਼ ਖਾ ਕੇ ਡਿੱਗ ਪਈ। ਉਸਨੂੰ ਉੱਥੇ ਹੀ ਦਾਖ਼ਲ ਕਰਾ ਕੇ ਤਾਕਤ ਦੇ ਟੀਕੇ ਲਾਉਣ ਲਈ ਗੁਲੂਕੋਜ਼ ਵਗੈਰਾ ਦੀ ਬੋਤਲ ਲਾ ਦਿੱਤੀ ਗਈ। ਦੋ ਘੰਟੇ ਬੀਤ ਗਏ ਪਰ ਗੁੱਡੇ ਦੀ ਮਾਂ ਨੂੰ ਹਾਲੇ ਹੋਸ਼ ਨਹੀਂ ਆਇਆ ਸੀ। ਇਸੇ ਦੌਰਾਨ ਗੁੱਡੇ ਦਾ ਮਾਮਾ ਟੈਕਸੀ ਯੂਨੀਅਨ ਚੋਂ ਮਾਰੂਤੀ ਵੈਨ ਕਿਰਾਏ 'ਤੇ ਕਰ ਕੇ ਲੈ ਆਇਆ ਸੀ ਤੇ ਲਾਸ਼ ਉਸ ਵਿਚ ਰੱਖ ਦਿੱਤੀ ਗਈ ਸੀ। ਕਿਉਂਕਿ ਲਾਸ਼ ਦੇ ਬਾਪੂ ਬਿਰਸੇ ਨੇ ਰੱਬ ਦਾ ਭਾਣਾ ਮੰਨ ਲਿਆ ਸੀ।

ਜਦਕਿ ਸ਼ਹਿਰ ਵਿਚੋਂ ਹੀ ਬਿਰਸੇ ਦੀ ਕੋਈ ਮਾਮੂਲੀ ਜਿਹੀ ਜਾਣ-ਪਛਾਣ ਵਾਲਾ ਇਕ ਵਿਅਕਤੀ, ਜੋ ਲੇਬਰ ਯੂਨੀਅਨ ਦਾ ਨੁਮਾਇੰਦਾ ਸੀ, ਸਵੇਰੇ ਡਾਕਟਰ ਨਾਲ ਝਗੜਾ ਕਰਕੇ ਗਿਆ ਸੀ ਤੇ ਕਾਫੀ ਬਦਤਮੀਜ਼ੀ ਨਾਲ ਪੇਸ਼ ਆਇਆ ਸੀ, ਹੁਣ ਐਸ.ਸੀ./ਐਸ.ਟੀ. ਸੰਘ ਦੇ ਦਸ-ਕੁ ਵਰਕਰਾਂ ਨਾਲ ਫਿਰ ਹਸਪਤਾਲ ਅੱਗੇ ਆ ਧਮਕਿਆ ਸੀ ਤੇ ਨਾਅਰਾ ਲਗਾ ਦਿੱਤਾ, "ਦਲਿਤਾਂ ਨਾਲ ਅਨਿਆ ਨਹੀਂ ਹੋਣ ਦਿਆਂਗੇ! ਡਾਕਟਰ ਨੂੰ ਗਿਰਫਤਾਰ ਕਰੋ!" ਹੌਲੀ-ਹੌਲੀ ਕੁਝ ਹੋਰ ਲੋਕ ਵੀ ਜੁੜ ਗਏ ਸਨ। ਭੀੜ ਵਿਚੋਂ ਪੱਥਰ ਚੱਲੇ ਤੇ ਹਸਪਤਾਲ ਦੀਆਂ ਖਿੜਕੀਆਂ ਦੇ ਸ਼ੀਸ਼ੇ ਤੋੜ ਦਿੱਤੇ ਗਏ। ਨਾਅਰੇ ਲੱਗਦੇ ਰਹੇ, "ਗੁੱਡਾ ਅਮਰ ਰਹੇ! ਅਮਰ ਰਹੇ! ਅਸੀਂ ਕੀ ਚਾਹੁੰਦੇ ਹਾਂ – ਇਨਸਾਫ!"

ਜਿਵੇਂ ਕਿ ਆਪਣੇ ਦੇਸ਼ ਵਿਚ ਅਕਸਰ ਹੁੰਦੈ, ਖਾਹਮਖਾਹ ਭੀੜ 'ਕੱਠੀ ਹੋ ਗਈ। ਭੀੜ ਨੇ ਹਸਪਤਾਲ ਦਾ ਘਿਰਾਓ ਕਰ ਲਿਆ। ਉਸੇ ਹਸਪਤਾਲ ਵਿਚ ਦਾਖਲ ਗੁੱਡੇ ਦੀ ਮਾਂ ਨੂੰ ਕੁਝ ਦੇਰ ਬਾਅਦ ਹੋਸ਼ ਆਇਆ, ਪਰ ਇਸ ਨਵੇਂ ਫਸਾਦ ਦਾ ਪਤਾ ਲੱਗਦਿਆਂ ਹੀ ਫਿਰ ਬੇਹੋਸ਼ ਹੋ ਗਈ।

ਸਾਰਾ ਦਿਨ ਹੰਗਾਮਾ ਹੁੰਦਾ ਰਿਹਾ। ਪੁਲੀਸ ਸਮਝਾ-ਸਮਝਾ ਕੇ ਲੱਗਭਗ ਤਿੰਨ ਵਜੇ ਵੈਨ ਪੁਲੀਸ ਚੌਕੀ 'ਤੇ ਲੈ ਆਈ। ਪੁਲੀਸ ਨੇ ਦਫਾ 174 ਦੇ ਤਹਿਤ ਕੇਸ ਦਰਜ ਕਰ ਲਿਆ ਸੀ। ਪੁਲੀਸ ਦਾ ਕਹਿਣਾ ਸੀ ਕਿ ਲਾਸ਼ ਪੋਸਟ ਮਾਰਟਮ ਤੋਂ ਬਾਅਦ ਹੀ ਦਿੱਤੀ ਜਾਵੇਗੀ। ਭੀੜ ਲਾਸ਼ ਦਾ ਪੋਸਟ ਮਾਰਟਮ ਨਹੀਂ ਕਰਨ ਦੇਣਾ ਚਾਹੁੰਦੀ ਸੀ। ਜਾਂ ਕੀ ਚਾਹੁੰਦੀ ਸੀ, ਇਹ ਸਪੱਸ਼ਟ ਨਹੀਂ ਸੀ।

ਕਾਹਨਪੁਰ ਬਲਾਕ ਦਾ ਕਾਂਗਰਸ ਪਾਰਟੀ ਦਾ ਪ੍ਰਧਾਨ ਕਹਿ ਰਿਹਾ ਸੀ, "ਜਦ ਸੰਜੇ ਗਾਂਧੀ ਨੇ ਫੈਮਲੀ ਪਿਲਾਨਿੰਗ ਸ਼ੁਰੂ ਕੀਤੀ ਉਦੋਂ ਲੋਕ ਨਹੀਂ ਸਮਝੇ, ਜਦ ਇੰਦਰਾ ਜੀ ਨੇ ਗਰੀਬੀ ਹਟਾਉਣ ਦੀ ਗੱਲ ਕੀਤੀ, ਲੋਕ ਉਦੋਂ ਵੀ ਨਹੀਂ ਸਮਝੇ ... ਹੁਣ ਇਸ ਕੁੜੀ ਦੀ ਕੁਰਬਾਨੀ ਨੂੰ ਜੇ ਵਿਅਰਥ ਜਾਣ ਦਿੱਤਾ ਤਾਂ ...।" ਪਰ ਲੋਕ ਉਸ ਦੀਆਂ ਗੱਲਾਂ ਦਾ ਮਤਲਬ ਹੁਣ ਵੀ ਨਹੀਂ ਸਮਝ ਰਹੇ ਸੀ।

ਗੁੱਡੇ ਦੇ ਪਰਿਵਾਰ ਵਾਲਿਆਂ ਵਿਚੋਂ ਕੋਈ ਵੀ ਨਹੀਂ ਸਮਝ ਪਾ ਰਿਹਾ ਸੀ ਕਿ ਚਾਣਚੱਕ ਇਕ ਲਾਸ਼ ਦੇ ਇੰਨੇ ਹਮਦਰਦ ਕਿਥੋਂ ਆ ਟਪਕੇ।

ਸੰਤਰੀ ਨੇ ਜਰਦਾ ਥੁੱਕ ਦਿੱਤਾ ਅਤੇ ਬੀੜੀ ਸੁਲਗਾ ਲਈ। ਉਹ ਜਾਣਦਾ ਸੀ ਕਿ ਜੋ ਸਾਹਮਣੇ ਕੰਧ ਦਾ ਢਾਸਣਾ ਲਾਈ ਬੈਠਾ ਹੈ, ਉਹ ਲਾਸ਼ ਦਾ ਪਿਉ ਹੈ। ਉਸਨੂੰ ਠੰਢ ਨਾਲ ਕੰਬਦਾ



ਦੇਖ ਕੇ ਸੰਤਰੀ ਨੇ ਬੀੜੀ ਉਸ ਵੱਲ ਵਧਾਈ। ਬੀੜੀ ਪੀਣ ਦੀ ਇੱਛਾ ਹੋਣ ਦੇ ਬਾਵਜੂਦ ਉਹ ਬੀੜੀ ਫੜਨ ਲਈ ਉੱਠ ਹੀ ਨਹੀਂ ਸਕਿਆ ਜਿਵੇਂ ਕਿ ਲਾਸ਼ ਦੇ ਭਾਰ ਹੇਠ ਦੱਬਿਆ ਗਿਆ ਹੋਵੇ।

ਪੁਲੀਸ ਵਾਲਿਆਂ ਦੇ ਦਿਲਾਂ 'ਤੇ ਲਿਖੀ ਦਫਾ 174 ਦੀ ਥਾਂ ਹੁਣ ਹਮਦਰਦੀ ਨੇ ਲੈ ਲਈ ਸੀ। ਪਰ ਕੁਝ ਦਲਾਲ ਟਾਈਪ ਲੋਕ ਪਤਾ ਨਹੀਂ ਕਿਉਂ ਅਤੇ ਕਿਸ ਗੱਲ ਉਤੇ ਅੜੇ ਹੋਏ ਸਨ। ਇਕ ਦੋਲਾ ਕਹਿ ਰਿਹਾ ਸੀ, "ਜਦ ਤੱਕ ਪ੍ਰਧਾਨ ਜੀ ਨਹੀਂ ਆ ਜਾਂਦੇ, ਕੋਈ ਕਾਰਵਾਈ ਨਹੀਂ ਹੋਣ ਦਿਆਂਗੇ, ਪੁਲੀਸ ਨਾਲ ਕੋਈ ਗੱਲ ਵੀ ਨਹੀਂ ਕਰਾਂਗੇ ...।"

ਇਕ ਮਾਰੂਤੀ ਇਸਟੀਮ ਕਾਰ ਪੁਲੀਸ ਚੌਕੀ ਅੱਗੇ ਆ ਕੇ ਰੁਕੀ। ਉਸ ਵਿਚੋਂ ਖੱਦਰ ਦੀਆਂ ਜਾਕਟਾਂ ਵਾਲੇ ਤਿੰਨ ਬੰਦੇ ਉਤਰੇ। ਉਨ੍ਹਾਂ ਨੂੰ ਦੇਖ ਕੇ ਇਧਰ-ਉੱਧਰ ਥੱਕੇ-ਹਾਰੇ ਬੈਠੇ ਲੋਕਾਂ ਵਿਚੋਂ ਕੁਝ ਖੜ੍ਹੇ ਹੋ ਗਏ। ਪੁਲੀਸ ਚੌਕੀ ਦੇ ਗੇਟ ਕੋਲ ਪਹੁੰਚਦਿਆਂ ਹੀ ਉਨ੍ਹਾਂ ਵਿਚੋਂ ਇਕ ਲੀਡਰ ਨੇ ਬਿਨਾਂ ਕਿਸੇ ਵੱਲ ਦੇਖਿਆਂ, ਉਂਝ ਹੀ ਸਵਾਲ ਕੀਤਾ, "ਲਾਸ਼ ਕਿੱਥੇ ਐ?"

ਉੱਥੇ ਖੜ੍ਹੇ ਕਿਸੇ ਵਿਅਕਤੀ ਨੇ ਵੈਨ ਵੱਲ ਇਸ਼ਾਰਾ ਕਰ ਦਿੱਤਾ। ਲੀਡਰ ਟਾਈਪ ਲੋਕਾਂ ਨੇ ਉਸ ਵੱਲ ਕੋਈ ਧਿਆਨ ਨਹੀਂ ਦਿੱਤਾ ਅਤੇ ਸਿੱਧੇ ਅੰਦਰ ਵੱਲ ਵੱਧ ਗਏ।

ਲਾਸ਼ ਦਾ ਪਿਉ ਬਿਰਸਾ ਕੰਧ ਨਾਲ ਲੱਗਿਆ ਉੱਥੇ ਬੈਠਾ ਹਾਲੇ ਵੀ ਸੰਤਰੀ ਵੱਲ ਦੇਖ ਰਿਹਾ ਸੀ। ਸੰਤਰੀ ਦਾ ਵੀ ਦਿਲ ਪੰਘਰ ਗਿਆ ਸੀ। ਉਸਦੇ ਮੂੰਹੋਂ ਨਿਕਲਿਆ, "ਲਾਸ਼ ਤਾਂ ਬਈ ਹੁਣ ਆਪਾਂ ਸਾਰਿਆਂ ਦੇ ਮੋਢਿਆਂ 'ਤੇ ਹੈ।"

—o—

# ਗਰੀਨ ਹੰਟ/ਗੁਰਸੇਵਕ ਸਿੰਘ ਪ੍ਰੀਤ

ਉਹ ਅੱਤ ਦੀ ਗਰਮੀ ਦਾ ਦਿਨ ਸੀ। ਤਾਪਮਾਨ ਸੰਤਾਲੀ ਡਿਗਰੀ ਤੋਂ ਉਪਰ ਹੋਊ। ਲੂ ਨਾਲ ਆਲਾ-ਦੁਆਲਾ ਭੱਠੀ ਵਰਗਾ ਬਣਿਆ ਪਿਆ ਸੀ। ਸ਼ਾਮ ਦੇ ਚਾਰ ਕੁ ਵਜੇ ਮੈਂ ਆਪਣੇ ਅਖ਼ਬਾਰ ਦੇ ਦਫ਼ਤਰ ਵੜਿਆ। ਦਸ ਕੁ ਮਿੰਟ ਦੇ ਮੋਟਰ ਸਾਇਕਲੀ ਸਫ਼ਰ ਨੇ ਹੀ ਸਰੀਰ ਝੁਲਸਾ ਕੇ ਰੱਖ ਦਿੱਤਾ। ਦਫ਼ਤਰ 'ਚ ਏਅਰ ਕੰਡੀਸ਼ਨਰ ਦੀ ਠੰਡੀ ਹਵਾ ਨੇ ਕੁਝ ਰਾਹਤ ਦਿੱਤੀ। ਠੰਡਾ ਪਾਣੀ ਪੀਤਾ, ਅੱਖਾਂ 'ਤੇ ਛਿੱਟੇ ਮਾਰੇ, ਤਾਂ ਹੋਸ਼ ਟਿਕਾਣੇ ਆਈ। ਏਨੇ ਨੂੰ ਮਜ਼ਦੂਰ ਯੂਨੀਅਨ ਦਾ ਆਗੂ ਬਲਰਾਜ ਸਿੰਘ ਇਕ ਬਿਰਧ ਮਾਤਾ ਨਾਲ ਦਫ਼ਤਰ ਅੰਦਰ ਆਇਆ। ਗਰਮੀ ਨਾਲ ਉਨ੍ਹਾਂ ਦਾ ਬੁਰਾ ਹਾਲ ਹੋਇਆ ਪਿਆ ਸੀ।

'ਸਾਸਰੀਕਾਲ ਬਾਈ ਜੀ... ਗਰਮੀ ਨੇ ਤਾਂ ਭੁੰਨ 'ਤੇ ਜੀ ਅੱਜ ਤਾਂ ਕੇਰਾਂ... ਕਿ ਨੀਂ।' ਤਰਸੇਮ ਨੇ ਹੱਥ ਨਾਲ ਮੂੰਹ ਨੂੰ ਝੱਲ ਮਾਰਦਿਆਂ ਕਿਹਾ, 'ਬਹਿ ਜਾ ਬੀਬੀ... ਚੱਲਦੇਆਂ ਸਾਹ ਲੈ ਕੇ... ਲੈ ਲਾ ਠੰਡੀ ਹਵਾ ਕੇਰਾਂ... ਮੇਰੀ ਬੀਬੀ ਆ ਜੀ...।'

'ਬਲਰਾਜ ਐਨੀ ਗਰਮੀ 'ਚ ਕਿਥੋਂ ... ਅੱਜ ਤਾਂ ਅੱਗ ਵਰ੍ਹਦੀ ਆ ਯਾਰ।' ਮੈਂ ਬਲਰਾਜ ਤੇ ਉਸਦੀ ਮਾਂ ਦੇ ਧੂੜ ਨਾਲ ਅੱਟੇ ਪੈਰਾਂ ਤੇ ਮੁੜ੍ਹਕੇ ਨਾਲ ਗੜੁੱਚ ਹੋਏ ਕੱਪੜਿਆਂ ਵੱਲ ਵੇਖਦਿਆਂ ਪੁੱਛਿਆ।

ਮੁੰਡੇ ਨੇ ਉਨ੍ਹਾਂ ਨੂੰ ਪਾਣੀ ਦਿੱਤਾ। ਬਲਰਾਜ ਨੇ ਤਾਂ ਪੀ ਲਿਆ ਪਰ ਉਸਦੀ ਮਾਤਾ ਨੇ ਵਾਪਸ ਕਰ ਦਿੱਤਾ।

'ਬੀਬੀ ਨੇ ਨੀਂ ਪੀਣਾ... ਪੀ ਨੀਂ ਹੁੰਦਾ ਵਿਚਾਰੀ ਤੋਂ... ਬੀਬੀ ਲਈ ਆਹ ਧਾਗਾ ਕਰਾਉਣ ਗਏ ਸੀ ਜੀ ਸਰਸੇ ਅੱਲ... ਏਦੀ ਜੀਭ ਤੇ ਜ਼ਖ਼ਮ ਜਿਆ ਕਾਫ਼ੀ ਚਿਰ ਦਾ... ਖਾਧਾ ਪੀਤਾ ਨੀਂ ਜਾਂਦਾ ਕੁਝ... ਕਹਿੰਦੇ ਉਥੋਂ ਵੱਡੇ ਵੱਡੇ ਮਰੀਜ਼ ਠੀਕ ਹੋਏ ਆ... ਬੀਬੀ ਵੀ ਹੋ ਜੂ... ਕਿ ਨੀਂ...।' ਬੋਲਦਿਆਂ ਉਸਨੇ ਆਪਣੀ ਮਾਤਾ ਦਾ ਮੂੰਹ ਮੇਰੇ ਵੱਲ ਕਰਕੇ ਇਸ਼ਾਰਾ ਕੀਤਾ ਤਾਂ ਮਾਈ ਨੇ ਡਾਢੀ ਤਕਲੀਫ਼ ਨਾਲ ਥੋੜਾ ਜਿਹਾ ਮੂੰਹ ਖੋਲਿਆ। ਜੀਭ ਫੁੱਲ ਵਾਂਗ ਖਿੱਲਰੀ ਪਈ ਸੀ। ਪਾਟੀ ਹੋਈ। ਜਿਵੇਂ ਚਾਕੂ ਨਾਲ ਜੀਭ ਵਿਚ ਕਈ ਚੀਰੇ ਦੇ ਦਿੱਤੇ ਹੋਣ। ਲਾਲ-ਲਾਲ ਫਾੜੀਆਂ ਵਰਗੀ। ਫਿਰ ਮਾਤਾ ਨੇ ਹੌਲੀ ਕੁ ਦੇਣੇ ਮੂੰਹ ਬੰਦ ਕਰ ਲਿਆ। ਦਰਦ ਨਾਲ ਉਸਦੀਆਂ ਅੱਖਾਂ ਵਿਚ ਪਾਣੀ ਆ ਗਿਆ। ਉਸਨੇ ਠੋਡੀ ਥੱਲੇ ਹੱਥ ਦਾ ਸਹਾਰਾ ਦੇ ਕੇ ਕੂਹਣੀ ਮੇਜ਼ 'ਤੇ ਰੱਖ ਲਈ, ਜਿਵੇਂ ਦਰਦ ਨੂੰ ਸਹਿਣ ਕਰਨ ਲਈ ਤਾਕਤ ਇਕੱਠੀ ਕਰ ਰਹੀ ਹੋਵੇ। ਉਸਦਾ ਸੁੱਕੇ ਤੇ ਕਾਲੇ ਚਿਹਰੇ ਉਪਰ ਦਰਦ ਦੀ ਇਕ ਹੋਰ ਤੈਅ ਵਿਛ ਗਈ।

ਮੈਂ ਘਬਰਾ ਗਿਆ। ਇਹ ਤਾਂ ਕੈਂਸਰ ਆ। ਕੈਂਸਰ ਨੇ ਉਸਦੀ ਜੀਭ ਗਾਲ ਦਿੱਤੀ। ਮੂੰਹ ਦੇ ਹੋਰ ਹਿੱਸੇ ਵਿਚ ਵੀ ਇਹ ਫੈਲਿਆ ਹੋਊ। ਇਹੋ ਜਿਹੀ ਹਾਲਤ 'ਚ ਖਾਣਾ ਪੀਣਾ ਤਾਂ ਦੂਰ ਥੁੱਕ ਲੰਘਾਉਣਾ ਵੀ ਔਖਾ ਹੋ ਜਾਂਦੈ। ਬੋਲ ਨਹੀਂ ਹੁੰਦਾ।



ਡਰ ਤੇ ਫ਼ਿਕਰ ਨਾਲ ਘਬਰਾ ਕੇ ਮੈਂ ਚੁੱਪ ਕਰ ਗਿਆ। ਇਕ ਦਮ ਇਸ ਤਰ੍ਹਾਂ ਦੀ ਸਥਿਤੀ ਦਾ ਸਾਹਮਣਾ ਹੋਣ ਕਰਕੇ ਮੈਨੂੰ ਤਰੇਲੀਆਂ ਆਉਣ ਲੱਗੀਆਂ। ਮੈਂ ਸੋਚਣ ਲੱਗਿਆ ਬਲਰਾਜ ਨੇ ਆਪਣੀ ਮਾਤਾ ਦੀ ਇਸ ਬਿਮਾਰੀ ਦਾ ਕਦੇ ਮੇਰੇ ਕੋਲ ਜ਼ਿਕਰ ਕਿਉਂ ਨਹੀਂ ਕੀਤਾ। ਵੈਸੇ ਉਹ ਮੇਰੇ ਨਾਲ ਕਾਫ਼ੀ ਗੱਲਾਂ ਕਰ ਲੈਂਦਾ। ਤਰਸ ਤੇ ਗੁੱਸਾ ਇਕੋ ਵੇਲੇ ਮੇਰੇ ਦਿਮਾਗ 'ਚ ਚੱਕਰ ਕੱਢਣ ਲੱਗਿਆ।

ਬਲਰਾਜ ਸਿੰਘ ਲਾਗਲੇ ਪਿੰਡ ਦੇ ਰਹਿਣ ਵਾਲੇ ਗਰੀਬ ਪਰਿਵਾਰ ਦਾ ਮੁੰਡਾ ਹੈ। ਬਾਪ ਬਚਪਨ ਵਿਚ ਹੀ ਪੂਰਾ ਹੋ ਗਿਆ ਸੀ। ਦਸ ਕੁ ਜਮਾਤਾਂ ਮਸਾਂ ਪੜ੍ਹਿਆ। ਢਿੱਡ ਭਰਨ ਲਈ ਪਿੰਡ ਦੇ ਇਕ ਵੱਡੇ ਜ਼ਿਮੀਂਦਾਰ ਦੇ ਸੀਰੀ ਲੱਗ ਗਿਆ। ਇਕ ਵਾਰ ਨਰਮੇ 'ਤੇ ਫਰੰਮੀ ਨਾਲ ਸਪ੍ਰੇਅ ਕਰਦਿਆਂ ਕੀੜੇਮਾਰ ਦਵਾਈ ਚੜ੍ਹ ਗਈ। ਬੇਹੋਸ਼ ਹੋ ਗਿਆ। ਨਾਲ ਦੇ ਮਜ਼ਦੂਰ ਹਸਪਤਾਲ ਲੈ ਆਏ। ਵਿਹੜੇ ਵਾਲੇ ਮਦਦ ਲਈ ਗਏ ਤਾਂ ਜ਼ਿਮੀਂਦਾਰ ਕਹਿੰਦਾ,' ਮੈਂ ਤਾਂ ਪਹਿਲਾਂ ਹੀ ਲਿਖਵਾਇਆ ਹੋਇਆ ਕਿ ਖੇਤ 'ਚ ਕੰਮ ਕਰਦਿਆਂ ਜਾਨੀ ਨੁਕਸਾਨ ਦਾ ਸੀਰੀ ਖੁਦ ਜ਼ਿੰਮੇਵਾਰ ਹੋਵੇਗਾ। ਮੈਂ ਥੋੜਾ ਉਹਦੇ 'ਤੇ ਸਪ੍ਰੇਅ ਛਿੜਕੀ ਆ... ਧਿਆਨ ਨਾਲ ਕੰਮ ਕਰੇ ਖਾਂ... ਹੁਣ ਮੈਂ ਕੀ ਕਰਾਂ, ਮੇਰਾ ਤਾਂ ਸਗੋਂ ਕੰਮ ਖੜ ਗਿਆ।'

ਖੇਤ ਮਜ਼ਦੂਰਾਂ ਦੀ ਯੂਨੀਅਨ ਨੂੰ ਪਤਾ ਲੱਗਿਆ ਤਾਂ ਉਨ੍ਹਾਂ ਨੇ ਧਾਗਾ ਚੁੱਕ ਲਿਆ ਤੇ ਬਲਰਾਜ ਨੂੰ ਪੂਰਾ ਖਰਚਾ ਦਵਾਇਆ। ਬਲਰਾਜ ਯੂਨੀਅਨ ਦਾ ਮੈਂਬਰ ਬਣ ਗਿਆ। ਸਮਝਦਾਰ ਤੇ ਚੰਗੀ ਸਿਆਸੀ ਸੂਝ-ਬੂਝ ਰੱਖਣ ਕਰਕੇ ਪਹਿਲਾਂ ਪਿੰਡ ਕਮੇਟੀ, ਫਿਰ ਬਲਾਕ ਤੇ ਹੁਣ ਸੂਬਾ ਕਮੇਟੀ ਦਾ ਕੁਲਵਕਤੀ ਮੈਂਬਰ ਬਣ ਗਿਆ। ਜਥੇਬੰਦੀ ਦੀਆਂ ਕਾਰਵਾਈਆਂ ਦੇ ਪ੍ਰੈਸ ਨੋਟ ਦੇਣ ਅਕਸਰ ਕਿਸਾਨ ਯੂਨੀਅਨ ਦੇ ਆਗੂ ਮੱਖਣ ਸਿੰਘ ਨਾਲ ਉਹੀ ਆਉਂਦਾ। ਇਸੇ ਕਰਕੇ ਉਸਦੀ ਮੇਰੀ ਨਾਲ ਚੰਗੀ ਸਾਂਝ ਬਣ ਗਈ।

'ਚੰਗਾ ਬਾਈ ਜੀ ਚੱਲਦੇ ਆਂ। ਬੱਸ ਦਾ ਟੈਮ ਹੋ ਗਿਆ... ਮੇਰੀ ਆਲੀ ਰੈਲੀ ਸਬੰਧੀ ਪਿੰਡਾਂ 'ਚ ਝੰਡਾ ਮਾਰਚ ਚੱਲ ਰਿਹੈ... ਖ਼ਬਰ ਲਾ ਦਿਓ ... ਮੈਂ ਮਾਰੂੰ ਗੇੜਾ ਸਵੇਰੇ ... ਚੰਗਾ ਜੀ...।' ਉਸਨੇ ਮਾਤਾ ਨੂੰ ਆਸਰਾ ਦੇ ਕੇ ਖੜੇ ਕਰਦਿਆਂ ਕਿਹਾ।

'ਹਾਂ, ਚੰਗਾ... ਲਾ ਦੂੰ...।' ਮੈਂ ਉਖੜਿਆ ਜਿਹਾ ਬੋਲਿਆ।

'ਬਲਰਾਜ, ਇਕ ਮਿੰਟ ਆਈਂ ਜ਼ਰਾ...।' ਬੂਹੇ ਤੋਂ ਬਾਹਰ ਨਿਕਲਦੇ ਬਲਰਾਜ ਨੂੰ ਮੈਂ ਕਾਹਲੀ ਨਾਲ ਅਵਾਜ਼ ਮਾਰੀ।

'ਬੀਬੀ ਦੀ ਜੀਭ ਤਾਂ ... ਯਾਰ ਇਸਦਾ ਡਾਕਟਰੀ ਇਲਾਜ ਕਰਾਓ ਕੋਈ... ਧਾਗੇ ਧੁਗੇ... ਟੈਸਟ ਕਰਾਓ ਪਹਿਲਾਂ... ਮੈਨੂੰ ਲੱਗਦਾ ਇਹ ਕੈਂਸਰ ਆ... ਵੈਸੇ ਠੀਕ ਹੋ ਜੂ... ਤੂੰ ਡਰ ਨਾ... ਮੈਂ ਕਹਿਦੂੰ ਡਾਕਟਰ ਨੂੰ... ਪਹਿਲਾਂ ਟੈਸਟ... ਬੀਬੀ ਕੋਲ ਗੱਲ ਨਾ ਕਰੀਂ... ਪਹਿਲਾਂ ਆਪਾਂ ਟੈਸਟ...।' ਮੇਰੀ ਅਵਾਜ਼ ਮਸਾਂ ਹੀ ਨਿਕਲ ਰਹੀ ਸੀ, ਜਿਵੇਂ ਕੈਂਸਰ ਮੈਨੂੰ ਹੋਇਆ ਹੋਵੇ।

'ਮੈਨੂੰ ਪਤੈ ਬਾਈ ਜੀ... ਬੀਬੀ ਨੂੰ ਵੀ ਪਤੈ, ਬਈ ਇਹ ਕੈਂਸਰ ਆ... ਪਰ ਕੀ ਕਰੀਏ... ਕੀ 'ਲਾਜ ਕਰਾਈਏ... ਕਿਹੜਾ ਕੋਈ ਜਾਇਦਾਦ ਪਈ ਆ ਬਈ ਵੇਚ ਕੇ ਲਾਦੀਏ...

ਕਿ ਨੀ... ਮੈਂ ਤਾਂ ਆਪਣੇ ਉਸੇ ਫਾਰਮੂਲੇ 'ਤੇ ਕੰਮ ਕਰਦਾਂ... ਮੰਨੋ ਈ ਨਾ ਬਈ ਇਹ ਕੈਂਸਰ ਆ... ਬੀਬੀ ਨੂੰ ਵੀ ਤਸੱਲੀ ਆ ਬਈ ਧਾਗੇ ਤਵੀਤ ਨਾਲ ਠੀਕ ਹੋ ਜੂ... ਉਹ ਕਹਿੰਦੀ ਆ ਕਿਸੇ ਨੇ ਕੁਝ ਕਰਾਇਆ... ਮੈਂ ਵੀ ਹਾਂ ਕਹਿ ਦਿਨਾਂ... ਕਈ ਸਾਲ ਹੋ ਗਏ ਨੇ... ਪਾਣੀ 'ਚ ਘੋਲ ਕੇ ਰੋਟੀ ਰਾਟੀ ਖਾ ਲੈਂਦੀ ਆ... ਕੋਈ ਨੀ ਬਾਈ ਜੀ ਤੁਸੀਂ ਕੰਮ ਕਰੋ... ਸਾਡਾ ਤਾਂ ਐਵਾਂ ਈ ਚੱਲਦੈ... ਅਸੀਂ ਲੇਟ ਹੁਣੇ ਆ... ਨਾਲੇ ਗਰਮੀ... ਕੱਲ ਦੀ ਮੀਟਿੰਗ ਲਈ ਬੰਦਿਆਂ ਨੂੰ ਸੁਨੇਹੇ ਵੀ ਲਾਉਣੇ ਆ... ਕਿ ਨੀ...' ਕਹਿ ਕੇ ਉਹ ਬੂਹਿਓਂ ਹੋ ਗਿਆ।

ਪਤਾ ਨਹੀਂ ਉਹ ਕਿਹੜੀ ਮਿੱਟੀ ਦਾ ਬਣਿਆ। ਮਿੱਟੀ ਹੀ ਮਿੱਟੀ ਤਾਂ ਹੈ ਉਸ ਕੋਲ। ਕੱਪੜਿਆਂ ਵਿਚ ਵੀ ਮਿੱਟੀ। ਸਿਰ ਵਿਚ ਵੀ ਮਿੱਟੀ। ਮਿੱਟੀ ਨਾਲ ਤਾਂ ਜਿਵੇਂ ਉਸਦਾ ਲਹੂ ਮਾਸ ਦਾ ਰਿਸ਼ਤਾ ਹੋਵੇ। ਇਕ ਦਿਨ ਮੈਂ ਪੁੱਛਿਆ, 'ਬਲਰਾਜ ਤੂੰ ਲਿਬੜਿਆ ਜਿਹਾ ਕਿਉਂ ਰਹਿਣਾ। ਕੱਪੜੇ ਧੋ ਕੇ ਰੱਖਿਆ ਕਰ। ਲੀਡਰ ਬੰਦੈਂ... ਤਰਾਂ-ਤਰਾਂ ਦੇ ਬੰਦਿਆਂ 'ਚ ਉਠਦਾਂ ਬੈਠਦਾਂ ਸਾਰਾ ਦਿਨ।'

ਅੱਗੋਂ ਕਹਿੰਦਾ,'ਲਿਬੜਿਆ ਹੋਣ ਕਰਕੇ ਤਾਂ ਚਿੱਟਕਪੜੀਏ ਮੇਰੇ ਕੋਲੋਂ ਡਰਦੇ ਆ... ਜਿਵੇਂ ਸਰਕਾਰ ਮਾਓਆ (ਮਾਓਵਾਦੀ) ਤੋਂ ਡਰਦੀ ਆ... ਕਿ ਨੀ...' ਉਸਨੇ ਆਪਣੇ ਅੰਦਾਜ਼ ਵਿਚ ਉਲਟਾ ਮੈਨੂੰ ਸਵਾਲ ਕਰ ਦਿੱਤਾ। ਬਲਰਾਜ ਤਾਂ ਚਲਾ ਗਿਆ। ਉਸਦੀ ਬੀਬੀ ਵੀ ਚਲੀ ਗਈ। ਪਰ ਮੇਰਾ ਧਿਆਨ ਖ਼ਬਰਾਂ ਵੱਲ ਨਹੀਂ ਸੀ ਜਾ ਰਿਹਾ। ਮੈਂ ਕੈਂਸਰ ਦੇ ਨਾਂ ਤੋਂ ਹੀ ਘਬਰਾ ਰਿਹਾ ਸੀ ਤੇ ਉਹ ਕੈਂਸਰ ਨਾਲ ਜਿਓਂ ਰਹੇ ਸੀ। ਸਿਰਫ਼ ਆਪਣੇ ਲਈ ਹੀ ਨਹੀਂ ਸਗੋਂ ਹੋਰਾਂ ਲਈ ਵੀ ਜਿਓਂ ਰਹੇ ਸੀ।

ਅਗਲੇ ਦਿਨ ਪ੍ਰੈਸ ਨੋਟ ਦੇਣ ਆਇਆ ਬਲਰਾਜ ਦੱਸਣ ਲੱਗਿਆ, 'ਬਾਈ ਜੀ... ਹੋ ਤਾਂ ਤੁਸੀਂ ਵੀ ਵੱਡੇ ਬੰਦੇ ਨਾਲੇ ਪੱਤਰਕਾਰ, ਪਰ ਤੁਹਾਨੂੰ ਸਾਡੇ ਨਾਲ ਹਮਦਰਦੀ ਵੀ ਹੈਗੀ ਆ... ਕਿ ਨੀ... ਇਹ ਹੁੰਦੀਆ ਇਨਸਾਨੀਅਤ... ਪਰ ਬਹੁਤੇ ਪੈਸੇ ਆਲਿਆਂ ਦਾ ਤਾਂ ਕੱਸ ਪੁੱਛ ਨਾ... ਪਿੰਡ 'ਚ ਮੀਟਿੰਗ ਕਰਨ ਲੱਗੇ ਤਾਂ ਚੇਅਰਮੈਨ ਦਾ ਕੁੜਮ ਗੁਲਜ਼ਾਰਾ ਬੁੱਗ ਕਹਿੰਦਾ, ਮੀਟਿੰਗਾਂ ਕਰਕੇ ਤੁਸੀਂ ਕੀ ਫੱਨੂ ਪੱਟ ਲੋਂ ਗੇ... ਜੇ ਅਸੀਂ ਚਾਹੀਏ ਤਾਂ ਤਾਅਨੂੰ ਮਾਰ ਕੇ ਮਰੀਕਾ ਜਿੱਟ ਆਈਏ... ਲਓ ਜੀ ਮੈਂ ਕਹਿਤਾ ਚਾਚਾ ਅਸੀਂ ਤਾਂ ਮਰਕੇ ਮਰੀਕਾ ਜਾਵਾਂਗੇ ਪਰ ਲੋਕ ਤਾਂ ਉਥੋਂ ਮਰਕੇ ਏਧਰ ਨੂੰ ਆਈ ਜਾਂਦੇ ਨੇ... ਲਓ ਜੀ ਬੁੱਗ ਨੂੰ ਲੱਗਗੀ ਅੱਗ... ਕਹਿੰਦਾ ਤੁਹਾਡੇ ਬੁੜੇ ਸਾਡੇ ਬਜ਼ੁਰਗਾਂ ਮੂਹਰੇ ਅੱਖ ਨੀਂ ਸੀ ਚੁੱਕਦੇ... ਤੇ ਹੁਣ ਤੁਸੀਂ ਲੁਤਰ ਲੁਤਰ ਜਵਾਬ ਦਿਨੇ ਓ... ਕੋਈ ਨੀ ਕਰਾਂਗੇ ਕਦੇ ਹਸਾਬ ਕਿਤਾਬ ਥੋਡੇ ਨਾਲ... ਪਰ ਬਾਈ ਜੀ ਆਪਾਂ ਨੀ ਪਰਵਾਹ ਕਰੀਦੀ... ਕਿ ਨੀ... ਅਸਲ ਗੱਲ ਇਹ ਆ ਬਈ ਬੁੱਗ ਦਾ ਮੁੰਡਾ ਗਿਆ ਸੀ ਮਰੀਕਾ ਉਥੇ ਨਸ਼ੇ ਨੁਸ਼ੇ ਵੇਚਦਾ ਸੀ, ਬਦਮਾਸ਼ਾਂ ਦੀ ਆਪਸ 'ਚ ਲੜਾਈ ਹੋਗੀ ਤੇ ਉਨ੍ਹਾਂ ਮਾਰਤਾ... ਡੈਡ ਬਾਡੀ ਈ ਆਈ ਸੀ ਏਧਰ... ਬੱਸ ਜੀ ਬੁੱਗ ਦੇ ਤਾਂ ਲੱਗਗੀਆਂ ਮਿਰਚਾਂ... ਬਾਈ ਜੀ ਆਪਣੇ ਕੋਲ ਤਾਂ ਆਹੀ ਹਥਿਆਰ ਆ ਇਨ੍ਹਾਂ ਦੇ ਫੱਟ ਲਾਉਣ ਆਲਾ... ਜਦੋਂ ਤੜਫਦੇ ਨੇ ਤਾਂ ਸਵਾਦ ਆ ਜਾਂਦੈ... ਹੋਰ ਆਪਾਂ ਕਿਸੇ ਦੇ ਡਾਂਗ ਥੋੜਾ ਮਾਰਨੀ ਆ... ਕਿ ਨੀ।'



'ਬਲਰਾਜ, ਜੇ ਹੋਰ ਨਹੀਂ ਤਾਂ ਬੀਕਾਨੇਰ ਈ ਇਲਾਜ ਕਰਾਲਾ ਬੀਬੀ ਦਾ... ਪੈਸੇ ਧੁਸੇ ਮੈਂ 'ਕੱਠੇ ਕਰਾ ਦੂੰ... ਕੋਈ ਬਹੁਤਾ ਖਰਚ ਨੀਂ ਆਉਂਦਾ ਉਥੇ... ਡੀ ਸੀ ਤੋਂ ਮੰਨਜ਼ੂਰ ਕਰਾ ਲਾਂਗੇ...।' ਮੈਂ ਬਲਰਾਜ ਦੀ ਗੱਲ ਪਾਸੇ ਕਰਦਿਆਂ ਆਪਣੀ ਚਿੰਤਾ ਜਾਹਿਰ ਕੀਤੀ।

'ਲਓ ਬਾਈ ਜੀ ਤੁਸੀਂ ਤਾਂ ਸੰਸਾ ਲਾਈ ਬੈਠੇ ਓਂ... ਬੀਬੀ ਨੂੰ ਤਾਂ ਜਦੋਂ ਬੀਕਾਨੇਰ ਲੈ ਕੇ ਜਾਵਾਂਗੇ ਉਦੋਂ ਈ ਲਿਜਾਵਾਂਗੇ... ਨੰਬਰਦਾਰਾਂ ਦੇ ਵੱਡੇ ਬਾਬੇ ਨੂੰ ਤਾਂ ਮੈਂ ਚੜਾ ਤਾਂ ਬੱਬੇ ਨੂੰ... ਉਹਦੀ ਗਰਦਨ 'ਤੇ ਗੰਢ ਜੀ ਸੀ... ਮੈਂ ਕਿਹਾ ਤਾਇਆ ਇਹ ਤਾਂ ਕੈਂਸਰ ਦੀ ਲੱਗਦੀ ਆ... ਅਗਲੇ ਦਿਨ ਈ ਤੁਰ ਗਿਆ ਲੁਦਿਆਣੇ... ਓਸਵਾਲ ਆਲੇ ਕਹਿੰਦੇ ਸ਼ੱਕ ਤਾਂ ਕੈਂਸਰ ਦਾ... ਬੰਬੇ ਟੈਸਟ ਭੇਜਾਂਗੇ ਮਹੀਨੇ ਕੁ ਨੂੰ ਪਤਾ ਲੱਗੂ... ਲਓ ਜੀ ਨੰਬਰਦਾਰਾਂ ਦੇ ਬੁੜੇ ਦੀ ਤਾਂ ਪਈ ਮੋਕ ਵੱਜੇ... ਕਹਿੰਦਾ ਤੁਸੀਂ ਕਦੋਂ ਟੈਸਟ ਭੇਜਿਆ ਤੇ ਕਦੋਂ ਆਇਆ... ਮੈਂ ਤਾਂ ਮਰਜੂੰ ਉਦੋਂ ਨੂੰ... ਬਈ ਤੇਰੇ ਬਿਨਾਂ ਦੱਸ ਕੀ ਭਾਰਤ ਦਾ ਸੂਚਕ ਅੰਕ ਡਿੱਗ ਜੂ... ਔਸੀਆਂ ਨੂੰ ਤਾਂ ਟੱਧਿਆ ਪਿਆ... ਕਿ ਨੀ... ਭੱਜ ਗਿਆ ਸਿੱਧਾ ਬੰਬੇ ਨੂੰ... ਉਨ੍ਹਾਂ ਉਥੇ ਹੀ ਤਾੜ ਲਿਆ... ਲੱਖਾਂ ਰੁਪਏ ਪਹਿਲਾਂ ਜਮਾਂ ਕਰਾ ਲਏ ਅਗਲਿਆਂ ਨੇ... ਬਾਈ ਹੁਣ ਦੱਸ ਆਪਾਂ ਬੀਬੀ ਦਾ ਲਾਜ ਕੀ ਕਰਾਲਾਂਗੇ... ਆਪੇ ਸਾਲਾ ਰੱਬ ਠੀਕ ਕਰੂ... ਨਹੀਂ ਤਾਂ ਲੈ ਜੂ... ਫੇਰ ਕਿਹੜਾ...।' ਭਰ ਆਈਆਂ ਅੱਖਾਂ ਪੂੰਝ ਕੇ ਬਲਰਾਜ ਫੇਰ ਬੋਲਣ ਲੱਗਾ,' ਬਾਈ ਜੀ, ਤੁਸੀਂ ਤਾਂ ਖਬਾਰਾਂ ਆਲੇ ਓ... ਗਰੀਬਾਂ ਦਾ ਸਰਵੇ ਕਰਾ ਕੇ ਦੇਖ ਲੋ... ਸੋ ਚੋਂ ਨੜਿਨਵਿਆਂ ਨੂੰ ਵੇਖ ਕੇ ਤਾਂ ਡਾਕਟਰ ਉਂ ਪਾਗਲ ਹੋ ਜਾਣਗੇ, ਬਈ ਇਹ ਜਿਓਂਦੇ ਕਿਵੇਂ ਫਿਰਦੇ ਆ... ਕਿਸੇ ਨੂੰ ਕੈਂਸਰ ਆ, ਕਿਸੇ ਦੇ ਫੇਫੜੇ ਗਲੇ ਪਏ ਆ, ਅਲਰਜੀ ਤੋਂ ਤਾਂ ਕੋਈ ਬਚਿਆ ਈ ਨਹੀਂ... ਹਾਰਟ ਹੁਰਟ ਦੀ ਬਿਮਾਰੀ ਨੂੰ ਤਾਂ ਅਸੀਂ ਉਂ ਈ ਨਹੀਂ ਗੌਲਦੇ... ਜਿਨ੍ਹਾਂ ਨੂੰ ਡਾਕਟਰ ਕਹਿੰਦੇ ਆ ਮੰਜੇ ਤੋਂ ਨਾ ਉਤਰੀਂ ਉਹ ਤਾਂ ਰਿਕਸ਼ੇ ਧੂਹਦੇ ਫਿਰਦੇ ਆ, ਕੀ ਕਰਨ... ਕੰਨੂ ਦੇ ਸਹੁਰੇ ਨੂੰ ਡਾਕਟਰ ਕਹਿੰਦੇ ਸ਼ੂਗਰ ਆ ਮਿੱਠੇ ਨੂੰ ਹੱਥ ਨੀਂ ਲਾਉਣਾ... ਗੁਰਦਵਾਰੇ ਗੰਥੀ ਆ ਉਹ... ਕਹਿੰਦਾ ਹੁਣ ਆਖਰੀ ਉਮਰੇ ਘਿਓ ਮਿੱਠਾ ਮਿਲਣ ਲੱਗਿਆ ਤਾਂ ਛੱਡ ਦਿਆਂ... ਕੋਈ ਨੀ ਖਾਂਦੇ ਪੀਂਦੇ ਮਰਾਂਗੇ... ਸੁਕੀਆਂ ਖਾ ਕੇ ਜਿਓਣ ਨਾਲੋਂ ਤਾਂ ਚੰਗਾ... ਕਿ ਨੀ...।'

ਸਿਆਲਾਂ ਦੇ ਇਕ ਦਿਨ ਸ਼ਾਮ ਨੂੰ ਬਲਰਾਜ ਤੇ ਮੱਖਣ ਸਿੰਘ ਮੇਰੇ ਕੋਲ ਦਫ਼ਤਰ ਆ ਗਏ। ਕਹਿੰਦੇ ਸੁਭਾ ਪਹਿਲੀ ਬੱਸ ਤੇ ਚੰਡੀਗੜ੍ਹ ਜਾਣਾ, ਸੂਬਾ ਕਮੇਟੀ ਦੀ ਮੀਟਿੰਗ ਆ। ਮੀਂਹ ਕਣੀ ਦੇ ਦਿਨ ਆ ਪਿੰਡੋਂ ਆਇਆ ਨੀ ਜਾਣਾ। ਰਾਤ ਤੁਹਾਡੇ ਕੋਲ ਰਹਿ ਪਈਏ ? ਮੈਂ ਰੱਖ ਲਏ।

ਰਾਤ ਨੂੰ ਗੱਲਾਂ ਕਰਦਾ ਬਲਰਾਜ ਕਹਿਣ ਲੱਗਿਆ, 'ਬਾਈ ਜੀ ਪਿੰਡਾਂ ਦੀ ਅਸਲ ਹਾਲਤ ਬਹੁਤ ਭੈੜੀ ਆ... ਪਾੜਾ ਬਹੁਤ ਵੱਧ ਗਿਆ... ਪਹਿਲਾਂ ਤਾਂ ਜਾਤਾਂ ਦਾ ਝਗੜਾ ਸੀ ਹੁਣ ਪੈਸੇ ਦਾ ਹੋ ਗਿਆ... ਜੱਟ ਜੱਟਾਂ ਨੂੰ ਨੀ ਸਿਆਣਦੇ... ਇਹ ਤਾਂ ਅਸੀਂ ਆ ਜਿਹੜੇ ਡਾਂਗ ਤੇ ਡੇਰਾ ਰੱਖਦੇ ਆ... ਕਿ ਨੀ ਬਾਈ ਮੱਖਣ ਸਿਆਂ... ਆਪਣੇ ਪਿੰਡ ਬਾਗਾਂ ਆਲਿਆਂ ਨੇ ਆਵਦੇ ਮੁੰਡੇ ਗੋਲੀ ਦਾ ਵਿਆਹ ਕਰਨ ਲਈ ਪਹਿਲਾਂ ਕੋਠੀ ਪਾਈ ਵੱਡੀ ਸਾਰੀ... ਫੇਰ ਕਾਰ ਲਿਆਂਦੀ ਵੱਡੀ ਸਾਰੀ... ਅਖੇ ਜੇ ਘਰੇ ਬਹੁਤਾ ਕੁਸ਼ ਹੋਊ ਤਾਂ ਹੀ ਅਗਿਓਂ ਮੋਟਾ ਦਾਜ ਆਊ...

ਲਓ ਜੀ ਗੋਲੀ ਨੇ ਕਾਰ 'ਚ ਲਵਾ ਲਿਆ ਡੈੱਕ... ਫੁੱਲ ਕਰਕੇ ਵਾਜ ਸਾਰੇ ਪਿੰਡ 'ਚ ਗੇੜੇ ਕੱਢੀ ਜਾਇਆ ਕਰੇ... ਕੰਮ ਤਾਂ ਕੋਈ ਹੈਣੀ... ਜ਼ਮੀਨ ਠੇਕੇ 'ਤੇ ਦਿੱਤੀ ਆ... ਕੱਲਾ ਮੁੰਡਾ... ਉਧਰ ਸਾਡੇ ਵਿਹੜੇ ਆਲਿਆਂ ਦਾ ਇਕ ਮੁੰਡਾ ਪੰਮਾ ਪੇਪਰ ਮਿਲ 'ਚ ਟਰੈਕਟਰ 'ਤੇ ਡਰੈਵਰ ਲੱਗਿਆ... ਲਓ ਬਾਈ ਜੀ ਪੰਮਾ ਕਹਿੰਦਾ ਗੋਲੀ ਨੇ ਬੜਾ ਚਿੱਠ ਕੀਤਾ... ਸਾਲਾ ਕਾਰ 'ਚ ਡੈਕ ਲਵਾ ਕੇ ਚਾਮਲਿਆ ਫਿਰਦਾ... ਹਵਾ ਜੀ ਕਰਦੇ, ਮੈਂ ਤਾਂ ਠੋਕਣਾ ਬਾਈ... ਮੈਂ ਕਿਹਾ ਇਹ ਜੱਟਵੈੜ ਠੋਕਣ ਨਾਲ ਠੀਕ ਨਹੀਂ ਆਉਣੀ... ਕਿ ਨੀਂ... ਮੈਂ ਦੱਸਦਾ ਤੈਨੂੰ ਤਰੀਕਾ ਠੀਕ ਕਰਨ ਦਾ... ਲਓ ਜੀ ਅਸੀਂ ਪੰਮੇ ਦੇ ਆਲੇ ਟਰੈਕਟਰ ਤੇ ਡੈੱਕ ਫਿੱਟ ਕਰ ਲਿਆ... ਰੁਪਈਆ ਤਾਂ ਲੱਗ ਗਿਆ ਹਜ਼ਾਰ ਪੰਦਰਾ ਸੌ ਪਰ ਆ ਗਿਆ ਨਜ਼ਾਰਾ... ਹੁਣ ਪੰਮਾ ਰਾਤ ਨੂੰ ਗਿਆਰਾਂ ਕੁ ਵਜੇ ਜਦੋਂ ਪਿੰਡ ਵੜਦਾ ਤਾਂ ਫੁਲ ਵਾਜ 'ਚ ਡੈਕ ਛੱਡ ਕੇ ਸਾਰੇ ਪਿੰਡ ਦਾ ਦਿੰਦਾ ਗੇੜਾ... ਬਾਗਾਂ ਆਲਿਆਂ ਦੇ ਬਾਰ ਮੂਹਰੋਂ ਦੀ ਦੋ ਵਾਰੀ ਲੰਘਾਉਂਦਾ... ਫੇਰ ਘਰੇ ਲਿਆ ਕੇ ਆਪ ਤਾਂ ਸੌਂ ਜੂ... ਤੇ ਡੈੱਕ 'ਤੇ ਵੱਜੀ ਜਾਊ ਚਮਕੀਲਾ... ਲਓ ਬਾਈ ਜੀ... ਚਾਰ ਦਿਨਾਂ 'ਚ ਹੀ ਚੀਕਾਂ ਨਿਕਲਗੀਆਂ ਵੱਡੇ ਸਰਦਾਰਾਂ ਦੀਆਂ... ਪੰਚਾਇਤ ਕੱਠੀ ਕਰਲੀ... ਕਹਿੰਦੇ ਪੰਮੇ ਦੇ ਟਰੈਕਟਰ ਤੋਂ ਡੈਕ ਲਵਾਓ... ਸਾਨੂੰ ਸੌਣ ਨੀਂ ਦਿੰਦਾ... ਵਿਹੜੇ ਆਲੇ ਕਹਿੰਦੇ ਤੁਹਾਡਾ ਮੁੰਡਾ ਤਾਂ ਲੰਘੋਆ ਦਿੰਦਾ ਸੀ, ਕਾਰ 'ਚ ਡੈੱਕ ਲਵਾ ਕੇ... ਸਾਨੂੰ ਤਾਂ ਕੋਈ ਅਚਾ ਨੀਂ, ਲਵਾਅ ਦਿਆਂਗੇ, ਪਹਿਲਾਂ ਗੋਲੀ ਦੀ ਕਾਰ 'ਚੋਂ ਲਵਾਓ... ਲਓ ਜੀ ਉਨ੍ਹਾਂ ਨੇ ਤਾਂ ਦੇ ਤੀ ਥਾਣੇ ਦਰਖਾਸਤ... ਅਸੀਂ ਯੂਨੀਅਨ ਦੇ ਝੰਡੇ ਹੇਠ ਪਹੁੰਚ ਗਏ ਥਾਣੇ, ਦੇ ਤਾ ਧਰਨਾ... ਐਸ ਐਚ ਓ ਨੱਕੋਂ ਠੂਏਂ ਸਿੱਟਦਾ ਫਿਰੇ... ਅਖੇ ਟਰੈਕਟਰ ਤੇ ਡੈਕ ਨੀਂ ਲੱਗ ਸਕਦਾ... ਕਾਨੂੰਨ ਤੁਹਾਡੇ ਪਿਓ ਦਾ ਨਹੀਂ... ਮੈਂ ਕਿਹਾ ਤੂੰ ਛੋਟਾ ਥਾਣੇਦਾਰ ਹੋ ਕੇ ਐਸ ਐਚ ਓ ਲੱਗਿਆ ਫਿਰਦਾਂ ਤੇ ਵੱਡਾ ਥਾਣੇਦਾਰ ਤੇਰੇ ਹੇਠਾਂ ਕੰਮ ਕਰ ਸਕਦੈ ਤਾਂ ਟਰੈਕਟਰ 'ਤੇ ਡੈਕ ਵੀ ਲੱਗ ਸੱਕਦੈ... ਕਿ ਨੀਂ... ਸਾਡਾ ਟਰੈਕਟਰ, ਸਾਡਾ ਤੇਲ, ਸਾਡਾ ਡੈਕ, ਸਾਡਾ ਘਰ, ਸਾਡਾ ਵਿਹੜਾ, ਵਿਹੜੇ ਆਲੇ ਕਿਸੇ ਨੂੰ 'ਤਰਾਜ ਨੀਂ ਹੋਰਾਂ ਦਾ ਦੱਸ ਕੀ ਢਿੱਡ ਦਿਖਦਾ... ਸਾਨੂੰ ਤਾਂ ਟਰੈਕਟਰ ਕੋਲ ਪਿਆਂ ਨੂੰ ਨੀਂਦ ਆ ਜਾਂਦੀ ਆ, ਪਿੰਡ ਦੇ ਦੂਜੇ ਪਾਸੇ ਦਿਆਂ ਨੂੰ ਕਿਉਂ ਨਹੀਂ ਆਉਂਦੀ... ਲਓ ਜੀ ਐਸ ਐਚ ਓ ਨੂੰ ਤਾਂ ਗੱਲ ਨਾ ਆਵੇ... ਕਹਿੰਦੇ ਦੋਵੇਂ ਜਣੇ ਅਵਾਜ਼ ਘੱਟ ਰੱਖਿਆ ਕਰੋ ਓਏ ਨਹੀਂ ਤਾਂ ਚਲਾਨ ਕਰਦੂੰ... ਹੁਣ ਨੀਂ ਕਦੇ ਗੋਲੀ ਦੀ ਕਾਰ ਦਿੱਸੀ ਗੇੜੇ ਕੱਢਦੀ... ਬਾਈ ਜੀ ਜੇ ਅਸੀਂ ਐਨੇ ਜੋਗੇ ਨਾ ਹੋਈਏ ਤਾਂ ਇਹ ਸਰਮਾਏਦਾਰ ਤਾਂ ਸਾਡਾ ਹੱਗਣਾ ਮੂਤਣਾ ਬੰਦ ਕਰ ਦੇਣ... ਕਿ ਨੀਂ...।'

ਗੱਲਾਂ ਦੀ ਲੜੀ ਵਧਾਉਂਦਾ ਉਹ ਕਹਿਣ ਲੱਗਿਆ, ' ਬਾਈ ਜੀ, ਸਰਕਾਰਾਂ ਤਾਂ ਇਹੀ ਚਾਹੁੰਦੀਆਂ ਨੇ ਕਿ ਲੋਕ ਆਪ ਵਿਚੀ ਲੜੀ ਮਰੀ ਜਾਣ ਤੇ ਉਹ ਰਾਜ ਕਰੀ ਜਾਣ... ਹੁਣ ਜੇ ਅਸੀਂ ਆਪ ਸਮਝਦਾਰ ਹੋਵਾਂਗੇ ਤਾਂ ਬਚ ਜਾਵਾਂਗੇ ਨਹੀਂ ਤਾਂ ਫੇਰ ਤੁਹਾਨੂੰ ਪਤਾ ਈ ਆ... ਟਿੱਬੀ ਆਲਿਆਂ ਦਾ ਚੰਡੀਗੜ੍ਹੋਂ ਪੜ੍ਹ ਕੇ ਆਇਆ ਮੁੰਡਾ ਹਰੇਕ ਨੂੰ ਦੱਸਦਾ ਫਿਰੇ ਬਈ ਉਸ ਕੋਲ ਪੱਚੀ ਹਜ਼ਾਰ ਰੁਪਏ ਵਾਲਾ ਮੋਬਾਇਲ ਆ.. ਉੱਚੀ ਵਾਜ 'ਚ ਗਾਣੇ ਲਾ ਕੇ ਪਿੰਡ ਦੀਆਂ ਗਲੀਆਂ 'ਚ ਤੁਰਿਆ ਫਿਰਿਆ ਕਰੇ... ਅਸੀਂ ਬਥੇਰਾ ਸਮਝਾਇਆ ਬਈ ਆੜ੍ਹਤੀਆਂ ਦੇ ਕਰਜ਼ੇ ਤੋਂ ਡਰਦਾ ਤੇਰਾ ਪਿਓ ਫਾਹਾ ਲੈ ਕੇ ਮਰ ਗਿਆ, ਤੇ ਤੂੰ ਆਹ ਕੀ ਖੱਖਣ ਫੜੇ ਆ... ਕੁਝ ਸ਼ਰਮ ਕਰ, ਪਰ ਨਾ ਜੀ... ਅਖੀਰ ਮੈਂ ਵੀ ਸ਼ਹਿਰੋਂ ਲੈ ਲਿਆ ਅੱਠ ਸੌ ਰੁਪਏ ਵਾਲਾ ਮੋਬਾਇਲ... ਦੁਕਾਨਦਾਰ ਨਾਲ ਗੱਲ ਕਰ ਲੀ ਬਈ ਵਾਜ ਪੂਰੀ ਹੋਣੀ ਚਾਹੀਦੀ ਆ... ਉਹਨੇ ਕਰਤੀ... ਜੰਗਲ ਪਾਣੀ ਜਾਣ ਲੱਗਿਆਂ ਸੁਭਾ ਸਵੇਰੇ ਈ ਉੱਚੀ ਅਵਾਜ਼ 'ਚ ਚਮਕੀਲੇ ਦੇ ਗਾਣੇ ਲਾ ਲਿਆ ਕਰਾਂ... ਫੁਲ ਵਾਜ 'ਚ... ਵਿਹੜੇ ਆਲਿਆਂ ਰੌਲਾਂ ਪਾਇਆ... ਬੁੜੀਆਂ ਨੇ ਕੱਠ ਕੀਤਾ... ਮੈਂ ਕਿਹਾ ਮੇਰੇ ਪਿੱਛੇ ਕਿਉਂ ਪੈਣੇ ਓਂ... ਸ਼ੇਰ ਨੂੰ ਮਾਰਨ ਦਾ ਗੁਰ ਖਰਗੋਸ਼ ਤੋਂ ਸਿੱਖੋ। ਲੜੋ ਨਾ। ਖੂਹ ਤੇ ਲਿਆ ਕੇ ਉਸੇ ਦੀ ਸ਼ਕਲ ਵਿਖਾ ਕੇ ਉਸੇ ਨੂੰ ਮਾਰੋ। ਪੈਸੇ ਵਾਲਿਆਂ ਦੀ ਅਧੀਨਗੀ ਕਿਉਂ ਮੰਨਦੇ ਓ, ਸਗੋਂ ਉਨ੍ਹਾਂ ਨੂੰ ਨੱਪ ਕੇ ਰੱਖੋ... ਕਿ ਨੀਂ... ਜਿਧਰ ਦੀ ਟਿੱਬੀ ਆਲਿਆਂ ਦਾ ਮੁੰਡਾ ਲੰਘੇ ਮਗਰੇ ਮੈਂ... ਸ਼ਰਮ ਦਾ ਮਾਰਾ ਹੁਣ ਉਹ ਮੋਬਾਇਲ ਬਾਹਰ ਈ ਨੀਂ ਕੱਢਦਾ... ਹਟਾਤਾ... ਕਿ ਨੀਂ... ਅਈਂ ਕੇਰਾ ਨੰਬਰਦਾਰਾਂ ਦਾ ਹੈਰੀ ਜੀਨ ਲਿਆਇਆ... ਬੜੀ ਹਵਾ ਕਰਦਾ ਫਿਰੇ... ਅਖੇ ਬੜੀ ਮਹਿੰਗੀ ਆ... ਫਲਾਣੀ ਕੰਪਨੀ ਦੀ ਆ... ਫਲਾਣੇ ਮੌਲ 'ਚੋ ਲਈ ਆ... ਮੈਂ ਉਹਦੇ ਨਾਲੋਂ ਵੱਧ ਲੰਬੀ ਝੋਲੀ ਵਾਲੀ... ਝੋਲਿਆਂ ਵਰਗੀਆਂ ਜੇਬਾਂ ਵਾਲੀ ਜੀਨ ਅੱਸੀ ਰੁਪਈਆਂ ਦੀ ਲਿਆਇਆ... ਚੱਪਲਾਂ ਨਾਲ ਈ ਪਾਈ ਫਿਰਿਆ... ਜਿਥੇ ਹੈਰੀ ਮਿਲੇ ਪੁੱਛ ਲਵਾਂ ਬਾਈ ਮੇਰੀ ਜੀਨ ਕਿਹੋ ਜੀ ਆ... ਉਹ ਜੀਨ ਪਾਉਣੋਂ ਈ ਹੱਟ ਗਿਆ...।'

'ਵਾਹ ਬਈ ਵਾਹ ਬਿਨਾਂ ਮਾਰਕੁੱਟ ਦੇ ਆਪਣਾ ਬਦਲਾ ਲੈ ਲਿਆ... ਸਿੱਧੇ ਕਰਤੇ... ਇਹ ਤਾਂ ਇਕ ਤਰ੍ਹਾਂ ਗਾਂਧੀ ਗਿਰੀ ਹੋ ਗਈ ਬਲਰਾਜ।' ਮੱਖਣ ਸਿੰਘ ਨੇ ਉਸਦੀ ਢੂਈ ਥਾਪੜਦਿਆਂ ਕਿਹਾ।

'ਗਾਂਧੀ ਗੂੰਧੀ ਗਿਰੀ ਦਾ ਤਾਂ ਮੈਨੂੰ ਪਤਾ ਨੀ... ਪਰ ਮੈਂ ਤੁਹਾਨੂੰ ਆਪਣਾ ਜੋੜਿਆ ਇਕ ਕਬਿੱਤ ਸੁਣਾ ਦਿਣਾਂ... ਤੂੰ ਸਾਡੇ 'ਤੇ ਰੋਜ਼ ਹੱਸਦੈਂ, ਜੇ ਅੱਜ ਮੈਂ ਮੁਸਕਰਾ ਪਿਆ ਤਾਂ ਸੜਦੈਂ... ਤੂੰ ਰੋਜ਼ ਕਾਰਾਂ 'ਤੇ ਚੜਦੈਂ, ਜੇ ਅੱਜ ਮੈਂ ਟਰੈਕਟਰ 'ਤੇ ਬਹਿ ਗਿਆ ਮੱਚਦੈਂ... ਤੂੰ ਪਾਵੇਂ ਹਜ਼ਾਰਾਂ ਦੀ ਜੀਨ, ਮੇਰੀ ਪੰਜਾਹਾਂ ਦੀ ਪੈਂਟ ਨਈਂ ਜਰ ਹੁੰਦੀ... ਓਏ ਪੋਲੇ ਭਾਵੇਂ ਸਾਡੇ ਕੱਖ ਨੀਂ, ਪਰ ਸਾਥੋਂ ਕਿਸੇ ਦੀ ਪੁੱਚ ਪੁੱਚ ਨੀ ਕਿਸੇ ਦੀ ਕਰ ਹੁੰਦੀ... ਕਿ ਨੀਂ...।' ਬਲਰਾਜ ਤੇ ਮੱਖਣ ਕਾਫੀ ਚਿਰ ਚੁਟਕੀਆਂ ਮਾਰ ਮਾਰ ਕੇ ਇਹ ਗੀਤ ਗਾਉਂਦੇ ਰਹੇ। ਉਨ੍ਹਾਂ ਦੀਆਂ ਗੱਲਾਂ ਸੁਣ ਕੇ ਮੇਰੀ ਨੀਂਦ ਉੱਡ ਗਈ ਸੀ।

ਬਲਰਾਜ ਹੋਰਾਂ ਦੀਆਂ ਗਤੀਵਿਧੀਆਂ ਤੋਂ ਸਰਮਾਏਦਾਰ ਧੜਾ ਤੇ ਅਫਸਰ ਔਖੇ ਸਨ। ਉਹ ਉਨ੍ਹਾਂ ਨੂੰ ਟਿੱਚ ਜੇ ਜਾਣਦਾ ਸੀ। ਅੜ ਕੇ ਗੱਲ ਕਰਦਾ। ਹਰ ਸਵਾਲ ਦਾ ਦਲੀਲ ਨਾਲ ਜਵਾਬ ਦਿੰਦਾ। ਪੱਤਰਕਾਰ ਉਸ ਨਾਲ ਸਹਿਮਤ ਸਨ। ਨਿੱਤ ਖ਼ਬਰਾਂ ਲੱਗਦੀਆਂ। ਡਰ ਭਉ ਉਸਦੇ ਨੇੜੇ ਨਹੀਂ ਸੀ। ਜੇ ਕੋਈ ਹਮਦਰਦੀ ਕਰਕੇ ਚੁੱਪ ਰਹਿਣ ਨੂੰ ਕਹਿੰਦਾ ਤਾਂ ਅਗੋਂ ਜਵਾਬ ਦਿੰਦਾ 'ਓਏ ਮੇਰਾ ਕੋਈ ਕੀ ਵਿਗਾੜ ਦਊ... ਮਾਂ ਨੂੰ ਮਾਰਤਾ ਤਾਂ ਮੈਂ ਨੀ ਰੋਣਾ, ਮੈਂ ਤਾਂ ਉਹਨੂੰ ਪਹਿਲਾਂ ਹੀ ਬਥੇਰਾ ਰੋ ਲਿਐ... ਮੈਨੂੰ ਮਾਰਤਾ ਤਾਂ ਰੋਣ ਵਾਲਾ ਕੋਈ ਨੀ... ਮੇਰਾ ਕੋਈ ਕੀ ਟੱਟੂ ਫਾਟਕ ਦੇ ਦਊ... ਤੁਸੀਂ ਮੇਰੇ ਨਾਲ ਜੁੜੇ ਰਹੋ... ਆਹ ਜਿਹੜੇ ਹਜ਼ਾਰ ਹਜ਼ਾਰ ਏਕੜ ਦੇ ਮਾਲਕ

ਬਣੇ ਫਿਰਦੇ ਆ, ਇਹ ਜ਼ਮੀਨ ਤਾਂ ਆਪਣੀ ਈਓ ਆ ... ਬਸ ਕਬਜ਼ਾ ਕਰਨਾ ਬਾਕੀ ਆ ... ਟੈਮ ਆਇਓ ਲਿਓ ... ਕਿ ਨੀਂ ...।'

ਅਖੀਰ ਬਲਰਾਜ ਨੂੰ ਨੱਥ ਪਾਉਣ ਲਈ ਤੇ ਉਸਦੀ ਆਕੜ ਕੱਢਣ ਲਈ ਪੰਚਾਇਤ ਨੇ ਇਕ ਸੀਨੀਅਰ ਮੰਤਰੀ ਦੀ ਸ਼ਹਿ 'ਤੇ ਮੁਰੱਬਾਬੰਦੀ ਵੇਲੇ ਬੇਜ਼ਮੀਨੇ ਲੋਕਾਂ ਨੂੰ ਅਲਾਟ ਹੋਏ ਪੰਜ-ਪੰਜ ਮਰਲੇ ਦੇ ਗੜ੍ਹਿਆਂ (ਰੂੜੀਆਂ ਲਾਉਣ ਵਾਲੀ ਜਗ੍ਹਾ) ਨੂੰ ਸ਼ਾਮਲਾਟ ਵਿਚ ਰਲਾ ਕੇ ਉਥੇ ਕਮਿਊਨਿਟੀ ਹਾਲ, ਜਿਮ ਤੇ ਸੁਸਾਇਟੀ ਦਾ ਸਟੋਰ ਬਣਾਉਣ ਦਾ ਮਤਾ ਪਾ ਦਿੱਤਾ। ਅਸਲ ਵਿਚ ਇਸ ਜਗ੍ਹਾ ਕੋਲ ਪਿੰਡ ਦਾ ਅੱਡਾ ਬਣ ਜਾਣ ਕਰਕੇ ਇਹ ਕੀਮਤੀ ਹੋ ਗਈ ਸੀ। ਪਿੰਡ ਦਾ ਸਰਪੰਚ ਇਸ ਜਗ੍ਹਾ 'ਤੇ ਦੁਕਾਨਾਂ ਅਤੇ ਸ਼ਰਾਬ ਦਾ ਠੇਕਾ ਖੋਲਣ ਨੂੰ ਫਿਰਦਾ ਸੀ। ਪੰਚਾਇਤ ਨੇ ਬਲਰਾਜ ਹੋਰਾਂ ਨੂੰ ਇਸ ਜਗ੍ਹਾ ਦੇ ਬਦਲੇ ਪਿੰਡੋਂ ਬਾਹਰ ਹੱਡਾ ਰੋੜੀ ਕੋਲ ਗੜ੍ਹੇ ਅਲਾਟ ਕਰ ਦਿੱਤੇ। ਬਲਰਾਜ ਹੋਰਾਂ ਨੇ ਡਿਪਟੀ ਕਮਿਸ਼ਨਰ ਕੋਲ ਮੁੱਦਾ ਉਠਾਇਆ ਉਨ੍ਹਾਂ ਉਪ ਮੰਡਲ ਮੈਜਿਸਟਰੇਟ ਨੂੰ ਪੜਤਾਲ ਕਰਨ ਦਾ ਹੁਕਮ ਦੇ ਦਿੱਤਾ। ਉਪ ਮੰਡਲ ਮੈਜਿਸਟਰੇਟ ਨੇ ਪੜਤਾਲ ਕਰਕੇ ਸਿੱਟਾ ਦਿੱਤਾ ਕਿ 'ਪੰਚਾਇਤ ਅਤੇ ਪਿੰਡ ਵਾਸੀਆਂ ਨੇ ਪਿੰਡ ਦੇ ਵਿਕਾਸ ਲਈ ਗੜ੍ਹਿਆਂ ਦੀ ਜੋ ਜਗ੍ਹਾ ਲਈ ਹੈ ਉਹ ਜਾਇਜ਼ ਹੈ। ਪੰਚਾਇਤ ਦੇ ਇਸ ਕਦਮ ਨਾਲ ਪਿੰਡ ਦੀ ਬਹੁਤ ਉਨਤੀ ਹੋਵੇਗੀ। ਪੰਚਾਇਤ ਨੇ ਸਬੰਧਤ ਪਰਿਵਾਰਾਂ ਨੂੰ ਜਗ੍ਹਾ ਬਦਲੇ ਜਗ੍ਹਾ ਦੇ ਦਿੱਤੀ ਹੈ।'

ਮਜ਼ਦੂਰ ਯੂਨੀਅਨ ਤੇ ਕਿਸਾਨ ਯੂਨੀਅਨ ਨੇ ਐਸ ਐਸ ਪੀ ਕੋਲ ਅਰਜ਼ੀ ਦਿੱਤੀ ਕਿ ਅਲਾਟੀਆਂ ਦੀ ਸਹਿਮਤੀ ਤੋਂ ਬਿਨਾਂ ਪੰਚਾਇਤ ਨੇ ਜਗ੍ਹਾ ਖੋਹ ਕੇ ਕਾਨੂੰਨ ਦੀ ਉਲੰਘਣਾ ਕੀਤੀ ਹੈ, ਉਨ੍ਹਾਂ ਦੀ ਜਗ੍ਹਾ ਵਾਪਸ ਦਵਾਈ ਜਾਵੇ ਤੇ ਪੰਚਾਇਤ ਖਿਲਾਫ ਕਾਰਵਾਈ ਕੀਤੀ ਜਾਵੇ। ਪੁਲੀਸ ਮੁਖੀ ਨੇ ਉਪ ਪੁਲੀਸ ਕਪਤਾਨ ਦੀ ਪੜਤਾਲ ਲਈ ਜਿੰਮੇਵਾਰੀ ਲਾ ਦਿੱਤੀ। ਉਸਨੇ ਵੀ ਰਿਪੋਰਟ ਦਿੱਤੀ ਕਿ 'ਸ਼ਕਾਇਤ ਕਰਤਾ ਬਲਰਾਜ ਸਿੰਘ ਹੋਰਾਂ ਦੀ ਜਗ੍ਹਾ ਬਦਲੀ ਨਾਲ ਪਿੰਡ ਵਿਚ ਕੋਈ ਤਣਾਅ ਨਹੀਂ ਤੇ ਲੋਕ ਇਸ ਫੈਸਲੇ 'ਤੇ ਸੰਤੁਸ਼ਟ ਹਨ। ਇਹ ਫੈਸਲਾ ਪਿੰਡ ਦੇ ਵਿਕਾਸ ਵਿਚ ਸਹਾਈ ਹੈ।'

ਯੂਨੀਅਨਾਂ ਵੱਲੋਂ ਅਖਬਾਰਾਂ ਰਾਹੀਂ ਮਾਮਲਾ ਚੁੱਕਿਆ ਗਿਆ। ਸੰਘਰਸ਼ ਦੀ ਚਿਤਾਵਨੀ ਵੀ ਦਿੱਤੀ। ਪਰ ਕਿਸੇ ਦੇ ਕੰਨ 'ਤੇ ਜੂੰ ਨਾ ਸਰਕੀ। ਗੜ੍ਹਿਆਂ ਵਾਲੀ ਥਾਂ ਤੇ ਦੁਕਾਨਾਂ ਬਣਨ ਲੱਗੀਆਂ। ਕਈ ਦਿਨਾਂ ਦੀ ਘੋਸ-ਘੋਸ ਤੋਂ ਬਾਅਦ ਅਖੀਰ ਮਜ਼ਦੂਰਾਂ ਤੇ ਕਿਸਾਨਾਂ ਨੇ ਪੰਚਾਇਤ ਦੇ ਇਸ ਫੈਸਲੇ ਖਿਲਾਫ ਡਿਪਟੀ ਕਮਿਸ਼ਨਰ ਦਫਤਰ ਮੂਹਰੇ ਅਣਮਿੱਥੇ ਸਮੇਂ ਲਈ ਧਰਨਾ ਲਾ ਦਿੱਤਾ। ਬੰਦੇ, ਬੁੜੀਆਂ ਤੇ ਬੱਚੇ ਉਥੇ ਆ ਬੈਠੇ। ਪੋਹ ਮਾਘ ਦੀ ਠੰਡ। ਖੁੱਲ੍ਹਾ ਅਸਮਾਨ। ਪਰ ਉਨ੍ਹਾਂ ਕੋਈ ਪਰਵਾਹ ਨਾ ਕੀਤੀ। ਉਥੇ ਹੀ ਲੰਗਰ ਲਾ ਲਏ। ਸਾਰਾ ਦਿਨ ਭਾਸ਼ਨ, ਨਾਅਰੇ ਤੇ ਜੁਝਾਰੂ ਗੀਤ ਚੱਲਦੇ। ਸ਼ਹਿਰ ਵਿਚ ਰੋਸ ਮਾਰਚ ਕੀਤਾ ਜਾਂਦਾ। ਪਿੰਡਾਂ 'ਚ ਨੁੱਕੜ ਬੈਠਕਾਂ ਤੇ ਝੰਡਾ ਮਾਰਚ ਹੁੰਦਾ। ਭਰਾਤਰੀ ਜਥੇਬੰਦੀਆਂ ਦੇ ਆਗੂ ਆ ਕੇ ਧਰਨੇ ਦਾ ਸਮਰਥਨ ਕਰਦੇ। ਸ਼ਹਿਰ 'ਚ ਆਏ ਮੰਤਰੀ ਦਾ ਘਿਰਾਓ ਕੀਤਾ ਗਿਆ। ਪੁਲੀਸ ਚੌਵੀ ਘੰਟੇ ਉਨ੍ਹਾਂ ਦੀ ਪਹਿਰੇਦਾਰੀ 'ਤੇ ਖੜੀ ਰਹਿੰਦੀ। ਜਦੋਂ ਧਰਨਾ ਇੱਕੀਵੇਂ ਦਿਨ ਵਿਚ ਸ਼ਾਮਲ ਹੋ ਗਿਆ ਤਾਂ ਜਥੇਬੰਦੀਆਂ ਨੇ ਮੁੱਖ



ਮੰਤਰੀ ਦੇ ਘਿਰਾਓ ਦਾ ਐਲਾਨ ਕਰ ਦਿੱਤਾ। ਅਖੀਰ ਡਿਪਟੀ ਕਮਿਸ਼ਨਰ ਨੇ ਗੱਲਬਾਤ ਲਈ ਸੱਦਾ ਦਿੱਤਾ। ਪਰ ਧਰਨਾਕਾਰੀ ਕਹਿੰਦੇ ਕਿ ਹਰ ਗੱਲਬਾਤ ਧਰਨੇ ਵਿਚ ਸਭ ਦੇ ਸਾਹਮਣੇ ਹੋਵੇਗੀ।

ਡਿਪਟੀ ਕਮਿਸ਼ਨਰ ਨੇ ਬਲਾਕ ਵਿਕਾਸ ਅਫਸਰ ਸੁਮਨ ਕੌਰ ਨੂੰ ਗੱਲਬਾਤ ਲਈ ਭੇਜਿਆ। ਉਸਨੇ ਧਰਨੇ ਵਿਚ ਆ ਕੇ ਪਿੰਡ ਦੇ ਵਿਕਾਸ ਦੇ ਨਾਂ 'ਤੇ ਧਰਨਾ ਸਮਾਪਤ ਕਰਨ ਲਈ ਕਿਹਾ ਤਾਂ ਮੱਖਣ ਸਿੰਘ ਅੰਦਰਲਾ ਰੋਹ ਭਰਿਆ ਲੀਡਰ ਬੋਲ ਪਿਆ, 'ਇਥੇ ਡੈਮੋਕ੍ਰੇਸੀ ਆ ਕੋਈ ਡਿਕਟੇਟਰਸ਼ਿਪ ਨਹੀਂ ... ਧੱਕੇ ਨਾਲ ਕਿਸੇ ਦੀ ਜ਼ਮੀਨ ਖੋਹਣਾ ਕਿਥੋਂ ਦਾ ਵਿਕਾਸ ਆ ... ਪਿੰਡ 'ਚ ਪੀਣ ਨੂੰ ਤਾਂ ਪਾਣੀ ਹੈਣੀ, ਗੰਦੇ ਪਾਣੀ ਦਾ ਨਿਕਾਸ ਹੈਣੀ, ਸਕੂਲ ਡਿਗੂੰ ਡਿਗੂੰ ਕਰਦੇ, ਹਸਪਤਾਲ 'ਚ ਡਾਕਟਰ ਹੈਣੀ ... ਹੈਂ ਤੇ ਤੁਸੀ ਪਤਾ ਨਹੀਂ ਕਿਹੜੇ ਵਿਕਾਸ ਦੀਆਂ ਗੱਲਾਂ ਕਰਦੇ ਓ ... ਵਿਕਾਸ ਨਾ ਹੋਇਆ ਕੰਜਰੀ ਹੋਇਆ ... ਜੀਹਦਾ ਜੀਅ ਕਰਦਾ ਹੱਥ ਫੜ ਕੇ ਲੈ ਤੁਰਦਾ ... ਸੜਕਾਂ ਬਣਾਤੀਆਂ, ਵਿਕਾਸ ਹੋ ਗਿਆ ... ਤੂੰ ਦੱਸ ਇਹਨਾਂ ਸੜਕਾਂ 'ਤੇ ਧਾਰਾਂ ਕੀਹਨਾਂ ਦੀਆਂ ਭੱਜਦੀਆਂ ਨੇ ? ਸਾਡੀਆਂ ਕੇ ਤੁਹਾਡੀਆਂ ... ਅਖੇ ਮੇਲ ਬਣਾਤੇ ਬਹੁਤ ਵਿਕਾਸ ਹੋ ਗਿਆ, ਇਹਨਾ ਮੇਲਾਂ 'ਚ ਲੱਖਾਂ ਰੁਪਏ ਖਰਚਣ ਕੌਣ ਜਾਂਦੈ ? ... ਓਏ ਅਸੀਂ ਹੱਕ ਮੰਗਦੇ ਆਂ – ਪੁਲੀਸ ਡੰਡੇ ਮਾਰਦੀ ਆ। ਜ਼ਮੀਨਾਂ ਸਾਡੀਆਂ ਕੁਰਕ ਹੋਈ ਜਾਂਦੀਆਂ। ਬਿਜਲੀ ਪਾਣੀ ਮਿਲਦਾ ਨੀਂ ... ਕੰਮ ਸਾਡੇ ਕੋਲ ਹੈਣੀ ... ਹੈਂ ... ਦਸੋ ਇਹ ਵਿਕਾਸ ਹੋਇਆ ? ...।'

ਬਲਾਕ ਅਫਸਰ ਨੀਵੀਂ ਪਾ ਕੇ ਬੈਠੀ ਰਹੀ। ਸ਼ਾਇਦ ਉਸ ਕੋਲ ਕੋਈ ਜਵਾਬ ਨਹੀਂ ਸੀ ਜਾਂ ਉਹ ਜਵਾਬ ਵਰਗਾ ਕੁਝ ਕਹਿ ਕੇ ਸੁਲ੍ਹਾ ਦੀ ਖੇਡ ਵਿਗਾੜਨੀ ਨਹੀਂ ਸੀ ਚਾਹੁੰਦੀ।

'ਮੇਰੀ ਰੂੜੀ ਖੋਹ ਕੇ ਪੰਚਾਇਤ ਨੇ ਦੱਸੋ ਉਥੇ ਕਿਹੜਾ ਸਕੂਲ, ਹਸਪਤਾਲ ਜਾਂ ਬਿਜਲੀ ਘਰ ਬਣਾਉਣੈ ? ਤੁਹਾਨੂੰ ਪਤਾ ਉਥੇ ਖੁੱਲ੍ਹੂ ਸ਼ਰਾਬ ਦਾ ਠੇਕਾ ... ਬੱਸ ਜਰਿਆ ਨਹੀਂ ਜਾਂਦਾ ਬਈ ਇਹ ਜਗ੍ਹਾ ਮਜ਼ਬੀਆਂ ਦੇ ਨਾਂ ਵੱਜੇ। ਲੱਤ ਥੱਲੇ ਰੱਖਣਾ ਚਾਹੁੰਦੇ ਆ ਸਾਨੂੰ ... ਓਏ ਆਪ ਤਾਂ ਹਰ ਵਰ੍ਹੇ ਕਿਲਿਆਂ ਦੇ ਕਿਲੇ ਪੈਲੀ ਖਰੀਦੀ ਜਾਣੇ ਓ ਤੇ ਸਾਡੀ ਰੂੜੀ ਵੀ ਜਰੀ ਨੀਂ ਜਾਂਦੀ ... ਮੇਰਾ ਦਾਦਾ ਤੇ ਸਰਪੰਚਾਂ ਦਾ ਬਾਬਾ ਗੱਜਣ 'ਕੱਠੇ ਹੱਲ ਵਾਹੁੰਦੇ ਸੀ। ਦੋਵਾਂ ਘਰਾਂ ਦਾ ਮਸਾਂ ਗੁਜ਼ਾਰਾ ਹੁੰਦਾ ਸੀ। ਫੇਰ ਗੱਜਣ ਦੇ ਪੁੱਤ ਹਰਨੇਕ ਨੇ ਪੰਜਾਹ ਕਿਲੇ ਪੈਲੀ ਬਣਾ ਲੀ, ਮੇਰੇ ਪਿਓ ਤੋਂ ਕੋਠਾ ਵੀ ਨਾ ਛੱਤ ਹੋਇਆ। ਫੇਰ ਗੱਜਣ ਦੇ ਪੋਤੇ ਨੇ ਸ਼ਹਿਰ ਸ਼ੈਲਰ ਲਾ ਲਿਆ, ਬੰਗਲਾ ਬਣਾ ਲਿਆ ਤੇ ਮੈਂ ਦਾਦੇ ਵਾਲੇ ਘਰ ਦਾ ਬੂਹਾ ਵੀ ਨਾ ਲਾ ਸਕਿਆ। ਲੈ ਦੇ ਕੇ ਸਾਡੇ ਕੋਲ ਜਾਇਦਾਦ ਦੇ ਨਾਂ 'ਤੇ ਇਹ ਰੂੜੀਆਂ ਨੇ, ਉਹਨੂੰ ਵੀ ਖੋਹਣ ਨੂੰ ਫਿਰਦੇ ਆ ... ਪਰ ਹੁਣ ਇਹ ਹੋਣ ਨੀ ਦੇਣਾ ...।' ਬਲਰਾਜ ਖਰ੍ਹਾ-ਖੂਨ ਹੋਇਆ ਪਿਆ ਸੀ।

'ਮਾਰ ਸਰਪੰਚ ਦੇ ਕੁਹਾੜੀ ... ਲਾਹ ਦੇ ਗਾਟਾ ... ਸਾਰੇ ਵਿਹੜੇ ਦੀ ਜੂਨ ਸੌਰ ਜੂ ... ਦੁੱਖ ਸਾਨੂੰ ਆ ਪੁੱਛਿਆ ਜਾਂਦਾ ਇਹਨਾਂ ਚੌਧਰੀਆਂ ਤੋਂ ... ਵਿਹੜੇ 'ਚ ਕਿਥੇ ਟੂਟੀ ਲਾਉਣ ਆ ਫੈਸਲਾ ਕਰਦਾ ਬੀ ਡੀ ਓ, ਜਿਹੜਾ ਕਦੇ ਵਿਹੜੇ ਵੜਿਆ ਨੀਂ। ਤੂੰ ਸਿੱਧਾ ਕਿਉਂ ਨਹੀਂ ਮੱਥਾ ਲਾਉਂਦਾ, ਚੱਕ ਲਾ ਬੰਦੂਕ, ਰਗੜ ਦੇ ... ਅਸੀਂ ਨਾਲ ਆ ਤੇਰੇ ... ਐਨੇ ਬਿਨਾਂ ਨੀਂ ਇਹ ਲੋਟ ਆਉਂਦੇ ... ਇਨ੍ਹਾਂ ਵੱਡਿਆਂ ਦੀ ਤਾਂ ਕੱਲੀ ਸਿਰੀ ਵੱਢੀਏ ਤੇ ਓਨਾ ਚਿਰ ਮਰਿਆ ਨਾ ਜਾਣੀਏ

ਜਿੰਨਾ ਚਿਰ ਭੋਗ ਨਾ ਪੈ ਜੇ।' ਬਲਰਾਜ ਦੇ ਨਾਲ ਧਰਨੇ 'ਤੇ ਬੈਠੇ ਇਕ ਮੁੱਛ ਫੁੱਟ ਕਾਲੇ ਜਿਹੇ ਮੁੰਡੇ ਨੇ ਦੰਦ ਪੀਹਦਿਆਂ ਕਿਹਾ।

'ਉਏ ਥੋਨੂੰ ਆਹੀ ਤਾਂ ਸਮਝ ਨੀ ... ਵੈਦ ਗੁਰਭਗਤ ਸਿਓਂ ਕਹਿੰਦਾ ਹੁੰਦੇ ਕਿ ਮੇਰੇ ਕੋਲ ਖੁਰਕ ਆਲੇ ਮਰੀਜ਼ ਆ ਕੇ ਕਹਿਣਗੇ ਵੈਦ ਜੀ, ਮਰਦੇ ਜਾਣੇ ਆਂ, ਚੰਮ ਲਾਹ ਦਿਓ, ਤਾਂ ਸ਼ਾਂਤੀ ਮਿਲੂ... ਅੱਗੋਂ ਵੈਦ ਕਹੂ, ਓ ਭਾਈ ਮੈਂ ਤਾਂ ਦਵਾਈ ਨਾਲ ਖੁਰਕ ਠੀਕ ਕਰਨੀ ਆ... ਚੰਮ ਲਾਹ ਕੇ ਨੀਅ... ਮੈਂ ਵੀ ਵੈਦ ਗੁਰਭਗਤ ਸਿਓਂ ਵਾਂਗੂ ਖੁਰਕ ਦਾ ਇਲਾਜ ਦਵਾਈ ਨਾਲ ਕਰਦਾਂ, ਚੰਮ ਲਾਹ ਕੇ ਨੀਅ ... ਓਏ ਮੈਂ ਇਕ ਸਰਪੰਚ ਨੀ ਮਾਰਨਾ... ਮੈਂ ਇਹੋ ਜਿਹੇ ਸਰਪੰਚਾਂ ਦੀ ਨਸਲ ਖਤਮ ਕਰਨੀ ਆ... ਐਸ ਲਈ ਮੈਨੂੰ ਕਿਸੇ ਨੂੰ ਮਾਰਨ ਦੀ ਨੀ ਸਗੋਂ ਥੋਡੇ ਅਰਗਿਆਂ 'ਚ ਜਾਨ ਫੂਕਣ ਦੀ ਲੋੜ ਆ... ਕਿ ਨੀ...।' ਬਲਰਾਜ ਸਿੰਘ ਭਾਸ਼ਨ ਦੇ ਰਿਹਾ ਜਾਂ ਗੱਲਾਂ ਕਰ ਰਿਹਾ, ਕੁਝ ਪਤਾ ਨਹੀਂ ਲੱਗਦਾ। ਉਹਦੀ ਗੱਲ ਖਤਮ ਹੋਈ ਤਾਂ ਨਾਅਰੇ ਲੱਗਣੇ ਸ਼ੁਰੂ ਹੋ ਗਏ। ਬੀ ਡੀ ਓ ਚੁੱਪ ਕਰਕੇ ਚਲੀ ਗਈ। ਪ੍ਰੈਸ ਵਿਚ ਪ੍ਰਸ਼ਾਸਨ ਦੀ ਨਕਾਮੀ ਨੂੰ ਖੂਬ ਭੰਡਿਆ ਗਿਆ।

ਮਜ਼ਦੂਰਾਂ ਤੇ ਕਿਸਾਨਾਂ ਦਾ ਸਾਂਝਾ ਧਰਨਾ ਢਾਲੀ ਦਿਨ ਚੱਲਿਆ। ਅਖੀਰ ਡੀ ਸੀ ਤੇ ਐਸ ਐਸ ਪੀ ਨੇ ਬਲਰਾਜ ਹੋਰਾਂ ਨੂੰ ਰੂੜੀਆਂ ਦੀ ਥਾਂ ਵਾਪਸ ਦਵਾ ਦਿੱਤਾ। ਪਰ ਸ਼ਰਤ ਲਾ ਦਿੱਤੀ ਕਿ ਉਥੇ ਸਿਰਫ ਰੂੜੀਆਂ ਹੀ ਲਾਈਆਂ ਜਾਣ ਉਸ ਜਗ੍ਹਾ ਨੂੰ ਕਿਸੇ ਹੋਰ ਕੰਮ ਲਈ ਨਾ ਵਰਤਿਆ ਜਾਵੇ। ਅਸਲ ਵਿਚ ਸਰਪੰਚ ਆਪਣੀ ਹਾਰ ਤੋਂ ਖਿੱਝਿਆ ਹੋਇਆ ਸੀ। ਓਧਰ ਬਲਰਾਜ ਨੇ ਸਾਰੇ ਵਿਹੜੇ ਨੂੰ ਕਹਿਤਾ ਬਈ ਆਪਣੇ ਕੋਲ ਪਸ਼ੂ ਤਾਂ ਹੈਣੀ ਜਿਹਨਾਂ ਦਾ ਗੋਹਾ ਰੂੜੀ 'ਤੇ ਸਿੱਟਣਾਂ... ਜਵਾਕਾਂ ਨੂੰ ਕਹੋ ਬਈ ਜਿਹੜਾ ਕੰਮ ਨਿਆਈਆਂ 'ਚ ਕਰਦੇ ਆ ਉਹ ਰੂੜੀਆਂ 'ਤੇ ਜਾ ਕੇ ਕਰਿਆ ਕਰੋ। ਹੁਣ ਵਿਹੜੇ ਆਲਿਆਂ ਦੇ ਜਵਾਕ ਸਾਰਾ ਦਿਨ ਉਥੇ ਟੱਟੀ ਪਿਸ਼ਾਬ ਕਰਦੇ... ਪੰਚਾਇਤ ਨੇ ਫਿਰ ਡੀ ਸੀ ਨੂੰ ਦਰਖਾਸਤ ਦੇ ਦਿੱਤੀ... ਪਰ ਡੀ ਸੀ ਨੇ ਰੱਦੀ ਦੀ ਟੋਕਰੀ 'ਚ ਸਿੱਟ ਦਿੱਤੀ। ਉਹ ਹੋਰ ਧਰਨੇ ਦਾ ਸਾਹਮਣਾ ਨਹੀਂ ਸੀ ਕਰਨਾ ਚਾਹੁੰਦਾ।

ਇਕ ਦਿਨ ਮੈਂ ਬਲਰਾਜ ਨੂੰ ਪੁੱਛਿਆ, 'ਤੈਨੂੰ ਇਹ ਨਹੀਂ ਲੱਗਦਾ ਕਿ ਤੇਰੇ ਅੰਦਰ ਇਕ ਖਾਸ ਵਰਗ ਲਈ ਸਿਰਫ ਵਿਰੋਧ ਹੀ ਭਰਿਆ ਹੋਇਆ। ਤੈਨੂੰ ਉਨ੍ਹਾਂ ਦੀ ਹਰ ਗੱਲ ਪੁੱਠੀ ਲੱਗਦੀ ਆ। ਤੂੰ ਆਪਣੀ ਇਸ ਸੋਚ ਨੂੰ ਥੋੜਾ ਜਿਹਾ ਬਦਲ ਕੇ ਵੇਖ। ਸਾਰੇ ਲੋਕ ਕੋਈ ਇਕੋ ਜਿਹੇ ਨਹੀਂ ਹੁੰਦੇ...।'

ਬਲਰਾਜ ਮੇਰੀ ਗੱਲ ਵਿਚੋਂ ਕੱਟ ਕੇ ਕਹਿਣ ਲੱਗਿਆ, 'ਬਾਈ ਜੀ, ਮੈਂ ਤੁਹਾਡਾ ਇਸ਼ਾਰਾ ਸਮਝਦਾਂ... ਤੁਹਾਡੀ ਗੱਲ ਬਿਲਕੁਲ ਠੀਕ ਆ... ਇਹ ਸੋਚ ਮੇਰੀ ਨਹੀਂ, ਸਰਕਾਰਾਂ ਦੇ ਪਿੱਠੂਆਂ ਦੀ ਆ ਜਿਹੜੇ ਸਾਨੂੰ ਜੁੱਤੀ ਹੇਠਾਂ ਰੱਖਣਾ ਚਾਹੁੰਦੇ ਆ... ਥੋੜੇ ਦਿਨ ਹੋਏ, ਸਾਡੇ ਗੁਆਂਢੀ ਚਿੰਤੂ ਰਾਮਦਾਸੀਏ ਦੇ ਘਰ ਰਿਸ਼ਤੇਦਾਰ ਆਏ ਸੀ। ਸੁਬ੍ਹਾ ਉਹ ਖੇਤ 'ਚ ਜੰਗਲ ਪਾਣੀ ਗਏ ਤਾਂ ਖੇਤ ਆਲੇ ਨੇ ਉਨ੍ਹਾਂ ਨੂੰ ਕੁੱਟਿਆ ਨਾਲੇ ਗੰਦ ਹੱਥਾਂ ਨਾਲ ਚੁਕਵਾ ਕੇ ਘਰ ਨੂੰ ਤੋਰਤਾ... ਬਾਈ ਜੀ ਹੁਣ ਉਹ ਰੋਈ ਜਾਂਦੇ ਨੇ... ਕਹਿੰਦੇ ਇਹਨਾਂ ਹੱਥਾਂ ਨਾਲ ਰੋਟੀ ਖਾਂਦਿਆ ਲੱਗਦਾ ਮੂੰਹ 'ਚ ਗੂੰਹ ਵੜ ਗਿਆ... ਦੱਸੋ ਹੁਣ ਉਨ੍ਹਾਂ ਨੂੰ ਨਵੇਂ ਹੱਥ ਕਿਥੋਂ ਲਿਆ ਕੇ ਦਈਏ...।



ਭਿਓਰਾਂ ਦਾ ਮੁੰਡਾ ਜੱਗਾ, ਸ਼ਹਿਰ ਦਿਹਾੜੀ ਕਰਨ ਜਾਂਦੈ। ਦੁਪਹਿਰੇ ਪਾਰਕ 'ਚ ਜਾ ਕੇ ਰੋਟੀ ਖਾ ਕੇ ਸੌਂ ਜਾਂਦਾ ਸੀ ਘੜੀ ਖਿਣ। ਵਰਦੀ ਅੱਗ 'ਚ ਦਰਖਤਾਂ ਦਾ ਈ ਸਹਾਰਾ। ਹੋਰ ਵੀ ਕਈ ਮਜ਼ਦੂਰ ਜਾਂਦੇ ਨੇ। ਪਰ ਹੁਣ ਕਮੇਟੀ ਵਾਲੇ ਦੁਪਹਿਰੇ ਪਾਰਕ ਨੂੰ ਜਿੰਦਾ ਮਾਰ ਦਿੰਦੇ ਆ, ਕਹਿੰਦੇ ਮਜ਼ਦੂਰ ਘਾਹ ਖਰਾਬ ਕਰਦੇ ਨੇ... ਦਸੋ ਹੁਣ ਮਜ਼ਦੂਰ ਸਿਖਰ ਦੁਪਹਿਰਾ ਕਿਥੇ ਕੱਟਣ। ਗੁੱਸੇ ਆਇਆ ਜੱਗਾ ਕਹਿੰਦਾ ਫਿਰਦਾ ਕਮੇਟੀ ਆਲਿਆਂ ਦੀ ਮੇਰੇ ਹੱਥੋਂ ਮੌਤ ਆਈ ਆ।

ਬਾਈ ਜੀ, ਪਹਿਲਾਂ ਗਰੀਬ ਲੋਕ ਹਾੜੀਆਂ ਵੱਢ ਕੇ ਸਾਲ ਭਰ ਦੇ ਦਾਣੇ 'ਕੱਠੇ ਕਰ ਲੈਂਦੇ ਸੀ। ਹੁਣ ਕੰਬਾਇਨਾਂ ਆ ਗਈਆਂ। ਵਾਢੀਆਂ ਦਾ ਕੰਮ ਹੈਣੀ। ਨਰਮਾ ਵੀ ਹੋਣੋ ਹੱਟ ਗਿਆ। ਕਮਾਦ ਕੋਈ ਬੀਜਦਾ ਨਹੀਂ। ਰੋੜੀ ਕੁੱਟਣ ਵਾਲੀ ਵੀ ਮਸ਼ੀਨ ਆ ਗਈ ਤੇ ਲੈਂਟਰ ਪਾਉਣ ਵਾਲੀ ਵੀ। ਮਜ਼ਦਰ ਕਿਹੜੀ ਮਜ਼ਦੂਰੀ ਕਰੇ। ਅਈ ਝੋਨੇ ਵਾਰੀ ਹੁੰਦੇ... ਹੁਣ ਤਾਂ ਵੱਟਾਂ ਤੋਂ ਘਾਹ ਖੋਤਣ ਬਦਲੇ ਵੀ ਇੱਜ਼ਤ ਦਾ ਸੌਦਾ ਕਰਨਾ ਪੈਂਦਾ... ਗਿੰਦਰ ਨੂੰ ਘਾਹ ਖੋਤਣ ਤੋਂ ਰੋਕ ਤਾ... ਅਖੇ ਤੂੰ ਤਾਂ ਯੂਨੀਅਨ ਨਾਲ ਜਾਣਾਂ ਵਾਂ... ਕੀ ਕਰਦਾ ਵਿਚਾਰਾ, ਅਖੀਰ ਮੱਝਾਂ ਵੇਚਤੀਆਂ... ਕਹਿੰਦਾ ਦੱਸੋ ਹੁਣ ਮੇਰਾ ਕੀ ਵੱਟੂ ਪੱਟ ਲਉਗੇ... ਯੂਨੀਅਨ ਦਾ ਪੱਕਾ ਮੈਂਬਰ ਬਣ ਗਿਆ... ਬਾਈ ਜੀ ਦੁੱਖਾਂ ਦੀ ਬੜੀ ਲੰਬੀ ਕਹਾਣੀ ਆ... ਸਰਕਾਰਾਂ ਆਟਾ ਦਾਲ ਦੇ ਲਾਰੇ ਲਾਈ ਜਾਂਦੇ ਆ ਪੱਲੇ ਕੱਖ ਨੀ ਪੈਂਦਾ। ਮੈਨੂੰ ਇਹ ਵੀ ਪਤਾ ਬਈ ਇਹ ਇਕ ਦੋ ਆਦਮੀਆਂ ਦੀ ਗੱਲ ਨਹੀਂ ਇਸ ਪਿੱਛੇ ਬੜੀ ਵੱਡੀ ਸਰਮਾਏਦਾਰ ਲਾਬੀ ਕੰਮ ਕਰ ਰਹੀ ਆ... ਉਹ ਬਲਰਾਜ ਤੋਂ ਨਹੀਂ ਡਰਦੇ, ਬਲਰਾਜ ਦੀਆਂ ਗੱਲਾਂ ਤੋਂ ਡਰਦੇ ਨੇ... ਕੰਮਾਂ ਤੋਂ ਡਰਦੇ ਨੇ... ਉਹ ਮੇਰੀ ਕੋਈ ਵੁੱਕਤ ਨਹੀਂ ਸਮਝਦੇ। ਮੈਂ ਉਨ੍ਹਾਂ ਦੀ ਨੀ ਸਮਝਦਾ।

ਮੈਨੂੰ ਪਤੈ ਆਪਣੀ ਵੁੱਕਤ ਕਿਵੇਂ ਕਰਾਉਣੀ ਆ। ਮੈਂ ਕਰਾਉਣਾ। ਮੈਨੂੰ ਉਨ੍ਹਾਂ ਦੀ ਮੇਹਰ ਦੀ ਲੋੜ ਨੀ। ਪਰ ਮੈਂ ਆਪਣੇ ਵਡੇਰਿਆਂ ਵਾਂਗ ਰਈ ਰਈ ਨਹੀਂ ਕਰਦਾ। ਮੈਂ ਦੁੱਖਾਂ ਦੀ ਕਹਾਣੀ ਨਹੀਂ ਸੁਣਾਉਂਦਾ। ਮੈਂ ਤਾਂ ਹਿੱਕ ਥਾਪੜ ਕੇ ਕਹਿਣਾ ਉਏ ਤੂੰ ਮੰਨ ਜਾਂ ਨਾ ਮੈਂ ਤਾਂ ਰਾਜਾ ਵਾਂ ਰਾਜਾ... ਕਿ ਨੀ... ਕਈ ਕਹਿਣਗੇ ਭਗਤ ਸਿੰਘ ਤਾਂ ਕਹਿੰਦੇ ਸੀ ਕਿ ਵੋਟਾਂ ਨਾਲ ਜਿੱਤਾਂਗੇ ਤਾਂ ਵੀ ਰਾਜ ਤਾਂ ਵੱਡਿਆਂ ਨੇ ਈ ਕਰਨਾ... ਜਿੰਨਾ ਚਿਰ ਇਹ ਮਰਦੇ ਨੀਂ, ਸਾਡੀ ਵਾਰੀ ਨੀਂ ਆਉਣੀ... ਪਤਾ ਨੀਂ ਉਹ ਕਿਹੜੇ ਭਗਤ ਸਿਓਂ ਦੀ ਗੱਲ ਕਰਦੇ ਆ... ਐਵੀਂ ਮਾਰੀ ਜਾਂਦੇ ਆ... ਮਾਇਆਵਤੀ ਨੀਂ ਬਣੀ ਬੈਠੀ ਰਾਣੀ... ਜੱਟ, ਬਾਹਮਣ, ਬਾਣੀਏ ਮੁੜਦੇ ਫਿਰਦੇ ਆ ਉਹਦੇ ਮਗਰ ਮਗਰ... ਬਾਮੇ ਨੂੰ ਕੀ ਲੂਲਾਂ ਲੱਗੀਆਂ... ਜਿਵੇਂ ਐਥੇ ਗਰੀਬਾਂ ਦੀ ਦੁਰਦਸ਼ਾ ਉਥੇ ਕਾਲਿਆਂ ਦੀ ਆ... ਮਰੀਕਾ 'ਚ... ਕਿ ਨੀ... ਪਰ ਵੋਟਾਂ ਨੇ ਬਣਾਤਾ ਨਾ ਬਾਮੇ ਨੂੰ ਪ੍ਰਧਾਨ ਮੰਤਰੀ... ਮਗਰ ਲੱਗੇ ਕਿਸੇ ਕੰਜਰ ਦੇ... ਕੰਜਰ ਦਿਓ ਵੋਟਾਂ ਦਾ ਰਾਜ ਆ ਵੋਟਾਂ ਦਾ... ਕੱਠੇ ਹੋ ਜੋ ਗੇ ਤਾਂ ਆਪਣਾ ਰਾਜਾ ਬਣਾ ਲੋ ਗੇ। ਨਹੀਂ ਤਾਂ ਮੋਟੇ ਢਿੱਡਾਂ ਆਲਿਆਂ ਨੇ ਈ ਨਹੀਂ ਤੁਹਾਡਾ ਖਹਿੜਾ ਛੱਡਣਾ...।

ਬਾਈ ਜੀ ਹੋਰ ਗੱਲ ਸੁਣ ਲੋ... ਸਾਡੇ ਪਿੰਡ ਕਲੱਬ ਆਲੇ ਸ਼ਹੀਦ ਭਗਤ ਸਿੰਘ ਦਾ ਸ਼ਰਧਾਂਜਲੀ ਸਮਾਰੋਹ ਮਨਾਉਣ ਲੱਗਪੇ... ਆਹ ਸ਼ਾਮਿਆਨਾ ਲਾਇਆ ਕੋਠਾਂ ਦੇ ਕਿਲਿਆਂ

'ਚ... ਸਟੇਜ ਤੇ ਮੋਟੀਆਂ ਗੱਦੀਆਂ ਆਲੇ ਸੋਫੇ... ਤੇ ਭਗਤ ਸਿੰਘ ਦੀ ਫੋਟੋ ਤੂਛ ਗਿੱਠ ਦੀ... ਨਿੱਕੀ ਜਿਹੀ, ਸਟੇਜ ਦੀ ਇਕ ਨੁਕਰੇ ਰੱਖ ਤੀ... ਮੰਤਰੀ ਦੇ ਹਾਰ ਪਾਇਆ ਕੁਇੰਟਲ ਫੁੱਲਾਂ ਦਾ ਤੇ ਭਗਤ ਸਿੰਘ ਦੀ ਫੋਟੋ ਕੋਲ ਬੁੱਕ ਕੁ ਫੁੱਲਾਂ ਦੀਆਂ ਪੱਤੀਆਂ... ਮੁਰਝਾਈਆਂ... ਜਿਹੜਾ ਕੋਈ ਆਵੇ ਦੋ ਕੁ ਚੁੱਕ ਕੇ ਭਗਤ ਸਿੰਘ ਦੀ ਫੋਟੋ 'ਤੇ ਸਿੱਟ ਦੇਵੇ ਤੇ ਹੱਥ ਜੋੜ ਕੇ ਟੇਢੀ ਜਿਹੀ ਨਿਗ੍ਹਾ ਨਾਲ ਮੰਤਰੀ ਵੱਲ ਵੇਖ ਕੇ ਸਿਰ ਝੁਕਾ ਦਵੇ। ਮੈਂ ਵੇਖੀ ਗਿਆ... ਬਈ ਸਾਲਿਓ ਸ਼ਰਧਾਂਜਲੀ ਸਮਾਰੋਹ ਭਗਤ ਸਿੰਘ ਦਾ ... ਉਹਦੀ ਅੱਖ ਨਾਲ ਅੱਖ ਮਿਲਾਓ ... ਕਿ ਨੀਂ... ਮੰਤਰੀ ਬੋਲਣ ਲੱਗਿਆ ਤਾਂ ਟੈਂਟ ਦੀਆਂ ਸਿਫਤਾਂ ਕਰੀ ਜਾਵੇ... ਕੁਰਸੀਆਂ ਲਾਉਣ ਵਾਲੇ ਨੂੰ ਸ਼ਬਾਸ਼ੇ ਦਈ ਜਾਵੇ... 'ਕੱਠ ਕਰਨ ਵਾਲਿਆਂ ਦਾ ਗੁੱਡਾ ਬੰਨ੍ਹੀ ਜਾਵੇ... ਆਪਣੀ ਸਰਕਾਰ ਦੇ ਗੁਣ ਗਾਈ ਜਾਵੇ... ਆਪਣਾ ਵੀ ਟੱਟੂ ਦੱਬੀ ਗਿਆ, ਅੱਧਾ ਘੰਟਾ... ਮੈਥੋਂ ਰਿਹਾ ਨਾ ਗਿਆ... ਮੈਂ ਉਠਿਆ ਭਗਤ ਸਿੰਘ ਦੀ ਫੋਟੋ ਨੂੰ ਹੱਥ ਜੋੜ ਕੇ ਨਮਸਕਾਰ ਕੀਤਾ ਤੇ ਸਾਫੇ ਦੇ ਲੜ ਵਲੇਟ ਕੇ ਲੈ ਤੁਰਿਆ... ਸਾਰੇ ਝਾਕੀ ਗਏ ਪਰ ਕਿਸੇ ਨੇ ਰੋਕਣ ਦੀ ਹਿੰਮਤ ਨੀ ਕੀਤੀ... ਭਗਤ ਸਿੰਘ ਦਾ ਤਾਂ ਬਹਾਨਾ ਸੀ, ਅਸਲ 'ਚ ਕਲੱਬ ਆਲਿਆਂ ਨੇ ਮੰਤਰੀ ਦੀ ਜੀ ਹਜ਼ੂਰੀ ਕਰਕੇ ਗਰਾਂਟ ਲੈਣੀ ਸੀ ਤੇ ਲੈ ਲੀ...।' ਉਸਨੇ ਮੇਰੀ ਇਕ ਗੱਲ ਦਾ ਅੱਧੇ ਘੰਟੇ 'ਚ ਜਵਾਬ ਦਿੱਤਾ ਤਾਂ ਮੇਰੇ ਕੋਲ ਹੋਰ ਸਵਾਲ ਕਰਨ ਦੀ ਹਿੰਮਤ ਨਹੀਂ ਸੀ ਰਹੀ।

ਇਕ ਵਾਰ ਸੰਪਾਦਕ ਨੇ 'ਖੇਤੀ ਅਧਾਰਿਤ ਲੋਕਾਂ ਦੀ ਦਸ਼ਾ ਤੇ ਦਿਸ਼ਾ' ਵਿਸ਼ੇ 'ਤੇ ਵਿਸ਼ੇਸ਼ ਰਿਪੋਰਟ ਮੰਗ ਲਈ। ਮੈਂ ਕਾਫੀ ਮੈਟਰ ਇਕੱਠਾ ਕੀਤਾ। ਗੱਲਬਾਤ ਨੂੰ ਸਿਰੇ ਲਾਉਣ ਲਈ ਮੱਖਣ ਸਿੰਘ ਤੇ ਬਲਰਾਜ ਸਿੰਘ ਦੇ ਵਿਚਾਰ ਹੂਬਹੂ ਪਾ ਦਿੱਤੇ। ਮੱਖਣ ਸਿੰਘ ਨੇ ਆਖਿਆ,' ਕੁਦਰਤੀ ਢਾਂਚੇ 'ਚ ਆਏ ਵਿਗਾੜ ਤੇ ਮਾੜੇ ਸਰਕਾਰੀ ਪ੍ਰਬੰਧਾਂ ਨੇ ਤਾਂ ਕਿਸਾਨੀ ਨੂੰ ਮਾਰੂ ਸੱਟ ਮਾਰੀ ਈ ਆ, ਪਰ ਕਿਸਾਨਾਂ ਦੀ ਆਪਣੀ ਸੋਚ ਵੀ ਇਸ ਲਈ ਜ਼ਿੰਮੇਵਾਰ ਆ... ਸਾਡੇ ਪਿੰਡ ਦੇ ਇਕ ਕਿਸਾਨ ਦੀ ਸਾਰੀ ਡੇਢ ਕਿਲਾ ਜ਼ਮੀਨ ਫੋਕਲ ਪੁਆਇੰਟ ਲਾਗੇ ਆ ਗਈ... ਢਾਈ ਕ੍ਰੋੜ 'ਚ ਵੇਚ ਦਿੱਤੀ, ਚੰਗੀ ਗੱਲ ਆ... ਕੋਠੀ ਪਾ ਲੀ, ਇਹ ਵੀ ਠੀਕ ਹੋ ਗਿਆ... ਕਾਰ ਲੈ ਲੀ, ਚੱਲੋ ਲੋੜ ਹੋਊ... ਪਰ ਜਿਹੜੀ ਗੱਲ ਗਲਤ ਹੋਈ ਉਹ ਇਹ ਕਿ ਹੁਣ ਉਹ ਵਿਹਲਾ ਹੋ ਗਿਆ... ਲੀਡਰੀ ਕਰਨ ਲੱਗ ਗਿਆ... ਸਰਪੰਚ ਖੜਾ ਹੋ ਗਿਆ... ਚੁੱਕਾਂ ਦੇਣ ਵਾਲਿਆਂ ਨੇ ਪੈਸੇ ਲਵਾ ਤੇ... ਕੰਮ ਕੋਈ ਕੀਤਾ ਨੀਂ, ਨਾ ਪੈਸਾ ਸੰਭਾਲਿਆ... ਹੁਣ ਖਾਲੀ ਹੱਥ ਛੈਂ ਛੈਂ ਵੱਜਦਾ ਫਿਰਦੈ... ਮੁੰਡਾ ਨਸ਼ੇ ਕਰਨ ਲੱਗ ਪਿਆ... ਆਪਦਾ ਦਿਮਾਗ ਹਿੱਲ ਗਿਆ... ਹੁਣ ਦੱਸੋ ਐਥੇ ਕਿਸਦਾ ਕਸੂਰ ਆ... ਮੈਂ ਤਾਂ ਇਹ ਕਹਿਣਾ ਕਿ ਜਦੋਂ ਤੱਕ ਸਾਡੇ ਦਿਮਾਗ ਵਿਚੋਂ ਜੱਟ ਵਾਲੀ ਆਕੜ ਨਿਕਲ ਕੇ ਵਪਾਰੀ ਵਾਲੀ ਸਮਝ ਨੀਂ ਵੜਦੀ ਉਸਦਾ ਕੋਈ ਭਲਾ ਨਹੀਂ ਕਰ ਸਕਦਾ... ਸਰਕਾਰਾਂ ਵਿਚ ਬੈਠੇ ਜੱਟ ਸਾਨੂੰ ਆਪਣੇ ਲੱਗਦੇ ਆ ਪਰ ਅਸਲ ਵਿਚ ਉਹ ਜੱਟ ਨਹੀਂ ਸਿਰਫ ਰਾਜਨੇਤਾ ਨੇ, ਜਿਹਨਾਂ ਲੋਕਾਂ ਦੀਆਂ ਸਿਰੀਆਂ 'ਤੇ ਪੈਰ ਰੱਖ ਕੇ ਰਾਜ ਕਰਨਾ ਹੁੰਦਾ ਹੈ, ਬੱਸ ਜਦੋਂ ਇਹ ਗੱਲ ਸਾਨੂੰ ਸਮਝ ਆ ਗਈ ਉਦੋਂ ਹੀ ਪਿੰਡਾਂ 'ਚ ਰੱਬ ਵਸੂਗਾ... ਕਹਿੰਦੇ ਨੇ ਚਿੱਤੜ ਤੇ ਸਿਰ ਉਹੀ ਹਜ਼ਮ ਕਰਦੇ ਨੇ ਜਿਨ੍ਹਾਂ ਦੀ ਉਨ੍ਹਾਂ ਨੂੰ ਆਦਤ ਪਾ ਦਿੱਤੀ ਜਾਂਦੀ ਹੈ... ਜੇਕਰ



ਕੋਈ ਓਪਰੀ ਚੀਜ਼ ਦਿਓ ਤਾਂ ਉਲਟੀ ਕਰ ਦਿੰਦੇ ਨੇ... ਪਰ ਮੈਂ ਉਲਟੀ ਨਹੀਂ ਕਰਦਾ, ਮੈਂ ਸਭ ਕੁਝ ਹਜ਼ਮ ਕਰ ਲੈਣਾ... ਕਿਉਂਕੇ ਮੈਂ ਆਪਣੀ ਸੋਚ ਬਦਲੀ ਹੋਈ ਆ... ਅਸੀਂ ਕਿਸਾਨ ਤੇ ਮਜ਼ਦੂਰ ਇਕੋ ਜਿਹੇ ਹਾਂ...।'

ਬਲਰਾਜ ਸਿੰਘ ਨੇ ਆਪਣੇ ਅੰਦਾਜ਼ ਵਿਚ ਆਪਣੇ ਵਰਗ ਦੀ ਅਗਵਾਈ ਕਰਦਿਆਂ ਕਿਹਾ, 'ਮੇਰੀ ਮਾਂ ਨੇ ਪੰਜਾਹ ਰੁਪਏ ਲਏ ਸੀ ਬਾਪੂ ਦੇ ਸਸਕਾਰ ਵੇਲੇ ਨੰਬਰਦਾਰ ਕਿਆਂ ਤੋਂ... ਵਿਆਜ 'ਚ ਉਹ ਕਈ ਵਰ੍ਹੇ ਪਸ਼ੂਆਂ ਦਾ ਗੋਹਾ ਮੂਤ ਸਿਰ 'ਤੇ ਚੁੱਕਦੀ ਰਹੀ... ਟੱਟੀਆਂ ਸਾਫ ਕਰਦੀ ਰਹੀ... ਜਦੋਂ ਮੈਂ ਵੱਡਾ ਹੋਇਆ ਤਾਂ ਬੇਬੇ ਦੇ ਕਰਜ਼ੇ ਦਾ ਪਤਾ ਲੱਗਿਆ ਤਾਂ ਦਿਹਾੜੀਆਂ ਕਰਕੇ ਹਜ਼ਾਰ ਰੁਪਈਆ ਕਮਾਇਆ ਤੇ ਲਿਆ ਕੇ ਨੰਬਰਦਾਰ ਦੇ ਹੱਥ 'ਤੇ ਰੱਖ ਤਾ... ਕਹਿੰਦਾ ਗਾਹਦੇ... ਮੈਂ ਕਿਹਾ ਕਿ ਪੰਜਾਹ ਤਾਂ ਮੇਰੀ ਮਾਂ ਦੇ ਜਿਹੜੇ ਥੋਡੇ ਤੋਂ ਕਰਜ਼ਾ ਲਿਆ ਸੀ ਤੇ ਬਾਕੀ ਹੁਣ ਤੱਕ ਦੇ ਵਿਆਜ ਦੇ... ਬਿੱਟ ਬਿੱਟ ਝਾਕੇ ਨੰਬਰਦਾਰ... ਮੈਂ ਕਿਹਾ ਇਹ ਤਾਂ ਹੋ ਹੋਇਆ ਤੇਰੇ ਵਾਲਾ ਹਿਸਾਬ ਆ... ਕਾਨੂੰਨ ਦੇ ਹਿਸਾਬ ਦਾ ਉਦੋਂ ਪਤਾ ਲੱਗੂ ਜਦੋਂ ਮੈਂ ਬੀਬੀ ਦੀਆਂ ਦਿਹਾੜੀਆਂ ਤੇ ਉਹਦੇ ਵਿਆਜ ਦਾ ਹਿਸਾਬ ਜੱਜ ਤੋਂ ਕਰਾ ਕੇ ਤੇਰੀ ਜ਼ਮੀਨ ਕੁਰਕ ਕਰਨ ਆਇਆ... ਕਿ ਨੀ... ਮੈਂ ਤਾਂ ਇਹ ਕਹਿਣਾ ਕਿ ਸਾਨੂੰ ਜਾਗਣ ਦੀ ਲੋੜ ਆ, ਜਦੋਂ ਤੱਕ ਅਸੀਂ ਜਾਗਦੇ ਨੀ ਸਾਡਾ ਸ਼ੋਸ਼ਣ ਹੋਈ ਜਾਊ... ਇਹ ਸ਼ੋਸ਼ਣ ਸਿਰਫ ਜਥੇਬੰਦ ਹੋ ਕੇ ਰੋਕਿਆ ਜਾ ਸਕਦਾ ਹੈ।'

ਮੇਰੀ ਰਿਪੋਰਟ ਪ੍ਰਕਾਸ਼ਿਤ ਹੋਈ। ਮੁੱਖ ਸੰਪਾਦਕ ਵੱਲੋਂ ਸ਼ਾਬਾਸ਼ੀ ਮਿਲੀ। ਮੈਂ ਬਲਰਾਜ ਨੂੰ ਦੱਸਿਆ ਤਾਂ ਉਹ ਬਹੁਤ ਖੁਸ਼ ਹੋਇਆ। ਫਿਰ ਕਹਿਣ ਲੱਗਿਆ ਬਾਈ ਜੀ, ਸਰਕਾਰ ਨੇ ਆਹ ਨਵਾਂ ਈ ਕੰਮ ਸ਼ੁਰੂ ਕਰ ਤਾ... ਗਰੀਨ ਹੰਟ ਆਪ੍ਰੇਸ਼ਨ ਦੇ ਨਾਂ ਥੱਲੇ ਗਰੀਬਾਂ ਦਾ ਸ਼ਿਕਾਰ ਕਰੀ ਜਾਂਦੀ ਆ। ਬੜੀ ਮਾੜੀ ਗੱਲ ਆ। ਤੁਸੀਂ ਕੁਝ ਲਿਖੋ ਤਾਂ... ਕਿ ਨੀਂ... ਅਏਂ ਤਾਂ ਲੋਕ ਬਾਗੀ ਹੋ ਜਾਣਗੇ। ਕਹਿੰਦੇ ਨੇ ਜਿਹੜਾ ਕੋਈ ਗਰੀਨ ਹੰਟ ਦੇ ਖਿਲਾਫ ਬੋਲਦਾ ਪੁਲਸ ਉਸਨੂੰ ਮਾਓਵਾਦੀ ਬਣਾ ਕੇ ਅੰਦਰ ਸਿੱਟ ਦਿੰਦੀ ਆ... ਬਾਈ ਜੀ... ਦੱਸਦੇ ਆ ਬਈ ਓਧਰ ਜੰਗਲਾਂ ਕੰਨੀ ਪਿੰਡਾਂ ਦੇ ਪਿੰਡ ਅੱਗ ਲਾ ਕੇ ਸਾੜਤੇ ਪੁਲਸ ਨੇ... ਬੱਚੇ, ਬੁੱਢੇ ਤੇ ਜਨਾਨੀਆਂ ਨੀ ਛੱਡੀਆਂ... ਮਾਓਵਾਦੀਆਂ ਨੇ ਬੰਦੂਕ ਚੁੱਕ ਲਈ... ਹੁਣ ਬੰਦੂਕ ਖੋਹਣ ਦੀ ਨਹੀਂ ਬੰਦੂਕ ਚੁਕਣ ਪਿਛਲੇ ਕਾਰਨ ਲੱਭਣ ਦੀ ਲੋੜ ਆ... ਸਰਕਾਰ ਸੋਚਦੀ ਆ ਬਈ ਇਹ ਸੋਟਾ ਜਾਂ ਪੈਸਾ ਜਾਂ ਬੰਦੂਕ ਨਾਲ ਕਾਬੂ ਹੋ ਜਾਣ... ਪਰ ਇਹ ਗਲਤ ਹੈ... ਮਾਓਵਾਦੀ ਬਿਮਾਰੀ ਠੀਕ ਪਰ ਇਲਾਜ ਗਲਤ... ਪਰਜਾਤੰਤਰ ਅੰਦੋਲਨ ਨੂੰ ਸਰਕਾਰ ਦੱਬ ਦਿੰਦੀ ਹੈ... ਬਕਾ ਬਕਾ ਕੇ ਮਾਰ ਦਿੰਦੀ ਆ... ਆਪਣੇ ਬਣਾਏ ਹੀ ਕਾਨੂੰਨ ਲਾਗੂ ਨਹੀਂ ਕਰਦੀ... ਇਕ ਰੁਪਈਆ ਪਹਿਲਾਂ ਲੋਕਾਂ ਤੋਂ ਲੈ ਲਿਆ ਫਿਰ ਆਪਣੇ ਤਰੀਕੇ ਨਾਲ ਆਪਣੀ ਮਸ਼ੀਨਰੀ ਰਾਹੀਂ ਲੋਕਾਂ ਦੇ ਭਲੇ ਲਈ ਖਰਚ ਕਰਨ ਭੇਜਦੇ ਹਨ... ਇਹ ਕਿਉਂ... ਲੋਕਾਂ 'ਤੇ ਇਤਬਾਰ ਹੋਨੀ... ਆਪਣੇ ਇਕ ਪਿੰਡ 'ਚ ਸਰਕਾਰ ਨੇ ਲੋਕਾਂ ਦੀ ਮਰਜ਼ੀ ਤੋਂ ਬਿਨਾ ਜੇਲ੍ਹ ਬਣਾਉਣ ਦੇ ਹੁਕਮ ਚਾੜਤੇ... ਲੋਕਾਂ ਨੇ ਅੰਦੋਲਨ ਕੀਤਾ... ਲੀਡਰ ਆਪਣੀਆਂ ਰੋਟੀਆਂ ਪੱਕਦੀਆਂ ਰੱਖਣ ਲਈ ਚੁੱਲ੍ਹਾ ਤਪਾਈ ਰੱਖਦੇ ਆ... ਇਹ ਚੁੱਲ੍ਹਾ ਲੋਕਾਂ ਦੀਆਂ ਹੱਡੀਆਂ ਨਾਲ ਬੱਲਦੈ... ਲੋਕ ਕਹਿੰਦੇ ਕੋਈ ਮਿੱਲ ਬਣਾ ਦਿਓ,

ਬਿਜਲੀ ਘਰ ਬਣਾ ਦਿਓ, ਵਾਟਰ ਵਰਕਸ ਬਣਾ ਦਿਓ, ਸਕੂਲ ਕਾਲਜ ਬਣਾ ਦਿਓ... ਸਰਕਾਰ ਕਹਿੰਦੀ ਇੱਥੇ ਤਾਂ ਜੇਲ ਹੀ ਬਣੂ... ਲੋਕ ਕਹਿੰਦੇ ਫਾਇਦਾ... ਲੀਡਰ ਕਹਿੰਦੇ ਜੇਲ ਜਾਣਾ ਸੌਖਾ ਹੋ ਜੂ... ਮੁਲਾਕਾਤ ਕਰਨੀ ਸੌਖੀ ਹੋ ਜੂ... ਐਹੋ ਜਿਹੀ ਤਾਂ ਸੋਚ ਆ ਸਾਡੀ ਸਰਕਾਰ ਦੀ... ਲੋਕਾਂ ਦੇ ਵਿਕਾਸ ਦੇ ਨਾਂ 'ਤੇ ਬਾਹਰਲੀਆਂ ਕੰਪਨੀਆਂ ਦਾ ਵਿਕਾਸ ਕੀਤਾ ਜਾਂਦੈ... ਬਿਜਲੀ ਘਰਾਂ ਦਾ ਨਿੱਜੀਕਰਨ ਕਰਕੇ ਹਜ਼ਾਰਾਂ ਬਿਜਲੀ ਘਰਾਂ ਹੇਠਲੀ ਅਰਬਾਂ ਰੁਪਏ ਦੀ ਜ਼ਮੀਨ ਅਤੇ ਮਸ਼ੀਨਰੀ ਦੀ ਮਾਲਕੀ ਸਰਮਾਏਦਾਰਾਂ ਨੂੰ ਦੇ ਦਿੱਤੀ... ਇਸ ਨਾਲ ਲੋਕਾਂ ਦਾ ਜੀਵਨ ਪੱਧਰ ਕਿਵੇਂ ਉੱਚਾ ਹੋਊ... ਮੁਲਕ 'ਚ ਕੰਪਨੀਆਂ ਫੈਕਟਰੀਆਂ ਵੱਧਦੀਆਂ ਜਾਂਦੀਆਂ ਨੇ ਪਰ ਲੋਕ ਗਰੀਬ ਹੁੰਦੇ ਜਾ ਰਹੇ ਹਨ, ਕਿਉਂ... ਬਾਈ ਜੀ ਤੁਸੀਂ ਲਿਖੋ ਕੁਝ... ਜੇ ਅੱਜ ਦਾਂਤੇਵਾੜ ਦਾ ਨੰਬਰ ਆਇਆ ਹੈ ਕੱਲ ਸਾਡਾ ਵੀ ਆਊਗਾ।'

ਮੈਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਬਲਰਾਜ ਮੇਰੇ ਨਾਲ ਗੱਲ ਕਰ ਰਿਹਾ ਜਾਂ ਸਟੇਜ 'ਤੇ ਖੜਾ ਭਾਸ਼ਨ ਦੇ ਰਿਹਾ। ਉਸਦੀ ਅੱਖਾਂ ਮੂਹਰੇ ਯਕੀਨਣ ਕੋਈ ਹੋਰ ਦ੍ਰਿਸ਼ ਸੀ।

ਅੱਜ ਇਹ ਸਾਰੇ ਦ੍ਰਿਸ਼ ਮੇਰੀਆਂ ਅੱਖਾਂ ਮੂਹਰੇ ਉਦੋਂ ਦੇ ਘੁੰਮ ਰਹੇ ਨੇ ਜਦੋਂ ਦਾ ਮੱਖਣ ਸਿੰਘ ਮੈਨੂੰ ਇਕ ਪ੍ਰੈਸ ਨੋਟ ਦੇ ਕੇ ਗਿਆ। ਇਸ ਪ੍ਰੈਸ ਨੋਟ ਵਿਚ ਆਪ੍ਰੇਸ਼ਨ ਗਰੀਨ ਹੰਟ ਵਿਰੋਧੀ ਫਰੰਟ ਦੀ ਕਨਵੈਨਸ਼ਨ ਸਬੰਧੀ ਬਲਰਾਜ ਸਿੰਘ ਤੇ ਉਸਦੀ ਬਿਰਧ ਮਾਤਾ ਸਣੇ ਕਈਆਂ ਨੂੰ ਮਾਓਵਾਦੀ ਕਾਰਕੁੰਨਾਂ ਦੀ ਮਦਦ ਕਰਨ ਦੇ ਦੋਸ਼ 'ਚ ਪੁਲੀਸ ਵੱਲੋਂ ਕੀਤੀ ਗ੍ਰਿਫਤਾਰੀ ਦੀ ਨਿੰਦਾ ਤੇ ਅਗਲੇ ਸੰਘਰਸ਼ ਦੀ ਰੂਪ ਰੇਖਾ ਦੱਸੀ ਗਈ ਸੀ। ਮੈਨੂੰ ਇਕ ਵਾਰ ਫਿਰ ਤ੍ਰੇਲੀਆਂ ਆ ਗਈਆਂ ਜਿਸ ਤਰ੍ਹਾਂ ਬਲਰਾਜ ਦੀ ਮਾਂ ਨੂੰ ਹੋਏ ਕੈਂਸਰ ਦਾ ਪਤਾ ਲੱਗਣ 'ਤੇ ਆਈਆਂ ਸੀ ਤੇ ਬਲਰਾਜ ਹੋਰਾਂ ਨੇ ਇਸਦੀ ਕੋਈ ਪਰਵਾਹੀ ਨਹੀਂ ਸੀ ਕੀਤੀ।

—o—

## ਧੂੜ/ਭਗਵੰਤ ਰਸੂਲਪੁਰੀ

"ਸਰਦਾਰ ਜੀ! ਆਪਾਂ ਪਹਿਲਾਂ ਮੱਲ੍ਹ ਕੇ ਟੱਬਰ ਵੱਲ ਗੇੜਾ ਨਾ ਕੱਢ ਆਈਏ?" ਪਵਿੱਤਰ ਕੇ ਘਰ ਡੰਗਰਾਂ ਨੂੰ ਸਾਂਭਣ ਵਾਲਾ ਚਮਾਹਲੀ ਦਾ ਦੂੰਕੀ ਅੱਚਆਈ ਵਿਚ ਕਹਿੰਦਾ ਏ।

"ਉਏ ਭਲਿਆ ਮਾਣਸਾ ਉਧਰ ਹੀ ਤਾਂ ਚੱਲੇ ਆਂ। ਭਲਾ ਵਿਹੜੇ ਤੋਂ ਬਗੈਰ ਮੈਂ ਸਰਪੰਚ ਕਿਵੇਂ ਬਣ ਸਕਦਾਂ। ਮੱਲ੍ਹ ਵੱਲ ਅੰਮ੍ਰਿਤ ਵੇਲੇ ਜਾਣਾ ਚੰਗਾ ਨਹੀਂ ਲੱਗਦਾ... ਕਮਲਿਆ ਕੰਨਾਂ 'ਚ ਅੰਮ੍ਰਿਤ ਵੇਲੇ ਦੀ ਗੁਰਬਾਣੀ ਪੈਂਦੀ ਆ... ਉਧਰ ਨੂੰ ਉਦੋਂ ਜਾਵਾਂਗੇ ਜਦੋਂ ਇਕ ਦੋ ਪੈੱਗ ਲੱਗੇ ਹੋਣਗੇ, ਨਹੀਂ ਤਾਂ....।" ਖਚਰਾ ਬਣ ਕੇ ਪਵਿੱਤਰ ਸਿੰਘ ਅੰਧੀ ਗੱਲ ਵਿਚੇ ਹੀ ਖਾ ਜਾਂਦਾ ਏ।



ਇਹ ਬਾਠਾ ਪਿੰਡ ਦੇ ਪਵਿੱਤਰ ਸਿੰਘ ਸੰਧੂ ਦੇ ਘਰ ਦਾ ਦ੍ਰਿਸ਼ ਏ। ਸਾਝਰੇ ਦਾ ਵੇਲਾ ਏ... ਅਸਮਾਨ 'ਚ ਧੂੜ ਦੇ ਗੁਬਾਰ ਨੇ... ਚਮਾਹਲੀ ਵਿਚੋਂ ਪਵਿੱਤਰ ਕੇ ਘਰ ਲੱਗਾ ਹੋਇਆ ਕਾਮਾ ਦੂੰਕੀ ਜਦੋਂ ਜਾਗ ਖੁੱਲ੍ਹਦੀ ਏ, ਉਦੋਂ ਹੀ ਹਵੇਲੀ ਵੱਲ ਨੂੰ ਭੱਜ ਆਉਂਦਾ ਏ। ਅੱਜ ਵੀ ਅੱਖਾਂ 'ਚ ਪੈ ਰਹੀ ਧੂੜ ਦੀ ਪਰਵਾਹ ਕੀਤੇ ਬਗੈਰ ਉਹ ਤੁਰ ਪਿਆ ਏ। ਦੂੰਕੀ ਇਥੇ ਹੀ ਸਵੇਰ ਦੀ ਚਾਹ ਪੀਂਦਾ ਏ ਤੇ ਡੰਗਰਾਂ ਨਾਲ ਡੰਗਰ ਹੋ ਜਾਂਦਾ ਏ ...ਮਿੱਟੀ ਨਾਲ ਮਿੱਟੀ ਹੋ ਜਾਂਦਾ ਏ। ਦੂੰਕੀ ਕੇ ਟੱਬਰ ਦਾ ਇਕ ਹੋਰ ਨੌਕਰ ਹੈ ਤਿੱਕੀ... ਇਹ ਨਾਂ ਪਵਿੱਤਰ ਸਿੰਘ ਹੁਰਾਂ ਨੇ ਰੱਖੇ ਹੋਏ ਨੇ... ਪਹਿਲਾਂ ਪਹਿਲਾਂ ਉਨ੍ਹਾਂ ਨੂੰ ਆਪਣੇ ਅਸਲ ਨਾਂ ਚੇਤੇ ਸਨ ਪਰ ਹੁਣ ਇਹ ਨਾਂ ਘਾਸੇ ਪੈ ਗਏ ਨੇ... ਜਦੋਂ ਵੀ ਦੂੰਕੀ-ਤਿੱਕੀ ਦੀ 'ਵਾਜ ਪੈਂਦੀ ਏ ਤਾਂ ਝੱਟ ਕੰਨ ਖੜ੍ਹੇ ਕਰ ਲੈਂਦੇ ਨੇ। ਇਹ ਬਾਠਾ ਪਿੰਡ ਦਾ ਚੜ੍ਹਦਾ ਪਾਸਾ ਏ... ਪਵਿੱਤਰ ਕੇ ਘਰ ਤੇ ਹਵੇਲੀ ਦਾ ਖੁੱਲ੍ਹਾ ਵਿਹੜਾ ਏ। ਜਿੱਥੇ ਟਰੈਕਟਰ, ਟਰਾਲੀਆਂ, ਹਲ, ਪੱਠੇ ਕੁਤਰਨ ਵਾਲੀ ਮਸ਼ੀਨ ਤੇ ਨਾਲ ਪਸ਼ੂ ਖੜ੍ਹੇ ਦਿਖਾਈ ਦਿੰਦੇ ਨੇ। ਥੋੜ੍ਹੀ ਜਿਹੀ ਧੌਣ ਘੁਮਾਉਂਦੇ ਹਾਂ ਤਾਂ ਗੁਰਦੁਆਰਾ ਸਿੰਘ ਸਭਾ ਦਾ ਨਿਸ਼ਾਨ ਸਾਹਿਬ ਦਿਖਦਾ ਏ... ਉਸ ਵੇਲੇ ਗੁਰਦੁਆਰੇ ਦੇ ਸਪੀਕਰ ਵਿਚੋਂ ਗੁਰਬਾਣੀ ਦਾ ਪਾਠ ਹੋਣ ਦੀ ਆਵਾਜ਼ ਉਭਰਦੀ ਏ ਅਤੇ ਮੇਰੇ ਮਨ ਦਾ ਕੈਮਰਾ ਸਰਪੰਚ ਦੀ ਚੋਣ ਲੜ ਰਹੇ ਸਰਦਾਰ ਪਵਿੱਤਰ ਸਿੰਘ ਸੰਧੂ 'ਤੇ ਫੋਕਸ ਹੁੰਦਾ ਏ, ਜਿਹੜਾ ਕਿ ਆਪਣੇ ਪੰਜ ਸੱਤ ਸਾਥੀਆਂ ਨਾਲ ਪਿੰਡ ਦੀ ਚਮਾਹਲੀ ਵੱਲ ਚੋਣ ਪ੍ਰਚਾਰ ਲਈ ਜਾ ਰਹੇ ਨੇ। ਪਵਿੱਤਰ ਸਿੰਘ ਨੇ ਚਿੱਟਾ ਕੁਰਤਾ ਪਜਾਮਾ ਤੇ ਨੀਲੀ ਪੱਗ ਬੰਨ੍ਹੀ ਹੋਈ ਏ। ਉਸ ਦੇ ਤਿੰਨ ਸਾਥੀਆਂ ਦੇ ਵੀ ਇਸੇ ਤਰ੍ਹਾਂ ਦੇ ਕੱਪੜੇ ਪਾਏ ਹੋਏ ਨੇ। ਉਨ੍ਹਾਂ ਵਿਚ ਦੋ ਬੰਦੇ ਚਮਾਹਲੀ ਦੇ ਨੇ ਜਿਹੜੇ ਪਵਿੱਤਰ ਦੇ ਖੇਤਾਂ ਵਿਚ ਪੀੜ੍ਹੀਆਂ ਤੋਂ ਕੰਮ ਕਰਦੇ ਆ ਰਹੇ ਨੇ, ਉਨ੍ਹਾਂ ਦੇ ਕੱਪੜੇ ਪੁਰਾਣੇ ਅਤੇ ਮੈਲੇ ਨੇ, ਪੈਰਾਂ ਵਿਚ ਚੱਪਲਾਂ ਨੇ। ਸਿਰਾਂ ਉੱਤੇ ਸਾਫ਼ੇ ਬੰਨ੍ਹੇ ਹੋਏ ਨੇ। ਉਨ੍ਹਾਂ ਦੇ ਹੱਥਾਂ ਵਿਚ ਸਰਪੰਚੀ ਦੇ ਪਰਚਾਰ ਵਾਲੇ ਪਰਚੇ ਫੜੇ ਹੋਏ ਨੇ।

ਤੁਰਿਆ ਜਾਂਦਾ ਬਿੱਕਰ ਪੁੱਛਦਾ ਏ, "ਸਰਪੰਚ ਸਾਹਿਬ ਆਪਾ ਪੈੱਗ ਲਾ ਕੇ ਕਿਉਂ ਜਾਣਾ।"

"ਮੂਰਖਾ! ਤੇਰਾ ਡਮਾਕ ਮੋਟਾ ਏ... ਉਏ ਉਧਰ ਸਪੂਰੀ ਦਾ ਮੁਸ਼ਕ ਬਾਹਲਾ ਆਉਂਦਾ... ਤੂੰ ਹੁਣ ਇਹ ਨਾ ਪੁੱਛਣ ਲੱਗ ਪੀ ਬਈ ਕਾਹਦਾ ਮੁਸ਼ਕ... ਛਿੱਟ ਕੁ ਲੱਗੀ ਹਊ ਤਾਂ ਮੁਸ਼ਕ ਨੇੜੇ ਨ੍ਹੀਂ ਆਉਂਦਾ... ਸਪੂਰੀ ਦਿਆਂ ਨੂੰ ਲੱਖ ਵਾਰੀ ਕਿਹਾ ਬਈ ਮੂਰਖੋ ਨਿਕਲੋ ਇਸ ਨਰਕ 'ਚੋਂ.... ਕਮਲੇ ਮੰਨਦੇ ਈ ਨਹੀਂ....।" ਪਵਿੱਤਰ ਕੁੜਤੇ ਦੇ ਵਲ ਸੂਤ ਕਰਦਾ ਤੁਰਿਆ ਜਾਂਦਾ ਕਹਿੰਦਾ ਏ। ਉਹਦੇ ਚਿੱਟੇ ਕੁਰਤੇ 'ਤੇ ਹਨੇਰੀ ਨਾਲ ਧੂੜ ਪੈਂਦੀ ਏ।

"ਸਰਪੰਚ ਸਾਹਿਬ! ਜੇ ਉਹ ਮਰੇ ਡੰਗਰ ਚੁੱਕਣੇ ਛੱਡ ਦੇਣਗੇ ਤਾਂ ਹੋਰ ਭਲਾ ਆਪਾ ਚੁੱਕਾਂਗੇ।" ਬਿੱਕਰ ਵਾਂਗ ਪ੍ਰਗਟ ਕਹਿੰਦਾ ਏ।

"ਉਏ ਮੂਰਖੋ ਚੰਗਾ ਕੰਮ ਭਾਗਾਂ ਨਾਲ ਨਸੀਬ ਹੁੰਦਾ ਏ... ਜੋ ਨਿੱਤਨੇਮ ਪਾਠ ਕਰਦੇ ਨੇ... ਦੇਖ ਆਹ ਆਪਣੇ ਦੂੰਕੀ ਤੇ ਤਿੱਕੀ ਵੱਲ, ਆਪਣੇ ਖੇਤਾਂ 'ਚ ਸਾਫ਼ ਸੁਥਰਾ ਕੰਮ ਕਰਦੇ ਨੇ ਨਾ... ਆਪਣੇ ਨਾਲ ਰਹਿੰਦੇ ਨੇ। ਘਰਾਂ ਵਿਚ, ਪਸ਼ੂਆਂ ਦਾ ਕੰਮ ਇਹੀ ਕਰਦੇ ਨੇ। ਕੋਈ ਨਫ਼ਰਤ

ਨਹੀਂ। ਉਨ੍ਹਾਂ ਨੂੰ ਭਲਾ ਘਰਾ ਵਿਚ ਅਸੀਂ ਵਾੜ ਸਕਦੇ ਆਂ ? ਨਹੀਂ ਨਾ।" ਨਾਲ ਤੁਰੇ ਜਾਂਦੇ ਚਮਾਹਲੀ 'ਚੋਂ ਆਉਂਦੇ ਵਗਾਰੀਆਂ ਵੱਲ ਇਸ਼ਾਰਾ ਕਰਦਾ ਹੋਇਆ ਪਵਿੱਤਰ ਕਹਿੰਦਾ ਏ।

ਉਦੋਂ ਕੁ ਗੁਰਦੁਆਰੇ ਦੇ ਸਪੀਕਰ ਵਿਚੋਂ ਇਕ ਸੂਚਨਾ ਸੁਣਾਈ ਦਿੰਦੀ ਏ-'ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫਤਹਿ। ਸਾਰੇ ਨਗਰ ਖੇੜੇ ਨੂੰ ਬੇਨਤੀ ਕੀਤੀ ਜਾਂਦੀ ਏ ਕਿ ਇਸ ਵਾਰ ਸਰਪੰਚ ਦੀ ਚੋਣ ਲੜ ਰਹੇ ਉਘੇ ਸਮਾਜ ਸੇਵਕ ਸਰਦਾਰ ਪਵਿੱਤਰ ਸਿੰਘ ਸੰਧੂ ਪਿੰਡ ਦੇ ਜੰਞ ਘਰ ਵਿਚ ਪਤਵੰਤੇ ਸੱਜਣਾਂ ਨਾਲ ਬੈਠਣਗੇ ਅਤੇ ਪਿੰਡ ਦੀ ਭਲਾਈ ਲਈ ਵਿਚਾਰਾਂ ਕੀਤੀਆਂ ਜਾਣਗੀਆਂ। ਸ਼ਾਮ ਸੱਤ ਵਜੇ ਸਾਰੇ ਸੱਜਣਾਂ ਨੂੰ ਜੰਞ ਘਰ ਵਿਚ ਇਕੱਠੇ ਹੋਣ ਦੀ ਬੇਨਤੀ ਏ ਜੀ... ਚਾਹ, ਬਰੈੱਡ ਪਕੌੜਿਆਂ ਦਾ ਲੰਗਰ ਵੀ ਲੱਗੇਗਾ ਜੀ।'

ਜਦੋਂ ਉਹ ਚਮਾਹਲੀ ਵਿਚ ਵੜਨ ਲੱਗਦੇ ਨੇ ਤਾਂ ਉਨ੍ਹਾਂ ਨੂੰ ਚਮਾਹਲੀ ਦਾ ਇਕ ਤੀਹਾਂ ਕੁ ਸਾਲ ਦਾ ਮੁੰਡਾ ਟੱਕਰਦਾ ਏ, ਜਿਹਦੇ ਹੱਥ ਵਿਚ ਰੋਟੀ ਵਾਲਾ ਡੱਬਾ ਹੁੰਦਾ ਏ ਕੁਝ ਕਦਮ ਦੂਰ ਰੁਕ ਕੇ ਪਵਿੱਤਰ ਸਿੰਘ ਦੋਵੇਂ ਹੱਥ ਜੋੜਦਾ ਏ, "ਸਸਰੀਕਾਲ ਬਈ ਜਵਾਨਾ। ਲਗਦਾ ਕੰਮ 'ਤੇ ਚੱਲਿਆ ?"

"ਸਸਰੀਕਾਲ ਜੀ !! ਹਾਂ ਜੀ !!!" ਡੱਬੇ ਸਮੇਤ ਉਹ ਸਰਪੰਚ ਅੱਗੇ ਹੱਥ ਜੋੜਦਾ ਏ।

ਉਹਦੇ ਨੇੜੇ ਆ, ਉਹਦੇ ਮੋਢੇ 'ਤੇ ਹੱਥ ਰੱਖਦਾ ਪਵਿੱਤਰ ਕਹਿੰਦਾ ਏ, "ਇਸ ਵਾਰ ਵੋਟ ਆਪਾਂ ਨੂੰ ਪਾਉਣੀ ਆ... ਨਾਲੇ ਸਾਰੇ ਟੱਬਰ ਦੀ ਵੋਟ ਇਕ ਥਾਂ ਜਾਵੇ, ਮੋਹਰ ਪਿੰਜਰੇ 'ਤੇ ਲਾਉਣੀ ਆ। ਬਾਕੀ ਕਿਸੇ ਗੱਲੋਂ ਫਿਕਰ ਨ੍ਹੀਂ ਕਰਨਾ। ਸੇਵਾ ਪੂਰੀ ਹਊਗੀ। ਪਹਿਲਾਂ ਵੀ ਤੇ ਬਾਅਦ ਵੀ। ਨਾਲੇ ਕਮਲਿਆ ਐਵੇਂ ਕਾਹਤੋਂ ਲੈਂਤਾ ਤੜਾਉਂਦਾ ਸ਼ਹਿਰ ਭੱਜਿਆ ਜਾਂਦੇਂ। ਆਪਣੇ ਖੇਤ ਵਾਧੂ ਏ। ਉਥੇ ਕੰਮ ਕਰ, ਨਾਲੇ ਘਰ ਦਾ ਘਰ ਨਾਲੇ ਆਪਣੇ ਭਾਈਚਾਰੇ 'ਚ। ਕੀ ਕਹਿੰਦਾ ?"

ਜਦੋਂ ਉਹ ਗੱਲਾਂ ਕਰਦੇ ਨੇ ਉਦੋਂ ਹੀ ਦੋਵੇਂ ਕਾਮੇ ਦੁੱਕੀ ਤੇ ਤਿੱਕੀ ਨਾਲ ਦੀ ਕੰਧ ਉੱਤੇ ਸਰਪੰਚ ਦੇ ਚੋਣ ਨਿਸ਼ਾਨ ਤੇ ਵੋਟ ਵਾਲੇ ਪੋਸਟਰ ਕੰਧਾਂ 'ਤੇ ਲਗਾਉਣ ਲੱਗ ਪੈਂਦੇ ਨੇ ਅਤੇ ਇਕ ਪਰਚਾ ਉਹਨੂੰ ਫੜਾ ਦਿੰਦੇ ਨੇ।

"ਠੀਕ ਆ ਸਰਦਾਰ ਜੀ! ਐਤਕੀਂ ਵੋਟਾਂ ਦਾ ਕੀ ਆ, ਤੁਹਾਨੂੰ ਪਾ...ਦਾ...ਗੇ।" ਪਰਚੇ ਦੀ ਤਹਿ ਲਾਉਂਦਾ ਉਹ ਕਹਿੰਦਾ ਏ।

ਬਿੱਕਰ ਉਹਦੇ ਮੋਢੇ 'ਤੇ ਹੱਥ ਰੱਖ ਕੇ, ਕਹਿੰਦਾ ਏ, "ਆਪਣੀ ਵੋਟ ਦੇ ਨਾਲ ਆਪਣੇ ਟੱਬਰ ਦੀਆਂ ਵੋਟਾਂ ਐਧਰੇ ਹੀ ਕੇ ਪਵਾਉਣੀਆਂ ਆ।"

ਪ੍ਰਗਟ ਨਾਲ ਹੀ ਕਹਿ ਦਿੰਦਾ ਏ, "ਜਵਾਨਾ ਸ਼ਾਮ ਨੂੰ ਆ ਜੀਂ, ਜੰਞ ਘਰ ਚਾਹ ਪਕੌੜੇ ਚੱਲਣਗੇ .... ਨਾਲ....।"

"ਹਾਂਹੋ ਹਾਂਹੋ !!... ਅੱਜ ਸ਼ਾਮ ਨੂੰ ਜੰਞ ਘਰ 'ਕੱਠ ਹੋਣਾ ਏ। ਆ ਜਾਵੀਂ ਨਾਲੇ ਸਾਰੇ ਵਿਹੜੇ ਦੇ ਮੁੰਡਿਆਂ ਨੂੰ ਲੈ ਆਵੀਂ। ਸਾਰਾ ਪ੍ਰਬੰਧ ਕੀਤਾ ਹੋਇਆ ਏ।" ਤੇ ਉਹ ਅੱਗੇ ਤੁਰ ਪੈਂਦੇ ਨੇ।



ਬਿੱਕਰ ਆਪਣੇ ਖੀਸੇ ਵਿਚੋਂ ਨਿੱਕੀ ਜਿਹੀ ਪੁੜੀ ਕੱਢ ਕੇ ਮੁੰਡੇ ਨੂੰ ਚੋਰੀ ਜਿਹੀ ਹੱਥ ਵਿਚ ਫੜਾਉਂਦਾ ਏ ਤੇ ਕੰਨ ਵਿਚ ਕੁਝ ਕਹਿੰਦਾ ਏ, "ਰੱਖ ਲੈ ਸਾਂਭ ਕੇ ਅੱਜ ਈ ਨਵਾਂ ਮਾਲ ਆਇਆ।"

ਪ੍ਰਗਟ ਫਿਰ ਕਹਿੰਦਾ ਏ, "ਰੱਖ ਲੈ ... ਫਟਾ ਫਟ ਜੇਬ ਵਿਚ ਪਾ ਲੈ... ਚਿੱਟਾ ਤਾਂ ਭਾਗਾਂ ਵਾਲੇ ਨੂੰ ਨਸੀਬ ਹੁੰਦਾ। ਮੁੰਡੇ ਤਾਂ ਫਿਰਦੇ ਪਿੱਛੇ ਮਰੂ-ਮਰੂ ਕਰਦੇ ਫਿਰਦੇ ਆ। ਤੂੰ ਕਿਸਮਤ ਆਲਾ ਏ।"

ਉਦੋਂ ਕੁ ਪਿੰਡ ਦੀ ਫਿਰਨੀ ਤੇ ਮੇਲੂ ਸਾਈਕਲ ਉੱਤੇ ਮਰਿਆ ਕੱਟਾ ਲੱਦੀ ਪਿੰਡ ਵੱਲ ਆਉਂਦਾ ਦਿਖਾਈ ਦਿੰਦਾ ਏ। ਉਹਨੂੰ ਦੇਖ ਕੇ ਸਰਪੰਚ ਬੋਲਦਾ ਏ,

"ਲੈ ਬਈ ਮੇਲੂ ਤਾਂ ਸਵੇਰੇ-ਸਵੇਰੇ ਦਿਹਾੜੀ ਪਾ ਆਇਆ। ਵੇਖ ਤਾਂ ਸਹੁਰੇ ਦਾ ਸਾਇਕਲ ਕਿਵੇਂ ਸਪੀਡ ਨਾਲ ਚੱਲਦੈ। ਹੁਣ ਸਾਰੀ ਦਿਹਾੜੀ ਹੱਡਾ ਰੋੜੀ 'ਤੇ ਬੈਠ ਕੇ ਹੁੱਕਾ ਪੀਊਗਾ।" ਗੱਲਾਂ ਕਰਦੇ ਉਹ ਚਮਾਹਲੀ ਦੇ ਕਿਸੇ ਘਰ ਵੜ ਕੇ ਅਲੋਪ ਹੋ ਜਾਂਦੇ ਨੇ।

*****************

"ਯਾਰ ਨਾਣੀ...ਅੱਜ ਕੱਲ੍ਹ ਤਾਂ ਮੰਦਾ ਜਿਹਾ ਲੱਗਾ ਹੋਇਆ ਆ। ਪਰਸੋਂ ਦਾ ਪਿੰਡ-ਪਿੰਡ ਫਿਰਦਾ ਆਂ... ਮਸਾਂ ਮਰ ਕੇ ਤਿੰਨ ਕੱਟਰੂ ਲੱਭੇ ਨੇ। ਅੱਜ ਵੀ ਵੀਹ ਮੀਲ ਸੈਕਲ ਚਲਾ ਕੇ ਨੂਰਮਹਿਲ ਫਿਰਦਾ ਆਇਆ...ਮਰ ਕੇ ਇਕ ਕੱਟਾ ਲੱਭਾ। ਮੈਂ ਸਤਿਗੁਰ ਦਾ ਸ਼ੁਕਰ ਮਨਾਇਆ, ਮਾਲਕ ਨੇ ਮੇਰੀ ਲਾਜ ਰੱਖ ਲਈ, ਹਫ਼ਤਾ ਹੋ ਗਿਆ, ਹਵੇਲੀ ਗੇੜਾ ਮਾਰਦਿਆਂ, ਹਰ ਵਾਰ ਖਾਲੀ ਮੁੜਦਾ ਆਂ। ਉਨ੍ਹਾਂ ਦੀ ਮੱਝ ਬਾਹਲੀ ਬਿਮਾਰ ਏ। ਮਸਾਂ ਸਾਹ ਲੈਂਦੀ ਏ। ਪਤਾ ਨਹੀਂ ਉਹਦਾ ਸਾਹ ਕਿੱਥੇ ਅੜਿਆ ਹੋਇਆ ਏ। ਬਿਮਾਰ ਪਸ਼ੂ ਨ੍ਹੀਂ ਮੈਥੋਂ ਦੇਖਿਆ ਜਾਂਦਾ... ਮੈਂ ਤਾਂ ਅਰਦਾਸ ਕਰਦਾ ਬਈ ਸੱਚਿਆ ਪਾਤਸ਼ਾਹ ਇਹਨੂੰ ਨੇ ਬਰ ਲੈ ਖਰ ਦੇ... ਦੁੱਖ 'ਚ ਨਾ ਰੱਖ...।" ਮੇਲੂ ਥੋੜ੍ਹਾ ਰੁਕ ਕੇ ਨਾਣੀ ਵੱਲ ਵੇਖਦਾ ਫਿਰ ਬੋਲਦਾ ਏ ਜੋ ਹੁਣੇ ਜਿਹੇ ਮਰੇ ਕੱਟੇ ਦੀ ਖੱਲ੍ਹ ਲਾਹ ਕੇ ਹਟਿਆ, "ਯਾਰ ਨਾਣੀ ਇਸ ਵਾਰ ਫਾਹਾ ਤਾਂ ਨਹੀਂ ਵੱਢਿਆ।"

ਮੇਲੂ ਹੱਡਾ ਰੋੜੀ ਵਿਚ ਸਾਈਕਲ ਦੀਆਂ ਬਰੇਕਾਂ ਲਾਉਂਦਾ ਏ। ਭਰਵੀਂ ਨਜ਼ਰ ਨਾਲ ਹੱਡਾ ਰੋੜੀ ਵੱਲ ਵੇਖਦਾ ਏ। ਉਹਦੀ ਨਜ਼ਰ ਇਕ ਸੁੱਕੇ ਦੁਸਾਂਘੜ 'ਤੇ ਜਾਂਦੀ ਏ, ਜਿਸ ਉੱਤੇ ਮਰੇ ਡੰਗਰਾਂ ਦੀਆਂ ਹੱਡੀਆਂ ਦੇ ਪਿੰਜਰ ਟੰਗੇ ਹੋਏ ਹਨ। ਆਲੇ ਦੁਆਲੇ ਕੁੱਝ ਹੱਡੀਆਂ ਖਿਲਰੀਆਂ ਹੋਈਆ ਹਨ। ਇਕ ਦੋ ਕੁੱਤੇ ਫਿਰਦੇ ਹੱਡਾ ਰੋੜੀ ਵਿਚ ਗੋਡੇ ਕੱਢ ਰਹੇ ਹਨ। ਮੇਲੂ ਫੁਰਤੀ ਨਾਲ ਸਾਈਕਲ ਦੇ ਕੈਰੀਅਰ ਉੱਤੇ ਮਰੇ ਡੰਗਰਾਂ ਦੀਆਂ ਖੱਲ੍ਹਾਂ ਲੱਦ ਰਿਹਾ ਏ।

ਮੇਲੂ ਦੀ ਆਖੀ ਗੱਲ ਨਾਣੀ ਨੂੰ ਲੜ ਜਾਂਦੀ ਏ, ਉਹ ਲਹੂ ਨਾਲ ਲਿਬੜੇ ਹੱਥ ਆਪਣੇ ਝੱਗੇ ਨਾਲ ਪੂੰਝਦਾ ਬੋਲਦਾ ਏ, "ਚਾਚਾ! ਐਵੇਂ ਗੀਰਨੇ ਕਿਉਂ ਪਾਈ ਜਾਂਦੇਂ। ਤੈਨੂੰ ਮੇਰੇ 'ਤੇ 'ਤਬਾਰ ਨ੍ਹੀਂ... ਹੁਣ ਤੱਕ ਸੈਂਕੜੇ ਡੰਗਰਾਂ ਦੀਆਂ ਖੱਲ੍ਹਾਂ ਲਾਹੀਆਂ ਨੇ... ਬੰਦਾ ਗਲਤੀ ਦਾ ਪੁਤਲਾ ਹੁੰਦਾ ਏ ਕਿਤੇ ਗਲਤੀ ਵੀ ਹੋ ਜਾਂਦੀ ਏ... ਜੇ ਇਕ ਆਰ ਟੱਕ ਲੱਗ ਗਿਆ ਤਾਂ ਤੂੰ ਮੈਨੂੰ ਦਿਨ 'ਚ ਹਜ਼ਾਰ ਵਾਰ ਸੁਣਾਉਂਦਾ ਏਂ।" ਰੰਬੀ ਉੱਤੇ ਲੱਗੇ ਲਹੂ ਨੂੰ ਦੂਜੇ ਹੱਥ ਨਾਲ ਸਾਫ਼

ਕਰਦਾ ਏ। ਉਹਦੀ ਕਮੀਜ਼ ਲਹੂ ਦੇ ਦਾਗਾਂ ਨਾਲ ਭਰੀ ਹੁੰਦੀ ਏ। ਜਿਹੜਾ ਦਾਗ ਕਈ ਥਾਵਾਂ ਤੋਂ ਕਾਲੇ ਹੋ ਜਾਂਦੇ ਹਨ।

ਮੇਲੂ ਇਕ-ਇਕ ਖੱਲ ਥੈਲਿਓਂ ਚੁੱਕ ਕੇ ਸਾਈਕਲ 'ਤੇ ਚਿਣਦਾ ਏ। ਆਖਰੀ ਖੱਲ ਕੈਰੀਅਰ ਉੱਤੇ ਰੱਖ ਕੇ ਉਹ ਸਾਈਕਲ ਦਾ ਸਟੈਂਡ ਲਾਹ ਕੇ ਰੋੜ੍ਹਦਾ ਹੋਇਆ ਕਹਿੰਦਾ ਏ, "ਯਾਰ ਨਾਣੀ ਤੂੰ ਤਾਂ ਐਵੇਂ ਉੱਖੜੀ ਕੁਹਾੜੀ ਆਂਗੂ ਪੈਂਦਾਂ। ਬੰਦੇ ਨੂੰ ਕੋਈ ਅਕਲ ਦੀ ਗੱਲ ਵੀ ਸੁਣਨੀ ਚਾਹੀਦੀ ਏ। ਅਸੀਂ ਵੀ ਬੁੜ੍ਹਿਆਂ ਤੋਂ ਮਾਰਾਂ ਖਾਧੀਆਂ ਹੋਈਆਂ ਨੇ... ਲੈ ਹੁਣ ਗੱਲ ਸੁਣ ਲੈ... ਇਕ ਵਾਰ ਭਾਪਾ ਕਿਤੇ ਘਰੋਂ ਗਿਆ ਹੋਇਆ ਸੀ... ਪਿੰਡੋਂ ਜਿਮੀਂਦਾਰਾਂ ਦੇ ਘਰੋਂ ਸੁਨੇਹਾ ਆ ਗਿਆ ਬਈ ਕੱਟੀ ਮਰ ਗਈ ਆ ਚੁੱਕ ਲਿਆਓ... ਮੈਂ ਭੱਜਾ ਭੱਜਾ ਗਿਆ... ਤੇ ਮੋਢੇ 'ਤੇ ਚੁੱਕ ਕੇ ਲੈ ਆਇਆ। ਹੱਡਾ ਰੋੜੀ 'ਤੇ ਪਹੁੰਚ ਰੰਬੀ ਨਾਲ ਚੰਮ ਲਾਹੁਣ ਲੱਗ ਪਿਆ। ਉਦੋਂ ਪਤਾ ਥੋੜ੍ਹਾ ਸੀ ਬਈ ਰੰਬੀ ਕਿੱਦਾਂ ਚਲਾਉਣੀ ਏ। ਬਸ ਭਾਪੇ ਨੂੰ ਦੇਖੀਦਾ ਸੀ ਬਈ ਰੰਬੀ ਕਿੱਦਾਂ ਫੇਰਦਾ ਏ। ਕੱਟੀ ਦਾ ਚੰਮ ਨਰਮ ਸੀ। ਮੇਥੋਂ ਤਿੰਨ ਚਾਰ ਥਾਵਾਂ ਤੋਂ ਖੱਲ ਦਾਗੀ ਹੋ ਗਈ। ਦਾਗੀ ਕੱਟਾਹਲ ਲਾਹ ਕੇ ਮੈਂ ਲਕੋ ਦਿੱਤੀ ਬਈ ਜਦੋਂ ਦਾਅ ਲੱਗੂਗਾ ਤਾਂ ਆੜਤ 'ਤੇ ਵੇਚ ਆਊਂ... ਪਰ ਦਿਨ ਢਲੇ ਭਾਪਾ ਆ ਗਿਆ। ਉਹ ਤਾਂ ਹੱਡਾ ਰੋੜੀ ਨੂੰ ਸੁੰਘ ਕੇ ਦੱਸ ਦਿੰਦਾ ਸੀ ਬਈ ਪਸ਼ੂ ਦੀ ਖੱਲ ਲਾਹੀ ਆ ਜਾਂ ਨਹੀਂ। ਲੈ ਜਦੋਂ ਉਹਨੇ ਦਾਗੀ ਕੱਟਾਹਲ ਦੇਖੀ ਤਾਂ ਉਹਨੂੰ ਅੱਗ ਲੱਗ ਗਈ... ਉਹਨੇ ਉਹੀ ਰੰਬੀ ਮੇਰੇ ਫੌੜਵੀਂ ਮਾਰੀ... (ਲੱਤ ਨੰਗੀ ਕਰਕੇ ਦਿਖਾਉਂਦਾ ਹੋਇਆ) ...ਆਹ ਨਿਸ਼ਾਨ ਜਿਹੜਾ ਵੇਖਦਾ ਏਂ ਨਾ ਇਹ ਉਸੇ ਰੰਬੀ ਦਾ ਨਿਸ਼ਾਨ ਏ... ਜੇ ਉਸਤਾਦ ਦੀ ਮਾਰ ਖਾਧੀ ਹੋਵੇ ਤਾਂ ਬੰਦਾ ਜ਼ਿੰਦਗੀ 'ਚ ਮਾਰ ਨਹੀਂ ਖਾਂਦਾ...।"

"ਚਾਚਾ ਤੂੰ ਤਾਂ ਐਵੇਂ ਖਹਾਣਾ ਪਾ ਕੇ ਬੈਠ ਗਿਆ। ਉੱਤੋਂ ਵੇਟਾ ਦਾ ਜ਼ੋਰ ਆ... ਛੇਤੀ ਆੜ੍ਹਤੀਏ ਕੋਲ ਪਹੁੰਚ... ਜਲਦੀ ਪਹੁੰਚੇਗਾ ਤਾਂ ਖੱਲ੍ਹਾਂ ਦਾ ਰੇਟ ਚੰਗਾ ਲੱਗੂ ...ਨਹੀਂ ਤਾਂ ਸੁੱਚੇ ਭਲਵਾਨ ਨੇ ਏਨ੍ਹਾਂ ਵੱਲ ਵੇਖਣਾ ਵੀ ਨਹੀਂ... ਨਾਲੇ ਜੇ ਖੱਲ ਬਹੁਤੇ ਦਿਨ ਪਈ ਰਵੇ ਤਾਂ ਮੁਸ਼ਕ ਮਾਰਨ ਲੱਗ ਜਾਂਦੀ ਏ।" ਨਾਣੀ ਉਹਨੂੰ ਤੋਰਨ ਲਈ ਕਾਹਲਾ ਏ।

"ਲੈ ਐਵੇਂ ਮੁਸ਼ਕ ਮਾਰੂ, ਮੈਂ ਲੂਣ ਲਾ ਕੇ ਰੱਖਦਾ। ਉਹ ਸਾਇਕਲ ਰੋੜਨ ਲੱਗਾ ਏ ਤੇ ਅਚਾਨਕ ਰੁਕਦਾ ਏ, "ਹਾਂ ਸੱਚ! ਆਹ ਪਸ਼ੂਆਂ ਦੇ ਪਿੰਜਰਾਂ ਦਾ ਖਿਆਲ ਰੱਖੀਂ... ਇਹਨਾਂ ਨੂੰ ਆਹ ਸਹੂਰੀ ਦੇ ਕੁੱਤੇ ਘੜੀਸ ਕੇ ਖੇਤਾਂ ਵਿਚ ਲੈ ਜਾਂਦੇ ਨੇ। ਪਿਛਲੇ ਹਫ਼ਤੇ ਚਿੱਟੀ ਮੋਟਰ ਵਾਲੀ ਸਰਦਾਰਨੀ ਬਹੁਤਾ ਬੋਲਦੀ ਸੀ। ਬਈ ਤੁਹਾਡੇ ਅੱਗ ਲੱਗਣੇ ਕੁੱਤੇ ਸਾਡੀਆਂ ਫ਼ਸਲਾਂ ਵਿਚ ਮਾਸ ਤੇ ਹੱਡੀਆਂ ਸੁੱਟ ਜਾਂਦੇ ਨੇ। ਭਲਾ ਉਹਨੂੰ ਪੁੱਛਣ ਆਲਾ ਹੋਵੇ ਬਈ ਕੁੱਤੇ ਤਾਂ ਕੁੱਤੇ ਹੁੰਦੇ ਨੇ... ਉਹਨਾ ਨੂੰ ਕੀ ਪਤਾ ਬਈ ਆਹ ਖੇਤ ਸਰਦਾਰਾਂ ਦੇ ਨੇ ਤੇ ਆਹ ਹੱਡਾ ਰੋੜੀ ਦੇ ਨੇ।" ਨਾਣੀ 'ਤੇ ਮੇਲੂ ਹੋਰ ਬੋਝ ਪਾ ਦਿੰਦਾ ਏ।

ਨਾਣੀ ਅੱਗੋਂ ਆ ਕੇ ਕਹਿੰਦਾ ਏ, "ਖੇਤ ਤਾਂ ਉਹਨਾਂ ਦੇ ਵੀ ਨਹੀਂ ਇਹ ਤਾਂ ਪੰਚਾਇਤ ਦੇ ਨੇ। ਆਹ ਹੱਡਾ ਰੋੜੀ ਵੀ ਪੰਚਾਇਤੀ ਜ਼ਮੀਨ 'ਚ ਆ। ਤੈਨੂੰ ਪਤਾ ਨੀਂ ? ...ਮੈਂ ਤਾਂ ਸੁਣਿਆ



ਏ ਉਹ ਠੇਕਾ ਵੀ ਲੈਂਦੇ ਭੰਗ ਦਿੰਦੇ ਨੇ। ਕਿਤੇ ਨਵਾਂ ਸਰਪੰਚ ਆਹ ਹੱਡਾ ਰੋੜੀ ਨਾ ਚੁੱਕਾ ਦੇਵੇ।
"

ਮੇਲੂ ਥੋੜ੍ਹਾ ਗੁੱਸੇ ਵਾਲੇ ਸੁਰ ਵਿਚ ਕਹਿਣ ਲੱਗਦਾ ਏ, " ਤੈਨੂੰ ਪਤਾ ਬੀ ਆ ਯਾਰ ਨਾਣੀ! ਭਾਪਾ ਜਦੋਂ ਸਰਪੰਚੀ ਕਰਦਾ ਸੀ ਇਹ ਹੱਡਾ ਰੋੜੀ ਉਦੋਂ ਦੀ ਪੱਕੀ ਹੋਈ ਏ। ਕਾਗਜ਼ਾਂ ਵਿਚ ਹੱਡਾ ਰੋੜੀ ਬੋਲਦੀ ਏ। ਥਕਾਇਦਾ ਮਤੇ ਪਏ ਹੋਏ ਨੇ। ਗੁਠੇ ਲੱਗੇ ਹੋਏ ਨੇ। ਇਹਨੂੰ ਕੋਈ ਮਾਈ ਦਾ ਲਾਲ ਖ਼ਤਮ ਨ੍ਹੀਂ ਕਰ ਸਕਦਾ। ਨਾਲੇ ਉਨ੍ਹਾਂ ਦੇ ਮਰੇ ਡੰਗਰਾਂ ਨੂੰ ਚੁੱਕ ਕੇ ਖੱਲ੍ਹਾਂ ਕਿਸੇ ਥਾਂ 'ਤੇ ਤਾਂ ਲਹੁਣੀਆਂ ਹੋਈਆਂ ਕਿ ਨਹੀਂ, ਉਹ ਤਾਂ ਇਕ ਦਿਨ ਨ੍ਹੀਂ ਮਰੇ ਪਸ਼ੂ ਨੂੰ ਰੱਖ ਸਕਦੇ। ਸਾਨੂੰ ਕਿਹੜੇ ਖੇਤ ਅਲਾਟ ਹੋਏ ਨੇ... ਬਈ ਆਪਣੀ ਥਾਂ 'ਚ ਹੱਡਾ ਰੋੜੀ ਬਣਾ ਲਈਏ।"

ਨਾਣੀ ਗੱਲ ਬਦਲ ਕੇ ਹੋਰ ਕਿੱਸਾ ਛੇੜ ਲੈਂਦਾ ਏ, " ਚਾਚਾ ਮੇਲੂ ਹੁਣੀਂ ਕਹਿੰਦੇ ਕਿ ਖੱਲ੍ਹਾਂ ਵਿਚ ਤੇਜੀ ਆਈ ਹੋਈ ਏ। ਖੱਲ੍ਹਾਂ ਦੇ ਟਰੱਕ ਭਰ ਭਰ ਪੰਜਾਬ ਤੋਂ ਬਾਹਰ ਜਾਂਦੇ ਨੇ। ਆੜ੍ਹਤੀਏ ਥੋਲੀ ਚੁੱਕ ਦਿੰਦੇ ਨੇ।"

"ਕਾਹਨੂੰ ਨਾਣੀ ਯਾਰ!! ਸੁੱਕੀ ਕਮਾਈ ਤਾਂ ਵਪਾਰੀ ਲੋਕ ਕਰਦੇ ਨੇ ਜਾਂ ਸੁੱਚਾ ਭਲਵਾਨ ਕਰਦੈ। ਜਦੋਂ ਵੀ ਆੜ੍ਹਤ 'ਤੇ ਖੱਲ੍ਹਾਂ ਲੈ ਕੇ ਜਾਈਦਾ, ਕਹੂ ਮੰਦਾ ਬਹੁਤ ਏ ਮੇਲੂ ... ਆਹ ਵੇਖ ਲੈ ਖੱਲ੍ਹਾਂ ਦੀਆਂ ਧਾਂਕਾਂ ਲੱਗੀਆਂ ਹੋਈਆਂ ਨੇ। ਕੁੱਤੇ ਨ੍ਹੀਂ ਪੁੱਛਦੇ ਇਨ੍ਹਾਂ ਨੂੰ।" ਮੇਲੂ ਆੜ੍ਹਤੀਏ ਬਾਰੇ ਕਹਿੰਦਾ ਏ।

"ਚਾਚਾ ਕਮਾਈ ਤਾਂ ਤੂੰ ਬਾਹਲੀ ਕਰ ਲੈਨਾ... ਮਹੀਨੇ ਬਾਅਦ ਤਾਂ ਹੱਡੀਆਂ ਦਾ ਟਰੱਕ ਭਰ ਕੇ ਭੇਜਦਾ। ਥੁੱਕ ਲਾ ਲਾ ਕੇ ਨੋਟ ਗਿਣਦਾ ਮੈਂ ਵੀ ਕਈ ਵਾਰ ਵੇਖਦਾਂ ਹੁੰਨਾ।" ਨਾਣੀ ਉਹਦੀ ਦੁਖਦੀ ਰਗ 'ਤੇ ਹੱਥ ਰੱਖਦਾ ਏ।

"ਚੰਗਾ-ਚੰਗਾ... ਤੂੰ ਪਿਛਲਾ ਖਿਆਲ ਰੱਖੀਂ, ਮੈਂ ਜਾਣ-ਆਉਣ ਈ ਕਰਨਾ।" ਸਾਈਕਲ ਰੋੜ੍ਹ ਕੇ ਤੁਰ ਪੈਂਦਾ ਏ। ਨਾਣੀ ਉਹਨੂੰ ਉਦੋਂ ਤੱਕ ਵੇਖਦਾ ਰਹਿੰਦਾ ਏ ਜਦੋਂ ਤੱਕ ਉਹ ਉਹਲੇ ਨਹੀਂ ਹੋ ਜਾਂਦਾ।

**********************

ਇਹ ਸੁੱਚਾ ਪਹਿਲਵਾਨ ਦੀ ਕੱਚੇ ਚਮੜੇ ਦੀ ਆੜਤ ਦੀ ਦੁਕਾਨ ਏ। ਸੁੱਚਾ ਪਹਿਲਵਾਨ ਜੁੱਸੇ ਵਜੋਂ ਤਕੜਾ ਏ। ਉਸ ਨੇ ਤੇੜ ਇਕ ਝੱਗੀ ਪਾਈ ਹੋਈ ਏ। ਜਿਸ ਦੀਆਂ ਵੱਡੀਆਂ ਜੇਬਾਂ ਨੇ। ਅਤੇ ਤੇੜ ਧੋਤੀ ਬੰਨ੍ਹੀ ਹੋਈ ਏ। ਉਹ ਆੜ੍ਹਤ ਦੀ ਦੁਕਾਨ 'ਤੇ ਪਏ ਤਖ਼ਤਪੋਸ਼ ਉੱਤੇ ਬੈਠਾ ਹੁੱਕਾ ਪੀ ਰਿਹਾ ਏ। ਉਸ ਦੇ ਇਕ ਨੁਕਰੇ ਕੱਚੇ ਚਮੜੇ ਦੀਆਂ ਖੱਲ੍ਹਾਂ ਦੀਆਂ ਧਾਂਕਾਂ ਲੱਗੀਆਂ ਹੋਈਆਂ ਨੇ। ਸਿਖਰ ਦੁਪਹਿਰਾ ਹੋਣ ਕਰਕੇ ਦੁਕਾਨ ਵਿਚ ਬਹੁਤ ਘੱਟ ਭੀੜ ਏ। ਵਿਰਲਾ ਵਿਰਲਾ ਬੰਦਾ ਮਰੇ ਡੰਗਰਾਂ ਦੀਆਂ ਖੱਲ੍ਹਾਂ ਸਾਈਕਲਾਂ ਉੱਤੇ ਲਿਆਉਂਦੇ ਏ। ਸੁੱਚਾ ਪਹਿਲਵਾਨ ਨੇੜੇ ਰੱਖੇ ਟੈਲੀਵਿਜ਼ਨ ਉੱਤੇ ਕਬੱਡੀ ਦਾ ਮੈਚ ਵੇਖ ਰਿਹਾ ਏ ਅਤੇ ਐਨੇ ਨੂੰ ਮੇਲੂ ਸਾਈਕਲ ਉੱਤੇ ਖੱਲ੍ਹਾਂ ਲੱਦੀ ਆੜ੍ਹਤ ਦੀ ਦੁਕਾਨ ਵਿਚ ਵੜ ਜਾਂਦਾ ਏ।

ਮੇਲੂ ਸਾਈਕਲ ਦੀ ਬਰੇਕ ਲਗਾਉਂਦਾ ਕਹਿੰਦਾ ਏ, "ਬਾਬੂ ਜੀ!! ਜੈ ਗੁਰਦੇਵ... ਲੱਗਦਾ ਅੱਜ ਵੇਲੇ ਨਾਲ ਵਿਹਲੇ ਹੋ ਗਏ ਓ... ਤੁਹਾਡੇ ਵਰਗੀ ਮੌਜ ਨੀ੍ਹਂ ਕਿਸੇ ਨੂੰ ਮਿਲਣੀ... ਪੱਕੀ ਪਕਾਈ ਰੋਟੀ ਮਿਲਦੀ ਏ... ਸਾਡੀ ਕਾਹਦੀ ਜੂਨ ਏ... ਸਾਰਾ ਦਿਨ ਸਾਈਕਲ ਚਲਾਉਣਾ ਪੈਂਦਾ ਏ ਫੇ ਕਿਤੇ ਜਾ ਕੇ ਕਿਸੇ ਮਰੇ ਪਸ਼ੂ ਦੀ ਮਹਿਕ ਆਉਂਦੀ ਏ।

ਆੜ੍ਹਤੀਆ ਸੁੱਚਾ ਪਹਿਲਵਾਨ, ਟੈਲੀਵਿਜ਼ਨ ਵੱਲ ਵੇਖਦਾ ਤੇ ਹੁੱਕਾ ਪੀਂਦਾ ਹੋਇਆ ਕਹਿੰਦਾ ਏ, "ਮੇਲੂਆ ਬਾਹਲਾ ਮੰਦਾ ਆ ਅੱਜ ਕੱਲ੍ਹ! ਮਾਲ ਈ ਨੀ੍ਹਂ ਆਉਂਦਾ। ਸੀਜ਼ਨ 'ਚ ਵੀ ਹਫ਼ਤੇ ਬਾਅਦ ਟਰੱਕ ਜਾਂਦੇ... ਹੁਣ ਵੇਖ ਲੈ ਤਿੰਨ ਹਫ਼ਤੇ ਹੋ ਗਏ। ਅੱਜ ਮਸਾਂ ਵੀਹ-ਪੰਜੀ ਨਗ ਆਏ ਆ। ਜ਼ਿਆਦਾ ਕੱਟਾਹਲਾ ਈ ਨੇ। ਵੱਡੇ ਨਗ ਦੋ ਤਿੰਨ ਨੇ।"

ਮੇਲੂ ਸਾਇਕਲ ਖੜਾ ਕਰਕੇ ਤਖਤਪੋਸ਼ ਕੋਲ ਆ ਉਹਦੇ ਨੇੜੇ ਬਹਿੰਦਾ ਕਹਿੰਦਾ ਏ, "ਆਹ ਕੀ ਵੇਖੀ ਜਾਂਦੇ ਹੋ? ..."

"ਓਏ ਮੇਲੂਆ ਤੂੰ ਤਾਂ ਖੂਹ ਦਾ ਡੱਡੂ ਈ ਰਿਹਾ। ਆਹ ਕਬੱਡੀ ਦਾ ਮੈਚ ਚੱਲ ਰਿਹਾ ਏ। ਆਪਣੇ ਮੰਤਰੀ ਦਾ ਮੁੰਡਾ ਸਰਦਾਰ ਬਹਾਦਰ ... ਹਰ ਸਾਲ ਕਬੱਡੀ ਦਾ ਮੈਚ ਨੀ੍ਹਂ ਕਰਾਉਂਦਾ... ਉਹੀ ਏ... ਤੈਨੂੰ ਪਤੈ ਦੇਸ਼ਾਂ ਤੋਂ ਵਿਦੇਸ਼ਾਂ ਤੋਂ ਟੀਮਾਂ ਆਉਂਦੀਆਂ ਕਬੱਡੀ ਖੇਡਣ... ਫਿਲਮਾਂ ਦੀਆਂ ਚਮਕੀਲੀਆਂ ਕੁੜੀਆਂ ਡਾਂਸ ਕਰਦੀਆਂ... ਲੱਖਾਂ ਰੁਪਏ ਖੇਡਾਂ 'ਤੇ ਖਰਚ ਕਰਦੇ ਆਪਣਾ ਮੰਤਰੀ।" ਆੜ੍ਹਤੀਆ ਕਹਿੰਦਾ ਏ।

ਮੇਲੂ ਵਿਚੋਂ ਟੋਕ ਕੇ ਬੋਲਦਾ ਏ, "ਅੱਛਾ! ...ਅੱਛਾ!! ਬਈ ਕਮਾਲ ਏ ...ਸਾਨੂੰ ਤਾਂ ਮਰਨ ਦੀ ਵਿਹਲ ਨੀ੍ਹਂ ਮਿਲਦੀ। ਜੇ ਮਿਲਦੀ ਆ ਤਾਂ ਮਰੇ ਪਸ਼ੂ ਲੱਭਣ ਤੁਰ ਪਈਦਾ। ਹਰ ਵੇਲੇ ਰੋਟੀ ਦਾ ਫ਼ਿਕਰ ਲੱਗਿਆ ਰਹਿੰਦਾ। ਰਾਤ ਨੂੰ ਸੁਫ਼ਨੇ ਵੀ ਮਰੇ ਪਸ਼ੂਆਂ ਦੇ ਆਉਂਦੇ ਨੇ... ਹੱਡਾ ਰੋੜੀ ਦੇ ਕੁੱਤੇ ਸੁੱਤੇ ਪਿਆਂ ਵੀ ਸਿਰ 'ਚ ਭੌਂਕਦੇ ਰਹਿੰਦੇ ਨੇ। ਲੋਕਾਂ ਨੂੰ ਰੋਟੀ ਦੀ ਥਾਂ ਚਿੱਟੇ ਦੀਆਂ ਪੁੜੀਆਂ ਮਿਲਦੀਆਂ ਨੇ ਤੇ ਥੋਡਾ ਮੰਤਰੀ ਖੇਡਾਂ 'ਤੇ ਲੱਖਾਂ ਰੁਪਏ ਰੋੜ੍ਹੀ ਜਾ ਰਿਹਾ।"

ਸੁੱਚਾ ਆੜ੍ਹਤੀਆ ਹੱਸਦਾ ਏ, "ਓਏ ਮੂਰਖਾ ਕਬੱਡੀ ਨੂੰ ਪਹਿਲਾ ਕੌਣ ਪੁੱਛਦਾ ਸੀ... ਪਿੰਡਾਂ ਵਿੱਚ ਕਬੱਡੀ ਟੂਰਨਾਮੈਂਟ ਹੁੰਦੇ ਸੀ। ਵੱਧ ਤੋਂ ਵੱਧ ਦੇਸੀ ਘਿਓ ਦਾ ਪੀਪਾ ਇਨਾਮ ਦਾ ਮਿਲਦਾ ਸੀ... ਹੁਣ ਲੱਖਾਂ ਦੇ ਇਨਾਮ ਮਿਲਦੇ ਨੇ... ਕਾਰਾਂ ਮਿਲਦੀਆਂ ਨੇ...।"

ਮੇਲੂ ਫਿਰ ਟੋਕਦਾ ਏ, "ਭਰਾਵਾ ਤੂੰ ਵੀ ਭਲਵਾਨੀ ਕਰਦਾ ਈ ਰਿਹਾਂ। ਤੁੰਰੇ ਜਿੰਨੀ ਕਦਰ ਨੀ੍ਹਂ ਕੀਤੀ ਕਿਸੇ ਨੇ। ਆਪਣਾ ਲੰਬੜਾਂ ਦਾ ਮੀਕਾ ਵੇਖ ਲੈ ਕਿਥੇ ਤੱਕ ਪਹੁੰਚ ਗਿਆ। ਵੱਡਾ ਠਾਣੇਦਾਰ ਲੱਗਾ ਹੋਇਆ ਆ, ਨੂਰਮਹਿਲ ਠਾਣੇ 'ਚ।"

"ਉਦੋਂ ਸਮਾਂ ਈ ਮਾੜਾ ਸੀ। ਜੇ ਅੱਜ ਜੰਮੇ ਹੁੰਦੇ ਤਾਂ ਆਪਾਂ ਵੀ ਟੈਲੀਵਿਜ਼ਨ 'ਤੇ ਕਬੱਡੀ ਖੇਡਦੇ ਹੋਣਾ ਸੀ... ਖੈਰ ਛੱਡ ਤੂੰ ਅੱਜ ਕਿਵੇਂ ਦਿਨ ਚਾੜ੍ਹ 'ਤਾ। ਸੁੱਚਾ ਅਸਲ ਗੱਲ ਵੱਲ ਆਉਂਦਾ ਏ।

"ਮੈਂ ਕਿਹਾ ਸੁੱਚੇ ਦੀ ਆੜ੍ਹਤ 'ਤੇ ਜਾਣਾ ਏ ਤਾਂ ਪੰਜ ਸੱਤ ਨਗ ਤਾਂ ਹੋਣੇ ਚਾਹੀਦੇ ਨੇ... ਚਾਰ ਦਿਨ ਸੌਖੇ ਲੰਘ ਜਾਣਗੇ... ਅੱਜ ਥੈਲੀ ਕਿੱਥੇ ਕੁ ਤੱਕ ਪਹੁੰਚੀ ਸੀ।"



ਸੁੱਚਾ ਪਹਿਲਵਾਨ ਟੈਲੀਵਿਜ਼ਨ ਵੱਲੋਂ ਧਿਆਨ ਹਟਾ ਕੇ ਬੋਲਦਾ ਏ, "ਹੁਣ ਰੇਟ ਠੀਕ ਏ... ਮਾਲ ਦੀ ਮੰਗ ਵੱਧ ਏ, ਓਨਾ ਮਾਲ ਮਿਲਦਾ ਨੀ੍ਹਂ। ਹੁਣ ਸਾਨੂੰ ਬੂਟਾ ਮੰਡੀ ਦੇ ਵਪਾਰੀ ਚੰਗਾ ਰੇਟ ਦਿੰਦੇ ਨੇ... ਮੂੰਹ ਮੰਗਿਆ। ਅਸੀਂ ਅੱਗੇ ਤੁਹਾਡੇ ਵਰਗਿਆਂ ਨੂੰ ਰੇਟ ਠੀਕ ਲਾ ਦਿੰਦੇ ਆਂ।" ਮੇਲੂ ਦੀਆਂ ਲਿਆਂਦੀਆਂ ਖੱਲ੍ਹਾਂ ਵੱਲ ਵੇਖਦਾ ਹੋਇਆ, "ਕੀ ਲੈ ਕੇ ਆਇਐਂ?"

"ਤਿੰਨ ਵੱਡੇ ਨਗ ਨੇ... ਬਾਕੀ ਕਟੇਹਲਾ ਨੇ... ਥੈਲੀ ਦੇ ਹਸਾਬ ਨਾਲ ਠੀਕ ਰੇਟ ਲਾ ਦੇਵੀਂ...।"

"ਤੂੰ ਵਹਿਮੀ ਬਾਹਲਾ ਏਂ... ਸਾਲਾ ਯਕੀਨ ਕਰੀਦਾ...।" ਫਿਰ ਉਹ ਬਹੀ ਤੇ ਹਿਸਾਬ ਕਰਦਾ ਏ, ਤੇ ਜੇਬ ਵਿਚੋਂ ਰੁਪਏ ਕੱਢ ਉਨ੍ਹਾਂ ਨੂੰ ਗਿਣ ਕੇ ਮੇਲੂ ਨੂੰ ਦਿੰਦਾ ਕਹਿੰਦਾ ਏ, "ਲੈ ਤੇਨੂੰ ਵੱਧ ਥੈਲੀ ਵਾਲਾ ਈ ਰੇਟ ਲਾ ਦਿੱਤਾ ਏ। ਬੰਦੇ ਦਾ ਯਕੀਨ ਕਰੀਦਾ ਏ। ਐਵੇਂ ਵਹਿਮੀ ਨੀ੍ਹਂ ਬਣੀਦਾ।" ਫਿਰ ਦੋ ਕਾਮੇ ਮਜ਼ਦੂਰਾਂ ਨੂੰ ਕਹਿੰਦੇ ਨੇ ਜਿਹੜੇ ਦੂਜੇ ਪਾਸੇ ਖੱਲ੍ਹਾਂ ਨੂੰ ਸਿੱਧਿਆਂ ਕਰਕੇ ਉਨ੍ਹਾਂ ਉੱਤੇ ਨਮਕ ਛਿੜਕ ਰਹੇ ਹੁੰਦੇ ਨੇ, "ਓਏ ਮੂਰਖੋ! ਆਹ ਮੇਲੂ ਦਾ ਮਾਲ ਵੇਖ ਲਓ, ਚੰਗੀ ਤਰ੍ਹਾਂ। ਠੀਕ ਏ ਸਭ। ਕੋਈ ਦਾਗੀ ਨਾ ਹੋਵੇ। ਕੱਲ੍ਹ ਪਤਾ ਨੀ੍ਹਂ ਕੌਣ ਦਾਗੀ ਮਾਲ ਦੇ ਗਿਆ। ਪੰਜ ਸੱਤ ਥਾਵਾਂ ਤੋਂ ਟੱਕ ਲੱਗੇ ਹੋਏ ਸੀ। ਕਿਸੇ ਅਨਾੜੀ ਨੂੰ ਕੱਟਾ ਮਿਲ ਗਿਆ ਹੋਣਾ... ਉਹਨੇ ਚੰਦ ਚਾੜ੍ਹ 'ਤਾ।"

ਰੁਪਏ ਸਾਂਭਦਾ ਮੇਲੂ ਕਹਿੰਦਾ ਏ, "ਹੁਣ ਤੂੰ ਬਥੇਰਾ ਕੰਮ ਕਰ ਲਿਆ। ਹੁਣ ਅਰਾਮ ਕਰਿਆ ਕਰ। ਸਾਰਾ ਦਿਨ ਆੜ੍ਹਤ 'ਤੇ ਬੈਠਾ ਰਹਿੰਦਾ। ਮੁੰਡਿਆਂ ਨੂੰ ਵੀ ਇਸ ਕੰਮ ਵਿਚ ਪਾ।"

"ਉਹ ਕਾਹਨੂੰ ਪੈਂਦੇ ਨੇ ਏਸ ਗੰਦੇ ਕੰਮ 'ਚ। ਕਹਿੰਦੇ ਭਾਪਾ ਅਸੀਂ ਨੀ੍ਹਂ ਕਰਨਾ ਇਹ ਕੰਮ। ਹਰ ਵੇਲੇ ਗੰਦ 'ਚ ਵੜੇ ਰਹੋ। ਅਸੀਂ ਤਾਂ ਬੂਟਾਂ ਦਾ ਸ਼ੋਅ ਰੂਮ ਖੋਲ੍ਹਣਾ ਏ। ਮੈਂ ਕਿਹਾ ਕੰਜਰੋ ਇਹ ਕੰਮ ਕਰਕੇ ਤੁਹਾਨੂੰ ਪੜ੍ਹਾਇਆ... ਆਹ ਕੋਠੀ ਬਣਾਈ। ਕਬੀਲਦਾਰੀ ਨਜਿੱਠੀ। ਸਾਡੇ ਬਾਬੇ-ਦਾਦੇ ਇਹੀ ਕੰਮ ਕਰਦੇ ਆਏ ਨੇ। ਪਰ ਨਹੀਂ ਬਈ... ਨਵੀਂ ਪਨੀਰੀ ਮੰਨਦੀ ਨੀ।" ਕਹਿੰਦਾ ਹੋਇਆ ਲੰਮੀ ਉਬਾਸੀ ਮਾਰਦਾ ਏ।

"ਗੱਲ ਤਾਂ ਠੀਕ ਏ ... ਪਰ ਹੋਰ ਕੰਮ ਵੀ ਕਿਹੜਾ ਮਿਲਦਾ। ਮੇਰਾ ਛੋਟਾ ਭਰਾ ਗੋਲੂ ਹਟ ਗਿਆ ਮਰੇ ਪਸ਼ੂ ਚੁੱਕਣ ਤੋਂ। ਕਹਿੰਦਾ ਮੈਂ ਇਹ ਗੰਦਾ ਕੰਮ ਨਹੀਂ ਕਰਨਾ। ਲਓ ਜੀ ਉਹ ਰੰਗ ਕਰਨ ਲੱਗ ਪਿਆ। ਆਹੀ ਕੋਠੀਆਂ 'ਚ... ਪਰ ਹਾਲ ਉਹਦਾ ਵੀ ਮੇਰੇ ਤੋਂ ਮਾੜਾ। ਜਦੋਂ ਦਿਹਾੜੀ ਲੱਗਦੀ ਏ ਤਾਂ ਰਾਤ ਦੀ ਰੋਟੀ ਪੱਕਦੀ ਏ ਨਹੀਂ ਤਾਂ ਪੌ ਬਾਰਾਂ।"

ਇਕ ਦਮ ਸੁੱਚਾ ਭਲਵਾਨ ਤਖਤਪੋਸ਼ ਤੋਂ ਉੱਠਦਾ ਏ, "ਲੈ ਬਈ ਮੈਚ ਜਿੱਤ ਗਿਆ ਪੰਜਾਬ ਆਪਣਾ। ਓਏ ਲਿਆਓ ਮੁੰਡਿਓ ਮੇਲੂ ਲਈ ਚਾਹ ਦਾ ਕੱਪ... ਬੇਸਣ ਵੀ ਲੈ ਆਓ।"

ਮੇਲੂ ਦੀ ਉਦਾਸ ਗੱਲ ਮੈਚ ਦੇ ਪੁੜਾਂ ਵਿਚਾਲੇ ਪਿਸ ਕੇ ਰਹਿ ਜਾਂਦੀ ਏ।

***************

50 ਕੁ ਗਰਮ ਰੁੱਤਾਂ ਹੰਢਾ ਚੁੱਕਾ ਮੇਲੂ ਹੱਡਾ ਰੋੜੀ ਉੱਤੇ ਬਣੇ ਇਕ ਪਾਸੇ ਢਾਰੇ ਥੱਲੇ ਬੈਠਾ ਏ। ਸ਼ਾਮ ਦਾ ਸੂਰਜ ਢਲ ਰਿਹਾ ਏ। ਅਜੇ ਮਹੀਨਾ ਕੁ ਪਹਿਲਾ ਇਹ ਢਾਰਾ ਸਲਵਾੜ ਤੋਂ

ਪਰਾਲੀ ਦਾ ਬਣਾਇਆ ਸੀ। ਉਹ ਹੁੱਕੇ ਦਾ ਪਾਣੀ ਬਦਲਦਾ ਏ। ਅਤੇ ਚਿਲਮ ਵਿਚ ਅੱਗ ਪਾ ਕੇ ਪੀਣ ਲੱਗ ਪੈਂਦਾ ਏ। ਉਹਦੇ ਇਰਦ ਗਿਰਦ ਤਿੰਨ-ਚਾਰ ਕੁੱਤੇ ਫਿਰਦੇ ਨੇ। ਪਿੱਛੇ ਹੱਡਾ ਰੋੜੀ ਦਾ ਦ੍ਰਿਸ਼ ਦਿਖਾਈ ਦਿੰਦਾ ਏ। ਦੂਰੋਂ ਪਵਿੱਤਰ ਆਪਣੇ ਪੰਜ ਸੱਤ ਸਾਥੀਆਂ ਨਾਲ ਉਧਰ ਨੂੰ ਆਉਂਦਾ ਦਿਖਾਈ ਦਿੰਦਾ ਏ। ਨਾਲ ਉਸਦੇ ਖੇਤਾਂ ਵਿਚ ਕੰਮ ਕਰਨ ਵਾਲੇ ਚਮਾਹਲੀ ਦੇ ਕਾਮੇ ਵੀ ਦਿਸਦੇ ਨੇ। ਉਹ ਘਸਮੈਲੀਆਂ ਹੋ ਚੁੱਕੀਆਂ ਐਨਕਾਂ ਉੱਤੇ ਜ਼ੋਰ ਪਾਉਂਦਾ ਏ।

"ਲੈ ਬਈ ਜਵਾਨੋ ਮੇਲੂ ਦੀ ਹੱਡਾ ਰੋੜੀ 'ਚ ਤਾਂ ਪੈਂਗ ਲਾ ਕੇ ਜਾ ਹੋਣਾ ਸੀ। ਹੁਣ ਬੋ-ਬੂ ਨੀ ਆਉਂਦੀ। ਦਾਰੂ ਤਾਂ ਬੰਦੇ ਦਾ ਨੱਕ ਈ ਬੰਦ ਕਰ ਦਿੰਦੀ ਏ। ਭਾਵੇਂ ਘੰਟਾ ਹੱਡਾ ਰੋੜੀ ਵਿਚ ਬੈਠੇ ਰਹੀਏ।" ਚੋਣ ਲੜ ਰਿਹਾ ਪਵਿੱਤਰ ਬੁੱਲ੍ਹਾਂ ਵਿਚ ਹੱਸਦਾ ਏ।

"ਵੋਟਾਂ ਵੀ ਪੱਕੀਆਂ ਤਾਂ ਈ ਹੋਣੀਆਂ ਏ। ਜਦ ਆਪਾਂ ਸਾਰੇ ਜਣੇ ਉਥੇ ਜਾ ਖੜ੍ਹੇ ਤਾਂ ਮੇਲੂ ਆਪੇ ਹੀ ਕਹੂ 'ਸਰਦਾਰ ਸਾਹਿਬ ਐਤਕੀਂ ਵੋਟਾਂ ਤੁਹਾਡੀਆਂ ਈ ਨੇ।" ਗਿੰਦਰ ਆਪਣਾ ਚਿੱਟਾ ਕੁੜਤਾ ਠੀਕ ਕਰਦਾ ਕਹਿੰਦਾ ਏ।

"ਸੁਣੋ ਬਈ ਦੁੱਕੀ ਤੇ ਤਿੱਕੀ... ਨੰਬੂ, ਧਿਆਨ ਨਾਲ ਮੇਲੂ ਦੀ ਸਾਰੀ ਹੱਡਾ ਰੋੜੀ 'ਤੇ ਪਰਚੇ ਲਾ ਦਿਓ। ਡੰਗਰਾਂ ਦੀਆਂ ਹੱਡੀਆਂ ਤੇ ਵੀ ਲਾ ਦਿਓ।" ਪ੍ਰਗਟ ਦੋਹਾਂ ਦੇ ਹੋਰ ਨੇੜੇ ਆ ਕਹਿੰਦਾ ਏ।

"ਸਰਦਾਰ ਜੀ ਤੁਸੀਂ ਫਿਕਰ ਕਾਹਨੂੰ ਕਰਦੇ ਓ। ਮੈਂ ਕਿਹਾ ਪੂਰੀ ਹੱਡਾ ਰੋੜੀ ਸਰਪੰਚ ਦਾ ਦਫ਼ਤਰ ਬਣਾ ਦੇਣੀ ਏ।"

"ਕੰਜਰ ਦਿਆ ਲੋਕਾਂ ਨੇ ਮਰੇ ਡੰਗਰ ਸਰਪੰਚ ਦੀ ਹਵੇਲੀ ਸੁਟਣੇ ਸ਼ੁਰੂ ਕਰ ਦੇਣੇ ਆ।" ਬਿੱਕਰ ਮਜ਼ਾਕ ਕਰਦਾ ਏ।

"ਯਾਰ ਹੱਦ ਹੋ ਗਈ ਗੱਲ ਦੀ। ਤੁਸੀਂ ਕਾਹਨੂੰ ਐਵੇਂ ਮਗਜ਼ ਮਾਰੀ ਜਾਂਦੇ ਓ। ਉੱਤੋਂ ਵੇਲਾ ਵੇਖੋ ਕਿਹੜਾ ਏ। ਕੋਈ ਕੰਮ ਦੀ ਗੱਲ ਕਰਿਆ ਕਰੋ।" ਪਵਿੱਤਰ ਦੇ ਜ਼ਿਹਨ ਵਿਚ ਮੇਲੂ ਦਾ ਕੁਨਬਾ ਫਿਰਨ ਲੱਗਦਾ ਏ।

ਐਨੇ ਨੂੰ ਸਾਰੇ ਹੱਡਾ ਰੋੜੀ ਬੈਠੇ ਮੇਲੂ ਕੋਲ ਚਲੇ ਜਾਂਦੇ ਹਨ। ਮੇਲੂ ਹੁੱਕੇ ਨੂੰ ਇਕ ਪਾਸੇ ਕਰਕੇ ਸਤਿਕਾਰ ਵਜੋਂ ਉੱਠ ਕੇ ਖੜ੍ਹਾ ਹੋ ਜਾਂਦਾ ਏ। ਪਵਿੱਤਰ ਮੋਹਰੇ ਹੋ ਕੇ ਮੇਲੂ ਦੇ ਨੇੜੇ ਆ ਜਾਂਦਾ ਏ।

"ਬਾਬੂ ਮੇਲਾ ਰਾਮ ਜੀ ਸਤਿ ਸ੍ਰੀ ਅਕਾਲ ਬਈ। ਮੈਂ ਇਨ੍ਹਾਂ ਮੁੰਡਿਆਂ ਨੂੰ ਕਹਿੰਦਾ ਆਉਂਦਾ ਸੀ ਬਈ ਆਪਾਂ ਉਚੇਚੇ ਤੌਰ 'ਤੇ ਬਾਬੂ ਮੇਲਾ ਰਾਮ ਨੂੰ ਮਿਲਣ ਜਾਣੈ। ਉਹ ਵੀ ਉਹਦੀ ਹੱਡਾ ਰੋੜੀ ਉੱਤੇ। ਕੋਈ ਕੰਮ ਥੋੜ੍ਹਾ ਉੱਚਾ ਨੀਵਾਂ ਹੁੰਦੈ ... ਨਾ ਬੰਦਾ ਉੱਚਾ ਨੀਵਾਂ ਹੁੰਦੈ। ਆਪਣਾ ਸਾਂਝਾ ਭਾਈਚਾਰਾ ਏ। ਆਪਣਾ ਇਕ ਪਿੰਡ ਏ। ਪਵਿੱਤਰ ਮੱਲੋ-ਮੱਲੀ ਉਹਦੇ ਵੱਲ ਹੱਥ ਕਰਦਾ ਕਹਿੰਦਾ ਏ। ਝਿਜਕਦਾ ਹੋਇਆ ਮੇਲੂ ਔਗਿਓਂ ਹੱਥ ਜੋੜ ਦਿੰਦਾ ਏ।

"ਸਰਦਾਰ ਜੀ!! ਤੁਹੀਂ ਕਾਹਨੂੰ ਖੇਚਲ ਕੀਤੀ। ਮੈਂ ਤੁਹਾਡੇ ਤੋਂ ਕਿਤੇ ਬਾਹਰ ਜਾ ਸਕਦਾਂ।"



ਐਨੇ ਨੂੰ ਪਵਿੱਤਰ ਨਾਲ ਆਇਆ ਤਿੱਕੀ, ਮੰਜਾ ਝੁੱਕ ਦੇ ਡਾਹ ਦਿੰਦਾ ਏ। ਤੇ ਦੁੱਕੀ ਇਕ ਪੁਰਾਣੀ ਜਿਹੀ ਕੁਰਸੀ ਕੋਠੜੀ ਵਿਚੋਂ ਲੈ ਆਉਂਦਾ ਏ। ਪਵਿੱਤਰ ਸਿੰਘ ਕੁਰਸੀ 'ਤੇ ਬੈਠ ਜਾਂਦਾ ਏ। ਬਾਕੀ ਮੰਜੇ ਉੱਤੇ ਬੈਠ ਜਾਂਦੇ ਨੇ। ਮੇਲੂ ਲੱਕੜ ਦੇ ਤਖ਼ਤ ਉੱਤੇ ਬੈਠ ਜਾਂਦਾ ਏ।

ਪਵਿੱਤਰ ਠਰ੍ਹੰਮੇ ਨਾਲ ਗੱਲ ਤੋਰਦਾ ਏ, "ਦੇਖ ਬਈ ਮੇਲੂ ਰਾਮਾ ਤੇਰਾ ਟੱਬਰ ਤਾਂ ਕਿਤੇ ਸਾਥੋਂ ਭੱਜਿਆ ਨ੍ਹੀਂ। ਅਸੀਂ ਤਾਂ ਤੇਰੇ ਤੋਂ ਤੇਰੇ ਸਾਰੇ ਵਿਹੜੇ ਦੀਆਂ ਵੋਟਾਂ ਲੈਣ ਆਏ ਆਂ। ਸਾਨੂੰ ਪਤੈ ਤੇਰਾ ਸਾਰੇ ਵਿਹੜੇ ਤੇ ਦਾਬਾ ਏ। ਸਾਰੇ ਤੇਰੀ ਗੱਲ ਮੰਨਦੇ ਨੇ। ਨਾਲੇ ਤੇਰਾ ਬਾਪ ਪਿੰਡ ਦਾ ਸਰਪੰਚ ਵੀ ਰਿਹੈ। ਉਦੋਂ ਅਸੀਂ ਉਹਦੀ ਪੂਰੀ ਮਦਦ ਕੀਤੀ ਸੀ।

ਮੇਲੂ ਚੁੱਪ ਰਹਿੰਦਾ ਏ। ਇਸੇ ਦੌਰਾਨ ਨਾਣੀ ਸਾਈਕਲ ਉੱਤੇ ਇਕ ਮਰਿਆ ਕੱਟਾ ਲੱਦੀ ਹੱਡਾ ਰੋੜੀ ਵਿਚ ਵੜਦਾ ਏ ਅਤੇ ਉਨ੍ਹਾਂ ਤੋਂ ਥੋੜ੍ਹੀ ਦੂਰ ਕਿਸੇ ਦਰੱਖ਼ਤ ਦੀ ਓਟ ਨਾਲ ਸਾਈਕਲ ਲਾ ਕੇ ਮਰੇ ਕੱਟੇ ਸਣੇ ਸਾਈਕਲ ਖੜਾ ਕਰ ਦਿੰਦਾ ਏ। ਸਰਪੰਚ ਸਣੇ ਸਾਰੇ ਮੰਜੇ ਉੱਤੇ ਬੈਠੇ ਉਹਦੇ ਵੱਲ ਵੇਖਦੇ ਨੇ। ਨਾਣੀ ਸਾਈਕਲ ਖੜ੍ਹਾ ਕਰਕੇ ਦੂਰੋਂ ਹੀ ਹੱਥ ਜੋੜਦਾ ਏ,

"ਸਰਦਾਰ ਜੀ ਸਤਿ ਸ੍ਰੀ ਅਕਾਲ ਜੀ ਸਭ ਨੂੰ।"

"ਲਗਦਾ ਬਈ ਜਵਾਨ ਨੇ ਮੋਰਚਾ ਫਤਿਹ ਕਰ ਲਿਆ ਅੱਜ।" ਪਵਿੱਤਰ ਸਾਈਕਲ ਉੱਤੇ ਲੱਦੇ ਮਰੇ ਕੱਟੇ ਵੱਲ ਵੇਖਦਾ ਕਹਿੰਦਾ ਏ।

ਮੇਲੂ ਨਾਣੀ ਨੂੰ ਪੈ ਨਿਕਲਦਾ ਏ, "ਓਏ ਮੂਰਖਾ ਏਹਨੂੰ ਕਾਹਨੂੰ ਸਾਡੇ ਸਿਰ 'ਤੇ ਚਾੜ੍ਹ ਦਿੱਤਾ ਕੁਲੱਕਦੇ ਨੂੰ ... ਜਾਹ ਪਰੇ ਸੁੱਟ ਆ ਇਹਨੂੰ।"

ਪਵਿੱਤਰ, "ਕੋਈ ਨਾ ਮੇਲਾ ਰਾਮਾ ... ਸਾਨੂੰ ਕਿਹੜਾ ਇਹ ਖਾਣ ਲੱਗਾ। ਕਮਲਿਆ ਰਿਜ਼ਕ ਨੂੰ ਧੱਕਾ ਨ੍ਹੀਂ ਮਾਰੀਦਾ।"

ਗਿੰਦਰ ਮੇਲੂ ਵੱਲ ਮੂੰਹ ਕਰਕੇ ਮੁੜ ਪਹਿਲੀ ਗੱਲ 'ਤੇ ਆ ਜਾਂਦਾ ਏ, "ਭਲਾ ਆਪਣੇ ਵਿਹੜੇ ਦੀਆਂ ਕਿੰਨੀਆਂ ਕੁ ਵੋਟਾਂ ਹੋਣਗੀਆਂ।"

"ਵੋਟਾਂ ਤਾਂ ਵਾਹਵਾ ਹੋਣਗੀਆਂ। ਕੋਈ ਸੌ ਤੋਂ ਉਪਰ। ਪਰ ਸਾਰੇ ਸਾਡੇ ਆਖੇ ਥੋੜ੍ਹਾ ਲੱਗਣਗੇ।"

ਪ੍ਰਗਟ ਉਹਦੇ ਮੂੰਹ ਦੀ ਗੱਲ ਖੋਹ ਲੈਂਦਾ ਏ, "ਨੰਬੂ ਕੇ ਘਰਾਂ ਨੂੰ ਸਾਂਭ ਲਵਾਂਗੇ। ਉਨ੍ਹਾਂ ਦਾ ਤੁਸੀਂ ਕੋਈ ਫ਼ਿਕਰ ਨਾ ਕਰੋ। ਸਾਰੀ ਸੈਟਿੰਗ ਕਰ ਲਈ ਏ।"

"ਸਾਡੇ ਘਰਾਂ ਦੇ ਦਸ-ਬਾਰ੍ਹਾਂ ਟੱਬਰ ਹੋਣਗੇ। ਉਨ੍ਹਾਂ ਦੇ ਇਕ ਪਾਸੇ ਮੂੰਹ ਨ੍ਹੀਂ ਹੋਣੇ। ਵਿਹੜੇ ਦੇ ਬਹੁਤੇ ਮੁੰਡੇ ਤਾਂ ਚਿੱਟੇ 'ਤੇ ਲੱਗ ਗਏ ਨੇ। ਜਦੋਂ ਚਿੱਟਾ ਨਹੀਂ ਮਿਲਦਾ ਤਾਂ 'ਨਟ' ਖਾਂਦੇ ਨੇ। ਬੁਰਾ ਹਾਲ ਏ ਪਵਿੱਤਰ ਸਿਆਂ। ਉਨ੍ਹਾਂ ਦੇ ਘਰ ਦੇ ਤਰ੍ਹਾਂ-ਤਰ੍ਹਾਂ ਦੀ ਤੂਤੀ ਬੋਲਦੇ ਨੇ... ਕੋਈ ਕਿਸੇ ਵੱਲ ਉਗਾਲ ਕਰਦਾ ਏ।" ਮੇਲੂ ਅਸਲ ਗੱਲ ਕਰਦਾ ਕਰਦਾ ਰੁਕ ਜਾਂਦਾ ਏ।

"ਮੇਲੂ ਰਾਮਾ ਖੁੱਲ੍ਹ ਕੇ ਗੱਲ ਕਰ ਯਾਰ ਐਵੇਂ ਝੇਪ ਕਿਉਂ ਖਾਈ ਜਾਂਦੈ। ਅਸੀਂ ਕਿਹੜੇ ਓਪਰੇ ਆਂ। ਪੰਜ ਸਾਲ ਪਿੰਡ ਦੇ ਕੰਮ ਵੀ ਅਸੀਂ ਸਵਾਰਨੇ ਨੇ। ਜਿਹੜੀ ਵਿਚੋਂ ਗੱਲ ਏ ਬੰਦਾ ਖੁੱਲ੍ਹ ਕੇ ਕਰੇ। ਤੂੰ ਸਾਬਕਾ ਸਰਪੰਚ ਬਾਬੂ ਭਗਤ ਰਾਮ ਦਾ ਮੁੰਡਾ ਏਂ ਯਾਰ। ਉਹ ਜਿੱਥੇ ਖੜ੍ਹਦਾ ਸੀ, ਜਦੋਂ

ਬੋਲਦਾ ਸੀ, ਕੋਈ ਖੰਘਦਾ ਵੀ ਨਹੀਂ ਸੀ।" ਪਵਿੱਤਰ ਮੇਲੂ ਦੇ ਮਨ ਅੰਦਰ ਵੇਖ ਗਈ ਗੱਲ ਨੂੰ ਬਾਹਰ ਕੱਢਣਾ ਚਾਹੁੰਦਾ ਏ।

ਪਵਿੱਤਰ ਦੀ ਗੱਲ ਸੁਣ ਕੇ ਮੇਲੂ ਹੁੱਕੇ ਦਾ ਕੱਸ਼ ਖਿੱਚਦਾ ਏ ਤੇ ਹੱਡਾ ਰੋੜੀ ਵਿਚ ਫਿਰਦੇ ਕੁੱਤਿਆਂ ਵੱਲ ਵੇਖਣ ਲੱਗ ਪੈਂਦਾ ਏ... ਓਧਰੋਂ ਨਾਣੀ ਬੋਲ ਪੈਂਦਾ ਏ, "ਲੱਖੀ ਤਾਂ ਕਹਿੰਦੇ ਨੇ ਬਈ ਤੁਸੀਂ ਵਿਹੜੇ ਦੇ ਮੁੰਡੇ ਨਸ਼ੇ 'ਤੇ ਲਾ ਦਿੱਤੇ ਨੇ। ਕੋਈ ਕਹਿੰਦਾ ਸ਼ਹਿਰੋਂ ਸਪਲਾਈ ਆਉਂਦੀ ਏ। ਘਰਾਂ ਵਿਚ ਝਗੜੇ ਹੋਣ ਲੱਗ ਪਏ ਨੇ। ਨਸ਼ੇ 'ਚ ਮੁੰਡਾ ਪਿਓ ਦੇ ਥੱਪੜ ਮਾਰ ਦਿੰਦਾ ਏ... ਪਿਓ ਮੁੰਡੇ ਦੀ ਛੂਹੀ ਲਾਲ ਕਰ ਦਿੰਦਾ ਏ... ਮੁੰਡੇ ਕੋਈ ਕੰਮ ਨੀਂ ਕਰਦੇ। ਘਰਾਂ ਦੇ ਭਾਂਡੇ ਵੇਚ ਦਿੰਦੇ ਨੇ। ਜਿਹਦੇ ਘਰ ਦਾ ਇਕ ਜੀਅ ਨਸ਼ੇ 'ਤੇ ਲੱਗ ਜਾਵੇ ਭਲਾ ਉਹ ਕਿਵੇਂ ਵੋਟ ਪਾ ਦਊ।"

ਮੇਲੂ ਵੀ ਹੌਸਲਾ ਫੜਦਾ ਏ, "ਸਰਦਾਰ ਜੀ ਸੁਣਿਆ ਤਾਂ ਮੈਂ ਇਹੀ ਏ। ਨਾਣੀ ਝੂਠ ਨੀਂ ਬੋਲਦਾ। ਅੱਗੋਂ ਸੱਚ ਤਾਂ ਵਾਹਿਗੁਰੂ ਈ ਜਾਣਦਾ। ਪਰ ਇਹ ਸੱਚ ਆ ਕਿ ਪਿੰਡ ਦੇ ਗੱਭਰੂ ਨੇਰ੍ਹੇ ਨਾਲ ਭਰੇ ਖੂਹ ਅੱਗੇ ਖੜ੍ਹੇ ਨੇ। ਉਨ੍ਹਾਂ ਦਾ ਖੂਹ 'ਚ ਡਿੱਗ ਕੇ ਮਰਨਾ ਪੱਕਾ ਏ।"

ਪਵਿੱਤਰ ਨਿਮਰਤਾ ਨਾਲ ਬੋਲਦਾ ਏ, "ਭਰਾਵੋ! ਤੁਸੀਂ ਮੇਰੇ ਤੇ ਕਿਉਂ ਉਂਗਲਾਂ ਕਰੀ ਜਾਂਦੇ ਓ। ਮੈਂ ਦੋ ਵੇਲੇ ਗੁਰਦਵਾਰੇ ਜਾਣ ਆਲਾ ਬੰਦਾ। ਦੋ ਵਾਰ ਨਸ਼ਾ ਛਡਾਊ ਕੈਂਪ ਪਿੰਡ ਵਿਚ ਲਾ ਚੁੱਕਾ। ਤੁਸੀਂ ਮੈਨੂੰ ਕਦੇ ਵੇਖਿਆ ਸ਼ਰੇਆਮ ਸੱਥਾਂ ਵਿਚ ਨਸ਼ੇ ਵੰਡਦੇ ਨੂੰ ਮੈਂ ਤਾਂ ਦੋ ਬੰਦੇ ਪਿੰਡ ਵਿਚ ਨਸ਼ੇ ਵੇਚਣ ਆਲੇ ਆਪ ਫੜ ਕੇ ਠਾਣੇ ਬੰਦ ਕਰਾਏ... ਹਾਂ ਮਾੜੀ ਮੋਟੀ ਦਾਰੂ ਤਾਂ ਸਾਰੇ ਪੀਂਦੇ ਨੇ। ਮੈਂ ਵੀ ਕਦੇ ਕਦੇ ਛਿੱਟ ਲਾ ਲੈਂਦਾ।"

ਮੇਲੂ ਨਰਮੀ ਨਾਲ ਕਹਿੰਦਾ ਏ, "ਦੇਖੋ ਸਰਦਾਰ ਜੀ! ਮੈਂ ਬਹੁਤ ਨਿੱਕਾ ਬੰਦਾ। ਮੇਰੇ ਆਖੇ ਕਿਸੇ ਟੱਬਰ ਨੇ ਨੀਂ ਲੱਗਣਾ। ਮੇਰੇ ਹੱਥ ਖੜੇ ਨੇ। ਤੁਹੀਂ ਆਹ ਨਾਣੀ ਨੂੰ ਵੇਖ ਲਓ ਇਹ ਮੇਰੇ ਕਹੇ ਵੋਟ ਪਾ ਦੂ। ਇਹ ਤਾਂ ਮੈਨੂੰ ਪੜ੍ਹਨੇ ਪਾ ਦਿੰਦੇ। ਭਲਾ ਮੈਂ ਥੋੜ੍ਹੋਂ ਕਹਿੰਦਾ ਬਈ ਤੁਸੀਂ ਨਸ਼ੇ ਵੰਡਦੇ ਓ... ਤੁਸੀਂ ਪਵਿੱਤਰ ਓ... ਤੁਸੀਂ ਸੁੱਚੇ ਓ... ਤੁਸੀਂ ਉੱਚੇ ਓ... ਪਰ ਲੋਕ ਕਹਿੰਦੇ ਨੇ ਇਹ ਸਭ ਕੁਝ। ਭਰਾਓ! ਮੇਰਾ ਹੱਡਾ ਰੋੜੀ ਤੋਂ ਵਿਹਲ ਨੀਂ ਲੱਗਦਾ। ਮੇਰੇ ਵੱਲੋਂ ਤਾਂ ਕੋਈ ਬਣ ਜਾਵੇ ਸਰਪੰਚ....।"

ਇਸੇ ਦੌਰਾਨ ਮੇਲੂ ਦਾ ਛੋਟਾ ਭਰਾ ਗੇਲੂ ਆ ਖੜਦਾ ਏ। ਉਹ ਸ਼ਹਿਰ ਵੱਲੋਂ ਸਾਈਕਲ ਉੱਤੇ ਆ ਰਿਹਾ ਏ। ਉਹਦੇ ਕੱਪੜਿਆਂ ਨੂੰ ਰੰਗ ਲੱਗਾ ਹੋਇਆ ਏ। ਸਾਈਕਲ ਦੇ ਹੈਂਡਲ ਨਾਲ ਇਕ ਖਾਲੀ ਰੰਗ ਦਾ ਡੱਬਾ ਟੰਗਿਆ ਹੋਇਆ ਏ। ਉਹ ਉਨ੍ਹਾਂ ਦੇ ਨੇੜੇ ਆ ਕੇ ਸਾਈਕਲ ਦੀਆਂ ਬਰੇਕਾਂ ਲਾ ਕੇ ਖੜ੍ਹ ਜਾਂਦਾ ਏ।

ਪਵਿੱਤਰ ਉਹਦੇ ਵੱਲ ਵੇਖਦਾ ਬੋਲਦਾ ਏ, "ਆ ਬਈ ਗੁਰਮੇਲ! ਤੇਰਾ ਕੰਮ ਕਾਰ ਕਿਦਾਂ ਏ, ਦਿਹਾੜੀ ਲੱਗ ਜਾਂਦੀ ਏ। ਵੋਟਾਂ ਆਲੇ ਦਿਨ ਛੁੱਟੀ ਕਰਨੀ ਏ। ਦਿਹਾੜੀ ਮੈਂ ਦੇ ਦਊਂ।"



ਗੇਲੂ ਸਾਈਕਲ ਖੜ੍ਹਾ ਕਰਦਾ ਕਹਿੰਦਾ ਏ, "ਠੀਕ ਆ ਜੀ। ਦਿਹਾੜੀ ਲੱਗ ਜਾਂਦੀ ਏ।" ਨੰਬੂ ਉਸ ਨੂੰ ਪਰਚੇ ਫੜਾਉਣ ਲੱਗਦਾ ਏ, ਉਹ ਪਰਚਾ ਫੜ ਕੇ ਵੇਖਣ ਲੱਗ ਪੈਂਦਾ ਏ।

"ਐਵੇਂ ਭੱਜ ਦੌੜ ਈ ਏ ਸਰਦਾਰ ਜੀ। ਮੈਂ ਇਹਨੂੰ ਬਹੁਤ ਰੋਕਿਆ ਬਈ ਨਾ ਕਰ ਇਹ ਕੰਮ। ਪਰ ਇਹ ਕਹਿੰਦਾ ਮੈਂ ਇਹ ਹੱਡਾ ਰੋੜੀ ਦਾ ਕੰਮ ਕਰਨਾ ਈ ਨਹੀਂ। ਉਪਰੋਂ ਇਹਦੀ ਘਰ ਆਲੀ ਆ ਗਈ ਉੱਚੀ ਕੁੱਲ 'ਚੋਂ। ਕਹਿੰਦੀ ਮੈਨੂੰ ਤਾਂ ਮੁਸ਼ਕ ਆਉਂਦੇ। ਮੈਂ ਘਰ ਤਾਂ ਰਹੂ ਜੇ ਇਹ ਕੰਮ ਛੱਡੇ। ਲਓ ਜੀ ਸਾਡਾ ਪਿਤਾ ਪੁਰਖੀ ਕੰਮ ਛਡਾ ਦਿੱਤਾ। ਹੁਣ ਲੈਂਤਾਂ ਤੜਾਉਂਦਾ ਸ਼ਹਿਰ ਵੱਲ ਨੂੰ ਭੱਜਦਾ ਏ, ਫਿਰ ਸ਼ਾਮ ਨੂੰ ਘਰ ਵੱਲ ਨੂੰ ਭੱਜਦਾ ਏ। ਖਾਂਦਾ ਦੋ ਵੇਲੇ ਦੀ ਰੋਟੀ ਈ ਏ। ਪਿੱਠ ਪਿੱਛੇ ਇਹਨੂੰ ਵੀ ਸਾਰੇ ਭਗਤੇ ਹੱਡਾ ਰੋੜੀ ਵਾਲੇ ਚਮਾਰ ਦਾ ਮੁੰਡਾ ਕਹਿੰਦੇ ਨੇ।" ਮੇਲੂ ਆਪਣੇ ਭਰਾ 'ਤੇ ਹਿਰਖ ਝਾੜਦਾ ਏ।

"ਸ਼ਹਿਰ ਵਿਚ ਕੋਈ ਨੀਂ ਪੁੱਛਦਾ ਬਈ ਕੌਣ ਏ। ਮੈਂ ਕਿਹੜਾ ਗਲ 'ਚ ਫੱਟਾ ਪਾਈ ਫਿਰਦਾ। ਖਰਾ ਹੋ ਗਿਆ ਨਰਕ 'ਚੋਂ ਤਾਂ ਨਿਕਲੇ। ਚੌਕ 'ਚ ਹਰ ਬਰਾਦਰੀ ਆਉਂਦੀ ਏ, ਦਿਹਾੜੀ ਕਰਨ... ਜਿਹਨੂੰ ਰੋਟੀ ਨਹੀਂ ਮਿਲਦੀ ਉਹਨੂੰ ਚੌਕ ਵਿਚ ਆਉਣਾ ਈ ਪੈਣੈ।" ਗੇਲੂ ਆਪਣੇ ਭਰਾ ਦੀ ਗੱਲ ਨੂੰ ਤਰਕਾ ਹੋ ਕੇ ਕੱਟਦਾ ਏ।

"ਤੇਰੀ ਗੰਦੀ ਜ਼ਬਾਨ ਨੇ ਈ ਤੈਨੂੰ ਇਕ ਦਿਨ ਡੋਬਣੈ। ਮੈਂ ਤੈਨੂੰ ਦੱਸ ਦਿਆਂ।" ਮੇਲੂ ਗੁੱਸੇ ਵਿਚ ਆ ਜਾਂਦਾ ਏ।

ਪਵਿੱਤਰ ਗੱਲ ਨੂੰ ਹੋਰ ਪਾਸੇ ਜਾਂਦੀ ਵੇਖ ਕੇ ਵਿਚੋਂ ਕੱਟਦਾ ਏ, "ਚਲੋ ਛੱਡੋ ਯਾਰ ਤੁਸੀਂ ਤਾਂ ਐਵੇਂ ਲੜਨ ਲੱਗ ਪਏ। ਕੁਰਸੀ ਤੋਂ ਉਹ ਉੱਠਣ ਲੱਗਦਾ ਏ, ਨਾਲ ਹੀ ਬਾਕੀ। ਗਿੰਦਰ ਤੇ ਪ੍ਰਗਟ ਵੀ ਉੱਠ ਪੈਂਦੇ ਨੇ। ਦੂੱਕੀ, ਤਿੱਕੀ ਵੀ ਪਰਚੇ ਸਾਂਭਣ ਲੱਗਦੇ ਨੇ। ਤੁਰਨ ਲੱਗਾ ਪਵਿੱਤਰ ਫਿਰ ਕਹਿੰਦਾ ਏ, "ਹੁਣ ਮੇਲੂ ਰਾਮਾ ਮਨ ਵਿਚ ਵਹਿਮ ਕੱਢ ਦੇ ਅਤੇ ਆਪਣੇ ਸਾਰੇ ਟੱਬਰਾਂ ਦੀਆਂ ਵੋਟਾਂ ਪੱਕੀਆਂ ਕਰ ਲੈ। ਬੰਦਾ ਗਲਤੀ ਦਾ ਪੁਤਲਾ। ਜੇ ਮੇਰੇ ਕੋਲੋਂ ਕੋਈ ਗਲਤੀ ਅਣਜਾਣ ਪੁਣੇ 'ਚ ਹੋਈ ਵੀ ਹੋਈ ਤਾਂ ਦੂਰ ਹੋ ਜੂ। ਇਨ੍ਹਾਂ ਮੁੰਡਿਆਂ ਦਾ ਆਪਾਂ ਬੈਠ ਕੇ ਕੋਈ ਹੱਲ ਕੱਢਾਂਗੇ। ਸਾਡੇ ਆਪਣੇ ਮੁੰਡੇ ਨੇ।" ਮੇਲੂ ਦੇ ਨੇੜੇ ਆ ਉਹਦੇ ਮੋਢੇ 'ਤੇ ਹੱਥ ਰੱਖਦਾ ਏ।

"ਚੰਗਾ ਸਰਦਾਰ ਜੀ ਸਤਿ ਸ੍ਰੀ 'ਕਾਲ।" ਮੇਲੂ ਅਖੀਰ ਵਿਚ ਵੀ ਵੋਟਾਂ ਦੀ ਹਾਮੀ ਨਹੀਂ ਭਰਦਾ।

ਪਵਿੱਤਰ ਆਪਣੇ ਸਾਥੀਆਂ ਨਾਲ ਹੱਡਾ ਰੋੜੀ ਤੋਂ ਤੁਰ ਪੈਂਦਾ ਏ ਅਤੇ ਨਾਲ ਹੀ ਗੇਲੂ ਨੂੰ ਵਿਹੜੇ ਵੱਲ ਤੋਰ ਲੈਂਦਾ ਏ। ਉਨ੍ਹਾਂ ਦੇ ਦੂਰ ਜਾਣ ਤੇ ਨਾਣੀ, ਮੇਲੂ ਦੇ ਨੇੜੇ ਆ ਕੇ ਕਹਿੰਦਾ ਏ,

"ਚਾਚਾ! ਦੇਖ ਲੈ ਗੇਲੂ ਦੇ ਚਾਲੇ। ਤੁਰ ਪਿਆ ਨਾ ਪਵਿੱਤਰ ਨਾਲ। ਇਹਨੂੰ ਵੀ ਇਹ ਬੰਦਾ ਇਕ ਦਿਨ ਨਸ਼ਿਆਂ ਦੇ ਛੱਪੜ ਵਿਚ ਡੋਬੂ। ਫਿਰ ਇਹਨੂੰ ਪਤਾ ਲੱਗੂ।"

"ਜੇ ਅਕਲ ਵਾਲਾ ਹੁੰਦਾ ਤਾਂ ਮੇਰੇ ਨਾਲ ਹੱਡਾ ਰੋੜੀ 'ਚ ਕੰਮ ਨਾ ਕਰਾਉਂਦਾ। ਮੇਰੇ ਕੋਲੇ ਕੇਲ ਕੰਮ ਹੁੰਦਾ ਏ। ਸਾਡੇ ਘਰ ਇਹ ਬਾਹਮਣ ਪਤਾ ਨੀਂ ਕਿੱਥੋਂ ਜੰਮ ਪਿਆ।" ਮੇਲੂ ਖਿੱਝਦਾ ਏ।

"ਚਾਚਾ ਮੈਂ ਠੀਕ ਕੀਤਾ ਨਾ। ਮੂੰਹ 'ਤੇ ਕਹਿ ਤਾ। ਆਪਾਂ ਕਿਹੜਾ ਉਹਦੇ ਘਰ ਖਾਣ ਜਾਣਾ। ਕਹੀ ਗੱਲ ਮਰੇ ਡੰਗਰ ਚੁੱਕਣ ਦੀ। ਉਹਨੇ ਆਪੇ 'ਵਾਜਾਂ ਮਾਰਨੀਆਂ ਜਦੋਂ ਮਰਿਆ ਡੰਗਰ ਵਿਹੜੇ ਵਿਚ ਮੁਸ਼ਕ ਮਾਰਨ ਲੱਗ ਪਿਆ। ਉਦੋਂ ਨੱਕ ਵਰਗੀ ਚਵਲ ਨੱਠੀ-ਨੱਠੀ ਆਊ… ਬਈ ਮੇਲੂ, ਸਰਦਾਰ ਕਹਿੰਦਾ ਹਵੇਲੀ 'ਚੋਂ ਡੰਗਰ ਚੁੱਕ ਲਿਆ ਜਾ ਕੇ, ਨਿਆਣੇ ਤਾਂ ਰੋਟੀ ਨੀਂ ਖਾਂਦੇ ਕਹਿੰਦੇ ਮੁਸ਼ਕ ਆਉਂਦਾ।" ਨਾਣੀ ਕੁਝ ਵਧੇਰੇ ਹੀ ਆਪਣੇ ਕੰਮ 'ਤੇ ਮਾਣ ਕਰਦਾ ਕਹਿੰਦਾ ਏ।

"ਪਵਿੱਤਰ ਹੁਣ ਵੇਖ ਲੈ ਕਿਵੇਂ ਬਗਲਾ ਭਗਤ ਬਣ ਗਿਆ ਏ। ਇਹਦੇ ਕਰਿੰਦੇ ਸ਼ਰੇਆਮ ਤਾਂ ਪਿੰਡ ਵਿਚ ਨਸ਼ੇ ਵੰਡਦੇ ਨੇ। ਹਵੇਲੀ ਵਿਚ ਰਾਤ ਨੂੰ ਸ਼ਰਾਬਾਂ-ਮੁਰਗੇ ਚਲਦੇ ਨੇ।" ਮੇਲੂ ਆ… ਹੈ ਭੜਾਸ ਫਿਰ ਕੱਢਦਾ ਏ।

ਚਾਚਾ ਮੈਂ ਵੇ ਆਹ ਕੱਟੇ ਦਾ ਕੰਮ ਕਰ ਹੀ ਦਿਆਂ। ਕੁੱਤੇ ਵੀ ਭੁੱਖੇ ਹੋਏ ਫਿਰਦੇ ਨੇ। ਖੱਲ ਲਾਹ ਕੇ ਕੋਠੜੀ 'ਚ ਰੱਖ ਦਿਆਂ। ਰਾਤ ਨੂੰ ਕੁੱਤੇ ਪੇਟ ਪੂਜਾ ਕਰਦੇ ਰਹਿਣਗੇ।" ਨਾਣੀ ਰੰਬੀ ਚੁੱਕ ਕੇ ਕੱਟੇ ਦੀ ਖੱਲ ਲਾਹੁਣ ਲਈ ਓਹਲੇ ਹੋ ਜਾਂਦਾ ਏ।

********************

ਮੇਲੂ ਦੀ ਘਰਆਲੀ ਮਨਜੀਤ ਅਤੇ ਉਸ ਦੇ ਛੋਟੇ ਭਰਾ ਗੇਲੂ ਦੀ ਘਰਆਲੀ ਕਸ਼ਮੀਰੋ ਪਿੰਡ ਦੇ ਬਾਹਰ ਬਣੀ ਸਖੀ ਸਰਵਰ ਦੀ ਮਜ਼ਾਰ ਉੱਤੇ ਵੀਰਵਾਰ ਵਾਲੇ ਦਿਨ ਚਿਰਾਗ਼ ਕਰਨ ਜਾਂਦੀਆਂ ਨੇ। ਮਨਜੀਤ ਪੰਜਾਹ ਟੱਪ ਚੁੱਕੀ ਏ ਅਤੇ ਕਸ਼ਮੀਰੋ ਪੈਂਤੀਆਂ ਪਾਰ ਕਰ ਚੁੱਕੀ ਏ। ਦੋਹਾਂ ਨੇ ਪੁਰਾਣੇ ਜਿਹੇ ਕੱਪੜੇ ਪਾਏ ਹੋਏ ਨੇ। ਉਨ੍ਹਾਂ ਦੇ ਪੈਰ ਨੰਗੇ ਹੁੰਦੇ ਨ। ਕਸ਼ਮੀਰੋ ਦੇ ਹੱਥ ਵਿਚ ਥਾਲ ਅਤੇ ਉਸ ਵਿਚ ਇਕ ਦੀਵਾ, ਤੇਲ ਰੱਖਿਆ ਹੋਇਆ ਏ। ਦਿਨ ਢਲ ਚੁੱਕਾ ਏ। ਸੂਰਜ ਦੀ ਆਖ਼ਰੀ ਲਾਲੀ ਦਿਸਦੀ ਏ।

"ਭੈਣੇ ਇਹ ਪੀਰ ਬੜੇ ਉੱਚ ਦੇ ਨੇ। ਬੜੀ ਮਾਨਤਾ ਆ ਇਨ੍ਹਾਂ ਦੀ। ਪੀਰਾਂ ਦੀ ਅਸਲ ਮਜ਼ਾਰ ਤਾਂ ਕਹਿੰਦੇ ਪਾਕਿਸਤਾਨ ਰਹਿ ਗਈ… ਮੁਲਤਾਨ 'ਚ। ਕਹਿੰਦੇ ਏਧਰ ਵੀ ਪੀਰ ਯਾਤਰਾ 'ਤੇ ਨਿਕਲਦੇ ਸੀਗੇ। ਬਾੜਰ ਵੱਲ ਬਹੁਤ ਭਾਰੀ ਮੇਲਾ ਵੀ ਲੱਗਦਾ ਏ ਅੱਸੂ-ਕੱਤੇ ਨੂੰ। ਆਪਣੇ ਪਿੰਡ ਦੀ ਮਜ਼ਾਰ ਵੀ ਮੁਸਲਮਾਨ ਵੇਲਿਆਂ ਦੀ ਏ। ਕਹਿੰਦੇ ਨੇ ਬੜੀ ਕਰਨੀ ਵਾਲਾ ਪੀਰ ਹੋਇਆ ਏ। ਸੱਚੇ ਮਨ ਨਾਲ ਮੱਥਾ ਟੇਕੋ ਤਾਂ ਸੁਖਣਾ ਪੂਰੀ ਹੁੰਦੀ ਏ।" ਮਨਜੀਤ ਪਤੇ ਦੀ ਗੱਲ ਕਰਦੀ ਏ।

"ਭੈਣਜੀ। ਮੈਂ ਤਾਂ ਕਹਿੰਦੀ ਆ ਮੇਰੀ ਝੋਲੀ ਪੀਰ ਲਾਲ ਪਾ ਦੇਵੇ। ਉਹਦੇ ਘਰ ਕੀ ਘਾਟਾ।" ਕਸ਼ਮੀਰੋ ਉਦਾਸੀ ਵਿਚ ਬੋਲਦੀ ਏ।

"ਭੈਣੇ ਮੈਂ ਤੈਨੂੰ ਦੱਸਾਂ ਸਖੀ ਸਰਵਰ ਤਾਂ ਬਹੁਤ ਕਰਨੀ ਆਲਾ ਪੀਰ ਏ। ਕਹਿੰਦੇ ਇਕ ਵਾਰ ਨੰਬੂ ਕਿਆਂ ਦੀ ਬਹਿਰ ਪੜ੍ਹੀ ਲਿਖੀ ਨੂੰਹ ਨੇ ਪੀਰ ਨੂੰ ਮਖੌਲ ਕਰ ਦਿੱਤਾ ਸੀ। ਕਹਿੰਦੇ ਉਹਨੂੰ



ਆਪਣੀ ਪੜ੍ਹਾਈ ਦਾ ਹੰਕਾਰ ਹੋ ਗਿਆ ਸੀ। ਕਹਿੰਦੇ ਫੇਰ ਦੋ ਮਹੀਨੇ ਵੀ ਨਹੀਂ ਬੀਤੇ ਕਿ ਉਹਦੇ ਘਰ ਵਾਲੇ ਦਾ ਐਕਸੀਡੈਂਟ ਹੋ ਗਿਆ ਤੇ ਕਹਿੰਦੇ ਉਹਦੀ ਲਾਸ਼ ਹੀ ਘਰ ਆਈ ਸੀ। ਕਹਿੰਦੇ ਫੇ ਨੰਬੂ ਕਿਆਂ ਦੀ ਨੂੰਹ ਨੰਗੇ ਪੈਰੀਂ ਭੱਜੀ ਭੱਜੀ ਸਖੀ ਦੀ ਦਰਗਾਹ ਤੇ ਆਈ ਸੀ। ਕਹਿੰਦੇ ਉਹਨੇ ਬੜੀਆਂ ਭੁੱਲਾਂ ਬਖਸ਼ਾਈਆਂ ਸੀ ਕਹਿੰਦੇ ਉਹ ਤਾਂ ਝੱਲੀ ਈ ਹੋ ਗਈ ਸੀ ਕਹਿੰਦੇ…" ਕਸ਼ਮੀਰੋ ਲੰਮੀ ਲੜੀ ਲੈ ਬਹਿੰਦੀ ਏ।

ਐਨੇ ਨੂੰ ਦੋਵੇਂ ਸਖੀ ਸਰਵਰ ਦੀ ਮਜ਼ਾਰ 'ਤੇ ਪਹੁੰਚ ਜਾਂਦੀਆਂ ਨੇ, ਕੁੱਝ ਔਰਤਾਂ ਤੇ ਮਰਦ ਮਜ਼ਾਰ 'ਤੇ ਚਿਰਾਗ਼ ਕਰਨ ਆ ਤੇ ਕੁੱਝ ਜਾ ਰਹੇ ਨੇ।

"ਭੈਣਜੀ। ਮੇਰਾ ਤਾਂ ਰੋਮ ਰੋਮ ਪੀਰਾਂ ਦਾ ਦਾਸ ਏ। ਮੈਂ ਤਾਂ ਸੱਚੇ ਮਨੋ ਤਨੋ ਚਿਰਾਗ਼ ਕਰਨੇ ਨੇ। ਸਾਡੇ ਘਰ ਦੀ ਜੜ੍ਹ ਵੀ ਪੀਰ ਹਰੀ ਕਰ ਦੇਣ… ਮੈਂ ਤਾਂ ਨੰਗੇ ਪੈਰ੍ਹਾਂ ਨਾਲ ਹਰ ਵੀਰਵਾਰ ਚੱਲ ਕੇ ਪੀਰਾਂ ਦੇ ਚਿਰਾਗ਼ਾਂ 'ਚ ਤੇਲ ਪਾਉਣ ਆਊਂ।" ਮਨਜੀਤ ਸ਼ਰਧਾ ਵਿਚ ਬੋਲਦੀ ਏ। ਕਸ਼ਮੀਰੋ ਚੁੱਪ ਚਾਪ ਤੁਰੀ ਜਾ ਰਹੀ ਏ। ਮਨਜੀਤ ਫਿਰ ਬੋਲਦੀ ਏ, "ਨਾਲੇ ਗੱਲ ਸੁਣ ਨੇੜੇ ਹੋ ਕੇ… ਪੀਰਾਂ ਅੱਗੇ ਮੱਥਾ ਟੇਕਦਿਆਂ ਮਨ ਵਿਚ ਕਹੀਂ ਬਈ ਪੀਰ ਜੀ ਹਰ ਮੇਲੇ ਤੋਂ ਪਹਿਲਾਂ ਮੈਂ ਤੇਰੀ ਮਜ਼ਾਰ 'ਤੇ ਹਰੀ ਕਲੀ ਕਰਾਊਂ। ਕਹਿੰਦੇ ਜਿਹੜਾ ਪੀਰ ਹੁੰਦਾ ਉਹ ਵੀ ਦੱਖਣਾ ਮੰਗਦਾ ਹੁੰਦੈ। ਘਰ ਜਾ ਕੇ ਮੇਲੂ ਨੂੰ ਕਹੀਂ ਮੇਲੇ ਤੋਂ ਪਹਿਲਾਂ ਮਜ਼ਾਰ ਤੇ ਹਰੀ ਕਲੀ ਕਰ ਜਾਵੇ। ਉਹਦਾ ਤਾਂ ਭੈਣਾ ਏਹੀ ਕੰਮ ਏ। ਪੀਰ ਕਿਸੇ ਦਾ ਰਿਜ਼ਕ ਨ੍ਹੀਂ ਰੱਖਦਾ। ਉਹ ਕਿਸੇ ਨਾ ਕਿਸੇ ਤਰੀਕੇ ਦੇ ਦਿੰਦਾ ਏ।"

ਕਸ਼ਮੀਰੋ ਤੇ ਮਨਜੀਤ ਸਖੀ ਸਰਵਰ ਦੀ ਮਜ਼ਾਰ 'ਤੇ ਚਿਰਾਗ਼ 'ਚ ਤੇਲ ਪਾ ਕੇ ਚਿਰਾਗ਼ ਕਰਦੀਆਂ ਨੇ। ਦੋਵੇਂ ਹੱਥ ਜੋੜ ਕੇ ਚੌਂਕੜੀ ਮਾਰ ਕੇ ਮਨ ਵਿਚ ਸੁਖਣਾ ਸੁਖਦੀਆਂ ਨੇ ਤੇ ਉੱਠ ਕੇ ਪਿਛਲਖੁਰੀ ਬਾਹਰ ਨੂੰ ਨਿਕਲ ਤੁਰਦੀਆਂ ਨੇ।

******************

ਦੋ ਕਮਰਿਆਂ ਵਾਲਾ ਮੇਲੂ ਤੇ ਗੇਲੂ ਦਾ ਸਾਂਝਾ ਘਰ ਏ। ਵਿਹੜਾ ਏ। ਵਿਹੜੇ ਵਿਚ ਘਸਿਆ ਤੇ ਟੁੱਟਾ ਭੱਜਾ ਸਮਾਨ ਪਿਆ ਹੋਇਆ ਏ। ਕਸ਼ਮੀਰੋ ਵਿਹੜੇ ਨੂੰ ਬਹਾਰੀ ਨਾਲ ਸੁੰਭਰ ਰਹੀ ਏ ਅਤੇ ਮਨਜੀਤ ਇਕ ਨੁਕਰੇ ਭਾਂਡੇ ਮਾਂਜ ਰਹੀ ਏ। ਉਸੇ ਵੇਲੇ ਉਨ੍ਹਾਂ ਨੂੰ ਗਲੀ ਵਿਚੋਂ ਆਵਾਜ਼ ਸੁਣਦੀ ਏ-ਜੋਗੀ ਉਤਰ ਪਹਾੜੋਂ ਆਏ … ਉਏ ਜੋਗੀ ਉਤਰ ਪਹਾੜੋਂ ਆਏ… ਐਨੇ ਨੂੰ ਵਿਹੜੇ ਦੇ ਖਿੜਕ ਅੱਗੇ ਇਕ ਭਗਵੇਂ ਕੱਪੜੇ ਵਾਲਾ ਜੋਗੀ ਖੜ੍ਹਾ ਹੋ ਜਾਂਦਾ ਏ। ਉਹਦੇ ਭਗਵੇਂ ਕੱਪੜੇ ਪਾਏ ਹੋਏ ਨੇ। ਮੱਥੇ 'ਤੇ ਤਿੰਨ ਲਕੀਰਾਂ ਵਾਲਾ ਤਿਲਕ ਏ। ਵਾਲ ਖੁੱਲ੍ਹੇ ਛੱਡੇ ਹੋਏ ਨੇ ਅਤੇ ਦਾੜ੍ਹੀ ਖੁੱਲ੍ਹੀ ਏ। ਪੈਰਾਂ ਤੋਂ ਉਹ ਨੰਗਾ ਏ। ਬੰਦ ਖਿੜਕ ਕੋਲ ਆ ਉਹ ਆਵਾਜ਼ ਮਾਰਦਾ ਏ।

ਜੋਗੀ ਆਲਾਪ ਕਰਦਾ ਏ, "ਬੀਬੀਓ ਭੈਣੋਂ ਸਭ ਦਾ ਭਲਾ, ਬੱਚਿਆਂ ਦਾ ਭਲਾ, ਬਜ਼ੁਰਗਾਂ ਦਾ ਭਲਾ, ਬੀਬੀਆਂ ਦਾ ਭਲਾ, ਦੁੱਧ ਪੁੱਤ ਦਾ ਭਲਾ… ਪੂਰੀ ਦੁਨੀਆਂ ਦਾ ਭਲਾ… ਪੂਰੀ ਕੁੱਲ ਦਾ ਭਲਾ… ਦੀਨ ਦੁਖੀਆਂ ਦਾ ਭਲਾ… ।"

ਕਸ਼ਮੀਰੋ ਝਾੜੂ ਫੇਰਨਾ ਛੱਡ ਜੋਗੀ ਅੱਗੇ ਆ ਕੇ ਪੈਰੀਂ ਹੱਥ ਲਾਉਂਦੀ ਏ। ਇਕ ਪਾਸੇ ਹੋ ਕੇ ਉਹਨੂੰ ਸੈਨਤ ਨਾਲ ਵਿਹੜੇ ਵਿਚ ਆਉਣ ਲਈ ਕਹਿੰਦੀ ਏ।

''ਸਭ ਦਾ ਭਲਾ... ਧੀ ਧਿਆਣੀ ਦਾ ਭਲਾ.. ਕੁੱਲ ਵਧੂ ਦਾ ਭਲਾ।'' ਜੋਗੀ ਆਪਣੀ ਭਗਤੀ ਵਿਚ ਮਗਨ ਏ।

ਵਿਹੜੇ ਵਿਚ ਪਈ ਵੱਡੀ ਸਾਰੀ ਪੱਲੀ ਥੱਲੇ ਵਿਛਾ ਕੇ ਜੋਗੀ ਨੂੰ ਉਸ 'ਤੇ ਬੈਠਣ ਲਈ ਕਹਿੰਦੀ ਏ। ਮਨਜੀਤ ਵੀ ਭਾਂਡੇ ਮਾਂਜਣੇ ਛੱਡ ਕੇ ਜੋਗੀ ਨੇੜੇ ਬੈਠ ਜਾਂਦੀ ਏ।

''ਧੀਓ!! ਘਰ 'ਚ ਰਾਹੂ-ਕੇਤੂ ਦਾ ਪਹਿਰਾ ਏ।'' ਜੋਗੀ ਆਲੇ-ਦੁਆਲੇ ਨੂੰ ਤਾੜਦਾ ਕਹਿੰਦਾ ਏ।

ਦੋਵੇਂ ਦਰਾਣੀ-ਜਠਾਣੀ ਹੈਰਾਨ ਹੁੰਦੀਆਂ ਨੇ

ਦੋਹਾਂ ਦੇ ਮਨ ਵਿਚੋਂ ਸਵਾਲ ਉੱਗ ਖੜਦਾ ਏ, ''ਜੋਗੀ ਜੀ! ਇਹ ਕੀ ਬਲਾ ਹੁੰਦੀ ਏ?''

''ਧੀਓ!! ਰਾਹੂ ਇਕ ਦੈਂਤ ਏ... ਇਹ ਐਨਾ ਬਲਵਾਨ ਏ ਬਈ ਇਹ ਕਦੇ ਕਦੇ ਸੂਰਜ ਤੇ ਚੰਦ ਨੂੰ ਵੀ ਫੜ ਲੈਂਦਾ ਏ ਅਤੇ ਨਿਗਲ ਜਾਂਦਾ ਏ... ਜਦੋਂ ਕਦੇ ਚੰਦ-ਸੂਰਜ ਨੂੰ ਗ੍ਰਹਿਣ ਲੱਗਦਾ ਏ ਤਾਂ ਇਹ ਰਾਹੂ ਕੇਤੂ ਦਾ ਈ ਕਾਰਾ ਹੁੰਦਾ ਏ... ਐਨਾ ਹਠੀ ਤੇ ਬਲਵਾਨ ਕਿ ਇਹਦੀਆਂ ਚਾਰ ਬਾਹਵਾਂ ਹੁੰਦੀਆਂ ਏ... ਇਹਦੇ ਹੇਠਾਂ ਦਾ ਹਿਸਾ ਲੰਮਾ ਤੇ ਪੂਛ ਵਾਂਗੂ ਹੁੰਦਾ ਏ... ਰਾਹੂ ਬੜਾ ਚਤੁਰ ਤੇ ਚਲਾਕ ਸੀ... ਜਦੋਂ ਦੇਵਤੇ ਸਮੁੰਦਰ ਨੂੰ ਰਿੜਕ ਕੇ ਉਹਦੇ ਵਿਚੋਂ ਅੰਮ੍ਰਿਤ ਕੱਢ ਰਹੇ ਹੁੰਦੇ ਨੇ ਤਾਂ ਇਹ ਉਨ੍ਹਾਂ ਦਾ ਭੇਸ ਧਾਰ ਕੇ ਅੰਮ੍ਰਿਤ ਪੀ ਕੇ ਅਮਰ ਹੋ ਜਾਂਦਾ ਏ। ਪਰ ਦੇਵੀਓ ਸੂਰਜ ਤੇ ਚੰਦਰਮਾ ਨੂੰ ਪਤਾ ਲੱਗਾ ਤੇ ਉਨ੍ਹਾਂ ਵਿਸ਼ਨੂ ਨੂੰ ਦੱਸ ਦਿੱਤਾ। ਜਿਹਨੇ ਇਹਦਾ ਸਿਰ ਤੇ ਦੋਵੇਂ ਬਾਹਵਾਂ ਵੱਢ ਦਿੱਤੀਆਂ। ਪਰ ਦੇਵੀਓ! ਇਹ ਤਾਂ ਅਮਰ ਸੀ... ਵਿਸ਼ਨੂੰ ਨੇ ਇਹਨੂੰ ਅਸਮਾਨ 'ਚ ਘੁਮਾ ਕੇ ਮਾਰਿਆ ਏਹਦੇ ਉਪਰਲੇ ਭਾਗ ਨੂੰ ਦੈਂਤ ਬਣਾ ਦਿੱਤਾ ਤੇ ਥੱਲੇ ਦੇ ਪੂਛਲ ਵਾਲੇ ਭਾਗ ਨੂੰ ਕੇਤੂ। ਇਹ ਅਜਗਰ ਦੀ ਪੂਛ ਵਰਗਾ ਹੁੰਦਾ ਏ... ਇਹਨੂੰ ਬੋਦੀ ਵਾਲਾ ਤਾਰਾ ਵੀ ਕਹਿੰਦੇ ਨੇ... ਰਾਹੂ ਸੂਰਜ ਤੇ ਚੰਦ ਨੂੰ ਕਦੇ ਕਦੇ ਬਦਲਾ ਲੈਣ ਲਈ ਨਿਗਲ ਲੈਂਦਾ ਏ ਫੇ ਵਿਸ਼ਨੂ ਆਪਣੀ ਸ਼ਕਤੀ ਨਾਲ ਇਨ੍ਹਾਂ ਨੂੰ ਆਜ਼ਾਦ ਕਰਦਾ ਏ... ਉਦੋਂ ਤੋਂ ਹੁਣ ਤੱਕ ਰਾਹੂ-ਕੇਤੂ ਨਾਲ ਰਲ ਕੇ ਕਦੇ ਸੂਰਜ ਵੱਲ ਭੱਜਦਾ ਤੇ ਕਦੇ ਚੰਦ ਵੱਲ ਭੱਜਦਾ ਏ...।'' ਜੋਗੀ ਉਨ੍ਹਾਂ ਨੂੰ ਪਰੇਸ਼ਾਨ ਕਰਨ ਵਾਲੀ ਕਥਾ ਉਨ੍ਹਾਂ ਅੱਗੇ ਸੁਣਾ ਦਿੰਦਾ ਏ।

ਕਸ਼ਮੀਰੋ ਉਹਦੀ ਗੱਲ ਸੁਣ ਕੇ ਡਰ ਜਾਂਦੀ ਏ, ''ਜੋਗੀ ਮਹਾਰਾਜ! ਕੋਈ ਉਪਾ ਦੱਸ!''

''ਧੀਓ ਜਦੋਂ ਵੀ ਘਰ ਚ ਕੋਈ ਨਵਾਂ ਜੀਅ ਆਵੇ ਉਹਦਾ ਨਾਂ ਇਨ੍ਹਾਂ ਦੇ ਨਾਂ ਤੇ ਰੱਖੋ... ਦਾਨ ਦੇਵੋ ਤਾਂ ਕਿ ਸਭ ਦਾ ਭਲਾ ਹੋਵੇ... ਕੁੱਲ ਦਾ ਭਲਾ ਹੋਵੇ।'' ਜੋਗੀ ਗੱਲ ਕਰਕੇ ਉਨ੍ਹਾਂ ਨੂੰ ਇਕ ਹੋਰ ਸੰਕਟ ਵਿਚ ਪਾ ਦਿੰਦਾ ਏ।

*****************



ਚਾਰੇ ਪਾਸੇ ਰਾਤ ਸੰਘਣੀ ਕਾਲੀ ਹੋ ਰਹੀ ਏ। ਹਨੇਰੀ ਨਾਲ ਚੁਫੇਰੇ ਧੂੜ ਉੱਡ ਰਹੀ ਏ। ਕਮਰੇ ਵਿਚ ਹਨੇਰਾ ਏ। ਇਕ ਪਾਸੇ ਦੀਵਾ ਜਗਦਾ ਏ। ਇਕ ਮੰਜੇ ਉੱਤੇ ਮੇਲੂ ਲੰਮਾ ਪਿਆ ਏ ਦੂਜੇ ਉੱਤੇ ਉਸ ਦੀ ਘਰਵਾਲੀ ਮਨਜੀਤ ਲੰਮੀ ਪਈ ਏ। ਕੰਧ ਦੀ ਇਕ ਨੁਕਰ ਉੱਤੇ ਅਲਗੋਜ਼ੇ ਟੰਗੇ ਹੋਏ ਨੇ।

''ਮੈਂ ਕਿਹਾ ਜੀਤੋ! ਹੁਣ ਕਸ਼ਮੀਰੋ ਕੋਲੋਂ ਬਹੁਤਾ ਕੰਮ ਨਾ ਕਰਵਾਇਆ ਕਰ। ਉਹਦੇ ਦਿਨ ਹੁਣ ਨੇੜੇ ਈ ਨੇ। ਐਵੇਂ ਕੋਈ ਖਰਾਬੀ ਹੋ ਜਾਵੇ।'' ਮੇਲੂ ਦਾ ਧਿਆਨ ਘਰ ਵੱਲ ਮੁੜਦਾ ਏ।

''ਨਾ ਕਾਹਨੂੰ, ਮੈਂ ਤਾਂ ਉਹਨੂੰ ਚੁੱਲ੍ਹੇ ਚੌਕੇ ਦਾ ਕੰਮ ਦਿੱਤਾ ਹੋਇਆ ਏ। ਭਲਾ ਗੱਲ ਸੁਣ ਆਪਾਂ ਕਸ਼ਮੀਰੋ ਦੇ ਨਿਆਣੇ ਦਾ ਨਾਂ ਰਾਹੂ-ਕੇਤੂ ਨਾ ਰੱਖ ਦਈਏ। ਅੱਜ ਇਕ ਜੋਗੀ ਆਇਆ ਸੀ...।'' ਮਨਜੀਤ ਆਪਣਾ ਡਰ ਦੱਸਦੀ ਏ।

ਮੇਲੂ ਝੱਟ ਉੱਠ ਕੇ ਬੈਠਦਾ ਏ, ''ਤੂੰ ਤਾਂ ਐਵੇਂ ਕਮਲ ਈ ਕੁੱਟਦੀ ਰਹਿੰਦੀ ਏ... ਭਲਾ ਰਾਹੂ-ਕੇਤੂ ਕੋਈ ਨਾਂ ਨੇ... ਐਵੇਂ ਬਦਸ਼ਗਨੀ ਨਾ ਕਰਿਆ ਕਰ। ਐਵੇਂ ਸਾਧਾਂ ਨੂੰ ਘਰ 'ਚ ਵਾੜ ਲੈਂਦੀਂ ਏ।''

''ਨਾ ਭਾਈ! ਰਿਧੀਆਂ ਸਿਧੀਆਂ ਵਾਲਾ ਜੋਗੀ ਸੀ, ਇੰਜ ਨਹੀਂ ਬੋਲੀਦਾ ਉਹ ਤਾਂ ਕਹਿੰਦਾ ਸੀ ਬਈ ਮੈਂ ਪੰਜ ਸਾਲ ਸਾਹ ਰੋਕ ਕੇ ਤਪ ਕੀਤੈ... ਭਾਈ ਤਪ ਨਾਲ ਈ ਤੀਜਾ ਨੇਤਰ ਖੁੱਲਦਾ। ਤੂੰ ਤਾਂ ਹੱਡਾ ਰੋੜੀ 'ਚ ਜੰਮਿਆ ਤੇ ਉਥੇ ਈ ਮਰ ਜਾਣੈ... ਤੇਰਾ ਤਾਂ ਚੰਮ ਵੀ ਕੰਮ ਨਹੀਂ ਆਉਂਣਾ।'' ਮਨਜੀਤ ਤਲਖ ਹੋ ਜਾਂਦੀ ਏ।

''ਐਵੇਂ ਵਾਧੂ ਭੌਂਕੀ ਨਾ ਜਾਇਆ ਕਰ। ਕਦੇ ਅਕਲ ਦੀ ਗੱਲ ਵੀ ਕਰ ਲਿਆ ਕਰ।'' ਮੇਲੂ ਹੱਡਾ ਰੋੜੀ ਦਾ ਗੁੱਸਾ ਆਪਣੀ ਘਰਆਲੀ 'ਤੇ ਕੱਢਦਾ ਏ।

''ਖੱਦਿਆ ਤੂੰ ਮੁਸ਼ਕ 'ਚ ਜੰਮਿਆ ਤੇ ਮੁਸ਼ਕ 'ਚ ਈ ਮਰ ਜਾਣਾ।'' ਮਨਜੀਤ ਉਹਨੂੰ ਕੋਸਦੀ ਏ।

ਦੋਵੇਂ ਬੁੜ ਬੁੜ ਕਰਦੇ ਸੌਂ ਜਾਂਦੇ ਨੇ। ਮੇਲੂ ਨੂੰ ਆਪਣਾ ਬਾਪ ਭਗਤ ਰਾਮ ਅਲਗੋਜ਼ੇ ਵਜਾਉਂਦਾ ਦਿਸਦਾ ਏ। ਅਤੇ ਅਗਲੋਜ਼ਿਆਂ ਦੀ ਅਵਾਜ ਹੌਲੀ-ਹੌਲੀ ਮੱਧਮ ਹੋ ਜਾਂਦੀ ਏ।

*****************

ਸਵੇਰੇ ਦੇ ਸੂਰਜ ਦੀ ਟਿੱਕੀ ਨਾਲ ਪਿੰਡ ਦਾ ਮਹੌਲ ਬਦਲ ਜਾਂਦਾ ਏ। ਵੋਟਰਾਂ ਦੇ ਪੈਰਾਂ ਨਾਲ ਉੱਡਦੀ ਧੂੜ ਉਨ੍ਹਾਂ ਦੇ ਸਿਰਾਂ ਵਿਚ ਪੈ ਰਹੀ ਏ। ਅੱਜ ਪਿੰਡ ਵਿਚ ਵੋਟਾਂ ਪੈ ਰਹੀਆਂ ਨੇ ਅਤੇ ਸ਼ਾਮ ਨੂੰ ਨਤੀਜੇ ਆ ਜਾਣੇ ਨੇ। ਗੋਲੂ ਨੇ ਕੰਮ ਤੋਂ ਛੁੱਟੀ ਕੀਤੀ ਹੋਈ ਏ। ਸਵੇਰੇ ਸਵੇਰੇ ਉਹ ਵੋਟ ਪਾ ਕੇ ਘਰ ਆ ਗਿਆ ਏ। ਮੰਜੇ ਉੱਤੇ ਬੈਠੇ ਨੂੰ ਉਹਦੀ ਪਤਨੀ ਕਸ਼ਮੀਰੋ ਉਹਨੂੰ ਸਟੀਲ ਦੇ ਗਲਾਸ ਵਿਚ ਚਾਹ ਦਿੰਦੀ ਹੋਈ ਕਹਿੰਦੀ ਏ,

"ਮੈਂ ਕਿਹਾ ਤੂੰ ਹੁਣ ਵੋਟ ਤਾਂ ਪਾ ਦਿੱਤੀ ਏ। ਕੰਮ ਤੋਂ ਛੁੱਟੀ ਵੀ ਕੀਤੀ ਏ। ਹੁਣ ਸਖੀ ਸਰਵਰ ਦੀ ਮਜ਼ਾਰ 'ਤੇ ਮੱਥਾ ਟੇਕ ਆਈਏ। ਰਾਹੂ-ਕੇਤੂ ਦਾ ਸੁਣ ਕੇ ਮੈਨੂੰ ਤਾਂ ਸੱਚੀਓਂ ਡਰ ਬਾਹਲਾ ਲਗਦੈ।"

"ਚੱਲ ਤੁਰ ਹੁਣੇ ਈ। ਮੈਂ ਤਾਂ ਦਿਹਾੜੀ ਭੰਨੀ ਹੋਈ ਏ।" ਗੇਲੂ ਦੇ ਮਨ ਵਿਚ ਡਰ ਬੈਠ ਜਾਂਦਾ ਏ।

"ਇਕ ਗੱਲ ਹੋਰ ਸੁਣ ਲੈ ਹੁਣੇ। ਹੋਰ ਮਹੀਨੇ ਨੂੰ ਸੁਖ ਨਾਲ ਮੇਰੀ ਗੋਦੀ ਭਰ ਜਾਊ। ਮੈਂ ਤਾਂ ਕਹਿੰਦੀ ਏ ਸ਼ਹਿਰ ਕਿਰਾਏ 'ਤੇ ਰਹਿਣ ਲੱਗ ਪਈਏ। ਏਥੇ ਤਾਂ ਆਪਾਂ ਬਥੇਰਾ ਦੁੱਖ ਭੋਗ ਲਿਆ। ਆਉਣ ਆਲਾ ਨਿਆਣਾ ਤਾਂ ਬਚ ਜਾਊ। ਸ਼ਹਿਰ ਭਲਾ ਕੌਣ ਪਛਾਣਦਾ ਜਾਤਾਂ ਨੂੰ ਤੇ ਨਿਖੇਧ ਕੰਮਾਂ ਨੂੰ।" ਕਸ਼ਮੀਰ ਗੇਲੂ ਨੂੰ ਆਪਣੇ ਦਿਲ ਦੀ ਗੱਲ ਦੱਸਦੀ ਏ।

"ਹਾਹੋ ਨਾਲੇ ਉਥੇ ਨਿੱਕਾ ਨਿਆਣਾ ਪੜ੍ਹ ਜਾਊ। ਵੱਡਾ ਹੋ ਕੇ ਕੋਈ ਨੌਕਰੀ ਲੱਗ ਜਾਊ। ਆਪੇ ਜੂਨ ਸੁਧਰ ਜਾਊ। ਆਹ ਹੱਡਾ ਰੋੜੀ ਦਾ ਕੋਹੜ ਤਾਂ ਗਲੋਂ ਲੱਥੂ। ਸ਼ਹਿਰ ਤਾਂ ਬੰਦੇ ਦੀ ਕਦਰ ਆ ਕੰਮ ਦੀ ਕਦਰ ਆ। ਅਸੀਂ ਮੇਲੂ ਦੇ ਟੱਬਰ ਨਾਲ ਸਾਰੀ ਉਮਰ 'ਨੋਰ੍ਹਾ ਢੋਹਣ ਦਾ ਠੇਕਾ ਥੋੜ੍ਹਾ ਲਿਆ ਹੋਇਐ।" ਗੇਲੂ ਦਾ ਮਨ ਵੀ ਪਿੰਡ ਵਿਚੋਂ ਭਰ ਗਿਆ ਸੀ।

"ਚੱਲ ਤੁਰ ਪੈ ਛੇਤੀ, ਐਵੇਂ ਧੁੱਪ ਕਾਹਨੂੰ ਕਰਨੀ ਆ। ਆ ਕੇ ਕੋਈ ਕੰਮ ਧੰਦਾ ਵੀ ਕਰਨਾ।" ਕਸ਼ਮੀਰ ਕਾਹਲੀ ਪੈਂਦੀ ਏ।

ਗੇਲੂ ਸਾਈਕਲ ਚੁੱਕਦਾ ਹੋਇਆ ਕਹਿੰਦਾ ਏ, "ਚੱਲ ਚੱਲ ਹੋ ਅੱਗੇ।"

ਦੋਵੇਂ ਘਰ ਦਾ ਖਿੜਕ ਟੱਪ ਕੇ ਉਹਲੇ ਹੋ ਜਾਂਦੇ ਹਨ।

****************

ਮੇਲੂ ਹੱਡਾ ਰੋੜੀ ਵਿਚ ਬੈਠਾ ਏ। ਆਲੇ-ਦੁਆਲੇ ਹਨੇਰਾ ਪਸਰਨ ਲੱਗ ਪੈਂਦਾ ਏ। ਉਥੇ ਹੀ ਉਹਦਾ ਭਰਾ ਗੇਲੂ ਆ ਜਾਂਦਾ ਏ।

"ਵੱਡੇ ਭਾਅ! ਚੋਣਾਂ ਦੀ ਕੋਈ ਖ਼ਬਰ ਮਿਲੀ ਆ ਕਿ ਨਹੀਂ।"

ਮੇਲੂ ਹੁੱਕਾ ਪੀਂਦਾ ਹੋਇਆ, ਬੇਧਿਆਨਾ ਹੋ ਕੇ ਕਹਿੰਦਾ ਏ, " ਨਾ ਬਈ। ਮੈਂ ਤਾਂ ਸਵੇਰ ਦਾ ਹੱਡਾ-ਰੋੜੀ 'ਚ ਬੈਠਾਂ। ਬਸ ਵੋਟ ਪਾ ਆਇਆ। ਏਥੇ ਨਿਗ੍ਹਾ ਰੱਖਣੀ ਪੈਂਦੀ ਏ। ਤੈਨੂੰ ਨਾਣੀ ਦਾ ਪਤਾ ਈ ਏ। ਮਸੂਰੀ ਦਾ ਨਟ-ਨੂਟ ਜਿਹੇ ਖਾਂਦਾ... ਜਦੋਂ ਮੈਂ ਜਾਂਦਾ ਤਾਂ ਕੋਈ ਸੁਰਤ ਨਹੀਂ ਰਹਿੰਦੀ।"

ਗੇਲੂ ਕੋਲ ਆ ਕੇ ਤਖ਼ਤਪੋਸ਼ 'ਤੇ ਬੈਠਦਾ ਹੋਇਆ, "ਹੁਣੇ ਰਸਤੇ 'ਚ ਨੱਥੂ ਮਿਲਿਆ ਸੀ। ਕਹਿੰਦਾ ਆਪਣੇ ਪਿੰਡ ਦਾ ਸਰਪੰਚ ਪਵਿੱਤਰ ਸਿੰਘ ਬਣ ਗਿਆ। ਮੈਂ ਹਵੇਲੀ ਚੱਲਿਆਂ। ਨਾਲ ਉਹਦੇ ਚੱਲੀ ਪੈਰ ਘੜੀਸਦਾ ਤੁਰਿਆ ਜਾਂਦਾ ਸੀ। ਉਹਨੂੰ ਹਵੇਲੀ ਲੈ ਕੇ ਜਾਂਦਾ ਸੀ।

"ਗੇਲੂਆ ਇਸ ਯੁੱਗ 'ਚ ਪਵਿੱਤਰ ਸਿੰਘ ਵਰਗੇ ਈ ਬਣਨਗੇ ਸਰਪੰਚ। ਧਰਮੀ ਪੁਰਸ਼ਾਂ ਦਾ ਸਮਾਂ ਨਹੀਂ ਰਿਹਾ।" ਮੇਲੂ ਉਦਾਸ ਹੋ ਜਾਂਦਾ ਏ।



"ਮੈਂ ਤੈਨੂੰ ਕਹਿੰਦਾ ਸੀ ਨਾ ਬਈ ਤੂੰ ਖੁੱਲ੍ਹ ਕੇ ਪਵਿੱਤਰ ਸਿੰਘ ਦੀ ਹਮਾਇਤ ਕਰ ਦੇ। ਪਰ ਤੂੰ ਤਾਂ ਪੱਥਰ ਬਣਿਆ ਰਿਹਾ। ਹੁਣ ਤੈਨੂੰ ਹੱਡਾ ਰੋੜੀ ਤੋਂ ਭਜਾਊ।" ਗੇਲੂ ਆਪਣੇ ਭਰਾ 'ਤੇ ਰੋਸਾ ਕਰਦਾ ਏ।

"ਮੈਂ ਆਪਣੇ ਵਿਹੜੇ ਦੇ ਸ਼ਰੀਕਾਂ ਦੇ ਮੱਥੇ ਵੀ ਲੱਗਣਾ ਕਿ ਨਹੀਂ। ਤੂੰ ਤਾਂ ਐਵੇਂ ਮੱਕ ਮਾਰੀ ਜਾਂਦੈ।" ਮੇਲੂ ਖਿਝ ਜਾਂਦਾ ਏ।

ਨਾਣੀ ਨੇੜੇ ਆ ਕਹਿੰਦਾ ਏ, "ਗੇਲੂਆ! ਤੂੰ ਤਾਂ ਕੰਮ ਤੋਂ ਬਾਅਦ ਆਹ ਪਿੰਡ ਛੱਡਣ ਨੂੰ ਫਿਰਦੈ। ਰਹਿਣਾ ਤਾਂ ਮੇਲੂ ਨੇ ਈ ਆ ਪਿੰਡ 'ਚ। ਆਪਣੇ ਭਾਈਚਾਰੇ 'ਚ। ਭਾਈ ਜੇ ਉਹ ਨਾ ਮਾੜੀ ਸੰਗਤ ਵਿਚ ਪਏ ਮੁੰਡਿਆਂ ਬਾਰੇ ਸੋਚੂ ਤਾਂ ਫੇਰ ਪਵਿੱਤਰ ਸਿੰਘ ਸੋਚੂ? ਕੀ ਕਹਿੰਦਾ??"

ਮੇਲੂ ਗੁੱਸੇ ਵਿਚ ਆ ਜਾਂਦਾ ਏ, "ਜਦੋਂ ਪਵਿੱਤਰ ਨੇ ਤੈਨੂੰ ਰਗੜੇ ਬਿਠਾਇਆ ਤਾਂ ਫੇਰ ਪਤਾ ਲੱਗੂ।"

ਕਹਿੰਦਾ ਹੋਇਆ ਉਹ ਉਥੋਂ ਤੁਰ ਪੈਂਦਾ ਏ।

************

ਮੇਲੂ ਅਤੇ ਉਸਦੀ ਪਤਨੀ ਦੋਵੇਂ ਵੱਖ-ਵੱਖ ਮੰਜਿਆਂ 'ਤੇ ਪਈ ਹਨ। ਰਾਤ ਬਹੁਤ ਬੀਤ ਜਾਂਦੀ ਏ। ਸਾਹਮਣੇ ਕੰਧ ਉੱਤੇ ਅਲਗੋਜ਼ੇ ਟੰਗੇ ਹੋਏ ਦਿਸਦੇ ਨੇ। ਮੇਲੂ ਅਲਗੋਜ਼ੇ ਵੱਲ ਵੇਖਦਾ ਏ। ਜਿਸ ਨੂੰ ਕਦੇ ਉਸਦਾ ਪਿਤਾ ਵਜਾਉਂਦਾ ਹੁੰਦਾ ਸੀ। ਉਹਦੇ ਕੰਨਾਂ ਵਿਚ ਇਕ ਸੁਰੀਲੀ ਆਵਾਜ਼ ਗੂੰਜਣ ਲੱਗਦੀ ਏ,

'ਅਲਗੋਜ਼ੂ ਬਜਦਾ ਪੱਤਣੇ ਕੀ
ਮੇਰਾ ਮਨ ਨਹੀਂ ਲੱਗਦਾ ਕੱਤਣੇ ਕੀ
ਮੀਆਂ ਅਲਗੋਜ਼ੂਆਂ।
ਗਮਰੇ ਸੰਗੀ ਲੈ ਜਾ ਮੀਆਂ ਅਲਗੋਜ਼ੂਆਂ
ਅਲਗੋਜ਼ੂ ਬਜਦਾ ਢਾਈਏ ਕੀ
ਮੇਰਾ ਮਨ ਨਹੀਂ ਲੱਗਦਾ ਪਾਣੀਏਂ ਕੀ
ਮੀਆਂ ਅਲਗੋਜ਼ੂਆਂ।
ਗਮਰੇ ਸੰਗੀ ਲੈ ਜਾ ਮੀਆਂ ਅਲਗੋਜ਼ੂਆਂ!

ਮੇਲੂ ਗਹਿਰੇ ਖੂਹ ਵਿਚੋਂ ਬੋਲਦਾ ਏ, "ਬਾਪੂ ਭਗਤੂ ਦੇ ਅਲਗੋਜ਼ੇ ਦੂਰ-ਦੂਰ ਤੱਕ ਮਸ਼ਹੂਰ ਸਨ... ਉਹਨੂੰ ਨੱਕ ਨਾਲ ਸਾਹ ਲੈਣ ਅਤੇ ਮੂੰਹ ਵਿਚ ਵਾਰ ਵਾਰ ਸਾਹ ਭਰਨ ਦੀ ਐਨੀ ਮੁਹਾਰਤ ਸੀ ਕਿ ਅਲਗੋਜ਼ੇ ਵਜਾਉਂਦਾ ਵਜਾਉਂਦਾ ਉਹ ਐਨੀ ਤੇਜ਼ੀ ਨਾਲ ਆਪਣਾ ਸਾਹ ਪਲਟਾਉਂਦਾ ਸੀ ਕਿ ਸੁਣਨ ਵਾਲੇ ਨੂੰ ਪਤਾ ਵੀ ਨਹੀਂ ਸੀ ਲੱਗਦਾ। ਬਿਨਾ ਰੁਕੇ ਉਹ ਘੰਟਾ ਘੰਟਾ ਅਲਗੋਜ਼ੇ ਵਜਾਉਂਦਾ ਰਹਿੰਦਾ ਸੀ।"

ਮਨਜੀਤ ਹੈਰਾਨ ਹੋ ਕੇ ਕਹਿੰਦੀ ਏ, "ਅੱਛਾ!!!"

"ਇਕ ਵਾਰ ਇਕ ਮੇਲੇ 'ਤੇ ਭਾਪੇ ਨੇ ਐਸੇ ਕੀਲ ਕੇ ਰੱਖ ਦੇਣ ਵਾਲੇ ਅਲਗੋਜ਼ੇ ਵਜਾਏ ਕਿ ਉਥੋਂ ਦੇ ਲੰਬੜਦਾਰ ਨੇ ਆਪਣੀ ਨਵੀਂ ਸੂਏ ਮੱਝ ਕੱਟੇ ਸਮੇਤ ਦੇ ਦਿੱਤੀ। ਪਿੱਛੋਂ ਪਤਾ ਲੱਗਾ ਕਿ ਲੰਬੜਦਾਰ ਨੂੰ ਕਿਸੇ ਬਾਬੇ ਨੇ ਕਿਹਾ ਸੀ ਬਈ ਜੇਕਰ ਤੂੰ ਮੱਝ ਸਮੇਤ ਕੱਟਾ-ਕੱਟੀ ਦਾ ਦਾਨ ਦੇਵੇਂਗਾ ਤਾਂ ਤੇਰੇ ਘਰ ਬੱਚਾ ਹੋ ਜਾਊ। ਤੇ ਤੇਰਾ ਸਾਰਾ ਗ੍ਰਹਿ ਉਸ ਘਰ ਚਲੇ ਜਾਊ ਜਿਸ ਘਰ ਇਹ ਮੱਝ ਜਾਵੇਗੀ। ਹੁਣ ਵੇਖ ਲੈ ਆਪਾਂ ਉਸ ਗ੍ਰਹਿ ਦਾ ਈ ਸਰਾਪ ਭੋਗ ਰਹੇ ਆਂ।" ਮੇਲੂ ਦੀਆਂ ਅੱਖਾਂ ਭਰ ਜਾਂਦੀਆਂ ਨੇ।

"ਹੁਣ ਤਾਂ ਛੋਟੇ ਦੇ ਜੜ੍ਹ ਲੱਗ ਗਈ ਏ। ਆਪਣੀ ਵੀ ਕਦੇ ਰੱਬ ਸੁਣੂਗਾ ਈ।" ਮਨਜੀਤ ਇਕ ਆਸ ਨਾਲ ਕਹਿੰਦੀ ਏ।

"ਭਾਪਾ ਕਦੇ-ਕਦੇ ਦੱਸਦਾ ਹੁੰਦਾ ਸੀ ਕਿ ਵੱਡੇ ਲੋਕ ਮੈਨੂੰ ਬਥੇਰਾ ਇਨਾਮ ਦਿੰਦੇ ਸੀਗੇ। ਪਰ ਉਹ ਅੰਦਰੋਂ ਨਫ਼ਰਤ ਵੀ ਬਾਹਲੀ ਕਰਦੇ ਸੀਗੇ। ਮੈਨੂੰ ਕਦੇ ਨੇੜੇ ਹੋ ਕੇ ਮਿਲਦੇ ਨ੍ਹੀਂ ਸੀਗੇ। ਮੈਂ ਜਿੱਥੇ ਵੀ ਜਾਂਦਾ ਸੀ ਇਕ ਕੈਂਹੇ ਦੀ ਕੌਲੀ ਸਾਫ਼ੇ 'ਚ ਬੰਨ੍ਹ ਕੇ ਲਿਜਾਂਦਾ ਸੀ, ਉਹਦੇ 'ਚ ਰੋਟੀ ਖਾਣੀ ਉਹਦੇ 'ਚ ਚਾਹ-ਪਾਣੀ ਪੀਣਾ। ਪਰ ਭਾਪੇ ਨੇ ਮਰੇ ਪਸ਼ੂਆਂ ਦਾ ਕੰਮ ਨਹੀਂ ਛੱਡਿਆ। ਹੁਣ ਤੂੰ ਵੇਖ ਲੈ ਸਰਪੰਚ ਜਿਉਂਦੇ ਮੁੰਡਿਆਂ ਦੀਆਂ ਖੱਲ੍ਹਾਂ ਲਾਹੀ ਜਾਂਦੈ।" ਮੇਲੂ ਆਪਣੇ ਬਾਪ ਨੂੰ ਯਾਦ ਕਰਦਾ ਏ।

"ਦਾਦੇ ਮਗੌਣੀਆਂ ਇਹ ਵੰਡੀਆਂ ਤਾਂ ਬੰਦਿਆਂ ਨੇ ਪਾਈਆਂ ਨੇ। ਕੁੱਝ ਲੋਕਾਂ ਨੂੰ ਗੰਦੇ ਕੰਮ ਕਰਨ ਲਾ ਦਿੱਤਾ। ਕੁੱਝ ਨੂੰ ਚੰਗੇ ਕੰਮ ਕਰਨ ਲਾ ਦਿੱਤਾ। ਕੁੱਝ ਪੜ੍ਹ ਲਿਖ ਕੇ ਚਲਾਕ ਬਣ ਗਏ। ਕੁੱਝ ਖੂਹ ਦੇ ਡੱਡੂ ਈ ਰਹੇ। ਬੰਦਾ ਤਾਂ ਬਈ ਬੰਦਾ ਹੁੰਦੈ।" ਮਨਜੀਤ ਆਪਣੀ ਮਾੜੀ ਸਮਝੀ ਜਾਂਦੀ ਜਾਤ 'ਤੇ ਝੂਰਦੀ ਏ।

ਮੇਲੂ ਨੂੰ ਫਿਰ ਅਲਗੋਜ਼ੇ ਵੱਜਣ ਦੀ ਆਵਾਜ਼ ਸੁਣਦੀ ਏ। ਉਹ ਖ਼ਾਮੋਸ਼ ਹੋ ਜਾਂਦਾ ਏ। ਕੁੱਝ ਚਿਰ ਬਾਅਦ ਦੋਵੇਂ ਸੌਂ ਜਾਂਦੇ ਨੇ।

************

ਗਰਮੀ ਤੇ ਹੁਸੜ ਦਾ ਦਿਨ ਏ। ਮੇਲੂ ਹੱਡਾ ਰੋੜੀ ਉੱਤੇ ਬੈਠਾ ਏ। ਉਥੇ ਹੀ ਨੱਥੂ ਜਿਹੜਾ ਕਿ ਪਿੰਡ ਦਾ ਚੌਂਕੀਦਾਰ ਬਣ ਜਾਂਦਾ ਏ। ਮੇਲੂ ਕੋਲ ਆਉਂਦਾ ਏ।

"ਬਾਬੂ ਮੇਲੂ ਰਾਮਾ। ਆਪਣਾ ਸਰਪੰਚ ਬੁਲਾਉਂਦਾ ਹਵੇਲੀ ਤੈਨੂੰ।" ਆਉਂਦਾ ਹੀ ਉਹ ਹੁਕਮ ਕਰਦਾ ਏ।

ਮੇਲੂ ਡਰ ਜਿਹੇ ਨਾਲ ਕਹਿੰਦਾ ਏ, "ਨਾ ਹੋਇਆ ਕੀ ਹੁਣ ਉਹਨੂੰ ? ਹੁਣ ਸਰਪੰਚੀ ਜਿੱਤ ਗਿਆ। ਪਿੰਡ ਦੇ ਕੰਮ ਕਰੇ।"

"ਹੋਣਾ ਕੀ ਆ। ਕੱਲ੍ਹ ਜੰਞ ਘਰ ਆਪਣੀ ਹੱਡੀ ਰੋੜੀ ਦੀ ਬੋਲੀ ਹੋਈ ਸੀ। ਮੈਂ ਤੇਰੇ ਕੋਲ ਦੋ ਵਾਰ ਆਇਆ ਸੀ। ਤੂੰ ਲੱਭਾ ਈ ਨਹੀਂ। ਲੱਸੀ ਪੀਣੇ ਮੋਟੇ ਹੁਣੀਂ ਐਤਕੀਂ ਹੱਡਾ ਰੋੜੀ ਲੈਣ ਨੂੰ ਫਿਰਦੇ ਨੇ। ਉਨ੍ਹਾਂ ਬੋਲੀ ਚੁੱਕ ਦਿੱਤੀ। ਜਦੋਂ ਵੀਹ ਹਜ਼ਾਰ 'ਤੇ ਬੋਲੀ ਚੜ੍ਹੀ ਤਾਂ ਮੋਟੇ



ਹੁਣੀਂ ਮੋਕ ਮਾਰ ਗਏ। ਪਵਿੱਤਰ ਕਹਿੰਦਾ ਮੇਲੂ ਨੂੰ ਪੁੱਛ ਕੇ ਆਓ ਬਈ ਉਹਨੇ ਵੀਹ ਹਜ਼ਾਰ ਬੋਲੀ ਦੇਣੀ ਕਿ ....?" ਨੱਥੂ ਅਸਲ ਗੱਲ 'ਤੇ ਆਉਂਦਾ ਏ।

"ਲੈ ਪਹਿਲਾਂ ਤਾਂ ਕਦੇ ਬੋਲੀ ਹੋਈ ਨ੍ਹੀਂ। ਐਤਕੀਂ ਕਿਵੇਂ ਹੋ ਜੂ। ਇਕ ਅਸੀਂ ਲੋਕਾਂ ਦਾ ਗੰਦ ਚੁੱਕੀਏ। ਤੈਨੂੰ ਪਤੈ ਇਹ ਕੰਮ ਕਰਨਾ ਜਿਉਂਦਿਆਂ ਹੀ ਮਰਨ ਵਾਲੀ ਗੱਲ ਏ। ਪਰ ਹੁਣ ਕਰੀਏ ਕੀ ?"

"ਲੈ ਮੇਲੂਆ ਬਕਾਇਦਾ ਮਤਾ ਪਿਆ ਪੰਚਾਇਤ 'ਚ। ਮੈਂਬਰ ਕਹਿੰਦੇ ਜਦ ਜ਼ਮੀਨ ਦੀ ਬੋਲੀ ਹੁੰਦੀ ਆ। ਹੱਡਾ ਰੋੜੀ ਦੀ ਕਿਉਂ ਨ੍ਹੀਂ ਹੁੰਦੀ।" ਨੱਥੂ ਉਹਦੇ ਮਨ ਵਿਚ ਡਰ ਪੈਦਾ ਕਰ ਦਿੰਦਾ ਏ।

"ਇਹ ਪਵਿੱਤਰ ਦੁਸ਼ਮਣੀਆਂ ਕੱਢ ਰਿਹੈ। ਜੇ ਮੈਂ ਉਹਦੇ ਲਈ ਵੋਟਾਂ ਮੰਗਣ ਉਹਦੇ ਨਾਲ ਤੁਰ ਪੈਂਦਾ ਤਾਂ ਸਾਰਾ ਕੁਛ ਠੀਕ ਸੀ... ਹੁਣ ਸਾਨੂੰ ਭੁੱਖਿਆਂ ਮਾਰੂਗਾ।" ਮੇਲੂ ਅੰਦਰੋਂ ਡਰ ਜਾਂਦਾ ਏ।

ਨਾਣੀ ਮੇਲੂ ਅੱਗੇ ਉਹਦਾ ਸੋਚ ਰੱਖਦਾ ਏ, "ਜਿਹੜੇ ਕੰਡੇ ਤੈਂ ਮੇਲੂਆ ਖਿਲਾਰੇ ਨੇ ਉਹ ਚੁਗਣੇ ਵੀ ਤੈਨੂੰ ਪੈਣੇ ਨੇ।"

"ਚੰਗਾ ਮੈਂ ਚਲਦਾਂ ...ਅੱਜ ਕੱਲ੍ਹ 'ਚ ਸੋਚ ਵਿਚਾਰ ਕੇ ਦੱਸ ਦਈਂ ਕਿਵੇਂ ਕਰਨੀ ਆ... ਵੇ ਨਾ ਕਹੀਂ ਬਈ ਸਰਪੰਚ ਨੇ ਆਹ ਕੀ ਕਰਤਾ।"

ਕਹਿੰਦਾ ਨੱਥੂ ਉੱਠ ਤੁਰਦਾ ਏ। ਮੇਲੂ ਕੁੱਝ ਨਹੀਂ ਬੋਲਦਾ। ਚੁੱਪ ਕੀਤਾ ਹੁੱਕਾ ਪੀਈ ਜਾਂਦਾ ਏ। ਉਹਦੇ ਜਾਣ ਤੋਂ ਬਾਅਦ ਮੇਲੂ ਨਾਣੀ ਨੂੰ ਕਹਿੰਦਾ ਏ,

"ਨਾਣੀ! ਹੱਡਾ ਰੋੜੀ ਦੀ ਬੋਲੀ ਲਉਣੀ ਸਰਪੰਚ ਦੀ ਚਾਲ ਏ। ਉਹ ਮੈਨੂੰ ਭੁੱਖਾ ਮਾਰਨਾ ਚਾਹੁੰਦਾ ਏ। ਪਰ ਵੀਹ ਹਜ਼ਾਰ ਦਾ ਜੁਗਾੜ ਤਾਂ ਕਰਨਾ ਈ ਪੈਣਾ ਏ।"

ਉਦੋਂ ਹੀ ਮੇਲੂ ਸਾਇਕਲ ਚੁੱਕ ਕੇ ਆੜ੍ਹਤੀਏ ਕੋਲ ਤੁਰ ਪੈਂਦਾ ਏ।

************

ਸੁੱਖਾ ਆੜ੍ਹਤੀਆ ਟੈਲੀਵਿਜ਼ਨ ਉੱਤੇ ਕੋਈ ਪ੍ਰੋਗਰਾਮ ਵੇਖ ਰਿਹਾ ਏ। ਦੁਪਹਿਰੇ ਉਹ ਵਿਹਲਾ ਹੀ ਹੁੰਦਾ ਏ। ਕੰਮ ਘਟ ਜਾਂਦਾ ਏ। ਇਹ ਸਮਾਂ ਉਹ ਟੈਲੀਵਿਜ਼ਨ ਦੇ ਪ੍ਰੋਗਰਾਮ ਵੇਖ ਕੇ ਲੰਘਾਉਂਦਾ ਏ। ਮੇਲੂ ਉਹਦੇ ਨੇੜੇ ਸਾਈਕਲ ਖੜ੍ਹਾ ਕਰਕੇ ਉਹਨੂੰ ਬੁਲਾਉਂਦਾ ਏ,

"ਜੈ ਗੁਰਦੇਵ ਪਹਿਲਵਾਨ ਜੀ!"

"ਆ ਬਈ ਮੇਲੂਆ! ਅੱਜ ਬੜਾ ਢਿੱਲਾ ਜਿਹਾ ਲੱਗਦਾ ਏ। ਖ਼ੈਰ ਸੁਖ ਏ।"

"ਹਾਹੋ ਸੁਖ ਨੂੰ ਹੁਣ ਕੀ ਏ। ਮਾੜਕੂ ਬੰਦੇ ਦੇ ਕਾਹਦੇ ਦੁੱਖ ਤੇ ਕਾਹਦੇ ਸੁੱਖ।" ਮੇਲੂ ਕਹਿੰਦਾ ਏ।

"ਓਏ ਮੇਲੂਆ ਐਵੇਂ ਢੇਰੀ ਨ੍ਹੀਂ ਢਾਈਦੀ। ਚੜ੍ਹਦੀ ਕਲਾ 'ਚ ਰਵੇਂ ਬੰਦਾ। ਪਤਾ ਨ੍ਹੀਂ, ਕਦੋਂ ਫੂਕ ਨਿਕਲ ਜਾਣੀ ਏ।" ਸੁੱਖਾ ਕਹਿੰਦਾ ਏ।

"ਗੱਲ ਏਹ ਏ ਸੁੱਚਿਆ। ਬਈ ਸਰਪੰਚ ਪਵਿੱਤਰ ਨੇ ਮੈਨੂੰ ਚੱਕਰਵਿਊ 'ਚ ਫਸਾ ਤਾ। ਪਤਾ ਨ੍ਹੀਂ ਲੱਗਦਾ ਕਿਵੇਂ ਨਿਕਲਾਂ।" ਮੇਲੂ ਪਰੇਸ਼ਾਨ ਹੋ ਕੇ ਕਹਿੰਦਾ ਏ।

"ਜਦ ਤੂੰ ਵੋਟਾਂ 'ਚ ਉਹਦੇ ਨਾਲ ਨ੍ਹੀਂ ਤੁਰਿਆ। ਉਹ ਹੋਰ ਤੈਨੂੰ ਢੋਲੇ ਨੇਂਦਾ ਦਊਗਾ ਬਈ ਆ ਮੇਲੂਆ ਹਵੇਲੀ ਆ ਕੇ ਪਕੌੜੇ ਜਲੇਬੀਆ ਖਾਹ।" ਸੁੱਚਾ ਪਹਿਲਵਾਨ ਉਹਦੇ ਅੱਗੇ ਸੱਚ ਰੱਖਦਾ ਏ।

"ਇਸ ਵਾਰ ਉਹਨੇ ਹੱਡਾ ਰੋੜੀ ਦੀ ਬੋਲੀ ਲਾ ਦਿੱਤੀ। ਆਪੇ ਬੋਲੀ ਚੱਕ ਦਿੱਤੀ। ਮੈਨੂੰ ਦੱਸਿਆ ਵੀ ਨ੍ਹੀਂ। ਹੁਣ ਵੀਹ ਹਜ਼ਾਰ ਸਾਲ ਦਾ ਮੰਗਦੈ, ਕਹਿੰਦਾ ਨਹੀਂ ਤਾਂ ਬੋਲੀ ਲੱਗੀ ਪੀਣੋਂ ਮੀਣੋਂ ਹੁਣੀਂ ਲੈ ਜਾਣਗੇ। ਯਾਰ ਸੁੱਚਿਆ ਜੇ ਇਹ ਹੋ ਗਿਆ ਤਾਂ ਮੈਂ ਕਿਹੜਾ ਕੰਮ ਕਰੂੰਗਾ। ਮੈਂ ਤਾਂ ਭੁੱਖਾ ਮਰਜੂੰਗਾ। ਤੂੰ ਕਰ ਕੁੱਝ।" ਮੇਲੂ ਆਪਣੀ ਲਚਾਰੀ ਉਹਦੇ ਅੱਗੇ ਰੱਖਦਾ ਏ।

"ਖ਼ੱਲਾ ਲੈ ਕੇ ਆ ਵੱਧ ਤੋਂ ਵੱਧ। ਰੋਜ਼ ਦੀਆਂ ਪੱਚੀ ਤੀਹ।"

"ਤੂੰ ਤਾਂ ਕਮਲੀਆਂ ਮਾਰਦਾ। ਸਾਰ ਦਿਨ ਫਿਰ ਕੇ ਮਸਾਂ ਪੰਜ ਸੱਤ ਨਗ ਮਿਲਦੇ ਨੇ। ਹੁਣ ਮੈਂ ਪਸ਼ੂਆਂ ਦੇ ਜ਼ਹਿਰ ਦੇ ਟੀਕੇ ਲਾਈ ਜਾਵਾਂ। ਦੁੱਧ ਦਿੰਦੀਆਂ ਮੱਝਾਂ ਦੀਆਂ ਖੱਲ੍ਹਾਂ ਲਾਹ ਕੇ ਲਈਂ ਆਵਾਂ... ਵੱਡਾ ਡੰਗਰ ਤਾਂ ਕਿਤੇ ਈ ਮਰਦਾ...ਕਟੈਹਲਾ ਈ ਮਿਲਦੀਆਂ ਨੇ।" ਮੇਲੂ ਦੁਖੀ ਹੋ ਕੇ ਬੋਲਦਾ ਏ।

"ਇਹ ਔਕ ਵੀ ਚੱਬਣਾ ਪਊ। ਮੈਨੂੰ ਤਾਂ ਮਾਲ ਚਾਹੀਦਾ। ਪੂਰੇ ਪੈਹੇ ਤਾਂ ਮੇਰੇ ਕੋਲ ਹੈ ਨ੍ਹੀਂ ਆਹ ਲੈ ਜਾਹ।" ਸੁੱਚਾ ਆਪਣਾ ਝੱਗਾ ਫੋਲ ਦਿੰਦਾ ਏ।

ਸੁੱਚਾ ਕੁਝ ਪੈਸੇ ਆਪਣੀ ਝੱਗੀ ਦੀ ਜੇਬ ਵਿਚੋਂ ਕੱਢ ਕੇ ਉਹਨੂੰ ਦਿੰਦਾ ਏ। ਮੇਲੂ ਗਿਣ ਕੇ ਜੇਬ ਵਿਚ ਪਾ ਲੈਂਦਾ ਏ। ਤੇ ਕਹਿੰਦਾ ਏ, "ਜਿਹੜਾ ਮਾਲ ਲਿਆਇਆ ਕਰੂੰ ਉਹਦੇ ਵਿਚੋਂ ਕੱਟੀ ਜਾਵੀਂ।"

ਮੇਲੂ ਸਾਇਕਲ ਚੁੱਕ ਕੇ ਘਰ ਨੂੰ ਤੁਰ ਪੈਂਦਾ ਏ।

**************

ਘਰ ਵਿਚ ਬੈਠਾ ਮੇਲੂ ਆਪਣੀ ਪਤਨੀ ਨਾਲ ਗੱਲ ਕਰ ਰਿਹਾ ਏ।

"ਤੂੰ ਕੇ ਗਈ ਸੀ ਆਪਣੀ ਭੈਣ ਕੋਲ।"

"ਗਈ ਗਈ ਤਾਂ ਸੀ। ਉਹਨੇ ਤਾਂ ਬਰੰਗ ਚਿੱਠੀ ਵਾਂਗ ਮੈਨੂੰ ਮੋੜ 'ਤਾ। ਮੈਨੂੰ ਕਹਿੰਦੀ ਭੈਣੇ ਸਾਡਾ ਤਾਂ ਮਸਾਂ ਸਰਦਾ। ਆਹ ਦਾਦੇ ਮਗੌਣੇ ਬਿਜਲੀ ਦੇ ਬਿਲ, ਪਾਣੀ ਦੇ ਬਿਲ, ਫੋਨਾਂ ਦੇ ਬਿਲ, ਤੇ ਉੱਤੋਂ ਨਿਆਣਿਆ ਦੀਆਂ ਫੀਸਾਂ। ਵੱਡੀ ਕੁੜੀ ਨੂੰ ਕੈਨੇਡਾ ਭੇਜਣ ਦਾ ਜੁਗਾੜ ਕਰ ਰਹੇ ਨੇ। ਉਹਦੇ ਲਈ ਲੱਖਾਂ ਰੁਪਏ ਚਾਹੀਦੇ ਨੇ। ਮੇਰੇ ਗੋਡੇ ਨ੍ਹੀਂ ਚੱਲਦੇ, ਉਹਨਾਂ ਦਾ ਪ੍ਰੇਸ਼ਨ ਹੋਣਾ ਏ। ਭੈਣੇ ਦੂਰੋਂ ਈ ਢੋਲ ਵੱਜਦੇ ਦਿਸਦੇ ਨੇ। ਲਾ ਪਾ ਕੇ ਪੱਲੇ ਠੀਕਰੀਆਂ ਈ ਪੈਂਦੀਆਂ।" ਮਨਜੀਤ ਉਦਾਸ ਹੋ ਕੇ ਦੱਸਦੀ ਏ।



"ਲੈ ਹੱਦ ਹੋਗੀ। ਦੋਵੇਂ ਨੌਕਰੀ ਕਰਦੇ ਨੇ। ਸਾਂਢੂ ਕੋਲ ਸਰਕਾਰ ਦੀ ਗੱਡੀ ਏ। ਪੈਸੇ ਲਏ ਬਿਨਾਂ ਕਾਗਜ਼ 'ਤੇ ਇਕ ਲੀਕ ਨ੍ਹੀਂ ਖਿੱਚਦਾ। ਤੇਰੀ ਭੈਣ ਵੀ ਨੌਕਰੀ ਕਰਦੀ ਏ ਸਹੁਰੇ ਅਜੇ ਵੀ ਮਰੂ-ਮਰੂ ਕਰੀ ਜਾਂਦੇ ਨੇ।" ਮੇਲੂ ਹਿਰਖ ਝਾੜਦਾ ਏ।

"ਔਖੇ ਵੇਲੇ ਗਰੀਬ ਬੰਦਾ ਭਲਾ ਕੇਹਦੀ ਬਾਂਹ ਫੜੇ। ਆਪਣੇ ਭਾਈ ਭੈਣ ਦੀ ਈ ਨਾ। ਮੇਰੇ ਤਾਂ ਇੱਟ ਵਾਂਗ ਜੁਵਾਬ ਮੱਥੇ 'ਚ ਮਾਰਿਆ। ਮੈਂ ਵੀ ਸੜੀ ਬੁੱਜੀ ਨੇ ਉਹਦੇ ਘਰ ਦਾ ਪਾਣੀ ਨ੍ਹੀਂ ਪੀਤਾ।"

ਐਨੇ ਨੂੰ ਮੇਲੂ ਦਾ ਛੋਟਾ ਭਰਾ ਗੇਲੂ ਆ ਜਾਂਦਾ ਏ।

"ਭਰਾਵਾ! ਆਹ ਥੋੜ੍ਹੇ ਜਿਹੇ ਪੈਸੇ ਫੜੋ ਨੇ ਸ਼ਹਿਰੋਂ ਕਿਸੇ ਜਾਣੂ ਕੋਲੋਂ।" ਗੇਲੂ ਵੀ ਆਪਣੇ ਭਰਾ ਦੀ ਸਹਾਇਤਾ ਕਰਦਾ ਏ।

"ਔਛਾ, ਪਵਿੱਤਰ ਨੇ ਕੌੜਾ ਔਕ ਸਾਡੇ ਮੂਹਰੇ ਸੁੱਟ ਦਿੱਤਾ ਏ ਇਹ ਤਾਂ ਚੱਬਣਾ ਈ ਪੈਣਾ।" ਮੇਲੂ ਆਪਣੇ ਭਰਾ ਗੇਲੂ ਕੋਲੋਂ ਪੈਸੇ ਫੜ ਕੇ ਗਿਣਦਾ ਏ। ਫਿਰ ਇਕੱਠੇ ਕਰ ਕੇ ਸਾਰੇ ਪੈਸੇ ਗਿਣਦਾ ਏ।

ਮੇਲੂ ਉਦਾਸ ਹੋ ਕੇ ਬੋਲਦਾ ਏ, "ਅਜੇ ਵੀ ਤਿੰਨ-ਚਾਰ ਹਜ਼ਾਰ ਘਟਦੇ ਨੇ। ਚੱਲ ਉੱਠ ਗੇਲੂ! ਪਵਿੱਤਰ ਦਾ ਮੱਥਾ ਵੀ ਡੰਮ ਆਈਏ।"

ਦੋਵੇਂ ਪਵਿੱਤਰ ਦੀ ਹਵੇਲੀ ਵੱਲ ਤੁਰ ਪੈਂਦੇ ਨੇ। ਅੱਗੇ ਹਵੇਲੀ ਵਿਚ ਸਰਪੰਚ ਕੁਰਸੀ 'ਤੇ ਬੈਠਾ ਅਖ਼ਬਾਰ ਪੜ੍ਹ ਰਿਹਾ ਏ ਅਤੇ ਨੱਥੂ ਜ਼ਮੀਨ ਉੱਤੇ ਬੈਠਾ ਉਹਦੇ ਨਾਲ ਗੱਲਾਂ ਕਰ ਰਿਹਾ ਏ।

ਮੇਲੂ ਹਵੇਲੀ ਵੜਦਾ ਹੀ ਬੋਲਦਾ ਏ, "ਸਰਪੰਚ ਸਾਬ! ਸਸਰੀਕਾਲ!"

"ਵੇ ਮੇਲੂਆ ਕੀ ਸੋਚਿਆ ਹੱਡਾ ਰੋੜੀ ਦਾ। ਮੈਂ ਤਾਂ ਪੰਚਾਇਤ ਨੂੰ ਕਿਹਾ ਬਈ ਰਹਿਣ ਦਿਓ ਬੋਲੀ ਨੂੰ। ਮੇਲੂ ਕੀਆਂ ਤਿੰਨ-ਚਾਰ ਪੀੜ੍ਹੀਆਂ ਈ ਮਰੇ ਡੰਗਰ ਚੁੱਕਦੀਆਂ ਆਈਆਂ। ਨਾਲੇ ਭਗਤਾ ਆਪਣੀ ਸਰਪੰਚ ਵੇਲੇ ਹੱਡਾ-ਰੋੜੀ ਦੀ ਬੋਲੀ ਦਾ ਟੰਟਾ ਨਿਬੇੜ ਗਿਆ ਸੀ। ਪਰ ਭਰਾਵਾ ਮੇਰੀ ਕੌਣ ਸੁਣਦਾ।" ਪਵਿੱਤਰ ਖਚਰਾ ਬਣ ਕੇ ਹਮਦਰਦੀ ਕਰਦਾ ਏ।

"ਸਰਪੰਚ ਸਾਹਿਬ! ਹੱਡਾ ਰੋੜੀ ਤਾਂ ਮੇਰੀ ਰੱਖੂ! ਆਹ ਪੈਸੇ ਰੱਖੋ।" ਮੇਲੂ ਸਰਪੰਚ ਨੂੰ ਸਾਰੇ ਪੈਸੇ ਫੜਾਉਣ ਲੱਗਦੈ, ਤੇ ਔਗਿਓਂ ਸਰਪੰਚ ਨੱਥੂ ਨੂੰ ਪੈਸੇ ਫੜਨ ਦਾ ਇਸ਼ਾਰਾ ਕਰਦਾ ਕਹਿੰਦਾ ਏ, "ਨੱਥੂਆ! ਫੜ ਕੇ ਗਿਣ ਲੈ।"

ਮੇਲੂ ਦੇ ਸੱਪ ਲੜ ਜਾਂਦਾ ਏ। ਉਹ ਜ਼ਹਿਰ ਅੰਦਰੇ ਹੀ ਪੀ ਜਾਂਦਾ ਏ।

"ਸਰਪੰਚ ਸਾਬ! ਤਿੰਨ ਹਜ਼ਾਰ ਘੱਟ ਨੇ। ਐਦਾਂ ਕਰਦੇ ਆ ਨਾ। ਮੈਂ ਆਪਣੇ ਘਰੋਂ ਮਨਜੀਤ ਨੂੰ ਹਵੇਲੀ ਗੋਹਾ ਕੂੜਾ ਕਰਨ ਭੇਜ ਦਊਂ। ਉਹਦੇ 'ਚ ਬਾਕੀ ਪੈਸੇ ਕੱਟ ਲਿਓ।" ਮੇਲੂ ਬੇਵੱਸ ਜਿਹਾ ਹੋ ਕੇ ਕਹਿੰਦਾ ਏ।

"ਮੇਲੂਆ! ਮੈਂ ਤੇਰੇ ਤੋਂ ਕਿਤੇ ਔਜਾ ਹੋਇਆਂ। ਮੈਂ ਤਾਂ ਪਿੰਡ ਦੀ ਸੇਵਾ ਕਰਨੀ ਏ ਪੰਜ ਸਾਲ, ਏਹ ਵੀ ਭਾਵੇਂ ਰੱਖ ਲੈ... ਪੂਰੇ ਦੇ ਦੇਵੀਂ...।"

ਗੇਲੂ ਤੇ ਮੇਲੂ ਦੋਵੇਂ ਹੱਥ ਜੋੜ ਕੇ ਤੁਰ ਪੈਂਦੇ ਨੇ।

************

ਸਰਪੰਚ ਪਵਿੱਤਰ ਦੀ ਹਵੇਲੀ ਖੁੱਲ੍ਹੀ-ਡੁੱਲ੍ਹੀ ਏ। ਜ਼ਿਮੀਂਦਾਰਾਂ ਦਾ ਖੁੱਲ੍ਹਾ-ਡੁੱਲ੍ਹਾ ਘਰ। ਘਰ ਵਿਚ ਮੇਲੂ ਦੀ ਘਰਵਾਲੀ ਮਨਜੀਤ ਘਰ ਵਿਚ ਸਾਫ਼ ਸਫ਼ਾਈ ਦਾ ਕੰਮ ਕਰਨ ਆ ਜਾਂਦੀ ਏ। ਘਰ ਵਿਚ ਸਰਪੰਚ ਦੀ ਕਾਲਜ ਪੜ੍ਹਦੀ ਕੁੜੀ ਹੀ ਏ। ਉਹ ਆਪਣੀ ਮਸਤੀ ਵਿਚ ਰਹਿਣ ਵਾਲੀ ਕੁੜੀ ਏ ਅਤੇ ਮੋਬਾਈਲ ਫ਼ੋਨ ਉੱਤੇ ਫੇਸ ਬੁੱਕ ਖੋਲ੍ਹ ਕੇ ਚੈਟਿੰਗ ਕਰ ਰਹੀ ਏ। ਮੇਲੂ ਦੀ ਘਰ ਵਾਲੀ ਮਨਜੀਤ ਘਰ ਦਾ ਕੰਮ ਨਿਬੇੜ ਘਰ ਜਾਣ ਲਈ ਤਿਆਰ ਏ।

"ਧੀਏ ਰੋਜ਼ੀ। ਮੇਰਾ ਇਕ ਕੰਮ ਈ ਕਰ ਦੇ।" ਮਨਜੀਤ ਤਰਲਾ ਮਾਰਦੀ ਏ।

ਮੋਬਾਈਲ ਵਿਚ ਖੁੱਭੀ ਹੋਈ ਰੋਜ਼ੀ ਕਹਿੰਦੀ ਏ, "ਹਾਂ ਚਾਚੀ ਕੀ ਏ ?"

"ਧੀਏ! ਗੇਲੂ ਦੀ ਵਹੁਟੀ ਨੂੰ ਨਿੱਕਾ ਨਿਆਣਾ ਹੋਣ ਆਲਾ। ਘਰ 'ਚ ਚੰਗਾ ਖਾਣ ਨੂੰ ਕਿੱਥੇ ਏ। ਵਚਾਰੀ ਦਾ ਰੰਗ ਪੀਲਾ ਹੋਇਆ ਪਿਐ। ਮੈਨੂੰ ਥੋੜ੍ਹਾ ਦੇਸੀ ਘਿਓ ਈ ਦੇ ਦਿੰਦੀ।"

ਰੋਜ਼ੀ ਮੋਬਾਈਲ ਵਿਚ ਖੁੱਭੀ ਹੋਈ ਮੁੜ ਕਹਿੰਦੀ ਏ, "ਚਾਚੀ ਰਸੋਈ 'ਚ ਜਾ ਕੇ ਆਪੇ ਲੈ ਆ।"

ਮਨਜੀਤ ਝਿਜਕਦੀ ਝਿਜਕਦੀ ਏਧਰ-ਉਧਰ ਦੇਖਦੀ ਹੋਈ ਰਸੋਈ ਵਿਚ ਜਾਂਦੀ ਏ। ਮੋਮਜਾਮੇ ਦੇ ਲਿਫ਼ਾਫ਼ੇ ਵਿਚ ਦੇਸੀ ਘਿਓ ਪਾਉਂਦੀ ਬੋਲਦੀ ਏ,

"ਰੋਜ਼ੀ ਧੀਏ ਤੇਰਾ ਭਲਾ ਹੋਵੇ। ਇਹ ਗੱਲ ਸਰਦਾਰਨੀ ਨੂੰ ਨਾ ਦੱਸੀਂ। ਮੈਂ ਤੇਰਾ ਸਾਰੀ ਉਮਰ ਪਾਣੀ ਭਰੂੰ। ਤੂੰ ਜੋ ਕਹੇਂ ਉਹੀ ਕਰੂ। ਮੇਰੀ ਬੀਬੀ ਧੀ, ਰੱਬ ਤੈਨੂੰ ਵੱਡੀ ਨੌਕਰੀ ਦੇਵੇ।"

ਜਦੋਂ ਗੇਟ ਵੱਲ ਨੂੰ ਜਾਣ ਲੱਗਦੀ ਏ ਤਾਂ ਉਧਰੋਂ ਸਰਦਾਰਨੀ ਆ ਜਾਂਦੀ ਏ। ਉਹਦੇ ਵੱਲ ਦੇਖ ਕੇ ਮਨਜੀਤ ਮੋਮਜਾਮੇ ਦੇ ਲਿਫ਼ਾਫ਼ੇ ਵਿਚ ਪਾਇਆ ਘਿਓ ਲਕੋਣ ਲੱਗਦੀ ਏ। ਪਰ ਉਸ ਨੂੰ ਲਕੋਂਦੀ ਸਰਦਾਰਨੀ ਵੇਖ ਲੈਂਦੀ ਏ,

"ਨੀ ਜੀਤੋ! ਆਹ ਕੀ ਲਕੋਈ ਜਾਂਦੀ ਏਂ ? "

"ਕੁੱਝ ਨ੍ਹੀਂ ਸਰਦਾਰਨੀ ਜੀ। ਦੇਸੀ ਘਿਓ ਦਾ ਭੋਰਾ ਲਿਆ ਆ, ਆਪਣੀ ਰੋਜ਼ੀ ਤੋਂ ਪੁੱਛ ਕੇ। ਮੇਰੀ ਦਰਾਣੀ ਦੇ ਬੱਚਾ ਹੋਣਾ ਆਲਾ ਉਹਦੇ ਵਾਸਤੇ।"

"ਨੀ ਜੀਤੋ! ਥੋੜ੍ਹੀ ਸੰਗ ਕਰ। ਨ੍ਹੀਂ ਘਿਓ ਤਾਂ ਸਾਨੂੰ ਨ੍ਹੀਂ ਲੱਭਦਾ। ਤੂੰ ਆਹ ਲਫ਼ਾਫ਼ਾ ਭਰਿਆ ਹੋਇਆ ਏ। ਕੰਮ ਕੀ ਕਰਨ ਆਈ ਤੂੰ ਤਾਂ ਘਰ ਦੀ ਰਾਣੀ ਬਣ ਕੇ ਬੈਹ ਗਈ।" ਰੋਜ਼ੀ ਵੱਲ ਮੂੰਹ ਕਰਕੇ, "ਨੀ ਰੋਜ਼ੀ ਤੈਨੂੰ ਅਕਲ ਦਾ ਘਾਟਾ ਤੂੰ ਤਾਂ ਚਾਰ ਦਿਨ 'ਚ ਘਰ ਲੁਟਾ ਦੇਵੇਂ। ਮੋਬਾਈਲ ਨਾਲ ਚੁੰਬੜੀ ਹੋਈ ਏਂ ਤੇ ਦੂਜਾ ਬੰਦਾ ਭਾਵੇਂ ਜੋ ਮਰਜ਼ੀ ਚੋਰੀ ਕਰਕੇ ਲੈ ਜਾਵੇ।" ਸਰਦਾਰਨੀ ਮਨਜੀਤ ਕੋਲੋਂ ਲਫ਼ਾਫ਼ਾ ਖੋਹ ਲੈਂਦੀ ਏ, "ਜਾਹ ਨੀ ਜੀਤੋ ਦਫ਼ਾ ਹੋ ਜਾ ਮੁੜ ਮੇਰੇ ਘਰ ਪੈਰ ਨਾ ਪਾਈਂ।"

"ਨਾ ਸਰਦਾਰਨੀ ਜੀ! ਐਨਾ ਧੱਕਾ ਨਾ ਕਰੋ। ਮੈਂ ਤਾਂ... ਮੈਂ ... ਮੈਂ...!!!"

ਮਨਜੀਤ ਤਰਲੇ ਕਰਦੀ ਬਾਹਰ ਵੱਲ ਨੂੰ ਤੁਰ ਪੈਂਦੀ ਏ।



************

ਪਰੇਸ਼ਾਨ ਜਿਹੀ ਮਨਜੀਤ ਮੰਜੇ ਉੱਤੇ ਬੈਠੀ ਏ। ਮੇਲੂ ਸਾਈਕਲ ਦੇ ਟਾਇਰ ਦੀ ਨਿਕਲ ਗਈ ਫੂਕ ਨੂੰ ਵੇਖਦਾ ਏ।

"ਸਹੁਰੀ ਦਾ ਖਬਰੇ ਪੈਂਚਰ ਈ ਹੋ ਗਿਆ। ਟੈਰ ਨਵਾਂ ਪੌਣ ਆਲਾ ਲੱਗਦਾ ਏ। ਹਫ਼ਤੇ 'ਚ ਚੌਥਾ ਪੈਂਚਰ ਏ।" ਮੇਲੂ ਫ਼ਿਕਰਮੰਦ ਹੋ ਕੇ ਕਹਿੰਦਾ ਏ।

"ਇਹਨੂੰ ਵੀ ਪਤਾ ਲੱਗ ਗਿਆ ਹੋਣਾ ਬਈ ਮੇਲੂ ਨੋਟਾਂ ਨਾਲ ਜੇਬਾਂ ਭਰੀ ਫਿਰਦਾ।" ਮਨਜੀਤ ਵਿਅੰਗ ਕਰਦੀ ਏ।"

"ਤੂੰ ਸਰਪੰਚਾਂ ਦੇ ਘਰੇ ਕੰਮ ਕਰਨ ਨ੍ਹੀਂ ਜਾਣਾ ?" ਮੇਲੂ ਉਹਨੂੰ ਪੁੱਛਦਾ ਏ।

"ਸਰਦਾਰਨੀ ਨੇ ਤਾਂ ਮੇਰੀ ਬਹੁਤ ਲਾਹ-ਪਾਹ ਕੀਤੀ। ਹਜੇ ਮੈਂ ਸਰਦਾਰਨੀ ਦੀ ਧੀ ਕੋਲੋਂ ਪੁੱਛ ਕੇ ਦੇਸੀ ਘਿਓ ਲਿਆ, ਅਖੇ ਤੂੰ ਤਾਂ ਘਿਓ ਦੀ ਚੋਰੀ ਕੀਤੀ ਏ। ਹੁਣ ਉਹਨੇ ਟਕੇ ਅਰਗਾ ਜਵਾਬ ਦੇ 'ਤਾ। ਕਹਿੰਦੀ ਹੁਣ ਨਾ ਮੇਰੇ ਘਰੇ ਕੰਮ ਕਰਨ ਆਈਂ। ਬੰਦਾ ਦੱਸ ਹੁਣ ਕਿਹੜੇ ਖੂਹ 'ਚ ਡਿੱਗ ਮਰੇ।" ਮਨਜੀਤ ਮਨ ਅੰਦਰਲੀ ਗੱਲ ਕੱਢ ਦਿੰਦੀ ਏ।

ਉਧਰੋਂ ਮੇਲੂ ਦਾ ਭਰਾ ਗੇਲੂ ਸਾਈਕਲ ਬੂਹੇ ਵਿਚੋਂ ਲੰਘਾ ਵਿਹੜੇ ਵਿਚ ਖੜ੍ਹਾ ਕਰਨ ਲੱਗਦਾ ਏ। ਮੇਲੂ ਉਹਦੇ ਵੱਲ ਵੇਖਦਾ ਕਹਿੰਦਾ ਏ,

"ਨਾ ਛੇਤੀ ਮੁੜ ਆਇਆ ?"

"ਹਾਹੋ ਭਰਾਵਾ। ਕੰਮ ਈ ਨ੍ਹੀਂ ਰੰਗ ਦਾ। ਅੱਜ ਕੱਲ੍ਹ ਮੰਦਾ ਏ ਬਰਸਾਤ ਤੋਂ ਬਾਅਦ ਲੋਕੀ ਰੰਗ ਕਰਾਉਂਦੇ ਹੁੰਦੇ ਨੇ।"

ਘਰ ਦੇ ਵਿਹੜੇ ਵਿਚ ਮੇਲੂ ਦੀ ਗਰਭਵਤੀ ਘਰਵਾਲੀ ਫਿਰਦੀ ਏ।

"ਤੂੰ ਬੋਲ੍ਹਾਂ ਲੈ ਕੇ ਆੜ੍ਹਤ 'ਤੇ ਗਿਆ ਸੀ ?" ਮਨਜੀਤ ਮੇਲੂ ਨੂੰ ਸਵਾਲ ਕਰਦੀ ਏ।

"ਸੁੱਚਾ ਆੜ੍ਹਤੀਆ ਕਹਿੰਦਾ ਤੈਨੂੰ ਪੈਸੇ ਨ੍ਹੀਂ ਮਿਲਣੇ। ਪਹਿਲਾਂ ਉਹ ਪੈਸੇ ਪੂਰੇ ਕਰ ਜਿਹੜੇ ਉਧਾਰੇ ਲਏ ਨੇ। ਆਹ ਦੋ ਸੌ ਰੁਪਏ ਦਿੱਤੇ ਨੇ।"

ਮਨਜੀਤ ਉਦਾਸ ਜਿਹੀ ਦੋਹਾਂ ਦੇ ਮੂੰਹ ਵੱਲ ਵੇਖਦੀ ਏ। ਉਹਦੇ ਨੇੜੇ ਕਸ਼ਮੀਰੋ ਵੀ ਖੜ੍ਹ ਜਾਂਦੀ ਏ। ਚਾਰੇ ਜਣੇ ਖ਼ਾਮੋਸ਼ ਹੋ ਜਾਂਦੇ ਨੇ।

************

ਪਿੰਡ ਦੇ ਪਸ਼ੂਆਂ ਦੇ ਹਸਪਤਾਲ ਵਿਚ ਪਸ਼ੂਆਂ ਦੀ ਡਾਕਟਰ ਨਵੀਂ ਨਵੀਂ ਆਈ ਏ। ਹਸਪਤਾਲ ਵਿਚ ਇਕ ਉਸਦਾ ਸਹਾਇਕ ਏ। ਇਸ ਬਾਰੇ ਸਰਪੰਚ ਦੇ ਖਾਸ ਬੰਦੇ ਗਿੰਦਰ ਨੂੰ ਪਤਾ ਲੱਗਦਾ ਏ। ਉਹ ਆਪਣੇ ਸਾਥੀ ਪ੍ਰਗਟ ਨੂੰ ਨਾਲ ਲੈ ਕੇ ਹਸਪਤਾਲ ਆ ਵੜਦੇ ਨੇ।

ਗਿੰਦਰ ਕਹਿੰਦਾ ਏ, "ਡਾਕਟਰ ਸਾਹਿਬ ਸਤਿ ਸ੍ਰੀ ਅਕਾਲ! ਸਰਪੰਚ ਸਾਹਿਬ ਨੇ ਭੇਜਿਐ ਬਈ ਡਾਕਟਰ ਸਾਹਿਬ ਦਾ ਪਤਾ ਲੈ ਆਓ।"

"ਸਤਿ ਸ੍ਰੀ ਅਕਾਲ ਜੀ! ਆਉਣ ਲਈ ਤੁਹਾਡਾ ਸ਼ੁਕਰੀਆ ਜੀ।" ਡਾਕਟਰ ਪ੍ਰਤੀਕ ਨਿਮਰਤਾ ਨਾਲ ਕਹਿੰਦੀ ਏ।

"ਡਾਕਟਰ ਸਾਹਿਬ ਜੀ! ਸਾਡੇ ਪਿੰਡ ਬਹੁਤੇ ਡੰਗਰ ਤਾਂ ਇਲਾਜ ਖੁਣੋਂ ਮਰੀ ਜਾ ਰਹੇ ਜੀ। ਸਰਪੰਚ ਸਾਹਿਬ ਨੇ ਮਸਾਂ ਐਮ. ਐਲ. ਏ. ਸਾਹਿਬ ਨੂੰ ਕਹਿ ਕਹਾ ਕੇ ਹਸਪਤਾਲ ਦਾ ਪ੍ਰਬੰਧ ਕੀਤਾ ਏ।" ਪ੍ਰਗਟ ਕਹਿੰਦਾ ਏ।

"ਸ਼ੁਕਰੀਆ ਜੀ ਤੁਹਾਡਾ।" ਡਾਕਟਰ ਪ੍ਰਤੀਕ ਬੇਧਿਆਨੇ ਹੋ ਕੇ ਬੋਲਦੀ ਏ।

"ਡਾਕਟਰ ਸਾਹਿਬ ਆਉਣ ਜਾਣ ਵਿਚ। ਕਿਸੇ ਵੀ ਤਰ੍ਹਾਂ ਕੋਈ ਮੁਸ਼ਕਲ ਆਵੇ ਤਾਂ ਸਾਨੂੰ ਦੱਸਣਾ। ਅਸੀਂ ਹਾਜ਼ਰ ਆਂ ਜੀ।" ਬਿੱਕਰ ਨੇੜੇ ਹੋ ਕੇ ਕਹਿੰਦਾ ਏ।

"ਕੋਈ ਗੱਲ ਨ੍ਹੀਂ ਜੀ ਤੁਹਾਡਾ ਸ਼ੁਕਰੀਆ ਬਹੁਤ ਬਹੁਤ।"

ਪ੍ਰਗਟ ਫਿਰ ਕਹਿੰਦਾ ਏ, "ਡਾਕਟਰ ਸਾਹਿਬ। ਸਰਪੰਚ ਸਾਹਿਬ ਤਾਂ ਕਹਿੰਦੇ ਬਈ ਡਾਕਟਰ ਸਾਹਿਬ ਬਹੁਤ ਦੂਰ ਤੋਂ ਆਉਂਦੇ ਨੇ। ਤੁਸੀਂ ਦੱਸੋ ਅਸੀਂ ਤੁਹਾਡੇ ਰਹਿਣ ਦਾ ਪ੍ਰਬੰਧ ਕਰ ਦਿੰਦੇ ਹਾਂ।"

"ਭਾਈ ਸਾਹਿਬ ਮੈਂ ਆਪੇ ਪ੍ਰਬੰਧ ਕਰ ਲਵਾਂਗੀ। ਤੁਸੀਂ ਖੇਚਲ ਨਾ ਕਰੋ। ਹਾਂ ਜੇ ਕੋਈ ਸਮੱਸਿਆ ਆਉਂਦੀ ਏ ਤਾਂ ਮੈਂ ਸਰਪੰਚ ਸਾਹਿਬ ਨੂੰ ਦੱਸ ਦੇਵਾਂਗੀ।" ਪ੍ਰਤੀਕ ਦੋਹਾਂ ਵੱਲ ਝਾਕ ਕੇ ਕਹਿਣ ਲੱਗਦੀ ਏ।

"ਸਾਡਾ ਫ਼ਰਜ਼ ਆ ਜੀ। ਨਾਲੇ ਤੁਸੀਂ ਸਾਡੇ ਡੰਗਰਾਂ ਦੇ ਵੈਦ ਹੋ ਜੀ।" ਬਿੱਕਰ ਢੀਠ ਹੋ ਕੇ ਕਹਿੰਦਾ ਏ।

"ਕੋਈ ਗੱਲ ਨ੍ਹੀਂ ਜੀ... ਥੈਂਕਸ ਜੀ।" ਪ੍ਰਤੀਕ ਉਹਨ੍ਹਾਂ ਨੂੰ ਤੋਰਨ ਲਈ ਕਾਹਲੀ ਹੋ ਜਾਂਦੀ ਏ।

ਐਨੇ ਨੂੰ ਪ੍ਰਤੀਕ ਕੋਈ ਲਿਖਤੀ ਕੰਮ ਕਰਨ ਲੱਗ ਜਾਂਦੀ ਏ ਅਤੇ ਦੋਵੇਂ ਮੁੜ ਜਾਂਦੇ ਨੇ।

*************

ਮੇਲੂ ਦੇ ਘਰ ਦਿਨ ਚੜ੍ਹ ਆਉਂਦਾ ਏ। ਗੇਲੂ ਦੀ ਪਤਨੀ ਕਸ਼ਮੀਰੋ ਨੂੰ ਬੱਚਾ ਹੋਣ ਵਿਚ ਥੋੜ੍ਹਾ ਸਮਾਂ ਰਹਿ ਜਾਂਦਾ ਏ। ਮੇਲੂ ਦੀ ਘਰਵਾਲੀ ਮਨਜੀਤ ਪਿੰਡ ਦੀ ਇਕ ਦਾਈ ਨੂੰ ਸੱਦ ਕੇ ਘਰ ਲੈ ਆਉਂਦੀ ਏ। ਵਿਹੜੇ ਵਿਚ ਕਸ਼ਮੀਰੋ ਮੰਜੇ ਉੱਤੇ ਲੰਮੀ ਪਈ ਏ। ਉਹ ਦਾਈ ਨੂੰ ਕਸ਼ਮੀਰੋ ਦੇ ਨੇੜੇ ਆਉਣ ਤੇ ਕਹਿੰਦੀ ਏ।

"ਵੇਖ ਤਾਂ ਭੈਣੇ! ਕੱਲ੍ਹ ਦਾ ਇਹਦਾ ਚਿੱਤ ਜਾਣੀ ਕਿ ਕੱਚਾ-ਕੱਚਾ ਜਿਹਾ ਹੋਈ ਜਾਂਦਾ ਏ। ਕੁਝ ਖਾਣ ਨੂੰ ਵੀ ਮਨ ਨ੍ਹੀਂ ਕਰਦਾ।"

"ਦੁੱਧ 'ਚ ਜੁਵੈਣ, ਮਲੱਠੀ ਤੇ ਦੇਸੀ ਘਿਓ ਪਾ ਕੇ ਦੇਣਾ ਸੀ।" ਤੇ ਦਾਈ ਕਸ਼ਮੀਰੋ ਦੀਆਂ ਅੱਖਾਂ ਹੱਥਾਂ ਨਾਲ ਖੋਲ੍ਹ ਕੇ ਵੇਖਦੀ ਏ। ਫਿਰ ਚਾਦਰ ਥੱਲੇ ਹੱਥ ਪਾ ਕੇ ਉਹਦੇ ਢਿੱਡ ਨੂੰ ਏਧਰੋਂ ਓਧਰੋਂ ਟੋਂਹਦੀ ਏ। ਜੀਤੋ ਭੋਰਾ ਤੇਲ ਕਾੜ੍ਹ ਕੇ ਲਿਆ, ਮੈਂ ਇਹਦੀਆਂ ਤਲੀਆਂ 'ਤੇ ਪੈਰ ਝਸ ਦਿਆਂ।



ਕਸ਼ਮੀਰੋ ਦਾਈ ਨੂੰ ਕਹਿਣ ਲੱਗਦੀ ਏ, "ਚਾਚੀ ਮੈਨੂੰ ਤਾਂ ਰਾਤ ਨੂੰ ਬਾਹਲੇ ਮਾੜੇ ਸੁਪਨੇ ਆਉਂਦੇ ਨੇ। ਨੀਂਦ ਨ੍ਹੀਂ ਆਉਂਦੀ। ਜੇ ਗੇਲੂ ਨੂੰ ਦੱਸਾਂ ਤਾਂ ਕਹਿੰਦਾ ਐਵੇਂ ਭਕਾਈ ਮਾਰਦੀ ਰਹਿੰਦੀ ਏਂ।"

"ਨੀਂ ਜੀਤੋ! ਇਹਨੂੰ ਸਰਕਾਰੂ ਹਸਪਤਾਲ ਲੈ ਜਾ। ਨਰਸ ਟੀਕਾ-ਟੂਕਾ ਲਾ ਦਊਗੀ।" ਦਾਈ ਫ਼ਿਕਰਮੰਦ ਹੁੰਦੀ ਕਹਿੰਦੀ ਏ।

"ਲੈ ਚਾਚੀ ਇਹਦਾ ਕਾਰਡ ਬਣਿਆ ਪਿਐ। ਮੈਂ ਸਾਰੇ ਟੀਕੇ ਆਪ ਜਾ ਕੇ ਲਵਾਏ ਨੇ। ਪੰਦਰੀਂ ਦਿਨੀਂ ਜਾਂਦੇ ਆਂ।"

"ਫੇ ਥੀ ਭੈਣੇ ਚੰਗਾ ਹੁੰਦੈ। ਸਾਡੀ ਗੱਲ ਹੋਰ ਏ, ਅਸੀਂ ਤਾਂ ਓਹੜ-ਪੋਹੜ ਈ ਦੱਸਣਾ। ਪੜ੍ਹੇ ਲਿਖੇ ਡਾਕਟਰ ਤਾਂ ਭਾਈ ਉਹੀ ਨੇ।"

ਕਹਿੰਦੀ ਹੋਈ ਦਾਈ ਉੱਠ ਕੇ ਚਲੇ ਜਾਂਦੀ ਏ। ਤੇ ਗੇਲੂ ਆ ਜਾਂਦਾ ਏ।

"ਵੇ ਗੇਲੂ! ਚੁੱਕ ਸੈਕਲ ਪਹਿਲਾਂ ਆਪਣੀ ਵਹੁਟੀ ਨੂੰ ਡਾਕਦਾਰਨੀ ਕੋਲ ਲੈ ਕੇ ਜਾਹ।" ਮਨਜੀਤ ਉਹਨੂੰ ਡਾਕਟਰ ਕੋਲ ਜਾਣ ਲਈ ਕਹਿੰਦੀ ਏ।

"ਅੱਛਾ ਭਾਬੀ।"

ਮਨਜੀਤ ਆਸਰੇ ਨਾਲ ਉਹਨੂੰ ਮੰਜੇ ਤੋਂ ਉਠਾਉਂਦੀ ਏ। ਤੇ ਗੇਲੂ ਦੇ ਸਾਈਕਲ ਉੱਤੇ ਕਸ਼ਮੀਰੋ ਹਾਏ ਹਾਏ ਕਰਦੀ ਬੈਠ ਜਾਂਦੀ ਏ।

"ਵੇ ਖਿਆਲ ਨਾਲ ਲੈ ਕੇ ਜਾਵੀਂ। ਰਸਤੇ 'ਚ ਬਾਹਲੇ ਖੱਡੇ ਆ।" ਮਨਜੀਤ ਮੁੜ ਕਹਿੰਦੀ ਏ।

ਸਾਈਕਲ ਉੱਤੇ ਜਾਂਦੇ ਦੋਵੇਂ ਦੂਰ ਹੋ ਜਾਂਦੇ ਨੇ। ਮਨਜੀਤ ਦਰਾਂ 'ਚ ਹੀ ਬੈਠ ਜਾਂਦੀ ਏ।

**********

ਦਿਨ ਢਲ ਜਾਂਦਾ ਏ। ਮੇਲੂ ਹੌਂਡਾ ਕੋਠੀ ਵਿਚ ਬੈਠਾ ਹੁੱਕਾ ਪੀ ਰਿਹਾ ਏ। ਤੇ ਆਪਣੇ ਆਪ ਨਾਲ ਗੱਲਾਂ ਕਰ ਰਿਹਾ ਏ।

"ਵਾਹ ਨੀਂ ਕੁਦਰਤੇ! ਤਿੰਨ ਦਿਨ ਹੋ ਗਏ ਆਲੇ-ਦੁਆਲੇ ਪਿੰਡਾਂ ਵਿਚ ਕੋਈ ਡੰਗਰ ਨ੍ਹੀਂ ਮਰਿਆ। ਵਿਹਲੇ ਮੱਖੀਆਂ ਮਾਰੀ ਜਾਂਦੇ ਨੇ। ਸਹੁਰੀ ਦਾ ਨਾਈ ਵੀ ਅਜੇ ਤੱਕ ਮੁੜਿਆ ਨਹੀਂ। ਰਾਤ ਪੈਣ ਵਾਲੀ ਏ। ਪਤਾ ਨਹੀਂ ਕਿਥੇ ਜਾ ਕੇ ਬੈਠਾ ਰਹਿੰਦਾ ਏ।

ਐਨੇ ਨੂੰ ਨਾਈ ਸਾਈਕਲ ਉਹਦੇ ਨੇੜੇ ਰੋਕ ਲੈਂਦਾ ਏ। ਉਹਨੂੰ ਸਾਹ ਚੜ੍ਹਿਆ ਹੋਇਆ ਏ,

"ਚਾਚਾ ਗੇਲੂ ਦੀ ਘਰਆਲੀ ਨੂੰ ਸ਼ਹਿਰ ਲੈ ਗਏ ਨੇ।"

"ਹੈਂ ... ਕੀ ਹੋਏ ... ???" ਮੇਲੂ ਕੋਲੋਂ ਐਨਾ ਹੀ ਕਹਿ ਹੁੰਦਾ ਏ।

"ਗੋਲੂ ਤਾਂ ਪਿੰਡ ਦੇ ਗੌਰਮਿੰਟ ਹਸਪਤਾਲ ਲੈ ਕੇ ਗਿਆ ਸੀ। ਉਥੇ ਉਹਦੀ ਘਰਆਲੀ ਦੇ ਬਹੁਤ ਦਰਦਾਂ ਹੋਈਆਂ। ਨਰਸਾਂ ਉਥੇ ਈ ਸੀ। ਉਨ੍ਹਾਂ ਕਿਹਾ ਇਥੇ ਬੱਚਾ ਨ੍ਹੀਂ ਹੋਣਾ। ਮਾਂ ਦੀ ਜਾਨ ਨੂੰ ਖਤਰਾ ਹੋ ਸਕਦੈ। ਬੱਚਾ ਵੱਡੇ 'ਪ੍ਰੇਸ਼ਨ ਨਾਲ ਹੋਊ।" ਨਾਣੀ ਕਾਹਲੀ ਵਿਚ ਕਹਿੰਦਾ ਏ।

"ਫੇ...??"

"ਫੇ ਉਨ੍ਹਾਂ ਐਬੂਲੈਂਸ ਬੁਲਾ ਲਈ। ਗੋਲੂ ਦੀ ਘਰਆਲੀ ਨੂੰ ਉਹਦੇ ਵਿਚ ਪਾ ਕੇ ਸ਼ਹਿਰ ਲੈ ਗਏ। ਮੈਂ ਤਾਂ ਉਦੋਂ ਮਰਿਆ ਡੰਗਰ ਲੱਭਣ ਲਈ ਤੁਰਿਆ ਜਾਂਦਾ ਸੀ। ਮੈਨੂੰ ਐਬੂਲੈਂਸ ਦੀ ਟੂ ਟੂ ਦੀ 'ਵਾਜ਼ ਸੁਣ ਗਈ। ਮੈਂ ਵੀ ਮਗਰੇ ਭੱਜਾ।" ਨਾਣੀ ਹੋਰ ਦੱਸਦਾ ਏ।

"ਫੇ...??"

"ਹਸਪਤਾਲ ਲਿਜਾ ਕੇ ਨਰਸਾਂ ਨੇ ਟੀਕੇ-ਗੁਲੂਕੋਸ਼ ਲਾ ਦਿੱਤੇ ਨੇ। ਉਂ ਤਾਂ ਕਸ਼ਮੀਰੋ ਠੀਕ ਏ। ਗੋਲੂ ਕਹਿੰਦਾ ਸੀ ਡਾਕਟਰ ਸ਼ਾਮ ਨੂੰ ਆਊ। ਨਰਸਾਂ ਕਹਿੰਦੀਆਂ ਪੈਸੇ ਜਮਾਂ ਕਰਾਓ। ਹੁਣੇ ਈ 'ਪ੍ਰੇਸ਼ਨ ਕਰਨੈ। ਨਹੀਂ ਤਾਂ ਜੱਚਾ-ਬੱਚਾ ਦੀ ਜਾਨ ਨੂੰ ਖ਼ਤਰਾ।" ਨਾਣੀ ਨੇ ਫਟਾ ਫਟ ਸਾਰੀ ਗੱਲ ਦੱਸ ਦਿੱਤੀ ਏ।

"ਅੱਛਾ... ਵਾ... ਗੁਰੂ ਭਲਾ ਕਰੇ।"

ਮੇਲੂ ਦੇ ਹੱਥ ਜੁੜ ਜਾਂਦੇ ਨੇ। ਮੇਲੂ ਉੱਠ ਕੇ ਘਰ ਵੱਲ ਨੂੰ ਤੁਰ ਪੈਂਦਾ ਏ।

*************

ਪਾਪੂਲਰਾਂ ਦੇ ਪਿੱਛੋਂ ਸੂਰਜ ਥੋੜ੍ਹਾ ਜਿਹਾ ਨਿਕਲਿਆ ਏ। ਗੋਲੂ ਆਪਣਾ ਸਾਈਕਲ ਆਪਣੇ ਘਰ ਦੇ ਬੂਹੇ ਕੋਲ ਰੋਕ ਦਰਵਾਜ਼ੇ ਨੂੰ ਖੜਕਾਉਂਦਾ ਏ। ਅੰਦਰੋਂ ਅੱਖਾਂ ਮਲਦਾ ਮੇਲੂ ਕੁੰਡਾ ਖੋਹਲਦਾ ਏ।

"ਵੱਡੇ ਭਰਾ। ਵਧਾਈਆਂ! ਤੂੰ ਤਾਇਆ ਬਣ ਗਿਆ ਏਂ।" ਗੋਲੂ ਖੁਸ਼ੀ ਵਿਚ ਕਹਿੰਦਾ ਏ।

"ਬਈ ਵਾਹ! ਵਧਾਈਆਂ ਹੋਣ ਮੁੰਡੇ ਦੇ ਪਿਓ ਨੂੰ ਨਾਲੇ ਮਾਂ ਨੂੰ।" ਮੇਲੂ ਕਹਿੰਦਾ ਏ।

ਗੋਲੂ ਸਾਇਕਲ ਅੰਦਰ ਵਿਹੜੇ ਵਿਚ ਖੜ੍ਹਾ ਕਰ ਲੈਂਦਾ ਏ।

"ਲੈ ਮੂੰਹ ਮਿੱਠਾ ਕਰ। ਕਈ ਸਾਲਾਂ ਬਾਅਦ ਘਰ 'ਚ ਜੀਅ ਆਇਆ ਏ।" ਗੋਲੂ ਪੂਰਾ ਖੁਸ਼ ਏ।

ਲੱਡੂਆਂ ਦਾ ਡੱਬਾ ਖੋਲ੍ਹ ਉਹ ਆਪਣੇ ਭਰਾ ਮੇਲੂ ਦੇ ਅੱਗੇ ਕਰਦਾ ਏ ਤੇ ਦੋਵੇਂ ਮੰਜੇ ਉੱਤੇ ਬੈਠ ਜਾਂਦੇ ਹਨ।

"ਸੁੱਖ ਨਾਲ ਤੇਰੀ ਘਰ ਆਲੀ ਤੇ ਨਿਆਣਾ ਠੀਕ ਆ ਨਾ।" ਲੱਡੂ ਖਾਂਦਾ ਮੇਲੂ ਸਵਾਲ ਕਰਦਾ ਏ।

"ਠੀਕ ਤਾਂ ਏ। ਇਕ ਤਾਂ ਵੱਡਾ 'ਪ੍ਰੇਸ਼ਨ ਹੋ ਗਿਆ। 'ਪ੍ਰੇਸ਼ਨ ਦੇ ਡਾਕਟਰ ਨੇ ਵੀਹ ਹਜ਼ਾਰ ਰੁਪੇ ਲੈਂਦੇ ਹੋਏ ਨੇ। ਇਹ ਸਹੁਰੀ ਦੇ ਨਵੇਂ ਰਿਵਾਜ਼ ਚੱਲ ਪਏ ਨੇ। ਪਿੰਡਾਂ 'ਚ ਦਾਈਆਂ



ਦਰਦਾਂ ਲਿਆ ਕੇ ਬੱਚਾ ਕਰ ਦਿੰਦੀਆਂ ਸੀ। ਡਾਕਟਰ ਤਾਂ ਲਾਲਚੀ ਬਾਹਲੇ ਹੋਈ ਜਾਂਦੇ ਨੇ। ਪੈਸੇ ਬਣਾਉਣ ਲਈ ਝੱਟ ਮਾਂ ਦਾ ਢਿੱਡ ਪਾੜ ਦਿੰਦੇ ਨੇ।" ਗੋਲੂ ਸਹਿਜ ਹੋ ਕੇ ਕਹਿੰਦਾ ਏ।

"ਚੱਲ ਜੋ ਹੋਣਾ ਸੀ ਹੋ ਗਿਆ। ਇਹਨੂੰ ਭਾਣਾ ਮੰਨੀਦਾ। ਘਰ ਜੀਅ ਤਾਂ ਆਇਆ ਏ।"

"ਹੁਣ ਤੁਰਨ ਲੱਗਾ ਸੀ ਤਾਂ ਨਰਸ ਕਹਿਣ ਲੱਗੀ ਬਈ ਬੱਚੇ ਨੂੰ ਪੀਲੀਏ ਦੀ ਸ਼ਿਕਾਇਤ ਏ। ਇਹਨੂੰ ਲੈਂਟ 'ਚ ਰੱਖਣਾ ਪੈਣਾ।" ਗੋਲੂ ਨੇ ਨਵੀਂ ਆ ਗਈ ਆਫ਼ਤ ਬਾਰੇ ਦੱਸ ਦਿੱਤਾ ਏ।

"ਏ... (ਦੋਵੇਂ ਹੱਥ ਜੋੜ ਕੇ) ਮਹਾਰਾਜ ਭਲੀ ਕਰੇ ਬਈ। ਤੂੰ ਫ਼ਿਕਰ ਨਾ ਕਰੀਂ। ਤੂੰ ਐਂ ਕਰ ਆਪਣੇ ਠੇਕੇਦਾਰ ਕੋਲ ਤੁਰ ਪੈ... ਉਹਨੂੰ ਕਹੀਂ ਬਈ ਕੁਛ ਪੈਹਿਆਂ ਦਾ ਜੁਗਾੜ ਕਰ ਦੇਵੇ। ਮੈਂ ਵੀ ਸੁੱਚੇ ਆੜ੍ਹਤੀਏ ਕੋਲ ਜਾਂਦਾ ਆ। ਪੰਜ ਸੱਤ ਖੱਲ੍ਹਾਂ ਜਮਾਂ ਹੋ ਗਈਆਂ ਨੇ। ਨਾਣੀ ਵੀ ਫੇਰੇ 'ਤੇ ਗਿਆ ਹੋਇਆ ਏ, ਉਹ ਵੀ ਕੁਛ ਲੈ ਕੇ ਆਊ। ਕਰਦੇ ਆਂ ਕੋਈ ਜੁਗਾੜ...।" ਮੇਲੂ ਹੌਸਲੇ ਵਿਚ ਆ ਜਾਂਦਾ ਏ।

ਉਨ੍ਹੀਂ ਪੈਰੀਂ ਮੇਲੂ, ਗੋਲੂ ਨੂੰ ਸ਼ਹਿਰ ਵੱਲ ਤੋਰ ਦਿੰਦਾ ਏ।

************

ਮੇਲੂ ਸਾਇਕਲ ਦੇ ਕੈਰੀਅਰ ਉੱਤੇ ਖੱਲ੍ਹਾਂ ਰੱਖ ਕੇ ਪਿੰਡੋਂ ਬਾਹਰ ਨਿਕਲਦਾ ਹੀ ਏ ਕਿ ਦੂਜੇ ਪਾਸੇ ਤੋਂ ਗੁੱਜਰਾਂ ਦੀਆ ਪੰਜ-ਸੱਤ ਮੱਝਾਂ ਦਾ ਝੁੰਡ ਆਉਂਦਾ ਦਿਸਦਾ ਏ। ਜਿਸ ਨੂੰ ਇਕ ਗੁੱਜਰਾਂ ਦੀ ਨਿੱਕੀ ਕੁੜੀ ਹੱਕਦੀ ਆਉਂਦੀ ਏ। ਦੂਜੇ ਪਾਸਿਓਂ ਇਕ ਛੋਟਾ ਟੈਂਪੂ ਮੱਝ ਦੀ ਕੱਟੀ ਨੂੰ ਟੱਕਰ ਮਾਰ ਦਿੰਦਾ ਏ। ਸੜਕ ਉੱਤੇ ਪਈ ਕੱਟੀ ਵੇਖ ਕੇ ਉਹ ਸਾਈਕਲ ਰੋਕ ਲੈਂਦਾ ਏ।

"ਏ! ਆਹ ਕੀ ਹੋ ਗਿਆ। ਲਗਦਾ ਕੱਟਰੂ ਮਰ ਗਿਆ ਏ।" ਮੇਲੂ ਕਹਿੰਦਾ ਏ।

ਉਹਦੇ ਮਨ ਵਿਚ ਗੋਲੂ ਦੇ ਭਰਾ ਦਾ ਹਸਪਤਾਲ ਵਿਚ ਪੀਲੀਏ ਨਾਲ ਪੀੜਤ ਬੱਚਾ ਦਿਖਾਈ ਦਿੰਦਾ ਏ। ਉਹ ਆਪਣੇ ਆਪ ਨੂੰ ਕਹਿੰਦਾ ਏ।

"ਮੇਲੂਆ ਛੇਤੀ ਕਰ ਇਹ ਰੁਕਣ ਦਾ ਵੇਲਾ ਨ੍ਹੀਂ। ਜਲਦੀ ਅੜ੍ਹਤੀਏ ਕੋਲੋਂ ਪੈਸੇ ਲੈ ਕੇ ਹਸਪਤਾਲ ਪਹੁੰਚ। ਬੱਚੇ ਦੀ ਜਾਨ ਨੂੰ ਖਤਰਾ ਏ।"

ਐਨੇ ਨੂੰ ਦੂਜੇ ਪਾਸੇ ਤੋਂ ਨਿੱਕੀ ਕੁੜੀ ਦੀ ਆਵਾਜ਼ ਆਉਂਦੀ ਏ,

"ਅੰਕਲ ਜੀ! ਮੇਰੀ ਕੱਟੀ ਨੂੰ ਬਚਾ ਲਓ। ਟੈਂਪੂ ਆਲਾ ਕੱਟੀ ਨੂੰ ਟੱਕਰ ਮਾਰ ਕੇ ਭੱਜ ਗਿਆ ਏ।"

ਮੇਲੂ ਨੂੰ ਕੁੜੀ ਵਿਚੋਂ ਭਰਾ ਦੀ ਭਰਜਾਈ ਦਿਸਦੀ ਏ, ਜਿਹੜੀ ਕਹਿ ਰਹੀ ਪ੍ਰਤੀਤ ਹੁੰਦੀ ਏ-ਗੋਲੂ ਦੇ ਭਾਈ! ਮੇਰੇ ਬੱਚੇ ਨੂੰ ਬਚਾ ਲੈ। ਪੈਸੇ ਬਿਨਾਂ ਤਾਂ ਡਾਕਟਰ ਨੇ ਇਹਨੂੰ ਵੇਖਣਾ ਵੀ ਨਹੀਂ ਏ।

ਮੇਲੂ ਕੱਟੀ ਵੱਲ ਵੇਧਦਾ ਏ। ਉਹਨੂੰ ਘਸੀਸ ਕੇ ਇਕ ਪਾਸੇ ਕਰਦਾ ਏ, "ਧੀਏ ਤੂੰ ਘਾਬਰ ਨਾ। ਇਹ ਤਾਂ ਅਜੇ ਜੀਂਦੀ ਏ। ਮੈਂ ਇਹਨੂੰ ਡੰਗਰਾਂ ਦੇ ਡਾਕਟਰ ਕੋਲ ਲੈ ਕੇ ਜਾਂਦਾਂ ਏ। ਨਵੀਂ ਡਾਕਦਾਰਨੀ ਬਹੁਤ ਚੰਗੀ ਏ।"

ਮੇਲੂ ਸਾਈਕਲ ਦੇ ਕੈਰੀਅਰ ਪਿੱਛੇ ਰੱਖੀਆਂ ਖੱਲ੍ਹਾਂ ਨੂੰ ਉੱਥੇ ਹੀ ਸੁੱਟ ਕੇ ਕੱਟੀ ਨੂੰ ਸਾਈਕਲ ਉੱਤੇ ਲੱਦਣ ਲੱਗਦਾ ਏ। ਛੋਟੀ ਬੱਚੀ ਵੀ ਉਹਦੀ ਸਹਾਇਤ ਕਰਦੀ ਏ। ਉਹ ਬੱਚੀ ਨੂੰ ਕਲਾਵੇ ਵਿਚ ਲੈ ਕੇ ਕਹਿੰਦਾ ਏ,

"ਧੀਏ! ਤੂੰ ਫਿਕਰ ਨਾ ਕਰੀਂ। ਆਪਣੇ ਬਾਪੂ ਨੂੰ ਲੈ ਕੇ ਡੰਗਰ ਹਸਪਤਾਲ ਪਹੁੰਚ ਜਾਵੀਂ। ਤੇ ਆਹ ਖੱਲ੍ਹਾਂ ਵੱਲ ਨਿਗਾ ਰੱਖੀਂ।"

ਮੇਲੂ ਸਾਈਕਲ ਹਸਪਤਾਲ ਵੱਲ ਨੂੰ ਮੋੜ ਲੈਂਦਾ ਏ। ਮਨ ਵਿਚ ਆਪਣੇ ਭਰਾ ਦਾ ਹਸਪਤਾਲ ਵਿਚ ਪਿਆ ਬੱਚਾ ਘੁੰਮਣ ਲੱਗਦਾ ਏ। ਉਹ ਮਨ ਵਿਚ ਕਹਿੰਦਾ ਏ,

"ਮੇਲੂਆ ਤੂੰ ਤਾਂ ਪੈਸੇ ਲੈ ਕੇ ਹਸਪਤਾਲ ਪਹੁੰਚਣਾ ਸੀ। ਕੁਦਰਤ ਨੇ ਤੈਨੂੰ ਕਿਧਰ ਮੋੜ ਤਾ।"

ਉਹਨੂੰ ਨਾਣੀ ਕਹਿੰਦਾ ਚੇਤੇ ਆਉਂਦਾ ਏ,

"ਚਾਚਾ! ਜੇ ਕੋਈ ਡੰਗਰ ਮਾੜਾ ਮੋਟਾ ਸਾਹ ਵੀ ਲੈਂਦਾ ਹੋਵੇ ਤਾਂ ਉਹ ਵੀ ਦਬਾ ਸਟ ਚੁੱਕ ਲਓ ਨਹੀਂ ਤਾਂ ਉਹਨੂੰ ਕੋਈ ਹੋਰ ਚੁੱਕ ਕੇ ਲੈ ਜਾਊ।"

ਸਾਇਕਲ ਚਲਾਉਂਦਾ ਮੇਲੂ ਉੱਚੀ ਦੇਣੀ ਬੋਲਦਾ ਏ।

"ਨਹੀਂ ਨਹੀਂ ਬਈ... ਮੈਂ ਕੋਈ ਕਸਾਈ ਨ੍ਹੀਂ ਹੈਗਾ...।"

**********

ਸਿਖਰ ਦੁਪਹਿਰਾ ਹੁੰਦਾ ਏ ਜਦੋਂ ਮੇਲੂ ਡੰਗਰ ਹਸਪਤਾਲ ਪਹੁੰਚ ਜਾਂਦਾ ਏ। ਮੇਲੂ ਸਾਹੋ ਸਾਹੀ ਹੋਇਆ ਹਸਪਤਾਲ ਦਾਖਲ ਹੁੰਦਾ ਏ। ਮੋਹਰੇ ਉਹਨੂੰ ਹੈਲਪਰ ਟੱਕਰਦਾ ਏ।

"ਓਏ ਮੇਲੂਆ ਮਰੇ ਡੰਗਰ ਤੂੰ ਹਸਪਤਾਲ ਚੁੱਕੀ ਆਉਂਦਾ। ਤੇਰਾ ਡਮਾਕ ਠੀਕ ਆ ਕਿ ਨਹੀਂ।"

"ਕਰਾਵਾ ਇਹ ਮਰਿਆ ਨ੍ਹੀਂ। ਜਿਉਂਦਾ ਏ। ਟੈਂਪੂ ਆਲਾ ਟੱਕਰ ਮਾਰ ਗਿਆ ਏ। ਗੁੱਜਰਾਂ ਦੀ ਨਿੱਕੀ ਬੱਚੀ ਮੱਝਾਂ ਲਈ ਆਉਂਦੀ ਸੀ।"

"ਓਏ ਐਨਾ ਧਰਮੀ ਬੰਦਾ ਨ੍ਹੀਂ ਬਣੀਦਾ। ਇਹਨੂੰ ਸਿੱਧਾ ਹੱਡਾ ਰੋੜੀ ਲਿਜਾਂਦਾ ਤੇ ਖੱਲ ਲਾਹ ਕੇ ਪਰੇ ਮਾਰਦਾ।"

"ਯਾਰ ਮੈਂ ਕੋਈ ਕਸਾਈ ਆਂ। ਜਿਉਂਦੇ ਪਸੂਆਂ ਨੂੰ ਮਾਰੀ ਜਾਵਾਂ। ਮੈਂ ਯਾਰ ਬੰਦਾ ਆਂ... ਮੇਰੇ ਅੰਦਰਲਾ ਬੰਦਾ ਅਜੇ ਮਰਿਆ ਨ੍ਹੀਂ ਹੈਗਾ। ਰੱਬ ਦਾ ਵਾਸਤਾ ਹੁਣ ਹੋਰ ਦੁਰਬਚਨ ਨਾ ਬੋਲੀਂ।" ਮੇਲੂ ਉਹਦੇ ਅੱਗੇ ਗੁੱਸੇ ਨਾਲ ਹੱਥ ਜੋੜਦਾ ਏ।

ਉਨ੍ਹਾਂ ਦੀ ਗੱਲਬਾਤ ਸੁਣ ਕੇ ਕਮਰੇ ਅੰਦਰੋਂ ਲੇਡੀ ਡਾਕਟਰ ਪ੍ਰਤੀਕ ਆਉਂਦੀ ਏ।

ਪ੍ਰਤੀਕ ਪੁੱਛਦੀ ਏ, "ਕੀ ਗੱਲ ਹੋ ਗਈ ਮੇਲੂ ਰਾਮਾ! ਇਹ ਬਿਮਾਰ ਏ। ਏਧਰ ਲੈ ਕੇ ਆ।"



"ਡਾਕਟਰ ਸਾਹਿਬ ਲੱਗਦਾ ਇਹਦੀ ਲੱਤ ਟੁੱਟ ਗਈ ਏ। ਬੇਹੋਸ਼ ਏ। ਗੁੱਜਰਾਂ ਦੀ ਏ।" ਮੇਲੂ ਸਾਹੋ ਸਾਹੀ ਹੋਇਆ ਕੱਟੀ ਨੂੰ ਸਾਈਕਲ ਦੇ ਕੈਰੀਅਰ ਉੱਤੋਂ ਲਾਹ ਕੇ ਡਾਕਟਰ ਦੇ ਕਮਰੇ ਵਿਚ ਲੰਮੀ ਪਾ ਦਿੰਦਾ ਏ।

"ਕੋਈ ਨਾ ਮੇਲੂ ਮੈਂ ਟੀਕਾ ਤੇ ਪੱਟੀ ਕਰ ਦਿੰਦੀ ਆਂ। ਤੂੰ ਘਬਰਾ ਨਾ।" ਪ੍ਰਤੀਕ ਕਹਿੰਦੀ ਏ।

"ਡਾਕਟਰ ਜੀ। ਮੈਂ ਚਲਦਾਂ ਉਹ ਆਪੇ ਏਥੇ ਆ ਜਾਣਗੇ। ਮੈਨੂੰ ਕਾਹਲੀ ਏ।" ਕਾਹਲੀ ਵਿਚ ਮੇਲੂ ਸਾਈਕਲ ਚੁੱਕ ਕੇ ਤੁਰ ਪੈਂਦਾ ਏ।

ਮੇਲੂ ਕਾਹਲੀ ਨਾਲ ਸਾਈਕਲ ਚੁੱਕ ਕੇ ਸ਼ਹਿਰ ਵੱਲ ਨੂੰ ਦੌੜਦਾ ਏ। ਉਹਦੇ ਮਨ ਵਿਚ ਮੁੜ ਬੱਚਾ ਦਿਖਾਈ ਦਿੰਦਾ ਏ। ਜਦੋਂ ਮੇਲੂ ਉਸੇ ਥਾਂ ਪਹੁੰਚਦਾ ਏ। ਜਿੱਥੇ ਉਸ ਨੇ ਕੱਟੀ ਨੂੰ ਚੁੱਕਿਆ ਸੀ। ਉਹ ਦੇਖਦਾ ਏ ਕਿ ਉਹ ਗੁੱਜਰਾਂ ਦੀ ਬੱਚੀ ਉੱਥੇ ਨਹੀਂ ਏ, ਅਤੇ ਖੱਲ੍ਹਾਂ ਦੁਆਲੇ ਆਵਾਰਾ ਕੁੱਤੇ ਲੱਗੇ ਹੋਏ ਹਨ। ਕੁੱਤਿਆਂ ਨੇ ਖੱਲ੍ਹਾਂ ਨੂੰ ਜ਼ਰਕ ਮਾਰ ਦਿੱਤੇ ਨੇ, ਥਾਂ-ਥਾਂ ਟੱਕ ਲੱਗੇ ਵੇਖ ਕੇ ਉਹ ਗੱਲਿਓਂ ਰੋੜੇ ਚੁੱਕ ਕੇ ਕੁੱਤਿਆਂ ਨੂੰ ਮਾਰਦਾ ਏ,

"ਓਏ ਤੁਹਾਡੀ ਕਤੀੜ ਦੀ। ਸਾਰੀਆਂ ਖੱਲ੍ਹਾਂ ਦਾਗੀ ਕਰ ਦਿੱਤੀਆਂ। ਖੜ੍ਹ ਜਾਓ ਤੁਹਾਨੂੰ ਮੈਂ ਦੱਸਦਾ।"

ਉਹ ਕੁੱਤਿਆਂ ਨੂੰ ਭਜਾਉਂਦਾ ਏ, ਸਾਹੋ ਸਾਹੀ ਹੋਇਆ ਬਚੀਆਂ ਹੋਈਆਂ ਖੱਲ੍ਹਾਂ ਨੂੰ ਸਮੇਟ ਕੇ ਸੁੱਚੇ ਆੜ੍ਹਤੀਏ ਵੱਲ ਭੱਜ ਤੁਰਦਾ ਏ।

**********

ਹਸਪਤਾਲ ਪਹੁੰਚ ਉਹ ਘਬਰਾਇਆ ਹੋਇਆ ਏਧਰ ਉਧਰ ਵੇਖਦਾ ਏ। ਗੋਲੂ ਉਦਾਸ ਜਿਹਾ ਸਿਰ ਸੁੱਟੀ ਹਸਪਤਾਲ ਦੇ ਬਾਹਰ ਬੈਠਾ ਏ। ਐਨੇ ਨੂੰ ਮੇ  ਟੀਕਲ ਉਹਦੇ ਅੱਗੇ ਰੋਕ ਲੈਂਦਾ ਏ।

"ਗੋਲੂ ਕੀ ਹੋ ਗਿਆ ਤੈਨੂੰ। ਐਨਾ ਉਦਾਸ ਕਿਉਂ ਹੋਈਦੈ। ਬਹਾਦਰ ਬਣੀਦੈ। ਮੈਂ ਪੈਹਿਆਂ ਦਾ ਪ੍ਰਬੰਧ ਕਰ ਆਇਆ। ਸੁੱਚੇ ਆੜ੍ਹਤੀਏ ਨੇ ਪੈਸੇ ਦੇ ਦਿੱਤੇ ਨੇ। ਆਪਣਾ ਸਰ ਜਾਊਗਾ।" ਮੇਲੂ ਘਾਬਰੇ ਹੋਏ ਗੋਲੂ ਨੂੰ ਵੇਖ ਹੌਸਲਾ ਦਿੰਦਾ ਏ।

ਗੋਲੂ ਰੋਂਦਾ ਹੋਇਆ ਕਹਿੰਦਾ ਏ, "ਭਾ! ਕਾਕਾ ਤਾਂ ਪੂਰਾ ਹੋ ਗਿਆ।"

"ਲੈ ਕਮਲਾ ਨਾ ਹੋਵੇ ਤਾਂ। ਕੀ ਕਹੀ ਜਾਂਦੈ।" ਮੇਲੂ ਨੂੰ ਯਕੀਨ ਨਹੀਂ ਆਉਂਦਾ।

ਮੇਲੂ ਹਸਪਤਾਲ ਵੱਲ ਜਾਂਦਾ ਏ। ਅੱਗੋਂ ਉਹਨੂੰ ਮਨਜੀਤ ਅਤੇ ਪਿੰਡ ਦੀ ਦਾਈ ਟੱਕਰਦੀਆਂ ਨੇ। ਉਹ ਮੇਲੂ ਵੱਲ ਵੇਖ ਕੇ ਰੋਣ ਲੱਗ ਪੈਂਦੀਆਂ ਨੇ। ਉਹ ਅੱਗੇ ਲੰਘ ਜਾਂਦਾ ਏ। ਹਸਪਤਾਲ ਦੇ ਬੈਂਚ ਉੱਤੇ ਉਹ ਇਕ ਪਾਸੇ ਲੰਮੀ ਪਈ ਕਸ਼ਮੀਰੋ ਨੂੰ ਵੇਖਦਾ ਏ। ਜਿਹੜੀ ਦੂਜੇ ਪਾਸੇ ਮੂੰਹ ਕਰਕੇ ਡੁਸਕਣ ਲੱਗ ਪੈਂਦੀ ਏ। ਦੇਖ ਕੇ ਮੇਲੂ ਦੀਆਂ ਅੱਖਾਂ ਵੀ ਛਲਕ ਪੈਂਦੀਆਂ ਨੇ। ਉਹ ਸਿਰ ਉੱਤੇ ਬੰਨ੍ਹੇ ਸਾਫ਼ੇ ਨਾਲ ਮੂੰਹ ਸਾਫ਼ ਕਰਦਾ ਏ। ਤੇ ਬਾਹਰ ਆ ਇਕ ਪਾਸੇ ਬੈਠ ਜਾਂਦਾ ਏ। ਐਨੇ ਨੂੰ ਹਸਪਤਾਲ ਵਿਚੋਂ ਇਕ ਨਰਸ ਆਉਂਦੀ ਏ,

"ਮਰੀਜ਼ ਕਸ਼ਮੀਰ ਕੌਰ ਦੇ ਨਾਲ ਕੌਣ ਆਇਆ ਬਈ ?"

ਅਵਾਜ਼ ਸੁਣ ਕੇ ਮੇਲੂ ਤੇ ਗੇਲੂ ਖੜੇ ਹੋ ਕੇ ਨਰਸ ਅੱਗੇ ਹੱਥ ਜੋੜ ਲੈਂਦੇ ਹਨ,

"ਜੀ ! ਅਸੀਂ ਈ ਆਂ।"

"ਤੁਹਾਨੂੰ ਡਾਕਟਰ ਸਾਹਿਬ ਨੇ ਬੁਲਾਇਆ। ਪੈਸੇ ਜਮਾਂ ਕਰਾ ਦਿਓ।"

ਇਕ ਪਾਸੇ ਹੋ ਦੋਵੇਂ ਆਪਣੀ ਆਪਣੀ ਜੇਬ ਵਿਚੋਂ ਨੋਟ ਕੱਢਦੇ ਨੇ। ਗਿਣਦੇ ਨੇ। ਅਤੇ ਹਸਪਤਾਲ ਅੰਦਰ ਚਲੇ ਜਾਂਦੇ ਹਨ। ਮੇਲੂ ਡਾਕਟਰ ਨੂੰ ਪੈਸੇ ਦਿੰਦਾ ਏ। ਡਾਕਟਰ ਗਿਣਦਾ ਏ। ਫਿਰ ਉਹਨੂੰ ਵਾਪਸ ਕਰਦਾ ਏ। ਦੋਵੇਂ ਡਾਕਟਰ ਅੱਗੇ ਹੱਥ ਜੋੜਦੇ ਨੇ। ਮੇਲੂ ਡਾਕਟਰ ਦੇ ਪੈਰਾਂ ਨੂੰ ਹੱਥ ਲਾਉਣ ਤੱਕ ਜਾਂਦਾ ਏ। ਡਾਕਟਰ ਪਿੱਛੇ ਹੁੰਦਾ ਏ। ਫਿਰ ਡਾਕਟਰ ਦੋਹਾਂ ਨੂੰ ਜਾਣ ਦਾ ਇਸ਼ਾਰਾ ਕਰਦਾ ਏ।

"ਡਾਕਟਰ ਜੀ। ਤੁਹੀਂ ਤਾਂ ਧਰਮੀ ਪੁਰਸ਼ ਓ ! ਅਸੀਂ ਤਾਂ ਗਰੀਬ ਆਂ। ਅਸੀਂ ਤਾਂ ਜੀ ਕਰਜ਼ਾਈ ਵੀ ਹੋ ਗਏ ਤੇ ਘਰ ਦੀ ਜੜ੍ਹ ਨੂੰ ਵੀ ਨੀਂ ਬਚਾ ਸਕੇ।" ਮੇਲੂ ਅੱਖਾਂ ਭਰ ਕੇ ਕਹਿੰਦਾ ਏ।

ਸਾਰੇ ਹੌਲੀ ਹੌਲੀ ਹਸਪਤਾਲ ਵਿਚੋਂ ਬਾਹਰ ਨਿਕਲਦੇ ਨੇ। ਮਨਜੀਤ ਨੇ ਕੱਪੜੇ ਵਿਚ ਲਪੇਟੀ ਬੱਚੇ ਦੀ ਲੋਥ ਚੁੱਕੀ ਹੋਈ ਏ। ਸਾਰਿਆ ਦੇ ਚਿਹਰੇ ਉਦਾਸ ਨੇ। ਮੇਲੂ ਦੇ ਸਾਈਕਲ ਪਿੱਛੇ ਮਨਜੀਤ ਬੱਚੇ ਦੀ ਲੋਥ ਲੈ ਕੇ ਬੈਠ ਜਾਂਦੀ ਏ। ਦੂਜੇ ਸਾਈਕਲ ਉੱਤੇ ਕਸ਼ਮੀਰੋ ਬੈਠ ਜਾਂਦੀ ਏ। ਤੇ ਦੋਵੇਂ ਸਾਈਕਲ ਰੋੜ੍ਹ ਲੈਂਦੇ ਨੇ। ਮੇਲੂ ਤੇ ਗੇਲੂ ਨੂੰ ਲੱਗਦਾ ਏ ਜਿਵੇਂ ਉਹ ਮਣਾ-ਮੂੰਹੀਂ ਭਾਰ ਖਿੱਚੀ ਜਾ ਰਹੇ ਹੋਣ।

***********

ਮੇਲੂ ਦੇ ਘਰ ਦਾ ਦ੍ਰਿਸ਼। ਸਮਾਂ ਦਿਨ ਦਾ ਏ। ਘਰ ਦੇ ਵਿਹੜੇ ਵਿਚ ਦਰੀ ਉੱਤੇ ਇਕ ਪਾਸੇ ਔਰਤਾਂ ਬੈਠੀਆਂ ਨੇ। ਦੂਜੇ ਪਾਸੇ ਮੇਲੂ, ਗੇਲੂ, ਨਾਣੀ, ਨੰਬਾ ਤੇ ਕੁੱਝ ਸ਼ਰੀਕੇ ਦੇ ਹੋਰ ਬੰਦੇ ਬੈਠੇ ਨੇ। ਇਸੇ ਦੌਰਾਨ ਪਿੰਡ ਦੀ ਪਸ਼ੂਆਂ ਦੀ ਡਾਕਟਰ ਪ੍ਰਤੀਕ ਉਨ੍ਹਾਂ ਦੇ ਘਰ ਆਪਣੇ ਸਹਾਇਕ ਨਾਲ ਅਫ਼ਸੋਸ ਕਰਨ ਆਉਂਦੀ ਏ। ਹੱਥ ਜੋੜ ਕੇ ਉਹ ਔਰਤਾਂ ਵੱਲ ਮਨਜੀਤ ਤੇ ਕਸ਼ਮੀਰੋ ਕੋਲ ਬੈਠ ਜਾਂਦੀ ਏ।

"ਬਹੁਤ ਮਾੜਾ ਹੋਇਆ ਜੀ। ਤੁਹਾਡੇ ਨਾਲ।" ਪ੍ਰਤੀਕ ਹਮਦਰਦੀ ਨਾਲ ਕਹਿੰਦੀ ਏ।

"ਡਾਕਟਰ ਸਾਹਿਬ ਅਸੀਂ ਤਾਂ ਬਥੇਰੀ ਭੱਜ ਦੌੜ ਕੀਤੀ। ਮੇਲੂ ਪਤਾ ਨੀਂ ਕਿੱਦਾਂ ਪੈਸਿਆ ਦਾ ਜੁਗਾੜ ਕਰਕੇ ਲਿਆਇਆ। ਪਰ ਹੋਣੀ ਅੱਗੇ ਜ਼ੋਰ ਨੀ ਚੱਲਿਆ।" ਮਨਜੀਤ ਅੱਖਾਂ ਭਰ ਕੇ ਕਹਿੰਦੀ ਏ।

"ਉਸੇ ਦਿਨ ਤਾਂ ਮੇਲੂ ਰਾਮ ਜ਼ਖ਼ਮੀ ਕੱਟੀ ਮੇਰੇ ਕੋਲ ਹਸਪਤਾਲ ਲੈ ਕੇ ਆਇਆ ਸੀ। ਕਿਸੇ ਦਾ ਮਾੜਾ ਥੋੜ੍ਹਾ ਕਰਦੇ ਸੀ ਫੇਰ ਵੀ ...।" ਪ੍ਰਤੀਕ ਅੱਗੇ ਦੱਸਦੀ ਏ।



"ਡਾਕਟਰ ਸਾਹਿਬ ਗੁੱਸਾ ਨਾ ਕਰਿਓ ਤੁਹੀਂ ਤਾਂ ਬਥੇਰੇ ਚੰਗੇ ਹੋ। ਪਰ ਹਸਪਤਾਲਾਂ ਵਾਲੇ ਡਾਕਟਰ ਬਾਹਲੇ ਲਾਲਚੀ ਹੋਏ ਪਏ ਨੇ। ਜਿਨਾ ਚਿਰ ਪੈਸੇ ਨਾ ਜਮਾਂ ਕਰਾਓ ਓਨਾ ਚਿਰ ਮਰੀਜ਼ ਵੱਲ ਵੇਖਦੇ ਤੱਕ ਨਹੀਂ। ਕਸ਼ਮੀਰੋ ਵੀ ਪੰਜ ਸੱਤ ਘੰਟੇ ਬੈਂਚ 'ਤੇ ਤੜਫਦੀ ਰਹੀ। ਨਰਸਾਂ ਕਹਿਣ ਪੈਸੇ ਜਮ੍ਹਾਂ ਕਰਾਓ। ਗਰੀਬਾਂ ਕੋਲ ਪੈਸੇ ਕਿੱਥੇ ਜੀ। ਉਹੀ ਕਰੀਦਾ ਉਹੀ ਖਾਈਦਾ। ਜਦੋਂ ਕਸ਼ਮੀਰੋ ਨੇ ਕੰਨਾ ਦੀਆਂ ਵਾਲੀਆਂ ਲਾਹ ਕੇ ਦਿੱਤੀਆਂ ਫੇਰ ਕੇ ਓਹੜ-ਪੋਹੜ ਕਰਨ ਲੱਗੇ। ਬੰਦੇ ਦੀ ਕੋਈ ਕਦਰ ਨੀਂ।" ਦਾਈ ਭਰੇ ਮਨ ਨਾਲ ਕਹਿੰਦੀ ਏ।

"ਮਾਤਾ ਜੀ ! ਹਰ ਪਾਸੇ ਪੈਸਾ ਪੈਸਾ ਏ। ਲੋਕੀ ਪੈਸੇ ਮਗਰ ਭੱਜੀ ਤੁਰੇ ਜਾਂਦੇ ਨੇ। ਬੰਦੇ ਦੀ ਕੋਈ ਕਦਰ ਨੀਂ। ਸੜਕ ਉੱਤੇ ਬੰਦਾ ਮਰ ਰਿਹਾ ਹੁੰਦੈ ਏ ਲੋਕੀ ਵੇਖ-ਵੇਖ ਕੇ ਲੰਘੀ ਜਾਂਦੇ ਨੇ। ਮੇਲੂ ਰਾਮ ਵਰਗੇ ਬਹੁਤ ਘੱਟ ਲੋਕ ਆ ਜਿਹੜੇ ਆਪਣਾ ਜ਼ਰੂਰੀ ਕੰਮ ਵਿਚੇ ਛੱਡ ਕੇ ਸੜਕ 'ਤੇ ਤੜਫਦੇ ਪਸ਼ੂਆਂ ਨੂੰ ਵੀ ਹਸਪਤਾਲ ਲਿਜਾਣ ਨੂੰ ਤਰਜੀਹ ਦਿੰਦੇ ਨੇ।" ਪ੍ਰਤੀਕ ਉਨ੍ਹਾਂ ਨੂੰ ਹੌਸਲਾ ਦਿੰਦੀ ਕਹਿੰਦੀ ਏ।

"ਫੇਰ ਡਾਕਟਰ ਸਾਹਿਬ ! ਧਰਮੀ ਬੰਦਿਆ ਵੱਲ ਉਪਰ ਵਾਲਾ ਕਿਉਂ ਨੀਂ ਵੇਖਦਾ ? ਮਾੜੇ ਕਰਮ ਕਰਨ ਵਾਲੇ ਪੈਸੇ ਵਾਲੇ ਬਣੀ ਜਾ ਰਹੇ ਆ।" ਮਨਜੀਤ ਕਹਿੰਦੀ ਏ।

"ਮਾਤਾ ਜੀ ! ਜਿਨਾ ਚਿਰ ਸਿਸਟਮ ਨੀਂ ਬਦਲਦਾ ਓਨਾ ਚਿਰ ਕੁੱਝ ਨੀਂ ਹੋਣ ਵਾਲਾ। ਸਿਸਟਮ ਤਾਂ ਬਦਲੇਗਾ ਜੇਕਰ ਤੁਸੀਂ ਲੋਕ ਏਕਾ ਕਰੋਗੇ। ਜਦੋਂ ਸਾਰੇ 'ਕੱਠੇ ਹੋ ਕੇ ਸਿਸਟਮ ਬਦਲਣ ਵੱਲ ਤੁਰ ਪਏ ਤਾਂ ਮਾੜੇ ਬੰਦੇ ਆਪੇ ਖਤਮ ਹੋ ਜਾਣਗੇ...। ਇਨ੍ਹਾਂ ਜਾਤਾਂ ਤੇ ਜਮਾਤਾਂ ਨੇ ਸਮਾਜ ਵੰਡਿਆ ਪਿਆ ਏ।" ਪ੍ਰਤੀਕ ਆਪਣਾ ਪੱਖ ਰੱਖਦੀ ਏ।

"ਥੋਡੇ ਵਰਗੇ ਧਰਮੀ ਲੋਕ ਵਿਰਲੇ ਵਿਰਲੇ ਈ ਨੇ।" ਦਾਈ ਮਾਣ ਨਾਲ ਕਹਿੰਦੀ ਏ।

"ਸਾਨੂੰ ਜੀ, ਬਹੁਤ ਥੋਲੇ ਦੇ ਲੋਕ ਸਮਝਦੇ ਨੇ... ਕਹਿੰਦੇ ਨੇ ਇਹ ਲੋਕ ਬੜਾ ਮਾੜਾ ਕੰਮ ਕਰਦੇ ਨੇ... ਸਾਡੇ ਨਾਲ ਗੱਲ ਕਰਨੀ ਵੀ ਭਿੱਟ ਸਮਝਦੇ ਨੇ। ਜੇ ਅਸੀਂ ਨੀਵੀਂ ਜਾਤ 'ਚ ਜੰਮ ਪਏ ਤਾਂ ਸਾਡਾ ਕੀ ਕਸੂਰ ਏ।" ਮਨਜੀਤ ਕਹਿੰਦੀ ਏ।

"ਵੇਖੋ ਜੀ ! ਜ਼ਾਤਾਂ ਤੇ ਜਮਾਤਾਂ ਤਾਂ ਬੰਦਿਆਂ ਦੀਆਂ ਬਣਾਈਆਂ ਹੋਈਐਂ। ਇਕ ਲੁੱਟਣ ਵਾਲੀ ਤੇ ਦੂਜੀ ਲੁੱਟ ਹੋਣ ਵਾਲੀ...ਅਖੌਤੀ ਨੀਵੀਂ ਜਾਤ ਵਾਲਾ ਕੋਈ ਕੰਮ ਵੀ ਮਾੜਾ ਨੀਂ... ਇਹ ਜ਼ਾਤਾਂ ਪਾਤਾਂ ਤਾਂ ਟੁੱਟਣਗੀਆਂ ਜੇ ਅਸੀਂ ਵਿੱਦਿਆ ਪ੍ਰਾਪਤ ਕਰਾਂਗੇ। ਤੇ ਪਿੰਡ ਨੂੰ ਤਿਆਗ ਕੇ ਸ਼ਹਿਰਾਂ ਵਿਚ ਪਹੁੰਚਾਂਗੇ।... ਉੱਥੇ ਜਾ ਕੇ ਦੋ ਵਰਗ ਬਣ ਜਾਂਦੇ ਨੇ... ਇਕ ਲੁੱਟਣ ਵਾਲਾ ਦੂਜਾ ਲੁੱਟ ਹੋਣ ਵਾਲਾ... ਜ਼ਾਤਾਂ ਉੱਥੇ ਵੀ ਹੋਰੀਆ ਪਰ ਪਿੰਡਾਂ ਵਾਲੀ ਸਥਿਤੀ ਨਹੀਂ... ਮਾਤਾ ਜੀ ਸਾਡਾ ਉਦੇਸ਼ ਤਾਂ ਚੰਗਾ ਕੰਮ ਕਰਨਾ ਏ। ਚੰਗਾ ਜੀ ਮੈਂ ਹੁਣ ਚੱਲਾਂ... ਹਸਪਤਾਲ 'ਚ ਵੀ ਕੋਈ ਨਾ ਕੋਈ ਆ ਜਾਂਦੈ।" ਪ੍ਰਤੀਕ ਉੱਠ ਕੇ ਤੁਰਦੀ ਕਹਿੰਦੀ ਏ।

ਸੱਥਰ ਵਿਛਾਈ ਬੈਠੇ ਲੋਕ ਡਾਕਟਰ ਪ੍ਰਤੀਕ ਦੀਆਂ ਤਰੀਫ਼ਾਂ ਉਹਦੀ ਪਿੱਠ ਪਿੱਛੇ ਕਰਦੇ ਨੇ।

*********

ਮੇਲੂ ਦੇ ਘਰ ਉਦਾਸ ਜਿਹਾ ਸੂਰਜ ਚੜ੍ਹਦਾ ਏ। ਗੇਲੂ ਅਤੇ ਉਹਦੇ ਘਰਵਾਲੀ ਨੇ ਥੋੜ੍ਹਾ ਜਿਹਾ ਸਮਾਨ ਬੰਨ੍ਹਿਆ ਹੋਇਆ ਏ। ਜਿਹੜਾ ਕਿ ਮੰਜੇ ਉੱਤੇ ਪਿਆ ਏ। ਐਨੇ ਨੂੰ ਬਾਹਰੋਂ ਮੇਲੂ ਆਉਂਦਾ ਏ।

"ਦੇਖ ਭਰਾਵਾਂ ਇਹ ਤੂੰ ਸਿਆਣਿਆਂ ਵਾਲੀ ਗੱਲ ਨੀ ਕਰ ਰਿਹਾ। ਬੰਦੇ 'ਤੇ ਕਸ਼ਟ ਆਉਂਦੇ ਨੇ। ਇਹ ਥੋੜ੍ਹਾ ਬਈ ਹਾਰ ਮੰਨ ਕੇ ਬੈਠ ਜਾਓ। ਭਰਾਵਾ ਇਹ ਆਪਣੀ ਜ਼ਿੰਦਗੀ ਈ ਇਹੋ ਏ ਆਪਾਂ ਦੁੱਖ ਵਿਚ ਜੰਮੇ ਕੇ ਦੁੱਖ 'ਚ ਈ ਮਰਨਾ ਏ।" ਮੇਲੂ ਭਾਣੇ ਨੂੰ ਮੰਨ ਲੈਂਦਾ ਏ।

"ਮੈਥੋਂ ਹੋਰ ਨਹੀਂ ਮਰਿਆ ਜਾਂਦਾ। ਕੀ ਰੱਖਿਆ ਆ ਪਿੰਡ 'ਚ ਏਥੇ ਟਕੇ-ਟਕੇ ਦਾ ਬੰਦਾ ਜਿਹਨੂੰ ਨਲੀ ਪੂੰਝਣੀ ਨੀ ਆਉਂਦੀ ਸਾਡੀ ਜਾਤ ਦਿਖਾ ਕੇ ਸਾਨੂੰ ਜਿਉਂਦੇ ਨੂੰ ਮਾਰ ਦਿੰਦੇ।" ਗੇਲੂ ਅੰਦਰੋਂ ਪਿੰਡ ਪ੍ਰਤੀ ਨਫ਼ਰਤ ਨਿਕਲ ਆਉਂਦੀ ਏ।

"ਅਸੀਂ ਵੀ ਜੀਂਦੇ ਈ ਆਂ। ਸਾਨੂੰ ਸ਼ਰੀਕਾ ਪਤਾ ਨੀ ਕੀ ਕੀ ਕਹਿੰਦਾ।" ਮਨਜੀਤ ਆਪਣੀ ਬੇਵੱਸੀ ਦੱਸਦੀ ਏ।

"ਤੁਸੀਂ ਸੁਣੀ ਜਾਵੋ। ਸਾਥੋਂ ਤਾਂ ਸੁਣੀਆਂ ਨੀ ਜਾਂਦੀਆਂ। ਸ਼ਹਿਰ ਜਿਹੜਾ ਮਰਜ਼ੀ ਕੰਮ ਕਰੇ। ਮੈਂ ਵੀ ਕੋਈ ਕੰਮ ਕਰੂੰਗੀ।" ਕਸ਼ਮੀਰੋ ਵੀ ਘਰ ਦਾ ਤਿਆਗ ਕਰਨ ਲਈ ਬਜ਼ਿੱਦ ਹੋ ਜਾਂਦੀ ਏ।

"ਚੰਗਾ ਬਈ ਥੋਡੀ ਮਰਜ਼ੀ। ਜੇ ਤੁਸੀਂ ਮਨ ਬਣਾ ਈ ਲਿਆ ਤਾਂ ਮੈਂ ਰੋਕਣ ਆਲਾ ਕੌਣ ਹੁੰਨਾਂ। ਸਾਡਾ ਤਾਂ ਨਛੂਆ ਵੀ ਹੱਡਾ ਰੋੜੀ 'ਚ ਦੱਬਿਆ। ਏਥੇ ਈ ਜੰਮੇ ਆਂ ਏਥੇ ਈ ਮਰਨਾ।" ਮੇਲੂ ਦਾ ਪਿੰਡ ਨਾਲ ਤੇ ਆਪਣੇ ਕੰਮ ਨਾਲ ਪਿਆਰ ਏ।

"ਜੰਮ ਪਿਆ ਭਗਤੇ ਚਮਾਰ ਦੇ ਘਰ। ਮੇਰਾ ਕੋਈ ਜ਼ੋਰ ਨੀ ਸੀ। ਹੁਣ ਮੈਂ ਆਪਣੇ ਜ਼ੋਰ 'ਤੇ ਬਚਦੀ ਜ਼ਿੰਦਗੀ ਤਾਂ ਜੀਅ ਲਵਾਂ।" ਗੇਲੂ ਪਿਘਲੇ ਹੋਏ ਲੋਹੇ ਵਰਗੇ ਬੋਲ ਬੋਲਦਾ ਏ।

"ਤੇਰੇ ਲਈ ਬਹੁਤ ਕੀਤਾ। ਕਰਜ਼ਾਈ ਹੋ ਗਿਆ। ਫੇ ਵੀ ਤੇਰੇ ਅੱਗੇ ਕੰਧ ਬਣ ਕੇ ਨੀ ਖੜਦਾ।" ਮੇਲੂ ਬੇਵੱਸ ਹੋ ਜਾਂਦਾ ਏ।

ਤੇ ਗੁੱਸੇ ਨਾਲ ਗੇਲੂ ਘਰੋਂ ਬਾਹਰ ਹੋ ਜਾਂਦਾ ਏ। ਉਸ ਦੇ ਮਗਰੇ ਉਹਦੀ ਘਰਵਾਲੀ ਕਸ਼ਮੀਰੋ ਸਾਮਾਨ ਦੀ ਗੱਠੜੀ ਚੁੱਕੀ ਤੁਰ ਪੈਂਦੀ ਏ। ਮੇਲੂ ਹੱਡਾ ਰੋੜੀ ਵੱਲ ਨੂੰ ਮੂੰਹ ਕਰ ਲੈਂਦਾ ਏ। ਉਹਦੀਆਂ ਅੱਖਾਂ ਭਰ ਜਾਂਦੀਆਂ ਨੇ।

**********

ਆਪਣੇ ਸੁੰਨੇ ਘਰ 'ਚ ਮੇਲੂ ਅਤੇ ਉਹਦੀ ਪਤਨੀ ਮਨਜੀਤ ਮੰਜੇ ਉੱਤੇ ਬੈਠੇ ਨੇ।

"ਆਪਣੀ ਡਾਕਟਰਨੀ ਕਹਿੰਦੀ ਸੀ ਬਈ ਮੈਨੂੰ ਕਿਰਾਏ ਲਈ ਕਮਰਾ ਦੇ ਦਿਓ ਜਿਹੜਾ ਗੇਲੂ ਆਲਾ ਵਿਹਲਾ ਹੋਇਆ।" ਮੇਲੂ ਗੱਲ ਤੋਰਦਾ ਏ।

"ਨਾ ਆਪਣੇ ਘਰ ਉਹ ਰਹਿ ਵੀ ਲਊ... ਕੀ ਕਹਿੰਦਾ।" ਮਨਜੀਤ ਕਹਿੰਦੀ ਏ।

"ਹਾਹੋ! ਉਹ ਸਿਆਣੀ ਡਾਕਟਰਨੀ ਏ। ਊਚ-ਨੀਚ ਨੂੰ ਨੀ ਮੰਨਦੀ। ਮੇਲੂ ਅਸਲੀ ਗੱਲ ਕਰਦਾ ਏ।



ਐਨੇ ਨੂੰ ਡਾਕਟਰਨੀ ਪ੍ਰਤੀਕ ਆਪਣਾ ਬੈਗ ਚੁੱਕੀਂ ਅਤੇ ਹੱਥ ਵਿਚ ਕੁੱਝ ਲਿਫ਼ਾਫ਼ੇ ਫੜੀ ਮੇਲੂ ਦਾ ਖਿੜਕ ਖੋਲ੍ਹ ਕੇ ਅੰਦਰ ਆ ਜਾਂਦੀ ਏ। ਦੋਹਾਂ ਅੱਗੇ ਹੱਥ ਜੋੜਦੀ ਏ,

"ਗੁੱਡ ਮਾਰਨਿੰਗ ਜੀ!"

ਬਦਲੇ ਵਿਚ ਦੋਵੇਂ ਹੱਥ ਜੋੜਦੇ ਨੇ।

"ਬੈਠੋ ਜੀ ਮੰਜੇ 'ਤੇ, ਜਾਹ ਜੀਤੋ ਡਾਕਟਰਨੀ ਲਈ ਪਾਣੀ ਲੈ ਕੇ ਆ।" ਮੇਲੂ ਅਚੰਭੇ ਵਿਚ ਏ।

"ਰੋਜ਼ਾਨਾ ਦੂਰੋਂ ਆਉਣਾ ਬਹੁਤ ਔਖਾ। ਉਂਞ ਤਾਂ ਸਰਪੰਚ ਸਾਹਿਬ ਵੀ ਕਹਿੰਦੇ ਸੀ ਕਿ ਸਾਡੀ ਹਵੇਲੀ ਵਿਹਲੀ ਏ। ਉਥੇ ਰਹਿ ਲੈ। ਪਰ ਮੇਰਾ ਮਨ ਨੀ ਮੰਨਿਆ।" ਪ੍ਰਤੀਕ ਸਾਹਿਜ ਹੋ ਕੇ ਬੈਠਦੀ ਕਹਿੰਦੀ ਏ।

"ਗੇਲੂ ਆਲਾ ਕਮਰਾ ਵਿਹਲਾ ਈ ਏ। ਜਿਨਾ ਚਿਰ ਹੋਰ ਕੋਈ ਪ੍ਰਬੰਧ ਨੀ ਹੋ ਜਾਂਦਾ ਤੁਸੀਂ ਏਥੇ ਈ ਰਹਿ ਲਵੋ। ਤੁਹਾਨੂੰ ਤਾਂ ਅਸੀਂ ਦੱਸ ਹੀ ਚੁੱਕੇ ਆਂ ਬਈ ਅਸੀਂ ਦੁਰਕਾਰੇ ਹੋਏ ਲੋਕ ਆਂ। ਸਾਡੇ ਘਰ ਦਾ ਤਾਂ ਕੋਈ ਪਾਣੀ ਨੀ ਪੀਂਦਾ। ਏਥੋਂ ਤੱਕ ਸਾਡਾ ਸ਼ਰੀਕਾ ਵੀ...।" ਗੇਲੂ ਔਖਾ ਭਰ ਲੈਂਦਾ ਏ।

"ਮੇਲੂ ਰਾਮ ਜੀ! ਮੈਂ ਇਹਨਾਂ ਗੱਲਾਂ ਦੇ ਖ਼ਿਲਾਫ਼ ਆਂ। ਏਸੇ ਕਰਕੇ ਏਥੇ ਆਈ ਆਂ ਬਈ ਪਿੰਡ ਦੇ ਲੋਕਾਂ ਨੂੰ ਕੋਈ ਸੇਧ ਮਿਲੇ।" ਪ੍ਰਤੀਕ ਦ੍ਰਿੜ ਇਰਾਦੇ ਨਾਲ ਕਹਿੰਦੀ ਏ।

"ਧੰਨ ਭਾਗ ਜੀ ਸਾਡੇ...।" ਮਨਜੀਤ ਖ਼ੁਸ਼ ਹੋ ਕੇ ਕਹਿੰਦੀ ਏ।

ਐਨੇ ਨੂੰ ਮਨਜੀਤ ਗੇਲੂ ਵਾਲਾ ਕਮਰਾ ਖੋਲ੍ਹ ਦਿੰਦੀ ਏ। ਪ੍ਰਤੀਕ ਵੇਖਦੀ ਏ ਕਿ ਕਮਰੇ ਦੀ ਕੰਧ ਉੱਤੇ ਇਕ ਨੁਕਰੇ ਭਗਤ ਰਾਮ ਦੇ ਅਲਗੋਜ਼ੇ ਟੰਗੇ ਹੋਏ ਨੇ। ਨਾਲ ਗੁਰੂ ਰਵਿਦਾਸ ਦੀ ਫੋਟੋ ਟੰਗੀ ਹੋਈ ਏ ਅਤੇ ਉਹਦੇ ਨਾਲ ਡਾਕਟਰ ਅੰਬੇਡਕਰ ਦੀ ਫੋਟੋ ਟੰਗੀ ਦਿਸਦੀ ਏ। ਤਿੰਨੋਂ ਕਮਰੇ ਅੰਦਰ ਵੜ ਜਾਂਦੇ ਨੇ।

"ਡਾਕਟਰਨੀ ਜੀ! ਇਹ ਫੋਟੋ ਗੇਲੂ ਨੇ ਟੰਗੀਆਂ ਹੋਈਆਂ ਨੇ... ਉਹ ਇਨ੍ਹਾਂ ਨੂੰ ਮੰਨਦਾ ਸੀ ਜੀ... ਮੰਨਦੇ ਤਾਂ ਅਸੀਂ ਵੀ ਆਂ ਜੀ... ਪਰ ਉਹ... ਜੇ ਤੁਹਾਨੂੰ ਇਹ ਫੋਟੋ ਨਹੀਂ ਪਸੰਦ ਤਾਂ ਅਸੀਂ ਆਪਣੇ ਕਮਰੇ 'ਚ ਲਾ ਲੈਂਦੇ ਆਂ।" ਮੇਲੂ ਕਹਿੰਦਾ ਏ।

"ਨਹੀਂ ਜੀ... ਮੈਂ ਤਾਂ ਆਪ ਇਨ੍ਹਾਂ ਲੋਕਾਂ ਦੀ ਫੈਨ ਆਂ... ਇਨ੍ਹਾਂ ਨੇ ਸਾਡੇ ਸਮਾਜ ਲਈ ਬਹੁਤ ਕੰਮ ਕੀਤੇ ਨੇ... ਮੈਂ ਤਾਂ ਇਨ੍ਹਾਂ ਨੂੰ ਪੜ੍ਹਿਆ ਹੋਇਆ ਏ...।" ਪ੍ਰਤੀਕ ਕਹਿੰਦੀ ਹੋਈ ਆਪਣਾ ਬੈਗ ਮੰਜੇ 'ਤੇ ਰੱਖ ਲੈਂਦੀ ਏ।

ਪ੍ਰਤੀਕ ਆਪਣਾ ਸਮਾਨ ਕੱਢ ਕੇ ਮੰਜੇ ਉੱਤੇ ਰੱਖਦੀ ਏ। ਸਾਮਾਨ ਟਿਕਾ ਕੇ ਉਹ ਕੰਧ 'ਤੇ ਟੰਗੀਆਂ ਫੋਟੋਆਂ ਦੇ ਸ਼ੀਸ਼ੇ 'ਤੇ ਪਈ ਧੂੜ ਨੂੰ ਕੱਪੜੇ ਨਾਲ ਪੂੰਝਦੀ ਏ, ਉਹ ਮਨ ਹੀ ਮਨ ਕਹਿੰਦੀ ਏ, 'ਇਨ੍ਹਾਂ ਵਿਦਵਾਨਾਂ ਨੇ ਤਾਂ ਸਾਡੇ ਮਨਾਂ 'ਚ ਜੰਮੀ ਜਾਤ-ਪਾਤ ਦੀ, ਧਰਮਾਂ ਦੀ, ਵੰਡੀਆਂ ਦੀ ਧੂੜ ਆਪਣੇ ਵਿਚਾਰਾਂ ਨਾਲ ਪੂੰਝਣ ਦੀ ਪੂਰੀ ਕੋਸ਼ਿਸ਼ ਕੀਤੀ ਏ।' ਫਿਰ ਉਹ ਬੈਗ ਵਿਚੋਂ ਇਕ ਫ਼ਰੇਮ ਕੀਤੀ ਫੋਟੋ ਕੱਢਦੀ ਏ ਅਤੇ ਗੁਰੂ ਰਵਿਦਾਸ ਅਤੇ ਅੰਬੇਡਕਰ ਦੀ ਫੋਟੋ ਦੇ

ਨਾਲੇ ਭਗਤ ਸਿੰਘ ਦੀ ਫੋਟੋ ਟੰਗ ਦਿੰਦੀ ਏ...। ਫਿਰ ਇਕ ਹੋਰ ਫੋਟੋ ਫਰੇਮ ਕੱਢਦੀ ਏ ਤੇ ਭਗਤ ਸਿੰਘ ਦੀ ਵੱਖੀ 'ਤੇ ਟੰਗ ਦਿੰਦੇ ਏ...।

ਚੌਥੀ ਫੋਟੋ ਵੱਲ ਵੇਖ ਕੇ ਉਨ੍ਹਾਂ ਦੋਹਾਂ ਦੇ ਮੂੰਹ ਸਵਾਲ ਬਣ ਜਾਂਦੇ ਨੇ।

ਉਨ੍ਹਾਂ ਵੱਲ ਵੇਖ ਕੇ ਪ੍ਰਤੀਕ ਕਹਿੰਦੀ ਏ, "ਇਹ ਸਾਡੇ ਮਹਾਨ ਵਿਦਵਾਨ ਕਾਰਲ ਮਾਰਕਸ ਨੇ.... ਤੁਸੀਂ ਲੋਕ ਇਹਨੂੰ ਨਹੀਂ ਜਾਣਦੇ.... ਇਸ ਨੇ ਵੀ ਲੋਕਾਂ ਵਿਚ ਬਰਾਬਰੀ ਲਿਆਉਣ ਲਈ ਵੱਡੀ ਜੰਗ ਲੜੀ ਏ.. ਕਹਿੰਦੇ ਨੇ ਨਾ ਦੋ ਵਰਗਾਂ 'ਚ ਖ਼ਲਕਤ ਵੰਡੀ ਇਕ ਲੋਕਾਂ ਦੀ ਇਕ ਜੋਕਾਂ ਦੀ...।"

"ਅੱਛਾ... ਅੱਛਾ ? ?" ਦੋਵੇਂ ਇਕੋ ਸੁਰ ਵਿਚ ਬੋਲਦੇ ਨੇ।

"ਮੈਂ ਤਾਂ ਇਨ੍ਹਾਂ ਚਾਰਾਂ ਦੀ ਸੋਚ ਤੇ ਪਹਿਰਾ ਦਿੰਦੀ ਆਂ... ਇਨ੍ਹਾਂ ਨੇ ਸਾਡੇ ਲੋਕਾਂ ਲਈ ਬਹੁਤ ਕੰਮ ਕੀਤੇ।" ਪ੍ਰਤੀਕ ਕਹਿੰਦੀ ਏ।

ਮੇਲੂ ਅਤੇ ਉਹਦੀ ਪਤਨੀ ਦੀ ਨਜ਼ਰ ਫਰੇਮ 'ਚ ਜੜੀਆਂ ਫੋਟੋਆਂ 'ਤੇ ਪੈਂਦੀ ਏ। ਉਹ ਦੋਵੇਂ ਹੈਰਾਨੀ ਨਾਲ ਵੇਖਦੇ ਹੀ ਰਹਿੰਦੇ ਨੇ। ਮੇਲੂ ਤਾਕੀ ਥਾਣੀ ਬਾਹਰ ਨਜ਼ਰ ਮਾਰਦਾ ਏ... ਉਹਨੂੰ ਅਸਮਾਨ 'ਚ ਉੱਡਦੀ ਧੂੜ ਥੱਲੇ ਬੈਠ ਗਈ ਲੱਗਦੀ ਏ।

——o——



# ਚੀਕ/ਗੁਰਮੀਤ ਕੜਿਆਲਵੀ

ਇੱਕ ਨਹੀਂ ਅਨੇਕ ਵਾਰ ਸੋਚਿਆ ਹੈ ਕਿ ਇਸ ਖੜੂਸ ਟੱਬਰ ਕੋਲ ਦੀਦੀ ਅਤੇ ਭਾਅ ਜੀ ਸਬੰਧੀ ਕੋਈ ਗੱਲ ਨਹੀਂ ਕਰਨੀ ਪਰ ਫਿਰ ਵੀ ਕੋਈ ਨਾ ਕੋਈ ਗੱਲ ਸੁਭਾਵਕ ਹੋ ਹੀ ਜਾਂਦੀ ਹੈ। ਅੱਜ ਵੀ ਸੁਤੇ-ਸਿੱਧ ਮੈਂ ਭਾਅ ਜੀ ਕੁਲਵੰਤ ਦੇ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਵਲੋਂ ਕਾਲਜ ਲੈਕਚਰਾਰ ਚੁਣੇ ਜਾਣ ਦੀ ਖ਼ਬਰ ਦੱਸੀ ਸੀ। ਦਰਅਸਲ ਜਦੋਂ ਦਾ ਭਾਅ ਜੀ ਦੀ ਸਿਲੈਕਸ਼ਨ ਸਬੰਧੀ ਦੀਦੀ ਦਾ ਫੋਨ ਆਇਆ ਸੀ, ਮੈਂ ਅੰਦਰੋਂ-ਬਾਹਰੋਂ ਖ਼ੁਸ਼ੀ ਨਾਲ ਸਰੋਬਾਰ ਹੋ ਗਈ ਸੀ। ਮੈਂ ਛੇਤੀ ਤੋਂ ਛੇਤੀ ਇਹ ਖ਼ੁਸ਼ੀ ਦੀ ਖ਼ਬਰ ਜਿਵੇਂ ਸਾਰੇ ਪੰਜਾਬ ਨੂੰ ਦੱਸ ਦੇਣਾ ਚਾਹੁੰਦੀ ਸਾਂ। ਇਸੇ ਚਾਅ ਨਾਲ ਹੀ ਮੈਂ ਇਹ ਖ਼ਬਰ ਹਰਜੀਤ ਨੂੰ ਸੁਣਾਈ ਸੀ।

-ਕੁਲਵੰਤ ਨੂੰ ਤਾਂ ਲੈਕਚਰਾਰ [illegible] ਜਾਣੀ ਸੀ।" ਹਰਜੀਤ ਦੇ ਠੰਢੇ ਬੋਲਾਂ ਵਿੱਚ ਜਾਨ ਹੀ ਨਹੀਂ ਸੀ।

-ਆਹੋ ਭਾਈ ਇਹਨਾਂ ਲੋਕਾਂ ਨੂੰ ਤਾਂ ਮਿਲ ਈ ਜਾਂਦੀਆਂ ਸਰਕਾਰੀ ਨੌਕਰੀਆਂ।"

-ਗੱਲ ਕੀ ਸਰਕਾਰੀ ਨੌਕਰੀਆਂ ਤਾਂ ਰਹਿ ਈ 'ਰੀਜ਼ਰਵ ਕੋਟੇ' ਵਾਲਿਆਂ ਵਾਸਤੇ ਗਈਆਂ ਨੇ।"

ਸੱਸ-ਸਹੁਰੇ ਦੇ ਬੋਲ ਮੇਰਾ ਕਲੇਜਾ ਚੀਰ ਗਏ ਸਨ। ਉਹਨਾਂ 'ਰੀਜ਼ਰਵ ਕੋਟੇ ਆਲਿਆਂ' ਸ਼ਬਦ 'ਤੇ ਖਾਸਾ ਜ਼ੋਰ ਪਾਇਆ ਸੀ। ਮੇਰੇ ਮੂੰਹ ਵਿੱਚ ਜਿਵੇਂ ਕਿਸੇ ਨੇ ਕੁਨੈਨ ਪਾ ਦਿੱਤੀ ਹੋਵੇ।

ਕੋਟੇ ਆਲਿਆਂ ਨੂੰ ਬਿਨਾਂ ਪੜ੍ਹਿਆਂ ਈ ਮਿਲ ਜਾਂਦੀਆਂ ? ਬਿਨਾਂ ਕੋਈ ਡਿਗਰੀ ਕੀਤਿਆਂ। ਅਗਲੇ ਨੇ ਪਹਿਲੇ ਦਰਜੇ 'ਚ ਐਮ.ਏ. ਕੀਤੀ ਐ..... ਐਮ.ਫਿਲ ਕੀਤੀ...... ਫਿਰ ਯੂ.ਜੀ.ਸੀ ਦਾ ਨੈਟ ਕਲੀਅਰ ਕੀਤਾ। ਪੀ.ਪੀ.ਐਸ.ਸੀ ਦੇ ਟੈਸਟ ਇੰਟਰਵਿਊ ਪਾਸ ਕੀਤੇ..... ਮੰਨ ਲਿਆ ਰੀਜ਼ਰਵੇਸ਼ਨ ਕਰਕੇ ਨੰਬਰਾਂ ਦੀ ਥੋੜ੍ਹੀ ਬਹੁਤ ਰੀਲੈਕਸੇਸ਼ਨ ਹੋਊ-ਪਰ ਇਹਦਾ ਇਹ ਮਤਲਬ ਨਹੀਂ ਵਈ ਸਰਕਾਰ ਨੇ ਅਨਪੜ੍ਹ ਨੂੰ ਈ ਫੜਾਤੇ ਆਰਡਰ।" ਮੈਂ ਤੇਜ਼ ਰੋਸ ਵਿੱਚ ਆ ਗਈ ਸਾਂ। ਕਹਿਣਾ ਤਾਂ ਮੈਂ ਇਹ ਵੀ ਚਾਹੁੰਦੀ ਸੀ ਕਿ ਪਿਛਲੇ ਪੰਜਾਂ ਸਾਲਾਂ ਤੋਂ ਟੱਕਰਾਂ ਮਾਰਨ ਦੇ ਬਾਵਜੂਦ ਤੁਹਾਡੇ ਲਾਡਲੇ ਤੋਂ ਨੈਟ ਕਲੀਅਰ ਨਹੀਂ ਹੋਇਆ ਤੇ ਜੇਕਰ ਭਾਅ ਜੀ ਕੁਲਵੰਤ ਲੈਕਚਰਾਰ ਬਣ ਗਏ ਨੇ ਤਾਂ ਤੁਹਾਨੂੰ ਸਾੜਾ ਹੋ ਰਿਹਾ ਪਰ ਇਹ ਸਾਰੇ ਸ਼ਬਦ ਮੈਂ ਸੰਘ ਵਿੱਚ ਹੀ ਘੁੱਟ ਲਏ ਸਨ। ਦਰਅਸਲ ਇਹ ਮੈਂ ਵੀ ਸਮਝਦੀ ਹਾਂ ਕਿ ਇਸ ਟੱਬਰ ਨੂੰ ਹਰਜੀਤ ਦੀ ਵਾਰ-ਵਾਰ ਹੁੰਦੀ ਅਸਫ਼ਲਤਾ ਓਨਾ ਦੁਖੀ ਨਹੀਂ ਕਰਦੀ ਜਿੰਨਾ ਭਾਅ ਜੀ ਕੁਲਵੰਤ ਦੀ ਸਫ਼ਲਤਾ ਦੁਖੀ ਕਰਦੀ ਹੈ।

ਮੈਂ ਕਦੋਂ ਕਹਿਨੇ ਤੇਰੇ ਭਾਜੀ ਅਨਪੜ੍ਹ-ਢੋਰ ਨੇ....।" ਹਰਜੀਤ ਦੇ ਬੋਲਾਂ ਵਿੱਚ ਲੁਕਿਆ ਜ਼ਹਿਰੀ ਵਿਅੰਗ ਮੇਰੀ ਸਮਝ ਵਿੱਚ ਆਉਂਦਾ।

-ਹਾਂਅ! ਇੰਟੈਲੀਜੈਂਟ...... ਤਦੇ ਤਾਂ ਨੌਕਰੀਆਂ ਅੱਗੇ-ਪਿੱਛੇ ਫਿਰਦੀਆਂ.......।"

-ਹਾਂ ਭਾਈ, ਇੰਟੈਲੀਜੈਂਟ ਕਰਕੇ ਈ ਤਾਂ ਲੱਭਿਆ ਤੇਰੇ ਭੇਣ ਨੇ।" ਸੱਸ-ਸਹੁਰੇ ਦੇ ਮੂੰਹੋਂ ਫਿਰ ਭੱਗ ਨਿਕਲਦੀ ਹੈ। ਮੈਂ ਤੜਫ ਕੇ ਰਹਿ ਜਾਂਦੀ ਹਾਂ। ਇਸ ਟੱਬਰ ਨਾਲ ਬਹਿਸ ਦਾ ਕੀ

ਫ਼ਾਇਦਾ। ਕੇਵਲ ਸੜੀਆਂ-ਭੁੱਜੀਆਂ, ਦਿਲ ਸਾੜਨ ਵਾਲੀਆਂ ਗੱਲਾਂ ਹੀ ਨਿਕਲਣੀਆਂ। ਮੈਂ ਰਸੋਈ ਵਿੱਚ ਕੰਮ 'ਤੇ ਜਾ ਲੱਗਦੀ ਹਾਂ। ਸੱਸ-ਸਹੁਰਾ ਅਜੇ ਵੀ ਘੁਰ-ਘੁਰ ਕਰੀ ਜਾਂਦੇ ਨੇ। ਮੈਨੂੰ ਪਤਾ ਨਹੀਂ ਲੱਗਦਾ, ਸੱਸ-ਸਹੁਰੇ ਦਾ ਚਿਹਰਾ ਮਾਸਟਰ ਢੰਡ ਅਤੇ ਸਾਇੰਸ ਮਾਸਟਰਨੀ ਪਵਿੱਤਰ ਕੌਰ ਨਾਲ ਕਦੋਂ ਰਲਗੱਡ ਹੋ ਜਾਂਦਾ ਹੈ।

ਆਹ ਜਿਹੜਾ ਸ. ਸੁਰਿੰਦਰ ਸਿੰਘ ਸਰੋਆ ਸਾਹਿਬ ਬਣਕੇ ਕੁਰਸੀ 'ਚ ਚੌੜਾ ਹੋਇਆ ਬੈਠਾ, ਏਹ ਰੀਜ਼ਰਵੇਸ਼ਨ ਕਰਕੇ ਲੱਗ ਗਿਆ, ਹੁਣ ਹੈਡਮਾਸਟਰ ਬਣਕੇ ਸਾਡੇ 'ਤੇ ਹੁਕਮ ਚਲਾਉਂਦਾ। ਇਹਨੂੰ ਕਿਸੇ ਨੇ ਦਿਹਾੜੀ ਨੀ ਸੀ ਲਿਜਾਇਆ ਕਰਨਾ। ਸੀਰੀ ਨੀ ਸੀ ਰੱਖਣਾ.....ਕਮ....ਅਜ.....ਕਮ ਮੈਂ ਤਾਂ ਨਾ ਰੱਖਦਾ।" ਮਾਸਟਰ ਢੰਡ ਦਾ ਤਾਂਬੇ ਵਰਗਾ ਰੰਗ ਹੋਰ ਗੂੜ੍ਹੀ ਭਾਅ ਮਾਰਨ ਲੱਗ ਜਾਂਦਾ।

ਦੋਵੇਂ ਜੀਅ ਸੌਣ ਤੋਂ ਉੱਤੇ ਕੁੱਟਦੇ ਆ.....ਪਿੰਡ ਟੁੱਟਾ ਜਿਹਾ ਘਰ ਹੁੰਦਾ ਸੀ-ਹੁਣ ਸ਼ਹਿਰ ਪਲਾਟ ਲਈ ਬੈਠੇ, ਅਖੇ ਸ਼ਹਿਰ ਕੋਠੀ ਪਾਉਣੀ ਐ, ਬੱਚਿਆਂ ਦੀ ਐਜੂਕੇਸ਼ਨ ਕਰਕੇ। ਕੋਠੀ ਪਾ ਕੇ ਬਾਹਰ ਨੇਮ ਪਲੇਟ ਲਾਊ, 'ਹੈਡਮਾਸਟਰ ਸੁਰਿੰਦਰ ਸਿੰਘ ਸਰੋਆ', ਐਮ.ਏ. ਬੀ.ਐਡ.....ਚਮਾਲੜੀ.....।" ਪਵਿੱਤਰ ਨੱਕੋਂ ਠੂੰਹੇ ਸਿੱਟਦੀ। ਵਾਰ-ਵਾਰ ਅਪਣੇ ਗਾਤਰੇ ਨੂੰ ਠੀਕ ਕਰਦੀ ਰਹਿੰਦੀ। ਮੈਨੂੰ ਉਸਦੇ ਨਾਂ 'ਤੇ ਹਾਸਾ ਆਉਂਦਾ। ਮੈਨੂੰ ਪਿੰਡ ਵਾਲੀ ਬੁੜੀ ਦਾਨੋ ਚੇਤੇ ਆ ਜਾਂਦੀ ਹੈ। ਉਹ ਕਿਹਾ ਕਰਦੀ ਸੀ ਅਖੇ ਸਾਰੇ ਜੱਗ ਦੀ ਜੂਠ ਨਾਂ ਪਵਿੱਤਰ ਸਿੰਹੁ, ਸਾਰੇ ਜੱਗ ਦਾ ਗੋਦੀ ਨਾਂ ਦਲੇਰ ਸਿੰਹੁ......ਤੇ ਉਹ ਕਿੰਨੇ ਨਾਂ ਗਿਣ ਦਿੰਦੀ ਸੀ।

ਢੰਡ ਸਾਹਿਬ, ਹੈਡ ਸਾਹਿਬ ਈ ਨਹੀਂ, ਆਪਾਂ ਸਾਰੇ ਵੀ ਰੀਜ਼ਰਵੇਸ਼ਨ ਕਰਕੇ ਈ ਲੱਗੇ ਆਂ ਨੌਕਰੀਆਂ 'ਤੇ।' ਤੂੰ ਦੱਸ.....ਤੈਨੂੰ ਵੀ ਚੰਗੀ ਤਰ੍ਹਾਂ ਪਤਾ, ਸਿੱਖਿਆ ਮੰਤਰੀ ਅਪਣੇ ਹਲਕੇ ਦਾ ਸੀ, ਨਹੀਂ ਜਿੰਨੇ ਨੰਬਰ ਅਪਣੇ ਆ ਬੀ.ਏ. ਬੀ.ਐਡ. 'ਚ ਕਿਸੇ ਨੇ ਮਾਸਟਰ ਤਾਂ ਕੀ ਚਪੜਾਸੀ ਨੀ ਸੀ ਲਾਉਣਾ।' ਮੇਰੀ ਖਰੀ-ਖਰੀ ਸੁਣਕੇ ਢੰਡ ਮਾਸਟਰ ਮੇਰੇ ਵੱਲ ਕਸੂਤਾ ਜਿਹਾ ਝਾਕਣ ਲੱਗਦਾ ਸੀ। ਦਰਅਸਲ ਮੈਂ ਅਤੇ ਰਜੇਸ਼ ਢੰਡ, ਪਹਿਲਾਂ ਬੀ.ਏ. ਵੇਲੇ ਤੇ ਫਿਰ ਬੀ.ਐਡ ਸਮੇਂ ਜਮਾਤੀ ਰਹੇ ਹਾਂ। ਢੰਡ ਕਾਲਜ ਵੇਲੇ ਤੋਂ ਹੀ ਬੈਕ ਬੈਂਚਰ ਸੀ। ਬੀ.ਐਡ ਦਾ ਇੰਡੀਅਨ ਐਜੂਕੇਸ਼ਨ ਦਾ ਵਿਸ਼ਾ ਤਾਂ ਉਸਨੇ ਤੀਜੀ ਵਾਰੀ ਵਿੱਚ ਕਲੀਅਰ ਕੀਤਾ ਸੀ।

ਮੈਡਮ ਪਰਮੀਤ ਦੀ ਤਾਂ ਹੈਡ ਸਾਹਿਬ ਵਰਗੇ 'ਕੋਟੇ' ਵਾਲਿਆਂ ਨਾਲ ਕੋਈ ਖ਼ਾਸੀ ਹਮਦਰਦੀ ਆ।" ਢੰਡ ਨੇ ਟੇਢੇ ਢੰਗ ਨਾਲ ਵਿਅੰਗ ਕੀਤਾ ਸੀ। ਮੈਨੂੰ ਜਾਪਦਾ ਢੰਡ 'ਹਮਦਰਦੀ' ਦੀ ਥਾਂਵੇਂ "ਨੇੜਲੀ ਰਿਸ਼ਤੇਦਾਰੀ" ਸ਼ਬਦ ਵਰਤਣਾ ਚਾਹੁੰਦਾ ਹੋਵੇ।

ਇਹਦੀ ਕੋਈ ਖ਼ਾਸ ਵਜ੍ਹਾ ਹੀ ਹੋਊ ?" ਪਵਿੱਤਰ ਗਾਤਰਾ ਠੀਕ ਕਰਦੀ ਐਂਖਾਂ ਵਿੱਚ ਦੀ ਗੁੱਝਾ ਜਿਹਾ ਹੱਸਦੀ ਹੈ।

"ਵਜ੍ਹਾ ਤਾਂ ਮੈਡਮ ਪਰਮੀਤ ਈ ਦੱਸ ਸਕਦੈ.....?" ਪਵਿੱਤਰ ਅਤੇ ਢੰਡ ਮਾਸਟਰ ਦੀਆਂ ਆਪਸ ਵਿੱਚ ਮਿਲਦੀਆਂ ਹਨ। ਮੈਂ ਦੱਸਣਾ ਤਾਂ ਬੜਾ ਕੁੱਝ ਚਾਹੁੰਦੀ ਪਰ ਗੁੱਸਾ ਅੰਦਰੇ-ਅੰਦਰ ਪੀ ਜਾਂਦੀ। ਸੋਚਦੀ ਕਾਹਨੂੰ ਅਜਿਹੇ ਇਨਸਾਨੀਅਤ ਤੋਂ ਕੋਰੇ ਲੋਕਾਂ ਦੇ ਮੂੰਹ ਲੱਗਣਾ, ਨਹੀਂ ਜੁਆਬ ਤਾਂ ਮੇਰੇ ਕੋਲ ਬੜੇ ਨੇ।



ਜੁਆਬ ਤਾਂ ਮੈਂ ਹਰਜੀਤ ਨੂੰ ਵੀ ਦਿੱਤਾ ਸੀ ਜਦੋਂ ਉਸਨੇ ਕਿਹਾ ਸੀ, "ਪਰਮੀਤ ਅਪਣੀ ਦੀਦੀ ਨੂੰ ਕਹਿ ਕਾਗਜ਼ਾਂ ਵਿੱਚ ਸਾਡਾ ਬੱਚਾ ਅਡਾਪਟ ਕਰ ਲਏ। ਰੀਜ਼ਰਵ ਕੋਟੇ ਵਿੱਚ ਆਉਣ ਨਾਲ ਉਸਨੂੰ ਕਿਸੇ ਚੰਗੇ ਕੋਰਸ ਵਿੱਚ ਦਾਖ਼ਲਾ ਮਿਲ ਜਾਊ।"

ਸਰਦਾਰ ਹਰਜੀਤ ਸਿੰਘ ਭੁੱਲਰ ਸਾਹਿਬ...ਰੀਜ਼ਰਵੇਸ਼ਨ ਜਨਮ ਅਧਾਰਿਤ ਐ। ਅਖੌਤੀ ਨੀਵੀਂ ਜਾਤ ਵਿੱਚ ਜਨਮ ਲੈਣ ਕਰਕੇ ਜੋ ਮਾਨਸਿਕ-ਸਮਾਜਿਕ ਪੀੜਾ ਤੇ ਜ਼ਲਾਲਤ ਤੁਹਾਡੇ ਵਰਗਿਆਂ ਹੱਥੋਂ ਹੰਢਾਉਣੀ ਪੈਂਦੀ.....ਉਹਦੇ ਇਵਜ਼ ਵਿੱਚ ਮਿਲਦੀ ਐ," ਸੁਣਕੇ ਹਰਜੀਤ ਦਾ ਚਪਟਾ ਨੱਕ ਹੋਰ ਵੀ ਚਪਟਾ ਹੋ ਗਿਆ ਸੀ।

".....ਤੂੰ ਤਾਂ ਸਿੱਧੀ ਗੱਲ ਦੇ ਵੀ ਪੁੱਠੇ ਅਰਥ ਕੱਢ ਲੈਨੀ ਏਂ.....ਮੇਰਾ ਮਤਲਬ ਉਹ ਨਹੀਂ ਜੋ ਤੂੰ ਕੱਢ ਰਹੀ ਏਂ।"

-ਜਨਾਬ ਅਪਣੇ ਵਰਗੇ ਲੋਕਾਂ ਦੀਆਂ ਆਹ ਸਿੱਧੀਆਂ ਗੱਲਾਂ, ਸਿੱਧੀਆਂ ਹੁੰਦੀਆਂ ਨ੍ਹੀਂ।" ਤੁਹਾਡੇ ਵਰਗੇ ਲੋਕਾਂ ਦੀ ਥਾਂਵੇਂ ਮੈਥੋਂ "ਅਪਣੇ" ਵਰਗੇ ਕਿਹਾ ਗਿਆ ਸੀ। ਅਚੇਤ ਹੀ ਮੈਥੋਂ ਬੜਾ ਵੱਡਾ ਸੱਚ ਬੋਲਿਆ ਗਿਆ ਸੀ। ਇਹ ਸੱਚ ਵੱਡਾ ਹੀ ਨਹੀਂ ਸਗੋਂ ਬੜਾ ਕੌੜਾ ਵੀ ਸੀ। ਮੇਰੇ ਅਪਣੇ ਲਈ ਵੀ ਡਾਹਢਾ ਕੌੜਾ। ਉਦੋਂ ਦੀਦੀ ਪਰਮ ਨੇ ਐਮ.ਏ., ਬੀ.ਐਡ ਪਾਸ ਕਰ ਲਈ ਸੀ ਅਤੇ ਮੈਂ ਉਦੋਂ ਯੂਨੀਵਰਸਿਟੀ ਵਿੱਚ ਪੰਜਾਬੀ ਆਨਰਜ਼ ਦੇ ਬੀ.ਏ. ਭਾਗ ਪਹਿਲਾ ਵਿੱਚ ਦਾਖ਼ਲਾ ਲਿਆ ਸੀ। ਦੀਦੀ ਦੇ ਭਾਅ ਕੁਲਵੰਤ ਨਾਲ ਚੱਲਦੇ ਅਫੇਅਰਜ਼ ਬਾਰੇ ਘਰ ਵਿੱਚੋਂ ਸਿਰਫ਼ ਮੈਨੂੰ ਹੀ ਪਤਾ ਸੀ। ਇਸ ਗੱਲ ਨੂੰ ਲੈ ਕੇ ਮੇਰੀ ਦੀਦੀ ਨਾਲ ਉੱਚੀ ਨੀਵੀਂ ਹੁੰਦੀ ਹੀ ਰਹਿੰਦੀ ਸੀ। ਮੈਨੂੰ ਵੀ ਉਦੋਂ ਲੱਗਦਾ ਸੀ ਜਿਵੇਂ ਕੋਈ ਬਹੁਤੀ ਅਨਹੋਣੀ ਗੱਲ ਹੋਣ ਜਾ ਰਹੀ ਹੋਵੇ। ਦੀਦੀ ਦਾ ਫ਼ੈਸਲਾ ਮੈਨੂੰ ਕਿਸੇ ਵੀ ਤਰ੍ਹਾਂ ਸਹੀ ਨਹੀਂ ਸੀ ਲੱਗਦਾ। ਭਾਅ ਜੀ ਕੁਲਵੰਤ ਬਾਰੇ ਸੋਚਦਿਆਂ ਹੀ ਸਾਡੇ ਖੇਤਾਂ ਵਿੱਚ ਕੰਮ ਕਰਦੇ ਸੀਰੀਆਂ-ਸਾਂਝੀਆਂ ਦੇ ਅੰਦਰ ਨੂੰ ਧੱਸੇ ਚਿਹਰੇ ਅੱਖਾਂ ਅੱਗੇ ਆ ਜਾਂਦੇ। ਉਹਨਾਂ ਦੇ ਮੈਲੇ-ਕੁਚੈਲੇ ਕੱਪੜਿਆਂ ਦੀ ਬੂਅ ਮੇਰੇ ਨੱਕ ਨੂੰ ਚੜ੍ਹਦੀ ਲੱਗਦੀ। ਮੈਂ ਉਮਰ ਦਾ ਲਿਹਾਜ਼ ਕੀਤੇ ਬਗੈਰ ਦੀਦੀ ਨੂੰ ਕੌੜੀਆਂ-ਕੁਸੈਲੀਆਂ ਸੁਣਾਉਣ ਲੱਗ ਪੈਂਦੀ-

-ਇਸ਼ਕ ਨੇ ਤੇਰੀਆਂ ਅੱਖਾਂ ਅੱਗੇ ਪੱਟੀ ਬੰਨ੍ਹ ਦਿੱਤੀ ਐ। ਤੈਨੂੰ ਚੰਗੇ-ਬੁਰੇ ਦੀ ਪਛਾਣ ਨ੍ਹੀਂ ਰਹੀ।"

-ਕੁਲਵੰਤ ਵਿੱਚ ਬੁਰਾਈ ਕੀ ਐ ? ਪੜ੍ਹਿਆ-ਲਿਖਿਆ ਨੀ ? ਕੋਈ ਲੂਲ੍ਹਾ-ਲੰਗੜਾ ਐ ? ਕੋਹਝਾ ਐ ? ਉਹਦੀ ਸਾਰੀ ਫੈਮਲੀ ਨ੍ਹੀਂ ਪੜ੍ਹੀ ?" ਦੀਦੀ ਜੁਆਬ ਦੀ ਥਾਂਵੇਂ ਸਿਰਫ਼ ਸੁਆਲ ਕਰਦੀ ਸੀ।

-ਸਮਾਜ ਵਿੱਚ ਉਹਦੇ ਰੁਤਬੇ ਦਾ ਪਤੈ ਤੈਨੂੰ ? ਜਿਨ੍ਹਾਂ ਦਾ ਸਮਾਜ ਵਿੱਚ ਕੋਈ ਰੁਤਬਾ ਨਾ ਹੋਵੇ, ਉਹ ਲੂਲ੍ਹੇ-ਲੰਗੜੇ ਹੀ ਹੁੰਦੇ ਨੇ।"

-ਕੀ ਹੋਇਆ ਉਹਦੇ ਰੁਤਬੇ ਨੂੰ ? ਕੋਈ ਚੋਰ ਡਾਕੂ ਐ ?"

-ਬੜਾ ਉੱਚਾ ਰੁਤਬਾ ਆ ਕੁਲਵੰਤ ਦਾ, ਉਹੀ ਜਿਹੜਾ ਅਪਣੇ ਸੀਰੀ ਗੱਡੇ ਦਾ ਐ।" ਮੇਰੀ ਗੱਲ ਦੀ ਪੀੜ ਨਾਲ ਦੀਦੀ ਦੀਆਂ ਅੱਖਾਂ ਵਿੱਚ ਹੰਝੂ ਛਲਕ ਪਏ ਸਨ।

ਅਪਣੇ ਘਰ ਦੀ ਪਸ਼ੂਆਂ ਵਾਲੀ ਖੁਰਲੀ ਦੇ ਕੋਲ ਪਏ 'ਗੰਤੇ ਸੋਰੀ' ਦੇ ਕੋਲੇ ਬਾਰੇ ਤਾਂ ਤੇਨੂੰ ਪਤਾ ਹੀ ਹੋਣੈ......ਤੂੰ ਹੁਣ ਸੋਚਦੀ ਏਂ, ਗੰਤੇ ਹੂਰਾਂ ਦਾ ਉਹ ਕੋਲਾ ਖੁਰਲੀ ਤੋਂ ਚੁੱਕ ਕੇ ਅਪਣੇ ਚੌਕੇ ਵਿੱਚ ਸਜਾ ਲਈਏ......।''

-ਇਨਸਾਨ ਤਾਂ ਸਾਰੇ ਇੱਕੋ-ਜਿਹੇ ਹੀ ਹੁੰਦੇ.....।''

''-ਕਿਤਾਬਾਂ ਨੇ ਤੇਰਾ ਦਿਮਾਗ ਖਰਾਬ ਕਰ ਦਿੱਤਾ। ਤੂੰ ਪੜ੍ਹ-ਪੜ੍ਹ ਕਮਲੀ ਹੋਗੀ। ਭਲਾ ਜੇ ਸਾਰੇ ਇਨਸਾਨ ਇੱਕੋ ਜਿਹੇ ਹੁੰਦੇ, ਜਾਤਾਂ ਨ੍ਹੀ ਸੀ ਬਣਦੀਆਂ। ਤੂੰ ਪੁੱਠੀ ਗੰਗਾ ਵਗਾਉਣ ਨੂੰ ਤੁਲੀ ਏ.....।'' ਕੀ ਬੋਲਦੇ ਦੀਦੀ। ਮੇਰੇ ਅੱਗੇ ਉਸਦੀਆਂ ਦਲੀਲਾਂ ਕਿੱਥੇ ਚੱਲਦੀਆਂ। ਦਲੀਲਬਾਜ਼ੀ ਤਾਂ ਉੱਥੇ ਚੱਲਦੀ ਹੈ ਜਿੱਥੇ ਕੋਈ ਦਲੀਲ ਸੁਣਨ ਵਾਲਾ ਤਿਆਰ ਹੋਵੇ। ਇੱਥੇ ਤਾਂ ਮੈਂ ਜਾਤੀਵਾਦ ਦੀ ਕੰਨੀ ਫੜਕੇ ਉਸਦੀ ਗੱਲ ਨੂੰ ਮੁੱਢ ਹੀ ਰੱਦ ਕਰ ਬੈਠੀ ਸਾਂ। ਬਿੱਲਕੁਲ ਉਸੇ ਤਰ੍ਹਾਂ ਜਿਵੇਂ ਹੁਣ ਮਾਸਟਰ ਚੰਡ, ਮੈਡਮ ਪਵਿੱਤਰ ਅਤੇ ਉਸਦੀ ਜੁੰਡਲੀ ਹੈਡਮਾਸਟਰ ਦੀ ਹਰ ਗੱਲ ਨੂੰ ਰੱਦ ਕਰ ਦਿੰਦੇ ਨੇ। ਜੇਕਰ ਹੈਡ ਕਹੇ ਕਿ ਅੱਜ ਬੁੱਧਵਾਰ ਹੈ ਤਾਂ ਇਹ ਜੁੰਡਲੀ ਕਹੇਗੀ-ਨਹੀਂ ਅੱਜ ਤਾਂ ਸ਼ੁੱਕਰਵਾਰ ਹੈ। ਹੈਡ ਸਾਹਿਬ ਅਤੇ ਉਸਦੇ ਵਰਗੇ ਹੋਰ ਮਾਸਟਰਾਂ ਨੂੰ ਨੀਵਾਂ ਦਿਖਾ ਕੇ ਇਹਨਾਂ ਨੂੰ ਡੂੰਘੀ ਮਾਨਸਿਕ ਤਸੱਲੀ ਹੁੰਦੀ ਹੈ। ਹੋਰ ਤਾਂ ਹੋਰ, ਇਹ ਜੁੰਡਲੀ ਤਾਂ ਆਨੇ-ਬਹਾਨੇ ਰੁਖਾਂ ਵਿੱਚ ਦੀ ਵੀ ਹੈਡ ਵਰਗਿਆਂ ਦੀਆਂ ਜਾਤਾਂ ਨੌਲਦੀ ਰਹਿੰਦੀ ਹੈ। ਅਪਣੇ ਸਾਥੀ ਅਧਿਆਪਕਾਂ ਦੇ ਨਾਂ-ਕੁਨਾਂ ਜਾਤਾਂ ਦੇ ਆਧਾਰ 'ਤੇ ਹੀ ਰੱਖੇ ਹੋਏ ਹਨ। ਇਸ ਜਗਦੀਸ਼ ਰਾਜ ਸ਼ਰਮੇ ਨੂੰ ਪਿੱਪਲ, ਤਰਖਾਣ ਜਾਤੀ ਦੇ ਮਾਸਟਰ ਦਿਆਲ ਸਿੰਘ ਨੂੰ ਤੇਸਾ ਮਾਸਟਰ, ਦਰਜੀ ਬਰਾਦਰੀ ਦੇ ਗੁਰਨੇਕ ਨੂੰ ਮਾਸਟਰ ਸੂਈ-ਧਾਗਾ ਅਤੇ ਮਜ਼੍ਹਬੀ ਬਰਾਦਰੀ ਦੀ ਅਧਿਆਪਕਾ ਨਿਰਮਲ ਨੂੰ ਪਿੱਠ ਪਿੱਛੇ ਕਿੱਕਰ ਆਖਦੇ ਨੇ। ਚੰਡ ਅਪਣੇ ਆਪ ਨੂੰ 'ਤੂਤ' ਤੇ ਪਵਿੱਤਰ ਨੂੰ 'ਟਾਹਲੀ' ਕਹਿੰਦਾ ਹੈ। ਹੈਡਮਾਸਟਰ ਲਈ ਪਿੱਠ ਪਿੱਛੇ ''ਠੱਕ-ਠੱਕ'' ਸ਼ਬਦ ਵਰਤਿਆ ਜਾਂਦਾ ਹੈ। ਜਦੋਂ ਕਦੇ ਹੈਡ ਸਾਹਿਬ ਕੋਈ ਕੰਮ-ਧੰਦਾ ਕਹਿ ਦੇਣ ਜਾਂ ਵਿਹਲੇ ਗੱਪਾਂ ਮਾਰਦਿਆਂ ਨੂੰ, ਕਲਾਸ ਅਟੈਂਡ ਕਰਨ ਲਈ ਕਹਿ ਦੇਣ ਤਾਂ ਇਹ ਜੁੰਡਲੀ ਮੂੰਹੋਂ ਝੱਗ ਸੁੱਟਣ ਲੱਗਦੀ ਹੈ।

-ਸਾਲੀ...ਜਾਤ ਦੀਆਂ ਸਾਰੀ ਦਿਹਾੜੀ ਲੱਤਾਂ ਖੱਡੀ 'ਚੋਂ ਬਾਹਰ ਨਈਂ ਸੀ ਨਿਕਲਿਆ ਕਰਨੀਆਂ। ਸਾਰੀ ਉਮਰ ਠੱਕ-ਠੱਕ ਕਰਕੇ ਤਾਣੀ ਬੁਣਦੇ ਰਹਿਣਾ ਸੀ। ਹੁਣ ਸਾਡੇ 'ਤੇ ਹੁਕਮ ਚਾੜ੍ਹਦਾ ਰਹਿੰਦਾ। ਸਾਲੀ ਅਜ਼ਾਦੀ ਖੇਹ ਤੇ ਸੁਆਹ ਆਈ; ਨੀਵਿਆਂ ਦੀਆਂ ਜੂੰਆਂ ਸਿਰ ਚੜ੍ਹਾਗੀਆਂ। ਪਤਾ ਨੀ ਦੇਖਿਆ ਕੀ ਆ ਸਾਲੀ ਗੌਰਮਿੰਟ ਨੇ ਇਹਨਾਂ 'ਚ ?''

ਚੰਡ ਜੁੰਡਲੀ ਵਾਂਗ ਮੈਂ ਵੀ ਤਾਂ ਬਿਲਕੁੱਲ ਇਹੀ ਕਿਹਾ ਸੀ ਜਦੋਂ ਦੀਦੀ ਨੇ ਘਰਦਿਆਂ ਨੂੰ ਦੱਬੀ ਸੁਰ ਵਿੱਚ ਅਪਣੀ ਪਸੰਦ ਦੇ ਮੁੰਡੇ ਭਾਵ ਕੁਲਵੰਤ ਭਾਜੀ ਨਾਲ ਮੈਰਿਜ ਕਰਵਾਉਣ ਦੀ ਇੱਛਾ ਦੱਸੀ ਸੀ। ਘਰ ਵਿੱਚ ਤਾਂ ਜਿਵੇਂ ਭੂਚਾਲ ਹੀ ਆ ਗਿਆ ਸੀ।

-ਪਰਮ ਤਾਂ ਐਵੇਂ ਜਾਤਾਂ-ਕੁਜਾਤਾਂ ਦੇ ਮਗਰ ਲੱਗੀ ਫਿਰਦੀ। ਇਹਨੇ ਦੇਖਿਆ ਪਤਾ ਨੀ ਕੀ ਉਹਦੇ 'ਚ। ਤਵੇ ਦੇ ਪੁੱਠੇ ਪਾਸੇ ਨਾਲ਼ ਤਾਂ ਸਕਤ ਲੱਗੀ ਉਹਦੀ।'' ਕੁਲਵੰਤ ਦਾ ਸਾਂਵਲਾ ਰੰਗ ਵੀ ਮੈਨੂੰ ਕਾਲਾ ਸਿਆਹ ਲੱਗਦਾ ਸੀ।



-ਹੈ ਕੀ ਨੀ ਉਹਦੇ 'ਚ ?''

-ਪੁੱਤ ਜੁਆਨੀ ਵਾਰੇ ਸੈ ਗੱਲਾਂ-ਬਾਤਾਂ ਹੋ ਜਾਂਦੀਆਂ, ਐਵੇਂ ਦਿਲ 'ਤੇ ਨੀ ਲਾਈਦਾ। ਤੁਰ-ਫਿਰ ਲਿਆ ਠੀਕ ਐ, ਤੂੰ ਜੁਆਬ ਦੇ ਉਹਨੂੰ। ਮੈਂ ਮੁੰਡਾ ਦੇਖਿਆ ਤੇਰੇ ਵਾਸਤੇ। ਨਹਿਰਾਂ-ਖਾਲਿਆਂ ਆਲੇ ਮਹਿਕਮੇ 'ਚ ਓਵਰਸੀਅਰ ਲੱਗਿਆ ਹੋਇਆ। ਥੈਲੇ ਭਰ-ਭਰ ਲਿਆਉਂਦਾ ਨੋਟਾਂ ਦੇ। ਅਜੇ ਤਿੰਨ ਸਾਲ ਨੀ ਹੋਏ ਡਿਊਟੀ ਚੜ੍ਹੇ ਨੂੰ, ਘਰ ਦਾ ਧੋਣਾ ਧੋਤਾ ਮੁੰਡੇ ਨੇ। ਮਾਰ ਕਿਧਰੇ ਲੈਂਟਰ ਈ ਲੈਂਟਰ ਚਿਲਕਣੀਆਂ ਫਰਸ਼ਾਂ। ਮਾਰ ਕਿਧਰੇ ਕੱਪੜੇ ਧੋਣ ਆਲੀਆਂ ਮਸ਼ੀਨਾਂ....ਕਿਧਰੇ ਕੁਛ-ਕਿਧਰੇ ਕੁਛ। ਕੋਈ ਗਿਣਤੀ ਥੋੜ੍ਹਾ ਹੁੰਦੀ। ਤੂੰ ਕੇਰਾਂ ਹਾਂ ਕਰ ਮੂੰਹੋਂ....ਜਿਹੋ ਜਿਹਾ ਆਖੇਂਗੀ, ਵਿਆਹ ਕਰਾਂਗੇ ਤੇਰਾ। ਛੱਡ ਖਹਿੜਾ ਜਾਤ-ਕੁਜਾਤ ਦਾ।'' ਅਬਲੋਵਾਲ ਵਾਲੀ ਭੂਆ ਨੇ ਪਰਮ ਨੂੰ ਅਪਣੇ ਫ਼ੈਸਲੇ ਤੋਂ ਬਦਲਣ ਲਈ ਜ਼ੋਰ ਪਾਇਆ ਸੀ। ਨੇੜੇ ਦੂਰ ਦੀਆਂ ਸਾਰੀਆਂ ਹੀ ਰਿਸ਼ਤੇਦਾਰੀਆਂ ਨੇ ਅਪਣਾ-ਅਪਣਾ ਜ਼ੋਰ ਲਾਇਆ ਸੀ। ਚਾਚੇ-ਤਾਇਆਂ ਦੇ ਮੁੰਡਿਆਂ ਨੇ ਤਾਂ ਧਮਕੀਆਂ ਵਾਲਾ ਹਥਿਆਰ ਵੀ ਵਰਤ ਕੇ ਦੇਖ ਲਿਆ ਸੀ। ਦੀਦੀ ਸਨ ਕਿ ਟੱਸ ਤੋਂ ਮੱਸ ਨਹੀਂ ਸਨ ਹੋਏ। ਅਪਣਾ ਫ਼ੈਸਲਾ ਬਦਲਣ ਲਈ ਦੀਦੀ ਉੱਪਰ ਸਰੀਰਕ ਤਸ਼ੱਦਦ ਵੀ ਕੀਤਾ ਜਾਂਦਾ ਰਿਹਾ ਸੀ। ਉਹਨਾਂ ਦਿਨਾਂ ਵਿੱਚ ਦੀਦੀ ਦੀ ਹਾਲਤ ਤਰਸਯੋਗ ਬਣੀ ਹੋਈ ਸੀ। ਦੀਦੀ ਦੇ ਵਿਆਹ ਦਾ ਸਭ ਤੋਂ ਵੱਧ ਵਿਰੋਧ ਵੀ ਮੈਂ ਕਰ ਰਹੀ ਸਾਂ।

ਦਰਅਸਲ ਵਿਰੋਧ ਪਿੱਛੇ ਮੇਰਾ ਅਪਣਾ ਸੁਆਰਥ ਸੀ। ਮੈਂ ਸੋਚਦੀ ਸਾਂ ਕਿ ਜੇ ਦੀਦੀ ਨੇ ਅਪਣੀ ਮਰਜ਼ੀ ਨਾਲ਼ ਮੈਰਿਜ ਕਰਵਾ ਲਈ ਤਾਂ ਮੇਰਾ ਕੀ ਬਣੂੰ ? ਹੋ ਸਕਦਾ ਘਰ ਦੇ ਮੈਨੂੰ ਵੀ ਯੂਨੀਵਰਸਿਟੀ ਤੋਂ ਹਟਾ ਕੇ ਘਰ ਬਹਾ ਦੇਣ। ਇਹਨਾਂ ਦਿਨਾਂ ਵਿੱਚ ਹੀ ਮੈਂ ਖ਼ੁਦ ਹਰਜੀਤ ਦੇ ਚੱਕਰ ਵਿੱਚ ਉਲਝ ਚੁੱਕੀ ਸਾਂ। ਹਰਜੀਤ ਤੋਂ ਵਿੱਛੜ ਕੇ ਜਿਉਣ ਬਾਰੇ ਤਾਂ ਮੈਂ ਸੋਚ ਵੀ ਨਹੀਂ ਸੀ ਸਕਦੀ। ਪਤਾ ਨਹੀਂ ਕਿਉਂ ਉਦੋਂ ਮੇਰੇ ਦਿਮਾਗ ਵਿੱਚ ਇਹ ਸੋਚ ਹੀ ਨਹੀਂ ਸੀ ਆਉਂਦੀ ਕਿ ਮੈਂ ਹਰਜੀਤ ਬਿਨਾਂ ਨਹੀਂ ਰਹਿ ਸਕਦੀ ਤਾਂ ਦੀਦੀ ਕੁਲਵੰਤ ਭਾਜੀ ਬਿਨਾਂ ਕਿਵੇਂ ਬਚੇਗੀ ? ਉਸ ਕੁਲਵੰਤ ਬਿਨਾਂ ਜਿਹੜਾ ਉਦੋਂ ਕੁਲਵੰਤ ਦਰਦੀ ਹੁੰਦਾ ਸੀ ਅਤੇ ਜਿਸਦੇ ਚਰਚੇ ਯੂਨੀਵਰਸਿਟੀ ਦੇ ਗਲਿਆਰਿਆਂ ਵਿੱਚ ਚੱਲਣ ਲੱਗ ਪਏ ਸਨ। ਜਿਸਦੀ ਕਵਿਤਾ ਅਖਬਾਰਾਂ-ਮੈਗਜ਼ੀਨਾਂ ਤੋਂ ਲੈ ਕੇ ਵੱਡੇ-ਵੱਡੇ ਕਵੀ ਦਰਬਾਰਾਂ ਵਿੱਚ ਵਾਹ-ਵਾਹ ਖੱਟਣ ਲੱਗ ਪਈ ਸੀ। ਕੁਲਵੰਤ ਭਾਜੀ ਉਦੋਂ ਦੀਦੀ ਨੂੰ ਲੰਮੀਆਂ-ਲੰਮੀਆਂ ਚਿੱਠੀਆਂ ਲਿਖਦਾ ਹੁੰਦਾ ਸੀ। ਬੜੀ ਹੀ ਪਿਆਰੀ ਲਿਖਾਈ ਵਿੱਚ। ਉਦੋਂ ਮੈਂ ਅਜੇ ਕੁਲਵੰਤ ਭਾਜੀ ਅਤੇ ਦੀਦੀ ਦੇ ਸਬੰਧਾਂ ਦਾ ਖੁੱਲ੍ਹਕੇ ਵਿਰੋਧ ਸ਼ੁਰੂ ਨਹੀਂ ਸੀ ਕੀਤਾ। ਭਾਜੀ ਮੈਨੂੰ ਵੀ ਮਿਲਣ ਯੂਨੀਵਰਸਿਟੀ ਹੋਸਟਲ ਆ ਜਾਂਦੇ ਸਨ। ਉਹਨਾਂ ਨੇ ਮੈਨੂੰ ਵੀ ਦੋ-ਤਿੰਨ ਚਿੱਠੀਆਂ ਲਿਖੀਆਂ ਸਨ। ਜਿਵੇਂ ਕਵਿਤਾ ਵਿੱਚ ਹੀ ਸਾਰਾ ਸਮਾਜਿਕ ਸੱਚ ਅਤੇ ਮਨੁੱਖ ਦੀ ਉਤਪੱਤੀ ਸਬੰਧੀ ਇਤਿਹਾਸ ਲਿਖ ਦਿੱਤਾ ਹੋਵੇ। ਕਈ-ਕਈ ਵਾਰ ਪੜ੍ਹੀਆਂ ਸਨ ਮੈਂ। ਸੱਚਮੁੱਚ ਇਹਨਾਂ ਸ਼ਬਦਾਂ ਵਿੱਚ ਗੁੰਮ ਗਈ ਸਾਂ। ਮੇਰਾ ਦਿਲ ਤਾਂ ਭਾਜੀ ਕੁਲਵੰਤ ਅਤੇ ਦੀਦੀ ਦੇ ਰਿਸ਼ਤੇ ਦਾ ਖੁੱਲ੍ਹ ਕੇ ਸਮਰਥਨ ਕਰਨ ਨੂੰ ਕਹਿੰਦਾ ਸੀ ਪਰ ਦਿਮਾਗ ਸੁਚੇਤ ਹੋ ਕੇ ਵਿਰੋਧ ਕਰਨ ਲਈ ਕਹਿੰਦਾ ਸੀ। ਮੈਂ ਕੁਲਵੰਤ ਭਾਅ ਜੀ ਦੇ ਸ਼ਬਦਾਂ ਦੇ ਜਾਦੂਮਈ ਜਾਲ ਤੋਂ ਬਾਹਰ ਨਿਕਲਕੇ, ਚਿੱਠੀਆਂ ਪਾੜ

ਕੇ ਡਸਟਬਿੰਨ ਦੇ ਹਵਾਲੇ ਕਰ ਦਿੱਤੀਆਂ ਸਨ ਅਤੇ ਦੀਦੀ ਦਾ ਖੁੱਲ੍ਹਕੇ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਸੀ। ਮੈਂ ਉਦੋਂ ਕੁਲਵੰਤ ਭਾਜੀ ਨੂੰ ਬੜਾ ਸਖ਼ਤ ਖ਼ਤ ਵੀ ਲਿਖਿਆ ਸੀ, "ਭਾਜੀ ਕੁਲਵੰਤ, ਤੁਸੀਂ ਦੀਦੀ ਪਰਮ ਨਾਲ ਜਿਸ ਘਰ ਦੀ ਕਲਪਨਾ ਕਰ ਰਹੇ ਹੋ, ਅਜਿਹੇ ਘਰ ਜਦੋਂ ਢਹਿੰਦੇ ਨੇ ਤਾਂ ਉਸਦਾ ਮਲਬਾ ਢੋਂਹਦਿਆਂ ਹੀ ਸਦੀਆਂ ਲੰਘ ਜਾਂਦੀਆਂ ਹਨ।" ਕਿੰਨੀ ਗਲਤ ਸਾਬਤ ਹੋਈ ਹਾਂ ਮੈਂ ਮਲਬਾ ਤਾਂ ਮੈਂ ਢੋਅ ਰਹੀ ਹਾਂ। ਦੀਦੀ ਪਰਮ ਅਤੇ ਭਾਜੀ ਕੁਲਵੰਤ ਦੇ ਘਰ ਦੀਆਂ ਨੀਹਾਂ ਤਾਂ ਮਜ਼ਬੂਤ ਨੇ।

ਦੀਦੀ ਪਰਮ ਦਾ ਵਿਰੋਧ ਕਰਦਿਆਂ ਤਾਂ ਉਸਦੇ ਅਹਿਸਾਨਾਂ ਨੂੰ ਵੀ ਭੁੱਲ ਗਈ ਸਾਂ। ਉਸਦੀ ਬਦੌਲਤ ਹੀ ਤਾਂ ਮੈਂ ਯੂਨੀਵਰਸਿਟੀ ਆਈ ਸਾਂ। ਮੇਰਾ ਦਾਖ਼ਲਾ ਕਰਵਾਉਣ ਲਈ ਦੀਦੀ ਨੇ ਦਿਨ-ਰਾਤ ਇੱਕ ਕਰੀ ਰੱਖਿਆ ਸੀ। ਉਂਜ ਵੀ ਕਿਸੇ ਦੇ ਅਹਿਸਾਨ ਚੇਤੇ ਹੀ ਕੌਣ ਰੱਖਦਾ ਹੈ? ਆਹ ਗੁਰਸਿਮਰਤ; ਹੈਡ ਸਾਹਬ ਨਾਲ ਸਭ ਤੋਂ ਵੱਧ ਨਫ਼ਰਤ ਕਰਦੀ ਹੈ। ਜਦੋਂ ਗੁਰਸਿਮਰਤ ਦੇ ਮੰਮੀ-ਡੈਡੀ ਦੀ ਸੜਕ ਹਾਦਸੇ ਵਿੱਚ ਮੌਤ ਹੋਈ ਸੀ ਤਾਂ ਇਸੇ ਹੈਡ ਸਾਹਬ ਨੇ 15 ਦਿਨ ਐਡਜਸਟ ਕੀਤਾ ਸੀ। ਬਾਅਦ ਵਿੱਚ ਵੀ ਮਹੀਨਾ ਭਰ ਕਲਾਸ ਨਾ ਲੈਣ ਦਿੱਤੀ। ਇਸਦੀ ਥਾਵੇਂ ਹੈਡ ਸਾਹਿਬ ਖ਼ੁਦ ਕਲਾਸ ਲੈਂਦੇ ਰਹੇ ਸਨ ਪਰ ਹੁਣ ਜਦੋਂ ਵੀ ਕਦੇ ਸਟਾਫ਼ ਵਿੱਚ ਬੈਠਿਆਂ ਹੈਡ ਸਾਹਿਬ ਦੇ ਬਾਰੇ ਗੱਲ ਚੱਲਦੀ ਹੈ ਤਾਂ ਇਹੀ ਗੁਰਸਿਮਰਤ ਸਭ ਤੋਂ ਵੱਧ ਬੋਲਦੀ ਹੈ, "-ਹੈਡ ਸਾਹਿਬ ਦੀ ਜ਼ੁਬਾਨ ਤਾਂ ਸਾਰੀ ਦਿਹਾੜੀ ਠੱਕ-ਠੱਕ ਕਰਦੀ ਰਹਿੰਦੀ ਐ-ਪੜ੍ਹਾਓ-ਪੜ੍ਹਾਓ। ਹੋਰ ਕੋਈ ਇਹਨੂੰ ਗੱਲ ਈ ਨੀ ਆਉਂਦੀ ਚੱਜ ਦੀ। ਪੜ੍ਹਾਉਣ ਨੂੰ ਵੱਢੀ ਰੂਹ ਨੀ ਕਰਦੀ। ਪੜ੍ਹਾਈਏ ਦੱਸੋ ਕੀਹਨੂੰ? ਸਕੂਲ 'ਚ ਚੱਜਦਾ ਜੁਆਕ ਤਾਂ ਕੋਈ ਰਹਿ ਨੀ ਗਿਆ। ਮੈਨੂੰ ਤਾਂ ਸਗੋਂ ਸੁਗ ਜਹੀ ਆਉਂਦੀ ਹਿੰਦੀ। ਹੁਣ ਮਾਰੀ ਚੱਲੋ ਮੱਥਾ ਇਹਨਾਂ ਕੀੜਿਆਂ-ਮਕੌੜਿਆਂ ਨਾਲ। ਪੜ੍ਹਾ-ਪੜ੍ਹਾ ਕੇ ਬਣਾ ਦਿਉ ਅਫ਼ਸਰ ਇਹਨਾਂ ਨੂੰ ਅਪਣੇ ਹੈਡ ਸਾਹਿਬ ਆਗੂੰ ਸਾਡੇ ਉੱਪਰ ਹੀ ਠੱਕ-ਠੱਕ ਕਰਨ ਵਾਸਤੇ।"

ਕੋਈ ਨਾ ਕੋਈ ਗੱਲ ਤਾਂ ਘਰੇ ਵੀ ਵਿਚਕਾਰ ਆ ਖੜ੍ਹਦੀ ਹੈ, "ਪਰਮੀਤ ਅਸੀਂ ਤਾਂ ਚੂੜ੍ਹੇ-ਚਮਾਰਾਂ ਨੂੰ ਘਰ ਦੇ ਨੇੜੇ ਨੀ ਫਟਕਣ ਦਿੰਦੇ......ਤੇਰੀ ਦੀਦੀ ਪਤਾ ਨਹੀਂ ਕਿਵੇਂ? ਕੁਲਵੰਤ ਦੇ ਰਿਸ਼ਤੇਦਾਰ ਵੀ ਤਾਂ ਆਉਂਦੇ ਈ ਹੋਣਗੇ, ਉਹਨਾਂ ਤੋਂ ਸੁਗ ਨਹੀਂ ਆਉਂਦੀ?" ਹਰਜੀਤ ਦੀ ਮਾਨਸੇ ਵੱਲ ਵਿਆਹੀ ਭੈਣ, ਜਿਸਦਾ ਘਰ ਵਾਲਾ ਫੱਕਾ-ਫੱਕਾ ਤੰਮਾਕੂ ਖਾਂਦਾ ਹੈ ਅਤੇ ਜਿਸਦੀਆਂ ਲਾਰਾਂ ਜਿਹੀਆਂ ਵਗਦੀਆਂ ਰਹਿੰਦੀਆਂ ਹਨ, ਨੇ ਇੱਕ ਵਾਰ ਆਖਿਆ ਸੀ। ਮੇਰਾ ਜੀਅ ਤਾਂ ਕੀਤਾ ਸੀ ਕਿ ਆਖਾਂ, "ਤੈਨੂੰ ਅਪਣੇ ਘਰ ਵਾਲੇ ਤੋਂ ਸੁਗ ਨੀ ਆਉਂਦੀ?" ਪਰ ਰਿਸ਼ਤਿਆਂ ਦੀ ਜਕੜਨ ਵਿੱਚ ਘਿਰੀ ਮੈਂ ਕੁੱਝ ਬੋਲ ਨਹੀਂ ਸਾਂ ਸਕੀ।

ਹਰਜੀਤ ਦੀ ਵੱਡੀ ਭੈਣ ਪ੍ਰਕਾਸ਼ ਜਿਸਦਾ ਖ਼ੁਦ ਦੋ ਵਾਰ ਤਲਾਕ ਹੋ ਚੁੱਕਾ ਹੈ ਤੇ ਹੁਣ ਤੀਜੀ ਥਾਵੇਂ ਬੈਠੀ ਮਹਾਂਭਾਰਤ ਛੇੜੀ ਬੈਠੀ ਹੈ, ਗੱਲਾਂ-ਗੱਲਾਂ ਵਿੱਚ ਇੱਕ ਦਿਨ ਕਹਿ ਰਹੀ ਸੀ,

-ਪਰਮੀਤ, ਤੇਰੀ ਭੈਣ ਅਤੇ ਕੁਲਵੰਤ ਦੀ ਜ਼ਿਆਦਾ ਦੇਰ ਤੱਕ ਨਿੱਭਣੀ ਨੀ...। ਅਜਿਹੇ ਰਿਸ਼ਤੇ ਜ਼ਿਆਦਾ ਦੇਰ ਚੱਲਦੇ ਨੀ ਹੁੰਦੇ।" ਮੈਂ ਉਸਦੇ ਮੂੰਹ ਵੱਲ ਦੇਖਦੀ ਹੀ ਰਹਿ ਗਈ ਸਾਂ। ਕਿੰਨੀ ਵੱਡੀ ਗੱਲ ਕਿੰਨੀ ਸਹਿਜਤਾ ਨਾਲ ਆਖ ਦਿੱਤੀ ਸੀ। ਮੇਰਾ ਜੀਅ ਕੀਤਾ ਉਸਨੂੰ



ਕਰਾਰਾ ਜਿਹਾ ਜੁਆਬ ਦੇਵਾਂ ਕਿ ਜੇ ਨਾ ਨਿਭੀ ਤਾਂ ਤੇਰੇ ਵਾਂਗੂੰ ਦੂਜਾ, ਫੇਰ ਤੀਜਾ ਵਿਆਹ ਕਰਵਾ ਲਊ, ਪਰ ਦਿਮਾਗ ਕਈ ਕੁੱਝ ਸੋਚ ਗਿਆ। ਕਦੇ ਅਸੀਂ ਵੀ ਤਾਂ ਸੋਚਦੇ ਸਾਂ ਕਿ ਮਸੀਂ ਸਾਲ ਕੁ ਚੱਲੇਗਾ ਦੀਦੀ ਦਾ ਘਰ। ਟੁੱਟ ਜਾਣਗੇ ਦੇਖੇ.....।

ਪਰ ਦੂਸਰੇ ਪਾਸੇ ਅਸੀਂ ਹਾਂ......ਮੈਂ ਅਤੇ ਹਰਜੀਤ......ਅਸੀਂ ਭਲਾ ਜੁੜੇ ਹੀ ਕਦੋਂ ਸਾਂ?

ਬੱਸ ਇਸੇ ਤਰ੍ਹਾਂ ਹੀ ਸੋਚਦੇ ਨੇ ਬਹੁਤ ਸਾਰੇ ਲੋਕ। ਹੈਡ ਸਾਹਿਬ ਸੁਰਿੰਦਰ ਸਿੰਘ ਬਾਰੇ ਵੀ ਇੰਜ ਹੀ ਸੋਚਦੇ ਸਨ ਜਦੋਂ ਉਹ ਪਦ-ਉਨਤ ਹੋ ਕੇ ਨਵੇਂ-ਨਵੇਂ ਇਸ ਸਕੂਲ ਵਿੱਚ ਆਏ ਸਨ। ਉਦੋਂ ਪਵਿੱਤਰ, ਗੁਰਸਿਮਰਤ ਅਤੇ ਢੰਡ ਵਰਗਿਆਂ ਨੇ ਕਿਹਾ ਸੀ;

-ਅਫ਼ਸਰੀ ਕਰਨੀ ਇਹਦੇ ਵੱਸ ਦਾ ਰੋਗ ਨੀ......ਅਫ਼ਸਰੀ ਤਾਂ ਕੋਈ ਧੱਕੜ ਜੱਟ ਈ ਕਰ ਸਕਦਾ। ਐਵੇਂ ਹਾਰੀ-ਸਾਰੀ ਜਾਤ ਅਫ਼ਸਰ ਬਣੀ ਤੁਰੀ ਜਾਂਦੀ ਐ.....। ਮਸਾਂ ਨਾਲ ਖੇਡ ਕੱਟੂ- ਛੱਡ ਕੇ ਭੱਜ ਜੂ.....।" ਪਰ ਮੇਰੇ ਵਾਂਗੂੰ ਇਹ ਜੁੰਡਲੀ ਵੀ ਗਲਤ ਸਾਬਿਤ ਹੋਈ ਐ। ਹੈਡ ਸਾਹਿਬ ਛੱਡ ਕੇ ਕਿਧਰੇ ਨਹੀਂ ਭੱਜਿਆ। ਚਾਰ ਸਾਲ ਹੋਗੇ, ਜੁੰਡਲੀ ਦੀ ਵਿਰੋਧਤਾ ਦੇ ਬਾਵਜੂਦ ਹੈਡ ਸਾਹਿਬ ਦੀ ਅਫ਼ਸਰੀ ਚੱਲੀ ਜਾਂਦੀ ਹੈ। ਜੁੰਡਲੀ ਦਾ ਵੱਸ ਨਹੀਂ ਚੱਲਦਾ। ਸੜਦੀ-ਕੁੜਿਝਦੀ ਰਹਿੰਦੀ ਹੈ ਅੰਦਰੋ-ਅੰਦਰ।

-ਰੀਜ਼ਰਵੇਸ਼ਨ ਨੇ ਤਾਂ ਮੁਲਕ ਦਾ ਸਤਿਆਨਾਸ ਕਰਕੇ ਰੱਖਤਾ। ਯੋਗਤਾ ਕੋਈ ਦੇਖਦਾ ਈ ਨਹੀਂ.......ਬੱਸ ਕੂੜ੍ਹ-ਕਬਾੜ੍ਹ ਨੂੰ ਚੁੱਕ-ਚੁੱਕ ਕੁਰਸੀਆਂ 'ਤੇ ਬਹਾਈ ਜਾਂਦੇ।" ਹੈਡ ਸਾਹਿਬ ਵਰਗੇ ਜੁੰਡਲੀ ਦਾ ਮੂੰਹ-ਤੋੜ ਜੁਆਬ ਪਤਾ ਨਹੀਂ ਕਿਉਂ ਨਹੀਂ ਦਿੰਦੇ। ਮੈਨੂੰ ਯਾਦ ਹੈ, ਯੂਨੀਵਰਸਿਟੀ ਵਿੱਚ ਇੱਕ ਵਾਰ "ਯੋਗਤਾ ਬਨਾਮ ਰਾਖਵਾਂਕਰਨ" ਵਿਸ਼ੇ 'ਤੇ ਡੀਬੇਟ ਹੋਈ ਸੀ। ਉਦੋਂ ਭਗਵੰਤ ਨਾਂ ਦੇ ਮੁੰਡੇ ਨੇ ਬੜਾ ਕਰਾਰਾ ਜੁਆਬ ਦਿੱਤਾ ਸੀ,

-ਜਦੋਂ ਰਮਾਇਣ ਲਿਖਣ ਦੀ ਲੋੜ ਪਈ ਬਾਲਮੀਕ ਅੱਗੇ ਆਇਆ। ਮਹਾਂਭਾਰਤ ਵਾਸਤੇ ਵੀ ਗੈਰ-ਸਵਰਨ ਵੇਦ-ਵਿਆਸ ਤੋਂ ਬਿਨਾਂ ਗੱਲ ਨਾ ਬਣੀ, ਤੇ ਜੇਕਰ ਸੰਵਿਧਾਨ ਲਿਖਣ ਦੀ ਲੋੜ ਪਈ.....ਫੇਰ ਏਹੀ ਲੋਕ ਕੰਮ ਆਏ....ਦੱਸੋ ਯੋਗਤਾ ਸਿੱਧ ਕਰਨ ਦੀ ਲੋੜ ਅਜੇ ਬਾਕੀ ਐ?" ਉਸਦੀਆਂ ਕਾਟਵੀਆਂ ਦਲੀਲਾਂ ਦਾ ਜੁਆਬ ਕਿਸੇ ਨੂੰ ਨਹੀਂ ਸੀ ਅਹੁੜਿਆ। ਬੱਸ ਐਵੇਂ ਇੱਧਰ-ਉੱਧਰ ਦੀਆਂ ਮਾਰਦੇ ਰਹੇ ਸਨ।

ਜੁਆਬ ਤਾਂ ਮੇਰੀਆਂ ਦਲੀਲਾਂ ਦਾ ਵੀ ਪਵਿੱਤਰ-ਢੰਡ ਜੁੰਡਲੀ ਕੋਲ ਨਹੀਂ ਹੁੰਦਾ। ਇਸ ਜੁੰਡਲੀ ਦੀ ਯੋਗਤਾ ਬੋਰਡ ਦੀਆਂ ਕਲਾਸਾਂ ਦੇ ਨਤੀਜੇ ਹੀ ਦੱਸ ਦਿੰਦੇ ਨੇ। ਇਸਦੇ ਬਾਵਜੂਦ ਸ਼ਰਮ ਨਾਂ ਦੀ ਚੀਜ਼ ਇਹਨਾਂ ਦੇ ਕੋਲ ਦੀ ਨਹੀਂ ਲੰਘਦੀ, ਸਗੋਂ-"ਸਰਕਾਰ ਨੇ ਪਾਸ ਹੋਣ ਲਈ 33 ਫੀਸਦੀ ਨੰਬਰਾਂ ਦੀ ਸ਼ਰਤ ਰੱਖੀ ਐ, ਸਾਡੇ ਤਾਂ ਫੇਰ ਪੰਜਤਾਲੀ ਫੀਸਦੀ ਐ.....।" ਆਖਦੇ ਹਿੜ-ਹਿੜ ਕਰਕੇ ਹੱਸਦੇ ਰਹਿੰਦੇ ਨੇ। ਮੈਂ ਕਈ ਵਾਰ ਕਰਾਰੀ-ਕਰਾਰੀ ਸੁਣਾ ਦਿੰਦੀ ਹਾਂ,

-ਪਿੰਡ ਦਾ ਪਤਾ ਤਾਂ ਗੋਰ੍ਹਿਆਂ ਤੋਂ ਲੱਗ ਜਾਂਦਾ। ਤੁਸੀਂ ਹੈਡ ਸਾਹਿਬ ਵਰਗਿਆਂ ਦੀ ਯੋਗਤਾ ਪਰਖਦੇ ਓ......ਤੁਹਾਡੀ ਯੋਗਤਾ ਤਾਂ ਪਰਖਣ ਦੀ ਵੀ ਲੋੜ ਨੀ......ਸਾਹਮਣੇ ਕੰਧ 'ਤੇ

ਲਿਖੀ ਸਾਫ਼ ਪੜ੍ਹੀ ਜਾਂਦੀ ਐ।" ਮੇਰੀ ਸੁਣ ਕੇ ਪਵਿੱਤਰ ਨੂੰ ਮਿਰਚਾਂ ਲੜ ਜਾਂਦੀਆਂ ਹਨ। ਗਾਤਰੇ ਨੂੰ ਵਾਰ-ਵਾਰ ਠੀਕ ਕਰਦੀ ਉਹ ਮੂੰਹੋਂ ਝੱਗ ਸੁੱਟਣ ਲੱਗਦੀ ਹੈ।

-ਤੈਨੂੰ ਤਾਂ ਖਾਸੀ ਹਮਦਰਦੀ ਐ.... ਮੇਰਾ ਵੱਸ ਚੱਲੇ ਤਾਂ ਏਹਨਾਂ ਨੂੰ ਚੁੱਕ ਕੇ ਸਕੂਲੋਂ ਬਾਹਰ ਮਾਰਾਂ। ਸਾਰੀਆਂ ਵਿੰਗੀਆਂ-ਟੇਢੀਆਂ ਜਾਤਾਂ ਸਕੂਲ 'ਤੇ ਕਬਜ਼ਾ ਕਰੀ ਬੈਠੀਆਂ....।"

......ਸਕੂਲੋਂ ਈ ਕਿਉਂ, ਦੇਸ਼ੋਂ ਈ ਬਾਹਰ ਕੱਢ ਮਾਰੋ। ਉਂਜ ਗੁਰੂ ਦੀਏ ਲਾਡਲੀਏ ਫ਼ੌਜੇ, ਤੇਰਾ ਵੱਸ ਚੱਲਣਾ ਕਦੋਂ ਨ੍ਹੀ।" ਮੇਰੇ ਵਾਰ ਨਾਲ ਉਹ ਤਿਲਮਿਲਾ ਉੱਠਦੀ ਹੈ।

-ਅਸਲ ਵਿੱਚ ਤੇਰੇ ਵਰਗੀਆਂ ਕਾਲੀਆਂ ਭੇਡਾਂ ਹੀ ਸਾਡੀ ਕੌਮ ਦਾ ਕੁਛ ਬਨਣ ਨਹੀਂ ਦਿੰਦੀਆਂ। ਇਤਿਹਾਸ ਗਵਾਹ ਹੈ, ਜਦੋਂ-ਜਦੋਂ ਵੀ ਸਿੱਖ ਕੌਮ ਦਾ ਰਾਜ ਗਵਾਚਾ, ਉਹਦੇ ਅਪਣੇ ਗੱਦਾਰਾਂ ਕਰਕੇ ਈ ਗਵਾਚਾ। ਤੇਰੇ ਅੰਦਰ ਤਾਂ ਅਪਣੀ ਕੌਮ ਦਾ ਦਰਦ ਈ ਹੈਨੀ.....।" ਪਵਿੱਤਰ ਜਦੋਂ ਲਾਲ-ਪੀਲੀ ਹੁੰਦੀ ਸੀ ਅਪਣੇ ਗਾਤਰੇ ਨੂੰ ਬੜੀ ਤੇਜ਼ੀ ਨਾਲ ਅੱਗੇ-ਪਿੱਛੇ ਕਰਨ ਲੱਗਦੀ ਸੀ। ਉਸਦੀ "ਅਪਣੀ ਕੌਮ ਦਾ ਦਰਦ" ਵਾਲੀ ਗੱਲ ਤੋਂ ਮੈਨੂੰ ਹਾਸਾ ਆਉਣ ਲੱਗਾ ਸੀ ਪਰ ਮੈਂ ਰੋਕ ਲਿਆ ਸੀ। ਕੌਮ ਦਾ ਅਜਿਹਾ ਦਰਦ ਪਵਿਤਰ ਵਰਗੇ ਕਈ ਦਰਦਮੰਦਾਂ ਦੇ ਅੰਦਰ ਭਰਿਆ ਪਿਆ ਹੈ। ਪਹਿਲੇ ਹੈਡਮਾਸਟਰ ਜਰਨੈਲ ਸਿੰਘ ਦੇ ਅੰਦਰ ਵੀ ਕੌਮ ਦਾ ਅਜਿਹਾ ਦਰਦ ਠਾਠਾਂ ਮਾਰਦਾ ਰਹਿੰਦਾ ਸੀ। ਉਹ ਮੈਨੂੰ ਅਕਸਰ ਆਖਦਾ,

-ਤੂੰ ਸਾਡੀ ਆਵਦੀ ਕੁੜੀ ਏਂ.....ਆਹ ਵੇਖ ਤੇਰੀ ਏ ਸੀ ਆਰ, ਆਊਟ ਸਟੇਡਿੰਗ ਲਿਖੀ ਐ। ਸਾਰਿਆਂ ਨਾਲੋਂ ਵਧੀਆ। ਆਹ ਗੁਰਦੀਸ਼ ਅਤੇ ਪ੍ਰਵੀਨ ਬਾਲਾ ਦੀ ਵੀ ਵੇਖ ਲੈ, ਔਸਤ ਭਰੀ ਐ। ਮੇਰੇ ਅੰਦਰ ਤਾਂ ਕੌਮ ਦਾ ਦਰਦ ਐ, ਇਸੇ ਕਰਕੇ ਮੈਂ ਤਾਂ ਪੱਕਾ ਅਸੂਲ ਬਣਾਇਆ ਹੋਇਆ 'ਅਪਣੇ ਬੰਦਿਆਂ' ਦੀ ਗੁਪਤ ਰਿਪੋਰਟ ਉੱਤਮ ਹੀ ਲਿਖਣੀ ਐ, ਕਰਮਚਾਰੀ ਭਾਵੇਂ ਕਿੰਨਾ ਵੀ ਨਿਕੰਮਾ ਕਿਉਂ ਨਾ ਹੋਵੇ। ਆਹ ਤੀਜੇ-ਚੌਥੇ ਪੌੜੇ ਵਾਲਿਆਂ ਦੀ ਤਾਂ ਔਸਤ ਤੋਂ ਵੱਧ ਨੀ ਭੇਜਦਾ।" ਉਦੋਂ ਵੀ ਮੈਨੂੰ ਹੈਡਮਾਸਟਰ ਜਰਨੈਲ ਸਿੰਘ ਦੀ ਗੱਲ 'ਤੇ ਅੰਦਰੇ-ਅੰਦਰ ਹਾਸਾ ਹੀ ਆਇਆ ਸੀ। ਉਂਜ ਵੀ ਅਜਿਹੇ ਲੋਕਾਂ 'ਤੇ ਹੱਸਿਆ ਜਾ ਸਕਦਾ ਜਾਂ ਤਰਸ ਕੀਤਾ ਜਾ ਸਕਦਾ। ਕਿੰਨੇ ਖੋਖਲੇ ਨੇ ਅੰਦਰੋਂ ਇਹ ਲੋਕ। ਬਿਲਕੁੱਲ ਹਰਜੀਤ ਅਤੇ ਉਸਦੇ ਟੱਬਰ ਵਾਂਗ। ਦਿਖਾਵੇ ਵਾਸਤੇ ਕਿੰਨੇ ਅਡੰਬਰ ਕਰਦੇ ਨੇ। ਗੁਰਦੁਆਰੇ ਦੀ ਸਰਦਲ ਹੀ ਘਸਾ ਦਿੰਦੇ ਨੇ ਮੱਥਾ ਰਗੜ-ਰਗੜ ਕੇ। ਬਾਹਰੋਂ ਧਰਮੀ ਪੁਰਸ਼ ਹੋਣ ਦਾ ਢੌਂਗ ਰਚਦੇ ਨੇ ਪਰ ਅੰਦਰੋਂ ਤਾਂ ਭਰੇ ਪਏ ਨੇ ਜਾਤੀਵਾਦ ਦੀ ਜ਼ਹਿਰ ਨਾਲ। ਇਹ ਲੱਖ ਦਬਾਉਣ ਪਰ ਇਹ ਜ਼ਹਿਰ ਮੱਲੋ-ਮੱਲੀ ਇਹਨਾਂ ਦੇ ਦਿਮਾਗਾਂ 'ਚੋਂ ਬਾਹਰ ਵੀ ਆ ਹੀ ਜਾਂਦੀ ਹੈ।

ਉਦੋਂ ਓਂਕਮ ਮੇਰੇ ਕੋਲ ਦੋ ਕੁ ਮਹੀਨੇ ਦਾ ਸੀ। ਉਸਦੇ ਜਨਮ ਸੰਬੰਧੀ ਪਾਰਟੀ ਕੀਤੀ ਸੀ। ਸ਼ਰਮੋ-ਸ਼ਰਮੀ ਹਰਜੀਤ ਨੇ, ਕੁਲਵੰਤ ਭਾਜੀ ਅਤੇ ਦੀਦੀ ਨੂੰ ਵੀ ਬੁਲਾ ਲਿਆ ਸੀ। ਹਰਜੀਤ ਅਪਣੇ ਯਾਰਾਂ ਦੋਸਤਾਂ ਵਿੱਚ ਹੀ ਮਸਤ ਰਿਹਾ ਸੀ। ਕੁਲਵੰਤ ਭਾਜੀ ਓਪਰਿਆਂ ਵਾਂਗ ਚੁੱਪ-ਚਾਪ ਬੈਠੇ ਰਹੇ ਸਨ ਕੋਲ। ਰਾਤ ਤਾਂ ਜਿਵੇਂ ਕਿਵੇਂ ਕੱਢ ਲਈ ਸੀ ਪਰ ਦਿਨ ਚੜ੍ਹਦਿਆਂ ਹੀ ਭਾਜੀ ਕੁਲਵੰਤ ਨੇ ਮੇਰੇ ਕੋਲ ਗਿਲਾ ਕੀਤਾ ਸੀ,



-ਹਰਜੀਤ ਤਾਂ ਆਵਦੇ ਹਮ-ਪੇਸ਼ਾ ਯਾਰਾਂ-ਬਾਸਾਂ ਨਾਲ ਹੀ ਧੱਕੜ ਮਾਰਦਾ ਰਿਹਾ। ਦਾਰੂ ਪੀਂਦੇ ਰਹੇ ਸਾਰੇ, ਮੈਨੂੰ ਤਾਂ ਪੁੱਛਿਆ ਤੱਕ ਨਹੀਂ। ਮੇਰੀ ਜਾਣ-ਪਛਾਣ ਤੱਕ ਨੀ ਕਰਾਈ। ਮੈਂ ਕੀ ਲੈਣ ਆਉਣਾ ਸੀ ਇੱਥੇ ?"

-ਮੈਨੂੰ ਰਾਤ ਹੀ ਕਿਉਂ ਨਹੀਂ ਦੱਸਿਆ। ਤੂੰ ਰਾਤ ਕਿਵੇਂ ਕੱਟਲੀ ? ਮੈਂ ਤਾਂ ਇਸ ਘਰ ਵਿੱਚ ਇੱਕ ਮਿੰਟ ਵੀ ਨਹੀਂ ਸੀ ਰੁਕਣਾ।" ਦੀਦੀ ਗੁੱਸਾ ਖਲੇਤੀ ਸੀ। ਆਏ ਰਿਸ਼ਤੇਦਾਰ ਅਜੇ ਘਰ ਹੀ ਸਨ। ਦੀਦੀ ਦਾ ਭੰਜੂ ਪਾਉਣਾ ਬੁਰਾ ਹੋ ਸਕਦਾ ਸੀ ਪਰ ਮੈਨੂੰ ਉੱਕਾ ਬੁਰਾ ਨਹੀਂ ਸੀ ਲੱਗਾ। ਮਿੰਟਾਂ ਵਿੱਚ ਹੀ ਦੀਦੀ ਸਮਾਨ ਲਪੇਟ ਕੇ ਚਲੇ ਗਏ ਸਨ। ਮੈਂ ਵੀ ਰੋਕਿਆ ਨਹੀਂ ਸੀ। ਮੈਨੂੰ ਤਾਂ ਸਗੋਂ ਸੰਤੁਸ਼ਟੀ ਦਾ ਅਹਿਸਾਸ ਹੋਇਆ ਸੀ ਜਿਵੇਂ ਦੀਦੀ ਨੇ ਹਰਜੀਤ ਦੇ ਸਾਰੇ ਟੱਬਰ ਦੇ ਮੂੰਹ 'ਤੇ ਕਰਾਰੀ ਚਪੇੜ ਜੜ੍ਹ ਦਿੱਤੀ ਹੋਵੇ।

ਮੈਂ ਤਾਂ ਅਕਸਰ ਚਾਹੁੰਦੀ ਹਾਂ ਅਜਿਹੇ ਸਾਰੇ ਲੋਕਾਂ ਦੇ ਮੂੰਹ 'ਤੇ ਕਰਾਰੀ ਚਪੇੜ ਵੱਜਦੀ ਰਹੇ। ਉਂਜ ਮੈਨੂੰ ਉਦੋਂ ਦੁੱਖ ਹੁੰਦਾ ਹੈ ਜਦੋਂ ਹੈਡਮਾਸਟਰ ਸਾਹਿਬ ਮੇਰੇ ਪ੍ਰਤੀ ਵੀ ਉਹੋ ਜਿਹਾ ਵਤੀਰਾ ਅਪਣਾਉਂਦੇ ਨੇ ਜਿਹੋ ਜਿਹਾ ਢੱਡ, ਪਵਿੱਤਰ ਅਤੇ ਗੁਰਸਿਮਰਤ ਵਰਗੇ ਅਧਿਆਪਕਾਂ ਪ੍ਰਤੀ। ਦਰਅਸਲ ਲਗਾਤਾਰ ਹੁੰਦੇ ਵਿਤਕਰੇ ਨੇ ਉਹਨਾਂ ਅੰਦਰੋਂ ਦੋਸਤ-ਦੁਸ਼ਮਣ ਦੀ ਪਹਿਚਾਣ ਹੀ ਖ਼ਤਮ ਕਰ ਦਿੱਤੀ ਹੈ। ਮੈਂ ਉਹਨਾਂ ਦੇ ਅਜਿਹੇ ਵਤੀਰੇ 'ਤੇ ਇਤਰਾਜ਼ ਵੀ ਕੀਤਾ ਸੀ,

-ਸਰ ਮੇਰੇ ਨਾਲ ਤੁਹਾਡਾ ਅਜਿਹਾ ਬੀਹੇਵ ਮੈਨੂੰ ਟੀਜ਼ ਕਰਦਾ ਹੈ। ਪਲੀਜ਼ ਬੀਹੇਵ ਸਿਨਸੀਅਰਲੀ......ਲਾਈਕ ਯੋਅਰ ਫੈਮਲੀ ਮੈਂਬਰ।"

ਹੈਡ ਸਾਹਿਬ ਕਿੰਨਾ ਚਿਰ ਸੋਚਦੇ ਰਹੇ ਸਨ।

- ਜਾਤੀਵਾਦ ਤੁਹਾਡੀ ਮਾਨਸਿਕਤਾ ਦੇ ਧੁਰ ਅੰਦਰ ਤੱਕ ਘੁੱਸ ਗਿਆ ਹੈ। ਤੁਸੀਂ ਚਾਹੁੰਦੇ ਹੋਏ ਵੀ ਬਰਦਾਸ਼ਤ ਨਹੀਂ ਕਰ ਸਕਦੇ, ਮੇਰੇ ਜਿਹਿਆਂ ਨੂੰ। ਮੈਂ ਤੁਹਾਨੂੰ ਇਨਸਾਨ ਨਹੀਂ, ਇੱਕ ਅਛੂਤ ਹੀ ਨਜ਼ਰ ਆਉਂਦਾ ਹਾਂ। ਮੇਰੇ ਵਿੱਚੋਂ ਤੁਹਾਨੂੰ ਮੇਰੀ ਅਫ਼ਸਰੀ ਨਹੀਂ, ਮੇਰੀ ਜਾਤ ਹੀ ਨਜ਼ਰ ਆਉਂਦੀ।" ਹੈਡ ਸਾਹਿਬ ਦੀ ਇਸ ਗੱਲ ਵਿੱਚ ਬੜਾ ਵੱਡਾ ਸੱਚ ਹੈ। ਜਾਤੀਵਾਦ ਨਾਲ ਭਰੇ ਅਧਿਆਪਕ ਉਸਦਾ ਹੁਕਮ ਨਹੀਂ ਮੰਨਦੇ। ਅਫ਼ਰਾ-ਤਫ਼ਰੀ ਜਿਹੀ ਮਚਾਈ ਰੱਖਦੇ ਨੇ ਸਕੂਲ ਵਿੱਚ। ਸਕੂਲ ਵਿੱਚ ਹੀ ਕਿਉਂ ਅਜਿਹੇ ਲੋਕ ਤਾਂ ਸਮਾਜ ਵਿੱਚ ਹੀ ਅਫ਼ਰਾ ਤਫ਼ਰੀ ਮਚਾਈ ਰੱਖਦੇ ਨੇ। ਕਈ ਵਾਰ ਤਾਂ ਢੱਡ ਵਰਗਿਆਂ ਦੀ ਹਰਕਤ ਸਹਿਣਯੋਗ ਨਹੀਂ ਹੁੰਦੀ ਪਰ ਕੋਈ ਬੋਲਦਾ ਹੀ ਨਹੀਂ। ਜੁੰਡਲੀ ਦੀਆਂ ਗਲਤ ਹਰਕਤਾਂ ਦੇ ਬਾਵਜੂਦ ਹੈਡ ਸਾਹਿਬ ਚੁੱਪ ਕਰ ਰਹਿੰਦੇ ਨੇ। ਹੈਡ ਸਾਹਿਬ ਹੀ ਕਿਉਂ ਭੈਣ ਜੀ ਨਿਰਮਲ, ਗੁਰਦੀਸ਼, ਪ੍ਰਵੀਨ ਬਾਲਾ, ਮਾਸਟਰ ਦਿਆਲ ਸਿੰਘ ਅਤੇ ਗੁਰਨੇਕ ਸਿੰਘ ਵਰਗੇ ਵੀ ਚੱਲ ਹੋ ਤੂੰ ਪਰ੍ਹੇ ਕਰੀ ਰੱਖਦੇ ਨੇ।

ਮੈਨੂੰ ਵੀ ਦੀਦੀ ਪਰਮ ਵੱਲੋਂ ਰਮਦਾਸੀਆਂ ਦੇ ਮੁੰਡੇ ਨਾਲ ਵਿਆਹ ਕਰਵਾ ਲੈਣ ਦੀ ਗੱਲ ਵਾਰ-ਵਾਰ ਸੁਣਾਈ ਜਾਂਦੀ ਹੈ। ਉਦੋਂ ਮੈਂ ਪੀਤ-ਪੀਤ ਹੋ ਜਾਂਦੀ ਹਾਂ। ਸੋਚਦੀ ਹਾਂ, ਜਿਹੜੇ ਲੋਕ ਸਦੀਆਂ ਤੋਂ ਅਜਿਹੀਆਂ ਗੱਲਾਂ ਸੁਣਦੇ ਆ ਰਹੇ ਨੇ, ਉਹ ਕਿੰਨਾ ਦੁੱਖ ਹੰਢਾਉਂਦੇ ਹੋਣਗੇ। ਜਦੋਂ ਘਰ ਵਿੱਚ ਹੀ ਅਜਿਹਾ ਵਾਪਰਦਾ ਹੈ, ਜੀਅ ਕਰਦਾ ਚੀਕ ਮਾਰਾਂ। ਐਨੀ ਲੰਬੀ ਤੇ ਉੱਚੀ ਕਿ

ਘਰ ਦੀਆਂ ਸਾਰੀਆਂ ਫੱਟਾਂ ਹੋ ਉੱਡ ਜਾਣ। ਕੰਧਾਂ ਪਾਟ ਕੇ ਡਿੱਗ ਪੈਣ ਅਤੇ ਮੈਂ ਇਸ ਘਰ ਦੀ ਕੈਦ ਤੋਂ ਮੁਕਤ ਹੋ ਕੇ ਖੁੱਲ੍ਹੇ ਅੰਬਰ ਵਿੱਚ ਸਾਹ ਲੈਣ ਲੱਗ ਪਵਾਂ।

ਵਾਹ ਲੱਗਦੀ ਤਾਂ ਮੈਂ ਚੁੱਪ ਰਹਿੰਦੀ ਹਾਂ ਪਰ ਜਦੋਂ ਇਹ ਟੱਬਰ ਜ਼ਿਆਦਾ ਹੀ ਸਿਰ ਆ ਜਾਵੇ, ਉਦੋਂ ਮੈਨੂੰ ਚੀਕ ਮਾਰਨ ਦੀ ਲੋੜ ਪੈ ਹੀ ਜਾਂਦੀ ਹੈ। ਉਦੋਂ ਮੇਰੀ ਚੀਕ ਦੀ ਗਰਜਣਾ ਨਾਲ ਹਰਜੀਤ ਸਮੇਤ ਸਾਰਾ ਟੱਬਰ ਛਾਂਈਂ-ਮਾਂਈਂ ਹੋ ਜਾਂਦਾ ਹੈ।

ਚੀਕ ਤਾਂ ਮੈਂ ਬਚਪਨ ਵਿੱਚ ਵੀ ਸੁਣੀ ਸੀ। ਉਦੋਂ ਮਾਂ ਨਾਲ ਰੋਜ਼ਾਨਾ ਗੁਰਦੁਆਰੇ ਸੇਵਾ ਕਰਨ ਜਾਂਦੀ ਹੁੰਦੀ ਸੀ। ਮਜ਼੍ਹਬੀਆਂ ਦੇ ਵਿਹੜੇ ਦੀ ਅੰਮ੍ਰਿਤਧਾਰੀ ਮਹਿੰਦਰੋ ਵੀ ਗੁਰਦੁਆਰੇ ਸੇਵਾ ਕਰਨ ਆਉਂਦੀ ਸੀ। ਮਹਿੰਦਰੋ ਨੂੰ ਲੰਗਰ ਵਿੱਚ ਫਿਰਦਿਆਂ ਵੇਖ ਮਾਂ ਸਮੇਤ ਕਈ ਬੁੜੀਆਂ ਨੱਕ-ਬੁੱਲ੍ਹ ਟੇਰਦੀਆਂ। ਉਸਨੂੰ ਕਿਸੇ ਨਾ ਕਿਸੇ ਬਹਾਨੇ ਸਫ਼ਾਈ ਕਰਨ ਜਾਂ ਚੁੱਲ੍ਹੇ ਵਿੱਚ ਬਾਲਣ ਡਾਹੁਣ ਲਾਈ ਰੱਖਦੀਆਂ। ਜੇ ਕਿਧਰੇ ਮਹਿੰਦਰੋ ਆਟਾ ਗੁੰਨਣ ਲਈ ਪਰਾਤ ਚੁੱਕਦੀ ਤਾਂ ਉਸਤੋਂ ਪਰਾਤ ਫੜ ਲੈਂਦੀਆਂ। ਮਹਿੰਦਰੋ ਕਿੰਨਾ ਹੀ ਚਿਰ ਇਸ ਵਿਤਕਰੇ ਨੂੰ ਅੰਦਰੋ-ਅੰਦਰ ਪੀਂਦੀ ਰਹੀ। ਇੱਕ ਦਿਨ ਜਦੋਂ ਮਾਂ ਨੇ ਉਸਦੇ ਹੱਥੋਂ ਆਟੇ ਵਾਲੀ ਪਰਾਤ ਫੜੀ, ਉਹ ਸ਼ੇਰਨੀ ਵਾਂਗ ਬਿਫ਼ਰ ਪਈ ਸੀ।

—ਨੀ ਵੱਢਿਓ ਸਿੰਘਣੀਓ......ਸ਼ਰਮ ਕਰੋ ਨੀ ਕੁਛ ਤਾਂ ......ਗੁਰੂ ਮਾਰ੍ਹਾਜ ਦਾ ਭੈਅ ਖਾਉ। ਤੁਸੀਂ ਤਾਂ ਗੁਰਦੁਆਰੇ ਆ ਕੇ ਵੀ ਸੁੱਚ-ਭਿੱਟ ਨੀ ਛੱਡਦੀਆਂ। ਥੋਡੇ ਅੰਦਰੋਂ ਮੈਲ ਜਾਂਦੀ ਈ ਨ੍ਹੀਂ। ਲਓ ਸਾਂਭੋ ਆਵਦੇ ਮਾਰ੍ਹਾਜ ਨੂੰ......ਚੌੜੀਆਂ ਹੋ ਕੇ ਬੈਠੋ......ਮੈਂ ਨੀ ਆਉਂਦੀ ਗੁਰਦੁਆਰੇ। ਮੈਂ ਕੀ ਟਿੰਡੀਆਂ ਲੈਣੀਆਂ ਥੋਡੇ ਗੁਰੂ-ਮਾਰ੍ਹਾਜ ਤੋਂ।" ਉਦੋਂ ਮਹਿੰਦਰੋ ਦੀ ਇਸ ਭਬਕ ਨਾਲ ਮਾਂ ਵਰਗੀਆਂ ਬੁੜੀਆਂ ਥਰਥ ਵਿੱਚ ਲੁੱਕ ਗਈਆਂ ਸਨ। ਰੌਲਾ-ਰੱਪਾ ਸੁਣ ਕੇ ਖਾਸੇ ਬੰਦੇ-ਬੁੜੀਆਂ ਲੰਗਰ ਵਿੱਚ ਆ ਗਏ ਸਨ। ਕਈ ਸਿਆਣੇ ਬੰਦੇ ਮਾਂ ਨੂੰ ਬੁਰਾ-ਭਲਾ ਕਹਿਣ ਲੱਗੇ ਸਨ। ਮਾਂ ਨੂੰ ਤਾਂ ਖਹਿੜਾ ਛੁਡਾਉਣਾ ਹੀ ਔਖਾ ਹੋ ਗਿਆ ਸੀ।

ਹੁਣ ਵੇਖਦੀ ਹਾਂ ਕਿ ਪਵਿੱਤਰ-ਢੱਡ ਜੁੰਡਲੀ ਦੇ ਵਾਰ-ਵਾਰ ਜ਼ਲੀਲ ਕਰਨ ਦੇ ਬਾਵਜੂਦ ਹੈਡ ਸਾਹਿਬ ਵਰਗੇ ਚੁੱਪ ਰਹਿੰਦੇ ਨੇ। ਮੈਂ ਹੈਰਾਨ ਹੁੰਦੀ ਹਾਂ, ਐਨਾ ਵਿਤਕਰਾ ਕਿਵੇਂ ਬਰਦਾਸ਼ਤ ਕਰ ਲੈਂਦੇ ਨੇ ਇਹ ਲੋਕ? ਚੀਕ ਕਿਉਂ ਨੀ ਮਾਰਦੇ? ਸੋਚਦੀ ਹਾਂ, ਜੇਕਰ ਹੈਡ ਸਾਹਿਬ, ਨਿਰਮਲ, ਗੁਰਦੀਸ਼, ਪ੍ਰਵੀਨ ਬਾਲਾ ਅਤੇ ਦਿਆਲ, ਗੁਰਨੇਕ ਵਰਗੇ ਹਿੰਮਤ ਕਰਨ ਤਾਂ ਮਾਂ ਵਾਂਗੂੰ, ਢੱਡ-ਪਵਿੱਤਰ ਜੁੰਡਲੀ ਨੂੰ ਵੀ ਖਹਿੜਾ ਛੁਡਾਉਣਾ ਔਖਾ ਹੋਜੇ। ਇਹ ਗੱਲ ਮੇਰੀ ਸਮਝੋਂ ਬਾਹਰ ਹੈ ਕਿ ਇਹ ਲੋਕ ਚੀਕ ਸੰਘ ਵਿੱਚ ਹੀ ਕਿਉਂ ਘੁੱਟੀ ਫਿਰਦੇ ਨੇ?

—o—



# ਉਹ ਇੰਜ ਵੀ ਜਿਉਂਦਾ ਸੀ/ਜਤਿੰਦਰ ਸਿੰਘ ਹਾਂਸ

ਮੈਰਿਜ ਪੈਲਿਸ ਦੇ ਬਾਹਰ ਏਨੀਆਂ ਕਾਰਾਂ ਖੜ੍ਹੀਆਂ ਸਨ ਕਿ ਕਾਰ ਖੜ੍ਹਾਉਣ ਲਈ ਥਾਂ ਨਹੀਂ ਲੱਭ ਰਹੀ ਸੀ। ਦੇਰ ਨਾਲ ਪਹੁੰਚਣ ਕਾਰਨ ਜਿੰਨੀ ਕਾਹਲ ਕਰ ਰਿਹਾ ਸਾਂ, ਉਨੇ ਹੀ ਅੜਿੱਕੇ ਲੱਗ ਰਹੇ ਸਨ। ਮੇਰੇ ਮਿੱਤਰ ਗੁਰਸੇਵਕ ਦੇ ਇਹ ਬੋਲ, "ਤੁਸੀਂ ਅਫ਼ਸਰ ਬੰਦੇ ਓ, ਬਾਬਾ ਟਾਇਮ ਸਿਰ ਆ ਜਾਇਓ।" ਮੇਰੇ ਜ਼ਿਹਨ 'ਚ ਗੂੰਜੀ ਜਾ ਰਹੇ ਸਨ। ਜਦੋਂ ਦਾ ਸ਼ਹਿਰ ਰਹਿਣ ਲੱਗਿਆ ਹਾਂ ਪਿੰਡ ਨਾਲੋਂ ਨਾਤਾ ਟੁੱਟ ਗਿਆ ਹੈ। ਖ਼ੁਸ਼ੀ-ਗ਼ਮੀ ਦੇ ਮੌਕੇ ਪਤਨੀ ਜਾ ਆਉਂਦੀ ਹੈ। ਅੱਜ ਮੌਕੇ ਸਿਰ ਜੁਆਬ ਦੇ ਗਈ ਉਹਨੂੰ ਉਹਦੇ ਪੇਕਿਆਂ ਵੱਲ ਕੋਈ ਕੰਮ ਸੀ। ਉਸ ਨੂੰ ਛੱਡ ਕੇ ਆਇਆ ਸਾਂ। ਇਸੇ ਕਰਕੇ ਲੇਟ ਹੋ ਗਿਆ ਸਾਂ। ਕਈ ਵਾਰ ਨਾ ਆਉਣ ਦੀ ਵੀ ਸੋਚੀ। ਪਰ ਗੁਰਸੇਵਕ ਵਾਰ-ਵਾਰ ਕਹਿੰਦਾ ਰਿਹਾ ਸੀ, "ਐਸ. ਡੀ. ਓ. ਸਾਹਿਬ ਜ਼ਰੂਰ ਆਇਓ। ਦੇਖਿਓ ਕਿਤੇ...।" ਮਿੱਤਰ ਦੇ ਮੂੰਹੋਂ 'ਐਸ. ਡੀ. ਓ.' ਤੇ 'ਅਫ਼ਸਰ' ਅਖਵਾਉਣਾ ਅਜੀਬ ਲੱਗਦਾ ਹੈ। ਉਂਝ ਚੰਗਾ ਵੀ ਲਗਦਾ ਹੈ। ਉਹ ਰੋਕਣ ਦੇ ਬਾਵਜੂਦ ਕਹਿਣੋਂ ਨਹੀਂ ਹਟਦਾ। ਹੁਣ ਜਾਂਦਿਆਂ ਹੀ ਉਹਦੇ ਉਲਾਂਭੇ ਸੁਣਨੇ ਪੈਣੇ ਸੀ।

ਪੈਲਿਸ ਦੇ ਗੇਟ ਰਾਹੀਂ ਅੰਦਰ ਜਾਣ ਲੱਗਿਆ, ਗੇਟ ਅੱਗੇ ਗੁਬਾਰੇ ਵੇਚਣ ਵਾਲਾ ਬਜ਼ੁਰਗ ਖੜਾ ਸੀ, ਮੈਲੇ ਜਿਹੇ ਕੱਪੜੇ ਪਾਈ। ਇਕ ਬੱਚੇ ਨੂੰ ਮੱਲੋ-ਜ਼ੋਰੀ ਗੁਬਾਰੇ ਦੇ ਰਿਹਾ ਸੀ, "ਲੈ ਫੜ ਬੁਲਬੁਲਾ।"

"ਬਾਬਾ ਮੇਰੇ ਕੋਲ ਪੈਸੇ ਨਹੀਂ", ਬੱਚਾ ਗੁਬਾਰਾ ਵੀ ਫੜ ਰਿਹਾ ਸੀ ਆਪਣੀ ਬੇਵਸੀ ਵੀ ਦੱਸ ਰਿਹਾ ਸੀ।

"ਲੈ ਤੂੰ ਖੇਡ ਅਹੀ-ਤਹੀ ਮਰਾਉਣ ਪੈਸੇ...।" ਆਪਣੀ ਆਦਤ ਅਨੁਸਾਰ ਸ਼ਾਇਦ ਉਸ ਬਜ਼ੁਰਗ ਤੋਂ ਬੇਧਿਆਨਾ ਲੰਘ ਜਾਂਦਾ। 'ਅਹੀ-ਤਹੀ' ਸ਼ਬਦ ਨੇ ਮੇਰਾ ਧਿਆਨ ਖਿੱਚਿਆ ਫਿਰ ਖਹਿੜਾ ਹੀ ਨਾ ਛੱਡਿਆ।

ਕਾਹਲੀ-ਕਾਹਲੀ ਪੈਲਿਸ ਦੇ ਅੰਦਰ ਚਲਿਆ ਗਿਆ। ਜਾਣ ਪਹਿਚਾਣ ਵਾਲਿਆਂ ਨੂੰ ਮਿਲਣ ਲੱਗਿਆ। ਚਾਹ ਨਾਲ ਪਕੌੜੇ ਖਾਣ ਲੱਗਿਆ। ਉਸੇ ਵੇਲੇ ਖ਼ਿਆਲ ਆਇਆ, 'ਇਹ ਅਹੀ-ਤਹੀ ਕਹਿਣ ਵਾਲਾ ਰੱਖਾ ਤਾਂ ਨਹੀਂ ਸੀ? ਨਹੀਂ, ਉਹ ਰੱਖਾ ਨਹੀਂ ਹੋ ਸਕਦਾ। ਕਾਫ਼ੀ ਸਮਾਂ ਪਹਿਲਾਂ ਕਿਸੇ ਨੇ ਦੱਸਿਆ ਸੀ, 'ਰੱਖਾ ਕਾਫ਼ੀ ਬੀਮਾਰ ਸੀ। ਕਿਸੇ ਹਸਪਤਾਲ ਵਿਚ ਦਾਖ਼ਲ ਸੀ, ਉਹਦੀ ਕੁੜੀ ਕਿਸੇ ਨਾਲ ਨਿਕਲ ਗਈ ਸੀ। ਪਤਨੀ ਜੀਤੋ ਇਸੇ ਦਰੇਗ਼ ਵਿਚ ਮਰ ਗਈ ਸੀ। ਰੱਖਾ ਵੀ ਸ਼ਾਇਦ ਮਰ ਗਿਆ ਹੋਣਾ।' ..ਇਹੋ ਜਿਹੇ ਹੀ ਹੁੰਦੇ ਨੇ ਬੱਚਿਆਂ ਨੂੰ ਚੁੱਕਣ ਵਾਲੇ। ਗੁਬਾਰਿਆਂ-ਟੌਫ਼ੀਆਂ ਦੇ ਲਾਲਚ ਦੇ ਕੇ ਬੱਚੇ ਚੁੱਕ ਲਿਜਾਂਦੇ ਨੇ, ਫਿਰ ਲੱਖਾਂ ਦੀ ਫਿਰੌਤੀ ਮੰਗਦੇ ਨੇ, ਫਿਰ ਦੂਰ-ਦੁਰਾਡੇ ਲਿਜਾ ਕੇ ਬੱਚੇ ਨੂੰ ਵੇਚ ਦਿੰਦੇ ਨੇ, ਸਾਰੀ ਉਮਰ ਮਜ਼ਦੂਰੀ ਕਰਨ ਲਈ ਜਾਂ ਫਿਰ ਹੱਥ ਪੈਰ ਵੱਢ ਕੇ ਜਾਂ ਅੱਖਾਂ ਅੰਨ੍ਹਾ ਕਰ ਕੇ ਬੱਚਿਆਂ ਨੂੰ ਮੰਗਤੇ ਬਣਾ ਦਿੰਦੇ ਨੇ। ਥੋੜੇ ਦਿਨ ਪਹਿਲਾ ਅਖ਼ਬਾਰ ਵਿਚ ਲੱਗੀ ਫੋਟ ਇਸੇ ਬੁੱਢੇ ਜਿਹੀ ਸੀ। ਜਿਹੜਾ ਬੱਚਿਆਂ ਨੂੰ ਚੁੱਕ ਲਿਜਾਂਦਾ ਸੀ ਫਿਰ ਤੜਫ਼ਾ-ਤੜਫ਼ਾ ਕੇ ਮਾਰਦਾ।

ਸਟੇਜ ਉੱਤੇ ਆਰਕੈਸਟਰਾ ਚੱਲ ਰਿਹਾ ਸੀ। ਕੰਨ ਪਾੜਵੀਂ ਆਵਾਜ਼ ਵਿਚ ਗੀਤ ਚੱਲ ਰਿਹਾ ਸੀ। 'ਗੱਡੇ ਤੇ ਨੀ ਚੜ੍ਹਦੀ, ਗਡੀਰੇ ਤੇ ਨੀ ਚੜ੍ਹਦੀ, ਛੜਿਆਂ ਦੇ ਟੱਟੂ ਉੱਤੇ ਟੱਪ ਚੜ੍ਹਦੀ।' ਅੱਧ ਨੰਗੀਆਂ ਕੁੜੀਆਂ ਲੱਕ ਮਟਕਾ ਕੇ ਨੱਚ ਰਹੀਆਂ ਨੇ। ਮੈਥੋਂ ਸ਼ੋਰ ਸਹਿ ਨਹੀਂ ਹੋਇਆ, ਬਾਹਰ ਆ ਕੇ ਪਾਰਕ ਵਿਚ ਇਕ ਪਾਸੇ ਬੈਠ ਗਿਆ।

'ਅਹੀ-ਤਹੀ' ਵਾਲੀ ਗੱਲ ਤੋਂ ਰੱਖਾ ਦਿਮਾਗ਼ ਵਿਚ ਘੁੰਮਣ ਲੱਗਾ। ਆਰਕੈਸਟਰਾ ਦਾ ਰਿਵਾਜ ਨਹੀਂ ਸੀ। ਉਦੋਂ ਪਿੰਡ 'ਚ ਅਖਾੜੇ ਲੱਗਦੇ ਹੁੰਦੇ ਸੀ। ਮੈਂ ਛੋਟਾ ਸਾਂ, ਰੱਖਾ ਸਾਡੇ ਨਾਲ ਸੀਰੀ ਰਲਿਆ ਹੁੰਦਾ ਸੀ। ਉਸਨੇ ਸਾਡੇ ਨਾਲ ਇਕ ਸਾਲ ਹੀ ਸੀਰ ਕਮਾਇਆ ਸੀ, ਕਿਉਂਕਿ ਬਾਪੂ ਦਾ ਸੁਭਾਅ ਬਹੁਤ ਗਰਮ ਸੀ। ਸਾਰੇ ਉਹ ਤੋਂ ਬਹੁਤ ਡਰਦੇ ਸਨ। ਉਹਦਾ ਹਰ ਵੇਲੇ ਬਲੱਡ-ਪ੍ਰੈਸ਼ਰ ਵਧਿਆ ਰਹਿੰਦਾ। ਮੇਰੀ ਤਾਂ ਉਸ ਸਾਹਮਣੇ ਜ਼ੁਬਾਨ ਹੀ ਠਾਕੀ ਜਾਂਦੀ।

ਉਸ ਦਿਨ ਐਤਵਾਰ ਸੀ। ਮੈਨੂੰ ਸਕੂਲੋਂ ਛੁੱਟੀ ਸੀ। ਦਿਨ ਕਾਫ਼ੀ ਚੜ੍ਹ ਆਇਆ ਸੀ। ਬਾਪੂ ਸ਼ਹਿਰ ਜਾਣ ਲਈ ਤਿਆਰ ਹੋਇਆ ਫਿਰਦਾ ਸੀ। ਰੱਖਾ ਜਿਹੜਾ ਪਹੁ-ਫੁਟਦੀ ਨਾਲ ਆ ਕੇ ਕੰਮ ਲੱਗ ਜਾਇਆ ਕਰਦਾ ਸੀ। ਉਸ ਦਿਨ ਨਹੀਂ ਆਇਆ ਸੀ।

ਬਾਪੂ ਨੇ ਦੇਖਿਆ ਪਸ਼ੂਆਂ ਨੂੰ ਕੱਖ ਨਹੀਂ ਪਾਏ ਸਨ। ਉਹਦਾ ਬਲੱਡ-ਪ੍ਰੈਸ਼ਰ ਵੱਧ ਗਿਆ। ਜੇ ਉਹਨੇ ਨਵੇਂ ਕੱਪੜੇ ਨਾ ਪਾਏ ਹੁੰਦੇ, ਤਾਂ ਆਪ ਕੱਖ ਪਾਉਣ ਲੱਗਦਾ। ਉਹ ਖੁਰਦਰੀ ਆਵਾਜ਼ ਵਿਚ ਬੋਲਿਆ, "ਓਏ ਲਾਲੀ। ਜਾਹ ਰੱਖੇ ਨੂੰ ਬੁਲਾ ਕੇ ਲਿਆ। ਸਾਲਾ ਅੱਜ ਘਰੇ ਈ ਮਰ ਗਿਆ। ਇਹ ਬੇਜ਼ੁਬਾਨ ਭੁੱਖੇ ਖੜ੍ਹੇ ਨੇ।"

ਬਾਪੂ ਸਾਹਮਣੇ ਅਸੀਂ ਸਾਰੇ ਬੇਜ਼ੁਬਾਨ ਸਾਂ। ਜਦੋਂ ਉਹਦਾ ਬਲੱਡ-ਪ੍ਰੈਸ਼ਰ ਵਧਿਆ ਹੁੰਦਾ। ਉਹ ਬੋਲਣ ਲੱਗਿਆ, ਅੱਗਾ ਪਿੱਛਾ ਨਾ ਦੇਖਦਾ। ਮੇਰਾ ਰੱਖੇ ਨਾਲ ਕਾਫ਼ੀ ਮੋਹ ਸੀ। 'ਅੱਜ ਰੱਖੇ ਨਾਲ ਪਤਾ ਨਹੀਂ ਕੀ ਭੁੱਤੇ ਖਾਣੀ ਹਊ ?' ਇਹ ਸੋਚਦਾ ਮੈਂ ਉਹਦੇ ਘਰ ਵੱਲ ਭੱਜ ਤੁਰਿਆ ਸੀ।

ਰੱਖੇ ਦੇ ਘਰ ਜਾ ਕੇ ਡਰਦੇ ਜਿਹੇ ਨੇ ਦਰਵਾਜ਼ਾ ਅੰਦਰ ਵੱਲ ਧੱਕਿਆ। ਜੀਤੋ ਪਸ਼ੂਆਂ ਦੀ ਖੁਰਲੀ ਵਿਚ ਕੱਖ ਪਾ ਰਹੀ ਸੀ। ਸ਼ਾਇਦ ਉਹ ਵੀ ਦੇਰ ਨਾਲ ਉਠੀ ਹੋਵੇ। ਮੈਨੂੰ ਦੇਖ ਕੇ ਮੁਸਕਰਾਈ। ਕੱਚੇ ਕੋਠੇ ਦੇ ਭੇੜੇ ਜਿਹੇ ਦਰਾਂ ਵਲ ਇਸ਼ਾਰਾ ਕਰਕੇ ਕਹਿਣ ਲੱਗੀ, "ਅੰਦਰ ਏ ਮਰਦਾ... ਲੈ ਜਾ"

ਰੱਖਾ ਆਪਣੀ ਪਤਨੀ ਜੀਤੋ ਬਾਰੇ ਕਹਿੰਦਾ, "ਇਹ ਤੀਵੀਂ ਨੇ ਮੇਰੀ ਅਹੀ-ਤਹੀ ਫੇਰਤੀ। ਮੇਰੀ ਮਾਂ ਬਣਨ ਨੂੰ ਫਿਰਦੀ ਆ। ਐਵੇਂ ਹੁਕਮ ਚਲਾਉਂਦੀ ਰਹਿੰਦੀ ਆ।"

ਮੈਂ ਅੰਦਰ ਚਲਿਆ ਗਿਆ। ਰੱਖਾ ਇਸ ਤਰ੍ਹਾਂ ਪਿਆ ਸੀ ਜਿਵੇਂ ਲਾਸ਼ ਇਕੱਠੀ ਕਰਕੇ ਰੱਖੀ ਹੋਵੇ। ਉੱਤੇ ਮੈਲਾ ਜਿਹਾ ਖੇਸ ਸੀ। ਸਰੀਰ ਉਹਦਾ ਦੂਹਰਾ ਹੋਇਆ ਪਿਆ ਸੀ।

ਇਕ ਵਾਰ ਬਾਪੂ ਨੇ ਰੱਖੇ ਨੂੰ ਪੁਰਾਣੀ ਘੜੀ ਦਿੱਤੀ ਸੀ, ਤਾਂ ਜੋ ਸਮੇਂ ਸਿਰ ਉੱਠ ਸਕੇ। ਰੱਖੇ ਨੇ ਕਿਹਾ ਸੀ, "ਲਾਣੇਦਾਰਾ ਕੀ ਕਰਨੀ ਆ ਘੜੀ, ਸਾਰਾ ਦਿਨ ਖੇਤਾਂ 'ਚ ਅਹੀ-ਤਹੀ ਮਰਵਾ ਕੇ ਸਿੱਧੇ ਸਤੇਰ ਪਈਦਾ। ਸਵੇਰ ਤੱਕ ਚਾਕੂ ਵਾਂਗ ਇਕੱਠੇ ਹੋ ਜਾਈਦਾ, ਟਾਇਮ ਦਾ ਪਤਾ ਕਰਨ ਲਈ ਮੇਰੇ ਕੋਲ ਦੇਸੀ ਟਾਇਮਪੀਸ ਹੈਗਾ। ਗੋਡਿਆਂ ਤੇ ਠੋਡੀ ਵਿਚਾਲੇ ਫ਼ਾਸਲਾ ਦੇਖ ਲਈਦਾ। ਜੇ ਗਿੱਠ ਦੂਰ ਆ ਤਾਂ ਸਮਝ ਲਈਦਾ, ਗਿੱਠ ਰਾਤ ਬਾਕੀ ਆ। ਜੇ ਚਾਰ ਉਂਗਲ ਦੂਰ ਆ ਤਾਂ ਸਮਝ ਲਈਦਾ ਚਾਰ ਉਂਗਲ ਰਾਤ ਬਾਕੀ ਆ। ਜਦੋਂ ਠੋਡੀ ਤੇ ਗੋਡੇ ਆਪਸ ਵਿਚ ਮਿਲ ਜਾਣ ਤਾਂ ਸਮਝ ਲਈਦਾ ਦਿਨ ਚੜ੍ਹ ਗਿਆ... ਮੈਨੂੰ ਤਾਂ ਲਾਣੇਦਾਰਾ ਡੰਗਰ ਪਸ਼ੂ ਦਾ ਏਨਾ ਫ਼ਿਕਰ ਰਹਿੰਦਾ, ਗਿੱਠ ਰਾਤ ਰਹਿੰਦੀ ਤੋਂ ਉੱਠ ਖੜੀਦਾ।'

ਉਸ ਦਿਨ ਰੱਖੇ ਨੂੰ ਜਿਵੇਂ ਡੰਗਰ ਪਸ਼ੂ ਦਾ ਫ਼ਿਕਰ ਭੁੱਲ ਗਿਆ, ਉਹਦੇ ਗੋਡਿਆਂ ਤੇ ਠੋਡੀ ਵਿਚਾਲੇ ਕੋਈ ਫ਼ਾਸਲਾ ਨਹੀਂ ਸੀ ਬਚਿਆ।

"ਰੱਖੇ ! ਓਏ ਰੱਖੇ !" ਮੈਂ ਉਸ ਨੂੰ ਆਵਾਜ਼ ਮਾਰੀ ਸੀ। ਭਾਵੇਂ ਰੱਖਾ ਬਾਪੂ ਤੋਂ ਵੱਡਾ ਸੀ, ਪਰ ਸਾਰੇ ਉਹਦਾ ਨਾਂ ਲੈ ਕੇ ਬੁਲਾਉਂਦੇ ਸਨ।

ਮੈਨੂੰ ਯਕੀਨ ਨਹੀਂ ਸੀ, ਇਹ ਲਾਸ਼ ਉੱਠੇਗੀ, ਪਰ ਮੰਜੇ ਉੱਤੇ ਹਿਲ-ਜੁਲ ਹੋਈ। ਉਹਨੇ ਖੇਸੀ ਵਿਚੋਂ ਮੂੰਹ ਬਾਹਰ ਕੱਢਿਆ। ਜਿਵੇਂ ਉਹਦਾ ਭੂਤ ਹੋਵੇ। ਸਿਰ ਖਿੜਿਆ ਜਿਹਾ, ਅੱਖਾਂ ਲਾਲ ਸੁਰਖ਼।

ਮੇਰੇ ਵੱਲ ਦੇਖ ਕੇ ਹੱਸਣ ਲੱਗਿਆ, "ਲਾਣੇਦਾਰ ਨੇ ਭੇਜਿਆ ?" ਉਹ ਅਗਲੀ ਗੱਲ ਕਹਿੰਦਾ-ਕਹਿੰਦਾ ਰੁਕ ਗਿਆ।

ਜੀਤੋ ਨੂੰ ਬੋਲਣ ਲੱਗਿਆ, "ਇਹਨੂੰ ਅਹੀ-ਤਹੀ ਮਰਾਉਣੀ ਨੂੰ ਕਿਹਾ ਸੀ, ਟਾਈਮ ਸਿਰ ਚਾਹ ਦੀ ਘੁੱਟ ਦੇ ਕੇ ਮੱਥਾ ਡੰਮਦੀ। ਰਾਤ ਬਹੁਤ ਥੱਕ ਗਿਆ ਤੀ। ਏਹ ਏਡੀ... ਆ ਬਈ ਪੁੱਛ ਨਾ। ਬਈ ਅੱਗੇ ਕਿਸੇ ਭਲੇਮਾਣਸ ਦੇ ਮੱਥੇ ਲੱਗਣਾ।" ਸ਼ਾਇਦ ਮੇਰੇ ਉਥੇ ਬੈਠਾ ਹੋਣ ਕਾਰਨ ਬਾਪੂ ਲਈ ਵੱਢਖਾਣਾ ਦੀ ਥਾਂ ਭਲਾਮਾਣਸ ਸ਼ਬਦ ਵਰਤਿਆ ਸੀ। ਸਰ੍ਹਾਣੇ ਪਈ ਬੀੜੀ ਤੇ ਤੀਲਾਂ ਦੀ ਡੱਬੀ ਚੁੱਕ ਕੇ ਬੀੜੀ ਸੁਲਘਾ ਲਈ।

ਜੀਤੋ ਮੱਥਾ ਅੱਗੇ ਕੱਖ ਸੁੱਟ ਕੇ ਹੱਥ ਝਾੜਦੀ ਅੰਦਰ ਆ ਵੜੀ ਸੀ, "ਦੋ ਵਾਰ ਤਾਂ ਹਲੂਣ ਕੇ ਗਈ ਆਂ।"

"ਏਕਣ ਉਠ ਹੁੰਦਾ ਨਿਰਣੇ-ਕਾਲਜੇ। ਬਈ ਚਾਹ ਦੀਆਂ ਦੋ ਘੁੱਟਾਂ ਬਣਾ ਕੇ ਮੱਥਾ ਡੰਮ ਦੇ।" ਉਹਨੇ ਬੀੜੀ ਦਾ ਲੰਮਾ ਸੂਟਾ ਖਿੱਚ ਕੇ ਅੱਧੀ ਬੀੜੀ ਮੁਕਾ ਦਿੱਤੀ।

"ਮੈਂ ਕਿਹਾ ਚਾਹਾਂ ਲਿਆਂਦੀਆਂ ਪਈਆਂ ਨੇ ਤੇਰੀਆਂ, "ਜੀਤੋ ਨੇ ਅੰਦਰੋਂ ਚਾਹ ਅਤੇ ਗੁੜ ਵਾਲੇ ਖਾਲੀ ਡੱਬੇ ਉਸ ਅੱਗੇ ਲਿਆ ਸੁੱਟੇ, "ਪਰਸੋਂ ਦੀ ਭੌਂਕਦੀ ਆਂ, ਬਈ ਰੱਬ ਦਿਆ ਬੰਦਿਆ, ਸੌਦੇ ਮੁੱਕੇ ਹੋਏ ਨੇ, ਸੌਦੇ ਮੁੱਕੇ ਹੋਏ ਨੇ, ਕੁੜੀ ਬਿਮਾਰ ਪਈ ਆ, ਉਹਦਾ ਬੁਖ਼ਾਰ ਨੀ ਉਤਰਿਆ। ਅੱਜ ਲਾਣੇਦਾਰ ਤੋਂ ਪੈਸੇ ਲਿਆਈਂ ਕੁੜੀ ਨੂੰ ਸ਼ਹਿਰੋਂ ਦਵਾਈ ਦਿਵਾਉਣੀ ਐ।"

"ਜਾਹ ਵੱਡੀ ਮਹਾਰਾਣੀ, ਚਾਰ ਮੀਲ ਤੁਰਕੇ ਨੀ ਜਾ ਸਕਦੇ, ਮੈਥੋਂ ਨੀ ਖਿੱਚ ਹੁੰਦੀਆਂ ਏ ਲੱਥਾਂ ਸਾਇਕਲ ਤੇ...।" ਉਹ ਡੱਬੀਆਂ ਵਾਲਾ ਪਰਨਾ ਸਿਰ 'ਤੇ ਲਪੇਟਦਾ ਹੋਇਆ ਬੋਲਿਆ। ਉਹਦੇ ਵਾਲਾਂ ਦੀਆਂ ਜਟੂਰੀਆਂ ਪਰਨੇ ਤੋਂ ਬਾਹਰ ਨਿਕਲੀਆਂ ਹੋਈਆਂ ਸਨ।

ਜੀਤੋ ਮੈਨੂੰ ਕਹਿਣ ਲੱਗੀ, "ਪੁੱਤ ਲਾਲੀ। ਆਪਣੇ ਬਾਪੂ ਤੋਂ ਪੈਸੇ ਲੈ ਕੇ ਦੇ ਜਾਈਂ, ਇਹਤੋਂ ਨੀ ਮੰਗ ਹੋਣੇ ਇਹਦੇ ਮੂੰਹ 'ਚ ਤਾਂ ਸਿਉਨਾ ਪਾਇਆ ਹੋਇਆ, ਘਰੇ ਬੋਲਣ ਨੂੰ ਬਥੇਰਾ।"

ਮੈਂ ਉਹਨੂੰ ਸਿਰ ਹਿਲਾਈ ਗਿਆ।

"ਜਾਹ ਅਹੀ-ਤਹੀ ਮਰਾ" ਕਹਿੰਦਾ ਰੱਖਾ ਘਰੋਂ ਬਾਹਰ ਨੂੰ ਤੁਰ ਪਿਆ। ਮੈਂ ਉਹਦੇ ਪਿੱਛੇ ਬਾਹਰ ਨਿਕਲ ਗਿਆ।

"ਉਂ ਲਾਣੇਦਾਰ ਦੀ ਅੱਖ ਬਘਿਆੜੀ ਸੀ ਜਾਂ ਹਿਰਨ ਦੀ।" ਰਾਹ ਵਿਚ ਰੱਖੇ ਨੇ ਦੋ ਤਿੰਨ ਵਾਰ ਪੁੱਛਿਆ।

ਰੱਖੇ ਦਾ ਡਰ ਸੱਚਾ ਸੀ। ਬਾਪੂ ਦੇ ਮੂਡ ਦਾ ਕਿਸੇ ਨੂੰ ਪਤਾ ਨਹੀਂ ਸੀ ਲੱਗਦਾ। ਦੀਵਾਲੀ ਨੂੰ ਬਾਪੂ ਮੋਟਰ 'ਤੇ ਬੈਠਾ ਸ਼ਰਾਬ ਪੀ ਰਿਹਾ ਸੀ। ਰੱਖੇ ਨੂੰ ਵੀ ਇਕ ਦੋ ਪੈੱਗ ਉਹਦੇ ਕੱਪ 'ਚ ਪਾਏ। ਖਾਲ ਟੱਪਣ ਲੱਗਿਆਂ ਬਾਪੂ ਤਿਲਕ ਕੇ ਡਿੱਗ ਪਿਆ। ਰੱਖਾ ਭੱਜਿਆ ਆਇਆ, "ਓ ਲਾਣੇਦਾਰ ਡਿੱਗ ਪਿਆ, ਓ ਲਾਣੇਦਾਰ ਡਿੱਗ ਪਿਆ।" ਕਹਿੰਦਾ ਰੱਖਾ ਉਹਨੂੰ ਬਾਹੋਂ ਫੜ ਕੇ ਖੜਾ ਕਰਨ ਲੱਗਿਆ।

ਬਾਪੂ ਨੇ ਉਹਦੇ ਥੱਪੜ ਕੱਢ ਮਾਰਿਆ, "ਸਾ...ਲਿ...ਆ...ਮੈਨੂੰ ਸ਼ਰਾਬੀ ਸਮਝਦੈ।"

"ਓ ਲਾਣੇਦਾਰ ਦਾ ਬਲੱਡ ਵਧ ਗਿਆ।" ਕਹਿੰਦੇ ਰੱਖੇ ਨੇ ਉਹਨੂੰ ਘਰ ਲਿਆਂਦਾ ਸੀ। ਦੂਜੇ ਦਿਨ ਕੰਮ 'ਤੇ ਨਹੀਂ ਆਇਆ ਸੀ ਕਹਿੰਦਾ "ਅਹੀ ਤਹੀ ਮਰਾਵੇ ਐਹੋ ਜਿਹੀ ਨੌਕਰੀ।" ਫਿਰ ਜ਼ੁਬਾਨ ਕੀਤੀ ਹੋਈ ਕਰਕੇ ਹੀ ਸਾਲ ਲਾਇਆ ਸੀ।

"ਉਂ ਲਾਣੇਦਾਰ ਦੀ ਅੱਖ ਕਿਵੇਂ ਸੀ?" ਰੱਖੇ ਨੇ ਇਕ ਵਾਰ ਹੋਰ ਪੁੱਛਿਆ। ਫਿਰ ਗੱਲ ਸੁਣਾਉਣ ਲੱਗ ਗਿਆ, "ਜਦੋਂ ਦੁਨੀਆ ਸਾਜੀ ਆ, ਉਦੋਂ ਦੀ ਗੱਲ ਆ ਕਹਿੰਦੇ ਸਾਰੇ ਬੰਦੇ ਰੱਬ ਨੇ ਬੋਲਣ ਲਾ ਤੇ, ਜੱਟ ਦਾ ਮੂੰਹ ਨਾ ਖੁੱਲ੍ਹਿਆ। ਪਾਰਬਤੀ ਤੇ ਸ਼ਿਵਜੀ ਸਾਜੀ ਹੋਈ ਦੁਨੀਆਂ ਦੇਖਣ ਆਏ ਤਾਂ ਜੱਟ ਵੱਲ ਦੇਖ ਕੇ ਪਾਰਵਤੀ ਨੂੰ ਤਰਸ ਆ ਗਿਆ, ਉਹ ਸ਼ਿਵਜੀ ਨੂੰ ਕਹਿੰਦੀ, "ਇਹਦਾ ਵਿਚਾਰੇ ਦਾ ਕੁਝ ਕਰੋ। ਇਹ ਤਾਂ ਬੋਲ ਨੀ ਸਕਦਾ।"

ਸ਼ਿਵਜੀ ਕਹਿੰਦਾ, "ਇਹ ਇਸੇ ਤਰ੍ਹਾਂ ਠੀਕ ਆ, ਇਹਦਾ ਮੂੰਹ ਨਾ ਖੁੱਲ੍ਹਵਾ।"

ਜਦੋਂ ਪਾਰਵਤੀ ਬਹੁਤੀ ਹੀ ਜ਼ਿੱਦ ਕਰੀ ਗਈ। ਸ਼ਿਵਜੀ ਨੇ ਕੁਹਾੜਾ ਫੜਿਆ, ਜ਼ੋਰ ਨਾਲ ਟੱਕ ਲਾ ਕੇ ਜੱਟ ਦਾ ਮੂੰਹ ਖੋਲ੍ਹ ਕੇ ਕਹਿੰਦਾ "ਤੂੰ ਵੀ ਬੋਲ ਮੇਰੇ ਪਿਆਰਿਆ।"

ਜੱਟ ਕਹਿੰਦਾ, "ਹੁਣ ਵੀ ਤਾਂ ਅਹੀ-ਤਹੀ ਮਰਵਾਈ ਆ।"

ਸ਼ਿਵਜੀ ਪਾਰਵਤੀ ਨੂੰ ਕਹਿੰਦਾ, "...ਲੈ ਬੁਲਾ ਲੈ ਇਹਨੂੰ।"

"ਤੇਰਾ ਬਾਪੂ ਵੀ ਉਹਨਾਂ 'ਚੋਂ ਈ ਆ। ਕੁਹਾੜੇ ਨਾਲ ਮੂੰਹ ਪਾਟਿਆ ਹੋਇਆ ਉਹਦਾ। ਪਹਿਲਾਂ ਮਾੜਾ-ਚੰਗਾ ਬੋਲ ਲੂ, ਫਿਰ ਕਹੂ ਮੇਰਾ ਬਲੱਡ ਵਧ ਗਿਆ ਸੀ। ਜਿਵੇਂ ਉਹਦੇ 'ਚ ਈ ਬਲੱਡ ਹੁੰਦਾ, ਹੋਰ ਕਿਸੇ 'ਚ ਬਲੱਡ ਈ ਨੀ ਹੁੰਦਾ। ਜਦ ਵੀ ਬੋਲੂ ਅੱਗ ਉਗਲੂ...। ਆਪਣੇ ਬਾਪੂ ਨੂੰ ਨਾ ਦੱਸੀਂ, ਬਈ ਰੱਖਾ ਐਂਕਣ ਕਹਿੰਦਾ ਸੀ...।"

"ਦੱਸੂੰ।"

"ਨਾ ਬਈ ਸਾਊ ਰਾਜੇ। ਉਹ ਮੇਰੇ ਨਾਲ ਲੜੂ।"

"ਦੱਸੂੰ।"



"ਜਾਹ ਅਹੀ-ਤਹੀ ਮਰਾ।"

ਸਾਡੇ ਜਾਂਦਿਆਂ ਨੂੰ ਬਾਪੂ ਸ਼ਹਿਰ ਚਲਿਆ ਗਿਆ ਸੀ। ਰੱਖੇ ਨੇ ਛੇਤੀ-ਛੇਤੀ ਪਸ਼ੂਆਂ ਨੂੰ ਹਰਾ ਪੱਠਾ ਪਾਇਆ ਬਿਨਾਂ ਚਾਹ ਪੀਤਿਆਂ, ਬੀੜੀਆਂ ਫੂਕਦਾ ਖੇਤ ਚਲਿਆ ਗਿਆ। ਉਥੇ ਉਸਨੇ ਪਸ਼ੂਆਂ ਲਈ ਹਰਾ ਪੱਠਾ ਵੱਢਿਆ। ਜੀਰੀ ਵਿਚ ਰਿਉ ਖਿੰਡਾਇਆ ਹੋਰ ਸਾਰੇ ਨਿੱਕੇ ਮੋਟੇ ਕੰਮ ਨਿਬੇੜ ਲਏ, ਪਰ ਮੈਂ ਉਹਦੇ ਮੂੰਹ ਉੱਤੇ ਚਿੰਤਾ ਦੀਆਂ ਰੇਖਾਵਾਂ ਦੇਖ ਸਕਦਾ ਸਾਂ। ਜਦੋਂ ਵੀ ਮੇਰੇ ਸਾਹਮਣੇ ਆਉਂਦਾ ਉਹਦਾ ਚਿਹਰਾ ਪੁੱਛਦਾ ਲੱਗਦਾ, "ਲਾਣੇਦਾਰ ਦੀ ਅੱਖ ਕਿਵੇਂ ਸੀ?"

ਸਕੂਲ ਦਾ ਘਰੇ ਦੱਸਿਆ ਕੰਮ ਖ਼ਤਮ ਕਰਕੇ ਮੈਂ ਖੇਡਣ ਚਲਿਆ ਗਿਆ, ਮੁੜਦਾ ਹੋਇਆ ਜਦੋਂ ਰੱਖੇ ਦੇ ਘਰ ਕੋਲੋਂ ਲੰਘਿਆ ਉਹਦੀ ਕੁੜੀ ਉਸੇ ਤਰ੍ਹਾਂ ਮੰਜੇ 'ਤੇ ਪਈ ਸੀ। ਮੈਂ ਬੀਬੀ ਕੋਲੋਂ ਰੋ-ਰੋ ਕੇ ਪੰਜਾਹ ਰੁਪਏ ਲਏ। ਬੀਬੀ ਨੇ ਉਹ ਰੁਪਏ ਬਾਪੂ ਤੋਂ ਲੁਕਾ ਕੇ ਰੱਖੇ ਹੋਏ ਸਨ। ਉਹਨਾਂ ਨੂੰ ਦਿੰਦੀ ਉਹ ਬਹੁਤ ਦੁਖੀ ਹੋ ਗਈ ਸੀ, "ਲੈ ਚੱਕ ਬਾਪ ਵਰਗਿਆ, ਮੇਰੇ ਕੋਲ ਨਾ ਫੁੱਟੀ ਕੌਡੀ ਵੀ ਰਹਿਣ ਦਿਓ।" ਉਹਨੇ ਪੰਜਾਹ ਦਾ ਨੋਟ ਦਿੰਦਿਆਂ ਕਿਹਾ ਸੀ।

ਰੱਖੇ ਨੇ ਦੁਪਹਿਰ ਦਾ ਸਾਰਾ ਕੰਮ ਨਿਬੇੜ ਲਿਆ ਸੀ। ਸ਼ਾਇਦ ਉਹ ਲਾਣੇਦਾਰ ਨੂੰ ਖ਼ੁਸ਼ ਕਰਨਾ ਚਾਹੁੰਦਾ ਸੀ।

ਮੈਂ ਪੰਜਾਹ ਦਾ ਨੋਟ ਰੱਖੇ ਨੂੰ ਦਿੰਦੇ ਹੋਏ ਕਿਹਾ, "ਕੁੜੀ ਨੂੰ ਦਵਾਈ ਦਵਾ ਆ। ਨਾਲੇ ਸੌਦੇ ਲੈ ਕੇ ਦੇ ਆ।"

"ਕੱਲ੍ਹੀ ਨਾ ਦੇ ਆਊਨਾ ਆ।" ਉਹ ਨਿੱਕੇ ਮੋਟੇ ਕੰਮ ਕਰਦਾ ਰਿਹਾ।

ਉਹ ਸਾਇਕਲ ਚੁੱਕ ਕੇ ਤੁਰਿਆ। ਮੈਂ ਉਹਨੂੰ ਕਿਹਾ, "ਮੈਨੂੰ ਸਾਇਕਲ ਸਿਖਾ ਦੇ।"

ਰੱਖੇ ਨੇ ਬੀੜੀ ਸੁਲਘਾ ਲਈ, "ਅੱਜ ਲਾਗਲੇ ਪਿੰਡ ਆਲੇ ਸ਼ਾਹਾਂ ਦੇ ਗਾਉਣ ਵਾਲੀ ਲੱਗਣੀ ਆ। ਉਹਨੂੰ ਦੇਖ ਆਈਏ। ਕਿਤੇ ਗਾਉਣੋਂ ਨਾ ਹਟ ਜਾਵੇ।"

"ਮੈਨੂੰ ਵੀ ਲੈ ਚੱਲ।" ਮੈਂ ਤਰਲੇ ਵਾਂਗ ਕਿਹਾ।

"ਕਿਤੇ ਬਲੱਡ-ਪ੍ਰੈਸ਼ਰ ਵਾਲਾ ਬੰਦਾ ਨਾ ਗੁੱਸੇ ਹੋਵੇ।" ਕੁਝ ਸਮੇਂ ਬਾਅਦ ਕਹਿੰਦਾ, "ਚੱਲ ਦੇਖੀਂ ਜਾਊ।"

ਮੈਂ ਉਹਦੇ ਸਾਇਕਲ ਦੇ ਪਿੱਛੇ ਬੈਠ ਗਿਆ। ਸਾਇਕਲ ਅੱਕਰਾ ਜਿਹਾ ਸੀ। ਰੱਖਾ ਉਹਨੂੰ ਬਹੁਤ ਔਖਾ ਚਲਾ ਰਿਹਾ ਸੀ। ਰਸਤੇ ਵਿਚ ਦਾਰੋ ਜਾ ਰਹੀ ਸੀ। ਉਹਦੇ ਕੋਲ ਗੱਠੜੀ ਵੀ ਭਾਰੀ ਸੀ।

"ਕਿਉਂ ਦਾਰੋ ਚਲਣੈ?" ਰੱਖੇ ਨੇ ਉਸ ਕੋਲ ਸਾਇਕਲ ਹੌਲੀ ਕੀਤਾ।

"ਰੱਬ ਤੇਰਾ ਭਲਾ ਕਰੇ, ਮੁੰਡੇ ਨੂੰ ਅੱਗੇ ਬਿਠਾ ਲੈ।" ਦਾਰੋ ਹੱਸਣ ਲੱਗ ਪਈ।

"ਲਾਲੀ ਤਾਂ ਏਥੇ ਹੀ ਬੈਠੂ, ਮੂਹਰੇ ਇਹਦੇ ਡੰਡਾ ਚੁਭੂ। ਤੂੰ ਬੈਠ ਜਾ ਜੇ ਡੰਡੇ 'ਤੇ ਬੈਠਣਾ।"

"ਫੋਟ ਸ਼ਰਮ ਤਾਂ ਨੀ ਆਉਂਦੀ...।" ਉਹ ਹੱਸੀ ਗਈ।

"ਆਉਂਦੀ ਆ, ਤੈਨੂੰ ਦੇਖ ਕੇ ਚਲੀ ਜਾਂਦੀ ਆ। ਜੇ ਬੈਠਣਾ ਤਾਂ ਛੇਤੀ ਬੈਠ, ਕਿਤੇ ਗਾਉਣ ਆਲੀ ਨਾ ਗਾਉਣੋਂ ਹਟ ਜੇ।"

"ਨਹੀਂ ਮੈਂ ਤੁਰ ਕੇ ਆਉਂਦੀ ਆਂ।"

"ਜਾਹ ਅਹੀ-ਤਹੀ ਮਰਵਾ।" ਰੱਖੇ ਨੇ ਸਾਇਕਲ ਭਜਾ ਲਿਆ ਉਹਦਾ ਸਾਹ ਨਾਲ ਸਾਹ ਨਹੀਂ ਸੀ ਰਲ ਰਿਹਾ।

"ਦਾਰੋ ਮੋਟੀ ਆ, ਆਪਾਂ ਤਾਂ ਖਿੱਚ ਨਹੀਂ ਸੀ ਹੋਣੀ" ਮੈਂ ਕਿਹਾ।

"ਭਾਗੋ ਕਿੱਥੇ ਆ, ਉਹ ਤਾਂ ਫੁਲਕਾ ਈ ਆ।" ਰੱਖਾ ਹੱਸਣ ਲੱਗਾ।

"ਰੱਖੇ ਤੂੰ ਪੜ੍ਹਿਆ ਹੋਇਆ ?"

"ਆਹੋ ਮੈਂ ਬਥੇਰੀਆਂ ਪੜ੍ਹਿਆ ਹੋਇਆ, ਐਮੇਂ ਪਾਸ ਆ। ਕੇਰਾਂ ਆਪਣੇ ਪਿੰਡ ਕਿਸੇ ਦੀ ਜੰਨ ਆਈ ਹੋਈ, ਮੈਂ ਵਾਜੇ ਆਲਿਆ ਨਾਲ ਨੱਚੀ ਗਿਆ, ਸਕੂਲ ਨਾ ਗਿਆ। ਦੂਜੇ ਦਿਨ ਮਾਸਟਰ ਨੇ ਡੰਡਾ ਮਾਰਿਆ ਮੁੜ ਮੈਂ ਸਕੂਲ ਨਾ ਗਿਆ।

ਪੋਲਿਸ ਵਿਚ ਸਾਡੇ ਪਿੰਡ ਦੇ ਲੋਕ ਫਿਰ ਰਹੇ ਨੇ, ਮੈਨੂੰ ਇਕ ਪਾਸੇ ਕੁਰਸੀ 'ਤੇ ਬੈਠਾ ਦੇਖ ਸ਼ਾਇਦ ਹੰਕਾਰਿਆ ਸਮਝਦੇ ਹੋਣ।

"ਕੇਰਾਂ ਛਪਾਰ ਦੇ ਮੇਲੇ ਤੇ...।" ਰੱਖੇ ਨੇ ਹੋਰ ਕਿੱਸਾ ਤੋਰ ਲਿਆ ਸੀ। ਅਸੀਂ ਸਾਰੇ ਪਿੰਡ ਦੀ ਨੰਗ ਮੰਡਲੀ ਮੇਲਾ ਦੇਖਦੇ ਫਿਰੀਏ। ਪੈਸੇ ਕਿਸੇ ਦੀ ਜੇਬ ਵਿਚ ਨਾ। ਭੰਗੜੇ ਪਾ ਕੇ, ਬੋਲੀਆਂ ਪਾ ਕੇ ਥੱਕ ਗਏ। ਸਾਰੇ ਕਹਿੰਦੇ, "ਰੱਖੇ ਤੂੰ ਕਹਿਨਾ ਤੂੰ ਐਮੇਂ ਪਾਸ ਆ ਅੱਜ ਕੁਝ ਖਿਲਾ-ਪਿਲਾ।"

ਮੈਂ ਉਹਨਾਂ ਨੂੰ ਕਿਹਾ, 'ਆਪੋ ਆਪਣੀਆਂ ਜਲੇਬੀਆਂ ਲੈ ਕੇ ਤੁਸੀਂ ਤੁਰੀ ਜਾਇਓ।" ਅਸੀਂ ਜਲੇਬੀਆਂ ਆਲੀ ਦੁਕਾਨ ਤੇ ਚਲੇ ਗਏ।

ਮੈਂ ਦੁਕਾਨਦਾਰ ਨੂੰ ਕਿਹਾ, "ਭਾਈ ਸਿਆਹ ਪਾਈਆ-ਪਾਈਆ ਜਲੇਬੀਆਂ ਤੋਲ ਦੇ।"

ਦੁਕਾਨਦਾਰ ਪਾਈਆ-ਪਾਈਆ ਜਲੇਬੀਆਂ ਤੋਲੀ ਜਾਵੇ, ਸਾਰੇ ਲੈ-ਲੈ ਤੁਰੀ ਜਾਣ। ਜਦੋਂ ਦੋ ਜਾਣੇ ਰਹਿਗੇ। ਮੈਂ ਦੁਕਾਨਦਾਰ ਦੇ ਗਲ ਪੈ ਗਿਆ। ਘੰਟਾ ਹੋ ਗਿਆ ਸਾਨੂੰ ਖੜ੍ਹਿਆਂ ਨੂੰ ਤੂੰ ਪਾਈਆ-ਪਾਈਆ ਜਲੇਬੀਆਂ ਨੀ ਦਿੰਦਾ। ਲੋਕਾਂ ਨੂੰ ਤੋਰੀ ਜਾਨਾਂ।"

ਦੁਕਾਨਦਾਰ ਮੱਥੇ ਤੇ ਹੱਥ ਮਾਰ ਕੇ ਕਹਿੰਦਾ, "ਜਿਹੜੇ ਲੈ ਕੇ ਤੁਰਗੇ ਉਹ ਕੌਣ ਤੀ ?"

ਮੈਂ ਕਿਹਾ, "ਸਾਰੇ ਮੇਲੇ ਦਾ ਮੇਰਾ ਠੇਕਾ ਲਿਆ ਹੋਇਆ।"

ਦੁਕਾਨਦਾਰ ਸਾਨੂੰ ਜਲੇਬੀਆਂ ਤੋਲਣ ਲੱਗਾ, ਮੈਂ ਉਹਦੇ ਗੱਲੇ 'ਚ ਦਸ ਰੁਪਏ ਦਾ ਨੋਟ ਪਾ ਕੇ ਕਿਹਾ, "ਪੰਜਾਹ ਦਾ ਨੋਟ ਪਾਇਆ ਹੁਣ ਬਕਾਇਆ ਮੋੜ।"

"ਨਾਲੇ ਸਾਰੀ ਨੰਗ ਮੰਡਲੀ ਨੂੰ ਜਲੇਬੀਆਂ ਖਿਲਾਈਆਂ ਨਾਲੇ ਬਕਾਇਆ ਮੋੜਵਾ ਲਿਆ।" ਦੱਸ ਕੇ ਰੱਖਾ ਹੱਸਣ ਲੱਗਾ।

ਅਸੀਂ ਸ਼ਾਹਾਂ ਦੇ ਖੇਤ ਵਿਚ ਪਹੁੰਚ ਗਏ ਜਿੱਥੇ ਟੈਂਟ ਲੱਗਿਆ ਹੋਇਆ ਸੀ। ਉੱਥੇ ਗਾਉਣ ਵਾਲੀ ਗਾਉਣ ਲੱਗੀ ਹੋਈ ਸੀ। ਹਜਾਰਾਂ ਦੀ ਗਿਣਤੀ ਵਿਚ ਲੋਕ ਉਹਨੂੰ ਸੁਣ ਰਹੇ ਸਨ। ਅਸੀਂ ਵੀ ਜਾ ਖੜ੍ਹੇ। ਮੈਨੂੰ ਸਟੇਜ ਦਿਖਾਈ ਨਹੀਂ ਦੇ ਰਹੀ ਸੀ। ਰੱਖੇ ਨੂੰ ਭੀੜ ਇਧਰ-ਉਧਰ ਕਰਕੇ ਮੈਨੂੰ ਖੜ੍ਹੇ ਬੰਦਿਆਂ ਦੇ ਅੱਗੇ ਖੜਾ ਦਿੱਤਾ।



ਸਟੇਜ ਉੱਤੇ ਢੋਲਕੀ, ਛੈਣੇ, ਵਾਜਾ ਅਤੇ ਹੋਰ ਸਾਜ ਸਾਜੀ ਵਜਾ ਰਹੇ ਸਨ। ਤੁਰਲੇ ਵਾਲੇ ਪੱਗ ਬੰਨ੍ਹੀ, ਚਾਦਰਾ ਪਾਈ, ਹੱਥ ਵਿਚ ਤੂੰਬੀ ਫੜੀ ਗਾਉਣ ਵਾਲਾ ਗਾ ਰਿਹਾ ਸੀ, ਗਾਉਣ ਵਾਲੀ ਨੇ ਪੰਜਾਬੀ ਸੂਟ ਪਾਇਆ ਹੋਇਆ ਸੀ। ਉਹਦੇ ਚਿਹਰੇ ਉੱਤੇ ਭੜਕੀਲਾ ਮੇਅਕੱਪ ਸੀ।

"ਹਾਏ ਓਏ ਕੱਢ ਲਿਆ ਕਾਲਜਾ।" ਗੀਤ ਸੁਣ ਕੇ ਰੱਖਾ ਦਿਲ ਉੱਤੇ ਹੱਥ ਰੱਖ ਕੇ ਉੱਚੀ ਬੋਲਿਆ। ਫਿਰ ਮੁੱਛਾਂ ਨੂੰ ਵੱਟ ਚਾੜ੍ਹਨ ਲੱਗਿਆ। ਉੱਥੇ ਸ਼ਰਾਬ ਦੇ ਵਰ੍ਹਦੇ ਮੀਂਹ ਵਿਚ ਉਹ ਵੀ ਦੋ ਪੈੱਗ ਲਗਾ ਆਇਆ ਸੀ। ਉਹ ਸਿਰ ਹਿਲਾਈ ਜਾ ਰਿਹਾ ਸੀ। ਜਿਵੇਂ ਉਹਦੇ ਉੱਤੇ ਕੋਈ ਜਾਦੂ ਹੋ ਗਿਆ ਹੋਵੇ। ਗਾਉਣ ਵਾਲੀ ਜੋੜੀ ਨਵੇਂ ਤੋਂ ਨਵਾਂ ਗੀਤ ਸੁਣਾ ਰਹੀ ਸੀ।

"ਵਾਹ ਨੀ... ਸ਼ੇਰ ਬੱਚੀਏ", ਰੱਖਾ ਦੋਵੇਂ ਹੱਥ ਖੜ੍ਹੇ ਕਰਕੇ ਉਹਨਾਂ ਨੂੰ ਦਾਦ ਦੇ ਰਿਹਾ ਸੀ।

ਅਗਲਾ ਗੀਤ ਚੱਲ ਪਿਆ। ਗਾਉਣ ਵਾਲਾ ਗਾਉਣ ਵਾਲੀ ਦੇ ਦੁਆਲੇ ਗੇੜੇ ਜਿਹੇ ਕੱਢਦਾ ਤੂੰਬੀ ਵਜਾ ਰਿਹਾ ਸੀ

ਗਾਉਣ ਵਾਲੀ :

ਮੈਂ ਬੱਕਰਾ ਦਿੰਨੀ ਆ ਪੀਰ ਦਾ,<br>
ਮੇਰੇ ਸਿਰ ਦਾ ਸਾਈਂ ਮਰੇ।<br>
ਪੰਜ ਸੱਤ ਮਰਨ ਗੁਆਂਢਣਾ,<br>
ਬਾਕੀਆਂ ਨੂੰ ਤਾਪ ਚੜ੍ਹੇ।<br>
ਕੁੱਤੀ ਮਰੇ ਫ਼ਕੀਰ ਦੀ,<br>
ਜਿਹੜੀ ਟਊਂ-ਟਊਂ ਨਿੱਤ ਕਰੇ।<br>
ਹੱਟੀ ਢਹੇ ਕਰਾੜ ਦੀ,<br>
ਜਿਥੇ ਦੀਵਾ ਨਿੱਤ ਬਲੇ।<br>
ਗਲੀਆਂ ਹੋ ਜਾਣ ਸੁੰਨੀਆਂ,<br>
ਵਿਚ ਮਿਰਜ਼ਾ ਯਾਰ ਫਿਰੇ।

ਰੱਖਾ ਮੁੱਛਾਂ ਤੋਂ ਹੱਥ ਚੁੱਕ ਕੇ ਉਛਲਿਆ, "ਬਈ ਵੇਰ ਤੀ ਅਹੀ-ਤਹੀ। ਲੁੱਟ ਲਿਆ ਮੇਲਾ। ਉਏ ਆਹ ਤਾਂ ਮੇਲਾ ਈ ਲੁੱਟ ਲਿਆ। ਵਾਹ! ਬਈ ਵਾਹ!"

ਕਈ ਬੰਦੇ ਉਸ ਵੱਲ ਵੇਖ ਕੇ ਹੱਸੇ, ਪਰ ਉਹਨੂੰ ਕੋਈ ਪਰਵਾਹ ਨਹੀਂ ਸੀ। ਜਿਵੇਂ ਮਿਰਜ਼ਾ ਹੋਵੇ, ਸੁੰਨੀਆਂ ਗਲੀਆਂ ਵਿਚ ਫਿਰ ਰਿਹਾ ਹੋਵੇ। ਉਹ ਅਜੀਬ ਕਿਸਮ ਦੀ ਲੌਅ ਵਿਚ ਸੀ। ਉਹਨੇ ਜੇਬ ਵਿਚੋਂ ਪੰਜਾਹ ਦਾ ਨੋਟ ਕੱਢਿਆ, ਉਹਨੇ ਲੰਮੇ ਨੋਟ ਨੂੰ ਪੂਣੀ ਜਿਹੀ ਬਣਾਈ, ਉਂਗਲਾਂ ਵਿਚ ਨੋਟ ਫਸਾ ਲਿਆ ਬਾਹਾਂ ਆਲੇ-ਦੁਆਲੇ ਨੂੰ ਖਿਲਾਰ ਲਈਆਂ, ਭੰਗੜਾ ਪਾਉਣ ਦੇ ਅੰਦਾਜ ਵਿਚ ਸਟੇਜ ਵੱਲ ਤੁਰ ਪਿਆ। ਉਸੇ ਤਰ੍ਹਾਂ ਭੰਗੜਾ ਪਾਉਂਦਾ ਗਾਉਣ ਵਾਲੀ ਨੂੰ ਪੰਜਾਹ ਦਾ ਨੋਟ ਦੇਣ ਲੱਗਿਆ।

ਉੱਥੇ ਸ਼ਾਹ ਨੋਟਾਂ ਦੀਆਂ ਗੁੱਥੀਆਂ ਸੁੱਟ ਰਹੇ ਸਨ। ਰੱਖੇ ਦੇ ਰੁਪਈਆਂ ਵੱਲ ਕਿਸਦਾ ਧਿਆਨ ਜਾਣਾ ਸੀ। ਜਦੋਂ ਗਾਉਣ ਵਾਲੇ ਦਾ ਰੱਖੇ ਵੱਲ ਧਿਆਨ ਗਿਆ ਉਹ ਬੋਲਿਆ, "ਹੁਣ

ਇਹ ਜਿਹੇ ਜਹਾਜ਼ ਇੱਥੇ ਬਹੁਤ ਉਤਰਨਗੇ।' ਸਾਰੇ ਪੰਡਾਲ ਵਿਚ ਹਾਸਾ ਮੱਚ ਗਿਆ। ਜਦੋਂ ਰੱਖਾ ਹਟਿਆ ਹੀ ਨਾ ਤਾਂ ਗਾਉਣ ਵਾਲੇ ਨੇ ਨੋਟ ਫੜ ਲਿਆ।

ਉਸੇ ਤਰ੍ਹਾਂ ਹੀ ਭੰਗੜਾ ਪਾਉਂਦਾ ਰੱਖਾ ਮੇਰੇ ਕੋਲ ਆ ਗਿਆ।

ਮੈਂ ਹੈਰਾਨ ਹੋਈ ਜਾ ਰਿਹਾ ਸਾਂ। ਸਾਡੇ ਪਿੰਡ ਦੀ ਆਲੇ-ਦੁਆਲੇ ਪਿੰਡਾਂ ਵਿਚ 'ਭੱਲ' ਬਣੀ ਹੋਈ ਸੀ। ਲੋਕ ਕਹਿੰਦੇ, "ਇਸ ਪਿੰਡ ਨੂੰ ਮਹਾਰਾਜ ਦੀ ਬਖ਼ਸ਼ ਈ ਆ, ਕੋਈ ਵੱਡੇ ਤੋਂ ਵੱਡਾ ਸਰਦਾਰ ਵੀ ਕਲਾਕਾਰ ਦੀ ਹੌਂਸਲਾ ਅਫ਼ਜਾਈ ਨਹੀਂ ਕਰਦਾ।"

ਇਹ ਰੱਖੇ ਨੂੰ ਕੀ ਹੋ ਗਿਆ ਸੀ। ਉਹਦੇ ਘਰ ਤਾਂ 'ਸੋਦਿਆਂ ਵਾਲੇ ਭਾਂਡੇ' ਵੀ ਖ਼ਾਲੀ ਸਨ। ਕੁੜੀ ਬੀਮਾਰ ਪਈ ਸੀ। ਮੈਂ ਮਸਾਂ ਮਾਂ ਤੋਂ ਰੋ ਕੇ ਰੁਪਈਏ ਲਏ ਸਨ। ਮੇਥੋਂ ਰਹਿ ਨਾ ਹੋਇਆ। ਬੜੇ ਰੋਹ ਨਾਲ ਬੋਲਿਆ, "ਰੱਮੇ, ਓਏ ਰੱਖੇ।"

ਉਹ ਮੰਤਰ ਮੁਗਧ ਹੋਇਆ ਗੀਤ ਸੁਣੀ ਜਾ ਰਿਹਾ ਸੀ, ਸਟੇਜ ਵੱਲ ਦੇਖੀ ਜਾ ਰਿਹਾ ਸੀ, ਸਿਰ ਹਿਲਾਈ ਜਾ ਰਿਹਾ ਸੀ। ਮੈਂ ਗੁੱਸੇ ਵਿਚ ਉਹਦੇ ਹੱਥ ਫੜ ਕੇ ਹਲੂਣ ਕੇ ਕਿਹਾ, "ਰੱਖੇ, ਓਏ ਰੱਖੇ! ਇਹ ਤੂੰ ਕੀ ਕੀਤਾ ਰੁਪਈਏ ਗਾਉਣ ਆਲਿਆਂ ਨੂੰ ਕਿਉਂ ਦੇ ਆਇਆ?" ਉਹ ਬੇਪਰਵਾਹੀ ਨਾਲ ਬੋਲਿਆ, "ਜਾਹ ਓਏ ਲਾਲੀ ਤੂੰ ਨਿਰਾ ਬੁੱਧੂ ਏ ਰਿਹਾ, ਤੂੰ ਨੀ ਦੇਖਿਆ? ਗਾਉਣ ਵਾਲੇ ਨੇ ਗਾਉਣ ਆਲੀ ਨੂੰ ਅੱਖ ਮਾਰੀ ਤੀ।" ਮੈਂ ਦੇਖਿਆ ਰੱਖੇ ਦੇ ਪੀਲੇ ਚਿਹਰੇ ਉੱਤੇ ਕੋਈ ਲਾਲੀ ਜਿਹੀ ਸੀ। ਉਸ ਦੀਆਂ ਅੱਖਾਂ ਚਮਕ ਰਹੀਆਂ ਸਨ।

ਮੈਂ ਸ਼ਗਨ ਦੇ ਕੇ ਛੇਤੀ ਵਾਪਿਸ ਮੁੜ ਜਾਣਾ ਚਾਹੁੰਦਾ ਸਾਂ। ਆਨੰਦਾਂ ਦੀ ਰਸਮ ਕਰਨ ਗੁਰਦੁਆਰਾ ਸਾਹਿਬ ਗਏ ਮੇਰੇ ਮਿੱਤਰ ਹੋਰੀਂ ਅਜੇ ਮੁੜੇ ਨਹੀਂ ਸਨ। ਕੁਰਸੀ ਤੋਂ ਉੱਠ ਕੇ ਬਾਹਰ ਪੈਲਿਸ ਦੇ ਮੇਨ ਦਰਵਾਜ਼ੇ ਵੱਲ ਤੁਰ ਪਿਆ। ਮੇਰੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਗੁਬਾਰਿਆਂ ਵਾਲਾ ਉੱਥੇ ਨਹੀਂ ਸੀ। ਉਹਦੀ ਦੁਕਾਨ ਵਾਲਾ ਸਮਾਨ ਉੱਥੇ ਹੀ ਸੀ। ਮੇਰਾ ਡਰ ਸੱਚਾ ਨਿਕਲਿਆ ਜ਼ਰੂਰ ਉਹ ਬੱਚਾ ਚੁੱਕ ਕੇ ਲੈ ਗਿਆ ਹੋਣਾ। ਬਹੁਤ ਆਲਾ-ਦੁਆਲਾ ਦੇਖਿਆ, ਪਰ ਉਹ ਕਿਧਰੇ ਵੀ ਨਹੀਂ ਸੀ। ਉਹ ਮੁੰਡਾ ਅੰਦਰ ਗੁਬਾਰੇ ਨਾਲ ਖੇਡ ਰਿਹਾ ਸੀ। ਮੇਰੀ ਜਾਨ ਵਿਚ ਜਾਨ ਆਈ। ਮੈਂ ਸ਼ਰਾਬ ਦੇ ਕਈ ਪੈੱਗ ਲਗਾ ਚੁੱਕਾ ਸਾਂ।' ...ਹੋ ਸਕਦਾ ਕਿਸੇ ਹੋਰ ਬੱਚੇ ਨੂੰ ਚੁੱਕ ਕੇ ਲੈ ਗਿਆ ਹੋਵੇ।' ਪੈਲਿਸ ਦੇ ਅੰਦਰ ਗਿਆ ਆਰਕੈਸਟਰਾ ਉਸੇ ਤਰ੍ਹਾਂ ਚੱਲ ਰਿਹਾ ਸੀ। ਲੋਕਾਂ ਨੂੰ ਭੰਗੜਾ ਪਾਉਂਦੇ ਦੇਖ ਮੇਰਾ ਵੀ ਭੰਗੜਾ ਪਾਉਣ ਨੂੰ ਜੀਅ ਕੀਤਾ। ਪਰ ਮੇਰੀ ਕਰੜ ਬੱਗੀ ਦਾੜ੍ਹੀ ਮੇਰਾ ਐਸ. ਡੀ. ਓ. ਦਾ ਅਹੁਦਾ ਤੇ ਫਿਰ ਅਸੀਂ ਕੁੜੀ ਵਾਲਿਆਂ ਵੱਲੋਂ ਹਾਂ, ਦੀ ਸੋਚ ਨੇ ਮੇਰੇ ਪੈਰ ਬੰਨ੍ਹ ਦਿੱਤੇ।

ਸਾਰੇ ਸਟੇਜ ਉੱਤੇ ਬੈਠੀ ਵਿਆਹੁਤਾ ਜੋੜੀ ਨੂੰ ਸ਼ਗਨ ਪਾ ਰਹੇ ਸੀ। ਮੈਂ ਸ਼ਗਨ ਪਾ ਕੇ, ਆਪਣੇ ਮਿੱਤਰ ਨਾਲ ਖੜ੍ਹ ਕੇ ਫੋਟੋ ਖਿਚਵਾਈ। ਮੇਰੀ ਨਜ਼ਰ ਨੱਚ ਰਹੇ ਲੋਕਾਂ 'ਤੇ ਪਈ। ਉਹ ਮੈਲੇ ਕੱਪੜਿਆਂ ਵਾਲਾ ਉੱਚਾ ਬਾਹਾਂ ਖਿਲਾਰ ਕੇ 'ਜਹਾਜ਼' ਵਾਂਗ ਨੱਚ ਰਿਹਾ ਸੀ। ਜ਼ਰੂਰ ਇਹ ਰੱਖਾ ਹੀ ਹੋਣਾ, ਨਹੀਂ ਤਾਂ ਪਰਾਈ ਖ਼ੁਸ਼ੀ 'ਚ ਆਪਣਾ 'ਕਾਰੋਬਾਰ ਸੁੰਨਾ' ਛੱਡਕੇ ਕੌਣ ਨੱਚਦੇ।

—o—



# ਜ਼ਖ਼ਮਾਂ ਦੇ ਰਸਤਿਉਂ/ਦੇਸ ਰਾਜ ਕਾਲੀ

ਮੈਂ ਧਰਤਿਰਾਸ਼ਟਰ ਨਹੀਂ, ਬਸ ਐਵੇਂ ਅੰਨ੍ਹੇ ਹੋਣ ਦਾ ਢੌਂਗ ਰਚ ਰਿਹਾ ਹਾਂ। ਸੰਜਯ ਚੁੱਪਚਾਪ ਇਕ ਕੋਨੇ 'ਚ ਬੈਠਾ ਮਨ ਦੇ ਕੁਰੂਕਸ਼ੇਤਰ ਦਾ ਦ੍ਰਿਸ਼ ਵੇਖ ਰਿਹੈ। ਪਰ ਬੋਲ ਉਹ ਵੀ ਨਹੀਂ ਰਿਹਾ ਕੁਝ... ਜਾਂ ਮੈਂ ਉਸਨੂੰ ਚੁੱਪ ਰਹਿਣ ਦੀ ਹਦਾਇਤ ਕੀਤੀ ਹੋਈ ਐ। ਇਹ ਦ੍ਰਿਸ਼ ਮੈਂ ਨਹੀਂ ਸੁਣ ਸਕਦਾ...। ਸੰਜਯ ਦੀਆਂ ਅੱਖਾਂ ਵੇਖ ਸਕਦੀਆਂ ਨੇ....। ਮੈਂ ਉਸ ਨੂੰ ਪਰੇ ਜਾਣ ਦਾ ਹੁਕਮ ਦਿੰਦਾ ਹਾਂ....।

ਉਹ ਦ੍ਰਿਸ਼ ਦੱਸਣ ਲੱਗਣ ਪਿਐ, "ਔਹ ਵੇਖੋ ਅਸ਼ਵਸਥਾਮਾ....। ਉਹਦੇ ਮੱਥੇ ਦਾ ਰਿਸਦਾ ਜ਼ਖ਼ਮ....। ਉਹਦੇ ਹੱਥ ਵਿਚ ਮਲ੍ਹਮ ਦਾ ਪਿਆਲਾ ਹੈ....। ਉਹ ਵਾਰ-ਵਾਰ ਉਹਦੇ ਵਿਚੋਂ ਮਲ੍ਹਮ ਕੱਢ ਕੇ ਆਪਣੇ ਜ਼ਖ਼ਮ ਉੱਤੇ ਲਾ ਰਿਹੈ....।"

ਮੈਨੂੰ ਜਾਪਣ ਲੱਗਿਐ, ਅਸ਼ਵਸਥਾਮਾ ਆਪਣੇ ਜ਼ਖ਼ਮ ਉੱਤੇ ਮਲ੍ਹਮ ਨਹੀਂ ਲਗਾ ਰਿਹਾ ਸਗੋਂ ਆਪਣੇ ਤੇਜ਼ ਨਹੁੰਆਂ ਨਾਲ ਉਸ ਜ਼ਖ਼ਮ ਨੂੰ ਹੋਰ ਕੁਰੇਦੀ ਜਾ ਰਿਹੈ। ਡੂੰਘਾ ਕਰ ਰਿਹੈ ਉਸ ਜ਼ਖ਼ਮ ਨੂੰ....। ਅਸ਼ਾਂਤ ਹੈ। ਸੀਨੇ 'ਚ ਉਸਦੇ ਜਵਾਲਾ ਹੈ। ਪਤਾ ਨਹੀਂ ਕਦੋਂ ਮੇਰੀਆਂ ਅੰਨ੍ਹੀਆਂ ਅੱਖਾਂ ਦਾ ਦਬਾਅ ਵਧੇ ਤੇ ਮੇਰੀ ਤੀਸਰੀ ਅੱਖ ਪੱਟੀ ਜਾਵੇ....।

"ਲਓ ਕਰ ਲਓ ਗੱਲ....ਸਾਲਾ ਦੋ ਟਕੇ ਦਾ ਆਦਮੀ ਨਹੀਂ ਹੁੰਦਾ, ਤੁਹਾਨੂੰ ਤੁਹਾਡੀ ਜ਼ਾਤ ਦੱਸ ਕੇ ਔਕਾਤ ਦਿਖਾ ਜਾਂਦੇ....। ਮੈਂ ਕਹਿਨਾਂ ਇਹ ਸਾਲੇ....।" ਇਹ ਇਸੇ ਤਰ੍ਹਾਂ ਆਉਂਦਾ ਹੈ। ਅਸ਼ਾਂਤ। ਜਿਵੇਂ ਹੁਣੇ ਕਿਸੇ ਨਾਲ ਲੜ ਕੇ ਆਇਆ ਹੋਵੇ। ਇਸ ਦਾ ਇਹੀ ਸਟਾਈਲ ਹੈ। ਫਿਰ ਹੌਲੀ-ਹੌਲੀ ਸ਼ਾਂਤ ਹੋਵੇਗਾ,

"ਯੋਗੇਸ਼ ਮੌਲਿਆ, ਚੱਲ ਚੱਲੀਏ।"

"ਕਿੱਥੇ, ਬਾਜ਼ਾਰ ਨੂੰ....? ਜਿਨਸਾਂ ਦੇ ਬਾਜ਼ਾਰ ਵਿਚੋਂ ਰੂਹਾਂ ਦੀ ਭਾਲ ਕਰਨ....?" ਇਹ ਸਤਰ ਉਸ ਨੇ ਕਿਸੇ ਕਹਾਣੀ ਵਿਚੋਂ ਪੜ੍ਹੀ ਸੀ। ਉਸ ਨੇ ਆਪ ਦੱਸਿਆ ਸੀ ਮੈਨੂੰ। ਫਿਰ ਇਹ ਤੁਰੇਗਾ। ਰਾਹ 'ਚ ਕਹੇਗਾ, "ਯੋਗੇਸ਼ ਮੌਲਿਆ, ਮੈਂ ਹੁਣ ਸਾਰੇ ਨਸ਼ੇ ਕਰਨੇ ਛੱਡ ਦੇਣੇ ਨੇ...।" ਤੇ ਖੀਸੇ 'ਚੋਂ ਸਿਗਰਟ ਲੈ ਕੇ ਲੰਮੇ-ਲੰਮੇ ਕਸ਼ ਲਵੇਗਾ।

"ਕਿਉਂ ਛੱਡ ਕਾਹਤੋਂ ਦੇਣੇ ਆ?"

"ਬਸ ਕਹਿ ਤਾ.....।"

ਇਕ ਵਾਰੀ ਇਸੇ ਤਰ੍ਹਾਂ ਇਹਨੂੰ ਦੌਰਾ ਪਿਆ ਹੋਇਆ ਸੀ। ਉਦੋਂ ਕੁ ਇਹਦੇ ਪਿਤਾ ਜੀ ਦਾ ਮਰਡਰ ਹੋਇਆ ਸੀ। ਇਹਦੇ ਪਿਤਾ ਜੀ ਸਰਕਾਰੀ ਡਿਸਪੈਂਸਰੀ 'ਚ ਡਾਕਟਰ ਸਨ। ਉਨ੍ਹਾਂ ਦਾ ਕਿਸੇ ਨਾਲ ਝਗੜਾ ਹੋ ਗਿਆ, ਜਿਸ ਦਾ ਸਿੱਟਾ ਇਹਦੇ ਪਿਤਾ ਦਾ ਕਤਲ ਨਿਕਲਿਆ।

"ਯੋਗੇਸ਼ ਮੌਲਿਆ, ਕਾਹਦੀ ਜ਼ਿੰਦਗੀ ਆ....। ਉਧਰੋਂ ਸਾਡੇ ਪਿਤਾ ਜੀ ਦੀ ਡੈੱਡ-ਬਾਡੀ ਪਈ ਆ... ਉੱਧਰੋਂ ਪੋਸਟ ਮਾਰਟਮ ਵਾਲੇ ਪੁਲਸ ਸਾਡੇ ਤੋਂ ਪੈਸੇ ਮੰਗਦੀ ਆ....ਸਾਲੀ ਮਾਨਵਤਾ ਹੈਨੀ ਇਹਾਂ 'ਚ.....। ਕਾਹਦੇ ਆਦਮੀ ਆ...। ਦੱਸ, ਤੂੰ ਦੱਸ, ਵੱਡਾ ਕਹਾਣੀਕਾਰ ਬਣਿਆ ਫਿਰਦਾਂ.....। ਇਹ ਪੂੰਜੀਵਾਦ ਕਹਿੰਦੇ ਬੜੀ ਭੁੱਲ ਜਾਵੇ ਮਨੁੱਖਤਾ? ਓਏ ਉਹਨਾਂ

ਮੁਲਕਾਂ 'ਚ ਤਾਂ ਪਹਿਲ ਮਨੁੱਖ ਨੂੰ ਦਿੰਦੇ ਆ....ਤੇ ਇਥੇ....ਇਥੇ ਉਹਦੇ ਬਿਲਕੁਲ ਉਲਟ ਆ....। ਬੰਦੇ ਦੀ ਕੋਈ ਵੁੱਕਤ ਨਹੀਂ....।" ਇਹ ਲਗਾਤਾਰ ਬੋਲੀ ਗਿਆ ਸੀ।

ਫਿਰ ਉਹਨੀਂ ਦਿਨੀਂ ਇਹ ਆਪਣੇ ਪਿਤਾ ਦੇ ਅਸਤ ਤਾਰਨ ਵਾਸਤੇ ਬਨਾਰਸ ਗਿਆ, ਉਥੋਂ ਪਰਤਿਆ ਤਾਂ ਹੋਰ ਪਰੇਸ਼ਾਨ ਸੀ। ਇਕ ਸ਼ਾਮ ਠੀਕ ਆਪਣੇ ਆਉਣ ਦੇ ਸਮੇਂ ਮੁਤਾਬਿਕ ਜਦੋਂ ਮੇਰੇ ਛੁੱਟੀ ਕਰਨ ਦੇ ਵਕਤ ਵਿਚ ਪੰਦਰਾਂ ਮਿੰਟ ਰਹਿ ਗਏ ਸਨ, ਇਹ ਆਇਆ। ਬਿਲਕੁਲ ਉਸੇ ਤਰ੍ਹਾਂ ਬੇਚੈਨ।

"ਯਾਰ....!" ਇਹਦੇ ਮਨ 'ਚ ਪਤਾ ਨਹੀਂ ਕੀ-ਕੀ ਸੀ।

"ਕੀ ਹੋਇਆ ?"

"ਇਹ ਪੁੱਛ ਕੀ ਨਹੀਂ ਹੋਇਆ। ਮੈਂ ਤੈਨੂੰ ਕਹਿੰਦਾ ਸੀ ਨਾ, ਤੂੰ ਮੰਨਿਆ ਨਹੀਂ। ਓਏ ਉਥੇ ਗਏ ਸਾਂ ਅਸਤ ਤਾਰਨ....। ਮੈਂ ਪਹਿਲਾਂ ਵੀ ਮਾਂ ਨੂੰ ਵਰਜਦਾ ਸੀ। ਪਰ ਉਹ ਤਾਂ ਬਸ ਰੋਈ ਜਾਂਦੀ ਸੀ। ਰੋਣਾ ਈ ਨਹੀਂ ਸੀ ਉਹਦਾ ਥੰਮਿਆ ਜਾਂਦਾ....। ਅਖੇ ਉਹ ਤੁਹਾਡੀ ਖਾਤਰ ਸਾਰੀ ਉਮਰ ਕਰਦਾ ਰਿਹਾ, ਹੁਣ ਤੁਸੀਂ ਉਹਦੇ ਮਰੇ ਦੀ ਵੀ ਗਤੀ ਨਾ ਕਰਾਓ....। ਮੈਂ ਉਹਦੇ ਨਾਲ ਚਲਿਆ ਗਿਆ....। ਉਥੇ ਤਾਂ ਇਕ ਪਾਂਡਾ ਕਹਿੰਦਾ, "ਕੌਣ ਓ ?"

"ਅਖੇ ਜੀ ਅਸੀਂ ਮੇਘ ਆਂ।"

"ਆਜੋ। ਭਾਰਗੋ ਕੈਂਪ 'ਚੋਂ ਆਏ ?"

"ਹਾਂ ਜੀ।"

ਮੇਰਾ ਮੂੰਹ ਅੱਡਿਆ ਰਹਿ ਗਿਆ। ਉਹੀ ਸਾਡਾ ਪੰਡਤ ਸੀ। ਲਓ ਜੀ ਮੇਰੇ ਪਿਉ ਦਾ ਨਾ ਪੁੱਛਿਆ। ਬਾਬੇ ਦਾ ਪੁੱਛਿਆ। ਫਿਰ ਬਹੀ ਖਾਤਾ ਖੋਲ੍ਹ ਕੇ ਦੱਸ ਦਿੱਤੀਆਂ ਦਸ ਪੀੜ੍ਹੀਆਂ। ਪਤਾ ਸਾਡੇ ਪੁਰਖਾਂ ਦੇ ਕੀ ਨਾਂ ਸਨ ? ਅਖੇ ਵੱਗਣ ਮੱਲ, ਮੀਂਹ ਮੱਲ, ਮਲਖ ਮੱਲ ਤੇ ਸਾਡੇ ਪੜਦਾਦੇ ਕੋਲ ਆ ਕੇ ਇਹ 'ਮੱਲ' ਲਿਹਾ ਜਾ ਕੇ ਸਾਡੇ ਨਾਵਾਂ ਨਾਲੋਂ....। "ਤੈਨੂੰ ਪਤੈ ਇਹ 'ਮੱਲ' ਦਾ ਕੀ ਮਤਲਬ ਐ...।" "....।" ਮੈਂ ਅਵਾਕ ਉਹਦੇ ਮੂੰਹ ਵੱਲ ਤੱਕਦਾ ਰਿਹਾ। "ਇਹਦਾ ਮਤਲਬ 'ਰਿਜ਼ਰਵ' ਐ....। ਗੰਦ। ਹੁਣ ਦੱਸ ਵੱਡਿਆ ਕਾਮਰੇਡਾ, ਅਖੇ ਸਾਰੀਆਂ ਮੁਸੀਬਤਾਂ ਦੀ ਜੜ੍ਹ ਪੂੰਜੀ ਆ...। ਓਏ ਤੁਹਾਨੂੰ ਕੀ ਪਤਾ ਇਥੇ ਕੀ ਰਿਝਦੈ...।"

ਉਹਦੀਆਂ ਗੱਲਾਂ ਤੋਂ ਹਟ ਕੇ ਮੇਰਾ ਧਿਆਨ ਦੋ ਕੁ ਦਿਨ ਪਹਿਲਾਂ ਪੜ੍ਹੀ ਕਿਤਾਬ ਵੱਲ ਗਿਆ। ਉਥੇ ਲਿਖਿਆ ਸੀ, 'ਬ੍ਰਾਹਮਣ ਦੇ ਨਾਮ ਦਾ ਪਹਿਲਾ ਭਾਗ ਮੰਗਲ ਸੂਚਕ, ਖੱਤਰੀ ਦਾ ਸ਼ਕਤੀ ਸੂਚਕ, ਵੈਸ਼ ਦਾ ਧਨ ਸੂਚਕ ਅਤੇ ਸੂਦਰ ਦਾ ਕਥ ਏਦਾਂ ਦਾ ਹੋਵੇ ਜੋ ਤਿਰਸਕਾਰ ਦਾ ਸੂਚਕ ਹੋਵੇ...।

ਬ੍ਰਾਹਮਣ ਦੇ ਨਾਮ ਦਾ ਦੂਜਾ ਅੱਧ ਸੁਖ ਸ਼ਾਂਤੀ ਸੂਚਕ, ਖੱਤਰੀ ਦਾ ਰੱਖਿਆ ਸੂਚਕ, ਵੈਸ਼ ਦਾ ਸੁਭਾਗ ਸੂਚਕ ਤੇ ਸੂਦਰ ਦਾ ਦਾਸ ਭਾਵ ਸੂਚਕ ਹੋਵੇਗਾ।'

"ਓਏ ਬੋਲਦਾ ਨਹੀਂ ਹੁਣ ?"

"........।" ਮੈਂ ਸੋਚੀ ਗਿਆ, ਉਹਦੇ ਅੰਦਾਜ਼ੇ ਬਾਰੇ।

"ਮੈਂ ਜੇ ਕਿਹਾ ਤਾਂ ਕਹਿੰਦਾ ਮੈਂ ਕਿਵੇਂ ਏਸ ਵਿਸ਼ੇ 'ਤੇ ਕਹਾਣੀ ਲਿਖਾਂ....।"

---



ਮੈਂ ਉਸ ਦੀਆਂ ਗੱਲਾਂ ਵੱਲ ਧਿਆਨ ਨਹੀਂ ਸੀ ਦਿੱਤਾ, ਪਰ ਉਹ ਜ਼ਰੂਰ ਸੋਚਣ ਲੱਗ ਪਿਆ ਸੀ ਕਿ ਇਹ ਮੇਰੀ ਕਹਾਣੀ ਦਾ ਪਾਤਰ ਜ਼ਰੂਰ ਬਣੇਗਾ....। ਮੈਂ ਇਹਦੀਆਂ ਰਗਾਂ 'ਚ ਗਹਿਰੀ ਤੜਫਦੀ ਬੇਚੈਨੀ ਮਹਿਸੂਸ ਕਰ ਸਕਦਾ ਸਾਂ। ਉਸ ਦਿਨ ਤੋਂ ਇਹਦੇ ਆਉਣ ਦੀ ਆਹਟ ਵੀ ਮੈਨੂੰ ਅਰਥ ਭਰਪੂਰ ਜਾਪਦੀ ਹੈ। ਮੈਂ ਇਹਦੀਆਂ ਨਾੜਾਂ ਵਿਚਲੇ ਖ਼ੂਨ ਦੀ ਟਿਕ-ਟਿਕ ਆਪਣੀ ਘੜੀ ਦੀ ਟਿਕ-ਟਕ ਨਾਲ ਮਿਲਾ ਕੇ ਸੁਣਦਾ ਹਾਂ।

ਉਸੇ ਦਿਨ ਤੋਂ ਬਾਅਦ ਮੈਂ ਇਹਦੇ ਇਤਿਹਾਸ ਨੂੰ ਘੋਖਣ ਦਾ ਯਤਨ ਕਰ ਰਿਹਾ ਹਾਂ। ਇਕ ਦਿਨ ਇਹ ਮੇਰੇ ਕੋਲ ਆਇਆ ਤਾਂ ਇਹਦਾ ਰੌਅ ਕੁਝ ਹੋਰ ਸੀ,

"ਅੱਜ ਕਿਵੇਂ ਐਂ....?" ਮੈਂ ਮਜ਼ਾਕ ਦੇ ਲਹਿਜੇ 'ਚ ਕਿਹਾ।

"ਚੰਗੇ....। ਚੱਲ ਅੱਜ ਫੇਰ....।" ਇਹਦੀਆਂ ਪੁਤਲੀਆਂ ਨੱਚੀਆਂ।

"ਅੱਜ ਕੋਈ ਸਾਰਥਕ ਗੱਲ ਨਾ ਹੋ ਜੇ....।" ਮੈਂ ਇਹਨੂੰ ਦਫਤਰ ਵਿਚ ਹੀ ਰੋਕ ਲਿਆ।

"ਇਹਦੇ ਨਾਲੋਂ ਹੋਰ ਵਧੀਆ ਗੱਲ ਕੀ ਹੋ ਸਕਦੀ ਆ...।"

"ਪਹਿਲਾਂ ਤੂੰ ਇਹ ਦੱਸ ਪਈ ਤੁਹਾਡੀ ਬੈਕ-ਗਰਾਊਂਡ ਕੀ ਆ...?" ਮੇਰਾ ਮਿੱਤਰ ਬਣੇ ਨੂੰ ਇਹਨੂੰ ਕੋਈ ਬਹੁਤੀ ਦੇਰ ਨਹੀਂ ਹੋਈ। ਇਕ ਕਵੀ ਸੱਜਣ ਨਾਲ ਮਿਲਿਆ ਸੀ ਤੇ ਫਿਰ ਸਿਲਸਿਲਾ ਸ਼ੁਰੂ....।"

"ਸਾਡੀ....। ਕਿਉਂ ਕਹਾਣੀ ਲਿਖਣੀ ਆ...। ਨਾ-ਨਾ ਇਹ ਕਹਾਣੀ ਨਾ ਲਿਖੀਂ। ਇਹ ਤਾਂ ਮੈਂ ਲਿਖੂੰ....। ਪਰ ਫੇਰ ਵੀ ਤੈਨੂੰ ਦੱਸ ਦਿੰਦਾਂ....। ਅਸੀਂ ਲੋਕ ਆਏ ਆਂ ਪਾਕਿਸਤਾਨੋਂ ਉਜੜ ਕੇ....। ਬਜ਼ੁਰਗ ਸਾਡੇ ਖੱਡੀਆਂ ਦਾ ਕੰਮ ਕਰਦੇ ਸੀ ਜਾਂ ਜੁਲਾਹੇ ਕਹਿ ਲਓ....।"

"ਸਾਲਿਆ ਲੋਕਾਂ ਨੂੰ ਤੂੰ ਕਹੀ ਜਾਂਦੈਂ....ਤੁਸੀਂ ਕਿਹੜਾ ਦੂਜਿਆਂ ਨਾਲੋਂ ਘੱਟ ਆਂ....। ਤੁਸੀਂ ਕੀਤਾਂ ਚਮਾਰਾਂ-ਚੂਹੜਿਆਂ ਨਾਲ ਮੁੰਡੇ ਕੁੜੀਆਂ ਨਹੀਂ ਵਿਆਹੁੰਦੇ...."

"ਓਏ ਆਹੋ, ਅਸੀਂ ਵੀ ਤਾਂ ਆਪਣੇ ਆਪ ਨੂੰ ਚਮਾਰਾਂ ਤੋਂ ਥੋੜ੍ਹਾ ਉੱਚਾ ਸਮਝਦੇ ਆਂ....।" ਉਹ ਮੇਰੇ ਵੱਲ ਝਾਕਿਆ।

"ਹਿਏ ਆਹੋ....।" ਤੇ ਅਸੀਂ ਦੋਵੇਂ ਹੱਸ ਪਏ ਸਾਂ। ਇਹ ਸਭਾ ਆਪਸੀਰਾਜ਼ ਐ, ਕਿਸੇ ਨੂੰ ਭੇਤ ਨਹੀਂ ਦਿੰਦੇ ਇਸਦਾ ਅਸੀਂ।

"ਫੇਰ ਦੇਸ਼ ਵੰਡ ਹੋਈ। ਕਤਲ ਹੋਏ। ਅਸੀਂ ਉਜੜ ਕੇ ਇਥੇ ਆ ਗਏ। ਇਹ ਸਾਰਾ ਇਤਿਹਾਸ ਮੈਂ ਲਿਖਣਾ ਆ...।"

"ਪਰ ਯਾਰ ਜਦੋਂ ਤੇਰੇ ਪਿਤਾ ਜੀ ਦਾ ਸੋਹਲਾ ਪੜ੍ਹਨਾ ਸੀ, ਉਦੋਂ ਤਾਂ ਤੁਸੀਂ ਵਾਹਵਾ ਹਵਨ ਯੱਗ ਕਰਵਾਇਆ ਸੀ....ਇਹਦਾ ਕੀ....।"

'ਓਏ ਅਸੀਂ ਆਰੀਆ ਸਮਾਜੀਏ ਆਂ....। ਬਹੁਤ ਪਹਿਲਾਂ ਦੇ....। ਆਹ ਜਿਹੜੇ ਅੱਜ ਪ੍ਰਧਾਨ-ਪ੍ਰਧੁਨ ਬਣੇ ਫਿਰਦੇ ਆ, ਇਹਨਾਂ ਨੂੰ ਕੌਣ ਪੁੱਛਦਾ ਸੀ....। ਸਾਡੇ ਪੜਦਾਦੇ ਤੋਂ ਚੱਲੀ ਆਈ ਆ ਇਹ ਗੱਲ...। ਹੁਣ ਵੀ ਜਿਹੜੇ ਮੰਤ ਪੰਡਤ ਪੜ੍ਹਦਾ ਮੈਨੂੰ ਯਾਦ ਆ,

"ਓਮ ਭੂਰਭਵਹਿ ਸੁਵਹਿ। ਤਤਸਵਿਤੁਰਵਰੇਣਿਅਮ ਭਰਗੋ ਦੇਵਸਿਅ ਧੀਮਹਿ। ਧਿਯੋ ਯੋ ਨਹਿ ਪ੍ਰਚੋਦਯ।.......।" ਉਹ ਮੰਤਰ ਪੜ੍ਹਨ ਲੱਗ ਪਿਆ।

"ਅਸਲ ਵਿਚ ਵੰਡ ਤੋਂ ਬਾਅਦ ਇਹ ਸਾਰੇ ਆ ਕੇ ਟਿਕੇ ਬਰਲਟਨ ਪਾਰਕ। ਸਾਰੀ ਮੇਘ ਬਰਾਦਰੀ ਇਥੇ ਟਿਕੇ ਸੀ। ਉਦੋਂ ਹੁੰਦੇ ਸੀ ਦੋ ਬਜ਼ੁਰਗ...ਰਾਧੇ ਤੇ ਸਾਧੋ। ਉਨ੍ਹਾਂ ਨੇ ਸੰਧਿਆ ਕਰਨੀ, ਹਵਨ ਯੱਗ ਕਰਨੇ...।"

"ਇਹ ਸੰਧਿਆ ਕੀ ਹੁੰਦੀ ਆ?"

"ਸੰਧਿਆ ਹੁੰਦੀ ਆ... ਇਹ ਤਪ ਹੁੰਦਾ। ਸੰਧਿਆ ਕਰਨ ਵਾਲਾ ਬੰਦਾ ਖੂਹ ਦੀ ਮੌਣ 'ਤੇ ਬੈਠ ਕੇ ਸਵਾਸ ਉਤਾਂਹ ਚੜ੍ਹਾ ਕੇ ਤਪ ਕਰਦਾ ਸੀ। ਉਹ ਦੋਵੇਂ ਬੜੇ ਐਕਸਪਰਟ ਸਨ। ਇਕ ਦਿਨ ਰਾਧੇ ਨੇ ਸੰਧਿਆ ਵੇਲੇ ਸਵਾਸ ਏਨੇ ਉਤਾਂਹ ਚੜ੍ਹਾ ਲਏ ਪਈ ਮੁੜ ਉਹ ਉਤਾਰ ਨਾ ਸਕਿਆ। ਚਲ ਵਸਿਆ। ਉਦੋਂ ਕੁ ਈ ਇਹ ਸਾਰੇ ਖਿੰਡਰੇ ਆ। ਉਹਦੇ ਤੋਂ ਬਾਅਦ ਤਾਂ ਇਹ ਪੱਕੇ ਆਰੀਆ ਸਮਾਜੀ ਬਣ ਗਈਆਂ ਸਨ...।" ਇਹ ਪਲ ਭਰ ਲਈ ਰੁਕਿਆ।

"ਲੈ ਹੋਰ ਸੁਣ ਫੇ...ਹੁਣ ਆ ਕੇ ਪੁਆੜਾ ਖੜ੍ਹਾ ਹੋ ਗਿਆ....। ਇਹ ਸਾਰੇ ਆਪਣੇ ਨਾਮ ਨਾਲ ਆਰੀਆ ਰਤਨ ਲਿਖਦੇ ਸਨ, ਰਿਜ਼ਰਵੇਸ਼ਨ ਲੈਂਦੇ ਸਨ ਮੇਘ ਦੇ ਨਾਂ ਹੇਠ। ਅਸੀਂ ਇਹ ਬਖੇੜਾ ਖੜ੍ਹਾ ਕਰਤਾ ਪਈ ਅਸੀਂ ਆਰੀਆ ਰਤਨ ਨਹੀਂ ਮੇਘ ਲਿਖਣੈ ਆਪਣੇ ਆਪ ਨੂੰ ਤੇ ਨਾਲੇ ਲਾਲਿਆਂ ਤੋਂ ਪੁੱਛਿਆ ਹਿਸਾਬ....। ਸ਼ਿਵਰਾਤਰੀ 'ਤੇ, ਦੁਸਹਿਰੇ 'ਤੇ ਜਾਣੀ ਸਭ ਪ੍ਰੋਗਰਾਮਾਂ 'ਤੇ ਜਿਹੜਾ ਪੈਸਾ ਇਕੱਠਾ ਹੁੰਦਾ ਸੀ ਉਹ ਕਿਥੇ ਹੈ....? ਬਸ ਹੋ ਗਿਆ ਤਮਾਸ਼ਾ ਸ਼ੁਰੂ....। ਅਸੀਂ ਬਾਗ਼ੀ ਕਰਾਰ....। ਪੁਲਸ ਕੇਸ ਬਣਨ ਲੱਗੇ....। ਇਨ੍ਹਾਂ ਦੇ ਕਾਲਜਾਂ 'ਚੋਂ ਸਾਡੇ ਨਾਂ ਕੱਟੇ ਗਏ....। ਅਸੀਂ ਹੋਰ ਤਕੜੇ ਹੋ ਗਏ। ਇਹ ਤੇਰਾ ਵੀਰ ਸਭ ਤੋਂ ਮੂਹਰੇ ਸੀ। ਚਾਰ ਵਾਰ ਪੁਲਸ ਆਈ ਸਾਡੇ ਘਰੇ....। ਲੋਕਾਂ ਨੂੰ ਵੀ ਇਹੋ ਲੱਗਿਆ ਕਿ ਇਨ੍ਹਾਂ ਦੇ ਨਾਲ ਤੁਰਨਾ ਚਾਹੀਦਾ। ਫੇਰ ਕੀ ਸਾਡਾ ਕਾਫ਼ਲਾ ਬਣ ਗਿਆ। ਫੇਰ ਅਸੀਂ ਕਈ ਫੈਸਲੇ ਲਏ। ਇਨ੍ਹਾਂ ਵਿਚੋਂ ਇਕ ਸੀ ਕਿ ਅਸੀਂ ਆਪਣੀ ਪੁਲੀਟੀਕਲ ਆਈਡੈਂਟਿਟੀ ਵੀ ਬਣਾਉਣੀ ਆ....। ਇਹ ਸਭ ਤੋਂ ਆਖ਼ਰੀ ਮੁੱਦਾ ਸੀ, ਪਹਿਲਿਆਂ ਵਿਚ ਜਿਵੇਂ ਪੜ੍ਹਾਈ ਖਾਤਰ ਵੱਖਰੇ ਸਕੂਲ ਬਣਾਉਣੇ ਜਾਂ ਹੋਰ...। ਬਾਅਦ ਵਿਚ ਇਹ ਪੋਲੀਟਿਕਸ ਵਾਲਾ ਮੁੱਦਾ ਮੇਨ ਬਣ ਗਿਆ। ਸਾਰੇ ਕਹਿਣ ਅਸੀਂ ਨਾ ਆਰੀਆ ਰਤਨ ਬਣਨਾ, ਨਾ ਚਮਾਰ ਬਣਨਾ ਤੇ ਨਾ ਕੁਝ ਹੋਰ....ਤਾਂ ਬਣਨਾ ਤਾਂ ਬਣਨਾ ਕੀ ਆ? ਫੇਰ ਵਿਚੋਂ ਨਿਕਲਿਆ ਕਬੀਰ ਪੰਥੀ...। ਆਹ ਕਬੀਰ ਪੰਥ ਚੱਲਿਆ ਨਾ, ਇਹ ਸਾਰੇ ਕਹਿੰਦੇ ਅਸੀਂ ਜੁਲਾਹੇ ਹਾਂ, ਜੁਲਾਹਿਆਂ ਦਾ ਗੁਰੂ ਕਬੀਰ ਹੈ। ਫੇਰ ਇਹ ਕਬੀਰ ਪੰਥ ਚੱਲਿਆ। ਇਨ੍ਹਾਂ ਨੇ ਕਬੀਰ ਪੰਡਤ ਬਣਾਏ ਪਰ ਮਰਿਆਦਾ ਉਹੀ ਰਹੀ। ਰਿਜ਼ਰਵੇਸ਼ਨ ਫੇਰ ਮੇਘ ਕਰਕੇ ਮਿਲਦੀ ਐ। ਮੈਂ ਫੇਰ ਇਨ੍ਹਾਂ ਤੋਂ ਪਿਛਾਂਹ ਹਟ ਗਿਆ। ਹੁਣ ਨਹੀਂ ਪਤਾ ਇਹ ਕੀ ਕਰਦੇ ਆ....। ਸਾਡੇ ਘਰ ਦੇ ਵੀ ਅਜੇ ਤੀਕ ਉਹੀ ਰਸਮਾਂ ਕਰਦੇ ਨੇ....।"

ਅਸ਼ਵਥਾਮਾ ਦੀ ਆਵਾਜ਼ 'ਚ ਕੰਬਣੀ ਹੈ, ਮੇਰੇ ਲਈ ਹੀ ਮਰਿਆਦਾ ਹੈ? ਹੋਰ ਕੋਈ ਨਹੀਂ ਮਰਿਆਦਾ 'ਚ ਰਹਿ ਸਕਦਾ। ਮੇਰੇ ਪਿਤਾ ਦਾ ਵੱਧ.....ਭੀਮ ਨੇ ਦੁਰਯੋਧਨ ਨੂੰ ਮਾਰਿਆ....। ਉਹਦੀਆਂ ਕਨਪਟੀ ਦੀਆਂ ਪਾਟਦੀਆਂ ਨਾੜਾਂ....।"

"ਖਾਮੋਸ਼ ਗੁਸਤਾਖ!" ਮੈਂ ਪਤਾ ਨਹੀਂ ਕਿਧਰ ਗੁਆਚਿਆ ਹੋਇਆ ਹਾਂ।



ਫਿਰ ਇਹਨੂੰ ਪਤਾ ਨਹੀਂ ਕੀ ਯਾਦ ਆਇਆ। ਇਹ ਕੋਠੇ 'ਤੇ ਚਲਿਆ ਗਿਆ। ਮੈਂ ਆਪਣੇ ਅੰਦਰ ਲਹਿਣ ਲੱਗਿਆ। ਤਮਸ ਹੋਰ ਗੂੜ੍ਹਾ ਹੁੰਦਾ ਗਿਆ। ਮੈਂ ਹੋਰ ਡੂੰਘਾ ਲਹਿੰਦਾ ਜਾ ਰਿਹਾ ਸਾਂ।

"ਸਾਹਬ ਅੱਜ ਛੁੱਟੀ ਕਰਨ ਦਾ ਨਹੀਂ ਇਰਾਦਾ....." ਚੌਕੀਦਾਰ ਦੀ ਆਵਾਜ਼ ਸੁਣ ਮੈਂ ਤ੍ਰਭਕਿਆ।

"ਜਾਣਾ ਯਾਰ...। ਲੌਕਰ ਲੈ ਬੰਦ ਆਪਣਾ ਵੀ ਆਫ਼ਿਸ...." ਕਹਿ ਮੈਂ ਉੱਠਿਆ ਪਰ ਅੰਦਰੋਂ ਬਾਹਰੋਂ ਨਹੀਂ ਸਾਂ ਨਿਕਲ ਸਕਿਆ। ਗੂੜ੍ਹੇ ਹਨੇਰੇ ਵਿਚ ਜਿਵੇਂ ਭਟਕ ਗਿਆ ਸੀ।

ਘਰ ਗਿਆ ਤਾਂ ਵੀ ਉਹੀ ਹਾਲ। ਮੈਂ ਚੁੱਪਚਾਪ ਲੇਟ ਗਿਆ। ਪਤਨੀ ਚਾਹ ਬਣਾ ਕੇ ਲਿਆਈ। ਮੈਂ ਪੀਤੀ, ਪਰ ਪਤਾ ਨਹੀਂ ਚੱਲਿਆ ਮੈਂ ਚਾਹ ਪੀਤੀ ਐ ਜਾਂ ਨਹੀਂ....।

ਗਾਂਧਾਰੀ ਦੀਆਂ ਅੱਖਾਂ 'ਤੇ ਵੀ ਪੱਟੀ ਬੰਨ੍ਹੀ ਹੋਈ ਹੈ। ਉਹ ਵੀ ਨਹੀਂ ਵੇਖਣਾ ਚਾਹੁੰਦੀ। ਮੈਂ ਅੰਨ੍ਹਾ-ਮੁੜ੍ਹਾ। ਮੈਨੂੰ ਤਾਂ ਦਿਸਦਾ ਈ ਨਹੀਂ। ਨਹੀਂ ਮੈਂ ਢੌਂਗ ਕਰਦਾ ਹਾਂ। ਸਭ ਕੁਝ ਤਾਂ ਸੰਜਯ ਮੈਨੂੰ ਦੱਸੀ ਜਾ ਰਿਹੈ।

"ਸੰਜਯ ਚੁੱਪ ਕਰ ਜਾ....ਇਹ ਹਸਤਨਾਪੁਰ ਨਰੇਸ਼ ਦਾ ਹੁਕਮ ਐ...।"

ਉਹਦੀ ਜ਼ਬਾਨ ਬੰਦ ਨਹੀਂ ਹੋਈ।

"ਤੂੰ ਪਾਂਡਵਾਂ ਦੇ ਪੱਖ ਵਿਚ ਏਂ ਜਾਂ ਕੌਰਵਾਂ ਦੇ...।"

"ਮੈਂ ਕੌਰਵਾਂ ਦੇ ਪੱਖ ਵਿਚ ਹਾਂ।"

ਮੇਰੀਆਂ ਨਸਾਂ ਤਣ ਗਈਆਂ। "ਤੂੰ ਤਾਂ ਹਮੇਸ਼ਾ ਧਰਮ ਦਾ ਪੱਖ ਪੂਰਿਐ, ਪਰ....।" ਮੇਰਾ ਮੂੰਹ ਕੌੜਾ ਹੋ ਗਿਐ। ਉਹ ਉੱਚੀ ਦੇਣੀ ਹੱਸਿਐ। ਸ਼ਾਇਦ ਮੇਰੇ ਅੰਨ੍ਹੇਪਣ ਉੱਤੇ ਹੱਸਿਐ।

"ਤੂੰ ਮੇਰਾ ਅਪਮਾਨ ਕਰ ਰਿਹੈਂ।"

ਉਹ ਹੋਰ ਉੱਚੀ ਹੱਸਿਐ।

ਤਮਸ ਵਧਦਾ ਗਿਆ। ਮੇਰੇ ਅੰਦਰ ਏਨਾ ਹਨ੍ਹੇਰਾ। ਜੰਗ ਬੰਦ ਕਰਨ ਦਾ ਐਲਾਨ ਤਾਂ ਕਦੋਂ ਦਾ ਹੋਇਆ ਪਿਆ ਸੀ। ਸੰਜਯ ਚੁੱਪ ਸੀ। ਪਰ ਉਹਦੇ ਬੋਲ ਅਜੇ ਵੀ ਮੇਰੇ ਅੰਦਰ ਕਿਤੇ ਚਲਦੀ ਜੰਗ ਉੱਪਰ ਤੇਲ ਪਾ ਰਹੇ ਸਨ। ਜੰਗ ਕਦੇ ਨਹੀਂ ਰੁਕਦੀ.....ਰਾਤ ਵੇਲੇ ਵੀ ਨਹੀਂ.....। ਜੰਗ ਤਾਂ ਸੁਆਹ ਹੇਠ ਦੱਬ ਦਿੱਤੀ ਜਾਂਦੀ ਐ।

"ਸੁਣੋ! ਪਿਤਾ ਜੀ ਮੈਨੂੰ ਅੱਜ ਕਹਿ ਰਹੇ ਸਨ ਤੈਨੂੰ ਅੱਗ ਦੱਬਣ ਦੀ ਜਾਚ ਆ ਗਈ ਏ।" ਪਤਨੀ ਨੇ ਮੈਨੂੰ ਹਲੂਣਿਆ।

ਮੈਂ ਤ੍ਰਭਕ ਕੇ ਉੱਠਿਆ ਹਾਂ।

"ਕੀ?"

"ਮੈਂ ਕਿਹਾ ਪਿਤਾ ਜੀ ਮੈਨੂੰ ਕਹਿੰਦੇ ਸਨ ਕਿ ਤੈਨੂੰ ਅੱਗ ਦੱਬਣ ਦੀ ਜਾਚ ਆ ਗਈ ਏ। ਹੁਣ ਉਹਨਾਂ ਨੂੰ ਅੱਗ ਧਰਨ ਲਈ ਬਾਲਣੀ ਨਹੀਂ ਪੈਂਦੀ। ਚੁੱਲ੍ਹੇ ਵਿਚੋਂ ਕੱਢ ਕੇ ਪਾ ਲਿਆ ਕਰਦੇ ਹਨ।"

ਮੈਨੂੰ ਖਿਆਲ ਆਇਆ ਪਤਨੀ ਅੱਜ ਹੀ ਪਿੰਡੋਂ ਪਰਤੀ ਐ। ਪਿੰਡ ਪਿਤਾ ਜੀ ਬਿਮਾਰ ਸਨ ਤਾਂ ਮੈਂ ਇਹਨੂੰ ਉਥੇ ਛੱਡ ਆਇਆ। ਇਹ ਵੀ ਸ਼ਹਿਰ ਦੀ ਹੋਣ ਕਰਕੇ ਚੁੱਲ੍ਹੇ-ਚੌਂਕੇ

ਦਾ ਕੰਮ ਘੱਟ ਜਾਣਦੀ ਸੀ। ਹੌਲੀ-ਹੌਲੀ ਸਿੱਖ ਗਈ ਏ। ਪਿਤਾ ਜੀ ਹੁੱਕਾ ਪੀਂਦੇ ਨੇ। ਮਾਂ ਤਾਂ ਕੋਈ ਘੰਟੇ ਚੁੱਲ੍ਹੇ 'ਚ ਅੱਗ ਦੱਬੀ ਰੱਖਦੀ ਸੀ, ਪਰ ਉਹਦੇ ਮਰਨ ਤੋਂ ਬਾਅਦ ਪਿਤਾ ਜੀ ਨੂੰ ਛੋਰੀਆਂ ਪਾੜ-ਪਾੜ ਕੇ ਈ ਸਾਰਨਾ ਪਿਆ ਸੀ। ਹੁਣ ਇਹ ਗਈ ਤਾਂ ਉਹਨਾਂ ਕੋਈ ਤਰੀਕਾ ਦੱਸਿਆ ਹੋਣਾ.....।

"ਤੂੰ ਸਵੇਰੇ ਮੇਰੇ ਨਾਲ ਚੰਗੀ ਨਹੀਂ ਕੀਤੀ.....।"

"ਤੁਸੀਂ ਦਫਤਰੋਂ ਲੇਟ ਹੁੰਦੇ ਸੀ.....। ਫੇਰ ਜੇ ਤੁਹਾਨੂੰ ਨੀਂਦ ਆ ਜਾਂਦੀ.....।"

"ਆਹੋ.....ਤੂੰ ਮੈਨੂੰ ਤੰਗ ਈ ਕਰ੍ਹ ਸੀ.....ਨੀਂਦ ਤਾਂ.....।"

"ਜਦੋਂ ਤੁਸੀਂ ਮੇਰੀਆਂ ਭਾਵਨਾਵਾਂ ਜਗਾ ਕੇ ਆਪ ਵਰੀ ਹੋ ਕੇ ਸੌਂ ਜਾਂਦੇ ਓ....।" ਉਹ ਖਾਮੋਸ਼ ਸੀ। ਮੈਂ ਖਾਮੋਸ਼ ਸਾਂ।

ਸਾਰੀ ਰਾਤ ਮੈਂ ਸੰਜਯ ਨੂੰ ਗਾਹਲਾਂ ਕੱਢਦਾ ਰਿਹਾ। ਆਪਣੀਆਂ ਅੱਖਾਂ ਉਪਰਲੀ ਪੱਟੀ ਹੋਰ ਕੱਸ ਲਈ। ਗੰਧਾਰੀ ਮੇਰੇ ਮਨੋਂ ਵਿਸਰ ਚੁੱਕੀ ਸੀ। ਹਸਤਨਾਪੁਰ ਨਰੇਸ਼.....। ਜੰਗ ਕਦੇ ਬੰਦ ਨਹੀਂ ਹੋਂਦੀ.....। ਕ੍ਰਿਸ਼ਨ ਸਿਰਫ ਲੀਲ੍ਹਾ ਕਰਦੈ.....। ਜੰਗ ਤਾਂ ਚਲਦੀ ਹੀ ਰਹਿੰਦੀ ਐ.....। ਬਿਗੁਲ ਦੀ ਆਵਾਜ਼ ਆਈ ਏ.....। ਸੰਜਯ ਫਿਰ ਆ ਗਿਐ.....। ਇਹ ਕਿਵੇਂ ਝਬਰ-ਝਬਰ ਬੋਲਦਾ ਰਹਿੰਦੈ.....।

"ਆਜੋ ਭਾਅਜੀ ਆਜੋ.....। ਅੰਦਰ ਈ ਨੇ ਮਹਾਰਾਜ.....ਅਜੇ ਤੀਕ ਸੁੱਤੇ ਪਏ ਨੇ...।"

ਇਹ ਦੂਜੇ ਦਿਨ ਸਵੇਰੇ ਈ ਆ ਟਪਕਿਆ। ਮਨ ਇਹਦਾ ਭਰਿਆ ਪਿਆ ਸੀ। ਹੱਥ 'ਚ ਵੀ ਕੁਝ ਸੀ।

"ਆਜਾ.....ਆਜਾ.....।" ਇਹ ਅੰਦਰ ਲੰਘ ਆਇਆ।

"ਅੱਜ ਨਾਸ਼ਤਾ ਨਹੀਂ ਦਿੱਤਾ ਘਰਦਿਆਂ ਨੇ.....।" ਪਤਨੀ ਨੇ ਮਸ਼ਕਰੀ ਕੀਤੀ।

"ਭਾਬੀ ਜੀ, ਜਦੋਂ ਤੀਕ ਤੁਸੀਂ ਹੋ, ਨਾਸ਼ਤੇ ਦੀ ਕੀ ਚਿੰਤਾ.....।"

"ਬਹਿ ਜਾ......।" ਮੈਂ ਪਰ੍ਹਾਂ ਨੂੰ ਖਿਸਕ ਗਿਆ, "ਜਾਹ ਬਈ ਰਮਾ ਚਾਹ ਲਿਆ ਸਾਡੇ ਲਈ.....।"

"ਆਹੋ ਜੀ.....।" ਇਹਨੇ ਵੀ ਹੁੰਗਾਰਾ ਭਰਿਐ।

"ਚੰਗਾ ਜੀ।" ਕਹਿ ਉਹ ਰਸੋਈ 'ਚ ਚਲੇ ਗਈ।

"ਕਿਵੇਂ ਆਉਣਾ ਹੋਇਆ?"

"ਯਾਰ ਮੈਨੂੰ ਅੱਜਕਲ੍ਹ ਨੀਂਦ ਨਹੀਂ ਆਉਂਦੀ.....। ਕੋਈ ਘੰਟੇ ਮੈਂ ਆਤਮ ਮੰਥਨ ਕਰਦਾ ਰਹਿੰਦਾ ਆਂ.....। ਕੱਲ੍ਹ, ਜਦੋਂ ਤੇਰੇ ਕੋਲੋਂ ਆਇਆ ਨਾ ਤਾਂ ਪੁੱਛ ਨਾ ਰਸਤੇ 'ਚ ਕੀ ਹੋਇਆ.....।"

"ਕੀ ਛੁਪਿਐ ਤੇਰੇ ਮੰਥੇ 'ਚ.....।"

"ਇਹ ਜ਼ਖ਼ਮ ਮੇਰੇ ਇਤਿਹਾਸ ਦੇ ਖੰਡਹਰਾਂ ਤੱਕ ਪਹੁੰਚਣ ਦਾ ਰਸਤਾ ਹੈ।" ਉਹਨੇ ਕਿਹਾ।



"ਕੀ ਕਿਹੈ....." ਮੈਂ ਜਿਵੇਂ ਸਭ ਕੁਝ ਕਲਮ ਰਿਹਾ ਹੋਵਾਂ।

"ਯਾਰ ਕੱਲ੍ਹ ਜਦੋਂ ਤੇਰੇ ਕੋਲੋਂ ਆ ਰਿਹਾ ਸੀ ਤਾਂ ਰਸਤੇ 'ਚ ਜਿਸ ਰਿਕਸ਼ੇ 'ਚ ਘਰ ਜਾ ਰਿਹਾ ਸੀ, ਉਹਨੂੰ ਚਲਾਉਣ ਵਾਲਾ ਬੀ.ਏ.ਐਲ.ਐਲ.ਬੀ. ਸੀ.....। ਪਤਾ ਕੀ ਕਹਿੰਦਾ, ਅਖੇ ਮੈਂ ਆਪਣੇ ਭਰਾ ਦੀ ਤਲਾਸ਼ 'ਚ ਏਧਰ ਆਇਆ ਸੀ.....। ਉਹਨੂੰ ਗਵਾਚਿਆਂ ਦਸ ਵਰ੍ਹੇ ਹੋ ਚੱਲੇ ਨੇ.....।"

"ਫੇਰ ਮਿਲਿਆ ਉਹਦਾ ਭਰਾ.....?"

"ਆਹੋ, ਮਿਲ ਗਿਆ.....। ਪਰ ਹੁਣ ਵੀ ਉਹ ਵਾਪਸ ਜਾਣ ਨੂੰ ਤਿਆਰ ਨਹੀਂ। ਅਖੇ ਉਹਦਾ ਭਰਾ ਕਿਸੇ ਕੁੜੀ ਨਾਲ ਵਿਆਹ ਕਰਾਉਣਾ ਚਾਹੁੰਦਾ, ਉਹ ਹੋਰ ਜਾਤ ਦੀ ਕੁੜੀ ਆ.....। ਉਹ ਕਹਿੰਦਾ ਜੇ ਉਹਨੇ ਵਿਆਹ ਕਰਵਾਇਆ ਤਾਂ ਮੈਂ ਉਹਦਾ ਕਤਲ ਕਰ ਦੇਣਾ.....।"

"ਲਓ ਚਾਹ ਪੀਓ....." ਪਤਨੀ ਨੇ ਟਰੇਅ ਬੈੱਡ ਉਪਰ ਰੱਖ ਦਿੱਤੀ।

"ਭਾਅਜੀ, ਤੁਹਾਡਾ ਉਹ ਟਰਮੈਸਟਰ ਕੰਪਲੀਟ ਹੋ ਗਿਆ.....।"

"ਅਜੇ ਕਿੱਥੇ...ਹਾਈਕੋਰਟ 'ਚ ਕੇਸ ਚੱਲਦਾ ਪਿਆ...।" ਇਹਨੇ ਡੂੰਘਾ ਸਾਹ ਲਿਆ।

ਇਹ ਬੀ.ਐਸ.ਸੀ. ਦੀ ਡਿਗਰੀ ਕਰ ਰਿਹਾ ਸੀ। ਕਿਤੇ ਕਿਸੇ ਪ੍ਰੋਫੈਸਰ ਨਾਲ ਜਾਤ ਬਰਾਦਰੀ ਦੀ ਗੱਲ ਚੱਲੀ ਤਾਂ ਝਗੜ ਪਿਆ। ਉਹਦੇ ਖਿਲਾਫ ਐਜੀਟੇਸ਼ਨ ਕਰਵਾ ਦਿੱਤੀ। ਯੂਨੀਵਰਸਿਟੀ 'ਚ ਉਹਦੇ ਪੋਸਟਰ ਲਵਾ ਦਿੱਤੇ। ਬਸ ਉਹ ਪਿੱਛੇ ਪੈ ਗਿਆ। ਫੇਰ ਐਂਵ ਗੇੜ ਲੱਗ ਗਿਆ.....। ਉਦੋਂ ਦਾ ਲਟਕਦਾ ਫਿਰ ਰਿਹੈ।

"ਫਿਰ ਵਿਆਹ ਤਾਂ ਅਜੇ ਨਹੀਂ ਹੋਣ ਲੱਗਾ.....।" ਪਤਨੀ ਨੇ ਉਹਦੀ ਉਦਾਸੀ ਤੋੜਨ ਲਈ ਹੋਰ ਲਹਿਜਾ ਅਪਣਾ ਲਿਆ।

"ਕਾਹਦਾ ਵਿਆਹ.....। ਜਿਗੇਸ਼ ਮੌਲਿਆ, ਉਦੋਂ ਇਕ ਹੁੰਦੀ ਸੀ ਕੁੜੀ...ਹੁਣ ਉਹ ਡਾਕਟਰ ਬਣੀ ਹੋਈ ਆ.....। ਉਹ ਕਹਿੰਦੀ ਸੀ ਨਿਰੰਕਾਰੀ ਬਣ ਜਾ, ਸਭ ਕੁਝ ਹੋਊ.....। ਨੌਕਰੀ ਵੀ ਲਵਾ ਦੂੰ.....। ਉਦੋਂ ਅਸੀਂ ਆਕੜ ਗਏ.....। ਯਾਰ ਸਿਆਲਕੋਟੀਆ ਬਣ ਜਾਏ ਨਿਰੰਕਾਰੀ.....ਜਿਹੜਾ ਆਰੀਆ ਰਤਨ ਨਹੀਂ ਬਣਿਆ, ਉਹ ਨਿਰੰਕਾਰੀ ਕਿਵੇਂ ਬਣ ਜਾਵੇ.....। ਬਸ ਆਕੜ ਗਏ.....ਨਹੀਂ ਤਾਂ ਅੱਜ ਨੂੰ ਕਿਤੇ ਦੇ ਕਿਤੇ ਹੋਣਾ ਸੀ, ਪਿਉ ਉਹਦੇ ਦੀ ਚੱਲਦੀ ਬਹੁਤ ਸੀ.....।"

"ਚੱਲ ਚੰਗਾ ਫੇਰ ਵੜੀ ਰੱਖ ਆਪਦੀ ਹਓਂ.....। ਉਏ ਇਹਨੇ ਈ ਤੈਨੂੰ ਮਰਵਾ ਦੇਣਾ.....ਸਾਲਿਆ ਕੀ ਘਸਦਾ ਤੇਰਾ ਜੇ ਰਤਾ ਢਿੱਲਾ ਰਹੇਂ ਤਾਂ.....।"

"ਓਏ ਆਪਾਂ ਤੋਂ ਨਹੀਂ ਰਹਿ ਹੁੰਦਾ.....। ਨਾ ਨਾਲੇ ਤੂੰ ਕਾਹਦਾ ਕਾਮਰੇਡ ਓਏ.....। ਸਮਝੌਤੇ ਕਰੀ ਫਿਰਦੇ ਓ ਤੁਸੀਂ.....। ਮੈਂ ਨਹੀਂ ਸਮਝੌਤਾ ਕਰ ਸਕਦਾ.....। ਘੱਟ ਤੋਂ ਘੱਟ ਇਸ ਮਾਮਲੇ ਵਿਚ ਤਾਂ ਮੂਲੋਂ ਈ ਨਹੀਂ.....।"

"ਅੱਛਾ ਚੱਲ ਛੱਡ.....। ਮੈਂ ਇਕ ਕਹਾਣੀ ਲਿਖ ਰਿਹਾਂ...ਤੂੰ ਇਕ ਗੱਲ ਦੱਸ ਬਈ ਮਹਾਂਭਾਰਤ ਵਿਚ ਜੇ ਤੈਨੂੰ ਪੁੱਛਾਂ ਤਾਂ ਤੂੰ ਕੌਰਵਾਂ ਪਾਂਡਵਾਂ ਵਿਚੋਂ ਪੱਖ ਪੂਰਨਾ, ਤਾਂ ਤੂੰ ਕਿਹਦਾ ਪੱਖ ਪੂਰੇਂਗਾ.....?"

"ਕੌਰਵਾਂ ਦਾ....।"

"ਉਹ ਕਿਊ....।"

"ਇਹ ਨਹੀਂ ਪਤਾ.....।ਮੈਂ ਤੇਰੇ ਵਾਂਗੂੰ ਕਹਾਣੀਕਾਰ ਨਹੀਂ ਜਿਹੜਾ ਸ਼ਬਦਾਂ ਰਾਹੀਂ ਆਪਣੇ ਦਿਲ ਦੀ ਗੱਲ ਦੱਸ ਸਕੇ....।"

"ਠੀਕ ਐ, ਠੀਕ ਐ....ਭਾਅਜੀ, ਇਹ ਮੇਰੇ ਤੋਂ ਵੀ ਐਵੇਂ ਦੇ ਊਟ-ਪਟਾਂਗ ਸਵਾਲ ਪੁੱਛਦੇ ਨੇ, ਅਖੇ ਗੰਧਾਰੀ ਵਾਂਗ ਤੂੰ ਵੀ ਪੱਟੀ ਬੰਨ੍ਹੀ ਹੋਈ ਆ....ਕਈ ਵਾਰ ਤਾਂ ਲਗਦੈ ਇਹਨਾ ਦੀ ਗੱਲ ਸੱਚੀ ਆ....ਪਰ ਫੇਰ ਚਿਤ ਕਰਦੈ ਬੱਝੀ ਆ ਤਾਂ ਬੱਝੀ ਰਹੇ....।" ਕਹਿ ਪਤਨੀ ਨੇ ਗਲਾਸ ਚੁੱਕ ਲਏ ਤੇ ਰਸੋਈ ਵੱਲ ਚਲੇ ਗਈ।

"ਯਾਰ ਅੱਜ ਉਹ ਕਵਿਤਾ ਸੁਣਾ।" ਉਹ ਹੋਰ ਰੌਅ ਵਿਚ ਹੋ ਗਿਆ।

"ਕਿਹੜੀ?"

"ਉਹੀ ਜਿਹੜੀ ਉਸ ਦਿਨ ਸੁਣਾਈ ਸੀ....।"

"ਇਕ ਦਿਨ....।"

"ਜਿਸ ਦਿਨ ਮੈਂ ਪਾਰਟੀ ਤੋਂ ਆਇਆ ਸੀ....।"

"ਉਸ ਦਿਨ ਤਾਂ ਤੂੰ ਬਾਹਲਾ ਈ ਉਦਾਸ ਸੀ....ਏਦਾਂ ਕਾਹਤੋਂ ਸੀ....?"

"ਯਾਰ, ਕਿਤੇ-ਕਿਤੇ ਬਹੁਤ ਵੱਡੀ ਭੀੜ ਵਿਚ ਮੈਂ ਬਹੁਤ ਇਕੱਲਾ ਮਹਿਸੂਸ ਕਰਦਾ ਹਾਂ। ਬਹੁਤ ਹੀ ਇਕੱਲਾ....।ਮੇਰਾ ਚਿੱਤ ਕਰਦਾ ਹੁੰਦਾ ਮੈਂ ਕਿਧਰੇ ਅਸ਼ਾਂਤ ਪਾਣੀਆਂ ਵਿਚ ਜਾ ਕੇ ਸਮ ਜਾਵਾਂ....।ਮੇਰੇ ਮਸਤਕ ਵਿਚ ਉਬਲਦੀਆਂ ਇੱਛਾਵਾਂ ਉਵੇਂ ਹੀ ਪਾਣੀ ਵਿਚ ਜਜ਼ਬ ਹੋ ਜਾਣ....ਫਿਰ ਪਾਣੀ ਵਿਚ ਉਬਾਲ ਆਵੇ....।ਮੇਰੀਆਂ ਇੱਛਾਵਾਂ ਦੀ ਜਵਾਲਾ ਪਾਣੀ ਵੀ ਉਬਾਲ ਸਕਦੀ ਐ.....।ਫਿਰ ਪਰਲੋ ਆਵੇ....।ਗਰਕ ਹੋ ਜੇ ਸਭ ਕੁਝ....।" ਕਈ ਵਾਰ ਉਹ ਹਿੰਦੀ ਕਹਾਣੀਆਂ ਦੀਆਂ ਇਹੋ ਜਿਹੀਆਂ ਸਤਰਾਂ ਦੁਹਰਾਉਂਦਾ ਹੈ।

"ਬਸ ਕਰ, ਬਸ ਕਰ...."

"ਯਾਰ ਪਤਾ ਨਹੀਂ ਕਾਹਤੋਂ ਮੈਨੂੰ ਬਹੁਤੀ ਵਾਰੀ ਇਹ ਇਕੱਲਤਾ ਬੜੀ ਸ਼ਿੱਦਤ ਨਾਲ ਮਹਿਸੂਸ ਹੁੰਦੀ ਆ....।"

"ਫੇਰ ਤਾਂ ਤੂੰ ਮੇਰੇ ਵਿਆਹ 'ਤੇ ਇਕੱਲਾ ਜਿਹਾ ਹੀ ਰਿਹਾ ਹੋਣਾ....।"

"ਓਏ ਕਿਹੜੀ ਗੱਲ ਕਰਦੀ ਤੂੰ......।ਮੂੰਹ ਸੰਭਾਲ ਕੇ ਬੋਲ....। ਭਲਿਆ ਲੋਕਾ ਉਹ ਭੀੜ ਤਾਂ ਮੇਰੇ ਅੰਦਰ ਸਮੋਈ ਹੋਈ ਸੀ....।ਮੈਂ ਉਸ ਭੀੜ ਵਿਚ ਨਹੀਂ ਸਾਂ, ਉਹ ਭੀੜ ਮੇਰੇ ਅੰਦਰ ਸੀ....।ਮੈਂ ਭਲਾ ਉਦੋਂ ਕਿਉਂ ਇਕੱਲਾ ਮਹਿਸੂਸ ਕਰਦਾ....ਆਹ ਬਾਕੀ ਭੀੜਾਂ ਵਿਚ ਤਾਂ ਮੈਂ ਹੁੰਦਾ ਹਾਂ, ਇਕੱਲ....।"

ਮੈਨੂੰ ਮਹਿਸੂਸ ਹੋਇਆ। ਆਦਮੀ ਕਈ ਵਾਰ ਬਿਲਕੁਲ ਇਕੱਲਾ ਹੁੰਦਾ ਹੈ। ਉਹਦਾ ਆਪਾ ਵੀ ਕੋਲ ਨਹੀਂ ਹੁੰਦਾ। ਭੀੜ ਉਹਦੇ ਵਜੂਦ ਦੁਆਲੇ ਖਿੰਡਰੀ ਹੁੰਦੀ ਹੈ।

ਮੈਂ ਕਾਹਲੀ ਨਾਲ ਕਾਗਜ਼ ਕਲਮ ਚੁੱਕੀ ਤੇ ਉੱਤੇ ਲਿਖ ਦਿੱਤਾ, 'ਹਰ ਛਿਣ ਇਤਿਹਾਸ ਬਦਲਣੇ ਦਾ ਛਿਣ ਹੁੰਦਾ ਹੈ।'



"ਤੂੰ ਕਵਿਤਾ ਤਾਂ ਸੁਣਾਈ ਨਹੀਂ।"

"ਕਿਹੜੀ?"

"ਉਹੀ ਧਰੇਜੇ ਵਾਲੀ।"

"ਅੱਛਾ-ਅੱਛਾ....। ਲੈ ਸੁਣ....।

ਜੜ੍ਹਾਂ ਨੂੰ ਦੇਖ
ਆਪਣੇ ਵੱਡੇ ਪੁਰਖੇ ਧਰੇਜੇ ਦਾ ਮੁੱਖ ਨਜ਼ਰ ਆਉਂਦਾ ਹੈ
ਜਿਸ ਤੋਂ ਸਾਡੀ ਵੇਲ ਤੁਰੀ ਸੀ
ਮੈਂ ਇਹਨਾਂ ਜੜ੍ਹਾਂ ਦਾ ਹੀ ਬੀਅ ਹਾਂ
ਕੁੱਖ ਵਿਚ ਡਿੱਗਿਆ ਉਸ ਮਿੱਟੀ ਮਾਂ ਦਾ ਬਾਲਕ ਹਾਂ
ਜੁਗ ਜੁਗ ਜਿਊਣ ਵਾਲਾ
ਉਸ ਦੀਆਂ ਜੜ੍ਹਾਂ ਮੇਰੇ ਲਹੂ ਵਿਚ ਵਹਿ ਰਹੀਆਂ ਹਨ।
ਜੜ੍ਹਾਂ ਨੂੰ ਦੇਖ
ਮਰੇ ਪਏ ਪਿਉ ਦਾ ਹੱਥ ਯਾਦ ਆਉਂਦਾ ਹੈ।"

"ਯਗੇਸ਼ ਮੱਲਿਆ, ਇਹ ਮਰੇ ਹੋਏ ਪਿਉ ਦਾ ਹੱਥ ਮੇਰਾ ਪਿੱਛਾ ਨਹੀਂ ਛੱਡਦਾ.....। ਹਰ ਰੋਜ਼ ਮੈਂ ਸੁਪਨੇ 'ਚ ਇਹ ਹੱਥ ਵੇਖਦਾ ਹਾਂ....। ਜਦੋਂ ਅਸੀਂ ਗੰਗਾ 'ਤੇ ਗਏ ਸੀ ਨਾ ਕਿਰਿਆ ਕਰਵਾਉਣ ਤਾਂ ਸਾਨੂੰ ਪਹੋਵੇ ਵੀ ਜਾਣਾ ਪਿਆ ਸੀ....।" ਇਹਨੇ ਕਵਿਤਾ ਅੱਧ ਵਿਚੋਂ ਹੀ ਕੱਟ ਦਿੱਤੀ ਸੀ।

"ਅੱਛਾ"

"ਉਥੇ ਜਾ ਕੇ ਕਈ ਕੁਝ ਕਰਨਾ ਪੈਂਦਾ.....। ਉਹੀ ਜਾਂਦੇ ਨੇ ਜਿਹਨਾਂ ਦੇ ਬੰਦੇ ਦੀ ਡੈਥ ਅਨਨੈਚੂਰਲ ਹੋਈ ਹੋਵੇ.... ਜਾਂ ਮੰਜੇ 'ਤੇ ਮਰਿਆ ਹੋਵੇ....।"

ਮੇਰਾ ਧਿਆਨ ਉਹਦੀ ਗੱਲ ਵੱਲੋਂ ਉਖੜਿਆ। ਹਿੰਦੂ ਜਦੋਂ ਮਰਨ ਕਿਨਾਰੇ ਪਏ ਬੰਦੇ ਨੂੰ ਮੰਜੇ ਉੱਤੋਂ ਲਾਹ ਕੇ ਭੁੰਜੇ ਪਾਉਂਦੇ ਨੇ ਤਾਂ ਉਦੋਂ ਉਹਦੇ ਮਨ 'ਤੇ ਕੀ ਬੀਤਦੀ ਹੋਊ.....? ਕੀ ਸੋਚਦਾ ਹੋਊ ਉਹ ਉਸ ਸਮੇਂ। ਸਰ੍ਹਾਣੇ ਜਗਦੇ ਦੀਵੇ ਦੀ ਲੋਅ ਉਹਦੇ ਅੰਦਰ ਦੇ ਝੋਕਿਆਂ ਨਾਲ ਹੀ ਡੋਲਦੀ ਹੋਵੇਗੀ। ਗੀਤਾਂ ਦੇ ਸ਼ਲੋਕਾਂ ਦਾ ਅਰਥ ਉਸ ਸਮੇਂ 'ਸਰਵਾਸ਼' ਹੀ ਹੁੰਦਾ ਹੋਵੇਗਾ। ਕੁਰੂਕਸ਼ੇਤਰ ਦਾ ਮੈਦਾਨ ਹੋਵੇਗਾ ਘਰ। ਪਾਂਡਵ, ਕੌਰਵ ਸਾਰੇ ਹੀ ਯੁੱਧ ਕਰ ਰਹੇ ਹੋਣਗੇ। ਮਰਨ ਵਾਲੇ ਬਾਰੇ ਨਹੀਂ ਸੋਚਿਆ ਜਾਵੇਗਾ। ਕਿਉਂਕਿ ਯੁੱਧ ਹਮੇਸ਼ਾ ਅੰਨ੍ਹਾ ਹੁੰਦਾ ਹੈ। ਕੋਈ ਵੀ ਮਰ ਸਕਦਾ ਹੈ ਯੁੱਧ ਵਿਚ, ਘਰ ਦੇ ਵੀ, ਉਸ ਸਮੇਂ ਲਕਸ਼ ਸਾਹਮਣੇ ਹੋਵੇਗਾ, ਰਿਸ਼ਤੇ ਨਹੀਂ....।

"ਉਥੇ ਗਏ ਤਾਂ ਪੰਡਤ ਕਈ ਕੁਝ ਕਰਨ ਤੋਂ ਬਾਅਦ ਮੈਨੂੰ ਕਹਿੰਦਾ ਮੁੰਨਣਾ ਐ....। ਮੈਂ ਅੜ ਗਿਆ। ਮੈਂ ਕਿਹਾ ਜੋ ਮਰਜ਼ੀ ਹੋਜੇ ਮੈਂ ਟਿੰਡ ਨਹੀਂ ਕਰਾਉਣੀ....। ਮਾਂ ਰੋਈ ਜਾਵੇ....। ਫੇਰ ਇਹ ਸਮਝੌਤਾ ਹੋਇਆ ਬਈ ਚਲੋ ਥੋੜ੍ਹੀ ਜਿਹੀ ਦਾੜ੍ਹੀ ਹੀ ਹਲਕੀ ਕਰਵਾ ਲਈ ਜਾਵੇ....। ਉਹਦੇ ਤੋਂ ਬਾਅਦ ਭਰਾਵਾ ਇਕ ਗੰਦੇ ਜਿਹੇ ਤਲਾਅ 'ਚ ਕਹਿੰਦੇ ਨਹਾਵੋ। ਮੈਂ ਡਰਾਂ ਕਿਤੇ ਇਨਫੈਕਸ਼ਨ ਨਾ ਹੋ ਜਾਵੇ....। ਮਾਂ ਰੋਈ ਜਾਵੇ, ਮੈਂ ਤਾਂ ਫਸ ਗਿਆ। ਉਹਦੇ ਲਾਗੇ ਈ ਕੁੱਤਿਆਂ ਨੇ ਹੱਗਿਆ ਹੋਇਆ ਸੀ। ਫੇਰ ਔਖੇ-ਸੌਖੇ ਮੈਂ ਵੜ ਗਿਆ ਉਹਦੇ ਵਿਚ....। ਭਰਾਵਾ ਆਹ

ਹਾਲ ਉਥੇ ਹੁੰਦਾ ...। ਮੈਂ ਉਦੋਂ ਸੋਚਿਆ ਪਈ ਨਾ ਕਰਾਂ ਇਹ ਸਾਰੇ ਪਖੰਡ ...। ਕੀ ਇਹਨਾਂ ਸਾਰੇ ਪਖੰਡਾਂ ਨਾਲ ਮੇਰੇ ਪਿਉ ਦੀ ਰੂਹ ਦਾ ਕੁਝ ਸੋਰਨਾ ....? ਮੈਨੂੰ ਸਾਰਾ ਪਤਾ ਸੀ, ਪਰ ਮੈਂ ਫੇਰ ਵੀ ਕਰਦਾ ਗਿਆ ...। ਮੇਰੀ ਮਾਂ ਦੇ ਲਗਾਤਾਰ ਵਹਿੰਦੇ ਅੱਥਰੂ ਇਹ ਮੇਰੇ ਤੋਂ ਸਭ ਕੁਝ ਕਰਵਾਉਂਦੇ ਰਹੇ ....। ਜਾਂ ਮੇਰੇ ਅਚੇਤ 'ਚ ਕੁਝ ਪਿਆ ਸੀ ....।" ਇਹ ਲਗਾਤਾਰ ਬੋਲੀ ਜਾ ਰਿਹਾ ਸੀ।

"ਕਿਹੜਿਆਂ ਝਮੇਲਿਆਂ 'ਚ ਪੈ ਗਏ ਤੁਸੀਂ ?" ਪਤਨੀ ਦੀ ਰਸੋਈ 'ਚੋਂ ਆਈ ਆਵਾਜ਼ ਨੇ ਸਾਨੂੰ ਦੋਹਾਂ ਨੂੰ ਹਲੂਣਿਆ। ਨਾਸ਼ਤਾ ਬਣਨ ਦੀ ਮਹਿਕ ਆ ਰਹੀ ਸੀ।

"ਚੰਗਾ ਮੈਂ ਚਲਦਾ ਆਂ।"

"ਕਿਉਂ ? ਬਹਿ ਜਾ ਨਾਸ਼ਤਾ ਕਰ ਕੇ ਜਾਵੀਂ ....। ਤੂੰ ਕਿਤੇ ਆਂਡੇ ਖਾਣੇ ਤਾਂ ਨਹੀਂ ਛੱਡ ਦਿੱਤੇ ...।"

ਅਸੀਂ ਦੋਵੇਂ ਹੱਸ ਪਏ। ਪਤਨੀ ਨਾਸ਼ਤਾ ਲੈ ਆ ਗਈ।

"ਚਾਹ ਇਕ ਵਾਰੀ ਹੋਰ ਚੱਲੂ ?"

"ਕਿਉਂ ਨਹੀਂ, ਚਾਹ ਤੇ ਵਿਆਹ ਨੂੰ ਕੌਣ ਨਾਂਹ ਕਰਦਾ ...।" ਮੈਂ ਕਿਹਾ।

"ਸ਼ਰਮ ਤਾਂ ਨਹੀਂ ਆਉਂਦੀ ... ਹੁਣ ਵਿਆਹ ਹੋਰ ਕਰਨੇ ....।" (ਪਤਨੀ ਨੇ ਮਿੱਠੀ ਝਿੜਕ ਦਿੱਤੀ।)

"ਅਹੁ ਪਹਿਲੀ ਨੂੰ ਸਾਂਭੀ ਜਾਂਦੀ ....।"

"ਕਿਉਂ ਮੈਂ ਤੁਹਾਡੇ ਚੂੰਢੀਆਂ ਵੱਢਦੀ ਆਂ ....।"

"ਕਸਰ ਤਾਂ ਛੱਡਦੀ ਨੀਂ ....।"

"ਚਲ ਛੱਡੋ ਯਾਰ, ਚੂੰਢੀਆਂ ਤੁਸੀਂ ਮੇਰੇ ਵੱਢ ਲਿਆ ਕਰੋ।"

"ਲੈ ਇਹ ਸਾਲਾ ਮੁਫ਼ਤ 'ਚ ਈ ਸੁਆਦ ਲੈਣ ਨੂੰ ਫਿਰਦੈ ....।"

ਉਹ ਖਿੜ ਕੇ ਹੱਸਿਆ।

ਉਹਦੇ ਚਲੇ ਜਾਣ ਤੋਂ ਬਾਅਦ ਮੈਂ ਤਿਆਰ ਹੋ ਕੇ ਦਫ਼ਤਰ ਜਾਣ ਲੱਗਾ ਤਾਂ ਪਤਨੀ ਹੌਲੀ ਜਿਹੇ ਬੋਲੀ, 'ਮੈਨੂੰ ਲੱਗਦੈ ਚੱਕਰਵਿਊ ਦੀ ਕਹਾਣੀ ਸੁਣਨ ਵਾਲਾ ਤੁਹਾਡਾ ਅਭਿਮਨਯੂ ਹੌਲੀ-ਹੌਲੀ ਮੇਰੀਆਂ ਰਗਾਂ ਦੀ ਆਵਾਜ਼ ਨਾਲ ਰਲ ਰਿਹੈ ...।"

ਮੈਂ ਚੌਂਕਿਆ।

"ਤੂੰ ਇਹ ਖ਼ੁਸ਼ਖ਼ਬਰੀ, ਏਨੀ ਮਨਹੂਸ ਉਦਾਹਰਣ ਨਾਲ ਕਿਉਂ ਸੁਣਾਈ .... ?" ਮੈਂ ਪਤਨੀ ਨੂੰ ਦਬਕਿਆ।

ਉਹ ਪਤਾ ਨਹੀਂ ਕੀ ਸੋਚਣ ਲੱਗ ਪਈ। ਮੈਂ ਦਫ਼ਤਰ ਵੱਲ ਨਿਕਲ ਆਇਆ।

ਅਭਿਮਨਯੂ ! ਕੀ ਮੇਰਾ ਪੁੱਤਰ ਚੱਕਰਵਿਊ ਵਿਚ ਫਸ ਕੇ ਮਰ ਜਾਣ ਲਈ ਹੀ ਜਨਮੇਗਾ। ਕੀ ਮੇਰੇ ਪਿਤਾ ਦੀ ਵੇਲ ਨਹੀ ਅਗਾਂਹ ਵਧੇਗੀ ? ਕੀ ਉਹਨਾਂ ਦਾ ਕੋਈ ਪੋਤਾ ਨਹੀਂ ਆਪਣੇ ਪੁਰਖਿਆਂ ਦਾ ਨਾਂ ਵਹੀਆਂ ਵਿਚੋਂ ਜਾ ਕੇ ਭਾਲੇਗਾ ? ਕੀ ਉਹ ਨਹੀਂ ਜੜ੍ਹਾਂ ਵਲ ਪਰਤੇਗਾ ? ਸਵਾਲ ਦਰ ਸਵਾਲ। ਮੇਰਾ ਮਗਜ਼ ਪਤਾ ਨਹੀਂ ਕੀ ਸੋਚੀ ਜਾ ਰਿਹਾ ਏ। ਕੀ ਲੋੜ ਐ ਮੁਰਦੇ ਪੁੱਟਣ ਦੀ। ਪਰ ਇਹ ਕਿਉਂ ਨਹੀਂ ਕਵਿਤਾ ਸੁਣਦੇ ਮੇਰੇ ਤੋਂ ਵਾਰ-ਵਾਰ ....। ਕਿਉਂ ਉਸ ਕਵੀ ਮਿੱਤਰ ਨੇ



ਲਿਖੀ ਇਹ ਕਵਿਤਾ ....। ਕੀ ਟੁੱਟਿਆ ਨਹੀਂ ਜਾ ਸਕਦਾ ਜੜ੍ਹਾਂ ਤੋਂ .... ? ਕੀ ਅਮਰ ਵੇਲ ਨਹੀਂ ਜਿਊਂਦੀ ਜੜ੍ਹਾਂ ਤੋਂ ਬਿਨਾਂ। ਪਰ ....।

"ਯਾਰ ਕਾਹਦਾ ਐ ਇਹ ਸਮਾਜ ..... ? ਕੀ ਬਦਲਾਅ ਆਇਆ। ਕੀ ਸਾਇੰਸ ਨੇ ਗਲੋਬਲ ਚੇਤਨਾ ਲਿਆਂਦੀ ..... ? ਕਿਥੇ ਇਹ ਜਾਤ ਬਰਾਦਰੀ ਤੇ ਸੰਪਰਦਾਇਕਤਾ ਘਟੀ ..... ?" ਇਹਦੀ ਜ਼ੋਰਦਾਰ ਆਵਾਜ਼ ਨੇ ਮੈਨੂੰ ਜਗਾਇਆ।

"ਕੀ ਗੱਲ ਹੋਗੀ ਅੱਜ ....। ਲੜ ਪਿਐਂ ਕਿਸੇ ਨਾਲ ....।" ਮੈਂ ਕਿਹਾ।

"ਨਹੀਂ ਯਾਰ। ਤੈਨੂੰ ਪਤੇ ਮੈਨੂੰ ਕਿਉਂ ਫੇਲ੍ਹ ਕੀਤਾ ਗਿਆ। ਕਿਉਂਕਿ ਮੈਂ ਰਿਜ਼ਰਵ ਕੈਟਾਗਰੀ 'ਚ ਆਉਂਦਾ ਸੀ। ਪ੍ਰੋਫੈਸਰ ਦੇ ਗਲਤ ਵਿਵਹਾਰ ਦੇ ਵਿਰੋਧ 'ਚ ਬੋਲਿਆ ਸੀ। ਮੈਂ ਕਿਤੇ ਕੋਈ ਲੇਖ ਪੜ੍ਹ ਰਿਹਾ ਸੀ, ਕਿਸੇ ਹਿੰਦੀ ਦੇ ਵਿਦਵਾਨ ਦਾ ਸੀ, ਉਹਨੇ ਲਿਖਿਆ ਸੀ ਕਿ ਔਰਤ ਨੂੰ ਸੈਕਸ ਤੇ ਆਦਮੀ ਨੂੰ ਉਹਦੀ ਜਾਤ ਦੱਸ ਕੇ ਦੋ ਟਕੇ ਦਾ ਬੰਦਾ ਵੀ ਉਹਦੀ ਔਕਾਤ ਦਿਖਾ ਜਾਂਦੈ ....। ਸਾਲਾ ਕੀ ਸਮਾਜ ਆ ਇਹ .... ?"

"ਪਰ ਹੋਇਆ ਕੀ ਆ ? ਪਤਾ ਵੀ ਤਾਂ ਲੱਗੇ ....।"

"ਹੋਣਾ ਸੁਆਹ ਆ ....। ਆਹ ਜਿਹੜੀ ਮੈਡਮ ਸੀ ਸਾਲੀ ਵੱਡੀ ਸਭਾ ਦੀ ਪ੍ਰਧਾਨ ਬਣੀ ਫਿਰਦੀ ਆ ....। ਉਹਦੇ ਕੁੱਤੇ ਦਾ ਟਰੀਟਮੈਂਟ ਚੱਲਦਾ ਸੀ ਮੇਰੇ ਕੋਲੋਂ ....। ਪਹਿਲਾਂ ਤਾਂ ਮੈਂ ਉਹਦੇ ਸੋਫੇ 'ਤੇ ਵੀ ਬਹਿੰਦਾ ਸਾਂ। ਚਾਹ ਵੀ ਮਿਲਦੀ ਸੀ ਮੈਨੂੰ ....। ਗੱਲਾਂ ਵੀ ਹੁੰਦੀਆਂ ਸਨ ਮੇਰੇ ਨਾਲ .... ਪੂਰੀ ਤਰ੍ਹਾਂ ਖੁੱਲ੍ਹ ਲੈਂਦੀ ਸੀ ....। ਅੱਜ ਕਹਿੰਦੀ ਤੁਸੀਂ ਵੈਸੇ ਹੁੰਦੇ ਕੌਣ ਓ, ਮੈਂ ਕਿਹਾ ਅਸੀਂ ਭਗਤ ਬਰਾਦਰੀ 'ਚੋਂ ਹੁੰਦੇ ਆਂ ....। ਤੂੰ ਸੱਚ ਜਾਣੀ ਯੋਗੇਸ਼ ਉਹਦੇ ਚਿਹਰੇ ਦਾ ਸਟਾਈਲ ਵੇਖਣ ਵਾਲਾ ਸੀ ....। ਕਹਿੰਦੀ ਡਾਕਟਰ ਪਲੀਜ਼ ਤੁਸੀਂ ਰਹਿਣ ਦਿਓ, ਲਗਦੈ ਇਹ ਤੁਹਾਡੇ ਵੱਸ ਦੀ ਗੱਲ ਨਹੀਂ ਐ ....।"

ਮੈਂ ਖ਼ਾਮੋਸ਼ ਹਾਂ। ਸੋਚਦਾ ਹਾਂ ਇਹਦਾ ਇਹ ਜ਼ਖ਼ਮ ਮੈਨੂੰ ਕਿਸ ਗੁਫਾ ਵੱਲ ਲੈ ਜਾਵੇਗਾ .... ?

---0---

# ਆਪਣੇ ਹਿੱਸੇ ਦਾ ਚਾਨਣ/ਅੰਜਨਾ ਸ਼ਿਵਦੀਪ

ਬਲਜੀਤ ਮੂੰਹ ਫੁਲਾਈ ਬੈਂਡ ਤੇ ਬੈਠੀ ਐ। ਕਦੇ-ਕਦੇ ਨਾਸਾਂ ਫੁਲਾ ਕੌੜਾ- ਕੌੜਾ ਝਾਕਦੀ ਐ ਹਨੀ ਪਰਾਂ ਪਿੱਠ ਕਰੀ ਬੈਠੈ। ਪੈਰ ਟਪਾਈ ਜਾਂਦੈ। ਜਿਵੇਂ ਉਨਟ-ਉਨਟ ਕਰਦਾ ਹੋਵੇ। ਦੋ ਤਿੰਨ ਵਾਰ 'ਹੂੰਅ' ਦੇ ਸਟਾਇਲ ਵਿੱਚ ਗਰਦਨ ਝਟਕ ਚੁੱਕਿਐ। ਮੈਨੂੰ ਪਤੈ ਇਹ "ਹੂੰ" ਮੇਰੇ ਲਈ ਐ। ਇਹ "ਹੂੰ" ਕਦੇ-ਕਦੇ ਫੁੰਕਾਰ ਵਾਂਗ ਸੁਣ ਰਹੀ ਹੈ ਜਿਵੇਂ ਕੋਈ ਜਖ਼ਮੀ ਨਾਗ ਫੁੰਕਾਰੇ ਮਾਰ ਰਿਹਾ ਹੋਵੇ।

ਸ਼ਾਂਤੀ ਤੇ ਉਹਦੀ ਧੀ ਦਰਵਾਜ਼ੇ ਕੋਲ ਡੁੱਬੇ ਬੈਠੀਆਂ ਨੇ। ਸਿਮਟੀਆਂ-ਸਹਿਮੀਆਂ ਜਿਹੀਆਂ। ਸ਼ਾਂਤੀ ਦੇ ਦੋਵੇਂ ਹੱਥ ਕਿਸੇ ਫਰਿਆਦੀ ਵਾਂਗ ਜੁੜੇ ਹੋਏ ਨੇ ਤੇ ਅੱਖਾਂ ਵਿੱਚ ਮਿੰਨਤ ਹੈ। ਜੋ ਅਥੱਲ ਹੀ ਹੰਝੂ ਬਣ-ਬਣ ਉਹਦੀ ਮੈਲੀ ਸ਼ਾਲ ਦੀ ਬੁੱਕਲ ਵਿੱਚ ਸਮਾ ਰਹੀ ਹੈ। ਉਹਦੀ ਬਾਰਾਂ-ਤੇਰਾਂ ਵਰਿਆਂ ਦੀ ਧੀ 'ਕੰਮੋ' ਪਾਟੇ ਕੱਪੜਿਆਂ ਵਿੱਚ ਡੋਰ-ਭੌਰ ਜਿਹੀ ਬੈਠੀ ਐ। ਵਿੱਚ-ਵਿੱਚ ਉਹਦੀਆਂ ਡਰੇ ਮਿਰਗ ਵਰਗੀਆਂ ਅੱਖਾਂ 'ਚੋਂ ਮੋਟੀ ਕਣੀ ਵਰਗੇ ਹੰਝੂ ਵਗ ਪੈਂਦੇ ਨੇ ਤੇ ਕਦੇ-ਕਦੇ ਉਹ ਖ਼ਾਲੀ-ਖ਼ਾਲੀ ਅੱਖਾਂ ਨਾਲ ਪਾਗਲਾਂ ਵਾਂਗ ਸਾਹਮਣੇ ਘੂਰ ਰਹੀ ਹੈ।

'ਸਿੰਮੀ' ਮੇਰੀ ਧੀ ... ਸ਼ਾਂਤੀ ਤੇ ਕੰਮੋ ਦੇ ਬਿਲਕੁਲ ਪਿੱਛੇ ਦੁਗਾਠ ਦਾ ਸਹਾਰਾ ਲਈ ਖੜੀ ਐ। ਜਿਵੇਂ ਉਹਤੋਂ ਆਪਣੇ ਸਹਾਰੇ ਖੜਿਆ ਨਾ ਜਾ ਰਿਹਾ ਹੋਵੇ। ਉਹਦੇ ਚਿਹਰੇ ਤੇ ਅਚਾਨਕ ਘਟੀ ਘਟਨਾ ਦਾ ਦੁੱਖ, ਹੈਰਾਨੀ ਤੇ ਅਫ਼ਸੋਸ ... ਸਭ ਦੇ ਮਿਲੇ-ਜੁਲੇ ਪ੍ਰਭਾਵ ਆਈ-ਜਾਈ ਜਾ ਰਹੇ ਨੇ। ਕਦੇ-ਕਦੇ ਉਹ ਹਨੀ ਤੇ ਬਲਜੀਤ ਵੱਲ ਹਿਕਾਰਤ ਜਿਹੀ ਨਾਲ ਦੇਖਦੀ ਐ ਤੇ ਕਦੇ ਮੇਰੇ ਵੱਲ .... ਕਿ ਮੈਂ ਕਮਰੇ ਦੀ ਦਮ-ਘੋਟੂ ਚੁੱਪ ਨੂੰ ਕਿਹੜੇ ਬੋਲਾਂ ਨਾਲ ਤੋੜਦਾ ਹਾਂ।

ਇਸ ਚੁੱਪ ਨੂੰ ਤੋੜਨ ਨੂੰ ਤਾਂ ਬੜਾ ਦਿਲ ਕਰਦੈ। ਪਰ ਕੀ ਕਰਾਂ ? ਕੁਝ ਸੁੱਝ ਹੀ ਨਹੀਂ ਰਿਹਾ। ਮੇਰੀ ਤਾਂ ਜਿਵੇਂ ਕਿਸੇ ਨੇ ਜੀਭ ਠਾਕ ਦਿੱਤੀ ਹੋਵੇ। ਕਿਸੇ ਨੇ ਕਿਉਂ ? ... ਆਪਣੀ ਔਲਾਦ ਨੇ ਠਾਕੀ ਐ ਮੇਰੀ ਜੀਭ ... ਕੀ ਬੋਲਾਂ ... ਕੁਝ ਬੋਲਣ ਜੋਗਾ ਛੱਡਿਆ ਈ ਨਹੀਂ ਮੈਨੂੰ ....।"

"ਨਾ ਹੁਣ ਖੜੇ-ਖੜੇ ਝਾਕੀ ਜਾਓਗੇ .... ਸਿੱਧੀ ਗੱਲ ਐ ... ਅਗਲੀ ਦਾ ਹਿਸਾਬ ਕਰੋ ... ਐਂ ਤਾਂ ਹਰਤਾ-ਕਰਤਾ ਆਕੇ ਮੇਰੇ ਪੁੱਤ ਤੇ ਉਂਗਲੀ ਚੁੱਕ ਦਊ ... ਖ਼ਾਨਦਾਨੀ ਲੋਕ ਆਂ ਅਸੀਂ .... ਆਹ ਭੇਡ ਜੀ ਵਰਗੀ ਜੁੱਲੀ ਚੁੱਕ ਨੀ ... ਦੱਸ ਹੰਦ ਹੱਗੀ .... ਤੂੰ ਕਹਿਣ ਤੋਂ ਪਹਿਲਾਂ ਸੋਚ ... ਕੀ ਕੋਣ ਸੱਚ ਮੰਨੂ ਤੇਰੇ ਕੂੜ ਨੂੰ ....।" ਬਲਜੀਤ ਸ਼ਾਂਤੀ ਵੱਲ ਹੱਥ ਕੱਢ-ਕੱਢ ਇੰਝ ਗੱਲ ਕਰ ਰਹੀ ਸੀ। ਜਿਵੇਂ ਉਹਦੇ ਮੂੰਹ ਵਿੱਚ ਹੱਥ ਦੇਣਾ ਹੋਵੇ। ਜਿਵੇਂ ਉਹ ਦੀ ਜ਼ੁਬਾਨ ਖਿੱਚਣੀ ਹੋਵੇ। ਪਰ ਸ਼ਾਇਦ ਉਹਨੂੰ ਐਨੀ ਖੇਚਲ ਕਰਨ ਦੀ ਲੋੜ ਨਹੀਂ। ਸ਼ਾਂਤੀ ਬਸ ਮੂੰਹ ਨੀਵਾਂ ਕਰੀ ਹੱਥ ਜੋੜੀ ਉਹ ਦੀਆਂ ਗੱਲਾਂ ਸੁਣ ਰਹੀ ਐ। ਮੇਰੇ ਵਾਂਗ ਉਹ ਦੀ ਵੀ ਜਿਵੇਂ ਕਿਸੇ ਨੇ ਜੀਭ ਠਾਕ ਦਿੱਤੀ ਐ ... ਸ਼ਾਇਦ ਗਰੀਬੀ ਨੇ।

'ਮੰਮੀ ... ਤੁਸੀਂ ਕੀ ਕਹਿ ਰਹੇ ਹੋ ? ਹਾਲਤ ਦੇਖੋ ਕੰਮੋ ਦੀ ....।' ਸਿੰਮੀ ਨੇ ਕੰਮੋ ਦੀ ਕਮਜ਼ੋਰ ਜਿਹੀ ਬਾਂਹ ਫੜਕੇ ਬਲਜੀਤ ਸਾਹਮਣੇ ਕੀਤੀ। ਜਿਸਤੇ ਜਾਨਵਰ ਦੇ ਪੰਜਿਆਂ ਵਾਂਗ ਨਹੁੰਦਰਾਂ ਦੇ ਨਿਸ਼ਾਨ ਸੀ। ਮੈਨੂੰ ਯਕੀਨ ਹੋ ਗਿਆ ਕਿ ਸਿੰਮੀ ਦੀ ਜੀਭ ਠਾਕੀ ਹੋਈ ਨਹੀਂ ਸੀ।



ਉਹ ਦੇ ਬੋਲਣ ਨਾਲ ਮੇਰੀ ਚੁੱਪ ਦੇ ਠਹਿਰੇ ਪਾਣੀਆਂ ਵਿੱਚ ਲਹਿਰ ਜਿਹੀ ਉੱਠੀ .... ਮੈਨੂੰ ਉਹ ਦੇ ਬੋਲਣ ਨਾਲ ਬਲ ਜਿਹਾ ਮਿਲਿਆ। ਪਰ ਏਹ ਨਹੁੰਦਰਾਂ ... ਏਹ ਜਾਨਵਰ ਦੇ ਪੰਜੇ ....।

ਜਾਨਵਰ ?

ਜਾਨਵਰ ! !!!

ਮੈਂ ਹਨੀ ਨੂੰ ਪਿੱਠ ਪਿੱਛੋਂ ਦੇਖਦਾਂ ... ਗਿੱਚੀ ਪਿੱਛੇ ਹਜਾਮਤ ਕਰਾਕੇ ਇੱਕ ਗੰਡਾਸੀ ਜਿਹੀ ਬਣਾਈ ਹੋਈ ਐ ...। 'ਗੰਡਾਸੀ' ... ਜੀ ਤਾਂ ਕਰਦੈ ਕਿ ਕਿਸੇ ਗੰਡਾਸੀ ਨਾਲ ਇਹ ਦੀ ਗਿੱਚੀ .... ਇਹਨੂੰ ਹੁਣੇ ਈ ... ਪਰ ਏਹ ਪੁੱਤ ਐ ਮੇਰਾ ..... ਉਹੀ ਪੁੱਤ ..... ਜਿਹੜਾ ਜਦੋਂ ਹੋਇਆ ਸੀ .... ਮੇਰੀ ਮਾਂ ਨੇ ਝੋਲੀ ਪਾਉਂਦਿਆਂ ਕਿਹਾ ਸੀ ....."ਜਮਾਂ ਈ ਤੇਰੇ ਵਰਗੈ"। ਪਰ .... ਏਹ ਮੇਰੇ ਵਰਗਾ ਤਾਂ ਨਹੀਂ ਐ ..... ਜਿਹ ਦੇ ਜੰਮਣ ਤੇ .... ਪੁੱਤ ਦਾ ਬਾਪ ਹੋਣ ਤੇ ਮੇਰੀ ਧੌਣ ਉੱਚੀ ਜਿਹੀ ਹੋ ਗਈ ਸੀ .... ਅੱਜ .... ਅੱਜ .... ਉਹ ਧੌਣ ..... ਨਹੀਂ .... ਨਹੀਂ ... ਗਿੱਚੀ ਝੁਕੀ ਪਈ ਐ।

"ਨਾ ਤੂੰ ਵੀ ਬਾਪ ਦੀ ਬੋਲੀ ਬੋਲਦੀ ਐਂ .. ਨਾ ਤੈਨੂੰ ਐਂ ਲੱਗਦੈ ਬੀ ਤੇਰਾ ਭਾਈ ਆਹ ਕਰ ਸਕਦੈ .... ? ਤੂੰ ਨੀ ਜਾਣਦੀ ..... ਸਿੰਮੀਏ ਐਹੋ ਜਿਹੀਆਂ ਨੂੰ .... ਪੈਸੇ ਠੱਗਣ ਦੇ ਢੰਗ ਨੇ ਸਭ .... ਏਹਨੂੰ ਲੱਗਦੈ ਬੀ ਅਸੀਂ ਆਪਣੀ ਇੱਜ਼ਤ ਤੋਂ ਡਰਦੇ ਝ ਾ ੜ ਦ ਾ ਗ ਮਾਇਆ ..... ਧੰਦੈ ਇਹਨਾਂ ਦਾ ਤਾਂ ਨਿੱਤ ਦਾ ...." । ਬਲਜੀਤ ਨੇ ਐਂ ਕਿਹਾ ਜਿਵੇਂ ਉਹਨੇ ਕੋਈ ਸਰਵੇ ਕੀਤਾ ਹੋਵੇ। ਸ਼ਾਂਤੀ ਵਰਗੀਆਂ ਕੰਮ ਵਾਲੀਆਂ ਤੇ .... ਜਿਵੇਂ ਉਹ ਕੋਈ ਸਰਵੇ-ਰਿਪੋਰਟ ਪੜ੍ਹ ਰਹੀ ਹੋਵੇ .... ਜਿਵੇਂ ਉਹਨੇ ਸ਼ਾਂਤੀ ਦਾ ਕੱਚਾ- ਚਿੱਠਾ ਪੜ੍ਹਿਆ ਹੋਵੇ। ਜਿਵੇਂ ਉਹ ਜਾਣੀ-ਜਾਣ ਰੱਬ ਹੋਵੇ।

"ਨਾ ਵੀ ..... ਬੀਬੀ ਜੀ ..... ਐਸਾ ਨਾ ਬੋਲੀਏ ਕਸਮ ਸੇ .....।"

ਉਹਨੇ ਸੱਜੇ ਹੱਥ ਨੂੰ ਧੌਣ ਨਾਲ ਛੂਹਿਆ। ਬਾਕੀ ਦੇ ਬੋਲ ਉਹ ਦੇ ਘੰਡ ਵਿੱਚ ਹੀ ਡਰਦਾ ਗਏ। ਉਹਦੀਆਂ ਅੱਖਾਂ ਵਿੱਚ ਹੰਝੂਆਂ ਦੀ ਸੁਨਾਮੀ ਆਈ ਤੇ ਉਹਦੇ ਬੋਲਾਂ ਨੂੰ ਵਹਾਕੇ ਲੈ ਗਈ। ਉਹ ਹਟਕੋਰੇ ਲੈ ਰਹੀ ਸੀ। ਉਹ ਸ਼ਬਦਾਂ ਦੀ ਜੰਗ ਲੜਨਾ ਨਹੀਂ ਜਾਣਦੀ ਸੀ।

"ਝੂਠ ਬੋਲਦੀ ਐ ... ਸਾਲੀ ਝੂਠ ਬੋਲਦੀ ਐ .... ਏਹ ਮੰਮਾ ਮੇਰੇ ਪੈਸੇ ਚੋਰੀ ਕਰ ਰਹੀ ਸੀ। .. ਮੈਂ ਏਹਨੂੰ ਫੜਿਆ ..... ਏਹ ਭੱਜ ਰਹੀ ਸੀ ... ਮੈਂ ਏਹਨੂੰ ਫੜ ਰਿਹਾ ਸੀ ... ਏਹ ਕੱਪੜੇ ਫਾੜਕੇ ਚੀਕਾਂ ਮਾਰਨ ਲੱਗੀ ... ਬਲੱਡੀ ਲਾਇਰ ..।" ਹਨੀ ਔਗ ਲੱਗੀ ਵਾਲਿਆਂ ਵਾਂਗ ਖੜਾ ਹੋਇਆ ਤੇ ਕਮਰੇ ਵਿਚਾਲੇ ਆਕੇ ਚੀਕਣ ਲੱਗਿਆ। ਜਿਵੇਂ .. ਜਿਵੇਂ ਚੀਕਣ ਨਾਲ ਉਹਦਾ ਸੱਚ ਹੋਰ ਸੱਚਾ ਹੋ ਜਾਵੇਗਾ।

"ਜ਼ੁਬਾਨ ਸੰਭਾਲ ਕੇ ਬੋਲ .. ਇੱਕ ਅੱਧਾ ਖਾਲੇਂਗਾ ਮੇਰੇ ਤੋਂ।" ਪਤਾ ਨੀ ਕਿਵੇਂ ਮੇਰਾ ਗੁੱਸਾ ਜਵਾਲਾਮੁਖੀ ਬਣ ਗਿਆ ਤੇ ਮੈਂ ਉਹਦੇ ਤੇ ਸ਼ਾਂਤੀ ਵਿਚਾਲੇ ਆਕੇ ਖੜ ਗਿਆ।

"ਏਹ ਗਲਤੀ ਨਾ ਕਰ ਲਿਓ ... ਹਾਂ ... ਹੱਥ ਨਾ ਲਾਇਓ ਮੇਰੇ ਪੁੱਤ ਨੂੰ ....।" ਬਲਜੀਤ ਈਸਾ ਵਾਂਗ ਦੋਹੇ ਬਾਹਾਂ ਖੋਲੀ ਮੇਰੇ ਤੇ ਹਨੀ ਵਿਚਾਲੇ ਖੜੀ ਸੀ।

"ਮੰਮਾ .... ਮੰਮਾ ... ਏਹਨੇ ਗਲਤੀ ਕੀਤੀ ਐ .. ਤੁਸੀਂ ਏਹਦਾ ਸਾਥ ਦਿਓਗੇ .. ? ਜੇ ਕੱਲ੍ਹ ਨੂੰ ਕੋਈ ਮੇਰੇ ਨਾਲ ਇੰਝ ਕਰੇ ... ਤਾਂ, .... ਤਾਂ ਤੁਹਾਨੂੰ ਕਿਵੇਂ ਲੱਗੂ ?" ਸਿੰਮੀ ਭੁੱਬਾਂ ਮਾਰਕੇ

ਰੋ ਪਈ ਐ । ਉਹਨੇ ਦੋਵੇਂ ਹੱਥਾਂ ਨਾਲ ਆਪਣਾ ਮੂੰਹ ਕੱਜ ਲਿਐ...ਪਰ ਮੂੰਹ ਤਾਂ ਕਿਸੇ ਹੋਰ ਨੂੰ ਕੱਜਣਾ ਚਾਹੀਦੈ ? ਮੈਨੂੰ ? ਬਲਜੀਤ ਨੂੰ ? ਹਨੀ ਨੂੰ ? ਸਾਡੀ ਝੂਠੀ ਅਮੀਰੀ ਤੇ ਸ਼ਾਨ ਨੂੰ ? ਪਰ ...ਪਰ ਮੈਨੂੰ ਰੋਂਦੀ ਹੋਈ ਸਿਮੀ ਹੁਣ ਕੰਮੋ ਵਰਗੀ ਲੱਗਦੀ ਐ...ਜਾਂ ਫਿਰ ...ਜਾਂ ਫਿਰ ਹੁਣ ਰੋਣ ਦੀ ਵਾਰੀ ਸਿਮੀ ਦੀ ਸੀ...ਜਾਂ ਫੇਰ ਕਿਸੇ ਕੰਮੋ ਦੀ....ਜਾਂ ਫੇਰ ਕਿਸੇ ਹੋਰ ਸਿਮੀ ਦੀ...ਏਹ ਰੋ ਰਹੀਆਂ ਨੇ...ਹੰਝੂ ਮੁੱਕ ਜਾਂਦੇ ਨੇ....ਹਟਕੋਰੇ ਬਾਕੀ ਨੇ...ਮੇਰੇ ਕਾਲਜੇ 'ਚ ਹੌਲ ਜਿਹੇ ਪੈਂਦੇ....ਕੰਮੋ ਦੀ ਥਾਂ ਸਿਮੀ ਦਿਖਾਈ ਦਿੰਦੀ ਐ....ਲੁੱਟੀ ਪੁੱਟੀ ਜਿਹੀ ... ।

"ਨਾ ਮੇਰਾ ਪੁੱਤ.....ਇੰਝ ਨਾ ਕਹਿ....ਬੱਸ ਚੁੱਪ ਹੋ ਜਾ।" ਮੈਂ ਸਿਮੀ ਨੂੰ ਬੁੱਕਲ 'ਚ ਲੈਨਾਂ । "ਪਾਪਾ....ਏਹ ਸਹੀ ਨਹੀਂ ਐ....ਚਾਹੇ ਭਾਈ ਐ ਮੇਰਾ....ਪਰ ਏਹਨੇ ਗਲਤ ਕੀਤੇ...ਮੈਂ ਆਪ ਦੇਖਿਐ ਪਾਪਾ...ਕੰਮੋ ਨੂੰ ਮੈਂ ਭੇਜਿਆ ਸੀ....ਏਹਦੇ ਕਮਰੇ ਦੀ ਸਫ਼ਾਈ ਕਰਨ....ਪਰ ਜਦੋਂ ਮੈਂ ਕੰਮੋ ਦੀਆਂ ਚੀਕਾਂ ਸੁਣੀਆਂ....ਪਾਪਾ ਜੀ ਮੈਂ ਦੇਖਿਆ.....ਜੋ ਮੈਂ ਦੇਖਿਆ....ਤੁਸੀਂ ਯਕੀਨ ਨਹੀਂ ਕਰੋਗੇ...।" ਉਹ ਡੁੱਟ-ਡੁੱਟ ਕੇ ਰੋ ਪਈ ਐ ।

"ਫੇਰ ਫਾਹੇ ਲਾ ਦੀਏ ਏਹਨੂੰ....ਚੱਲ ਮੰਨ ਲੈ ਨਿਆਣੇ ਤੋਂ ਹੋ ਗੀ ਗਲਤੀ....ਫੇਰ ਹਾਂ ਦੱਸ ਸ਼ਾਂਤੀਏ ਕਿੰਨੇ ਰੁਪਈਆਂ 'ਚ ਗੱਲ ਠੰਡੀ ਕਰੇਂਗੀ।" ਬਲਜੀਤ ਦੇ ਬੋਲਾਂ 'ਚ ਇੱਕ ਦਮ ਨਰਮੀ ਆ ਗਈ। ਉਹ ਕਿਸੇ ਸਿਆਣੇ ਵਪਾਰੀ ਵਾਂਗ ਸੌਦਾ ਪਟਾਉਣ ਨੂੰ ਕਾਹਲੀ ਸੀ, "ਕਿੰਨੇ ਰੁਪਈਆਂ 'ਚ ਗੱਲ ਠੰਡੀ ਕਰੇਂਗੀ ?" ਉਹਦੀ ਏਹ ਗੱਲ ਸੁਣਕੇ ਲੱਗਦੈ ਜਿਵੇਂ ਕੋਈ ਅੱਗ ਬੁਝਾਉਣ ਤੋਂ ਪਹਿਲਾਂ ਪਾਣੀ ਦਾ ਕਿਆਸ ਕਰਦੈ।

"ਕਿੰਨੀ ਕੁ ਅੱਗ ਐ.....ਕਿੰਨਾ ਕੁ ਪਾਣੀ ਚਾਹੀਦੈ ?" ਪਰ ਅੱਗ...ਅੱਗ ਵੀ ਮਾਪੀ ਐ ਕਿਸੇ ਨੇ....ਉਹਦਾ ਚਾਨਣ....ਉਹਦਾ ਸੇਕ ਵੀ ਮਾਪਿਐ ਕਿਸੇ ਨੇ। ਪਰ ਬਲਜੀਤ ਦੀ ਗੱਲ ਸੁਣਕੇ ਸ਼ਾਂਤੀ ਦੇ ਸ਼ਾਂਤ ਚਿਹਰੇ ਤੇ ਰੋਂਦੀਆਂ ਅੱਖਾਂ 'ਚ ਜਿਵੇਂ ਕੋਈ ਅੱਗ ਲਿਸ਼ਕੀ ਐ ।

"ਬੀਬੀ ਜੀ ਪੈਸਾ ਕਿਆ ਕਰੇਗਾ ? ਹਮ ਗਰੀਬ ਲੋਗ ਤੋ ਬਸ ਆਪਣੀ ਇੱਜਤ ਕਮਾਤਾ ਹੈ....ਗਰੀਬ ਕੇ ਪਾਸ ਔਰ ਕਿਆ ਹੋਤਾ ਹੈ....ਔਰ ਇੱਜਤ ਕਾ ਕੋਈ ਮੋਲ ਨਹੀਂ ਹੋਤਾ।" ਸ਼ਾਂਤੀ ਦਾ ਸਿਰ ਇੱਕ ਅਦਿੱਖ ਜਿਹੇ ਗਰੂਰ ਵਿੱਚ ਉੱਠਿਆ....।...ਕੰਮੋ ਵੱਲ ਦੇਖਕੇ ਜਿਵੇਂ ਉਹਨੇ ਨੀਵੀਂ ਜਿਹੀ ਪਾ ਲਈ। ਸ਼ਾਇਦ ਉਹ ਆਪਣੇ-ਆਪ ਨੂੰ ਪੜ੍ਹਣ-ਲਿਖਣ ਦੀ ਉਮਰੇ ਕੰਮੋ ਨੂੰ ਕੰਮ ਤੇ ਲਈ ਫਿਰਦੀ ਐ.....ਤੇ ਆਹ ਦਿਨ ਦੇਖ ਰਹੀ ਐ....।

ਆਹ ਦਿਨ ਤਾਂ ਮੈਂ ਵੀ ਦੇਖ ਰਿਹਾਂ....ਮੈਨੂੰ ਤਾਂ ਡਰ ਸੀ ਕਿ ਕਦੇ ਸਿਮੀ ਦਾ ਕੋਈ ਉਲਾਂਭਾ ਨਾ ਆਵੇ.....ਕੋਈ ਉਹਨੂੰ ਤੰਗ ਨਾ ਕਰੇ....ਹਨੀ ਨੂੰ ਦੇਰ ਰਾਤ ਘਰ ਮੁੜਦਿਆਂ ਦੇਖਕੇ ਰੰਗੇ ਵਾਲੇ ਹਨੀ ਸਿੰਘ ਦੇ ਗਾਣੇ ਗਾਉਂਦਿਆਂ ਪੁੱਠੇ ਸਿੱਧੇ ਵਾਲ ਕਟਾਉਂਦਿਆਂ...ਮੋਟਰ ਸਾਈਕਲ ਦਾ ਤੇਲ ਫੂਕਦਿਆਂ ਮੈਂ ਉਹਦੇ ਜਵਾਨ ਹੋਣ ਤੇ ਮੁਸਕਰਾ ਛੱਡਦਾ....ਕਦੇ ਸਿਮੀ ਵਾਂਗ...ਉਹਦੀ ਫਿਕਰ ਨਹੀਂ ਕੀਤੀ....ਕਦੇ ਨੀ ਸੋਚਿਆ ਕਿ 'ਜੇ-ਜੇ, ਜੇ-ਜੇ' ਕਰਨ ਵਾਲਾ ਸਾਡੇ ਮੁੰਡਿਆਂ ਦੀਆਂ ਅੱਲੜ ਭਾਵਨਾਵਾਂ ਨੂੰ ਗੰਦੇ ਸ਼ਬਦਾਂ ਨੂੰ, ਜਿੰਨਾ ਨੂੰ ਅਸਾਂ ਗਾਲਾਂ ਵਿੱਚ ਵੀ ਵਰਤਦੇ...ਸਾਡੇ ਬੱਚਿਆਂ ਦੇ ਸਾਹਮਣੇ ਪਏ ਲੈਪਟਾਪਾਂ, ਕੰਪਿਊਟਰਾਂ ਨੇ....ਇਹਨਾਂ ਦੀ ਮਾਸੂਮੀਅਤ ਦਾ ਕਤਲ ਕੀਤੈ....ਜੇ ਮੈਂ ਥੋੜਾ ਵੀ ਏਹਨੂੰ ਔਲਾਦ ਵਾਂਗ ਰੱਖਦਾ.....ਬਾਪੂ



ਅਲਕ ਵਛੇਰੇ ਦੇ ਨੱਥ ਪਵਾ ਦਿੰਦਾ ਕਿ ਫੇਰ ਏਹਨੇ ਨੀ ਪੰਜਾਲੀ ਹੇਠ ਆਉਣਾ....ਤੇ ਮੈਂ ਇੱਕ ਵਛੇਰੇ ਜਿੰਨਾ ਵੀ ਧਿਆਨ ਨੀ ਰੱਖਿਆ.....ਆਪਣੇ ਪੁੱਤ ਦਾ ।

ਸੋਚਾਂ ਦੀ ਏਸ ਤੰਦ ਨੂੰ ਸੜਕ ਤੇ ਆ ਰਹੇ ਰੌਲੇ ਨੇ ਤੋੜਿਆ । ਬਾਹਰ ਜਿਵੇਂ ਕੋਈ ਲੋਕ ਨੇ.....ਭੀੜ ਐ.... ਵੱਡਾ ਹਜੂਮ ਐ.....ਕੁੱਝ ਅਵਾਜਾਂ, ਨਹੀਂ....ਨਹੀਂ, ਨਾਹਰੇ ਰਲ-ਗੱਡ ਜਿਹੇ ਹੋਈ ਜਾ ਰਹੇ ਨੇ....ਝਿੜਕ ਲੈਨਾ.....ਪਰ ਸਮਝ ਨੀ ਆਉਂਦੀ ਕੀ ਐ...ਖਿੜਕੀ ਤੋਂ ਪਰਦਾ ਚੁੱਕ ਕੇ ਵੇਖਦਾਂ.....??? ਰੌਸ਼ਨੀ ਦਾ ਕਾਫਲਾ ... ਲੋਕ ਮੋਮਬੱਤੀਆਂ ਚੱਕੀ ਜਾ ਰਹੇ ਨੇ ... ਸਮਝ ਹਾਲੇ ਵੀ ਨਹੀਂ ਆ ਰਿਹਾ ।

"ਪਾਪਾ ਏਹ ਕੈਂਡਲ ਮਾਰਚ 'ਦਾਮਿਨੀ' ਨੂੰ ਇਨਸਾਫ਼ ਦਵਾਉਣ ਲਈ ਕੱਢਿਆ ਜਾ ਰਿਹੈ....ਮੈਂ ਵੀ ਤਾਂ ਜਾਣਾ ਸੀ....ਪਰ.....।" ਸਿਮੀ ਨਾ ਜਾ ਸਕਣ ਦੇ ਅਫ਼ਸੋਸ ਨਾਲ ਦੱਸ ਰਹੀ ਐ। 'ਆਹੋ....ਤੂੰ ਤਾਂ ਪਹਿਲਾਂ ਜਾਹ....ਠਿੱਬ....ਠਿੱਬ ਕਰਦੀ ਤੁਰੀ ਫਿਰਦੀ ਐ ਸਾਰੇ ਸ਼ਹਿਰ 'ਚ.....ਐਂ ਮਿਲਦੇ ਇਨਸਾਫ.....ਕੀ ਹੋਜੂ.....ਆਹ ਕੈਂਡਲ....ਫੂੰਡਲ, ਮਾਰਚਾਂ ਨਾਲ.....ਹੈਂ ?.......ਰੰਮਾਨ ਨਾਲ ਠੰਡ 'ਚ ਘਰੇ ਬੈਠ .....ਕਿਸੇ ਦਾ ਲੈਣ....ਕਿਸੇ ਦਾ ਦੇਣ.....।" ਬਲਜੀਤ ਸਿਮੀ ਨੂੰ ਇੰਝ ਡਾਂਟ ਰਹੀ ਐ ਜਿਵੇਂ ਉਹ ਜਾ ਰਹੀ ਹੋਵੇ।

ਹਨੀ ਦੇ ਬੁੱਲ੍ਹਾਂ ਤੇ ਵੀ ਵਿਅੰਗ ਭਰੀ ਮੁਸਕਾਨ ਐ । ਉਹ ਵੀ ਖਿੜਕੀ 'ਚੋ ਦਿਸਦੀਆਂ ਮੋਮਬੱਤੀਆਂ ਵੱਲ ਇੰਝ ਦੇਖਦੈ ਜਿਵੇਂ ਆਪਣੀ 'ਹੂੰਅ' ਨਾਲ ਉਹਨਾਂ ਨੂੰ ਬੁਝਾ ਦੇਣਾ ਚਾਹੁੰਦਾ ਹੋਵੇ।

"ਦਾਮਿਨੀ"....ਦਿੱਲੀ 'ਚ ਬਲਾਤਕਾਰ ਦੀ ਸ਼ਿਕਾਰ ਕੁੜੀ ਹਵਸੀਆਂ ਦੀ ਹਵਸ ਦਾ ਸ਼ਿਕਾਰ.... ਬਲਾਤਕਾਰ.....ਜਿਸਮਾਂ ਨੂੰ ਹੀ ਨਹੀਂ....ਮਨ ਨੂੰ ਵੀ ਵਲੂੰਧਰ ਦਿੰਦੈ.....ਇੱਕ ਔਰਤ ਹੋਣ ਦੀ ਸਜ਼ਾ....ਪਰ ਮਾਂ ਵੀ ਤਾਂ ਔਰਤ ਹੁੰਦੀ ਐ....ਮੇਰੇ ਚਾਚੇ ਦੀ ਕੁੜੀ....ਬਲਾਤਕਾਰ ਦੀ ਸ਼ਿਕਾਰ....ਪਰ ਨਾ ਕੋਈ ਉਹਦੇ ਲਈ ਲੜਿਆ....ਤੇ ਉਹ....ਪਿੰਡ ਦੇ ਪੁਰਾਣੇ ਖੂਹ 'ਚ.....ਛੜਾਕ.....।"

'ਪਾਪਾ' ... ਸਿਮੀ ਮੈਨੂੰ ਬਾਹਰ ਤੱਕਦੇ ਨੂੰ ਹਿਲਾਉਂਦੀਐ। ਮੈਂ ਇੱਕ ਨਜ਼ਰ ਰੋਸ਼ਨੀ ਦੇ ਕਾਫਲੇ ਤੇ ਸੁੱਟਦਾਂ.... 'ਆਹ ਕੀ....ਇੰਝ ਲੱਗਦੈ....ਲੋਕ ਮੇਰੇ ਘਰ ਵੱਲ ਆ ਰਹੇ ਨੇ। ਮੋਮਬੱਤੀਆਂ ਜਗਾਈ....ਦਾਮਿਨੀ ਨੂੰ ਇਨਸਾਫ਼ ਦਿਓ....ਉਹਦੇ ਦੋਸ਼ੀਆਂ ਨੂੰ ਸਜ਼ਾ ਦਿਓ....ਨਹੀਂ.....ਨਹੀਂ....ਕਹਿ ਰਹੇ ਨੇ....ਕੰਮੋ ਨੂੰ ਇਨਸਾਫ ਦਿਓ....ਉਹਦੇ ਦੋਸ਼ੀਆਂ ਨੂੰ ਸਜ਼ਾ ਦਿਓ...ਮੋਮਬੱਤੀਆਂ ਦਾ ਚਾਨਣ ਮਸ਼ਾਲ ਬਣ ਗਿਐ....ਇਹ ਮੋਮਬੱਤੀਆਂ ਨੇ, ਜਾਂ ਦਿਲਾਂ 'ਚ ਮੱਚਦੀ ਅੱਗ....ਏਹਦੇ ਨਾਲ ਚਾਨਣ ਜ਼ਰੂਰ ਹੋਊਗਾ.....।' ਮੈਂ ਫੈਸਲਾ ਲੈ ਚੁੱਕਿਆ ਹਾਂ ।

"ਉੱਠ ਸ਼ਾਂਤੀ....ਕੰਮੋ ਉੱਠ.....।" ਮੈਂ ਸਹਾਰਾ ਦੇਕੇ ਉਹਨੂੰ ਖੜ੍ਹਾ ਕਰਦਾਂ ।

"ਚੱਲ ਸਿਮੀ....ਚੱਲ.....।" ਸਿਮੀ ਮੇਰੇ ਵੱਲ ਪ੍ਰਸ਼ਨਵਾਚਕ ਨਜ਼ਰਾਂ ਨਾਲ ਦੇਖਦੀ ਐ ਪਰ ਅਬੋਲ ਜਿਹੀ ਤੁਰ ਪੈਂਦੀ ਐ।

ਅਸੀਂ ਚਾਰੇ ਬੂਹੇ ਤੋਂ ਪਾਰ ਹੋ ਰਹੇ ਹਾਂ। ਬਲਜੀਤ ਦੀ-'ਕਿੱਥੇ ਜਾ ਰਹੇ ਹੋ....ਗੱਲ ਤਾਂ ਸੁਣੋ...ਕਿੱਥੇ ਜਾ ਰਹੇ ਹੋ"

ਤੇ ਹਨੀ ਦੀ -'ਆਰ ਯੂ ਮੇਡ ਫ਼ੋਰ.. ਲੀਵ ਇਟ ਮੋਮ.... ਲੀਵ ਇਟ ਮੋਮ....।' ਪਿੱਛੇ ਛੁੱਟ ਰਹੀ ਹੈ ।

ਬਾਹਰ ਇੱਕ ਸੱਜਣ ਮੋਮਬੱਤੀਆਂ ਦੇ ਰਿਹੈ। ਮੈਂ ਇੱਕ-ਇੱਕ ਮੋਮਬੱਤੀ ਸ਼ਾਂਤੀ, ਕੰਮੋ ਤੇ ਸਿਮੀ ਨੂੰ ਦਿੱਤਾ। ਅਸੀਂ ਇੱਕ ਬਲਦੀ ਮੋਮਬੱਤੀ ਤੋਂ ਮੋਮਬੱਤੀਆਂ ਬਾਲ ਲਈਆਂ। ਸਾਡੇ ਹਿੱਸੇ ਦਾ ਚਾਨਣ ਹੋ ਗਿਆ ਸੀ।....ਪਰ ਮੈਂ ਕਾਫਲੇ ਤੋਂ ਉਲਟ ਦਿਸ਼ਾ ਵੱਲ ਜਾ ਰਿਹਾਂ ।

"ਪਾਪਾ ਏਧਰ ਕਿੱਧਰ ਜਾ ਰਹੇ ਹੋ....?" ਸਿਮੀ ਮੇਰਾ ਹੱਥ ਫੜਕੇ ਖਿੱਚ ਰਹੀ ਹੈ।

"ਠਾਣੇ....ਰਿਪੋਰਟ ਦਰਜ ਕਰਾਉਣ....ਕੰਮੋ ਨੂੰ ਇਨਸਾਫ਼ ਨੀ ਦਵਾਉਣਾ? ਸਾਡੀਆਂ ਮੋਮਬੱਤੀਆਂ ਦੇ ਚਾਨਣ ਵਿੱਚ ਤਾਂ ਮੈਨੂੰ ਰਾਹ ਸਾਫ਼- ਸਾਫ਼ ਦਿੱਸ ਰਿਹੈ...। ਲਓ....ਤੁਸੀਂ ਵੀ ਆਪਣੀ ਮੋਮਬੱਤੀ ਬਾਲ ਲਓ....।

---o---



# ਲਕੀਰਾਂ ਵਿੱਚ ਘਿਰੇ ਹੋਏ/ਗੁਰਮੀਤ ਆਰਿਫ਼

"ਹੈਅ ਜੀ..?"

"ਹਾਂ ਜੀ ਹਾਂ ਜੀ ਆਹੋ।"

"ਮੈਂ ਹੀ ਆਂ ਜੀ ਚੰਦ ਸਿਹੁੰ ਵਲਦ ਬੰਗਾ ਸਿਹੁੰ ਸ਼ੇਰਪੁਰੇ ਆਲਾ। ਹਾਂ ਜੀ ਹਾਂ ਜੀ ਆ ਗਿਆ ਜੀ ਆ ਗਿਆ ਮਾਲਕੋ। ਸਾਸਰੀ ਕਾਲ ਜੀ। ਬੜੀ ਅਪਾਰ ਕਿਰਪਾ ਹੋਈ ਆ ਜੀ ਥੋਡੀ ਦਰਸ਼ਨ ਹੋਗੇ। ਨਹੀਂ ਤਾਂ ਅੱਗੇ ਖਾਲੀ ਹੱਥ ਈ ਮੁੜਦਾ ਰਿਹਾ ਜੀ ਦੋ ਤਿੰਨ ਵਾਰੀ। ਪਰ ਅੰਤਕੀ ਤਾਂ ਜਿਵੇਂ ਕਹਿੰਦੇ ਹੁੰਦੇ ਆ ਬਈ ਰੱਬ ਅੱਗੋਂ ਹੋ ਕੇ ਬਹੁੜਦਾ ਨਾ...... ਉਵੇਂ ਹੋਈ ਆ। ਸਭ ਤੋਂ ਪਹਿਲਾਂ ਤੁਸੀਂ ਮੈਨੂੰ ਈ ਵਾਜ ਮਾਰੀ ਆ ਜੀ। ਇਕ ਤਾਂ ਠੰਡ ਬੜੀ ਆ ਉਤੋਂ ਆਹ ਸੰਤਰੀ ਸਾਬ ਨੀ ਅੱਗੇ ਆਉਣ ਦਿੰਦਾ। ਮੈਂ ਤਾਂ ਸਵੇਰ ਦਾ ਬੂਹੇ ਮੂਹਰੇ ਖੜ੍ਹਾਂ ਜੀ ਥੋਡੇ ਦਰਸ਼ਨਾਂ ਨੂੰ।"

"ਹੈਅ ਜੀ.....। ਆਹੋ ਮੈਂ ਹੀ ਆਂ ਜੀ ਸਰਪੰਚ ਚੰਦ ਸਿਹੁੰ ਸ਼ੇਰਪੁਰੇ ਆਲਾ।"

"ਉਚੀ ਬੋਲਿਓ ਜੀ ਥੋੜ੍ਹਾ ਜਿਆ, ਮੈਨੂੰ ਉੱਚਾ ਸੁਣਦਾ।"

"ਹੈਅ ਜੀ .....। ਐਨਕਵਾਰੀਆਂ ਤਾਂ ਬਹੁਤ ਲੱਗ ਲੀਆਂ ਜੀ। ਆਹ ਸਾਰੇ ਕਾਗਜ਼ ਥੋਡੇ ਮੂਹਰੇ ਈ ਪਏ ਐ। ਪਚੈਤ ਅਫ਼ਸਰ ਤੋਂ ਲੈ ਕੇ ਡੀ ਸੀ. ਦਫ਼ਤਰ ਤੱਕ ਜਾ ਆਇਆਂ ਜੀ ਮੈਂ। ਆਹ ਹੁਣ ਤੁਸੀਂ ਸੱਦ ਲਿਆ ਵਿਜੀਲੈਂਸ ਵਿੱਚ। ਪਿਛਲੇ ਛੀ ਮਹੀਨਿਆਂ ਤੋਂ ਏਹਨਾਂ ਕੰਮਾਂ ਤੇ ਈ ਆਂ ਜੀ ਮੈਂ। ਸੱਚ ਜਾਣਿਓ ਬੜਾ ਲੰਮਾਂ ਪੈਂਡਾ ਜੀ ਏਹਨਾਂ ਦਫ਼ਤਰਾਂ ਦਾ ਬੰਦਾ ਮੁੱਕ ਜਾਂਦਾ ਪਰ ਸਹੁਰੇ ਏ ਇਹ ਨੀ ਮੁਕਦੇ।"

"ਹੈਅ ਜੀ....। ਲੈ....ਨਾ ਜੀ ਨਾ....ਕੀ ਗੱਲਾਂ ਕਰਦੇ ਆਂ ਸਰਦਾਰ ਸਾਬ। ਤੁਸੀਂ ਪਾਰਖੂ ਬੰਦੇ, ਰੋਜ਼ ਲੋਕਾਂ ਨੂੰ ਮਿਲਣ ਗਿਲਣ ਆਲੇ। ਬੰਦਾ-ਕੁਬੰਦਾ ਵੇਖ ਕੇ ਤੁਸੀਂ ਢਿੱਡ ਦੀ ਗੱਲ ਬੁੱਝ ਲੈਨੇਂ ਆਂ। ਭਲਾ ਮੇਰੇ ਵੱਲ ਵੇਖ ਕੇ ਥੁਆਨੂੰ ਕੀ ਲਗਦਾ ਬਈ ਮੈਂ ਐਹੋ ਜਾ ਬੰਦਾ ਹੋ ਸਕਦਾਂ। ਬੱਚਿਆਂ ਆਲਿਓ ਮੈਂ ਗਰੀਬ ਬੰਦਾ ਰੱਬ ਦੀਆਂ ਦਿੱਤੀਆਂ ਖਾਣ ਆਲਾ। ਏਹਨਾਂ ਘਪਲਿਆਂ 'ਚ ਮੇਰਾ ਕੋਈ ਦੋਸ਼ ਨੀ ਜੀ। ਇਹਨਾਂ ਗੱਲਾਂ ਦਾ ਬਖਸ਼ੇ ਨੂੰ ਭਾਵੇਂ ਪਤਾ ਹੋਵੇ। ਮੈਂ ਤਾਂ ਹੁਣ ਤਾਈਂ ਉਹਦੇ ਕਹਿਣ ਤੇ ਈ ਗੂਠੇ ਲਾਉਂਦਾ ਰਿਹਾਂ ਜੀ। ਜਿਵੇਂ ਉਹ ਕਹਿੰਦਾ ਰਿਹਾ ਮੈਂ ਕਰਦਾ ਰਿਹਾ। ਆਹ ਜੇਹੜੀਆਂ ਗੱਲਾਂ ਤੁਸੀਂ ਪੁੱਛ ਰਹੇ ਆਂ, ਇਹਨਾਂ ਬਾਰੇ ਨੀ ਜੀ ਪਤਾ ਮੈਨੂੰ ਕੁਸ਼।"

"ਹੈਅ ਜੀ ... ਆਹੋ .....! ਉਹੀ ਬਖਸ਼ੀਸ਼ ਸਿਹੁੰ ਬਖਸ਼ਾ, ਤੂੰਦੂਪੰਥੀਆਂ ਦਾ ਖੜੀਆਂ ਜੀਆਂ ਮੁੱਛਾਂ ਆਲਾ ਪੁਰਾਣਾ ਸਰਪੰਚ। ਬੜਾ ਪਤੰਦਰ ਬੰਦਾ ਐ ਜੀ ਉਹ। ਬੰਦੇ ਨੂੰ ਸੰਦ ਵਾਂਗੂੰ ਵਰਤਣ ਲੱਗਾ ਮਿੰਟ ਲਾਉਂਦਾ।"

"ਨਹੀਂ ਜੀ ਨਹੀਂ ਕੀ ਗੱਲਾਂ ਕਰਦੇ ਆਂ ਸਰਦਾਰ ਸਾਬ। ਗੁਰੂਪੰਥੀਏ ਤਾਂ ਉਹ ਬਹੁਤ ਪਹਿਲਾਂ ਹੁੰਦੇ ਸੀਗੇ। ਰਣਜੀਤ ਸਿਹੁੰ ਦੇ ਰਾਜ ਤੋਂ ਪਹਿਲਾਂ। ਜਦੋਂ ਏਹਨਾਂ ਦੇ ਬੁੜ੍ਹੇ ਗੁਰੂ ਘਰ ਦੀ ਸੇਵਾ ਕਰਦੇ ਹੁੰਦੇ ਸੀਗੇ। ਫੇਰ ਜਦੋਂ ਪੰਜਾਬ 'ਚ ਗਰੇਜ ਆਗੇ ਇਨ੍ਹਾਂ ਦੇ ਬੁੜ੍ਹੇ ਉਹਨਾਂ ਦੀ ਚਮਚਾਗਿਰੀ ਕਰਨ ਲਗਪੇ। ਬੜੇ ਦੇਸ਼ ਭਗਤ ਫੜਾਏ ਸੀ ਜੀ ਇਨ੍ਹਾਂ ਨੇ। ਗਰੇਜਾਂ ਨੇ ਖੁਸ਼ ਹੋ ਕੇ

ਇਹਨਾਂ ਨੂੰ ਜਗੀਰਾਂ ਲਾਟ ਕਰਤੀਆਂ। ਆਹ ਜਿੰਨੀ ਵੀ ਜੈਦਾਤ ਆ ਹੁਣ ਇਹਨਾਂ ਕੋਲੇ ਸਾਰੀ ਗੋਰਿਆਂ ਦੀ ਟਾਊਟੀ ਚੋਂ ਈ ਬਣਾਈ ਐ ਜੀ। ਪਹਿਲਾਂ ਸਾਰੇ ਇਹਨਾਂ ਨੂੰ ਗੁਰੂਪੰਥੀਏ ਕਹਿੰਦੇ ਸੀ। ਜਦੋਂ ਲੋਕਾਂ ਨੂੰ ਇਹਨਾਂ ਦਾ ਏਹ ਪਤਾ ਲੱਗਾ ਤਾਂ ਫੇਰ ਸਾਰੇ ਇਹਨਾਂ ਨੂੰ ਡੁਬੂਪੰਥੀਏ ਕਹਿਣ ਲਗਪੇ। ਹੁਣ ਵੀ ਸਾਰੇ ਲਾਕੇ ਦੇ ਲੋਕ ਪਿੱਠ ਪਿੱਛੇ ਇਹਨਾਂ ਨੂੰ ਡੁਬੂਪੰਥੀਏ ਈ ਕਹਿੰਦੇ ਐ। ਊਂ ਕੰਮ ਵੀ ਏਹਨਾਂ ਦੇ ਡੁਬੂਆਂ ਆਲੇ ਈ ਆ ਜੀ। ਪਹਿਲਾਂ ਬਖਸ਼ੇ ਦੇ ਪਿਓ ਵਰਿਆਮੇ ਨੇ ਵੀਹ ਪੱਚੀ ਸਾਲ ਪਿੰਡ ਦੀ ਸਰਪੰਚੀ ਕੀਤੀ। ਲੋਕ ਮੂੰਹ ਮੁਲਾਜ਼ੇ ਨਾਲ ਵੋਟਾਂ ਪਾਉਂਦੇ ਰਹੇ ਵੀ ਚਲੋ ਪਿੰਡ ਦਾ ਮੋਹਤਬਰ ਬੰਦਾ, ਸਰਕਾਰੇ ਦਰਬਾਰੇ ਜਾ ਕੇ ਪਿੰਡ ਦੀ ਗੱਲਬਾਤ ਕਰਦਾ। ਗੱਲਬਾਤ ਉਹਨੇ ਕੀ ਸਵਾਹ ਕਰਨੀ ਸੀ ਸਾਰੀ ਉਮਰ ਪਤੰਦਰ ਆਵਦਾ ਈ ਘਰ ਭਰਦਾ ਰਿਹਾ। ਊਂ ਵੇਖਿਆ ਜਾਵੇ ਤਾਂ ਸਾਡੇ ਵੇਹੜੇ ਦੇ ਸਿਰ ਤੇ ਈ ਉਹ ਸਰਪੰਚ ਬਣਦਾ ਰਿਹਾ ਸੀ ਜੀ ਸਾਰੀ ਉਮਰ। ਵੇਹੜੇ ਦੀਆਂ ਵੋਟਾਂ ਹੋਰਗੀਆਂ ਵਾਹਵਾ ਦੇ ਵਾਈ ਜੇ। ਸਾਰੀ ਉਮਰ ਉਸ ਬੰਦੇ ਨੇ ਵੇਹੜੇ ਆਲਿਆਂ ਨੂੰ ਈ ਪਟਾਈ ਰੱਖਿਆ ਤੇ ਸਰਪੰਚੀ ਘਰੋਂ ਨੀ ਨਿਕਲਣ ਦਿੱਤੀ। ਪਰ ਪਿੰਡ ਦਾ ਕੁਝ ਨੀ ਜੀ ਸਵਾਰਿਆ ਉਹਨੇ। ਪਤੰਦਰ ਨੇ ਆਵਦੇ ਚੁਬਾਰੇ ਛੱਤ ਲੇ ਤੇ ਸਾਡੇ ਲੋਕਾਂ ਨੂੰ ਪੱਠਿਆਂ ਦੀਆਂ ਪੰਡਾਂ ਪਿੱਛੇ ਈ ਮਗਰ ਲਾਈ ਫਿਰਦਾ ਰਿਹਾ। ਇਹੋ ਹਾਲ ਅੱਗੇ ਉਹਦੇ ਮੁੰਡੇ ਬਖਸ਼ੇ ਦਾ ਐ ਬਈ ਕਿਹਾ ਮੋੜਨਾਂ ਨੀ ਡੱਕਾ ਤੋੜਨਾਂ ਨੀ ਪਰਨਾਲਾ ਉਥੇ ਦਾ ਉਥੇ। ਮਤਲ ਕੀ ਬਈ ਕਰਵਾ ਦਵਾਂਗੇ, ਕਰਵਾ ਦਵਾਂਗੇ ਕਰੀ ਚੱਲੋ ਕਰਨਾ ਕਰਾਉਣਾ ਕੁਝ ਨੀ। ਤੇ ਜਦੋਂ ਵੋਟਾਂ ਆਗੀਆਂ ਘਰੋਂ ਘਰੀਂ ਦੋ ਚਾਰ ਸੋ ਰੁਪਈਏ ਦੇ ਕੇ ਵੋਟਾਂ ਵੱਟ ਲੈਣੀਆਂ। ਐਹੋ ਜੇ ਕੰਮ ਆ ਜੀ ਉਹਦੇ।"

"ਹੈਂਅ ਜੀ.....। ਦੱਸਦਾ ਜੀ ਉਹ ਵੀ ਥੋਨੂੰ ਜੇ ਤੁਸੀਂ ਪੁੱਛ ਈ ਲਿਆ ਤਾਂ। ਨਹੀਂ ਅੱਗੇ ਕਿਸੇ ਅਪਸਰ ਨੇ ਨੀ ਪੁੱਛਿਆ ਬਈ ਤੂੰ ਅਨਪੜ੍ਹ ਬੰਦਾ ਕਿਵੇਂ ਐਹੋ ਜੇ ਜਾਲ 'ਚ ਫਸ ਗਿਆਂ। ਹੁਣ ਤਾਈਂ ਜਿਥੇ ਵੀ ਜਾਂਦਾ ਰਿਹਾ ਸਾਰੇ ਦਬਕੇ ਈ ਮਾਰਦੇ ਰਹੇ ਆ ਜੀ। ਹੁਣ ਤਾਂ ਮੈਂ ਵੀ ਢੀਠ ਜਿਆ ਹੋ ਗਿਆਂ ਜੀ ਦਬਕੇ ਸੁਣ ਸੁਣ ਕੇ। ਪਰ ਤੁਸੀਂ ਮੈਨੂੰ ਭਲੇ ਬੰਦੇ ਲਗਦੇ ਆਂ ਜੀ। ਜੇਹੜੇ ਬੰਦੇ ਦੇ ਅੰਦਰ ਦੀ ਪੀੜ੍ਹ ਨੂੰ ਸਮਝਦੇ ਆਂ। ਵਾਹਿਗੁਰੂ ਥੋਨੂੰ ਏਦੂੰ ਵੀ ਵੱਡਾ ਅਪਸਰ ਬਣਾਵੇ। ਮੈਨੂੰ ਤੁਸੀਂ ਨਿਆਂ ਲੈ ਕੇ ਦਿਉ ਜੀ, ਮੈਂ ਬੇਕਸੂਰ ਆ ਜੀ ਮੇਰਾ ਕੋਈ ਦੋਸ਼ ਨੀ ਏਸ ਕੇਸ 'ਚ।"

"ਹੁਣ ਥੋਡੇ ਮੂਹਰੇ ਕਾਹਦਾ ਲੁਕੋ ਆ ਜੀ, ਜਦੋਂ ਤੁਸੀਂ ਪੁੱਛ ਈ ਲਿਆ ਫੇਰ ਦੱਸਣ ਚ ਕੀ ਹਰਜ ਆ ਭਲਾ। ਅਸਲ 'ਚ ਮੈਂ ਏਹਦੇ ਨਾਲ ਸੀਰੀ ਹੁੰਦਾ ਸੀਗਾ ਜੀ। ਇਹਦੇ ਕੋਲ ਰੋਜ਼ ਈ ਕੋਈ ਨਾ ਕੋਈ ਅਪਸਰ ਲੀਡਰ ਆ ਕੇ ਬੈਠੇ ਰਹਿੰਦੇ ਹੁੰਦੇ ਸੀਗੇ। ਰੋਜ਼ ਸ਼ਰਾਬਾਂ ਚੱਲਣੀਆਂ, ਮੁਰਗੇ ਰਿੱਝਣੇ ਬੱਕਰੇ ਵੱਜਣੀਆਂ। ਮੈਂ ਕਿਹਾ ਜੀ ਕੋਈ ਅੰਤ ਨੀ ਸੀ ਬੰਦੇ ਦੀ ਚੌਧਰ ਦਾ। ਇਹੋ ਜੇ ਨਜ਼ਾਰੇ ਵੇਖ ਕੇ ਮੇਰੇ ਅੰਦਰ ਵੀ ਲੂਹਰੀਆਂ ਜੀਆਂ ਉਠਣੀਆਂ ਬਈ ਚੰਦ ਸਿਹਾਂ ਜੇ ਕਿਤੇ ਬਖਸ਼ੇ ਵਾਂਗੂੰ ਤੂੰ ਵੀ ਸਰਪੰਚ ਸਰਪੁੰਚ ਬਣਜੇ ਨਾ ਤਾਂ ਤੇਰੀ ਵੀ ਚੌਧਰ ਹੋਜੇ ਚਾਰੇ ਪਾਸੇ। ਰੋਜ਼ ਤੇਰੇ ਕੋਲ ਵੀ ਅਪਸਰ ਲੀਡਰ ਆ ਕੇ ਬੈਠੇ ਰਹਿਣ। ਬੱਸ ਜੀ ਐਹੋ ਜੀਆਂ ਗੱਲਾਂ ਨੇ ਈ ਮੇਰੇ ਅੰਦਰ ਇੱਕ ਰੀਝ ਜੀ ਬੰਨਤੀ। ਪਰ ਜਿਵੇਂ ਕਹਿੰਦੇ ਹੁੰਦੇ ਐ ਨਾ ਬਈ ਮਾੜੇ ਦੀ ਕਿਸਮਤ 'ਚ ਸਿਰਫ਼ ਸੁਪਨੇ ਈ ਹੁੰਦੇ ਐ ਜੇਹੜੇ ਜੇ ਮਰਜ਼ੀ ਲਈ ਜਾਵੇ। ਸੱਚ ਤਾਂ ਉਹੀ ਹੁੰਦੇ ਜੋ ਦਿਸਦਾ ਹੋਵੇ।"



ਕੁਦਰਤੀ ਅਗਲੀਆਂ ਚੋਣਾਂ 'ਚ ਸਰਪੰਚੀ ਜਰਨ ਹੋਗੀ। ਕਈਆਂ ਦੀਆਂ ਮੁੱਛਾਂ ਨੂੰ ਤਾਅ ਦਿੱਤੇ ਧਰੇ ਧਰਾਏ ਰਹਿਗੇ ਤੇ ਸਰਪੰਚੀ ਆਲਾ ਊਠ ਸਾਡੇ ਵੇਹੜੇ ਦੀ ਠਾਹਰੇ ਆ ਬੈਠਾ। ਵਿਹੜੇ ਚੋਂ ਕੋਈ ਹਾਂ ਨਾ ਕਰੇ ਜੱਗੇ ਦੇ ਵਿਰੁੱਧ ਖੜ੍ਹਨ ਨੂੰ। ਗੱਲ ਵਾਹਵਾ ਰੀਂਘ ਜੇ ਪੈਗੀ ਜੀ। ਇੱਕ ਦਿਨ ਬਖਸ਼ਾ ਤੇ ਤਿੰਨ ਚਾਰ ਹੋਰ ਪੰਚੇਤੀ ਬੰਦੇ ਬੈਠਕ 'ਚ ਬੈਠੇ ਵੋਟਾਂ ਦੀਆਂ ਗੱਲਾਂ ਕਰੀ ਜਾਣ ਬਈ ਐਤਕੀਂ ਵੇਹੜੇ ਚੋਂ ਕੀਹਨੂੰ ਸਰਪੰਚ ਖੜ੍ਹਾ ਕਰੀਏ। ਨਾਲੇ ਪੈਗ ਸ਼ੈਗ ਚੱਲੀ ਜਾਵੇ। ਕੋਲੇ ਉਹਨਾਂ ਦੇ ਖੂੰਜੇ ਬੈਠਾ ਮੈਂ ਵੀ ਦੋ ਤਿੰਨ ਲੰਡੂ ਜੇ ਪੈਗ ਪੀ ਗਿਆ। ਜਦੋਂ ਸਰੂਰ ਜਿਆ ਆ ਗਿਆ ਨਾ, ਜਿਵੇਂ ਕਹਿੰਦੇ ਹੁੰਦੇ ਆ ਵੀ ਪੀਤੀ 'ਚ ਬੰਦਾ ਝੂਠ ਨੀ ਬੋਲਦਾ। ਮੈਂ ਵੀ ਆਪਣੇ ਮਨ ਦੀ ਗੱਲ ਬਖਸ਼ੇ ਕੋਲ ਕਰ ਬੈਠਾ। "ਬਈ ਸਰਦਾਰ ਜੀ ਅਸੀਂ ਹੋਗੇ ਆਂ ਥੁਆਡੇ ਖੇਰ ਖਵਾਹ, ਥੋਡੀਆਂ ਦਿੱਤੀਆਂ ਖਾਣ ਆਲੇ। ਥੋਡੇ ਤੋਂ ਉੱਤੇ ਤਾਂ ਅਸੀਂ ਹੋ ਨੀ ਸਕਦੇ, ਪਰ ਜੇ ਕਹੋਂ ਤਾਂ ਇੱਕ ਗੱਲ ਆਖਾਂ। ਬਈ ਜੇ ਤੁਸੀਂ ਆਵਦੇ ਆਗੂੰ ਮੈਨੂੰ ਵੀ ਇੱਕ ਵਾਰੀ ਪਿੰਡ ਦਾ ਸਰਪੰਚ ਬਣਾ ਦਿਉ ਨਾ ਮੈਂ ਸਾਰੀ ਉਮਰ ਥੋਡਾ ਦੇਣ ਨੀ ਦੇ ਸਕਦਾ। ਪਰ ਜੇ ਤੁਸੀਂ ਕਿਰਪਾ ਕਰੋ ਤਾਂ ਇਹ ਹੋ ਸਕਦਾ। ਨਹੀਂ ਥੋਡੇ ਤੋਂ ਬਿਨਾਂ ਨੀ ਇਹ ਗੱਲ ਬਣਨੀ।" ਉਹ ਮੈਨੂੰ ਅੱਗੋਂ ਕਹਿੰਦਾ "ਕੇਹੜੀਆਂ ਗੱਲਾਂ ਕਰਦੈਂ ਚੰਦ ਸਿਹਾਂ। ਤੂੰ ਸਾਡਾ ਸੀਰੀ ਥੋੜ੍ਹਾ ਸਾਡਾ ਭਾਈ ਐਂ ਭਾਈ। ਮੇਰੇ ਹੁੰਦਿਆਂ ਸਾਰੇ ਪਿੰਡ 'ਚ ਤੇਰੀ ਕੋਈ ਵਾਅ ਵੱਲ ਨੀ ਵੇਖ ਸਕਦਾ। ਸਰਪੰਚੀ ਦੀ ਕੇਹੜੀ ਗੱਲ ਕਰਦੈਂ ਇਹ ਤਾਂ ਆਪਣੇ ਘਰ ਦੀ ਗੱਲੀ ਐ ਗੱਲੀ। ਫ਼ਿਕਰ ਨਾ ਕਰ ਤੇਰੇ ਲਈ ਤਾਂ ਮੈਂ ਬਹੁਤ ਕੁਝ ਸੋਚੀ ਬੈਠਾਂ। ਸਾਡੇ ਨਾਲ ਯਾਰੀ ਲਾ ਕੇ ਨਾ ਘਾਬਰ.....ਕੋਈ ਨੀ ਜਿਵੇਂ ਕਹੇਂਗਾ ਕਰਲਾਂਗੇ।"

ਬਸ ਜੀ ਉਹਦਾ ਐਨਾ ਕਿਹਾ ਈ ਬਹੁਤ ਸੀ ਮੇਰੇ ਲਈ ਜੇਹੜਾ ਉਹਨੇ ਚੰਦ ਸਿਹੁੰ ਕਹਿ ਕੇ ਬੁਲਾਇਆ ਸੀ ਉਸ ਦਿਨ। ਨਹੀਂ ਚੰਦੂ ਤੋਂ ਬਿਨਾਂ ਨੀ ਸੀ ਬੋਲਿਆ ਕਦੇ। ਮੇਰੀ ਤਾਂ ਹਵਾ ਈ ਬਦਲਗੀ, ਧਰਤੀ ਤੋਂ ਗਿਠ ਗਿਠ ਉੱਚਾ ਤੁਰਨ ਲਗ ਪਿਆ ਮੈਂ। ਕਈ ਦਿਨ ਐਂ ਲੱਗਾ ਰਿਹਾ ਜਿਵੇਂ ਹਵੇਲੀ ਕੰਮ ਕਰਾਉਣ ਆਉਂਦੇ ਲੋਕ ਬਖਸ਼ੇ ਦੇ ਨੀ ਮੇਰੇ ਪਿੱਛੇ ਜੀ ਜੀ ਕਰਦੇ ਫਿਰਦੇ ਹੋਣ। ਜਿਵੇਂ ਸਰਪੰਚ ਬਖਸ਼ਾ ਨੀ ਮੈਂ ਹੋਵਾਂ।

ਪਰ ਸਰਦਾਰ ਸਾਬ ਜਿਵੇਂ ਕਹਿੰਦੇ ਹੁੰਦੇ ਐ ਨਾ ਬਈ ਜਦੋਂ ਬੰਦੇ ਦੀ ਕਿਸਮਤ ਮਾੜੀ ਹੋਵੇ ਉਦੋਂ ਅਕਲ ਤੇ ਪੜਦਾ ਪੈ ਜਾਂਦਾ। ਫੇਰ ਚੰਗੇ ਮਾੜੇ ਦਾ ਫ਼ਰਕ ਨੀ ਪਤਾ ਲਗਦਾ। ਮੈਂ ਤਾਂ ਸ਼ਰਾਬ ਦੇ ਨਸ਼ੇ 'ਚ ਈ ਬਖਸ਼ੇ ਮੂਹਰੇ ਆਵਦੇ ਮਨ ਦੀ ਭੜਾਸ ਕੱਢੀ ਸੀ ਉਹ ਪਤੰਦਰ ਸੱਚ ਈ ਮੰਨ ਗਿਆ। ਨਹੀਂ ਸਾਡੇ ਅਰਗੇ ਕੰਮੀਂ ਕਮੀਣਾਂ ਦੀ ਕਿਸਮਤ 'ਚ ਸਰਪੰਚੀਆਂ ਤੇ ਸਰਦਾਰੀਆਂ ਕਿੱਥੇ। ਜੇ ਸਾਡੀ ਕਿਸਮਤ 'ਚ ਇਹ ਸਭ ਹੁੰਦਾ ਤਾਂ ਇੰਦਰਾ ਗਾਂਧੀ ਦੇ ਘਰੇ ਨਾ ਜੰਮਦੇ, ਸਾਲਾ ਥੱਗੇ ਅਮਲੀ ਦੇ ਘਰੇ ਈ ਜੰਮਣਾ ਸੀ। ਜੇਹੜਾ ਆਪ ਸਾਰੀ ਉਮਰ ਸੀਰੀ ਰਿਹਾ ਤੇ ਫਿਰ ਮਰਨ ਲੱਗਾ ਆਵਦੀ ਪੰਜਾਲੀ ਮੇਰੇ ਮੋਢਿਆਂ ਤੇ ਧਰ ਗਿਆ। ਮੈਂ ਜਦੋਂ ਏਹਦੇ ਨਾਲ ਸੀਰੀ ਰਲਿਆ ਉਦੋਂ ਵੀ ਕਰਜ਼ਾਈ ਸੀ ਤੇ ਅੱਜ ਵੀਹ ਸਾਲਾਂ ਬਾਦ ਵੀ ਕਰਜ਼ਾਈ ਈ ਆ ਜੀ। ਸ਼ੁਕਰ ਐ ਅਗਾਂਹ ਮੇਰੇ ਕੋਈ ਮੁੰਡਾ ਹੈਨੀ ਨਹੀਂ ਇਹ ਲੀਹ ਪਤਾ ਨੀ ਕਿਥੋਂ ਤਾਈਂ ਜਾਂਦੀ।

ਲਉ ਜੀ ਸਰਦਾਰ ਸਾਬ ਫਿਰ ਉਹੀ ਗੱਲ ਹੋਈ। ਬੈਠਾ ਬੈਠਾ ਬਖਸ਼ਾ ਮੈਨੂੰ ਇੱਕ ਦਿਨ ਕਹਿੰਦਾ ਚੰਦੂ ਤਕੜਾ ਹੋਜਾ ਐਤਕੀਂ ਤੈਨੂੰ ਸਰਪੰਚ ਬਣਾਉਣਾ। ਐਸ ਵਾਰੀ ਤੇਰੇ ਗਲ 'ਚ

ਸਰਪੰਚੀ ਦੇ ਹਾਰ ਪਵਾ ਦੇਣੇ ਐਂ। ਮੇਰੀ ਖੁਰਲੀ ਤੇ ਬੈਠੇ ਦੀ ਲੂੰਦੀ ਕੱਢਿਆਗੀ ਬਈ ਹੈਅ ਸਾਲੀ ਆਹ ਕੀ ਗੱਲ ਬਣੀ। ਉਠ ਕੇ ਉਹਦੇ ਮੂੰਹ ਦੀ ਹਵਾੜ ਸੁੰਘਣ ਦੀ ਕੋਸ਼ਿਸ਼ ਕੀਤੀ ਬਈ ਸਰਦਾਰ ਕਿਤੇ ਪੀਤੀ 'ਚ ਤਾਂ ਨੀ ਬੋਲ ਰਿਹਾ। ਜਿਵੇਂ ਉਦਣ ਪੀਤੀ ਪੀਤੀ 'ਚ ਈ ਮੇਰੀ ਕੱਛ 'ਚ ਸਰਪੰਚੀ ਆਲਾ ਮੁੱਡਾ ਦੇਤਾ ਸੀ। ਪਰ ਨਈਂ ਜੀ ਉਹ ਸੱਚ ਈ ਬੋਲ ਰਿਹਾ ਸੀ। ਉਹਦੀ ਸ਼ਕਲ ਤੋਂ ਮੈਨੂੰ ਐਂ ਲੱਗਾ ਜਿਵੇਂ ਬੜਾ ਡੂੰਘਾ ਜਾ ਸੋਚੀ ਬੈਠਾ ਸੀ ਉਹ। ਮੈਨੂੰ ਸਮਝ ਨਾ ਆਵੇ ਬਈ ਕੀ ਕਰਾਂ ਹੱਸਾਂ ਜਾਂ ਰੋਵਾਂ। ਦਿਲ 'ਚ ਲੂਹਰੀਆਂ ਜੀਆਂ ਉਠਣ। ਗੱਲ ਕਾਹਦੀ ਆ ਜੀ ਮੈਂ ਪੂਰੀ ਤਰ੍ਹਾਂ ਫੁੱਲ ਗਿਆ। ਐਂ ਲੱਗੀ ਜਾਵੇ ਜਿਵੇਂ ਉਹਦੀ ਕਹੀ ਗੱਲ ਮੌਕੇ ਤੇ ਈ ਸੱਚ ਹੋਗੀ ਹੋਵੇ।

"ਹੈਅ ਜੀ...। ਹਾਂ ਹਾਂ ਕਿਉਂ ਨੀ, ਹੋਰ ਵੀ ਬੜੇ ਸਿਆਸੀ ਬੰਦੇ ਹੈਗੇ ਆ ਜੀ ਵੇਹੜੇ 'ਚ ਜੇਹੜੇ ਸਿਆਸਤ ਵਿੱਚ ਪੈਰ ਧਰਦੇ ਐ। ਜੱਗਾ ਮੈਂਬਰ ਹੈਗਾ ਸਭ ਤੋਂ ਵਧੀਆ ਬੰਦਾ। ਗਰੀਬ ਗੁਰਬੇ ਦੇ ਹੱਕ ਨੂੰ ਬੜਾ ਚੰਗਾ ਬੰਦਾ ਜੀ। ਹਰੇਕ ਦੇ ਦੁਖ ਸੁਖ ਦਾ ਸਾਂਝੀ ਐ ਜੀ ਉਹ। ਤੇ ਜੇ ਕੋਈ ਤੂੰ ਤੜੱਕ ਕਰੇ ਉਹਦੀ ਘੀਸੀ ਵੀ ਕਰਾ ਦਿੰਦਾ। ਬੰਦਾ ਨੱਕ ਰਗੜ ਰਗੜ ਭੱਜਦਾ ਉਹਦੇ ਮੂਹਰੇ ਫਿਰ। ਵੱਡੇ ਵੱਡੇ ਖੱਬੀਖਾਨ ਉਹਤੋਂ ਕੰਨ ਭੰਨਦੇ ਐ। ਆਹ ਬਖਸ਼ਾ ਵੀ ਮਸਾਂ ਛੁੱਟਿਆ ਜੀ ਉਹਦੇ ਤੋਂ। ਕੇਰਾਂ ਸੁਸੈਟੀ ਦੀਆਂ ਵੋਟਾਂ 'ਚ ਇਹਨਾਂ ਦੀ ਆਪਸ ਵਿੱਚ ਤੂੰ ਤੂੰ ਮੈਂ ਮੈਂ ਹੋਗੀ, ਬਖਸ਼ੇ ਨੇ ਕਿਤੇ ਉਹਨੂੰ ਜਾਤ ਦੀ ਗਾਲ੍ਹ ਕੱਢਤੀ। ਬਸ ਜੀ ਫੇਰ ਕੀ ਸੀ ਉਹਨੇ ਪਾ ਲਿਆ ਕਾਨੂੰਨੀ ਨਾਗਵਲ। ਐਸਾ ਭਜਾਇਆ ਐਸਾ ਭਜਾਇਆ ਬਈ ਬਖਸ਼ਾ ਉਹਦੇ ਮਗਰ ਮਗਰ ਮਿੰਨਤਾਂ ਕਰਦਾ ਫਿਰੇ। ਫੇਰ ਬਾਹਰਲੇ ਬੰਦਿਆਂ ਨੇ ਵਿੱਚ ਪੈ ਕੇ ਰਾਜ਼ੀਨਾਮਾ ਕਰਾਇਆ। ਗੱਲ ਕਾਹਦੀ ਆ ਜੀ ਉਹ ਬੰਦਾ ਹੈਗਾ ਸੱਚਾ ਤੇ ਸੱਚ ਕਹਿਣੋਂ ਉਹ ਡਰਦਾ ਨੀ ਭਾਵੇਂ ਜੇਹੜਾ ਮਰਜੀ ਆਜੇ। ਬਹੁਜਨ ਸਮਾਜ ਪਾਲਟੀ ਆਲਿਆਂ ਨਾਲ ਰਿਹਾ ਜੀ ਉਹ ਪੰਦਰਾਂ ਵੀਹ ਸਾਲ ਤੇ ਹੁਣ ਉਹ ਕੱਲਾ ਈ ਆ ਜੀ ਕਿਸੇ ਪਾਲਟੀ ਨਾਲ ਨੀ ਹੈਗਾ। ਆਹ ਜੇਹੜੇ ਬਖਸ਼ੇ ਅਰਗੇ ਰੋਜ਼ ਦਿਹਾੜੀ ਪੱਗਾਂ ਬਦਲਦੇ ਰਹਿੰਦੇ ਐ, ਇਹੋ ਜੇ ਲੋਕਾਂ ਤੋਂ ਉਹ ਬੜੀ ਨਫ਼ਰਤ ਮੰਨਦਾ। ਇਸੇ ਕਰਕੇ ਈ ਹੁਣ ਉਹ ਕਿਸੇ ਪਾਲਟੀ ਨਾਲ ਨੀ ਰਲਦਾ। ਉਂ ਸਰਕਾਰੇ ਦਰਬਾਰੇ ਉਹਨੂੰ ਗੱਲ ਕਰਨੀ ਆਉਂਦੀ ਆ ਜੀ। ਰਾਜ ਭਾਵੇਂ ਕਿਸੇ ਪਾਲਟੀ ਦਾ ਹੋਵੇ ਉਹ ਆਪਣੇ ਕੰਮ ਕਰਾ ਈ ਲੈਂਦਾ। ਪਰ ਪਿੰਡ ਦੀਆਂ ਵੋਟਾਂ ਤੇ ਆ ਕੇ ਉਹ ਮਾਰ ਖਾ ਜਾਂਦਾ। ਸਾਡੇ ਪਿੰਡ ਦੇ ਲੋਕ ਐਨੇ ਮਾੜੇ ਐ ਬਈ ਕੰਮ ਉਹਤੋਂ ਲੈਣਗੇ ਤੇ ਵੋਟਾਂ ਪੈਸੇ ਲੈ ਕੇ ਹੋਰ ਥਾਂ ਪਾ ਜਾਂਦੇ ਐ। ਪੈਸੇ ਧੇਲੇ ਅੱਲੋਂ ਹੈਗਾ ਉਹ ਤੰਗ ਜੀਹਦੇ ਕਰਕੇ ਸਫ਼ਲ ਨੀ ਹੁੰਦਾ। ਵੈਸੇ ਵੀ ਉਹ ਐਹੋ ਜੇ ਘਟੀਆ ਕੰਮ ਨੀ ਕਰਦਾ। ਬਸ ਇਕ ਅੱਧੀ ਵਾਰੀ ਉਹ ਪੰਚੈਤ ਮੈਂਬਰ ਈ ਬਣਿਆਂ ਪਿੰਡ 'ਚ, ਪਰ ਪਾਵਰ ਉਹਦੀ ਸਰਪੰਚ ਤੋਂ ਵੀ ਜਾਦੀ ਆ ਜੀ। ਉਂ ਮੈਂ ਥੋਡੇ ਮੂਹਰੇ ਖੜ੍ਹਾ ਹੁਣ ਇਹ ਮਸੂਸ ਕਰਦਾਂ ਬਈ ਐਹੋ ਜੇ ਬੰਦੇ ਮੂਹਰੇ ਆਉਣੇ ਚਾਹੀਦੇ ਐ ਜੇਹੜੇ ਕਨੂੰਨ ਨੂੰ ਸਮਝਦੇ ਹੋਣ। ਜਿਨ੍ਹਾਂ ਨੂੰ ਪਤਾ ਹੋਵੇ ਬਈ ਕੰਮ ਹੁੰਦੇ ਕਿਵੇਂ ਐਂ। ਨਈਂ ਮੇਰੇ ਅਰਗੇ ਤਾਂ ਐਵੇਂ ਜੁੱਤੀਆਂ ਤੁੜਵਾਉਣ ਨੂੰ ਈ ਮੂਹਰੇ ਹੋ ਜਾਂਦੇ ਐ।"

ਜੱਗੇ ਨੇ ਵੋਟਾਂ ਤੋਂ ਪਹਿਲਾਂ ਮੈਨੂੰ ਆਵਦੇ ਘਰੇ ਸੱਦ ਕੇ ਕਿਹਾ ਵੀ ਸੀ ਬਈ ਚੰਦ ਸਿਹਾਂ ਤੂੰ ਕੋਈ ਨਵਾਂ ਚੰਦ ਨਾ ਚੜ੍ਹਾ ਦੇਵੀਂ ਪਿੰਡ 'ਚ, ਤੈਨੂੰ ਹਾਲੇ ਸਿਆਸਤ ਦਾ ਕੋਈ ਇਲਮ ਨੀ ਸਰਪੰਚੀ ਦੇ ਚੱਕਰ 'ਚ ਨਾ ਪੈ ਫੇਰ ਔਖਾ ਹੋਜੇਂਗਾ। ਇਹ ਬਖਸ਼ਾ ਨਿਰੀ ਕੁੱਤੇ ਦੀ ਪੂਛ ਆ। ਏਹਨੇ



ਤੈਨੂੰ ਸਰਪੰਚ ਬਣਾ ਕੇ ਸੰਦ ਵਾਗੂੰ ਵਰਤਣਾ। ਮੇਰੀ ਬਲਦੇਵ ਸਿਹੁੰ ਨਾਲ ਅੰਦਰਖਾਤੇ ਸਹਿਮਤੀ ਆ ਉਹ ਮੈਨੂੰ ਖੜ੍ਹਾ ਕਰਨਾ ਚਹੁੰਦੇ ਆ। ਵੇਖ ਸਾਰੀ ਉਮਰ ਮੇਰੀ ਲੋਕਾਂ ਦੇ ਕੰਮ ਧੰਦੇ ਕਰਾਉਂਦੇ ਦੀ ਲੰਘਗੀ। ਜੇ ਹੁਣ ਸਰਪੰਚੀ ਵੇਹੜੇ 'ਚ ਆਈ ਐ ਤਾਂ ਕੁਸ਼ ਬਣ ਲੈਣ ਦਿਓ ਪਿੰਡ ਦਾ। ਕਿੰਨਾ ਚਿਰ ਹੋ ਗਿਐ ਬਖਸ਼ੇ ਨੂੰ ਸਰਪੰਚੀ ਕਰਦਿਆਂ, ਕੀ ਸਵਾਰਿਐ ਹੁਣ ਤਾਈਂ ਉਹਨੇ ਪਿੰਡ ਦਾ? ਹੁਣ ਵੀ ਉਹ ਤੈਨੂੰ ਹਥਿਆਰ ਬਣਾ ਕੇ ਆਪ ਸਰਪੰਚੀ ਕਰਨੀ ਚਹੁੰਦਾ। ਉਹਦੇ ਮਗਰ ਨਾ ਲੱਗ ਆਵਦੇ ਭੈਣ ਭਰਾਵਾਂ ਦੀ ਸਲਾਹ ਨਾਲ ਚੱਲ, ਤੈਨੂੰ ਪਤੈ ਭੱਜੀਆਂ ਬਾਹਾਂ ਫੇਰ ਗਲ ਨੂੰ ਈ ਆਉਂਦੀਆਂ ਹੁੰਦੀਆਂ। ਆਪਣੇ ਲੋਕਾਂ ਦਾ ਤਾਂ ਤੈਨੂੰ ਪਤਾ ਈ ਐ ਸਭ ਚੋਪੜੀਆਂ ਦੇ ਯਾਰ ਨੇ। ਜੇ ਕੱਲ ਨੂੰ ਕੋਈ ਕੁੰਡੀ ਫਸਗੀ ਫੇਰ ਮੈਨੂੰ ਨਾ ਕਹੀਂ ਆ ਕੇ। ਜੇਹੜੇ ਕੰਮ ਦਾ ਪਤਾ ਨਾ ਹੋਵੇ ਉਹਦੇ 'ਚ ਐਵੇਂ ਲੱਤ ਨੀ ਫਸਾਈਦੀ ਹੁੰਦੀ।

"ਹੈਅ ਜੀ......! ਆਹੋ ਬਲਦੇਵ ਸਿਹੁੰ ਵੀ ਸਾਡੇ ਪਿੰਡ ਦਾ ਬੜਾ ਪੁਰਾਣਾ ਕਾਮਰੇਟ ਆਗੂ ਆ ਜੀ। ਪਰ ਅੱਜ ਕੱਲ ਕਾਂਗਰਸ ਪਾਲਟੀ ਨਾਲ ਰਲਿਆ ਹੋਇਐ। ਬੰਦਾ ਉਹ ਵੀ ਬੜਾ ਪਹੁੰਚਿਆ ਹੋਇਐ ਜੀ। ਬਿਲਕੁਲ ਜੱਗੇ ਵਰਗਾ ਈ ਐ। ਬਖਸ਼ੇ ਤੋਂ ਦੋ ਵਾਰੀ ਹਾਰ ਚੁਕੇ। ਥੋਨੂੰ ਪਤਾ ਈ ਐ ਜੀ ਬਈ ਲੋਕਾਂ ਦੀ ਖਾਤਰ ਲੜਨ ਵਾਲੇ ਬੰਦਿਆਂ ਦਾ ਸਾਥ ਅੰਤ ਨੂੰ ਲੋਕ ਈ ਨੀ ਦਿੰਦੇ ਹੁੰਦੇ। ਇਸੇ ਵਜ੍ਹਾ ਕਰਕੇ ਉਹ ਹਾਰ ਜਾਂਦਾ ਰਿਹਾ ਜੀ। ਬਖਸ਼ੇ ਨਾਲ ਬੜੀ ਲਗਦੀ ਐ ਜੀ ਉਹਦੀ। ਉਦੋਂ ਉਹ ਵੀ ਪਤੰਦਰ ਬੜਾ ਜਿਦ ਤੇ ਅੜਿਆ ਹੋਇਆ ਸੀ ਬਈ ਮੈਂ ਫੁਦੂਪੰਥੀਆਂ ਦੇ ਘਰੋਂ ਇਕ ਵਾਰੀ ਸਰਪੰਚੀ ਕੱਢਣੀ ਜ਼ਰੂਰ ਐ ਜੇ ਮਰਜੀ ਹੋਜੇ। ਇਸੇ ਕਰਕੇ ਸਰਪੰਚੀ ਜਰਬ ਹੋਣ ਤੋਂ ਬਾਦ ਉਹ ਜੱਗੇ ਨਾਲ ਜਾ ਰਲਿਆ। ਉਹਨੇ ਵੀ ਮੈਨੂੰ ਬਥੇਰਾ ਕਿਹਾ ਬਈ ਚੰਦ ਸਿਹਾਂ ਤੈਨੂੰ ਕਿਤੇ ਸਾਡੀ ਲੋੜ ਪੈ ਸਕਦੀ ਐ। ਹੁਣ ਤੈਨੂੰ ਅਸੀਂ ਭਰਾਵਾਂ ਵਾਗੂੰ ਸਮਝਾਉਨੇ ਆਂ ਟਲ ਜਾ ਤੂੰ। ਏਸ ਬਖਸ਼ੇ ਨੇ ਤੈਨੂੰ ਮੂਹਰੇ ਲਾ ਕੇ ਸਰਪੰਚੀ ਆਪ ਕਰਨੀ ਐਂ ...ਹਟ ਜਾ ਤੂੰ ਏਹਨਾਂ ਗੱਲਾਂ ਤੋਂ। ਉਬ ਨਾ, ਜੀ ਉਹਨੂੰ ਵੀ ਪਤਾ ਸੀ ਬਈ ਵੇਹੜੇ ਦੀਆਂ ਵੋਟਾਂ ਉਹਨਾਂ ਨੂੰ ਨੀ ਪੈਣੀਆਂ। ਥੋਨੂੰ ਪਤਾ ਜੀ ਅੱਜ-ਕੱਲ ਲੋਕਾਂ ਦਾ ਕੋਈ ਭਰੋਸਾ ਨੀ ਰਿਹਾ। ਮੂੰਹ ਮੁਲਾਜੇ ਆਲੀਆਂ ਗੱਲਾਂ ਨੀ ਰਹੀਆਂ ਹੁਣ। ਸਭ ਵਿਕਾਊ ਮਾਲ ਹੋ ਚੁਕੇ ਲੀਡਰ ਆਵਦਾ ਮੁੱਲ ਲਾਉਂਦੇ ਐ ਤੇ ਲੋਕ ਆਵਦਾ। ਗੱਲ ਕਾਹਦੀ ਆ ਜੀ ਜੀਹਦੇ ਕੋਲ ਪੈਸਾ ਉਹਦੀਆਂ ਵੋਟਾਂ ਮਾੜੇ-ਧੀੜੇ ਨੂੰ ਕੌਣ ਪੁਛਦੈ ਅੱਜ-ਕੱਲ। ਉਸ ਟੈਮ ਸਾਰਾ ਪਿੰਡ ਈ ਝੋਲੀ 'ਚ ਆਟਾ ਪਾਈ ਫਿਰਦਾ ਸੀ ਪਰ ਜੱਗੇ ਹੁਰੀਂ ਏਹੋ ਜਾ ਕੰਮ ਨੀ ਜੀ ਕਰਦੇ।"

"ਹੈਅ ਜੀ.....। ਨਾ ਜੀ ਨਾ, ਮੈਂ ਨੀ ਮੰਨਿਆਂ ਉਹਨਾ ਦੀਆਂ ਗੱਲਾਂ। ਉਦੋਂ ਤਾਂ ਮੈਨੂੰ ਐਂ ਲਗਦਾ ਸੀ ਜਿਵੇਂ ਜੱਗਾ ਆਪ ਸਰਪੰਚ ਬਣਨ ਦਾ ਮਾਰਾ ਮੈਨੂੰ ਭਰਮਾ ਰਿਹਾ ਸੀ। ਮੇਰੇ ਸਿਰ 'ਤੇ ਤਾਂ ਉਦੋਂ ਸਰਪੰਚੀ ਦਾ ਭੂਤ ਸਵਾਰ ਹੋਇਆ ਫਿਰਦਾ ਸੀ। ਫੇਰ ਮੈਂ ਕੀਹਦੀ ਗੱਲ ਸੁਣਨੀ ਸੀ। ਉਹਨਾਂ ਕੋਲੋਂ ਉਠ ਕੇ ਮੈਂ ਸਿਧਾ ਬਖਸ਼ੇ ਦੀ ਹਵੇਲੀ ਜਾ ਵੜਿਆ। ਉਹ ਅੱਗੋਂ ਬੈਠਾ ਤਸੀਲਦਾਰ ਨਾਲ ਗਲਾਸੀ ਖੜਕਾਈ ਜਾਵੇ। ਸਾਰੀ ਗੱਲ ਮੈਂ ਉਹਨੂੰ ਜਾ ਦੱਸੀ। ਲੋਰ ਜੇਹੀ 'ਚ ਆ ਕੇ ਉਹ ਮੈਨੂੰ ਕਹਿੰਦਾ "ਦੇਖ ਚੰਦੂ ਆਹ ਬੈਠਾ ਸਾਬ.... ਪਤਾ ਇਹ ਕੌਣ ਐਂ? ਨੈਬ ਤਸੀਲਦਾਰ ਗੁਰਜੰਟ ਸਿੰਘ....ਇਹਨੇ ਸਰਪੰਚ ਬਣਾਉਣਾ ਤੈਨੂੰ। ਇਹ ਸਾਡਾ ਵੱਡਾ ਭਾਈ ਐ।

ਤੂੰ ਐਵੇਂ ਕਿਸੇ ਦੀਆਂ ਗੱਲਾਂ 'ਚ ਨਾ ਆ ਸਰਪੰਚੀ ਤਾਂ ਸਮਝ ਆਈ ਤੇਰੇ ਕੋਲ ਭਾਵੇਂ ਮੈਥੋਂ ਲਿਖ ਕੇ ਲੈ ਲਾ। ਤੇ ਜਿੱਥੋਂ ਤੱਕ ਜੱਗੇ ਦੀ ਗੱਲ ਐ ਨਾ ਉਹ ਸਰਪੰਚ ਨੀ ਬਣ ਸਕਦਾ ਭਾਵੇਂ ਮੈਥੋਂ ਏਹ ਵੀ ਲਿਖਵਾ ਲੈ। ਮੈਨੂੰ ਇਹ ਵੀ ਪਤੈ ਬਈ ਜੇ ਉਹ ਇਕ ਵਾਰੀ ਪਿੰਡ ਦਾ ਸਰਪੰਚ ਬਣ ਗਿਆ ਨਾ ਫੇਰ ਸਾਡੀ ਵਾਰੀ ਨੀ ਆ ਸਕਦੀ। ਐਹੋ ਜਾ ਬੰਦਾ ਪਿੰਡ ਦਾ ਸਰਪੰਚ ਨੀ ਹੋਣਾ ਚਾਹੀਦਾ। ਸਾਡੇ ਪਿੰਡ ਦੇ ਲੋਕ ਸਾਲੇ ਐਹੋ ਜੇ ਆ ਬਈ ਕੰਮ ਕਰਨ ਆਲੇ ਬੰਦੇ ਦੀ ਕਦਰ ਨੀ ਜਾਣਦੇ। ਸਾਢੇ ਚਾਰ ਸਾਲ ਏਹਨਾਂ ਦੀਆਂ ਰਗਾਂ ਮਲਦੇ ਰਹੋ ਤੇ ਸਿਰਫ਼ ਛੇ ਮਹੀਨੇ ਇਹਨਾਂ ਦੀ ਪੂਛ ਪੂਛ ਕਰੋ ਇਹ ਖੁਸ਼ ਹੋ ਕੇ ਵੋਟਾਂ ਪਾਊਣਗੇ। ਤੇ ਜੇ ਇਹਨਾਂ ਦੇ ਕੰਮ ਈ ਕਰੀ ਜਾਊ ਨਾ ਇਹ ਬੰਦੇ ਨੂੰ ਕੁਸ਼ ਸਮਝਦੇ ਈ ਨੀ। ਇਹੀ ਹਾਲ ਜੱਗੇ ਦਾ ਐ। ਕਿੰਨੇ ਕੰਮ ਕਰਦਾ ਉਹ ਇਹਨਾਂ ਕਮਜਾਤਾਂ ਦੇ, ਪਰ ਪਾਉਂਦਾ ਉਹਨੂੰ ਕੋਈ ਵੋਟ ਨਹੀਂ ਨਾ। ਤੈਨੂੰ ਹਾਲੇ ਸਿਆਸਤ ਦਾ ਨੀ ਪਤਾ, ਤੂੰ ਚੁੱਪ ਕਿਹਾ ਕਰ। ਆਹ ਝੋਟੀ ਸਵੇਰ ਦੀ ਰੰਭੀ ਜਾਂਦੀ ਆ ਇਹਨੂੰ ਲਵਾ ਲਿਆਈਂ ਸਵੇਰੇ। ਹੁਣ ਠੰਡ ਵਧਗੀ ਪਸ਼ੂ ਅੰਦਰ ਬੰਨ੍ਹ ਦਿਆ ਕਰ। ਨਾਲੇ ਸਪ੍ਰੇਅ ਆਲੇ ਬੰਦੇ ਲੱਭ ਕਣਕ ਨੂੰ ਦਵਾਈ ਪਾਈਏ ਪੱਤਾ ਪੀਲਾ ਹੋਈ ਜਾਂਦਾ।"

ਉਹਦੇ ਮੂੰਹੋਂ ਇਹ ਗੱਲ ਸੁਣ ਕੇ ਮੈਨੂੰ ਐਂ ਲੱਗਾ ਜਿਵੇਂ ਉਹਨੇ ਸਰਪੰਚੀ ਆਲੀ ਕੁਰਸੀ ਤੋਂ ਖਿੱਚ ਕੇ ਮੈਨੂੰ ਹੇਠਾਂ ਸੁਟ ਤਾਂ ਹੋਵੇ। ਤੇ ਗੁਾਲ ਕੱਢ ਕੇ ਕਿਹਾ ਹੋਵੇ ਸਾਲਿਆ ਤੇਰੀ ਔਕਾਤ ਕੀ ਆ ਤੇ ਤੂੰ ਕਰੀ ਕੀ ਜਾਨਾਂ। ਨਾ ਮੰਨੇ ਜੇ ਮਨ ਨਾਲ ਮੈਂ ਮੱਝਾਂ ਅੰਦਰ ਬੰਨ੍ਹ ਦਿੱਤੀਆਂ। ਘਰ ਨੂੰ ਆਉਣ ਲੱਗਾ ਤਾਂ ਬਖਸ਼ੇ ਨੇ 'ਵਾਜ ਮਾਰ ਕੇ ਕੋਲ ਬਿਠਾ ਲਿਆ। ਤਸੀਲਦਾਰ ਉਦੋਂ ਚਲਾ ਗਿਆ ਸੀ। ਖੰਘੂਰਾ ਜਿਆ ਮਾਰ ਕੇ ਮੈਨੂੰ ਕਹਿੰਦਾ "ਚੰਦਾ ਸਰਪੰਚ ਤਾਂ ਤੈਨੂੰ ਬਣਾ ਦੇਣਾ ਐਤਕੀਂ ਪਰ ਇਹ ਸਾਲਾ ਕੰਮ ਪੈਸੇ ਆਲਾ ਐ। ਪਰ ਫੇਰ ਵੀ, ਤੂੰ ਫ਼ਿਕਰ ਨਾ ਕਰ ਜੇ ਤੇਰੇ ਨਾਲ ਵਾਅਦਾ ਕਰ ਲਿਆ ਪੂਰਾ ਕਰਕੇ ਵਿਖਾਵਾਂਗੇ। ਖਰਚਾ ਮੈਂ ਕਰਦੂੰ ਇਕ ਵਾਰੀ ਸਾਰਾ। ਪਰ ਤੂੰ ਏਹ ਦੱਸ ਵਾਪੀ ਮੋੜੇਂਗਾ ਕਿਵੇਂ। " ਬਖਸ਼ਾ ਮੇਰੇ ਮੂੰਹ ਵੱਲ ਝਾਕ ਕੇ ਬੋਲਿਆ।

"ਦੇਖੋ ਸਰਦਾਰ ਸਾਬ ਅਸੀਂ ਹੈਗੇ ਆਂ ਤੁਹਾਡੇ ਕੰਮੀ ਕੰਮੀਣ। ਪੈਸੇ ਮੁੜਨ ਮੁੜਾਉਣ ਆਲਾ ਕੰਮ ਤਾਂ ਸਾਡਾ ਬੋਡੇ ਨਾਲ ਚੱਲੀ ਚਲਾਈ ਜਾਣੈਂ। ਪਹਿਲਾਂ ਵੀ ਤਾਂ ਪਿਉ ਦਾਦੇ ਤੋਂ ਇਹ ਸਾਂਝ ਚੱਲੀ ਆ ਰਹੀ ਐ। ਅਸੀਂ ਥੋਡੇ ਤੋਂ ਨਾ ਕਦੀ ਅੱਗੇ ਭੱਜੇ ਆਂ ਨਾ ਹੁਣ ਭੱਜਣਾ। ਬਾਕੀ ਜੇ ਕੋਈ ਹੋਰ ਗੱਲ ਐ ਤਾਂ ਉਹ ਦੱਸ ਦਿਉ।"

"ਦੇਖ ਚੰਦੂ ਤੇਰੇ ਕੱਲੇ ਤੋਂ ਏਨੇ ਪੈਸੇ ਦੇ ਨੀ ਹੋਣੇ। ਦੋ ਤਿੰਨ ਲੱਖ ਰੁਪੱਈਆ ਸਹਿਜੇ ਲੱਗ ਜਾਣਾ। ਫੇਰ ਵੀ ਤੂੰ ਐਂ ਕਰ ਤੇਰੀ ਘਰਆਲੀ ਪ੍ਰੀਤੋ ਘਰੇ ਵੇਹਲੀ ਈ ਰਹਿੰਦੀ ਐ। ਤੇ ਦੋਹੇਂ ਕੁੜੀਆਂ ਵੀ ਹੁਣ ਵਾਹਵਾ ਹੋਗੀਆਂ। ਤੂੰ ਉਹਨਾਂ ਨੂੰ ਹਵੇਲੀ ਲੈ ਆਇਆ ਕਰ। ਸਾਰਾ ਟੱਬਰ ਰਲ ਕੇ ਕੰਮ ਕਰਿਉ ਦਿਨਾਂ 'ਚ ਈ ਤੇਰਾ ਕਰਜਾ ਉਤੱਰ ਹੋਜੂ। ਤੈਨੂੰ ਤਾਂ ਪਤੈ ਬਈ ਸਰਦਾਰਨੀ ਵੀ ਹੁਣ ਠੀਕ ਨੀ ਰਹਿੰਦੀ। ਜਦੋਂ ਦਾ ਗੋਡਿਆਂ ਦਾ ਅਪ੍ਰੇਸ਼ਨ ਹੋਇਐ ਵਿਚਾਰੀ ਮੰਜੇ 'ਤੇ ਈ ਬੈਠੀ ਰਹਿੰਦੀ ਐ। ਘਰ ਦਾ ਕੰਮ ਉਹਤੋਂ ਹੁੰਦਾ ਨੀ ਹੁਣ। ਪ੍ਰੀਤੋ ਹੁਰੀਂ ਘਰ ਦਾ ਤੇ ਪਸ਼ੂ ਡੰਗਰ ਸਾਂਭ ਲੈਣਗੀਆਂ ਤੂੰ ਖੇਤ ਬੰਨਾਂ ਸਾਂਭ ਲੀਂ, ਜ਼ਮੀਨ ਠੇਕੇ ਤੇ ਹੋਰ ਲੈ ਲੈਨੇ ਆਂ ਚਾਰ ਕਿੱਲੇ ਹੋ ਕਿ ਨਹੀਂ। ਆਪਾਂ ਜਰੂਰ ਹੋਰ ਕੋਈ ਬੰਦਾ ਰੱਖਣਾ, ਆਪਣੀ ਤਾਂ ਘਰ ਆਲੀ ਗੱਲ ਐ।"



ਬਖਸ਼ੇ ਦੀ ਗੱਲ ਸੁਣ ਕੇ ਮੈਨੂੰ ਝਟਕਾ ਜਿਹਾ ਲੱਗਾ ਬਈ ਇਹ ਸਾਨੂੰ ਸਾਰੇ ਟੱਬਰ ਨੂੰ ਸੀਰੀ ਰਲਾਉਣ ਨੂੰ ਫਿਰਦੈ। ਇਕ ਵਾਰੀ ਤਾਂ ਮਨ 'ਚ ਆਈ ਬਈ ਦਿਆਂ ਟਕੇ ਅਰਗਾ ਜਵਾਬ ਬਈ ਸਹੁਰੀ ਦਿਆ ਤੂੰ ਸਾਨੂੰ ਕੀ ਸਮਝਦਾ। ਪਰ ਮੰਜੇ 'ਤੇ ਬੈਠੀ ਸਰਦਾਰਨੀ ਦਾ ਖਿਆਲ ਕਰਕੇ ਮੈਂ ਚੁਪ ਕਰ ਗਿਆ ਜੀ। ਉਹ ਜਨਾਨੀ ਬੜੀ ਚੰਗੀ ਆ ਜੀ ਰੱਬ ਉਹਨੂੰ ਤੰਦਰੁਸਤੀ ਬਕਸ਼ੇ। ਉਹਦੇ ਘਰੋਂ ਗਿਆ ਬੰਦਾ ਖਾਲੀ ਹੱਥ ਨੀ ਜੀ ਆ ਸਕਦਾ। ਦੋ ਟੈਮ ਰੱਬ ਨੂੰ ਮੰਨਣ ਆਲੀ ਐ ਜੀ ਉਹ। ਪਰ ਬਖਸ਼ਾ ਭਰੋਸੇ ਆਲਾ ਬੰਦਾ ਨੀ ਜੀ। ਹੁਣ ਥੋਨੂੰ ਕੀ ਦੱਸਾਂ ਤੁਸੀਂ ਲਿਖੀ ਜਾਨੇ ਆਂ ਨਾਲ ਦੀ ਨਾਲ। ਐਹੋ ਜੀ ਗੱਲ ਕਰਨ ਲੱਗਿਆਂ ਨੂੰ ਵੀ ਸ਼ਰਮ ਜੀ ਆਉਂਦੀ ਆ ਜੀ। ਪਰ ਫੇਰ ਵੀ ਕਰਨੀ ਪੈ ਜਾਂਦੀ ਆ ਜੀ ਕਈ ਵਾਰੀ। ਉਂ ਨਾ ਜੀ... ਉਹ ਫਿਰ... ਉਹ ਬੰਦਾ ਲੰਗੋਟੇ ਦਾ ਬੜਾ ਗੰਦਾ ਜੀ। ਬੰਦੇ ਦੀ ਮਜਬੂਰੀ ਦਾ ਨਜੈਜ ਫੈਦਾ ਬੜਾ ਚੱਕਦਾ। ਪਿੰਡ ਦੇ ਬੜੇ ਘਰਾਂ ਦੀ ਇੱਜ਼ਤ ਨੂੰ ਉਹਨੇ ਸੰਨ੍ਹ ਲਾਇਆ ਸੀ। ਮੈਂ ਅੱਖੀਂ ਵੇਖਦਾ ਰਿਹਾਂ ਜੀ ਇਹ ਸਭ। ਮੈਂ ਵੀ ਏਸੇ ਗੱਲੋਂ ਡਰਦਾ ਸੀ ਪਰ ਸਰਦਾਰਨੀ ਦੇ ਮੂੰਹ ਨੂੰ ਮੈਨੂੰ ਹਾਂ ਕਰਨੀ ਪੈਗੀ। ਉਹਦੇ ਬੜੇ ਸਾਨ ਆ ਜੀ ਮੇਰੇ ਤੇ। ਫੇਰ ਮੈਂ ਮਨ 'ਚ ਸੋਚਿਆ ਬਈ ਮੈਂ ਸਾਰਾ ਦਿਨ ਉਹਨਾਂ ਦੇ ਨਾਲ ਈ ਰਹਿਣਾ ਐਂ ਕਿਵੇਂ ਹੋਜੂ। ਨਾਲੇ ਸਰਦਾਰਨੀ ਜੀ ਵੀ ਤਾ ਸਾਰਾ ਦਿਨ ਘਰੇ ਈ ਰਹਿੰਦੇ ਨੇ। ਨਾਲੇ ਉਹ ਤਾਂ ਮੈਨੂੰ ਭਰਾਵਾਂ ਤੋਂ ਵੀ ਵੱਧ ਸਮਝਦੇ ਤਾਂ ਈ ਤਾਂ ਸਰਪੰਚ ਬਣਾਉਣ ਨੂੰ ਅੱਡੀ ਚੋਟੀ ਦਾ ਜ਼ੋਰ ਲਾਈ ਫਿਰਦਾ ਨਹੀਂ ਕੌਣ ਕਿਸੇ ਨੂੰ ਪੁਛਦੇ ਅੱਜ-ਕੱਲ। ਐਹੋ ਜੀਆਂ ਗੱਲਾਂ ਸੋਚਕੇ ਕਈ ਵਾਰੀ ਐਂ ਲੱਗਣਾ ਜਿਵੇਂ ਉਹਦੀਆਂ ਬਦਖੋਈਆਂ ਕਰਕੇ ਮੈਂ ਐਵੇਂ ਈ ਪਾਪ ਸਿਰ ਲਈ ਜਾਂਦਾ ਹੋਵਾਂ। ਪਰ ਨਹੀਂ ਜੀ... ਜਿਵੇਂ ਕਹਿੰਦੇ ਹੁੰਦੇ ਐ ਨਾ ਬਈ ਕੁੱਤੇ ਦੀ ਪੂਛ ਕਦੀ ਸਿੱਧੀ ਨੀ ਹੋ ਸਕਦੀ। ਉਵੇਂ ਬਖਸ਼ਾ ਭਲਾਮਾਣਸ ਨੀ ਹੋ ਸਕਦਾ।

"ਹੈਅ ਜੀ.....। ਲੋ ਜਿੱਤ ਗਿਆ ਜੀ ਤਾਂ ਹੀ ਤਾਂ ਥੋਡੇ ਮੂਹਰੇ ਖੜ੍ਹਾਂ। ਪੂਰੀ ਸੌ ਵੋਟ ਤੇ ਜਿੱਤਿਆ ਸੀ ਮੈਂ। ਵਧਾਈਆਂ ਦੇਣ ਆਲੇ ਲੋਕਾਂ ਨਾ ਘਰ ਭਰ ਗਿਆ ਸੀ ਮੇਰਾ। ਦਿਨਾਂ 'ਚ ਈ ਪਿੰਡ 'ਚ ਚੰਦ ਸਰਪੰਚ ਚੰਦ ਸਰਪੰਚ ਹੋਣ ਲੱਗਗੀ। ਇੱਕ ਦਿਨ ਸੱਥ 'ਚ ਬੈਠਾ ਇੰਦਰ ਨੰਬਰਦਾਰ ਮੈਨੂੰ ਕਹਿੰਦਾ "ਉਏ ਚੰਦ ਸਿਹਾਂ ਹੁਣ ਤੇਰਾ ਜੱਸ ਖੱਟਣ ਦਾ ਵੇਲਾ ਐ, ਖੱਟ ਲੈ ਜੇ ਖੱਟ ਹੁੰਦੈ। ਪਿੰਡ ਦੇ ਕਈ ਕੰਮ ਅੜੇ ਪਏ ਐ ਜੇਹੜੇ ਹੁਣ ਤਾਈਂ ਸਿਰੇ ਨੀ ਲੱਗੇ। ਇੱਕ ਤਾਂ ਪਿੰਡ ਦੀਆਂ ਗਲੀਆਂ-ਨਾਲੀਆਂ ਨੀ ਬਣੀਆਂ ਤੇ ਦੂਜਾ ਹੱਡਾਰੋੜੀ ਦੀ ਚਾਰਦੀਵਾਰੀ ਨੀ ਹੋਈ। ਜਦੋਂ ਕਿਤੇ ਹਵਾ ਚੱਲਦੀ ਆ ਤਾਂ ਮੁਸ਼ਕ ਸਾਰੇ ਪਿੰਡ 'ਚ ਫੈਲ ਜਾਂਦੈ। ਤੀਜਾ ਸਕੂਲ ਦੀ ਚਾਰਦੀਵਾਰੀ ਨੀ ਹੋਈ। ਸਭ ਤੋਂ ਪਹਿਲਾ ਤੂੰ ਆਹ ਤਿੰਨ ਕੰਮ ਕਰਾਈਂ ਬਾਕੀ ਫੇਰ ਵੇਖਾਂਗੇ। ਨਾਲੇ ਹੁਣ ਤੂੰ ਆਹ ਗੰਦੇ-ਮੰਦੇ ਲੀੜੇ ਪਾ ਕੇ ਨਾ ਤੁਰਿਆ ਫਿਰਿਆ ਕਰ। ਵਧੀਆ ਕੱਪੜੇ ਪਾ ਕੇ ਰਖਿਆ ਕਰ। ਤੂੰ ਹੁਣ ਪਿੰਡ ਦਾ ਸਰਪੰਚ ਐਂ ਬਖਸ਼ੇ ਦਾ ਸੀਰੀ ਨੀ ਸਮਝ ਗਿਐਂ।"

"ਕੋਈ ਨੀ ਬਾਈ ਜਿਵੇਂ ਕਹੋਂ ਕਰਲਾਂਗੇ। ਪਰ ਆਹ ਲੀੜਿਆਂ ਆਲੀ ਗੱਲ ਕਰਕੇ ਤਾਂ ਤੂੰ ਮੈਨੂੰ ਜਿਵੇਂ ਚਿੱਕੜ ਚੋਂ ਬਾਹਰ ਕੱਢ ਲਿਆਂਦਾ ਯਾਰ। ਇਸ ਚੀਜ਼ ਦਾ ਤਾਂ ਕਦੀ ਧਿਆਨ ਈ ਨੀ ਕੀਤਾ ਮੈਂ। ਇਹ ਤਾਂ ਪਤੈ ਬਈ ਮੈਂ ਪਿੰਡ ਦਾ ਸਰਪੰਚ ਆਂ ਪਰ ਸੀਰ ਪੁਣੇ ਆਲੀ ਪੂਛ ਤਾਂ ਸ਼ਿਤ ਹੁਣ ਮਰਕੇ ਈ ਮਗਰੋਂ ਲੱਥੇ।"

ਹੋਅ ਜੀ … ਕੀ ਕਿਹੈ … ? ਹਾਂ ਜੀ ਐਥੋਂ ਈ ਤਾਂ ਗੱਲ ਵਿਗੜੀ ਐ ਸਾਰੀ। ਕਾਗਤਾਂ 'ਚ ਸਰਪੰਚ ਤਾਂ ਮੈਂ ਸੀ ਪਰ ਸਰਪੰਚੀ ਕਰਦਾ ਸੀ ਬਖਸ਼ਾ। ਮੈਨੂੰ ਤਾਂ ਉਹ ਪਤਾ ਈ ਨਾ ਲੱਗਣ ਦਿੰਦਾ ਬਈ ਉਹ ਕੀ ਕਰਦਾ ਕੀ ਨਹੀਂ। ਸਰਕਾਰੇ-ਦਰਬਾਰੇ ਵੀ ਉਹ ਆਪ ਈ ਮੂਹਰੇ ਹੁੰਦਾ ਤੇ ਚਿੱਠੀ-ਪੱਤਰ ਦਾ ਜਵਾਬ ਵੀ ਉਹ ਆਪ ਈ ਦਿੰਦਾ ਰਿਹਾ ਜੀ। ਮੈਂ ਤਾਂ ਸਵੇਰੇ ਤਿਆਰ ਹੋ ਕੇ ਆਵਦੇ ਟੱਬਰ ਨੂੰ ਨਾਲ ਲੈ ਕੇ ਉਹਦੀ ਹਵੇਲੀ ਤੁਰ ਜਿਆ ਕਰਾਂ। ਪਹਿਲਾਂ ਪਸ਼ੂ ਡੰਗਰ ਦਾ ਕੰਮ ਨਬੇੜ ਫੇਰ ਖੇਤਾਂ 'ਚ ਗੇੜਾ ਮਾਰ ਜਦੋਂ ਵਾਪਸ ਮੁੜਨਾਂ ਉਹਨੇ ਥੱਬਾ ਕਾਗਤਾਂ ਦਾ ਮੇਰੇ ਮੂਹਰੇ ਧਰ ਦੇਣਾ। "ਲੈ ਬਈ ਚੰਦ ਸਿਆਂ ਲਾ ਕੇਰਾਂ ਗੂਠੇ ਹੁਣ ਪਿੰਡ ਦੇ ਕੰਮ ਵੀ ਕਰ ਲਈਏ।" ਮੈਂ ਨੀਲੀ ਸ਼ਾਹੀ ਨਾ ਲਬੇੜ ਲਬੇੜ ਕੇ ਗੂਠੇ ਤੇ ਗੂਠੇ ਸਾਪੀ ਜਾਣੇ। ਕਈ ਕਾਗਤਾਂ ਤੇ ਵਾਹਵਾ ਲਿਖਿਆ ਹੁੰਦਾ ਤੇ ਕਈ ਵਿਚੋਂ ਖਾਲੀ ਹੋਣੇ। ਜੇ ਕਦੀ ਉਹਤੋਂ ਪੁਛਣਾ ਬਈ ਸਰਦਾਰ ਸਾਬ ਆਹ ਐਨੇ ਕਾਗਤ ਕਾਹਦੇ ਆ। ਉਹ ਅੱਗੋਂ ਕਹਿ ਦਿਆ ਕਰੇ "ਤੈਨੂੰ ਨੀ ਪਤਾ ਸਰਪੰਚਾ ਇਹ ਸਰਕਾਰੀ ਕਾਗਤ ਆ। ਤੇਰੇ ਗੂਠੇ ਤੋਂ ਬਿਨਾਂ ਇਹ ਮੁਰਦਾ ਸਰੀਰ ਵਰਗੇ ਆ। ਜਦੋਂ ਤੇਰੇ ਗੂਠੇ ਲੱਗਗੇ ਸਮਝ ਜਾਨ ਪੈਗੀ ਏਹਨਾਂ 'ਚ। ਇਹ ਫਿਰ ਭੱਜਣ ਲੱਗ ਪੈਣਗੇ। ਤੇਰੇ ਗੂਠੇ ਤੋਂ ਬਿਨਾਂ ਇਹ ਸਰਕਾਰ ਦੇ ਘਰੋਂ ਪਾਸ ਨੀ ਹੋ ਸਕਦੇ। ਤੂੰ ਯਾਰ ਮਾਲਕ ਐਂ ਪਿੰਡ ਦਾ ਕੋਈ ਐਰਾ-ਗੈਰਾ ਬੰਦਾ ਥੋੜਾ।" ਉਹਨੇ ਜੀ ਮੈਨੂੰ ਹਵਾ ਦੇਈ ਜਾਣੀ ਮੈਂ ਗੂਠੇ ਹੋਰ ਦਬਾ-ਦਬਾ ਲਾਉਣੇ। ਪਰ ਮੈਨੂੰ ਨੀ ਸੀ ਪਤਾ ਬਈ ਉਹ ਸਾਰੀਆਂ ਗ੍ਰਾਂਟਾਂ 'ਤੇ ਲੋਕਾਂ ਦੀਆਂ ਪੈਂਸ਼ਨਾਂ ਅੰਦਰੋ ਅੰਦਰ ਦੱਬੀ ਜਾਂਦਾ ਰਿਹਾ। ਨਾਲ ਰਲਿਆ ਸੀ ਦੋਬੂ ਮੈਂਬਰ। ਇਹ ਦੋਹੇਂ ਬੜੇ ਕੁੱਤੇ ਦੀ ਪੂਛ ਐ ਜੀ। ਬਾਕੀ ਮੈਂਬਰਾਂ ਨੂੰ ਵੀ ਏਹਨਾਂ ਨੇ ਆਵਦੇ ਵੱਲੀ ਕਰ ਰਖਿਐ। ਉਹ ਵੀ ਸਾਰੇ ਇਹਨਾਂ ਤੋਂ ਬਿਨਾਂ ਕਿਸੇ ਦੀ ਗੱਲ ਨੀ ਸੁਣਦੇ। ਜੇ ਕਦੀ ਮੈਂ ਕੋਈ ਗੱਲ ਕਰਨੀ ਤਾਂ ਉਹਨਾਂ ਨੇ ਅੱਗੋਂ ਕਹਿਣਾ ਸਰਦਾਰ ਜੀ ਨਾਲ ਗੱਲ ਕਰਕੇ ਦੱਸਾਂਗੇ। ਥੋਨੂੰ ਪਤਾ ਈ ਐ ਜੀ ਅਨਜਾਣ ਬੰਦੇ ਨੂੰ ਕੌਣ ਪੁਛਦੈ ਅੱਜ ਕੱਲ।

"ਹੋਅ ਜੀ …! ਨਈਂ ਜੀ ਨਈਂ ਮੈਨੂੰ ਕਿਥੇ ਪਤਾ ਲੱਗਣਾ ਸੀ। ਉਹ ਤਾਂ ਸ਼ੁਕਰ ਐ ਬਈ ਪੰਚੈਤ ਸੈਕਟਰੀ ਨੇ ਦੱਸਤਾ ਨਈਂ ਹੁਣ ਨੂੰ ਪਤਾ ਨੀ ਕੀ ਹੁੰਦਾ। ਅਚਾਨਕ ਇਕ ਦਿਨ ਬਖਸ਼ਾ ਬੀਬੀ ਜੀ ਨੂੰ ਨਾਲ ਲੈ ਕੇ ਹਜੂਰ ਸਾਬ ਦੇ ਦਰਸ਼ਨਾਂ ਨੂੰ ਚਲਾ ਗਿਆ। ਪਿਛੋਂ ਕਿਤੇ ਬੁਢੇਪਾ ਤੇ ਵਿਧਵਾ ਪੈਨਸ਼ਨਾਂ ਆਗੀਆਂ। ਲੋਕ ਮੇਰੇ ਘਰੇ ਗੇੜੇ ਮਾਰਨ, ਮੈਂ ਸੋਚਾਂ ਬਈ ਜੇ ਉਹ ਆਵੇ ਤਾਂ ਪੈਂਸ਼ਨਾਂ ਵੰਡੀਏ। ਪਰ ਥੋਨੂੰ ਪਤਾ ਜੀ ਪਿੰਡਾਂ ਦੇ ਲੋਕ ਕਿਥੇ ਖੜਦੇ ਐ। ਹਾਰ ਕੇ ਮੈਂ ਪੰਚੈਤ ਸੈਕਟਰੀ ਨੂੰ ਨਾਲ ਲਿਆ ਤੇ ਲਗ ਪਿਆ ਪੈਨਸ਼ਨਾਂ ਵੰਡਣ। ਸਾਰੇ ਪਿੰਡ ਦੀਆਂ ਪੈਂਸ਼ਨਾਂ ਵੰਡੀਆਂ ਗਈਆਂ ਤੇ ਪਿਛੋਂ ਪੰਜ ਹਜਾਰ ਰੁਪੱਈਆ ਬਚ ਗਿਆ। ਮੈਂ ਉਹਨੂੰ ਕਿਹਾ ਬਈ ਦੇਖਾਂ ਹੋਰ ਕੇਹੜਾ ਕੇਹੜਾ ਰਹਿ ਗਿਆ ਪੈਂਸ਼ਨ ਖੁਣੋਂ। ਜੇਹੜੇ ਉਹਨੇ ਮੈਨੂੰ ਨਾਂ ਦੱਸੇ ਉਹ ਤਾਂ ਮੇਰੇ ਪਿੰਡ ਦੇ ਬੰਦੇ ਈ ਨੀ ਸੀ ਹੈਗੇ। ਮੈਂ ਸੋਚੀਂ ਪੈ ਗਿਆ ਬਈ ਹੋਅ ਆਹ ਕੀ। ਇਹ ਪੈਂਸ਼ਨਾਂ ਕੀਹਦੀਆਂ ਹੋਣ। ਪੈਸੇ ਮੈਂ ਕੋਲ ਰੱਖ ਲਏ ਪਰ ਕਿਸੇ ਨੂੰ ਦੱਸਿਆ ਨਾ। ਜਦੋਂ ਬਖਸ਼ਾ ਹਜੂਰ ਸਾਬ ਤੋਂ ਵਾਪਸ ਆਇਆ ਤਾਂ ਮੈਂ ਸਾਰੀ ਗੱਲ ਉਹਤੋਂ ਪੁੱਛੀ। ਉਹ ਮੈਨੂੰ ਅੱਗੋਂ ਖਿਝ ਕੇ ਬੋਲਿਆ "ਤੂੰ ਕੀ ਲੈਣੈ ਇਹਨਾ ਗੱਲਾਂ ਚੋਂ, ਤੇਰਾ ਜੇਹੜਾ ਕੰਮ ਐ ਤੂੰ ਉਹ ਕਰ"। ਮੈਂ ਉਹਦੇ ਮੂੰਹ ਵੱਲੀਂ ਵੇਖੀ ਜਾਵਾਂ ਬਈ ਇਹ ਬੋਲਦਾ ਕਿੱਥੋਂ ਐਂ। ਮੇਰੇ ਵੱਲ ਨਹਿਰੀਆਂ ਜੀਆਂ ਕੱਢਦਾ ਉਹ ਖੇਤਾਂ ਵੱਲੀਂ ਚਲਾ ਗਿਆ। ਸੱਚ



ਜਾਣਿਉਂ ਕਈ ਦਿਨਾਂ ਤੱਕ ਮੈਨੂੰ ਨੀਂਦ ਨੀ ਆਈ ਬਈ ਸਾਲਾ ਆਹ ਕੀ ਬਣਿਆ। ਫੇਰ ਇਕ ਦਮ ਉਹ ਬਾਹਰ ਅੰਦਰ ਆਉਣੋਂ ਜਾਣੋਂ ਹਟ ਗਿਆ ਜੀ। ਹਰ ਪਾਸੇ ਉਹ ਮੈਨੂੰ ਈ ਤੋਰੀ ਰੱਖਿਆ ਕਰੇ ਕਦੀ ਕਿਸੇ ਪਾਸੇ ਕਦੀ ਕਿਸੇ ਪਾਸੇ। ਥੋਨੂੰ ਤਾਂ ਪਤਾ ਈ ਐ ਜੀ ਅਨਪੜ੍ਹ ਬੰਦਾ ਸਰਕਾਰੇ-ਦਰਬਾਰੇ ਜਾ ਕੇ ਕੀ ਕਿਸੇ ਅਫਸਰ ਨਾਲ ਗੱਲਬਾਤ ਕਰਲੂ। ਉਥੇ ਤਾਂ ਮਾੜੇ-ਧੀੜੇ ਬੰਦੇ ਦੇ ਅਫਸਰ ਪੈਰ ਈ ਨੀ ਲੱਗਣ ਦਿੰਦੇ। ਗੱਲ ਕਾਹਦੀ ਆ ਜੀ ਅਸਲ 'ਚ ਉਹ ਮੈਨੂੰ ਮਸੂਸ ਕਰਾਉਣਾ ਚਹੁੰਦਾ ਸੀ ਬਈ ਉਹਤੋਂ ਬਿਨਾਂ ਬਾਹਰ ਮੇਰੀ ਕੋਈ ਪੁੱਛ ਪ੍ਰਤੀਤ ਨੀ ਹੈਗੀ। ਮੈਂ ਸਵੇਰ ਦੇ ਗਏ ਨੇ ਮੂੰਹ ਹਨੇਰੇ ਤੱਕ ਘਰੇ ਵੜਨਾ ਦੂਜੇ ਪਾਸਿਓਂ ਪ੍ਰੀਤੋ ਨੇ ਕੁੜੀਆਂ ਨੂੰ ਨਾਲ ਕੇ ਤੁਰੇ ਆਉਣਾ। ਮੰਜੇ ਤੇ ਪਏ ਨੇ ਕਈ ਵਾਰੀ ਸੋਚਣਾ ਬਈ ਆਹ ਸਰਪੰਚੀ ਆਲਾ ਪੰਗਾ ਲੈ ਕੇ ਤਾਂ ਗਲ 'ਚ ਸਿਆਪਾ ਈ ਪਾ ਲਿਆ ਚੰਦਾ ਤੂੰ। ਉਹਦੀ ਕਹੀ ਗੱਲ ਚੇਤੇ ਆਉਣੀ ਬਈ ਸਰਪੰਚੀ ਤਾਂ ਮੈਂ ਆਵਦੇ ਘਰੇ ਝਾੜੂ ਲਾਉਣ ਲਾਦੂੰ। ਸਾਰੀ ਰਾਤ ਪਏ ਦੀ ਨੀਂਦ ਹਰਾਮ ਹੋਈ ਰਹਿਣੀ ਸੋਚਣਾ ਬਈ ਜੋ ਮੈਂ ਚਹੁੰਦਾ ਸੀ ਉਹ ਤਾਂ ਹੋਇਆ ਨੀ ਉਲਟਾਂ ਉਹ ਹੋ ਗਿਆ ਜੋ ਉਹ ਚਹੁੰਦਾ ਸੀ। ਸਰਪੰਚੀ ਤਾਂ ਫੇਰ ਬਖਸ਼ੇ ਕੋਲ ਈ ਰਹਿਗੀ। ਪੈਸਾ ਸਾਰਾ ਬਖਸ਼ਾ ਖਾਈ ਜਾਂਦਾ ਤੇ ਤੂੰ ਰਹਿ ਗਿਆ ਸੀਰੀ ਦਾ ਸੀਰੀ। ਜੱਗੇ ਨੇ ਠੀਕ ਈ ਕਿਹਾ ਸੀ। ਉਥ ਕਈ ਵਾਰੀ ਮਨ 'ਚ ਆਉਂਣੀ ਬਈ ਸਰਪੰਚੀ ਜੱਗੇ ਨੂੰ ਲਿਖ ਦਿਆਂ ਬਈ ਭਰਾਵਾ ਤੂੰ ਸਾਂਭ ਲੈ ਮੈਥੋਂ ਨੀ ਰੱਖ ਹੁੰਦੀ। ਫੇਰ ਏਹਦੇ ਵੱਲ ਧਿਆਨ ਜਾਣਾ ਬਈ ਇਹ ਕੀ ਸੋਚੂਗਾ। ਵੀ ਮੈਂ ਏਹਨੂੰ ਮੂਹਰੇ ਲਾਇਆ ਤੇ ਇਹ ਹੁਣ ਵਿਰੋਧੀਆਂ ਦੇ ਗੁੱਟ 'ਚ ਜਾ ਰਲਿਆ। ਬਸ ਆਹੀ ਗੱਲਾਂ ਸੋਚਕੇ ਮੈਂ ਏਹਦੇ ਨਾਲ ਅੱਗੋਂ ਅੱਗੇ ਤੁਰਿਆ ਗਿਆ ਜੀ। ਥੋਨੂੰ ਪਤਾ ਬਈ ਗਰੀਬ ਬੰਦਾ ਛੇਤੀ ਕੀਤਿਆਂ ਕਿਸੇ ਦਾ ਲੂਣ ਹਰਾਮ ਨੀ ਕਰਦਾ ਹੁੰਦਾ।"

ਫੇਰ ਇਕ ਦਿਨ ਬਖਸ਼ੇ ਦੀ ਹਵੇਲੀ ਕਣਕ ਦਾ ਭਰਿਆ ਟਰੱਕ ਆਇਆ। ਮੈਨੂੰ ਕਹਿੰਦਾ "ਚੰਦ ਸਿਹਾਂ ਆਹ ਕਣਕ ਨਰੇਗਾ ਸਕੀਮ ਆਲਿਆਂ ਵਾਸਤੇ ਆਈ ਐ। ਬਈ ਜੇਹੜੇ ਲੋਕਾਂ ਤੋਂ ਆਪਾਂ ਪਿੰਡ ਦਾ ਕੰਮ ਕਰਾਉਨੇ ਆਂ ਉਹਨਾਂ ਨੂੰ ਦੇਣੀ ਆਂ ਵੀਹ ਵੀਹ ਕਿਲੋ। ਪਰ ਯਾਰ ਆਪਾਂ ਤਾਂ ਨਰੇਗਾ ਵਾਲਿਆਂ ਤੋਂ ਕੋਈ ਕੰਮ ਈ ਨੀ ਕਰਾਇਆ ਕਣਕ ਕੀਹਨੂੰ ਦੇਈਏ। ਉਂ ਏਹੋ ਜੀਆਂ ਚੀਜਾਂ ਦਾ ਕੋਈ ਰਕਾਟ ਰਕੂਟ ਨੀ ਹੁੰਦਾ। ਸਭ ਮੂੰਹ ਜਬਾਨੀ ਆਲੀਆਂ ਗੱਲਾਂ ਹੁੰਦੀਆਂ। ਤੂੰ ਐਂ ਕਰ ਜੇਹੜੀ ਲਜਾਣੀ ਐਂ ਲੈ ਜਾ ਵਿਚੋਂ ਘਰ ਖਾਣ ਨੂੰ, ਨਿਆਣਿਆਂ ਦਾ ਸਿਆਲ ਸੌਖਾ ਲੰਘਜੂਗਾ। ਬਾਕੀ ਦੀ ਕਣਕ ਆਪਾਂ ਵੇਚ ਦਿੰਨੇ ਆਂ ਜੇਹੜੇ ਪੈਸੇ ਵੱਟੇ ਜਾਣਗੇ ਉਹ ਪੰਚੈਤੀ ਮਤਾ ਪਾਸ ਕਰਕੇ ਵੇਹੜੇ ਦੀ ਧਰਮਸ਼ਾਲਾ ਬਣਵਾ ਦਿਆਂਗੇ।" ਮੈਂ ਮਨ 'ਚ ਸੋਚਿਆ ਬਈ ਜੇ ਇਹ ਸਾਰਾ ਕੁਸ ਵਾਂਢੀ ਤੁਰਿਆ ਆਉਂਦੈ ਤਾਂ ਸਾਡੇ ਕੇਹੜਾ ਢਿੱਡ ਨੀ ਲੱਗਾ ਹੋਇਆ। ਫੇਰ ਮੇਰੇ ਮਨ 'ਚ ਵੀ ਬਦੀ ਆਗੀ ਜੀ "ਮੈਂ ਕਿਹਾ ਸਰਦਾਰ ਸਾਬ ਐਂ ਕਰੋ ਫੇਰ ਦਸ ਬੋਰੀਆਂ ਮੈਨੂੰ ਦੇ ਦਿਉ।" ਉਹਨੇ ਮੇਰੀ ਸਹਿਮਤੀ ਲੈ ਕੇ ਖਾਲੀ ਕਾਗਤ ਦੀ ਹੇਠਲੀ ਨੁਕਰ ਤੇ ਮੇਰਾ ਗੂਠਾ ਲਵਾ ਲਿਆ। ਮੇਰੇ ਮਗਰ ਈ ਬਾਕੀ ਮੈਂਬਰਾਂ ਨੇ ਵੀ ਗੂਠੇ ਚੇਪਤੇ ਤੇ ਮਤਾ ਏਹਨੇ ਆਵਦੇ ਹਿਸਾਬ ਨਾਲ ਲਿਖ ਲਿਆ। ਲਉ ਜੀ ਫੇਰ ਅਗਲੇ ਈ ਦਿਨ ਏਹਨੇ ਕਣਕ ਦਾ ਭਰਿਆ ਟਰੱਕ ਕਾਲੋਂ ਦੀ ਆੜ੍ਹਤ 'ਤੇ ਜਾ ਮੁਧਾ ਮਾਰਿਆ। ਉਹਨਾਂ ਪੈਸਿਆਂ ਬਾਰੇ ਮੈਂ ਇਹਤੋਂ ਕਈ ਵਾਰੀ

ਪੁੱਛਿਆ ਪਰ ਇਹ ਪਿਉ ਦਾ ਪੁੱਤ ਨਿਆਂ ਕਿਥੋਂ ਦਿੰਦਾ। ਮੈਂ ਅੰਦਰੋਂ ਅੰਦਰੀ ਡਰਨਾ ਬਈ ਵਿਰੋਧੀ ਪਾਲਟੀ ਬੜੀ ਭੈੜੀ ਐ। ਕੱਲ ਨੂੰ ਜੇ ਕਿਸੇ ਨੇ ਗੱਲ ਚੱਕਲੀ ਇਹ ਸਾਲਾ ਆਪ ਤਾਂ ਮਰੂ ਨਾਲ ਮੇਰੀ ਵੀ ਗਰੀਬ ਮਾਰ ਕਰਵਾਊ। ਪਰ ਜੰਗਾ ਬੰਦਾ ਵਧੀਆ ਜੀ ਉਹ ਛੋਟੀ ਕੀੜਿਆ ਕਿਸੇ ਦਾ ਮਾੜਾ ਨੀ ਕਰਦਾ ਹੁੰਦਾ। ਪਰ ਫੇਰ ਵੀ ਬੰਨ੍ਹੇ ਪਤਾ ਜੀ ਹਾਰਿਆ ਹੋਇਆ ਬੰਦਾ ਜ਼ਖ਼ਮੀ ਸੱਪ ਵਰਗਾ ਹੁੰਦਾ, ਕੇਹੜੇ ਵੇਲੇ ਡੰਗ ਜੇ ਕੋਈ ਪਤਾ ਨੀ ਲਗਦਾ। ਬੱਸ ਐਹ ਜੀਆ ਗੱਲਾ ਮਨ ਨੂੰ ਟਿਕਣ ਨੀ ਦਿੰਦੀਆਂ। ਪਰ ਏਹਦੇ ਬਾਰੇ ਮੈਂ ਸੋਚ ਲਿਆ ਸੀ ਬਈ ਕੋਈ ਨੀ ਪੁੱਤ ਤੂੰ ਮੈਨੂੰ ਸੰਦ ਵਾਂਗੂੰ ਵਰਤ ਤਾਂ ਰਿਹੈਂ ਪਰ ਜੇ ਟੈਮ ਆਉਣ ਤੇ ਤੇਰੀ ਵੀ ਬਰਾਬਰ ਮੰਜੀ ਨਾ ਠੋਕੀ ਤਾਂ ਮੈਨੂੰ ਵੀ ਪਿਉ ਦਾ ਪੁੱਤ ਨਾ ਆਖੀਂ। ਮੋਟੀ ਸਾਰੀ ਗਾਲ੍ਹ ਉਦਣ ਮੇਰੇ ਸੰਘ ਚੋਂ ਨਿਕਲੀ ਸੀ ਇਹਨੂੰ। ਨਈਂ ਕਦੀ ਸਰਦਾਰ ਜੀ ਤੋਂ ਬਿਨਾਂ ਨੀ ਸੀ ਬੋਲਿਆ ਮੈਂ ਏਹਨੂੰ।

ਅਗਲੇ ਦਿਨ ਸਵੇਰੇ ਦਸ ਕੁ ਵਜੇ ਨਾ ਜੀ ਮੈਂ ਖੇਤਾਂ ਦੀ ਗੇੜੀ ਮਾਰ ਕੇ ਰਾਹੇ ਰਾਹ ਤੁਰਿਆ ਆਵਾਂ। ਰਾਹ 'ਚ ਜਾਂਦੇ ਪੰਚੈਤ ਸੈਕਟਰੀ ਨੇ ਮੈਨੂੰ ਰੋਕ ਲਿਆ। "ਹਾਂ ਬਈ ਸਰਪੰਚਾ ਕੀ ਬਣਿਆਂ ਫੇਰ ਪੈਂਸ਼ਨਾਂ ਆਲੇ ਕੇਸ ਦਾ। ਲੱਭੇ ਬੰਦੇ ਕਿ ਨਈਂ ਫੇਰ"।

"ਬੰਦੇ ਕਾਹਦੇ ਲੱਭਣੇ ਸੀ ਯਾਰ। ਉਹ ਗੱਲ ਤਾਂ ਰੌਲੇ-ਗੌਲੇ 'ਚ ਈ ਪੈਗੀ ਸਾਰੀ। ਇਹਨੂੰ ਕਈ ਵਾਰੀ ਪੁਛਿਆ ਇਹ ਕੁਝ ਦੱਸਦਾ ਈ ਨੀ"।

"ਦੇਖ ਲਾ ਬਈ ਸਰਪੰਚਾ ਤੂੰ ਹੈਗਾਂ ਭਲਾਮਾਣਸ ਬੰਦਾ ਜੇ ਕੱਲ੍ਹ ਨੂੰ ਕਿਸੇ ਨੇ ਗੱਲ ਚੱਕਲੀ ਤਾਂ ਤੇਰੇ ਤੇ ਈ ਆਉਣੀ ਐਂ। ਇਹ ਪੈਂਸ਼ਨਾਂ ਕਈ ਮਹੀਨਿਆਂ ਦੀਆਂ ਚੱਲਦੀਆਂ। ਜੇ ਕੋਈ ਫਸ ਗਿਆ ਤਾਂ ਸਾਰੇ ਪੈਸੇ ਵਿਆਜ ਸਮੇਤ ਮੋੜਨੇ ਪੈਣਗੇ ਤੇ ਉਤੋਂ ਸਜ਼ਾ ਵੱਖਰੀ। ਚਾਰ ਸੌ ਵੀਹ ਦਾ ਕੇਸ ਸਿੱਧਾ ਪੈਣਾ। ਇਹਦਾ ਜਾਣਾ ਕੁਝ ਨੀ ਤੇ ਤੇਰਾ ਰਹਿਣਾ ਕੱਖ ਨੀ। ਪਰ ਫੇਰ ਵੀ ਤੇਰਾ ਬਚਾਅ ਹੋ ਸਕਦੈ, ਜੇ ਮੇਰੀ ਮੰਨੇ ਤਾਂ। ਤੈਨੂੰ ਇੱਕ ਰਾਹ ਦੱਸ ਦਿੰਨਾ।"

ਉਹ ਕੀ.।

"ਤੂੰ ਬੀ.ਡੀ.ਪੀ.ਓ. ਨੂੰ ਦਰਖਾਸਤ ਲਿਖ ਕੇ ਦੇਦੇ ਬਈ ਆਹ ਸਾਰੇ ਬੰਦੇ ਮੇਰੇ ਪਿੰਡੋਂ ਚਲੇ ਗਏ ਐ। ਇਹਨਾ ਦੀਆਂ ਪੈਂਸ਼ਨਾਂ ਕੱਟੀਆ ਜਾਣ। ਆਪੇ ਸਾਰੇ ਮਸਲੇ ਹੱਲ ਹੋ ਜਾਣਗੇ।"

"ਹਾਂ ਇਹ ਠੀਕ ਐ ਏਵੇਂ ਈ ਕਰਦੇ ਆਂ।"

ਅਗਲੇ ਈ ਦਿਨ ਜੀ ਮੈਂ ਕਚਹਿਰੀਓਂ ਦਰਖਾਸਤ ਲਿਖਵਾਈ ਤੇ ਪੁਛਦਾ ਪੁਛਾਉਂਦਾ ਬੀ.ਡੀ.ਓ. ਦੇ ਦਫ਼ਤਰ ਜਾ ਵੱਜਾ। ਅੱਗੋਂ ਉਹਦਾ ਚਪੜਾਸੀ ਬੂਹੇ ਮੂਹਰੇ ਬੈਠਾ ਜਰਦਾ ਮਲੀ ਜਾਵੇ। ਮੈਂ ਉਹਨੂੰ ਕਿਹਾ ਬਈ ਸਾਬ ਨੂੰ ਮਿਲਣੈਂ। ਉਹ ਅੱਗੋਂ ਜਰਦੇ ਤੇ ਤਾੜੀ ਮਾਰ ਕੇ ਕਹਿੰਦਾ "ਕੀ ਕੰਮ ਐ।"

"ਮੈਂ ਸੇਰਪੁਰ ਦਾ ਸਰਪੰਚ ਚੰਦ ਸਿਹੁੰ ਆਂ ਜੀ। ਮੈਂ ਸਾਬ ਨੂੰ ਮਿਲਣ ਆਇਆਂ। ਕੰਮ ਐ ਉਹਨਾਂ ਤਾਂਈ।"

ਉਹ ਪਤੰਦਰ ਅੱਗੋਂ ਹੱਸ ਕੇ ਕਹਿੰਦਾ "ਤੇਰੇ ਅਰਗੇ ਪਤਾ ਨੀ ਕਿੰਨੇ ਚੰਦ ਤਾਰੇ ਇਥੇ ਸਾਰਾ ਦਿਨ ਤੁਰੇ ਰਹਿੰਦੇ ਐ। ਤੂੰ ਕੰਮ ਦੱਸ ਕੰਮ।"



"ਮੈਂ ਆਹ ਦਰਖਾਸਤ ਦੇਣ ਆਇਆਂ। ਮੇਰੇ ਪਿੰਡ ਦੀਆਂ ਕਈ ਪੈਂਸ਼ਨਾਂ ਕਟਾਉਣੀਆਂ"।

"ਹੈਂਅ. ਪੈਂਸ਼ਨਾਂ ਕਟਾਉਣੀਆਂ। ਇਥੇ ਲੋਕ ਪੈਂਸ਼ਨਾਂ ਲਵਾਉਣ ਨੂੰ ਤਰਲੇ ਮਾਰਦੇ ਐ ਤੂੰ ਕਟਾਉਣ ਆ ਗਿਐਂ। ਚਲੋ ਕੋਈ ਗੱਲ ਨੀ ਔਂ ਕਰ ਔਹ ਜੇਹੜੀ ਖੜ੍ਹੀ ਬਣੀ ਐ ਨਾ ਬਰੈਂਚ ਥਲੇ, ਉਹਤੇ ਜਾ ਕੇ ਬੈਠ। ਸਾਬ ਅਜੇ ਆਏ ਨੀ, ਜਦੋਂ ਆਗੇ ਵਾਜ ਮਾਰ ਲੂੰਗਾ।"

"ਕਿਉਂ ਆਏ ਕਿਉਂ ਨੀ ਬਾਹਰ ਝੰਡੀ ਆਲੀ ਗੱਡੀ ਤਾਂ ਖੜ੍ਹੀ ਐ।"

"ਜਾਹ ਜਾ ਕੇ ਕੱਢ ਲਾ ਫੇਰ ਗੱਡੀ ਚੋਂ। ਜਦੋਂ ਤੈਨੂੰ ਇਕ ਵਾਰੀ ਕਹਿਤਾ ਬਈ ਨਈ ਆਏ ਤਾਂ ਨਈ ਆਏ।" ਮੇਰੀ ਜੇਬ ਵੱਲ ਵੇਖ ਕੇ ਉਹ ਖਿਝ ਕੇ ਬੋਲਿਆ।

ਮੈਂ ਸਮਝ ਗਿਆ ਬਈ ਉਹ ਕੀ ਭਾਲਦਾ ਅੰਦਰ ਜਾਣ ਦੇਣ ਦਾ। ਮੈਂ ਪੰਜਾਹ ਦਾ ਨੋਟ ਕੱਢ ਕੇ ਉਹਦੀ ਮੁੱਠ 'ਚ ਦੇਤਾ। ਦਰਖਾਸਤ ਫੜ੍ਹ ਕੇ ਉਹ ਮੁਸਕੜੀਆ 'ਚ ਹੱਸਦਾ ਅੰਦਰ ਚਲਾ ਗਿਆ। ਮੈਂ ਮਨ 'ਚ ਸੋਚਿਆ ਬਈ ਲੈ ਲਾ ਚਪੜਾਸੀਆ ਤੂੰ ਵੀ ਨਜੈਜ ਫੈਦਾ ਤੇਰਾ ਹੁਣ ਟੈਮ ਆਂ।

ਪੰਜ ਕ ਮਿੰਟ ਬਾਦ ਉਹ ਬਾਹਰ ਆ ਕੇ ਮੈਨੂੰ ਕਹਿੰਦਾ "ਜਾਉ ਸਰਪੰਚ ਸਾਬ ਥੋਨੂੰ ਸਾਬ ਬੁਲਾ ਰਹੇ ਆ।" ਮੈਂ ਜੀ ਡਰਾ ਧੀਰਾ ਦਫ਼ਤਰ ਦੇ ਅੰਦਰ ਚਲਾ ਗਿਆ। ਦਰਖਾਸਤ ਪੜ੍ਹ ਕੇ ਬੀ.ਡੀ.ਓ. ਮੈਨੂੰ ਕਹਿੰਦਾ ਸਰਪੰਚਾ ਆਹ ਕੀ ਕਰਨ ਲੱਗਾਂ ਤੂੰ। ਆਹ ਪੈਂਸ਼ਨਾਂ ਤਾਂ ਤੂੰ ਆਪ ਈ ਲਵਾਈਆਂ ਸੀ ਤੇ ਹੁਣ ਆਪ ਈ ਕਟਾਉਣ ਆ ਗਿਐਂ।"

"ਅਸਲ 'ਚ ਇਹ ਬੰਦੇ ਮੇਰੇ ਪਿੰਡੋਂ ਚਲੇ ਗਏ ਆ ਜੀ ਤਾਂ ਹੀ ਕਟਾਉਣ ਲੱਗੇ ਆ ਜੀ।"

"ਉਹ ਤਾਂ ਠੀਕ ਐ ਪਰ ਮੈਂ ਤੇਰੇ ਕੱਲੇ ਦੇ ਕਹਿਣ ਤੇ ਇਹ ਪੈਨਸ਼ਨਾਂ ਨੀ ਕੱਟ ਸਕਦਾ। ਬਾਕੀ ਮੈਂਬਰਾਂ ਦੀ ਸਹਿਮਤੀ ਵੀ ਜ਼ਰੂਰੀ ਆ। ਤੁਸੀਂ ਉਹਨਾ ਦੇ ਸਾਈਨ ਕਰਾ ਕੇ ਲੈ ਆਉ ਆਪਾਂ ਕੱਟ ਦਿਆਂਗੇ।"

ਮੈਂ ਮੂੰਹ ਢਿੱਲਾ ਜਿਆ ਕਰਕੇ ਉਥੋਂ ਮੁੜ ਆਇਆ ਜੀ। ਮੈਨੂੰ ਪਤਾ ਉਹ ਅਫਸਰ ਵੀ ਬਖਸ਼ੇ ਨੂੰ ਜਾਣਦਾ ਸੀ। ਮੈਂ ਕਈ ਵਾਰੀ ਉਹਨੂੰ ਹਵੇਲੀ ਆਇਆ ਵੇਖਿਆ ਸੀ। ਮੈਨੂੰ ਪੱਕਾ ਯਕੀਨ ਸੀ ਬਈ ਉਹ ਬਖਸ਼ੇ ਨੂੰ ਜ਼ਰੂਰ ਦੱਸੂਗਾ ਇਹਦੇ ਬਾਰੇ। ਕਿਉਂ ਕਿ ਇਹ ਚੋਰ ਕੁੱਤੀ ਸਾਰੇ ਰਲੇ ਹੋਏ ਆ ਜੀ। ਇਹੋ ਜੇ ਲੋਕਾਂ ਨੇ ਈ ਤਾਂ ਸਾਰੇ ਦੇਸ਼ ਦਾ ਭੱਠਾ ਬਠਾਇਆ ਹੋਇਐ। ਸੰਤਰੀ ਤੋਂ ਲੈ ਕੇ ਮੰਤਰੀ ਤੱਕ ਸਾਰੇ ਵੱਢੀ ਖੋਰ ਆ ਜੀ ਹੁਣ। ਇਥੇ ਤਾਂ ਹੁਣ ਆਹ ਨਿੱਕੇ-ਨਿੱਕੇ ਬੰਦੇ ਈ ਨੀ ਮਾਣ। ਆਹ ਚਪੜਾਸੀ ਦੀ ਹੀ ਗੱਲ ਲੈ ਲ ਜਦੋਂ ਉਹਨੂੰ ਪੰਜਾਹ ਦਾ ਨੋਟ ਦੇਤਾ ਸਰਪੰਚ ਸਾਬ ਸਰਪੰਚ ਸਾਬ ਕਰਦਾ ਫਿਰੇ ਨਈ ਪਹਿਲਾਂ ਫੇਰੇ ਦੇਣਾ ਮੈਨੂੰ ਧੁੱਪੇ ਬੈਠਣ ਨੂੰ ਈ ਕਹੀ ਜਾਵੇ। ਉਂ ਮੈਂ ਇੱਕ ਚੀਜ ਵੇਖ ਲੀ ਆ ਜੀ ਹੁਣ ਦੁਨੀਆ 'ਚ, ਬਈ ਬੰਦੇ ਦੀ ਕੋਈ ਕੁਕਤ ਨੀ ਰਹੀ। ਹੁਣ ਤਾਂ ਪੈਸਾ ਈ ਪ੍ਰਧਾਨ ਹੋ ਗਿਐ। ਜੇ ਕੋਈ ਜੇਬ 'ਚ ਪੈਸਾ ਹੈਗਾ ਸਾਰੇ ਜੀ ਜੀ ਕਰਦੇ ਆ ਨਈ ਕੋਈ ਨੀ ਸਿਆਣਦਾ ਅੱਜ-ਕੱਲ। ਇਨਸਾਨੀਅਤ ਆਲੀ ਤਾਂ ਕੋਈ ਗੱਲ ਈ ਨੀ ਰਹੀ ਲੋਕਾਂ 'ਚ। ਐਹ ਜੀਆ ਗੱਲਾਂ ਸੋਚਦਾ ਮੈਂ ਪਿੰਡ ਆਲੀ ਬੱਸ ਬਹਿ ਗਿਆ ਜੀ।

ਜਦੋਂ ਮੈਂ ਘਰ ਦੇ ਬੂਹੇ ਮੂਹਰੇ ਆਇਆ ਤਾਂ ਬੂਹੇ ਦੀਆਂ ਝੀਥਾਂ ਥਾਣੀ ਮੈਂ ਕੀ ਵੇਖਦਾਂ। ਬਖਸ਼ਾ ਮੇਰੇ ਵੇਹੜੇ 'ਚ ਮੰਜੇ 'ਤੇ ਬੈਠਾ ਮੋਬੈਲ 'ਤੇ ਕਿਸੇ ਨਾਲ ਗੱਲਾਂ ਕਰੀ ਜਾਵੇ ਮੈਨੂੰ ਲੱਗਾ ਜਿਵੇਂ ਬੀ ਡੀ ਓ. ਨਾਲ ਗੱਲ ਕਰ ਰਿਹਾ ਹੋਵੇ। ਥੋੜ੍ਹਾ ਜਿਆ ਧਿਆਨ ਨਾਲ ਸੱਜੀ ਅੱਖ ਦਾ ਡੇਲਾ ਘੁਮਾ ਕੇ ਜਦੋਂ ਮੈਂ ਝੀਥ ਵਿਚਦੀ ਵੇਹੜੇ 'ਚ ਨਜ਼ਰ ਘੁਮਾਈ ਤਾਂ ਮੇਰੇ ਪੈਰਾਂ ਹੇਠਲੀ ਧਰਤੀ ਘੁੰਮਗੀ। ਗਿੱਲ ਪਟਵਾਰੀ ਸਾਡੇ ਕੋਠੇ ਦੇ ਬੂਹੇ 'ਚ ਪ੍ਰੀਤੋ ਨੂੰ ਕਲਾਵੇ 'ਚ ਭਰੀ ਖੜ੍ਹਾ ਸੀ। ਉਹਨੂੰ ਵੇਖ ਕੇ ਮੇਰੀਆਂ ਅੱਖਾਂ ਅੱਗੇ ਭੰਬੂਤਾਰੇ ਨੱਚਣ ਲੱਗਪੇ। ਢਿੱਡੀ 'ਚ ਭੇਟ ਦੀ ਸਾਲਿਓ... ਮੇਰੇ ਈ ਘਰ ਨੂੰ ਸੰਨ੍ਹ ਲਾ ਲਿਆ। ਉੱਚੀ ਸਾਰੀ ਲੇਰ੍ਹ ਮੇਰੇ ਸੰਘ ਚੋਂ ਨਿਕਲੀ। ਪਰ ਜਿਵੇਂ ਲੇਰ ਦੀ ਅਵਾਜ਼ ਬਾਹਰ ਆਉਣ ਦੀ ਥਾਂ ਮੇਰੇ ਅੰਦਰ ਈ ਲਹਿਗੀ ਕਿਧਰੇ। ਮੇਰਾ ਖਬ੍ਹੋ ਦਾ ਹਲਕ ਸੁਕ ਗਿਆ। ਗਲਾ ਤਰ ਕਰਨ ਨੂੰ ਜੀਭ ਤੇ ਥੁੱਕ ਵੀ ਨਾ ਬਚਿਆ। ਕੰਧ ਦੀ ਢੋਅ ਲਾ ਕੇ ਮੈਂ ਸਿਰ ਫੜ੍ਹ ਕੇ ਹੇਠਾਂ ਬਹਿ ਗਿਆ। ਬਖਸ਼ਾ ਤੇ ਪਟਵਾਰੀ ਪਿਛਲੇ ਬੂਹੇ ਥਾਣੀ ਚਲੇ ਗਏ। ਬਖਸ਼ੇ ਦੇ ਮੋਟਰਸੈਕਲ ਦੀ ਅਵਾਜ਼ ਨੇ ਮੈਨੂੰ ਹਲੂਣਿਆਂ। ਉਥੋਂ ਉਠ ਕੇ ਮੈਂ ਅੰਦਰ ਗਿਆ। ਪੁੱਛੋ ਨਾ ਜੀ.....ਬਈ ਜਿਵੇਂ ਕੋਈ ਵਿੱਚਤਰਦਾਰ ਬੰਦਾ ਰੰਡੀ ਬਜ਼ਾਰ ਜਾਣੋਂ ਡਰਦਾ ਨਾ ਉਵੇਂ ਮਸੂਸ ਹੋਈ ਜਾਵੇ। ਜਿਵੇਂ ਮੈਂ ਕਿਸੇ ਕੋਠੇ 'ਤੇ ਜਾ ਖੜਿਆ ਹੋਵਾਂ। ਪ੍ਰੀਤੋ ਸਹਿਮੀ ਜਿਹੀ ਬਿਟਰ-ਬਿਟਰ ਮੇਰੇ ਮੂੰਹ ਵੱਲ ਝਾਕੀ ਜਾਵੇ। ਮੈਂ ਨੀਵੀਂ ਪਾਈ ਹੇਠਾਂ ਝਾਕੀ ਜਾਵਾਂ ਜਿਵੇਂ ਪੈਰਾਂ ਵਿੱਚ ਈ ਨਿੱਘਰ ਜਾਣਾ ਚਹੁੰਦਾ ਹੋਵਾਂ। ਮੈਥੋਂ ਬੜੀ ਮੁਸ਼ਕਲ ਨਾਲ ਉਹਤੋਂ ਐਨਾ ਈ ਪੁੱਛ ਹੋਇਆ ਬਈ ਕੁੜੀਆਂ ਕਿੱਥੇ ਐ ?

"ਉਹ ਹਵੇਲੀ ਤੇ ਹੋਣਗੀਆਂ ਬੀਬੀ ਜੀ ਕਹਿੰਦੀ ਸੀ ਸਾਫ਼-ਸਫ਼ਾਈ ਕਰਾ ਕੇ ਭੇਜ ਦੂੰਗੀ।"

ਤੜਾਕ ਕਰਦੀ ਚਪੇੜ ਮੈਂ ਪ੍ਰੀਤੋ ਦੇ ਮੂੰਹ ਤੇ ਮਾਰੀ। ਭੈਂ ਚ ਕੁੱਤੀਏ ਤੂੰ ਮੇਰੀ ਇੱਜ਼ਤ ਦੀ ਰਾਖੀ ਉਹਨਾਂ ਕੁੱਤਿਆਂ ਨੂੰ ਬਣਾ ਆਈ ਐਂ ਜਿਹਨਾਂ ਨੂੰ ਇੱਜ਼ਤ ਨਾਂ ਦੀ ਕਿਸੇ ਚੀਜ਼ ਦਾ ਪਤਾ ਈ ਨੀ। ਮੈਂ ਵਾਹੋ ਦਾਹ ਹਵੇਲੀ ਵੱਲ ਨੂੰ ਭੱਜ ਤੁਰਿਆ। ਐਂ ਜਾਪੇ ਜੇ ਮੈਂ ਛੇਤੀ ਨਾ ਪਹੁੰਚਿਆ ਤਾਂ ਪਤਾ ਨੀ ਕੀ ਅਨਰਥ ਹੋਜੂ। ਜਿਨਾਂ ਚਿਰ ਕੁੜੀਆਂ ਨੂੰ ਸਹੀ ਸਲਾਮਤ ਨਾ ਵੇਖ ਲਿਆ ਉਨਾ ਚਿਰ ਦਿਲ ਅਹਿਰਣ ਤੇ ਵੱਜਦੇ ਹਥੌੜੇ ਵਾਂਗੂੰ ਠੱਕ-ਠੱਕ ਕਰਦਾ ਰਿਹਾ। ਜੇਹੜੀ ਹਵੇਲੀ ਨੂੰ ਬਚਪਨ ਤੋਂ ਲੈ ਕੇ ਹੁਣ ਤਾਈਂ ਮੈਂ ਆਪਣੀ ਸਮਝਦਾ ਰਿਹਾ ਉੱਥੇ ਜਾਣ ਨੂੰ ਹੁਣ ਵੱਢਿਆਂ ਰੂਹ ਨੀ ਕਰਦੀ ਜੀ।

"ਹੈਂਅ ਜੀ...., ਨਈਂ ਜੀ ਨਈਂ। ਥੋਨੂੰ ਪਤਾ ਫਿਰ ਕੰਟਰੋਲ ਤਾਂ ਬੰਦੇ ਨੂੰ ਕਰਨਾਂ ਈ ਪੈਂਦਾ ਜੀ। ਵੈਸੇ ਵੀ ਜੇਹੜੇ ਬੰਦੇ ਦਾ ਘਰ 'ਚ ਕੰਟਰੋਲ ਨਾ ਹੋਵੇ ਉਹ ਬਾਹਰ ਜਾ ਕੇ ਕੀ ਗੱਲ ਕਰਲੂਗਾ। ਉਂ ਮੈਨੂੰ ਪਤਾ ਬਈ ਪ੍ਰੀਤੋ ਐਹੋ ਜੀ ਜਨਾਨੀ ਨੀ। ਬੜੀ ਸਿਦਕ ਆਲੀ ਕੁੜੀ ਆ ਜੀ ਉਹ। ਬੜੀਆਂ ਹਵਾਵਾਂ ਵਗੀਆਂ ਮੇਰੇ ਤੇ ਪਰ ਪਿਉਂਦੀ ਧੀ ਕਦੀ ਡੋਲੀ ਨੀ। ਪੈਰ ਪੈਰ ਤੇ ਪੂਰਾ ਸਾਥ ਦਿੱਤਾ ਮੇਰਾ। ਪਰ ਉਦੋਂ ਪਤਾ ਨੀ ਉਹਨੂੰ ਕੀ ਹੋ ਗਿਆ ਸੀ। ਮੁੰਦਰਾਂ ਆਲੇ ਬਾਬਾ ਜੀ ਕਹਿੰਦੇ ਸੋੜ ਕਿਸੇ ਓਪਰੀ ਵਾਅ ਦਾ ਅਸਰ ਸੀ ਜੀਹਦੇ ਕਰਕੇ ਉਹਦੇ ਪੈਰ ਥਿੜਕ ਗਏ। ਕਈ ਦਿਨਾਂ ਤੱਕ ਅਸੀਂ ਬਾਬਾ ਜੀ ਤੋਂ ਝਾੜਾ ਕਰਾਉਂਦੇ ਰਹੇ ਤਾਂ ਜਾ ਕੇ ਕਿਤੇ ਉਹਦਾ ਦਿਮਾਗ ਟਕਾਣੇ ਆਇਆ। ਉਸਤੋਂ ਬਾਅਦ ਜਾਹ ਖਾਂ ਕਿਤੇ ਘਰ 'ਚ ਕੁਸ਼ ਮਾੜਾ ਚੰਗਾ ਵੇਖਿਆ ਹੋਵੇ। ਉਦੋਂ ਈ



ਉਹਨਾਂ ਨੂੰ ਹਵੇਲੀ ਜਾਣੋਂ ਵੀ ਰੋਕਤਾ ਫਿਰ। ਪ੍ਰੀਤੋ ਘਰ ਦਾ ਕੰਮ ਕਰਦੀ ਰਹਿੰਦੀ ਤੇ ਕੁੜੀਆਂ ਨੂੰ ਮੈਂ ਸਲਾਈ ਸੈਂਟਰ ਲਾਤਾ। ਬਈ ਚਲੋ ਜੇ ਕੱਪੜੇ ਨੂੰ ਟਾਂਕਾ ਪੱਲਾ ਲਾਉਣਾ ਸਿਖਗੀਆਂ ਕੱਲ੍ਹ ਨੂੰ ਏਹਨਾਂ ਦੇ ਕੰਮ ਆਊ।"

ਇਕ ਦਿਨ ਬਖਸ਼ਾ ਫੇਰ ਆ ਗਿਆ ਜੀ ਮੇਰੇ ਘਰੇ। ਓਦਣ ਕੁਦਰਤੀ ਮੈਂ ਘਰੇ ਈ ਸੀ। ਆਵਦੇ ਜਣੇ ਆਇਆ ਤਾਂ ਉਹ ਕਿਸੇ ਹੋਰ ਕੰਮ ਸੀ ਪਰ ਮੈਨੂੰ ਘਰੇ ਵੇਖ ਕੇ ਉਹਦੇ ਮੱਥੇ ਦੀਆਂ ਤਿਊੜੀਆਂ ਡੂੰਘੀਆਂ ਹੋਗੀਆਂ। ਕੁੜੀਆਂ ਉਦੋਂ ਸਲਾਈ ਸੈਂਟਰ ਗਈਆਂ ਹੋਈਆਂ ਸੀ। ਮੰਜੇ 'ਤੇ ਬਹਿੰਦਾ ਉਹ ਬੋਲਿਆ "ਹਾਂ ਬਈ ਚੰਦ ਸਿਹਾਂ ਕੀ ਗੱਲ ਹੋਗੀ ਪ੍ਰੀਤੋ ਹੁਰੀਂ ਹਵੇਲੀ ਕਿਉਂ ਨੀ ਆਉਂਦੀਆਂ ਹੁਣ। ਤੇ ਨਾ ਈ ਤੂੰ ਦਿਸਿਐਂ ਕਈ ਦਿਨਾਂ ਤੋਂ।" ਦਬਕੇ ਅਰਗੀ ਉਹਦੀ ਅਵਾਜ਼ ਨੇ ਜਿਵੇਂ ਮੇਰੇ ਅੰਦਰ ਦਾਤੀ ਫੇਰਤੀ ਹੋਵੇ। ਮਨ 'ਚ ਆਈ ਬਈ ਫਹੁੜਾ ਚੱਕਲਾਂ ਤੇ ਇਕ ਮੌਰਾਂ 'ਚ ਮਾਰ ਕੇ ਪੁੱਛਾਂ ਵਈ ਫੇਰ ਦੇਣਿਆ ਅੱਗੋਂ ਤੂੰ ਘੱਟ ਕੀਤੀ ਐ ਜੇਹੜਾ ਆਵਦੇ ਹੱਥੀਂ ਤੋਰੇ ਨਾਲ ਤੋਰ ਦਿਆਂ ਏਹਨਾਂ ਨੂੰ। ਸਾਲਾ ਅਹਿਮਦਸ਼ਾਹਾ ਨਾ ਹੋਵੇ ਤਾਂ। ਫੇਰ ਸੋਚਿਆ ਬਈ ਸਾਰੀ ਗਲਤੀ ਤਾਂ ਆਵਦੀ ਈ ਆ। ਜੇ ਹੁਣ ਉੱਚਾ ਬੋਲਿਆ ਤਾਂ ਲੋਕ ਸੁਣ ਕੇ ਕੀ ਕਹਿਣਗੇ। ਮੈਂ ਦੜ੍ਹ ਈ ਵੱਟ ਗਿਆ ਜੀ, ਉਹਦੇ ਨਾ ਹਲੀਮੀ ਨਾਲ ਈ ਗੱਲ ਕੀਤੀ।

"ਨਹੀਂ ਸਰਦਾਰ ਜੀ ਐਸੀ ਤਾਂ ਕੋਈ ਗੱਲ ਨੀ। ਅਸਲ 'ਚ ਕੁੜੀਆਂ ਹੋਗੀਆਂ ਹੁਣ ਸਿਆਣੀਆਂ ਥੋਨੂੰ ਪਤੈ ਬਈ ਬਗਾਨੇ ਘਰ ਜਾਣ ਆਲੇ ਧੀ ਪੁੱਤ ਨੂੰ ਕੰਮ ਦੀ ਸੋਝੀ ਹੋਣੀ ਜ਼ਰੂਰੀ ਐ। ਆਹ ਚੁੱਲ੍ਹੇ ਚੌਂਕੇ ਦਾ ਤਾਂ ਸੁਖ ਨਾਲ ਬਥੇਰਾ ਕਰ ਲੈਂਦੀਆਂ। ਜੇ ਸਲਾਈ ਕਢਾਈ ਦਾ ਕੰਮ ਵੀ ਸਿੱਖਗੀਆਂ ਕੱਲ੍ਹ ਨੂੰ ਏਹਨਾਂ ਦੇ ਕੰਮ ਆਊ। ਥੋਨੂੰ ਪਤੈ ਬਈ ਅੱਜ ਕੱਲ ਤਾਂ ਸਾਲੇ ਜ਼ਮਾਨੇ ਈ ਐਸੇ ਆਗੇ ਜੇ ਦੋਹੇਂ ਜੀਅ ਕੰਮ ਨਾ ਕਰਦੇ ਹੋਣ ਤਾਂ ਗੁਜ਼ਾਰਾ ਨੀ ਚੱਲਦਾ। ਏਸੇ ਕਰਕੇ ਈ ਉਹਨਾਂ ਨੂੰ ਏਧਰ ਲਾਇਐ"।

"ਠੀਕ ਐ ਚੰਦ ਸਿਹਾਂ ਜਿਵੇਂ ਤੇਰੀ ਮਰਜ਼ੀ। ਉਂ ਅਸੀਂ ਤੇਥੋਂ ਭੱਜੇ ਨੀ ਜਦੋਂ ਲੋੜ ਹੋਈ ਦੱਸ ਦੇਵੀਂ ਚੌਵੀ ਘੰਟੇ ਹਾਜ਼ਰ ਆਂ ਤੇਰੇ ਲਈ। ਨਾਲੇ ਹੁਣ ਸਰਪੰਚੀ 'ਚ ਸਾਲ ਈ ਰਹਿ ਗਿਐ। ਜਿਹੜੇ ਨਿੱਕੇ ਮੋਟੇ ਕੰਮ ਰਹਿੰਦੇ ਐ ਨਬੇੜ ਲਈਏ ਨਈਂ ਨਵੀਂ ਪੰਚੈਤ ਪਤਾ ਨੀ ਕੀਹਦੀ ਬਣਨੀ ਐ ਫੇਰ ਐਵੇਂ ਅੜੇ ਫਿਰਨਗੇ। ਦਸ ਮਕਾਨ ਆਏ ਐ ਐਸ.ਸੀ. ਕੋਟੇ 'ਚ ਤੂੰ ਦੱਸ ਕੀਹਦਾ ਕੀਹਦਾ ਬਣਾ ਦੇਈਏ।"

"ਮੈਂ ਕੀ ਕਹਿਣਾ ਸਰਦਾਰ ਸਾਬ ਜੀਹਦਾ ਕੱਚੈ ਉਹਦਾ ਬਣਾ ਦਿਉ। ਬਾਕੀ ਜਿਵੇਂ ਬਾਕੀ ਮੈਂਬਰ ਕਹਿੰਦੇ ਐ ਉਵੇਂ ਕਰ ਲਉ।"

"ਤੂੰ ਉਹਨਾਂ ਦੀ ਛੱਡ ਆਵਦੀ ਦੱਸ। ਮੈਂ ਤਾਂ ਤੈਨੂੰ ਇਹ ਸਲਾਹ ਦਿੰਨਾ ਬਈ ਐਂ ਕਰਦੇ ਆਂ ਜਿੰਨਾਂ ਦੇ ਕੱਚੇ ਆ ਉਹਨਾਂ ਦੀ ਤਿਆਰੀ ਕਰਵਾ ਦਿੰਨੇ ਆਂ ਤੇ ਵਿਚੋਂ ਦੋ ਚਾਰ ਨਵੇਂ ਬਣਾ ਕੇ ਖਾਤਾ ਪੂਰਾ ਕਰ ਦਿਆਂਗੇ। ਤੂੰ ਵੀ ਬਣਾ ਲਈਂ ਵਿਚੋਂ ਇਕ ਅੱਧਾ ਆਵਦਾ ਕਮਰਾ। ਤੇਰੇ ਭਰਾ ਮਲਕੀਤ ਦਾ ਵੀ ਕੋਠਾ ਕੱਚਾ ਈ ਐ, ਆਪਾਂ ਉਹਦੀ ਤਿਆਰੀ ਕਰਵਾ ਦਿੰਨੇ ਆਂ। ਤੂੰ ਗੱਲ ਕਰਕੇ ਵੇਖ ਲਾ ਜੇ ਉਹ ਮੰਨਜੇ ਤਾਂ।"

"ਨਾ ਬਈ ਸਰਦਾਰ ਸਾਬ ਨਾ। ਮੈਂ ਨੀ ਹੁਣ ਕੋਈ ਐਹੋ ਜਾ ਕੰਮ ਕਰ ਸਕਦਾ। ਜੇ ਮਕਾਨ ਆਏ ਆ ਤਾਂ ਬਨਾਉਣੇ ਪੈਣਗੇ। ਨਈਂ ਮੈਂ ਨੀ ਕਿਸੇ ਕਾਗਜ਼ 'ਤੇ ਗੂਠਾ ਲਾਉਣਾ ਹੁਣ। ਬਥੇਰੀ ਤੇਰੇ ਪਿੱਛੇ ਲੱਗ ਕੇ ਥੂਹ ਥੂਹ ਕਰਵਾ ਲੀ ਪਿੰਡ ਚ। ਸਾਰਾ ਪੈਸਾ ਧੇਲਾ ਤੂੰ ਸਾਂਭੀ ਜਾਨਾਂ ਤੇ ਬਦਨਾਮੀ ਦੇ ਹਾਰ ਮੇਰੇ ਲਈ ਛੱਡੀ ਜਾਨਾ। ਮੈਂ ਕੱਲ ਨੂੰ ਪਿੰਡ 'ਚ ਕੀ ਜਵਾਬ ਦੇਊਂ।"

"ਜੇ ਸਾਰਾ ਪੈਸਾ ਮੈਂ ਸਾਂਭੀ ਜਾਨਾਂ ਤਾਂ ਤੈਨੂੰ ਵੀ ਤਾਂ ਬੁਰਕੀ ਪਾਉਨਾ ਈ ਆਂ। ਤੂੰ ਕੀ ਸੋਚਦਾਂ ਬਈ ਇਹ ਮਕਾਨ ਐਵੇਂ ਆਗੇ ਆ। ਪੂਰੇ ਵੀਹ ਹਜ਼ਾਰ ਖਰਚ ਕਰਕੇ ਬਲਾਕ ਚੋਂ ਲਿਆਇਆ। ਐਵੇਂ ਮੁਖਤੋ ਮੁਖਤ ਕਿਵੇਂ ਫੜਾ ਦਿਆਂ। ਨਾਲੇ ਜਿੰਨ੍ਹਾਂ ਲੋਕਾਂ ਦਾ ਤੈਨੂੰ ਹੁਣ ਹੇਜ ਜਾਗ ਪਿਆ ਉਹ ਉਦੋਂ ਕਿਥੇ ਸੀ ਜਦੋਂ ਤੂੰ ਵੋਟਾਂ 'ਚ ਖੜ੍ਹਾ ਸੀ। ਇਹਨਾਂ ਸਾਰਿਆਂ ਨੇ ਪੈਸੇ ਲੈ ਕੇ ਵੋਟਾਂ ਪਾਈਆਂ। ਹੁਣ ਤੂੰ ਵੀ ਚਾਰ ਸਾਲ ਸਰਪੰਚੀ ਭੋਗ ਕੇ ਆਪਣੀ ਔਕਾਤ ਦਿਖਾਉਣ ਲੱਗ ਪਿਐਂ। ਤੇਰੇ ਤੇ ਖਰਚ ਕੀਤੇ ਪੈਸਿਆਂ ਦਾ ਤਾਂ ਅਜੇ ਵਿਆਜ ਵੀ ਨੀ ਮੁੜਿਆ ਤੇ ਆਵਦੇ ਕਰਾਰ ਤੋਂ ਵੀ ਭੱਜ ਤੁਰਿਐਂ ਹੁਣ।"

"ਸਾਡੀ ਗਰੀਬਾਂ ਦੀ ਕਾਹਦੀ ਔਕਾਤ ਹੁੰਦੀ ਆ ਸਰਦਾਰ ਸਾਬ। ਅਸੀਂ ਤਾਂ ਜਨਮਾਂ-ਜਮਾਤਰਾਂ ਤੋਂ ਥੋਡੇ ਅਰਗਿਆਂ ਕੋਲ ਗੁਲਾਮੀ ਦੀ ਜਿੰਦਗੀ ਹੰਢਾਉਂਦੇ ਆਏ ਆਂ। ਜੇ ਥੋਡੇ ਅਰਗਾ ਕੋਈ ਸਰਮਾਏਦਾਰ ਆਵਦੀ ਭੁੱਲ ਪੂਰੀ ਕਰਨ ਨੂੰ ਸਾਨੂੰ ਮੂਹਰੇ ਲਾ ਵੀ ਲੈਂਦਾ ਫੇਰ ਉਹ ਵੀ ਅੱਗੋਂ ਸਾਰੀ ਉਮਰ ਜੁੱਤੀ ਹੇਠ ਰੱਖਣ ਦੀ ਕੋਸ਼ਿਸ਼ ਕਰਦਾ। ਜਿਵੇਂ ਹੁਣ ਤੂੰ ਕਰੀ ਜਾਨਾਂ। ਪਰ ਮੈਂ ਔਹੋ ਜੇ ਲੋਕਾਂ ਚੋਂ ਨੀ ਜਿੰਨ੍ਹਾਂ ਦੀ ਕੰਗਰੋੜ ਮਜ਼ਬੂਤ ਨੀ ਹੁੰਦੀ। ਮੇਰੇ ਅੰਦਰਲੀ ਜ਼ਮੀਰ ਜਾਗਦੀ ਆ ਅਜੇ। ਔਹ ਜੀ ਸਰਪੰਚੀ ਮਾਰਦਾ ਮੈਂ ਆਵਦੇ ਠਾਕਰ ਤੇ। ਜਾਹ ਚੱਕਲਾ ਜਾ ਕੇ ਆਵਦੀ ਸਰਪੰਚੀ। ਤੇਰੇ ਪਿਛੇ ਲਗ ਕੇ ਮੈਂ ਆਵਦਾ ਸੁਖ ਚੈਨ ਘਰ ਬਾਰ ਸਭ ਗਵਾ ਲਿਆ। ਤੂੰ ਕੀ ਕਦਰ ਪਾਈ ਮੇਰੀ। ਭੱਜ ਜਾ ਮੇਰੇ ਘਰੋਂ ਨਈਂ ਕੁਸ਼ ਹੋਰਨਾਂ ਸੁਣਲੀਂ ਮੈਥੋਂ।"

"ਠੀਕ ਐ ਚੰਦੂ ਜੇ ਤੇਰਾ ਐਹੋ ਫੈਸਲਾ ਐ ਨਾ ਤਾਂ ਮੇਰੇ ਨਾਲ ਹਿਸਾਬ ਕਰਲਾ ਬੈਠ ਕੇ। ਜਾਂ ਤਾਂ ਦੋ ਲੱਖ ਰੁਪਈਆ ਮੋੜ ਦੇ ਨਈਂ ਘਰ ਖਾਲੀ ਕਰਦੇ।"

"ਘਰ ਨਾ ਤੈਨੂੰ ਕੁਸ਼ ਹੋਰ ਦੇ ਦਿਆਂ।"

"ਘਰ ਵੀ ਦੇਣਾ ਪਊ ਜਾਂ ਮੇਰਾ ਸੀਰ ਕਰਨਾ ਪਊ। ਘਰ ਦਾ ਪ੍ਰਨੋਟ ਤੂੰ ਖੁਦ ਕਰਾ ਕੇ ਦਿਤੈ ਮੈਨੂੰ। ਮੈਂ ਜਾਣਦਾ ਸੀ ਬਈ ਤੂੰ ਇਕ ਨਾ ਇਕ ਦਿਨ ਆਵਦੇ ਰੰਗ 'ਚ ਆਏਂਗਾ। ਸਾਲਿਓ ਤੁਸੀਂ ਤਾਂ ਸੁਹਾਗੇ ਤੇ ਬੈਠੇ ਨੀ ਮਾਣ ਜੇ ਥੋਨੂੰ ਚੌਧਰ ਮਿਲਜੇ ਤੁਸੀਂ ਅਸਮਾਨ ਨੂੰ ਟਾਕੀਆਂ ਲਾਉਣ ਲੱਗ ਜਾਨੇ ਆਂ। ਜਾਂ ਤਾਂ ਸਿੱਧਾ ਹੋ ਕੇ ਕੰਮ ਤੇ ਹੁਰਪਾ ਟੱਬਰ ਨੂੰ ਨਾਲ ਲੈ ਕੇ ਨਈਂ ਫੇਰ ਦੇਖ ਲਾ ਜੁੱਲੀਆਂ ਚੱਕ ਕੇ ਸੜਕ 'ਚ ਮਾਰੂੰ ਤੇਰੀਆਂ।"

"ਜਾਹ ਜਾਹ ਵੇਖਲਾਂਗੇ ਤੈਨੂੰ ਵੀ...ਵੱਡਾ ਬਦਮਾਸ਼ ਤੂੰ।"

ਉਹ ਮੈਨੂੰ ਧਮਕੀਆਂ ਦੇ ਕੇ ਚਲਾ ਗਿਆ ਸੀ ਜੀ। ਉਹਦੇ ਜਾਣ ਤੋਂ ਬਾਦ ਮੈਨੂੰ ਹੱਥਾਂ ਪੈਰਾਂ ਦੀ ਪੈਗੀ ਜੀ, ਕਿਉਂਕਿ ਜਦੋਂ ਉਹ ਮੇਰੇ ਤੋਂ ਖਾਲੀ ਕਾਗਜ਼ਾਂ ਤੇ ਗੂਠੇ ਲਵਾਉਂਦਾ ਹੁੰਦਾ ਸੀ ਉਦੋਂ ਈ ਕਿਤੇ ਧੋਖੇ ਨਾ ਉਹਨੇ ਮੇਰੇ ਤੋਂ ਖਾਲੀ ਪ੍ਰਨੋਟ 'ਤੇ ਗੂਠਾ ਲਵਾ ਲਿਆ। ਮੈਂ ਅਨਪੜ੍ਹ ਬੰਦਾ ਉਹਦੀਆਂ ਚਾਲ੍ਹਾਂ 'ਚ ਫਸ ਗਿਆ ਜੀ। ਘਰੇ ਜਨਾਨੀ ਅੱਡ ਲੜੇ ਬਈ ਤੂੰ ਕਾਹਨੂੰ ਉਹਦੇ



ਨਾਲ ਐਸ ਤਰਾਂ ਕਰਨੀ ਸੀ। ਮੈਨੂੰ ਸਮਝ ਨਾ ਆਵੇ ਬਈ ਕੀ ਕਰਾਂ ਕੀ ਨਾ। ਥਾਣੇ ਤੋਂ ਲੈ ਕੇ ਮੰਤਰੀਆਂ ਸੰਤਰੀਆਂ ਤੱਕ ਉਹਦੀ ਪਹੁੰਚ ਆ ਜੀ। ਮੈਨੂੰ ਗਰੀਬ ਨੂੰ ਕੌਣ ਪੁਛਦੇ ਕਿਤੇ। ਬਸ ਪਿੰਡ ਦੇ ਦੋ ਚਾਰ ਬੰਦਿਆਂ ਦੇ ਘਰੀਂ ਗੇੜੇ ਮਾਰ ਮੁੜ ਕੇ ਬਹਿ ਗਿਆ। ਤਸੱਲੀ ਸਾਰੇ ਦਿਆ ਕਰਨ ਪਰ ਗੱਲ ਕੋਈ ਨਾ ਕਰਿਆ ਕਰੇ। ਕਿਉਂ ਕਿ ਉਹ ਸਾਰੇ ਇਹਤੋਂ ਕੰਨ ਭੰਨਦੇ ਆ ਜੀ। ਜੱਗੇ ਤੇ ਬਲਦੇਵ ਨਾਲ ਗੱਲ ਕੀਤੀ ਉਹਨਾ ਨੇ ਅੱਗੋਂ ਟਕੇ ਅਰਗਾ ਜਵਾਬ ਮੇਰੇ ਮੂੰਹ ਤੇ ਮਾਰਿਆ। ਜੱਗਾ ਕਹਿੰਦਾ ਜਦੋਂ ਤੈਨੂੰ ਉਦੋਂ ਕਿਹਾ ਸੀ ਬਈ ਇਹ ਸਾਲਾ ਤੈਨੂੰ ਸੰਦ ਬਨਾਉਣ ਨੂੰ ਫਿਰਦੈ ਤੂੰ ਟਿਕਜਾ, ਉਦੋਂ ਤਾਂ ਤੂੰ ਸਾਡੀ ਮੰਨਿਆਂ ਨੀ। ਹੁਣ ਜਦੋਂ ਆਵਦੇ ਹੱਥ ਆਪ ਈ ਵਢਾਈ ਫਿਰਦੈਂ ਹੁਣ ਦੱਸ ਤੇਰਾ ਕੀ ਕਰੀਏ। ਭੱਜ ਜਾ ਹੁਣ ਤੂੰ ਉਹਦੇ ਨਾਲ ਈ ਜਾ ਕੇ ਬੈਠ। ਵੋਟਾਂ ਤੋਂ ਬਾਦ ਵੇਖਾਂਗੇ ਬਈ ਕੀ ਕਰਨਾ ਕੀ ਨਈਂ। ਜੋ ਜੋ ਤੁਸੀਂ ਕਰਦੇ ਰਹੇ ਆਂ ਨਾ ਹੁਣ ਤਾਈਂ ਸਾਡੇ ਸਾਰੀਆਂ ਨੋਟ ਆ। ਸਮਾਂ ਆਉਣ ਤੇ ਪੁੱਛਾਂਗੇ ਕੀ ਭਾਅ ਵਿਕਦੀ ਐ।"

"ਹੈਂਅ ਜੀ.....। ਹਾਂ ਜੀ ਕੇਸ ਤਾਂ ਬਲਦੇਵ ਸਰਪੰਚ ਨੇ ਈ ਕੀਤੇ ਜੀ। ਉਂ ਇਹਨੇ ਵੀ ਮੇਰੇ ਨਾਲ ਮਾੜੀ ਈ ਕੀਤੀ ਐ ਜੀ। ਖਬਾਰਾਂ ਤੱਕ ਖਬਰਾਂ ਛਪਾਤੀਆਂ ਜੀ ਮੇਰੀਆਂ ਬਈ ਚੰਦ ਸਰਪੰਚ ਨੇ ਫਲਾਣੇ ਫਲਾਣੇ ਕੰਮ 'ਚ ਘਪਲਾ ਕਰਕੇ ਸਰਕਾਰ ਨੂੰ ਲੱਖਾਂ ਦਾ ਚੂਨਾਂ ਲਾਇਐ। ਥੋਨੂੰ ਪਤੈ ਫਿਰ ਜਦੋਂ ਬੰਦੇ ਦੀ ਐਹੋ ਜੀ ਖਬਰ ਛਪਜੇ ਸਾਰੀ ਦੁਨੀਆਂ 'ਚ ਭੰਡਿਆ ਜਾਂਦਾ। ਆਹ ਖਬਾਰਾਂ ਆਲੇ ਵੀ ਚੋਪੜੀਆਂ ਦੇ ਯਾਰ ਆ ਜੀ। ਇਹਨਾ ਨੂੰ ਪੈਸੇ ਦੇ ਕੇ ਜੋ ਮਰਜ਼ੀ ਛਪਾਈ ਜਾਉ। ਇਹ ਛੋਟੀ ਜੀ ਗੱਲ ਦਾ ਪਹਾੜ ਬਣਾ ਕੇ ਦੱਸਣਗੇ। ਬਲਦੇਵ ਜੋ ਕਹੀ ਗਿਆ ਇਹ ਉਹੀ ਲਿਖੀ ਗਏ। ਪਰ ਮੇਰੇ ਤੋਂ ਕਿਸੇ ਨੇ ਆ ਕੇ ਇਹ ਨੀ ਪੁਛਿਆ ਬਈ ਜੋ ਉਹ ਕਹਿ ਰਿਹੈ ਕੀ ਉਹ ਸੱਚ ਐ। ਪੂਰਾ ਮਹੀਨਾਂ ਭੰਡਿਆ ਜੀ ਏਹਨਾਂ ਨੇ ਮੈਨੂੰ। ਸ਼ਰਮ ਦਾ ਮਾਰਾ ਮੈਂ ਕਈ ਦਿਨ ਘਰੋਂ ਨੀ ਨਿਕਲਿਆ।"

"ਹੈਂਅ ਜੀ। ਹੋਣਾ ਕੀ ਸੀ .. ਥੋਨੂੰ ਪਤੈ ਫਿਰ ਪਾਪ ਦਾ ਘੜਾ ਕਿਤੇ ਤਾਂ ਭਰਦਾ ਈ ਐ। ਸਾਰੇ ਪਿੰਡ ਨੂੰ ਪਤਾ ਲੱਗ ਗਿਆ ਬਈ ਗਰਾਂਟਾਂ, ਮਕਾਨਾਂ ਦੇ ਪੈਸੇ ਤੇ ਕਣਕ ਦਾ ਭਰਿਆ ਟਰੱਕ ਬਖਸ਼ਾ ਖਾ ਗਿਆ। ਫੇਰ ਕਿਸੇ ਨੇ ਇਹਨੂੰ ਮੂੰਹ ਨੀ ਲਾਇਆ। ਕੁਦਰਤੀ ਅਗਲੀਆਂ ਵੋਟਾਂ 'ਚ ਜਰਬੀ ਟੁੱਟਗੀ ਤੇ ਲੋਕਾਂ ਨੇ ਬਲਦੇਵ ਨੂੰ ਵੋਟਾਂ ਪਾਤੀਆਂ। ਉਹ ਸਰਪੰਚ ਬਣ ਗਿਆ ਤੇ ਬਖਸ਼ਾ ਫਿਰ ਕੀੜਿਆਂ ਖਾਧੇ ਕੁੱਤੇ ਆਗੂੰ ਸਿਰ ਛੰਡਦਾ ਫਿਰੇ ਕਦੇ ਐਧਰ ਕਦੇ ਔਧਰ। ਉਹਨੇ ਸਰਪੰਚ ਬਣਦਿਆਂ ਸਾਰ ਈ ਪੁਰਾਣੀ ਪੰਚੈਤ ਤੋਂ ਹਿਸਾਬ ਮੰਗ ਲਿਆ। ਹਿਸਾਬ ਕੀਹਨੇ ਦੇਣਾ ਸੀ। ਜੇ ਪਿੰਡ ਦਾ ਕੁਝ ਸਵਾਰਿਆ ਹੁੰਦਾ ਹਿਸਾਬ ਦੀ ਗੱਲ ਤਾਂ ਫੇਰ ਬਣਦੀ ਨਾ। ਜਦੋਂ ਕੁਝ ਕੀਤਾ ਈ ਨੀ ਫਿਰ ਹਿਸਾਬ ਕਾਹਦਾ ਕਰਨਾ ਸੀ। ਨਵੀਂ ਪੰਚੈਤ ਮੈਥੋਂ ਪੁੱਛੇ ਮੈਂ ਬਖਸ਼ੇ ਵੱਲ ਹੱਥ ਕਰ ਦਿਆ ਕਰਾਂ ਉਹ ਪੰਚੈਤ 'ਚ ਆਇਆ ਈ ਨਾ ਕਰੇ। ਫੇਰ ਇਕ ਦਿਨ ਉਹਨੇ ਸਾਰੇ ਰਜਿਸਟਰ ਚੌਕੀਦਾਰ ਹੱਥੀਂ ਭੇਜਤੇ। ਬਲਦੇਵ ਨੇ ਸਾਰਾ ਕੁਸ਼ ਕੱਠਾ ਕਰਕੇ ਮੇਰਾ ਪਰਚਾ ਕਰਾਤਾ। ਮੈਂ ਜਿਥੇ ਵੀ ਜਾਂਦਾ ਬਖਸ਼ੇ ਦਾ ਨਾਂ ਲਿਆ ਕਰਾਂ ਜਿਵੇਂ ਹੁਣ ਥੋਡੇ ਕੋਲ ਲਈ ਜਾਨਾਂ। ਪਰ ਉਹਨੂੰ ਕੋਈ ਪੁੱਛੇ ਈ ਨਾ। ਪੁਛਣਾ ਵੀ ਕੀਹਨੇ ਸੀ ਉਹ ਤਾਂ ਪਿੰਡ ਦਾ ਕੁਸ਼ ਹੈ ਈ ਨੀ ਸੀ ਨਾ ਮੈਂਬਰ ਨਾ ਸਰਪੰਚ। ਮੈਂ ਕਿਹਾ ਕਰਾਂ ਮੈਨੂੰ ਕਿਸੇ ਗੱਲ ਦਾ ਪਤਾ ਈ ਨੀ... ਬਖਸ਼ੇ ਨੂੰ ਪਤਾ ਹੋਊ। ਪਰ ਪੁਛਣ

ਆਲਾ ਅੱਗੋਂ ਕਿਹਾ ਕਰੇ ਬਈ ਸਰਪੰਚ ਤੂੰ ਆਂ ਕਿ ਬਖਸ਼ਾ, ਇਹਦਾ ਜਵਾਬ ਤੇਨੂੰ ਈ ਦੇਣਾ ਪਊ। ਮੈਂ ਤਾਂ ਹੁਣ ਕਸੂਤਾ ਫਸਿਆ ਪਿਆਂ ਜੀ। ਘਰ ਆਲੀ ਅੱਡ ਲੜਦੀ ਆ ਬਈ ਤੂੰ ਕਾਹਨੂੰ ਇਹਨਾਂ ਚੱਕਰਾਂ 'ਚ ਪੈਣਾ ਸੀ। ਕੁੜੀਆਂ ਗਲ ਚੜ੍ਹੀਆਂ ਪਈਆਂ। ਰੱਬ ਨਾ ਕਰੇ ਜੇ ਕੱਲ੍ਹ ਨੂੰ ਕੋਰੇ ਨਾਲ ਕੋਈ ਊਂਨੀ ਇਕੀ ਹੋਗੀ ਇਨ੍ਹਾਂ ਮਾਸੂਮਾਂ ਦਾ ਕੀ ਬਣੂੰ। ਪੈਸੇ ਧੇਲੇ ਅੱਲੋਂ ਅੱਗੋਂ ਔਖ ਆ। ਆਹ ਦਫਤਰਾਂ ਦੇ ਗੇੜੇ ਮਾਰਦਾ ਮੈਂ ਸਾਰਾ ਕੁਸ਼ ਵੇਚ ਵੱਟ ਕੇ ਖਾਈ ਜਾਨਾਂ। ਦੋ ਸੱਜਰ ਸੂਈਆਂ ਮੱਝਾਂ ਸੀ ਉਹ ਵੀ ਵੇਚਤੀਆਂ ਜੀ। ਹੌਲੀ-ਹੌਲੀ ਘਰ ਖਾਲੀ ਹੋਈ ਜਾਂਦਾ ਪਰ ਆਹ ਦਫਤਰਾਂ ਦੇ ਚੱਕਰ ਸਾਲੇ ਲੰਮੇਂ ਈ ਹੋਈ ਜਾਂਦੇ ਐ ਦਿਨੋ ਦਿਨ। ਐਨੀ ਖੁੱਜੇਖਾਣੀ ਤੋਂ ਬਾਦ ਗੱਲ ਸਾਲੀ ਕਿਸੇ ਸਿਰੇ ਲਗਦੀ ਨੀ ਦੀਹਦੀ। ਊ ਥੋਨੂੰ ਪਤਾ ਵੀ ਅੱਜਕੱਲ ਗਰੀਬ ਬੰਦੇ ਦੀ ਸੁਣਦਾ ਵੀ ਕੌਣ ਆ। ਮੈਂ ਜਿਧਰ ਵੀ ਜਾਨਾਂ ਹਰ ਬੰਦਾ ਦਬਕਾ ਮਾਰ ਕੇ ਈ ਗੱਲ ਕਰਦੈ। "

ਮੇਰੇ ਪਿਛੋਂ ਘਰੇ ਕੋਈ ਨਾ ਕੋਈ ਤੁਰਿਆ ਰਹਿੰਦੈ। ਮੈਨੂੰ ਵੀ ਬਾਹਰ ਅੰਦਰ ਗਏ ਨੂੰ ਦੇਰ ਸਵੇਰ ਹੋ ਜਾਂਦੀ ਆ ਜੀ। ਉਹ ਤਿੰਨੇ ਮਾਵਾਂ ਧੀਆਂ ਘਰੇ ਬੈਠੀਆਂ ਮੇਰਾ ਰਾਹ ਦੇਖਦੀਆਂ ਰਹਿੰਦੀਆਂ। ਸੱਚ ਜਾਣਿਓ ਇਹ ਗੱਲ ਮੈਨੂੰ ਬੜੀ ਚੁਭਦੀ ਐ ਜੀ। ਜੇਹੜਾ ਗੁਨਾਹ ਕੀਤਾ ਨੀ ਉਹਦੀ ਸਜ਼ਾ ਐਵੇਂ ਮੁਖਤ 'ਚ ਭੁਗਤੀ ਜਾ ਰਹੇ ਆਂ ਸਾਰਾ ਟੱਬਰ। ਇੱਕ ਦਿਨ ਪ੍ਰੀਤੋ ਬੈਠੀ ਬੈਠੀ ਮੈਨੂੰ ਕਹਿੰਦੀ ਐ ਕਰੋ ਵੇਲੇ ਦਾ ਕੋਈ ਭਰੋਸਾ ਨੀ, ਰੱਬ ਨਾ ਕਰੇ ਕੱਲ੍ਹ ਨੂੰ ਕੋਈ ਉਚੀ ਨੀਵੀਂ ਹੋਗੀ ਤਾਂ ਘਰ ਪੱਟਿਆ ਜਾਊਗਾ। ਆਪਾਂ ਕੁੜੀਆਂ ਦਾ ਕੋਈ ਬੰਨ੍ਹ ਸੁਬ ਕਰ ਦੇਈਏ। ਫਿਰ ਜਿਵੇਂ ਹੋਊ ਆਪਾਂ ਝੱਲ ਲਵਾਂਗੇ।

ਮੈਨੂੰ ਉਹਦੀ ਗੱਲ ਠੀਕ ਲੱਗੀ। ਪਿਛਲੇ ਮਹੀਨੇ ਮੈਂ ਕੁੜੀਆਂ ਨੂੰ ਉਹਨਾਂ ਦੀ ਭੂਆ ਕੋਲ ਛੱਡ ਆਇਆਂ। ਨਾਲੇ ਉਹਨੂੰ ਕਹਿਤਾ ਬਈ ਛੇਤੀ ਛੇਤੀ ਘਰ ਲੱਭ ਕੁੜੀਆਂ ਨੂੰ ਤੋਰੀਏ। ਮੇਰੀ ਭੈਣ ਬੜੀ ਸਿਆਣੀ ਐ ਜੀ ਮੇਰੀਆਂ ਗੱਲਾਂ ਚੋਂ ਈ ਸਾਰੀ ਗੱਲ ਬੁਝ ਗਈ। ਉਹਨੇ ਦਿਨਾਂ 'ਚ ਈ ਘਰ ਲੱਭ ਲਏ। ਆਹ ਦਸ ਦਿਨ ਪਹਿਲਾਂ ਉਹਦਾ ਸੁਨੇਹਾ ਆਇਆ ਸੀ ਬਈ ਕੁੜੀਆਂ ਲਈ ਘਰ ਲੱਭਲੇ ਆ। ਦੋਹੇਂ ਭਰਾ ਇਕੱਠੇ ਆ ਇਕੋ ਘਰ 'ਚ। ਮੁੰਡੇ ਵਧੀਆ ਕਾਰੋਬਾਰ ਕਰਦੇ ਆ। ਨਸ਼ੇ ਤੋਂ ਰਹਿਤ ਨੇ। ਪਰ ਉਹਨਾਂ ਦੀ ਇਕ ਸ਼ਰਤ ਆ ਬਈ ਵਿਆਹ ਛੇਤੀ ਲੈਣਾ। ਜੇ ਵਿਆਹ ਛੇਤੀ ਨਾ ਕੀਤੇ ਤਾਂ ਚੰਗਾ ਭਲਾ ਘਰ ਹੱਥੋਂ ਖਿਸਕ ਜੂਗਾ।

ਭੈਣ ਦੀ ਗੱਲ ਸੁਣ ਕੇ ਇਕ ਤਾਂ ਮੈਨੂੰ ਖੁਸ਼ੀ ਹੋਈ ਦੂਜੇ ਪਾਸੇ ਮੇਰਾ ਰੋਣ ਨੂੰ ਚਿਤ ਕਰੇ ਬਈ ਘਰੇ ਤਾਂ ਖੋਟਾ ਧੇਲਾ ਵੀ ਹੈਨੀ ਵਿਆਹ ਕਾਹਦੇ ਸਿਰ ਤੇ ਕਰਾਂ। ਪੈਸਾ ਧੇਲਾ ਜੇਹੜਾ ਥੋੜਾ ਬਹੁਤ ਹੈਗਾ ਸੀ ਸਾਰਾ ਵਕੂ ਫੜ੍ਹਾ ਕੇ ਕੇਸ 'ਤੇ ਲਾਤਾ। ਇਹ ਵੀ ਕਿਸੇ ਸਿਰੇ ਸਿਰੇ ਨੀ ਲੱਗਾ ਅਜੇ। ਪ੍ਰੀਤੋ ਕਹਿੰਦੀ ਰਹਿੰਦੀ ਆ ਬਈ ਤੁਸੀਂ ਫਿਕਰ ਨਾ ਕਰੋ ਰੱਬ ਨੂੰ ਜੋ ਮੰਜੂਰ ਹੋਇਆ ਉਹੀ ਹੋਣਾ ਘਾਬਰਿਆਂ ਕੁਸ਼ ਨੀ ਬਣਨਾ। ਪਰ ਥੋਨੂੰ ਪਤਾ ਜੀ ਫਿਰ ਖਾਲੀ ਜੇਬ ਬੰਦੇ ਨੂੰ ਬਹੁਤ ਕੁਸ਼ ਸਿਖਾ ਦਿੰਦੀ ਐ। ਜੀਹਦਾ ਮੂੰਹ ਨੀ ਵੇਖਣਾ ਉਹਦੀ ਪਿੱਠ ਵੇਖਣੀ ਪੈ ਜਾਂਦੀ ਆ ਕਈ ਵਾਰੀ। ਪਰ ਮੇਰੇ ਰਿਸ਼ਤੇਦਾਰ ਬੜੇ ਚੰਗੇ ਆ ਜੀ ਉਹ ਕਹਿੰਦੇ ਅਸੀਂ ਥੋੜ੍ਹੀ ਬਹੁਤ ਮਦਾਦ ਕਰ ਦਿਆਂਗੇ। ਪਰ ਆਵਦੇ ਕੋਲੇ ਵੀ ਤਾਂ ਕੁਸ਼ ਹੋਣਾ ਚਾਹੀਦਾ ਜੀ। ਐਹੋ ਜੇ ਮੌਕੇ ਤੇ ਨਿਰਾ ਕਿਸੇ ਦੇ ਹੱਥਾਂ ਵੱਲ ਵੇਖ ਕੇ ਵੀ ਤਾਂ ਨਈਂ ਸਰਦਾ। ਬਖਸ਼ਾ ਅੱਡ ਘਰ ਘਰ ਕਰਦਾ ਰਹਿੰਦਾ। ਕਈ ਬੰਦਿਆਂ ਕੋਲੇ



ਉਹਨੇ ਗੱਲ ਕੀਤੀ ਆ ਬਈ ਮੈਂ ਧੱਕੇ ਨਾਲ ਘਰ ਖਾਲੀ ਕਰਵਾ ਲੈਣਾ। ਮੈਂ ਸੋਚਿਆ ਬਈ ਜੇ ਉਹਨੇ ਧੱਕੇ ਨਾ ਘਰ ਦੱਬ ਲਿਆ ਫੇਰ ਵੀ ਤਾਂ ਸਬਰ ਕਰਨਾ ਈ ਐ। ਚਲੋ ਬੈਂਕ ਤੋਂ ਕਰਜ਼ਾ ਲੈ ਲੈਨੇ ਆਂ ਘਰ ਤੇ। ਇੱਕ ਵਾਰੀ ਕੁੜੀਆਂ ਦੇ ਵਿਆਹ ਤਾਂ ਕਰੀਏ ਬਾਕੀ ਜੋ ਹੋਊ ਵੇਖੀ ਜਾਊ। ਇੱਕ ਦਿਨ ਮੈਂ ਏਸੇ ਉਧੇੜ ਬੁਣ ਵਿਚ ਬੈਂਕ ਚਲਾ ਗਿਆ ਜੀ।

ਮਨੇਜਰ ਸਾਬ ਨੂੰ ਮੈਂ ਸਾਰੀ ਗੱਲ ਜਾ ਦੱਸੀ ਬਈ ਮੈਨੂੰ ਘਰ ਤੇ ਕਰਜ਼ਾ ਚਾਹੀਦੈ। ਉਹ ਅੱਗੋਂ ਮੁਸਕੜੀਆਂ 'ਚ ਹੱਸਦਾ ਮੈਨੂੰ ਕਹਿੰਦਾ "ਬਈ ਚੰਦ ਸਿਹਾਂ ਤੂੰ ਸਰਪੰਚ ਆਦਮੀ ਐਂ, ਐਨੇ ਕੁ ਪੈਸੇ ਤਾਂ ਤੈਨੂੰ ਉਤੋਂ ਪੁਤੋਂ ਈ ਬਣਗੇ ਹੋਣਗੇ। ਤੈਨੂੰ ਕਰਜੇ ਦੀ ਕੀ ਲੋੜ ਪੈਗੀ। "

"ਕਿਉਂ ਤੁਸੀਂ ਜ਼ਖਮਾਂ 'ਤੇ ਲੂਣ ਪਾ ਰਹੇ ਆਂ ਮਨੇਜਰ ਸਾਬ। ਇਕ ਤਾਂ ਬੰਦਾ ਅੰਦਰੋਂ ਦੁਖੀ ਹੁੰਦਾ ਉਤੋਂ ਤੁਸੀਂ ਮਜ਼ਾਕ ਬਣਾ ਦਿੰਨੇ ਆਂ। ਮੈਂ ਸੱਚ ਕਹਿ ਰਿਹਾ ਬਈ ਮੈਨੂੰ ਕਰਜ਼ਾ ਚਾਹੀਦੈ ਘਰ ਤੇ।"

ਮੇਰੇ ਮੂੰਹ ਵੱਲ ਵੇਖ ਕੇ ਉਹ ਫਾਈਲਾਂ ਜੀਆਂ ਫੋਲਣ ਲਗ ਪਿਆ। ਪੰਜ ਕੁ ਮਿੰਟ ਬਾਦ ਕਹਿੰਦਾ ਬਈ ਸਰਪੰਚਾ ਤੈਨੂੰ ਪਟਵਾਰੀ ਕੋਲ ਜਾਣਾ ਪੈਣਾ। ਉਹਤੋਂ ਘਰ ਦੀ ਫਰਦ ਲਿਆ ਕਢਵਾ ਕੇ ਤੇ ਨਾਲੇ ਰਜਿਸਟਰੀ ਦੀ ਕਾਪੀ ਲੈ ਆਵੀਂ ਫੇਰ ਦਿਆਂਗੇ ਤੈਨੂੰ ਕਰਜ਼ਾ।

ਪਟਵਾਰੀ ਦਾ ਨਾਂ ਸੁਣ ਕੇ ਮੇਰੇ ਮੱਥੇ ਦੀਆਂ ਤਿਊੜੀਆਂ ਵੱਟ ਖਾਗੀਆਂ। ਮਨ 'ਚ ਸੋਚਿਆ ਬਈ ਮੈਂ ਉਸ ਸਾਲੇ ਦੇ ਮੱਥੇ ਕਿਉਂ ਲੱਗਾਂ ਜੀਹਨੇ ਮੇਰੀ.... । ਪਰ ਫੇਰ ਵੀ ਸਰਕਾਰੀ ਬੰਦਾ ਸੀ ਜਾਣਾ ਈ ਪੈਣਾ ਸੀ। ਅਗਲੀ ਸਵੇਰ ਮੈਂ ਜਕਾ ਤਕਾ ਕਰਦੇ ਨੇ ਉਹਨੂੰ ਜਾ ਫਤਿਹ ਬੁਲਾਈ। ਐਨਕਾਂ ਉਤੋਂ ਦੀ ਅਵੱਲਾ ਜਿਆ ਝਾਕਦਾ ਉਹ ਬੋਲਿਆ "ਆਓ ਸਰਪੰਚ ਸਾਬ ਕੀ ਹਾਲ ਚਾਲ ਐ ਥੋਡੇ, ਕਿਵੇਂ ਦਰਸ਼ਨ ਦੇਣੇ ਹੋਏ ਅੱਜ।"

"ਕਿਉਂ ਮਜ਼ਾਕ ਕਰਦੇ ਆਂ ਪਟਵਾਰੀ ਸਾਬ ਅਸੀਂ ਦਰਸ਼ਨ ਦੇਣ ਨੀ ਕਰਨ ਆਏ ਆਂ ਥੋਡੇ। ਮੈਨੂੰ ਆਪਣੇ ਘਰ ਦੀ ਫਰਦ ਚਾਹੀਦੀ ਆ ਜੀ ਜੇ ਕਿਰਪਾ ਕਰੋਂ ਤਾਂ ਦੇ ਦਿਓ।"

ਫਰਦ....? ਕਾਹਦੀ ਘਰ ਦੀ.... ਲੈ ਸਰਪੰਚ ਸਾਬ ਤੀ ਮਜ਼ਾਕ ਕਰਦੇ ਆ ਤੁਸੀਂ। ਵੇਹੜੇ ਵਾਲਿਆਂ ਦੀ ਕੋਈ ਫਰਦ ਨੀ ਹੁੰਦੀ।"

"ਕਿਉਂ ਜੀ ਸਾਡੀ ਫਰਦ ਕਿਉਂ ਨੀ ਹੁੰਦੀ ! ਸਾਡੇ ਘਰਾਂ ਦੀ ਮਾਲਕੀ ਆਲੀ ਜ਼ਮੀਨ ਆਂ ਜੀ। ਪਿਉ ਦਾਦੇ ਤੋਂ ਲੈ ਕੇ ਅਸੀਂ ਇਥੇ ਰਹਿੰਨੇ ਆ ਰਹੇ ਆਂ ਜੀ। ਜੀਹਤੋਂ ਮਰਜੀ ਪੁੱਛ ਲਉ। ਸਾਡਾ ਰਕਾਟ ਹੋਊਗਾ ਥੋਡੀਆਂ ਕਿਤਾਬਾਂ 'ਚ। ਥੋੜ੍ਹਾ ਜਿਆ ਧਿਆਨ ਨਾਲ ਵੇਖੋ ਜੀ ਥੋਨੂੰ ਕੋਈ ਭਲੇਖਾ ਲੱਗਾ ਹੋਣਾ। ਅਸੀਂ ਤਾਂ ਜਨਮਾਂ ਜਮਾਂਤਰਾਂ ਦੇ ਏਥੇ ਬੈਠੇ ਆਂ ਜੀ। "

"ਸਰਪੰਚਾ ਭੁਲੇਖਾ ਮੈਨੂੰ ਨੀ ਤੈਨੂੰ ਲੱਗਾ ਲਗਦਾ। ਵਿਹੜੇ ਦੇ ਸਾਰੇ ਘਰ ਲਾਲ ਲਕੀਰ ਦੇ ਅੰਦਰ ਆਉਂਦੇ ਆ। ਤੇ ਲਾਲ ਲਕੀਰ ਦੇ ਅੰਦਰ ਆਉਂਦੀ ਸਾਰੀ ਜ਼ਮੀਨ ਸਰਕਾਰੀ ਹੁੰਦੀ ਆ। ਉਹਦੀ ਕੋਈ ਲਿਖਤ ਪੜ੍ਹਤ ਨੀ ਹੁੰਦੀ। ਬੰਦਾ ਤਰਸ ਦੇ ਅਧਾਰ 'ਤੇ ਉਥੇ ਰਹਿ ਸਕਦਾ ਪਰ ਕੋਈ ਕਰਜ਼ਾ ਵਗੈਰਾ ਨੀ ਲੈ ਸਕਦਾ। ਹੁਣ ਸਮਝ ਆਈ ਮੇਰੀ ਗੱਲ ਕਿ ਨਈਂ ਅਜੇ।
"

"ਹੈਂਅ ਆਹ ਕੀ ਗੱਲ ਹੋਈ ਭਲਾ.... ।"

"ਲੈ ਗੱਲ ਕੀ ਹੋਣੀ ਐ ਤੈਨੂੰ ਨੀ ਪਤਾ। ਆਪਣਾ ਪਿੰਡ ਈ ਨਹੀਂ ਪੂਰੇ ਪੰਜਾਬ 'ਚ ਈ ਐਸ ਤਰਾਂ ਐ। ਜਿਥੇ ਜਿਥੇ ਵੀ ਛੋਟੀਆਂ ਜਾਤਾਂ ਰਹਿੰਦੀਆਂ ਪਚੱਤਰ ਪ੍ਰਸੈਂਟ ਅਬਾਦੀ ਲਾਲ ਲਕੀਰ ਦੇ ਅੰਦਰ ਆਉਂਦੀ ਐ। ਐਹੋ ਜੇਹੀਆਂ ਜ਼ਮੀਨਾਂ ਦੀਆਂ ਰਜਿਸਟਰੀਆਂ ਜਾ ਫਰਦਾਂ ਨੀ ਹੋਗੀਆਂ ਜੀਹਤੋਂ ਮਰਜ਼ੀ ਪੁੱਛ ਲਾ।"

ਹੋਅ ਆਹ ਤਾਂ ਸਾਲੀ ਜੱਗੋਂ ਤੇਰਵੀਂ ਗੱਲ ਸੁਣਲੀ ਯਰ। ਬਈ ਸਾਡੇ ਅਰਗੇ ਗਰੀਬਾਂ ਕੋਲ ਕੁਸ ਹੈ ਈ ਨੀ। ਮਤਲਬ ਬੀ ਸਿਰ ਢਕਣ ਜੋਗੀ ਥਾਂ ਵੀ ਹੈਨੀ। ਪਟਵਾਰੀ ਦੀ ਗੱਲ ਸੁਣ ਕੇ ਮੈਂ ਘੜਾ ਪਾਣੀ ਦਾ ਮੇਰੇ ਸਿਰ 'ਚ ਪੈ ਗਿਆ ਜੀ। ਬਈ ਅਸੀਂ ਸਾਰੇ ਲੋਕ ਜੁੱਲੀ ਚੱਕ ਈ ਆਂ ਪੰਜਾਬ ਚ। ਸਾਡੇ ਬਾਰੇ ਅਜੇ ਤਾਂਈਂ ਕਿਸੇ ਸਰਕਾਰ ਨੇ ਸੋਚਿਆ ਈ ਨੀ। ਸਾਨੂੰ ਇਹ ਸਿਆਸਤੀ ਲੋਕ ਸਿਰਫ ਵੋਟਾਂ ਖਾਤਰ ਈ ਵਰਤਦੇ ਆ ਰਹੇ ਆ ਬਖਸੇ ਆਂਗੂੰ। ਪਤੰਦਰ ਆਵਦੇ ਘਰ ਭਰਦੇ ਰਹੇ ਤੇ ਸਾਨੂੰ ਘਰੋਂ ਬੇਘਰ ਕਰਕੇ ਲਾਲ ਕਾਲੀਆਂ ਲਕੀਰਾਂ 'ਚ ਈ ਵਲੀ ਫਿਰਦੇ ਰਹੇ ਆ। ਮਤਲਬ ਬੀ ਹੁਣ ਅਸੀਂ ਏਹਨਾਂ ਦੀ ਜੀ ਹਜ਼ੂਰੀ ਕਰਨ ਜੋਗੇ ਈ ਰਹਿਗੇ ਆਂ। ਵੈਸੇ ਇਹ ਵੀ ਏਹਨਾਂ ਦੀਆਂ ਲੂੰਬੜ ਚਾਲਾਂ ਨੇ, ਜੀ ਸਾਰੀਆਂ, ਕੀਹਨੂੰ ਦੱਸ ਦਿਆਂ। ਅਸਲ 'ਚ ਏਹ ਲੋਕ ਚਾਹੁੰਦੇ ਈ ਨੀ ਬਈ ਗਰੀਬ ਗੁਰਬਾ ਵੀ ਆਵਦੇ ਪੈਰਾਂ ਸਿਰ ਹੋਜੇ। ਪਰ ਏਹਨਾਂ ਨੂੰ ਏਹ ਨੀ ਪਤਾ ਬਈ ਜੇਹੜੇ ਬਣਾਉਣਾ ਜਾਣਦੇ ਆ ਉਹਨਾਂ ਨੂੰ ਢਾਹੁਣ ਦਾ ਵੱਲ ਵੀ ਆਉਂਦਾ। ਜੇ ਏਹਨਾਂ ਦੀਆਂ ਏਹੀ ਗੱਲਾਂ ਐ ਨਾ ਤਾਂ ਅਸੀਂ ਵੀ ਸੋਚ ਲੈਣੇ ਆ ਫਿਰ ਕੁਸ। ਹੁਣ ਇਉਂ ਨੀ ਸਰਨਾ ਕੁਸ ਤਾਂ ਕਰਨਾ ਈ ਪਊ। ਕੇਰਾਂ ਆਹ ਕੁੜੀਆਂ ਦੇ ਵਿਆਹ ਕਰਕੇ ਵੇਹਲਾ ਹੋ ਲਵਾਂ ਫੇਰ ਕਰਦੇ ਆਂ ਕੁਸ।

"ਹੋਅ ਜੀ! ਕੀ ਕਿਹੈ, ਮੈਂ ਕੀ ਕਰੂੰ।"

"ਮਾੜੇ ਬੰਦੇ ਨੇ ਕੀ ਕਰਨਾ ਹੁੰਦਾ ਜੀ, ਸਾਡੇ ਅਰਗਿਆਂ ਕੋਲੇ ਤਾਂ ਤਰਲੇ ਈ ਹੁੰਦੇ ਆ ਜਾਂ ਫਿਰ ਧਰਨੇ। ਤਰਲੇ ਹੁਣ ਮੈਂ ਕਰੀ ਜਾਨਾ ਥੰਡੇ ਮੂਹਰੇ ਖੜ੍ਹਾ ਬਈ ਮੇਰਾ ਕੋਈ ਕਸੂਰ ਨੀ। ਮੈਂ ਅਨਪੜ੍ਹ ਗਰੀਬ ਬੰਦਾ ਬਖਸੇ ਦੀਆਂ ਸਿਆਸੀ ਚਾਲਾਂ 'ਚ ਫਸ ਗਿਆ ... ਮੇਰੀ ਕੋਈ ਗਲਤੀ ਨੀ। ਜੇ ਕੋਈ ਮੰਨ ਗਿਆ ਤਾਂ ਠੀਕ ਆ ਨਹੀਂ ਫਿਰ ਮੈਂ ਧਰਨਿਆਂ 'ਤੇ ਆਊਂ। ਆਹ ਅੱਗੇ ਵੀ ਤਾਂ ਸਾਰਾ ਪੰਜਾਬ ਏਹਨਾਂ ਕੰਮਾਂ ਤੇ ਹੋਇਆ ਈ ਫਿਰਦੈ। ਵਿਚੇ ਮੈਂ ਜਾ ਰਲੂੰ। ਊਂ ਮੈਨੂੰ ਪਤੈ ਬਈ ਸਰਕਾਰਾਂ ਦੇ ਘਰੋਂ ਹੱਕ ਲੈਣੇ ਐਨੇ ਸੌਖੇ ਨੀ। ਏਹਨਾਂ ਨੂੰ ਪਾਉਣ ਖਾਤਰ ਸੜਕਾਂ ਤੇ ਉਤਰਨਾਂ ਈ ਪੈਂਦਾ। ਤੇ ਕਈ ਵਾਰੀ ਬੰਦੇ ਨੂੰ ਆਪਣੇ ਆਪ ਤੋਂ ਵੀ ਬਾਗੀ ਵੀ ਹੋਣਾ ਪੈ ਜਾਂਦਾ। ਕਿਉਂ ਜੀ, ਹੈ ਕਿ ਨਾ।"

—0—



# ਆ ਆਪਾਂ ਘਰ ਬਣਾਈਏ/ਸਿਮਰਨ ਧਾਲੀਵਾਲ

ਪੰਜ ਕੁ ਸਾਲ ਪਹਿਲਾਂ ਜਦੋਂ ਖਰੈਤੀ ਲਾਲ ਨੇ ਆਪਣਾ ਥਾਂ ਨਰੈਣੇ ਨੂੰ ਵੇਚਿਆ ਸੀ। ਮੈਂ ਉਦੋਂ ਈ ਸੋਚਿਆ ਸੀ, "ਕਰਾਤ ਸਿਰ 'ਤੇ ਕਿਠਾ ਗਿਆ ਸਾਡੇ। ਆਪ ਤੁਰ ਗਿਆ ਸ਼ਹਿਰ ਨੂੰ। ਸਾਡੇ ਭਾਅ ਪਾ ਗਿਆ ਸਿਆਪਾ...।"

ਫਿਰ ਖੁਦ ਮੈਂ ਹੀ ਸੋਚਿਆ-"ਕੁੱਤਿਆਂ ਦੀ ਹੱਗਣਾ ਇੱਥੇ। ਥਾਂ ਤਾਂ ਬਾਹਮਣ ਕੌੜੀਆਂ ਦੇ ਭਾਅ ਸੁੱਟ ਗਿਆ। ਕੁੱਲਾ ਛੱਤਣਾ ਸੌਖਾ ਪਿਆ।" ਮੈਂ ਸਮਝਦਾ ਸਾਂ, ਨਾ ਨੌਂ ਮਣ ਤੇਲ ਕੱਠਾ ਹੋਣਾ ਨਾ ਰਾਧਾ ਨੱਚਣਾ। ਥਾਂ ਖ੍ਰੀਦੀ ਤੋਂ ਸਾਲ ਕੁ ਬਾਅਦ ਨਰੈਣੇ ਦਾ ਵੱਡਾ ਮੁੰਡਾ, ਅਰਜ਼ੂ ਫੌਜ ਵਿੱਚ ਭਰਤੀ ਹੋ ਗਿਆ। ਦੋ ਸਾਲ ਥਾਂ ਫੇਰ ਵਿਹਲੀ ਪਈ ਰਹੀ। ਮੈਂ ਅੰਦਰੋਂ-ਅੰਦਰੀਂ ਨਫ਼ਰਤ ਨਾਲ ਭਰਦਾ ਰਿਹਾ। ਪਰ ਨਰੈਣਾ ਤਾਂ....!!

ਨਰੈਣਾ ਕਦੀ-ਕਦੀ 'ਆਪਣੀ' ਥਾਂ ਦੇਖਣ ਆ ਜਾਂਦਾ।

"ਸੁਣਾ ਬਈ ਮੇਜਾ ਸਿਆਂ! ਖੁਸ਼ਨੰਦ ਆ?" ਆਪਣੇ ਖੋਲਿਆਂ ਵਿਚ ਖੜਾ ਨਰੈਣਾ ਦੂਰੋਂ ਹੀ ਹਾਕਾਂ ਮਾਰਨ ਲੱਗਦਾ। ਸਾਡਾ ਘਰ ਤੇ ਖਰੈਤੀ ਦਾ ਘਰ ਆਹਮੋ-ਸਾਹਮਣੇ ਸੀ। ਜਦੋਂ ਮਾਹੌਲ ਖਰਾਬ ਹੋਏ ਖਰੈਤੀ ਭਾਂਡਾ-ਟੀਂਡਾ ਚੁੱਕ ਕੇ ਸ਼ਹਿਰ ਜਾ ਬੈਠਾ। ਉਹਦਾ ਮਕਾਨ ਕਈ ਸਾਲ ਬੰਦ ਪਿਆ ਰਿਹਾ। ਢੁਲ੍ਹਿਆਂ ਉੱਤੇ ਘਾਹ ਉੱਗਣ ਲੱਗਿਆ। ਘਰ ਵਿਕਿਆ ਨਾ। ਖਰੈਤੀ ਨੇ ਮਜ਼ਦੂਰ ਲਗਾ ਕੇ ਮਕਾਨ ਢਾਹ ਲਿਆ ਤੇ ਇੱਟਾਂ ਬਾਲੇ ਸ਼ਹਿਰ ਨੂੰ ਲੈ ਗਿਆ।

"ਕੋਈ ਨਾ ਥਾਂ ਦਾ ਕਿਹੜਾ ਕੁਝ ਘਸ ਚੱਲਿਆ। ਆਪੇ ਵਿਕਦੀ ਰਹੂ।"-ਖਰੈਤੀ ਖੀਂ-ਖੀਂ ਕਰਕੇ ਹੱਸਦਾ। ਪਿੰਡਾਂ ਵਿੱਚ ਥਾਵਾਂ ਨੂੰ ਕੌਣ ਪੁੱਛਦਾ। ਅਖੀਰੀ ਗਰਜ਼ ਦੇ ਮਾਰਿਆਂ ਖਰੈਤੀ ਨੇ ਥਾਂ ਸਸਤੇ ਮੁੱਲ ਨਰੈਣੇ ਨੂੰ ਫੜਾ ਦਿੱਤੀ।

"ਵਧੀਆ ਨਰੈਣ ਸਿਆਂ ਤੂੰ ਦੱਸ ਕਦ ਛੱਤਣੇ ਫਿਰ ਮਹਿਲ?"-ਆਪਣੇ ਘਰ ਦੇ ਗੇਟ ਅੱਗੇ ਖੜਾ ਮੈਂ ਨਰੈਣੇ ਨੂੰ ਜਵਾਬ ਦੇ ਦਿੰਦਾ।

"ਬੱਸ ਰੱਬੀ ਵੱਲ ਈ ਝਾਕਦੇ। ਤੂੰ ਸਿਆਣਾ ਮਕਾਨ ਕਿਹੜਾ ਐਵੇਂ ਬਣਦੇ। ਥਾਂ ਜੁੜ ਗਈ। ਮਕਾਨ ਵੀ ਬਣੂ ਈ। ਸੱਚੇ ਪਾਤਸ਼ਾਹ ਕਰਨ ਵਾਲਾ। ਤੈਨੂੰ ਕਿਹੜਾ ਭੁੱਲ ਦੇ....।" ਨਰੈਣਾ ਪੁਰਾਣੀ ਕਥਾ ਛੇੜ ਬੈਠਦਾ।

ਨਰੈਣਾ ਮੇਰੇ ਨਾਲੋਂ ਦਸ ਕੁ ਸਾਲ ਵੱਡਾ ਹੋਣਾ। ਅਸੀਂ ਛੋਟੇ ਹੀ ਸਾਂ ਜਦੋਂ ਉਹ ਸਾਡੇ ਨਾਲ ਸੀਰੀ ਆ ਰਲਿਆ ਸੀ। ਐਸੀ ਗੱਲ-ਕੱਥ ਮਹੀਨੇ ਵੀਹੀਂ ਦਿਨੀਂ ਹੋ ਜਾਂਦੀ। ਜਦੋਂ ਕਦੇ ਨਰੈਣਾ ਸਾਡੇ ਸਾਹਮਣੇ ਖ੍ਰੀਦੀ 'ਆਪਣੀ' ਥਾਂ ਵੇਖਣ ਆਉਂਦਾ। ਉਹ 'ਆਪਣੇ' ਥਾਂ 'ਚ ਖੜਾ ਹੁੰਦਾ। ਮੈਂ ਆਪਣੇ ਗੇਟ ਅੱਗੇ। ਕਦੀ-ਕਦੀ ਉਹ ਗੇਟ ਟੱਪ ਆਉਂਦਾ। ਪੁਰਾਣੀਆਂ ਗੱਲਾਂ ਕਰਨ ਲੱਗਦਾ।

"ਦੇਖਲਾ ਮੇਜਾ ਸਿਆਂ! ਵੇਲੇ-ਵੇਲੇ ਦੀਆਂ ਗੱਲਾਂ ਛੇਨੂੰ ਮੈਂ ਦੱਸਦਾ ਬਈ ਉਦੋਂ ਆਹ ਪਸ਼ੂਆਂ ਲਈ ਪੱਕਾ ਬਰਾਂਡਾ ਨਹੀਂ ਸੀ ਹੁੰਦਾ। ਤੇੜ ਤੀਕ ਕੱਚਾ ਕੋਠਾ ਸੀ। ਇੱਕ ਪਾਸੇ ਤੂੜੀ ਪਾਉਂਦੇ। ਇੱਕ ਪਾਸੇ ਪਸ਼ੂ ਬੰਨ੍ਹਦੇ।"....

ਨਰੈਣਾ ਨਵੇਂ ਮਕਾਨ ਵਿਚੋਂ ਪੁਰਾਣੇ ਘਰ ਦਾ ਨਕਸ਼ਾ ਦਿਖਾਉਣ ਲੱਗਦਾ।

ਦੋ ਕਮਰੇ ਤਾਂ ਨਰੈਣੇ ਨੇ ਵੀ ਛੱਤ ਲਏ ਸਨ। ਜਿਸ ਦਿਨ ਨੀਂਹ ਧਰੀ ਸੀ। ਉਸ ਦਿਨ ਲੱਡੂ ਲੈ ਕੇ ਫੱਕਰ ਸਾਡੇ ਵੱਲ ਆਇਆ।

"ਲਓ ਜੀ ਕਰੋ ਮੂੰਹ ਮਿੱਠਾ। ਸੁੱਖ ਨਾਲ ਦੋਵੇਂ ਭਾਈ ਕੋਲ ਕੋਲ ਆ ਗਏ ਆ ਮੇਜਾ ਸਿਆਂ।"-ਨਰੈਣੇ ਦੀ ਇਸ ਗੱਲ ਨਾਲ ਮੇਰਾ ਮੂੰਹ ਕੌੜਾ ਹੋ ਗਿਆ। ਉਹ ਬੂਹਿਓਂ ਬਾਹਰ ਹੋਇਆ। ਮੈਂ ਅੱਧਾ ਬਚਿਆ ਲੱਡੂ ਕੁੱਤੇ ਅੱਗੇ ਪਾ ਦਿੱਤਾ। ਨਰੈਣਾ ਸਾਡੇ ਸਾਹਮਣੇ ਘਰ ਬਣਨ ਕਰਕੇ ਬਹੁਤ ਖੁਸ਼ ਸੀ। ਜਿੰਨਾ ਉਹ ਮੋਹ ਦਿਖਾਉਂਦਾ, ਉਨਾ ਹੀ ਉਹ ਮੈਨੂੰ ਭੈੜਾ ਲੱਗਦਾ।

"ਸਾਲਾ ਬਾਘੜ ਜਿਹਾ ਭਰਾ ਤੂੰ ਮੇਰਾ ਸੱਜੇ ਪੱਟੋਂ ਕੱਢਿਆਂ। ਉਦੀ ਸਿਰ 'ਤੇ ਚੜਦਾ ਜਾਊ।"-ਮੈਂ ਮਨ ਵਿਚ ਕੁੜਦਾ ਰਹਿੰਦਾ। ਚੌਦਾਂ ਸਾਲ ਸਾਡੇ ਨਾਲ ਸੀਰ ਕਮਾ ਕੇ ਉਹ ਖ਼ੁਦ ਨੂੰ ਸਾਡੇ ਘਰ ਦਾ ਹਿੱਸਾ ਸਮਝਣ ਲੱਗਿਆ ਸੀ। ਬਾਪੂ ਨਰੈਣੇ ਨਾਲ ਤੇਹ ਦਿਖਾਉਂਦਾ ਹੁੰਦਾ ਸੀ। ਰੋਟੀ ਖਾਣ ਲੱਗਿਆ ਉਹਨੂੰ ਕੋਲ ਬੈਠਾ ਲੈਣਾ। ਹਰ ਚੀਜ਼ ਬਰਾਬਰ ਦੀ ਦੇਣੀ। ਉਹਨੂੰ ਘਰ-ਬਾਹਰ ਪੂਰੀ ਖੁੱਲ੍ਹ ਸੀ। ਪਰ ਹੁਣ ਤਾਂ ਵੇਲੇ ਬਦਲ ਗਏ ਸਨ। ਸਾਡੇ ਨਾਲ ਸੀਰ ਛੱਡਿਆਂ ਨਰੈਣੇ ਨੂੰ ਮੁੱਦਤ ਹੋ ਗਈ ਸੀ। ਸੀਰ ਛੱਡਣ ਮਗਰੋਂ ਪਹਿਲਾਂ ਪਿੰਡ 'ਤੇ ਫਿਰ ਸ਼ਹਿਰ। ਉਹ ਬਹੁਤ ਸਾਲ ਦਿਹਾੜੀਆਂ ਕਰਦਾ ਰਿਹਾ। ਉਹਦਾ ਵਿਆਹ ਹੋਇਆ। ਜਵਾਕ ਹੋਏ। ਘਰੋਂ ਭੰਗ ਭੁਜਦੀ। ਨਰੈਣੇ ਦੇ ਚਾਰ ਜਵਾਕ ਸਨ। ਦੋ ਕੁੜੀਆਂ, ਦੋ ਮੁੰਡੇ। ਕੁੜੀਆਂ ਇੱਕੋ ਜਿੱਡੀਆਂ। ਲਗਰ ਵਰਗੀਆਂ। ਫੱਕਰ ਨੇ ਦੋਵੇਂ ਕੁੜੀਆਂ ਔਖੇ ਸੌਖੇ ਵਿਆਹ ਦਿੱਤੀਆਂ। ਤਿੰਨੀ ਕੱਪੜੀਂ। ਨਾ ਕੋਈ ਬਰਾਤ ਨਾ ਮੇਲ। ਗੁਰਦੁਆਰੇ ਫੇਰੇ ਕੀਤੇ। ਚਾਹ ਪਾਣੀ ਦਾ ਖਰਚ ਬਾਪੂ ਨੇ ਕਰ ਦਿੱਤਾ।

"ਧੀਆਂ ਭੈਣਾਂ ਤਾਂ ਸਭ ਦੀਆਂ ਸਾਂਝੀਆਂ ਹੁੰਦੀਆਂ। ਰੱਬ ਖ਼ਬਰੇ ਕੀਹਦੇ ਪੈਰਾਂ ਪਿੱਛੇ ਦਿੰਦਾ।"-ਬਾਪੂ ਦਾਨ-ਪੁੰਨ ਦਾ ਬਹਾਨਾ ਬਣਾ ਲੈਂਦਾ। ਮੇਰਾ ਮੁੰਡਾ ਤੇ ਨਰੈਣੇ ਦਾ ਛੋਟਾ ਮੁੰਡਾ ਭੀਲਾ ਦੋਵੇਂ ਇੱਕਠੇ ਪੜ੍ਹੇ। ਨੌਂਵੀਂ ਵਿੱਚੋਂ ਹਟ ਕੇ ਭੀਲਾ ਬੋਰਾਂ ਵਾਲੇ ਜਗਤਾਰ ਨਾਲ ਜਾਣ ਲੱਗਿਆ। ਤਰਸੇਮ ਦਸਵੀਂ ਕਰ ਗਿਆ ਤੇ ਫਿਰ ਵੱਡੇ ਸਕੂਲੇ ਗਿਆਰਵੀਂ ਵਿਚ ਜਾ ਦਾਖਲ ਹੋਇਆ। ਅਰਜੂ ਵੱਡਾ ਸੀ। ਉਹ ਦੱਸਵੀਂ ਕਰ ਕੇ ਬੋਰਾਂ ਵਾਲੇ ਨਾਲ ਜਾਂਦਾ ਹੁੰਦਾ ਸੀ। ਉਹ ਭਰਤੀ ਹੋਇਆ ਤਾਂ ਭੀਲਾ ਜਾਣ ਲੱਗਿਆ। ਸਾਡੇ ਵਾਲੇ ਤੋ ਤੁੱਕ ਪੱਲੇ ਨਾ ਪੈਂਦੇ।

"ਕਾਹਦੇ ਬਣੇ ਸਾਲੇ ਚਾਪੜ ਜਿਹੇ। ਨਾ ਔਕਣ ਨਾ ਥੱਕਣ। ਸੁੱਕੀਆਂ ਰੋਟੀਆਂ ਆਸਰੇ.....।"-ਮੈਂ ਹੈਰਾਨ ਹੁੰਦਾ। ਨਰੈਣਾ ਲੰਘਦਾ ਆਉਂਦਾ ਆਖ ਜਾਂਦਾ, "ਮੇਜਾ ਸਿਆਂ! ਸੇਮੇ ਨੂੰ ਭੇਜਿਆ ਕਰ ਗਰਾਊਂਡ 'ਚ। ਅਰਜੂ ਨਾਲ ਲੱਗਾ ਰਿਹਾ ਕਰੂ। ਫ਼ੌਜ ਵਿਚਲਾ ਮਾੜੀ ਜੇ ਗੱਲ ਬਣਜੇ ਤਾਂ। ਸਾਰੀ ਉਮਰ ਦੀ ਰੋਟੀ ਆ।"

ਮੈਂ ਹੂੰ-ਹਾਂ ਕਰ ਛੱਡਦਾ। ਮਨ ਵਿਚ ਸੋਚਦਾ , 'ਫੌਜੀ ਤਾਂ ਨਰੈਣੇ ਆਲੇ ਨੂੰ ਈ ਉਡੀਕਦੇ ਜਿਵੇਂ ਛੱਲਾਂ ਤਾਂ ਇਉਂ ਕਰਦਾ..' ਪਰ ਜਦੋਂ ਅਰਜੂ ਫੌਜ 'ਚ ਭਰਤੀ ਹੋ ਗਿਆ। ਮੈਨੂੰ ਮੇਰੀ ਗੱਲ ਹੀ ਝੂਠੀ ਲੱਗੀ। ਤਿੰਨਾਂ ਕੁ ਸਾਲਾਂ ਵਿਚ ਬਹੁਤ ਕੁਝ ਬਦਲ ਗਿਆ। ਨਰੈਣਾ ਦਿਹਾੜੀ ਨਾ ਜਾਂਦਾ। ਉਹਨੇ ਦੋ ਕੁ ਫੰਡਰ ਜਿਹੀਆਂ ਗਾਵਾਂ ਰੱਖ ਲਈਆਂ। ਉਹਨਾਂ ਦੀ ਸਾਂਭ-



ਸੰਭਾਲ ਨੂੰ ਲੱਗਿਆ ਰਹਿੰਦਾ। ਜੱਟਾਂ ਦੇ ਖੇਤਾਂ 'ਚੋਂ ਘਾਹ ਖੋਦਦਾ ਫਿਰਦਾ। ਪਿੰਡ ਵਿਚ ਜੱਟਾਂ ਦੇ ਸਪਰੇਅ ਕਰਨ ਲਈ ਚਲਿਆ ਜਾਂਦਾ। ..ਤੇ ਜਦੋਂ ਵਿਹਲਾ ਹੁੰਦਾ। ਛੱਪੜ ਵਾਲੀ ਪੁੱਲੀ 'ਤੇ ਬੈਠਾ ਦੰਦਾਂ ਵਿਚੋਂ ਕਰੇੜਾ ਕੱਢਦਾ ਰਹਿੰਦਾ। ਛੋਟੇ ਮੁੰਡੇ ਦਾ ਬੋਰਾਂ ਦਾ ਕੰਮ ਚੰਗਾ ਸੀ। ਉਦੋਂ ਬਾਪੂ ਅਜੇ ਜਿਊਂਦਾ ਸੀ। ਉਹ ਨਰੈਣੇ ਦੀਆਂ ਗੱਲਾਂ ਛੇੜ ਲੈਂਦਾ, "ਮੁੰਡਿਆਂ ਸੋਹਣਾ ਤੋਰਾ ਤੋਰ ਲਿਆ। ਅਰਜੂ ਨੂੰ ਨੌਕਰ ਹੋਇਆ ਦੋ ਕੁ ਮਹੀਨੇ ਤਾਂ ਹੋ ਗਏ ਹੋਣੇ? ਆਹੋ ਹੋ ਈ ਗਏ। ਨਿੱਕਾ ਵੀ ਚੰਗਾ ਵਾਹਵਾ ਕਰੀ ਜਾਂਦਾ ਆਵਦਾ...।" ਫਿਰ ਉਹ ਹੋਰ ਪਿਛਾਂਹ ਚਲਿਆ ਜਾਂਦਾ।

"ਹੌਲਾ ਈ ਸੀ ਜਦੋਂ ਰਲਿਆ ਸੀ ਆਪਣੇ ਨਾਲ ਨਰੈਣਾ। ਘਰਦੇ ਜੀਆਂ ਵਾਂਗੂੰ ਰਿਹਾ। ਵਿਹੜੇ ਦੇ ਕੁੱਲ ਘਰਾਂ ਨਾਲੋਂ ਇਹਦੇ ਮੁੰਡੇ ਸਾਊ ਨਿਕਲੇ...।" ਮੈਨੂੰ ਬਾਪੂ ਦੀਆਂ ਗੱਲਾਂ 'ਤੇ ਖਿਝ ਚੜ੍ਹਨ ਲੱਗਦੀ।

"ਬੁੜ੍ਹੇ ਦੀ ਮੱਤ ਮਾਰੀ ਗਈ। ਘਰ ਦਾ ਕਦੀ ਫ਼ਿਕਰ ਨਹੀਂ ਕੀਤਾ। ਉਹਦਾ...ਬਹੁਤਾ ਹੇਜ ਆਉਂਦਾ ਇਹਨੂੰ।"....ਤੇ ਫਿਰ ਜਦੋਂ ਬਾਪੂ ਬਿਮਾਰ ਹੋਇਆ। ਨਰੈਣਾ ਨਿੱਤ ਬਾਪੂ ਦੀ ਖ਼ਬਰ ਲੈਣ ਲਈ ਆ ਜਾਂਦਾ। ਦੋ-ਦੋ ਘੰਟੇ ਬੈਠਾ ਰਹਿੰਦਾ।

"ਨਰੈਣਿਆ ਮੁੰਡਿਆਂ ਵਿਹਲਿਆ ਕਰਤਾ ਲੱਗਦਾ।"-ਆਪਣੇ ਵੱਲੋਂ ਮੈਂ ਉਹਦੇ ਵਿਹਲੇ ਬੈਠਣ 'ਤੇ ਤਨਜ਼ ਕਰਦਾ।

"ਬਥੇਰੇ ਹੱਡ ਭੰਨੇ ਭਾਊ! ਚੱਲੋ ਧੀਆਂ ਪੁੱਤਾਂ ਦੇ ਸਿਰ 'ਤੇ ਈ ਸੁੱਖ ਸਹੀ। ਆਵਦੇ ਜੋਗਾ ਕਰ ਲਈ ਦਾ। ਕਿਸੇ ਦੇ ਹੱਥਾਂ ਵੱਲ ਝਾਕਣਾ ਵੀ ਔਖਾ ਤੂੰ ਸਿਆਣਾ।" ਮੈਂ ਕਦੀ ਨਰੈਣੇ ਵੱਲ ਵੇਖਦਾ ਕਦੀ ਆਪਣੇ ਵੱਲ। ਤਰਸੇਮ ਬਾਰਵੀਂ ਤੋਂ ਅੱਗੇ ਨਾ ਗਿਆ। ਪੰਨਿਆਂ ਵਾਲਾ ਟੋਕਰਾ ਚੁੱਕੀ ਪਸ਼ੂਆਂ ਵੱਲ ਜਾਂਦਾ ਮੈਂ ਖਿਝਣ ਲੱਗਦਾ, "ਲੋਕਾਂ ਦੇ ਵੀ ਜਵਾਕ ਆ। ਲੱਤ ਦਿੱਤਿਆਂ ਪਾਣੀ ਆਉਂਦਾ....।" ਪਰ ਮੈਨੂੰ ਤਰਸੇਮ ਦੇ ਵਿਹਲੇ ਫਿਰਨ ਨਾਲੋਂ ਨਰੈਣੇ ਦੇ ਮੁੰਡਿਆਂ ਦਾ ਕੰਮ ਕਰਦੇ ਹੋਣਾ ਵਧੇਰੇ ਤੰਗ ਕਰਦਾ। ...ਤੇ ਨਰੈਣੇ ਦਾ ਮੇਰੇ ਘਰ ਦੇ ਐਨ ਸਾਹਮਣੇ ਥਾਂ ਲੈ ਲੈਣਾ ਉਸ ਤੋਂ ਵੀ ਕਿਤੇ ਵੱਧ ਪ੍ਰੇਸ਼ਾਨ ਕਰਦਾ।

"ਖਰੈਤੀ ਨੂੰ ਹੋਰ ਕੋਈ ਗਾਹਕ ਨਾ ਲੱਭਾ ਇੰਨੇ ਵੱਡੇ ਪਿੰਡ 'ਚ। ਪਤਾ ਹੁੰਦਾ ਤਾਂ ਮੈਂ ਹੀ ਅੱਗ ਫੱਕ ਲੈਂਦਾ।" ਪਰ ਜਦੋਂ ਤਿੰਨ ਕੁ ਸਾਲ ਥਾਂ ਵਿਹਲੀ ਪਈ ਰਹੀ। ਮੈਨੂੰ ਅੰਦਰੋਂ-ਅੰਦਰੀਂ ਅਸੀਮ ਖ਼ੁਸ਼ੀ ਮਿਲਦੀ ਰਹੀ।

"ਘਰ ਬਣਾਉਣੇ ਕਿਤੇ ਸੌਖੇ ਪਏ।"-ਮੈਂ ਮਨ ਵਿਚ ਸੋਚਦਾ। ਕਦੇ ਆਪਣੇ ਘਰ ਵੱਲ ਦੇਖਦਾ। ਬਾਪੂ ਵਾਰੇ ਦਾ ਬਣਿਆ ਪੂਰਾ ਘਰ। ਨਰੈਣੇ ਦੇ ਦੋ ਕਮਰਿਆਂ ਅੱਗੇ ਵੀ ਛੋਟਾ-ਛੋਟਾ ਲੱਗਦਾ। ਉਹਦਾ ਘਰ ਬਣਾ ਰਹੇ ਮਿਸਤਰੀ ਮੈਨੂੰ ਇਉਂ ਲੱਗਦਾ ਜਿਵੇਂ ਮੇਰਾ ਘਰ ਢਾਹ ਰਹੇ ਹੋਣ। ਮੈਂ ਬਾਹਰਲਾ ਗੇਟ ਬੰਦ ਰੱਖਦਾ। ਸਾਹਮਣੇ ਤੁਰੇ ਫਿਰਦੇ ਮਿਸਤਰੀ ਮਜ਼ਦੂਰ ਮੈਨੂੰ ਜ਼ਹਿਰ ਵਰਗੇ ਲੱਗਦੇ।

"ਦਿਨਾਂ 'ਚ ਲੈ ਗਏ ਲੈਂਟਰ ਤੀਕ। ਮਿਸਤਰੀ ਤਾਂ ਬਾਹਲੇ ਛੋਹਲੇ ਲੱਗਦਾ। ਮੈਂ ਕੋਠੇ ਕੱਪੜੇ ਪਾਉਣ ਗਈ ਨੇ ਵੇਖਿਆ। ਰਸੋਈ ਵੀ ਖੁਲ੍ਹੀ ਛੱਤੀ ਲੱਗਦੀ ਵਾਹਵਾ।"-ਮੇਰੀ ਘਰਵਾਲੀ ਦੀ ਗੱਲ ਮੈਨੂੰ ਉਸ ਤੋਂ ਵੀ ਜ਼ਹਿਰੀ ਲੱਗੀ ਸੀ।

"ਬਿਨਾ ਲਊ ਕਮੀਨ ਨੂੰ ਸਿਰ 'ਤੋਸ਼।" ਮੈਂ ਬੁੜਬੁੜਾਇਆ। ਪਰ ਉਹਨੂੰ ਮੇਰੀ ਗੱਲ ਨਹੀਂ ਸੀ ਸੁਣੀ। ਉਹ ਰਸੋਈ 'ਚ ਜਾ ਕੇ ਆਪਣਾ ਕੰਮ ਕਰਨ ਲੱਗੀ। ਪਰ ਮੇਰਾ ਚਿੱਤ ਕਿਸੇ ਕੰਮ ਵਿਚ ਨਾ ਲੱਗਦਾ। ਆਨੇ ਬਹਾਨੇ ਨਰੈਣਾ ਸਾਡੇ ਵੱਲ ਆ ਵੜਦਾ। ਮੈਨੂੰ ਮਿਸਤਰੀਆਂ ਕੋਲ ਗੇੜਾ ਮਾਰਨ ਨੂੰ ਆਖਦਾ।

"ਬੜਾ ਫਰਕ ਪੈਂਦਾ ਮੇਜਾ ਸਿਆਂ! ਅਗਲੇ ਨੂੰ ਵੀ ਪਤਾ ਹੁੰਦਾ ਬਈ ਘਰਦਾ ਕੋਈ ਜੀਅ ਸਿਰ 'ਤੇ ਹੈਗਾ। ਮੈਨੂੰ ਤਾਂ ਤੈਨੂੰ ਪਤਾ ਸੈ ਭੱਜ-ਨੱਸ ਪਈ ਹੁੰਦੀ।"-ਫਿਰ ਉਹ ਖੁਦ ਹੀ ਬੋਲੀ ਜਾਂਦਾ।

"ਚੱਲ ਚਹੁੰ ਦਿਨਾਂ ਦਾ ਖਪਾ ਏ ਫੇਰ ਤਾਂ ਅਰਾਮ ਨਾਲ ਬੈਠਾਂਗੇ.....।"-ਨਰੈਣੇ ਦਾ ਅਰਾਮ ਮੈਨੂੰ ਬੇਅਰਾਮ ਕਰੀ ਰੱਖਦਾ। ਉਹਦਾ ਮੈਨੂੰ 'ਘਰ ਦਾ ਜੀਅ' ਦੱਸਣਾ , ਮੈਨੂੰ ਹੋਰ ਕੁਸੈਲਾ ਕਰ ਦਿੰਦਾ। ਕਦੀ-ਕਦੀ ਮੈਂ ਇੱਕਲਾ ਬੈਠਾ ਸੋਚਦਾ। ਮੈਨੂੰ ਸਮਝ ਨਾ ਆਉਂਦੀ ਨਰੈਣਾ ਮੈਨੂੰ ਅੰਦਰੋ-ਅੰਦਰੀ ਬੇਅਰਾਮ ਕਿਉਂ ਕਰੀ ਜਾਂਦਾ। ਲੈਂਟਰ ਵਾਲੇ ਦਿਨ ਨਰੈਣੇ ਵੱਲੋਂ ਆਏ ਮਿੱਠੇ ਚੌਲ ਮੈਂ ਪਸ਼ੂਆਂ ਅੱਗੇ ਸੁੱਟਵਾ ਦਿੱਤੇ। ਇੰਜ ਕਰਕੇ ਜਿਵੇਂ ਮੇਰੇ ਮਨ ਨੂੰ ਸਕੂਨ ਮਿਲਿਆ ਹੋਵੇ। ਕਦੀ ਇਸੇ ਤਰਾਂ ਦੀ ਬੇਅਰਾਮੀ ਤਾਰੀ ਨੇ ਪੈਦਾ ਕੀਤੀ ਸੀ। ਬਾਪੂ ਜਿਉਂਦਾ ਸੀ ਉਦੋਂ। ਤਾਰੀ ਪਿੰਡੋਂ ਉਠ ਕੇ ਖੇਤ ਜਾ ਬੈਠਾ। ਨਵਾਂ ਘਰ ਪਾ ਲਿਆ। ਕਦੇ-ਕਦੇ ਸਾਡੇ ਵੱਲ ਗੇੜਾ ਮਾਰਦਾ। ਘਰ ਦੀਆਂ ਗੱਲਾਂ ਕਰਨ ਲੱਗਦਾ। ਆਖਦਾ, "ਮੇਜਾ ਸਿਆਂ! ਉਂਈ ਜ਼ਮਾਨਾ ਈ ਐਸਾ ਆ ਗਿਆ। ਪੱਲੇ ਕਿਸੇ ਦਾ ਕੁਝ ਹੈਗਾ ਜਾਂ ਨਈ ਇਹ ਨਹੀਓਂ ਵੇਖਦਾ ਕੋਈ। ਹਿਸਾਬ ਲਾ ਲੈ ਭਾਵੇਂ। ਜਵਾਕਾਂ ਨੂੰ ਬੋਲਣ ਦੀ ਮੱਤ ਨਹੀਂ। ਬਹਿਣਾ-ਉਠਣਾ ਆਉਂਦਾ ਨਹੀਂ। ਪਰ ਵੇਖ ਲਾ ਸਾਰੇ ਪਿੰਡ ਦੇ ਜਵਾਕ ਹੁਣ ਸ਼ਹਿਰ ਨੂੰ ਜਾਂਦੇ ਪੜ੍ਹਨ। ਚਾਰ-ਪੰਜ ਸਕੂਲਾਂ ਦੀਆਂ ਗੱਡੀਆਂ ਆਉਂਦੀਆਂ ਆਪਣੇ ਪਿੰਡ। ਜਵਾਕ ਐਨ ਟੱਲੀ ਵਾਂਗੂ ਟਣਕੇ ਹੁੰਦੇ ਸਵੇਰ ਨੂੰ। ਹੋਰ ਵੇਖ ਲਾਸ਼ਕੁੜੀਆਂ ਅੱਜ ਕੱਲ੍ਹ ਦੀਆਂ, ਚਹੁੰ ਜੀਆਂ ਦੀ ਰੋਟੀ ਪਕਾਉਣ ਜੋਗੀਆਂ ਨਹੀਂ ਪਰ ਅਗਲਾ ਗੋਰਾ ਚੰਮ ਜ਼ਰੂਰ ਵੇਖਦਾ। ਉਹ ਸੁਣੀ ਨਹੀਂ ਤੂੰ ਢਿੱਡਲਾਂ ਦੀ ਨੂੰਹ। ਕਹਿੰਦੇ ਸਾਰਾ ਟੱਬਰ ਗੋਡਿਆਂ ਥੱਲੇ ਕੀਤਾ ਪਿਆ ਉਹਨੇ। ਲੋਕ ਪਤਾ ਕੀ ਕਹਿੰਦੇ ਸੀ ਜਦੋਂ ਢਿੱਡਲਾਂ ਨੇ ਮੁੰਡਾ ਵਿਆਹਿਆ ਸੀ। ਅਖੇ ਉਹ ਤਾਂ ਨਿਰੀ ਫਿਲਮਾਂ ਵਾਲੀਆਂ ਵਰਗੀ ਆ ਅਖੇ। ਮਤਲਬ ਇਹ ਨਿਕਲਦਾ ਸਾਰੀਆਂ ਗੱਲਾਂ ਦਾ ਵੀ ਜਈ-ਤਈ ਮਰਾਵੇ ਸਾਰਾ ਕੁਝ। ਬੰਦੇ ਦੀ ਠੁੱਕ ਚਾਹੀਦੀ ਚਾਰੇ ਪਾਸੇ।"- ਮੈਨੂੰ ਉਹਦਾ ਇਹ ਉਪਦੇਸ਼ ਉਦੋਂ ਸਮਝ ਆਉਂਦਾ ਜਦੋਂ ਉਹ ਆਪਣਾ ਚੱਲਦਾ ਪ੍ਰਵਚਨ ਘਰ ਨਾਲ ਜੋੜ ਲੈਂਦਾ।

"ਅੱਜ ਕੱਲ੍ਹ ਘਰ ਬੂਹਾ ਹੀ ਵੇਖਦਾ ਅਗਲਾ। ਭੜ੍ਹੋਲੇ ਦੇ ਦਾਣੇ ਮੋਟੇ ਪੁੱਛਦੇ। ਅਸੀਂ ਤਾਂ ਤਾਹੀ ਬਾਰਾਂ ਲੱਖ ਖਰਚਤਾ ਭਾਈ। ਕੱਲ੍ਹ ਨੂੰ ਮੁੰਡੇ ਵੀ ਮੰਗਣੇ ਵਿਆਉਣੇ। ਜੱਟਾ-ਬੂਟਾਂ ਆਲਾ ਕੰਮ ਹੋਨੀ ਹੁਣ।"

ਤਾਰੀ ਮੇਰੇ ਤਾਏ ਦਾ ਪੁੱਤ ਭਾਈ ਏ। ਉਹਦੀਆਂ ਐਸੀਆਂ ਗੱਲਾਂ ਸੁਣ ਕੇ ਮੈਨੂੰ ਘੁੰਮੇਰ ਜਿਹੀ ਚੜਨ ਲੱਗਦੀ। ਲੱਗਦਾ ਤਾਰੀ, ਆਪਣੀ ਨਵੀਂ ਕੋਠੀ ਦੀ ਗੱਲ ਨਹੀਂ ਕਰਦਾ ਸਗੋਂ ਮੇਰੇ ਪੁਰਾਣੇ ਘਰ ਵੱਲ ਦੇਖ ਕੇ ਮੈਨੂੰ ਜੱਟ-ਬੂਟ ਦੱਸਦਾ। ਤਾਰੀ ਦੇ ਮੁੰਡੇ ਦੇ ਵਿਆਹ 'ਤੇ ਮੈਨੂੰ ਓਪਰਾ-ਓਪਰਾ ਜਿਹਾ ਲੱਗਦਾ ਰਿਹਾ। ਸਾਰੇ ਵਿਆਹ ਵਿਚ ਮੈਂ ਪਿਛੇ-ਪਿਛੇ ਰਿਹਾ।



ਤਾਰੀ ਮੁੰਡਿਆਂ ਨਾਲ ਨੱਚਦਾ। ਨੋਟ ਵਾਰ-ਵਾਰ ਸੁੱਟਦਾ। ਮੈਨੂੰ ਵੀ ਧੂ ਕੇ ਸਟੇਜ 'ਤੇ ਲੈ ਗਿਆ।

"ਚਾਚਾ ਲੁਕਦਾ ਫਿਰਦਾ। ਆਜਾ ਮਾਰ ਬੜਕ ਪਤਾ ਲੱਗੇ।"- ਮੈਨੂੰ ਵੀ ਇਕ ਪਲ ਲਈ ਜੋਸ਼ ਆ ਗਿਆ। ਜੇਬ ਵਿਚ ਪਾਏ ਦਸਾਂ-ਦਸਾਂ ਦੇ ਨਵੇਂ ਨੋਟ ਕੱਢ ਕੇ ਮੈਂ ਹਵਾ ਵਿਚ ਉਛਾਲ ਦਿੱਤੇ। ਤਾਰੀ ਨੇ ਜ਼ਮੀਨ ਗਹਿਣੇ ਧਰ ਕੇ ਵਿਆਹ ਕੀਤਾ ਸੀ। ਨਵੀਂ ਪਾਈ ਕੋਠੀ ਰੰਗ-ਬਰੰਗੀਆਂ ਲਾਈਟਾਂ ਨਾਲ ਸਜਾਈ ਪਈ ਸੀ। ਕਈ ਦਿਨ ਤਾਰੀ ਦੇ ਮੁੰਡੇ ਦਾ ਵਿਆਹ ਮੇਰੇ ਅੰਦਰ ਖੇਰੂ ਪਾਉਂਦਾ ਰਿਹਾ। ਮੈਨੂੰ ਇਉਂ ਲੱਗਦਾ ਮੇਰੇ ਸਾਹਮਣੇ ਮੈਂ ਹੀ ਬੈਠਾ, ਮੇਰੀ ਬੇਚੈਨੀ ਦੀਆਂ ਗੱਲਾਂ ਕਰ ਰਿਹਾ ਹੋਵਾਂ।

"ਇਹੋ ਜਿਹੀਆਂ ਚਾਰ ਕੋਠੀਆਂ ਤੂੰ ਵੀ ਛੱਤ ਲੈ ਭਾਵੇਂ। ਕਰਜ਼ੇ ਦਾ ਪਹਾੜ ਚੁੱਕੀ ਫਿਰਦਾ ਅਗਲਾ ਸਿਰ 'ਤੇ। ਮੁੰਡੇ ਦੇ ਵਿਆਹ 'ਤੇ ਜ਼ਮੀਨ ਗਹਿਣੇ ਧਰੀ। ਤੂੰ ਕਾਣੀ ਕੌਡੀ ਨਹੀਂ ਦੇਣੀ ਕਿਸੇ ਦੀ।" ਜਦੋਂ ਮੈਂ ਇਸ ਗੱਲ ਨਾਲ ਸਹਿਮਤ ਹੁੰਦਾ, ਉਸੇ ਵੇਲੇ ਜਿਵੇਂ ਕੋਈ ਹੋਰ ਮੇਰੇ ਅੰਦਰ ਬੋਲਦਾ।

"ਕਰਜ਼ੇ ਤਾਂ ਚੜਦੇ ਉਤਰਦੇ ਰਹਿੰਦੇ ਨੇ। ਤੂੰ ਨੀ ਮੁੰਡਾ ਵਿਆਉਣਾ ਕੱਲ ਨੂੰ? ਘਰ ਬੂਹਾ ਤਾਂ ਸਵਾਰ ਲੈ। ਕਿਹੜਾ ਹਿੱਕ 'ਤੇ ਰੱਖ ਲਿਜਾਣਾ ਕੁਝ।" ਮੈਨੂੰ ਸੱਚਵਾਰ ਕੇ ਨੀਂਦ ਨਾ ਆਉਂਦੀ। ਬਿਮਾਰਾਂ ਵਾਂਗ ਮੰਜੇ ਨਾਲ ਲੱਗਿਆਂ ਰਹਿੰਦਾ। ਤਾਰੀ ਦੇ ਮੁੰਡੇ ਦਾ ਵਿਆਹ ਦਿਮਾਗ 'ਚੋਂ ਨਾ ਨਿਕਲਦਾ। ਮੈਂ ਡਾਕਟਰ ਕੋਲੋਂ ਗੋਲੀਆਂ ਲੈ ਕੇ ਖਾਂਦਾ। ਡਾਕਟਰ ਆਖਦਾ ਤੈਨੂੰ ਟੈਨਸ਼ਨ ਹੋ ਗਈ। ਦਵਾਈ ਖਾ ਕੇ ਨੀਂਦ ਆ ਜਾਂਦੀ।

ਨਰੈਣਾ ਨਵੇਂ ਘਰ 'ਚ ਆ ਵਸਿਆ ਸੀ। ਮਹੂਰਤ ਵਾਲੇ ਦਿਨ। ਸੰਗਤ ਵਿਚ ਬੈਠਾ ਮੈਂ ਅੰਦਰ ਹੀ ਅੰਦਰ ਕੁੜਦਾ ਰਿਹਾ। ਰਾਗੀ ਸ਼ਬਦ ਪੜ੍ਹਨ ਲੱਗਾ- 'ਲੱਖ ਖੁਸ਼ੀਆਂ ਪਾਤਸ਼ਾਹੀਆਂ.....' । ਮੈਂ ਅਰਦਾਸ ਹੋਣ ਤੋਂ ਪਹਿਲਾਂ ਹੀ ਘਰ ਆ ਗਿਆ। ਵਿਸਾਖ ਚੜ੍ਹ ਗਿਆ ਸੀ । ਧੁੱਪ ਪਿੰਡੇ ਨੂੰ ਖਾਂਦੀ। ਪਰ ਮੈਂ ਧੁੱਪੇ ਮੰਜਾ ਡਾਹ ਕੇ ਪੈ ਗਿਆ। ਉਤੇ ਚਾਦਰ ਤਾਣ ਲਈ। ਜਦੋਂ ਨੀਂਦ ਖੁਲ੍ਹੀ ਮੇਰੀ ਘਰਵਾਲੀ ਚਾਹ ਦਾ ਗਲਾਸ ਲਈ ਸਿਰਹਾਣੇ ਖੜੀ ਸੀ। ਦਿਨ ਢਲਣ ਲੱਗਾ ਸੀ। ਪਰ ਮੇਰੀ ਬੇਚੈਨੀ ਪੈਰ-ਪੈਰ ਵੱਧਦੀ ਤੁਰਦੀ ਜਾਂਦੀ। ਮੈਨੂੰ ਅਰਜ਼ੂ ਦੇ ਵਿਆਹ ਦਾ ਫਿਕਰ ਪੈ ਗਿਆ। ਤਾਰੀ ਦੇ ਮੁੰਡੇ ਦੀ ਬੇਚੈਨੀ ਅਜੇ ਉਤਰੀ ਨਹੀਂ ਸੀ ਕਿ ਮੈਨੂੰ ਅਰਜ਼ੂ ਦੇ ਵਿਆਹ ਦਾ ਡਰ ਆਉਣ ਲੱਗਾ। ਮੈਂ ਨਹੀਂ ਸੀ ਚਾਹੁੰਦਾ ਕਿ ਅਰਜ਼ੂ ਦਾ ਰਿਸ਼ਤਾ ਹੋਵੇ। ਵਿਹੜੇ ਦਾ ਕੋਈ ਬੰਦਾ ਜਦੋਂ ਕਦੇ ਸਾਡੇ ਖੇਤ ਦਿਹਾੜੀਆ ਜਾਂਦਾ। ਮੈਂ ਜਾਣ ਬੁਝ ਕੇ ਨਰੈਣੇ ਦੇ ਮੁੰਡਿਆਂ ਦੀ ਗੱਲ ਛੇੜ ਬੈਠਦਾ-"ਫੌਜ ਦੇ ਮੂੰਹ ਨੂੰ ਸਾਕ ਤਾਂ ਭਾਵੇਂ ਸੌ ਵਾਰ ਹੋ ਜਾਏ। ਟੱਬਰ ਹੈਨੀ ਉਂ ਇਹ ਕਾਸੇ ਜੋਗਾ ਢਲੀਲ ਦੇ ਹੌਲੇ ਦੀ ਨੇ। ਬੀਰੋ ਦੀ ਜ਼ੁਬਾਨ ਤਾਂ ਟੋਕੇ ਵਾਂਗ ਚਲਦੀ। ਡਰਾ ਮੇਰਿਆ ਥੋੜੇ ਨਾਲ ਵੀ ਸੂਤ ਏ। ਐਵੇਂ ਨਾ ਸਕੀਰੀ 'ਚ ਸਾਕ ਕਰਾਉਂਦਾ ਫਿਰੀਂ.....।" ਇਹੀ ਗੱਲ ਮੈਂ ਵਿਹੜੇ ਦੇ ਕਈ ਬੰਦਿਆਂ ਕੋਲੇ ਕੀਤੀ। ਇਉਂ ਕਰਕੇ ਜਿਵੇਂ ਮੇਰੇ ਮਨ ਨੂੰ ਸ਼ਾਂਤੀ ਮਿਲਦੀ ਹੋਵੇ।

ਪਰ ਉਹ ਤਾਂ ਵਿਹੜੇ ਦੇ ਖੁਲ ਮੁੰਡਿਆਂ ਨਾਲੋਂ ਚੰਗਾ ਸੀ। ਫੌਜ ਦੀ ਨੌਕਰੀ ਸੀ। ਨੌਕਰੀ ਤਾਂ ਏਸ ਯੁੱਗ ਵਿੱਚ ਬੰਦਾ ਮਾਰਿਆਂ ਨਹੀਂ ਲੱਭਦੀ। ਉਹ ਛੁੱਟੀ ਆਇਆ, ਬਣ-ਠਣ ਕੇ ਪਿੰਡ ਵਿਚ ਫਿਰਦਾ। ਕੋਲੋਂ ਲੰਘਦਾ ਤਾਂ ਚੁਫੇਰੇ ਮਹਿਕ ਫੈਲ ਜਾਂਦੀ।

"ਸਾਲਾ ਜਿੰਨਾ ਕਦੀ ਮੂੰਹ ਨਹੀਂ ਸੀ ਧੋਤਾ....." ਮੈਂ ਗਾਹਲ ਕੱਢ ਇਉਂ ਸੋਚਦਾ ਜਿਵੇਂ ਅਰਜੂ ਦੀ ਫੈਲਾਈ ਖੁਸ਼ਬੂ ਕਿੱਧਰੇ ਉਡ-ਪੁਡ ਗਈ ਹੋਵੇ। ਜਾਣਦਾ ਸਾਂ। ਅਰਜੂ ਦਾ ਰਿਸ਼ਤਾ ਨਹੀਂ ਸੀ ਅੜਦਾ। ਮੈਂ ਚੌਤੋਂ-ਪਹਿਰ ਸੂਹ ਰੱਖਦਾ। ਪਰ ਕਿਧਰੇ ਵੀ ਅਰਜੂ ਦੇ ਰਿਸ਼ਤੇ ਬਾਰੇ ਕੋਈ ਕਨਸੋਅ ਨਾ ਮਿਲਦੀ। ਕਦੇ ਮੈਨੂੰ ਲੱਗਦਾ। ਮੈਂ ਪਾਗਲ ਹੋਈ ਜਾ ਰਿਹਾ। ਬਿਨਾਂ ਸਿਰ ਪੈਰ ਦੀਆਂ ਗੱਲਾਂ ਬਾਰੇ ਸੋਚਦਾ। ...ਤੇ ਜਿਸ ਦਿਨ ਅਰਜੂ ਨੂੰ ਵੇਖਣ ਵਾਲੇ ਆਏ। ਮੈਂ ਬਾਰ-ਬਾਰ ਬੂਹੇ ਅੱਗੇ ਖੜ੍ਹ ਕੇ, ਨਰੈਣੇ ਦੇ ਘਰ ਵਲ ਵੇਖਦਾ ਰਿਹਾ। ਆਥਣੇ ਜਦੋਂ ਨਰੈਣੇ ਦੀ ਘਰਵਾਲੀ ਲੱਡੂ ਦੇ ਕੇ ਗਈ। ਸਵੇਰ ਦੀ ਮਨ ਨੂੰ ਲੱਗੀ ਔਚਵੀ ਹੋਰ ਗੂੜ੍ਹੀ ਹੋ ਗਈ। ਮੈਂ ਖੁਦ ਨੂੰ ਤਸੱਲੀ ਦੇਣ ਖਾਤਰ ਹੀ ਜਿੱਦਾ ਪੁਛ ਲਿਆ ਸੀ-"ਕਾਹਦੇ ਲੱਡੂ ਵੰਡੀ ਜਾਂਦੀ ਬੀਰੋ।"-ਬੀਰੋ ਦੀਆਂ ਵਰਾਛਾਂ ਖਿੜੀਆਂ ਹੋਈਆਂ ਸਨ। ਉਹਨੇ ਹੋਰ ਚੁੱਥ ਕੇ ਦੱਸਿਆ, "ਆਪਣੇ ਅਰਜੂ ਨੂੰ ਰੋਕ ਗਏ। ਸੂਟ ਸਵਾ ਛੱਡ ਨਵਾਂ। ਔਜੂ ਦਾ ਸਿੱਧਾ ਵਿਆਹ ਈ ਲੈ ਲੈਣਾ ਆਪਾਂ।" ਮੈਂ ਉਹਨੂੰ ਵਧਾਈ ਵੀ ਨਾ ਦਿੱਤੀ। ਇਉਂ ਲੱਗਿਆ। ਜਿਵੇਂ ਕੋਈ ਬਹੁਤੀ ਤੱਤੀ ਚੀਜ਼ ਖਾ ਕੇ ਹਿੱਕ ਮੱਚਣ ਲੱਗੀ ਹੋਵੇ। ਹੋਰ ਦੋ ਸਾਲਾਂ ਨੂੰ ਤਰਸੇਮ ਦਾ ਵੀ ਕੋਈ ਬੰਨ-ਸੁੱਬ ਕਰਨਾ। ਮੇਰਾ ਜੀਅ ਕਰਦਾ ਸੀ। ਅੱਜ ਈ ਤਰਸੇਮ ਨੂੰ ਵਿਆਹ ਲਵਾਂ

.....ਤੇ ਜਦੋਂ ਅਰਜੂ ਦੇ ਵਿਆਹ ਦਾ ਡੀ.ਜੇ. ਵੱਜਿਆ। ਮੇਰੇ ਕੰਨਾਂ ਵਿਚ ਜਿਵੇਂ ਪਾਰਾ ਘੁਲਣ ਲੱਗਿਆ। ਮੈਂ ਦੋ ਕੁ ਪੈਗ ਪਹਿਲਾਂ ਈ ਲਗਾਈ ਬੈਠਾ ਸੀ। ਨਰੈਣਾ ਮੱਲੋ ਜ਼ੋਰੀ ਖਿਚਕੇ ਆਪਣੇ ਵੱਲ ਲੈ ਗਿਆ। ਵਿਹੜੇ 'ਚੋਂ ਨਰੈਣੇ ਦੇ ਸਰੀਕੇ ਦੇ ਬੰਦੇ ਬੈਠੇ ਦਾਰੂ ਪੀ ਰਹੇ ਸਨ। ਮੈਂ ਵੀ ਨਾਲ ਬੈਠ ਕੇ ਦਾਰੂ ਪੀਣ ਲੱਗਿਆ। ਜਦੋਂ ਵਾਹਵਾ ਤਰਾਰਾ ਜਿਹਾ ਬੱਝ ਗਿਆ। ਡੀ.ਜੇ 'ਤੇ ਨੱਚਦੇ ਲੋਕ ਮੈਨੂੰ ਟੇਢੇ ਜਿਹੇ ਲੱਗਣ ਲੱਗੇ। ਮੈਂ ਘਾਉਂ ਜਿਹਾ ਬਣਿਆ ਉਹਨਾ ਵੱਲ ਝਾਕਦਾ। ਅਚਾਨਕ ਪਤਾ ਨਹੀਂ ਕੀ ਹੋਇਆ। ਮੈਂ ਉਠ ਕੇ ਗਾਹਲਾਂ ਕੱਢਣ ਲੱਗਿਆ। ਕੂੜੇ ਪੰਚ ਨੂੰ ਮੈਂ ਗਲਮੇ ਤੋਂ ਫੜ ਲਿਆ, "ਸਾਲਾ... ਝਾਕਦਾ ਕਿੱਦਾ ਤੂੰ.....।"

"ਮੈਂ ਤੇਨੂੰ ਕੀ ਕਹਿਤਾ ਯਾਰ। ਊਂਈ ਖੇਝਣ ਆ ਗਿਆ ਮੇਰੇ 'ਤੇ...।"-ਕੂੜਾ ਪਹਿਲਾਂ ਤਾਂ ਚੁੱਪ ਕੀਤਾ ਰਿਹਾ ਫਿਰ ਸਾਡੀ ਤੂੰ-ਤੂੰ, ਮੈਂ-ਮੈਂ ਛਿੜ ਪਈ। ਮੇਜ਼ 'ਤੇ ਪਿਆ ਮੀਟ ਵਾਲਾ ਕੌਲਾ ਮੂਧਾ ਹੋ ਗਿਆ। ਕੱਚ ਦੀਆਂ ਗਲਾਸੀਆਂ ਭੁੰਜੇ ਡਿੱਗ ਕੇ ਟੁੱਟ ਗਈਆਂ।

"ਯਾਰ ਆਪਾਂ ਤਾਂ ਭਾਈ ਆ। ਰੌਲਾ ਪਾਉਂਦੇ ਚੰਗੇ ਲੱਗੀਦਾ।" -ਨਰੈਣਾ ਮੈਨੂੰ ਧੂਹ ਕੇ ਪਰ੍ਹਾਂ ਨੂੰ ਲੈ ਗਿਆ। ਉਹਨੂੰ ਵਿਆਹ ਵਿਚ ਪੈਂਦੀ ਖੇਰਸੀ ਦਿਸ ਗਈ ਸੀ। ਖੇਰਸੀ ਹੀ ਤਾਂ ਮੈਂ ਪਾਉਣੀ ਸੀ। ਪਰ ਕੂੜੇ ਨੂੰ ਵੀ ਉਹਦਾ ਮੁੰਡਾ ਘਰ ਨੂੰ ਲੈ ਗਿਆ। ਬੰਦ ਹੋਇਆ ਡੀ. ਜੇ ਫੇਰ ਵੱਜਣ ਲੱਗਾ। ਰਾਤ ਕੋਣ, ਕਦੋਂ ਮੈਨੂੰ ਘਰ ਛੱਡ ਕੇ ਗਿਆ ਮੈਨੂੰ ਕੋਈ ਸੁਰਤ ਨਹੀਂ ਸੀ। ਸਵੇਰੇ ਜਦੋਂ ਮੈਂ ਉਠਿਆ, ਅਰਜੂ ਦੀ ਬਰਾਤ ਚੜ੍ਹ ਗਈ ਸੀ। ਸਾਰਾ ਦਿਨ ਸਿਰ ਗੱਡੇ ਵਰਗਾ ਬਣਿਆ ਰਿਹਾ। ਮੈਂ ਕਿਸੇ ਨਾਲ ਵੀ ਨਾ ਬੋਲਿਆ। ਤਰਸੇਮ ਬਰਾਤੇ ਚਲਾ ਗਿਆ ।

*****



ਘਰੇ ਫਿਰਦੀ ਅਰਜੂ ਦੀ ਬਹੂ ਮੈਂ ਜਦ ਦੇਖਦਾ। ਮੈਨੂੰ ਇਉਂ ਲੱਗਦਾ ਜਿਵੇਂ ਸਾਰਾ ਕੁਝ ਹੀ ਬਦਲ ਗਿਆ ਹੋਵੇ। ਬੀਰੋ ਲੰਘਦੀ ਵੜਦੀ ਘਰੋੜ-ਘਰੋੜ ਗੱਲਾਂ ਕਰਦੀ। ਨਰੈਣਾ ਮੌਜ ਵਿੱਚ ਰਹਿੰਦਾ। ਧੋਤੇ ਕੱਪੜੇ ਪਾਉਂਦਾ। ਪੱਕੀ ਰੋਟੀ ਖਾਂਦਾ। ਮੈਨੂੰ ਭਾਈ-ਭਾਈ ਕਰਦਾ। ਜੱਟ ਤੇ ਸੀਰੀ ਭਾਈ ਨਹੀਂ ਹੁੰਦੇ। ਮੈਂ ਮਨ ਵਿੱਚ ਨਰੈਣੇ ਨੂੰ ਮੋਟੀ ਸਾਰੀ ਗਾਹਲ ਕੱਢ ਕੇ ਖੁਦ ਨੂੰ ਸ਼ਾਂਤ ਕਰ ਲੈਂਦਾ। ਕਦੀ ਲੱਗਦਾ ਜੇ ਉਹ ਮੇਰਾ ਲੱਗਦਾ ਕੁਝ ਨਹੀਂ ਤਾਂ ਫੇਰ ਉਹਦੇ ਨਾਲ ਮੇਰਾ ਸ਼ਰੀਕਾ ਕਾਹਦਾ। ਜਦੋਂ ਦਾ ਨਰੈਣਾ ਮੈਨੂੰ ਭੈੜਾ ਲੱਗਣ ਲੱਗਿਆ ਸੀ , ਉਦੋਂ ਦਾ ਹੀ ਮੈਨੂੰ ਤਾਰੀ ਚੰਗਾ ਲੱਗਣ ਲੱਗਿਆ ਸੀ। ਓਨਾ ਵੇਚ ਕੇ ਮੈਂ ਨਵਾਂ ਘਰ ਬਣਾਉਣ ਦੀ ਸਲਾਹ ਬਣਾ ਲਈ। ਮੈਨੂੰ ਤਾਰੀ ਦੀ ਗੱਲ ਯਾਦ ਆਉਂਦੀ। ਮੈਂ ਸੋਚਦਾ ਹੋਰ ਸਾਲ ਨੂੰ ਤਰਸੇਮ ਨੂੰ ਮੰਗਣਾ-ਵਿਆਉਣਾ। ਜ਼ਮਾਨੇ ਮੁਤਾਬਕ ਚੱਲਣਾ ਚਾਹੀਦਾ। ਤੇਗਾ ਮਿਸਤਰੀ ਨੀਂਹ ਧਰਨ ਲਈ ਆ ਗਿਆ। ਦਿਹਾੜੀਆ ਚਾਰ ਕਹੀ ਦੇ ਟੱਪ ਮਾਰਦਾ ਤੇ ਹੌਂਕਣ ਲਗਦਾ। ਡੂੰਘੇ-ਡੂੰਘੇ ਸਾਹ ਲੈਂਦਾ। ਮੈਂ ਤੇ ਤਰਸੇਮ ਇੱਟਾਂ ਦੀ ਢੁਆਈ ਕਰਦਾ। ਮੈਂ ਮਿਸਤਰੀ ਦੇ ਸਿਰਹਾਣੇ ਖੜ੍ਹਾ ਸਾਂ।

"ਇਉਂ ਕੰਢਾਂ 'ਚ ਹੱਥ ਦਿੱਤਿਆਂ ਘਰ ਨਹੀਂ ਬਣਦੇ ਮੇਜਾ ਸਿਆਂ। ਘਰ ਵਾਲਿਆਂ ਨੂੰ ਨਾਲ ਵੱਧਣਾ ਈ ਪੈਂਦਾ। ਫੜਾ ਉਰੇ ਕਹੀ।"- ਮਜ਼ਦੂਰ ਹੱਥੋਂ ਕਹੀ ਫੜ ਕੇ ਨਰੈਣਾ ਨੀਂਹ ਪੁੱਟਣ ਲੱਗਾ। ਮੈਂ ਉਹਦੇ ਵੱਲ ਦੇਖਕੇ ਖਚਰਾ ਜਿਹਾ ਹੱਸਿਆ।

—o—

# ਅਜੇ ਆਪਾਂ ਇੰਨੇ ਨਹੀਂ ਮਾੜੇ/ਅਨੇਮਨ ਸਿੰਘ

ਦੋ-ਤਿੰਨ ਦਿਨਾਂ ਤੋਂ ਸਿਰਫ਼ ਇੱਕੋ ਜੁਗਤ ਮੇਰੇ ਮਨ 'ਤੇ ਛਾਈ ਹੋਈ ਐ।

ਮੈਨੂੰ ਲੱਗਦੈ ਦਿਨ ਹੁਣ ਬਦਲ ਜਾਣਗੇ। ਵੇਖੋ ਸਕੀਮ ਨੇਪਰੇ ਚੜ੍ਹੂ ਕੇ ਨਾ। ਹੁਣ ਹੋਰ ਭੁੱਖਾ ਨਹੀਂ ਮਰਿਆ ਜਾਂਦਾ। ਫੇਰ ਦੋ ਕੁੜੀਆਂ ਦੇ ਤਾਂ ਭਾਗ ਖੁੱਲ੍ਹ ਹੀ ਜਾਣਗੇ। ਦੀਪ ਜਿਉਂਦੀ ਹੁੰਦੀ, ਫੇਰ ਹੋਰ ਗੱਲ ਸੀ ਪਰ ਹੁਣ ਤਾਂ ਮੈਨੂੰ ਹੀ ਕਰਨਾ ਪਊ ਕੁਜ।

ਦੋ-ਤਿੰਨ ਦਿਨਾਂ ਤੋਂ ਮੈਂ ਟੋਏ ਵੱਲ ਜ਼ਿਆਦਾ ਧਿਆਨ ਦੇਣ ਲੱਗ ਪਿਆਂ। ਪਹਿਲਾਂ ਮੈਂ ਹੋਰ ਤਰ੍ਹਾਂ ਈ ਸੋਚਦਾ ਰਹਿੰਦਾ ਸੀ ਕਿ ਟੋਏ ਨੂੰ ਮਿੱਟੀ ਨਾਲ ਭਰ ਦੇਵਾਂ। ਸਰਕਾਰੂ ਗਰਾਂਟ ਤਾਂ ਹੁਣ ਆਉਣੋਂ ਈ ਰਹੀ। ਮਿੰਦਰ ਸਾਲਾ ਗਪੋੜੀ ਨਿਕਲਿਆ। ਅੰਦਰੋਂ ਖਾਰ ਰੱਖ ਗਿਆ ਮੇਰੇ 'ਤੇ। ਚਲੋ ਕੋਈ ਨੀ ਮਾੜਿਆ ਅਜੇ ਆਪਾਂ ਇੰਨੇ ਨੀ ਮਾੜੇ। ਬਣੂੰ ਕੁਜ ਨਾ ਕੁਜ ਤਾਂ।

ਟੋਏ ਉੱਪਰ ਅਜੇ ਮੈਂ ਫੱਟੇ ਰੱਖੇ ਹੋਏ ਐ। ਮਤੇ ਕਿਸੇ ਨੂੰ ਭਿਣਕ ਨਾ ਲੱਗ ਜੇ। ਅਜੇ ਤਾਂ ਇੱਕ ਈ ਕਰਨਾ ਪਊ। ਜਿੰਨਾ ਚਿਰ ਕੰਮ ਨੇਪਰੇ ਨਹੀਂ ਚੜ੍ਹਦਾ। ਲੋਕਾਂ ਦਾ ਕੋਈ ਪਤਾ ਨਹੀਂ ਪਹਿਲੋਂ ਈ ਬਾਤ ਦਾ ਬਤੰਗੜ ਬਣਾ ਦੇਣ। ਸਾਡਾ ਵੇਹੜਾ ਤਾਂ ਊਂ ਵੀ ਏਸ ਕਾਸੇ ਲਈ ਸਾਰੇ ਪਿੰਡਾਂ 'ਚ ਬਦਨਾਮ ਐ।

ਜਦੋਂ ਦਾ ਮੈਂ ਪਾਲੇ ਦੇ ਘਰੇ ਟੀ.ਵੀ. ਵੇਖਿਐ, ਮੈਨੂੰ ਉਦੋਂ ਦਾ ਪਾਲੇ ਦਾ ਘਰ ਚੰਗਾ-ਚੰਗਾ ਲੱਗਣ ਲੱਗ ਪਿਐ। ਪਹਿਲੋਂ ਮੈਨੂੰ ਉਸਦਾ ਘਰ ਚੰਗਾ ਨਹੀਂ ਲੱਗਦਾ ਸੀ, ਉਹ ਵੀ ਉਹਦੀ ਬਹੂ ਤਾਰੋ ਕਰਕੇ। ਤਾਰੋ ਮੈਨੂੰ ਉੱਕਾ ਚੰਗੀ ਨਹੀਂ ਲੱਗਦੀ। ਉਹਦਾ ਵਿਹਾਰ ਵੀ ਬੁਰੈ। ਉਹਦੀਆਂ ਤਿਰਛੀਆਂ ਅੱਖਾਂ ਵੱਲ ਮੇਰੇ ਤੋਂ ਵੇਖਿਆ ਨੀ ਜਾਂਦਾ। ਮੈਨੂੰ ਡਰ ਲੱਗਣ ਲੱਗ ਜਾਂਦੈ। ਅੰਦਰ ਈ ਅੰਦਰ ਇੱਕ ਕੰਬਣੀ ਜਿਹੀ ਵੀ ਮਹਿਸੂਸ ਕਰਦਾਂ ਮੈਂ।

"ਵੇ ਮਾੜਿਆ........ਮੇਰੇ 'ਚ ਕੀ ਜ਼ਹਿਰ ਐ....ਜਿਹੜਾ ਤੇਰੇ ਡੰਗ ਮਾਰਦੂੰ।" ਮੇਰੇ ਵੱਲ ਉੱਲਰਦਿਆਂ ਉਹ ਅਕਸਰ ਬੋਲਦੀ ਐ।

"ਨਾ ਭਾਬੀ ਨਾ......ਪਾਲਾ ਮੇਰੇ ਭਰਾਵਾਂ ਵਰਗੈ।" ਮੈਂ ਬਾਰ ਵੱਲ ਮੁੜਦਿਆਂ ਜਵਾਬ ਦਿੰਦਾ।

"ਮੈਨੂੰ ਪਤੈ.....ਤੂੰ ਉਪਰੋਂ ਈ ਕਰਦੈਂ ਇੰਜ.....ਅੰਦਰੋਂ ਤਾਂ ਲੱਡੂ ਫੁੱਟਦੇ ਹੋਣੇ ਐ.....ਵੇਖਲੀਂ ਕਦੇ ਤਾਂ ਇਸੇ ਢੇਰੀ 'ਤੇ ਆ ਕੇ ਵਿਛੇਂਗਾ।" ਤਾਰੋ ਦੰਦ ਕੱਢਦਿਆਂ ਆਖਦੀ ਹੁੰਦੀ ਸੀ ਅਕਸਰ।

ਗੱਲ ਤਾਂ ਉਹ ਠੀਕ ਈ ਕਹਿੰਦੀ ਸੀ। ਜਿੱਦੇ ਦੀ ਦੀਪ ਤੁਰ ਗਈ ਐ, ਮੈਨੂੰ ਤਾਰੋ ਈ ਵਿਖਾਈ ਦਿੰਦੀ ਰਹੀ। ਕਦੇ ਮੈਨੂੰ ਲੱਗਦਾ ਤਾਰੋ ਰਾਤ ਨੂੰ ਪਾਲੇ ਦੇ ਸੌਂ ਜਾਣ ਮਗਰੋਂ, ਕੰਧ ਟੱਪ ਮੇਰੇ ਵੱਲ ਆ ਗਈ ਐ। ਮੈਂ ਗੂੜ੍ਹੀ ਨੀਂਦ 'ਚ ਸੁੱਤਾ ਪਿਆਂ। ਉਹ ਠੁਰ-ਠੁਰ ਕਰਦੀ ਮੇਰੀ ਰਜਾਈ 'ਚ ਮੱਲਕ ਦਿਣੇ ਘੁੱਸ ਜਾਂਦੀ ਐ। ਮੇਰਾ ਤ੍ਰਾਹ ਨਿਕਲ ਜਾਂਦੈ। ਪਰ ਉਸਦੀ ਜੱਫ਼ੀ 'ਚ ਵੱਖਰਾ ਜਿਹਾ ਨਿੱਘ ਐ। ਮੈਂ ਪਸੀਨੋ-ਪਸੀਨੇ ਹੋਇਆ ਹੌਲਾ ਹੋਣ ਲਈ ਹੱਥ ਪੈਰ ਮਾਰਦਾ ਆਂ ਪਰ ਇਸੇ ਢੰਗ 'ਚ ਜਦੋਂ ਅੱਖ ਖੁੱਲ੍ਹਦੀ ਐ ਤਾਂ ਆਪਣੀ ਨੀਕਰ ਗਿੱਲੀ ਵੇਖ ਪਛਤਾਵਾ ਜਿਹਾ ਹੁੰਦੈ। ਮਨ ਗਿਲਾਨੀ ਨਾਲ ਭਰ ਜਾਂਦੈ।



"ਮਾੜਿਆ......ਦੀਪ ਦੇ ਜਾਣ ਦਾ ਦੁੱਖ ਐ ਤੈਨੂੰ......ਸਿਆਣਾ ਬਣ ਭਾਈ, ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁੱਝ ਨਹੀਂ ਵਿਗੜਿਆ......ਤੀਵੀਂ ਨਾਲ ਈ ਘਰ ਹੁੰਦੇ......ਵੇਖ ਕਿਵੇਂ ਬੀਆਬਾਨ ਬਣ ਗਿਆ ਹੱਸਦਾ-ਵੱਸਦਾ ਘਰ।" ਤਾਏ ਟੇਕੇ ਨੇ ਮੈਨੂੰ ਸੋਚਾਂ 'ਚ ਡੁੱਬਿਆ ਵੇਖ ਕਿਹਾ ਸੀ।

"ਕੋਈ ਨੀ ਤਾਇਆ......ਵੇਖ ਲੀਂ ਛੇਤੀ ਈ ਦਿਨ ਫਿਰ ਜਾਣਗੇ।" ਮੈਨੂੰ ਵੀ ਆਪਣੀ ਜੁਗਤ ਦਾ ਖ਼ਿਆਲ ਆ ਗਿਆ ਸੀ।

"ਚੰਗਾ ਭਾਈ, ਰੱਬ ਭਲੀ ਕਰੇ।" ਆਖਦਾ ਤਾਇਆ ਮਿੰਦਰ ਕੀਆਂ ਬਰੂਹਾਂ ਟੱਪ ਗਿਆ ਸੀ।

ਤਾਏ ਟੇਕੇ ਨੇ ਮੇਰੀ ਕਈ ਵਾਰ ਹਮੈਤ ਕੀਤੀ ਐ। ਮੈਂ ਇਸੇ ਲਈ ਉਹਦੀ ਇੱਜ਼ਤ ਕਰਦਾਂ। ਜਦੋਂ ਸਾਰਾ ਵਿਹੜਾ ਮੇਰੇ ਉਲਟ ਸੀ। ਤਾਇਆ ਟੇਕਾ ਈ ਖੜ੍ਹਿਆ, ਭੀੜ 'ਚੋਂ ਵੱਖ ਹੋ ਕੇ। ਕਹਿੰਦਾ, "ਓਏ, ਮਾੜਾ ਬੰਦਾ ਤਾਂ ਬੁਰਾ ਹੈਗਾ.........ਪਰ ਇਸਨੂੰ ਸਾਂਝ ਤੋਂ ਮੋੜ ਦੇਣਾ ਕਾਹਦੀ ਭਲਾਈ ਹੋਊ.....ਤੁਸੀਂ ਇਹਦੇ ਘਰ ਬਾਰ ਵਾਰੇ ਤਾਂ ਸੋਚੋ......ਤੇ ਆਹ ਜਿਹੜੀਆਂ ਤਿੰਨ ਨੰਗੇ ਪੈਰੀਂ ਖੜ੍ਹੀਐਂ ਨੇ....ਇਹਨਾਂ ਦਾ ਕੀ ਬਣੂੰ।"

ਫਿਰ ਵਿਹੜੇ ਵਾਲੇ ਸਾਰੇ ਆਪ ਈ ਚੁੱਪ ਵੱਟ ਗਏ। "ਸਿਆਣਾ ਬਣ ਜਾ ਮਾੜਿਆ......ਛੱਡ ਦੇ ਵੈਲਪੁਣਾ। ਬੱਚੇ ਰੋਲ ਲਏਂਗਾ।" ਮੈਂਬਰ ਮਿੰਦਰ ਬੋਲਿਆ ਸੀ ਸਿਰਫ਼।

ਭੈੜਾ ਤਾਂ ਬਹੁਤ ਲੱਗਿਆ ਸੀ ਮੈਨੂੰ ਮਿੰਦਰ ਬੋਲਦਾ। ਵੋਟਾਂ ਵੇਲੇ ਤਾਂ ਕਿਵੇਂ ਤਰਲੇ ਕੱਢਦਾ ਸੀ। ਆਪ ਦੋ ਪੱਤੇ ਗੋਲੀਆਂ ਦੇ ਦੇ ਕੇ ਗਿਆ। ਅਖੇ, "ਮਾੜਾ ਸਿਆਂ ਖ਼ਿਆਲ ਰੱਖਿਓ ਐਤਕੀਂ।"

ਹੁਣ ਭੈਣ ਦੇਣੇ ਦਾ ਅੱਖ ਵੀ ਨਹੀਂ ਮਿਲਾਉਂਦਾ। ਲੰਡਾ ਵਾਹੀ ਵੀ ਸਾਲਾ ਉਪਰੋ-ਉਪਰੋਂ ਈ ਕਰੀ ਗਿਆ, "ਮਾੜਿਆ, ਕੁੜੀਆਂ ਕੋਲ ਟੋਆ ਪੁੱਟ ਲੈ, ਬਾਕੀ ਗੌਰਮਿੰਟ ਤੋਂ ਆਪੇ ਕਰਾਦੂੰ ਮੈਂ।"

ਪਰ ਮੁੜ ਕੇ ਘਰ ਵੰਨੀਂ ਗੇੜਾ ਵੀ ਨੀ ਮਾਰਿਆ। ਵਿਹੜੇ ਦੇ ਕਈ ਘਰਾਂ ਦੇ ਚੈੱਕ ਆ ਗਏ, ਪੰਜ ਪੰਜ ਹਜ਼ਾਰ ਦੇ। ਸਰਪੰਚ ਕੋਲ ਜਾ ਕੇ ਪਤਾ ਕੀਤਾ। ਕਹਿੰਦਾ, "ਮਾੜਿਆ ਤੇਰਾ ਤਾਂ ਨਾਂ ਈ ਨੀ ਹੈਗਾ ਲਿਸਟ 'ਚ।"

'ਭੈਣ.......!' ਵੱਡੀ ਸਾਰੀ ਗਾਲ੍ਹ ਮਿੰਦਰ ਨੂੰ ਕੱਢਦਾ ਮੈਂ ਸਰਪੰਚ ਦੇ ਘਰ 'ਚੋਂ ਬਾਹਰ ਆ ਗਿਆ ਸਾਂ। ਜਦੋਂ ਦਾ ਮਿੰਦਰ ਮੈਂਬਰ ਬਣਿਐ.....ਦੋ-ਤਿੰਨ ਸਾਲਾਂ 'ਚ ਈ ਘਰ ਪੱਕਾ ਪਾ ਲਿਆ। ਸਾਰੀਆਂ ਚੀਜ਼ਾਂ ਘਰ 'ਚ ਸਜਾ ਲਈਆਂ। ਟੀ.ਵੀ., ਫਰਿੱਜ, ਸੋਫੇ ਤੇ ਦੋ ਟਾਇਰਾਂ ਵਾਲਾ ਮੋਟਰ ਸਾਇਕਲ। ਹੁਣ ਸਾਲੇ ਦੇ ਪੈਰ ਜ਼ਮੀਨ 'ਤੇ ਨੀਂ ਲੱਗਦੇ। ਜਿੱਥੇ ਹੋਰ ਘਰਾਂ ਦੀਆਂ ਤੀਵੀਆਂ ਜਾਂਦੀਆਂ ਨੇ, ਮੇਰੀਆਂ ਕੁੜੀਆਂ ਵੀ ਜਾ ਆਉਣਗੀਆਂ। ਉਹਨਾਂ ਦੇ ਕੀ ਜ਼ਿਆਦਾ ਮੁਸ਼ਕ ਚੜ੍ਹਦੀ ਐ।

ਊਂ ਸਾਰੇ ਵਿਹੜੇ ਆਲਿਆਂ ਨੇ ਈ ਜ਼ੋਰ ਲਾਇਆ ਤੀ, ਘਰਾਂ 'ਚ ਫਲੱਸ਼ਾਂ ਬਣਾਉਣ ਨੂੰ, ਮਿੰਦਰ ਨੇ ਈ ਰੌਲਾ ਪਾ ਦਿੱਤਾ ਸੀ। ਅਖੇ ਸਰਪੰਚ ਕੋਲ ਕਾਗਜ਼ ਆਏ ਐ, ਸਰਕਾਰੂ ਗਰਾਂਟ

'ਚੋਂ ਤੀਹ-ਚਾਲੀ ਘਰਾਂ ਦੀ ਲਿਸਟ ਵੀ ਬਣਾ ਕੇ ਲੈ ਗਿਆ। ਮੇਰਾ ਵੀ ਨਾਂ ਕਹਿੰਦਾ ਲਿਖ ਲਿਆ। ਪੰਜ-ਛੇ ਹਜ਼ਾਰ ਦਾ ਚੈੱਕ ਆਊ ਸਰਕਾਰੂ।

ਤਾਈ ਪਾਸ਼ੋ, ਬੀਬੀ ਸੰਤੋ ਅਤੇ ਮੂਲੋ ਹੁਰਾਂ ਦੀ ਰੌਲਾ ਪਾਇਆ ਤੀ। ਅਖੇ, "ਭਾਈ ਬੰਬਰਾ। ਇੱਕ ਮਰਲੇ ਦੇ ਘੇਰੇ 'ਚ ਰੋਜ਼ ਨੀ ਜਾਇਆ ਜਾਂਦਾ। ਸਾਰੇ ਪਿੰਡ ਦੇ ਘਰਾਂ 'ਚ ਪੱਕੀਆਂ ਫਲੱਸ਼ਾਂ ਨੇ.......ਪਰ ਆਪਣਾ ਵੇਹੜਾ ਇੱਥੇ ਈ ਨਰਕ ਭੋਗਦਾ ਰਹੂ।"

ਫਿਰ ਤਾਏ ਟੇਕੇ ਹੁਰਾਂ ਵੀ ਬੁੜੀਆਂ ਦੀ ਹਾਮੀ ਭਰ ਦਿੱਤੀ। ਉਸ ਮਰਲੇ ਦੇ ਪਲਾਟ ਕੋਲੋਂ ਕਿਹੜਾ ਲੰਘਣ ਨੂੰ ਜੀਅ ਕਰਦੇ। ਇੱਕ ਵਾਰ ਬੱਕਰੀ ਭੱਜ ਗਈ ਤੀ, ਰੱਸੀ ਤੁੜਾ ਕੇ ਪਲਾਟ 'ਚ ਜਾ ਵੜੀ। ਮੇਰਾ ਤਾਂ ਨੱਕ ਰਾਹੀਂ ਸਾਹ ਲੈਣਾ ਵੀ ਔਖਾ ਹੋ ਗਿਆ। ਗੰਦ-ਮੰਦ ਨਾਲ ਪੈਰ ਵੀ ਲਿੱਬੜ ਗਏ। ਤੀਵੀਆਂ ਦੇ ਬੁੱਜੇ ਥਾਂ-ਥਾਂ ਖਿੰਡੇ ਪਏ। ਬੱਕਰੀ ਟੁੱਟੀ ਕੰਧੋਂ ਪਰਲੇ ਪਾਰ ਨਿਕਲਗੀ। ਮੈਂ ਵੀ ਸ਼ੁਕਰ ਮਨਾਇਆ। ਘਰ ਆ ਕੇ ਸਾਰਾ ਦਿਨ ਮੈਨੂੰ ਨੱਕ ਥਾਣੀ ਉਹੋ-ਜਿਹੀ ਮੁਸ਼ਕ ਈ ਆਈ ਗਈ।

ਉੱਦੇ ਮੈਨੂੰ ਪਹਿਲੀ ਵਾਰ ਭੰਗੀਆਂ ਨਾਲ ਹਮਦਰਦੀ ਹੋਈ ਸੀ। ਇੱਕ ਦੋ ਘਰ ਈ ਨੇ ਸਾਰੇ ਪਿੰਡ 'ਚ ਉਹਨਾਂ ਦੇ ਉਹ ਵੀ ਟੋਭੇ ਦੇ ਪਰ੍ਹਾਂ ਗੰਦ-ਮੰਦ 'ਚ। ਵਿਚਾਰੇ ਸਾਰੇ ਪਿੰਡ ਦਾ ਗੰਦ-ਮੰਦ ਢੋਅ ਕੇ ਅਪਣੇ ਘਰਾਂ ਕੋਲ 'ਕੱਠਾ ਕਰ ਸੁੱਟ ਲੈਂਦੇ ਨੇ। ਤੇ ਬਦਲੇ 'ਚ ਕੀ ਮਿਲਦੈ......ਖਾਣ ਨੂੰ ਦੋ ਟੁੱਕ ......ਉਹ ਵੀ ਬਾਕੀ ਬਚੀ ਜੂਠ ਦੇ। ਤੇਬਾ ਭੰਗੀ ਤਾਂ ਕੇਰਾਂ ਭੁੱਬੀਂ ਰੋ-ਰੋ ਕਹਿੰਦਾ ਤੀ......"ਮਾੜਿਆ......ਪਿੰਡ ਆਲਿਆਂ ਨੂੰ ਉਦੋਂ ਪਤਾ ਲੱਗੂ......ਜਦੋਂ ਅਸੀਂ ਭਿਆਂ ਕਰਤੀ......ਢੁੱਕਣਾ ਪਊ ਜਦੋਂ ਗੰਦ-ਮੰਦ ਸਿਰ 'ਤੇ। ਫੇਰ ਪਤਾ ਲੱਗੂ ਸਾਡੀ ਜੂਨ ਦਾ।"

ਇੱਕ-ਦੋ ਲੰਬੜਾਂ ਦੇ ਘਰਾਂ ਨੇ, ਉਹਨਾਂ ਨੂੰ ਆਟਾ ਦੇਣਾ ਬੰਦ ਕਰਤਾ ਤੀ। ਗੱਲ ਉਹਨਾਂ ਦੇ ਅਪਣੇ ਸ਼ਰੀਕੇ ਦੀ ਤੀ। ਕਸੂਰ ਵਿਚਾਰੇ ਭੰਗੀਆਂ 'ਤੇ ਕੱਢ ਦਿੱਤਾ। ਗੁਆਂਢੀਆਂ ਦਾ ਪਾਣੀ ਬੰਦ ਕਰਨ ਲਈ, ਉਹਨਾਂ ਵੱਡੀ ਖਾਲੀ 'ਚ ਇੱਟਾਂ ਫਸਾ ਬੰਨ੍ਹ ਮਾਰਤਾ। ਜਦੋਂ ਜਿਆਦਾ ਵਿਗੜ ਪਿਆ ਤਾਂ ਆਪ ਰਜ਼ਾਮੰਦੀ ਕਰਲੀ ਤੇ ਨਾਂ ਭੰਗੀਆਂ ਦਾ ਧਰਤਾ ਕਿ ਉਹ ਮੁਫ਼ਤ 'ਚ ਆਟਾ-ਪਾਣੀ ਤਾਂ ਲੈ ਜਾਂਦੇ ਨੇ......ਪਰ ਖਾਲੀਆਂ ਸਾਫ਼ ਨੀਂ ਕਰਦੇ।

ਉਸ ਸ਼ਾਮ ਤੇਬਾ ਭੰਗੀ ਪਊਆ ਸੰਘੋਂ ਟਪਾਈ ਮੇਰੇ ਕੋਲ ਆ ਖੜ੍ਹਿਆ, "ਮਾੜਿਆ......ਨਾਂ ਤੇਰਾ ਮਾੜੈ...ਪਰ ਜੂਨ ਸਾਡੀ ਮਾੜੀ ਐ।"

"ਕੋਈ ਨੀ ਤੇਬਿਆ.......ਐਂ ਨੀਂ ਸੋਚੀਦਾ।" ਮੈਂ ਉਹਦੀ ਹਾਮੀ ਭਰੀ ਤਾਂ ਉਹ ਅੱਗੋਂ ਹੋਰ ਈ ਤਰ੍ਹਾਂ ਦਾ ਭਾਸ਼ਨ ਦੇਣ ਲੱਗਾ।

"ਮਾੜਿਆ......ਯੂ.ਪੀ. 'ਚ ਤਾਂ ਆ ਗਏ ਅੱਗੇ ਦੁਬਾਰਾ ਫਿਰ.....ਹੁਣ ਹੌਲੀ-ਹੌਲੀ ਵੇਖੀਂ ਸਾਰੇ ਦੇਸ਼ 'ਤੇ ਰਾਜ ਸਾਡਾ ਈ ਹੋਊ।" ਡਕਾਰ ਲੈਂਦਾ ਉਹ ਬੋਲਿਆ ਤੀ।

ਮੈਨੂੰ ਉਹਦੀਆਂ ਗੱਲਾਂ ਦੀ ਕੋਈ ਸਮਝ ਨਾ ਆਈ। ਇੰਨੇ ਨੂੰ ਉਹਦਾ ਮੁੰਡਾ ਘੋਟੀ ਉਹਦੀ ਬਾਂਹ ਫੜ੍ਹ ਘਰ ਬੰਨੀ ਲੈ ਗਿਆ ਤੀ।

ਜਦੋਂ ਦੀ ਦੀਪੋ ਤੁਰ ਗਈ ਐ। ਮੇਰਾ ਘਰ 'ਚ ਜੀਅ ਨੀ ਲੱਗਦਾ। ਮੈਂ ਤਾਂ ਕੁੜੀਆਂ ਕਰਕੇ ਈ ਆ ਜਾਨਾ ਘਰ। ਦੀਪੋ ਦਾ ਪਤਾ ਨਹੀਂ ਸੀ ਉਹ ਏਨੀ ਛੇਤੀ ਤੁਰ ਜਾਊ। ਸਾਰਾ ਘਰ



ਈ ਡੋਲ ਗਿਆ। ਰੱਬ ਨੇ ਬਿਮਾਰੀਆਂ ਵੀ ਸਾਰੀਆਂ ਗਰੀਬਾਂ ਨੂੰ ਈ ਦਿੱਤੀਐਂ। ਕੀ ਪਤਾ ਤੀ ਹੋਣੀ ਦਾ। ਚਾਅ ਤਾਂ ਉਹਨੂੰ ਮੁੰਡੇ ਦੇ ਜਰਮ ਦਾ ਸੀ ਪਰ ਭਾਣਾ ਹੋਰ ਈ ਵਾਪਰ ਗਿਆ।

"ਵੇਖੀਂ.....ਬਿੰਦੇ ਦੇ ਬਾਪੂ.......ਐਤਕੀਂ ਰੱਬ ਮੁੰਡਾ ਈ ਦੇਊ.....ਆਪਾਂ ਕਿਹੜਾ ਰੱਬ ਦੇ ਮਾਂਹ ਮਾਰੇ ਐ।" ਦੀਪੋ ਖੁਸ਼ ਹੋ-ਹੋ ਕਹਿੰਦੀ ਸੀ। ਪਰ ਜਦੋਂ ਉਹਨੂੰ ਪੀੜਾਂ ਉੱਠੀਆਂ, ਪਿੰਡ ਦੀ ਦਾਈ ਦੀ ਰਮਜ਼ 'ਚ ਵੀ ਕੁਝ ਨਾ ਪਿਆ ਸਗੋਂ ਸ਼ਹਿਰ ਦੀ ਡਾਕਟਰਨੀ ਕੋਲ ਛੇਤੀ ਲੈ ਜਾਣ ਨੂੰ ਕਹਿਣ ਲੱਗੀ। ਨੰਬਰਦਾਰਾਂ ਤੋਂ ਉਧਾਰੇ ਪੈਸੇ ਫੜ੍ਹ ਸ਼ਹਿਰ ਲੈ ਗਏ। ਪੰਜ ਸੌ ਤਾਂ ਉਹਨਾਂ ਪਹਿਲੇ ਦਿਨ ਹੀ ਝਾੜ ਲਿਆ। ਹੋਏ ਅਜੇ ਮਸਾਂ ਟੈਸਟ ਈ ਸਨ। ਬੱਚੇ ਨੂੰ ਖ਼ਤਰੇ ਭਾਈ। ਦਸ-ਪੰਦਰਾ ਹਜ਼ਾਰ ਦਾ ਖ਼ਰਚ ਆਊ। ਕਰੋ ਪ੍ਰਬੰਧ, ਗਲੇ 'ਚ ਪਾਇਪ ਜਿਹੀ ਪਾਈ ਡਾਕਟਰਨੀ ਬੋਲੀ ਸੀ।

ਤਾਈ ਨੂੰ ਦੀਪੋ ਕੋਲ ਛੱਡ ਮੈਂ ਪਿੰਡ ਮੁੜ ਆਇਆ। ਪੈਸਿਆਂ ਦਾ ਪ੍ਰਬੰਧ ਕਰਨ ਲਈ। ਪਰ ਕਿਧਰੋਂ ਵੀ ਪ੍ਰਬੰਧ ਨਾ ਹੋਇਆ। ਆਖ਼ਰ ਮੈਨੂੰ ਦੇਬੂ ਦੀ ਕਹੀ ਗੱਲ ਯਾਦ ਆ ਗਈ- "ਉਹ ਭਰਾਵਾ ਬੁਰੇ ਵਕਤ ਨੂੰ ਸਾਂਭਣਾ ਜ਼ਰੂਰੀ ਐ......ਘਰ ਗਹਿਣੇ ਰੱਖ ਦੇ ਦਸ ਹਜ਼ਾਰ ਲੈ ਜਾ।"

ਮੈਂ ਝੱਟ ਕੋਰੇ ਕਾਗਜ਼ 'ਤੇ ਗੂਠਾ ਲਾ ਦਿੱਤਾ। ਹਸਪਤਾਲ ਆਇਆ। ਬੱਚਾ ਵੱਡੇ ਅਪ੍ਰੇਸ਼ਨ ਨਾਲ ਹੋਇਆ ਉਹ ਵੀ ਕੁੜੀ। ਡਾਕਟਰਨੀ ਦੀਪੋ ਨੂੰ ਨਾ ਬਚਾ ਸਕੀ। ਹੱਥ 'ਚ ਕੁੜੀ ਫੜ੍ਹੀ ਅਸੀਂ ਵਾਪਸ ਆ ਗਏ। ਛੋਟੀ ਕੁੜੀ ਮੈਨੂੰ ਭੋਰਾ ਚੰਗੀ ਨਾ ਲੱਗੀ। ਕਦੇ ਜੀਅ ਕਰਦਾ ਇਹਦੇ ਗਲ ਗੂਠਾ ਦੇ ਕੇ ਹੁਣੇ ਮਾਰ ਦੇਵਾਂ। ਪਰ ਜਦੋਂ ਤੋਤਲੇ ਬੋਲਾਂ ਨਾਲ ਮੈਨੂੰ ਇਹ ਬਾਪੂ ਕਹਿਣ ਲੱਗੀ ਸੀ ਤਾਂ ਮੇਰਾ ਮਨ ਵੀ ਪਿਘਰ ਜਿਹਾ ਜਾਂਦਾ।

"ਕੋਈ ਨੀ ਪੁੱਤ ਮਾੜਿਆ........ਜਿਹਨੇ ਦਿੱਤੀਆਂ ਨੇ ਉਹ ਰਿਜ਼ਕ ਵੀ ਦੇਊ.....। ਦਿਲ ਨਾ ਸੁੱਟੀਂ।" ਤਾਈ ਹਮੇਸ਼ਾ ਮੈਨੂੰ ਧਾਰਸ ਦਿੰਦੀ ਰਹਿੰਦੀ ਸੀ।

ਤਾਈ ਦਾ ਮੇਰੇ ਪ੍ਰਤੀ ਇੰਨਾ ਪਿਆਰ ਮੈਨੂੰ ਬੜਾ ਚੰਗਾ ਲੱਗਦਾ ਸੀ। ਤਾਈ ਹੁਰੀਂ ਰਿਸ਼ਤੇ 'ਚੋਂ ਵੀ ਸਾਡੇ ਕੀ ਲੱਗਦੇ ਸਨ ਤੇ ਦੂਜੇ ਪਾਸੇ ਮੇਰਾ ਅਪਣਾ ਸਕਾ ਭਰਾ ਸੀ। ਜਿਹਨੇ ਹਮਦਰਦੀ ਦਾ ਇੱਕ ਬੋਲ ਵੀ ਕਦੇ ਮੇਰੇ ਨਾਲ ਸਾਂਝਾ ਨਹੀਂ ਕੀਤਾ ਸੀ। ਜਦੋਂ ਦੀ ਚੁੜੇਲ ਜਿਹੀ ਘਰ 'ਚ ਵਿਆਹ ਕੇ ਲਿਆਂਦੀ ਐ, ਉੱਦੇ ਦਾ ਹੀ ਸਾਡੇ ਕੰਨੀਓਂ ਪਿੱਛੇ ਪੈਰ ਮੁੜਦਾ ਰਿਹੈ। ਹੁਣ ਤਾਂ ਉਸੇ ਚੁੜੇਲ ਦੀ ਈ ਲੱਤ ਥੱਲੇ ਆ। ਲੋਕੀਂ ਤਾਂ ਇਹੋ ਗੱਲਾਂ ਕਰਦੇ ਐ, ਕਿ ਇਹਦੇ ਈ ਮਾਂਹ ਮਰੇ ਹੋਏ ਐ। ਏਸ ਗੱਲ ਦੀ ਭਿਣਕ ਵੀ ਮੈਨੂੰ ਉਦੋਂ ਲੱਗੀ, ਜਦੋਂ ਭੱਜਾਂ ਦਾ ਲੱਖਾ ਛੜਾ ਇਹਦੇ ਘਰ ਆਉਣ ਲੱਗ ਪਿਆ। ਇਹ ਮੇਲਾ ਸਾਲਾ ਉਹਦੇ ਆਉਣ 'ਤੇ ਔਖਾ ਹੋਣ ਦੀ ਬਜਾਏ ਖੁਸ਼ ਹੋ ਜਾਂਦੈ। ਉਹ ਇਹਦੇ ਪੀਣ ਲਈ ਬੋਤਲ ਜੇ ਡੱਬ 'ਚ ਜੁ ਟੰਗ ਲਿਆਉਂਦੇ। ਫੇਰ ਉਹ ਮੰਜੇ 'ਤੇ ਆ ਬੈਠੂ, ਜਿਵੇਂ ਘਰ ਵੀ ਉਸੇ ਦਾ ਹੋਵੇ ਤੇ ਇਹ ਸਾਡੇ ਵਾਲਾ ਭੂੰਜੇ ਬੈਠਾ ਵੱਡਾ ਭਾਈ-ਵੱਡਾ ਭਾਈ ਕਰਦਾ ਰਹੂ ਤੇ ਚੁੜੇਲ ਸਾਲੀ ਉਹਦੇ ਅੱਗੇ ਹਾਂਜੀ-ਹਾਂਜੀ ਕਰੂ, ਜਿਵੇਂ ਸਾਲੀ ਬਹੂ ਉਸੇ ਦੀ ਹੋਵੇ ਤੇ ਇਹਨੂੰ ਟੁੱਟ-ਟੁੱਟ ਕੇ ਪਊ।

ਮੈਂ ਪਹਿਲਾਂ ਤਾਂ ਉਹਨੂੰ ਸਮਝਾਉਣਾ ਚਾਹਿਆ ਸੀ, ਬਈ ਬੰਦਾ ਬਣ। ਬਾਹਰ ਦੇ ਜਨੌਰ ਜੇ ਚੂੰਝਾਂ ਮਾਰਨ ਲੱਗ ਪੈਣ, ਲੋਕਾਂ ਨੂੰ ਤਾਂ ਗੱਲਾਂ ਮਸਾਂ ਥਿਆਉਂਦੀਐਂ। ਸਾਲਾ ਅੱਗੋਂ ਕਹਿੰਦਾ-

"ਤੂੰ ਅਪਣਾ ਘਰ ਸੰਭਾਲ........ਤੈਂ ਮੇਰੇ ਘਰ ਤੋਂ ਕੀ ਟੀਡੀਆਂ ਲੈਣੀਆਂ ਨੇ।" ਚੁੜੇਲ ਵੀ ਖਾਣ ਨੂੰ ਪੈ ਗਈ। ਮੈਂ ਕਿਹਾ ਭਾਈ ਅਪਣੀ ਭਲੀ ਬੁਰੀ ਵਿਚਾਰ......ਸਾਨੂੰ ਤਾਂ ਕੀ ਐ। ਉਸ ਤੋਂ ਬਾਅਦ ਮੈਂ ਨੀ ਵੜਿਆ ਕਦੇ ਉਹਨਾਂ ਦੀ ਬਰੂਹ।

ਦੀਪੋ ਤੁਰ ਗਈ ਤਾਂ ਭੈਣ ਦੇਣੇ ਅਫ਼ਸੋਸ ਨੂੰ ਵੀ ਨਾ ਆਏ। ਚੁੜੇਲ ਤਾਂ ਕੁੜੀਆਂ ਨੂੰ ਵੀ ਔਖਾਂ ਟੱਡ-ਟੱਡ ਪੈਂਦੀ ਐ। ਮੈਂ ਇਹਨਾਂ ਨੂੰ ਸਮਝਾਇਆ ਹੋਇਆ, ਭਾਈ ਤੁਸੀਂ ਨਾ ਜਾਇਓ, ਉਧਰ ਕਦੇ। ਐਵੇਂ ਕੀ ਪਤਾ ਹੋਰ ਈ ਕੋਈ 'ਲਜ਼ਾਮ ਲਾ ਦੇਣ। ਲੱਖਾ ਛੜਾ ਵੀ ਮੇਰੇ ਕੰਨੀ ਕੋੜ-ਕੌੜ ਝਾਕਦੈ। ਜਦੋਂ ਸਾਡੀ ਬੀਹੀ ਲੰਘੂ। ਕੇਰਾਂ ਮੈਂ ਪੁੱਛ ਹੀ ਲਿਆ, "ਕੀ ਗੱਲ ਐ?" ਤਾਂ ਕਹਿੰਦਾ "ਜਿੱਡਾ ਤੇਰਾ ਕੱਦ ਐ, ਉੱਡਾ ਈ ਰਹਿ.....ਜੱਟ ਨਾਲ ਪੰਗਾ ਨਾ ਲੈ ਲਈਂ ਕਦੇ......ਛੋਲੇ ਕੱਢਦੂੰ।" ਮੈਂ ਮਨ ਨੂੰ ਸਮਝਾਇਆ, ਬਈ ਜਦੋਂ ਅਪਣਾ ਈ ਸਿੱਕਾ ਖੋਟੈ......ਤਾਂ ਦੂਜਿਆਂ 'ਤੇ ਕਾਹਦਾ ਦੋਸ਼?

ਉਦੋਂ ਮੈਨੂੰ ਪਾਲੇ ਦਾ ਚੇਤਾ ਆਇਆ। ਬੇਚਾਰੇ ਨੇ ਕੀ ਲੈਣਾ ਮੇਰੇ ਕੋਲੋਂ। ਦੀਪੋ ਦੇ ਜਾਣ ਤੋਂ ਬਾਅਦ ਮੇਰੇ ਦੁੱਖ 'ਚ ਇੱਕ ਉਹੋ ਸ਼ਰੀਕ ਹੋਇਆ। ਰੋਟੀ-ਪਾਣੀ ਵੀ ਉਹਦੇ ਘਰੋਂ ਆਉਂਦਾ ਰਿਹਾ ਐ। ਕੁੜੀਆਂ ਦੀ ਦੇਖਭਾਲ ਵੀ ਤਾਰੋ ਨੇ ਹੀ ਕੀਤੀ। ਤੇ ਛੋਟੀ ਕੁੜੀ ਨੂੰ ਤਾਂ ਪਾਲ ਵੀ ਉਹੀਓ ਰਹੀ ਐ। ਮੈਨੂੰ ਉਹਨਾਂ ਦਾ ਹੇਜ ਕਿਵੇਂ ਨਾ ਆਊ। ਵੇਹਲੇ ਬੈਠੇ ਨੂੰ ਕੰਮ ਵੀ ਉਹਨੇ ਲਾਇਆ। ਕਹਿੰਦਾ-"ਮਾੜਿਆ, ਤੁਰ ਜਾਣ ਵਾਲੇ ਦੇ ਨਾਲ ਵੀ ਨੀਂ ਜਾਇਆ ਜਾ ਸਕਦਾ.....ਉੱਠ ਚੱਲ ਮੇਰੇ ਨਾਲ ਹੀ ਕੰਮ 'ਤੇ ਚੱਲ, ਔਗੀ ਰੁਪਏ ਦਿਵਾਊਂ ਦਿਹਾੜੀ ਤੇ ਨਾਲੇ ਦੋ ਪੌਤੇ ਗੱਲੀਆਂ ਦੇ।"

ਮੈਂ ਕੀ ਬੋਲਦਾ, ਪਹਿਲਾ ਹੀ ਔਕਿਆ ਪਿਆ ਸਾਂ। ਬਿਨਾ ਕੁੱਝ ਬੋਲੇ ਤੁਰ ਪਿਆ ਉਹਦੇ ਨਾਲ। ਮਾਸਟਰ ਦੇ ਘਰ ਫਲੱਸ਼ ਪੁੱਟਣੀ ਸੀ। ਬੜੀ ਵੱਡੀ ਕੋਠੀ ਪਾਈ ਐ। ਫਲੱਸ਼ ਵੀ ਨਿਵੇਕਲੀ ਤਰ੍ਹਾਂ ਦੀ ਬਣਾ ਰਹੇ ਸਨ। ਚਾਰ ਟੋਏ ਪੁੱਟ ਕੇ। ਗਟਰ ਵਾਲੀ। ਮੈਨੂੰ ਤਾਂ ਇਸ ਬਾਰੇ ਕੁੱਝ ਪਤਾ ਨਹੀਂ ਸੀ। ਇਹ ਤਾਂ ਪਾਲੇ ਦਾ ਕੰਮ ਸੀ। ਮੈਂ ਤਾਂ 'ਕੱਲੀ ਮਿੱਟੀ ਪੁੱਟਣੀ ਸੀ। ਬਾਕੀ ਤਾਂ ਸਾਰਾ ਕੁੱਝ ਉਹਨੇ ਹੀ ਕਰਨਾ ਸੀ।

ਇਹ ਮਾਸਟਰ ਹੁਰੀਂ ਵੀ ਸਾਡੇ ਈ ਲਾਣੇ 'ਚੋਂ ਨੇ। ਗੇਰੂ ਦਾ ਵੱਡਾ ਮੁੰਡੈ ਮਾਸਟਰ ਤੇ ਸਾਰਾ ਪਰਿਵਾਰ ਕਾਮਰੇਡ ਐ। ਵੇਹੜੇ ਵਾਲੇ ਸਾਰੇ ਇਹਨਾਂ ਨੂੰ ਕਾਮਰੇਟਾਂ ਦਾ ਲਾਣਾ ਕਹਿੰਦੇ ਐ। ਗੇਰੂ ਨੇ ਪੜ੍ਹਾਤਾ ਇਹਨੂੰ। ਦਸ ਪੜ੍ਹਨ ਤੋਂ ਬਾਅਦ ਕੋਈ ਕੋਰਸ ਜਿਹਾ ਕਰਕੇ ਸਕੂਲ 'ਚ ਮਾਸਟਰ ਲੱਗ ਗਿਆ। ਜਵਾਕ ਹੁਣ ਬਾਹਰ ਰਹਿੰਦੇ ਵੱਡੇ ਕਾਲਜਾਂ 'ਚ ਪੜ੍ਹਦੇ ਨੇ ਇਹਦੇ। ਘਰੇ ਕੁਰਸੀ 'ਤੇ ਬੈਠੇ ਦੀ ਟੌਰ ਵੇਖਣ ਵਾਲੀ ਹੁੰਦੀ ਐ। ਸਾਡੇ ਵੇਹੜੇ ਦੇ ਵਿਹਲੜ ਸਾਰੇ ਇਹਦੇ ਆਲੇ-ਦੁਆਲੇ ਘੇਰਾ ਪਾਈ ਬੈਠੇ, ਇਹਦੀਆਂ ਗੱਲਾਂ ਸੁਣਦੇ ਹੁੰਦੇ ਐ.......ਇਹ ਵੀ ਬੜੇ ਸਵਾਦ ਨਾਲ ਸੁਣਾਉਂਦੇ ਗੱਲਾਂ। ਅੱਜ ਵੀ ਛੇੜ ਲਈ ਕਥਾ। ਕਹਿੰਦਾ, "ਭਾਈ ਜਦੋਂ ਮੈਂ ਸਕੂਲ ਪੜ੍ਹਨ ਜਾਇਆ ਕਰਦਾ......ਜੱਟ ਮੇਰੇ ਬਾਪੂ ਨੂੰ ਭੇਡਾਂ ਕਰਦੇ.......ਕਹਿੰਦੇ ਗੇਰੂਆ.......ਕਿਉਂ ਜਵਾਕ ਨੂੰ ਚਬਲਾਉਂਦੈ......ਅਜੇ ਵੀ ਕੁਝ ਨਹੀਂ ਵਿਗੜਿਆ। ਪੜ੍ਹ ਲਿਖ ਕੇ ਵੀ ਇਹਨੇ ਇੱਥੇ ਹੀ ਰਹਿਣੈਂ.......ਤੇਰੀ ਕੌਮ ਨੀਂ ਨਿੱਕਲ ਸਕਦੀ ਨਰਕ 'ਚੋਂ.....ਇਹ ਤਾਂ ਰੱਬ ਨੇ ਜੂਨ ਈ ਅਜਿਹੀ



ਬਣਾਈ ਐ......ਭੁਗਤਣੀ ਪਊ। ਜੇ ਪੜ੍ਹਾਉਣਾ ਈ ਸੀ ਤਾਂ ਕਿਸੇ ਉੱਚੀ ਜਾਤ 'ਚ ਜਨਮ ਲੈਂਦੇ।" ਮੇਰਾ ਬਾਪੂ ਵੀ ਹੱਸ ਕੇ ਟਾਲ ਦਿੰਦਾ, ਕਹਿੰਦਾ-"ਲੰਬੜਦਾਰਾ ਜਵਾਕ ਕਹਿੰਦਾ ਮੈਂ ਪੜ੍ਹੂੰ.... ਮੈਂ ਕਿਹਾ ਭਾਈ ਪੜ੍ਹ ਲੈ ਫੇਰ। ਤੇ ਮੈਂ ਪੜ੍ਹਦਾ ਗਿਆ। ਸਾਡਾ ਮਾਸਟਰ ਚੰਗਾ ਸੀ, ਉਹ ਮੇਰੀ ਫੀਸ ਭਰਦਾ ਰਿਹਾ। ਜੱਟਾਂ ਦੇ ਮੁੰਡੇ ਮੇਰੇ ਹਾਣੀ ਮਿੱਟੀ ਨਾਲ ਮਿੱਟੀ ਹੁੰਦੇ ਖੇਤਾਂ 'ਚ.....ਮੈਨੂੰ ਸਕੂਲ ਪੜ੍ਹਨ ਜਾਂਦੇ ਵੇਖ ਬਿਟਰ-ਬਿਟਰ ਝਾਕਦੇ। ਤਾਹਨੇ-ਮਿਹਣੇ ਮਾਰਦੇ......ਪਰ ਮੈਂ ਨੀ ਹਿੰਮਤ ਹਾਰੀ, ਵੇਖ ਲਓ ਮਾਸਟਰ ਬਣਕੇ ਵਿਖਾਤਾ......ਹੁਣ ਉਹੋ ਜਣੇ......ਅਪਣੇ ਜਵਾਕਾਂ ਨੂੰ ਪੜ੍ਹਾਉਣ ਲਈ ਮੇਰੇ ਕੋਲ ਲੈ ਕੇ ਆਉਂਦੇ ਐ।"

ਮੈਂ ਮਿੱਟੀ ਪੁੱਟੀ ਗਿਆ, ਪਾਲਾ ਕੱਢੀ ਗਿਆ। ਮਾਸਟਰ ਸਾਡੇ ਕੋਲ ਕੁਰਸੀ 'ਤੇ ਬੈਠਾ ਪੂਰੇ ਰੌਅ 'ਚ ਸੀ। ਫੇਰ ਉਹਨੇ ਭਾਈ ਜੈਤੇ ਦੀ ਕਹਾਣੀ ਛੇੜ ਲੀ। ਕਹਿੰਦਾ- "ਭਾਈ ਜੈਤਾ ਜੇ ਉੱਚੀ ਜਾਤ ਦਾ ਹੁੰਦਾ-ਉਹਦੀ ਕਦਰ ਦੁੱਗਣੀ ਪੈਣੀ ਸੀ-ਗੁਰੂ ਗੋਬਿੰਦ ਸਿੰਘ ਨੇ ਸੱਤ ਮੈਂਬਰ ਕੌਮ ਲਈ ਵਾਰੇ ਸਨ......ਤੇ ਭਾਈ ਜੈਤਾ ਉਨ੍ਹਾਂ ਦਾ ਸਿੱਖ ਵੀ ਘੱਟ ਨਹੀਂ ਸੀ......ਉਹਨੇ ਵੀ ਗਿਆਰਾਂ ਜੀਅ ਵਾਰੇ.....ਪਰ ਹੁਣ ਉਹਦਾ ਨਾਂ ਵੀ ਮਸਾਂ ਹੀ ਲੈਂਦੇ ਐ.....ਵੇਖੋ ਧਰਮ 'ਚ ਵੀ ਜਾਤਾਂ-ਪਾਤਾਂ ਦੀ ਵੰਡ ਹੋ ਗਈ.......ਫੇਰ ਉਸਨੇ ਬਾਬੇ ਬੀਰ-ਧੀਰ ਦਾ ਇਤਿਹਾਸ ਛੇੜ ਲਿਆ.......ਕਹਿੰਦਾ-ਮਿਸਲਾਂ ਨੂੰ ਬਣਾਉਣ ਵਕਤ ਇਹਨਾਂ ਨੇ ਰੌਲਾ ਪਾਇਆ ਸੀ......ਅਖੇ ਇਹਤਾਂ ਰਾਜ ਸੱਤਾ ਵਾਲਾ ਕੰਮ ਹੋ ਜਾਊ....ਅਸੀਂ ਨੀ ਇਹਨਾਂ ਦੇ ਹੱਕ 'ਚ। ਉਸ ਵੇਲੇ ਦੇ ਜਥੇਦਾਰ ਨੇ ਬੀਰ ਸਿੰਘ-ਧੀਰ ਸਿੰਘ ਦੇ ਜੱਥੇ ਨੂੰ ਅਫਗਾਨਿਸਤਾਨ ਦੀ ਸਰਹੱਦ ਵੱਲ ਤੋਰ ਦਿੱਤਾ......ਅਖੇ ਮੁਗਲਾਂ ਦੇ ਹਮਲੇ ਕਰਨ ਦੀ ਖ਼ਬਰ ਹੈ.....ਪੰਥ ਦੀ ਰਾਖੀ ਕਰੋ.....ਸਰਹੱਦ 'ਤੇ ਜੱਥਾ ਲੈ ਜਾ ਕੇ......ਮਗਰੋਂ ਮਿਸਲਾਂ ਬਣਾ ਕੇ ਸਾਰੇ ਆਪੋ-ਅਪਣੇ ਜੱਥਿਆਂ ਦੇ ਸਰਦਾਰ ਬਣ ਗਏ......ਬਾਅਦ ਵਿੱਚ ਬਾਬਿਆਂ ਨੂੰ ਸੱਦਾ ਦਿੱਤਾ ਅਖੇ ਅੰਬਰਸਰ ਜੱਥੇ ਨੂੰ ਪਹੁੰਚਣ ਦਾ ਹੁਕਮ ਐ....ਮੁਗਲਾਂ ਦੇ ਹਮਲੇ ਦਾ ਡਰ ਐ......ਸਾਰੇ ਪਹਿਲਾਂ ਤਰਨਤਾਰਨ 'ਕੱਠੇ ਹੋਵੋ......ਤਰਨਤਾਰਨ ਜੱਥੇ ਦੇ ਪਹੁੰਚਣ ਤੋਂ ਬਾਅਦ ਪੰਜ-ਪੰਜ ਦੇ ਟੋਲੇ ਬਣਾ ਕੇ ਅੰਬਰਸਰ ਵੱਲ ਤੋਰਿਆ ਗਿਆ......ਪਰ ਪਹੁੰਚਿਆ ਉੱਥੇ ਜੱਥੇ ਦਾ ਇੱਕ ਵੀ ਜਣਾ ਨਾ......ਵੇਖਿਆ ਇਤਿਹਾਸ 'ਚ ਇਸ ਬਾਰੇ 'ਤੇ ਜਮ੍ਹਾਂ ਹੀ ਚੁੱਪ ਵੱਟ ਲਈ ਗਈ।"

ਮਾਸਟਰ ਪੂਰੇ ਜੋਸ਼ 'ਚ ਬੋਲੀ ਗਿਆ ਸੀ। ਸਾਨੂੰ ਉਹਦੀਆਂ ਗੱਲਾਂ ਦੀ ਕੋਈ ਬਹੁਤੀ ਸਮਝ ਨਾ ਆਈ ਸੀ। ਸ਼ਾਮ ਨੂੰ ਉਹਨੇ ਪੀਣ ਲਈ ਸੰਤਰੇ ਦੀ ਬੋਤਲ ਵੀ ਦੇ ਦਿੱਤੀ। ਮੈਂ ਤੇ ਪਾਲਾ ਪੀਣ ਲੱਗੇ। ਮਾਸਟਰ ਦੀਆਂ ਗੱਲਾਂ ਵੀ ਕਰਦੇ ਰਹੇ। ਪਾਲੇ ਨੇ ਮੋਟਾ ਜਿਹਾ ਪੈੱਗ ਸੰਘੋਂ ਅੰਦਰ ਲੰਘਾ ਕੇ ਕਿਹਾ, "ਓਏ ਮਾੜਿਆ.......ਮਾਸਟਰ ਨੂੰ ਆਉਂਦੀਐਂ ਗੱਲਾਂ.....ਹੁਣ ਵਿਹੜੇ ਦਾ ਸਰਦਾਰ ਬਣਿਆ ਬੈਠੇ......ਇਹ ਔਕਾਤ ਭੁੱਲ ਜਾਂਦੇ ਐ.......ਤੂੰ ਦੱਸ ਕਿੰਨੇ ਵਾਰ ਗਿਐਂ ਇਹਦੇ ਘਰ.....ਕਦੇ ਬਰਾਬਰ ਕੁਰਸੀ 'ਤੇ ਬਿਠਾਇਆ ਇਹਨੇ.....ਤੈਨੂੰ ਮੈਂ ਦੱਸਾਂ.....ਇਹਨੇ ਐਮ. ਐਲ. ਏ. ਤੋਂ ਸਫ਼ਾਰਸ਼ ਪੁਆ ਕੇ ਅਪਣੇ ਛੋਟੇ ਭਾਈ ਨੂੰ ਤੇਲ ਦਾ ਡਿੱਪੂ ਦਵਾ ਤਾ.....ਵੇਖ ਲੈ ਸਾਲ 'ਚ ਈ ਕਿੰਨਾ ਅਮੀਰ ਹੋ ਗਿਆ ਉਹ.....ਰਾਸ਼ਨ 'ਚ ਕਦੇ ਕਿਸੇ ਨੂੰ ਕੁੱਝ ਨੀਂ ਦਿੰਦਾ.....ਢੋਲ ਦੇ ਢੋਲ ਤੇਲ ਦੇ ਬਾਹਰ ਹੀ ਗਿੱਟ-ਮਿੱਟ ਕਰਕੇ ਵੇਚ ਦਿੰਦੇ....ਪੰਪ ਆਲਿਆਂ

ਨੂੰ.....ਜੇ ਕੋਈ ਰਾਸ਼ਨ ਕਾਰਡ 'ਤੇ ਲੈਣ ਆਊ ਤਾਂ ਅੱਗੋਂ ਕਹੂ ਕਿੱਲਤ ਚੱਲ ਰਹੀ ਐ.....ਪਿੱਛੋਂ ਨੀ ਆਇਆ।"

"ਹਾਂ ਇਹ ਤੇਰੀ ਸੱਚੀ ਗੱਲ ਐ.....ਵੱਡੇ ਭਾਈ।" ਮੈਨੂੰ ਵੀ ਸਰੂਰ ਜਿਹਾ ਆ ਗਿਆ ਸੀ। ਇੱਕ ਮੋਟਾ ਜਿਹਾ ਪੈੱਗ ਉਹਨੇ ਹੋਰ ਖਿੱਚ ਲਿਆ ਤੇ ਹੋ ਗਿਆ ਦੁਬਾਰਾ ਸਟਾਰਟ–"ਲੈ ਉਦੋਂ ਡੀ. ਸੀ. ਰੇਟ ਦੀ ਦਿਹਾੜੀ ਦਾ ਜਦੋਂ ਰੌਲਾ ਪਿਆ......ਤਾਂ ਇਹੋ ਮਾਸਟਰ ਸਾਡੇ ਨਾਲ ਨੀ ਖੜ੍ਹਿਆ। ਕਹਿੰਦਾ ਵੇਹੜੇ ਵਾਲਿਓ ਤੁਸੀਂ ਗੁੱਸਾ ਨਾ ਕਰਿਓ......ਮੈਂ ਤਾਂ ਸਰਕਾਰੀ ਮੁਲਾਜ਼ਮ ਆਂ.....ਤੁਹਾਡੇ ਨਾਲ ਇਸ ਗੱਲ 'ਤੇ ਨੀ ਖੜ੍ਹ ਸਕਦਾ......ਤੁਸੀਂ ਅਪਣੀ ਭਲੀ-ਬੁਰੀ ਵਿਚਾਰੋ......ਉਂਜ ਮੈਂ ਅੰਦਰੋਂ ਤੁਹਾਡੇ ਨਾਲ ਆਂ। ਪਿੱਛੋਂ ਪਤਾ ਲੱਗਾ ਸਰਪੰਚ ਨੇ ਐਮ. ਐਲ. ਏ. ਕੋਲ ਕਹਿ ਕੇ ਇਹਦੀ ..... 'ਚ ਡੰਡਾ ਦਵਾਤਾ ਸੀ। ਫਿਰ ਵੇਹੜੇ ਆਲਿਆਂ ਨੇ ਅਪਣੇ ਬਲਬੂਤੇ ਈ ਰੌਲਾ ਪਾਇਆ ਦਿਹਾੜੀ ਦਾ ਰੇਟ ਤੈਅ ਕਰਨ ਦਾ। ਉੱਧਰੋਂ ਜਿਮੀਂਦਾਰ ਵੀ ਇਕੱਠੇ ਹੋ ਗਏ। ਉਹਨਾਂ ਗੁਰੂ ਘਰੋਂ ਲੌਂਸਮੈਂਟ ਕਰਾਤੀ–"ਅਖੇ ਭਾਈ ਇਹਨਾਂ ਨੂੰ ਅਪਣੇ ਖੇਤਾਂ 'ਚ ਨਾ ਵੜਨ ਦਿਉ......ਸਾਰਾ ਕੰਮ ਆਪਾਂ ਰਲਮਿਲ ਕੇ ਕਰਾਂਗੇ"....ਪੰਦਰਾਂ-ਵੀਹ ਦਿਨ ਤਾਂ ਅਪਣੇ ਬੰਦੇ ਵੀ ਪੱਕੇ ਰਹੇ....ਪਰ ਫਿਰ ਹਥਿਆਰ ਡੇਗਣੇ ਪਏ। ਉਹੋ ਬੰਦੇ ਸਮਝੌਤੇ 'ਚ ਅੱਗੇ ਆ ਗਏ। ਸੌਤਰ ਦੀ ਥਾਏਂ ਤਿੰਨ ਰੁਪਏ ਦਿਹਾੜੀ ਦੇ ਹੀ ਵਧੇ....ਕੀ ਪੱਲੇ ਪਿਆ ਛੁਣਛੁਣਾ ? ਨਾਲੇ ਖਾਹ-ਮਖਾਹ ਵੈਰ ਪੁਆ ਲਿਆ।"

ਮੈਂ ਵੇਖਿਆ ਪਾਲੇ ਦੀਆਂ ਅੱਖਾਂ ਲਾਲ ਹੋ ਗਈਆਂ ਸਨ। ਉਹਦਾ ਸਾਰਾ ਸਰੀਰ ਪੱਥਰ ਵਾਂਗ ਸਖ਼ਤ ਹੁੰਦਾ ਜਾ ਰਿਹਾ ਸੀ। "ਚੱਲ ਭਾਈ ਚੱਲੀਏ.....ਨੇਰ੍ਹਾ ਹੋ ਗਿਆ।" ਡੈਅ 'ਚ ਮੈਂ ਉਹਦੀ ਬਾਂਹ ਫੜ੍ਹ ਘਰ ਵੱਲ ਲੈ ਆਇਆ ਸਾਂ। ਦਾਰੂ ਦਾ ਕੀ ਪਤੈ, ਚੜ੍ਹੀ-ਪੀਤੀ 'ਚ ਬੰਦਾ ਕੀ ਕਰ ਦੇਵੇ। ਇਹੋ ਸੋਚ ਡਰ ਗਿਆ ਸਾਂ ਉਦੋਂ।

ਮਿੱਟੀ ਪੁੱਟਣ ਦਾ ਕੰਮ ਕਰਦੇ-ਕਰਦੇ ਮੇਰੇ ਢਿੱਡ 'ਚ ਪੀੜ ਜਿਹੀ ਉੱਠਣ ਲੱਗ ਪਈ। ਕਈ ਵਾਰ ਤਾਂ ਅਣਗੌਲੀ ਗਿਆ। ਪਰ ਦਰਦ ਹੋਰ ਜ਼ਿਆਦਾ ਵੱਧਣ ਲੱਗਾ। ਹਾਰ ਕੇ ਪਿੰਡ ਦੇ ਡਾਕਟਰ ਨੂੰ ਵਿਖਾਇਆ ਪਰ ਉਹਦੀ ਸਮਝ 'ਚ ਨਾ ਆਇਆ। ਦਰਦ ਦੀਆਂ ਗੋਲੀਆਂ ਦੇ ਦਿੱਤੀਆਂ। ਜਿੰਨਾ ਚਿਰ ਗੋਲੀ ਖਾਂਦਾ ਰਿਹਾ, ਦਰਦ ਘੱਟ ਹੋ ਜਾਂਦਾ ਪਰ ਜਦੋਂ ਛੱਡ ਦਿੰਦਾ ਫਿਰ ਉਹੋ ਹਾਲ। ਪਾਲਾ ਮੈਨੂੰ ਸ਼ਹਿਰ ਦੇ ਸਰਕਾਰੂ ਹਸਪਤਾਲ ਲੈ ਗਿਆ। ਡਾਕਟਰ ਨੇ ਅਲਟਰਾਸੈਂਡ ਕੀਤੀ ਪਤਾ ਲੱਗਾ ਮੇਰੇ ਤਾਂ ਗੁਰਦਿਆਂ 'ਚ ਤਿੰਨ ਪਥਰੀਆਂ ਬਣੀਆਂ ਪਈਆਂ ਨੇ। ਉਹਨੇ ਦਾਰੂ ਲਿਖਤੀ। ਕਹਿੰਦਾ ਭਾਰੀ ਕੰਮ ਨਾ ਕਰੀਂ......ਜੇ ਇੰਜ ਨਾ ਨਿੱਕਲੀਆਂ ਪਥਰੀਆਂ ਤਾਂ ਫੇਰ ਅਪ੍ਰੇਸ਼ਨ ਕਰਨਾ ਪਊ।

ਉਦਾਸ ਜਿਹਾ ਮੈਂ ਪਿੰਡ ਪਰਤ ਆਇਆ। ਇੱਕ ਦੋ ਵਾਰ ਮਨ ਮਾਰ ਕੇ ਪਾਲੇ ਨਾਲ ਦਿਹਾੜੀ 'ਤੇ ਗਿਆ ਪਰ ਦਰਦ ਫਿਰ ਉੱਠ ਆਇਆ ਕਰੇ। ਹਾਰ ਕੇ ਮੈਂ ਘਰ ਈ ਰਹਿਣ ਲੱਗ ਪਿਆ। ਘਰੇ ਵਿਹਲੇ ਬੈਠੇ ਦਾ ਕਿਹੜਾ ਗੁਜ਼ਾਰਾ ਹੋਣਾ ਸੀ। ਮਨ 'ਚ ਗੁੱਸਾ ਉੱਠ ਖੜ੍ਹਦਾ, ਇਹ ਸਾਲੀਆਂ ਪਥਰੀਆਂ ਕਿਵੇਂ ਬਣ ਗਈਆਂ। ਮੈਂ ਤਾਂ ਕਦੇ ਮਿੱਟੀ-ਪੱਥਰ ਖਾਧਾ ਨਹੀਂ, ਹਾਂ ਮਿੱਟੀ ਜ਼ਰੂਰ ਪੁੱਟੀ ਐ। ਇਹੋ ਮੰਜੇ 'ਤੇ ਬੈਠਾ ਸੋਚ ਰਿਹਾ ਸਾਂ ਕਿ ਘਰ ਦੇ ਬਾਹਰ ਮੂਹਰੇ ਇੱਕ ਬੰਦਾ ਆ



ਖੜ੍ਹਿਆ– "ਰੱਬ ਦੇ ਨਾਂ 'ਤੇ ਕੁੱਝ ਦੇ ਦੇ ਭਗਤਾ।" ਆਵਾਜ਼ ਸੁਣ ਮੈਂ ਉਹਦੇ ਵੱਲ ਝਾਤੀ ਮਾਰੀ, ਚੰਗਾ ਭਲਾ ਨੌਜਵਾਨ ਹੱਟਾ ਕੱਟਾ ਸੀ ਉਹ।

"ਉਏ ਸ਼ਰਮ ਕਰ....ਚੰਗਾ ਭਲਾ ਸਰੀਰ ਏ ਤੇਰਾ.....ਕੋਈ ਕੰਮ ਧੰਦਾ ਕਰਲੈ। ਮੰਗਣ ਨਾਲੋਂ ਤਾਂ।" ਅੱਗੋਂ ਸਾਲਾ ਉਹ ਵੀ ਪੁੱਠਾ ਹੀ ਪਿਆ। ਕਹਿੰਦਾ–"ਭਗਤਾ, ਕੰਮ-ਕਾਰ ਈ ਤਾਂ ਕਰ ਰਹੇ ਆਂ। ਲਿਆ ਕੁੱਝ ਦੇ ਭਗਤਾ ਸੰਤਾਂ ਨੂੰ।"

"ਚੱਲ-ਚੱਲ ਡੰਡੀ ਪੈ, ਹੈ ਨੀ ਕੁੱਝ," ਮੈਂ ਗੁੱਸੇ 'ਚ ਕਿਹਾ ਸੀ।

"ਹੈ ਨੀ ਕੁੱਝ, ਤਾਂ ਤੁਰ ਪੈ ਸੰਤਾਂ ਵਾਂਗ ਮੰਗਣ।" ਉਹ ਮਸ਼ਕਰੀ ਜਿਹੀ ਕਰ ਅਗਲੇ ਘਰ ਜਾ ਬੋਲਿਆ–"ਭਲੀ ਕਰੇ ਕਰਤਾਰ! ਲਿਆਉ ਮਾਈ ਸੰਤਾਂ ਨੂੰ ਪਾਓ ਕੁੱਝ।"

ਸਾਰੀ ਰਾਤ ਮੈਨੂੰ ਨੀਂਦ ਨਾ ਆਈ। ਹੋਰ ਵੀ ਤਰ੍ਹਾਂ ਸੋਚਣ ਲੱਗਾ– "ਓਏ ਮਾੜਿਆ ਜਦੋਂ ਚੰਗਾ ਭਲਾ ਮੰਗੀ ਜਾਂਦੈ.....ਤੂੰ ਤਾਂ ਹੈ ਈ ਮੁਸੀਬਤ ਦਾ ਮਾਰਿਆ।"

ਅਗਲੇ ਦਿਨ ਮੈਂ ਮੋਢੇ ਝੋਲਾ ਪਾ ਨਾਲ ਦੇ ਸ਼ਹਿਰ ਚਲਾ ਗਿਆ।

'ਭਲੀ ਕਰੇ ਕਰਤਾਰ!' ਇੱਕ ਦੁਕਾਨ ਦੇ ਅੱਗੇ ਖੜ੍ਹ ਮੇਰੇ ਮੂੰਹੋਂ ਮਸਾਂ ਹੀ ਨਿਕਲਿਆ। ਦੁਕਾਨਦਾਰ ਅਜੇ ਧੂਫ-ਬੱਤੀ ਲਾ ਰਿਹਾ ਸੀ।

"ਚੱਲ, ਅੱਗੇ ਚੱਲ......ਸਵੇਰੇ ਸਵੇਰੇ!" ਮੈਨੂੰ ਘੂਰਦਾ ਉਹ ਬੋਲਿਆ।

"ਰੱਬ ਭਲੀ ਕਰੇ ਭਾਈ।" ਅਗਲੀ ਦੁਕਾਨ 'ਤੇ ਖੜ੍ਹਾ ਤਾਂ ਉਹਨੇ ਚਵਾਨੀ ਮੇਰੀ ਹਥੇਲੀ 'ਤੇ ਧਰ ਦਿੱਤੀ। ਮੈਂ ਕਿੰਨਾ ਚਿਰ ਹਥੇਲੀ 'ਤੇ ਪਈ ਉਸ ਚਵਾਨੀ ਵੱਲ ਈ ਬਿਟਰ ਬਿਟਰ ਵੇਖਦਾ ਰਿਹਾ। ਇੰਨੇ ਮਾੜੇ ਦਿਨ। ਮਨ ਹੀ ਮਨ ਸੋਚ ਰਿਹਾ ਸਾਂ। ਇੱਕ ਦੁਕਾਨ ਤੋਂ ਦੂਜੀ ਦੁਕਾਨ। ਮੈਂ ਸ਼ਹਿਰ ਦੀਆਂ ਸ਼ਾਮ ਤੱਕ ਕਿੰਨੀਆਂ ਦੁਕਾਨਾਂ ਗਾਹ ਮਾਰੀਆਂ। ਲੋਕੀ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਕਰਨ। ਬਥੇਰੇ ਵਾਸਤੇ ਪਾਏ.......ਅਪਣੀ ਹਾਲਤ ਵੀ ਦੱਸੀ। ਕੋਈ ਯਕੀਨ ਕਰਦਾ ਰੁਪਈਆ ਹਥੇਲੀ 'ਤੇ ਧਰ ਦਿੰਦਾ ਤੇ ਕੋਈ ਭਾਸ਼ਣ ਹੀ ਦੇਣ ਲੱਗ ਪੈਂਦਾ।

ਆਥਣੇ ਘਰ ਆ ਕੇ ਪੈਸੇ ਗਿਣੇ......ਚਾਲੀ ਰੁਪਏ ਸਨ। "ਚੱਲ ਕੋਈ ਨੀ ਮਾੜਿਆ.....ਪਹਿਲੇ ਦਿਨ ਚਾਲੀ.....ਕੱਲ੍ਹ ਨੂੰ ਹੋਰ ਵੀ ਵੱਧ ਜੁੜਨਗੇ।" ਇਹ ਸੋਚ ਮਨ ਨੂੰ ਸ਼ਾਂਤ ਕਰ ਲਿਆ।

ਅਗਲੇ ਦਿਨ ਮੈਂ ਸ਼ਹਿਰ ਦੇ ਘਰਾਂ 'ਚ ਮੰਗਣ ਦੀ ਤਿਆਰੀ ਕੀਤੀ। ਘਰਾਂ 'ਚ ਤੀਵੀਆਂ ਦੇ ਮਿਹਣੇ ਤਾਂ ਪੁੱਛੋ ਹੀ ਨਾ। ਚਾਰ-ਪੰਜ ਕਿੱਲੋ ਆਟਾ ਇਕੱਠਾ ਤਾਂ ਹੋ ਗਿਆ ਸ਼ਾਮ ਤੱਕ ਪਰ ਪੈਸੇ ਬਾਰਾਂ-ਤੇਰਾਂ ਰੁਪਏ ਈ ਜੁੜੇ। ਇਸ ਤਰ੍ਹਾਂ ਦਸ-ਬਾਰਾਂ ਦਿਨ ਵਧੀਆ ਲੰਘ ਗਏ। ਪਾਲਾ ਮੈਨੂੰ ਪੁੱਛਿਆ ਕਰੇ ਕਿ ਕੀ ਕੰਮ ਕਰਦੈਂ। ਮੈਂ ਕਿਹਾ ਮੈਂ ਤਾਂ ਸ਼ਹਿਰ 'ਚ ਪਾਣੀ ਪਿਲਾਉਣਾ ਲੋਕਾਂ ਨੂੰ। ਇਸ ਤੋਂ ਬਾਅਦ ਮੈਂ ਸੋਚਿਆ ਕਿਤੇ ਦੂਰ ਜਾ ਕੇ ਮੰਗਿਆ ਜਾਵੇ। ਮੈਂ ਰੇਲ ਗੱਡੀ 'ਤੇ ਬਗੈਰ ਟਿਕਟ ਚੜ੍ਹ ਇੱਕ ਸ਼ਹਿਰ ਦੇ ਸਟੇਸ਼ਨ 'ਤੇ ਉੱਤਰ ਗਿਆ। ਬਾਂਗਰ ਦਾ ਇਲਾਕਾ ਸੀ। ਦੋ-ਤਿੰਨ ਘੰਟੇ ਮੈਂ ਸ਼ਹਿਰ ਦੀਆਂ ਦੁਕਾਨਾਂ 'ਤੇ ਮੰਗਿਆ, ਵੀਹ-ਪੱਚੀ ਰੁਪਏ ਬਣ ਗਏ। ਦੁਪਹਿਰਾ ਢਾਲਣ ਲਈ ਮੈਂ ਵਾਪਸ ਸਟੇਸ਼ਨ ਦੇ ਬੈਂਚ 'ਤੇ ਆ ਪੈ ਗਿਆ। ਅਰਾਮ ਮਹਿਸੂਸ ਕਰ ਅੱਖਾਂ 'ਚ ਨੀਂਦ ਆਉਣ ਹੀ ਲੱਗੀ ਸੀ ਕਿ ਦੋ-ਤਿੰਨ ਜਣਿਆਂ ਨੇ ਮੇਰੇ ਕੋਲ ਆ ਘੇਰਾ ਪਾ ਲਿਆ।

"ਕੌਣ ਸਾ ਗਾਂਵ ਹੈ ਤੁਮਾਰਾ ?" ਮੋਟੇ ਢਿੱਡ ਵਾਲਾ ਇੱਕ ਬੋਲਿਆ।

"ਮੈਂ ਤਾਂ ਜੀ ਬਗਲਿਆਂਵਾਲੀ ਦਾ ਮਾਜ਼ਾ ਹਾਂ।" ਮੇਰੇ ਮੂੰਹੋਂ ਮਸ੍ਹਾਂ ਬੋਲ ਨਿਕਲਿਆ ਸੀ।

"ਕੌਣ ਸੀ ਜਾਤੀ ਮੇਂ ਹੋ ?" ਇੱਕ ਹੋਰ ਬੋਲਿਆ ਸੀ।

"ਅਸੀਂ ਤਾਂ ਜੀ ਚਮਾਰ ਹੁੰਨੇ ਆਂ।"

"ਸਾਲੇ ਚਮਾਰ ਹੋ ਕੇ ਮਾਂਗ ਰਹੇ ਹੋ.....ਮਾਂਗਨੇ ਕੇ ਲੀਏ ਤੁਮੇ ਬਾਂਗਰ ਹੀ ਥਿਆਵੇ.....ਦੌੜ ਜਾ ਸਾਲੇ ਚਮਰਵਾ.....ਆਗੇ ਸੇ ਦੀਖ ਗਯਾ.....ਤੋ ਤੀਲੀ ਸੇ ਲਾਂਗੜ ਕੀ ਲੰਕਾ ਜਲਾਈ ਦੇਂਗੇ.......ਤੁਮਾਰੇ ਜੈਸੇ ਕਈ ਗਾਡੀ ਕੇ ਨੀਚੇ ਫੇਂਕੇ ਹੈਂ ਹਮਨੇ।"

ਗੰਜਾ ਜਿਹਾ ਮੰਗਤਾ ਮੇਰੇ ਵੱਲ ਘਸੁੰਨ ਉਲਾਰਦਾ ਬੋਲਿਆ।

"ਦੌੜਜਾ ਜਹਾਂ ਸੇ.....।" ਦੂਏ ਨੇ ਮੈਨੂੰ ਧੱਕਾ ਮਾਰਦਿਆ ਕਿਹਾ ਸੀ ਤੇ ਮੈਂ ਫਿਰ ਪਿੱਛੇ ਮੁੜ ਕੇ ਨਹੀਂ ਵੇਖਿਆ ਸੀ। ਘਰ ਆ ਸਾਰਾ ਦਿਨ ਝੂਰਦਾ ਰਿਹਾ। ਮਨ ਕਰੇ 'ਕੱਲੇ 'ਕੱਲੇ ਨੂੰ ਘੇਰ ਕੇ ਬਦਲਾ ਲਵਾਂ। ਪਰ ਕੌੜਾ ਘੁੱਟ ਭਰ ਸਬਰ ਹੀ ਕਰਨਾ ਪਿਆ ਸੀ।

ਇਸ ਤੋਂ ਬਾਅਦ ਮੈਂ ਮੰਗਣ ਤੋਂ ਵੀ ਤੌਬਾ ਹੀ ਕਰ ਲਈ। ਮੰਗਣਾ ਕਿਹੜਾ ਕੰਮ ਸੀ। ਐਵੇਂ ਲੋਕਾਂ ਅੱਗੇ ਹੱਥ ਅੱਡੀ ਜਾਵੇ। 'ਲਾਲਾਂ ਵਾਲੇ ਪੀਰਖਾਨੇ' 'ਚ ਵੀਰਵਾਰ ਨੂੰ ਪਤਾਸੇ ਤੇ ਲੱਡੂ ਵੇਚਦੀ ਜਦੋਂ ਦੀ ਅੰਬੋ ਮਰੀ ਸੀ। ਮੇਰੀ ਵੱਡੀ ਕੁੜੀ ਸ਼ਿੰਦੋ ਉੱਥੇ ਬੈਠ ਇਹ ਕੰਮ ਕਰਨ ਲੱਗ ਪਈ। ਕਦੇ-ਕਦੇ ਮੈਂ ਵੀ ਉਹਦੇ ਨਾਲ ਚਲਾ ਜਾਂਦਾ। ਇੱਕ ਦਿਨ ਸ਼ਿੰਦੋ ਨੇ ਘਰ ਆ ਕੇ ਮੈਨੂੰ ਕਿਹਾ-"ਬਾਪੂ-ਬਾਪੂ ਅੱਜ ਪੀਰ ਦੀ ਮਜ਼ਾਰ 'ਤੇ ਬਹੁਤ ਅਮੀਰ ਬੰਦਾ ਮੱਥਾ ਟੇਕ ਕੇ ਗਿਐ.....ਪੰਜ ਸੌ ਰੁਪਇਆਂ ਦਾ। ਨਾਲੇ ਹਰੀ ਚਾਦਰ ਚੜ੍ਹਾਈ ਸੀ ਉਹਨੇ।"

ਮੈਂ ਉਹਦੇ ਵੱਲ ਵੇਖਿਆ। ਸੋਚਣ ਲੱਗ ਪਿਆ। ਕੀ ਮੇਰੀ ਕਿਸਮਤ ਐ ? ਜਵਾਕਾਂ ਨੂੰ ਵੀ ਚੰਗੀ ਤਰ੍ਹਾਂ ਖਵਾ-ਪਿਆ ਨਹੀਂ ਸਕਦਾ। ਸ਼ਿੰਦੋ ਲਈ ਤਾਂ ਪੰਜ ਸੌ ਦਾ ਨੋਟ ਵੇਖਣਾ ਹੀ ਅਚੰਭਾ ਸੀ। ਮੇਰੇ ਬੋਜੇ 'ਚ ਤਾਂ ਉਹਨੇ ਕਦੇ ਸੌ ਦਾ ਨੋਟ ਨੀ ਵੇਖਿਆ। ਸਾਰੀ ਰਾਤ ਮੈਨੂੰ ਨੀਂਦ ਨਾ ਆਈ। ਹੋਰ ਦੀ ਉਧੇੜ-ਬੁਣ 'ਚ ਪਿਆ ਰਿਹਾ। ਕਿਉਂ ਨਾ ਰੱਬ ਦੇ ਘਰੋਂ ਈ ਆਸਰਾ ਲੈ ਲਈਏ। ਅਗਲੇ ਦਿਨ ਹਨੇਰ ਪਏ ਮੈਂ ਪੀਰਖਾਨੇ ਵੱਲ ਚਾਲੇ ਪਾ ਦਿੱਤੇ। ਬੁੱਢਾ ਸੇਵਾਦਾਰ ਸੁਲਫੇ ਦੇ ਨਸ਼ੇ 'ਚ ਧੁੱਤ ਸੁੱਤਾ ਪਿਆ ਸੀ। ਮੈਂ ਇੱਕ ਬੋਰੀ 'ਚ ਜਿੰਨੀ ਕਣਕ ਚੁੱਕੀ ਜਾ ਸਕਦੀ ਸੀ ਭਰੀ ਤੇ ਮਲਕ ਦੇਣੀ ਘਰ ਆ ਗਿਆ। ਸਵੇਰ ਨੂੰ ਪੀਰਖਾਨੇ ਦੀ ਕਮੇਟੀ ਵਾਲੇ ਮੇਰੇ ਘਰ ਆ ਗਏ। ਮਿੰਦਰ ਮੈਂਬਰ ਸਭ ਤੋਂ ਮੂਹਰੇ ਸੀ। ਬਾਅਦ 'ਚ ਪਤਾ ਲੱਗਾ ਜਿਸ ਬੋਰੀ 'ਚ ਮੈਂ ਕਣਕ ਪਾ ਕੇ ਚੁੱਕ ਲਿਆਇਆ ਸਾਂ ਉਹ ਪਾਟੀ ਹੋਈ ਸੀ, ਤੇ ਕਣਕ ਮੇਰੇ ਘਰ ਤੱਕ ਡੁੱਲ੍ਹਦੀ ਆਈ ਸੀ। ਮਿੰਦਰ ਹੁਰਾਂ ਤਾਂ ਕਾਫੀ ਰੌਲਾ ਪਾਇਆ ਮੈਨੂੰ ਪਿੰਡਚੋਂ ਤੋਂ ਛੇਕ ਦੇਣ ਬਾਰੇ ਪਰ ਤਾਏ ਟੇਕੇ ਹੁਰੀਂ ਅੜ ਗਏ ਮੇਰੀ ਹਮੈਤ 'ਚ। ਮਸ੍ਹਾਂ ਗਰੇਹ ਟਲਿਆ ਸੀ।

"ਗਰੇਹ ਤਾਂ ਹੁਣ ਸਾਰੇ ਟਲ ਜਾਣਗੇ ਮਾੜਿਆ.....ਬਸ ਇੱਕ ਦੋ ਦਿਨਾਂ ਦੀ ਦੇਰ ਐ।" ਮਨ 'ਚ ਫਿਰ ਜੁਗਤ ਭਾਰੂ ਹੋ ਗਈ ਐ। ਮੈਨੂੰ ਲੱਗਦੈ ਹੁਣ ਸਭ ਤਕਲੀਫ਼ਾਂ ਦੂਰ ਹੋ ਜਾਣਗੀਆਂ।

"ਕੀ ਸੋਚਾਂ ਸੋਚੀ ਜਾਨੈਂ ਮਾੜਿਆ।" ਲੰਬੜਦਾਰ ਨੇ ਮੈਨੂੰ ਸੋਚਾਂ 'ਚੋਂ ਬਾਹਰ ਕੱਢ ਦਿੱਤਾ ਐ।"



"ਆਜਾ.....ਲੰਬੜਦਾਰਾ ਕਿਵੇਂ ਆਉਣਾ ਹੋਇਆ ?"

"ਮਾੜਿਆ.....ਪਰਸੋਂ ਅਪਣੀ ਪਾਰਟੀ ਦੀ ਰੈਲੀ ਐ.....ਤੂੰ ਚੱਲੀਂ ਸੱਤਰ ਰੁਪਏ ਦੇਵਾਂਗੇ.....ਚੰਡੀਗੜ੍ਹ ਦੇਣੇ ਧਰਨਾ ਸਰਕਾਰੀ ਜਬਰ ਵਿਰੋਧੀ.....ਦੋ ਪੱਤੇ ਵੀ ਦੇਊਂ ਤੈਨੂੰ।"

"ਪਰ ਲੰਬੜਦਾਰਾ ਅਡਵਾਂਸ ਦੇ ਪਹਿਲਾਂ ਕੁਜ.....ਘਰੇ ਰੋਟੀ ਪਾਣੀ ਦਾ ਜੁਗਾੜ ਵੀ ਕਰਨਾ ਪਊ।"

"ਆਹ ਲੈ ਵੀਹ ਰੁਪਏ.....ਬਾਕੀ ਪੰਜਾਹ ਮੁੜਦੇ ਨੂੰ...ਤੇਰਾ ਕੀ ਪਤਾ ਕਿਸੇ ਹੋਰ ਨਾਲ ਤੁਰ ਪਏਂ.....ਚੰਗਾ ਆਜੀਂ ਪਰਸੋਂ ਸਵੇਰੇ ਅੱਠ ਵਜੇ.....ਟਰੱਕ ਗੁਰਦੁਆਰੇ ਮੂਹਰੇ ਖੜ੍ਹੂ। ਮੈਂ ਹੋਰ ਵੀ ਬੰਦਿਆਂ ਦਾ ਪ੍ਰਬੰਧ ਕਰਨੈਂ।" ਵੀਹ ਰੁਪਏ ਮੇਰੀ ਮੁੱਠੀ 'ਚ ਤੁੰਨ ਲੰਬੜਦਾਰ ਕਾਹਲੀ-ਕਾਹਲੀ ਮੁੜ ਪਿਆ ਸੀ।

ਚਲੋ ਇਹ ਤਾਂ ਵਧੀਆ ਹੀ ਹੋਇਆ। ਸੱਤਰ ਰੁਪਏ ਨਾਲੇ ਦੋ ਪੱਤੇ ਗੋਲੀਆਂ ਦੇ। ਦੋ ਦਿਨ ਸੌਖੇ ਲੰਘ ਜਾਣਗੇ। ਇਹ ਰੈਲੀਆਂ ਰੋਜ਼ ਕਿਉਂ ਨੀ ਹੁੰਦੀਆਂ। ਜੇ ਰੋਜ਼ ਹੋਣ ਫੇਰ ਨਜ਼ਾਰਾ ਆਵੇ। ਸੱਤਰ ਰੁਪਏ ਦਿਹਾੜੀ, ਨਾਲੇ ਮੁਫ਼ਤ 'ਚ ਮੌਜ-ਮੇਲਾ। ਆਪਾਂ ਕਿਹੜਾ ਉੱਥੇ ਜਾ ਕੇ ਮੁੰਗੀ ਦਲਣੀ ਹੁੰਦੀ ਐ, ਜਾ ਕੇ ਟਰੱਕ 'ਚ ਬੈਠ ਜਾਈਦੈ। ਉਹ ਨਾਅਰੇ ਲਾਉਂਦੇ ਐ। ਤੇ ਆਪਾਂ ਪਿੱਛੇ-ਪਿੱਛੇ ਬੋਲੀ ਜਾਈਦੈ। ਲੰਬੜਦਾਰ ਨੇ ਤਾਂ ਅਪਣੀ ਪਹੁੰਚ ਵਿਖਾਉਣੀ ਹੁੰਦੀ ਐ, ਜ਼ਿਲ੍ਹਾ ਪ੍ਰਧਾਨ ਤੱਕ। ਰੋਟੀ-ਪਾਣੀ ਵਰੀ ਦਾ ਛਕਣ ਨੂੰ ਮਿਲ ਜਾਂਦੈ। ਦਿਹਾੜੀ ਦੇ ਪੈਸੇ ਲਏ ਤੋਂ ਬਿਨਾ ਹੁਣ ਕੌਣ ਜਾਂਦੈ ਰੈਲੀਆਂ 'ਚ। ਉੱਥੇ ਕੀ ਪਤਾ ਕਦੋਂ ਡਾਂਗਾਂ ਪੈ ਜਾਣ ? ਇਹਨਾਂ ਕੋਲ ਬਥੇਰਾ ਪੈਸੈ। ਜੇ ਗਰੀਬ ਨੂੰ ਦੇ ਦੇਣਗੇ, ਫੇਰ ਕਿਹੜਾ ਘਸਜੂ ਕੁੱਝ।

ਮਹੀਨਾ ਕੁ ਪਹਿਲਾਂ ਦੂਏ ਵੀ ਲੈ ਗਏ ਸੀ। ਰੁਪਏ ਉਹਨਾਂ ਵੀ ਸੱਤਰ ਹੀ ਦਿੱਤੇ। ਇੱਕੋ ਰੇਟ ਰੱਖਿਆ ਸਭ ਨੇ। ਵੋਟਾਂ ਵੇਲੇ ਜਿਹੜਾ ਪੱਲੜਾ ਭਾਰੀ ਰੱਖੂ, ਉਸੇ ਨੂੰ ਹੀ ਹਾਂ ਕਹੀਦੀ ਐ। ਪਿਛਲੇ ਵੇਰਾਂ ਹਜ਼ਾਰ ਲਏ ਸੀ। ਐਤਕੀਂ ਸਾਰੇ ਕਹਿੰਦੇ ਪੰਜ ਹਜ਼ਾਰ ਮੰਗਿਓ ਪਰ ਕਰਨੈਲ ਸਰਪੰਚ ਬਾਅਦ 'ਚ ਪੰਜ ਸੌ ਹੀ ਦੇ ਕੇ ਗਿਆ। ਕਹਿੰਦਾ-"ਮਾੜਿਆ.....ਵੋਟ ਤਾਂ ਤੈਂ ਦੂਜੀ ਧਿਰ ਨੂੰ ਪਾਈ ਐ।"

ਵੀਹ ਰੁਪਏ ਹੱਥ 'ਚ ਆਉਂਦੇ ਈ ਅੰਦਰੋਂ ਖੋਹ ਉੱਠਣ ਲੱਗ ਪਈ ਐ। ਰਾਤ ਦੀਆਂ ਸਿਰਫ਼ ਦੋ ਹੀ ਗੋਲੀਆਂ ਖਾਧੀਆਂ ਸਨ। ਢਿੱਡ 'ਚ ਪੀੜ ਜਿਹੀ ਉੱਠਣ ਲੱਗ ਪੈਂਦੀ ਹੈ। ਲੱਗਦੈ ਜਿਵੇਂ ਲੱਤਾਂ 'ਚ ਜਾਨ ਹੀ ਨਾ ਹੋਵੇ। ਇਹ ਗੋਲੀਆਂ ਦੀ ਲੱਤ ਵੀ ਲੰਬੜਦਾਰ ਨੇ ਹੀ ਲਾਈ ਐ। ਪਹਿਲਾਂ ਮੈਂ ਦਿਹਾੜੀ 'ਤੇ ਜਾਣ ਲੱਗਾ ਇੱਕ ਅੱਧਾ ਚੱਮਚ ਭੁੱਕੀ ਦਾ ਖਾ ਲੈਂਦਾ ਸੀ। ਜਦੋਂ ਦਾ ਪਥਰੀਆਂ ਦਾ ਦਰਦ ਸ਼ੁਰੂ ਹੋਇਆ, ਮੈਂ ਇਹ ਵੀ ਛੱਡ ਦਿੱਤੀ ਸੀ ਪਰ ਇੱਕ ਦਿਨ ਲੰਬੜਦਾਰ ਨੇ ਕੁੜੀ ਸੁਣਾਉਣੀ ਸੀ ਖੇਤ। ਦਿਹਾੜੀਦਾਰ ਕੋਈ ਨਾ ਮਿਲਿਆ ਤਾਂ ਮੇਰੇ ਕੋਲ ਆ ਗਿਆ। ਮੈਂ ਬਥੇਰੇ ਵਾਸਤੇ ਪਾਏ, ਬਈ ਲੰਬੜਦਾਰਾ ਹੁਣ ਮੇਰੇ ਤੋਂ ਕਹੀ ਦਾ ਕੰਮ ਨਹੀਂ ਹੁੰਦਾ। ਦਰਦ ਉੱਠਦੈ ਪਰ ਇਹ ਧੱਕੇ ਨਾਲ ਲੈ ਗਿਆ। ਘਰ ਲੈ ਜਾ, ਇਹਨੇ ਲੌਮੋਟਿਲ ਦੀ ਪੁੜੀ 'ਚੋਂ ਦਸ ਗੋਲੀਆਂ ਇਕੱਠੀਆਂ ਕੱਢ ਕੇ ਮੇਰੀ ਹਥੇਲੀ ਧਰ ਦਿੱਤੀਆਂ। ਕਹਿੰਦਾ, "ਲੈ ਹੁਣ ਤੇਰੇ ਢਿੱਡ 'ਚ ਕਦੇ ਪੀੜ ਨੀਂ ਉੱਠਣੀ।" ਮੈਂ ਦੋ ਦਿਨ ਕਹੀ ਚਲਾਈ ਗਿਆ। ਪਤਾ ਹੀ ਨਹੀਂ ਲੱਗਾ ਸੀ। ਬਸ ਉਸ ਦਿਨ ਤੋਂ ਬਾਅਦ ਮੈਂ ਇਹ ਖਾਣ ਦੀ ਲੱਤ ਪੈ ਗਈ।

ਵਿਹਨਾਂ ਦੀ ਤੋੜ ਮੇਰੇ ਤੋਂ ਝੱਲ ਨਹੀਂ ਹੁੰਦੀ। ਨਾ ਚਾਹੁੰਦੇ ਹੋਏ ਵੀ ਮੈਂ ਡਾਕਟਰ ਵੱਲ ਚੱਲ ਪਿਆ, ਅੱਗੋਂ ਉਹ ਵੀ ਸਾਲਾ ਨਾਂਹ ਕਰੀ ਜਾਵੇ।

"ਮਾੜਿਆ, ਸਖ਼ਤੀ ਹੋ ਗਈ, ਹੁਣ ਪੁਲਿਸ ਗੇੜਾ ਮਾਰਨ ਲੱਗ ਪਈ......ਕੱਲ੍ਹ ਨਾਲ ਦੇ ਪਿੰਡੋਂ ਤਿੰਨ ਡਾਕਟਰ ਚੁੱਕ ਕੇ ਲੈ ਗਏ ਨਸ਼ਾ ਵੇਚਣ ਕਰਕੇ......ਪੰਜ-ਪੰਜ ਹਜ਼ਾਰ ਦੇ ਕੇ ਖਹਿੜਾ ਛੁਟਿਆ। ਹੁਣ ਸਬਰ ਕਰਨਾ ਪਊ-ਦੋ-ਤਿੰਨ ਦਿਨ......ਮੀਟਿੰਗ ਰੱਖੀ ਐ....ਥਾਣੇਦਾਰ ਨਵਾਂ ਆਇਐ......ਮੂੰਹ ਬੰਦ ਕਰਨਾ ਪਊ ਉਹਦਾ......ਫਿਰ ਢਿੱਲ ਹੋਊ।" ਉਹ ਬਿਨਾਂ ਰੁਕੇ ਬੋਲੀ ਜਾ ਰਿਹਾ ਸੀ।

"ਓ ਡਾਕਟਰਾ ਮੇਰਾ ਤਾਂ ਕਰ ਕੁਝ ਯਾਰ......ਜਾਨ ਨਿਕਲੀ ਜਾਂਦੀ ਐ......।" ਮੈਂ ਤਰਲੇ ਕੱਢਣ ਲੱਗ ਪਿਆ ਸਾਂ।

"ਨਾ ਭਈ, ਅੱਜ ਨੀ ਮਿਲਣਾ ਕੁਝ।" ਉਹਨੇ ਮੂੰਹ ਭੁਆ ਲਿਆ ਸੀ।

"ਓ ਦੇ ਦੇ ਭਾਈ......ਪੱਕਾ ਗਾਹਕ ਐ ਤੇਰਾ......ਇਹਨੇ ਕਿਹੜਾ ਪੁਲਿਸ ਬੁਲਾ ਲਿਆਉਣੀ ਐ।" ਇੱਕ ਹੋਰ ਬੈਠੇ ਨੇ ਮੇਰੀ ਹਾਮੀ ਭਰੀ ਸੀ।

"ਚੰਗਾ ਫਿਰ....ਲਿਆ ਦਸ ਰੁਪਏ.....ਪੰਜ ਈ ਆਉਣਗੀਆਂ....ਮਹਿੰਗਾਈ ਹੋ ਗਈ, ਦਬਾ-ਦਬ ਤੁਰ ਪੈ....ਸਖ਼ਤੀ ਬਹੁਤ ਐ।" ਮੇਰਾ ਮੋਢਾ ਫੜ੍ਹ, ਡਾਕਟਰ ਬਾਹਰ ਧੱਕਦਿਆ ਬੋਲਿਆ ਸੀ।

ਸੜਕ 'ਤੇ ਲੱਗੇ ਨਲਕੇ ਤੋਂ ਪੰਜੇ ਦੀਆਂ ਪੰਜ ਅੰਦਰ ਸੁੱਟੀਆਂ, ਤਾਂ ਜਾਨ 'ਚ ਜਾਨ ਪਈ।

ਭੈਣ ਚੋ....ਡਾਕਟਰ ਵੀ ਸਾਲਾ ਘਤਿੱਤਾਂ ਕਰਦੈ। ਘੱਟ ਦੇਣ ਦਾ ਮਾਰਾ, ਪੁਲਸ ਦਾ ਡਰਾਵਾ ਦੇਂਦਾ ਹੋਊ। ਨਸ਼ੇ ਨੇ ਮਾਰ ਲਿਆ ਨਹੀਂ ਮੈਂ ਕੀ ਜਾਣਦਾ ਸੀ ਇਹਨੂੰ। ਸਾਰੇ ਡਾਕਟਰਾਂ ਦੀ ਜਥੇਬੰਦੀ ਦਾ ਪ੍ਰਧਾਨ ਬਣਿਆ ਬੈਠੈ। ਨਸ਼ਾ ਛੁਡਾਊ ਕੈਂਪ ਵਾਲੇ ਸਟੇਜ 'ਤੇ ਬੈਠਾ, ਨਸ਼ੇ ਛੱਡਣ ਦੇ ਲੋਕਾਂ ਨੂੰ ਭਾਸ਼ਣ ਝਾੜੀ ਜਾਊ ਤੇ ਆਪ ਸਭ ਤੋਂ ਵੱਧ ਨਸ਼ਾ ਇਹੋ ਵੇਚਦੈ। ਡਾਕਟਰ ਨੂੰ ਗਾਲ੍ਹਾਂ ਕੱਢਦਾ ਮੈਂ ਘਰ ਵੱਲੀ ਆ ਗਿਆ ਸਾਂ।

ਦੀਪੇ ਦੇ ਜਿਉਂਦਿਆਂ ਇੱਕ ਵਾਰ ਗੋਲੀਆਂ ਛੱਡਣ ਦਾ ਮਨ ਵੀ ਬਣਾਇਆ ਸੀ। ਉਹ ਵੀ ਉਸਦੀ ਜ਼ਿੱਦ ਕਰਕੇ। ਸ਼ਹਿਰ ਦੇ ਨਸ਼ਾ ਛੁਡਾਊ ਕੈਂਪ 'ਚ। ਉਹਨੇ ਟੀਕੇ ਲਾ ਕੇ ਉੱਥੇ ਹੀ ਦਾਖ਼ਲ ਕਰ ਲਿਆ। ਤਿੰਨ-ਚਾਰ ਦਿਨ ਉੱਥੇ ਈ ਰਿਹਾ। ਉੱਥੇ ਮੇਰੇ ਵਰਗੇ ਤਿੰਨ-ਚਾਰ ਹੋਰ ਪਏ ਬੈੱਡਾਂ 'ਤੇ। ਕਹਿੰਦੇ ਭਰਾਵਾ ਕੋਈ ਫ਼ਰਕ ਨਹੀਂ ਪੈਂਦਾ। ਜਦੋਂ ਜੇਬ 'ਚ ਪੈਸੇ ਨਾ ਹੋਣ ਨਸ਼ੇ ਕਨੋਂਓ! ਅਸੀਂ ਤਾਂ ਇੱਥੇ ਆ ਲੇਟ ਜਾਨੇ ਆਂ। ਚਾਰ ਦਿਨਾਂ ਬਾਅਦ ਛੁੱਟੀ ਹੋਈ ਤਾਂ ਅੰਦਰੋਂ ਤੋੜ ਉਵੇਂ ਹੀ ਲੱਗੀ ਰਹੀ।

"ਬਾਪੂ, ਚਾਹ ਪੀ ਲੈ।" ਵੱਡੀ ਕੁੜੀ ਸ਼ਿੰਦੋ ਦੇ ਬੋਲਾਂ ਨੇ ਮੇਰੀਆਂ ਸੋਚਾਂ ਨੂੰ ਤੋੜ ਕੇ ਰੱਖ ਦਿੱਤਾ ਹੈ। ਮੈਂ ਚਾਹ ਦੀ ਬਾਟੀ ਹੱਥ 'ਚ ਫੜ੍ਹ, ਵਿਹੜੇ ਵੱਲ ਨਜ਼ਰ ਮਾਰਦਾਂ।

"ਛੋਟੀਆਂ ਕਿੱਧਰ ਨੇ," ਦੂਜੀਆਂ ਕੁੜੀਆਂ ਦਾ ਖ਼ਿਆਲ ਆਉਂਦੇ ਹੀ ਸ਼ਿੰਦੋ ਤੋਂ ਪੁੱਛਦਾ ਹਾਂ।



"ਉਹ ਤਾਂ ਬਾਪੂ......ਤਾਏ ਮਾਸੀ ਘਰੇ ਟੀ. ਵੀ. ਵੇਖਣ ਗਈਆਂ ਨੇ।" ਸ਼ਿੰਦੋ ਇਹ ਆਖ ਅੰਦਰ ਚਲੀ ਗਈ ਹੈ।

'ਟੀ. ਵੀ.' ਬਾਰੇ ਸੁਣ ਮੇਰੀ ਜੁਗਤ ਫਿਰ ਉੱਛਲਣ ਲੱਗ ਪਈ ਐ।

ਉਸ ਦਿਨ ਵੀ ਪਾਲੇ ਦੇ ਘਰ ਟੀ. ਵੀ. ਚੱਲਦਾ ਸੀ। ਕਿਸੇ ਦਾ ਬੱਚਾ ਡਿੱਗਾ ਸੀ ਟੋਏ 'ਚ, ਲੋਕਾਂ ਦਾ 'ਕੱਠ ਹੀ 'ਕੱਠ। ਖ਼ਬਰਾਂ ਵਾਲੀ ਕੁੜੀ ਦੱਸਦੀ ਸੀ ਕਿ ਲੋਕਾਂ ਨੇ ਉਸ ਬੱਚੇ ਲਈ ਕਿੰਨਾ ਰੁਪਇਆ 'ਕੱਠਾ ਕਰ ਦਿੱਤਾ ਹੈ। ਗਰੀਬ ਘਰ ਦਾ ਮੁੰਡਾ ਸੀ ਉਹ।

"ਮੈਂ ਵੀ ਤਾਂ ਗਰੀਬ ਈ ਆਂ।" ਮੇਰੇ ਮਨ 'ਚ ਵੀ ਜੁਗਤ ਆਉਣ ਲੱਗ ਪਈ ਸੀ। ਮੈਂ ਵੀ ਅਪਣੀਆਂ ਕੁੜੀਆਂ ਬਾਰੇ ਸੋਚਣ ਲੱਗ ਪਿਆ ਸਾਂ।

"ਸ਼ਿੰਦੋ। ਨਹੀਂ, ਸ਼ਿੰਦੋ ਬਹੁਤ ਵੱਡੀ ਹੈ। ਮੀਤੋ, ਨਹੀਂ ਮੀਤੋ ਵੀ ਠੀਕ ਨਹੀਂ ਰਹਿਣੀ। ਨਿੱਕੀ ਹਾਂ ਨਿੱਕੀ ਈ ਠੀਕ ਰਹੂ।" ਮੈਂ ਵੀ ਉਧੇੜ ਬੁਣ 'ਚ ਲੱਗ ਗਿਆ ਸਾਂ।

ਚਾਹ ਪੀਂਦਿਆਂ ਵੀ ਮੈਂ ਸੋਚਾਂ 'ਚ ਗਲਤਾਨ ਸਾਂ। ਬਾਟੀ ਚੁੱਕਣ ਆਈ ਸ਼ਿੰਦੋ ਨੂੰ ਮੈਂ ਕਿਹਾ-"ਜਾਹ ਪਾਲੇ ਘਰੋਂ ਨਿੱਕੀ ਨੂੰ ਬੁਲਾ ਲਿਆ।"

"ਚੰਗਾ, ਬਾਪੂ।" ਉਹ ਚਲੀ ਗਈ ਹੈ।

ਹੁਣ ਹੋਰ ਭੁੱਖੇ ਨਹੀਂ ਮਰਿਆ ਜਾਂਦਾ, ਮਾੜਿਆ। ਛੱਕੜ ਦੇ ਕੁੜੀਆਂ ਦੇ ਤਾਂ ਭਾਗ ਖੁੱਲ੍ਹ ਹੀ ਜਾਣਗੇ।

"ਬਾਹਰ ਖੇਡਦੀ ਫਿਰਦੀ ਸੀ, ਇਹ ਭਾਣਾ ਵਾਪਰ ਗਿਆ।" ਮੈਂ ਤਾਂ ਸਾਰਿਆਂ ਨੂੰ ਇਹੋ ਦੱਸੂੰਗਾ।

ਨਿੱਕੀ ਨੂੰ ਕੁੱਛੜ ਚੁੱਕ ਮੈਂ ਘਰੋਂ ਬਾਹਰ ਨਿੱਕਲ ਆਇਆ ਹਾਂ। ਟੋਏ ਵੱਲ।

"ਬਾਪੂ, ਮੈਨੂੰ ਟੌਫ਼ੀਆਂ ਲੈ ਕੇ ਦੇਵੇਂਗਾ?" ਨਿੱਕੀ ਮੇਰੀ ਕਰੜ ਬਰੜ ਦਾੜ੍ਹੀ 'ਤੇ ਹੱਥ ਫੇਰਦੀ ਬੋਲੀ ਹੈ। ਮੈਂ ਉਹਦੇ ਚਿਹਰੇ ਵੱਲ ਵੇਖਣ ਲੱਗ ਪਿਆਂ। ਇਹਦੀ ਸ਼ਕਲ-ਸੂਰਤ ਤਾਂ ਬਿਲਕੁੱਲ ਦੀਪੋ 'ਤੇ ਗਈ ਹੈ।

ਮੇਰੀ ਸੁਰਤ 'ਚ ਦੀਪੋ ਆ ਗਈ ਹੈ। ਟੋਏ ਕੋਲ ਆ ਕੇ ਮੈਂ ਰੁਕ ਗਿਆ ਹਾਂ। ਮੈਨੂੰ ਦੀਪੋ ਦੇ ਬੋਲ ਕਿਉਂ ਸੁਣਾਈ ਦੇਣ ਲੱਗ ਪਏ ਹਨ।

"ਇਹ ਕੀ ਕਰਦੈਂ, ਸ਼ਿੰਦੋ ਦੇ ਬਾਪੂ.....ਮੈਂ ਨਿੱਕੀ ਨੂੰ ਜਿਉਂਦੇ ਰੱਖਣ ਲਈ ਅਪਣੇ-ਆਪ ਨੂੰ ਮਾਰ ਲਿਆ......ਤੇ ਤੂੰ ਇਹਨੂੰ ਮਾਰਨ ਦੀ ਸੋਚੀ ਬੈਠੈਂ।"

ਮੇਰੇ ਹੱਥ ਜਿਵੇਂ ਕਿਸੇ ਨੇ ਨਿੱਕੀ ਨਾਲ ਬੰਨ੍ਹ ਦਿੱਤੇ ਹੋਣ। ਗੁੰਮ-ਸੁੰਮ ਹੋਇਆ ਮੈਂ ਟੋਏ ਕੋਲ ਪੱਥਰ ਬਣ ਗਿਆ ਹਾਂ। ਮੇਰੇ ਕੋਲੋਂ ਨਿੱਕੀ ਨੂੰ ਟੋਏ 'ਚ ਸੁੱਟਿਆ ਨਹੀਂ ਜਾ ਰਿਹਾ ਹੈ।

—0—